ਗੁਰਪ੍ਰਸਾਦੀ ਕਥਾ ਅਨੰਦੁ ਸਾਹਿਬ

ਦਾਸਨ ਦਾਸ

ਲੇਖਕ ਦੇ ਬਾਰੇ

ਦਾਸਨ ਦਾਸ ਜੀ ਕੇਵਲ ਇੱਕ ਸਾਧਾਰਨ ਗ੍ਰਿਹਸਤੀ ਹਨ। ਸੰਸਾਰਕ ਫਰਜ਼ਾਂ ਨੂੰ ਨਿਭਾਉਂਦੇ ਹੋਏ, ਉਹ ਗੁਰਪ੍ਰਸਾਦੀ ਗੁਰਕਿਰਪਾ ਨਾਲ ਆਤਮਿਕ ਤੌਰ 'ਤੇ ਬਖਸ਼ੇ ਗਏ ਹਨ ਅਤੇ ਪੂਰਨ ਸਤਿ ਦੀ ਸੇਵਾ ਕਰਨ ਲਈ ਆਪਣੇ ਸੁਆਸ ਲੇਖੇ ਲਾਉਣ ਲਈ ਯਤਨਸ਼ੀਲ ਹਨ। ਉਹ ਆਪ ਜੀ ਨੂੰ ਆਪਣੇ ਬਾਰੇ ਕੇਵਲ ਇਤਨਾ ਹੀ ਦੱਸਣਾ ਚਾਹੁੰਦੇ ਹਨ :-

"ਅਸੀਂ ਕੇਵਲ ਦਾਸਾਂ ਦੇ ਦਾਸ ਹਾਂ। ਕੋਟ ਬ੍ਰਹਿਮੰਡ ਕੇ ਚਰਨਾਂ ਕੇ ਦਾਸ ਦਾਸਨ ਦਾਸ। ਸਾਰੀ ਸ੍ਰਿਸ਼ਟੀ ਦੀ ਚਰਨ ਧੂਲ। ਬਿਸ਼ਟਾ ਕੇ ਕੀੜੇ ਕੇ ਭੀ ਦਾਸ। ਇਸ ਧਰਤੀ 'ਤੇ ਕੇਵਲ ਇੱਕ ਕਿਰਮ ਜੰਤ ਹਾਂ। ਜੋ ਕੁਝ ਵੀ ਸਾਡੇ ਜੀਵਨ ਵਿੱਚ ਵਾਪਰਿਆ ਹੈ ਉਹ ਸਭ ਕੁਝ ਸਤਿਗੁਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਗੁਰ ਕਿਰਪਾ ਅਤੇ ਗੁਰਪ੍ਰਸਾਦਿ ਕਰਕੇ ਵਾਪਰਿਆ ਹੈ ਅਤੇ ਵਾਪਰ ਰਿਹਾ ਹੈ। ਅਸੀਂ ਸਾਰੀ ਰਚਨਾ ਦੇ ਕੇਵਲ ਇੱਕ ਨਿਮਾਣੇ ਸੇਵਕ ਹਾਂ ਅਤੇ ਪੂਰਨ ਸਤਿ ਦੀ ਸੇਵਾ ਵਿੱਚ ਪੂਰਨ ਹੁਕਮ ਅਨੁਸਾਰ ਸਾਰੀ ਲੋਕਾਈ ਨੂੰ ਪੂਰਨ ਸਤਿ ਵਰਤਾਉਣ ਲਈ ਯਤਨ ਕਰ ਰਹੇ ਹਾਂ। ਸਤਿਗੁਰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਜੀ ਹਰ ਇੱਕ ਮਨੁੱਖ ਨੂੰ ਗੁਰਪ੍ਰਸਾਦੀ ਨਾਮ, ਨਾਮ ਸਿਮਰਨ, ਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ-ਪਰਉਪਕਾਰ ਅਤੇ ਮਹਾ ਪਰਉਪਕਾਰ ਦੀ ਪਰਮ ਸ਼ਕਤੀ ਨਾਲ ਨਿਵਾਜੇ ਜਿਸ ਦੇ ਫਲ ਸਰੂਪ ਇਸ ਧਰਤੀ ਉੱਪਰ ਫਿਰ ਸਤਿਯੁਗ ਦੀ ਸਥਾਪਨਾ ਸੰਭਵ ਹੋ ਜਾਵੇ।"

ਇਸੇ ਪੋਥੀ ਬਾਰੇ

ਅਸੀਂ ਜੋ ਕੁਝ ਵੀ ਭੌਤਿਕ ਤੌਰ 'ਤੇ ਅਨੁਭਵ ਕੀਤਾ ਹੈ ਅਤੇ ਸਾਡੇ ਆਤਮਿਕ ਅਨੁਭਵ ਵਿਚ ਜੋ ਕੁਝ ਵੀ ਬੀਤਿਆ ਹੈ, ਉਹ ਸਭ ਇਸੇ ਕਰਕੇ ਹੀ ਬੀਤਿਆ ਹੈ ਕਿ ਅਸੀਂ ਜੋ ਗੁਰਬਾਣੀ ਕਹਿੰਦੀ ਹੈ, ਉਹ ਕੀਤਾ ਹੈ। ਇਸ ਪੋਥੀ ਵਿਚ ਅਤੇ ਵੈਬਸਾਈਟ ਵਿਚ ਜੋ ਕੁਝ ਵੀ ਲਿਖਿਆ ਹੈ; ਉਹ ਸਾਡੇ ਨਿਜੀ ਗੁਰਬਾਣੀ ਅਨੁਸਾਰ ਆਤਮਿਕ ਅਨੁਭਵਾਂ 'ਤੇ ਆਧਾਰਤ ਹੈ ਅਤੇ ਇਹ ਅਨੰਤ ਪੂਰਨ ਸਤਿ ਹੈ, ਇਸ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ।

ਅਸੀਂ ਨਿਮਰਤਾ ਸਹਿਤ ਸਾਰੀ ਸੰਗਤ ਜੀ ਦੇ ਸ੍ਰੀ ਚਰਨਾਂ 'ਤੇ ਬੇਨਤੀ ਕਰਦੇ ਹਾਂ ਕਿ ਵੈਬਸਾਈਟ 'ਤੇ ਪ੍ਰਕਾਸ਼ਿਤ ਪੁਸਤਕਾਂ ਨੂੰ ਖੁੱਲ੍ਹੇ ਮਨ ਅਤੇ ਉਦਾਰਤਾ ਨਾਲ ਪੜ੍ਹੋ, ਤਦ ਹੀ ਆਪ ਜੀ ਅਨੰਤ ਪੂਰਨ ਸਤਿ ਨੂੰ ਅਨੁਭਵ ਕਰ ਸਕੋਗੇ ਤੇ ਮਾਣ ਸਕੋਗੇ। ਸਾਡੀ ਧੰਨ ਧੰਨ, ਅਗੰਮ, ਅਗੋਚਰ, ਅਨੰਤ, ਬੇਅੰਤ ਸ੍ਰੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਜੀ ਅੱਗੇ ਨਿਰੰਤਰ ਅਰਦਾਸ ਹੈ ਕਿ ਉਹ ਹਰ ਇਕ ਮਨੁੱਖ ਨੂੰ ਗੁਰਪ੍ਰਸਾਦੀ ਨਾਮ, ਨਾਮ ਸਿਮਰਨ, ਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਬਖ਼ਸ਼ੇ।

ਹੋਰ ਪੁਸਤਕਾਂ ਮੰਗਾਉਣ ਲਈ ਅਤੇ ਆਨਲਾਈਨ ਪੜ੍ਹਣ ਲਈ:-
Website : www.satnaam.info
E-Mail : dassandas@gmail.com

ਇਹ ਪੋਥੀ ਆਪ ਵੀ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ!

ਗੁਰਪ੍ਰਸਾਦੀ ਕਥਾ
ਅਨੰਦੁ ਸਾਹਿਬ

'ਅਨੰਦੁ' ਬਾਣੀ ਦੇ ਇਸ ਪੂਰਨ ਬ੍ਰਹਮ ਗਿਆਨ ਦੁਆਰਾ ਧੰਨ ਧੰਨ ਸਤਿਗੁਰੂ ਅਮਰ ਦਾਸ ਪਾਤਸ਼ਾਹ ਜੀ ਨੇ ਬੜੀ ਦਿਆਲਤਾ ਨਾਲ ਸਾਨੂੰ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਜੀਵਨ ਮੁਕਤੀ ਅਤੇ ਪਰਮ ਪਦਵੀ ਪ੍ਰਾਪਤ ਕਰਨ ਦਾ ਪਰਮ ਸ਼ਕਤੀਸ਼ਾਲੀ ਗੁਰ ਪ੍ਰਸਾਦੀ ਮਾਰਗ ਬਖਸ਼ਿਆ ਹੈ।

'ਅਨੰਦੁ' ਬਾਣੀ ਨੂੰ ਧੰਨ ਧੰਨ ਤੀਜੇ ਪਾਤਸ਼ਾਹ ਸਤਿਗੁਰੂ ਅਮਰ ਦਾਸ ਜੀ ਦੁਆਰਾ ਇਸ ਦੁਨੀਆਂ ਅੰਦਰ ਪ੍ਰਗਟ ਕੀਤਾ ਗਿਆ ਹੈ। ਧੰਨ ਧੰਨ ਸਤਿਗੁਰੂ ਤੀਜੇ ਪਾਤਸ਼ਾਹ ਜੀ; ਜਿਨ੍ਹਾਂ ਨੂੰ ਕਿ ਬੇਅੰਤ ਇਲਾਹੀ ਪਰਮ ਸ਼ਕਤੀਆਂ ਨਾਲ ਨਿਵਾਜਿਆ ਗਿਆ ਸੀ, ਨੇ ਬੜੀ ਦਿਆਲਤਾ ਨਾਲ 'ਅਨੰਦੁ' ਬਾਣੀ ਅੰਦਰ ਆਪਣੀ ਗੁਰ ਪਰਸਾਦੀ ਕਥਾ ਪ੍ਰਗਟ ਕੀਤੀ ਹੈ। ਜੋ ਕੁਝ ਵੀ ਸਤਿਗੁਰੂ ਜੀ ਨੇ ਆਪਣੀ ਬੰਦਗੀ ਦੌਰਾਨ ਕਮਾਇਆ, ਜੀਵਿਆ ਅਤੇ ਅਨੁਭਵ ਕੀਤਾ; ਉਹ ਸਭ ਕੁਝ ਸਾਨੂੰ ਬੜੀ ਦਿਆਲਤਾ ਨਾਲ ਦੇ ਦਿੱਤਾ ਹੈ। ਗੁਰਬਾਣੀ ਸਤਿਗੁਰੂ, ਅਵਤਾਰਾਂ, ਸੰਤਾਂ ਅਤੇ ਭਗਤਾਂ ਦੀ ਪਰਮ ਸਕਤੀਸ਼ਾਲੀ ਮਹਿਮਾ ਦੀ ਕਥਾ ਹੈ ਜੋ ਕਿ ਸਮੇਂ-ਸਮੇਂ ਸਿਰ ਇਸ ਧਰਤੀ ਉੱਪਰ ਪ੍ਰਗਟ ਹੋਈ ਹੈ। ਇਨ੍ਹਾਂ ਸਾਰੀਆਂ ਸਤਿ ਪਾਰਬ੍ਰਹਮ ਰੂਪ ਰੂਹਾਂ ਨੇ ਬੜੀ ਹੀ ਦਿਆਲਤਾ ਨਾਲ ਸਾਨੂੰ ਆਪਣੇ ਪੂਰਨ ਬ੍ਰਹਮ ਗਿਆਨ ਨਾਲ ਪ੍ਰਕਾਸ਼ਿਤ ਕਰਨ ਦਾ ਮਹਾ ਪਰਉਪਕਾਰੀ ਉਪਰਾਲਾ ਕੀਤਾ ਹੈ।

ਇਸ ਪੁਸਤਕ ਵਿੱਚ ਜਿਸ ਪੂਰਨ ਬ੍ਰਹਮ ਗਿਆਨ ਦੀ ਚਰਚਾ ਕੀਤੀ ਗਈ ਹੈ, ਉਹ ਸਾਰਿਆਂ ਲਈ ਇੱਕ ਬਹੁਤ ਵੱਡਾ ਪ੍ਰੇਰਨਾ ਸ੍ਰੋਤ ਹੈ। ਇਸ ਨੂੰ ਪੜ੍ਹਣ ਨਾਲ ਤੁਸੀਂ ਆਪਣੇ ਅੰਦਰ ਉਸ ਤਰ੍ਹਾਂ ਦਾ ਭਰੋਸਾ, ਪ੍ਰੀਤ, ਸ਼ਰਧਾ ਅਤੇ ਲਗਨ ਪੈਦਾ ਕਰਨ ਦੇ ਯੋਗ ਹੋ ਜਾਓਗੇ; ਜਿਸ ਦੀ ਤੁਹਾਨੂੰ ਆਪਣੇ ਰੂਹਾਨੀਅਤ ਦੇ ਰਾਹ ਉੱਤੇ ਅੱਗੇ ਵੱਧਣ ਲਈ ਜ਼ਰੂਰਤ ਹੈ।

ਇਸ ਪੁਸਤਕ ਵਿੱਚ ਲਿਖੀ ਗਈ ਗੁਰ ਪ੍ਰਸਾਦੀ ਕਥਾ ਦੁਆਰਾ ਆਪ ਜੀ ਨੂੰ ਮਾਨਸਰੋਵਰ ਗੁਰਸਾਗਰ ਨਿਰਗੁਣ ਸਰੂਪ ਦੀ ਇਕ ਝਲਕ ਵਿਖਾਉਣ ਦਾ ਯਤਨ ਕੀਤਾ ਗਿਆ ਹੈ। ਜੋ ਕੁਝ ਵੀ ਦਾਸਨ ਦਾਸ ਨੇ ਗੁਰ ਪਰਸਾਦੀ ਗੁਰਕਿਰਪਾ ਦਾ ਸਦਕਾ ਆਪਣੀ ਬੰਦਗੀ ਦੌਰਾਨ ਸਿੱਖਿਆ ਅਤੇ ਅਨੁਭਵ ਕੀਤਾ, ਉਹ ਸਭ ਕੁਝ ਇਸ ਕਿਤਾਬ ਵਿੱਚ ਸੰਗਤ ਦੀ ਸੇਵਾ ਲਈ ਪੇਸ਼ ਕੀਤਾ ਹੈ।

ਦਾਸਨ ਦਾਸ ਕੁਝ ਵੀ ਕਹਿਣ ਜਾਂ ਲਿਖਣ ਵਿੱਚ ਅਸਮਰਥ ਹੈ। ਇਹ ਸੇਵਕ ਇਸ ਧਰਤੀ ਉੱਤੇ ਇੱਕ ਕਿਰਮ ਜੰਤ ਹੈ। ਇਹ ਉਹ ਬੇਅੰਤ ਪਰਮ ਬ੍ਰਹਮ ਸ਼ਕਤੀ ਹੈ ਜੋ ਸਭ ਕੁਝ ਕਰ ਰਹੀ ਹੈ ਅਤੇ ਸਭ ਕੁਝ ਕਰਵਾ ਰਹੀ ਹੈ। ਇਹ ਪੁਸਤਕ ਵੀ ਇਸ ਬੇਅੰਤ ਪਰਮ ਬ੍ਰਹਮ ਸ਼ਕਤੀ ਦੇ ਗੁਰਪ੍ਰਸਾਦਿ ਨਾਲ ਹੀ ਲਿਖੀ ਗਈ ਹੈ।

www.SatNaam.info

ਗੁਰਪ੍ਰਸਾਦੀ ਕਥਾ-ਅਨੰਦੁ ਸਾਹਿਬ

ਇਸੇ ਕਲਮ ਤੋਂ...

English

- **The Divine Explanation of Sukhmani Sahib.**
- **Gurparsaadi Katha — Jap Ji Sahib.**
- **Other Gurparsaadi Articles Published on the website www.satnaam.info.**

ਪੰਜਾਬੀ

- ਗੁਰਪ੍ਰਸਾਦੀ ਕਥਾ — ਸੁਖਮਨੀ ਸਾਹਿਬ
- ਗੁਰਪ੍ਰਸਾਦੀ ਕਥਾ — ਜਪੁ ਜੀ ਸਾਹਿਬ
- **www.satnaam.info** ਵੈਬਸਾਇਟ 'ਤੇ ਪ੍ਰਕਾਸ਼ਿਤ ਹੋਰ ਗੁਰਪ੍ਰਸਾਦੀ ਲੇਖ

ੴ ਸਤਿ ਗੁਰਪ੍ਰਸਾਦਿ ॥

ਗੁਰਪ੍ਰਸਾਦੀ ਕਥਾ-ਅਨੰਦੁ ਸਾਹਿਬ

ਦਾਸਨ ਦਾਸ

www.SatNaam.info

ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ

ਪਹਿਲਾ ਸੰਸਕਰਨ : ਨਵੰਬਰ, 2016
ਕਾਪੀਰਾਈਟ©2016 www.SatNaam.info

ਸਾਰੇ ਅਧਿਕਾਰ ਰਾਖਵੇਂ ਹਨ। ਹਾਲਾਂਕਿ ਇਸ ਕਿਤਾਬ ਦਾ ਕੋਈ ਵੀ ਭਾਗ ਵਰਤਣ ਲਈ ਆਜ਼ਾਦ ਹੈ ਕੇਵਲ ਇਹ ਜ਼ਿਕਰ ਕਰ ਦਿਓ ਕਿ ਇਹ ਜਾਣਕਾਰੀ ਕਿਥੋਂ ਪ੍ਰਾਪਤ ਕੀਤੀ ਹੈ; ਭਾਵ ਕਿ ਦਾਸਨ ਦਾਸ ਅਤੇ www.satnaam.info/ ਆਪ ਜੀ ਇਹ ਪੋਥੀ ਵੈਬਸਾਈਟ ਤੋਂ ਆਨਲਾਈਨ ਖ਼ਰੀਦ ਕੇ ਇਸ ਦੇ ਵਿਤਰਨ ਵਿਚ ਸੇਵਾ ਕਰ ਸਕਦੇ ਹੋ । ਇਹ ਇਕ ਗ਼ੈਰ ਲਾਭ ਨਿਸ਼ਕਾਮ ਸੇਵਾ ਦੀ ਘਾਲਣਾ ਹੈ। ਇਸ ਲਈ ਇਸ ਨਿਸ਼ਕਾਮ ਸੇਵਾ 'ਚ ਬੇਝਿਜਕ ਹਿੱਸਾ ਪਾਵੋ ਜੀ।

Printed and Bound in India by :
B. Chatar Singh Jiwan Singh,
Bazar Mai Sewan, Amritsar (India)

ਸਮਰਪਣ

ਇਹ ਪੁਸਤਕ ਉਨ੍ਹਾਂ ਨੂੰ ਸਮਰਪਿਤ ਹੈ ਜੋ ਮਾਇਆ ਵਿਚ ਸਰਾਬੋਰ ਹੋ ਚੁੱਕੇ ਹਨ। ਇਹ ਪੁਸਤਕ ਉਨ੍ਹਾਂ ਨੂੰ ਸਮਰਪਿਤ ਹੈ ਜੋ ਮਾਇਆ ਦੇ ਗ਼ੁਲਾਮ ਹਨ। ਇਹ ਪੁਸਤਕ ਆਉਣ ਵਾਲੇ ਸਾਰੇ ਜੁਗਾਂ ਦੀ ਸਾਰੀ ਮਨੁੱਖ ਜਾਤੀ ਨੂੰ ਸਮਰਪਿਤ ਹੈ। ਇਹ ਪੁਸਤਕ ਗੁਰਪ੍ਰਸਾਦਿ ਹੈ ਅਤੇ ਉਨ੍ਹਾਂ ਨੂੰ ਸਮਰਪਿਤ ਹੈ ਜੋ ਗੁਰਪ੍ਰਸਾਦਿ ਦੀ ਭਾਲ ਵਿਚ ਹਨ। ਇਹ ਪੁਸਤਕ ਗੁਰਪ੍ਰਸਾਦੀ ਨਾਮ, ਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ—ਪਰਉਪਕਾਰ ਅਤੇ ਮਹਾਂ ਪਰਉਪਕਾਰ ਨੂੰ ਸਮਰਪਿਤ ਹੈ। ਸਾਰਿਆਂ ਤੋਂ ਉੱਪਰ ਇਹ ਪੁਸਤਕ ਅਨਾਦਿ ਸਤਿ—ਸਤਿ ਨਾਮੁ ਦੀ ਸੇਵਾ ਅਤੇ ਵਰਤਾਰੇ ਨੂੰ ਸਮਰਪਿਤ ਹੈ।

ੴ

ਸਤਿ ਨਾਮੁ ਸਤਿ ਗੁਰਪ੍ਰਸਾਦਿ ॥

ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ,

ਧੰਨ ਧੰਨ ਗੁਰ ਗੁਰੂ, ਸਤਿਗੁਰ, ਗੁਰਬਾਣੀ,

ਸਤਿ ਸੰਗਤ, ਸਤਿ ਨਾਮ,

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,

ਧੰਨ ਧੰਨ ਗੁਰੂ ਸਾਹਿਬਾਨ ਜੀ ਅਤੇ

ਧੰਨ ਧੰਨ ਉਨ੍ਹਾਂ ਦੀ ਵੱਡੀ ਕਮਾਈ,

ਧੰਨ ਧੰਨ ਸਾਰੇ ਬ੍ਰਹਮ ਗਿਆਨੀ,

ਸਾਰੇ ਜੁੱਗਾਂ ਦੇ ਸੰਤ ਅਤੇ ਭਗਤ,

ਧੰਨ ਧੰਨ ਗੁਰੂ ਸੰਗਤ ਜੀ,

ਕੋਟਾਨ ਕੋਟ ਡੰਡਉਤ ਅਤੇ ਸ਼ੁਕਰਾਨਾ

ਪ੍ਰਵਾਨ ਕਰਨਾ ਜੀ !

ਗੁਰ ਫਤਹਿ ਪ੍ਰਵਾਨ ਕਰਨਾ ਜੀ !

‘ਅਨੰਦੁ ਸਾਹਿਬ’

- ਮਨ ਦੀ ਪੂਰਨ ਸ਼ਾਂਤ ਅਵਸਥਾ ਪ੍ਰਾਪਤ ਕਰਨ ਦਾ ਗੁਰਪ੍ਰਸਾਦੀ ਮਾਰਗ।
- ਅਨਾਦਿ—ਅਨੰਤ ਬ੍ਰਹਮ ਸ਼ਕਤੀ ਨੂੰ ਪ੍ਰਾਪਤ ਕਰਨ ਦਾ ਗੁਰਪ੍ਰਸਾਦੀ ਮਾਰਗ।
- ਮਾਇਆ ਨੂੰ ਜਿੱਤਣ ਦਾ ਗੁਰਪ੍ਰਸਾਦੀ ਮਾਰਗ।
- ਮਨ ਉੱਤੇ ਜਿੱਤ ਪ੍ਰਾਪਤ ਕਰਨ ਦਾ ਗੁਰਪ੍ਰਸਾਦੀ ਮਾਰਗ।
- ਜੀਵਨ-ਮੁਕਤੀ ਨੂੰ ਪ੍ਰਾਪਤ ਕਰਨ ਦਾ ਗੁਰਪ੍ਰਸਾਦੀ ਮਾਰਗ।
- ਪਰਮ ਪਦਵੀ ਦੀ ਪ੍ਰਾਪਤੀ ਕਰਨ ਦਾ ਗੁਰਪ੍ਰਸਾਦੀ ਮਾਰਗ।
- ਪੂਰਨ ਬ੍ਰਹਮ ਗਿਆਨ ਪ੍ਰਾਪਤ ਕਰਨ ਦਾ ਗੁਰਪ੍ਰਸਾਦੀ ਮਾਰਗ।
- ਪੂਰਨ ਤੱਤ ਗਿਆਨ ਪ੍ਰਾਪਤ ਕਰਨ ਦਾ ਗੁਰਪ੍ਰਸਾਦੀ ਮਾਰਗ।
- ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਦਰਸ਼ਨ ਪ੍ਰਾਪਤ ਕਰਨ ਦਾ ਗੁਰਪ੍ਰਸਾਦੀ ਮਾਰਗ।
- ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿਚ ਅਭੇਦ ਹੋਣ ਦਾ ਗੁਰਪ੍ਰਸਾਦੀ ਮਾਰਗ।

ਤਤਕਰਾ

੧.	ਵੈਬਸਾਈਟ ਦੇ ਬਾਰੇ .	10
੨.	ਭੂਮਿਕਾ .	11
੩.	ੴ ਸਤਿ ਗੁਰਪ੍ਰਸਾਦਿ .	15
੪.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੧ .	47
੫.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੨ .	54
੬.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੩ .	65
੭.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੪ .	84
੮.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੫ .	92
੯.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੬ .	114
੧੦.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੭ .	150
੧੧.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੮ .	150
੧੨.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੯ .	165
੧੩.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੧੦.	176
੧੪.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੧੧.	191
੧੫.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੧੨.	204
੧੬.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੧੩.	216
੧੭.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੧੪.	224
੧੮.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੧੫.	241
੧੯.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੧੬.	254
੨੦.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੧੭.	265
੨੧.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੧੮.	284
੨੨.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੧੯.	297
੨੩.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੨੦.	297

੨੪.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੨੧.	311
੨੫.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੨੨.	324
੨੬.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੨੩.	340
੨੭.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੨੪.	340
੨੮.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੨੫.	352
੨੯.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੨੬.	352
੩੦.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੨੭.	366
੩੧.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੨੮.	381
੩੨.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੨੯.	381
੩੩.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੩੦.	399
੩੪.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੩੧.	411
੩੫.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੩੨.	425
੩੬.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੩੩.	442
੩੭.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੩੪.	453
੩੮.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੩੫.	472
੩੯.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੩੬.	486
੪੦.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੩੭.	486
੪੧.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੩੮.	503
੪੨.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੩੯.	514
੪੩.	ਗੁਰਪ੍ਰਸਾਦੀ ਕਥਾ — ਅਨੰਦੁ ਸਾਹਿਬ — ਪਉੜੀ ੪੦.	523

❍

Please click/tap on the name of any Pauri to directly jume there.

www.satnaam.info

ਕਿਰਪਾ ਕਰਕੇ ਕਿਸੇ ਵੀ ਪਉੜੀ 'ਤੇ ਸਿੱਧੇ ਜਾਣ ਲਈ ਉਸ ਪਉੜੀ ਦੇ ਨਾਂ 'ਤੇ ਕਲਿੱਕ/ਟੈਪ ਕਰੋ ਜੀ।

ਵੈਬਸਾਈਟ ਦੇ ਬਾਰੇ

ਇਹ ਪੁਸਤਕ ਸਭ ਤੋਂ ਪਹਿਲਾਂ www.satnaam.info ਵੈਬਸਾਈਟ 'ਤੇ ਪ੍ਰਕਾਸ਼ਿਤ ਹੋਈ ਸੀ। ਆਪ ਜੀ ਦੇ ਆਤਮਿਕ ਲਾਭ ਲਈ ਵੈਬਸਾਈਟ 'ਤੇ ਅੰਗ੍ਰੇਜ਼ੀ ਅਤੇ ਪੰਜਾਬੀ ਵਿਚ ਬਹੁਤ ਸਾਰੀਆਂ ਪੁਸਤਕਾਂ ਉਪਲਬਧ ਹਨ। ਵੈਬਸਾਈਟ, ਫੋਰਮ ਅਤੇ ਈਮੇਲ ਗਰੁੱਪ ਦਾ ਗੁਰਪ੍ਰਸਾਦੀ ਮਨੋਰਥ, ਸੰਗਤ ਨੂੰ ਨਾਮ, ਗੁਰਬਾਣੀ, ਅਕਾਲ ਪੁਰਖ, ਪੂਰਨ ਬੰਦਗੀ ਅਤੇ ਸੇਵਾ—ਪਰਉਪਕਾਰ ਅਤੇ ਮਹਾਂ ਪਰਉਪਕਾਰ ਨਾਲ ਜੋੜਨਾ ਹੈ। ਗੁਰਬਾਣੀ ਨੇ ਸੱਚ ਖੰਡ ਤਕ ਦੀ ਯਾਤਰਾ ਕਰਨ ਦਾ ਨਕਸ਼ਾ ਦਰਸਾਇਆ ਹੈ ਅਤੇ ਜਦੋਂ ਅਸੀਂ ਇਸ ਨਕਸ਼ੇ ਅਨੁਸਾਰ ਚੱਲਦੇ ਹਾਂ ਤਾਂ ਅਸੀਂ ਇਸ ਅਨੰਤਤਾ ਦੇ ਮਾਰਗ ਉੱਤੇ ਚੱਲਦੇ ਹਾਂ। ਗੁਰਬਾਣੀ ਦੀ ਪਾਲਣਾ ਕਰਨ ਤੋਂ ਬਗ਼ੈਰ ਸੱਚ ਖੰਡ ਦੇ ਮਾਰਗ ਉੱਤੇ ਚੱਲਣਾ ਬਹੁਤ ਹੀ ਮੁਸ਼ਕਿਲ ਹੈ। ਆਪ ਜੀ ਦੀ ਆਤਮਿਕ ਸਫਲਤਾ ਦੀ ਕੁੰਜੀ ਗੁਰਬਾਣੀ ਉੱਤੇ ਅਮਲ ਕਰਨਾ ਹੈ।

ਅਸੀਂ ਜੋ ਕੁਝ ਵੀ ਭੌਤਿਕ ਤੌਰ 'ਤੇ ਅਨੁਭਵ ਕੀਤਾ ਹੈ ਅਤੇ ਸਾਡੇ ਆਤਮਿਕ ਅਨੁਭਵ ਵਿਚ ਜੋ ਕੁਝ ਵੀ ਬੀਤਿਆ ਹੈ, ਉਹ ਸਭ ਇਸੇ ਕਰਕੇ ਹੀ ਬੀਤਿਆ ਹੈ ਕਿ ਅਸੀਂ ਜੋ ਗੁਰਬਾਣੀ ਕਹਿੰਦੀ ਹੈ, ਉਹ ਕੀਤਾ ਹੈ। ਇਸ ਪੋਥੀ ਵਿਚ ਅਤੇ ਵੈਬਸਾਈਟ ਵਿਚ ਜੋ ਕੁਝ ਵੀ ਲਿਖਿਆ ਹੈ; ਉਹ ਸਾਡੇ ਨਿਜੀ ਗੁਰਬਾਣੀ ਅਨੁਸਾਰ ਆਤਮਿਕ ਅਨੁਭਵਾਂ 'ਤੇ ਆਧਾਰਤ ਹੈ ਅਤੇ ਇਹ ਅਨੰਤ ਪੂਰਨ ਸਤਿ ਹੈ, ਇਸ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ।

ਅਸੀਂ ਨਿਮਰਤਾ ਸਹਿਤ ਸਾਰੀ ਸੰਗਤ ਜੀ ਦੇ ਸ੍ਰੀ ਚਰਨਾਂ 'ਤੇ ਬੇਨਤੀ ਕਰਦੇ ਹਾਂ ਕਿ ਵੈਬਸਾਈਟ 'ਤੇ ਪ੍ਰਕਾਸ਼ਿਤ ਪੁਸਤਕਾਂ ਨੂੰ ਖੁੱਲ੍ਹੇ ਮਨ ਅਤੇ ਉਦਾਰਤਾ ਨਾਲ ਪੜ੍ਹੋ, ਤਦ ਹੀ ਆਪ ਜੀ ਅਨੰਤ ਪੂਰਨ ਸਤਿ ਨੂੰ ਅਨੁਭਵ ਕਰ ਸਕੋਗੇ ਤੇ ਮਾਣ ਸਕੋਗੇ। ਸਾਡੀ ਧੰਨ ਧੰਨ, ਅਗੰਮ, ਅਗੋਚਰ, ਅਨੰਤ, ਬੇਅੰਤ ਸ੍ਰੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਜੀ ਅੱਗੇ ਨਿਰੰਤਰ ਅਰਦਾਸ ਹੈ ਕਿ ਉਹ ਹਰ ਇਕ ਮਨੁੱਖ ਨੂੰ ਗੁਰਪ੍ਰਸਾਦੀ ਨਾਮ, ਨਾਮ ਸਿਮਰਨ, ਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਬਖ਼ਸ਼ੇ।

(ਆਪਣੀ ਆਤਮਿਕ ਯਾਤਰਾ ਦੇ ਕਿਸੇ ਵੀ ਪੱਖ ਸੰਬੰਧੀ ਵਿਮਰਸ਼ ਕਰਨ ਲਈ ਜਾਂ ਕੋਈ ਸਵਾਲ ਪੁੱਛਣ ਲਈ, ਕਿਸੀ ਮੁਸ਼ਕਿਲ ਲਈ, ਕਿਰਪਾ ਕਰਕੇ dassandas@gmail.com 'ਤੇ ਈਮੇਲ ਕਰੋ। ਜੇਕਰ ਆਪ ਜੀ ਇਸ ਭਗਤੀ ਦੇ ਮਾਰਗ ਵਿਚ ਇਕ ਦੂਜੇ ਦੀ ਮਦਦ ਕਰਨ ਲਈ ਪੂਰੇ ਵਿਸ਼ਵ ਵਿਚ ਫੈਲੀ ਹੋਈ ਵੈਬ ਸੰਗਤ ਦਾ ਹਿੱਸਾ ਬਣਨਾ ਚਾਹੁੰਦੇ ਹੋ ਤਦ ਵੀ ਉਪ੍ਰੋਕਤ ਈਮੇਲ ਆਈ.ਡੀ. ਤੇ ਈਮੇਲ ਕਰੋ ਜੀ।)

ਭੂਮਿਕਾ

ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਸਤਿਗੁਰ ਸੱਚੇ ਪਾਤਸ਼ਾਹ ਜੀ ਦੀ ਬੇਅੰਤ ਅਨੰਤ ਅਪਾਰ ਗੁਰਕਿਰਪਾ ਅਤੇ ਗੁਰਪ੍ਰਸਾਦਿ ਦਾ ਸਦਕਾ ਦਾਸ (ਦਾਸਨ ਦਾਸ) ਨੂੰ ਦਰਗਾਹੀ ਹੁਕਮ ਦੀ ਬਖ਼ਸ਼ੀਸ਼ ਹੋਈ ਹੈ ਕਿ ਧੰਨ ਧੰਨ ਸਤਿਗੁਰੂ ਅਵਤਾਰ ਅਮਰਦਾਸ ਜੀ ਦੀ ਉਚਾਰਨ ਕੀਤੀ ਇਸ ਪਵਿੱਤਰ ਦਰਗਾਹੀ ਬਾਣੀ 'ਸ੍ਰੀ ਆਨੰਦੁ ਸਾਹਿਬ' ਦੇ ਪਰਮ ਸ਼ਕਤੀਸ਼ਾਲੀ ਦਰਗਾਹੀ ਬਚਨਾਂ ਦੁਆਰਾ ਸਤਿ ਪਾਰ ਬ੍ਰਹਮ ਪਰਮੇਸ਼ਰ ਦੀ ਬੰਦਗੀ ਵਿੱਚ ਲੀਨ ਹੋਏ, ਹੋ ਰਹੇ ਅਤੇ ਲੀਨ ਹੋਣ ਦੇ ਚਾਹਵਾਨ ਜਿਗਿਆਸੂਆਂ ਦੀ ਸੇਵਾ ਲਈ ਅਤੇ ਘੋਰ ਕਲਜੁਗ ਦੇ ਇਸ ਸਮੇਂ ਅੰਦਰ ਮਾਇਆ ਦੇ ਵਿਨਾਸ਼ਕਾਰੀ ਜਾਲ ਵਿੱਚ ਗਰਕ ਹੋ ਰਹੀ ਸਮੁੱਚੀ ਮਾਨਵ ਜਾਤੀ ਦੇ ਹਿਰਦੇ ਵਿੱਚ ਇਸ ਪਰਮ ਜੋਤ ਪੂਰਨ ਪ੍ਰਕਾਸ਼ ਦੇ ਇਲਾਹੀ ਸੋਮੇ, ਮਾਨਸਰੋਵਰ ਦੀ ਇੱਕ ਝਲਕ ਪੇਸ਼ ਕਰਨ ਦੀ ਸੇਵਾ ਕੀਤੀ ਜਾਏ। ਇਸ ਦਰਗਾਹੀ ਹੁਕਮ ਦੀ ਬਖ਼ਸ਼ੀਸ਼, ਪੂਰਨ ਦਰਗਾਹੀ ਹੁਕਮ ਵਿੱਚ ਲਿਖੀ ਗਈ ਸ੍ਰੀ ਸੁਖਮਨੀ ਸਾਹਿਬ ਅਤੇ ਸ੍ਰੀ ਜਪੁ ਜੀ ਸਾਹਿਬ ਦੀ ਗੁਰਪ੍ਰਸਾਦੀ ਕਥਾ ਤੋਂ ਉਪਰੰਤ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਅਨੰਤ ਗੁਰਕਿਰਪਾ ਅਤੇ ਗੁਰਪ੍ਰਸਾਦਿ ਦਾ ਸਦਕਾ ਹੋਈ ਹੈ।

ਦਾਸ ਦੀ ਇਤਨੀ ਜੁੱਰਤ ਨਹੀਂ ਕਿ ਉਹ ਸਤਿ ਸੰਗਤ ਨੂੰ ਮਾਨਸਰੋਵਰ ਦੀ ਝਲਕ ਦਰਸਾਉਣ ਦਾ ਦਾਵਾ ਕਰ ਸਕੇ ਜਾਂ ਗੁਰਬਾਣੀ ਦੇ ਇਸ ਮਹਾਨ ਇਲਾਹੀ ਕੋਸ਼ ਦੀ ਕਥਾ ਕਰ ਸਕੇ। ਇਹ ਸਭ ਦਾਤਾ ਕਰਤਾ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਬੇਅੰਤ ਅਨੰਤ ਗੁਰਪ੍ਰਸਾਦੀ ਗੁਰਕਿਰਪਾ ਅਤੇ ਮਿਹਰਾਮਤ ਹੈ, ਜਿਸ ਇਲਾਹੀ ਪਰਮ ਸ਼ਕਤੀ ਦਾ ਸਦਕਾ ਇਸ ਸੇਵਾ ਦਾ ਆਰੰਭ ਕੀਤਾ ਜਾ ਰਿਹਾ ਹੈ। ਕੇਵਲ ਅਤੇ ਕੇਵਲ ਸਤਿ ਪਾਰਬ੍ਰਹਮ ਦੀ ਪਰਮ ਸ਼ਕਤੀ ਹੀ ਹੈ ਜੋ ਨਿਰਗੁਣ ਸਰੂਪ ਵਿੱਚ ਮਨੁੱਖਾ ਦੇਹੀ (ਸਰਗੁਣ) ਵਿੱਚ ਵਾਸ ਕਰ ਰਹੀ ਹੈ ਅਤੇ ਇਹ ਇਲਾਹੀ ਪਰਮ ਸ਼ਕਤੀ ਆਪਣੇ ਬਣਾਏ ਦਰਗਾਹੀ ਵਿਧਾਨ ਅਨੁਸਾਰ ਹੀ ਸਭ ਕੁਝ ਕਰ ਰਹੀ ਹੈ ਅਤੇ ਵਰਤਾ ਰਹੀ ਹੈ। ਨਿਰਗੁਣ ਸਰੂਪ (ਜੋ ਕਿ ਇਨਸਾਨੀ ਪੰਜ ਗਿਆਨ ਇੰਦਰੀਆਂ ਦੀ ਪਹੁੰਚ ਤੋਂ ਪਰੇ ਹੈ) ਵਿੱਚ ਮੌਜੂਦ ਇਸ ਪਰਮ ਸ਼ਕਤੀ ਤੋਂ ਬਿਨਾਂ ਮਨੁੱਖਾ ਦੇਹੀ ਦਾ ਕੋਈ ਵਜੂਦ ਨਹੀਂ ਹੈ। ਇਸ ਗੁਰਪ੍ਰਸਾਦੀ ਕਥਾ ਦੀ ਰਚਨਾ ਵੀ ਇਹ ਨਿਰਗੁਣ ਸਰੂਪ ਦੀ ਇਲਾਹੀ ਪਰਮ ਸ਼ਕਤੀ ਹੀ ਕਰ ਰਹੀ ਹੈ।

ਇਸ ਲਈ ਦਾਸ ਦੀ ਸਤਿਗੁਰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪਾਵਨ ਚਰਨਾਂ ਤੇ ਇਹ ਸਨਿਮਰ ਅਰਦਾਸ, ਜੋਦੜੀ ਅਤੇ ਬੇਨਤੀ ਹੈ ਕਿ ਆਪਣਾ ਹੁਕਮ ਆਪ ਮਨਾਓ, ਆਪਣੀ ਸੇਵਾ ਆਪ ਲਵੋ, ਆਪਣੀ ਮਹਿਮਾ ਆਪ ਪ੍ਰਗਟ ਕਰੋ, ਆਪਣੀ ਬੰਦਗੀ ਵਿੱਚ ਲੀਨ ਹੋ ਰਹੇ ਜਿਗਿਆਸੂਆਂ ਦੀ ਆਪ ਸਹਾਇਤਾ ਕਰੋ, ਸਮੁੱਚੀ ਮਾਨਸ ਜਾਤਿ ਨੂੰ ਮਾਇਆ ਦੇ

ਇਸ ਵਿਨਾਸ਼ਕਾਰੀ ਦਲਦਲ ਵਿੱਚੋਂ ਕੱਢਣ ਲਈ ਇਸ ਪੂਰਨ ਸਤਿ ਦੀ ਸੇਵਾ ਆਪ ਲਵੋ ਜੀ। ਇਸ ਲਈ ਦਾਸ ਦੀ ਨਿਰੰਕਾਰ ਰੂਪ ਵਿੱਚ ਧਰਤੀ ਉੱਪਰ ਪ੍ਰਗਟ ਹੋਏ ਸਾਰੇ ਸਤਿਗੁਰੂ ਸਾਹਿਬਾਨ (ਦੱਸ ਪਾਤਿਸ਼ਾਹਿਆਂ) ਦੇ ਪਾਵਨ ਚਰਨਾਂ ਉੱਪਰ ਸਨਿਮਰ ਅਰਦਾਸ, ਜੋਦੜੀ ਅਤੇ ਬੇਨਤੀ ਹੈ ਕਿ ਆਪਣੀ ਬੇਅੰਤ ਅਨੰਤ ਮਿਹਰ ਨਾਲ ਭਰਪੂਰ ਆਪਣਾ ਹੱਥ ਦਾਸ ਦੇ ਸਿਰ ਉੱਪਰ ਰੱਖ ਆਪਣਾ ਹੁਕਮ ਆਪ ਮਨਾਓ, ਆਪਣੀ ਸੇਵਾ ਆਪ ਲਵੋ, ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਆਪ ਪ੍ਰਗਟ ਕਰੋ, ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਵਿੱਚ ਲੀਨ ਹੋ ਰਹੇ ਜਿਗਿਆਸੂਆਂ ਦੀ ਆਪ ਸਹਾਇਤਾ ਕਰੋ, ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਵਿੱਚ ਲੀਨ ਹੋ ਰਹੇ ਜਿਗਿਆਸੂਆਂ ਦਾ ਆਪ ਮਾਰਗ ਦਰਸ਼ਨ ਕਰੋ, ਸਮੁੱਚੀ ਮਾਨਸ ਜਾਤਿ ਨੂੰ ਮਾਇਆ ਦੇ ਇਸ ਵਿਨਾਸ਼ਕਾਰੀ ਦਲਦਲ ਵਿੱਚੋਂ ਕੱਢਣ ਲਈ ਇਸ ਪੂਰਨ ਸਤਿ ਦੀ ਸੇਵਾ ਆਪ ਲਵੋ ਜੀ। ਇਸ ਲਈ ਦਾਸ ਦੀ ਨਿਰੰਕਾਰ ਰੂਪ ਵਿੱਚ ਧਰਤੀ ਉੱਪਰ ਪ੍ਰਗਟ ਹੋਏ ਸਾਰੀ ਸ੍ਰਿਸ਼ਟੀ ਦੇ ਸਾਰੇ ਅਵਤਾਰਾਂ, ਸਤਿਗੁਰੂਆਂ, ਸੰਤਾਂ, ਭਗਤਾਂ, ਬ੍ਰਹਮ ਗਿਆਨੀਆਂ, ਪੀਰਾਂ, ਪੈਗੰਬਰਾਂ ਅਤੇ ਗੁਰਮੁਖਾਂ ਦੇ ਪਾਵਨ ਚਰਨਾਂ ਉੱਪਰ ਸਨਿਮਰ ਅਰਦਾਸ, ਜੋਦੜੀ ਅਤੇ ਬੇਨਤੀ ਹੈ ਕਿ ਆਪਣੀ ਬੇਅੰਤ ਅਨੰਤ ਮਿਹਰ ਨਾਲ ਭਰਪੂਰ ਆਪਣਾ ਹੱਥ ਦਾਸ ਦੇ ਸਿਰ ਉੱਪਰ ਰੱਖ ਕੇ ਇਸ ਇਲਾਹੀ ਦਰਗਾਹੀ ਹੁਕਮ ਨੂੰ ਮਨਾਉਣ ਵਿੱਚ ਅਤੇ ਇਸ ਪੂਰਨ ਸਤਿ ਨੂੰ ਵਰਤਾਉਣ ਵਿੱਚ ਦਾਸ ਦੀ ਸਹਾਇਤਾ ਆਪ ਕਰੋ ਜੀ।

ਇਹ ਦਾਸ ਦਾ ਅਤੇ ਸਤਿਨਾਮੁ ਸਤਿ ਸੰਗਤ ਦਾ ਪ੍ਰਤੱਖ ਅਨੁਭਵ ਹੈ ਕਿ ਜਦ ਅਸੀਂ ਪੂਰਨ ਸਤਿ ਦੀ ਸੇਵਾ ਕਰਦੇ ਹਾਂ ਤਾਂ, ਜਦ ਅਸੀਂ ਗੁਰਪ੍ਰਸਾਦਿ ਦੀ ਪ੍ਰਾਪਤੀ ਕਰਦੇ ਹਾਂ ਅਤੇ ਸਮਾਧੀ ਅਤੇ ਸੁੰਨ ਸਮਾਧੀ ਵਿੱਚ ਲੀਨ ਹੋ ਕੇ ਸਤਿਨਾਮੁ ਦੇ ਸਿਮਰਨ ਵਿੱਚ ਡੁੱਬ ਜਾਂਦੇ ਹਾਂ ਤਾਂ ਇਹ ਮਹਾਨ ਰੂਹਾਂ ਜੋ ਸਮੇਂ-ਸਮੇਂ ਸਿਰ ਧਰਤੀ ਉੱਪਰ ਪ੍ਰਗਟ ਹੋਇਆਂ ਹਨ ਅਤੇ ਜਿਨ੍ਹਾਂ ਦੀ ਬੇਅੰਤ ਮਹਿਮਾ ਇਸ ਧਰਤੀ ਉੱਪਰ ਪ੍ਰਗਟ ਹੋਈ ਹੈ, ਇਹ ਸਤਿਗੁਰੂ, ਅਵਤਾਰ, ਬ੍ਰਹਮ ਗਿਆਨੀ, ਸੰਤ, ਭਗਤ, ਪੀਰ ਅਤੇ ਪੈਗੰਬਰ ਸਾਨੂੰ ਦਰਸ਼ਨ ਦੇ ਕੇ ਇਹ ਪ੍ਰਮਾਣਿਤ ਕਰਦੇ ਹਨ ਕਿ ਅਸੀਂ ਸਹੀ ਮਾਰਗ ਉੱਪਰ ਚਲ ਰਹੇ ਹਾਂ ਅਤੇ ਐਸਾ ਕਰਨ ਵਿੱਚ ਸਾਡੀ ਸਹਾਇਤਾ ਕਰਦੇ ਹਨ। ਸਤਿਨਾਮੁ ਦੇ ਗੁਰਪ੍ਰਸਾਦਿ ਦੇ ਸਿਮਰਨ ਕਰਨ ਵਾਲੇ ਸਤਿਸੰਗੀਆਂ ਨੂੰ ਪਿਛਲੇ ਜਨਮਾਂ ਵਿੱਚ ਕੀਤੀ ਗਈ ਬੰਦਗੀ ਅਤੇ ਇਸ ਜਨਮ ਵਿੱਚ ਚਲ ਰਹੀ ਬੰਦਗੀ ਅਨੁਸਾਰ ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ ਗੁਰੂ ਨਾਨਕ ਪਾਤਸ਼ਾਹ ਜੀ ਦੇ, ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੇ, ਸਾਹਿਬਜ਼ਾਦਿਆਂ ਦੇ, ਗੁਰੂ ਮਾਤਾਵਾਂ ਦੇ, ਸਤਿਗੁਰੂ ਪਾਤਿਸ਼ਾਹੀਆਂ ਦੇ, ਮਹਾਤਮਾ ਬੁੱਧ ਜੀ ਦੇ, ਜੀਸਸ ਕਰਾਈਸਟ ਜੀ ਦੇ, ਮੁਹੰਮਦ ਸਹਿਬ ਜੀ ਦੇ, ਸੰਤ ਕਬੀਰ ਸਾਹਿਬ ਜੀ ਦੇ, ਸੰਤ ਬਾਬਾ ਨੰਦ ਸਿੰਘ ਜੀ ਦੇ, ਸੰਤ ਬਾਬਾ ਈਸ਼ਰ ਸਿੰਘ ਜੀ ਦੇ, ਅਤੇ ਹੋਰ ਸਾਰੇ ਸੰਤਾਂ ਭਗਤਾਂ ਦੇ ਦਰਸ਼ਨ ਹੁੰਦੇ ਹਨ। ਜੋ ਪੂਰਨ ਸੰਤ ਸੰਗਤ ਵਿੱਚ ਪੂਰਨ ਸਤਿ ਵਰਤਾਂਦੇ ਹਨ ਉਨ੍ਹਾਂ ਦੀ ਸੰਗਤ ਵਿੱਚ ਸਤਿਨਾਮੁ ਧਿਆਵਣ ਵਾਲੀਆਂ ਸੰਗਤਾਂ ਨੂੰ ਉਹ ਸਾਰੇ ਅਨੁਭਵ ਹੁੰਦੇ ਹਨ ਜੋ ਗੁਰਬਾਣੀ ਵਿੱਚ ਸਤਿਗੁਰੂ ਸਾਹਿਬਾਨ ਨੇ ਪ੍ਰਗਟ ਕੀਤੇ ਹਨ। ਜੋ ਪੂਰਨ ਸੰਤ ਸੰਗਤ ਵਿੱਚ ਪੂਰਨ ਸਤਿ ਵਰਤਾਂਦੇ ਹਨ ਉਨ੍ਹਾਂ ਦੀ ਸਤਿਨਾਮੁ ਸੰਗਤ ਵਿੱਚ ਸ੍ਰਿਸ਼ਟੀ ਦੇ ਸਾਰੇ ਅਵਤਾਰ, ਸਤਿਗੁਰੂ, ਬ੍ਰਹਮ ਗਿਆਨੀ, ਸੰਤ, ਭਗਤ, ਪੀਰ ਅਤੇ ਪੈਗੰਬਰ ਹਾਜ਼ਰ-ਨਾਜ਼ਰ ਰਹਿੰਦੇ ਹਨ ਅਤੇ ਸੰਗਤਾਂ ਉੱਪਰ ਬੇਅੰਤ ਕਿਰਪਾ ਦੀ ਬਰਖਾ ਕਰਦੇ ਹਨ। ਜੋ ਪੂਰਨ ਸੰਤ ਸੰਗਤ ਵਿੱਚ ਪੂਰਨ ਸਤਿ ਵਰਤਾਂਦੇ ਹਨ ਉਨ੍ਹਾਂ ਦੀ ਸਤਿਨਾਮੁ ਸੰਗਤ ਵਿੱਚ ਧਰਤੀ

ਉੱਪਰ ਦਰਗਾਹ ਪ੍ਰਤੱਖ ਪ੍ਰਗਟ ਹੁੰਦੀ ਹੈ। ਜੋ ਪੂਰਨ ਸੰਤ ਸੰਗਤ ਵਿੱਚ ਪੂਰਨ ਸਤਿ ਵਰਤਾਂਦੇ ਹਨ ਉਨ੍ਹਾਂ ਦੀ ਸਤਿਨਾਮੁ ਸੰਗਤ ਵਿੱਚ ਸਦਾ ਸੁਹਾਗਣਾਂ ਅਤੇ ਸੁਹਾਗਣਾਂ ਦੀ ਮਹਿਮਾ ਪ੍ਰਤੱਖ ਪ੍ਰਗਟ ਹੁੰਦੀ ਹੈ। ਜੋ ਪੂਰਨ ਸੰਤ ਸੰਗਤ ਵਿੱਚ ਪੂਰਨ ਸਤਿ ਵਰਤਾਂਦੇ ਹਨ ਉਨ੍ਹਾਂ ਦੀ ਸਤਿਨਾਮੁ ਸੰਗਤ ਵਿੱਚ ਸਾਰੀ ਦਰਗਾਹ ਵਿੱਚ ਬੈਠੇ ਹੋਏ ਅਵਤਾਰ, ਸਤਿਗੁਰੂ, ਬ੍ਰਹਮ ਗਿਆਨੀ, ਸੰਤ, ਭਗਤ, ਪੀਰ ਅਤੇ ਪੈਗੰਬਰ ਅਤੇ ਜੀਵਨ ਮੁਕਤ ਹੋਈਆਂ ਸਾਰੀਆਂ ਰੂਹਾਂ ਆ ਕੇ ਬੈਠ ਜਾਂਦੀਆਂ ਹਨ ਅਤੇ ਸਤਿਨਾਮੁ ਸਿਮਰਨ ਕਰਦੀਆਂ ਹਨ। ਜੋ ਪੂਰਨ ਸੰਤ ਸੰਗਤ ਵਿੱਚ ਪੂਰਨ ਸਤਿ ਵਰਤਾਂਦੇ ਹਨ ਉਨ੍ਹਾਂ ਦੀ ਸਤਿਨਾਮੁ ਸੰਗਤ ਵਿੱਚ ਸੁਹਾਗਣਾਂ ਅਤੇ ਸਦਾ ਸੁਹਾਗਣਾਂ ਪੂਰਨ ਖੇੜੇ ਵਿੱਚ ਪ੍ਰਗਟ ਹੁੰਦੀਆਂ ਹਨ। ਜੋ ਪੂਰਨ ਸੰਤ ਸੰਗਤ ਵਿੱਚ ਪੂਰਨ ਸਤਿ ਵਰਤਾਂਦੇ ਹਨ ਉਨ੍ਹਾਂ ਦੀ ਸਤਿਨਾਮੁ ਸੰਗਤ ਵਿੱਚ ਸੰਗਤਾਂ ਪੂਰਨ ਬੈਰਾਗ ਵਿੱਚ ਪ੍ਰਗਟ ਹੁੰਦੀਆਂ ਹਨ। ਜੋ ਪੂਰਨ ਸੰਤ ਸੰਗਤ ਵਿੱਚ ਪੂਰਨ ਸਤਿ ਵਰਤਾਂਦੇ ਹਨ ਉਨ੍ਹਾਂ ਦੀ ਸਤਿਨਾਮੁ ਸੰਗਤ ਵਿੱਚ ਜੋ ਵੀ ਪ੍ਰਾਣੀ ਆਉਂਦਾ ਹੈ ਉਸ ਦਾ ਮਨ ਸ਼ਾਂਤ ਹੋ ਜਾਂਦਾ ਹੈ ਕਿਉਂਕਿ ਐਸੇ ਪੂਰਨ ਮਹਾਂਪੁਰਖਾਂ ਦੇ ਛਤਰ ਹੇਠ ਮਾਇਆ ਫੜਕ ਨਹੀਂ ਸਕਦੀ। ਜੋ ਪੂਰਨ ਸੰਤ ਸੰਗਤ ਵਿੱਚ ਪੂਰਨ ਸਤਿ ਵਰਤਾਂਦੇ ਹਨ ਉਨ੍ਹਾਂ ਦੀ ਸਤਿਨਾਮੁ ਸੰਗਤ ਵਿੱਚ ਮਾਨਸਰੋਵਰ ਧਰਤੀ ਉੱਪਰ ਪ੍ਰਗਟ ਹੋ ਜਾਂਦਾ ਹੈ ਅਤੇ ਸੰਗਤਾਂ ਇਸ ਮਾਨਸਰੋਵਰ ਵਿੱਚ ਅੰਮ੍ਰਿਤ ਇਸ਼ਨਾਨ ਕਰਦੀਆਂ ਹਨ ਅਤੇ ਤ੍ਰਿਪਤ ਹੋ ਜਾਂਦੀਆਂ ਹਨ। ਜੋ ਪੂਰਨ ਸੰਤ ਸੰਗਤ ਵਿੱਚ ਪੂਰਨ ਸਤਿ ਵਰਤਾਂਦੇ ਹਨ ਉਨ੍ਹਾਂ ਦੀ ਸਤਿਨਾਮੁ ਸੰਗਤ ਵਿੱਚ ਸੁਹਾਗਣਾਂ ਅਤੇ ਸਦਾ ਸੁਹਾਗਣਾਂ ਦਾ ਜਨਮ ਹੁੰਦਾ ਹੈ। ਜੋ ਪੂਰਨ ਸੰਤ ਸੰਗਤ ਵਿੱਚ ਪੂਰਨ ਸਤਿ ਵਰਤਾਂਦੇ ਹਨ ਉਨ੍ਹਾਂ ਦੀ ਸਤਿਨਾਮੁ ਸੰਗਤ ਵਿੱਚ ਸੰਗਤਾਂ ਨੂੰ ਨਾਮੁ, ਨਾਮ ਸਿਮਰਨ, ਨਾਮੁ ਦੀ ਕਮਾਈ, ਪੂਰਨ ਬੰਦਗੀ ਅਤੇ ਪਰਉਪਕਾਰ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ।

ਜੋ ਪੂਰਨ ਸੰਤ ਸੰਗਤ ਵਿੱਚ ਪੂਰਨ ਸਤਿ ਵਰਤਾਂਦੇ ਹਨ ਉਨ੍ਹਾਂ ਦੀ ਸਤਿਨਾਮੁ ਸੰਗਤ ਵਿੱਚ ਜਪੁ ਜੀ ਸਾਹਿਬ, ਸੁਖਮਨੀ ਸਾਹਿਬ, ਅਨੰਦੁ ਸਾਹਿਬ ਅਤੇ ਸਾਰੀ ਗੁਰਬਾਣੀ ਦੀ ਮਹਿਮਾ ਪ੍ਰਤੱਖ ਪ੍ਰਗਟ ਹੁੰਦੀ ਹੈ। ਐਸੀ ਦਰਗਾਹੀ ਇਲਾਹੀ ਸਤਿਨਾਮੁ ਸੰਗਤ ਵਿੱਚ ਅਨੰਦੁ ਸਾਹਿਬ ਦੀ ਬਾਣੀ ਵਿੱਚ ਪ੍ਰਗਟ ਕੀਤਾ ਗਿਆ ਅਨੰਦੁ ਪ੍ਰਤੱਖ ਪ੍ਰਗਟ ਹੁੰਦਾ ਹੈ। ਇਸ ਲਈ ਐਸਾ ਮਤ ਸੋਚੋ ਅਤੇ ਜਾਣੋ ਕਿ ਗੁਰਬਾਣੀ ਕੇਵਲ ਇੱਕ ਲਿਖਤ ਹੀ ਹੈ ਜਾਂ ਬਚਨ ਜਾਂ ਸ਼ਬਦ ਹੀ ਹੈ। ਇਸ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਅਤਿ ਜ਼ਰੂਰੀ ਹੈ ਕਿ ਜਦ ਅਸੀਂ ਗੁਰਬਾਣੀ ਦੀ ਕਮਾਈ ਕਰਦੇ ਹਾਂ ਤਾਂ ਜੋ ਜੋ ਗੁਰਬਾਣੀ ਵਿੱਚ ਲਿਖਿਆ ਹੈ, ਜੋ ਸ਼ਬਦ ਵਿੱਚ ਮੌਜੂਦ ਪਰਮ ਸਤਿ ਤੱਤ ਹੈ ਉਹ ਸਤਿਨਾਮੁ ਸੰਗਤ ਵਿੱਚ ਪ੍ਰਤੱਖ ਪ੍ਰਗਟ ਹੁੰਦਾ ਹੈ। ਇਸ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਅਤਿ ਜ਼ਰੂਰੀ ਹੈ ਕਿ ਜਦ ਅਸੀਂ ਗੁਰ ਸ਼ਬਦ (ਗੁਰਬਾਣੀ) ਦੀ ਆਪਣੇ ਜੀਵਨ ਵਿੱਚ ਕਮਾਈ ਕਰਦੇ ਹਾਂ ਤੇ ਉਸ ਸ਼ਬਦ ਵਿੱਚ ਮੌਜੂਦ ਜੋ ਸਤਿ ਤੱਤ ਹੈ ਉਹ ਸਤਿਨਾਮੁ ਸੰਗਤ ਵਿੱਚ ਪ੍ਰਤੱਖ ਪ੍ਰਗਟ ਹੁੰਦਾ ਹੈ।

ਸਤਿਗੁਰ ਅਵਤਾਰ ਧੰਨ ਧੰਨ ਪ੍ਰਗਟਿਓ ਜੋਤ ਅਮਰ ਦਾਸ ਜੀ ਨੇ ਬੇਅੰਤ ਅਪਾਰ ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ ਇਸ ਪਰਮ ਸ਼ਕਤੀਸ਼ਾਲੀ ਅਨੰਦੁ ਸਾਹਿਬ ਦੀ ਬਾਣੀ ਇਸ ਧਰਤੀ ਉੱਪਰ ਪ੍ਰਗਟ ਕੀਤੀ ਹੈ। ਇਸ ਪਰਮ ਸ਼ਕਤੀਸ਼ਾਲੀ ਬਾਣੀ ਦਾ ਆਧਾਰ ਧੰਨ ਧੰਨ ਸਤਿਗੁਰੂ ਅਵਤਾਰ ਅਮਰ ਦਾਸ ਜੀ ਦੀ ਆਪਣੀ ਬੇਅੰਤ ਕਮਾਈ ਅਤੇ ਪੂਰਨ ਸਤਿ

ਦੀ ਬੇਅੰਤ ਸੇਵਾ ਹੈ। ਇਹ ਬਾਣੀ ਸਤਿਗੁਰੂ ਪਾਤਸ਼ਾਹ ਜੀ ਦਾ ਆਪਣਾ ਜਾਤੀ ਅਨੁਭਵ ਹੈ। ਗੁਰਬਾਣੀ ਪੜ੍ਹਣ ਅਤੇ ਸੁਣਨ ਵਾਲੇ ਮਨੁੱਖਾਂ ਲਈ ਇਸ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਜ਼ਰੂਰੀ ਹੈ ਕਿ ਸਾਰੀ ਗੁਰਬਾਣੀ ਸਤਿਗੁਰੂ ਸਾਹਿਬਾਨ ਦੇ ਆਪਣੇ ਜਾਤੀ ਅਨੁਭਵ ਹਨ ਜੋ ਉਨ੍ਹਾਂ ਦੀ ਬੰਦਗੀ ਦੇ ਦੌਰਾਨ ਉਨ੍ਹਾਂ ਦੇ ਜੀਵਨ ਵਿੱਚ ਪ੍ਰਤੱਖ ਪ੍ਰਗਟ ਹੋਏ।

ਆਓ ਹੁਣ ਬੜੀ ਪ੍ਰੀਤ ਸ਼ਰਧਾ ਅਤੇ ਭਰੋਸੇ ਨਾਲ ਧੰਨ ਧੰਨ ਸਤਿਗੁਰੂ ਅਵਤਾਰ ਅਮਰ ਦਾਸ ਜੀ ਦੇ ਪਾਵਨ ਬਚਨਾਂ ਉੱਪਰ ਆਪਣਾ ਧਿਆਨ ਇਕਾਗਰ ਕਰੀਏ ਅਤੇ ਇਸ 'ਅਨੰਦੁ' ਦੀ ਪਰਮ ਸ਼ਕਤੀਸ਼ਾਲੀ ਇਲਾਹੀ ਅਵਸਥਾ ਦੇ ਬਾਰੇ ਵਰਤਾਏ ਗਏ ਪੂਰਨ ਸਤਿ, ਪੂਰਨ ਹੁਕਮ ਅਤੇ ਪੂਰਨ ਬ੍ਰਹਮ ਗਿਆਨ ਨੂੰ ਆਪਣੇ ਹਿਰਦੇ ਵਿੱਚ ਵਸਾਉਣ ਦੀ ਅਰਦਾਸ ਕਰਦੇ ਹੋਏ ਇਨ੍ਹਾਂ ਪਾਵਨ ਬਚਨਾਂ ਨੂੰ ਜਾਣਨ, ਸਮਝਣ ਅਤੇ ਮੰਨਣ ਦਾ ਯਤਨ ਕਰੀਏ।

ੴ ਸਤਿ ਗੁਰਪ੍ਰਸਾਦਿ ॥

ਹਰ ਇੱਕ ਜਿਗਿਆਸੂ ਜੋ ਪੂਰਨ ਸਤਿ ਦੇ ਪ੍ਰੇਮਾ ਭਗਤੀ ਦੇ ਇਸ ਇਲਾਹੀ ਮਾਰਗ ਉੱਪਰ ਚਲ ਰਿਹਾ ਹੈ ਜਾਂ ਚਲਣ ਦਾ ਚਾਹਵਾਨ ਹੈ ਉਸ ਲਈ ਇਹ ਪਰਮ ਸਤਿ ਤੱਤ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਜ਼ਰੂਰੀ ਹੈ ਕਿ ਸਤਿਗੁਰੂ ਸਾਹਿਬਾਨ ਨੇ ਗੁਰਬਾਣੀ ਲਿਖਦੇ ਹੋਏ ਤਕਰੀਬਨ ਹਰ ਇੱਕ ਸਲੋਕ ਦੇ ਆਰੰਭ ਵਿੱਚ ਇਸ 'ੴ ਸਤਿ ਗੁਰਪ੍ਰਸਾਦਿ' ਦੇ ਪਰਮ ਸ਼ਕਤੀਸ਼ਾਲੀ ਸ਼ਬਦ ਦੀ ਰਚਨਾ ਕਿਉਂ ਕੀਤੀ ਹੈ। ਜੋ ਜਿਗਿਆਸੂ ਇਸ ਪਰਮ ਸ਼ਕਤੀਸ਼ਾਲੀ ਪਰਮ ਸਤਿ ਨੂੰ ਜਾਣ ਲਏਗਾ, ਸਮਝ ਲਏਗਾ ਅਤੇ ਇਸ ਦਾ ਮੰਨਣ ਕਰ ਲਏਗਾ, ਧਿਆਨ ਕਰ ਲਏਗਾ, ਚਿੰਤਨ ਕਰ ਲਏਗਾ, ਕਮਾਈ ਕਰ ਲਏਗਾ, ਆਪਣੇ ਹਿਰਦੇ ਵਿੱਚ ਅਤੇ ਰੋਮ-ਰੋਮ ਵਿੱਚ ਉੱਕਰ ਲਏਗਾ, ਇਸ ਵਿੱਚ ਲੀਨ ਹੋ ਜਾਵੇਗਾ, ਉਸ ਦੀ ਬੰਦਗੀ ਦਰਗਾਹ ਪ੍ਰਵਾਨ ਹੋ ਜਾਵੇਗੀ, ਉਹ ਜਿਗਿਆਸੂ ਜੀਵਨ ਮੁਕਤ ਹੋ ਜਾਵੇਗਾ, ਸੰਤ ਹਿਰਦਾ ਬਣ ਜਾਵੇਗਾ, ਪੂਰਨ ਅਵਸਥਾ ਨੂੰ ਪ੍ਰਾਪਤ ਹੋ ਜਾਵੇਗਾ, ਪੂਰਨ ਬ੍ਰਹਮ ਗਿਆਨ ਨੂੰ ਪ੍ਰਾਪਤ ਕਰ ਲਏਗਾ, ਪੂਰਨ ਤੱਤ ਗਿਆਨ ਆਤਮ ਰਸ ਅੰਮ੍ਰਿਤ ਨੂੰ ਪ੍ਰਾਪਤ ਕਰ ਲਏਗਾ, ਅਟੱਲ ਅਵਸਥਾ ਨੂੰ ਪ੍ਰਾਪਤ ਹੋ ਜਾਵੇਗਾ, ਪਰਮ ਪਦਵੀ ਪ੍ਰਾਪਤ ਕਰ ਲਏਗਾ, ਦਰਗਾਹ ਵਿੱਚ ਪ੍ਰਵਾਨ ਹੋ ਜਾਵੇਗਾ ਅਤੇ ਇਸ ਪਰਮ ਸ਼ਕਤੀਸ਼ਾਲੀ 'ਅਨੰਦੁ' ਦੀ ਪ੍ਰਾਪਤੀ ਕਰ ਲਏਗਾ। ਇਸੇ ਲਈ ਧੰਨ ਧੰਨ ਸਤਿਗੁਰੂ ਅਵਤਾਰਾਂ ਨੇ ਇਸ ਪਰਮ ਸ਼ਕਤੀਸ਼ਾਲੀ ਸ਼ਬਦ 'ੴ ਸਤਿ ਗੁਰਪ੍ਰਸਾਦਿ' ਨੂੰ ਤਕਰੀਬਨ ਹਰ ਇੱਕ ਸਲੋਕ ਦੇ ਮੁੱਢ ਵਿੱਚ ਪ੍ਰਗਟ ਕਰ ਕੇ ਇਸ ਪਰਮ ਸਤਿ ਤੱਤ ਨੂੰ ਬਾਰੰਬਾਰ ਦ੍ਰਿੜ੍ਹ ਕਰਵਾਇਆ ਹੈ। ਸਾਰੇ ਸਲੋਕ ਅਤੇ ਸਾਰੀ ਬਾਣੀ ਇਸ ਪਰਮ ਸ਼ਕਤੀਸ਼ਾਲੀ ਸ਼ਬਦ 'ੴ ਸਤਿ ਗੁਰਪ੍ਰਸਾਦਿ' ਦੀ ਹੀ ਮਹਿਮਾ ਹੈ। ਬਾਕੀ ਦੀ ਸਾਰੀ ਗੁਰਬਾਣੀ ਵਿੱਚ ਕੇਵਲ ਇਸ ਪਰਮ ਸ਼ਕਤੀਸ਼ਾਲੀ ਪਰਮ ਸਤਿ ਤੱਤ ਦੀ ਹੀ ਮਹਿਮਾ ਨੂੰ ਪ੍ਰਗਟ ਕੀਤਾ ਗਿਆ ਹੈ। ਇਸ ਲਈ ਆਓ ਅਸੀਂ ਇਸ ਪਰਮ ਸ਼ਕਤੀਸ਼ਾਲੀ ਪਰਮ ਸਤਿ ਤੱਤ ਨੂੰ ਜਾਣੀਏ, ਸਮਝੀਏ ਅਤੇ ਇਸ ਦਾ ਮੰਨਣ, ਚਿੰਤਨ, ਸੇਵਾ, ਕਮਾਈ, ਧਿਆਨ ਕਰ ਕੇ ਆਪਣਾ ਜਨਮ ਸਫ਼ਲ ਕਰੀਏ।

ੴ :

ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਇੱਕ ਹੈ। ਉਸ ਦੇ ਜੈਸਾ ਹੋਰ ਕੋਈ ਨਹੀਂ ਹੈ। ਉਸ ਦਾ ਕੋਈ ਸਾਨੀ ਨਹੀਂ ਹੈ ਨਾ ਹੀ ਹੋ ਸਕਦਾ ਹੈ। ਉਸ ਦਾ ਕੋਈ ਸ਼ਰੀਕ ਨਾ ਹੀ ਕੋਈ ਹੈ ਨਾ ਹੀ ਕੋਈ ਹੋ ਸਕਦਾ ਹੈ। ਉਸ ਜੈਸਾ ਕੋਈ ਹੋਰ ਕਿਉਂ ਨਹੀਂ ਹੈ ? ਕਿਉਂਕਿ ਉਹ ਸਰਬ ਕਲਾ ਭਰਪੂਰ ਹੈ; ਉਹ ਸਾਰੀਆਂ ਅਨੰਤ ਬੇਅੰਤ ਪਰਮ ਸ਼ਕਤੀਆਂ ਦਾ ਮਾਲਕ ਅਤੇ ਸੋਮਾ ਹੈ; ਉਸ ਦਾ ਪੂਰਾ ਭੇਦ ਅੱਜ ਤੱਕ ਨਾ ਹੀ ਕਿਸੇ ਨੇ ਪਾਇਆ ਹੈ ਅਤੇ ਨਾ ਹੀ ਕੋਈ ਪਾ ਸਕਦਾ ਹੈ; ਉਹ ਆਕਾਰ ਰਹਿਤ ਹੈ ਇਸ ਲਈ ਉਹ ਸਰਬ ਵਿਆਪਕ ਹੈ; ਉਹ ਸਰਬ ਵਿਆਪਕ ਹੈ ਇਸ ਲਈ ਉਹ ਅਨੰਤ ਹੈ ਬੇਅੰਤ ਹੈ; ਉਹ ਅਨੰਤ ਹੈ ਬੇਅੰਤ ਹੈ ਇਸ ਲਈ

ਉਸ ਦੀ ਰਚਨਾ (ਸ੍ਰਿਸ਼ਟੀ) ਵੀ ਅਨੰਤ ਹੈ ਬੇਅੰਤ ਹੈ; ਉਹ ਅਨੰਤ ਹੈ ਬੇਅੰਤ ਹੈ ਇਸ ਲਈ ਉਸ ਦੀਆਂ ਸਾਰੀਆਂ ਪਰਮ ਸ਼ਕਤੀਆਂ ਵੀ ਅਨੰਤ ਬੇਅੰਤ ਹਨ; ਕਿਉਂਕਿ ਉਹ ਸਰਬ ਕਲਾ ਭਰਪੂਰ ਹੈ ਇਸ ਲਈ ਉਹ ਰਚਨਾ ਕਰਨ ਦੀ ਸ਼ਕਤੀ (ਬ੍ਰਹਮਾ ਦੀ ਸ਼ਕਤੀ), ਪਾਲਣਾ ਕਰਨ ਦੀ ਸ਼ਕਤੀ (ਵਿਸ਼ਨੂੰ ਦੀ ਸ਼ਕਤੀ) ਅਤੇ ਸੰਘਾਰ ਕਰਨ ਦੀ ਸ਼ਕਤੀ (ਸ਼ਿਵੇ ਦੀ ਸ਼ਕਤੀ) ਦਾ ਮਾਲਕ ਆਪ ਹੈ; ਇਹ ਤਿੰਨ ਮਹਾਨ ਪਰਮ ਸ਼ਕਤੀਆਂ ਦਾ ਸੋਮਾ ਉਹ ਆਪ ਹੈ; ਕਿਉਂਕਿ ਉਹ ਸਾਰੀ ਰਚਨਾ ਦਾ ਸਿਰਜਣਹਾਰਾ ਆਪ ਹੈ ਇਸ ਲਈ ਉਹ ਮਾਇਆ ਦਾ ਵੀ ਰਚਨਹਾਰਾ ਆਪ ਹੈ, ਇਸ ਲਈ ਉਹ ਤ੍ਰੈ ਗੁਣ ਮਾਇਆ ਤੋਂ ਪਰੇ ਹੈ; ਇਸ ਲਈ ਮਾਇਆ ਉਸ ਦੀ ਸੇਵਕ ਹੈ; ਕਿਉਂਕਿ ਉਹ ਤ੍ਰੈ ਗੁਣ ਮਾਇਆ ਤੋਂ ਪਰੇ ਹੈ ਇਸ ਲਈ ਉਹ ਮਨੁੱਖੀ ਇੰਦਰੀਆਂ ਦੀ ਪਹੁੰਚ ਤੋਂ ਪਰੇ ਹੈ, ਇਸ ਲਈ ਉਹ ਅਗਾਧ ਹੈ, ਅਗੰਮ ਹੈ, ਅਗੋਚਰ ਹੈ।

ਹੋਰ ਵਿਸਥਾਰ ਨਾਲ ਵਿਚਾਰ ਕਰੀਏ ਤਾਂ ਓਅੰਕਾਰ ਦਾ ਕੀ ਭਾਵ ਹੈ ? ਸ਼ਬਦ ੧ਓ ਦੋ ਸ਼ਬਦਾਂ ਦਾ ਸੁਮੇਲ ਹੈ '੧' ਅਤੇ 'ਓਅੰਕਾਰ'। '੧' ਸ਼ਬਦ ਦਾ ਭਾਵ ਹੈ ਅਦਵੈਤ ਜਿਸ ਦਾ ਭਾਵ ਹੈ ਹੋਰ ਕੋਈ ਉਸ ਵਰਗਾ ਨਹੀਂ ਹੈ, ਕੋਈ ਸ਼ਕਤੀ ਉਸ ਦੀ ਸਾਨੀ ਨਹੀਂ, ਹੋਰ ਕੋਈ ਸ਼ਕਤੀ ਉਸ ਦੀ ਸ਼ਰੀਕ ਨਹੀਂ ਹੈ; ਉਹ ਇੱਕ ਖੰਡ ਹੈ; ਇੱਕ ਖੰਡ ਸੱਚ ਖੰਡ ਹੈ (ਬਹੁ ਖੰਡ ਸੱਚ ਖੰਡ ਨਹੀਂ ਹੈ, ਬਹੁ ਖੰਡ ਪਖੰਡ ਹੈ); ਉਹ ਇੱਕ ਰਸ ਹੈ; ਉਹ ਆਤਮ ਰਸ ਹੈ; ਉਹ ਇੱਕ ਸਾਰ ਹੈ; ਉਹ ਸਭ ਦਾ ਸਾਂਝਾ ਹੈ; ਉਹ ਸਾਰੀ ਸ੍ਰਿਸ਼ਟੀ ਦਾ ਸਾਂਝਾ ਹੈ। ਸ਼ਬਦ ਓਅੰਕਾਰ ਇਨ੍ਹਾਂ ਸ਼ਬਦਾਂ ਦਾ ਸੁਮੇਲ ਹੈ: 'ਓ' ਦਾ ਭਾਵ ਹੈ 'ਉਕਾਰ' ਜਿਸ ਦਾ ਭਾਵ ਹੈ ਉਤਪਤੀ ਕਰਨ ਵਾਲਾ, ਭਾਵ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ, ਸਾਰੀ ਰਚਨਾ ਦਾ ਸਿਰਜਣਹਾਰਾ, ਸਾਰੀ ਰਚਨਾ ਦੀ ਜਿਸ ਵਿੱਚੋਂ ਉਤਪਤੀ ਹੋਈ ਹੈ, ਹੁੰਦੀ ਹੈ ਅਤੇ ਹੁੰਦੀ ਰਹੇਗੀ; ਅ ਦਾ ਭਾਵ ਹੈ ਆਕਾਰ ਜਿਸ ਦਾ ਭਾਵ ਹੈ ਪਾਲਣਾ ਕਰਨ ਵਾਲਾ, ਜੋ ਸਾਰੀ ਸ੍ਰਿਸ਼ਟੀ ਦੀ ਪਾਲਣਾ ਕਰਦਾ ਹੈ, ਪਾਲਣਾ ਕਰ ਰਿਹਾ ਹੈ ਅਤੇ ਕਰਦਾ ਰਹੇਗਾ; 'ਮ' ਦਾ ਭਾਵ ਹੈ ਮਕਾਰ ਜਿਸ ਦਾ ਭਾਵ ਹੈ ਲਯਤਾ ਕਰਨ ਵਾਲਾ, ਸੰਘਾਰ ਕਰਨ ਵਾਲਾ, ਜੋ ਸਾਰੀ ਸ੍ਰਿਸ਼ਟੀ ਦਾ ਸੰਘਾਰਕ ਹੈ, ਸੰਘਾਰ ਕਰਦਾ ਹੈ, ਸੰਘਾਰ ਕਰ ਰਿਹਾ ਹੈ ਅਤੇ ਕਰਦਾ ਰਹੇਗਾ। ਇਸ ਤਰ੍ਹਾਂ ਸ਼ਬਦ ਓਅੰਕਾਰ ਉਸ ਦੀ ਇਸ ਅਦੁੱਤੀ ਅਤੇ ਬੇਅੰਤ ਅਨੰਤ ਹਸਤੀ ਨੂੰ ਵਖਾਣ ਕਰਦਾ ਹੈ।

ਉਹ ਸੁੰਨ ਮੰਡਲ ਵਿੱਚ ਹੀ ਪ੍ਰਗਟ ਹੁੰਦਾ ਹੈ। ਸੁੰਨ ਮੰਡਲ ਦੀ ਪੂਰਨ ਸ਼ਾਂਤੀ ਹੀ ਆਤਮ ਰਸ ਹੈ। ਭਾਵ ਉਹ ਕੇਵਲ ਉਸ ਹਿਰਦੇ ਵਿੱਚ ਹੀ ਪ੍ਰਗਟ ਹੁੰਦਾ ਹੈ ਜੋ ਹਿਰਦਾ ਸੁੰਨ ਮੰਡਲ ਵਿੱਚ ਨਿਵਾਸ ਕਰਦਾ ਹੈ।

ਸ਼ਬਦ 'ਸਤਿ' ਦੀ ਮਹਿਮਾ:

ਧੰਨ ਧੰਨ ਸਤਿਗੁਰੂ ਅਵਤਾਰ ਨਿਰੰਕਾਰ ਰੂਪ ਸੱਚੇ ਪਾਤਸ਼ਾਹ ਜੀ ਨਾਨਕ ਦੇਵ ਜੀ ਨੇ ਮੂਲ ਮੰਤਰ ਨੂੰ ਗੁਰਬਾਣੀ ਦੇ ਆਰੰਭ ਵਿੱਚ ਉਚਾਰਨ ਕੀਤਾ ਹੈ। ਮੂਲ ਮੰਤਰ '੧ਓ ਸਤਿਨਾਮੁ' ਨਾਲ ਸ਼ੁਰੂ ਹੁੰਦਾ ਹੈ। ਸ਼ਬਦ 'ਸਤਿ' ਮੂਲ ਮੰਤਰ ਦਾ ਕੁੰਜੀ ਸ਼ਬਦ ਹੈ ਅਤੇ ਪਾਰਬ੍ਰਹਮ ਪਰਮੇਸ਼ਰ ਦੇ 'ਆਧਾਰ' ਦੀ ਅਵਸਥਾ ਨੂੰ ਪ੍ਰਗਟ ਕਰਦਾ ਹੈ, ਉਹ ਇਲਾਹੀ ਨੀਂਹ ਦੀ ਅਵਸਥਾ ਨੂੰ ਪ੍ਰਗਟ ਕਰਦਾ ਹੈ ਜਿਸ ਉੱਪਰ ਪਾਰਬ੍ਰਹਮ ਪਰਮੇਸ਼ਰ ਨੇ ਆਪਣੇ ਆਪ ਦੀ ਰਚਨਾ ਕੀਤੀ ਹੈ। ਇਹ ਪਰਮ ਸਤਿ ਹੈ ਕਿ ਪਾਰਬ੍ਰਹਮ ਨੇ ਆਪਣੇ ਆਪ ਨੂੰ ਅਟੱਲ ਅਵਸਥਾ ਵਿੱਚ ਸਥਾਪਿਤ ਕੀਤਾ ਹੈ, ਪਾਰਬ੍ਰਹਮ ਪਰਮੇਸ਼ਰ ਨੇ ਆਪਣੇ ਨਿਰਗੁਣ ਸਰੂਪ ਵਿੱਚ ਇਸ ਆਪਣੇ

ਆਪ ਨੂੰ ਇਸ ਪਰਮ ਸ਼ਕਤੀਸ਼ਾਲੀ 'ਆਧਾਰ' ਦੇ ਉੱਪਰ ਸਦਾ-ਸਦਾ ਲਈ ਕਾਇਮ ਕੀਤਾ ਹੈ ਅਤੇ ਇਹ ਪਰਮ ਸ਼ਕਤੀਸ਼ਾਲੀ 'ਆਧਾਰ' ਹੀ ਇੱਕ ਅਤੇ ਕੇਵਲ ਇੱਕ ਹੀ ਅਨਾਦਿ 'ਸਤਿ' ਹੈ। ਇਹ 'ਆਧਾਰ' ਸ਼ਬਦ 'ਸਤਿ' ਦੁਆਰਾ ਪਰਿਭਾਸ਼ਿਤ ਅਤੇ ਪ੍ਰਗਟ ਕੀਤਾ ਗਿਆ ਹੈ।

ਸ਼ਬਦ 'ਸਤਿ' ਦਾ ਭਾਵ ਹੈ ੧ੴ ਅਨਾਦਿ ਸਤਿ ਹੈ ਅਤੇ ਇਹ 'ਸਤਿ' ਪਾਰਬ੍ਰਹਮ ਪਰਮੇਸ਼ਰ ਦਾ ਨਾਮ ਹੈ। ਇਸ ਦਾ ਭਾਵ ਹੈ ਕਿ ਜਦ ਅਸੀਂ 'ਸਤਿਨਾਮੁ' ਸਿਮਰਨ ਕਰਦੇ ਹਾਂ ਤਾਂ ਪਾਰਬ੍ਰਹਮ ਪਰਮੇਸ਼ਰ ਦਾ ਨਾਮ ਸਿਮਰਨ ਕਰਦੇ ਹਾਂ। 'ਸਤਿ' ੧ੴ ਨਿਰਗੁਣ ਸਰੂਪ ਪਾਰਬ੍ਰਹਮ ਪਰਮੇਸ਼ਰ ਦਾ ਨਾਮ ਹੈ। ਇਹ ਪਾਰਬ੍ਰਹਮ ਪਰਮੇਸ਼ਰ ਦਾ ਪਰਮ ਜੋਤ ਸਰੂਪ ਹੈ। ਇਹ ਪਾਰਬ੍ਰਹਮ ਪਰਮੇਸ਼ਰ ਦਾ ਪਰਮ ਜੋਤ ਪੂਰਨ ਪ੍ਰਕਾਸ਼ ਸਰੂਪ ਹੈ। ਇਹ ਉਹ ਸਰੂਪ ਹੈ ਜੋ ਮਾਇਆ ਦੇ ਤਿੰਨ ਗੁਣਾਂ ਤੋਂ ਪਰੇ ਹੈ, ਅਤੇ ਚੌਥੇ ਪਦ ਵਿੱਚ ਨਿਵਾਸ ਕਰਦਾ ਅਤੇ ਪ੍ਰਗਟ ਹੁੰਦਾ ਹੈ। ਇਹ ਸਰੂਪ ਅਗੰਮ ਅਗੋਚਰ ਹੈ, ਜਿਹੜਾ ਮਨੁੱਖ ਦੀਆਂ ਪੰਜ ਇੰਦਰੀਆਂ ਨਾਲ ਦੇਖਿਆ ਜਾਂ ਅਨੁਭਵ ਨਹੀਂ ਕੀਤਾ ਜਾ ਸਕਦਾ ਹੈ ਅਤੇ ਕੇਵਲ ਬ੍ਰਹਮ ਇੰਦਰੀਆਂ ਨਾਲ ਅਨੁਭਵ ਜਾਂ ਮਹਿਸੂਸ ਕੀਤਾ ਜਾ ਸਕਦਾ ਹੈ ਜਿਸ ਨੂੰ ਦਿਬ ਦ੍ਰਿਸਟ ਕਿਹਾ ਜਾਂਦਾ ਹੈ। ਇਹ ਬ੍ਰਹਮ ਦਾ ਉਹ ਭਾਗ ਹੈ ਜਿਹੜਾ ਅਨਾਦਿ 'ਸਤਿ' ਹੈ, ਅਨੰਤ ਹੈ, ਅਪਾਰ ਹੈ, ਬੇਅੰਤ ਹੈ, ਅਪਰੰਪਾਰ ਹੈ, ਸਰਬ ਵਿਆਪਕ ਹੈ, ਸਾਰੀ ਸ੍ਰਿਸ਼ਟੀ ਦਾ ਗਰਭ ਹੈ ਅਤੇ ਸਰਬ ਕਲਾ ਭਰਪੂਰ ਹੈ।

ਸ਼ਬਦ 'ਸਤਿ' ਅੰਮ੍ਰਿਤ ਦਾ ਵਖਿਆਨ ਕਰਦਾ ਹੈ। 'ਸਤਿ' ਉਹ ੧ੴ ਹੈ ਜੋ ਕਦੇ ਨਹੀਂ ਮਰਦਾ ਅਤੇ ਸਦਾ ਕਾਇਮ ਹੈ। ਇਹ ਆਪਣੇ ਆਦਿ ਤੋਂ ਕਾਇਮ ਹੈ, ਹੁਣ ਵੀ (ਇਸ ਪਲ ਵਰਤਮਾਨ ਵਿਚ) ਹੋਂਦ ਵਿੱਚ ਕਾਇਮ ਹੈ ਅਤੇ ਸਦਾ ਆਉਣ ਵਾਲੇ ਯੁਗਾਂ ਵਿੱਚ ਵੀ ਕਾਇਮ-ਦਾਇਮ ਰਹੇਗਾ, **' ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**' ਜੇਕਰ ਅਸੀਂ 'ਸਤਿ' ਸ਼ਬਦ ਦਾ ਅੱਖਰੀ ਅਰਥ ਵੀ ਲੈ ਲਈਏ ਜਿਸ ਦਾ ਭਾਵ ਸੱਚ ਹੈ, ਸੱਚ ਹਮੇਸ਼ਾਂ ਜਿੱਤਦਾ ਹੈ ਅਤੇ ਝੂਠ ਸੱਚ ਅੱਗੇ ਟਿਕ ਨਹੀਂ ਸਕਦਾ। ਅਖੀਰ ਵਿੱਚ ਕੇਵਲ ਸੱਚ ਰਹਿੰਦਾ ਹੈ ਅਤੇ ਝੂਠ ਮਰ ਜਾਂਦਾ ਹੈ, ਝੂਠ ਕਦੀ ਨਹੀਂ ਜਿੱਤਦਾ। ਹਰ ਇੱਕ ਚੀਜ਼ ਜੋ ਮਾਇਆ ਦੇ ਤਿੰਨ ਗੁਣਾਂ ਨਾਲ ਚਲਾਈ ਜਾ ਰਹੀ ਹੈ ਨਾਸ਼ਵਾਨ ਹੈ, ਅਸਤਿ ਹੈ ਅਤੇ ਜਨਮ-ਮਰਨ ਦੇ ਚੱਕਰ ਵਿੱਚ ਘੁੰਮ ਰਹੀ ਹੈ।

ਕੇਵਲ ਬੁਨਿਆਦੀ 'ਸਤਿ' ਸਰਵ ਸ਼ਕਤੀਮਾਨ ਧੰਨ ਧੰਨ ਪਾਰਬ੍ਰਹਮ ਪਰਮੇਸ਼ਰ ਆਪ ਹੈ ਅਤੇ ਉਸ ਦੀ ਆਪਣੀ ਹੋਂਦ ਵੀ 'ਸਤਿ' ਤੋਂ ਉਤਪਤ ਹੋਈ ਹੈ। ਉਹ ਆਦਿ ਤੋਂ ਕਾਇਮ ਹੈ (ਸਤਿ ਹੈ), ਹੁਣ ਵੀ ਕਾਇਮ-ਦਾਇਮ ਹੈ (ਸਤਿ ਹੈ) ਅਤੇ ਸਦਾ (ਆਓਣ ਵਾਲੇ ਸਾਰੇ ਯੁਗਾਂ ਵਿਚ) ਹੀ ਅਨਾਦਿ 'ਸਤਿ' ਦੀ ਬੁਨਿਆਦ 'ਸਤਿ' ਉੱਪਰ ਕਾਇਮ ਰਹੇਗਾ। ਉਹ ਇੱਕ ਹੈ ਜੋ ਅਜੂਨੀ ਹੈ ਕਦੀ ਨਹੀਂ ਮਰਦਾ, ਸਮੇਂ ਅਤੇ ਖ਼ਲਾਅ ਦੇ ਚੱਕਰ ਤੋਂ ਪਰੇ ਹੈ, ਜਨਮ-ਮਰਨ ਦੇ ਬੰਧਨ ਤੋਂ ਪਰੇ ਹੈ।

ਉਹ ਕਰਤਾ ਪੁਰਖ ਹੈ, ਅਸੀਮਿਤ ਅਤੇ ਵਿਲੱਖਣ ਰੂਹਾਨੀ ਪਰਮ ਸ਼ਕਤੀ, ਜਿਸ ਨੇ ਸਾਰੇ ਬ੍ਰਹਿਮੰਡਾਂ ਦੀ ਰਚਨਾ ਕੀਤੀ ਹੈ ਅਤੇ ਇਨ੍ਹਾਂ ਨੂੰ ਚਲਾ ਰਹੀ ਹੈ। ਉਹ ਸੈਭੰ ਹੈ, ਉਹ ਸਤਿ ਪਾਰਬ੍ਰਹਮ ਪਰਮੇਸ਼ਰ ਜਿਸ ਨੇ ਆਪਣੀ ਰਚਨਾ ਆਪ ਕੀਤੀ ਹੈ ਅਤੇ ਆਪਣੇ ਆਪ ਵੀ ਇਸ 'ਸਤਿ' ਦੇ ਆਧਾਰ ਤੇ ਆਪਣੇ ਸਹਾਰੇ ਆਪ ਟਿਕਿਆ ਹੋਇਆ ਹੈ। ਉਹ ਨਿਰਵੈਰ ਹੈ ਉਹ ਇੱਕ ਸਤਿ ਪਾਰਬ੍ਰਹਮ ਪਰਮੇਸ਼ਰ ਜੋ ਕਿਸੇ ਵੀ ਵੈਰ-ਵਿਰੋਧ ਤੋਂ ਪਰੇ ਹੈ ਅਤੇ ਜੋ ਹਰ ਇੱਕ ਨੂੰ ਇੰਨਾਂ ਜ਼ਿਆਦਾ ਪਿਆਰ ਕਰਦਾ ਹੈ ਕਿ ਉਸਨੇ ਆਪਣਾ ਇੱਕ ਨਿੱਕਾ ਜਿਹਾ

ਭਾਗ (ਆਪਣਾ ਅੰਸ) ਆਪਣੀ ਹਰ ਇੱਕ ਰਚਨਾ ਵਿੱਚ ਰਖਿਆ ਹੈ। ਹਰ ਰਚਨਾ ਵਿੱਚ ਪਰਮ ਤੱਤ ਦੇ ਅੰਸ਼ ਦੀ ਮੌਜੂਦਗੀ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਸਰਬ ਵਿਆਪਕ ਬਣਾਉਂਦੀ ਹੈ। ਜਿਸ ਕਾਰਨ ਉਹ ਪਰਮ ਤੱਤ ਹਰ ਇੱਕ ਪ੍ਰਾਣੀ ਦੇ ਵਿੱਚ ਮੌਜੂਦ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਹੀ ਕੇਵਲ ਇੱਕ ਕਰਤਾ ਹੈ ਅਤੇ ਬੇਅੰਤ ਰੂਹਾਨੀ ਪਰਮ ਸ਼ਕਤੀ ਵਾਲਾ ਸਰਬ ਕਲਾ ਭਰਪੂਰ ਹੈ। ਇਸ ਦਾ ਭਾਵ ਹੈ ਉਹ ਹਰ ਤਰ੍ਹਾਂ ਦੀਆਂ ਪਰਮ ਸ਼ਕਤੀਆਂ ਦਾ ਮਾਲਕ ਹੈ, ਮਨੁੱਖੀ ਮਨ ਦੀ ਕਲਪਨਾ ਤੋਂ ਪਰੇ ਕਰਨ-ਕਾਰਨ ਸਮਰੱਥ ਹੈ। ਇਹ ਪਰਮ ਸ਼ਕਤੀਆਂ ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਦੀ ਕਲਪਨਾ ਤੋਂ ਪਰੇ ਹੈ। ਇਸ ਸਾਰੀ ਬੇਅੰਤ ਪਰਮ ਸ਼ਕਤੀ ਦੀ ਨੀਂਹ ਸ਼ਬਦ 'ਸਤਿ' ਹੈ, ਅਨਾਦਿ 'ਸਤਿ' ਹੈ। ਇਸ ਤੋਂ ਇਲਾਵਾ ਹੋਰ ਕੋਈ ਸ਼ਕਤੀ ਨਹੀਂ ਹੈ।

'ਸਤਿ' ਹੀ ਗੁਰੂ ਹੈ। ਗੁਰੂ ਉਹ ਪਰਮ ਸ਼ਕਤੀ ਹੈ ਜੋ ਮਨ ਦੇ ਹਨੇਰੇ ਨੂੰ ਦੂਰ ਕਰਦੀ ਹੈ ਅਤੇ ਸਾਨੂੰ ਅੰਦਰੋਂ ਬ੍ਰਹਮਤਾ ਅਤੇ ਬ੍ਰਹਮ ਗਿਆਨ ਬਾਰੇ ਪ੍ਰਕਾਸ਼ਮਾਨ ਕਰਦੀ ਹੈ। ਇਸ ਲਈ ਕੇਵਲ 'ਸਤਿ' ਨੂੰ ਹੀ ਗੁਰੂ ਧਾਰਨ ਕਰੋ। ਕਿਉਂਕਿ ਹੋਰ ਕੋਈ ਸ਼ਕਤੀ 'ਸਤਿ' ਨਾਲੋਂ ਵਧੀਆ ਅਤੇ ਵੱਡੀ ਨਹੀਂ ਹੈ। ਇੱਕ ਵਾਰ ਜਦੋਂ ਅਸੀਂ ਇਸ ਬ੍ਰਹਮ ਸ਼ਬਦ 'ਸਤਿ' ਦਾ ਅਭਿਆਸ ਆਪਣੇ ਰੋਜ਼ਾਨਾ ਜੀਵਨ ਵਿੱਚ 'ਸਤਿ' ਦੀਆਂ ਕਰਨੀਆਂ ਕਰ ਕੇ ਕਰਨਾ ਸ਼ੁਰੂ ਕਰਦੇ ਹਾਂ ਤਦ ਹੌਲੀ-ਹੌਲੀ ਪਰ ਯਕੀਨੀ ਤੌਰ ਤੇ ਅਸੀਂ ਅੰਦਰੋਂ (ਹਿਰਦਾ) ਸਚਿਆਰਾ ਬਣਨਾ ਸ਼ੁਰੂ ਕਰਦੇ ਹਾਂ ਅਤੇ ਹੌਲੀ-ਹੌਲੀ ਅਸੀਂ ਪੂਰੀ ਤਰ੍ਹਾਂ ਸਚਿਆਰੇ ਬਣ ਜਾਂਦੇ ਹਾਂ।

ਇਸ ਅਵਸਥਾ ਵਿੱਚ ਪਹੁੰਚ ਕੇ ਅਸੀਂ ਬ੍ਰਹਮ ਦੇ ਇਸ 'ਸਤਿ' ਭਾਗ ਵਿੱਚ ਲੀਨ ਹੋ ਜਾਂਦੇ ਹਾਂ ਅਤੇ ਉਸ ਨਾਲ ਇੱਕਮਿਕ ਹੋ ਜਾਂਦੇ ਹਾਂ। ਇਸ ਅਵਸਥਾ ਵਿੱਚ ਅਸੀਂ 'ਸਤਿ' ਦੇਖਦੇ ਹਾਂ, 'ਸਤਿ' ਬੋਲਦੇ ਹਾਂ, 'ਸਤਿ' ਦੀ ਸੇਵਾ ਕਰਦੇ ਹਾਂ ਅਤੇ 'ਸਤਿ' ਹੀ ਵਰਤਾਉਂਦੇ ਹਾਂ। ਇਹ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਸਭ ਤੋਂ ਵੱਡੀ ਸੇਵਾ ਹੈ। 'ਸਤਿ' ਜੋ ਕਿ ਆਤਮ ਰਸ ਅੰਮ੍ਰਿਤ ਹੈ, ਉਸ ਪਰਮ ਸ਼ਕਤੀ ਦੀ ਸਭ ਤੋਂ ਵੱਡੀ ਸੇਵਾ ਹੈ, ਨਿਰਗੁਣ ਸਰੂਪ ਪਰਮ ਜੋਤ ਪੂਰਨ ਪ੍ਰਕਾਸ਼ ਦੀ ਸਭ ਤੋਂ ਵੱਡੀ ਸੇਵਾ ਹੈ। 'ਸਤਿ' ਦਾ ਅਭਿਆਸ ਇੱਕ ਰੂਹ ਨੂੰ 'ਸਤਿ' ਵਿੱਚ ਅਭੇਦ ਕਰ ਦਿੰਦਾ ਹੈ ਅਤੇ ਉਹ ਮਨੁੱਖ ਜੋ 'ਸਤਿ' ਨਾਲ ਇੱਕਮਿਕ ਹੋ ਜਾਂਦਾ ਹੈ ਉਹ ਮਨੁੱਖ ਬ੍ਰਹਮ ਰੂਪ 'ਸਤਿ' ਰੂਪ ਹੋ ਜਾਂਦਾ ਹੈ। ਭਾਵ ਐਸੀ ਰੂਹ ਬ੍ਰਹਮ ਗਿਆਨ ਦਾ ਸੋਮਾ ਬਣ ਜਾਂਦੀ ਹੈ। ਲੁਕਾਈ ਲਈ 'ਸਤਿ' ਦਾ ਸੋਮਾ ਬਣ ਜਾਂਦੀ ਹੈ ਅਤੇ ਇਸ ਲਈ ਬ੍ਰਹਮ ਗਿਆਨੀ ਕਹੀ ਜਾਂਦੀ ਹੈ।

ਸ਼ਬਦ ਸਤਿਗੁਰ ਜਾਂ ਸਤਿਗੁਰੂ ਦਾ ਭਾਵ ਹੈ ਕਿ 'ਸਤਿ' ਤੱਤ ਗੁਰੂ ਤੱਤ ਹੈ। ਇਸ ਦਾ ਭਾਵ ਹੈ ਕਿ ਉਹ ਮਨੁੱਖ ਜੋ 'ਸਤਿ' ਵਿੱਚ ਅਭੇਦ ਹੋ ਜਾਂਦਾ ਹੈ ਅਤੇ ਉਸ ਨਾਲ ਇੱਕਮਿਕ ਹੋ ਜਾਂਦਾ ਹੈ, ਸਤਿਗੁਰੂ ਬਣ ਜਾਂਦਾ ਹੈ, ਭਾਵ ਐਸੇ ਮਨੁੱਖ ਦਾ 'ਸਤਿ' ਤੱਤ ਪ੍ਰਗਟ ਹੋ ਜਾਂਦਾ ਹੈ ਅਤੇ ਉਹ ਪ੍ਰਗਟਿਓ ਜੋਤ ਹੋ ਜਾਂਦਾ ਹੈ। ਸਤਿਗੁਰੂ ਉਹ ਰੂਹਾਂ ਹਨ ਜੋ ਅਨਾਦਿ 'ਸਤਿ' ਨੂੰ ਦੇਖਣ, ਬੋਲਣ ਅਤੇ ਸੁਣਨ ਦੇ ਯੋਗ ਬਣ ਜਾਂਦੇ ਹਨ, 'ਸਤਿ' ਨੂੰ ਵਰਤਾਉਣ ਅਤੇ ਅਨਾਦਿ 'ਸਤਿ' ਦੀ ਸੇਵਾ ਕਰਨ ਦੇ ਯੋਗ ਬਣ ਜਾਂਦੇ ਹਨ। ਇਸ ਤਰ੍ਹਾਂ ਰੂਹ ਆਪਣੇ ਆਪ ਨੂੰ ਪੂਰਨ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਲੀਨ ਕਰ ਕੇ ਅਨਾਦਿ ਸਤਿ ਬਣ ਜਾਂਦੀ ਹੈ। ਐਸੀ ਇੱਕ ਰੂਹ ਇੱਕ ਗੁਰੂ ਬਣ ਜਾਂਦੀ ਹੈ ਕਿਉਂਕਿ ਐਸੀ ਰੂਹ ਸਾਨੂੰ ਅੰਦਰੋਂ ਪ੍ਰਕਾਸ਼ ਕਰਦੀ ਹੈ ਅਤੇ ਸਾਨੂੰ ਅੰਮ੍ਰਿਤ ਬਖ਼ਸ਼ ਸਕਦੀ ਹੈ, ਸਾਡੇ ਭਰਮ ਅਤੇ ਭੁਲੇਖੇ ਦੂਰ ਕਰ ਸਕਦੀ ਹੈ ਅਤੇ

ਸਾਨੂੰ ਬੰਦਗੀ ਦੇ ਮਾਰਗ ਉੱਪਰ ਸੱਚਖੰਡ ਵੱਲ ਚਲਣ ਲਈ ਅਗਵਾਈ ਕਰ ਸਕਦੀ ਹੈ ਅਤੇ ਫਲਸਰੂਪ ਸਾਨੂੰ ਜੀਵਨ ਮੁਕਤੀ ਵੱਲ ਖੜਦੀ ਹੈ।

ਗੁਰਬਾਣੀ ਨੂੰ ਵੀਚਾਰੀਏ ਤਾਂ ਸਾਨੂੰ ਇਹ ਗਿਆਨ ਹੁੰਦਾ ਹੈ ਕਿ ਗੁਰਬਾਣੀ ਪੂਰਨ 'ਸਤਿ' ਹੈ। ਗੁਰਬਾਣੀ ਪੂਰਨ ਬ੍ਰਹਮ ਗਿਆਨ ਹੈ। ਗੁਰਬਾਣੀ ਦਾ ਹਰ ਇੱਕ ਸ਼ਬਦ 'ਸਤਿ' ਦੀ ਮਹਿਮਾ ਅਤੇ ਵਿਆਖਿਆ ਹੈ ਅਤੇ ਗੁਰਬਾਣੀ ਦੇ ਇਸ ਪਰਮ ਸ਼ਕਤੀਸ਼ਾਲੀ ਗੁਣ ਕਾਰਨ ਇਹ ਆਪਣੇ ਆਪ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਗਿਆਨ ਸਰੂਪ ਹੈ। ਗੁਰਬਾਣੀ ਆਪਣੇ ਆਪ ਕਹਿੰਦੀ ਹੈ ਕਿ ਸਾਨੂੰ ਗੁਰਬਾਣੀ ਬਣਨਾ ਚਾਹੀਦਾ ਹੈ ਜਿਸ ਦਾ ਭਾਵ ਇਹ ਵੀ ਹੈ ਕਿ ਸਾਨੂੰ 'ਸਤਿ' ਬਣਨਾ ਚਾਹੀਦਾ ਹੈ। ਇਸ ਦਾ ਭਾਵ ਹੈ ਸਾਨੂੰ ਪੂਰਨ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਜਾਣਾ ਚਾਹੀਦਾ ਹੈ।

ਗੁਰਬਾਣੀ ਦਾ ਅਭਿਆਸ 'ਸਤਿ' ਦਾ ਅਭਿਆਸ ਹੈ। ਗੁਰਬਾਣੀ ਦਾ ਅਭਿਆਸ ਅਨਾਦਿ 'ਸਤਿ' ਦਾ ਅਭਿਆਸ ਹੈ ਅਤੇ ਇਸ ਲਈ ਗੁਰਬਾਣੀ ਦਾ ਅਭਿਆਸ ਗੁਰਮਤਿ ਦਾ ਅਭਿਆਸ ਹੈ। ਨਿਰੰਤਰ ਆਧਾਰ ਤੇ ਅਨਾਦਿ 'ਸਤਿ' ਦਾ ਅਭਿਆਸ ਕਰ ਕੇ ਅਸੀਂ 'ਸਤਿ ਰੂਪ' ਹੋ ਜਾਂਦੇ ਹਾਂ ਜੋ ਗੁਰਬਾਣੀ ਸਾਨੂੰ ਬਣਨ ਦਾ ਉਪਦੇਸ਼ ਦੇ ਰਹੀ ਹੈ। ਗੁਰਬਾਣੀ ਵਿੱਚ ਇਹ 'ਸਤਿ' ਦਾ ਤੱਤ ਹੈ, ਅਨਾਦਿ 'ਸਤਿ' ਦਾ ਤੱਤ ਜੋ ਗੁਰਬਾਣੀ ਨੂੰ ਗੁਰੂ ਬਣਾਉਂਦਾ ਹੈ। ਗੁਰਬਾਣੀ ਵਿੱਚ ਇਹ 'ਸਤਿ' ਤੱਤ ਹੈ ਜੋ ਗੁਰਬਾਣੀ ਨੂੰ ਨਿਰੰਕਾਰ ਬਣਾਉਂਦਾ ਹੈ। ਗੁਰਬਾਣੀ ਵਿੱਚ ਇਹ 'ਸਤਿ' ਤੱਤ ਹੈ ਜਿਹੜਾ ਗੁਰਬਾਣੀ ਨੂੰ ਨਿਰੰਕਾਰ ਦਾ ਗਿਆਨ ਸਰੂਪ ਬਣਾਉਂਦਾ ਹੈ। ਹਰ ਇੱਕ ਸ਼ਬਦ ਹੁਕਮ ਹੈ। ਇਹ ਮੁੱਢਲਾ ਅਤੇ ਅਨਾਦਿ 'ਸਤਿ' ਹੈ, ਜਿਹੜਾ ਕਿ ਅਕਾਲ ਪੁਰਖ ਦਾ ਸਭ ਤੋਂ ਵੱਡਾ ਹੁਕਮ ਹੈ। 'ਸਤਿ' ਬਣਨਾ ਅਕਾਲ ਪੁਰਖ ਦਾ ਸਭ ਤੋਂ ਵੱਡਾ ਹੁਕਮ ਹੈ। 'ਸਤਿ' ਰੂਪ ਹੋ ਜਾਣਾ ਅਕਾਲ ਪੁਰਖ ਦੀ ਸਭ ਤੋਂ ਵੱਡੀ ਮਹਿਮਾ ਹੈ। 'ਸਤਿ' ਰੂਪ ਹੋ ਜਾਣਾ ਅਕਾਲ ਪੁਰਖ ਦੀ ਸਭ ਤੋਂ ਵੱਡੀ ਸੇਵਾ ਹੈ।

ਪੂਰਨ ਵਿਸ਼ਵਾਸ, ਦ੍ਰਿੜ੍ਹਤਾ, ਪ੍ਰੀਤ ਅਤੇ ਸ਼ਰਧਾ ਨਾਲ 'ਸਤਿ' ਦੀ ਸੇਵਾ ਕਰਨਾ ਹੀ ਦਰਗਾਹ ਦੀ ਕੁੰਜੀ ਹੈ। ਪੂਰੀ ਤਰ੍ਹਾਂ ਆਪਣੇ ਆਪ ਨੂੰ ਅਨਾਦਿ 'ਸਤਿ' ਅੰਮ੍ਰਿਤ ਪੂਰਨ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਚਰਨਾਂ ਤੇ ਅਰਪਣ ਅਤੇ ਸਮਰਪਿਤ ਕਰਨ ਨਾਲ ਅਸੀਂ ਵੀ ਸਤਿ ਰੂਪ ਬਣ ਜਾਂਦੇ ਹਾਂ। ਇਸ ਲਈ, ਗੁਰੂ 'ਸਤਿ' ਹੈ, ਭਾਵ ਗੁਰੂ ਆਪ ਪੂਰਨ ਪਾਰਬ੍ਰਹਮ ਪਰਮੇਸ਼ਰ ਹੈ। ਇੱਕ ਪੂਰਨ ਬ੍ਰਹਮ ਗਿਆਨੀ ਵਿੱਚ ਜਾਂ ਇੱਕ ਸੰਤ ਜਾਂ ਇੱਕ ਭਗਤ ਵਿੱਚ, ਇਹ 'ਸਤਿ' ਤੱਤ ਹੈ ਜੋ ਮਾਇਆ ਦੇ ਤਿੰਨ ਗੁਣਾਂ ਤੋਂ ਪਰੇ ਹੈ ਅਤੇ ਗੁਰੂ ਤੱਤ ਹੈ। 'ਸਤਿ' ਤੱਤ ਪੂਰਨ ਪਾਰਬ੍ਰਹਮ ਪਰਮੇਸ਼ਰ ਤੱਤ ਹੈ, ਪੂਰਨ ਬ੍ਰਹਮ ਗਿਆਨ ਦਾ ਤੱਤ ਅਤੇ ਪਰਮ ਜੋਤ ਪੂਰਨ ਪ੍ਰਕਾਸ਼ ਤੱਤ ਹੈ।

ਨਿਰੰਕਾਰ 'ਸਤਿ' ਰੂਪ ਹੈ ਅਤੇ ਮਨੁੱਖ ਦਾ ਹਿਰਦਾ 'ਸਤਿ' ਹੈ ਜਿਥੇ ਸਤਿ ਪਾਰਬ੍ਰਹਮ ਪਰਮੇਸ਼ਰ ਵਾਸ ਕਰਦਾ ਹੈ। ਜਿਹੜਾ ਹਿਰਦਾ ਮਾਇਆ ਨੂੰ ਜਿੱਤਣ ਦੀ ਪੂਰਨ ਅੰਦਰੂਨੀ ਸਚਿਆਰੀ ਰਹਿਤ ਵਿੱਚ ਆ ਜਾਂਦਾ ਹੈ ਉਸ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਪ੍ਰਗਟਿਓ ਜੋਤ ਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ। ਆਤਮ ਰਸ ਅੰਮ੍ਰਿਤ ਦੀ ਅੰਦਰੂਨੀ ਰਹਿਤ ਅਤੇ ਪੂਰਨ ਸਚਿਆਰੀ ਰਹਿਤ ਵਿੱਚ ਆ ਜਾਣ ਨਾਲ ਹਿਰਦਾ ਬੇਅੰਤਤਾ ਵਿੱਚ ਚਲਾ ਜਾਂਦਾ ਹੈ। ਉਹ ਮਨੁੱਖ ਜਿਹੜੇ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਕਮਾ ਲੈਂਦੇ ਹਨ ਅਤੇ ਜਿਥੇ 'ਸਤਿ' ਪ੍ਰਗਟ ਹੁੰਦਾ ਹੈ ਅਤੇ ਵਾਸ ਕਰਦਾ ਹੈ ਉਹ ਮਨੁੱਖ 'ਪੁਰਖ ਪ੍ਰਧਾਨ' ਕਹੇ ਜਾਂਦੇ ਹਨ।

ਪਰਮ ਪਦਵੀ ਦੀ ਪ੍ਰਾਪਤੀ ਪੁਰਖ ਪ੍ਰਧਾਨ ਬਣਾ ਦਿੰਦੀ ਹੈ, ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਹੋ ਜਾਣਾ ਪੁਰਖ ਪ੍ਰਧਾਨ ਦੀ ਨਿਸ਼ਾਨੀ ਹੈ। ਉਹ ਮਨੁੱਖ ਜਿਹੜੇ ਮਾਇਆ ਤੋਂ ਪਰੇ ਚਲੇ ਜਾਂਦੇ ਹਨ, ਭਾਵ ਤ੍ਰੈ ਗੁਣ ਮਾਇਆ ਨੂੰ ਜਿੱਤ ਲੈਂਦੇ ਹਨ ਉਹ ਮਨੁੱਖ ਪੁਰਖ ਪ੍ਰਧਾਨ ਹਨ। ਪੂਰਨ ਸੰਤ, ਸਤਿਗੁਰੂ, ਪੂਰਨ ਬ੍ਰਹਮ ਗਿਆਨੀ, ਇੱਕ ਪੂਰਨ ਖ਼ਾਲਸਾ ਪੁਰਖ ਪ੍ਰਧਾਨ ਹੈ। ਉਨ੍ਹਾਂ ਦੀ ਸਾਰੀ ਕਰਨੀ 'ਸਤਿ' ਦੀ ਕਰਨੀ ਹੋ ਜਾਂਦੀ ਹੈ। ਸਤਿ ਦੀ ਕਰਨੀ ਦਾ ਸਭ ਤੋਂ ਉੱਚਾ ਪੱਧਰ ਪਰਉਪਕਾਰ ਅਤੇ ਮਹਾ ਪਰਉਪਕਾਰ ਦੀ ਪਰਮ ਸ਼ਕਤੀਸ਼ਾਲੀ ਸੇਵਾ ਹੈ। ਲੋਕਾਂ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ ਨਾਲ ਜੋੜਨਾ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਦੇ ਰਸਤੇ ਤੇ ਤੁਰਨ ਵਿੱਚ ਉਨ੍ਹਾਂ ਦੀ ਮਦਦ ਕਰਨਾ ਉਨ੍ਹਾਂ ਦੀ ਕਰਨੀ ਅਤੇ ਸੇਵਾ ਹੈ। ਗੁਰਬਾਣੀ ਵਿੱਚ ਇਸ ਪਰਮ ਸਤਿ ਤੱਤ ਨੂੰ ਪ੍ਰਗਟ ਕੀਤਾ ਗਿਆ ਹੈ:

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥

(ਗੁਰੂ ਗ੍ਰੰਥ ਸਾਹਿਬ ਜੀ ਅੰਕ ੭੪੯)

ਇਹ ਸ਼ਬਦ ਪੂਰਨ ਸਤਿ ਹੈ ਅਤੇ ਉਹ ਮਨੁੱਖ ਜਿਹੜੇ ਇਨ੍ਹਾਂ ਸ਼ਬਦਾਂ ਦੀ ਪਾਲਣਾ ਕਰਨ ਦੇ ਸਮਰੱਥ ਹੋ ਜਾਂਦੇ ਹਨ; ਉਹ ਮਨੁੱਖ ਸਤਿ ਪੁਰਖ ਅਕਾਲ ਪੁਰਖ ਵਿੱਚ ਸਦਾ-ਸਦਾ ਲਈ ਲੀਨ ਹੋ ਜਾਂਦੇ ਹਨ। ਆਦਿ ਮੂਲ 'ਸਤਿ' ਹੈ ਅਤੇ ਹਰ ਚੀਜ਼ 'ਸਤਿ' ਵਿੱਚੋਂ ਉਪਜੀ ਹੈ। 'ਸਤਿ' ਸਾਰੀ ਸ੍ਰਿਸ਼ਟੀ ਦਾ ਗਰਭ ਹੈ। ਇਸ ਲਈ 'ਸਤਿਨਾਮੁ' ਸਦਾ ਸੁੱਖ ਦੀ ਪ੍ਰਾਪਤੀ ਦਿਵਾਉਣ ਲਈ ਪੂਰਨ ਸਮਰੱਥ ਹੈ। ਸਦਾ ਸੁੱਖ ਦਾ ਭਾਵ ਹੈ ਨਾ ਖ਼ਤਮ ਹੋਣ ਵਾਲਾ ਅਨਾਦਿ ਆਨੰਦ - ਸਹਿਜ ਅਵਸਥਾ, ਅਟੱਲ ਅਵਸਥਾ ੨੪ ਘੰਟੇ ਸਤਿ ਸਹਿਜ ਸਮਾਧੀ ਜਿਹੜੀ ਇੱਕ ਗੁਰਪ੍ਰਸਾਦਿ ਹੈ ਅਤੇ ਜਿਹੜੀ ਬੇਅੰਤ ਅਗੰਮ ਅਗੋਚਰ ਸਤਿ ਪਾਰਬ੍ਰਹਮ ਪਰਮੇਸ਼ਰ ਉੱਤੇ ਅਸੀਮ ਭਰੋਸਾ ਕਰ ਕੇ ਉਸ ਨਾਲ ਬੇਅੰਤ ਪਿਆਰ, ਸ਼ਰਧਾ ਅਤੇ ਭਗਤੀ ਨਾਲ ਆਉਂਦੀ ਹੈ।

ਇਸ ਲਈ ਕ੍ਰਿਪਾ ਕਰ ਕੇ ਸਤਿਨਾਮ ਦੇ ਗੁਰਪ੍ਰਸਾਦਿ ਨਾਮ ਸਿਮਰਨ, ਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਲਈ ਅਰਦਾਸ ਕਰਦੇ ਰਹੋ। ਪਰਉਪਕਾਰ ਅਤੇ ਮਹਾਂ ਪਰਉਪਕਾਰ ਦੀ ਸੇਵਾ ਦੀ ਪ੍ਰਾਪਤੀ ਲਈ ਅਰਦਾਸ ਕਰੋ। ਇਸ ਮੰਤਵ ਦੀ ਪ੍ਰਾਪਤੀ ਲਈ ਹੀ ਅਸੀਂ ਇਹ ਮਨੁੱਖੀ ਜੀਵਨ ਦੀ ਬਖ਼ਸ਼ੀਸ਼ ਪ੍ਰਾਪਤ ਕੀਤੀ ਹੈ, ਇਸ ਨੂੰ ਮਾਇਆ ਦੀ ਸੇਵਾ ਵਿੱਚ ਵਿਅਰਥ ਨਾ ਗੁਆਓ, ਸਤਿਨਾਮ ਉੱਤੇ ਧਿਆਨ ਧਰੋ ਅਤੇ ਜੀਵਨ ਮੁਕਤੀ ਵੱਲ ਰਾਹ ਬਣਾਓ।

'ਸਤਿ' ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਨੇ ਜਪੁ ਜੀ ਬਾਣੀ ਵਿੱਚ ਪ੍ਰਗਟ ਕੀਤਾ ਹੈ:

ਜਪੁ ॥
ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਮੂਲ ਮੰਤਰ ਤੋਂ ਅਗਲਾ ਪਰਮ ਸ਼ਕਤੀਸ਼ਾਲੀ ਸ਼ਬਦ 'ਜਪੁ' ਹੈ, ਜੋ ਕਿ ਸਿਮਰਨ ਲਈ ਮਹਾ ਸੁੰਦਰ ਅਤੇ ਪਰਮ ਸ਼ਕਤੀਸ਼ਾਲੀ ਉਪਦੇਸ਼ ਹੈ। ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਦਾ ਸਾਰੀ ਲੁਕਾਈ ਨੂੰ ਪਰਮ ਸ਼ਕਤੀਸ਼ਾਲੀ ਉਪਦੇਸ਼ ਹੈ ਕਿ ਸਿਮਰਨ ਕਰੋ ਜੀ। ਇਹ ਇਲਾਹੀ ਦਰਗਾਹੀ ਹੁਕਮ ਹੈ ਕਿ ਸਤਿਨਾਮੁ ਸਿਮਰਨ ਕਰੋ। ਕਿਉਂਕਿ ੧ਓ 'ਸਤਿ'

ਹੈ ਅਤੇ ਇਹ ਹੀ ਸਤਿ 'ਨਾਮੁ' ਹੈ। ਕਿਉਂਕਿ ਕਰਤਾ ਪੁਰਖ 'ਸਤਿ' ਹੈ ਇਸ ਲਈ ਇਹ ਸਤਿ ਹੀ 'ਨਾਮੁ' ਹੈ। ਕਿਉਂਕਿ ਨਿਰਭਉ 'ਸਤਿ' ਹੈ ਇਸ ਲਈ ਇਹ ਸਤਿ ਹੀ 'ਨਾਮੁ' ਹੈ। ਕਿਉਂਕਿ ਨਿਰਵੈਰ 'ਸਤਿ' ਹੈ ਇਸ ਲਈ ਇਹ ਸਤਿ ਹੀ 'ਨਾਮੁ' ਹੈ। ਅਕਾਲ ਮੂਰਤਿ 'ਸਤਿ' ਹੈ ਇਸ ਲਈ ਇਹ ਸਤਿ ਹੀ 'ਨਾਮੁ' ਹੈ। ਕਿਉਂਕਿ ਅਜੂਨੀ 'ਸਤਿ' ਹੈ ਇਸ ਲਈ ਇਹ ਸਤਿ ਹੀ 'ਨਾਮੁ' ਹੈ। ਕਿਉਂਕਿ ਸੈਭੰ 'ਸਤਿ' ਹੈ ਇਸ ਲਈ ਇਹ ਸਤਿ ਹੀ 'ਨਾਮੁ' ਹੈ। ਕਿਉਂਕਿ ਗੁਰ ਪ੍ਰਸਾਦਿ 'ਸਤਿ' ਹੈ ਇਸ ਲਈ ਇਹ ਸਤਿ ਹੀ 'ਨਾਮੁ' ਹੈ। ਇਸ ਲਈ ਸਾਰਾ ਮੂਲ ਮੰਤਰ 'ਸਤਿ' ਹੈ ਇਸ ਲਈ ਇਹ ਸਤਿ ਹੀ 'ਨਾਮੁ' ਹੈ। ਇਸੇ ਲਈ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ 'ਸਤਿਨਾਮੁ' ਦਾ ਉਚਾਰਨ ਕੀਤਾ ਹੈ। ਇਸ ਲਈ ਸ਼ਬਦ 'ਸਤਿ' ਸਾਰੀ ਸ੍ਰਿਸ਼ਟੀ ਦਾ ਗਰਭ ਹੈ। ਇਸ ਲਈ ਸ਼ਬਦ 'ਸਤਿ' ਸਾਰੀਆਂ ਪਰਮ ਸ਼ਕਤੀਆਂ ਦਾ ਗਰਭ ਹੈ। ਇਸ ਲਈ ਸ਼ਬਦ 'ਸਤਿ' ਸਾਰੇ ਪਰਮ ਇਲਾਹੀ ਗੁਣਾਂ ਦਾ ਗਰਭ ਹੈ। ਇਸ ਲਈ 'ਸਤਿ' ਕੇਵਲ ਇੱਕ ਸ਼ਬਦ ਹੀ ਨਹੀਂ ਹੈ ਇਸ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਸਰਬ ਕਲਾਵਾਂ ਸਮਾਈਆਂ ਹੋਈਆਂ ਹਨ। ਸਾਰੀ ਗੁਰਬਣੀ 'ਸਤਿ' ਹੈ ਇਸ ਲਈ ਇਹ ਸਤਿ 'ਨਾਮੁ' ਹੈ ਕਿਉਂਕਿ ਗੁਰਬਾਣੀ 'ਸਤਿ' ਵਿੱਚੋਂ ਹੀ ਪ੍ਰਗਟ ਹੋਈ ਹੈ, ਹੋ ਰਹੀ ਹੈ ਅਤੇ ਹੁੰਦੀ ਰਹੇਗੀ। ਗੁਰਬਾਣੀ ਕੇਵਲ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਤੱਕ ਹੀ ਸੀਮਿਤ ਨਹੀਂ ਹੈ। ਦਰਗਾਹ ਵਿੱਚ ਗੁਰਬਾਣੀ ਲੱਗਾਤਾਰ ਪ੍ਰਗਟ ਹੋ ਰਹੀ ਹੈ। ਦਰਗਾਹ ਵਿੱਚ ਗੁਰਬਾਣੀ ਦੇ ਅੰਕਾਂ ਦੀ ਕੋਈ ਗਿਣਤੀ-ਮਿਣਤੀ ਨਹੀਂ ਹੈ। ਦਰਗਾਹ ਵਿੱਚ ਗੁਰਬਾਣੀ ਦੇ ਅੰਕ ਕਦੇ ਖ਼ਤਮ ਨਹੀਂ ਹੁੰਦੇ ਹਨ। ਇਸ ਲਈ ਇਹ ਸਤਿ ਹੀ 'ਨਾਮੁ' ਹੈ। 'ਸਤਿ' ਕੇਵਲ 'ਨਾਮੁ' ਹੀ ਨਹੀਂ ਹੈ ਬਲਕਿ 'ਸਤਿ' ਹੀ ਪਰਮ ਸ਼ਕਤੀ ਆਪ ਹੈ, ਪਰਮ ਸ਼ਕਤੀ ਹਾਜ਼ਰ-ਨਾਜ਼ਰ ਹੈ, ਪਰਮ ਸ਼ਕਤੀ ਸਰਬ ਵਿਆਪਕ ਹੈ। ਸਤਿਨਾਮੁ ਹੀ ਪਰਮ ਦਰਗਾਹੀ ਹੁਕਮ ਹੈ :-

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆਂ ਬੁਝਾਇ ਜੀਉ ॥੫॥

(ਗੁਰੂ ਗ੍ਰੰਥ ਸਾਹਿਬ ਜੀ ਅੰਕ ੭੨)

ਇਸ ਲਈ ਹੀ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਬੇਅੰਤ ਕਿਰਪਾ ਨਾਲ ਅਕਾਲ ਪੁਰਖ ਦੇ ਪੂਰਨ ਹੁਕਮ ਅਨੁਸਾਰ ਇਸ ਮਹਾ ਮੰਤਰ ਅਨਮੋਲ ਰਤਨ 'ਸਤਿਨਾਮੁ' ਦਾ ਉਚਾਰਨ ਕਰ ਕੇ ਸਾਡੀ ਸਾਰੀ ਮਨੁੱਖਤਾ ਦੀ ਝੋਲੀ ਵਿੱਚ ਇਸ ਮਹਾ ਮੰਤਰ ਨੂੰ ਪਾ ਕੇ ਸਾਨੂੰ ਸੱਚਖੰਡ ਦਾ ਪੰਥ ਪ੍ਰਦਰਸ਼ਨ ਕੀਤਾ ਹੈ ਅਤੇ ਇਸ ਦਾ ਸਿਮਰਨ ਕਰਨ ਦਾ ਸਾਰੀ ਲੁਕਾਈ ਨੂੰ ਸਰਵ ਉੱਚ ਸ਼ਿਖਰ ਦਾ ਪਰਮ ਸ਼ਕਤੀਸ਼ਾਲੀ ਉਪਦੇਸ਼ ਦਿੱਤਾ ਹੈ। ਕਿਉਂਕਿ ਸਾਰਾ ਮੂਲ ਮੰਤਰ ਹੀ ਸਤਿ ਹੈ ਇਸ ਲਈ 'ਸਤਿਨਾਮੁ' ਦੇ ਸਿਮਰਨ ਵਿੱਚ ਹੀ ਸਾਰੀਆਂ ਪਰਮ ਸ਼ਕਤੀਆਂ ਸਮਾਈਆਂ ਹੋਈਆਂ ਹਨ। ਇਸੇ ਲਈ ਧੰਨ ਧੰਨ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿੱਚ ਹੀ ਸਤਿਨਾਮੁ ਦੀ ਮਹਿਮਾ ਦਾ ਵਰਨਨ ਕੀਤਾ ਗਿਆ ਹੈ।

ਸਤਿਨਾਮ ਕਾ ਮੰਤਰ (ਭਾਈ ਗੁਰਦਾਸ ਜੀ ਦੁਆਰਾ)

ਭਾਈ ਗੁਰਦਾਸ ਜੀ ਉੱਪਰ ਸ੍ਰੀ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਅਨੰਤ ਬੇਅੰਤ ਗੁਰ ਕ੍ਰਿਪਾ ਅਤੇ ਗੁਰ ਪ੍ਰਸਾਦਿ ਸੀ। ਉਹ ਬ੍ਰਹਮ ਗਿਆਨੀ ਅਤੇ ਮਹਾਨ ਵਿਦਵਾਨ ਸਨ। ਉਨ੍ਹਾਂ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਜਿਲਦ ਲਿਖਣ ਦਾ ਮਾਣ ਪ੍ਰਾਪਤ ਹੋਇਆ।

ਭਾਈ ਗੁਰਦਾਸ ਜੀ ਦੀ ਬਾਣੀ ੪੦ ਵਾਰਾਂ ਦੇ ਰੂਪ ਵਿੱਚ ਲਿਖੀ ਗਈ ਹੈ ਅਤੇ ਗੁਰੂ ਪੰਚਮ ਪਾਤਸ਼ਾਹ ਜੀ ਦੁਆਰਾ ਬਹੁਤ ਹੀ ਸਤਿਕਾਰੀ ਗਈ ਹੈ। ਉਨ੍ਹਾਂ ਨੇ ਇਸ ਨੂੰ 'ਗੁਰਬਾਣੀ ਦੀ ਕੁੰਜੀ' ਕਿਹਾ ਹੈ। ਇਸ ਦਾ ਅਸਲ ਵਿੱਚ ਭਾਵ ਹੈ ਕਿ ਭਾਈ ਗੁਰਦਾਸ ਜੀ ਨੇ ਬੇਅੰਤ ਦਿਆਲਤਾ ਨਾਲ ਮਹੱਤਵਪੂਰਨ ਬ੍ਰਹਮ ਕਾਨੂੰਨਾਂ, ਪੂਰਨ ਬੰਦਗੀ ਦੇ ਕਾਨੂੰਨਾਂ ਦਾ ਆਪਣੀ ਬਾਣੀ ਵਿੱਚ ਅਸਾਨ ਸ਼ਬਦਾਂ ਵਿੱਚ ਵਖਿਆਨ ਕੀਤਾ ਹੈ ਅਤੇ ਇੱਕ ਵਾਰ ਜਦੋਂ ਤੁਸੀਂ ਇਸ ਬਾਣੀ ਨੂੰ ਸਮਝ ਲੈਂਦੇ ਹੋ ਤਾਂ ਗੁਰਬਾਣੀ ਨੂੰ ਸਮਝਣਾ ਬਹੁਤ ਹੀ ਅਸਾਨ ਬਣ ਜਾਂਦਾ ਹੈ।

ਭਾਈ ਗੁਰਦਾਸ ਜੀ ਨੇ ਬੇਅੰਤ ਦਿਆਲਤਾ ਨਾਲ ਇਹ ਵਾਰਾਂ ਇਹ ਬ੍ਰਹਮ ਸਤਿ ਨੂੰ ਵਖਿਆਨ ਕਰਨ ਲਈ ਲਿਖੀਆਂ ਹਨ ਕਿ ਉਨ੍ਹਾਂ ਗੁਰਬਾਣੀ ਦੇ ਸੰਬੰਧ ਵਿੱਚ ਸਥੂਲ ਰੂਪ ਵਿੱਚ ਕੀ ਅਨੁਭਵ ਕੀਤੇ। ਉਨ੍ਹਾਂ ਨੇ ਆਪਣੀ ਗੁਰਬਾਣੀ ਬਾਰੇ ਬ੍ਰਹਮ ਸੂਝ ਨੂੰ ਬਹੁਤ ਹੀ ਅਸਾਨ ਭਾਸ਼ਾ ਵਿੱਚ ਵਖਿਆਨ ਕੀਤਾ ਹੈ। ਭਾਈ ਗੁਰਦਾਸ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਮ ਪਾਤਸ਼ਾਹ ਜੀ ਦੀ ਬਾਣੀ ਤੋਂ ਬਾਅਦ ਗੁਰਮਤਿ ਦੇ ਅਗਲੇ ਪੱਧਰ ਦੇ ਤੌਰ ਤੇ ਜਾਣਿਆ ਜਾਂਦਾ ਹੈ। ਕਿਉਂਕਿ ਭਾਈ ਗੁਰਦਾਸ ਜੀ ਗੁਰੂ ਅਰਜਨ ਦੇਵ ਜੀ ਦੀ ਸਿੱਧੀ ਛਤਰ-ਛਾਇਆ ਹੇਠ ਸਨ, ਇੱਥੇ ਕੋਈ ਕਾਰਨ ਨਹੀਂ ਹੈ ਕਿ ਉਨ੍ਹਾਂ ਦੀ ਬਾਣੀ ਨੂੰ ਵੀ ਗੁਰਮਤਿ ਨਾ ਮੰਨਿਆ ਜਾਵੇ।

ਭਾਈ ਗੁਰਦਾਸ ਜੀ ਨੇ ਬੇਅੰਤ ਦਿਆਲਤਾ ਨਾਲ ਆਪਣੀਆਂ ਵਾਰਾਂ ਦੇ ਸ਼ੁਰੂ ਵਿੱਚ ਹੀ 'ਸਤਿਨਾਮ' ਅਤੇ 'ਸਤਿ' ਸ਼ਬਦ ਦੀ ਬ੍ਰਹਮ ਮਹੱਤਤਾ ਦਾ ਵਖਿਆਨ ਕੀਤਾ ਹੈ। ਇੱਥੇ ਉਨ੍ਹਾਂ ਦੀ ਪਹਿਲੀ ਵਾਰ ਦੀ ਪਹਿਲੀ ਪੌੜੀ ਹੈ:

ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸੁ ਮੰਤ੍ਰ ਸੁਣਾਇਆ॥
ਭਵਜਲ ਵਿੱਚੋਂ ਕਢਿ ਕੈ ਮੁਕਤਿ ਪਦਾਰਥਿ ਮਾਹਿ ਸਮਾਇਆ॥
ਜਨਮ ਮਰਣ ਭਉ ਕਟਿਆ ਸੰਸਾ ਰੋਗੁ ਵਿਯੋਗੁ ਮਿਟਾਇਆ॥
ਸੰਸਾ ਇਹੁ ਸੰਸਾਰੁ ਹੈ ਜਨਮ-ਮਰਨ ਵਿਚਿ ਦੁਖੁ ਸਵਾਇਆ॥
ਜਮ ਦੰਡੁ ਸਿਰੋਂ ਨ ਉਤਰੈ ਸਾਕਤਿ ਦੁਰਜਨ ਜਨਮੁ ਗਵਾਇਆ॥
ਚਰਨ ਗਹੇ ਗੁਰਦੇਵ ਦੇ ਸਤਿ ਸਬਦੁ ਦੇ ਮੁਕਤਿ ਕਰਾਇਆ॥
ਭਾਉ ਭਗਤਿ ਗੁਰਪੁਰਬਿ ਕਰਿ ਨਾਮੁ ਦਾਨੁ ਇਸਨਾਨੁ ਦ੍ਰਿੜ੍ਹਾਇਆ॥
ਜੇਹਾ ਬੀਉ ਤੇਹਾ ਫਲੁ ਪਾਇਆ ॥੧॥ (ਭਾਈ ਗੁਰਦਾਸ ਜੀ ਵਾਰ ੧)

ਭਾਈ ਗੁਰਦਾਸ ਜੀ ਨੇ ਬੜਾ ਹੀ ਸਪੱਸ਼ਟ ਵਖਿਆਨ ਕੀਤਾ ਹੈ ਕਿ ਧੰਨ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਨੇ ਬੇਅੰਤ ਦਿਆਲਤਾ ਨਾਲ ਸਾਡੇ ਲਈ ਦਰਗਾਹ ਵਿੱਚੋਂ 'ਸਤਿਨਾਮ' ਮੰਤਰ ਲਿਆਂਦਾ ਹੈ। ਜਦ ਗੁਰੂ ਨਾਨਕ ਪਾਤਸ਼ਾਹ ਜੀ ਵੇਈਂ ਨਦੀ ਵਿੱਚ ਸੁਲਤਾਨਪੁਰ ਲੋਧੀ ਵਿੱਚ ਤਿੰਨ ਦਿਨਾਂ ਲਈ ਪ੍ਰਾਣੀ ਦੇ ਅੰਦਰ ਗਏ ਸਨ। ਵਾਪਸ ਮੁੜਨ ਵੇਲੇ ਉਨ੍ਹਾਂ ਨੇ ਮੂਲ ਮੰਤਰ ਉਚਾਰਿਆ, **'ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥'** ਤਦ ਜਪ ਕਿਹਾ, ਭਾਵ ਮੂਲ ਮੰਤਰ ਨੂੰ ਜਪੋ ਕਿਉਂਕਿ ਉਨ੍ਹਾਂ ਨੇ ਉਚਾਰਿਆ ਕਿ ਇਹ ਮੂਲ ਮੰਤਰ, **'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥'** ਮੂਲ ਮੰਤਰ ਦਾ ਕੇਂਦਰੀ ਬਿੰਦੂ ਸ਼ਬਦ ਸਤਿ ਹੈ ਅਤੇ ਇਸ ਲਈ ਉਨ੍ਹਾਂ ਸ਼ਬਦ ਸਤਿ ਨੂੰ ਨਾਮ ਕਿਹਾ।

ਸ਼ਬਦ ਸਤਿ ਅੰਮ੍ਰਿਤ ਆਤਮ ਰਸ ਅੰਮ੍ਰਿਤ ਦਾ ਸਭ ਤੋਂ ਉੱਚਾ ਪੱਧਰ ਨਿਰਗੁਣ ਸਰੂਪ ਧੰਨ ਧੰਨ ਪਾਰ ਬ੍ਰਹਮ ਪਿਤਾ ਪਰਮੇਸ਼ਰ ਜੀ ਦਾ ਪਰਮ ਜੋਤ ਪੂਰਨ ਪ੍ਰਕਾਸ਼ ਨੂੰ ਦਰਸਾਉਂਦਾ ਹੈ। ਇਹ ਸ਼ਬਦ ਸਤਿ ਦਾ ਭਾਵ ਹੈ ਸੱਚ ਅਤੇ ਸੱਚ ਧੰਨ ਧੰਨ ਪਾਰ ਬ੍ਰਹਮ ਪਿਤਾ ਪਰਮੇਸ਼ਰ ਜੀ ਦਾ ਨਾਮ ਹੈ। ਬਹੁਤ ਸਾਰੇ ਲੋਕ ਅਤੇ ਪ੍ਰਚਾਰਕ ਸਤਿ ਨਾਮ ਨੂੰ ਸੱਚਾ ਨਾਮ ਅਨੁਵਾਦ ਕਰਦੇ ਹਨ. ਜਿਹੜਾ ਕਿ ਸਹੀ ਨਹੀਂ ਹੈ। ਜਦ ਉਹ ਸਤਿਨਾਮ ਵਾਹਿਗੁਰੂ ਕਹਿੰਦੇ ਹਨ, ਉਹ ਇਸ ਦਾ ਅਨੁਵਾਦ ਕਰਦੇ ਹਨ ਕਿ ਸੱਚਾ ਨਾਮ ਵਾਹਿਗੁਰੂ ਹੈ। ਇਹ ਸਹੀ ਨਹੀਂ ਹੈ। ਸਤਿਨਾਮ ਦਾ ਭਾਵ ਹੈ ਸਤਿ ਨਾਮ ਹੈ, ਸਚੁ ਨਾਮ ਹੈ। ਸਤਿਗੁਰੂ ਨੂੰ ਵੀ ਸੱਚਾ ਗੁਰੂ ਅਨੁਵਾਦ ਕੀਤਾ ਜਾਂਦਾ ਹੈ। ਪ੍ਰਚਾਰਕ ਤਦ ਇਹ ਸਿੱਟਾ ਕੱਢਦੇ ਹਨ ਕਿ ਸਿੱਖ ਗੁਰੂ ਸੱਚੇ ਗੁਰੂ ਹਨ ਅਤੇ ਦੂਸਰੇ ਸਾਰੇ ਗੁਰੂ ਝੂਠੇ ਗੁਰੂ ਹਨ, ਇਹ ਜਨਤਾ ਵਿੱਚ ਅਸਹਿਨਸ਼ੀਲਤਾ ਅਤੇ ਹਿੰਸਾ ਫੈਲਾਉਂਦੇ ਹਨ। ਸਤਿਗੁਰੂ ਦਾ ਅਸਲ ਭਾਵ ਹੈ ਸਤਿ ਗੁਰੂ ਹੈ। ਬਾਣੀ ਸਤਿ ਹੈ, ਇਸ ਲਈ ਇਹ ਗੁਰੂ ਹੈ। ਬਾਣੀ ਸਤਿ ਹੈ ਇਸ ਲਈ ਇਹ ਨਿਰੰਕਾਰ ਹੈ ਅਤੇ ਜਿਸ ਹਿਰਦੇ ਵਿੱਚ ਸਤਿ ਵਸਦਾ ਹੈ ਉਹ ਗੁਰੂ ਹੈ।

ਸ਼ਬਦ ਸਤਿ ਹੀ ਕੇਵਲ ਇੱਕ ਹੈ ਜਿਹੜਾ ਅਕਾਲ ਪੁਰਖ ਦੇ ਸਭ ਤੋਂ ਮਹੱਤਵਪੂਰਨ ਅਤੇ ਲਾਜ਼ਮੀ ਗੁਣਾਂ ਨੂੰ ਪਰਿਭਾਸ਼ਿਤ ਕਰਦਾ ਹੈ। ਸਤਿ ਦਾ ਭਾਵ ਹੈ ਜਿਹੜਾ ਕਦੇ ਨਹੀਂ ਬਦਲਦਾ, ਸਥਿਰ ਰਹਿੰਦਾ ਹੈ ਅਤੇ ਬਿਨਾਂ ਕਿਸੇ ਬਦਲਾਅ ਦੇ ਰਹਿੰਦਾ ਹੈ, ਕਾਇਮ-ਦਾਇਮ ਹੈ। ਹਰ ਦੂਸਰੀ ਚੀਜ਼ ਸਮੇਂ ਨਾਲ ਬਦਲ ਰਹੀ ਹੈ ਕਿਉਂਕਿ ਹਰ ਚੀਜ਼ ਮਾਇਆ ਹੈ ਅਤੇ ਮਾਇਆ ਦੀਆਂ ਅਣਗਿਣਤ ਅਵਸਥਾਵਾਂ ਹਨ ਅਤੇ ਹਰ ਸੈਕਿੰਡ ਬਦਲਦੀਆਂ ਰਹਿੰਦੀਆਂ ਹਨ। ਸਤਿ ਕਦੇ ਨਹੀਂ ਬਦਲਦਾ ਅਤੇ ਆਦਿ ਤੋਂ ਸਤਿ ਹੈ, ਹੁਣ ਵੀ ਸਤਿ ਹੈ ਅਤੇ ਸਦਾ ਹੀ ਸਤਿ ਰਹੇਗਾ।

ਭਵਜਲ ਹਨੇਰੇ ਮਾਇਆ ਦੇ ਪ੍ਰਭਾਵ ਦਾ ਵਿਸ਼ਾਲ ਸਮੁੰਦਰ ਹੈ। ਇੱਕ ਰੂਹ ਜੋ ਮਾਇਆ ਦੇ ਪ੍ਰਭਾਵ ਪੰਜ ਦੂਤਾਂ ਅਤੇ ਇੱਛਾਵਾਂ ਦੇ ਅਧੀਨ ਰਹਿ ਰਹੀ ਹੈ, ਕੂੜ ਦੇ ਡੂੰਘੇ ਸਮੁੰਦਰ ਵਿੱਚ ਪਏ ਪੱਥਰ ਦੀ ਨਿਆਈਂ ਹੈ। ਭਵਜਲ ਮਾਇਆ ਦਾ ਸਮੁੰਦਰ ਹੈ ਅਤੇ ਸਾਰਾ ਸੰਸਾਰ ਹੀ ਇਸ ਵਿੱਚ ਆ ਜਾਂਦਾ ਹੈ। ਪਰ ਸ਼ਬਦ ਸਤਿ ਮਾਇਆ ਤੋਂ ਪਰੇ ਹੈ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਸਤਿ ਮੁਕਤ ਪਦਾਰਥ ਹੈ। ਇਸ ਦਾ ਭਾਵ ਹੈ ਕਿ ਸਤਿਨਾਮ ਦੇ ਮੰਤਰ ਦੇ ਗੁਰਪ੍ਰਸਾਦਿ ਵਿੱਚ ਸਾਨੂੰ ਇਸ ਭਵਜਲ ਤੋਂ ਬਾਹਰ ਲੈ ਜਾਣ ਦੀ ਅਤੇ ਵਾਪਸ ਮੁਕਤ ਪਦਾਰਥ, ਧੰਨ ਧੰਨ ਪਾਰ ਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵੱਲ ਲੈ ਜਾਣ ਦੀ ਪਰਮ ਬ੍ਰਹਮ ਸ਼ਕਤੀ ਹੈ। ਜਦ ਇਹ ਵਾਪਰਦਾ ਹੈ ਤਦ ਅਸੀਂ ਜਨਮ-ਮਰਨ ਦੇ ਸਭ ਤੋਂ ਵੱਡੇ ਦੁੱਖ ਤੋਂ ਰਾਹਤ ਪਾ ਲੈਂਦੇ ਹਾਂ।

ਇਸ ਸੰਸਾਰ ਵਿੱਚ ਰਹਿੰਦੇ ਹੋਏ ਅਸੀਂ ਲੱਗਾਤਾਰ ਜਨਮ-ਮਰਨ ਦੇ ਡਰ ਦਾ ਸਾਹਮਣਾ ਕਰਦੇ ਹਾਂ, ਜਿਸ ਨੂੰ ਸਭ ਤੋਂ ਵੱਡਾ ਪੱਧਰ ਰੋਗ ਕਿਹਾ ਗਿਆ ਹੈ। ਜਨਮ ਲੈਣਾ ਅਤੇ ਉਸ ਤਰ੍ਹਾਂ ਦੇ ਹੀ ਕਸ਼ਟਾਂ, ਪੀੜਾਂ ਅਤੇ ਦੁੱਖਾਂ ਦੇ ਵਿੱਚੋਂ ਬਾਹਰ ਲੰਘਣਾ, ਚੰਗੇ ਅਤੇ ਮਾੜੇ ਪਲਾਂ ਵਿਚੋਂ, ਪਰ ਕੋਈ ਅਨਾਦਿ ਖੁਸ਼ੀ ਨਹੀਂ, ਕੋਈ ਅਨਾਦਿ ਅਸੀਸ ਨਹੀਂ, ਮਾਇਆ ਦੇ ਡੂੰਘੇ ਕੂੜ ਵਿੱਚ ਰਹਿਣਾ ਸਭ ਤੋਂ ਵੱਡਾ ਰੋਗ ਹੈ। ਜੇਕਰ ਅਸੀਂ ਸਤਿਨਾਮ ਦਾ ਗੁਰ ਪ੍ਰਸਾਦਿ ਪ੍ਰਾਪਤ ਨਹੀਂ ਕਰਦੇ ਅਤੇ ਆਪਣੇ ਆਪ ਨੂੰ ਮੂਲ ਮੰਤਰ ਵਿੱਚ ਦੱਸੇ ਗੁਣਾਂ ਨੂੰ ਪ੍ਰਾਪਤ ਕਰਨ ਵੱਲ ਸਮਰਪਿਤ ਨਹੀਂ ਕਰਦੇ ਅਤੇ ਸਤਿ ਸਰੂਪ ਨਹੀਂ ਬਣਦੇ ਹਾਂ ਤਦ ਸਾਨੂੰ ਦਰਗਾਹੀ ਮੁੱਲਾਂ

ਵਿੱਚ ਸਾਕਤ ਅਤੇ ਦੁਰਜਨ ਕਿਹਾ ਜਾਵੇਗਾ ਅਤੇ ਅਸੀਂ ਇਹ ਅਮੁੱਲ ਮਨੁੱਖਾ ਜੀਵਨ ਗਵਾ ਲਵਾਂਗੇ, ਜਿਹੜਾ ਸਾਨੂੰ ਸਰਵ ਸ਼ਕਤੀਮਾਨ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕ੍ਰਿਪਾ ਦੁਆਰਾ ਸਤਿ ਸਰੂਪ ਬਣਨ ਅਤੇ ਉਸ ਵਿੱਚ ਅਭੇਦ ਹੋਣ ਲਈ ਬਖਸ਼ਿਆ ਗਿਆ ਹੈ।

ਇਸ ਲਈ ਸਾਨੂੰ ਧੰਨ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਦੇ ਬਹੁਤ ਹੀ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਹੈ ਜਿਨ੍ਹਾਂ ਨੇ ਬਹੁਤ ਹੀ ਦਿਆਲਤਾ ਨਾਲ ਸਾਨੂੰ ਸ਼ਬਦ ਸਤਿ ਦਾ ਗੁਰ ਪ੍ਰਸਾਦਿ ਬਖਸ਼ਿਆ ਹੈ, ਜਿਹੜਾ ਜਦ ਸਮਰਪਣ, ਦ੍ਰਿੜ੍ਹਤਾ, ਵਿਸ਼ਵਾਸ, ਭਰੋਸੇ, ਯਕੀਨ, ਸ਼ਰਧਾ ਅਤੇ ਪਿਆਰ ਨਾਲ ਕਮਾਇਆ ਜਾਂਦਾ ਹੈ ਸਾਨੂੰ ਵਾਪਸ ਮੂਲ ਧੰਨ ਧੰਨ ਪਾਰ ਬ੍ਰਹਮ ਪਿਤਾ ਪਰਮੇਸ਼ਰ ਜੀ ਵੱਲ ਲੈ ਜਾਂਦਾ ਹੈ।

ਕਈ ਸੰਤ ਮਹਾਂਪੁਰਖ ਪਹਿਲਾਂ ਸਾਰੇ ਮੂਲ ਮੰਤਰ ਦਾ ਜਾਪ ਕਰਨ ਦਾ ਉਪਦੇਸ਼ ਦਿੰਦੇ ਹਨ ਅਤੇ ਫਿਰ ਸਤਿਨਾਮੁ ਦੇ ਗੁਰ ਪ੍ਰਸਾਦਿ ਦੀ ਬਖ਼ਸ਼ਿਸ ਕਰਦੇ ਹਨ ਅਤੇ ਕੁਝ ਮਹਾਂਪੁਰਖ ਹੀ ਹਨ ਜੋ ਪਹਿਲਾਂ ਤੋਂ ਹੀ ਸਤਿਨਾਮੁ ਦਾ ਅਨਮੋਲ ਰਤਨ ਗੁਰ ਪ੍ਰਸਾਦਿ ਤੁਹਾਡੀ ਸੁਰਤਿ ਵਿੱਚ ਟਿਕਾ ਦਿੰਦੇ ਹਨ। ਗੁਰਬਾਣੀ ਅਨੁਸਾਰ ਕੇਵਲ ਸਤਿਨਾਮੁ ਦੇ ਗੁਰ ਪ੍ਰਸਾਦਿ ਨਾਲ ਹੀ ਸੁਰਤਿ ਦੀ ਲਿਵ ਲੱਗਦੀ ਹੈ। ਕੇਵਲ ਸਤਿਨਾਮੁ ਦੇ ਸਿਮਰਨ ਨਾਲ ਹੀ ਸੁਰਤ, ਹਿਰਦਾ ਅਤੇ ਸਾਰੀ ਰੂਹ ਕੰਚਨ ਹੁੰਦੀ ਹੈ। ਕੇਵਲ ਸਤਿਨਾਮੁ ਸਿਮਰਨ ਨਾਲ ਹੀ ਕੁੰਡਲ਼ਨੀ ਸ਼ਕਤੀ ਜਾਗਰਿਤ ਹੁੰਦੀ ਹੈ। ਕੇਵਲ ਸਤਿਨਾਮੁ ਸਿਮਰਨ ਨਾਲ ਹੀ ਸਾਰੇ ਬਜਰ ਕਪਾਟ ਖੁੱਲ੍ਹਦੇ ਹਨ। ਕੇਵਲ ਸਤਿਨਾਮੁ ਸਿਮਰਨ ਨਾਲ ਹੀ ਸਾਰੇ (੭) ਸਤਿ ਸਰੋਵਰ ਪ੍ਰਕਾਸ਼ਮਾਨ ਹੁੰਦੇ ਹਨ। ਕੇਵਲ ਸਤਿਨਾਮੁ ਸਿਮਰਨ ਨਾਲ ਹੀ ਈੜਾ, ਪਿੰਗਲਾ ਅਤੇ ਸੁਖਮਨਾ ਦੀਆਂ ਸ਼ਕਤੀਆਂ ਜਾਗਰਿਤ ਹੁੰਦੀਆਂ ਹਨ ਅਤੇ ਸਮਾਧੀ ਅਤੇ ਸੁੰਨ ਸਮਾਧੀ ਦੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਇਸ ਤਰ੍ਹਾਂ ਸਿਮਰਨ ਕਰਦਿਆਂ ਹੋਇਆਂ ਨਾਮ ਸਿਮਰਨ ਰੋਮ-ਰੋਮ ਵਿੱਚ ਚਲਾ ਜਾਂਦਾ ਹੈ ਅਤੇ ਭਗਤ ਜਨ ਸਤਿਨਾਮੁ ਰਸ ਵਿੱਚ ਰੱਤੇ ਜਾਂਦੇ ਹਨ ਅਤੇ ਮਾਇਆ ਤੇ ਜਿੱਤ ਪ੍ਰਾਪਤ ਕਰ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਅਕਾਲ ਪੁਰਖ ਜੀ ਦੇ ਦਰਸ਼ਨ ਪ੍ਰਾਪਤ ਕਰ ਕੇ ਪੂਰਨ ਬ੍ਰਹਮ ਗਿਆਨ, ਆਤਮ ਰਸ ਅੰਮ੍ਰਿਤ ਅਤੇ ਪੂਰਨ ਤੱਤ ਗਿਆਨ ਦੇ ਗੁਰ ਪ੍ਰਸਾਦਿ ਨੂੰ ਪ੍ਰਾਪਤ ਕਰ ਕੇ ਪਰਮ ਪਦ ਦੀ ਪ੍ਰਾਪਤੀ ਕਰ ਲੈਂਦੇ ਹਨ। ਇਸ ਲਈ ਸਿਮਰਨ ਕਰੋ ਨਾਮ ਦਾ "ਅਨਾਦਿ ਸਤਿ, ਸਤਿਨਾਮੁ" ਜਿਹੜਾ ਨਾਮ ਅੰਮ੍ਰਿਤ ਦੇ ਤੌਰ ਤੇ ਵੀ ਵਖਾਣਿਆ ਅਤੇ ਜਾਣਿਆ ਜਾਂਦਾ ਹੈ। ਸਤਿ ਦਾ ਭਾਵ ਹੈ ਅਨਾਦਿ ਸਤਿ। ਸਤਿਨਾਮੁ ਦਾ ਭਾਵ ਹੈ ਪਰਮਾਤਮਾ ਅਨਾਦਿ ਸਤਿ ਹੈ। ਨਾਮ ਦਾ ਸਿਮਰਨ ਕਰਨ ਨਾਲ ਅਸੀਂ ਆਪਣੇ ਅੰਦਰ ਅਨਾਦਿ ਸਤਿ ਨਾਲ ਰੱਤੇ ਜਾਂਦੇ ਹਾਂ ਅਤੇ ਸਤਿਨਾਮੁ ਸਾਡੇ ਰੋਮ-ਰੋਮ ਵਿੱਚ ਪ੍ਰਗਟ ਹੁੰਦਾ ਹੈ। ਸਿਮਰਨ ਤੋਂ ਭਾਵ ਹੈ :-

- **ਸਤਿ ਨੂੰ ਆਪਣੀ ਯਾਦ ਵਿੱਚ ਉੱਕਰਨਾ**
- **ਸਤਿ ਨੂੰ ਆਪਣੇ ਮਨ (ਸੁਰਤ) ਵਿੱਚ ਉੱਕਰਨਾ**
- **ਸਤਿ ਨੂੰ ਆਪਣੇ ਹਿਰਦੇ ਵਿੱਚ ਪਿਆਰ ਨਾਲ ਯਾਦ ਕਰਨਾ**
- **ਸਤਿ ਨੂੰ ਆਪਣੇ ਸਰੀਰ ਦੇ ਰੋਮ-ਰੋਮ ਵਿੱਚ ਉੱਕਰਨਾ**
- **ਸੁਰਤ ਅਤੇ ਹਿਰਦੇ ਦਾ ਸਤਿ ਰੂਪ ਬਣ ਜਾਣਾ**
- **ਆਪ ਸਤਿਨਾਮੁ ਬਣ ਜਾਣਾ (ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥)**
- **ਸਤਿ ਵਿੱਚ ਸਮਾਂ ਜਾਣਾ**
- **ਸਤਿ ਵਿੱਚ ਅਭੇਦ ਹੋ ਜਾਣਾ**

ਸ਼ਬਦ **"ਜਪ"** ਤੋਂ ਅਗਲਾ ਸ਼ਬਦ **"ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥"** ਇਸ ਦਾ ਭਾਵ ਹੈ ਉਹ ਪਰਮ ਸ਼ਕਤੀਸ਼ਾਲੀ ਸਰਬ ਕਲਾ ਭਰਪੂਰ ਹਸਤੀ ਜੋ ਮੂਲ ਮੰਤਰ ਵਿੱਚ ਪ੍ਰਗਟ ਕੀਤੀ ਗਈ ਹੈ ਕੇਵਲ ਇਹ ਹਸਤੀ ਹੀ ਅਨਾਦਿ ਸਤਿ ਹੈ ਅਤੇ ਇਹ ਅਣਮਿੱਥੇ ਸਮੇਂ ਤੋਂ, ਸ੍ਰਿਸ਼ਟੀ ਦੇ ਉਤਪਤੀ ਸਮੇਂ ਤੋਂ ਮੌਜੂਦ ਹੈ ਭਾਵ ਸਦਾ-ਸਦਾ ਤੋਂ ਕਾਇਮ-ਦਾਇਮ ਹੈ, ਸਾਰੇ ਯੁਗਾਂ ਵਿੱਚ ਪ੍ਰਤੱਖ ਵਿਆਪਕ ਰਿਹਾ ਹੈ, ਹੁਣ ਵੀ ਵਿਆਪਕ ਹੈ ਅਤੇ ਭਵਿੱਖ ਵਿੱਚ ਵਿਆਪਕ ਰਹੇਗਾ। ਇਸ ਦਾ ਭਾਵ ਇਹ ਹੈ ਕਿ ਮੂੰਲ ਮੰਤਰ ਆਦਿ ਤੋਂ ਵਰਤਮਾਨ ਤੱਕ ਪ੍ਰਤੱਖ ਵਿਆਪਕ ਰਿਹਾ ਹੈ ਅਤੇ ਆਉਣ ਵਾਲੇ ਸਾਰੇ ਯੁਗਾਂ ਵਿੱਚ ਅੰਤ ਤੱਕ ਵਿਆਪਕ ਰਹੇਗਾ।

ਆਦਿ ਦਾ ਭਾਵ ਹੈ ਅਗਿਆਤ ਸਮੇਂ ਤੋਂ ਸਤਿ ਪਾਰਬ੍ਰਹਮ ਪਰੀ ਪੂਰਨ ਪਰਮਾਤਮਾ ਬ੍ਰਹਿਮੰਡਾਂ ਦੀ ਉਤਪਤੀ ਤੋਂ ਪਹਿਲਾਂ ਵੀ ਹੋਂਦ ਵਿੱਚ ਸੀ। ਗੁਰਬਾਣੀ ਕਹਿੰਦੀ ਹੈ ਕਿ ਸ੍ਰਿਸ਼ਟੀ ਦੀ ਸਿਰਜਣਾ ਤੋਂ ਪਹਿਲਾਂ ਅਕਾਲ ਪੁਰਖ ੩੬ ਯੁਗਾਂ ਲਈ ਸੁੰਨ ਸਮਾਧੀ ਵਿੱਚ ਸਥਿਤ ਸੀ। ਭਾਵ ਇੱਕ ਅਗਿਆਤ ਸਮੇਂ ਤੋਂ ਕਿ ਉਹ ਕਿ ੩੬ ਯੁਗਾਂ ਦੇ ਸਮੇਂ ਦੀ ਲੰਬਾਈ ਅਗਿਆਤ ਹੈ। ਸ਼ਬਦ "ਆਦਿ" ਦਾ ਭਾਵ ਹੈ ਸ਼ੁਰੂਆਤ। ਇੱਥੇ ਉਸ ਦੀ ਹੋਂਦ ਦੀ ਸ਼ੁਰੂਆਤ ਦੀ ਕੋਈ ਪਰਿਭਾਸ਼ਾ ਨਹੀਂ ਹੈ ਅਤੇ ਉਹ ਬੇਅੰਤ ਹੈ, ਅਨੰਤ, ਅਪਰੰਪਰ ਅਪਾਰ ਹੈ। ਹੋਂਦ ਦਾ ਭਾਵ ਸਤਿ ਹੈ। ਉਹ ਪਰਮ ਸ਼ਕਤੀਸ਼ਾਲੀ ਹਸਤੀ ਜੋ ਕਿ ਅਮਿਤੋਜ ਹੈ, ਜੋ ਕਿ ਬੇਅੰਤ ਹੈ, ਅਨੰਤ ਹੈ ਅਤੇ ਪਰਿਵਰਤਨ ਸ਼ੀਲ ਨਹੀਂ ਹੈ ਅਤੇ ਸਦੀਵੀ ਹੈ।

ਜੁਗਾਦਿ ਦਾ ਭਾਵ ਹੈ ਪਰਮਾਤਮਾ ਸਾਰੇ ਯੁਗਾਂ ਤੋਂ ਹੋਂਦ ਵਿੱਚ ਹੈ ਅਤੇ ਸਾਰੇ ਆਉਣ ਵਾਲੇ ਯੁਗਾਂ ਵਿੱਚ ਵੀ ਰਹੇਗਾ। ਇੱਥੇ ਸਾਰੇ ਯੁਗਾਂ ਦੀ ਕੋਈ ਪਰਿਭਾਸ਼ਾ ਨਹੀਂ ਹੈ ਅਤੇ ਸਮੇਂ ਦੀ ਕੋਈ ਪਰਿਭਾਸ਼ਾ ਨਹੀਂ ਹੈ। ਯੁਗ ਦੀ ਰਚਨਾ ਮਨੁੱਖ ਜਾਤੀ ਦੇ ਹੇਠ ਲਿਖੇ ਗੁਣਾਂ ਦੇ ਆਧਾਰ ਤੇ ਹੁੰਦੀ ਹੈ।

- **ਵਿਹਾਰ**
- **ਮੌਜੂਦਾ ਸੋਚ**
- **ਧਾਰਮਿਕ ਵਿਸ਼ਵਾਸ**
- **ਚਰਿੱਤਰ ਅਤੇ**
- **ਕਰਨੀਆਂ**

ਜਦ ਇਨ੍ਹਾਂ ਗੁਣਾਂ ਵਿੱਚ ਵੱਡਾ ਪਰਿਵਰਤਨ ਆਉਂਦਾ ਹੈ ਤਾਂ ਯੁਗ ਬਦਲਦਾ ਹੈ। ਇਸ ਲਈ ਕਿਸੇ ਵੀ ਯੁਗ ਨੂੰ ਸਮੇਂ ਦੀ ਲੰਬਾਈ ਦੀ ਪਰਿਭਾਸ਼ਾ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਭਾਵ ਇਹ ਹੈ ਕਿ ਸਤਿ ਪਰਮ ਪਾਰ ਬ੍ਰਹਮ ਪਰਮੇਸ਼ਰ ਦੀ ਹੋਂਦ ਸਾਰੇ ਪਿਛਲੇ ਸਮਿਆਂ ਤੋਂ ਹੈ, ਵਰਤਮਾਨ ਸਮੇਂ ਵਿੱਚ ਹੈ ਅਤੇ ਸਾਰੇ ਆਉਣ ਵਾਲੇ ਸਮਿਆਂ ਵਿੱਚ ਰਹੇਗੀ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਅਤੇ ਗੁਰਬਾਣੀ ਵਿੱਚ ਕਿਹਾ ਗਿਆ ਹੈ ਕਿ ਇਸ ਬ੍ਰਹਿਮੰਡ ਦੀ ਉਤਪਤੀ ਤੋਂ ਇੱਥੇ ਧਰਤੀ ਉੱਪਰ ਚਾਰ ਯੁਗ ਹੋਏ ਹਨ। ਪਰ ਅਕਾਲ ਪੁਰਖ ਦੀ ਹੋਂਦ ਇਨ੍ਹਾਂ ਚਾਰ ਯੁਗਾਂ ਤੋਂ ਪਰੇ ਹੈ। ਭਾਵ ਹੈ ਮੂਲ ਮੰਤਰ ਵਿੱਚ ਬਿਆਨ ਕੀਤੇ ਅਨਾਦਿ ਸਤਿ ਦੀ ਹੋਂਦ ਹੁਣ ਵੀ ਹੈ। ਹੋਸੀ ਵੀ ਦਾ ਭਾਵ ਹੈ ਪਰਮਾਤਮਾ ਆਉਣ ਵਾਲੇ ਯੁਗਾਂ ਵਿੱਚ ਵੀ ਹੋਂਦ ਵਿੱਚ ਰਹੇਗਾ। ਇਸ ਦਾ ਭਾਵ ਹੈ ਅਕਾਲ ਪੁਰਖ :-

- ਕੇਵਲ ਅਨਾਦਿ ਸਤਿ ਹੈ ਜਿਹੜਾ ਕਿ ਇਸ ਬ੍ਰਹਿਮੰਡ ਦੀ ਅਗਿਆਤ ਸ਼ੁਰੂਆਤ (ਆਦਿ) ਉਤਪਤੀ ਦੇ ਸਮੇਂ ਤੋਂ ਪਹਿਲਾਂ ਹੋਂਦ ਵਿੱਚ ਹੈ।
- ਰਚਨਾ ਦੀ ਉਤਪਤੀ ਸਮੇਂ (ਜੁਗਾਦਿ) ਤੋਂ ਹੋਂਦ ਵਿੱਚ ਹੈ।
- ਮੌਜੂਦਾ ਸਮੇਂ (ਹੋਸੀ ਭੀ) ਕੇਵਲ ਅਨਾਦਿ ਸਤਿ ਹੈ।

ਬਾਕੀ ਸਾਰੀ ਗੁਰਬਾਣੀ ਇਸ ਉੱਪਰ ਬਿਆਨ ਕੀਤੇ ਅਨਾਦਿ ਸਤਿ ਸ਼ਬਦ ਦੀ ਵਿਆਖਿਆ ਹੈ। ਇਹ ਸਤਿ ਦੀ ਮਹਿਮਾ ਹੈ, ਭਾਵ ਕਿ ਗੁਰਬਾਣੀ :-

- ਮੂਲ ਮੰਤਰ ਦੀ ਵਿਆਖਿਆ ਅਤੇ ਮਹਿਮਾ ਹੈ ਅਤੇ ਅਨਾਦਿ (ਪਰਮਾਤਮਾ) ਦੇ ਪ੍ਰਭਾਵੀ ਗੁਣਾਂ ਅਤੇ ਪਰਮ ਸ਼ਕਤੀਆਂ ਦੀ ਮਹਿਮਾ ਹੈ।
- ਸਾਨੂੰ ਦੱਸਦੀ ਹੈ ਕਿ ਸਾਡੇ ਨਾਲ ਕਿ ਵਾਪਰਦਾ ਹੈ ਜੇਕਰ ਅਸੀਂ ਅਨਾਦਿ ਸਤਿ ਦੀ ਪਾਲਣਾ ਕਰਦੇ ਹਾਂ।
- ਸਾਨੂੰ ਦੱਸਦੀ ਹੈ ਉਨ੍ਹਾਂ ਰੂਹਾਂ ਨਾਲ ਕਿ ਵਾਪਰਦਾ ਹੈ ਜੋ ਅਨਾਦਿ ਸਤਿ ਵਿੱਚ ਲੀਨ ਹੋ ਜਾਂਦੀਆਂ ਹਨ।
- ਸਾਨੂੰ ਦੱਸਦੀ ਹੈ ਕਿ ਉਹ ਰੂਹਾਂ ਸਤਿ ਦਾ ਮੰਦਰ ਹਨ, ਉਨ੍ਹਾਂ ਦੀ ਪਹੁੰਚ ਪੂਰਨ ਬ੍ਰਹਮ ਗਿਆਨ ਤੱਕ ਹੈ।
- ਸਤਿ ਵਿੱਚ ਲੀਨ ਹੋਣ ਲਈ ਕਹਿੰਦੀ ਹੈ।
- ਪਰਮ ਤੱਤ ਨਾਲ ਇੱਕ ਹੋਣਾ ਦੱਸਦੀ ਹੈ ਅਤੇ
- ਉਸਦੇ ਸਰੂਪ ਵਰਗਾ ਬਣਨਾ ਦੱਸਦੀ ਹੈ।

ਬਹੁਤ ਸਾਰੀ ਸੰਗਤ ਇਸ ਭਰਮ ਵਿੱਚ ਹੈ ਕਿ ਗੁਰਬਾਣੀ ਪੜ੍ਹਣਾ ਹੀ ਸਿਮਰਨ ਹੈ। ਜੋ ਕਿ ਇੱਕ ਗ਼ਲਤ ਧਾਰਨਾ ਹੈ ਅਤੇ ਇੱਕ ਵੱਡਾ ਭਰਮ ਹੈ। ਇਹ ਸਮਝ ਨਾਲ ਕਿ ਗੁਰਬਾਣੀ ਪੜ੍ਹਣਾ ਹੀ ਸਿਮਰਨ ਹੈ; ਆਮ ਸੰਗਤ ਗੁਰਬਾਣੀ ਪੜ੍ਹਣ ਤੇ ਜ਼ੋਰ ਦਿੰਦੀ ਹੈ। ਇਹ ਸਮਝਣਾ ਕਿ ਗੁਰਬਾਣੀ ਪੜ੍ਹਣ ਨਾਲ ਹੀ ਸਾਡਾ ਜੀਵਨ ਬੇਹਤਰ ਹੋ ਜਾਵੇਗਾ ਇੱਕ ਵੱਡਾ ਭਰਮ ਹੈ। ਗੁਰਬਾਣੀ ਪੜ੍ਹਣ ਅਤੇ ਗੁਰਬਾਣੀ ਕਰਨ ਵਿੱਚ ਬਹੁਤ ਵੱਡਾ ਅੰਤਰ ਹੈ। ਗੁਰਬਾਣੀ ਕਰਨ ਦਾ ਉਪਦੇਸ਼ ਦਿੰਦੀ ਹੈ, ਖ਼ਾਲੀ ਪੜ੍ਹਣ ਦਾ ਹੀ ਨਹੀਂ ਉਪਦੇਸ਼ ਦਿੰਦੀ ਹੈ। ਗੁਰਬਾਣੀ ਕਰਨ ਤੋਂ ਭਾਵ ਹੈ ਸ਼ਬਦ ਦੀ ਕਮਾਈ ਕਰਨਾ। ਜੋ ਸ਼ਬਦ ਉਪਦੇਸ਼ ਦਿੰਦਾ ਹੈ ਉਸ ਨੂੰ ਆਪਣੀ ਰੋਜ਼ਾਨਾ ਦੀ ਕਰਨੀ ਵਿੱਚ ਲੈ ਕੇ ਆਉਣਾ ਹੀ ਰੂਹਾਨੀ ਸਫਲਤਾ ਦੀ ਕੁੰਜੀ ਹੈ। ਗੁਰਬਾਣੀ ਦਾ ਸਭ ਤੋਂ ਵੱਡਾ ਅਤੇ ਪਰਮ ਸ਼ਕਤੀਸ਼ਾਲੀ ਉਪਦੇਸ਼ ਹੈ ਸਿਮਰਨ ਕਰਨਾ। ਸਿਮਰਨ ਕਰਨ ਨਾਲ ਹੀ ਸਾਰੇ ਦਰਗਾਹੀ ਇਲਾਹੀ ਖ਼ਜ਼ਾਨਿਆਂ ਦੀ ਪ੍ਰਾਪਤੀ ਹੁੰਦੀ ਹੈ। ਇਸੇ ਲਈ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ 'ਜਪੁ' ਦਾ ਪਰਮ ਸ਼ਕਤੀਸ਼ਾਲੀ ਦਰਗਾਹੀ ਹੁਕਮ ਸਾਨੂੰ ਸਾਰੀ ਲੁਕਾਈ ਨੂੰ ਸੁਣਾਇਆ ਹੈ। ਇਸ ਲਈ ਸਾਨੂੰ ਇਸ ਹੁਕਮ ਦੀ ਹਿਰਦੇ ਨਾਲ, ਪੂਰਨ ਸ਼ਰਧਾ, ਪੂਰਨ ਪ੍ਰੀਤ ਅਤੇ ਪੂਰਨ ਭਰੋਸੇ ਨਾਲ ਪਾਲਣਾ ਕਰਨ ਦਾ ਪ੍ਰਣ ਕਰ ਕੇ ਆਪਣੇ ਆਪ ਨੂੰ ਗੁਰੂ ਚਰਨਾਂ ਵਿੱਚ ਪੂਰਨ ਸਮਰਪਣ ਕਰ ਕੇ ਸਿਮਰਨ ਵਿੱਚ ਲੀਨ ਹੋ ਜਾਣਾ ਚਾਹੀਦਾ ਹੈ ਅਤੇ ਇਸ ਜਨਮ ਵਿੱਚ ਪਰਮ ਪਦ ਦੀ ਪ੍ਰਾਪਤੀ ਕਰ ਲੈਣੀ ਚਾਹੀਦੀ ਹੈ। ਇਹ ਹੀ ਸਾਰੀ ਜਪੁਜੀ ਬਾਣੀ ਦਾ ਸਾਰ ਹੈ।

ਧੰਨ ਧੰਨ ਸਤਿਗੁਰੂ ਅਵਤਾਰ ਅਰਜਨ ਦੇਵ ਪਾਤਸ਼ਾਹ ਜੀ ਨੇ 'ਸਤਿ' ਦੀ ਪਰਮ ਸ਼ਕਤੀਸ਼ਾਲੀ ਮਹਿਮਾ ਸੁਖਮਨੀ ਬਾਣੀ ਵਿੱਚ ਪ੍ਰਗਟ ਕੀਤੀ ਹੈ:

ਰੂਪੁ ਸਤਿ ਜਾ ਕਾ ਸਤਿ ਅਸਥਾਨੁ॥
ਪੁਰਖੁ ਸਤਿ ਕੇਵਲ ਪਰਧਾਨੁ॥
ਕਰਤੂਤਿ ਸਤਿ ਸਤਿ ਜਾ ਕਿ ਬਾਣੀ॥
ਸਤਿ ਪੁਰਖ ਸਭ ਮਾਹਿ ਸਮਾਣੀ॥
ਸਤਿ ਕਰਮੁ ਜਾ ਕਿ ਰਚਨਾ ਸਤਿ॥
ਮੂਲੁ ਸਤਿ ਸਤਿ ਉਤਪਤਿ॥
ਸਤਿ ਕਰਣੀ ਨਿਰਮਲ ਨਿਰਮਲੀ॥
ਜਿਸਹਿ ਬੁਝਾਏ ਤਿਸਹਿ ਸਭ ਭਲੀ॥
ਸਤਿ ਨਾਮੁ ਪ੍ਰਭ ਕਾ ਸੁਖਦਾਈ॥
ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ॥੬॥

'ਸਤਿ' ਦੀ ਮਹਿਮਾ ਵਿੱਚ ਪ੍ਰਗਟ ਕੀਤੇ ਗਏ ਸੁਖਮਨੀ ਬਾਣੀ ਦੇ ਇਹ ਪਰਮ ਸ਼ਕਤੀਸ਼ਾਲੀ ਦਰਗਾਹੀ ਬਚਨ ਸੁਖਮਨੀ ਬਾਣੀ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹਨ ਅਤੇ ਪੂਰਨ ਬ੍ਰਹਮ ਗਿਆਨ, ਪੂਰਨ ਤੱਤ ਗਿਆਨ ਦਾ ਸਭ ਤੋਂ ਉੱਚਾ ਪੱਧਰ ਵਰਤਾ ਰਹੇ ਹਨ। ਧੰਨ ਧੰਨ ਸਤਿਗੁਰੂ ਸੱਚੇ ਪਾਤਸ਼ਾਹੀਆਂ ਨੇ ਗੁਰਬਾਣੀ ਵਿੱਚ ਵੱਖ-ਵੱਖ ਥਾਂਵਾਂ ਤੇ ਪੂਰਨ ਬ੍ਰਹਮ ਗਿਆਨ ਦੇ ਇਸ ਕਿਸਮ ਦੇ ਡੂੰਘੇ ਅਤੇ ਬੇਅੰਤ ਕੀਮਤੀ ਰਤਨਾਂ ਨੂੰ ਸੁਸ਼ੋਭਿਤ ਕੀਤਾ ਹੋਇਆ ਹੈ। ਪਰਮ ਸ਼ਕਤੀਸ਼ਾਲੀ ਪੂਰਨ ਬ੍ਰਹਮ ਗਿਆਨ ਦੇ ਅਨਮੋਲ ਰਤਨ ਰੂਪੀ ਸ਼ਬਦ, ਜੋ ਕਿ 'ਸਤਿ' ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਪ੍ਰਗਟ ਕਰਦੇ ਹਨ, ਇਹ ਅਤਿ ਸੁੰਦਰ ਸ਼ਬਦ ਹਰ ਰੋਜ਼ ਕਈ ਲੱਖਾਂ ਲੋਕਾਂ ਦੁਆਰਾ ਪੜ੍ਹੇ ਜਾਂਦੇ ਹਨ ਪਰ ਉਸੇ ਵੇਲੇ ਹੀ ਬੇਧਿਆਨ ਕਰ ਦਿੱਤੇ ਜਾਂਦੇ ਹਨ, ਪੜ੍ਹ ਕੇ ਵਿਸਾਰ ਦਿੱਤੇ ਜਾਂਦੇ ਹਨ। ਲੱਖਾਂ ਲੋਕਾਂ (ਜੋ ਰੋਜ਼ ਇਨ੍ਹਾਂ ਸ਼ਬਦਾਂ ਨੂੰ ਪੜ੍ਹਦੇ ਹਨ); ਦੀ ਇਨ੍ਹਾਂ ਪੂਰਨ ਬ੍ਰਹਮ ਗਿਆਨ ਦੇ ਅਨਮੋਲ ਰਤਨਾਂ ਤੇ ਅਮਲ ਨਾ ਕਰਨਾ ਉਨ੍ਹਾਂ ਦੀ ਬੇਧਿਆਨੀ ਦਾ ਪ੍ਰਤੱਖ ਪ੍ਰਮਾਣ ਹੈ। ਐਸੇ ਲੋਕ ਜੋ ਵਰਤਮਾਨ ਵਿੱਚ ਪ੍ਰਚਲਿਤ ਧਾਰਮਿਕ ਅਮਲਾਂ ਨਾਲ ਜੁੜੇ ਹੋਏ ਹਨ, ਉਹ ਇਨ੍ਹਾਂ ਪਰਮ ਸ਼ਕਤੀਸ਼ਾਲੀ ਰਤਨਾਂ ਦੀ ਮਹਿਮਾ ਤੋਂ ਅਨਭਿੱਗ ਹਨ। ਬਹੁਤੇ ਲੋਕਾਂ ਦਾ ਕੋਈ ਅਧਿਆਤਮਿਕ ਵਿਕਾਸ ਨਾ ਹੋਣ ਦਾ ਇਹੀ ਕਾਰਨ ਹੈ ਜਿਹੜੇ ਹਰ ਰੋਜ਼ ਗੁਰਬਾਣੀ ਪੜ੍ਹਣ ਅਤੇ ਕੇਵਲ ਪੜ੍ਹਣ ਵਿੱਚ ਰੁੱਝੇ ਹੋਏ ਹਨ। ਦੁੱਖ ਇਹ ਹੈ ਕਿ ਉਹ ਸੋਚਦੇ ਹਨ ਕਿ ਕੇਵਲ ਗੁਰਬਾਣੀ ਪੜ੍ਹ ਕੇ ਹੀ ਉਹ ਆਪਣੇ ਮਕਸਦ ਨੂੰ ਪੂਰਾ ਕਰ ਰਹੇ ਹਨ। ਉਹ ਇਸ ਤੱਥ ਦਾ ਜ਼ਰਾ ਵੀ ਧਿਆਨ ਨਹੀਂ ਕਰਦੇ ਕਿ ਉਹ ਕਿ ਪੜ੍ਹ ਰਹੇ ਹਨ ਅਤੇ ਗੁਰਬਾਣੀ ਉਨ੍ਹਾਂ ਨੂੰ ਕਰਨ ਲਈ ਕੀ ਕਹਿੰਦੀ ਹੈ। ਇੱਥੇ ਇਹ ਪਰਮ ਸਤਿ ਦਾ ਤੱਥ ਪ੍ਰਗਟ ਕਰਨਾ ਜ਼ਰੂਰੀ ਹੈ ਕਿ ਆਮ ਧਾਰਮਿਕ ਪ੍ਰਚਾਰਕ, ਜੋ ਆਪ ਅਧੂਰੇ ਹਨ, ਜਿਨ੍ਹਾਂ ਨੇ ਆਪ ਪੂਰਨ ਅਵਸਥਾ ਦੀ ਪ੍ਰਾਪਤੀ ਨਹੀਂ ਕੀਤੀ ਹੈ, ਜਿਨ੍ਹਾਂ ਨੂੰ ਆਪ ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਆਤਮ ਰਸ ਅੰਮ੍ਰਿਤ ਪ੍ਰਾਪਤ ਨਹੀਂ ਹੈ, ਜਿਨ੍ਹਾਂ ਨੂੰ ਪ੍ਰਚਾਰ ਕਰਨ ਦਾ ਕੋਈ ਦਰਗਾਹੀ ਹੁਕਮ ਨਹੀਂ ਹੈ, ਜਿਨ੍ਹਾਂ ਨੇ ਧਾਰਮਿਕ ਪ੍ਰਚਾਰ ਆਪਣਾ ਕਿੱਤਾ ਬਣਾ ਲਿਆ ਹੈ ਅਤੇ ਇਹ ਸਮਝਦੇ ਹਨ ਕਿ ਉਹ ਸੇਵਾ ਕਰ ਰਹੇ ਹਨ, ਜੋ ਗੁਰਬਾਣੀ ਵੇਚਣ ਵਿੱਚ ਰੁਝੇ ਹੋਏ ਹਨ, ਜੋ ਗੁਰਬਾਣੀ ਕੀਰਤਨ ਦਾ ਮੁੱਲ ਪਾਉਣ ਵਿੱਚ ਵਿਅਸਤ

ਹਨ, ਐਸੇ ਪ੍ਰਚਾਰਕਾਂ ਦੇ ਹੱਥੇ ਚੜ੍ਹੇ ਹੋਏ ਲੱਖਾਂ ਲੋਕ ਇਨ੍ਹਾਂ ਪ੍ਰਚਾਰਕਾਂ ਨੂੰ ਹੀ ਸੱਚ ਮੰਨ ਰਹੇ ਹਨ। ਪਰੰਤੂ ਇਹ ਬੇਚਾਰੇ ਲੱਖਾਂ ਲੋਕ ਇਸ ਪਰਮ ਸਤਿ ਤੱਤ ਨੂੰ ਨਹੀਂ ਜਾਣਦੇ ਹਨ ਕਿ ਜੋ ਪ੍ਰਚਾਰਕ ਆਪ ਮਾਇਆ ਦੇ ਗ਼ੁਲਾਮ ਹਨ ਉਹ ਤੁਹਾਨੂੰ ਕੀ ਦੇ ਸਕਦੇ ਹਨ। ਕਿਉਂਕਿ ਜਿਥੇ ਮਾਇਆ ਵਰਤਦੀ ਹੈ ਉੱਥੋਂ ਰੂਹਾਨੀਅਤ ਭੱਜ ਜਾਂਦੀ ਹੈ। ਕਿਉਂਕਿ ਜਿਥੇ ਝੂਠ ਵਰਤਦਾ ਹੈ ਉੱਥੋਂ ਰੂਹਾਨੀਅਤ ਭੱਜ ਜਾਂਦੀ ਹੈ। ਕਿਉਂਕਿ ਜਿੱਥੇ ਗੁਰਬਾਣੀ ਵੇਚੀ ਜਾਂ ਖਰੀਦੀ ਜਾਂਦੀ ਹੈ ਉੱਥੇ ਗੁਰੂ ਦੀ ਕਿਰਪਾ ਨਹੀਂ ਵਰਤਦੀ ਹੈ। ਜਿੱਥੇ ਪੂਰਨ ਸਤਿ ਨਹੀਂ ਵਰਤਦਾ ਉੱਥੇ ਗੁਰੂ ਦੀ ਕਿਰਪਾ ਨਹੀਂ ਵਰਤਦੀ ਹੈ ਕਿਉਂਕਿ ਉੱਥੇ ਮਾਇਆ ਵਰਤਦੀ ਹੈ। ਇਹ ਹੀ ਕਾਰਨ ਹੈ ਕਿ ਇਨ੍ਹਾਂ ਮਾਇਆ ਦੇ ਗ਼ੁਲਾਮ ਝੂਠੇ ਧਰਮ ਪ੍ਰਚਾਰਕਾਂ ਦੇ ਮਗਰ ਲੱਗੇ ਹੋਏ ਲੋਕਾਂ ਦੀਆਂ ਉਮਰਾਂ ਬੀਤ ਜਾਂਦੀਆਂ ਹਨ ਪਰ ਉਨ੍ਹਾਂ ਨੂੰ ਕੋਈ ਰੂਹਾਨੀ ਪ੍ਰਾਪਤੀ ਨਹੀਂ ਹੁੰਦੀ ਹੈ, ਕਿਉਂਕਿ ਇਹ ਧਰਮ ਪ੍ਰਚਾਰ ਨੂੰ ਆਪਣਾ ਕਿੱਤਾ ਬਣਾ ਬੈਠੇ ਹਨ ਅਤੇ ਨਾ ਹੀ ਇਹ ਪੂਰਨ ਸਤਿ ਵਰਤਾਉਣ ਦੇ ਸਮਰੱਥ ਹਨ। ਇਸ ਪਰਮ ਸਤਿ ਤੱਥ ਨੂੰ ਲੁਕਾਈ ਲਈ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ। ਇਸ ਪਰਮ ਸਤਿ ਤੱਥ ਨੂੰ ਜਾਣਨ, ਸਮਝਣ ਅਤੇ ਮੰਨਣ ਨਾਲ ਹੀ ਲੁਕਾਈ ਦੇ ਹਿਰਦਿਆਂ ਵਿੱਚ ਇਹ ਗਿਆਨ ਪ੍ਰਗਟ ਹੋਵੇਗਾ ਕਿ ਗੁਰਬਾਣੀ ਦਾ ਉਪਦੇਸ਼ ਅਸਲ ਵਿੱਚ ਕੀ ਹੈ ਅਤੇ ਉਨ੍ਹਾਂ ਨੂੰ ਗੁਰਬਾਣੀ ਕੀ ਕਰਨ ਨੂੰ ਕਹਿ ਰਹੀ ਹੈ। ਇਸੇ ਪਰਮ ਸ਼ਕਤੀਸ਼ਾਲੀ 'ਸਤਿ' ਤੱਤ ਦੀ ਕਥਾ ਧੰਨ ਧੰਨ ਸਤਿਗੁਰੂ ਅਵਤਾਰ ਅਰਜਨ ਦੇਵ ਪਾਤਸ਼ਾਹ ਜੀ ਨੇ ਇਨ੍ਹਾਂ ਬਚਨਾਂ ਵਿੱਚ ਪ੍ਰਗਟ ਕੀਤੀ ਹੈ।

ਧੰਨ ਧੰਨ ਪਾਰਬ੍ਰਹਮ ਪਰਮੇਸ਼ਰ 'ਸਤਿ' ਰੂਪ ਹੈ ਅਤੇ ਉਸ ਦਾ ਵਾਸਾ ਵੀ 'ਸਤਿ' ਰੂਪ ਹੋ ਗਏ ਹਿਰਦੇ ਵਿੱਚ ਹੀ ਹੁੰਦਾ ਹੈ। ਭਾਵ ਜੋ ਮਨੁੱਖ ਪੂਰਨ ਸਚਿਆਰੀ ਰਹਿਤ ਦੀ ਕਮਾਈ ਕਰ ਲੈਂਦਾ ਹੈ ਉਹ 'ਸਤਿ' ਰੂਪ ਹੋ ਜਾਂਦਾ ਹੈ। ਐਸਾ ਮਨੁੱਖ ਜੋ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਜਾ ਕੇ ਜੀਵਨ ਮੁਕਤ ਹੋ ਜਾਂਦਾ ਹੈ, ਉਹ ਮਨੁੱਖ 'ਸਤਿ' ਰੂਪ ਹੋ ਜਾਂਦਾ ਹੈ। ਐਸਾ ਮਨੁੱਖ ਜਿਸ ਦੀ ਤ੍ਰਿਸ਼ਣਾ ਬੁਝ ਜਾਂਦੀ ਹੈ, ਜੋ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਜਿੱਤ ਲੈਂਦਾ ਹੈ ਉਸ ਮਨੁੱਖ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ ਅਤੇ ਉਹ 'ਸਤਿ' ਰੂਪ ਹੋ ਜਾਂਦਾ ਹੈ। ਹਿਰਦੇ ਦੀ ਪੂਰਨ ਸਚਿਆਰੀ ਰਹਿਤ ਹੀ ਪੂਰਨ ਸਤਿ ਧਾਰਨ ਕਰਨ ਦੀ ਅਸਲੀ ਰਹਿਤ ਹੈ, ਬਾਕੀ ਸਾਰੀਆਂ ਰਹਿਤਾਂ ਬਾਹਰਲੀਆਂ ਰਹਿਤਾਂ ਹਨ ਅਤੇ ਝੂਠੀਆਂ ਰਹਿਤਾਂ ਹਨ। ਕੇਵਲ ਅੰਦਰਲੀ ਰਹਿਤ, ਜੋ ਕਿ ਮਾਇਆ ਨੂੰ ਜਿੱਤਣ ਦੀ ਰਹਿਤ ਹੈ ਉਹ ਪੂਰਨ ਸਤਿ ਨੂੰ ਧਾਰਨ ਕਰਨ ਦੀ ਰਹਿਤ ਹੈ ਜੋ ਕਿ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਹੈ। ਇਹ ਪੂਰਨ ਸਤਿ ਹੈ ਕਿ ਬਾਹਰਲੀਆਂ ਰਹਿਤਾਂ ਨਾਲ ਦੁਨੀਆਂ ਦੇ ਲੋਕਾਂ ਕੋਲੋਂ ਤਾਂ ਭਾਵੇਂ ਮਾਣ ਪ੍ਰਾਪਤ ਹੋ ਜਾਵੇ, ਪਰੰਤੂ ਦਰਗਾਹ ਵਿੱਚ ਮਾਣ ਪ੍ਰਾਪਤ ਨਹੀਂ ਹੋ ਸਕਦਾ ਹੈ। ਦਰਗਾਹ ਵਿੱਚ ਮਾਣ ਕੇਵਲ ਅੰਦਰਲੀ ਰਹਿਤ, ਹਿਰਦੇ ਦੀ ਪੂਰਨ ਸਚਿਆਰੀ ਰਹਿਤ, ਮਾਇਆ ਨੂੰ ਜਿੱਤਣ ਦੀ ਰਹਿਤ ਦੀ ਕਮਾਈ ਕਰਨ ਨਾਲ ਹੀ ਹੁੰਦਾ ਹੈ। ਬੰਦਗੀ ਅੰਦਰਲੀ ਖੇਡ ਹੈ, ਗੁਰਪ੍ਰਸਾਦਿ ਦੀ ਕਮਾਈ, ਪੂਰਨ ਬੰਦਗੀ ਦੀ ਕਮਾਈ, ਪੂਰਨ ਸਚਿਆਰੀ ਰਹਿਤ ਦੀ ਕਮਾਈ, ਨਾਮ ਦੀ ਕਮਾਈ, ਮਾਇਆ ਨੂੰ ਜਿੱਤਣ ਦੀ ਕਮਾਈ, ਤ੍ਰਿਸ਼ਣਾ ਦਾ ਬੁੱਝ ਜਾਣਾ ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਜਿੱਤਣਾ ਸਭ ਅੰਦਰਲੀ ਕਮਾਈ ਹੈ। ਜੋ ਮਨੁੱਖ ਇਹ ਅੰਦਰਲੀ ਕਮਾਈ ਕਰਦਾ ਹੈ ਕੇਵਲ ਐਸੇ 'ਸਤਿ' ਰੂਪ ਹਿਰਦੇ ਵਿੱਚ ਹੀ 'ਸਤਿ' ਰੂਪ ਅਕਾਲ ਪੁਰਖ ਆਪ ਪ੍ਰਗਟ ਹੋ ਜਾਂਦਾ ਹੈ।

ਕੇਵਲ ਐਸੇ ਪੁਰਖ ਹੀ ਪ੍ਰਧਾਨ ਪੁਰਖ ਹਨ ਜੋ ਸਤਿ ਰੂਪ ਹੋ ਜਾਂਦੇ ਹਨ। ਕੇਵਲ ਐਸੇ ਪੁਰਖ

ਹੀ ਪ੍ਰਧਾਨ ਪੁਰਖ ਹਨ ਜਿਨ੍ਹਾਂ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ ਅਤੇ ਸਤਿ ਰੂਪ ਹੋ ਜਾਂਦਾ ਹੈ। ਕੇਵਲ ਐਸੇ ਸਤਿ ਰੂਪ ਹਿਰਦੇ ਵਿੱਚ ਹੀ ਅਕਾਲ ਪੁਰਖ ਆਪ ਪ੍ਰਗਟ ਹੁੰਦਾ ਹੈ। ਕੇਵਲ ਐਸੇ ਸਤਿ ਰੂਪ ਹੋ ਗਏ ਪੁਰਖ ਨੂੰ ਹੀ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਚੌਥੇ ਪਦ ਵਿੱਚ ਅਕਾਲ ਪੁਰਖ ਦੇ ਦਰਸ਼ਨ ਪ੍ਰਾਪਤ ਹੁੰਦੇ ਹਨ ਅਤੇ ਪੂਰਨ ਬ੍ਰਹਮ ਗਿਆਨ, ਆਤਮ ਰਸ ਅੰਮ੍ਰਿਤ ਅਤੇ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਤਰ੍ਹਾਂ ਨਾਲ ਪੂਰਨ ਸਤਿ ਦੀ ਮਹਿਮਾ ਧਰਤੀ ਉੱਪਰ ਪੁਰਖ ਪ੍ਰਧਾਨ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ। ਭਾਵ ਸਤਿ ਦੀ ਮਹਿਮਾ ਪੂਰਨ ਬ੍ਰਹਮ ਗਿਆਨੀ ਦੇ ਰੂਪ ਵਿੱਚ, ਪ੍ਰਗਟਿਓ ਜੋਤ ਦੇ ਰੂਪ ਵਿੱਚ ਧਰਤੀ ਉੱਪਰ ਪ੍ਰਤੱਖ ਪ੍ਰਗਟ ਹੁੰਦੀ ਹੈ। ਐਸੇ ਪਰਮ ਸ਼ਕਤੀਸ਼ਾਲੀ ਮਹਾਂਪੁਰਖਾਂ ਦੀ ਮਹਿਮਾ ਉਨ੍ਹਾਂ ਦੀ ਪਰਉਪਕਾਰੀ ਅਤੇ ਮਹਾ ਪਰਉਪਕਾਰੀ ਸੇਵਾ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ। ਉਨ੍ਹਾਂ ਦੀ ਹਰ ਇੱਕ ਰੋਜ਼ਾਨਾ ਦੀ ਕਰਨੀ ਵਿੱਚ, ਉਨ੍ਹਾਂ ਦੀ ਸੰਗਤ ਦੀ ਸੇਵਾ ਵਿੱਚ, ਉਨ੍ਹਾਂ ਦੀ ਧਰਤੀ ਉੱਪਰ ਵਰਤ ਰਹੇ ਕੂੜ ਨੂੰ ਸਾਫ਼ ਕਰਨ ਦੀ ਸੇਵਾ ਵਿੱਚ, ਉਨ੍ਹਾਂ ਦੇ ਗੁਰਪ੍ਰਸਾਦਿ ਵਰਤਾਉਣ ਦੀ ਸੇਵਾ ਵਿੱਚ, ਉਨ੍ਹਾਂ ਦੇ ਅੰਮ੍ਰਿਤ ਵਰਤਾਉਣ ਦੀ ਸੇਵਾ ਵਿੱਚ, ਉਨ੍ਹਾਂ ਦੀ ਸੰਗਤ ਦੇ ਵਿੱਚ ਸੁਹਾਗਣਾਂ ਅਤੇ ਸਦਾ ਸੁਹਾਗਣਾਂ ਨੂੰ ਪ੍ਰਗਟ ਕਰਨ ਦੀ ਸੇਵਾ ਵਿੱਚ, ਉਨ੍ਹਾਂ ਦੇ ਪਰਉਪਕਾਰ ਅਤੇ ਮਹਾ ਪਰਉਪਕਾਰ ਦੀ ਸੇਵਾ ਵਿੱਚ ਪੂਰਨ ਸਤਿ ਦੀ ਮਹਿਮਾ ਆਪ ਪ੍ਰਗਟ ਹੁੰਦੀ ਹੈ। ਕਿਉਂਕਿ ਐਸੇ ਪੁਰਖ ਪ੍ਰਧਾਨ ਕੇਵਲ ਪੂਰਨ ਸਤਿ ਦੀ ਸੇਵਾ ਕਰਦੇ ਹਨ ਅਤੇ ਕੇਵਲ ਪੂਰਨ ਸਤਿ ਵਰਤਾਉਂਦੇ ਹਨ। ਇਸ ਲਈ ਉਨ੍ਹਾਂ ਦੀ ਪਲ ਪਲ ਛਿੰਨ ਛਿੰਨ ਦੀ ਕਰਨੀ ਕੇਵਲ ਪੂਰਨ ਸਤਿ ਦੀ ਕਰਨੀ ਹੋ ਕੇ ਪ੍ਰਗਟ ਹੁੰਦੀ ਹੈ। ਐਸੇ ਪੁਰਖ ਪ੍ਰਧਾਨ ਜਿਨ੍ਹਾਂ ਦਾ ਰੋਮ-ਰੋਮ ਅੰਮ੍ਰਿਤ ਵਿੱਚ ਰੱਤਿਆ ਜਾਂਦਾ ਹੈ, ਜਿਨ੍ਹਾਂ ਦਾ ਰੋਮ-ਰੋਮ ਸਤਿ ਬਣ ਜਾਂਦਾ ਹੈ, ਜਿਨ੍ਹਾਂ ਦੇ ਰੋਮ-ਰੋਮ ਵਿੱਚੋਂ ਅੰਮ੍ਰਿਤ ਛੁੱਲ੍ਹ-ਛੁੱਲ੍ਹ ਪੈਂਦਾ ਹੈ, ਜਿਨ੍ਹਾਂ ਦੀ ਦੇਹੀ ਅੰਮ੍ਰਿਤ ਨਾਲ ਸਦਾ ਭਰਪੂਰ ਰਹਿੰਦੀ ਹੈ ਅਤੇ ਉਸ ਵਿੱਚੋਂ ਅੰਮ੍ਰਿਤ ਛੁੱਲ੍ਹ-ਛੁੱਲ੍ਹ ਪੈਂਦਾ ਹੈ, ਜਿਨ੍ਹਾਂ ਦੇ ਰੋਮ-ਰੋਮ ਵਿੱਚੋਂ ਇਲਾਹੀ ਪ੍ਰਕਾਸ਼ ਨਿਕਲਦਾ ਹੈ, ਜਿਨ੍ਹਾਂ ਦਾ ਛਤਰ ਸਾਰੇ ਬ੍ਰਹਿਮੰਡ ਵਿੱਚ ਝੂਲਦਾ ਹੈ, ਜਿਨ੍ਹਾਂ ਦੇ ਚਰਨਾਂ ਵਿੱਚ ਹਜ਼ਾਰਾਂ ਸੂਰਜਾਂ ਦਾ ਪ੍ਰਕਾਸ਼ ਹੁੰਦਾ ਹੈ, ਜਿਨ੍ਹਾਂ ਦੀ ਸੰਗਤ ਵਿੱਚ ਸੁਹਾਗਣਾਂ ਅਤੇ ਸਦਾ ਸੁਹਾਗਣਾਂ ਜਨਮ ਲੈਂਦੀਆਂ ਹਨ, ਜਿਨ੍ਹਾਂ ਦੀ ਸੰਗਤ ਵਿੱਚ ਗੁਰਪ੍ਰਸਾਦਿ ਵਰਤਦਾ ਹੈ, ਜਿਨ੍ਹਾਂ ਦੀ ਸੰਗਤ ਵਿੱਚ ਪੂਰਨ ਸਤਿ ਦੀ ਸੇਵਾ ਹੁੰਦੀ ਹੈ ਅਤੇ ਪੂਰਨ ਸਤਿ ਵਰਤਦਾ ਹੈ, ਐਸੇ ਮਹਾਂਪੁਰਖਾਂ ਦੀ ਕਰਨੀ ਕੇਵਲ ਸਤਿ ਦੀ ਕਰਨੀ ਹੁੰਦੀ ਹੈ ਅਤੇ ਉਨ੍ਹਾਂ ਦੇ ਬਚਨ ਕੇਵਲ ਪੂਰਨ ਸਤਿ ਬਚਨ ਹੁੰਦੇ ਹਨ। ਐਸੇ ਮਹਾਂਪੁਰਖਾਂ ਦੇ ਬਚਨ ਦਰਗਾਹੀ ਬਚਨ ਹੁੰਦੇ ਹਨ। ਐਸੇ ਮਹਾਂਪੁਰਖਾਂ ਦੇ ਬਚਨ ਦਰਗਾਹੀ ਹੁਕਮ ਹੁੰਦੇ ਹਨ। ਐਸੇ ਮਹਾਂਪੁਰਖਾਂ ਦੇ ਬਚਨ ਦਰਗਾਹ ਵਿੱਚ ਸਦਾ-ਸਦਾ ਲਈ ਉੱਕਰੇ ਜਾਂਦੇ ਹਨ। ਐਸੇ ਮਹਾਂਪੁਰਖਾਂ ਦੇ ਬਚਨ ਹੀ ਧਰਤੀ ਉੱਪਰ ਵਾਪਰਦੇ ਹਨ।

ਸਤਿ ਪਾਰਬ੍ਰਹਮ ਪਰਮੇਸ਼ਰ ਦੀ ਜੋਤ ਹਰ ਇੱਕ ਪ੍ਰਾਣੀ ਵਿੱਚ ਮੌਜੂਦ ਹੈ। ਹਰ ਇੱਕ ਪ੍ਰਾਣੀ ਦੀ ਹੋਂਦ ਕੇਵਲ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਜੋਤ ਦੇ ਕਾਰਨ ਹੀ ਹੈ। ਇਹ ਜੋਤ ਹੀ ਸਤਿ ਤੱਤ ਹੈ ਜਿਸ ਦੇ ਕਾਰਨ ਹਰ ਇੱਕ ਪ੍ਰਾਣੀ ਦੀ ਹੋਂਦ ਹੈ। ਇਸ ਸਤਿ ਤੱਤ ਦੇ ਰੂਪ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਆਪਣੀ ਸਾਰੀ ਰਚਨਾ ਵਿੱਚ ਸਮਾਇਆ ਹੋਇਆ ਹੈ। ਮਨੁੱਖਾ ਦੇਹੀ ਦੇ ਪ੍ਰਾਣਾਂ ਦਾ ਆਧਾਰ ਇਹ ਪਰਮ ਸਤਿ ਤੱਤ ਹੀ ਹੈ। ਮਨੁੱਖਾ ਦੇਹੀ ਵਿੱਚ ਮੌਜੂਦ ਸਾਰੀਆਂ ਸ਼ਕਤੀਆਂ ਦਾ ਆਧਾਰ ਕੇਵਲ ਇਹ ਸਤਿ ਤੱਤ ਹੀ ਹੈ। ਮਨੁੱਖ ਦੀਆਂ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਦਾ ਆਧਾਰ ਇਹ ਪਰਮ ਸਤਿ ਤੱਤ ਹੀ ਹੈ। ਕੇਵਲ ਇਤਨਾ ਹੀ ਨਹੀਂ, ਮਨੁੱਖਾ ਦੇਹੀ ਵਿੱਚ ਮਨੁੱਖ ਦੀ ਸੂਖਸ਼ਮ ਦੇਹੀ (ਆਤਮਾ) ਦੇ

ਸਰੂਪ ਵਿੱਚ ਇਹ ਪਰਮ ਸ਼ਕਤੀਸ਼ਾਲੀ ਸਤਿ ਤੱਤ ਹੀ ਮੌਜੂਦ ਹੈ। ਮਨੁੱਖ ਦੀ ਸੂਖਸ਼ਮ ਦੇਹੀ ਵਿੱਚ ਹੀ ਸਤਿ ਤੱਤ ਦੇ ਰੂਪ ਵਿੱਚ ੭ ਸਤਿ ਸਰੋਵਰਾਂ ਦੀ ਰਚਨਾ ਵੀ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਕੀਤੀ ਹੈ ਅਤੇ ਇਨ੍ਹਾਂ ੭ ਸਤਿ ਸਰੋਵਰਾਂ ਵਿੱਚ ਆਪਣੀਆਂ ਸਾਰੀਆਂ ਪਰਮ ਸ਼ਕਤੀਆਂ ਸਥਾਪਿਤ ਕੀਤੀਆਂ ਹੋਇਆਂ ਹਨ। ਇਸੇ ਤਰ੍ਹਾਂ ਸਤਿ ਪਾਰਬ੍ਰਹਮ ਪਰਮੇਸ਼ਰ ਇਹ ਸਤਿ ਤੱਤ ਦੇ ਰੂਪ ਵਿੱਚ ਸਾਰੀ ਰਚਨਾ ਵਿੱਚ ਸਮਾਇਆ ਹੋਇਆ ਹੈ। ਇਸ ਲਈ ਸਤਿ ਤੱਤ ਹੀ ਸਾਰੀ ਸ੍ਰਿਸ਼ਟੀ ਦਾ ਮੂਲ ਹੈ। ਸਾਰੀ ਸ੍ਰਿਸ਼ਟੀ ਦੀ ਉਤਪਤੀ ਇਸ ਸਤਿ ਤੱਤ ਵਿੱਚੋਂ ਹੀ ਹੁੰਦੀ ਹੈ। ਸਤਿ ਤੱਤ ਹੀ ਸਾਰੀ ਸ੍ਰਿਸ਼ਟੀ ਦਾ ਗਰਭ ਹੈ। ਸਤਿ ਤੱਤ ਵਿੱਚ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਸਾਰੀਆਂ ਪਰਮ ਸ਼ਕਤੀਆਂ, ਜਿਨ੍ਹਾਂ ਦੀ ਵਰਤੋਂ ਨਾਲ ਉਹ ਸਾਰੀ ਸ੍ਰਿਸ਼ਟੀ ਦੀ ਰਚਨਾ, ਪਾਲਣਾ ਅਤੇ ਸੰਘਾਰ ਕਰ ਰਿਹਾ ਹੈ ਉਹ ਸਾਰੀਆਂ ਪਰਮ ਸ਼ਕਤੀਆਂ ਇਸ ਸਤਿ ਤੱਤ ਵਿੱਚ ਹੀ ਸਮਾਈਆਂ ਹੋਇਆਂ ਹਨ। ਇਸ ਲਈ ਇਹ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ ਕਿ ਸ਼ਬਦ ਸਤਿ ਕੇਵਲ ਇੱਕ ਸ਼ਬਦ ਹੀ ਨਹੀਂ ਹੈ ਬਲਕਿ ਇਸ ਪਰਮ ਸ਼ਕਤੀਸ਼ਾਲੀ ਸ਼ਬਦ ਸਤਿ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਆਪਣੀ ਹਸਤੀ, ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਾਰੇ ਦਰਗਾਹੀ ਵਿਧਾਨ, ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਸਾਰੀਆਂ ਬੇਅੰਤ ਪਰਮ ਸ਼ਕਤੀਆਂ, ਸਤਿ ਪਾਰਬ੍ਰਹਮ ਦੀ ਸਾਰੀ ਰਚਨਾ, ਸਤਿ ਪਾਰਬ੍ਰਹਮ ਪਰਮੇਸ਼ਰ ਦੀ ਦਰਗਾਹ ਅਤੇ ਦਰਗਾਹ ਵਿੱਚ ਬੈਠੇ ਸਾਰੇ ਪੀਰ, ਪੈਗੰਬਰ, ਅਵਤਾਰ, ਸਤਿਗੁਰੂ, ਬ੍ਰਹਮ ਗਿਆਨੀ, ਸੰਤ ਅਤੇ ਭਗਤ ਸਭ ਸਮਾਏ ਹੋਏ ਹਨ।

ਸਤਿ ਦੀ ਕਰਨੀ ਹੀ ਸ਼ਕਤੀਸ਼ਾਲੀ ਕਰਨੀ ਹੈ। ਸਤਿ ਦੀ ਕਰਨੀ ਪਾਵਨ ਪਵਿੱਤਰ ਕਰਨੀ ਹੈ। ਸਤਿ ਦੀ ਕਰਨੀ ਹੀ ਧਰਮ ਦੀ ਕਰਨੀ ਹੈ। ਇਸ ਲਈ ਸਤਿ ਦੀ ਕਰਨੀ ਨਿਰਮਲ ਹੈ। ਮਾਇਆ ਦੀ ਰਜੋ ਅਤੇ ਤਮੋ ਬਿਰਤੀ ਦੇ ਅਧੀਨ ਕੀਤੀ ਗਈ ਕਰਨੀ ਅਸਤਿ ਦੀ ਕਰਨੀ ਹੈ। ਆਪਣੀ ਤ੍ਰਿਸ਼ਨਾ ਨੂੰ ਪੂਰੀ ਕਰਨ ਵਾਸਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਵਿੱਚ ਕੀਤੇ ਗਏ ਸਾਰੇ ਕਰਮ ਝੂਠੇ ਹੁੰਦੇ ਹਨ। ਜੋ ਮਨੁੱਖ ਇਸ ਸੋਝੀ ਨਾਲ ਨਿਵਾਜੇ ਜਾਂਦੇ ਹਨ ਕਿ ਸਤਿ ਦੀ ਕਰਨੀ ਹੀ ਨਿਰਮਲ ਹੈ ਉਹ ਮਨੁੱਖ ਸਤਿ ਦੀ ਕਰਨੀ ਵਿੱਚ ਰੱਤੇ ਜਾਣ ਕਰ ਕੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਲੈਂਦੇ ਹਨ ਅਤੇ ਆਪਣੀ ਬੰਦਗੀ ਪੂਰਨ ਕਰ ਕੇ ਸਤਿ ਰੂਪ ਹੋ ਜਾਂਦੇ ਹਨ। ਇਸ ਲਈ ਸਤਿ ਦੀ ਕਰਨੀ ਪ੍ਰਧਾਨ ਹੈ ਅਤੇ ਸਾਰੀ ਲੁਕਾਈ ਦੇ ਚਰਨਾਂ ਉੱਪਰ ਬੇਨਤੀ ਹੈ ਕਿ ਆਪਣੇ ਆਪ ਉੱਪਰ ਕਿਰਪਾ ਕਰੋ ਅਤੇ ਸਤਿ ਦੀ ਕਰਨੀ ਉੱਪਰ ਆਪਣਾ ਧਿਆਨ ਕੇਂਦਰਿਤ ਕਰੋ ਅਤੇ ਕੇਵਲ ਸਤਿ ਦੀ ਕਰਨੀ ਨੂੰ ਆਪਣੀ ਆਦਤ ਬਣਾ ਲਵੋ ਜੀ ਤਾਂ ਜੋ ਆਪ ਦੇ ਸਤਿ ਕਰਮ ਇਕੱਤਰ ਹੋਣੇ ਸ਼ੁਰੂ ਹੋ ਜਾਣ ਅਤੇ ਇਸ ਤਰ੍ਹਾਂ ਸਤਿ ਦੀ ਕਰਨੀ ਕਰਦੇ-ਕਰਦੇ ਆਪ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਸਕੇ ਅਤੇ ਆਪ ਬੰਦਗੀ ਕਰ ਕੇ ਸਤਿ ਰੂਪ ਹੋ ਸਕੋ।

ਸਤਿ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਪ੍ਰਗਟ ਕਰਨ ਵਾਸਤੇ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਆਪਣਾ ਨਾਮੁ ਵੀ 'ਸਤਿ' ਹੀ ਥਾਪਿਆ ਹੈ। ਇਸ ਲਈ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਆਪਣਾ ਨਾਮ ਵੀ 'ਸਤਿਨਾਮੁ' ਥਾਪਿਆ ਹੈ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਗੁਰਪ੍ਰਸਾਦੀ ਨਾਮੁ 'ਸਤਿਨਾਮੁ' ਹੀ ਹੈ। ਸਤਿ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦੀ ਇੱਕ ਝਲਕ, ਜੋ ਇਸ ਲਿਖਤ ਵਿੱਚ ਪਹਿਲਾਂ ਲਿਖੀ ਗਈ ਹੈ ਅਤੇ ਅੱਗੇ ਵੀ ਲਿਖੀ ਜਾਏਗੀ ਉਹ ਬੇਅੰਤ ਮਹਿਮਾ 'ਸਤਿਨਾਮੁ' ਵਿੱਚ ਹੀ ਸਮਾਈ ਹੋਈ ਹੈ। ਸਾਰੇ ਦਰਗਾਹੀ ਖ਼ਜ਼ਾਨੇ ਅਤੇ ਦਰਗਾਹੀ ਸੁੱਖ, ਸਤਿ ਚਿੱਤ ਆਨੰਦ, ਸਾਰੇ ਦਰਗਾਹੀ ਗੁਣ ਅਤੇ ਪਰਮ ਸ਼ਕਤੀਆਂ 'ਸਤਿਨਾਮੁ' ਵਿੱਚ

ਹੀ ਸਮਾਈਆਂ ਹੋਈਆਂ ਹਨ। ਇਸ ਲਈ ਜੋ ਮਨੁੱਖ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੇ ਨਾਲ ਪੂਰਨ ਸ਼ਰਧਾ, ਪੂਰਨ ਪ੍ਰੀਤ ਅਤੇ ਪੂਰਨ ਭਰੋਸੇ ਨਾਲ 'ਸਤਿਨਾਮ' ਸਿਮਰਨ ਵਿੱਚ ਲੀਨ ਹੋ ਜਾਂਦੇ ਹਨ ਉਹ ਮਨੁੱਖ ਸਤਿ ਰੂਪ ਹੋ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ। ਭਾਵ ਪੂਰਨ ਸ਼ਰਧਾ, ਪੂਰਨ ਪ੍ਰੀਤ ਅਤੇ ਪੂਰਨ ਭਰੋਸੇ ਦੇ ਨਾਲ 'ਸਤਿਨਾਮੁ' ਸਿਮਰਨ ਵਿੱਚ ਲੀਨ ਹੋਣ ਦੀ ਦਾਤ ਅਤੇ 'ਸਤਿਨਾਮੁ' ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਕੇਵਲ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ ਹੀ ਪ੍ਰਾਪਤ ਹੁੰਦੀ ਹੈ। ਕਿਉਂਕਿ ਸਤਿਗੁਰੂ ਵਿੱਚ ਹੀ ਪੂਰਨ ਸਤਿ ਵਰਤਦਾ ਹੈ, ਸਤਿਗੁਰੂ ਹੀ ਪੂਰਨ ਸਤਿ ਵਰਤਾਂਦਾ ਹੈ, ਸਤਿਗੁਰੂ ਹੀ ਗੁਰਪ੍ਰਸਾਦਿ ਦਾ ਦਾਤਾ ਹੈ, ਸਤਿਗੁਰੂ ਹੀ ਨਾਮ, ਨਾਮ ਸਿਮਰਨ, ਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦਾ ਦਾਤਾ ਹੈ। ਪੂਰਨ ਸ਼ਰਧਾ, ਪੂਰਨ ਪ੍ਰੀਤ ਅਤੇ ਪੂਰਨ ਭਰੋਸਾ ਵੀ ਸਤਿ ਦੇ ਹੀ ਰੂਪ ਹਨ ਅਤੇ ਇਨ੍ਹਾਂ ਪਰਮ ਸ਼ਕਤੀਸ਼ਾਲੀ ਗੁਣਾਂ ਦਾ ਗਰਭ ਵੀ ਸਤਿ ਹੀ ਹੈ। ਇਸ ਲਈ ਪੂਰਨ ਸ਼ਰਧਾ, ਪੂਰਨ ਪ੍ਰੀਤ ਅਤੇ ਪੂਰਨ ਭਰੋਸਾ ਹੀ ਬੰਦਗੀ ਦੇ ਆਧਾਰ ਹਨ। ਬੰਦਗੀ ਦੀ ਇਮਾਰਤ ਪੂਰਨ ਸ਼ਰਧਾ, ਪੂਰਨ ਪ੍ਰੀਤ ਅਤੇ ਪੂਰਨ ਭਰੋਸੇ ਦੇ ਆਧਾਰ ਉੱਪਰ ਹੀ ਨਿਰਮਿਤ ਹੁੰਦੀ ਹੈ। ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸ਼ਰਧਾ, ਪੂਰਨ ਪ੍ਰੀਤ ਅਤੇ ਪੂਰਨ ਭਰੋਸਾ ਹੀ ਬੰਦਗੀ ਹੈ ਅਤੇ ਇਹ ਪਰਮ ਸ਼ਕਤੀਸ਼ਾਲੀ ਗੁਣਾਂ ਦੀ ਪ੍ਰਾਪਤੀ ਵੀ ਸਤਿਗੁਰੂ ਦੇ ਗੁਰਪ੍ਰਸਾਦਿ ਨਾਲ ਹੀ ਹੁੰਦੀ ਹੈ। ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸ਼ਰਧਾ, ਪੂਰਨ ਪ੍ਰੀਤ ਅਤੇ ਪੂਰਨ ਭਰੋਸੇ ਦੇ ਵਿੱਚ ਡੁੱਬ ਕੇ ਜਦ ਅਸੀਂ ਆਪਣਾ ਪੂਰਨ ਆਪਾ ਸਮਰਪਣ ਕਰ ਦਿੰਦੇ ਹਾਂ ਤਾਂ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸ਼ਰਧਾ, ਪੂਰਨ ਪ੍ਰੀਤ ਅਤੇ ਪੂਰਨ ਭਰੋਸੇ ਦੇ ਵਿੱਚ ਡੁੱਬ ਕੇ ਜਦ ਅਸੀਂ ਆਪਣਾ ਪੂਰਨ ਆਪਾ ਸਮਰਪਣ ਕਰ ਦਿੰਦੇ ਹਾਂ ਤਾਂ ਪੂਰਨ ਬ੍ਰਹਮ ਗਿਆਨ ਦੀ ਅਤੇ ਆਤਮ ਰਸ ਅੰਮ੍ਰਿਤ ਦੀ ਦਾਤ ਦੀ ਪ੍ਰਾਪਤੀ ਹੁੰਦੀ ਹੈ। ਜਦ ਅਸੀਂ ਸਤਿਗੁਰੂ ਨੂੰ ਸਤਿ ਪਾਰਬ੍ਰਹਮ ਰੂਪ ਵਿੱਚ ਮੰਨਦੇ ਹਾਂ ਅਤੇ ਵੇਖਦੇ ਹਾਂ ਅਤੇ ਉਸ ਦੇ ਸਤਿ ਚਰਨਾਂ ਉੱਪਰ ਪੂਰਨ ਸ਼ਰਧਾ, ਪੂਰਨ ਪ੍ਰੀਤ ਅਤੇ ਪੂਰਨ ਭਰੋਸੇ ਨਾਲ ਆਪਣਾ ਤਨ, ਮਨ ਅਤੇ ਧਨ ਅਰਪਣ ਕਰਦੇ ਹਾਂ ਤਾਂ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ ਅਤੇ ਅਸੀਂ ਮਾਇਆ ਨੂੰ ਜਿੱਤ ਕੇ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਚਉਥੇ ਪਦਿ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਪ੍ਰਾਪਤ ਕਰ ਕੇ ਜੀਵਨ ਮੁਕਤੀ ਪ੍ਰਾਪਤ ਕਰਦੇ ਹਾਂ। ਜਦ ਅਕਾਲ ਪੁਰਖ ਦੇ ਦਰਸ਼ਨ ਹੁੰਦੇ ਹਨ ਤਾਂ ਨਾਲ ਹੀ ਸਾਰੇ ਦਰਗਾਹੀ ਖ਼ਜ਼ਾਨਿਆਂ ਦੀ ਵੀ ਪ੍ਰਾਪਤੀ ਹੁੰਦੀ ਹੈ, ਪੂਰਨ ਤੱਤ ਗਿਆਨ, ਪੂਰਨ ਬ੍ਰਹਮ ਗਿਆਨ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ।

ਸਤਿ ਬਚਨ ਸਾਧੂ ਉਪਦੇਸ॥
ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ॥
ਸਤਿ ਨਿਰਤਿ ਬੂਝੈ ਜੇ ਕੋਇ॥
ਨਾਮੁ ਜਪਤ ਤਾਂ ਕਿ ਗਤਿ ਹੋਇ॥
ਆਪਿ ਸਤਿ ਕੀਆ ਸਭੁ ਸਤਿ॥

ਉਹ ਮਨੁੱਖ ਜਿਹੜੇ ਬੰਦਗੀ ਪੂਰਨ ਕਰ ਕੇ ਸਤਿ ਵਿੱਚ ਸਮਾਂ ਜਾਂਦੇ ਹਨ ਅਤੇ ਸਤਿ ਰੂਪ ਬਣ ਜਾਂਦੇ ਹਨ ਉਨ੍ਹਾਂ ਦੇ ਬਚਨ ਕੇਵਲ ਸਤਿ ਬਚਨ ਹੁੰਦੇ ਹਨ। ਭਾਵ ਸਤਿ ਰੂਪ ਹੋ ਗਏ ਮਨੁੱਖ ਜੋ ਸਤਿ ਵਿੱਚ ਅਭੇਦ ਹੋ ਜਾਂਦੇ ਹਨ ਉਨ੍ਹਾਂ ਦੇ ਬਚਨਾਂ ਵਿੱਚ ਸਤਿ ਪਾਰਬ੍ਰਹਮ

ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਵਰਤਦੀਆਂ ਹਨ। ਜੋ ਮਨੁੱਖ ਸਤਿ ਰੂਪ ਹੋ ਜਾਂਦੇ ਹਨ ਉਨ੍ਹਾਂ ਦੀ ਰਸਨਾ ਸਤਿ ਬਚਨ ਉੱਚਾਰਦੀ ਹੈ, ਉਨ੍ਹਾਂ ਦੀ ਬਾਣੀ ਸਤਿ ਹੁੰਦੀ ਹੈ, ਉਨ੍ਹਾਂ ਦੀ ਰਸਨਾ ਉੱਪਰ ਅਕਾਲ ਪੁਰਖ ਆਪ ਆ ਕੇ ਬੋਲਦਾ ਹੈ। ਐਸੇ ਪੂਰਨ ਪੁਰਖ ਦੇ ਬਚਨ ਪੂਰਨ ਸਤਿ ਵਰਤਾਂਦੇ ਹਨ। ਸਾਧੂ ਉਹ ਮਨੁੱਖ ਹੈ ਜਿਸ ਨੇ ਆਪਣੇ ਮਨ ਨੂੰ ਸਾਧ ਲਿਆ ਹੈ। ਭਾਵ ਜਿਸ ਮਨੁੱਖ ਨੇ ਆਪਣਾ ਮਨ ਜਿੱਤ ਲਿਆ ਹੈ ਉਹ ਸਾਧੂ ਹੈ, ਜਿਸ ਮਨੁੱਖ ਨੇ ਮਾਇਆ ਨੂੰ ਜਿੱਤ ਲਿਆ ਹੈ ਉਹ ਮਨੁੱਖ ਸਾਧੂ ਹੈ, ਜੋ ਮਨੁੱਖ ਸਤਿ ਵਿੱਚ ਸਮਾਂ ਗਿਆ ਹੈ ਉਹ ਸਾਧੂ ਹੈ, ਜੋ ਮਨੁੱਖ ਸਤਿ ਰੂਪ ਹੋ ਗਿਆ ਹੈ ਉਹ ਸਾਧੂ ਹੈ। ਇਸ ਲਈ ਸਾਧੂ ਦੀ ਮਹਿਮਾ ਬੇਅੰਤ ਹੈ। ਸਾਧੂ ਜੋ ਕੁਝ ਵੀ ਕਹਿੰਦਾ ਜਾਂ ਕਰਦਾ ਹੈ ਉਹ ਕੇਵਲ ਸਤਿ ਹੁੰਦਾ ਹੈ। ਉਸ ਦੇ ਸਾਰੇ ਬਚਨ ਸਤਿ ਹਨ ਅਤੇ ਧਰਤੀ ਉੱਪਰ ਵਾਪਰਦੇ ਹਨ। ਸਾਧੂ ਦਾ ਹਰ ਇੱਕ ਉਪਦੇਸ਼ ਪੂਰਨ ਸਤਿ ਹੁੰਦਾ ਹੈ ਅਤੇ ਸਦੀਵੀ ਕਾਇਮ ਰਹਿਣ ਵਾਲਾ ਹੁੰਦਾ ਹੈ। ਮਹੱਤਵਪੂਰਨ ਚੀਜ਼ ਹੈ ਉਸ ਦੇ ਸਤਿ ਬਚਨਾਂ ਨੂੰ ਹਿਰਦੇ ਵਿੱਚ ਧਾਰਨ ਕਰਨਾ ਅਤੇ ਉਨ੍ਹਾਂ ਤੋਂ ਲਾਭ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਪਾਲਣ ਕਰਨਾ ਹੈ। ਸਾਧੂ ਇੱਕ ਅਜਿਹਾ ਮਨੁੱਖ ਹੈ ਜਿਸ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਹੈ ਅਤੇ ਸਤਿ ਰੂਪ ਬਣ ਗਿਆ ਹੈ ਅਤੇ ਇਸ ਗੁਣ ਦੁਆਰਾ ਉਹ ਅਕਾਲ ਪੁਰਖ ਵਿੱਚ ਸਮਾਂ ਗਿਆ ਹੈ ਅਤੇ ਉਸ ਨਾਲ ਇਕਮਿਕ ਹੋ ਗਿਆ ਹੈ। ਸਾਧੂ ਦੇ ਬਚਨਾਂ ਵਿੱਚ ਸਤਿ ਦੀ ਬੇਅੰਤ ਬ੍ਰਹਮ ਸ਼ਕਤੀ ਪ੍ਰਗਟ ਹੁੰਦੀ ਹੈ ਜਿਸ ਕਾਰਨ ਇਹ ਬਚਨ ਸਾਡੇ ਜੀਵਨ ਨੂੰ ਬਦਲਣ ਲਈ ਕਾਰਗਰ ਸਿੱਧ ਹੁੰਦੇ ਹਨ। ਜੇਕਰ ਸਾਧੂ ਦੇ ਸਤਿ ਬਚਨਾਂ ਨੂੰ ਪੂਰਨ ਵਿਸ਼ਵਾਸ, ਪੂਰਨ ਸ਼ਰਧਾ ਅਤੇ ਪੂਰਨ ਪ੍ਰੀਤ ਨਾਲ ਪਾਲਣ ਕੀਤੇ ਜਾਣ ਤਾਂ ਇਹ ਸਾਡੇ ਹਿਰਦੇ ਨੂੰ ਪੂਰਨ ਸਚਿਆਰੀ ਰਹਿਤ ਵਿੱਚ ਲੈ ਜਾਂਦੇ ਹਨ ਅਤੇ ਸਾਨੂੰ ਸਤਿ ਵਿੱਚ ਸਮਾਉਣ ਦੀ ਸਮਰੱਥਾ ਰੱਖਦੇ ਹਨ।

ਸਾਧੂ ਦੇ ਸਤਿ ਬਚਨਾਂ ਵਿੱਚ ਅਸੀਮ ਬ੍ਰਹਮ ਸ਼ਕਤੀ ਹੁੰਦੀ ਹੈ। ਇਨ੍ਹਾਂ ਬਚਨਾਂ ਨੂੰ ਜਦੋਂ ਅਸੀਂ ਆਪਣੀ ਕਰਨੀ ਵਿੱਚ ਲੈ ਕੇ ਆਉਂਦੇ ਹਾਂ ਅਤੇ ਇਨ੍ਹਾਂ ਬਚਨਾਂ ਦੀ ਕਮਾਈ ਕਰਦੇ ਹਾਂ ਤਾਂ ਸਾਡਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ, ਹਿਰਦੇ ਵਿੱਚ ਪਰਮ ਜੋਤ ਪ੍ਰਗਟ ਹੋ ਜਾਂਦੀ ਹੈ, ਹਿਰਦੇ ਵਿੱਚ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਇਸ ਤਰ੍ਹਾਂ ਨਾਲ ਸਾਧੂ ਦੇ ਬਚਨਾਂ ਦੀ ਕਮਾਈ ਕਰਨ ਨਾਲ ਮਨੁੱਖ 'ਸਤਿ ਜਨ' ਬਣ ਜਾਂਦਾ ਹੈ। 'ਸਤਿ ਜਨ' ਇੱਕ ਪਰਮ ਸ਼ਕਤੀਸ਼ਾਲੀ ਅਧਿਆਤਮਿਕ ਅਵਸਥਾ ਹੈ, ਇਹ ਸਾਨੂੰ ਸਤਿ ਰੂਪ ਬਣਾ ਦਿੰਦੀ ਹੈ। ਸਤਿ ਜਨ, ਸਾਧੂ, ਸੰਤ, ਬ੍ਰਹਮ ਗਿਆਨੀ, ਗੁਰਮੁਖ ਸਭ ਪੂਰਨ ਅਵਸਥਾਵਾਂ ਦਾ ਹੀ ਨਾਮ ਹੈ। ਇਨ੍ਹਾਂ ਵਿੱਚ ਅਤੇ ਅਕਾਲ ਪੁਰਖ ਵਿੱਚ ਕੋਈ ਭੇਦ ਨਹੀਂ ਹੁੰਦਾ ਹੈ। ਇਹ ਸਾਰੀਆਂ ਅਵਸਥਾਵਾਂ ਅਕਾਲ ਵਿੱਚ ਅਭੇਦ ਅਵਸਥਾਵਾਂ ਹਨ। ਐਸੇ ਲੋਕਾਂ ਦੀ ਗਿਣਤੀ ਬਹੁਤ ਥੋੜ੍ਹੀ ਹੁੰਦੀ ਹੈ ਜਿਹੜੇ ਇਸ ਤਰ੍ਹਾਂ ਦੀ ਪਰਮ ਸ਼ਕਤੀਸ਼ਾਲੀ ਬਖ਼ਸ਼ੀਸ਼ ਦੀ ਪ੍ਰਾਪਤੀ ਕਰਦੇ ਹਨ। ਐਸੇ ਲੋਕ ਬਹੁਤ ਭੋਲੇ ਲੋਕ ਹੁੰਦੇ ਹਨ, ਜਿਹੜੇ ਕੁਝ ਵੀ ਪ੍ਰਸ਼ਨ ਨਹੀਂ ਕਰਦੇ ਹਨ ਅਤੇ ਉਹ ਸਭ ਕੁਝ ਪ੍ਰਾਪਤ ਕਰ ਲੈਂਦੇ ਹਨ ਜੋ ਕੁਝ ਵੀ ਅਜਿਹੀ ਪੂਰਨ ਸਤਿ ਦੀ ਸੰਗਤ ਵਿੱਚ ਵਰਤਦਾ ਹੈ। ਐਸੇ ਭੋਲੇ-ਭਾਲੇ ਮਨੁੱਖਾਂ ਕੋਲ ਕੋਈ ਵੀ ਆਪਣਾ ਗਿਆਨ ਜਾਂ ਸੰਸਾਰਿਕ ਗਿਆਨ ਨਹੀਂ ਹੁੰਦਾ ਹੈ, ਉਹ ਕਿਸੇ ਭਰਮ ਜਾਂ ਭੁਲੇਖੇ ਵਿੱਚ ਨਹੀਂ ਹੁੰਦੇ ਹਨ, ਉਨ੍ਹਾਂ ਦੇ ਅੰਦਰ ਕੋਈ ਭਰਮ ਜਾਂ ਦੁਬਿਧਾ ਨਹੀਂ ਹੁੰਦੀ ਹੈ। ਉਨ੍ਹਾਂ ਦਾ ਹਿਰਦਾ ਕੇਵਲ ਬੇਅੰਤ ਵਿਸ਼ਵਾਸ, ਪਿਆਰ ਅਤੇ ਸ਼ਰਧਾ ਭਗਤੀ ਨਾਲ ਭਰਪੂਰ ਹੁੰਦਾ ਹੈ। ਸ਼ਬਦ : 'ਸਤਿ ਨਿਰਤਿ ਬੂਝੈ ਜੇ ਕੋਇ ॥' ਵਿੱਚ ਅਜਿਹੇ ਭੋਲੇ-ਭਾਲੇ ਲੋਕਾਂ ਨੂੰ ਵਖਿਆਨ ਕੀਤਾ ਗਿਆ ਹੈ। ਇੱਕ ਸਤਿ ਜਨ, ਸਾਧੂ, ਸੰਤ,

ਬ੍ਰਹਮ ਗਿਆਨੀ, ਗੁਰਮੁਖ ਧਰਤੀ ਉੱਤੇ ਜੀਵਤ ਜਾਗਤ ਪਰਮਾਤਮਾ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਐਸੇ ਭੋਲੇ-ਭਾਲੇ ਮਨੁੱਖ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਇੱਕ ਸਾਧ ਦੇ ਸਤਿ ਬਚਨਾਂ ਨੂੰ ਪਰਮਾਤਮਾ ਦੇ ਮੂੰਹ ਵਿੱਚੋਂ ਨਿਕਲੇ ਸਿੱਧੇ ਬਚਨਾਂ ਦੇ ਰੂਪ ਵਿੱਚ ਮੰਨਦੇ ਹਨ ਅਤੇ ਉਨ੍ਹਾਂ ਦੀ ਕਮਾਈ ਕਰਦੇ ਹਨ। ਜਦੋਂ ਅਜਿਹਾ ਵਰਤਦਾ ਅਤੇ ਵਾਪਰਦਾ ਹੈ ਤਾਂ ਸਾਧੂ ਦੇ ਸਤਿ ਬਚਨ ਐਸੇ ਭੋਲੇ-ਭਾਲੇ ਮਨੁੱਖਾਂ ਦੇ ਹਿਰਦੇ ਅੰਦਰ ਉੱਕਰ ਜਾਂਦੇ ਹਨ ਅਤੇ ਕੋਈ ਐਸੀ ਸ਼ਕਤੀ ਨਹੀਂ ਜਿਹੜੀ ਅਜਿਹੇ ਮਨੁੱਖ ਦੇ ਹਿਰਦੇ ਨੂੰ ਸੰਤ ਹਿਰਦੇ ਵਿੱਚ ਪਰਿਵਰਤਿਤ ਹੋਣ ਤੋਂ ਰੋਕ ਸਕਦੀ ਹੈ। ਐਸੇ ਭੋਲੇ-ਭਾਲੇ ਮਨੁੱਖਾਂ ਦੀ ਬੰਦਗੀ ਬਹੁਤ ਸੌਖੀ ਪੂਰਨ ਹੋ ਜਾਂਦੀ ਹੈ। ਐਸੇ ਮਨੁੱਖਾਂ ਉੱਪਰ ਸਤਿਗੁਰੂ ਦੀ ਬੇਅੰਤ ਅਪਾਰ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਬਖ਼ਸ਼ੀਸ਼ ਹੋਣ ਕਾਰਨ ਉਹ ਮਾਇਆ ਨੂੰ ਆਸਾਨੀ ਨਾਲ ਹੀ ਜਿੱਤ ਕੇ ਪੂਰਨ ਅਵਸਥਾ ਦੀ ਪ੍ਰਾਪਤੀ ਕਰ ਲੈਂਦੇ ਹਨ। ਸਤਿਨਾਮੁ ਉਨ੍ਹਾਂ ਦੀ ਸੁਰਤ, ਹਿਰਦੇ ਅਤੇ ਰੋਮ-ਰੋਮ ਵਿੱਚ ਚਲਾ ਜਾਂਦਾ ਹੈ ਅਤੇ ਧੰਨ ਧੰਨ ਸਤਿਗੁਰੂ ਪੰਚਮ ਪਾਤਸ਼ਾਹ ਜੀ ਅਜਿਹੇ ਸੁੰਦਰ ਭਾਗਾਂ ਵਾਲੇ ਮਨੁੱਖਾਂ ਲਈ ਇਹ ਸਤਿ ਬਚਨ ਕਹਿੰਦੇ ਹਨ: **‘ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ ॥’’**

ਅਜਿਹੇ ਮਨੁੱਖ ਜੋ ਸਤਿ ਰੂਪ ਹੋ ਜਾਂਦੇ ਹਨ ਉਹ ਮਨੁੱਖ 'ਸਤਿ ਜਨ' ਬਣ ਜਾਂਦੇ ਹਨ। ਸ਼ਬਦ ‘ਸਤਿ’ ਦੀ ਕਮਾਈ ‘ਸਤਿ ਜਨ’ ਨੂੰ ਜਨਮ ਦਿੰਦੀ ਹੈ। ਜਿਸ ਦਾ ਭਾਵ ਹੈ ਕਿ ਸਤਿ ਵਿੱਚ ਲੁਕੀ ਹੋਈ ਅਲੌਕਿਕ ਬੇਅੰਤ ਬ੍ਰਹਮ ਸ਼ਕਤੀ ਜਿਸ ਵਿੱਚ ਪ੍ਰਗਟ ਹੋ ਜਾਂਦੀ ਹੈ ਉਹ ਮਨੁੱਖ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਨਾਲ ਭਰਪੂਰ ਹਿਰਦਾ ਬਣ ਜਾਂਦਾ ਹੈ। ਅਜਿਹੇ ਜਨ ਗੁਰਪ੍ਰਸਾਦਿ ਦੀ ਬੇਅੰਤ ਪਰਮ ਸ਼ਕਤੀ ਨਾਲ ਨਿਵਾਜੇ ਜਾਂਦੇ ਹਨ। ਅਜਿਹੇ ਮਨੁੱਖ ਜੋ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਸਤਿਨਾਮੁ ਸਿਮਰਨ ਵਿੱਚ ਚਲੇ ਜਾਂਦੇ ਹਨ। ਜੋ ਮਨੁੱਖ ਸਤਿਨਾਮੁ ਦੀ ਕਮਾਈ ਕਰਦੇ ਹਨ, ਭਾਵ ਉਹ ਮਨੁੱਖ ਸਮਾਧੀ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਕਰ ਕੇ ਜਦ ਲੰਬੇ ਸਤਿਨਾਮੁ ਅਭਿਆਸ ਵਿੱਚ ਚਲੇ ਜਾਂਦੇ ਹਨ, ਨਾਮ ਉਨ੍ਹਾਂ ਦੇ ਰੋਮ-ਰੋਮ ਵਿੱਚ ਪ੍ਰਕਾਸ਼ਮਾਨ ਹੋ ਜਾਂਦਾ ਹੈ, ਉਨ੍ਹਾਂ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ, ਉਨ੍ਹਾਂ ਦੇ ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ, ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਹੋ ਜਾਂਦੀ ਹੈ, ਉਹ ਮਨੁੱਖ ਪੂਰਨ ਬੰਦਗੀ ਦੀ ਅਵਸਥਾ ਵਿੱਚ ਪਹੁੰਚ ਜਾਂਦੇ ਹਨ ਅਤੇ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚਉਥੇ ਪਦਿ ਵਿੱਚ ਪਹੁੰਚ ਕੇ ਸਤਿ ਰੂਪ ਹੋ ਜਾਂਦੇ ਹਨ ਅਤੇ ਜੀਵਨ ਮੁਕਤ ਹੋ ਜਾਂਦੇ ਹਨ। ਇਹ ਭਾਵ ਹੈ : **‘ਨਾਮੁ ਜਪਤ ਤਾਂ ਕੀ ਗਤਿ ਹੋਇ॥’** ਦੇ ਪਰਮ ਸ਼ਕਤੀਸ਼ਾਲੀ ਬਚਨਾਂ ਦਾ।

ਚਰਨ ਸਤਿ ਸਤਿ ਪਰਸਨਹਾਰ॥
ਪੂਜਾ ਸਤਿ ਸਤਿ ਸੇਵਦਾਰ॥
ਦਰਸਨੁ ਸਤਿ ਸਤਿ ਪੇਖਨਹਾਰ॥
ਨਾਮੁ ਸਤਿ ਸਤਿ ਧਿਆਵਨਹਾਰ॥
ਆਪਿ ਸਤਿ ਸਤਿ ਸਭ ਧਾਰੀ॥
ਆਪੇ ਗੁਣ ਆਪੇ ਗੁਣਕਾਰੀ॥
ਸਬਦੁ ਸਤਿ ਸਤਿ ਪ੍ਰਭੁ ਬਕਤਾ॥
ਸੁਰਤਿ ਸਤਿ ਸਤਿ ਜਸੁ ਸੁਨਤਾ॥
ਬੁਝਨਹਾਰ ਕਉ ਸਤਿ ਸਭ ਹੋਇ॥
ਨਾਨਕ ਸਤਿ ਸਤਿ ਪ੍ਰਭੁ ਸੋਇ॥੧॥

ਸੁਖਮਨੀ ਬਾਣੀ ਦੀ ਇਸ ਪਰਮ ਸ਼ਕਤੀਸ਼ਾਲੀ ਪਉੜੀ ਵਿੱਚ ਧੰਨ ਧੰਨ ਸਤਿਗੁਰੂ ਅਵਤਾਰ ਅਰਜਨ ਦੇਵ ਪਾਤਸ਼ਾਹ ਜੀ ਨੇ ਸਾਰੀ ਲੁਕਾਈ ਵਾਸਤੇ ਇਸ ਸਰਵ ਉੱਚ ਪੱਧਰ ਦੇ ਪੂਰਨ ਬ੍ਰਹਮ ਗਿਆਨ ਅਤੇ ਪੂਰਨ ਤੱਤ ਗਿਆਨ ਦੇ ਬੇਅੰਤ ਮਹੱਤਵਪੂਰਨ ਭਾਗ ਨੂੰ ਪ੍ਰਗਟ ਕੀਤਾ ਹੈ। ਇਹ ਇਲਾਹੀ ਦਰਗਾਹੀ ਖ਼ਜ਼ਾਨੇ ਵਿੱਚੋਂ ਪੂਰਨ ਬ੍ਰਹਮ ਗਿਆਨ ਦੇ ਅਨਮੋਲ ਰਤਨ ਹਨ ਜੋ ਸਾਨੂੰ ਸਤਿਗੁਰ ਪਾਤਸ਼ਾਹ ਨੇ ਆਪਣੀ ਗੁਰਕ੍ਰਿਪਾ ਅਤੇ ਗੁਰਪ੍ਰਸਾਦਿ ਨਾਲ ਬਖ਼ਸ਼ੇ ਹਨ। ਸ਼ਬਦ ਗੁਰਪ੍ਰਸਾਦਿ ਅਤੇ ਗੁਰ ਕ੍ਰਿਪਾ ਦਾ ਅਸਲ ਬ੍ਰਹਮ ਭਾਵ ਪਰਮ ਬ੍ਰਹਮ ਅਨੰਤ ਸ਼ਕਤੀ ਆਪ ਹੈ ਅਤੇ ਇਹ ਧੰਨ ਧੰਨ ਪਾਰਬ੍ਰਹਮ ਪਰਮੇਸ਼ਰ ਸਤਿਗੁਰੂ ਸੱਚੇ ਪਾਤਸ਼ਾਹ ਜੀ ਧੰਨ ਧੰਨ ਸਤਿਗੁਰੂ ਅਰਜਨ ਦੇਵ ਜੀ ਦੀ ਅਤਿ ਦਿਆਲਤਾ ਦਾ ਸਬੂਤ ਹੈ। ਪੂਰਨ ਬ੍ਰਹਮ ਗਿਆਨ ਦੇ ਇਨ੍ਹਾਂ ਪਰਮ ਸ਼ਕਤੀਸ਼ਾਲੀ ਅਨਮੋਲ ਰਤਨਾਂ ਨਾਲ ਧੰਨ ਧੰਨ ਸਤਿਗੁਰ ਪਾਤਸ਼ਾਹ ਜੀ ਨੇ ਆਪਣੀ ਬੰਦਗੀ ਦੀ ਸਾਰੀ ਕਮਾਈ ਦੀ ਦਾਤ ਸਾਡੀ ਝੋਲੀ ਵਿੱਚ ਪਾ ਦਿੱਤੀ ਹੈ ਅਤੇ ਸਾਨੂੰ ਇਸ ਪਰਮ ਬ੍ਰਹਮ ਅਨੰਤ ਸ਼ਕਤੀ ਨਾਲ ਭਰਪੂਰ ਕਰ ਦਿੱਤਾ ਹੈ। ਪੂਰਨ ਬ੍ਰਹਮ ਗਿਆਨ ਪੂਰਨ ਤੱਤ ਗਿਆਨ ਦੇ ਇਨ੍ਹਾਂ ਅਨਮੋਲ ਰਤਨਾਂ ਦੇ ਦੁਆਰਾ ਸਤਿਗੁਰ ਪਾਤਸ਼ਾਹ ਜੀ ਨੇ ਇਹ ਪਰਮ ਸਤਿ ਤੱਤ ਨੂੰ ਪ੍ਰਗਟ ਕੀਤਾ ਹੈ ਕਿ ਅਸੀਂ ਕਿਵੇਂ ਉਸ ਪਰਮ ਬ੍ਰਹਮ ਅਨੰਤ ਸ਼ਕਤੀ "ਸਤਿ" ਨਾਲ ਇੱਕਮਿਕ ਹੋਣਾ ਹੈ, ਜਿਹੜਾ ਕਿ ਅਕਾਲ ਪੁਰਖ ਜੀ ਦਾ ਨਿਰਗੁਣ ਸਰੂਪ ਹੈ।

ਉਂਝ ਤਾਂ ਗੁਰਬਾਣੀ ਦਾ ਦਰਗਾਹੀ ਇਲਾਹੀ ਖ਼ਜ਼ਾਨਾ ਸਾਰੀ ਲੁਕਾਈ ਵਾਸਤੇ ਉਪਲਬਧ ਹੈ ਪਰੰਤੂ ਇਹ ਸਤਿ ਹੈ ਕਿ ਉਹ ਮਨੁੱਖ ਜਿਹੜਾ ਸਿੱਖ ਪਰਿਵਾਰ ਵਿੱਚ ਜੰਮਿਆ ਹੈ ਉਹ ਭਾਗਾਂ ਵਾਲਾ ਹੈ। ਸਿੱਖਾਂ ਨੂੰ ਗੁਰਬਾਣੀ ਦੇ ਇਸ ਦਰਗਾਹੀ ਖ਼ਜ਼ਾਨੇ ਦੇ ਅਨਮੋਲ ਰਤਨ ਸਿੱਖ ਵਿਰਸੇ ਦੇ ਰੂਪ ਵਿੱਚ ਪ੍ਰਾਪਤ ਹਨ। ਸਾਰੇ ਸਤਿਗੁਰੂ ਸਾਹਿਬਾਨਾਂ ਜੀ ਦੀ ਬੇਅੰਤ ਅਟੱਲ ਰੂਹਾਨੀ ਕਮਾਈ ਦੇ ਕਾਰਨ ਆਸਾਨੀ ਨਾਲ ਉਪਲਬਧ ਇਸ ਦੁਰਲਭ ਪੂਰਨ ਬ੍ਰਹਮ ਗਿਆਨ ਨੂੰ ਪ੍ਰਾਪਤ ਕਰਨ ਲਈ ਸਿੱਖ ਸਭ ਤੋਂ ਚੰਗੀ ਸਥਿਤੀ ਵਿੱਚ ਹਨ।

ਨਿੰਮਰਤਾ, ਹਲੀਮੀ ਅਤੇ ਹਿਰਦੇ ਦੀ ਗਰੀਬੀ ਦਰਗਾਹ ਦੀ ਕੁੰਜੀ ਹੈ। ਉਹ ਮਨੁੱਖ ਜਿਸ ਦਾ ਹਿਰਦਾ ਨਿਮਰਤਾ ਅਤੇ ਹਲੀਮੀ ਨਾਲ ਭਰਪੂਰ ਗਰੀਬੀ ਵੇਸ ਹਿਰਦਾ ਹੈ ਉਹ ਮਨੁੱਖ ਮਾਨਸਰੋਵਰ ਵਿੱਚ ਵਾਸ ਕਰਦਾ ਹੈ। ਜੋ ਮਨੁੱਖ ਨਿੰਮਰਤਾ, ਹਲੀਮੀ ਅਤੇ ਹਿਰਦੇ ਦੀ ਗਰੀਬੀ ਦੀ ਕਮਾਈ ਕਰਦਾ ਹੈ ਉਹ ਮਨੁੱਖ ਸਤਿ ਰੂਪ ਹੋ ਜਾਂਦਾ ਹੈ। ਜੋ ਮਨੁੱਖ ਆਪਣੇ ਸਤਿਗੁਰੂ ਦੇ ਚਰਨਾਂ ਉੱਪਰ ਆਪਣਾ ਆਪਾ ਅਰਪਣ ਕਰ ਦਿੰਦੇ ਹਨ ਉਹ ਮਨੁੱਖ ਨਿੰਮਰਤਾ, ਹਲੀਮੀ ਅਤੇ ਹਿਰਦੇ ਦੀ ਗਰੀਬੀ ਦੀ ਕਮਾਈ ਕਰ ਕੇ ਸਤਿ ਰੂਪ ਹੋ ਜਾਂਦੇ ਹਨ ਕਿਉਂਕਿ ਸਤਿਗੁਰੂ ਦੇ ਚਰਨ ਸਤਿ ਚਰਨ ਹੁੰਦੇ ਹਨ। ਪੂਰਨ ਸੰਤ, ਬ੍ਰਹਮ ਗਿਆਨੀ, ਸਤਿਗੁਰੂ, ਸਤਿ ਜਨ, ਗੁਰਮੁਖ ਜਾਂ ਪੂਰਨ ਖ਼ਾਲਸੇ ਦੇ ਚਰਨ ਸਤਿ ਚਰਨ ਹੁੰਦੇ ਹਨ। ਅਕਾਲ ਪੁਰਖ ਸਤਿ ਹੈ ਇਸ ਲਈ ਸਤਿ ਵਿੱਚ ਜੋ ਅਭੇਦ ਹੋ ਜਾਂਦਾ ਹੈ ਉਹ ਵੀ ਸਤਿ ਹੋ ਜਾਂਦਾ ਹੈ ਉਸ ਦੇ ਚਰਨ ਵੀ ਸਤਿ ਹੋ ਜਾਂਦੇ ਹਨ। ਜੋ ਮਨੁੱਖ ਆਪਣੇ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਆਪਣਾ ਪੂਰਨ ਸਮਰਪਣ ਕਰ ਦਿੰਦੇ ਹਨ ਉਹ ਮਨੁੱਖ ਨਿੰਮਰਤਾ, ਹਲੀਮੀ ਅਤੇ ਹਿਰਦੇ ਦੀ ਗਰੀਬੀ ਦੀ ਕਮਾਈ ਕਰ ਕੇ ਸਤਿ ਰੂਪ ਹੋ ਜਾਂਦੇ ਹਨ। ਜੋ ਮਨੁੱਖ ਆਪਣੇ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਆਪਣਾ ਤਨ, ਮਨ ਅਤੇ ਧਨ ਅਰਪਣ ਕਰ ਦਿੰਦੇ ਹਨ ਉਹ ਮਨੁੱਖ ਨਿੰਮਰਤਾ, ਹਲੀਮੀ ਅਤੇ ਹਿਰਦੇ ਦੀ ਗਰੀਬੀ ਦੀ ਕਮਾਈ ਕਰ ਕੇ ਸਤਿ ਰੂਪ ਹੋ ਜਾਂਦੇ ਹਨ। ਸਤਿਗੁਰੂ ਦੇ ਚਰਨ ਸਤਿ ਚਰਨ ਹੁੰਦੇ ਹਨ ਇਸ ਲਈ ਸਤਿਗੁਰੂ ਦੇ ਚਰਨਾਂ ਵਿੱਚ ਹੀ ਅੰਮ੍ਰਿਤ ਦਾ ਬੇਅੰਤ ਭੰਡਾਰ ਮੌਜੂਦ ਹੁੰਦਾ ਹੈ। ਸਤਿਗੁਰੂ ਦੇ ਚਰਨ ਸਤਿ ਹੁੰਦੇ ਹਨ ਇਸ ਲਈ ਸਤਿਗੁਰੂ

ਦੇ ਚਰਨਾਂ ਵਿੱਚ ਹੀ ਮਾਨਸਰੋਵਰ ਮੌਜੂਦ ਹੁੰਦਾ ਹੈ। ਸਤਿਗੁਰੂ ਦੇ ਚਰਨ ਸਤਿ ਹੁੰਦੇ ਹਨ ਇਸ ਲਈ ਸਤਿਗੁਰੂ ਦੇ ਚਰਨਾਂ ਵਿੱਚ ਹੀ ਸਾਰੇ ਦਰਗਾਹੀ ਖ਼ਜ਼ਾਨੇ ਅਤੇ ਪਰਮ ਸ਼ਕਤੀਆਂ ਵਾਸ ਕਰਦੀਆਂ ਹਨ। ਸਤਿਗੁਰੂ ਦੇ ਚਰਨ ਸਤਿ ਹੁੰਦੇ ਹਨ ਇਸ ਲਈ ਸਤਿਗੁਰੂ ਦੇ ਚਰਨਾਂ ਵਿੱਚ ਮਾਇਆ ਫੜਕ ਨਹੀਂ ਸਕਦੀ ਇਸ ਲਈ ਜੋ ਜਨ ਸਤਿਗੁਰੂ ਦੇ ਚਰਨਾਂ ਉੱਪਰ ਢਹਿ ਜਾਂਦੇ ਹਨ ਅਤੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਚਲੇ ਜਾਂਦੇ ਹਨ ਉਨ੍ਹਾਂ ਦੀ ਬੰਦਗੀ ਬਹੁਤ ਸੌਖੀ ਹੋ ਜਾਂਦੀ ਹੈ ਅਤੇ ਉਹ ਮਨੁੱਖ ਸੁੱਖਾਲੇ ਹੀ ਮਾਇਆ ਨੂੰ ਜਿੱਤ ਲੈਂਦੇ ਹਨ। ਕੁਝ ਮਹਾਂਪੁਰਖਾਂ ਦਾ ਇਹ ਕਥਨ ਹੈ ਕਿ ਪੂਰਨ ਸੰਤ ਦੇ ਚਰਨਾਂ ਵਿੱਚ ਹਜ਼ਾਰਾਂ ਸੂਰਜਾਂ ਦਾ ਪ੍ਰਕਾਸ਼ ਹੁੰਦਾ ਹੈ। ਇਸ ਲਈ ਜੋ ਮਨੁੱਖ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਢਹਿ ਪੈਂਦਾ ਹੈ ਉਹ ਮਾਨਸਰੋਵਰ ਵਿੱਚ ਉਤਰ ਜਾਂਦਾ ਹੈ, ਉਸ ਨੂੰ ਸਤਿਨਾਮੁ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੀ ਪ੍ਰਾਪਤੀ ਹੋ ਜਾਂਦੀ ਹੈ। ਐਸੇ ਮਨੁੱਖ ਬਹੁਤ ਵੱਡੇ ਅਤੇ ਪੂਰਨ ਭਾਗਾਂ ਵਾਲੇ ਹੁੰਦੇ ਹਨ ਜੋ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਢਹਿੰਦੇ ਹੀ ਸਮਾਧੀ ਵਿੱਚ ਚਲੇ ਜਾਂਦੇ ਹਨ, ਉਨ੍ਹਾਂ ਦੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ, ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ ਅਤੇ ਰੋਮ-ਰੋਮ ਵਿੱਚ ਸਤਿਨਾਮੁ ਦਾ ਪ੍ਰਕਾਸ਼ ਹੋ ਜਾਂਦਾ ਹੈ। ਐਸੀ ਸੁੰਦਰ ਮਹਿਮਾ ਹੈ ਸਤਿ ਚਰਨਾਂ ਦੀ ਜੋ ਮਨੁੱਖ ਨੂੰ ਸਤਿ ਰੂਪ ਬਣਾ ਕੇ ਸਤਿ ਵਿੱਚ ਸਮਾਂ ਦਿੰਦੀ ਹੈ। ਐਸੀ ਪਰਮ ਸ਼ਕਤੀਸ਼ਾਲੀ ਮਹਿਮਾ ਹੈ ਸਤਿ ਚਰਨਾਂ ਦੀ ਜੋ ਮਨੁੱਖ ਨੂੰ ਸੰਤ, ਬ੍ਰਹਮ ਗਿਆਨੀ, ਸਤਿਗੁਰੂ, ਗੁਰਮੁਖ ਅਤੇ ਖ਼ਾਲਸਾ ਬਣਾ ਦਿੰਦੀ ਹੈ।

ਨਿੰਮਰਤਾ, ਹਲੀਮੀ ਅਤੇ ਹਿਰਦੇ ਦੀ ਗਰੀਬੀ ਦੀ ਕਮਾਈ ਕਰਨ ਦਾ ਭਾਵ ਹੈ ਸਾਰੀ ਸ੍ਰਿਸ਼ਟੀ ਦੇ ਚਰਨਾਂ ਦੀ ਧੂਲ ਬਣ ਜਾਣਾ। ਧੰਨ ਧੰਨ ਸਤਿ ਪਾਰ ਬ੍ਰਹਮ ਪਰਮੇਸ਼ਰ ਸਰਬ ਵਿਆਪਕ ਹੈ ਅਤੇ ਇਸ ਲਈ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਵਿੱਚ ਨਿਰਗੁਣ ਸਰੂਪ ਵਿੱਚ ਮੌਜੂਦ ਹੈ ਅਤੇ ਉਸ ਦੀ ਹਰ ਇੱਕ ਰਚਨਾ ਉਸ ਦੀਆਂ ਪਰਮ ਬ੍ਰਹਮ ਅਨੰਤ ਸ਼ਕਤੀਆਂ ਨਾਲ ਉਪਜਦੀ ਹੈ, ਪ੍ਰਫੁੱਲਤ ਹੁੰਦੀ ਹੈ ਅਤੇ ਆਪਣੇ ਅੰਤ ਨੂੰ ਪ੍ਰਾਪਤ ਹੁੰਦੀ ਹੈ। ਇਸ ਲਈ ਇਹ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਜ਼ਰੂਰੀ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਚਰਨ ਸਾਰੀ ਸ੍ਰਿਸ਼ਟੀ ਵਿੱਚ ਸਮਾਏ ਹੋਏ ਹਨ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਚਰਨਾਂ ਨੂੰ ਆਪਣੇ ਹਿਰਦੇ ਵਿੱਚ ਵਸਾਉਣ ਲਈ ਸਾਨੂੰ ਸਾਰੀ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਦੇ ਚਰਨਾਂ ਉੱਪਰ ਢਹਿਣਾ ਪਵੇਗਾ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਚਰਨਾਂ ਨੂੰ ਆਪਣੇ ਹਿਰਦੇ ਵਿੱਚ ਵਸਾਉਣ ਲਈ ਸਾਨੂੰ ਸਾਰੀ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਦੇ ਚਰਨਾਂ ਉੱਪਰ ਡੰਡਉਤ ਕਰਨੀ ਪਵੇਗੀ ਅਤੇ ਆਪਣਾ ਸੀਸ ਝੁਕਾਣਾ ਪਵੇਗਾ ਕੇਵਲ ਤਾਂ ਹੀ ਅਸੀਂ ਨਿੰਮਰਤਾ, ਹਲੀਮੀ ਅਤੇ ਹਿਰਦੇ ਦੀ ਗਰੀਬੀ ਦੀ ਕਮਾਈ ਕਰ ਕੇ ਆਪਣੀ ਹਉਮੈ ਦਾ ਅੰਤ ਕਰ ਸਕਾਂਗੇ। ਹਉਮੈ ਦਾ ਅੰਤ ਹੀ ਜੀਵਨ ਮੁਕਤੀ ਹੈ। ਹਉਮੈ ਦਾ ਦੂਤ ਸਭ ਤੋਂ ਪ੍ਰਬਲ ਅਤੇ ਵਿਨਾਸ਼ਕਾਰੀ ਦੂਤ ਹੈ ਇਸ ਲਈ ਇਹ ਮਨੁੱਖ ਨੂੰ ਸਭ ਤੋਂ ਬਾਅਦ ਵਿੱਚ ਕਾਬੂ ਆਉਂਦਾ ਹੈ। ਭਾਵ ਹਉਮੈ ਦਾ ਦੂਤ ਸਭ ਤੋਂ ਬਾਅਦ ਵਿੱਚ ਜਿੱਤਿਆ ਜਾਂਦਾ ਹੈ। ਹਉਮੈ ਦਾ ਅੰਤ ਮਨੁੱਖ ਨੂੰ ਤ੍ਰੈ ਗੁਣ ਮਾਇਆ ਤੋਂ ਪਰੇ ਚਉਥੇ ਪਦਿ ਵਿੱਚ ਲੈ ਜਾਂਦਾ ਹੈ ਜਿੱਥੇ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਹੁੰਦੇ ਹਨ ਅਤੇ ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ।

ਬਹੁਤੇ ਲੋਕ ਇਸ ਭਰਮ ਵਿੱਚ ਹਨ ਕਿ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ

ਕਿਸੇ ਹੋਰ ਅੱਗੇ ਆਪਣਾ ਸੀਸ ਨਹੀਂ ਝੁਕਾਣਾ ਚਾਹੀਦਾ। ਐਸੇ ਵਿਚਾਰ ਅਤੇ ਕਰਨੀ ਕੇਵਲ ਹਉਮੈ ਦੀ ਸ਼ਿਖਰ ਹੈ। ਐਸਾ ਵਿਚਾਰ ਗੁਰਬਾਣੀ ਦੇ ਹੁਕਮ ਤੋਂ ਬਿਲਕੁਲ ਵਿਪਰੀਤ ਹੈ। ਗੁਰਬਾਣੀ ਦਾ ਹੁਕਮ ਸਾਨੂੰ ਨਿਮਰ ਹੋਣ ਲਈ ਕਹਿ ਰਿਹਾ ਹੈ ਕਿ ਅਸੀਂ ਸਾਰੀ ਸ੍ਰਿਸ਼ਟੀ ਦੇ ਚਰਨਾਂ ਦੇ ਦਾਸ ਬਣ ਜਾਈਏ, ਸਾਰੀ ਸ੍ਰਿਸ਼ਟੀ ਦੀ ਚਰਨ ਧੂਲ ਅਤੇ ਆਪਣੇ ਹਿਰਦੇ ਨੂੰ ਨਿਮਰਤਾ ਅਤੇ ਨਿਰਮਾਣਤਾ ਦੇ ਇਸ ਲਾਜ਼ਮੀ ਪਰਮ ਸ਼ਕਤੀਸ਼ਾਲੀ ਬ੍ਰਹਮ ਗੁਣ ਨਾਲ ਭਰਪੂਰ ਕਰ ਲਈਏ। ਗੁਰਬਾਣੀ ਦਾ ਹੁਕਮ ਹੈ ਕਿ ਬਿਨਾਂ ਸਾਰੀ ਸ੍ਰਿਸ਼ਟੀ ਦੇ ਚਰਨਾਂ ਦੀ ਧੂਲ ਬਣੇ ਬਗੈਰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਨਹੀਂ ਹੋਣੇ ਹਨ।

ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੨)

ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੨੨)

ਗੁਰਬਾਣੀ ਦਾ ਹੁਕਮ ਹੈ ਕਿ ਜਦ ਅਸੀਂ ਸਾਰੀ ਸ੍ਰਿਸ਼ਟੀ ਦੇ ਚਰਨਾਂ ਵਿੱਚ ਸਮਾਂ ਜਾਂਦੇ ਹਾਂ ਤਾਂ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਚਰਨ ਸਾਡੇ ਹਿਰਦੇ ਵਿੱਚ ਸਮਾਂ ਜਾਂਦੇ ਹਨ ਅਤੇ ਸਾਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੁੰਦੇ ਹਨ। ਗੁਰਬਾਣੀ ਦਾ ਹੁਕਮ ਹੈ ਕਿ ਇੱਕ ਬ੍ਰਹਮ ਗਿਆਨੀ ਸਾਰੀ ਸ੍ਰਿਸ਼ਟੀ ਦੇ ਚਰਨਾਂ ਦੀ ਧੂਲ ਹੁੰਦਾ ਹੈ:

ਬ੍ਰਹਮ ਗਿਆਨੀ ਸਗਲ ਕੀ ਰੀਨਾ ॥ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੨)

ਬਹੁਤ ਸਾਰੇ ਲੋਕ ਇਸ ਦੁਬਿਧਾ ਵਿੱਚ ਹਨ ਕਿ ਗੁਰੂ ਸਾਹਿਬਾਨ ਨੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਝੁਕਣ ਤੋਂ ਬਿਨਾਂ ਹੋਰ ਕਿਸੇ ਅੱਗੇ ਨਾ ਝੁਕਣ ਲਈ ਕਿਹਾ ਹੈ, ਜੋ ਕਿ ਗੁਰਬਾਣੀ ਦੇ ਹੁਕਮ ਤੋਂ ਉਲਟ ਹੈ ਅਤੇ ਝੂਠ ਹੈ। ਇਹ ਸਤਿ ਹੈ ਕਿ ਸਤਿਗੁਰੂ ਜੀ ਸਾਨੂੰ ਬੁਰੇ ਅਤੇ ਅਸਤਿ ਤੱਤਾਂ ਅੱਗੇ ਝੁਕਾਣਾ ਨਹੀਂ ਚਾਹੁੰਦੇ ਹਨ। ਭਾਵ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਅੱਗੇ ਨਹੀਂ ਝੁਕਣਾ ਹੈ। ਤ੍ਰਿਸ਼ਣਾ ਦੀ ਗ਼ੁਲਾਮੀ ਨਹੀਂ ਕਰਨੀ ਹੈ। ਪੂਰੀ ਨਿਮਰਤਾ ਨਾਲ ਸਾਰੀ ਸ੍ਰਿਸ਼ਟੀ ਦੇ ਚਰਨਾਂ ਉੱਪਰ ਆਪਣਾ ਸੀਸ ਰੱਖਣ ਵਿੱਚ ਅਤੇ ਅਸਤਿ ਤੱਤਾਂ ਅੱਗੇ ਝੁਕਣ ਵਿੱਚ ਫਰਕ ਹੈ। ਝੁਕਣ ਦਾ ਮਤਲਬ ਹੈ ਸਤਿ ਅੱਗੇ ਝੁਕਣਾ ਅਤੇ ਮਾੜੇ ਤੱਤਾਂ ਜਾਂ ਅਸਤਿ ਤੱਤਾਂ ਅੱਗੇ ਨਹੀਂ ਝੁਕਣਾ ਹੈ। ਜੋ ਪ੍ਰਚਾਰਕ ਅਗਿਆਨਤਾ ਵੱਸ ਇਹ ਝੂਠਾ ਪ੍ਰਚਾਰ ਕਰਦੇ ਹਨ ਉਹ ਪ੍ਰਚਾਰਕ ਆਪਣਾ ਕਰਮ ਆਪ ਲਿਖਦੇ ਹਨ ਅਤੇ ਇਸ ਝੂਠੇ ਪ੍ਰਚਾਰ ਦੇ ਕਾਰਨ ਦਰਗਾਹ ਵਿੱਚ ਦੇਣਦਾਰ ਹੁੰਦੇ ਹਨ। ਗੁਰੂ ਘਰ ਵਿੱਚ ਸੰਗਤ ਦੇ ਜੋੜਿਆਂ ਦੀ ਸੇਵਾ ਨੂੰ ਨਿਮਰਤਾ ਦੀ ਕਮਾਈ ਕਰਨ ਲਈ ਉੱਤਮ ਸੇਵਾ ਕਰ ਕੇ ਜਾਣਿਆ, ਸਮਝਿਆ ਅਤੇ ਮੰਨਿਆ ਗਿਆ ਹੈ। ਇੱਥੋਂ ਤੱਕ ਕਿ ਗੁਰੂ ਘਰ ਵਿੱਚ ਨਿਮਰਤਾ ਦੀ ਕਮਾਈ ਕਰਨ ਲਈ ਆਪਣੇ ਦਾੜ੍ਹੇ ਨਾਲ ਜਾਂ ਕੇਸਾਂ ਨਾਲ (ਬੀਬੀਆਂ ਲਈ) ਸੰਗਤ ਦੇ ਜੋੜਿਆਂ ਦੀ ਸੇਵਾ ਨੂੰ ਉੱਤਮ ਸੇਵਾ ਜਾਣਿਆ, ਸਮਝਿਆ ਅਤੇ ਮੰਨਿਆ ਗਿਆ ਹੈ। ਤਾਂ ਇਹ ਸੋਚੋ ਕਿ ਜੇਕਰ ਸੰਗਤ ਦੇ ਜੋੜੇ ਝਾੜ ਕੇ ਉਨ੍ਹਾਂ ਦੀ ਧੂੜ ਆਪਣੇ ਮਸਤਕ ਉੱਪਰ ਲੱਗਾਈ ਤਾਂ ਆਪਣਾ ਸੀਸ ਸੰਗਤ ਦੇ ਚਰਨਾਂ ਵਿੱਚ ਨਹੀਂ ਝੁਕਾਇਆ ?

ਬਹੁਤ ਸਾਰੇ ਲੋਕ ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਸਤਿਗੁਰੂ, ਭਗਤ, ਗੁਰਮੁਖ,

ਜਨ, ਗੁਰਸਿੱਖ ਦੇ ਚਰਨਾਂ ਉੱਪਰ ਝੁਕਣ ਤੋਂ ਇਨਕਾਰ ਕਰਦੇ ਹਨ। ਜਿਹੜਾ ਕਿ ਗੁਰਬਾਣੀ ਦੇ ਹੁਕਮ ਦੇ ਵਿਪਰੀਤ ਹੈ। ਐਸੀਆਂ ਪਰਮ ਸ਼ਕਤੀਸ਼ਾਲੀ ਹਸਤੀਆਂ ਦੇ ਚਰਨਾਂ ਉੱਪਰ ਝੁਕਣ ਨਾਲ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ ਕਿਉਂਕਿ ਐਸੇ ਮਹਾਂਪੁਰਖਾਂ ਦੇ ਚਰਨ ਸਤਿ ਚਰਨ ਹੁੰਦੇ ਹਨ ਜਿਨ੍ਹਾਂ ਨੂੰ ਪਰਸਣ ਨਾਲ ਮਨੁੱਖ ਸਤਿ ਰੂਪ ਹੋ ਜਾਂਦਾ ਹੈ। ਜਦ ਕਿ ਅਸਤਿ ਤੱਤਾਂ ਅੱਗੇ ਝੁਕਣਾ ਕਾਇਰਤਾ ਹੈ ਅਤੇ ਵਿਨਾਸ਼ਕਾਰੀ ਹੈ। ਕ੍ਰਿਪਾ ਕਰ ਕੇ ਇਸ ਭਰਮ ਨੂੰ ਦੂਰ ਕਰੋ ਅਤੇ ਇਸ ਪਰਮ ਸ਼ਕਤੀਸ਼ਾਲੀ ਬ੍ਰਹਮ ਗੁਣ (ਸਗਲ ਕੀ ਰੀਨਾ ਬਣਨਾ) ਦੀ ਕਮਾਈ ਵੱਲ ਕਰਮ ਕਰੋ ਜੋ ਕਿ ਸਾਡੇ ਹਿਰਦੇ ਨੂੰ ਅਤਿ ਨਿਮਰਤਾ ਅਤੇ ਨਿਰਮਾਣਤਾ ਨਾਲ ਭਰਪੂਰ ਕਰਨ ਵਿੱਚ ਕਾਰਗਰ ਸਿੱਧ ਹੋਣਗੇ।

ਇਸ ਲਈ ਉਸ ਮਹਾਂਪੁਰਖ ਦੇ ਚਰਨਾਂ ਵਿੱਚ ਪੂਰਨ ਸਮਰਪਣ ਕਰਨ ਨਾਲ ਜੋ ਆਪ ਸਤਿ ਬਣ ਗਿਆ ਹੈ, ਅਸੀਂ ਵੀ ਸਤਿ ਰੂਪ ਬਣ ਜਾਵਾਂਗੇ। ਉਹ ਚਰਨ ਜੋ ਸਤਿ ਹਨ ਉਨ੍ਹਾਂ ਨੂੰ ਪਰਸਣ ਨਾਲ ਅਸੀਂ ਸਤਿ ਰੂਪ ਹੋ ਜਾਵਾਂਗੇ। ਸਤਿ ਚਰਨ ਪਰਸਣ ਦਾ ਭਾਵ ਹੈ ਸਤਿ ਰੂਪ ਹੋ ਗਏ ਮਹਾਂਪੁਰਖਾਂ ਦੇ ਸਤਿ ਚਰਨਾਂ ਉੱਪਰ ਆਪਣਾ ਤਨ-ਮਨ-ਧਨ ਅਰਪਣ ਕਰਨਾ ਹੈ। ਜਦ ਵੀ ਅਸੀਂ ਐਸੇ ਮਹਾਂਪੁਰਖਾਂ ਦੇ ਦਰਸ਼ਨ ਕਰਦੇ ਹਾਂ ਜੋ ਸਤਿ ਰੂਪ ਹਨ, ਉਨ੍ਹਾਂ ਨੂੰ ਡੰਡਉਤ ਬੰਦਨਾ ਕਰੋ। ਇਸ ਤਰ੍ਹਾਂ ਕਰਨ ਨਾਲ ਅਸੀਂ ਇਸ ਗੁਰਸ਼ਬਦ ਦੀ ਕਮਾਈ ਕਰਦੇ ਹਾਂ :

ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩)

ਸੰਤਹ ਚਰਨ ਮਾਥਾ ਮੇਰੋ ਪਉਤ ॥ ਅਨਿਕ ਬਾਰ ਸੰਤਹ ਡੰਡਉਤ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੮੬)

ਜਦ ਅਸੀਂ ਗੁਰਬਾਣੀ ਦੇ ਇਸ ਹੁਕਮ ਦੀ ਕਮਾਈ ਕਰਦੇ ਹਾਂ ਤਾਂ ਅਸੀਂ ਸਰਵ ਉੱਚ ਪੱਧਰ ਦਾ ਪੁੰਨ ਕਮਾਉਂਦੇ ਹਾਂ। ਇਸ ਲਈ ਜਦ ਆਪ ਗੁਰਦੁਆਰੇ ਵਿੱਚ ਜਾਂਦੇ ਹੋ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਡੰਡਉਤ ਬੰਦਨਾ ਕਰੋ। ਐਸਾ ਪੁੰਨ ਕਰਮ ਕਰਨ ਨਾਲ ਤੁਸੀਂ ਨਿਮਰਤਾ ਦੀ ਕਮਾਈ ਕਰੋਗੇ। ਇਸ ਲਈ ਇਸ ਤਰ੍ਹਾਂ ਕਰਨ ਨਾਲ ਭਾਵ ਨਿਮਰਤਾ ਦੀ ਕਮਾਈ ਕਰਨ ਨਾਲ ਸਾਡੇ ਸਾਰੇ ਪਾਪ ਧੋਤੇ ਜਾਂਦੇ ਹਨ, ਸਾਡਾ ਹਿਰਦਾ ਅੰਮ੍ਰਿਤ ਨਾਲ ਭਰਪੂਰ ਹੋ ਜਾਂਦਾ ਹੈ ਅਤੇ ਸਾਡਾ ਅੰਦਰ ਪੂਰੀ ਤਰ੍ਹਾਂ ਸਾਫ਼ ਹੋ ਜਾਂਦਾ ਹੈ। ਕਿਰਪਾ ਕਰ ਕੇ ਆਪਣੇ ਰੋਜ਼ਾਨਾ ਜੀਵਨ ਵਿੱਚ ਇਸ ਪੂਰਨ ਬ੍ਰਹਮ ਸ਼ਕਤੀ ਦੇ ਹੁਕਮ ਦਾ ਅਭਿਆਸ ਕਰੋ ਅਤੇ ਇਸ ਦੇ ਬੇਅੰਤ ਲਾਭ ਨੂੰ ਪ੍ਰਾਪਤ ਕਰੋ। ਲਾਜ਼ਮੀ ਪ੍ਰਸ਼ਨ ਉੱਠਦਾ ਹੈ ਕਿ ਅਸੀਂ ਕਿੱਥੋਂ ਉਹ ਮਹਾਂਪੁਰਖ ਲੱਭਾਂਗੇ ਜੋ ਸਤਿ ਰੂਪ ਬਣ ਗਿਆ ਹੈ ? ਇਹ ਪ੍ਰਸ਼ਨ ਅਧਿਕਾਰਤ ਹੈ ਕਿ ਐਸਾ ਮਹਾਂਪੁਰਖ ਜੋ ਸਤਿ ਰੂਪ ਹੋ ਗਿਆ ਹੈ ਉਸ ਨੂੰ ਲੱਭਣਾ ਬਹੁਤ ਕਠਿਨ ਹੈ। ਇਸ ਪ੍ਰਸ਼ਨ ਦਾ ਹਾਲਾਂਕਿ ਉੱਤਰ ਬਹੁਤ ਸਾਦਾ ਹੈ। ਸ਼ੁਰੂ ਕਰਨ ਲਈ, ਜਦ ਵੀ ਅਸੀਂ ਗੁਰਦੁਆਰੇ ਜਾਂਦੇ ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਡੰਡਉਤ ਬੰਦਨਾ ਕਰੋ। ਜਦ ਅਸੀਂ ਇਸ ਪਰਮ ਸ਼ਕਤੀਸ਼ਾਲੀ ਹੁਕਮ ਦੀ ਕਮਾਈ ਕਰਾਂਗੇ ਤਾਂ ਅਸੀਂ ਇਸ ਦੇ ਫਲ ਪ੍ਰਾਪਤ ਕਰਨੇ ਸ਼ੁਰੂ ਕਰ ਦਿਆਂਗੇ। ਮਨ ਵਿੱਚ ਦ੍ਰਿੜ੍ਹ ਕਰ ਰੱਖੋ ਕਿ ਇਹ ਹੁਕਮ ਮੰਨਣਾ ਕੋਈ ਸੌਖਾ ਕੰਮ ਨਹੀਂ ਹੈ ਅਤੇ ਬਹੁਤ ਹੀ ਮੁਸ਼ਕਿਲ ਕਰਨ ਵਾਲੀ ਕਿਰਿਆ ਹੈ ਕਿਉਂਕਿ ਸਾਡੀ ਹਉਮੈ ਸਾਨੂੰ ਡੰਡਉਤ ਕਰਨ ਤੋਂ ਰੋਕਦੀ ਹੈ। ਇਸ ਲਈ ਹਉਮੈ ਨੂੰ ਮਾਰਨ ਦਾ ਇਹ ਇੱਕ ਪੂਰਨ ਬ੍ਰਹਮ ਅਸਤਰ ਹੈ। ਇਸ ਗੱਲ ਦੀ

ਚਿੰਤਾ ਨਾ ਕਰੋ ਕਿ ਲੋਕ ਕਿ ਕਹਿਣਗੇ, ਕੇਵਲ ਇਹ ਸਮਝੋ ਕਿ ਇਹ ਗੁਰਬਾਣੀ ਗੁਰੂ ਦਾ ਹੁਕਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਡੰਡਉਤ ਕਰੋ ਅਤੇ ਇਸ ਦੇ ਫ਼ਲ਼ ਸਰੂਪ ਆਪਣੇ ਅਸੰਖਾਂ ਪਾਪਾਂ ਨੂੰ ਧੋਣ ਦਾ ਫਲ ਪ੍ਰਾਪਤ ਕਰੋ ਅਤੇ ਆਪਣੇ ਹਿਰਦੇ ਨੂੰ ਸਾਫ਼ ਕਰ ਲਵੋ, ਆਪਣੀ ਹਉਮੈ ਨੂੰ ਮਾਰ ਲਵੋ। ਇਸ ਹੁਕਮ ਨੂੰ ਦ੍ਰਿੜ੍ਹ ਕਰ ਲਵੋ ਕਿ ਗੁਰੂ ਨੂੰ ਡੰਡਉਤ ਕਰਨਾ ਬੇਅੰਤ ਪੁੰਨ ਕਰਮ ਹੈ ਜੋ ਸਾਡੀ ਹਉਮੈ ਨੂੰ ਮਾਰਨ ਲਈ ਦਰਗਾਹੀ ਅਸਤਰ ਹੈ ਅਤੇ ਇਹ ਅਸਤਰ ਸਾਨੂੰ ਪ੍ਰਾਪਤ ਹੈ ਭਾਵ ਅਸੀਂ ਗੁਰੂ ਦੇ ਚਰਨਾਂ ਉੱਪਰ ਡੰਡਉਤ ਕਰਨ ਦੀ ਸ਼ਕਤੀ ਰੱਖਦੇ ਹਾਂ ਅਤੇ ਇਸ ਮਹਾ ਪੁੰਨ ਕਰਮ ਨੂੰ ਅੰਜਾਮ ਦੇ ਸਕਦੇ ਹਾਂ। ਇਹ ਹੁਕਮ ਗੁਰਪ੍ਰਸਾਦਿ ਹੈ ਅਤੇ ਸਾਨੂੰ ਇਸ ਗੁਰਪ੍ਰਸਾਦਿ ਦੀ ਬਖ਼ਸ਼ੀਸ਼ ਪ੍ਰਾਪਤ ਹੈ। ਇਸ ਲਈ ਇਸ ਗੁਰਪ੍ਰਸਾਦਿ ਦੀ ਸੇਵਾ ਸੰਭਾਲਤਾ ਕਰਨ ਲਈ ਅਤੇ ਆਪਣੀ ਬੰਦਗੀ ਨੂੰ ਅੱਗੇ ਵਧਾਉਣ ਲਈ ਗੁਰੂ ਅੱਗੇ ਡੰਡਉਤ ਕਰਨਾ ਸਾਡੇ ਹਿਰਦੇ ਨੂੰ ਨਿਮਰਤਾ ਅਤੇ ਨਿਰਮਾਣਤਾ ਨਾਲ ਭਰਪੂਰ ਕਰ ਦਿੰਦਾ ਹੈ। ਇਸ ਤਰ੍ਹਾਂ ਦਾ ਝੁਕਣਾ ਪਦਾਰਥਕ ਤੱਤ ਅੱਗੇ ਝੁਕਣਾ ਨਹੀਂ ਹੈ ਜੋ ਕਿ ਕੇਵਲ ਮਾਇਆ ਹੈ, ਪਰੰਤੂ ਇਸ ਤਰ੍ਹਾਂ ਝੁਕਣਾ ਪੂਰਨ ਬ੍ਰਹਮ ਸ਼ਕਤੀ ਦਾ ਆਧਾਰ ਤੱਤ ਹੈ ਅਤੇ ਇਹ ਹਰ ਰਚਨਾ ਹਰ ਜਗ੍ਹਾ ਵਿੱਚ ਮੌਜੂਦ ਸਤਿ ਤੱਤ ਅੱਗੇ ਝੁਕਣਾ ਹੈ ਅਤੇ ਸਤਿ ਤੱਤ ਗੁਰੂ ਤੱਤ ਹੈ ਜੋ ਸਰਬ ਵਿਆਪਕ ਹੈ।

ਇਹ ਸਤਿ ਸਰੂਪ ਦੇ ਚਰਨਾਂ ਦੀ ਮਹਿਮਾ ਦੀ ਇੱਕ ਝਲਕ ਹੈ। ਇਹ ਪੂਰਨ ਸਤਿ ਹੈ ਕਿ ਇਸ ਪਰਮ ਸ਼ਕਤੀਸ਼ਾਲੀ ਦਰਗਾਹੀ ਹੁਕਮ ਦੀ ਕਮਾਈ ਕਰਨ ਨਾਲ ਅਸੀਂ ਵੀ ਗੁਰਪ੍ਰਸਾਦਿ ਦੀ ਅਤੇ ਹਿਰਦੇ ਦੀ ਗਰੀਬੀ ਦੀ ਕਮਾਈ ਕਰ ਕੇ ਸਤਿ ਸਰੂਪ ਬਣ ਜਾਵਾਂਗੇ। ਅਸਲ ਪੂਰਨ ਬ੍ਰਹਮ ਦੀ ਭਗਤੀ ਉਸ ਮਨੁੱਖ ਦੇ ਚਰਨਾਂ ਵਿੱਚ ਪੂਰਨ ਸਮਰਪਣ ਨਾਲ ਸ਼ੁਰੂ ਹੁੰਦੀ ਹੈ ਜੋ ਸਤਿ ਰੂਪ ਬਣ ਗਿਆ ਹੈ। ਆਓ ਪੂਰਨ ਸਮਰਪਣ ਦੇ ਮਤਲਬ ਤੇ ਝਾਤੀ ਮਾਰੀਏ। ਪੂਰਨ ਸਮਰਪਣ ਕੇਵਲ ਦੇਣਾ, ਦੇਣਾ ਅਤੇ ਦੇਣਾ ਹੈ। ਦੇਣਾ ਬੰਦਗੀ ਹੈ। ਸਤਿ ਰੂਪ ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਸਤਿਗੁਰੂ, ਪੂਰਨ ਖ਼ਾਲਸਾ ਦੇ ਚਰਨਾਂ ਤੇ ਤਨ, ਮਨ ਅਤੇ ਧਨ ਅਰਪਣ ਕਰਨਾ ਹੀ ਸਮਰਪਣ ਹੈ। ਆਪਣਾ ਸਭ ਕੁਝ ਐਸੀ ਹਸਤੀ ਦੀ ਸੇਵਾ ਵਿੱਚ ਸੌਂਪਣਾ ਜੋ ਸਤਿ ਸਰੂਪ ਹੈ।

ਤਨ ਅਰਪਣ ਤੋਂ ਭਾਵ ਹੈ ਆਪਣੇ ਸਮੇਂ ਦਾ ਦਸਵੰਧ ਐਸੀ ਹਸਤੀ ਦੀ ਸੇਵਾ ਵਿੱਚ ਲੱਗਾਉਣਾ। ਐਸੀ ਰੂਹ ਦੀ ਸਰਵ ਉੱਚ ਪੱਧਰ ਦੀ ਸੇਵਾ ਉਨ੍ਹਾਂ ਦੇ ਦੱਸੇ ਅਨੁਸਾਰ ਨਾਮ ਸਿਮਰਨ ਕਰਨਾ ਅਤੇ ਨਾਮ ਦੀ ਕਮਾਈ ਇਕੱਠੀ ਕਰਨਾ ਹੈ। ਨਾਮ ਸਿਮਰਨ ਦੀ ਸੇਵਾ ਸਭ ਤੋਂ ਉੱਤਮ ਸੇਵਾ ਹੈ। ਨਾਮ ਸਿਮਰਨ ਦੀ ਸੇਵਾ ਸਭ ਤੋਂ ਉੱਚੀ ਸੇਵਾ ਹੈ। ਨਾਮ ਸਿਮਰਨ ਦੀ ਸੇਵਾ ਨਾਲ ਹੀ ਸਾਰੀਆਂ ਰੂਹਾਨੀ ਪ੍ਰਾਪਤੀਆਂ ਹੁੰਦੀਆਂ ਹਨ। ਨਾਮ ਸਿਮਰਨ ਕਰਨ ਨਾਲ ਹੀ ਸਾਰੇ ਕਾਰਜ ਸਿੱਧ ਹੁੰਦੇ ਹਨ ਅਤੇ ਕਿਸੇ ਕਿਸਮ ਦਾ ਵਿਘਨ ਨਹੀਂ ਲੱਗਦਾ। ਨਾਮ ਸਿਮਰਨ ਨਾਲ ਹੀ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਨਾਮ ਸਿਮਰਨ ਕਰਨ ਨਾਲ ਹੀ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ, ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ ਅਤੇ ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਹੋ ਜਾਂਦੀ ਹੈ। ਨਾਮ ਸਿਮਰਨ ਕਰਨ ਨਾਲ ਹੀ ਤ੍ਰਿਸ਼ਨਾ ਬੁਝ ਜਾਂਦੀ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵੱਸ ਆ ਜਾਂਦੇ ਹਨ ਅਤੇ ਮਨੁੱਖ ਮਾਇਆ ਨੂੰ ਜਿੱਤ ਲੈਂਦਾ ਹੈ। ਨਾਮ ਸਿਮਰਨ ਕਰਨ ਨਾਲ ਹੀ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ ਅਤੇ ਹਿਰਦੇ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਨਾਮ ਸਿਮਰਨ ਕਰਨ ਨਾਲ ਹੀ ਸਾਰੇ ਅਵਗੁਣ ਖਤਮ ਹੁੰਦੇ ਹਨ ਅਤੇ ਹਿਰਦੇ ਵਿੱਚ ਸਤਿ ਗੁਣਾਂ ਦਾ ਪ੍ਰਕਾਸ਼

ਹੁੰਦਾ ਹੈ। ਨਾਮ ਸਿਮਰਨ ਕਰਨ ਨਾਲ ਹੀ ਗਿਆਨ, ਧਿਆਨ ਅਤੇ ਤੱਤ ਬੁੱਧੀ ਦੀ ਪ੍ਰਾਪਤੀ ਹੁੰਦੀ ਹੈ। ਨਾਮ ਸਿਮਰਨ ਨਾਲ ਹੀ ਦਰਗਾਹ ਵਿੱਚ ਮਾਣ ਪ੍ਰਾਪਤ ਹੁੰਦਾ ਹੈ। ਨਾਮ ਸਿਮਰਨ ਕਰਨ ਨਾਲ ਹੀ ਸਤਿਗੁਰੂਆਂ, ਸੰਤਾਂ, ਭਗਤਾਂ ਅਤੇ ਬ੍ਰਹਮ ਗਿਆਨੀ ਮਹਾਂਪੁਰਖਾਂ ਦੇ ਦਰਸ਼ਨ ਹੁੰਦੇ ਹਨ। ਨਾਮ ਸਿਮਰਨ ਕਰਨ ਨਾਲ ਹੀ ਮਾਇਆ ਨੂੰ ਜਿੱਤ ਕੇ ਤ੍ਰੈ ਗੁਣ ਮਾਇਆ ਤੋਂ ਪਰੇ ਚਉਥੇ ਪਦਿ ਵਿੱਚ ਅਕਾਲ ਪੁਰਖ ਦੇ ਦਰਸ਼ਨ ਹੁੰਦੇ ਹਨ ਅਤੇ ਪੂਰਨ ਤੱਤ ਗਿਆਨ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਨਾਮ ਸਿਮਰਨ ਦੀ ਬੇਅੰਤ ਮਹਿਮਾ ਸਤਿਗੁਰੂ ਅਵਤਾਰ ਧੰਨ ਧੰਨ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਦੀ ਪਹਿਲੀ ਅਸ਼ਟਪਦੀ ਵਿੱਚ ਪ੍ਰਗਟ ਕੀਤੀ ਹੈ।

ਮਨ ਸੌਂਪਣ ਤੋਂ ਭਾਵ ਹੈ ਆਪਣੀ ਮਨਮਤਿ ਆਪਣੀ ਸਿਆਣਪ ਅਤੇ ਸੰਸਾਰਿਕ ਮਤਿ ਦਾ ਤਿਆਗ ਕਰਨਾ ਅਤੇ ਗੁਰਮਤਿ ਜੋ ਕਿ ਕੇਵਲ ਗੁਰਬਾਣੀ ਹੈ ਉਸ ਦੇ ਹੁਕਮ ਦੀ ਪਾਲਣਾ ਕਰਨਾ ਹੈ, ਅਤੇ ਗੁਰਬਾਣੀ ਦੇ ਪਾਵਨ ਸ਼ਬਦਾਂ ਦੀ ਕਮਾਈ ਕਰਨਾ ਹੈ। ਜਿਸ ਸੰਤ ਦੇ ਚਰਨਾਂ ਤੇ ਅਸੀਂ ਪੂਰਨ ਸਮਰਪਣ ਕਰਦੇ ਹਾਂ, ਉਸ ਦੇ ਸਤਿ ਬਚਨਾਂ ਦੀ ਕਮਾਈ ਆਪਣੀ ਅਸਲ ਰੋਜ਼ਾਨਾ ਜ਼ਿੰਦਗੀ ਵਿੱਚ ਪੂਰਨ ਦ੍ਰਿੜ੍ਹਤਾ, ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਕਰਨਾ ਹੀ ਗੁਰਮਤਿ ਹੈ। ਐਸੀ ਸਤਿ ਦੀ ਕਰਨੀ ਸਾਡੀ ਰੂਹਾਨੀ ਤੌਰ ਤੇ ਉੱਪਰ ਉੱਠਣ ਲਈ ਕ੍ਰਿਸ਼ਮੇ ਦਾ ਕੰਮ ਕਰਦੀ ਹੈ। ਐਸੀ ਸਤਿ ਰੂਪ ਹਸਤੀ ਦੇ ਸ਼ਬਦਾਂ ਨੂੰ ਸਤਿ ਬਚਨ ਕਰ ਕੇ ਮੰਨੋ ਅਤੇ ਉਨ੍ਹਾਂ ਦੀ ਯਕੀਨ, ਭਰੋਸੇ, ਸ਼ਰਧਾ ਅਤੇ ਪਿਆਰ ਨਾਲ ਲੱਗਾਤਾਰ ਆਧਾਰ ਤੇ ਪਾਲਣਾ ਕਰਨਾ ਹੀ ਗੁਰਮਤਿ ਦੀ ਸੇਵਾ ਕਰਨਾ ਹੈ। ਪੂਰਨ ਸੰਤ ਦੇ ਸਤਿ ਬਚਨਾਂ ਦੀ ਕਮਾਈ ਕਰਨਾ ਹੀ ਗੁਰਮਤਿ ਦੀ ਕਮਾਈ ਹੈ। ਪੂਰਨ ਸੰਤ ਦੇ ਸਤਿ ਬਚਨਾਂ ਦੀ ਪਾਲਣਾ ਕਰਨ ਨਾਲ ਅਸੀਂ ਵੀ ਯਕੀਨੀ ਤੌਰ ਤੇ ਸਤਿ ਸਰੂਪ ਬਣ ਜਾਵਾਂਗੇ।

ਤੀਸਰੀ ਵਸਤੂ ਜੋ ਸਾਨੂੰ ਸਾਡੇ ਗੁਰੂ ਨੂੰ ਸਮਰਪਣ ਕਰਨੀ ਹੈ ਉਹ ਸਾਡੀ ਧਨ-ਸੰਪਦਾ ਹੈ। ਆਪਣੀ ਦਸਾਂ ਨਹੁੰਆਂ ਦੀ ਸੱਚੀ ਸੁੱਚੀ ਕਿਰਤ ਕਮਾਈ ਦਾ ਦਸਵੰਧ ਆਪਣੇ ਸਤਿਗੁਰੂ ਜਾਂ ਜੋ ਪੂਰਨ ਸੰਤ ਜਿਸ ਦੇ ਸਤਿ ਚਰਨਾਂ ਉੱਪਰ ਅਸੀਂ ਪੂਰਨ ਸਮਰਪਣ ਕਰਦੇ ਹਾਂ, ਜਾਂ ਪੂਰਨ ਬ੍ਰਹਮ ਗਿਆਨੀ ਜਿਸ ਦੇ ਸਤਿ ਚਰਨਾਂ ਉੱਪਰ ਅਸੀਂ ਪੂਰਨ ਸਮਰਪਣ ਕਰਦੇ ਹਾਂ, ਨੂੰ ਸੌਂਪਣਾ ਹੈ।

ਆਪਣੀ ਕਮਾਈ ਵਿੱਚੋਂ ਦਸਵੰਧ ਦੇਣ ਨਾਲ ਅਸੀਂ ਦੁਨਿਆਵੀ ਪਦਾਰਥਾਂ ਅਤੇ ਧਨ-ਸੰਪਦਾ ਨਾਲ ਮੋਹ ਅਤੇ ਲੋਭ ਦਾ ਤਿਆਗ ਕਰਦੇ ਹਾਂ। ਕਮਾਈ ਦਾ ਦਸਵੰਧ ਦੇਣ ਨਾਲ ਅਸੀਂ ਲੋਭ ਦੇ ਵਿਨਾਸ਼ਕਾਰੀ ਦੂਤ ਤੋਂ ਮੁਕਤ ਹੋ ਜਾਂਦੇ ਹਾਂ। ਇਸ ਲਈ ਅਸਲ ਬ੍ਰਹਮ ਪੂਜਾ, ਸਤਿ ਦੀ ਪੂਜਾ ਹੈ ਅਤੇ ਇਹ ਪੂਜਾ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਅਸੀਂ ਸਤਿ ਸਰੂਪ ਦੇ ਚਰਨਾਂ ਵਿੱਚ ਪੂਰੀ ਤਰ੍ਹਾਂ ਸਮਰਪਣ ਕਰਦੇ ਹਾਂ। ਇਹ ਸਰਵ ਉੱਚ ਪੱਧਰ ਦੀ ਸੇਵਾ ਹੈ ਅਤੇ ਸਾਨੂੰ ਸਤਿ ਸਰੂਪ ਦਾ ਸੱਚਾ ਦਾਸ ਬਣਾਉਂਦੀ ਹੈ ਅਤੇ ਫਲਸਰੂਪ ਸਾਨੂੰ ਸਤਿ ਸਰੂਪ ਬਣਾਉਂਦੀ ਹੈ। ਇਸ ਲਈ ਉਹ ਜੋ ਸਤਿ ਦੀ ਪੂਜਾ ਕਰਦਾ ਹੈ, ਐਸਾ ਇੱਕ ਸੱਚਾ ਸੇਵਾਦਾਰ ਆਪ ਸਤਿ ਸਰੂਪ ਬਣ ਜਾਂਦਾ ਹੈ। ਸਤਿ ਸਰੂਪ ਬਣਨਾ, ਕੇਵਲ ਪੂਰਨ ਸਤਿ ਦੀ ਸੇਵਾ ਕਰਨਾ ਅਤੇ ਪੂਰਨ ਸਤਿ ਵਰਤਾਉਣਾ ਸਰਵ ਉੱਚ ਪੱਧਰ ਦੀ ਰੂਹਾਨੀਅਤ ਹੈ।

ਕ੍ਰਿਪਾ ਕਰ ਕੇ ਇਸ ਨੂੰ ਆਪਣੇ ਹਿਰਦੇ ਵਿੱਚ ਪੂਰਨ ਰੂਪ ਨਾਲ ਦ੍ਰਿੜ੍ਹ ਕਰ ਕੇ ਵਸਾ ਲਵੋ ਕਿ ਜੋ ਸਤਿ ਸਰੂਪ ਬਣਦੇ ਹਨ, ਕੇਵਲ ਉਨ੍ਹਾਂ ਦੇ ਦਰਸ਼ਨ ਕਰਨ ਵਿੱਚ ਹੀ ਇਤਨੀ

ਬਖ਼ਸ਼ੀਸ਼ ਹੁੰਦੀ ਹੈ ਕਿ ਜੋ ਐਸੇ ਮਹਾਂਪੁਰਖਾਂ ਦੇ ਚਰਨਾਂ ਉੱਪਰ ਪੂਰਨ ਸਮਰਪਣ ਕਰਦੇ ਹਨ ਉਹ ਮਨੁੱਖ ਉਸ ਵੇਲੇ ਹੀ ਨਾਮ ਸਿਮਰਨ-ਸਮਾਧੀ ਅਤੇ ਸੁੰਨ ਸਮਾਧੀ ਦੀ ਬਖ਼ਸ਼ੀਸ਼ ਪ੍ਰਾਪਤ ਕਰ ਲੈਂਦੇ ਹਨ ਅਤੇ ਪੂਰਨ ਬੰਦਗੀ ਦਾ ਗੁਰਪ੍ਰਸਾਦਿ ਪ੍ਰਾਪਤ ਕਰਦੇ ਹਨ। ਇਸ ਲਈ, ਉਹ ਮਨੁੱਖ ਜੋ ਗੁਰਬਾਣੀ ਵਿੱਚ ਯਕੀਨ ਰੱਖਦੇ ਹਨ, ਜਿਹੜੀ ਕਿ ਸਪੱਸ਼ਟ ਦੱਸਦੀ ਹੈ ਕਿ ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਸਤਿਗੁਰੂ ਸਤਿ ਰੂਪ ਹੈ ਅਤੇ ਉਹ ਮਨੁੱਖ ਜੋ ਐਸੀਆਂ ਰੂਹਾਂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰਦਾ ਹੈ ਉਹ ਨਾਮ, ਨਾਮ ਸਿਮਰਨ, ਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਬਖ਼ਸ਼ੀਸ਼ ਪ੍ਰਾਪਤ ਕਰਦਾ ਹੈ ਅਤੇ ਐਸੇ ਵੱਡੇ ਭਾਗਾਂ ਵਾਲਾ ਮਨੁੱਖ ਪੂਰਨ ਬੰਦਗੀ ਦੀ ਪ੍ਰਾਪਤੀ ਕਰ ਕੇ ਸਤਿ ਰੂਪ ਬਣ ਜਾਂਦੇ ਹਨ।

ਬੰਦਗੀ ਪੂਰਨ ਅਵਸਥਾ ਵਿੱਚ ਮਾਇਆ ਉੱਪਰ ਜਿੱਤ ਪ੍ਰਾਪਤ ਕਰਨ ਨਾਲ ਪਹੁੰਚਦੀ ਹੈ। ਉਹ ਮਨੁੱਖ ਜਿਹੜੇ ਆਪਣੇ ਮਨ ਉੱਪਰ ਜਿੱਤ ਪਾ ਲੈਂਦੇ ਹਨ ਉਹ ਮਾਇਆ ਉੱਪਰ ਜਿੱਤ ਪਾ ਲੈਂਦੇ ਹਨ ਅਤੇ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਜੀ ਦੀ ਦਰਗਾਹ ਵਿੱਚ ਪੂਰਨ ਤੌਰ ਤੇ ਸਵੀਕਾਰ ਕਰ ਲਏ ਜਾਂਦੇ ਹਨ ਅਤੇ ਪਰਮ ਜੋਤ ਪੂਰਨ ਪ੍ਰਕਾਸ਼ ਆਤਮ ਰਸ ਅੰਮ੍ਰਿਤ ਨਾਲ ਨਿਵਾਜੇ ਜਾਂਦੇ ਹਨ ਅਤੇ ਸਤਿ ਵਿੱਚ ਸਦਾ ਲਈ ਅਭੇਦ ਹੋ ਜਾਂਦੇ ਹਨ।

ਧੰਨ ਧੰਨ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਬੇਅੰਤ ਦਿਆਲਤਾ ਨਾਲ ਇਹ ਸਪੱਸ਼ਟ ਕੀਤਾ ਹੈ ਕਿ ਅਕਾਲ ਪੁਰਖ ਦਾ ਨਾਮ ਸਤਿ ਹੈ। ਇਸ ਦਾ ਇਹ ਭਾਵ ਨਹੀਂ ਹੈ ਕਿ ਨਾਮ ਸੱਚਾ ਹੈ ਪਰ ਭਾਵ ਹੈ ਕਿ 'ਸਤਿ' ਹੀ ਨਾਮ ਹੈ, 'ਸਤਿ' ਹੀ ਗੁਰੂ ਹੈ, 'ਸਤਿ' ਹੀ ਪਰਮ ਜੋਤ ਪੂਰਨ ਪ੍ਰਕਾਸ਼ ਹੈ, 'ਸਤਿ' ਹੀ ਅਨੰਤ ਪਰਮ ਬ੍ਰਹਮ ਸ਼ਕਤੀ ਹੈ ਜੋ ਸਦਾ ਕਾਇਮ ਹੈ ਜਦ ਕਿ ਬਾਕੀ ਹਰ ਇੱਕ ਵਸਤੂ ਮਾਇਆ ਦਾ ਸ਼ਿਕਾਰ ਹੋ ਜਾਂਦੀ ਹੈ। ਸਤਿਨਾਮ ਦੀ ਬੇਅੰਤ ਮਹਿਮਾ ਉੱਪਰ ਇਸ ਲਿਖਤ ਵਿੱਚ ਬਿਆਨ ਕੀਤੀ ਗਈ ਹੈ।

ਪੂਰਨ ਸਮਰਪਣ ਨਾ ਕਰਨਾ ਜਾਂ ਅਧੂਰਾ ਸਮਰਪਣ ਕਰਨਾ ਹੀ ਲੱਗਭਗ ਸਾਰੀ ਸੰਗਤ ਦੀ ਬਹੁਤ ਘੱਟ ਰੂਹਾਨੀ ਵਿਕਾਸ ਦਾ ਕਾਰਨ ਹੈ। ਅਸੀਂ ਸਾਰੇ ਆਪਣੇ ਆਲੇ-ਦੁਆਲੇ ਬਹੁਤ ਸਾਰੇ ਲੋਕ ਦੇਖਦੇ ਹਾਂ ਜੋ ਸਾਰੀ ਉਮਰ ਨਿੱਤਨੇਮ ਕਰਦੇ ਹਨ ਪਰ ਬਹੁਤ ਹੀ ਘੱਟ ਰੂਹਾਨੀ ਵਿਕਾਸ ਹਾਸਲ ਕਰਦੇ ਹਨ। ਇਸ ਲਈ ਤਨ ਮਨ ਅਤੇ ਧਨ ਨਾਲ ਪੂਰਨ ਸਮਰਪਣ ਰੂਹਾਨੀ ਜੀਵਨ ਵਿੱਚ ਸਫਲਤਾ ਲਈ ਬਹੁਤ ਮਹੱਤਵਪੂਰਨ ਹੈ। ਪੂਰਨ ਸਮਰਪਣ ਤੋਂ ਬਿਨਾਂ ਗੁਰਪ੍ਰਸਾਦਿ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਪੂਰਨ ਸਮਰਪਣ ਤੋਂ ਬਿਨਾਂ ਬੰਦਗੀ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਪੂਰਨ ਸਮਰਪਣ ਤੋਂ ਬਿਨਾਂ ਨਾਮ, ਨਾਮ ਸਿਮਰਨ, ਨਾਮ ਦੀ ਕਮਾਈ, ਸੁਹਾਗ, ਅਤੇ ਸਦਾ ਸੁਹਾਗ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਪੂਰਨ ਸਮਰਪਣ ਹੀ ਬੰਦਗੀ ਦਾ ਆਧਾਰ ਹੈ।

ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਜੀ ਮਾਇਆ ਤੋਂ ਪਰੇ ਹਨ ਅਤੇ ਆਪ 'ਸਤਿ' ਹਨ। ਧੰਨ ਧੰਨ ਨਿਰਗੁਣ ਸਰੂਪ ਪਰਮ ਅਨੰਤ ਬ੍ਰਹਮ ਸ਼ਕਤੀ ਹੈ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਕੇਵਲ ਉਸ ਹਿਰਦੇ ਵਿੱਚ ਪ੍ਰਗਟ ਹੁੰਦਾ ਹੈ ਜੋ ਮਾਇਆ ਤੋਂ ਪਰੇ ਹੈ, ਜੋ ਹਿਰਦਾ ਮਾਇਆ ਉੱਪਰ ਜਿੱਤ ਪਾਉਂਦਾ ਹੈ ਅਤੇ ਸਤਿ ਸਰੂਪ ਬਣ ਜਾਂਦਾ ਹੈ। ਕੇਵਲ ਇੱਕ ਪੂਰਨ ਨਿਰਮਲ ਹਿਰਦਾ ਜੋ ਕਿ ਪੂਰਨ ਸਚਿਆਰੀ ਰਹਿਤ ਦੀ ਕਮਾਈ ਕਰਦਾ ਹੈ ਉਸ ਮਨੁੱਖੀ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਪ੍ਰਗਟ ਹੁੰਦਾ ਹੈ। ਕੇਵਲ ਅੰਦਰੂਨੀ ਰਹਿਤ (ਮਾਇਆ ਨੂੰ ਜਿੱਤਣ ਦੀ ਰਹਿਤ) ਦੀ ਕਮਾਈ ਕਰਨ ਨਾਲ ਹੀ ਹਿਰਦਾ ਪੂਰਨ ਸਚਿਆਰੀ ਰਹਿਤ ਦੀ ਪ੍ਰਾਪਤੀ ਕਰਦਾ ਹੈ। ਐਸੇ ਹਿਰਦੇ ਵਿੱਚ ਸਾਰੇ ਬ੍ਰਹਮ ਗੁਣ ਭਰਪੂਰ

ਹੁੰਦੇ ਹਨ। ਐਸਾ ਹਿਰਦਾ ਆਤਮ ਰਸ ਅੰਮ੍ਰਿਤ ਦੀ ਰਹਿਤ, ਪੂਰਨ ਬ੍ਰਹਮ ਗਿਆਨ ਦੀ ਰਹਿਤ, ਪੂਰਨ ਤੱਤ ਗਿਆਨ ਅਤੇ ਪਰਮ ਜੋਤ ਪੂਰਨ ਪ੍ਰਕਾਸ਼ ਦੀ ਰਹਿਤ ਵਿੱਚ ਹੁੰਦਾ ਹੈ ਅਤੇ ਕੇਵਲ ਐਸੇ ਹਿਰਦੇ ਵਿੱਚ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਪ੍ਰਗਟ ਹੁੰਦਾ ਹੈ। ਇਸ ਲਈ ਜੇਕਰ ਅਸੀਂ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਵੀ ਸਤਿ ਸਰੂਪ ਬਣਨਾ ਪਵੇਗਾ ਅਤੇ ਸਾਨੂੰ ਵੀ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਕਮਾਈ ਕਰਨੀ ਪਵੇਗੀ।

ਸਦਾ ਸੁਹਾਗਣ ਦਾ ਹਿਰਦਾ ਬ੍ਰਹਮ ਗੁਣਾਂ ਨਾਲ ਭਰਪੂਰ ਹੁੰਦਾ ਹੈ। ਅਕਾਲ ਪੁਰਖ ਆਪ ਇਨ੍ਹਾਂ ਬ੍ਰਹਮ ਗੁਣਾਂ ਦਾ ਅਨੰਤ ਖ਼ਜ਼ਾਨਾ ਹੈ। ਇਸ ਲਈ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਸਰਵ ਗੁਣੀ ਨਿਧਾਨ ਕਿਹਾ ਗਿਆ ਹੈ। ਸੁਹਾਗਣ ਨੂੰ ਸਦਾ ਸੁਹਾਗ ਪ੍ਰਾਪਤ ਕਰਨ ਲਈ ਅਕਾਲ ਪੁਰਖ ਵਾਂਗ ਹੀ ਬਣਨਾ ਪੈਂਦਾ ਹੈ। ਇਸ ਲਈ ਹੀ ਕਿਹਾ ਗਿਆ ਹੈ, 'ਆਪਿ ਸਤਿ ਸਤਿ ਸਭ ਧਾਰੀ ॥' ਜਦ ਤੱਕ ਅਸੀਂ ਇਹ ਸਾਰੇ ਬ੍ਰਹਮ ਗੁਣ ਪ੍ਰਾਪਤ ਨਹੀਂ ਕਰ ਲੈਂਦੇ ਅਤੇ ਆਪਣੇ ਹਿਰਦੇ ਨੂੰ ਇਨ੍ਹਾਂ ਬ੍ਰਹਮ ਗੁਣਾਂ ਨਾਲ ਨਹੀਂ ਭਰਪੂਰ ਕਰ ਲੈਂਦੇ, ਸਤਿ ਸਾਡੇ ਹਿਰਦੇ ਵਿੱਚ ਪ੍ਰਗਟ ਨਹੀਂ ਹੁੰਦਾ। ਕ੍ਰਿਪਾ ਕਰ ਕੇ ਇਸ ਪਰਮ ਸਤਿ ਤੱਤ ਨੂੰ ਮਨ ਵਿੱਚ ਦ੍ਰਿੜ੍ਹ ਕਰ ਰੱਖੋ ਕਿ ਪੂਰਨ ਸਚਿਆਰੀ ਰਹਿਤ ਦੀ ਕਮਾਈ ਗੁਰਪ੍ਰਸਾਦਿ ਹੈ, ਮਾਇਆ ਨੂੰ ਗੁਰਪ੍ਰਸਾਦਿ ਨਾਲ ਹੀ ਜਿੱਤਿਆ ਜਾ ਸਕਦਾ ਹੈ, ਹਿਰਦੇ ਨੂੰ ਸਾਰੇ ਸਤਿ ਗੁਣਾਂ ਨਾਲ ਭਰਪੂਰ ਕੇਵਲ ਗੁਰਪ੍ਰਸਾਦਿ ਨਾਲ ਹੀ ਕੀਤਾ ਜਾ ਸਕਦਾ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਕੇਵਲ ਪੂਰਨ ਸਮਰਪਣ ਨਾਲ ਹੁੰਦੀ ਹੈ। ਇਸ ਲਈ ਜਦ ਅਸੀਂ ਇਸ ਪੂਰਨ ਬ੍ਰਹਮ ਗਿਆਨ ਦਾ ਬੋਧ ਕਰਦੇ ਹਾਂ ਤਦ ਹੀ ਸਾਡੀ ਹਉਮੈ ਦਾ ਨਾਸ਼ ਹੁੰਦਾ ਹੈ ਅਤੇ ਪਰਮ ਬ੍ਰਹਮ ਅਨੰਤ ਸ਼ਕਤੀ ਸਾਡੇ ਹਿਰਦੇ ਵਿੱਚ ਪ੍ਰਗਟ ਹੋ ਕੇ ਹਿਰਦੇ ਨੂੰ ਇਸ ਸਰਵ ਉੱਚ ਪੱਧਰ ਦੇ ਗੁਰਪ੍ਰਸਾਦਿ, ਸਾਰੇ ਸਤਿ ਗੁਣਾਂ ਨਾਲ ਭਰਪੂਰ ਕਰ ਦਿੰਦੀ ਹੈ। ਇਸ ਲਈ ਪੂਰਨ ਸਮਰਪਣ ਹੀ ਰੂਹਾਨੀ ਸਫਲਤਾ ਦੀ ਕੁੰਜੀ ਹੈ।

ਗੁਰਬਾਣੀ ਸ਼ਬਦ ਹੈ, ਜਾਂ ਗੁਰ ਸ਼ਬਦ ਜਾਂ ਸ਼ਬਦ ਗੁਰੂ ਹੈ। ਗੁਰਬਾਣੀ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਜੀ ਦਾ ਗਿਆਨ ਸਰੂਪ ਹੈ। ਇਸ ਲਈ ਗੁਰਬਾਣੀ ਸਤਿ ਹੈ, ਕਿਉਂਕਿ ਇਹ ਆਪ ਅਕਾਲ ਪੁਰਖ ਤੋਂ ਆਈ ਹੈ, ਭਾਵ ਸਤਿ ਰੂਪ ਸਤਿਗੁਰੂ ਸਾਹਿਬਾਨਾਂ ਅਤੇ ਸਤਿ ਪਾਰਬ੍ਰਹਮ ਵਿੱਚ ਕੋਈ ਭੇਦ ਨਹੀਂ ਹੈ, ਜਿਨ੍ਹਾਂ ਨੇ ਗੁਰਬਾਣੀ ਦਾ ਉਚਾਰਨ ਕੀਤਾ ਹੈ ਉਹ ਆਪ ਸਭ ਅਕਾਲ ਪੁਰਖ ਵਿੱਚ ਅਭੇਦ ਹਨ, ਇਸ ਲਈ ਉਨ੍ਹਾਂ ਦੀ ਬਾਣੀ ਸਤਿ ਬਚਨ ਹਨ ਭਾਵ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਗਾਹੀ ਬਚਨ ਹਨ। ਇਸੇ ਲਈ ਗੁਰਬਾਣੀ ਨੂੰ 'ਧੁਰ ਕੀ ਬਾਣੀ' ਕਹਿ ਕੇ ਪ੍ਰਗਟ ਕੀਤਾ ਗਿਆ ਹੈ। ਸਾਰੇ ਸਤਿਗੁਰੂ ਸਾਹਿਬਾਨ ਸਤਿ ਰੂਪ ਹਨ ਇਸ ਲਈ ਜੋ ਵੀ ਉਨ੍ਹਾਂ ਨੇ ਕਿਹਾ ਸਤਿ ਪਾਰਬ੍ਰਹਮ ਪਰਮੇਸ਼ਰ ਜੀ ਦੇ ਸ਼ਬਦ ਸਨ। ਇਸ ਲਈ ਹੀ ਗੁਰਬਾਣੀ ਅਕਾਲ ਪੁਰਖ ਜੀ ਦਾ ਗਿਆਨ ਸਰੂਪ ਹੈ ਅਤੇ ਸਤਿ ਹੈ। ਇਸ ਲਈ ਗੁਰਬਾਣੀ ਸਤਿ ਹੈ ਅਤੇ ਸਤਿ ਤੋਂ ਆਈ ਹੈ। ਇਹ ਪਰਮ ਸਤਿ ਤੱਤ ਹੈ ਕਿ ਜੋ ਵੀ ਗੁਰਬਾਣੀ ਵਿੱਚ ਲਿਖਿਆ ਹੈ ਪਰਮਾਤਮਾ ਦਾ ਦਰਗਾਹੀ ਹੁਕਮ ਹੈ। ਗੁਰਬਾਣੀ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਵਾਅਦਾ ਹੈ, ਭਾਵ ਜੋ ਗੁਰਬਾਣੀ ਕਹਿੰਦੀ ਹੈ ਉਹ ਪੂਰਨ ਸਤਿ ਹੈ ਅਤੇ ਜੇਕਰ ਅਸੀਂ ਇਸ ਪਰਮ ਸ਼ਕਤੀਸ਼ਾਲੀ ਹੁਕਮ ਦੀ ਪਾਲਣਾ ਕਰਦੇ ਹਾਂ ਤਾਂ ਜੋ ਗੁਰਬਾਣੀ ਵਿੱਚ ਲਿਖਿਆ ਹੈ ਉਹ ਸਤਿ ਪਾਰਬ੍ਰਹਮ ਪਰਮੇਸ਼ਰ ਪੂਰਨ ਕਰਦੇ ਹਨ। ਇਸ ਲਈ ਜੇਕਰ ਅਸੀਂ ਇਸ ਪਰਮਾਤਮਾ ਦੇ ਸ਼ਬਦ ਹੁਕਮ ਦੀ ਪਾਲਣਾ ਕਰਦੇ ਹਾਂ ਜੋ ਕਿ ਸਤਿ ਹੈ ਤਦ ਅਸੀਂ ਸਤਿ ਸਰੂਪ ਬਣ ਜਾਂਦੇ ਹਾਂ।

ਉਹ ਮਨੁੱਖ ਜੋ ਗੁਰਬਾਣੀ ਦੀ ਕਮਾਈ ਕਰਦੇ ਹਨ, ਉਹ ਮਨੁੱਖ ਗੁਰਬਾਣੀ ਬਣ ਜਾਂਦੇ ਹਨ, ਭਾਵ ਜੋ ਗੁਰਬਾਣੀ ਕਹਿੰਦੀ ਹੈ ਉਹ ਮਨੁੱਖ ਉਸ ਅਵਸਥਾ ਨੂੰ ਪ੍ਰਾਪਤ ਕਰ ਲੈਂਦੇ ਹਨ। ਜੋ ਗੁਰਬਾਣੀ ਦੀ ਕਮਾਈ ਕਰਦੇ ਹਨ ਉਹ ਮਨੁੱਖ ਅਕਾਲ ਪੁਰਖ ਜੀ ਦੀ ਮਹਿਮਾ ਬਣ ਜਾਂਦੇ ਹਨ। ਸਭ ਤੋਂ ਕ੍ਰਿਸ਼ਮਾਮਈ ਅਤੇ ਉੱਚੀ ਮਹਿਮਾ ਅਕਾਲ ਪੁਰਖ ਦਾ ਸਤਿ ਰੂਪ ਬਣਨਾ ਹੈ। ਸਭ ਤੋਂ ਉੱਚੀ ਮਹਿਮਾ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਹੈ: ਪਰਮ ਪਦਵੀ ਦੀ ਬਖ਼ਸ਼ੀਸ਼ ਪ੍ਰਾਪਤ ਕਰਨਾ; ਆਤਮ ਰਸ ਅੰਮ੍ਰਿਤ ਦੀ ਬਖ਼ਸ਼ੀਸ਼ ਪ੍ਰਾਪਤ ਕਰਨਾ; ਪੂਰਨ ਬ੍ਰਹਮ ਗਿਆਨ ਪ੍ਰਾਪਤ ਕਰਨਾ; ਅਤੇ ਪੂਰਨ ਤੱਤ ਗਿਆਨ ਦੀ ਬਖ਼ਸ਼ੀਸ਼ ਪ੍ਰਾਪਤ ਕਰਨਾ ਹੈ। ਇਸ ਲਈ ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ, ਪੂਰਨ ਖ਼ਾਲਸਾ ਅਕਾਲ ਪੁਰਖ ਦੀ ਸਰਵ ਉੱਚ ਅਤੇ ਅਸ਼ਚਰਜ ਜਨਕ ਮਹਿਮਾ ਹੈ। ਉਹ ਮਨੁੱਖ ਜੋ ਸਤਿ ਉੱਪਰ ਆਪਣਾ ਧਿਆਨ ਲੱਗਾਉਂਦੇ ਹਨ ਉਹ ਸਤਿ ਰੂਪ ਬਣ ਜਾਂਦੇ ਹਨ।

ਉਹ ਮਨੁੱਖ ਜੋ ਸਤਿਨਾਮ ਸਿਮਰਨ ਕਰਦੇ ਹਨ ਉਨ੍ਹਾਂ ਦੀ ਸੁਰਤਿ ਸਤਿ ਬਣ ਜਾਂਦੀ ਹੈ। ਜਦ ਸਤਿ ਨਾਮ ਸੁਰਤਿ ਜਾਂ ਮਨ ਵਿੱਚ ਜਾਂਦਾ ਹੈ ਤਦ ਸੁਰਤਿ ਸਤਿ ਬਣ ਜਾਂਦੀ ਹੈ ਅਤੇ ਜਿਸ ਤਰ੍ਹਾਂ ਹੀ ਸਤਿ ਨਾਮ ਸਿਮਰਨ ਮਨੁੱਖਾ ਦੇਹੀ ਵਿੱਚ ਵਿਕਾਸ ਕਰਦਾ ਹੈ ਇਹ ਸਾਰੇ ਸਤਿ ਸਰੋਵਰਾਂ ਵਿੱਚ ਉਤਰ ਜਾਂਦਾ ਹੈ ਅਤੇ ਇਨ੍ਹਾਂ ੭ ਸਤਿ ਸਰੋਵਰਾਂ ਨੂੰ ਸਾਡੀ ਸੂਖਸ਼ਮ ਦੇਹੀ ਵਿੱਚ ਪ੍ਰਕਾਸ਼ਮਾਨ ਕਰ ਦਿੰਦਾ ਹੈ। ਇਹ ੭ ਸਤਿ ਸਰੋਵਰ ਸਾਡੀ ਸੂਖਸ਼ਮ ਦੇਹੀ ਦੇ ਵਿੱਚ ਹੀ ਹਨ ਅਤੇ ਸਤਿ ਨਾਮ ਨਾਲ ਜਗਮਗਾਉਂਦੇ ਹਨ ਅਤੇ ਸਾਡੇ ਸਾਰੇ ਬਜਰ ਕਪਾਟ ਸਮੇਤ ਦਸਮ ਦੁਆਰ ਖੁੱਲ੍ਹ ਜਾਂਦੇ ਹਨ ਅਤੇ ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ। ਇਸ ਤਰੀਕੇ ਨਾਲ ਸਾਡੀ ਸੂਖਸ਼ਮ ਦੇਹੀ ਅਤੇ ਪਦਾਰਥਕ ਸਰੀਰ ਅੰਮ੍ਰਿਤ ਨਾਲ ਭਰਪੂਰ ਹੋ ਜਾਂਦਾ ਹੈ ਅਤੇ ਸਾਡਾ ਰੋਮ-ਰੋਮ ਸਤਿਨਾਮ ਸਿਮਰਨ ਵਿੱਚ ਚਲਾ ਜਾਂਦਾ ਹੈ। ਸਾਡਾ ਰੋਮ-ਰੋਮ ਸਤਿ ਬਣ ਜਾਂਦਾ ਹੈ: **‘ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥’**

ਇਸ ਲਈ ਉਹ ਜੋ ਵੱਡੇ ਭਾਗਾਂ ਵਾਲੇ ਹਨ ਜੋ ਸਤਿ ਦੀ ਕਮਾਈ ਕਰ ਕੇ ਸਤਿ ਰੂਪ ਹੋ ਗਏ ਹਨ। ਇਸ ਲਈ ਅਕਾਲ ਪੁਰਖ ਸਤਿ ਹੈ, ਉਸ ਦਾ ਨਾਮ ਸਤਿਨਾਮ ਹੈ ਅਤੇ ਉਹ ਮਨੁੱਖ ਜਿਹੜੇ ਸਤਿ ਉੱਪਰ ਧਿਆਨ ਲੱਗਾਉਂਦੇ ਹਨ ਅਤੇ ਪੂਰੀ ਤਰ੍ਹਾਂ ਆਪਣੇ ਆਪ ਨੂੰ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰ ਦਿੰਦੇ ਹਨ ਸਤਿ ਸਰੂਪ ਬਣ ਜਾਂਦੇ ਹਨ।

ਗੁਰ ਪ੍ਰਸਾਦਿ:

ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਨੇ ਸਭ ਤੋਂ ਪਹਿਲਾਂ ਗੁਰਬਾਣੀ ਵਿੱਚ ‘ਗੁਰ ਪ੍ਰਸਾਦਿ’ ਸ਼ਬਦ ਮੂਲ ਮੰਤਰ ਵਿੱਚ ਪ੍ਰਗਟ ਕੀਤਾ ਹੈ। ਇਸ ਤੋਂ ਅਗਲੀ ਸਾਰੀ ਬਾਣੀ ਵਿੱਚ ‘ਗੁਰ ਪ੍ਰਸਾਦਿ’ ਸ਼ਬਦ ਨੂੰ ਸਤਿਗੁਰੂ ਸਾਹਿਬਾਨ ਨੇ ਹਜ਼ਾਰਾਂ ਵਾਰੀ ਪ੍ਰਗਟ ਕੀਤਾ ਹੈ। ਗੁਰਬਾਣੀ ਵਿੱਚ ‘ਗੁਰ ਪ੍ਰਸਾਦਿ’ ਸ਼ਬਦ ਨੂੰ ਬਹੁਤ ਸਾਰੇ ਸਲੋਕਾਂ ਦੇ ਸ਼ੁਰੂ ਵਿੱਚ ਬਾਰੰਬਾਰ ਪ੍ਰਗਟ ਕੀਤਾ ਗਿਆ ਹੈ। ‘ਗੁਰ ਪ੍ਰਸਾਦਿ’ ਸ਼ਬਦ ਦੇ ਨਾਲ ਇਸ ਸ਼ਬਦ ਤੋਂ ਪਹਿਲਾਂ ‘ਸਤਿ’ ਸ਼ਬਦ ਨੂੰ ਵੀ ਬਾਰੰਬਾਰ ਪ੍ਰਗਟ ਕੀਤਾ ਗਿਆ ਹੈ, ਭਾਵ ‘ਸਤਿ ਗੁਰ ਪ੍ਰਸਾਦਿ’ ਸ਼ਬਦ ਨੂੰ ਬਾਰੰਬਾਰ ਹਜ਼ਾਰਾਂ ਵਾਰੀ ਪ੍ਰਗਟ ਕੀਤਾ ਗਿਆ ਹੈ। ਭਾਵ ਇਹ ਹੈ ਕਿ ਇਸ ਪਰਮ ਸ਼ਕਤੀਸ਼ਾਲੀ ਸ਼ਬਦ ‘ਸਤਿ ਗੁਰ ਪ੍ਰਸਾਦਿ’ ਨੂੰ ਸਤਿਗੁਰ ਸਾਹਿਬਾਨ ਨੇ ਸਾਰੀ ਗੁਰਬਾਣੀ ਵਿੱਚ ਬਾਰੰਬਾਰ ਦ੍ਰਿੜ੍ਹ ਕਰਵਾਇਆ ਹੈ। ਵਿਚਾਰਨ ਯੋਗ ਪ੍ਰਸ਼ਨ ਇਹ ਹੈ ਕਿ ਇਸ ਪਰਮ

ਸ਼ਕਤੀਸ਼ਾਲੀ ਸ਼ਬਦ ਨੂੰ ਗੁਰਬਾਣੀ ਵਿੱਚ ਬਾਰ-ਬਾਰ ਹਜ਼ਾਰਾਂ ਵਾਰ ਕਿਉਂ ਪ੍ਰਗਟ ਕੀਤਾ ਹੈ ਅਤੇ ਕਿਉਂ ਬਾਰੰਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ ? ਇਸ ਪਰਮ ਸ਼ਕਤੀਸ਼ਾਲੀ ਸ਼ਬਦ 'ਸਤਿ ਗੁਰ ਪ੍ਰਸਾਦਿ' ਨੂੰ ਸਤਿਗੁਰ ਸਾਹਿਬਾਨ ਨੇ ਗੁਰਬਾਣੀ ਵਿੱਚ ਬਾਰੰਬਾਰ ਇਸ ਲਈ ਦ੍ਰਿੜ੍ਹ ਕਰਵਾਇਆ ਹੈ ਕਿਉਂਕਿ ਸਾਰੀ ਰੂਹਾਨੀਅਤ, ਸਾਰੇ ਦਰਗਾਹੀ ਖ਼ਜ਼ਾਨੇ, ਸਾਰੀ ਬੰਦਗੀ ਦੇ ਰਹੱਸ, ਸਾਰੀ ਬੰਦਗੀ, ਸਾਰੀ ਸ੍ਰਿਸ਼ਟੀ, ਸਾਰੇ ਅਨਮੋਲ ਰਤਨ ਹੀਰੇ, ਸਾਰਾ ਮਾਨਸਰੋਵਰ, ਸਾਰੀ ਦਰਗਾਹ, ਸਾਰੀਆਂ ਪਰਮ ਸ਼ਕਤੀਆਂ, ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਾਰੇ ਭੇਦ; ਪੂਰਨ ਬ੍ਰਹਮ ਗਿਆਨ, ਪੂਰਨ ਤੱਤ ਗਿਆਨ ਅਤੇ ਆਤਮ ਰਸ ਅੰਮ੍ਰਿਤ ਇਸ ਪਰਮ ਸ਼ਕਤੀਸ਼ਾਲੀ ਸ਼ਬਦ ਵਿੱਚ ਹੀ ਸਮਾਇਆ ਹੋਇਆ ਹੈ। ਇਸ ਦਾ ਭਾਵ ਇਹ ਹੈ ਕਿ: 'ਸਤਿ' ਦੀ ਪਰਮ ਸ਼ਕਤੀਸ਼ਾਲੀ ਮਹਿਮਾ ਮਨੁੱਖ ਵਿੱਚ ਗੁਰ ਪ੍ਰਸਾਦਿ ਨਾਲ ਪ੍ਰਗਟ ਹੁੰਦੀ ਹੈ; ਮਨੁੱਖ ਨੂੰ ਸਤਿ ਦੀ ਬੰਦਗੀ ਦੀ ਪ੍ਰਾਪਤੀ ਕੇਵਲ ਗੁਰ ਪ੍ਰਸਾਦਿ ਨਾਲ ਹੀ ਹੁੰਦੀ ਹੈ; ਮਨੁੱਖ ਨੂੰ ਸਤਿਨਾਮ ਅਤੇ ਨਾਮ ਦੀ ਕਮਾਈ ਦੀ ਪ੍ਰਾਪਤੀ ਕੇਵਲ ਗੁਰ ਪ੍ਰਸਾਦਿ ਨਾਲ ਹੀ ਹੁੰਦੀ ਹੈ; ਮਨੁੱਖ ਨੂੰ ਸਮਾਧੀ, ਸੁੰਨ ਸਮਾਧੀ ਅਤੇ ਰੋਮ-ਰੋਮ ਸਿਮਰਨ ਦੀ ਦਾਤ ਕੇਵਲ ਗੁਰ ਪ੍ਰਸਾਦਿ ਨਾਲ ਹੀ ਪ੍ਰਾਪਤ ਹੁੰਦੀ ਹੈ; ਮਨੁੱਖ ਦੇ ਸਾਰੇ ਬਜਰ ਕਪਾਟ ਕੇਵਲ ਗੁਰ ਪ੍ਰਸਾਦਿ ਨਾਲ ਹੀ ਖੁੱਲ੍ਹਦੇ ਹਨ ਅਤੇ ੭ ਸਤਿ ਸਰੋਵਰ ਵੀ ਗੁਰ ਪ੍ਰਸਾਦਿ ਨਾਲ ਹੀ ਪ੍ਰਕਾਸ਼ਮਾਨ ਹੁੰਦੇ ਹਨ; ਮਨੁੱਖ ਦੀ ਤ੍ਰਿਸ਼ਣਾ ਵੀ ਗੁਰ ਪ੍ਰਸਾਦਿ ਨਾਲ ਹੀ ਬੁੱਝਦੀ ਹੈ ਅਤੇ ਪੰਜ ਦੂਤ ਵੀ ਗੁਰ ਪ੍ਰਸਾਦਿ ਨਾਲ ਹੀ ਵੱਸ ਵਿੱਚ ਆਉਂਦੇ ਹਨ; ਮਨੁੱਖ ਨੂੰ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਪ੍ਰਾਪਤੀ ਵੀ ਗੁਰ ਪ੍ਰਸਾਦਿ ਨਾਲ ਹੀ ਹੁੰਦੀ ਹੈ; ਮਨੁੱਖ ਸਤਿ ਰੂਪ ਕੇਵਲ ਗੁਰ ਪ੍ਰਸਾਦਿ ਨਾਲ ਹੀ ਹੋ ਸਕਦਾ ਹੈ; ਮਨੁੱਖ ਤ੍ਰੈ ਗੁਣ ਮਾਇਆ ਨੂੰ ਕੇਵਲ ਗੁਰ ਪ੍ਰਸਾਦਿ ਨਾਲ ਹੀ ਜਿੱਤ ਕੇ ਚਉਥੇ ਪਦਿ ਵਿੱਚ ਅਕਾਲ ਪੁਰਖ ਵਿੱਚ ਅਭੇਦ ਹੋ ਸਕਦਾ ਹੈ; ਮਨੁੱਖ ਨੂੰ ਅਕਾਲ ਪੁਰਖ ਦੇ ਦਰਸ਼ਨ ਕੇਵਲ ਗੁਰ ਪ੍ਰਸਾਦਿ ਨਾਲ ਹੀ ਹੋ ਸਕਦੇ ਹਨ; ਮਨੁੱਖ ਨੂੰ ਪੂਰਨ ਬ੍ਰਹਮ ਗਿਆਨ, ਤੱਤ ਗਿਆਨ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਕੇਵਲ ਗੁਰ ਪ੍ਰਸਾਦਿ ਨਾਲ ਹੀ ਹੁੰਦੀ ਹੈ; ਮਨੁੱਖ ਨੂੰ ਪਰਉਪਕਾਰ ਅਤੇ ਮਹਾ ਪਰਉਪਕਾਰ ਦੀ ਪ੍ਰਾਪਤੀ ਕੇਵਲ ਗੁਰ ਪ੍ਰਸਾਦਿ ਨਾਲ ਹੀ ਹੁੰਦੀ ਹੈ। ਇਸ ਲਈ 'ਗੁਰ ਪ੍ਰਸਾਦਿ' ਦੀ ਮਹਿਮਾ ਪਰਮ ਸ਼ਕਤੀਸ਼ਾਲੀ ਹੈ। ਇਸੇ ਲਈ ਸਤਿਗੁਰੂ ਸਾਹਿਬਾਨ ਨੇ 'ਗੁਰ ਪ੍ਰਸਾਦਿ' ਦੇ ਇਸ ਪਰਮ ਸ਼ਕਤੀਸ਼ਾਲੀ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰੰਬਾਰ ਪ੍ਰਗਟ ਕੀਤਾ ਹੈ ਅਤੇ ਦ੍ਰਿੜ੍ਹ ਕਰਵਾਇਆ ਹੈ।

ਮੂਲ ਮੰਤਰ **'ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ'** ਗੁਰ ਪ੍ਰਸਾਦਿ ਹੈ। ਇਸ ਦਾ ਭਾਵ ਹੈ ੴ ਗੁਰ ਪ੍ਰਸਾਦਿ ਹੈ; ਸਤਿਨਾਮੁ ਗੁਰ ਪ੍ਰਸਾਦਿ ਹੈ; ਕਰਤਾ ਪੁਰਖ ਗੁਰ ਪ੍ਰਸਾਦਿ ਹੈ; ਨਿਰਭਉ ਗੁਰ ਪ੍ਰਸਾਦਿ ਹੈ; ਨਿਰਵੈਰ ਗੁਰ ਪ੍ਰਸਾਦਿ ਹੈ; ਅਕਾਲ ਮੂਰਤਿ ਗੁਰ ਪ੍ਰਸਾਦਿ ਹੈ; ਅਜੂਨੀ ਗੁਰ ਪ੍ਰਸਾਦਿ ਹੈ; ਸੈਭੰ ਗੁਰ ਪ੍ਰਸਾਦਿ ਹੈ। ਭਾਵ ਸਤਿਨਾਮ, ਨਾਮ ਸਿਮਰਨ, ਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ - ਪਰਉਪਕਾਰ ਅਤੇ ਮਹਾ ਪਰਉਪਕਾਰ ਇਸ ਮਹਾ ਮੰਤਰ ਮੂਲ ਮੰਤਰ ਵਿੱਚ ਸਮਾਇਆ ਹੋਇਆ ਹੈ। ਸਾਰੀਆਂ ਪਰਮ ਅਨੰਤ ਬੇਅੰਤ ਸ਼ਕਤੀਆਂ ਇਸ ਮਹਾ ਮੰਤਰ ਮੂਲ ਮੰਤਰ ਵਿੱਚ ਸਮਾਈਆਂ ਹੋਈਆਂ ਹਨ। ਇਹ ਮਹਾ ਮੰਤਰ ਮੂਲ ਮੰਤਰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਪਰਉਪਕਾਰ ਅਤੇ ਮਹਾ ਪਰਉਪਕਾਰ ਦਾ ਸੋਮਾ ਹੈ। ਇਹ ਮਹਾ ਮੰਤਰ ਮੂਲ ਮੰਤਰ ਅੰਮ੍ਰਿਤ ਦਾ ਸੋਮਾ ਹੈ, ਸੁਹਾਗ ਅਤੇ ਸਦਾ ਸੁਹਾਗ ਦਾ ਸੋਮਾ ਹੈ, ਸਾਰੇ ਦਰਗਾਹੀ ਖ਼ਜ਼ਾਨਿਆਂ ਦਾ ਸੋਮਾ ਹੈ, ਜੀਵਨ ਮੁਕਤੀ ਦਾ ਸੋਮਾ ਹੈ, ਹਿਰਦੇ ਵਿੱਚ

ਪਰਮ ਜੋਤ ਪੂਰਨ ਪ੍ਰਕਾਸ਼ ਦਾ ਸੋਮਾ ਹੈ, ਮਾਇਆ ਨੂੰ ਜਿੱਤਣ ਦੀ ਪਰਮ ਸ਼ਕਤੀ ਦਾ ਸੋਮਾ ਹੈ, ਹਿਰਦੇ ਨੂੰ ਪੂਰਨ ਸਚਿਆਰੀ ਰਹਿਤ ਦੀ ਬਖ਼ਸ਼ਿਸ਼ ਪ੍ਰਾਪਤ ਕਰਵਾਉਣ ਦਾ ਸੋਮਾ ਹੈ, ਪਰਮ ਪਦਵੀ ਪ੍ਰਾਪਤ ਕਰਨ ਦਾ ਸੋਮਾ ਹੈ, ਪੂਰਨ ਬ੍ਰਹਮ ਗਿਆਨ ਦਾ ਸੋਮਾ ਹੈ, ਆਤਮ ਰਸ ਅੰਮ੍ਰਿਤ ਦਾ ਸੋਮਾ ਹੈ, ਪੂਰਨ ਤੱਤ ਗਿਆਨ ਦਾ ਸੋਮਾ ਹੈ। ਇਹ ਸਭ ਕੁਝ ਗੁਰ ਪ੍ਰਸਾਦਿ ਹੈ। 'ਗੁਰ' ਦਾ ਭਾਵ ਅਕਾਲ ਪੁਰਖ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ, 'ਪ੍ਰਸਾਦਿ' ਦਾ ਭਾਵ ਹੈ ਬਖ਼ਸ਼ਿਸ਼, ਰਹਿਮਤ, ਕ੍ਰਿਪਾ, ਪਰਮ ਸ਼ਕਤੀ। ਸਾਰੀ ਰੂਹਾਨੀਅਤ ਕੇਵਲ ਅਕਾਲ ਪੁਰਖ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕ੍ਰਿਪਾ, ਰਹਿਮਤ, ਪਰਮ ਸ਼ਕਤੀ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਜਿਸ ਵਿੱਚ ਸਤਿ ਆਪ ਪ੍ਰਗਟ ਹੈ ਅਤੇ ਆਪ ਵਰਤਦਾ ਹੈ, ਉਸ ਸੰਤ ਸਤਿਗੁਰੂ ਦੇ ਰਾਹੀਂ, ਸਤਿਨਾਮ ਰੂਪ ਵਿੱਚ ਵਰਤਾਇਆ ਜਾਂਦਾ ਹੈ। ਸਤਿਗੁਰੂ ਦੀ ਕ੍ਰਿਪਾ ਸਦਕਾ ਹੀ ਸਤਿਨਾਮ ਪ੍ਰਫੁੱਲਤ ਹੁੰਦਾ ਹੈ। ਅੰਤ ਕੂੜ ਦੀ ਦੀਵਾਰ ਤੋੜ ਕੇ, ਅੰਦਰਲਾ ਸਤਿਗੁਰ- ਸਤਿ ਤੱਤ ਬਾਹਰਲੇ ਸਤਿਗੁਰੂ ਦੇ ਸਤਿ ਤੱਤ ਨਾਲ ਜੁੜ ਜਾਂਦਾ ਹੈ, ਭਾਵ ਨਿਰਗੁਣ ਅਤੇ ਸਰਗੁਣ (ਅਕਾਲ ਪੁਰਖ ਦੇ ਦੋਵੇਂ ਹਿੱਸੇ) ਜੁੜ ਜਾਂਦੇ ਹਨ ਅਤੇ ਮਨੁੱਖ ਨੂੰ ਜਿਉਂਦੇ ਜੀਅ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨਾਂ ਦੀ ਪ੍ਰਾਪਤੀ ਹੁੰਦੀ ਹੈ। ਮਨੁੱਖ ਜਿਉਂਦੇ ਜੀਅ ਜੀਵਨ ਮੁਕਤ ਹੋ ਜਾਂਦਾ ਹੈ।

ਸ੍ਰੀ ਸਤਿਗੁਰੂ ਅਵਤਾਰ ਧੰਨ ਧੰਨ ਅਮਰ ਦਾਸ ਜੀ ਸਾਨੂੰ ਬੇਅੰਤ ਦਿਆਲਤਾ ਨਾਲ ਗੁਰ ਕ੍ਰਿਪਾ ਅਤੇ ਗੁਰ ਪ੍ਰਸਾਦਿ ਦੀ ਮਹਿਮਾ ਬਾਰੇ ਪੂਰਨ ਬ੍ਰਹਮ ਗਿਆਨ ਦ੍ਰਿੜ੍ਹ ਕਰਵਾ ਰਹੇ ਹਨ। ਸਾਡੇ ਜੀਵਨ ਦਾ ਆਧਾਰ ਗੁਰਕਿਰਪਾ ਹੈ। ਸਾਡੀ ਜ਼ਿੰਦਗੀ ਵਿੱਚ ਹਰ ਚੀਜ਼ ਗੁਰਕਿਰਪਾ ਨਾਲ ਸਾਡੇ ਭਲੇ ਲਈ ਹੀ ਵਾਪਰਦੀ ਹੈ। ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਇਸ ਮਹਾਨ ਪਰਮ ਸ਼ਕਤੀ ਨਾਲ ਹੀ ਅਸੀਂ ਪੰਜ ਦੂਤਾਂ: ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਤੇ ਜਿੱਤ ਪਾ ਸਕਦੇ ਹਾਂ ਅਤੇ ਤ੍ਰਿਸ਼ਨਾ ਉੱਪਰ ਜਿੱਤ ਪਾ ਸਕਦੇ ਹਾਂ। ਗੁਰਕਿਰਪਾ ਅਤੇ ਗੁਰਪ੍ਰਸਾਦਿ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਬੇਅੰਤ ਦਰਗਾਹੀ ਪਰਮ ਸ਼ਕਤੀ ਹੈ। ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਬੜੇ ਵੱਡੇ ਭਾਗਾਂ ਨਾਲ ਹੁੰਦੀ ਹੈ। ਇਸ ਬੇਅੰਤ ਪਰਮ ਸ਼ਕਤੀ ਦਾ ਸਦਕਾ ਹੀ ਅਸੀਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਆਸਾ ਤ੍ਰਿਸ਼ਨਾ ਮਨਸ਼ਾ ਉੱਪਰ ਜਿੱਤ ਪ੍ਰਾਪਤ ਕਰ ਜੀਵਨ ਮੁਕਤੀ ਹਾਸਲ ਕਰ ਸਕਦੇ ਹਾਂ। ਇਸ ਬੇਅੰਤ ਪਰਮ ਸ਼ਕਤੀ ਦਾ ਸਦਕਾ ਹੀ ਅਸੀਂ ਮਾਇਆ ਉੱਪਰ ਜਿੱਤ ਪ੍ਰਾਪਤ ਕਰ ਦਰਗਾਹ ਵਿੱਚ ਮਾਣ ਪ੍ਰਾਪਤ ਕਰ ਸਕਦੇ ਹਾਂ। ਇਸ ਬੇਅੰਤ ਪਰਮ ਸ਼ਕਤੀ ਦਾ ਸਦਕਾ ਹੀ ਅਸੀਂ ਆਪਣੇ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਪ੍ਰਾਪਤੀ ਕਰ ਕੇ ਪਰਮ ਪਦ ਦੀ ਪ੍ਰਾਪਤੀ ਕਰ ਸਕਦੇ ਹਾਂ। ਇਸ ਬੇਅੰਤ ਪਰਮ ਸ਼ਕਤੀ ਦਾ ਸਦਕਾ ਹੀ ਅਸੀਂ ਸਹਿਜ ਅਵਸਥਾ ਅਤੇ ਅਟੱਲ ਅਵਸਥਾ ਦੀ ਪ੍ਰਾਪਤੀ ਕਰ ਕੇ ਅਕਾਲ ਪੁਰਖ ਦੇ ਨਿਰਗੁਣ ਸਰੂਪ ਵਿੱਚ ਲੀਨ ਹੋ ਸਕਦੇ ਹਾਂ। ਇੱਥੇ ਦਾਸ ਦੇ ਜਾਤੀ ਤਜਰਬੇ ਦੇ ਆਧਾਰ ਤੇ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਬਹੁਤ ਸਾਰੇ ਲੋਕਾਂ ਨੂੰ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ, ਪਰੰਤੂ ਕੋਈ ਵਿਰਲਾ ਹੀ ਇਸ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਸੇਵਾ ਸੰਭਾਲਤਾ ਕਰ ਕੇ ਦਰਗਾਹ ਵਿੱਚ ਮਾਣ ਪ੍ਰਾਪਤ ਕਰਦਾ ਹੈ। ਇਸ ਦਾ ਵੱਡਾ ਕਾਰਨ ਕੇਵਲ ਸੇਵਾ ਸੰਭਾਲਤਾ ਦੀ ਕਮੀ ਹੈ, ਕੇਵਲ ਆਪਾ ਅਰਪਣ ਕਰਨ ਦੀ ਕਮੀ ਹੈ, ਕੇਵਲ ਆਪਣਾ ਤਨ-ਮਨ-ਧਨ ਸਤਿਗੁਰੂ ਦੇ ਸਤਿ ਚਰਨਾਂ ਵਿੱਚ ਅਰਪਣ ਕਰਨ ਦੀ ਘਾਟ ਹੈ, ਕੇਵਲ ਮਨਮਤਿ ਤਿਆਗ ਕਰ ਗੁਰਮਤਿ ਨੂੰ ਆਪਣਾਉਣ ਦੀ ਕਮੀ ਹੈ। ਦੂਜਾ ਵੱਡਾ ਕਾਰਨ ਹੈ ਮਾਇਆ ਦੇ ਹੱਥੋਂ ਹਾਰ

ਜਾਣਾ। ਬੰਦਗੀ ਕੇਵਲ ਮਾਇਆ ਨਾਲ ਜੰਗ ਹੈ ਅਤੇ ਇਸ ਜੰਗ ਵਿੱਚ ਆਮ ਲੋਕ ਮਾਇਆ ਦੇ ਅੱਗੇ ਆਪਣੇ ਹਥਿਆਰ ਸੁੱਟ ਦਿੰਦੇ ਹਨ ਅਤੇ ਮਾਇਆ ਨਾਲ ਮੁਕਾਬਲਾ ਨਾ ਕਰ ਮਇਆ ਤੋਂ ਹਾਰ ਮੰਨ ਮੁੜ ਆਪਣੀ ਪਹਿਲਾਂ ਵਾਲੀ ਜ਼ਿੰਦਗੀ ਵਿੱਚ ਚਲੇ ਜਾਂਦੇ ਹਨ। ਕਈ ਲੋਕ ਤਾਂ ਸੁਹਾਗ ਦੀ ਪ੍ਰਾਪਤੀ ਕਰ ਕਰਮ ਖੰਡ ਤੋਂ ਮੁੜ ਫਿਰ ਧਰਮ ਖੰਡ ਵਿੱਚ ਜਾ ਡਿਗਦੇ ਹਨ। ਦਾਸ ਦੇ ਨਿਜੀ ਜੀਵਨ ਵਿੱਚ ਐਸੇ ਲੋਕਾਂ ਦੀ ਕੋਈ ਕਮੀ ਨਹੀਂ ਹੈ। ਇਸ ਲਈ ਆਪ ਸਭਨਾ ਦੇ ਚਰਨਾਂ ਵਿੱਚ ਦੋਵੇਂ ਹੱਥ ਜੋੜ ਦਾਸ ਦੀ ਬੇਨਤੀ ਹੈ ਕਿ ਜੇਕਰ ਆਪ ਨੂੰ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੇ ਇਸ ਵਡਭਾਗ ਦੀ ਪ੍ਰਾਪਤੀ ਹੁੰਦੀ ਹੈ ਤਾਂ ਇਸ ਦੀ ਸੇਵਾ ਸੰਭਾਲਤਾ ਕਰੋ ਜੀ। ਜਦ ਤੁਸੀਂ ਇਸ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਪੂਰਨ ਮਾਸੂਮੀਅਤ ਨਾਲ ਸੇਵਾ ਸੰਭਾਲਤਾ ਕਰੋਗੇ, ਜਦ ਤੁਸੀਂ ਪੂਰਨ ਭਰੋਸੇ, ਸ਼ਰਧਾ ਅਤੇ ਪ੍ਰੀਤ ਨਾਲ ਆਪਣਾ ਆਪਾ ਸਤਿਗੁਰੂ ਦੇ ਸਤਿ ਚਰਨਾਂ ਵਿੱਚ ਅਰਪਣ ਕਰ ਤਨ-ਮਨ-ਧਨ ਨਾਲ ਸਤਿਗੁਰੂ ਦੀ ਸੇਵਾ ਵਿੱਚ ਲੀਨ ਹੋ ਜਾਵੋਗੇ ਤਾਂ ਸਤਿਗੁਰੂ ਤੁਹਾਡੀ ਬਾਂਹ ਫੜ ਤੁਹਾਡੀ ਮਾਇਆ ਦੇ ਚਪੇੜਿਆਂ ਤੋਂ ਪੂਰੀ ਤਰ੍ਹਾਂ ਨਾਲ ਰੱਖਿਆ ਕਰ ਮਾਇਆ ਦੇ ਇਸ ਭਵਜਲ ਤੋਂ ਪਾਰ ਲੈ ਜਾਵੇਗਾ ਅਤੇ ਦਰਗਾਹ ਵਿੱਚ ਮਾਣ ਦੁਆਕੇ ਆਪ ਨੂੰ ਆਪਣੇ ਵਰਗਾ ਬਣਾ ਕੇ ਅਕਾਲ ਪੁਰਖ ਦੇ ਦਰਸ਼ਨ ਕਰਵਾ ਉਸ ਦੇ ਸਤਿ ਚਰਨਾਂ ਵਿੱਚ ਪੂਰੀ ਤਰ੍ਹਾਂ ਲੀਨ ਕਰ ਦੇਵੇਗਾ।

ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਇਹ ਸਾਰੇ ਗੁਣ ਅਤੇ ਪਰਮ ਸ਼ਕਤੀਆਂ ਉਸ ਦੇ ਗੁਰਪ੍ਰਸਾਦੀ ਨਾਮ 'ਸਤਿਨਾਮੁ' ਵਿੱਚ ਸਮਾਈਆਂ ਹੋਈਆਂ ਹਨ। ਮੂਲ ਮੰਤਰ ਵਿਆਖਿਆ ਤੋਂ ਪਰੇ ਹੈ, ਬੇਅੰਤ ਹੈ, ਅਨੰਤ ਹੈ। ਸਾਰਾ ਹੀ ਗੁਰੂ ਗ੍ਰੰਥ ਸਾਹਿਬ ਉਸ ਦੀ ਵਿਆਖਿਆ ਦਾ ਇੱਕ ਯਤਨ ਹੈ। ਮੂਲ ਮੰਤਰ ਹੀ ਬੀਜ ਮੰਤਰ ਹੈ।

ਬੀਜ ਮੰਤਰ ਸਰਬ ਕੋ ਗਿਆਨ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੪)

ਆਦਿ ਜੁਗਾਦਿ ਤੋਂ ਸੱਚਖੰਡ ਵਿੱਚ ਲੱਗਾਤਾਰ ਗੁਰਬਾਣੀ ਦਾ ਪ੍ਰਵਾਹ ਚਲ ਰਿਹਾ ਹੈ, ਜਿਸ ਦਾ ਭਾਵ ਹੈ ਕਿ ਅਕਾਲ ਪੁਰਖ ਦੇ ਗੁਣ ਅਤੇ ਸੰਤ ਪੁਰਖਾਂ ਦਾ ਆਓਣ-ਜਾਣ ਇੱਕ ਨਾ ਟੁੱਟਣ ਵਾਲੀ ਲੜੀ ਹੈ। ਇਹ ਇੱਕ ਨਾ ਟੁੱਟਣ ਵਾਲੀ ਲੜੀ ਇਸ ਲਈ ਹੈ, ਕਿਉਂਕਿ ਸਤਿ ਪਾਰਬ੍ਰਹਮ ਦੇ ਗੁਣ ਬੇਅੰਤ ਹਨ, ਉਸ ਦੀਆਂ ਇਲਾਹੀ ਸ਼ਕਤੀਆਂ ਬੇਅੰਤ ਅਨੰਤ ਹਨ ਅਤੇ ਇਹ ਲੜੀ ਉਸ ਬੇਅੰਤਤਾ ਨੂੰ ਬਿਆਨ ਕਰਦੀ ਹੈ ਅਤੇ ਉਸ ਦਾ ਵਖਿਆਨ ਕਰਦੀ ਹੈ। ਸਮਝਣ ਵਾਲੀ ਗੱਲ ਇਹ ਹੈ ਕਿ 'ੴ ਸਤਿਨਾਮੁ' ਗੁਰਪ੍ਰਸਾਦੀ ਹੈ। ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਦੇ ਗੁਰਪ੍ਰਸਾਦਿ ਪ੍ਰਾਪਤ ਕਰਨ ਤੋਂ ਬਾਅਦ, ਸੰਤ ਸਤਿਗੁਰੂ ਦੀ ਸੰਗਤ ਅਧੀਨ ਪੂਰਨ ਸ਼ਰਧਾ, ਪ੍ਰੀਤ ਅਤੇ ਵਿਸ਼ਵਾਸ ਨਾਲ ਨਾਮ ਸਿਮਰਨ ਕੀਤਿਆਂ ਅਤੇ ਆਪਣਾ ਤਨ-ਮਨ-ਧਨ ਅਰਪਣ ਕੀਤਿਆਂ ਸੱਚਖੰਡ ਦੇ ਵਾਸੀ ਬਣੀਦਾ ਹੈ ਅਤੇ ਪੂਰਨ ਬ੍ਰਹਮ ਗਿਆਨ ਪੂਰਨ ਤੱਤ ਗਿਆਨ ਦੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ, ਪਰਉਪਕਾਰ ਅਤੇ ਮਹਾ ਪਰਉਪਕਾਰ ਵਰਗੀ ਬੇਅੰਤ ਸੇਵਾ ਦਾ ਗੁਰ ਪ੍ਰਸਾਦਿ ਪ੍ਰਾਪਤ ਹੁੰਦਾ ਹੈ। ਪੂਰਨ ਸੰਤ, ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਹੀ ਗੁਰ ਪ੍ਰਸਾਦਿ ਦਾ ਸੋਮਾ ਹਨ।

ਕੇਵਲ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵੱਲੋਂ ਜਿਨ੍ਹਾਂ ਪੂਰਨ ਸੰਤਾਂ, ਸਤਿਗੁਰਾਂ, ਪੂਰਨ ਬ੍ਰਹਮ ਗਿਆਨੀਆਂ ਨੂੰ ਗੁਰ ਪ੍ਰਸਾਦਿ ਵੰਡਣ ਦੀ ਸੇਵਾ ਦੀ ਬਖ਼ਸ਼ੀਸ਼ ਹੁੰਦੀ ਹੈ, ਉਹੀ ਇਹ ਗੁਰ ਪ੍ਰਸਾਦਿ ਦਾ ਦਾਨ ਦੇ ਸਕਦੇ ਹਨ, ਦੂਜੇ ਨਹੀਂ। ਜਿਨ੍ਹਾਂ ਵਿਅਕਤੀਆਂ ਨੂੰ ਗੁਰ ਪ੍ਰਸਾਦਿ

ਦੀ ਪ੍ਰਾਪਤੀ ਹੁੰਦੀ ਹੈ ਉਨ੍ਹਾਂ ਦੇ ਵਡੇ ਭਾਗ ਹੁੰਦੇ ਹਨ। ਜਿਨ੍ਹਾਂ ਨੂੰ ਹਾਲੀ ਗੁਰ ਪ੍ਰਸਾਦਿ ਨਹੀਂ ਮਿਲਿਆ, ਉਨ੍ਹਾਂ ਨੂੰ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਵੀ ਗੁਰ ਪ੍ਰਸਾਦਿ ਪ੍ਰਾਪਤ ਹੋ ਸਕੇ। ਸ਼ੁੱਧ ਹਿਰਦੇ ਨਾਲ ਕੀਤੀ ਹੋਈ ਅਰਦਾਸ ਅਤੇ ਪੂਰਬਲੇ ਕਰਮਾਂ ਦੇ ਅੰਕੁਰ, ਜਗਿਆਸੂ ਨੂੰ ਪੂਰਨ ਸੰਤ ਸਤਿਗੁਰੂ ਨਾਲ ਮਿਲਾਉਂਦੇ ਹਨ ਅਤੇ ਫਿਰ ਗੁਰਪ੍ਰਸਾਦਿ ਪ੍ਰਾਪਤ ਹੁੰਦਾ ਹੈ।

■

ਅਨੰਦੁ ਸਾਹਿਬ-ਪਉੜੀ ੧

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ ॥

ਸਤਿਗੁਰੁ ਤ ਪਾਇਆ ਸਹਿਜ ਸੇਤੀ ਮਨਿ ਵਜੀਆ ਵਾਧਾਈਆ ॥

ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥

ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥

ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈਂ ਪਾਇਆ ॥

ਧਰਮ ਦੇ ਆਮ ਪ੍ਰਚਾਰਕ, ਜਿਨ੍ਹਾਂ ਨੂੰ ਧਰਮ ਦੇ ਪ੍ਰਚਾਰ ਦਾ ਕੋਈ ਦਰਗਾਹੀ ਹੁਕਮ ਨਹੀਂ ਹੈ, ਨਾ ਹੀ ਜਿਨ੍ਹਾਂ ਨੇ ਆਪ ਰੂਹਾਨੀਅਤ ਦੀ ਕਮਾਈ ਕਰ ਕੇ ਪੂਰਨ ਅਵਸਥਾ ਪ੍ਰਾਪਤ ਕਰ ਕੇ ਇਹ ਸਮਰੱਥਾ ਅਤੇ ਦਰਗਾਹੀ ਹੁਕਮ ਪ੍ਰਾਪਤ ਕੀਤਾ ਹੈ ਜਾਂ ਜੋ ਮਨੁੱਖ ਸਤਿ ਪਾਰਬ੍ਰਹਮ ਦੀ ਪਰਮ ਬਖ਼ਸ਼ੀਸ਼ ਨਾਲ ਉਸ ਵਿੱਚ ਅਭੇਦ ਹੋਣ ਕਾਰਨ ਪਰਉਪਕਾਰ ਅਤੇ ਮਹਾ ਪਰਉਪਕਾਰ ਦੀ ਸੇਵਾ ਨਾਲ ਨਿਵਾਜੇ ਨਹੀਂ ਗਏ ਹਨ, ਜਾਂ ਐਸੇ ਮਨੁੱਖ ਜਿਨ੍ਹਾਂ ਨੇ ਧਾਰਮਿਕ ਪ੍ਰਚਾਰ ਨੂੰ ਆਪਣਾ ਧਨ ਕਮਾਉਣ ਦਾ ਸਾਧਨ ਬਣਾ ਲਿਆ ਹੈ, ਜਾਂ ਧਨ ਕਮਾਉਣ ਲਈ ਗੁਰਬਾਣੀ ਅਤੇ ਕੀਰਤਨ ਨੂੰ ਬੇਚਦੇ ਹਨ, ਐਸੇ ਚੁੰਚ ਗਿਆਨੀ ਸਤਿਗੁਰੂ ਦਾ ਭਾਵ ਸੱਚਾ ਗੁਰੂ ਕਰ ਕੇ ਪ੍ਰਚਾਰ ਕਰਦੇ ਹਨ। ਜੋ ਕਿ ਪੂਰਨ ਸਤਿ ਨਹੀਂ ਹੈ। ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਗੁਰ ਪ੍ਰਸਾਦਿ ਹੈ ਅਤੇ ਗੁਰਬਾਣੀ ਨੂੰ ਕੇਵਲ ਪੜ੍ਹਣ ਨਾਲ ਨਹੀਂ ਪ੍ਰਾਪਤ ਹੁੰਦੀ ਹੈ। ਜੇਕਰ ਕੇਵਲ ਪੜ੍ਹਣ ਨਾਲ ਹੀ ਮਨੁੱਖ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਤਾਂ ਉਹ ਸਾਰੇ ਲੋਕ ਜੋ ਸਾਰੀ ਉਮਰ ਗੁਰਬਾਣੀ ਨੂੰ ਪੜ੍ਹੀ ਜਾਂਦੇ ਹਨ, ਜਾਂ ਗੁਰਬਾਣੀ ਦਾ ਰਟਨ ਕਰੀ ਜਾਂਦੇ ਹਨ, ਉਹ ਸਾਰੇ ਮਨੁੱਖਾਂ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਣੀ ਸੀ। ਜੇਕਰ ਐਸਾ ਹੁੰਦਾ ਤਾਂ ਫਿਰ ਬ੍ਰਹਮ ਗਿਆਨੀ ਮਹਾਂਪੁਰਖਾਂ ਦੀ ਕੋਈ ਕਮੀ ਨਹੀਂ ਸੀ ਹੋਣੀ। ਪਰੰਤੂ ਇਹ ਸਤਿ ਨਹੀਂ ਹੈ। ਇਹ ਹੀ ਕਾਰਨ ਹੈ ਕਿ ਲੱਗਭਗ ਸਾਰੀ ਸੰਗਤ ਜੋ ਇਨ੍ਹਾਂ ਚੁੰਚ ਗਿਆਨੀ ਮਨੁੱਖਾਂ ਦੇ ਚੁੰਗਲ ਵਿੱਚ ਫਸ ਜਾਂਦੀ ਹੈ (ਐਸੇ ਚੁੰਚ ਗਿਆਨੀ ਜੋ ਕਿ ਆਪ ਮਾਇਆ ਧਾਰੀ ਹੋਣ ਕਾਰਨ ਪੂਰਨ ਸਤਿ ਤੋਂ ਅਣਭਿਗ ਹਨ) ਉਨ੍ਹਾਂ ਸਾਰੇ ਲੋਕਾਂ ਦਾ ਜੀਵਨ ਕੇਵਲ ਬਾਹਰਲੀਆਂ ਰਹਿਤਾਂ ਕਮਾਉਣ ਵਿੱਚ ਅਤੇ ਗੁਰਬਾਣੀ ਪੜ੍ਹ-ਪੜ੍ਹ ਗੱਡਾ ਲੱਦਣ ਵਿੱਚ ਬਿਨਾਂ ਰੂਹਾਨੀਅਤ ਦੀ ਪ੍ਰਾਪਤੀ ਦੇ ਬਤੀਤ ਹੋ ਜਾਂਦਾ ਹੈ।

ਗੁਰ ਪ੍ਰਸਾਦਿ ਦੀ ਪ੍ਰਾਪਤੀ ਕਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਵਿੱਚ ਲੀਨ ਹੋਏ ਮਨੁੱਖਾਂ ਨੂੰ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ, ਭਾਵ ਮਾਇਆ ਨੂੰ ਜਿੱਤ ਕੇ ਜਦ ਅਕਾਲ ਪੁਰਖ ਦੇ ਦਰਸ਼ਨ ਹੁੰਦੇ ਹਨ ਤਾਂ ਪੂਰਨ ਬ੍ਰਹਮ ਗਿਆਨ ਦੀ ਬਖ਼ਸ਼ੀਸ਼ ਪ੍ਰਾਪਤ ਹੁੰਦੀ ਹੈ। ਕੇਵਲ ਐਸੇ ਮਹਾਂਪੁਰਖ ਜੋ ਆਪ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ ਉਨ੍ਹਾਂ ਨੂੰ ਹੀ ਦਰਗਾਹੀ ਹੁਕਮ ਅਨੁਸਾਰ ਸੰਗਤ ਵਿੱਚ ਪੂਰਨ ਸਤਿ ਵਰਤਾਉਣ ਦਾ ਹੁਕਮ ਪ੍ਰਾਪਤ ਹੁੰਦਾ ਹੈ। ਕੇਵਲ ਐਸੀ ਪੂਰਨ ਅਵਸਥਾ ਨੂੰ ਅਤੇ ਪਰਮ ਪਦਵੀ ਨੂੰ ਪ੍ਰਾਪਤ ਹੋਏ ਪੂਰਨ ਬ੍ਰਹਮ

ਗਿਆਨੀ ਅਤੇ ਪੂਰਨ ਸੰਤ ਮਹਾਂਪੁਰਖਾਂ ਨੂੰ ਹੀ ਦਰਗਾਹੀ ਹੁਕਮ ਅਨੁਸਾਰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਨੂੰ ਵਰਤਾਉਣ ਦੀ ਮਹਾ ਪਰਉਪਕਾਰੀ ਸੇਵਾ ਦੀ ਬਖ਼ਸ਼ੀਸ਼ ਪ੍ਰਾਪਤ ਹੁੰਦੀ ਹੈ। ਜਦ ਮਨੁੱਖ ਦੀ ਬੰਦਗੀ ਦਰਗਾਹ ਵਿੱਚ ਪ੍ਰਵਾਨ ਹੁੰਦੀ ਹੈ ਤਾਂ ਪੂਰਨ ਬ੍ਰਹਮ ਗਿਆਨ ਦਾ ਸੋਮਾ ਮਨੁੱਖ ਦੀ ਸੂਖਸ਼ਮ ਦੇਹੀ ਵਿੱਚ ਸਥਿਤ ਸਤਿ ਸਰੋਵਰਾਂ ਵਿੱਚੋਂ ਹੀ ਫੁੱਟਦਾ ਹੈ। ਇਸ ਲਈ ਇਸ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ ਕਿ ਕੇਵਲ ਐਸੇ ਮਹਾਂਪੁਰਖ ਜੋ ਕਿ ਸਤਿ ਵਿੱਚ ਸਮਾਂ ਕੇ ਸਤਿ ਰੂਪ ਹੋ ਜਾਂਦੇ ਹਨ ਉਹ ਹੀ ਦਰਗਾਹੀ ਹੁਕਮ ਅਨੁਸਾਰ ਗੁਰ ਪ੍ਰਸਾਦਿ ਵਰਤਾਉਣ ਦੇ ਅਧਿਕਾਰੀ ਹੁੰਦੇ ਹਨ।

'ਸਤਿ' ਦੀ ਬੇਅੰਤ ਅਤੇ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਜਿਸ ਮਨੁੱਖ ਨੇ ਸਮਝ ਲਿਆ ਮਾਨੋ ਉਸ ਨੂੰ ਸਤਿਗੁਰੂ ਦੀ ਮਹਿਮਾ ਸਮਝ ਆ ਜਾਂਦੀ ਹੈ। 'ਸਤਿ' ਤੱਤ ਹੀ ਗੁਰੂ ਤੱਤ ਹੈ। 'ਸਤਿ' ਤੱਤ ਹੀ ਪਰਮ 'ਤੱਤ' ਹੈ। 'ਸਤਿ' ਤੱਤ ਹੀ ਪਾਰਬ੍ਰਹਮ ਪਰਮੇਸ਼ਰ ਦਾ ਨਿਰਗੁਣ 'ਤੱਤ' ਹੈ ਜੋ ਕਿ ਹਰ ਇੱਕ ਮਨੁੱਖ ਵਿੱਚ ਸਥਿਤ ਹੈ। ਕੇਵਲ 'ਸਤਿ' ਪਰਮ ਤੱਤ ਦੀ ਹੋਂਦ ਹੀ ਮਨੁੱਖਾ ਦੇਹੀ ਵਿੱਚ ਕਾਇਮ ਜੀਵਨ ਸ਼ਕਤੀ ਹੈ। ਸਤਿ 'ਤੱਤ ਹੀ ਜੋਤ' ਹੈ ਜਿਸ ਕਾਰਨ ਮਨੁੱਖਾ ਦੇਹੀ ਵਿੱਚ ਜੀਵਨ ਵਾਪਰਦਾ ਹੈ। ਇਹ 'ਸਤਿ ਪਰਮ ਤੱਤ' ਹੀ ਗੁਰੂ ਤੱਤ ਹੈ। ਜੋ ਮਨੁੱਖ ਗੁਰਪ੍ਰਸਾਦਿ ਨਾਲ ਪੂਰਨ ਬੰਦਗੀ ਨਾਲ ਨਿਵਾਜੇ ਜਾਂਦੇ ਹਨ ਕੇਵਲ ਉਨ੍ਹਾਂ ਨੂੰ ਹੀ ਇਸ ਪੂਰਨ ਸਤਿ ਦਾ ਪੂਰਨ ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ। ਐਸੀਆਂ ਮਹਾਨ ਹਸਤੀਆਂ ਜੋ ਬੰਦਗੀ ਪੂਰਨ ਕਰ ਕੇ ਸਤਿ ਵਿੱਚ ਸਮਾਂ ਜਾਂਦੀਆਂ ਹਨ ਕੇਵਲ ਉਨ੍ਹਾਂ ਰੂਹਾਂ ਨੂੰ ਇਸ ਪਰਮ ਤੱਤ 'ਸਤਿ' ਦਾ ਪੂਰਨ ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ। ਐਸੀਆਂ ਮਹਾਨ ਹਸਤੀਆਂ ਨੂੰ ਗੁਰਬਾਣੀ ਵਿੱਚ ਸਤਿਗੁਰੂ, ਸੰਤ, ਸਾਧ, ਬ੍ਰਹਮ ਗਿਆਨੀ, ਖ਼ਾਲਸਾ, ਜਨ, ਗੁਰਮੁਖ ਅਤੇ ਭਗਤ ਕਹਿ ਕੇ ਉਸ ਦੀ ਮਹਿਮਾ ਪ੍ਰਗਟ ਕੀਤੀ ਗਈ ਹੈ। ਐਸੀਆਂ ਮਹਾਨ ਰੂਹਾਂ ਜਿਨ੍ਹਾਂ ਨੇ ਪੂਰਨ ਬੰਦਗੀ ਦੀ ਕਮਾਈ ਕਰ ਕੇ ਦਰਗਾਹ ਵਿੱਚ ਮਾਣ ਪ੍ਰਾਪਤ ਕੀਤਾ ਹੈ, ਸਾਰੀ ਗੁਰਬਾਣੀ ਕੇਵਲ ਉਨ੍ਹਾਂ ਦੀ ਮਹਿਮਾ ਹੈ। ਐਸੀਆਂ ਪਰਮ ਸ਼ਕਤੀਸ਼ਾਲੀ ਰੂਹਾਂ ਜੋ ਅਕਾਲ ਪੁਰਖ ਵਿੱਚ ਅਭੇਦ ਹੋ ਜਾਂਦੀਆਂ ਹਨ ਉਹ ਰੂਹਾਂ ਅਕਾਲ ਪੁਰਖ ਦੀ ਸਭ ਤੋਂ ਉੱਤਮ ਅਤੇ ਉੱਚੀ ਮਹਿਮਾ ਬਣ ਕੇ ਧਰਤੀ ਉੱਪਰ ਪ੍ਰਗਟ ਹੁੰਦੀਆਂ ਹਨ।

ਐਸੀਆਂ ਪਰਮ ਸ਼ਕਤੀਸ਼ਾਲੀ ਰੂਹਾਂ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਅਤੇ ਸੂਖਸ਼ਮ ਦੇਹੀ ਵਿੱਚ ਸਥਿਤ ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ। ਰੋਮ-ਰੋਮ ਵਿੱਚ 'ਸਤਿ' ਨਾਮ ਪ੍ਰਕਾਸ਼ਮਾਨ ਹੋ ਜਾਂਦਾ ਹੈ। ਜਿਨ੍ਹਾਂ ਦਾ ਰੋਮ-ਰੋਮ ਸਤਿਨਾਮ ਸਿਮਰਨ ਵਿੱਚ ਚਲਾ ਜਾਂਦਾ ਹੈ। ਐਸੇ ਮਹਾਂਪੁਰਖਾਂ ਦੇ ਦਸਮ ਦੁਆਰ ਖੁੱਲ੍ਹ ਜਾਣ ਨਾਲ ਉਨ੍ਹਾਂ ਨੂੰ ਅਨਹਦ ਸ਼ਬਦ ਦੀ ਪ੍ਰਾਪਤੀ ਹੋ ਜਾਂਦੀ ਹੈ। ਅਨਹਦ ਸ਼ਬਦ ਜੋ ਕਿ ਮਨੁੱਖ ਦੇ ਦਸਮ ਦੁਆਰ ਵਿੱਚ ਪ੍ਰਗਟ ਹੁੰਦਾ ਹੈ। ਅਨਹਦ ਨਾਦ ਕਦੇ ਨਾ ਬੰਦ ਹੋਣ ਵਾਲਾ ਅਖੰਡ ਕੀਰਤਨ ਹੈ ਜੋ ਮਨੁੱਖ ਦੇ ਦਸਮ ਦੁਆਰ ਵਿੱਚ ਨਿਰੰਤਰ ਗੂੰਜਦਾ ਹੈ। ਅਨਹਦ ਸ਼ਬਦ ਮਨੁੱਖ ਦੇ ਦਸਮ ਦੁਆਰ ਵਿੱਚ ਪ੍ਰਗਟ ਉਹ ਇਲਾਹੀ ਦਰਗਾਹੀ ਸੰਗੀਤ ਹੈ ਜਿਸ ਦਾ ਕੋਈ ਹੱਦ ਬੰਨਾ ਨਹੀਂ ਹੈ ਅਤੇ ਉਹ ਸਦਾ-ਸਦਾ ਲਈ ਦਸਮ ਦੁਆਰ ਵਿੱਚ ਸੁਣਨਾ ਸ਼ੁਰੂ ਹੋ ਜਾਂਦਾ ਹੈ।

ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੦੨)

ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦)

ਅਨਹਦ ਸ਼ਬਦ ਜੋ ਕਿ ਦਸਮ ਦੁਆਰ ਦੇ ਖੁੱਲ੍ਹਣ ਤੇ ਦਸਮ ਦੁਆਰ ਵਿੱਚ ਹੀ ਪ੍ਰਗਟ ਹੁੰਦਾ ਹੈ ਅਤੇ ਸੁਣਦਾ ਹੈ ਉਹ ਸਰਵ-ਉੱਤਮ ਅੰਮ੍ਰਿਤ ਹੁੰਦਾ ਹੈ। (ਦਾਸ ਦਾ ਇਹ ਜਾਤੀ ਅਨੁਭਵ ਹੈ ਕਿ ਦਸਮ ਦੁਆਰ ਦੇ ਖੁੱਲ੍ਹਣ ਤੇ ਇਹ ਇਲਾਹੀ ਸੰਗੀਤ ਦਸਮ ਦੁਆਰ ਵਿੱਚ ਪ੍ਰਗਟ ਹੋਇਆ ਅਤੇ ਫਿਰ ਕੁਝ ਸਮੇਂ ਤੋਂ ਉਪਰੰਤ ਇਸੇ ਸੰਗੀਤ ਵਿੱਚੋਂ ਸਤਿਨਾਮ ਸ਼ਬਦ ਪ੍ਰਗਟ ਹੋਇਆ, ਜਦ ਤੋਂ ਇਹ ਅਨਹਦ ਸ਼ਬਦ ਦਾਸ ਦੇ ਦਸਮ ਦੁਆਰ ਵਿੱਚ ਪ੍ਰਗਟ ਹੋਇਆ ਹੈ ਅੱਜ ਫਰਵਰੀ ੧੧, ੨੦੧੪ ਨੂੰ ੧੩ ਸਾਲ ਤੋਂ ਉੱਪਰ ਸਮਾਂ ਹੋ ਗਿਆ ਹੈ, ਇਹ ਨਿਰੰਤਰ ਵੱਜ ਰਿਹਾ ਹੈ, ਕਦੇ ਬੰਦ ਨਹੀਂ ਹੋਇਆ। ਜਦ ਦਾਸ ਇਸ ਇਲਾਹੀ ਸੰਗੀਤ ਉੱਪਰ ਧਿਆਨ ਲੱਗਾਉਂਦਾ ਹੈ ਤਾਂ ਇਸ ਇਲਾਹੀ ਸੰਗੀਤ ਦੀ ਗੂੰਜ ਬਹੁਤ ਉੱਚੇ ਸਵਰਾਂ ਤੇ ਚਲੀ ਜਾਂਦੀ ਹੈ। ਧਿਆਨ ਦੀ ਇਸ ਅਵਸਥਾ ਵਿੱਚ ਬੇਅੰਤ ਸ਼ਾਂਤੀ ਅਤੇ ਬੇਅੰਤ ਆਨੰਦ ਦਾ ਅਨੁਭਵ ਹੁੰਦਾ ਹੈ। ਜਦ ਬੇਅੰਤ ਸ਼ਾਂਤੀ ਦਾ ਅਨੁਭਵ ਹੁੰਦਾ ਹੈ ਤਾਂ ਫਿਰ ਦਾਸ ਸੁੰਨ ਦੀ ਅਵਸਥਾ ਵਿੱਚ ਚਲਾ ਜਾਂਦਾ ਹੈ। ਇਸ ਅਵਸਥਾ ਵਿੱਚ ਜਿਸ ਨੂੰ ਗੁਰਬਾਣੀ ਵਿੱਚ ਸੁੰਨ ਸਮਾਧੀ ਕਿਹਾ ਗਿਆ ਹੈ ਕੋਈ ਫੁਰਨਾ ਨਹੀਂ ਰਹਿੰਦਾ ਅਤੇ ਨਾ ਹੀ ਸਮੇਂ ਦਾ ਕੋਈ ਪਤਾ ਰਹਿ ਜਾਂਦਾ ਹੈ। ਇਸੇ ਅਵਸਥਾ ਨੂੰ ਸਤਿਗੁਰ ਸਾਹਿਬਾਨ ਨੇ ਇਨ੍ਹਾਂ ਪਰਮ ਸ਼ਕਤੀਸ਼ਾਲੀ ਸ਼ਬਦਾਂ ਵਿੱਚ ਪ੍ਰਗਟ ਕੀਤਾ ਹੈ।) ਦਸਮ ਦੁਆਰ ਖੁੱਲ੍ਹਣ ਦੇ ਨਾਲ ਹੀ ਹਿਰਦੇ ਵਿੱਚ ਪਰਮ ਜੋਤ ਪ੍ਰਗਟ ਹੋ ਜਾਂਦੀ ਹੈ। ਪ੍ਰਕਾਸ਼ ਹੀ ਪ੍ਰਕਾਸ਼ ਹੋ ਜਾਂਦਾ ਹੈ। ਸਾਰੀ ਦੇਹੀ ਪ੍ਰਕਾਸ਼ਮਾਨ ਹੋ ਜਾਂਦੀ ਹੈ। ਸਾਰੀ ਦੇਹੀ ਵਿੱਚੋਂ ਪ੍ਰਕਾਸ਼ ਫੁੱਟਣਾ ਸ਼ੁਰੂ ਹੋ ਜਾਂਦਾ ਹੈ। ਨੇਤਰਾਂ ਵਿੱਚ ਬੇਅੰਤ ਪ੍ਰਕਾਸ਼ ਦਿਸਣ ਲੱਗ ਪੈਂਦਾ ਹੈ। (ਦਾਸ ਦਾ ਇਹ ਜਾਤੀ ਅਨੁਭਵ ਹੈ ਕਿ ਦਸਮ ਦੁਆਰ ਖੁੱਲ੍ਹਣ ਦੇ ਸਮੇਂ ਬੇਅੰਤ ਪ੍ਰਕਾਸ਼ ਦੇ ਦਰਸ਼ਨ ਹੋਏ ਅਤੇ ਉਸ ਸਮੇਂ ਤੋਂ ਦਾਸ ਦੇ ਨੇਤਰਾਂ ਵਿੱਚ ਨਿਰੰਤਰ ਪ੍ਰਕਾਸ਼ ਦਿਸਣਾ ਸ਼ੁਰੂ ਹੋ ਗਿਆ। ਸਾਰੀ ਦੇਹੀ ਵਿੱਚੋਂ ਪ੍ਰਕਾਸ਼ ਦਿਸਣਾ ਸ਼ੁਰੂ ਹੋ ਗਿਆ। ਰੋਮ-ਰੋਮ ਵਿੱਚੋਂ ਸਤਿਨਾਮ ਦੀ ਧੜਕਣ ਸੁਣਨਾ ਸ਼ੁਰੂ ਹੋ ਗਈ ਅਤੇ ਨਿਰੰਤਰ ਸੁਣ ਰਹੀ ਹੈ। ਜਿਉਂ-ਜਿਉਂ ਸਮਾਂ ਬੀਤ ਰਿਹਾ ਹੈ ਅਨਹਦ ਸ਼ਬਦ ਦਾ ਸੰਗੀਤ ਹੋਰ ਡੂੰਘਾ ਹੋਈ ਜਾ ਰਿਹਾ ਹੈ, ਪ੍ਰਕਾਸ਼ ਵੱਧਦਾ ਜਾ ਰਿਹਾ ਹੈ, ਰੋਮ-ਰੋਮ ਵਿੱਚ ਸਤਿਨਾਮ ਦੀ ਧੜਕਣ ਵੱਧਦੀ ਜਾ ਰਹੀ ਹੈ। ਜਦ ਦਾਸ ਕਿਤੇ ਬਾਹਰ ਖੜ੍ਹਾ ਕੁਦਰਤ ਉੱਪਰ ਧਿਆਨ ਟਿਕਾਉਂਦਾ ਹੈ ਤਾਂ ਸਾਰਾ ਕੁਝ ਪ੍ਰਕਾਸ਼ ਵਿੱਚ ਅਲੋਪ ਹੋ ਜਾਂਦਾ ਹੈ। ਕੇਵਲ ਪ੍ਰਕਾਸ਼ ਹੀ ਪ੍ਰਕਾਸ਼ ਰਹਿ ਜਾਂਦਾ ਹੈ।) ਅਨਹਦ ਸ਼ਬਦ ਦੀ ਮਹਿਮਾ ਬੇਅੰਤ ਹੈ ਅਤੇ ਇਸ ਪਰਮ ਸ਼ਕਤੀਸ਼ਾਲੀ ਮਹਿਮਾ ਦਾ ਵਰਨਨ ਕਰਨਾ ਅਸੰਭਵ ਹੈ। ਭਾਵ ਇਹ ਇਲਾਹੀ ਸੰਗੀਤ ਵਿੱਚ ਕਿਸ ਤਰ੍ਹਾਂ ਦੇ ਸਾਜਾਂ ਦੀਆਂ ਧੁਨਾਂ ਸੁਣਦੀਆਂ ਹਨ ਇਹ ਵਰਨਨ ਕਰਨਾ ਅਸੰਭਵ ਹੈ। ਇਸ ਇਲਾਹੀ ਸੰਗੀਤ ਵਿੱਚ ਇੱਕ ਬਹੁਤ ਅਸ਼ਚਰਜ ਜਨਕ ਸ਼ਾਂਤੀ ਹੁੰਦੀ ਹੈ। ਇਸ ਇਲਾਹੀ ਸੰਗੀਤ ਨੂੰ ਜੋ ਮਨੁੱਖ ਸੁਣਦਾ ਹੈ ਕੇਵਲ ਉਹ ਹੀ ਜਾਣਦਾ ਹੈ ਸਤਿਗੁਰੂ ਸਾਹਿਬਾਨ ਨੇ ਅਨਹਦ ਸ਼ਬਦ ਦੇ ਇਸ ਇਲਾਹੀ ਸੰਗੀਤ ਨੂੰ ਆਪਣੇ ਅਨੁਭਵਾਂ ਦੇ ਅਨੁਸਾਰ ਗੁਰਬਾਣੀ ਵਿੱਚ ਬਹੁਤ ਸਾਰੇ ਸਲੋਕਾਂ ਵਿੱਚ ਪ੍ਰਗਟ ਕੀਤਾ ਹੈ:

ਅਨਹਦ ਸਬਦ ਅਚਰਜ ਬਿਸਮਾਦ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੪੩)

ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੩)

ਨਾਨਕ ਅਨਹਦ ਧੁਨੀ ਦਰਿ ਵਜਦੇ ਮਿਲਿਆ ਹਰਿ ਸੋਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੪੮)

ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਿਜੇ ਸਹਜਿ ਸਮਾਈ ਹੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੬੯)

ਅਨਹਦ ਸ਼ਬਦ ਦਾ ਦਸਮ ਦੁਆਰ ਵਿੱਚ ਨਿਰੰਤਰ ਵਜੀ ਜਾਣਾ ਬੇਅੰਤ ਅਸ਼ਚਰਜਮਈ ਅਤੇ ਬਿਸਮਾਦਜਨਕ ਅਵਸਥਾ ਹੈ। ਇਹ ਇਲਾਹੀ ਸੰਗੀਤ ਨੂੰ ਕੌਣ ਵਜਾ ਰਿਹਾ ਹੈ ਅਤੇ ਕਿਵੇਂ ਵੱਜ ਰਿਹਾ ਹੈ। ਇਸ ਇਲਾਹੀ ਸੰਗੀਤ ਦਾ ਸ੍ਰੋਤ ਕੀ ਹੈ। ਇਹ ਇਲਾਹੀ ਸੰਗੀਤ ਵਿੱਚ ਕਿਹੜੀ ਪਰਮ ਸ਼ਕਤੀ ਵਰਤ ਰਹੀ ਹੈ ਜੋ ਮਨੁੱਖ ਨੂੰ ਸੁੰਨ ਵਿੱਚ ਲੈ ਜਾਂਦੀ ਹੈ। ਇਹ ਸਾਰੇ ਪ੍ਰਸ਼ਨ ਜਦ ਮਨੁੱਖ ਦੇ ਅੰਦਰ ਪੈਦਾ ਹੁੰਦੇ ਹਨ ਤਾਂ ਮਨੁੱਖ ਹੈਰਾਨ ਹੋ ਜਾਂਦਾ ਹੈ। ਜਿਸ ਮਨੁੱਖ ਨੂੰ ਅਨਹਦ ਸ਼ਬਦ ਦੀ ਪ੍ਰਾਪਤੀ ਹੋ ਜਾਂਦੀ ਹੈ ਉਸ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੋ ਜਾਂਦੇ ਹਨ। ਉਹ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਜਾਂਦਾ ਹੈ। ਜੋ ਆਨੰਦ ਇਸ ਅਵਸਥਾ ਵਿੱਚ ਪਹੁੰਚ ਕੇ ਪ੍ਰਾਪਤ ਹੁੰਦਾ ਹੈ ਉਹ ਆਨੰਦ ਹੀ ਸਤਿ ਚਿੱਤ ਆਨੰਦ ਹੁੰਦਾ ਹੈ। ਇਹ ਆਨੰਦ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਸਾਰੀ ਕੁਦਰਤ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਦਾ ਗਾਇਨ ਨਿਰੰਤਰ ਕਰ ਰਹੀ ਹੈ। ਸਾਰੀ ਕੁਦਰਤ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ ਦਾ ਸਿਮਰਨ ਨਿਰੰਤਰ ਕਰ ਰਹੀ ਹੈ। ਸਾਰੇ ਬ੍ਰਹਿਮੰਡ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਇਸ ਪਰਮ ਸ਼ਕਤੀਸ਼ਾਲੀ ਮਹਿਮਾ ਦੇ ਗਾਇਨ ਅਤੇ ਉਸ ਦੇ ਨਾਮ ਦੇ ਸਿਮਰਨ ਦੀਆਂ ਇਹ ਪਵਿੱਤਰ ਧੁਨਾਂ ਗੂੰਜ ਰਹਿਆਂ ਹਨ। ਇਸ ਤੋਂ ਇਲਾਵਾ ਜੋ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਵਿੱਚ ਲੀਨ ਉਸ ਦੀ ਮਹਿਮਾ ਦਾ ਗਾਇਨ ਕਰ ਰਹੇ ਹਨ ਅਤੇ ਉਸ ਦਾ ਨਾਮ ਸਿਮਰਨ ਕਰ ਰਹੇ ਹਨ ਉਨ੍ਹਾਂ ਦੇ ਇਲਾਹੀ ਸ਼ਬਦਾਂ ਦੀ ਗੂੰਜ ਸਾਰੇ ਬ੍ਰਹਿਮੰਡ ਵਿੱਚ ਸੁਣ ਰਹੀ ਹੈ। ਇਸ ਤੋਂ ਇਲਾਵਾ ਦਰਗਾਹ ਵਿੱਚ ਬੈਠੇ ਸਾਰੇ ਸੰਤ, ਭਗਤ, ਬ੍ਰਹਮ ਗਿਆਨੀ, ਸਤਿਗੁਰੂ, ਅਵਤਾਰ, ਗੁਰਮੁਖ, ਖ਼ਾਲਸੇ, ਪੀਰ ਅਤੇ ਪੈਗੰਬਰ ਜੋ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਅਤੇ ਨਾਮ ਸਿਮਰਨ ਵਿੱਚ ਲੀਨ ਹਨ ਉਨ੍ਹਾਂ ਦੇ ਪਾਵਨ ਸ਼ਬਦਾਂ ਦੀਆਂ ਧੁਨਾਂ ਸਾਰੇ ਬ੍ਰਹਿਮੰਡ ਵਿੱਚ ਨਿਰੰਤਰ ਗੂੰਜ ਰਹੀਆਂ ਹਨ। ਇਹ ਸਾਰੀਆਂ ਇਲਾਹੀ ਮਹਿਮਾ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ ਸਿਮਰਨ ਦੀਆਂ ਧੁਨਾਂ ਸਾਰੇ ਬ੍ਰਹਿਮੰਡ ਵਿੱਚ ਨਿਰੰਤਰ ਗੂੰਜ ਰਹੀਆਂ ਹਨ। ਅਨਹਦ ਸ਼ਬਦ ਦਾ ਇਹ ਇਲਾਹੀ ਸੰਗੀਤ ਅਕਾਲ ਪੁਰਖ ਦੇ ਨਿਰਗੁਣ ਸਰੂਪ ਵਿੱਚ ਲੀਨ ਹੁੰਦਾ ਹੈ ਅਤੇ ਨਿਰਗੁਣ ਸਰੂਪ ਵਿੱਚੋਂ ਹੀ ਪ੍ਰਗਟ ਹੁੰਦਾ ਹੈ। ਇਸੇ ਲਈ ਇਹ ਇਲਾਹੀ ਸੰਗੀਤ ਅਨਹਦ ਸ਼ਬਦ ਸਰਵ-ਉੱਤਮ ਅੰਮ੍ਰਿਤ ਹੈ ਅਤੇ ਇਹ ਹੀ ਕਾਰਨ ਹੈ ਕਿ ਇਸ ਇਲਾਹੀ ਸੰਗੀਤ ਵਿੱਚ ਪਰਮ ਸ਼ਾਂਤੀ ਦਾ ਅਨੁਭਵ ਹੁੰਦਾ ਹੈ। ਇਹ ਇਲਾਹੀ ਸੰਗੀਤ ਹੀ ਅਨਹਦ ਨਾਦ ਦਾ ਪਰਮ ਸ਼ਕਤੀਸ਼ਾਲੀ ਖ਼ਜ਼ਾਨਾ ਹੈ। ਜਿਸ ਮਨੁੱਖ ਦਾ ਦਸਮ ਦੁਆਰ ਖੁੱਲ੍ਹ ਜਾਂਦਾ ਹੈ ਉਸ ਦਾ ਸਿੱਧਾ ਸੰਪਰਕ ਸਾਰੀ ਕੁਦਰਤ ਨਾਲ, ਦਰਗਾਹ ਨਾਲ, ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਨਾਲ ਹੋ ਜਾਂਦਾ ਹੈ। ਇਸ ਲਈ ਐਸੇ ਮਹਾਂਪੁਰਖ ਜਿਨ੍ਹਾਂ ਦਾ ਦਸਮ ਦੁਆਰ ਖੁੱਲ੍ਹ ਜਾਂਦਾ ਹੈ ਉਨ੍ਹਾਂ ਨੂੰ ਅਨਹਦ ਸ਼ਬਦ ਦੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਐਸੇ ਪਰਮ ਸ਼ਕਤੀਸ਼ਾਲੀ ਇਲਾਹੀ ਆਨੰਦ ਦੀ ਪ੍ਰਾਪਤੀ 'ਸਤਿ' ਗੁਰੂ ਦੀ ਪ੍ਰਾਪਤੀ ਨਾਲ ਹੁੰਦੀ ਹੈ। ਇਸੇ ਪਰਮ ਸ਼ਕਤੀਸ਼ਾਲੀ ਇਲਾਹੀ ਸਤਿ ਚਿੱਤ ਆਨੰਦ ਦੀ ਕਥਾ ਸਤਿਗੁਰੂ ਸਾਹਿਬ ਜੀ ਨੇ ਇਸ ਪਉੜੀ ਵਿੱਚ ਪ੍ਰਗਟ ਕੀਤੀ ਹੈ।

'ਸਤਿ' ਗੁਰੂ ਦੀ ਪ੍ਰਾਪਤੀ ਤੋਂ ਭਾਵ ਹੈ ਜਦ ਮਨੁੱਖ ਆਪਣੇ ਪੂਰਨ ਭਾਗਾਂ ਦਾ ਸਦਕਾ ਕਿਸੇ ਪੂਰਨ ਸੰਤ ਸਤਿਗੁਰੂ ਦੇ ਦਰਸ਼ਨ ਪ੍ਰਾਪਤ ਕਰਦਾ ਹੈ ਅਤੇ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਉਸ ਦੇ ਸਤਿ ਚਰਨਾਂ ਉੱਪਰ ਆਪਣਾ ਤਨ-ਮਨ-ਧਨ ਅਰਪਣ ਕਰਦਾ ਹੈ ਤਾਂ ਐਸੇ ਮਨੁੱਖ ਦਾ 'ਸਤਿ' ਤੱਤ ਅਤੇ ਸਤਿਗੁਰੂ ਦੇ 'ਸਤਿ' ਤੱਤ ਦਾ ਸੁਮੇਲ ਹੋ ਜਾਂਦਾ ਹੈ ਅਤੇ ਇਸ ਇਲਾਹੀ ਸੁਮੇਲ ਹੋਣ ਨਾਲ ਮਨੁੱਖ ਨੂੰ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਦੋਨਾਂ ਦੇ 'ਸਤਿ' ਤੱਤ ਦੇ ਸੁਮੇਲ ਨਾਲ ਸਤਿਗੁਰੂ ਅਤੇ ਚੇਲੇ (ਸੁਹਾਗਣ) ਦਾ ਸੰਬੰਧ ਸਥਾਪਿਤ ਹੁੰਦਾ ਹੈ। ਭਾਵ ਦੋਨਾਂ ਦੇ ਸਤਿ ਤੱਤ ਦੇ ਸੁਮੇਲ ਨਾਲ ਚੇਲੇ (ਸੁਹਾਗਣ) ਦਾ ਜਨਮ ਹੁੰਦਾ ਹੈ। ਭਾਵ ਦੋਨਾਂ ਦੇ ਸਤਿ ਤੱਤ ਦੇ ਸੁਮੇਲ ਨਾਲ ਹੀ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਭਾਵ ਦੋਨਾਂ ਦੇ ਸਤਿ ਤੱਤ ਦੇ ਸੁਮੇਲ ਨਾਲ ਹੀ ਮਨੁੱਖ ਨੂੰ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ। ਭਾਵ ਦੋਨਾਂ ਦੇ ਸਤਿ ਤੱਤ ਦੇ ਸੁਮੇਲ ਨਾਲ ਹੀ ਪੂਰਨ ਬੰਦਗੀ ਦੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਗੁਰ ਪ੍ਰਸਾਦਿ ਦੀ ਪ੍ਰਾਪਤੀ ਨਾਲ ਮਨੁੱਖ ਸਿਮਰਨ ਸਮਾਧੀ ਅਤੇ ਸੁੰਨ ਸਮਾਧੀ ਵਿੱਚ ਚਲਾ ਜਾਂਦਾ ਹੈ ਅਤੇ ਮਾਇਆ ਨੂੰ ਜਿੱਤ ਕੇ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਪ੍ਰਾਪਤੀ ਨਾਲ ਬੰਦਗੀ ਪੂਰਨ ਕਰ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਸਦਾ-ਸਦਾ ਲਈ ਸਮਾਂ ਜਾਂਦਾ ਹੈ। ਸਤਿਗੁਰੂ ਅਤੇ ਚੇਲੇ ਦਾ ਇਹ ਪਰਮ ਸ਼ਕਤੀਸ਼ਾਲੀ ਇਲਾਹੀ ਸੁਮੇਲ ਹੀ 'ਸਤਿ' ਗੁਰੂ ਦੀ ਪ੍ਰਾਪਤੀ ਹੈ। ਸਤਿਗੁਰੂ ਅਤੇ ਚੇਲੇ ਦੇ ਇਸ ਪਰਮ ਸ਼ਕਤੀਸ਼ਾਲੀ ਇਲਾਹੀ ਸੁਮੇਲ ਦਾ ਭਾਵ ਹੀ ਸਤਿਗੁਰੂ ਦੇ 'ਦਰਸ਼ਨ ਪਰਸਨ' ਦੀ ਪ੍ਰਾਪਤੀ ਹੈ; ਜਿਸ ਮਿਲਾਪ ਨਾਲ ਚੇਲਾ ਸੁਹਾਗਣ ਬਣ ਜਾਂਦਾ ਹੈ ਅਤੇ ਉਸ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਮਹਾ ਪਰਉਪਕਾਰ ਦੀ ਸੇਵਾ ਦੀ ਪ੍ਰਾਪਤੀ ਹੁੰਦੀ ਹੈ। ਭਾਵ ਐਸੇ ਪਰਮ ਸ਼ਕਤੀਸ਼ਾਲੀ ਸਤਿਗੁਰੂ ਦੇ 'ਦਰਸ਼ਨ ਪਰਸਨ' ਦੀ ਪ੍ਰਾਪਤੀ ਜਿਸ ਦੇ ਨਾਲ ਜਨਮ-ਮਰਨ ਦੇ ਦੁੱਖ ਤੋਂ ਛੁਟਕਾਰਾ ਮਿਲ ਜਾਂਦਾ ਹੈ ਅਤੇ ਮਨੁੱਖ ਜੀਵਨ ਮੁਕਤ ਹੋ ਜਾਂਦਾ ਹੈ। ਧੰਨ ਧੰਨ ਸਤਿਗੁਰੂ ਅਵਤਾਰ ਅਮਰਦਾਸ ਜੀ ਇਸੇ ਹੀ ਪਵਿੱਤਰ ਪਾਵਨ ਪਰਮ ਸ਼ਕਤੀਸ਼ਾਲੀ ਚੇਲੇ ਅਤੇ ਸਤਿਗੁਰੂ ਦੇ ਸੁਮੇਲ ਦੀ ਕਥਾ ਇਸ ਪਉੜੀ ਵਿੱਚ ਪ੍ਰਗਟ ਕਰ ਰਹੇ ਹਨ।

ਜੀਵਨ ਮੁਕਤ ਮਨੁੱਖ ਸਹਿਜ ਅਵਸਥਾ ਵਿੱਚ ਚਲਾ ਜਾਂਦਾ ਹੈ। ਸਹਿਜ ਅਵਸਥਾ ਤੋਂ ਭਾਵ ਹੈ ਅਟੱਲ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ। ਸਹਿਜ ਸਮਾਧੀ ਨਿਰੰਤਰ ਸਮਾਧੀ ਹੈ। ਸਹਿਜ ਸਮਾਧੀ ਸਰਵ-ਉੱਤਮ ਸਮਾਧੀ ਹੈ। ਸਹਿਜ ਸਮਾਧੀ ਵਿੱਚ ਮਨ ਪੂਰਨ ਅਡੋਲ ਅਵਸਥਾ ਵਿੱਚ ਪਹੁੰਚ ਜਾਂਦਾ ਹੈ। ਭਾਵ ਮਨ ਜੋਤ ਵਿੱਚ ਬਦਲ ਜਾਂਦਾ ਹੈ। ਹਿਰਦੇ ਵਿੱਚ ਪੂਰਨ ਜੋਤ ਪ੍ਰਕਾਸ਼ ਹੋ ਜਾਂਦਾ ਹੈ। ਮਨ ਦੀ ਪੂਰਨ ਅਡੋਲਤਾ ਤੋਂ ਭਾਵ ਹੈ ਮਨੁੱਖ ਮਨ ਨੂੰ ਜਿੱਤ ਲੈਂਦਾ ਹੈ। ਮਨੁੱਖ ਮਾਇਆ ਦੀ ਗ਼ੁਲਾਮੀ ਤੋਂ ਮੁਕਤ ਹੋ ਜਾਂਦਾ ਹੈ। ਮਨੁੱਖ ਦੀ ਤ੍ਰਿਸ਼ਣਾ ਬੁਝ ਜਾਂਦੀ ਹੈ ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਮਨੁੱਖ ਜਿੱਤ ਲੈਂਦਾ ਹੈ। ਮਾਇਆ ਮਨੁੱਖ ਦੀ ਸੇਵਕ ਬਣ ਜਾਂਦੀ ਹੈ। ਜੀਵਨ ਮੁਕਤੀ ਮਾਇਆ ਤੋਂ ਮੁਕਤੀ ਹੈ। ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਮਨੁੱਖ ਚੌਥੇ ਪਦ ਵਿੱਚ ਚਲਾ ਜਾਂਦਾ ਹੈ ਅਤੇ ਅਕਾਲ ਪੁਰਖ ਦੇ ਦਰਸ਼ਨ ਕਰ ਕੇ ਪੂਰਨ ਅਵਸਥਾ, ਪੂਰਨ ਬ੍ਰਹਮ ਗਿਆਨ, ਅਤੇ ਆਤਮ ਰਸ ਅੰਮ੍ਰਿਤ ਨਾਲ ਨਿਵਾਜਿਆ ਜਾਂਦਾ ਹੈ। ਮਨੁੱਖ ਅਕਾਲ ਪੁਰਖ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦਾ ਹੈ। ਸਹਿਜ ਸਮਾਧੀ ਵਿੱਚ ਮਨੁੱਖ ਦੇ ਸਾਰੇ ਕਰਮ ਮਨ ਦੀ ਅਧੀਨਤਾ (ਮਾਇਆ ਦੀ ਗ਼ੁਲਾਮੀ) ਤੋਂ ਮੁਕਤ ਹੋ ਜਾਂਦੇ ਹਨ ਅਤੇ ਪੂਰਨ ਦਰਗਾਹੀ ਹੁਕਮ ਵਿੱਚ ਚਲੇ ਜਾਂਦੇ ਹਨ। ਜੀਵਨ ਮੁਕਤ ਮਨੁੱਖ ਸਦਾ ਸੁਹਾਗਣ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਸਹਿਜ ਸਮਾਧੀ ਦੀ

ਪ੍ਰਾਪਤੀ ਕਰਨ ਵਾਲੇ ਮਹਾਂਪੁਰਖ ਹੀ ਪੂਰਨ ਸੰਤ, ਸਤਿਗੁਰੂ, ਪੂਰਨ ਬ੍ਰਹਮ ਗਿਆਨੀ, ਪੂਰਨ ਖ਼ਾਲਸਾ, ਗੁਰਮੁਖ ਆਦਿ ਦੀ ਸੰਗਿਆ ਨਾਲ ਨਿਵਾਜੇ ਜਾਂਦੇ ਹਨ। ਸਤਿਗੁਰੂ ਅਪਰਸ ਪਾਰਸ ਹੈ। ਜਿਸ ਨੂੰ ਸਤਿਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ ਉਸ ਨੂੰ ਸਤਿਗੁਰੂ ਆਪਣੇ ਵਰਗਾ ਬਣਾ ਲੈਂਦਾ ਹੈ।

ਐਸੀ ਪਰਮ ਸ਼ਕਤੀਸ਼ਾਲੀ ਅਵਸਥਾ ਵਿੱਚ ਪਹੁੰਚ ਕੇ ਮਨੁੱਖ ਦਾ ਸਾਰਾ ਸਮਾਂ ਨਿਰੰਤਰ ਸਤਿ ਪਾਰਬ੍ਰਹਮ ਦੇ ਪੂਰਨ ਹੁਕਮ ਵਿੱਚ ਪੂਰਨ ਸਤਿ ਵਿੱਚ ਰੱਤੇ ਹੋਏ ਪੂਰਨ ਪਰਮ ਸਤਿ ਚਿੱਤ ਆਨੰਦ ਵਿੱਚ ਬਤੀਤ ਹੁੰਦਾ ਹੈ। ਇਸ ਤਰ੍ਹਾਂ ਅਨੁਭਵ ਹੁੰਦਾ ਹੈ ਕਿ ਸਮੇਂ ਦੀ ਰਫ਼ਤਾਰ ਜਿਵੇਂ ਬਹੁਤ ਵੱਧ ਜਾਂਦੀ ਹੈ। ਪੂਰਨ ਪਰਮ ਆਤਮਿਕ ਆਨੰਦ ਵਿੱਚ ਸਮੇਂ ਦਾ ਜਾਂਦੇ ਦਾ ਪਤਾ ਨਹੀਂ ਲੱਗਦਾ। ਐਸੇ ਮਹਾਂਪੁਰਖਾਂ ਦਾ ਮਨ ਸਦਾ ਖੇੜੇ ਵਿੱਚ ਰਹਿੰਦਾ ਹੈ। ਐਸੇ ਮਹਾਂਪੁਰਖਾਂ ਦਾ ਚੇਹਰਾ ਸਦਾ ਖਿੜਾਵ ਵਿੱਚ ਰਹਿੰਦਾ ਹੈ। ਐਸੇ ਮਹਾਂਪੁਰਖਾਂ ਦਾ ਮੁਖ ਦਰਗਾਹ ਵਿੱਚ ਉੱਜਲ ਹੋ ਜਾਂਦਾ ਹੈ। ਐਸੇ ਮਹਾਂਪੁਰਖਾਂ ਦੀ ਸੰਗਤ ਵਿੱਚ ਬੇਅੰਤ ਕਿਰਪਾ ਵਰਤਦੀ ਹੈ ਅਤੇ ਕਈ ਜਿਗਿਆਸੂ ਜਦ ਉਨ੍ਹਾਂ ਦੇ ਸਤਿ ਚਰਨਾਂ ਉੱਪਰ ਆਪਣਾ ਤਨ-ਮਨ-ਧਨ ਅਰਪਣ ਕਰ ਕੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਕਰਦੇ ਹਨ ਤਾਂ ਉਹ ਵੀ ਖੇੜੇ ਵਿੱਚ ਚਲੇ ਜਾਂਦੇ ਹਨ। ਐਸੇ ਮਹਾਂਪੁਰਖਾਂ ਦੀ ਸੰਗਤ ਜਿਸ ਵਿੱਚ ਪੂਰਨ ਸਤਿ ਵਰਤਦਾ ਹੈ ਉਸ ਸੰਗਤ ਵਿੱਚ ਦਰਗਾਹ ਪ੍ਰਗਟ ਹੁੰਦੀ ਹੈ। ਜਿਥੇ ਸੁਹਾਗਣਾਂ ਬੈਠ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਸਤਿਨਾਮ ਸਿਮਰਨ ਕਰਦੀਆਂ ਹਨ ਅਤੇ ਉਸ ਦੀ ਮਹਿਮਾ ਦਾ ਗਾਇਨ ਕਰਦੀਆਂ ਹਨ ਤਾਂ ਉਸ ਸੰਗਤ ਵਿੱਚ ਬੇਅੰਤ ਖੇੜਾ ਪ੍ਰਗਟ ਹੁੰਦਾ ਹੈ। ਐਸੀ ਪਰਮ ਸ਼ਕਤੀਸ਼ਾਲੀ ਸੰਗਤ ਵਿੱਚ ਜਦੋਂ ਨਵੀਆਂ ਸੁਹਾਗਣਾਂ ਦਾ ਜਨਮ ਹੁੰਦਾ ਹੈ ਤਾਂ ਇਨ੍ਹਾਂ ਸੁਹਾਗਣਾਂ ਸਖੀਆਂ ਦੇ ਹਿਰਦਿਆਂ ਵਿੱਚ ਬੇਅੰਤ ਵਧਾਈਆਂ ਦਾ ਆਲਮ ਪ੍ਰਗਟ ਹੁੰਦਾ ਹੈ। ਐਸੀ ਪੂਰਨ ਸਤਿ ਦੀ ਸੰਗਤ ਵਿੱਚ ਜਦ ਸਮਾਧੀਆਂ ਵਿੱਚ ਬੈਠ ਕੇ ਸੁਹਾਗਣਾਂ ਸਤਿਨਾਮ ਦਾ ਸਿਮਰਨ ਕਰਦੀਆਂ ਹਨ ਤਾਂ ਸਾਰੀ ਸੰਗਤ ਵਿੱਚ ਬੇਅੰਤ ਆਨੰਦ ਅਤੇ ਖੇੜਾ ਪ੍ਰਤੱਖ ਪ੍ਰਗਟ ਹੁੰਦਾ ਹੈ। ਐਸੀ ਸਤਿ ਸੰਗਤ ਜਿੱਥੇ ਪੂਰਨ ਸੰਤ ਬੈਠਾ ਹੋਵੇ ਅਤੇ ਜੋ ਪੂਰਨ ਸੰਤ ਪੂਰਨ ਸਤਿ ਦੀ ਸੇਵਾ ਕਰਦਾ ਹੋਇਆ ਪੂਰਨ ਸਤਿ ਵਰਤਾਉਂਦਾ ਹੋਏ ਉਸ ਦੀ ਸੰਗਤ ਵਿੱਚ ਸੁਹਾਗਣਾਂ ਜਨਮ ਲੈਂਦੀਆਂ ਹਨ ਅਤੇ ਪ੍ਰਤੱਖ ਪ੍ਰਗਟ ਹੁੰਦੀਆਂ ਹਨ। ਭਾਵ ਐਸੀ ਪਰਮ ਸ਼ਕਤੀਸ਼ਾਲੀ ਸੰਗਤ ਜਿੱਥੇ ਪੂਰਨ ਸੰਤ ਦੀ ਹਜ਼ੂਰੀ ਵਿੱਚ ਪੂਰਨ ਸਤਿ ਵਰਤਦਾ ਹੋਏ ਉਸ ਸੰਗਤ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਮਹਿਮਾ ਸੁਹਾਗਣਾਂ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ। ਐਸੇ ਪੂਰਨ ਸੰਤ ਦੀ ਸਤਿ ਸੰਗਤ ਵਿੱਚ ਗੁਰ ਪ੍ਰਸਾਦਿ ਦਾ ਸਦਕਾ ਨਰ-ਨਾਰੀ (ਸਤਿ ਪਾਰਬ੍ਰਹਮ ਪਰਮੇਸ਼ਰ ਅਤੇ ਜੀਵ ਇਸਤਰੀ) ਦੇ 'ਸਤਿ' ਤੱਤ ਦੇ ਸੁਮੇਲ ਨਾਲ ਸੁਹਾਗਣਾਂ ਸਖੀਆਂ ਦਾ ਜਨਮ ਹੁੰਦਾ ਹੈ ਅਤੇ ਸਾਰੀ ਦਰਗਾਹ ਵਿੱਚ ਵਧਾਈਆਂ ਦਾ ਆਲਮ ਪ੍ਰਗਟ ਹੁੰਦਾ ਹੈ। ਧਰਤੀ ਉੱਪਰ ਜਿੱਥੇ ਐਸੀ ਪੂਰਨ ਸਤਿ ਦੀ ਸੰਗਤ ਵਰਤਦੀ ਹੈ ਉੱਥੇ ਧਰਤੀ ਉੱਪਰ ਹੀ ਦਰਗਾਹ ਪ੍ਰਗਟ ਹੁੰਦੀ ਹੈ। ਧਰਤੀ ਉੱਪਰ ਜਿੱਥੇ ਐਸੀ ਪੂਰਨ ਸਤਿ ਦੀ ਸੰਗਤ ਵਰਤਦੀ ਹੈ ਉੱਥੇ ਧਰਤੀ ਉੱਪਰ ਹੀ ਮਾਨਸਰੋਵਰ ਪ੍ਰਗਟ ਹੁੰਦਾ ਹੈ। ਧਰਤੀ ਉੱਪਰ ਜਿੱਥੇ ਐਸੀ ਪੂਰਨ ਸਤਿ ਦੀ ਸੰਗਤ ਵਰਤਦੀ ਹੈ ਉੱਥੇ ਧਰਤੀ ਉੱਪਰ ਹੀ ਸੂਖਸ਼ਮ ਰੂਪ ਵਿੱਚ ਸਾਰੀ ਦਰਗਾਹ ਵਿੱਚ ਬੈਠੇ ਸੰਤ, ਭਗਤ, ਪੀਰ, ਪੈਗੰਬਰ, ਸਤਿਗੁਰੂ, ਅਵਤਾਰ, ਗੁਰਮੁਖ ਅਤੇ ਖ਼ਾਲਸੇ ਆ ਜਾਂਦੇ ਹਨ ਅਤੇ ਧਰਤੀ ਉੱਪਰ ਬੈਠੀਆਂ ਸੁਹਾਗਣਾਂ ਦੇ ਨਾਲ ਸਤਿਨਾਮ ਦਾ ਸਿਮਰਨ ਕਰਦੇ ਹਨ। ਕੇਵਲ ਇਤਨਾ ਹੀ ਨਹੀਂ, ਜਿੱਥੇ ਐਸੀ ਪਰਮ ਸ਼ਕਤੀਸ਼ਾਲੀ ਸੰਗਤ ਵਰਤਦੀ ਹੈ ਉੱਥੇ ਸਾਰੇ ਦੇਵੀ ਦੇਵਤੇ ਵੀ ਆ ਕੇ ਖੜ੍ਹ ਜਾਂਦੇ ਹਨ। (ਗੁਰ

ਪ੍ਰਸਾਦਿ ਅਤੇ ਗੁਰ ਕਿਰਪਾ ਦਾ ਸਦਕਾ ਜੋ ਕੁਝ ਵੀ ਦਾਸ ਲਿਖ ਰਿਹਾ ਹੈ ਇਹ ਸਭ ਕੁਝ ਦਾਸ ਦੇ ਜਾਤੀ ਅਨੁਭਵਾਂ ਵਿੱਚ ਪ੍ਰਗਟ ਹੋਇਆ ਹੈ ਅਤੇ ਹੋ ਰਿਹਾ ਹੈ। ਜੋ ਕੁਝ ਗੁਰਬਾਣੀ ਵਿੱਚ ਸਤਿਗੁਰੂ ਸਾਹਿਬਾਨ ਨੇ ਪ੍ਰਗਟ ਕੀਤਾ ਹੈ ਉਹ ਸਭ ਕੁਝ ਪੂਰਨ ਸਤਿ ਹੈ ਅਤੇ ਦਾਸ ਦੇ ਜੀਵਨ ਵਿੱਚ ਪ੍ਰਗਟ ਹੋਇਆ ਹੈ ਅਤੇ ਹੋ ਰਿਹਾ ਹੈ। ਇਸ ਬੇਅੰਤ ਗੁਰ ਕਿਰਪਾ ਅਤੇ ਗੁਰ ਪ੍ਰਸਾਦਿ ਦਾ ਸਦਕਾ ਹੀ ਇਹ ਕਥਾ ਪੂਰਨ ਹੁਕਮ ਵਿੱਚ ਪ੍ਰਗਟ ਹੋ ਰਹੀ ਹੈ।)

ਜਦ 'ਸਤਿ' ਗੁਰੂ ਦੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਸੁਹਾਗਣ ਦਾ ਜਨਮ ਹੁੰਦਾ ਹੈ। ਸੁਹਾਗਣ ਦੀ ਸੁਰਤਿ ਵਿੱਚ ਸ਼ਬਦ ਦਾ ਮੇਲ ਹੋ ਜਾਂਦਾ ਹੈ। ਸੁਹਾਗਣ ਦੀ ਸੁਰਤਿ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ। ਸੁਹਾਗਣ ਅਜਪਾ ਜਾਪ ਵਿੱਚ ਚਲੀ ਜਾਂਦੀ ਹੈ। ਸੁਹਾਗਣ ਜਦ ਵੀ ਗੁਰਬਾਣੀ ਜਾਂ ਕੀਰਤਨ ਸੁਣਦੀ ਹੈ ਤਾਂ ਸੁਣਦੇ ਸਾਰ ਹੀ ਉਸ ਦੀ ਸੁਰਤਿ ਸ਼ਬਦ ਵਿੱਚ ਖਿੱਚੀ ਜਾਂਦੀ ਹੈ ਅਤੇ ਉਹ ਸਮਾਧੀ ਵਿੱਚ ਚਲੀ ਜਾਂਦੀ ਹੈ। ਸਮਾਧੀ ਵਿੱਚ ਬੈਠ ਕੇ ਜਦ ਸੁਹਾਗਣ ਸਤਿਨਾਮ ਸਿਮਰਨ ਦੇ ਲੰਬੇ ਅਭਿਆਸ ਵਿੱਚ ਜਾਂਦੀ ਹੈ ਤਾਂ ਉਸ ਦਾ ਮਨ ਪੂਰਨ ਤੌਰ ਤੇ ਚਿੰਦਿਆ ਜਾਂਦਾ ਹੈ। ਮਨ ਜੋਤ ਵਿੱਚ ਪਰਿਵਰਤਿਤ ਹੋ ਜਾਂਦਾ ਹੈ। ਸੁੰਨ ਸਮਾਧੀ ਦੀ ਪ੍ਰਾਪਤੀ ਹੋ ਜਾਂਦੀ ਹੈ। ਮਨ ਹਿਰਦਾ ਸੁੰਨ ਵਿੱਚ ਚਲਾ ਜਾਂਦਾ ਹੈ। ਹਿਰਦੇ ਵਿੱਚ ਪੂਰਨ ਜੋਤ ਦਾ ਪ੍ਰਕਾਸ਼ ਹੋ ਜਾਂਦਾ ਹੈ। ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ, ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ, ਦਸਮ ਦੁਆਰ ਖੁੱਲ੍ਹ ਜਾਂਦਾ ਹੈ, ਸਤਿਨਾਮ ਰੋਮ-ਰੋਮ ਵਿੱਚ ਪ੍ਰਗਟ ਹੋ ਜਾਂਦਾ ਹੈ। ਅਨਹਦ ਸ਼ਬਦ ਦੀ ਪ੍ਰਾਪਤੀ ਹੋ ਜਾਂਦੀ ਹੈ। ਮਨੁੱਖ ਪੂਰਨ ਖੇੜੇ ਵਿੱਚ ਚਲਾ ਜਾਂਦਾ ਹੈ। ਸਤਿ ਚਿੱਤ ਆਨੰਦ ਦੀ ਅਵਸਥਾ, ਸਹਿਜ ਅਵਸਥਾ, ਪੂਰਨ ਅਵਸਥਾ, ਅਟੱਲ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ।

ਐਸੀ ਸੁੰਦਰ ਅਤੇ ਪਰਮ ਸ਼ਕਤੀਸ਼ਾਲੀ ਮਹਿਮਾ ਪ੍ਰਗਟ ਹੁੰਦੀ ਹੈ ਜਦੋਂ 'ਸਤਿ' ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਇਸ ਬੇਅੰਤ ਆਤਮਿਕ ਆਨੰਦ ਦੀ ਅਵਸਥਾ ਨੂੰ ਸਤਿਗੁਰ ਸੱਚੇ ਪਾਤਸ਼ਾਹ ਜੀ ਨੇ 'ਅਨੰਦੁ ਸਾਹਿਬ' ਬਾਣੀ ਦੀ ਪਹਿਲੀ ਪਉੜੀ ਵਿੱਚ ਪ੍ਰਗਟ ਕੀਤਾ ਹੈ ਅਤੇ ਅਗਲੀਆਂ ਪਉੜੀਆਂ ਵਿੱਚ ਇਸੇ ਆਨੰਦ ਦੀ ਪ੍ਰਾਪਤੀ ਦੀ ਕਥਾ ਨੂੰ ਦ੍ਰਿੜ੍ਹ ਕਰਵਾਇਆ ਹੈ।

■

ਅਨੰਦੁ ਸਾਹਿਬ-ਪਉੜੀ ੨

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ਹਰਿ ਨਾਲਿ ਰਹੁ ਤੂ ਮਨ ਮੇਰੇ ਦੂਖ ਸਭਿ ਵਿਸਾਰਣਾ ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
ਕਹੈ ਨਾਨਕੁ ਮਨ ਮੇਰੇ ਸਦਾ ਰਹੁ ਹਰਿ ਨਾਲੇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੭)

ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਕੇਵਲ 'ਮਨ' ਨੂੰ ਸੋਧਨ ਦੀ ਖੇਡ ਹੈ। ਮਨ ਨੂੰ ਸੋਧਨ ਤੋਂ ਭਾਵ ਹੈ ਮਨ ਨੂੰ ਜਿੱਤਣਾ। ਮਨ ਨੂੰ ਸੋਧਨ ਤੋਂ ਭਾਵ ਹੈ ਮਨ ਨੂੰ ਸ਼ਾਂਤ ਕਰਨਾ। ਮਨ ਨੂੰ ਸੋਧਨ ਤੋਂ ਭਾਵ ਹੈ ਮਨ ਨੂੰ ਮਿਟਾ ਦੇਣਾ, ਮਨ ਨੂੰ ਖ਼ਤਮ ਕਰ ਦੇਣਾ, ਮਨ ਦਾ ਪਰਮ ਜੋਤ ਵਿੱਚ ਪਰਿਵਰਤਿਤ ਹੋ ਜਾਣਾ, ਮਨ ਵਿੱਚ ਪਰਮ ਜੋਤ ਦਾ ਪ੍ਰਗਟ ਹੋ ਜਾਣਾ। ਮਨ ਨੂੰ ਸੋਧਨ ਤੋਂ ਭਾਵ ਹੈ ਮਨਮਤਿ ਦਾ ਅੰਤ ਹੋ ਜਾਣਾ ਅਤੇ ਗੁਰਮਤਿ ਦਾ ਪ੍ਰਕਾਸ਼ ਹੋ ਜਾਣਾ। ਮਨ ਨੂੰ ਸੋਧਨ ਤੋਂ ਭਾਵ ਹੈ ਮਨੁੱਖ ਦੇ ਸਾਰੇ ਕਰਮਾਂ ਦਾ ਗੁਰਮਤਿ ਵਿੱਚ ਵਾਪਰਨਾ। ਮਨ ਨੂੰ ਸੋਧਨ ਤੋਂ ਭਾਵ ਹੈ ਮਾਇਆ ਨੂੰ ਜਿੱਤ ਲੈਣਾ। ਮਨ ਨੂੰ ਸੋਧਨ ਤੋਂ ਭਾਵ ਹੈ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਨੂੰ ਜਿੱਤ ਲੈਣਾ ਅਤੇ ਮਨੁੱਖ ਦੀ ਤ੍ਰਿਸ਼ਣਾ ਦਾ ਬੁੱਝ ਜਾਣਾ। ਮਨ ਨੂੰ ਸੋਧਨ ਤੋਂ ਭਾਵ ਹੈ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਦੀ ਪ੍ਰਾਪਤੀ ਹੋ ਜਾਣਾ। ਮਨ ਨੂੰ ਸੋਧਨ ਤੋਂ ਭਾਵ ਹੈ ਪੂਰਨ ਬ੍ਰਹਮ ਗਿਆਨ, ਤੱਤ ਗਿਆਨ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਕਰ ਲੈਣਾ। ਮਨ ਨੂੰ ਸੋਧਨ ਤੋਂ ਭਾਵ ਹੈ: ਸਹਿਜ ਸਮਾਧੀ ਦੀ ਪ੍ਰਾਪਤੀ, ਅਟੱਲ ਅਵਸਥਾ ਦੀ ਪ੍ਰਾਪਤੀ, ਪਰਮ ਪਦ ਦੀ ਪ੍ਰਾਪਤੀ, ਸਤਿ ਚਿੱਤ ਆਨੰਦ ਦੀ ਪ੍ਰਾਪਤੀ, 'ਸਤਿ' ਗੁਰੂ ਦੀ ਪ੍ਰਾਪਤੀ। ਮਨ ਨੂੰ ਚਿੰਦਨ ਦੀ ਹੀ ਪਰਮ ਸ਼ਕਤੀਸ਼ਾਲੀ ਕਥਾ ਸਤਿਗੁਰੂ ਅਵਤਾਰ ਧੰਨ ਧੰਨ ਅਮਰਦਾਸ ਜੀ ਨੇ ਇਸ ਸਲੋਕ ਵਿੱਚ ਪ੍ਰਗਟ ਕੀਤੀ ਹੈ।

ਮਨੁੱਖੀ ਮਨ ਕਦੇ ਚੁੱਪ ਨਹੀਂ ਕਰਦਾ। ਮਨੁੱਖੀ ਮਨ ਨਿਰੰਤਰ ਬੋਲਦਾ ਰਹਿੰਦਾ ਹੈ। ਭਾਵ ਮਨ ਵਿੱਚ ਫੁਰਨਿਆਂ ਦਾ ਅਤੇ ਵਿਚਾਰਾਂ ਦਾ ਆਉਣਾ ਕਦੇ ਬੰਦ ਨਹੀਂ ਹੁੰਦਾ ਹੈ। ਮਨੁੱਖੀ ਮਨ ਵਿੱਚ ਫੁਰਨਿਆਂ ਦਾ ਦਰਿਆ ਸਦਾ ਹੀ ਵਗਦਾ ਰਹਿੰਦਾ ਹੈ। ਮਨੁੱਖੀ ਮਨ ਵਿੱਚ ਆਉਣ ਵਾਲੇ ਨਿਰੰਤਰ ਫੁਰਨੇ ਹੀ ਮਨੁੱਖ ਦੀ ਕਰਨੀ ਵਿੱਚ ਪਰਿਵਰਤਿਤ ਹੁੰਦੇ ਹਨ। ਮਨ ਵਿੱਚ ਆਉਣ ਵਾਲੇ ਫੁਰਨੇ ਅਤੇ ਵਿਚਾਰ ਚੰਗੇ ਅਤੇ ਮਾੜੇ ਦੋਨੋਂ ਕਿਸਮ ਦੇ ਹੁੰਦੇ ਹਨ। ਮਨ ਵਿੱਚ ਆਉਣ ਵਾਲੇ ਚੰਗੇ ਵਿਚਾਰ ਅਤੇ ਫੁਰਨੇ ਮਨੁੱਖ ਨੂੰ ਚੰਗੇ ਕਰਮ ਕਰਨ ਦੀ ਪ੍ਰੇਰਨਾ ਕਰਦੇ ਹਨ। ਮਨ ਵਿੱਚ ਆ ਰਹੇ ਮਾੜੇ ਫੁਰਨੇ ਮਨੁੱਖ ਨੂੰ ਮਾੜੇ ਕਰਮ ਕਰਨ ਦੀ ਪ੍ਰੇਰਣਾ ਕਰਦੇ ਹਨ। ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਜੋ ਕੁਝ ਵੀ ਵਾਪਰਦਾ ਹੈ ਉਹ ਸਭ ਕੁਝ ਇਨ੍ਹਾਂ ਮਾੜੇ ਚੰਗੇ ਫੁਰਨਿਆਂ ਦੇ ਆਧਾਰ ਉੱਪਰ ਹੀ ਵਾਪਰਦਾ ਹੈ। ਕਈ ਵਾਰੀ ਤਾਂ ਫੁਰਨਿਆਂ ਦੇ ਇਸ ਦਰਿਆ ਵਿੱਚ ਬੜਾ ਜ਼ਬਰਦਸਤ ਤੂਫਾਨ ਵੀ ਆ ਖੜ੍ਹਾ ਹੁੰਦਾ ਹੈ। ਫੁਰਨਿਆਂ ਦਾ ਇਹ

ਤੂਫਾਨ ਜੇਕਰ ਮਾੜੇ ਫੁਰਨਿਆਂ ਦਾ ਹੋਵੇ ਤਾਂ ਮਨ ਵਿੱਚ ਕਲੇਸ਼ ਖੜ੍ਹਾ ਕਰ ਦਿੰਦਾ ਹੈ। ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਕਲੇਸ਼ ਦਾ ਕਾਰਨ ਕੇਵਲ ਇਹ ਮਾੜੇ ਫੁਰਨਿਆਂ ਦਾ ਤੂਫਾਨ ਹੀ ਹੈ। ਇੱਕ ਆਮ ਮਨੁੱਖ ਦਾ ਮਨ ਮਾਇਆ ਦਾ ਗ਼ੁਲਾਮ ਹੈ। ਇੱਕ ਆਮ ਆਦਮੀ ਦੇ ਮਨ ਰੂਪੀ ਰੱਥ ਨੂੰ ਚਲਾਉਣ ਵਾਲੇ ਪੰਜ ਘੋੜੇ ਹਨ: ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਅਤੇ ਇਨ੍ਹਾਂ ਪੰਜ ਘੋੜਿਆਂ ਦੀ ਲੱਗਾਮ ਹੈ ਤ੍ਰਿਸ਼ਨਾ।

ਮਨੁੱਖ ਦੀ ਨਿਰੰਤਰ ਨਾ ਬੁੱਝਣ ਵਾਲੀ ਤ੍ਰਿਸ਼ਨਾ ਅਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਹਨ ਜੋ ਮਨੁੱਖ ਦੀ ਦੇਹੀ ਵਿੱਚ ਹੀ ਵਾਸ ਕਰਦੀਆਂ ਹਨ। ਮਨੁੱਖ ਦੇ ਸਾਰੇ ਦੁੱਖਾਂ, ਕਲੇਸ਼ਾਂ, ਤਕਲੀਫ਼ਾਂ, ਸੰਕਟਾਂ ਦਾ ਮੂਲ ਕਾਰਨ ਮਨੁੱਖ ਦੇ ਅੰਦਰ ਹੀ ਬੈਠੀ ਮਨੁੱਖ ਦੀ ਤ੍ਰਿਸ਼ਨਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹੀ ਹੈ। ਆਪਣੀ ਤ੍ਰਿਸ਼ਨਾ ਨੂੰ ਬੁਝਾਉਣ ਲਈ ਮਨੁੱਖੀ ਮਨ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੇ ਵੱਸ ਆ ਕੇ ਕਰਮ ਕਰਦਾ ਹੈ। ਮਾਇਆ ਦਾ ਤ੍ਰਿਸ਼ਨਾ ਰੂਪ ਮਨੁੱਖੀ ਮਨ ਨੂੰ ਨਿਰੰਤਰ ਆਪਣੀ ਤ੍ਰਿਸ਼ਨਾ ਨੂੰ ਬੁਝਾਉਣ ਦੇ ਮਨਸੂਬੇ ਬਣਾਉਣ ਵਿੱਚ ਵਿਅਸਤ ਰਹਿੰਦਾ ਹੈ। ਇਸ ਅਵਸਥਾ ਵਿੱਚ ਜੋ ਫੁਰਨੇ ਜ਼ੋਰ ਫੜਦੇ ਹਨ ਉਹ ਫੁਰਨੇ ਹੀ ਮਨੁੱਖ ਦੇ ਕਰਮ ਕਰਨ ਦਾ ਕਾਰਨ ਬਣਦੇ ਹਨ ਅਤੇ ਇਸ ਤਰ੍ਹਾਂ ਨਾਲ ਮਨੁੱਖ ਇਨ੍ਹਾਂ ਫੁਰਨਿਆਂ ਨੂੰ ਕਰਮ ਰੂਪ ਵਿੱਚ ਅੰਜਾਮ ਦਿੰਦਾ ਹੈ। ਸਾਰਾ ਸੰਸਾਰ ਤ੍ਰਿਸ਼ਨਾ ਦੀ ਇਸ ਵਿਨਾਸ਼ਕਾਰੀ ਅਗਨ ਵਿੱਚ ਝੁਲਸ ਰਿਹਾ ਹੈ। ਮਨੁੱਖ ਦੀ ਇੱਕ ਇੱਛਾ ਪੂਰਨ ਹੁੰਦੀ ਹੈ ਤਾਂ ਦੱਸ ਹੋਰ ਇੱਛਾਵਾਂ ਆ ਖੜੀਆਂ ਹੁੰਦੀਆਂ ਹਨ। ਪਰੰਤੂ ਮਨੁੱਖ ਨੂੰ ਮਿਲਦਾ ਉਹ ਕੁਝ ਹੀ ਹੈ ਜੋ ਉਸ ਦੇ ਭਾਗਾਂ ਵਿੱਚ ਲਿਖਿਆ ਹੈ। ਜਦੋਂ ਮਨੁੱਖ ਦੀ ਇੱਛਾ ਪੂਰੀ ਹੁੰਦੀ ਹੈ ਤਾਂ ਮਨੁੱਖ ਨੂੰ ਥੋੜ੍ਹੇ ਸਮੇਂ ਲਈ ਖੁਸ਼ ਹੁੰਦਾ ਹੈ। ਪਰੰਤੂ ਜਦ ਮਨੁੱਖ ਦੀਆਂ ਇੱਛਾਵਾ ਪੂਰਨ ਨਹੀਂ ਹੁੰਦੀਆਂ ਤਾਂ ਉਹ ਮਾਨਸਿਕ ਤਨਾਅ ਵਿੱਚ ਚਲਾ ਜਾਂਦਾ ਹੈ ਅਤੇ ਇਹ ਮਾਨਸਿਕ ਤਨਾਅ ਮਾਨਸਿਕ ਰੋਗ ਵਿੱਚ ਬਦਲ ਜਾਂਦਾ ਹੈ। ਹੌਲੀ-ਹੌਲੀ ਇਹ ਮਾਨਸਕਿ ਰੋਗ ਸ਼ਰੀਰਕ ਰੋਗ ਵਿੱਚ ਬਦਲ ਜਾਂਦੇ ਹਨ ਅਤੇ ਮਨੁੱਖ ਦੀ ਕਾਇਆ ਨੂੰ ਗਾਲ ਦਿੰਦੇ ਹਨ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਤ੍ਰਿਸਨਾ ਅਗਨਿ ਜਲੈ ਸੰਸਾਰਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੪੪)

ਜਦ ਮਨੁੱਖ ਆਪਣੀ ਤ੍ਰਿਸ਼ਨਾ ਨੂੰ ਬੁਝਾਉਣ ਵਾਸਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ (ਪੰਜ ਦੂਤ) ਦੇ ਅਧੀਨ ਕਰਮ ਕਰਦਾ ਹੈ ਤਾਂ ਇਹ ਕਰਮ ਅਸਤਿ ਕਰਮ ਹੁੰਦੇ ਹਨ। ਪੰਜ ਦੂਤ ਮਾਇਆ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਹਨ ਜਿਨ੍ਹਾਂ ਦਾ ਵਾਸਾ ਮਨੁੱਖ ਦੀ ਦੇਹੀ ਵਿੱਚ ਹੀ ਹੁੰਦਾ ਹੈ। ਇਸ ਲਈ ਗੁਰਬਾਣੀ ਵਿੱਚ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਚੰਡਾਲ ਕਿਹਾ ਗਿਆ ਹੈ:

ਪੰਚ ਚੰਡਾਲ ਨਾਲੇ ਲੈ ਆਇਆ ॥੪॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੪੮)

ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੪)

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੩੨)

ਚੰਡਾਲ ਤੋਂ ਭਾਵ ਹੈ ਮਹਾ ਵਿਨਾਸ਼ਕਾਰੀ ਸ਼ਕਤੀ ਦਾ ਰੂਪ ਜੋ ਮਨੁੱਖ ਦੀ ਦੇਹੀ ਵਿੱਚ ਹੀ ਵਾਸ ਕਰਦੀਆਂ ਹਨ। ਕਾਮ ਤੋਂ ਭਾਵ ਹੈ ਜਦ ਮਨੁੱਖ (ਆਦਮੀ ਜਾਂ ਔਰਤ) ਆਪਣੇ

ਵਿਆਹੁਤਾ ਸੰਬੰਧਾਂ ਤੋਂ ਬਾਹਰ ਮੂੰਹ ਮਾਰਦਾ ਹੈ ਤਾਂ ਉਹ ਕਾਮ ਦੇ ਚੰਡਾਲ ਦਾ ਸ਼ਿਕਾਰ ਹੋ ਜਾਂਦਾ ਹੈ। (ਸੰਗਤ ਦੇ ਆਧਾਰ ਤੇ ਦਾਸ ਦਾ ਇਹ ਜਾਤੀ ਅਨੁਭਵ ਹੈ ਕਿ ਕਾਮ ਦਾ ਇਹ ਵਿਨਾਸ਼ਕਾਰੀ ਚੰਡਾਲ ਛੋਟੀ ਉਮਰ ਦੇ ਬੱਚਿਆਂ ਤੋਂ ਲੈ ਕੇ ਵਿਆਹੁਤਾ ਅਤੇ ਅਣਵਿਆਹੁਤਾ ਜਵਾਨ ਕੁੜੀਆਂ, ਜਵਾਨ ਮੁੰਡਿਆਂ, ਅਧਖੜ ਉਮਰ ਦੇ ਆਦਮੀ ਅਤੇ ਔਰਤਾਂ ਅਤੇ ਹੋਰ ਵੱਡੀ ਉਮਰ ਦੇ ਬੰਦੇ ਜਨਾਨੀਆਂ ਸਭ ਵਿੱਚ ਵੱਡੇ ਪੱਧਰ ਉੱਪਰ ਵਰਤਦਾ ਹੈ। ਅੱਜ ਕਲ ਦੇ ਕੁਆਰੇ ਜਵਾਨ ਬੱਚਿਆਂ ਨੂੰ ਕਾਮ ਦਾ ਇਹ ਚੰਡਾਲ ਬਹੁਤ ਵੱਡੀ ਪੱਧਰ ਤੇ ਕਾਬੂ ਕਰੀ ਬੈਠਾ ਹੈ। ਇਨ੍ਹਾਂ ਕੁਆਰੇ ਬੱਚਿਆਂ ਦੀ ਕਾਮ ਦੀ ਸਮੱਸਿਆ ਸਭ ਤੋਂ ਵੱਡੀ ਸਮੱਸਿਆ ਹੈ। ਇਸ ਲਈ ਕਾਮ ਦੇ ਚੰਡਾਲ ਦੇ ਬਾਰੇ ਇਹ ਪੂਰਨ ਬ੍ਰਹਮ ਗਿਆਨ ਦਾ ਵਰਤਾਣਾ ਬਹੁਤ ਜ਼ਰੂਰੀ ਹੈ।) ਕਾਮ ਚੰਡਾਲ ਮਨੁੱਖ ਦੀ ਦੇਹੀ ਦੇ ਕਾਮ ਲਿੰਗਾਂ ਵਾਲੇ ਹਿੱਸੇ ਵਿੱਚ ਵਾਸ ਕਰਦਾ ਹੈ। ਕ੍ਰੋਧ ਚੰਡਾਲ ਮਨੁੱਖ ਦੇ ਢਿੱਡ ਵਿੱਚ ਵਾਸ ਕਰਦਾ ਹੈ। ਲੋਭ ਅਤੇ ਮੋਹ ਚੰਡਾਲ ਮਨੁੱਖ ਦੀ ਛਾਤੀ ਵਿੱਚ ਵਾਸ ਕਰਦੇ ਹਨ। ਅਹੰਕਾਰ ਚੰਡਾਲ ਜੋ ਸਭ ਤੋਂ ਵੱਧ ਵਿਨਾਸ਼ਕਾਰੀ ਹੈ ਉਹ ਮਨੁੱਖ ਦੇ ਸਿਰ ਵਿੱਚ ਵਾਸ ਕਰਦਾ ਹੈ। ਇਹ ਪੰਜੋਂ ਚੰਡਾਲ ਮਨੁੱਖ ਦੀ ਦੇਹੀ ਨੂੰ ਪੂਰਨ ਤੌਰ ਤੇ ਜਕੜ ਕੇ ਰੱਖਦੇ ਹਨ ਅਤੇ ਇਸ ਤਰ੍ਹਾਂ ਨਾਲ ਮਨੁੱਖ ਦੀ ਸਾਰੀ ਦੇਹੀ ਦੇ ਵਿਨਾਸ਼ ਵਿੱਚ ਲੀਨ ਰਹਿੰਦੇ ਹਨ। ਇਨ੍ਹਾਂ ਸਾਰੇ ਚੰਡਾਲਾਂ ਦੀ ਮਾਰ ਨਾਲ ਮਨੁੱਖ ਦੇ ਮਨ ਅਤੇ ਦਿਮਾਗ ਉੱਪਰ ਬਹੁਤ ਗਹਿਰਾ ਵਿਨਾਸ਼ਕਾਰੀ ਅਸਰ ਹੁੰਦਾ ਹੈ। ਅਸ਼ਚਰਜ ਜਨਕ ਬਾਤ ਇਹ ਹੈ ਕਿ ਮਨੁੱਖ ਨੂੰ ਇਨ੍ਹਾਂ ਪੰਜੋਂ ਚੰਡਾਲਾਂ ਦੇ ਵਿਨਾਸ਼ਕਾਰੀ ਹਮਲਿਆਂ ਦਾ ਪਤਾ ਤੱਕ ਨਹੀਂ ਲੱਗਦਾ। ਜਦ ਕਾਮ ਦਾ ਚੰਡਾਲ ਹਾਵੀ ਹੁੰਦਾ ਹੈ ਤਾਂ ਮਨੁੱਖ ਦਾ ਕਾਮ ਲਿੰਗਾਂ ਵਾਲਾ ਦੇਹੀ ਦਾ ਹਿੱਸਾ ਕਾਮ ਅਗਨ ਵਿੱਚ ਸੜ੍ਹਦਾ-ਬਲਦਾ ਹੈ। ਬਾਰ-ਬਾਰ ਕਾਮ ਚੰਡਾਲ ਦੇ ਸ਼ਿਕਾਰ ਬਣਨ ਨਾਲ ਕਾਮ ਦੀ ਇਸ ਵਿਨਾਸ਼ਕਾਰੀ ਅਗਨ ਦਾ ਮਨੁੱਖ ਦੇ ਮਨ, ਕਾਮ ਲਿੰਗਾਂ ਅਤੇ ਇਨ੍ਹਾਂ ਦੇ ਨਾਲ ਸੰਬੰਧਤ ਸਾਰੇ ਅੰਗਾਂ ਉੱਪਰ ਬਹੁਤ ਵਿਨਾਸ਼ਕਾਰੀ ਅਸਰ ਹੁੰਦਾ ਹੈ। ਜਿਵੇਂ-ਜਿਵੇਂ ਮਨੁੱਖ ਕਾਮ ਚੰਡਾਲ ਦੀ ਗਿਰਫ਼ਤ ਵਿੱਚ ਹੋਰ ਫੱਸਦਾ ਚਲਾ ਜਾਂਦਾ ਹੈ, ਮਨੁੱਖ ਦਾ ਮਨ ਹੋਰ ਡੂੰਘੇ ਮਾਨਸਿਕ ਤਨਾਅ ਵਿੱਚ ਚਲਾ ਜਾਂਦਾ ਹੈ। ਹੌਲੀ-ਹੌਲੀ ਇਹ ਮਾਨਸਿਕ ਤਨਾਅ ਵਿਨਾਸ਼ਕਾਰੀ ਮਾਨਸਿਕ ਰੋਗ ਬਣ ਜਾਂਦਾ ਹੈ। ਇਸ ਮਾਨਸਿਕ ਰੋਗ ਦਾ ਮਨੁੱਖ ਦੇ ਕਾਮ ਨਾਲ ਸੰਬੰਧਤ ਦੇਹੀ ਦੇ ਅੰਗਾਂ ਉੱਪਰ ਬੜਾ ਵਿਨਾਸ਼ਕਾਰੀ ਅਸਰ ਹੁੰਦਾ ਹੈ ਜਿਸ ਕਾਰਨ ਮਨੁੱਖ ਦੇ ਇਹ ਅੰਗ ਅਤੇ ਹੋਰ ਅੰਗ ਰੋਗ ਗ੍ਰਸਤ ਹੋਣੇ ਸ਼ੁਰੂ ਹੋ ਜਾਂਦੇ ਹਨ। ਹੌਲੀ-ਹੌਲੀ ਇਹ ਰੋਗ ਕਈ ਵਾਰ ਬੜਾ ਭਿਆਨਕ ਰੂਪ ਅਖ਼ਤਿਆਰ ਕਰ ਲੈਂਦੇ ਹਨ ਅਤੇ ਮਨੁੱਖ ਦੇ ਪ੍ਰਾਣ ਤੱਕ ਲੈ ਲੈਂਦੇ ਹਨ। (ਕੈਂਸਰ ਅਤੇ ਸਿਫਲਸਿ ਵਰਗੇ ਪ੍ਰਾਣ ਘਾਤਕ ਰੋਗ ਕਾਮ ਚੰਡਾਲ ਦੀ ਦੇਣ ਹਨ) ਇਸ ਤਰ੍ਹਾਂ ਨਾਲ ਮਨੁੱਖ ਨੂੰ ਕਾਮ (ਚੰਡਾਲ) ਦਾ ਨਸ਼ਾ ਰੋਗ ਗ੍ਰਸਤ ਕਰ ਦਿੰਦਾ ਹੈ ਅਤੇ ਇਹ ਰੋਗ ਮਨੁੱਖ ਦੀ ਕਾਇਆ ਨੂੰ ਗਾਲ ਦਿੰਦੇ ਹਨ। ਇਸ ਲਈ ਜਦ ਮਨੁੱਖ ਕਾਮ ਚੰਡਾਲ ਦੀ ਅਗਵਾਈ ਵਿੱਚ ਕਰਮ ਕਰਦਾ ਹੈ ਤਾਂ ਇਹ ਕਰਮ ਅਸਤਿ ਹੁੰਦੇ ਹਨ ਕਿਉਂਕਿ ਕਾਮ ਚੰਡਾਲ ਮਨੁੱਖ ਦਾ ਗੁਰੂ ਬਣ ਬੈਠਦਾ ਹੈ। ਇਸ ਲਈ ਕਾਮ ਚੰਡਾਲ ਨੂੰ ਆਪਣਾ ਗੁਰੂ ਨਾ ਬਣਨ ਦੋ, ਸਦਾ 'ਸਤਿ' ਨੂੰ ਆਪਣਾ ਗੁਰੂ ਧਾਰਨ ਕਰੋ।

'ਸਤਿ' ਗੁਰੂ ਦੀ ਪ੍ਰਾਪਤੀ ਦੇ ਨਾਲ ਸਤਿਨਾਮ ਸਿਮਰਨ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਕਾਮ ਦੇ ਇਸ ਵਿਨਾਸ਼ਕਾਰੀ ਰੋਗ ਤੋਂ ਬਚਾਉ ਦਾ ਇੱਕ ਕਾਰਗਰ ਸਾਧਨ ਹੈ ਕਿ ਆਪਣੇ ਵਿਆਹੁਤਾ ਸੰਬੰਧਾਂ ਤੋਂ ਬਾਹਰ ਪੁਰਸ਼ ਸਾਰੀਆਂ ਇਸਤ੍ਰੀਆਂ ਨੂੰ ਉਮਰ ਦੇ ਹਿਸਾਬ ਨਾਲ ਬੇਟੀ, ਭੈਣ ਅਤੇ ਮਾਂ ਦੇ ਰੂਪ ਵਿੱਚ ਵੇਖਣ ਅਤੇ ਇਸਤ੍ਰੀਆਂ ਸਾਰੇ ਪੁਰਸ਼ਾਂ

ਨੂੰ ਬੇਟਾ, ਭਰਾ ਅਤੇ ਪਿਤਾ ਦੇ ਰੂਪ ਵਿੱਚ ਵੇਖਣ। ਸਤਿਨਾਮ ਸਿਮਰਨ ਅਤੇ ਐਸੇ ਵਿਵਹਾਰ ਨਾਲ ਕਾਮ ਚੰਡਾਲ ਦੇ ਅਧੀਨ ਮਨ ਵਿੱਚ ਮਾੜੇ ਫੁਰਨੇ ਆਓਣੇ ਬੰਦ ਹੋ ਜਾਣਗੇ ਅਤੇ ਹੌਲੀ-ਹੌਲੀ ਮਨ ਕਾਮ ਦੇ ਇਸ ਵਿਨਾਸ਼ਕਾਰੀ ਦੂਤ ਉੱਪਰ ਜਿੱਤ ਪ੍ਰਾਪਤ ਕਰ ਕੇ ਜਤੀ ਹੋ ਜਾਵੇਗਾ। ਸਤਿਨਾਮ ਸਿਮਰਨ ਦੇ ਨਾਲ ਮਨੁੱਖ ਨੂੰ ਉਹ ਗੁਰਪ੍ਰਸਾਦੀ ਪਰਮ ਸ਼ਕਤੀ ਦੀ ਪ੍ਰਾਪਤੀ ਹੁੰਦੀ ਹੈ ਜਿਸ ਦੇ ਨਾਲ ਮਨੁੱਖ ਨੂੰ ਕਾਮ ਚੰਡਾਲ ਦੀ ਪਹਿਚਾਣ ਹੋ ਜਾਂਦੀ ਹੈ। ਮਨੁੱਖ ਨੂੰ ਕਾਮ ਚੰਡਾਲ ਦੇ ਕਾਰ-ਵਿਹਾਰ ਦੀ ਸਮਝ ਸੋਝੀ ਪੈ ਜਾਂਦੀ ਹੈ। ਸਤਿਨਾਮ ਸਿਮਰਨ ਦੇ ਗੁਰ ਪ੍ਰਸਾਦਿ ਨਾਲ ਮਨੁੱਖ ਵਿੱਚ ਕਾਮ ਚੰਡਾਲ ਦੇ ਨਾਲ ਲੜਣ ਦੀ ਅਤੇ ਇਸ ਮਹਾ ਵਿਨਾਸ਼ਕਾਰੀ ਦੂਤ ਨੂੰ ਪਰਾਜਿਤ ਕਰਨ ਦੀ ਪਰਮ ਸ਼ਕਤੀ ਆ ਜਾਂਦੀ ਹੈ।

ਇਸ ਲਈ ਜਦ ਮਨੁੱਖ ਅਸਤਿ ਕਰਮ ਕਰਦਾ ਹੈ ਤਾਂ 'ਅਸਤਿ' ਉਸ ਦਾ ਗੁਰੂ ਬਣਦਾ ਹੈ। ਭਾਵ ਜਦ ਮਨੁੱਖ ਆਪਣੀ ਕਾਮ ਵਾਸ਼ਨਾ ਦੀ ਤ੍ਰਿਸ਼ਣਾ ਨੂੰ ਸ਼ਾਂਤ ਕਰਨ ਵਾਸਤੇ ਕਾਮ ਵੱਸ ਆ ਕੇ ਕਰਮ ਕਰਦਾ ਹੈ ਤਾਂ ਕਾਮ ਉਸ ਦਾ ਗੁਰੂ ਹੁੰਦਾ ਹੈ।

ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੪)

ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੪੨-੧੦੪੩)

ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੪੮)

ਜਦ ਮਨੁੱਖ ਕ੍ਰੋਧ ਵੱਸ ਆ ਕੇ ਆਪਣੇ ਆਪ ਉੱਪਰ ਜਾਂ ਹੋਰ ਮਨੁੱਖਾਂ ਦੇ ਉੱਪਰ ਕ੍ਰੋਧ ਕਰਦਾ ਹੈ ਤਾਂ ਕ੍ਰੋਧ ਉਸ ਦਾ ਗੁਰੂ ਹੁੰਦਾ ਹੈ। ਮਨੁੱਖ ਨੂੰ ਕ੍ਰੋਧ ਉਸ ਸਮੇਂ ਆਉਂਦਾ ਹੈ ਜਦ ਉਸ ਦੇ ਅਹੰਕਾਰ ਉੱਪਰ ਸੱਟ ਵੱਜਦੀ ਹੈ। ਮਨੁੱਖ ਆਪਣੇ ਹੀ ਅਹੰਕਾਰ ਦਾ ਗ਼ੁਲਾਮ ਹੈ ਅਤੇ ਅਹੰਕਾਰ ਦੀ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਮਨੁੱਖ ਕ੍ਰੋਧ ਕਰਦਾ ਹੈ। ਪਰੰਤੂ ਮੂਰਖ ਮਨੁੱਖ ਇਹ ਨਹੀਂ ਜਾਣਦਾ ਕਿ ਕ੍ਰੋਧ ਚੰਡਾਲ ਹੈ ਅਤੇ ਇਹ ਕ੍ਰੋਧ ਰੂਪੀ ਚੰਡਾਲ ਉਸ ਦਾ ਹੀ ਤਨ ਮਨ ਸਾੜਦਾ ਹੈ। ਕ੍ਰੋਧ ਮਨੁੱਖ ਦਾ ਬਹੁਤ ਵੱਡਾ ਦੁਸ਼ਮਨ ਹੈ। ਕ੍ਰੋਧ ਦੀ ਦੁਸ਼ਮਨੀ ਮਨੁੱਖ ਨੂੰ ਕਈ ਵਾਰੀ ਬਹੁਤ ਲੰਬੇ ਸਮੇਂ ਤੱਕ ਘੇਰ ਕੇ ਰੱਖਦੀ ਹੈ। ਕ੍ਰੋਧ ਦਾ ਵਿਨਾਸ਼ਕਾਰੀ ਅਸਰ ਮਨੁੱਖ ਦੇ ਤਨ ਮਨ ਉੱਪਰ ਬਹੁਤ ਸਮੇਂ ਤੱਕ ਰਹਿੰਦਾ ਹੈ। ਕਈ ਵਾਰੀ ਕ੍ਰੋਧ ਦਾ ਵਿਨਾਸ਼ਕਾਰੀ ਅਸਰ ਸਾਰੀ ਉਮਰ ਦੀ ਦੁਸ਼ਮਨੀ ਵਿੱਚ ਪਰਿਵਰਤਿਤ ਹੋ ਜਾਂਦਾ ਹੈ ਅਤੇ ਮਨੁੱਖ ਸਾਰੀ ਉਮਰ ਲਈ ਕ੍ਰੋਧ ਚੰਡਾਲ ਦੀ ਅਗਨੀ ਵਿੱਚ ਝੁਲਸਦਾ ਰਹਿੰਦਾ ਹੈ। ਸੰਸਾਰ ਵਿੱਚ ਹੋਏ ਸਾਰੇ ਵਿਨਾਸ਼ਕਾਰੀ ਸਾਕਿਆਂ ਦਾ ਕਾਰਨ ਕੇਵਲ ਅਹੰਕਾਰ ਅਤੇ ਕ੍ਰੋਧ ਹੀ ਹੈ। ਮਨੁੱਖ ਦਾ ਮਨੁੱਖ ਨਾਲ ਵੈਰ, ਭਰਾ ਦਾ ਭਰਾ ਨਾਲ ਵੈਰ, ਸਾਰੇ ਪਰਿਵਾਰਕ ਝਗੜਿਆਂ ਦਾ ਕਾਰਨ ਕੇਵਲ ਅਹੰਕਾਰ ਅਤੇ ਕ੍ਰੋਧ ਹੀ ਹੈ। ਇਹ ਹੀ ਕਾਰਨ ਹੈ ਕਿ ਗੁਰਬਾਣੀ ਵਿੱਚ ਅਹੰਕਾਰ ਨੂੰ ਦੀਰਘ ਰੋਗ ਕਿਹਾ ਗਿਆ ਹੈ ਅਤੇ ਕ੍ਰੋਧ ਨੂੰ ਚੰਡਾਲ ਕਿਹਾ ਗਿਆ ਹੈ। ਇਸ ਤਰ੍ਹਾਂ ਨਾਲ ਅਹੰਕਾਰ ਅਤੇ ਕ੍ਰੋਧ ਰੂਪੀ ਘੋੜੇ ਮਨੁੱਖੀ ਮਨ ਨੂੰ ਵਿਨਾਸ਼ ਲਈ ਪ੍ਰੇਰਿਤ ਕਰਦੇ ਹਨ ਅਤੇ ਮਨੁੱਖ ਕੋਲੋਂ ਅਹੰਕਾਰ ਅਤੇ ਕ੍ਰੋਧ ਵੱਸ ਕਰ ਕੇ ਅਸਤਿ ਕਰਮ ਕਰਵਾਉਂਦੇ ਹਨ। ਜਦ ਮਨੁੱਖ ਅਹੰਕਾਰ ਦੀ ਵਿਨਾਸ਼ਕਾਰੀ ਵਾਸ਼ਨਾ ਨੂੰ ਪੂਰੀ ਕਰਨ ਵਾਸਤੇ ਕ੍ਰੋਧ ਚੰਡਾਲ ਦਾ ਸਹਾਰਾ ਲੈਂਦਾ ਹੈ ਤਾਂ ਇਹ ਦੋਨੋਂ ਵਿਨਾਸ਼ਕਾਰੀ ਮਾਇਆ ਦੇ ਦੂਤ ਮਨੁੱਖ ਦੇ ਗੁਰੂ ਹੁੰਦੇ ਹਨ। ਕ੍ਰੋਧ ਚੰਡਾਲ ਮਨੁੱਖ ਦੇ ਢਿੱਡ ਵਿੱਚ ਵਾਸ ਕਰਦਾ ਹੈ ਅਤੇ ਅਹੰਕਾਰ ਚੰਡਾਲ ਮਨੁੱਖ ਦੇ ਸਿਰ ਵਿੱਚ ਵਾਸ ਕਰਦਾ ਹੈ। ਇਸ ਲਈ ਜਦ ਮਨੁੱਖ ਨੂੰ ਅਹੰਕਾਰ ਚੰਡਾਲ ਦੀ ਵਾਸ਼ਨਾ ਬੁਝਾਉਣ ਵਾਸਤੇ ਕ੍ਰੋਧ ਚੰਡਾਲ

ਦਾ ਸਹਾਰਾ ਲੈਣਾ ਪੈਂਦਾ ਹੈ ਤਾਂ ਮਨੁੱਖ ਦੀ ਦੇਹੀ ਉੱਪਰ ਇਨ੍ਹਾਂ ਚੰਡਾਲਾਂ ਦਾ ਬਹੁਤ ਵਿਨਾਸ਼ਕਾਰੀ ਅਸਰ ਹੁੰਦਾ ਹੈ। ਮਨੁੱਖ ਦਾ ਮਨ ਅਤੇ ਦੇਹੀ ਦੇ ਸਾਰੇ ਅੰਗ ਕ੍ਰੋਧ ਚੰਡਾਲ ਦੀ ਅਗਨ ਵਿੱਚ ਝੁਲਸਦੇ ਹਨ ਅਤੇ ਇਸ ਤਰ੍ਹਾਂ ਮਨੁੱਖ ਦਾ ਮਨ ਅਤੇ ਤਨ ਦੋਨੋਂ ਹੀ ਰੋਗ ਗ੍ਰਸਤ ਹੋ ਜਾਂਦੇ ਹਨ। ਇਹ ਵਿਨਾਸ਼ਕਾਰੀ ਰੋਗ ਮਨੁੱਖ ਦੀ ਦੇਹੀ ਨੂੰ ਗਾਲ ਦਿੰਦੇ ਹਨ। ਮਨੁੱਖ ਦੀ ਦੇਹੀ ਪ੍ਰਾਣ ਘਾਤਕ ਰੋਗਾਂ ਦਾ ਸ਼ਿਕਾਰ ਹੋ ਜਾਂਦੀ ਹੈ। ਇਹ ਹੀ ਕਾਰਨ ਹੈ ਕਿ ਅੱਜ ਦੀ ਲੁਕਾਈ ਵਿੱਚ ਇਤਨੇ ਭਿਆਨਕ ਮੌਤਜਨਕ ਰੋਗਾਂ ਵਿੱਚ ਘਿਰੀ ਪਈ ਹੈ। ਅਹੰਕਾਰ ਚੰਡਾਲ ਅਤੇ ਕ੍ਰੋਧ ਚੰਡਾਲ ਦੇ ਵੱਸ ਕੀਤੇ ਗਏ ਸਾਰੇ ਕਰਮ ਅਸਤਿ ਕਰਮ ਹੁੰਦੇ ਹਨ। ਜਦ ਮਨੁੱਖ ਅਹੰਕਾਰ ਚੰਡਾਲ ਅਤੇ ਕ੍ਰੋਧ ਚੰਡਾਲ ਦੇ ਵੱਸ ਆ ਕੇ ਅਸਤਿ ਕਰਮ ਕਰਦਾ ਹੈ ਤਾਂ ਅਹੰਕਾਰ ਚੰਡਾਲ ਅਤੇ ਕ੍ਰੋਧ ਚੰਡਾਲ ਨੂੰ ਆਪਣਾ ਗੁਰੂ ਧਾਰਨ ਕਰਦਾ ਹੈ।

ਇਸ ਲਈ ਅਹੰਕਾਰ ਅਤੇ ਕ੍ਰੋਧ ਚੰਡਾਲਾਂ ਨੂੰ ਆਪਣਾ ਗੁਰੂ ਨਾ ਬਣਨ ਦੋ ਅਤੇ 'ਸਤਿ' ਨੂੰ ਆਪਣਾ ਗੁਰੂ ਧਾਰਨ ਕਰੋ ਜਿਸ ਦੀ ਬੇਅੰਤ ਇਲਾਹੀ ਦਰਗਾਹੀ ਪਰਮ ਸ਼ਕਤੀ ਨਾਲ ਮਨੁੱਖ ਅਹੰਕਾਰ ਚੰਡਾਲ ਅਤੇ ਕ੍ਰੋਧ ਚੰਡਾਲ ਉੱਪਰ ਜਿੱਤ ਪ੍ਰਾਪਤ ਕਰ ਕੇ ਜੀਵਨ ਮੁਕਤੀ ਪ੍ਰਾਪਤ ਕਰ ਸਕਦਾ ਹੈ। ਨਿਮਰਤਾ ਦੀ ਕਮਾਈ ਕਰੋ। ਹਿਰਦੇ ਦੀ ਗਰੀਬੀ ਦੀ ਕਮਾਈ ਕਰੋ। ਹਿਰਦੇ ਦੀ ਗਰੀਬੀ ਅਤੇ ਅਤਿ ਦੀ ਨਿਮਰਤਾ ਅਹੰਕਾਰ ਦੇ ਮਹਾ ਵਿਨਾਸ਼ਕਾਰੀ ਚੰਡਾਲ ਨੂੰ ਨਸ਼ਟ ਕਰ ਕੇ ਮਨੁੱਖ ਨੂੰ ਹਉਮੈ ਦੇ ਦੀਰਘ ਰੋਗ ਤੋਂ ਮੁਕਤ ਕਰਦੀ ਹੈ। ਨਿੰਮਰਤਾ, ਹਿਰਦੇ ਦੀ ਗਰੀਬੀ ਅਤੇ ਹਲੀਮੀ ਦੀ ਕਮਾਈ ਇਲਾਹੀ ਅਸਤਰ ਹਨ ਜੋ ਮਨੁੱਖ ਦੇ ਸਿਰ ਵਿੱਚ ਬੈਠੇ ਅਹੰਕਾਰ ਚੰਡਾਲ ਦਾ ਖ਼ਾਤਮਾ ਕਰਦੇ ਹਨ। ਕਿਉਂਕਿ ਮਨੁੱਖ ਦਾ ਅਹੰਕਾਰ ਅਤੇ ਕ੍ਰੋਧ ਇੱਕ ਦੂਸਰੇ ਦੇ ਪੂਰਕ ਹਨ ਇਸ ਲਈ ਅਹੰਕਾਰ ਚੰਡਾਲ ਦੇ ਖ਼ਾਤਮੇ ਦੇ ਨਾਲ ਹੀ ਮਨੁੱਖ ਦੇ ਢਿੱਡ ਵਿੱਚ ਬੈਠੇ ਕ੍ਰੋਧ ਚੰਡਾਲ ਦਾ ਵੀ ਖ਼ਾਤਮਾ ਹੋ ਜਾਂਦਾ ਹੈ। ਸਤਿਨਾਮ ਦੇ ਸਿਮਰਨ ਦੀ ਕਮਾਈ ਕਰੋ। ਸਤਿਨਾਮ ਦੇ ਸਿਮਰਨ ਦੀ ਪਰਮ ਸ਼ਕਤੀ ਨਾਲ ਮਨੁੱਖ ਨੂੰ ਨਿੰਮਰਤਾ, ਹਲੀਮੀ ਅਤੇ ਹਿਰਦੇ ਦੀ ਗਰੀਬੀ ਦੀ ਕਮਾਈ ਕਰਨ ਦੀ ਸੋਝੀ ਦੇ ਨਾਲ-ਨਾਲ ਇਸ ਇਲਾਹੀ ਦਰਗਾਹੀ ਅਸਤਰ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਵਰਤਣ ਦੀ ਸ਼ਕਤੀ ਆਉਂਦੀ ਹੈ। ਸਤਿਨਾਮ ਸਿਮਰਨ ਕਰਨ ਨਾਲ ਮਨੁੱਖ ਦੇ ਜੀਵਨ ਵਿੱਚ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਾਪਰਦੀ ਹੈ ਜਿਸ ਦੇ ਨਾਲ ਮਨੁੱਖ ਨਿੰਮਰਤਾ, ਹਲੀਮੀ ਅਤੇ ਹਿਰਦੇ ਦੀ ਗਰੀਬੀ ਦੀ ਕਮਾਈ ਕਰ ਕੇ ਅਹੰਕਾਰ ਚੰਡਾਲ ਦੀ ਮੁੰਡੀ ਨੂੰ ਕੁਚਲ ਕੇ ਇਸ ਵਿਨਾਸ਼ਕਾਰੀ ਚੰਡਾਲ ਉੱਪਰ ਜਿੱਤ ਹਾਸਲ ਕਰਦਾ ਹੈ। ਨਿੰਮਰਤਾ, ਹਲੀਮੀ ਅਤੇ ਹਿਰਦੇ ਦੀ ਗਰੀਬੀ ਦੀ ਕਮਾਈ ਦੇ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਕਿ ਮਨੁੱਖ ਨੂੰ ਦਰਗਾਹ ਦੇ ਦੁਆਰ ਤੇ ਲੈ ਜਾ ਕੇ ਖੜ੍ਹਾ ਕਰ ਦਿੰਦੀ ਹੈ।

ਲੋਭ ਚੰਡਾਲ ਅਤੇ ਮੋਹ ਚੰਡਾਲ ਮਨੁੱਖ ਦੀ ਛਾਤੀ ਵਿੱਚ ਵਾਸ ਕਰਦੇ ਹਨ। ਲੋਭ ਦਾ ਭਾਵ ਹੈ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਅਸਤਿ ਕਰਮਾਂ ਦੇ ਨਾਲ ਧਨ-ਸੰਪਦਾ ਨੂੰ ਇਕੱਤਰ ਕਰਨਾ। ਲੋਭ ਤੋਂ ਭਾਵ ਹੈ ਆਪਣੇ ਦਸਾਂ ਨਹੁੰਆਂ ਦੀ ਕਮਾਈ ਵਿੱਚ ਸਤਿ ਸੰਤੋਖ ਅਤੇ ਭਰੋਸਾ ਨਾ ਰੱਖਦੇ ਹੋਏ ਅਸਤਿ ਕਰਮਾਂ ਦੇ ਜ਼ਰੀਏ ਧਨ-ਸੰਪਦਾ ਨੂੰ ਇਕੱਤਰ ਕਰਨਾ। ਰਿਸ਼ਵਤਖ਼ੋਰੀ, ਧੋਖਾ-ਧੜੀ, ਚੋਰੀ, ਜਾਰੀ, ਆਪਣੇ ਅਹੁਦੇ ਦੀ ਦੁਰਵਰਤੋਂ ਨਾਲ, ਪਰਾਇਆ ਹੱਕ ਮਾਰ ਕੇ, ਗ਼ਲਤ ਮੁਨਾਫਾਖ਼ੋਰੀ ਅਤੇ ਧਰਮ ਦੇ ਝੂਠੇ ਪ੍ਰਚਾਰ ਆਦਿ ਢੰਗਾਂ ਨਾਲ ਧਨ-ਸੰਪਦਾ ਨੂੰ ਇਕੱਤਰ ਕਰਨਾ ਹੀ ਸਭ ਅਸਤਿ ਕਰਮ ਹਨ ਅਤੇ ਮਨੁੱਖ ਨੂੰ ਲੋਭ ਚੰਡਾਲ ਦਾ ਸ਼ਿਕਾਰ ਬਣਾਉਂਦੇ ਹਨ। ਧਨ-ਸੰਪਦਾ ਨੂੰ ਕਮਾਉਣਾ ਕੋਈ ਗ਼ਲਤ ਧਾਰਨਾ ਨਹੀਂ ਹੈ। ਪਰੰਤੂ ਜਦ ਮਨੁੱਖ ਧਨ-ਸੰਪਦਾ ਨੂੰ ਲੋਭ ਚੰਡਾਲ ਦੀ ਗ਼ੁਲਾਮੀ ਵਿੱਚ ਆ ਕੇ ਕਮਾਉਂਦਾ ਹੈ ਤਾਂ

ਇਹ ਅਸਤਿ ਕਰਮ ਬਣ ਜਾਂਦਾ ਹੈ। ਜੋ ਕਿ ਅੱਗੇ ਚਲ ਕੇ ਮਨੁੱਖ ਦੇ ਦੁੱਖਾਂ-ਕਲੇਸ਼ਾਂ ਅਤੇ ਮੁਸੀਬਤਾਂ ਦਾ ਕਾਰਨ ਬਣ ਜਾਂਦਾ ਹੈ। ਇਨ੍ਹਾਂ ਅਸਤਿ ਕਰਮਾਂ ਦੇ ਕਰਦੇ ਹੋਏ ਜਦ ਮਨੁੱਖ ਧਨ-ਸੰਪਦਾ ਇਕੱਤਰ ਕਰਦਾ ਹੈ ਤਾਂ ਹੋਰ ਜ਼ਿਆਦਾ ਤੋਂ ਜ਼ਿਆਦਾ ਧਨ-ਸੰਪਦਾ ਇਕੱਤਰ ਕਰਨ ਦੀ ਉਸ ਦੀ ਲਾਲਸਾ ਵੱਧਦੀ ਜਾਂਦੀ ਹੈ। ਸੌਖੇ ਅਤੇ ਪਰਿਸ਼ਰਮ ਰਹਿਤ ਅਸਤਿ ਕਰਮਾਂ ਦੇ ਕਰਨ ਨਾਲ ਧਨ-ਸੰਪਦਾ ਇਕੱਤਰ ਕਰਨ ਦੀ ਤ੍ਰਿਸ਼ਣਾ ਕਦੇ ਨਹੀਂ ਬੁੱਝਦੀ ਬਲਕਿ ਇਹ ਤ੍ਰਿਸ਼ਣਾ ਹੋਰ ਡੂੰਘੀ ਹੋਈ ਜਾਂਦੀ ਹੈ। ਅਸਤਿ ਕਰਮਾਂ ਦੁਆਰਾ ਇਕੱਤਰ ਕੀਤੀ ਗਈ ਦੌਲਤ ਅਤੇ ਜਾਇਦਾਦ ਮਨੁੱਖ ਲਈ ਜ਼ਹਿਰ ਦਾ ਕੰਮ ਕਰਦੀ ਹੈ। ਅਸਤਿ ਕਰਮਾਂ ਦੁਆਰਾ ਇਕੱਤਰ ਕੀਤੀ ਗਈ ਧਨ ਸੰਪਤੀ ਵਿੱਚ ਕਦੇ ਬਰਕਤ ਨਹੀਂ ਹੁੰਦੀ ਹੈ ਅਤੇ ਐਸੀ ਦੌਲਤ ਅਤੇ ਜਾਇਦਾਦ ਮਨੁੱਖ ਦੇ ਦੁੱਖਾਂ-ਕਲੇਸ਼ਾਂ ਅਤੇ ਮੁਸੀਬਤਾਂ ਦਾ ਕਾਰਨ ਬਣ ਕੇ ਮਨੁੱਖ ਦੇ ਜੀਵਨ ਨੂੰ ਨਰਕ ਬਣਾ ਦਿੰਦੀ ਹੈ। ਅਸਤਿ ਕਰਮਾਂ ਦੁਆਰਾ ਇਕੱਤਰ ਕੀਤੀ ਗਈ ਧਨ-ਸੰਪਦਾ ਅਤੇ ਜਾਇਦਾਦ ਦਾ ਮਨੁੱਖ ਦੇ ਮਨ ਅਤੇ ਤਨ ਉੱਪਰ ਬਹੁਤ ਡੂੰਘਾ ਵਿਨਾਸ਼ਕਾਰੀ ਪ੍ਰਭਾਵ ਪੈਂਦਾ ਹੈ। ਲੋਭ ਚੰਡਾਲ ਦੇ ਵੱਸ ਵਿੱਚ ਆ ਕੇ ਬਾਰੰਬਾਰ ਕੀਤੇ ਗਏ ਅਸਤਿ ਕਰਮਾਂ ਦੁਆਰਾ ਧਨ-ਸੰਪਦਾ ਅਤੇ ਜਾਇਦਾਦ ਇਕੱਤਰ ਕਰਦੇ ਹੋਏ ਮਨੁੱਖ ਦੇ ਮਨ ਦੀ ਸ਼ਾਂਤੀ ਚਲੀ ਜਾਂਦੀ ਹੈ ਅਤੇ ਤਨ ਰੋਗ ਗ੍ਰਸਤ ਹੋ ਜਾਂਦਾ ਹੈ। ਇਸ ਤਰ੍ਹਾਂ ਬਾਰ-ਬਾਰ ਅਸਤਿ ਕਰਮਾਂ ਦੁਆਰਾ ਧਨ-ਸੰਪਦਾ ਇਕੱਤਰ ਕਰਨ ਨਾਲ ਲੋਭ ਇੱਕ ਵਿਨਾਸ਼ਕਾਰੀ ਮਾਨਸਿਕ ਰੋਗ ਦਾ ਰੂਪ ਲੈ ਲੈਂਦਾ ਹੈ। ਲੋਭ ਚੰਡਾਲ ਦੀ ਗਿਰਫ਼ਤ ਵਿੱਚ ਫਸੇ ਹੋਏ ਮਨੁੱਖ ਨੂੰ ਇਹ ਪਤਾ ਹੀ ਨਹੀਂ ਚਲਦਾ ਕਿ ਕਦੋਂ ਉਸ ਦੇ ਲੋਭ ਵੱਸ ਕੀਤੇ ਗਏ ਕਰਮ ਉਸ ਦੇ ਹੀ ਮਨ ਨੂੰ ਭਿਅੰਕਰ ਮਾਨਸਿਕ ਰੋਗੀ ਕਰ ਦਿੰਦੇ ਹਨ ਅਤੇ ਉਸ ਦਾ ਹੀ ਤਨ ਪ੍ਰਾਣ ਘਾਤਕ ਰੋਗਾਂ ਦਾ ਸ਼ਿਕਾਰ ਹੋ ਜਾਂਦਾ ਹੈ। ਜਦ ਮਨੁੱਖ ਲੋਭ ਚੰਡਾਲ ਦੇ ਅਧੀਨ ਧਨ-ਸੰਪਦਾ ਅਤੇ ਜਾਇਦਾਦ ਇਕੱਤਰ ਕਰਨ ਲਈ ਅਸਤਿ ਕਰਮ ਕਰਦਾ ਹੈ ਤਾਂ 'ਲੋਭ ਚੰਡਾਲ' ਉਸ ਦਾ ਗੁਰੂ ਹੁੰਦਾ ਹੈ।

ਲਾਜ਼ਮੀ ਹੈ ਕਿ ਮਨੁੱਖ ਦੇ ਮਨ ਵਿੱਚ ਇਹ ਪ੍ਰਸ਼ਨ ਆਉਂਦਾ ਹੈ ਕਿ ਫਿਰ ਲੋਭ ਚੰਡਾਲ ਤੋਂ ਮਨੁੱਖ ਦਾ ਛੁਟਕਾਰਾ ਕਿਵੇਂ ਹੋਵੇਗਾ। ਲੋਭ ਚੰਡਾਲ ਨੂੰ ਸਤਿ ਸੰਤੋਖ ਦੇ ਦਰਗਾਹੀ ਅਸਤਰ ਨਾਲ ਜਿੱਤਿਆ ਜਾਂਦਾ ਹੈ। ਸਤਿ ਸੰਤੋਖ ਦੀ ਕਮਾਈ ਨਾਲ ਹੀ ਮਨੁੱਖ ਦੇ ਅੰਦਰ ਮਨ ਵਿੱਚੋਂ ਤ੍ਰਿਸ਼ਣਾ ਦਾ ਬੀਜ ਨਸ਼ਟ ਹੁੰਦਾ ਹੈ। ਸਤਿ ਸੰਤੋਖ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਲੋਭ ਚੰਡਾਲ ਦੀ ਮੁੰਡੀ ਨੂੰ ਕੁਚਲ ਕੇ ਮਨੁੱਖ ਦੇ ਮਨ ਨੂੰ ਸ਼ਾਂਤ ਕਰ ਦਿੰਦੀ ਹੈ। ਸਤਿ ਸੰਤੋਖ ਦੀ ਕਮਾਈ ਸਤਿਗੁਰੂ ਦੀ ਬਖ਼ਸ਼ੀਸ਼ ਨਾਲ ਪ੍ਰਾਪਤ ਹੁੰਦੀ ਹੈ। 'ਸਤਿ' ਗੁਰੂ ਦੀ ਪ੍ਰਾਪਤੀ ਨਾਲ ਹੀ ਸਤਿਨਾਮ ਸਿਮਰਨ ਅਤੇ ਸਿਮਰਨ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਸਤਿਨਾਮ ਸਿਮਰਨ ਦੇ ਨਾਲ ਹੀ ਮਨੁੱਖ ਨੂੰ ਲੋਭ ਚੰਡਾਲ ਤੋਂ ਛੁਟਕਾਰਾ ਪਾਉਣ ਦੀ ਸੋਝੀ ਆਉਂਦੀ ਹੈ ਅਤੇ ਮਨੁੱਖ ਆਪਣੀ ਬਿਰਤੀ ਸਤਿ ਕਰਮਾਂ ਵਿੱਚ ਲਾਉਂਦਾ ਹੈ। ਸਤਿਨਾਮ ਸਿਮਰਨ ਨਾਲ ਹੀ ਮਨੁੱਖ ਦੀ ਦਸਾਂ ਨਹੁੰਆਂ ਦੀ ਕਮਾਈ ਵਿੱਚ ਭਰੋਸਾ ਬਣਦਾ ਹੈ ਅਤੇ ਮਨ ਸੰਤੋਖ ਵਿੱਚ ਜਾਂਦਾ ਹੈ। ਸਤਿਨਾਮ ਸਿਮਰਨ ਦੇ ਨਾਲ ਅਤੇ ਕਮਾਈ ਦੇ ਵਿੱਚੋਂ ਸਤਿਗੁਰੂ ਦੇ ਚਰਨਾਂ ਵਿੱਚ ਕਮਾਈ ਦਾ ਦਸਵੰਧ ਅਰਪਣ ਕਰਨ ਨਾਲ ਹੀ ਮਨੁੱਖ ਦਾ ਮਨ ਸਤਿ ਸੰਤੋਖ ਵਿੱਚ ਜਾਂਦਾ ਹੈ। ਜਿਸ ਕਮਾਈ ਵਿੱਚੋਂ ਸਤਿਗੁਰੂ ਦੇ ਚਰਨਾਂ ਵਿੱਚ ਦਸਵੰਧ ਅਰਪਣ ਹੁੰਦਾ ਹੈ ਉਸ ਕਮਾਈ ਵਿੱਚ ਬੇਅੰਤ ਬਰਕਤ ਪੈਂਦੀ ਹੈ ਅਤੇ ਮਨੁੱਖ ਨੂੰ ਕਦੇ ਤੋਟ ਨਹੀਂ ਆਉਂਦੀ। ਇਸ ਲਈ ਲੋਭ ਨੂੰ ਆਪਣਾ ਗੁਰੂ ਨਾ ਬਣਨ ਦੋ ਅਤੇ 'ਸਤਿ' ਨੂੰ ਆਪਣਾ ਗੁਰੂ ਧਾਰਨ ਕਰੋ ਤਾਂ ਕਿ ਤੁਹਾਡਾ ਮਨ ਸਦੀਵੀ ਸ਼ਾਂਤੀ ਨੂੰ ਪ੍ਰਾਪਤ ਕਰ ਸਕੇ।

ਮੋਹ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਦੀ ਛਾਤੀ ਵਿੱਚ ਵਾਸ ਕਰਦੀ ਹੈ। ਮੋਹ ਚੰਡਾਲ ਦੀ ਵਿਨਾਸ਼ਕਾਰੀ ਸ਼ਕਤੀ ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਕਿਵੇਂ ਕੰਮ ਕਰਦੀ ਹੈ ਅਤੇ ਕਿਵੇਂ ਮਨੁੱਖ ਦੇ ਪਰਿਵਾਰਕ ਜੀਵਨ ਨੂੰ ਨਰਕਮਈ ਬਣਾਉਂਦੀ ਹੈ ਇਸ ਪਰਮ ਸਤਿ ਤੱਤ ਨੂੰ ਸਮਝਣ ਅਤੇ ਮੰਨਣ ਨਾਲ ਹੀ ਮਨੁੱਖ ਦਾ ਪਰਿਵਾਰਕ ਜੀਵਨ ਸੁਖੀ ਹੋ ਸਕਦਾ ਹੈ। ਧਰਤੀ ਉੱਪਰ ਵਿਚਰ ਰਿਹਾ ਹਰ ਇੱਕ ਆਮ ਮਨੁੱਖ ਹਰ ਵੇਲੇ ਕਿਸੇ ਨਾ ਕਿਸੇ ਚੀਜ਼ ਦੇ ਖੋਹੇ ਜਾਣ ਦੇ ਭਉ ਵਿੱਚ ਅਤੇ ਚਿੰਤਾ ਵਿੱਚ ਜੀਅ ਰਿਹਾ ਹੈ। ਹਰ ਇੱਕ ਮਨੁੱਖ ਆਪਣੇ ਪਰਿਵਾਰਕ ਸੰਬੰਧਾਂ ਨੂੰ ਲੈ ਕੇ ਚਿੰਤਾ ਵਿੱਚ ਹੈ ਅਤੇ ਉਸ ਨੂੰ ਇਨ੍ਹਾਂ ਸੰਬੰਧਾਂ ਦੇ ਟੁੱਟਣ ਦਾ ਜਾਂ ਬਦਤਰ ਹੋਣ ਦਾ ਭਉ ਹੈ। ਮਨੁੱਖ ਨੂੰ ਆਪਣੇ ਹੀ ਸਕੇ ਸੰਬੰਧਾਂ ਉੱਪਰ ਹੀ ਭਰੋਸਾ ਨਹੀਂ ਹੈ। ਪਤੀ-ਪਤਨੀ ਨੂੰ ਆਪਸੀ ਸੰਬੰਧ ਖੋਹੇ ਜਾਣ ਦਾ ਜਾਂ ਬਦਤਰ ਹੋਣ ਦਾ ਭਉ ਸਤਾਂਦਾ ਹੈ। ਪਤੀ-ਪਤਨੀ ਵਰਗੇ ਪਾਵਨ ਸੰਬੰਧਾਂ ਵਿੱਚ ਵੀ ਇੱਕ ਦੂਜੇ ਉੱਪਰ ਭਰੋਸੇ ਦੀ ਕਮੀ ਹੀ ਜੀਵਨ ਨੂੰ ਨਰਕ ਬਣਾ ਦਿੰਦੀ ਹੈ। ਪਤੀ-ਪਤਨੀ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਹੈ ਅਤੇ ਪਤਨੀ ਆਪਣੇ ਪਤੀ ਨੂੰ ਖੋਹਣ ਦੇ ਭਉ ਵਿੱਚ ਸਦਾ ਰਹਿੰਦੀ ਹੈ। ਮਾਤ-ਪਿਤਾ ਨੂੰ ਧੀਆਂ-ਪੁੱਤਰਾਂ ਦੇ ਸੰਬੰਧਾਂ ਨੂੰ ਲੈ ਕੇ ਸਦਾ ਚਿੰਤਾ ਸਤਾਉਂਦੀ ਹੈ। ਮਾਤ-ਪਿਤਾ ਨੂੰ ਆਪਣੇ ਹੀ ਧੀਆਂ-ਪੁੱਤਰਾਂ ਉੱਪਰ ਭਰੋਸਾ ਨਹੀਂ ਹੈ ਅਤੇ ਧੀਆਂ-ਪੁੱਤਰਾਂ ਦੇ ਨਾਲ ਸੰਬੰਧ ਵਿਗੜਣ ਦਾ ਭਉ ਹੈ। ਬੁੜ੍ਹਾਪੇ ਵਿੱਚ ਧੀਆਂ ਪੁੱਤਰ ਖਿਆਲ ਰੱਖਣਗੇ ਕਿ ਨਹੀਂ, ਇਸ ਦਾ ਭਉ ਮਨੁੱਖ ਦਾ ਜੀਵਨ ਦੁੱਖੀ ਬਣਾ ਦਿੰਦਾ ਹੈ। ਪੁੱਤਰ ਦਾ ਵਿਆਹ ਹੋਣ ਤੋਂ ਬਾਅਦ ਮਾਤ-ਪਿਤਾ ਨੂੰ ਇਹ ਭਉ ਸਤਾਉਂਦਾ ਹੈ ਕਿ ਕਿਤੇ ਪੁੱਤਰ ਦੀ ਘਰ ਵਾਲੀ ਉਸ ਨੂੰ ਮਾਤ-ਪਿਤਾ ਤੋਂ ਦੂਰ ਨਾ ਕਰ ਦੇਵੇ। ਧੀ ਦੇ ਵਿਆਹ ਤੋਂ ਬਾਅਦ ਉਸ ਦੇ ਪਤੀ ਦੀ ਚਿੰਤਾ ਅਤੇ ਪਤੀ ਨਾਲ ਧੀ ਦੇ ਸੰਬੰਧ ਵਿਗੜਣ ਦਾ ਭਉ, ਧੀ ਦੇ ਭਵਿੱਖ ਨੂੰ ਲੈ ਕੇ ਚਿੰਤਾ ਕਦੇ ਪਿੱਛਾ ਨਹੀਂ ਛੱਡਦੀ। ਧੀਆਂ-ਪੁੱਤਰਾਂ ਦੇ ਵਿਆਹ ਤੋਂ ਬਾਅਦ ਪੋਤੇ-ਪੋਤੀਆਂ ਦੋਹਤੇ-ਦੋਹਤੀਆਂ ਦੀ ਚਿੰਤਾ ਆ ਕੇ ਘੇਰ ਲੈਂਦੀ ਹੈ। ਪੋਤੇ-ਪੋਤੀਆਂ ਦੋਹਤੇ-ਦੋਹਤੀਆਂ ਦੀ ਪੜ੍ਹਾਈ ਲਿਖਾਈ ਅਤੇ ਉਨ੍ਹਾਂ ਦੇ ਭਵਿੱਖ ਦੀ ਚਿੰਤਾ ਮਨੁੱਖ ਨੂੰ ਘੇਰੇ ਰੱਖਦੀ ਹੈ। ਪੁੱਤਰਾਂ ਅਤੇ ਧੀਆਂ ਨੂੰ ਆਪਣੇ ਹੀ ਮਾਤ-ਪਿਤਾ ਉੱਪਰ ਭਰੋਸਾ ਨਹੀਂ ਹੁੰਦਾ ਹੈ। ਪੁੱਤਰਾਂ ਅਤੇ ਧੀਆਂ ਨੂੰ ਕਿਸੇ ਕਾਰਨ ਵੱਸ ਆਪਣੇ ਹੀ ਮਾਤ-ਪਿਤਾ ਨਾਲ ਸੰਬੰਧ ਵਿਗੜਣ ਦਾ ਭਉ ਖਾਈ ਜਾਂਦਾ ਹੈ। ਇਸੇ ਤਰ੍ਹਾਂ ਨਾਲ ਭਰਾਵਾਂ ਅਤੇ ਭੈਣਾਂ ਵਿੱਚ ਭਰੋਸੇ ਦੀ ਕਮੀ ਨਾਲ ਆਪਸੀ ਤਨਾਅ ਦਾ ਬਣੇ ਰਹਿਣਾ ਅਤੇ ਇਸ ਭਉ ਵਿੱਚ ਰਹਿਣਾ ਕਿ ਮੇਰੇ ਭੈਣਾਂ-ਭਰਾਵਾਂ ਨਾਲ ਸੰਬੰਧ ਵਿਗੜ ਨਾ ਜਾਣ।

ਕੇਵਲ ਇਤਨਾ ਹੀ ਨਹੀਂ ਮਨੁੱਖ ਨੂੰ ਆਪਣੇ ਕਾਰੋਬਾਰ ਦੀ ਚਿੰਤਾ ਦਿਨ-ਰਾਤ ਸਤਾਉਂਦੀ ਹੈ। ਕਾਰੋਬਾਰ ਵਿੱਚ ਘਾਟੇ ਦਾ ਭਉ, ਨੌਕਰੀ ਅਤੇ ਤਰੱਕੀ ਦੀ ਚਿੰਤਾ, ਧਨ-ਸੰਪਦਾ ਦੇ ਘੱਟ ਜਾਣ ਦਾ ਭਉ, ਦੁਨਿਆਵੀ ਚੀਜ਼ਾਂ ਅਤੇ ਜਾਇਦਾਦਾਂ ਦੇ ਖੋਹੇ ਜਾਣ ਦਾ ਭਉ, ਧਨ ਦੀ ਕਮੀ ਕਾਰਨ ਮਨੁੱਖ ਦਾ ਬੁਢੇਪੇ ਵਿੱਚ ਕੀ ਬਣੂਗਾ ਇਸ ਦੀ ਚਿੰਤਾ ਅਤੇ ਭਉ ਆਦਿ ਮਨੁੱਖ ਦਾ ਜੀਵਨ ਚਿੰਤਾ ਅਤੇ ਭਉ ਨਾਲ ਭਰਪੂਰ ਕਰ ਕੇ ਰੱਖਦੇ ਹਨ। ਇਸ ਤਰ੍ਹਾਂ ਦਿਨ-ਰਾਤ ਮਨੁੱਖ ਦੀ ਸਾਰੀ ਚਿੰਤਾ ਅਤੇ ਭਉ ਦਾ ਕਾਰਨ ਕੇਵਲ ਮੋਹ ਚੰਡਾਲ ਹੀ ਹੈ। ਮਨੁੱਖ ਨੂੰ ਸਦਾ ਚਿੰਤਾ ਅਤੇ ਭਉ ਵਿੱਚ ਰੱਖਣਾ ਹੀ ਮੋਹ ਚੰਡਾਲ ਦਾ ਸੁਭਾਉ ਹੈ। ਸੰਸਾਰਿਕ ਸੰਬੰਧਾਂ ਅਤੇ ਵਸਤੂਆਂ ਨਾਲ ਸਾਰਾ ਲੱਗਾਵ ਹੀ ਮੋਹ ਚੰਡਾਲ ਦਾ ਕਿੱਤਾ ਹੈ। ਮਨੁੱਖ ਦਾ ਸਭ ਕੁਝ ਜੋ ਬਿਨਸ ਜਾਣਾ ਹੈ, ਜੋ ਸਦੀਵੀ ਨਹੀਂ ਹੈ ਉਸ ਦੀ ਚਿੰਤਾ ਅਤੇ ਖੋਹੇ ਜਾਣ ਦਾ ਭਉ (ਮੋਹ ਚੰਡਾਲ ਦੇ ਕਾਰਣ) ਮਨੁੱਖ ਦੇ ਜੀਵਨ ਨੂੰ ਨਰਕ ਬਣਾ ਦਿੰਦਾ ਹੈ। ਇਸੇ ਚਿੰਤਾ ਅਤੇ ਭਉ

ਵਿੱਚ ਮਨੁੱਖ ਦਾ ਜੀਵਨ ਨਸ਼ਟ ਹੋ ਜਾਂਦਾ ਹੈ ਅਤੇ ਅੰਤ ਸਮੇਂ ਤੱਕ ਮਨੁੱਖ ਨੂੰ ਇਹ ਸੋਝੀ ਨਹੀਂ ਪੈਂਦੀ ਕਿ ਮੋਹ ਚੰਡਾਲ ਦੇ ਕਾਰਨ ਉਸ ਦਾ ਜਨਮ ਗਵਾਇਆ ਗਿਆ ਹੈ।

ਮੋਹ ਚੰਡਾਲ ਕੇਵਲ ਜਿਉਂਦੇ ਹੀ ਨਹੀਂ ਪਰੰਤੂ ਮਨੁੱਖ ਦਾ ਮੌਤ ਤੋਂ ਬਾਅਦ ਵੀ ਪਿੱਛਾ ਨਹੀਂ ਛੱਡਦਾ ਹੈ। ਮਨੁੱਖ ਦੇ ਅੰਤ ਸਮੇਂ ਮੋਹ ਚੰਡਾਲ ਦੇ ਅਧੀਨ ਜੋ ਮਨ ਦੀ ਦਸ਼ਾ ਹੁੰਦੀ ਹੈ ਉਸ ਦਾ ਮਨੁੱਖ ਦੇ ਅਗਲੇ ਜਨਮ ਉੱਪਰ ਬਹੁਤ ਗਹਿਰਾ ਵਿਨਾਸ਼ਕਾਰੀ ਪ੍ਰਭਾਵ ਪੈਂਦਾ ਹੈ। ਜਿਸ ਮਨੁੱਖ ਨੂੰ ਅੰਤ ਸਮੇਂ ਧਨ-ਸੰਪਦਾ ਦੀ ਚਿੰਤਾ ਹੁੰਦੀ ਹੈ ਉਸ ਨੂੰ ਅਗਲਾ ਜਨਮ ਸਰਪ ਜੂਨ ਵਿੱਚ ਜਾਣਾ ਪੈਂਦਾ ਹੈ। ਜਿਸ ਮਨੁੱਖ ਨੂੰ ਅੰਤ ਸਮੇਂ ਇਸਤਰੀ ਨਾਲ ਕਾਮ ਦੀ ਚਿੰਤਾ ਹੁੰਦੀ ਹੈ ਉਸ ਨੂੰ ਅਗਲੇ ਜਨਮ ਵਿੱਚ ਵੇਸਵਾ ਦੀ ਜੂਨ ਵਿੱਚ ਜਾਣਾ ਪੈਂਦਾ ਹੈ। ਜਿਸ ਮਨੁੱਖ ਨੂੰ ਅੰਤ ਸਮੇਂ ਆਪਣੇ ਧੀਆਂ-ਪੁੱਤਰਾਂ ਦੀ ਚਿੰਤਾ ਹੁੰਦੀ ਹੈ ਉਸ ਨੂੰ ਸੂਰ ਦੀ ਜੂਨ ਪ੍ਰਾਪਤ ਹੁੰਦੀ ਹੈ। ਜਿਸ ਮਨੁੱਖ ਨੂੰ ਅੰਤ ਸਮੇਂ ਆਪਣੀ ਜਾਇਦਾਦ ਦੀ ਚਿੰਤਾ ਹੁੰਦੀ ਹੈ ਉਸ ਨੂੰ ਸਭ ਤੋਂ ਵਿਨਾਸ਼ਕਾਰੀ ਅਤੇ ਭਿਅੰਕਰ ਸਜ਼ਾ ਲੱਗਦੀ ਹੈ, ਐਸੇ ਮਨੁੱਖ ਨੂੰ ਪ੍ਰੇਤ ਦੀ ਜੂਨ ਵਿੱਚ ਜਾਣਾ ਪੈਂਦਾ ਹੈ। ਪ੍ਰੇਤ ਦੀ ਜੂਨ ਸਾਰੀਆਂ ਜੂਨੀਆਂ ਵਿੱਚੋਂ ਸਭ ਤੋਂ ਵੱਧ ਕਸ਼ਟਦਾਈ ਜੂਨ ਹੈ ਅਤੇ ਬਹੁਤ ਲੰਬੇ ਸਮੇਂ (ਹਜ਼ਾਰਾਂ ਸਾਲਾਂ ਲਈ) ਲਈ ਲੱਗਦੀ ਹੈ। ਪ੍ਰੇਤ ਜੂਨ ਵਿੱਚ ਮਨੁੱਖ ਨੂੰ ਬੇਅੰਤ ਭਿਅੰਕਰ ਸਜ਼ਾਵਾਂ ਭੁਗਤਣੀਆਂ ਪੈਂਦੀਆਂ ਹਨ। ਪ੍ਰੇਤ ਜੂਨ ਵਿੱਚ ਮਨੁੱਖ ਨੂੰ ਐਸੀਆਂ ਸਜ਼ਾਵਾਂ ਲੱਗਦੀਆਂ ਹਨ ਜੋ ਕਿ ਮਨੁੱਖ ਦੀ ਕਲਪਨਾ ਤੋਂ ਬਹੁਤ ਪਰੇ ਹਨ। ਪ੍ਰੇਤ ਜੂਨ ਵਿੱਚ ਵਿਚਰ ਰਹੇ ਪ੍ਰੇਤਾਂ ਦੀ ਕਥਾ ਇੱਕ ਬੇਅੰਤ ਦਰਦਨਾਕ ਅਤੇ ਵਿਨਾਸ਼ਕਾਰੀ ਹੁੰਦੀ ਹੈ। ਭੋਜਨ ਦੇ ਨਾ ਤੇ ਮਰੇ ਹੋਏ ਜਾਨਵਰਾਂ ਦੇ ਹੱਡ, ਮਨੁੱਖਾਂ ਅਤੇ ਜਾਨਵਰਾਂ ਦਾ ਮਲ, ਸੜ੍ਹੇ ਹੋਏ ਮੁਰਦਿਆਂ ਦੀ ਸੁਆਹ ਆਦਿ ਨੂੰ ਖਾਣਾ ਪੈਂਦਾ ਹੈ। ਰਹਿਣ ਨੂੰ ਦਰਖਤਾਂ ਤੇ ਲਟਕੇ ਰਹਿਣਾ, ਕਬਰਿਸਤਾਨਾਂ ਵਿੱਚ ਰਹਿਣਾ ਅਤੇ ਹੋਰ ਐਸੇ ਸਥਾਨਾਂ ਵਿੱਚ ਵਾਸ ਕਰਨਾ ਜਿਵੇਂ ਬਹੁਤ ਪੁਰਾਣੇ ਸੁੰਨਸਾਨ ਖੰਡਹਰ, ਪੁਰਾਣੇ ਮੁਰਦਾ ਘਾਟ ਅਤੇ ਸੁੰਨਸਾਨ ਬੀਆਬਾਨ ਜੰਗਲ। ਪ੍ਰੇਤ ਜੂਨ ਵਿੱਚ ਵਿਚਰ ਰਹੇ ਸਜ਼ਾ ਯਾਫਤਾ ਰੂਹਾਂ ਨੂੰ ਕਿਸੇ ਸਤਿ ਸੰਗਤ ਵਿੱਚ ਜਾਣ ਦੀ ਇਜ਼ਾਜ਼ਤ ਨਹੀਂ ਹੁੰਦੀ। ਉਨ੍ਹਾਂ ਨੂੰ ਇਹ ਸ਼ਰਾਪ ਹੁੰਦਾ ਹੈ ਕਿ ਜੇਕਰ ਉਹ ਭੁੱਲ ਕੇ ਕਿਸੇ ਸੰਤ ਦੀ ਸੰਗਤ ਲਾਗੇ ਚਲੇ ਜਾਣ ਤਾਂ ਉਨ੍ਹਾਂ ਨੂੰ ਅੱਗ ਲੱਗ ਜਾਂਦੀ ਹੈ। ਪ੍ਰੇਤਾਂ ਕੋਲੋਂ ਸੰਤ ਮਹਾਂਪੁਰਖਾਂ ਦਾ ਪ੍ਰਕਾਸ਼ ਸਹਾਰਿਆ ਨਹੀਂ ਜਾਂਦਾ ਹੈ। ਐਸੇ ਭੂਤਾਂ ਪ੍ਰੇਤਾਂ ਦੀ ਸੰਖਿਆ ਕ੍ਰੋੜਾਂ ਵਿੱਚ ਹੈ ਅਤੇ ਉਹ ਸਾਰੀ ਦੁਨੀਆਂ ਵਿੱਚ ਕੂੜ ਵਰਤਾਉਂਦੇ ਹਨ। ਜਿਹੜੇ ਇਲਾਕਿਆਂ ਵਿੱਚ ਪ੍ਰੇਤਾਂ ਦਾ ਵਾਸ ਹੁੰਦਾ ਹੈ ਜਾਂ ਜਿਥੇ ਉਨ੍ਹਾਂ ਨੇ ਮਨੁੱਖ ਜੂਨ ਵਿੱਚ ਵਾਸ ਕੀਤਾ ਹੋਏ ਉਨ੍ਹਾਂ ਸਥਾਨਾਂ ਨੂੰ ਆਪਣੇ ਵਿਨਾਸ਼ਕਾਰੀ ਕਰਮਾਂ ਦਾ ਸ਼ਿਕਾਰ ਬਣਾਉਂਦੇ ਹਨ। ਉਹ ਇਨ੍ਹਾਂ ਸਥਾਨਾਂ ਉੱਪਰ ਵਿਚਰ ਰਹੇ ਮਨੁੱਖਾਂ ਨੂੰ ਆਪਣੀਆਂ ਵਿਨਾਸ਼ਕਾਰੀ ਸ਼ਕਤੀਆਂ ਦਾ ਸ਼ਿਕਾਰ ਬਣਾ ਕੇ ਉਨ੍ਹਾਂ ਮਨੁੱਖਾਂ ਦਾ ਜੀਵਨ ਨਰਕ ਬਣਾ ਦਿੰਦੇ ਹਨ। ਉਹ ਪਿਛਲੇ ਜਨਮਾਂ ਵਿੱਚ ਜਿਨ੍ਹਾਂ ਪਰਿਵਾਰਾਂ ਵਿੱਚ ਜੰਮੇ ਹੋਣ ਉਨ੍ਹਾਂ ਪਰਿਵਾਰਾਂ ਦੇ ਲੋਕਾਂ ਨੂੰ ਹੀ ਆਪਣਾ ਸ਼ਿਕਾਰ ਬਣਾਉਂਦੇ ਹਨ। ਆਪਣੇ ਹੀ ਭੈਣਾਂ-ਭਰਾਵਾਂ ਧੀਆਂ-ਪੁੱਤਰਾਂ ਪੋਤੇ-ਪੋਤੀਆਂ ਦੇ ਪ੍ਰਾਣ ਤੱਕ ਲੈ ਲੈਂਦੇ ਹਨ। ਆਪਣੇ ਹੀ ਪਿਛਲੇ ਪਰਿਵਾਰਾਂ ਵਿੱਚ ਕਲੇਸ਼ ਵਰਤਾ ਕੇ ਉਨ੍ਹਾਂ ਦਾ ਜੀਵਨ ਨਰਕ ਬਣਾ ਦਿੰਦੇ ਹਨ। ਐਸਾ ਭਿਆਨਕ ਅੰਜਾਮ ਹੁੰਦਾ ਹੈ ਉਨ੍ਹਾਂ ਮਨੁੱਖਾਂ ਦਾ ਜੋ ਮੋਹ ਦੇ ਇਸ ਚੰਡਾਲ ਵਿੱਚ ਫਸੇ ਹੋਏ ਮੌਤ ਨੂੰ ਪ੍ਰਾਪਤ ਹੋ ਜਾਂਦੇ ਹਨ।

ਧੰਨ ਧੰਨ ਭਗਤ ਤ੍ਰਿਲੋਚਨ ਜੀ ਨੇ ਇਸ ਪਰਮ ਸਤਿ ਨੂੰ ਆਪਣੀ ਬਾਣੀ ਵਿੱਚ ਕਹੇ ਗਏ ਇਸ ਪਰਮ ਸ਼ਕਤੀਸ਼ਾਲੀ ਸਲੋਕ ਵਿੱਚ ਪ੍ਰਗਟ ਕੀਤਾ ਹੈ:

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬੇਸਵਾ ਜੋਨਿ ਵਲਿ ਵਲਿ ਅਉਤਰੈ ॥
ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸੂਕਰ ਜੋਨਿ ਵਲਿ ਵਲਿ ਅਉਤਰੈ ॥
ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥
ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੨੬)

ਅੰਤ ਸਮੇਂ ਜੋ ਮਨੁੱਖ ਸਤਿ ਪਾਰ ਬ੍ਰਹਮ ਪਰਮੇਸ਼ਰ ਦਾ ਨਾਮ ਸਿਮਰਦਾ ਹੈ ਉਸ ਨੂੰ ਪਰਮ ਗਤਿ ਦੀ ਪ੍ਰਾਪਤੀ ਹੁੰਦੀ ਹੈ। ਪਰੰਤੂ ਸਮੱਸਿਆ ਇਹ ਹੈ ਕਿ ਆਮ ਮਨੁੱਖ ਜੋ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀ ਗ਼ੁਲਾਮੀ ਵਿੱਚ ਰੱਤਿਆ ਹੁੰਦਾ ਹੈ ਅਤੇ ਜਿਸ ਮਨੁੱਖ ਦੀ ਤ੍ਰਿਸ਼ਣਾ ਨਹੀਂ ਬੁਝੀ ਹੁੰਦੀ ਹੈ ਉਸ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਚੇਤਾ ਅੰਤ ਸਮੇਂ ਕਿਵੇਂ ਤੇ ਕਿਉਂ ਆਵੇਗਾ ਕਿਉਂਕਿ ਉਸ ਦੀ ਸੁਰਤਿ ਤਾਂ ਦੁਨਿਆਵੀ ਚੀਜ਼ਾਂ ਵਿੱਚ ਖੁੱਭੀ ਹੋਈ ਹੁੰਦੀ ਹੈ। ਇਸ ਲਈ ਕੇਵਲ ਉਹ ਮਨੁੱਖ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਚੇਤੇ ਕਰਦਾ ਹੈ ਜਿਸ ਦੇ ਹਿਰਦੇ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਗਿਆ ਹੋਵੇ। ਜੋ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਭਗਤੀ ਵਿੱਚ ਲੀਨ ਹੋ ਗਿਆ ਹੋਵੇ ਕੇਵਲ ਉਹ ਮਨੁੱਖ ਨੂੰ ਹੀ ਅੰਤ ਸਮੇਂ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਨਾਲ ਉਸ ਦਾ ਸਤਿਨਾਮ ਨਹੀਂ ਵਿਸਰਦਾ ਹੈ ਅਤੇ ਕੇਵਲ ਐਸਾ ਮਨੁੱਖ ਹੀ ਪਰਮ ਗਤਿ ਨੂੰ ਪ੍ਰਾਪਤ ਕਰਦਾ ਹੈ।

ਐਸੀ ਦਰਦਨਾਕ ਹੈ ਕਥਾ ਇਸ ਮਨ ਦੀ ਵਿਨਾਸ਼ਕਾਰੀ ਸ਼ਕਤੀਆਂ ਦੀ ਜੋ ਮਨੁੱਖ ਨੂੰ ਕਿਸੇ ਪਾਸੇ ਕਿਸੇ ਥਾਂ ਦਾ ਨਹੀਂ ਰੱਖ ਕੇ ਛੱਡਦੀਆਂ ਹਨ। ਜਿਸ ਮਨੁੱਖ ਨੂੰ ਮਨ ਅਤੇ ਮਾਇਆ ਦੀ ਇਹ ਕਥਾ ਸਮਝ ਆ ਜਾਂਦੀ ਹੈ ਉਸ ਦੀ ਬਿਰਤੀ ਸਤਿ ਕਰਮਾਂ ਵਿੱਚ ਚਲੀ ਜਾਂਦੀ ਹੈ। ਜਦ ਮਨੁੱਖੀ ਮਨ ਤ੍ਰਿਸ਼ਣਾ ਅਤੇ ਪੰਜ ਚੰਡਾਲਾਂ ਦੀ ਗ਼ੁਲਾਮੀ ਵਿੱਚ ਡੁੱਬਿਆ ਰਹਿੰਦਾ ਹੈ ਤਾਂ ਮਨ ਮਾਇਆ ਬਣ ਜਾਂਦਾ ਹੈ ਅਤੇ ਮਾਇਆ ਦੇ ਇਨ੍ਹਾਂ ਵਿਨਾਸ਼ਕਾਰੀ ਰੂਪਾਂ ਵਿੱਚ ਲੀਨ ਹੋ ਕੇ ਮਨੁੱਖ ਦੇ ਜੀਵਨ ਦਾ ਵਿਨਾਸ਼ ਕਰਦਾ ਹੈ। ਜਦ ਮਨੁੱਖੀ ਮਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਵਿੱਚ ਲੀਨ ਹੋ ਕੇ ਸਤਿ ਦੀ ਕਮਾਈ ਕਰਦਾ ਹੈ ਤਾਂ ਗੁਰਪ੍ਰਸਾਦੀ ਗੁਰਕਿਰਪਾ ਦੀ ਪ੍ਰਾਪਤੀ ਕਰ, ਬੰਦਗੀ ਪੂਰਨ ਕਰ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਸਦਾ-ਸਦਾ ਲਈ ਸਮਾ ਕੇ ਜੋਤ ਰੂਪ ਹੋ ਕੇ ਸਦਾ-ਸਦਾ ਲਈ ਸਤਿ ਚਿੱਤ ਆਨੰਦ ਰੂਪ ਬਣ ਜਾਂਦਾ ਹੈ। ਇਸ ਤਰ੍ਹਾਂ ਨਾਲ ਜੇ ਮਨੁੱਖ ਤ੍ਰਿਸ਼ਣਾ ਅਤੇ ਪੰਚ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੂੰ ਆਪਣਾ ਗੁਰੂ ਬਣਾਉਂਦਾ ਹੈ ਤਾਂ ਮਾਇਆ ਦੇ ਇਨ੍ਹਾਂ ਵਿਨਾਸ਼ਕਾਰੀ ਰੂਪਾਂ ਵਿੱਚ ਉਲਝ ਕੇ ਆਪਣਾ ਜਨਮ ਗੁਆ ਲੈਂਦਾ ਹੈ ਅਤੇ ਜਦ 'ਸਤਿ' ਨੂੰ ਗੁਰੂ ਧਾਰਨ ਕਰਦਾ ਹੈ ਤਾਂ ਸਤਿ ਕਰਮ ਕਰਦੇ-ਕਰਦੇ 'ਸਤਿ' ਗੁਰੂ ਦੀ ਪ੍ਰਾਪਤੀ ਕਰ ਕੇ ਸਤਿ ਰੂਪ ਹੋ ਕੇ ਆਨੰਦ

ਰੂਪ ਹੋ ਕੇ ਸਦਾ-ਸਦਾ ਲਈ ਸਤਿ ਵਿੱਚ ਸਮਾ ਜਾਂਦਾ ਹੈ। ਜਦ ਮਨੁੱਖੀ ਮਨ ਆਪਣੇ ਆਪ ਨੂੰ ਪੰਜ ਤੱਤਾਂ ਤੋਂ ਬਣੀ ਹੋਈ ਆਪਣੀ ਦੇਹੀ ਨੂੰ ਸਭ ਕੁਝ ਸਮਝ ਲੈਂਦਾ ਹੈ ਅਤੇ ਆਪਣੀ ਦੇਹੀ ਦੇ ਵਿੱਚ ਹੀ ਉਲਝ ਕੇ ਰਹਿ ਜਾਂਦਾ ਹੈ ਤਾਂ ਉਹ ਮਨੁੱਖ ਦਾ ਮਨ ਮਾਇਆ ਦੇ ਇਸ ਰੂਪ ਦੀ ਸੇਵਾ ਸੰਭਾਲਤਾ ਵਿੱਚ ਆਪਣਾ ਜਨਮ ਗੁਆ ਦਿੰਦਾ ਹੈ। ਐਸਾ ਮਨੁੱਖ ਫਿਰ ਆਪਣੀ ਦੇਹੀ ਦੀ ਤ੍ਰਿਸ਼ਣਾ ਬੁਝਾਉਣ ਵਾਸਤੇ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਦਾ ਸ਼ਿਕਾਰ ਹੋ ਕੇ ਆਪਣਾ ਜਨਮ ਗੁਆ ਬੈਠਦਾ ਹੈ। ਪਰੰਤੂ ਜੋ ਮਨੁੱਖ ਆਪਣੇ ਮਨ ਨੂੰ ਜਿੱਤ ਲੈਂਦਾ ਹੈ ਭਾਵ ਜੋ ਮਨੁੱਖ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੂੰ ਜਿੱਤ ਲੈਂਦਾ ਹੈ ਅਤੇ ਜਿਸ ਦੀ ਤ੍ਰਿਸ਼ਣਾ ਬੁਝ ਜਾਂਦੀ ਹੈ ਉਹ ਮਨੁੱਖ ਦਾ ਮਨ ਪਰਮ ਜੋਤ ਦਾ ਸਰੂਪ ਬਣ ਜਾਂਦਾ ਹੈ ਅਤੇ ਸਦਾ-ਸਦਾ ਲਈ ਖੇੜੇ ਵਿੱਚ ਚਲਾ ਜਾਂਦਾ ਹੈ। ਐਸੇ ਮਨੁੱਖ ਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ, ਪੂਰਨ ਤੱਤ ਗਿਆਨ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਪਰਮ ਸਤਿ ਤੱਤ ਨੂੰ ਧੰਨ ਧੰਨ ਸੰਤ ਕਬੀਰ ਪਾਤਸ਼ਾਹ ਜੀ ਨੇ ਆਪਣੇ ਇਸ ਪਰਮ ਸਤਿ ਬਚਨਾਂ ਵਿੱਚ ਪ੍ਰਗਟ ਕੀਤਾ ਹੈ।

ਇਹੁ ਮਨੁ ਸ਼ਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ ॥
ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੨)

ਸਤਿ ਕਰਮਾਂ ਦੇ ਇਕੱਤਰ ਹੋਣ ਨਾਲ 'ਸਤਿ' ਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ। 'ਸਤਿ' ਗੁਰੂ ਦੀ ਚਰਨ-ਸ਼ਰਨ ਵਿੱਚ ਤਨ-ਮਨ-ਧਨ ਅਰਪਣ ਕਰਨ ਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨੁੱਖ ਬੰਦਗੀ ਵਿੱਚ ਚਲਾ ਜਾਂਦਾ ਹੈ। ਬੰਦਗੀ ਭਾਵ ਸਤਿਨਾਮ ਸੁਰਤਿ ਵਿੱਚ ਟਿਕ ਜਾਂਦਾ ਹੈ, ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਸਮਾਧੀ ਲੱਗ ਜਾਂਦੀ ਹੈ। ਜਦ ਮਨੁੱਖ ਸਮਾਧੀ ਵਿੱਚ ਬੈਠ ਕੇ ਸਤਿਨਾਮ ਸਿਮਰਨ ਦੇ ਲੰਬੇ ਅਭਿਆਸ ਵਿੱਚ ਜਾਂਦਾ ਹੈ ਤਾਂ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਸੁੰਨ ਸਮਾਧੀ ਦੀ ਪ੍ਰਾਪਤੀ ਹੋ ਜਾਂਦੀ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਸਤਿਨਾਮ ਅਭਿਆਸ ਨਾਲ ਮਨੁੱਖ ਦਾ ਮਨ ਚਿੰਦਿਆ ਜਾਂਦਾ ਹੈ। ਸਤਿਨਾਮ ਰੋਮ-ਰੋਮ ਵਿੱਚ ਚਲਾ ਜਾਂਦਾ ਹੈ। ਸਾਰੀ ਦੇਹੀ ਅੰਮ੍ਰਿਤ ਨਾਲ ਭਰਪੂਰ ਹੋ ਜਾਂਦੀ ਹੈ। ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ। ਤ੍ਰਿਸ਼ਣਾ ਬੁਝ ਜਾਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਚੰਡਾਲਾਂ ਨੂੰ ਜਿੱਤ ਕੇ ਮਨ ਪਰਮ ਜੋਤ ਵਿੱਚ ਪਰਿਵਰਤਿਤ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਨਾਲ ਮਾਇਆ ਨੂੰ ਜਿੱਤ ਕੇ ਚਉਥੇ ਪਦਿ ਵਿੱਚ ਮਨੁੱਖ ਨੂੰ ਅਕਾਲ ਪੁਰਖ ਦੇ ਦਰਸ਼ਨ ਹੋ ਜਾਂਦੇ ਹਨ। ਸਰਗੁਣ ਵਿੱਚ ਨਿਰਗੁਣ ਦੇ ਦਰਸ਼ਨ ਹੋ ਜਾਂਦੇ ਹਨ। ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ।

ਇਸ ਤਰ੍ਹਾਂ ਨਾਲ ਜਦ ਮਨੁੱਖ ਦੀ ਬੰਦਗੀ ਪੂਰਨ ਹੋ ਕੇ ਦਰਗਾਹ ਵਿੱਚ ਪ੍ਰਵਾਨ ਚੜ੍ਹਦੀ ਹੈ ਅਤੇ ਜੀਵਨ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ ਤਾਂ ਮਨੁੱਖ ਮਨ ਉੱਪਰ ਜਿੱਤ ਪ੍ਰਾਪਤ ਕਰ ਕੇ ਸਾਰੇ ਜੱਗ ਉੱਪਰ, ਜੋ ਕਿ ਕੇਵਲ ਮਾਇਆ ਹੈ, ਜਿੱਤ ਪ੍ਰਾਪਤ ਕਰ ਲੈਂਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਮਨ ਜਦ ਪਰਮ ਜੋਤ ਵਿੱਚ ਬਦਲ ਜਾਂਦਾ ਹੈ ਤਾਂ ਮਨੁੱਖ ਦੀ ਆਪਣੀ ਹਸਤੀ ਦਾ ਅੰਤ ਹੋ ਜਾਂਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਇੱਕ ਪੱਲ ਨਹੀਂ ਵਿਸਰਦਾ ਹੈ। ਮਨੁੱਖ ਦੇ ਹਿਰਦੇ ਵਿੱਚ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਪ੍ਰਗਟਿਓ ਜੋਤ ਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ। ਫਿਰ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਹੀ ਦਿੱਸਦਾ ਹੈ

ਸਾਰੀ ਕੁਦਰਤ ਵਿੱਚ ਅਤੇ ਸਾਰੇ ਪ੍ਰਾਣੀਆਂ ਵਿੱਚ। ਇਸੇ ਪਰਮ ਸ਼ਕਤੀਸ਼ਾਲੀ ਅਵਸਥਾ ਦੀ ਪ੍ਰਾਪਤੀ ਲਈ ਧੰਨ ਧੰਨ ਸਤਿਗੁਰੂ ਅਵਤਾਰ ਅਮਰਦਾਸ ਜੀ ਇਸ ਪਰਮ ਸ਼ਕਤੀਸ਼ਾਲੀ ਸਲੋਕ ਵਿੱਚ ਅਰਦਾਸ ਕਰਨ ਦੀ ਜਾਚ ਸਾਰੀ ਲੁਕਾਈ ਦੀ ਝੋਲੀ ਵਿੱਚ ਪਾ ਰਹੇ ਹਨ। ਅਰਦਾਸ ਕਰੋ ਕਿ ਸਾਨੂੰ 'ਸਤਿ' ਗੁਰੂ ਦੀ ਪ੍ਰਾਪਤੀ ਹੋਵੇ ਤਾਂਕਿ ਸਾਡਾ ਮਨ ਪਰਮ ਜੋਤ ਵਿੱਚ ਪਰਿਵਰਤਿਤ ਹੋ ਕੇ ਸਦਾ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਚਰਨਾਂ ਵਿੱਚ ਲੀਨ ਹੋ ਜਾਏ। ਜਦ ਸਾਡੀ ਇਹ ਅਰਦਾਸ ਕਬੂਲ ਹੋ ਜਾਏਗੀ ਅਤੇ 'ਸਤਿ' ਗੁਰੂ ਦੀ ਪ੍ਰਾਪਤੀ ਹੋ ਜਾਏਗੀ ਤਾਂ ਫਿਰ ਜਨਮ-ਮਰਨ ਦੇ ਬੰਧਨਾਂ ਤੋਂ ਮੁਕਤੀ ਮਿਲ ਜਾਏਗੀ ਜੋ ਕਿ ਹਰ ਇੱਕ ਜੂਨ ਵਿੱਚ ਵਿਚਰ ਰਹੇ ਸਾਰੇ ਪ੍ਰਾਣੀਆਂ ਲਈ ਸਭ ਤੋਂ ਵੱਡਾ ਦੁੱਖ ਹੈ। ਜੀਵਨ ਮੁਕਤੀ ਨਾਲ ਹੀ ਮਨੁੱਖ ਦੇ ਸਾਰੇ ਦੁੱਖਾਂ-ਕਲੇਸ਼ਾਂ ਸਮੱਸਿਆਵਾਂ ਦਾ ਅੰਤ ਹੁੰਦਾ ਹੈ। ਮਾਇਆ ਨੂੰ ਜਿੱਤ ਕੇ ਹੀ ਮਾਇਆ ਤੁਹਾਡੀ ਸੇਵਕ ਬਣਦੀ ਹੈ। ਜਦ ਤੱਕ ਮਾਇਆ ਦੀ ਗ਼ੁਲਾਮੀ ਹੈ ਅਤੇ ਕਰਮਾਂ ਦੇ ਬੰਧਨ ਸਥਿਤ ਹਨ ਤਦ ਤੱਕ ਮਨੁੱਖ ਦੇ ਪਿਛਲੇ ਕਰਮਾਂ ਅਨੁਸਾਰ ਜੋ ਭਾਗਾਂ ਵਿੱਚ ਲਿਖਿਆ ਹੈ ਉਹ ਹੀ ਮਿਲਣਾ ਹੈ ਅਤੇ ਹੋਣਾ ਹੈ। ਜਦ ਮਾਇਆ ਨੂੰ ਜਿੱਤ ਲਿਆ ਤਾਂ ਕਰਮਾਂ ਦੇ ਬੰਧਨ ਟੁੱਟ ਜਾਂਦੇ ਹਨ ਅਤੇ ਫਿਰ ਮਨੁੱਖ ਦਾ ਅਸਲੀ ਜਨਮ ਹੁੰਦਾ ਹੈ। ਜਦ ਜੀਵਨ ਮੁਕਤੀ ਦੀ ਪ੍ਰਾਪਤੀ ਹੋ ਜਾਵੇ ਤਾਂ ਮਨੁੱਖ ਦਾ ਅਸਲੀ ਜੀਵਨ ਸ਼ੁਰੂ ਹੁੰਦਾ ਹੈ। ਤ੍ਰਿਸ਼ਣਾ ਅਤੇ ਪੰਜ ਚੰਡਾਲਾਂ ਦੀ ਗ਼ੁਲਾਮੀ ਵਿੱਚ ਸਾਰੇ ਕਲੇਸ਼ ਅਤੇ ਦੁੱਖਾਂ ਦਾ ਕੋਈ ਅੰਤ ਨਹੀਂ ਹੈ ਪਰੰਤੂ ਤ੍ਰਿਸ਼ਣਾ ਬੁਝ ਗਈ ਅਤੇ ਪੰਜ ਚੰਡਾਲ ਜਿੱਤ ਲਏ ਤਾਂ ਫਿਰ ਮਨੁੱਖ ਦੇ ਜੀਵਨ ਵਿੱਚ ਆਨੰਦ ਦਾ ਕੋਈ ਅੰਤ ਨਹੀਂ ਹੁੰਦਾ ਹੈ। ਜਦ ਮਾਇਆ ਮਨੁੱਖ ਦੇ ਚਰਨਾਂ ਵਿੱਚ ਆ ਜਾਂਦੀ ਹੈ ਤਾਂ ਫਿਰ ਸਾਰੇ ਕਾਰਜ ਆਪ ਬਣਦੇ ਹਨ। ਜਦ ਮਾਇਆ ਨੂੰ ਜਿੱਤ ਕੇ ਤ੍ਰੈ ਗੁਣ ਤੋਂ ਪਰੇ ਚਉਥੇ ਪਦਿ ਵਿੱਚ ਅਕਾਲ ਪੁਰਖ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਗਏ ਤਾਂ ਫਿਰ ਸਾਰੇ ਕਾਰਜ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਸੁਆਰਦਾ ਹੈ। ਮਾਇਆ ਨੂੰ ਜਿੱਤਣਾ ਅਤੇ ਜੀਵਨ ਮੁਕਤੀ ਦੀ ਪ੍ਰਾਪਤੀ ਹੀ ਮਨੁੱਖ ਦਾ ਸਭ ਤੋਂ ਵੱਡਾ ਕਾਰਜ ਹੈ ਅਤੇ ਜਦ ਇਹ ਕਾਰਜ ਸਿੱਧ ਹੋ ਜਾਵੇ ਤਾਂ ਬਾਕੀ ਦੇ ਕਾਰਜ ਤਾਂ ਆਪੇ ਹੀ ਸਿੱਧੇ ਹੋ ਜਾਂਦੇ ਹਨ। ਜਦ ਸਰਬ ਕਲਾ ਸਮਰੱਥ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਗਏ ਤਾਂ ਫਿਰ ਪਿੱਛੇ ਕੀ ਰਹਿ ਗਿਆ, ਫਿਰ ਤਾਂ ਸਾਰੇ ਹੀ ਕਾਰਜ ਸਿੱਧ ਹੋ ਗਏ। ਇਸ ਅਵਸਥਾ ਵਿੱਚ ਪਹੁੰਚ ਕੇ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਕਿਸੇ ਪਲ ਕਿਸੇ ਛਿੰਨ ਨਹੀਂ ਵਿਸਰਦਾ ਹੈ। ਮਨੁੱਖ ਦਾ ਰੋਮ-ਰੋਮ ਸਿਮਰਨ ਕਰਦਾ ਹੈ ਅਤੇ ਸਾਰੀ ਦੇਹੀ ਅੰਮ੍ਰਿਤ ਨਾਲ ਭਰਪੂਰ ਅਤੇ ਪ੍ਰਕਾਸ਼ਮਾਨ ਰਹਿੰਦੀ ਹੈ।

■

ਅਨੰਦੁ ਸਾਹਿਬ-ਪਉੜੀ ੩

ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥
ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥
ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥
ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥
ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੭}

ਧੰਨ ਧੰਨ ਸਤਿਗੁਰੂ ਅਵਤਾਰ ਅਮਰਦਾਸ ਜੀ ਬੇਅੰਤ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਬਰਖਾ ਕਰਦੇ ਹੋਏ ਸਾਰੀ ਲੁਕਾਈ ਦੇ ਉਧਾਰ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ ਦੀ ਮਹਿਮਾ ਇਸ ਪਰਮ ਸ਼ਕਤੀਸ਼ਾਲੀ ਸ਼ਬਦ ਵਿੱਚ ਪ੍ਰਗਟ ਕਰ ਰਹੇ ਹਨ। ਅੱਜ ਦੀ ਤਕਰੀਬਨ ਸਾਰੀ ਸੰਗਤ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਦੇ ਨਾਮ ਤੇ ਕੇਵਲ ਆਪਣੀਆਂ ਦੁਨਿਆਵੀ ਮੰਗਾਂ ਲਈ ਬੈਠੀ ਹੈ। ਲੋਕ ਗੁਰਦੁਆਰੇ ਜਾਂਦੇ ਹਨ ਕੇਵਲ ਆਪਣੀਆਂ ਦੁਨਿਆਵੀ ਮੰਗਾਂ ਦੀ ਪ੍ਰਾਪਤੀ ਕਰਨ ਲਈ। ਲੋਕ ਅਰਦਾਸ ਕਰਦੇ ਹਨ ਤਾਂ ਕੇਵਲ ਦੁਨਿਆਵੀ ਕਾਰਜਾਂ ਨੂੰ ਸਿੱਧ ਕਰਨ ਲਈ। ਲੋਕ ਗੁਰਬਾਣੀ ਪੜ੍ਹਦੇ ਹਨ ਤਾਂ ਕੇਵਲ ਆਪਣੇ ਦੁਨਿਆਵੀ ਕਾਰਜਾਂ ਨੂੰ ਸਿੱਧ ਕਰਨ ਲਈ। ਲੋਕ ਤੀਰਥ ਸਥਾਨਾਂ ਦੇ ਦਰਸ਼ਨ ਕਰਨ ਜਾਂਦੇ ਹਨ ਤਾਂ ਆਪਣੀਆਂ ਸੁੱਖਣਾ ਮੰਗਣ ਦੇ ਮੰਤਵ ਨੂੰ ਪੂਰਾ ਕਰਨ ਲਈ। ਲੋਕ ਕਥਾ ਕੀਰਤਨ ਸਰਵਣ ਕਰਦੇ ਹਨ ਤਾਂ ਕੇਵਲ ਆਪਣੀਆਂ ਪਰਿਵਾਰਕ ਜਾਂ ਕਾਰੋਬਾਰੀ ਮੰਗਾਂ ਪੂਰੀਆਂ ਕਰਨ ਲਈ। ਸਾਰੀ ਲੁਕਾਈ ਕੇਵਲ ਆਪਣਾ ਸਵਾਰਥ ਸਿੱਧ ਕਰਨ ਲਈ ਹੀ ਧਰਮ-ਕਰਮ ਕਰਦੇ ਹਨ। ਭਾਵ ਇਹ ਹੈ ਕਿ ਸਾਰੀ ਲੁਕਾਈ ਕੇਵਲ ਮਾਇਆ ਦੇ ਦਲਦਲ ਵਿੱਚ ਧੱਸੀ ਪਈ ਹੈ ਅਤੇ ਕੇਵਲ ਦੁਨਿਆਵੀ ਸੰਬੰਧਾ ਅਤੇ ਪਦਾਰਥਾਂ ਨੂੰ ਹੀ ਆਪਣਾ ਜੀਵਨ ਮੰਨ ਬੈਠੀ ਹੈ। ਸਾਰੀਆਂ ਅਰਦਾਸਾਂ ਕੇਵਲ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਅਤੇ ਕਾਰਜਾਂ ਦੇ ਪੂਰੇ ਕਰਵਾਉਣ ਵਾਸਤੇ ਹੀ ਕੀਤੀਆਂ ਜਾਂਦੀਆਂ ਹਨ। ਮੂਰਖਤਾਈ ਇਹ ਹੈ ਕਿ ਇਸ ਪਰਮ ਸਤਿ ਤੱਤ ਦੇ ਗਿਆਨ ਹੋਣ ਦੇ ਬਾਵਜੂਦ ਕਿ ਕਰਮ ਦੇ ਅਟੱਲ ਦਰਗਾਹੀ ਵਿਧਾਨ ਅਨੁਸਾਰ ਹੀ ਮਨੁੱਖ ਦਾ ਪ੍ਰਾਲਬਧ ਨਿਸ਼ਚਿਤ ਹੁੰਦਾ ਹੈ ਅਤੇ ਆਪਣੇ ਕੀਤੇ ਕਰਮਾਂ ਦੇ ਅਨੁਸਾਰ ਹੀ ਮਨੁੱਖ ਨੂੰ ਸੰਸਾਰਿਕ ਜੀਵਨ ਵਿੱਚ ਦੁਨਿਆਵੀ ਪਦਾਰਥਾਂ, ਸੁੱਖਾਂ ਅਤੇ ਦੁੱਖਾਂ ਦੀ ਪ੍ਰਾਪਤੀ ਹੁੰਦੀ ਹੈ, ਪਰੰਤੂ ਫਿਰ ਵੀ ਸਾਰੀ ਲੁਕਾਈ ਇਨ੍ਹਾਂ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਅਤੇ ਦੁਨਿਆਵੀ ਕਾਰਜਾਂ ਦੀ ਪੂਰਤੀ ਲਈ ਹੀ ਧਰਮ-ਕਰਮ ਅਤੇ ਅਰਦਾਸਾਂ ਕਰਦੀ ਹੈ।

ਨਾਮ ਬੰਦਗੀ ਅਤੇ ਸੇਵਾ ਦੀ ਪ੍ਰਾਪਤੀ ਲਈ ਕੋਈ ਵਿਰਲਾ ਹੀ ਅਰਦਾਸ ਕਰਦਾ ਹੈ। ਰੂਹਾਨੀਅਤ ਦੀ ਪ੍ਰਾਪਤੀ ਲਈ ਅਤੇ ਆਪਣੀ ਆਤਮਿਕ ਤਰੱਕੀ ਲਈ ਕੋਈ ਵਿਰਲਾ ਹੀ ਹੈ ਜੋ ਅਰਦਾਸ ਕਰਦਾ ਹੈ। ਕੋਈ ਵਿਰਲਾ ਹੀ ਹੈ ਜੋ ਗੁਰਪ੍ਰਸਾਦਿ ਦੀ ਪ੍ਰਾਪਤੀ ਲਈ ਘਾਲਣਾ

ਘਾਲਦਾ ਹੈ। ਆਪਣੇ ਲਈ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਲਈ ਅਤੇ ਕਾਰਜਾਂ ਨੂੰ ਸਿੱਧ ਕਰਨ ਲਈ ਕੀਤੀਆਂ ਅਰਦਾਸਾਂ ਵਿੱਚੋਂ ਤਾਂ ਸ਼ਾਇਦ ਹੀ ਕੋਈ ਪੂਰੀ ਹੋ ਜਾਂਦੀ ਹੋਵੇ ਕਿਉਂਕਿ ਐਸੀਆਂ ਅਰਦਾਸਾਂ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਲਈ ਨਾ ਹੀ ਕੋਈ ਪਿਆਰ ਹੁੰਦਾ ਹੈ ਅਤੇ ਨਾ ਹੀ ਕੋਈ ਸ਼ਰਧਾ ਹੁੰਦੀ ਹੈ। ਐਸੀਆਂ ਅਰਦਾਸਾਂ ਵਿੱਚ ਕੇਵਲ ਮਨੁੱਖ ਦਾ ਸਵਾਰਥ ਹੁੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਨਾਲ ਜਿਵੇਂ ਮਨੁੱਖ ਕੋਈ ਦੁਨਿਆਵੀ ਵਪਾਰ ਕਰਨ ਦੀ ਚੇਸ਼ਟਾ ਕਰ ਰਿਹਾ ਹੋਵੇ ਕਿ ਮੈਂ ਧਰਮ-ਕਰਮ (ਪੂਜਾ ਪਾਠ ਆਦਿ) ਕਰ ਰਿਹਾ ਹਾਂ ਇਸ ਲਈ ਤੂੰ ਮੇਰਾ ਇਹ ਕਾਰਜ ਪੂਰਾ ਕਰਦੇ। ਜਾਂ ਮੈਂ ਤੇਰੀ ਬਾਣੀ ਦਾ ਇਤਨਾ ਪਾਠ ਪੜ੍ਹਿਆ ਹੈ ਹੁਣ ਤੂੰ ਮੇਰਾ ਇਹ ਕਾਰਜ ਸੁਆਰਦੇ। ਜਾਂ ਮੈਂ ਗੁਰਦੁਆਰੇ ਵਿੱਚ ਰੋਜ਼ ਆ ਕੇ ਸੇਵਾ ਕੀਤੀ ਹੈ ਹੁਣ ਤੂੰ ਮੇਰੇ ਕਾਰਜ ਸਿੱਧੇ ਕਰਦੇ ਆਦਿ। ਇਹ ਸਭ ਕੇਵਲ ਸੁਆਰਥ ਹੈ ਇਸ ਵਿੱਚ ਕੋਈ ਪ੍ਰੀਤ ਅਤੇ ਸ਼ਰਧਾ ਭਾਵਨਾ ਨਹੀਂ ਹੁੰਦੀ ਹੈ। ਜਿਥੇ ਸਵਾਰਥ ਆ ਜਾਵੇ ਉੱਥੋਂ ਸ਼ਰਧਾ ਅਤੇ ਪ੍ਰੇਮ ਲੁਪਤ ਹੋ ਜਾਂਦਾ ਹੈ। ਜਿਥੇ ਇਨਸਾਨ ਦੀ ਖੁਦਗਰਜ਼ੀ ਹੁੰਦੀ ਹੈ ਉੱਥੇ ਪ੍ਰੀਤ ਅਤੇ ਸ਼ਰਧਾ ਲੁਪਤ ਹੋ ਜਾਂਦੀ ਹੈ। ਜਿਥੇ ਪ੍ਰੀਤ ਅਤੇ ਸ਼ਰਧਾ ਨਹੀਂ ਹੁੰਦੀ ਉੱਥੇ ਭਰੋਸਾ ਵੀ ਨਹੀਂ ਹੁੰਦਾ ਹੈ। ਜਿਥੇ ਸ਼ਰਧਾ, ਪ੍ਰੀਤ ਅਤੇ ਭਰੋਸਾ ਨਹੀਂ ਉੱਥੇ ਬੰਦਗੀ ਨਹੀਂ ਹੁੰਦੀ।

ਕਰਮਾਂ ਦੇ ਬੰਧਨ ਕੇਵਲ ਸਤਿਨਾਮ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਨਾਲ ਹੀ ਟੁੱਟਦੇ ਹਨ। ਸਤਿ ਕਰਮਾਂ ਉੱਪਰ ਆਪਣਾ ਧਿਆਨ ਕੇਂਦਰਿਤ ਕਰਨ ਨਾਲ ਅਤੇ ਸਤਿ ਕਰਮ ਕਰਨ ਨਾਲ ਹੀ ਮਨੁੱਖ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਤੱਕ ਸਤਿਨਾਮ ਦਾ ਗੁਰਪ੍ਰਸਾਦਿ ਹਿਰਦੇ ਵਿੱਚ ਪ੍ਰਕਾਸ਼ਮਾਨ ਨਹੀਂ ਹੁੰਦਾ ਤਦ ਤੱਕ ਮਨੁੱਖ ਦੇ ਕਰਮਾਂ ਦੇ ਬੰਧਨ ਨਹੀਂ ਟੁੱਟਦੇ ਹਨ। ਸਤਿਨਾਮ ਦੀ ਕਮਾਈ ਕਰਨ ਦੇ ਨਾਲ ਹੀ, ਭਾਵ ਸਤਿਨਾਮ ਸਿਮਰਨ ਦੇ ਅਭਿਆਸ ਨਾਲ ਹੀ ਮਨੁੱਖ ਦੇ ਹਿਰਦੇ ਵਿੱਚ ਸਤਿਨਾਮ ਦਾ ਪ੍ਰਕਾਸ਼ ਹੁੰਦਾ ਹੈ ਤਾਂ ਹੀ ਮਨੁੱਖ ਦੇ ਕਰਮਾਂ ਦੇ ਬੰਧਨ ਟੁੱਟਦੇ ਹਨ ਅਤੇ ਮਨੁੱਖ ਦਾ ਭਵਿੱਖ ਸਵਾਂਰਿਆ ਜਾਂਦਾ ਹੈ। ਫਿਰ ਮਨੁੱਖ ਨੂੰ ਕੋਈ ਅਰਦਾਸ ਕਰਨ ਦੀ ਲੋੜ ਨਹੀਂ ਰਹਿੰਦੀ ਹੈ। ਮਨੁੱਖ ਦੇ ਸਾਰੇ ਦੁੱਖਾਂ-ਕਲੇਸ਼ਾਂ ਦਾ ਅੰਤ ਹੋ ਜਾਂਦਾ ਹੈ। ਮਨੁੱਖ ਦੀ ਤ੍ਰਿਸ਼ਣਾ ਬੁਝ ਜਾਂਦੀ ਹੈ ਅਤੇ ਪੰਜ ਚੰਡਾਲ ਵੱਸ ਆ ਜਾਂਦੇ ਹਨ। ਮਨੁੱਖ ਦੇ ਸਾਰੇ ਕਾਰਜ ਸਿੱਧ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਮਨੁੱਖ ਦਾ ਜੀਵਨ ਸਦਾ-ਸਦਾ ਲਈ ਸੁਖੀ ਹੋ ਜਾਂਦਾ ਹੈ। ਇਸ ਲਈ ਜਦ ਵੀ ਕੋਈ ਧਰਮ-ਕਰਮ ਕਰੀਏ ਭਾਵ ਪੂਜਾ, ਪਾਠ, ਸਿਮਰਨ ਆਦਿ ਕਰੀਏ ਤਾਂ ਬਿਨਾਂ ਮੰਗਾਂ ਦੇ ਕਰੀਏ ਤਾਂ ਜੋ ਐਸੇ ਕਰਮ ਸਤਿ ਕਰਮ ਕਰ ਕੇ ਸਾਡੇ ਖਾਤੇ ਵਿੱਚ ਜਮਾਂ ਹੁੰਦੇ ਰਹਿਣ ਜਿਸ ਨਾਲ ਸਾਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੋਵੇਗੀ। ਜਦ ਵੀ ਕੋਈ ਧਰਮ-ਕਰਮ ਕਰੀਏ ਤਾਂ ਨਿਸ਼ਕਾਮ ਭਾਵਨਾ ਨਾਲ ਕਰੀਏ। ਜਦ ਵੀ ਅਰਦਾਸ ਕਰੀਏ ਤਾਂ ਕੇਵਲ ਸਤਿਨਾਮ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਲਈ ਹੀ ਅਰਦਾਸ ਕਰੀਏ। ਐਸੀ ਅਰਦਾਸ ਜਿਸ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਉੱਪਰ ਪੂਰਨ ਭਰੋਸਾ, ਸ਼ਰਧਾ ਅਤੇ ਪ੍ਰੀਤ ਹੋਵੇ ਅਤੇ ਜੋ ਨਿਸ਼ਕਾਮ ਭਾਵਨਾ ਨਾਲ ਕੀਤੀ ਜਾਵੇ ਅਤੇ ਕੇਵਲ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਲਈ ਹੀ ਕੀਤੀ ਜਾਵੇ ਤਾਂ ਉਹ ਦਰਗਾਹ ਵਿੱਚ ਲਾਜ਼ਮੀ ਸੁਣੀ ਜਾਂਦੀ ਹੈ ਅਤੇ ਮਨੁੱਖ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਕਰਵਾਉਣ ਵਿੱਚ ਬਹੁਤ ਸਹਾਇਕ ਸਿੱਧ ਹੁੰਦੀ ਹੈ। ਦੁਨਿਆਵੀ ਕਾਮਨਾਵਾਂ ਦੇ ਪੂਰਨ ਹੋਣ ਲਈ ਕੀਤੀ ਗਈ ਅਰਦਾਸ ਸ਼ਾਇਦ ਹੀ ਕਦੇ ਪੂਰੀ ਹੋਵੇ ਪਰੰਤੂ ਨਿਸ਼ਕਾਮ ਭਾਵਨਾ ਨਾਲ, ਪੂਰਨ ਭਰੋਸੇ, ਸ਼ਰਧਾ ਅਤੇ ਪ੍ਰੀਤ ਨਾਲ ਗੁਰਪ੍ਰਸਾਦਿ ਦੀ ਪ੍ਰਾਪਤੀ ਲਈ ਕੀਤੀ ਗਈ ਅਰਦਾਸ ਜ਼ਰੂਰ ਪੂਰੀ ਹੁੰਦੀ ਹੈ।

ਸਤਿ ਪਾਰਬ੍ਰਹਮ ਪਰਮੇਸ਼ਰ ਦੇ ਭੰਡਾਰੇ ਬੇਅੰਤ ਹਨ। ਸਤਿ ਪਾਰਬ੍ਰਹਮ ਪਰਮੇਸ਼ਰ ਦਾਤਾ ਕਰਤਾ ਆਪ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਘਰ ਵਿੱਚ ਸਾਰੀਆਂ ਦਾਤਾਂ ਹਨ ਅਤੇ ਆਪਣੇ-ਆਪਣੇ ਕਰਮਾਂ ਅਨੁਸਾਰ ਕਮਾਈਆਂ ਗਈਆਂ ਦਾਤਾਂ ਸਾਰੀ ਸ੍ਰਿਸ਼ਟੀ ਦੇ ਜੀਵਾਂ ਦੇ ਭਾਗਾਂ ਵਿੱਚ ਵਰਤਦੀਆਂ ਹਨ। ਪਰੰਤੂ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕੇਵਲ ਉਨ੍ਹਾਂ ਮਨੁੱਖਾਂ ਨੂੰ ਹੀ ਹੁੰਦੀ ਹੈ ਜਿਨ੍ਹਾਂ ਮਨੁੱਖਾਂ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਵਰਤਦੀ ਹੈ। ਬਿਨਾਂ ਮੰਗਾਂ ਦੇ ਕੀਤੇ ਗਏ ਧਰਮ-ਕਰਮ, ਦਇਆ, ਧਰਮ, ਸੰਤੋਖ, ਸੰਜਮ, ਪੂਜਾ, ਪਾਠ ਅਤੇ ਸੰਤ ਮਹਾਂਪੁਰਖਾਂ ਦੀ ਸੇਵਾ ਆਦਿ ਦੇ ਕਰਨ ਨਾਲ ਅਤੇ ਹੋਰ ਸਤਿ ਕਰਮਾਂ ਦੇ ਇਕੱਤਰ ਹੋਣ ਨਾਲ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਮਨੁੱਖ ਉੱਪਰ ਤੁਠੱਦਾ ਹੈ ਅਤੇ ਉਸ ਨੂੰ ਆਪਣੀ ਚਰਨ-ਸ਼ਰਨ ਵਿੱਚ ਲੈ ਕੇ ਗੁਰਪ੍ਰਸਾਦਿ ਦੀ ਬਖ਼ਸ਼ੀਸ਼ ਕਰਦਾ ਹੈ ਅਤੇ ਇਸ ਗੁਰਪ੍ਰਸਾਦਿ ਨਾਲ ਹੀ 'ਸਤਿ' ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਗੁਰਪ੍ਰਸਾਦਿ ਤੋਂ ਭਾਵ ਹੈ ਜਦ ਮਨੁੱਖ ਦੇ ਭਾਗ ਪੂਰੇ ਹੋ ਕੇ ਜਾਗਰਿਤ ਹੁੰਦੇ ਹਨ ਤਾਂ ਉਸ ਨੂੰ ਪੂਰਨ ਸੰਤ ਦੀ ਸੰਗਤ ਵਿੱਚ ਲੈ ਕੇ ਜਾਂਦਾ ਹੈ ਜਿਥੇ ਮਨੁੱਖ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਬਿਨਾਂ ਮੰਗਾਂ ਦੇ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਧਿਆਨ ਨਾਲ, ਭਾਵ ਸਤਿ ਕਰਮ ਇਕੱਤਰ ਕਰਨ ਨਾਲ ਹੀ ਮਨੁੱਖ ਦੀ ਅਰਦਾਸ ਵਿੱਚ ਭਰੋਸਾ, ਸ਼ਰਧਾ ਅਤੇ ਪ੍ਰੀਤ ਦਾ ਸੰਚਾਰ ਹੁੰਦਾ ਹੈ ਅਤੇ ਮਨੁੱਖ ਦੀ ਅਰਦਾਸ ਦਰਗਾਹ ਵਿੱਚ ਪ੍ਰਵਾਨ ਹੁੰਦੀ ਹੈ ਜਿਸ ਨਾਲ ਉਸ ਨੂੰ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਸਤਿ ਪਾਰਬ੍ਰਹਮ ਦੇ ਦਰ ਤੋਂ ਜੇ ਕੁਝ ਮੰਗਣਾ ਹੈ ਤਾਂ ਸਤਿਨਾਮ ਦੀ ਦਾਤ ਮੰਗੋ, ਸਤਿਨਾਮ ਸਿਮਰਨ ਦੀ ਦਾਤ ਮੰਗੋ, ਸਤਿਨਾਮ ਦੀ ਕਮਾਈ ਮੰਗੋ, ਪੂਰਨ ਬੰਦਗੀ ਅਤੇ ਸੇਵਾ ਮੰਗੋ ਜਿਸ ਦਾਤ ਨਾਲ ਤੁਹਾਨੂੰ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਅਤੇ ਜੀਵਨ ਮੁਕਤੀ ਮਿਲੇਗੀ।

ਸਤਿਨਾਮ ਦੀ ਦਾਤ ਸਰਵ ਉੱਚ ਅਨਾਦਿ ਦਾਤ ਹੈ ਜਿਹੜਾ ਕੋਈ ਵੀ ਮਨੁੱਖ ਗੁਰਪ੍ਰਸਾਦਿ ਨਾਲ ਪ੍ਰਾਪਤ ਕਰ ਸਕਦਾ ਹੈ:

ਜੇਵਡੁ ਆਪਿ ਤੇਵਡ ਤੇਰੀ ਦਾਤਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯)

ਸਤਿਨਾਮ ਸਿਮਰਨ ਕਰਨ ਨਾਲ ਅਸੀਂ ਇਸ ਸਰਵ ਉੱਚ ਦਾਤ ਦਾ ਬੋਧ ਕਰ ਸਕਦੇ ਹਾਂ। ਇਸ ਪਰਮ ਸ਼ਕਤੀਸ਼ਾਲੀ ਦਾਤ ਵਿੱਚ ਆਪ ਅਕਾਲ ਪੁਰਖ; ਉਸ ਦੇ ਸਾਰੇ ਦਰਗਾਹੀ ਖ਼ਜ਼ਾਨੇ ਅਤੇ ਉਸ ਦੀਆਂ ਸਾਰੀਆਂ ਰੂਹਾਨੀ ਅਤੇ ਬ੍ਰਹਮ ਸ਼ਕਤੀਆਂ ਸਮਾਈਆਂ ਹੋਈਆਂ ਹਨ। ਇਸ ਲਈ ਇਸ ਨਾਲੋਂ ਕੋਈ ਘੱਟ ਦਾਤ ਦੀ ਮੰਗ ਜਾਂ ਸਮਝੌਤਾ ਕਿਉਂ ਕਰਨਾ ਚਾਹੀਦਾ ਹੈ ? ਅਸੀਂ ਆਪਣੇ ਨਿਰੰਤਰ ਸਤਿ ਕਰਮਾਂ ਨਾਲ ਇਹ ਸਰਵ ਉੱਚ ਅਨਾਦਿ ਦਾਤ ਪ੍ਰਾਪਤ ਕਰ ਸਕਦੇ ਹਾਂ। ਸਾਨੂੰ ਦਿਨ ਪ੍ਰਤੀ ਦਿਨ ਸੰਸਾਰਿਕ ਪਦਾਰਥਾਂ ਅਤੇ ਦੁਨਿਆਵੀ ਮੰਗਾਂ ਨੂੰ ਪਾਸੇ ਰੱਖ ਕੇ ਕੇਵਲ ਇਸ ਸਰਵ ਉੱਚ ਅਨਾਦਿ ਦਾਤ 'ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ' ਦੀ ਦਾਤ ਦੀ ਮੰਗ ਹੀ ਕਰਨੀ ਚਾਹੀਦੀ ਹੈ, ਜਿਸ ਦਾਤ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਸਾਰੀਆਂ ਪਰਮ ਸ਼ਕਤੀਆਂ ਅਤੇ ਉਹ ਆਪ ਸਮਾਇਆ ਹੋਇਆ ਹੈ। ਇੱਕ ਵਾਰ ਜਦੋਂ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਸਾਡਾ ਹੋ ਜਾਂਦਾ ਹੈ, ਅਤੇ ਅਸੀਂ ਉਸ ਨੂੰ ਪੂਰੀ ਤਰ੍ਹਾਂ ਨਾਲ ਆਪਣੇ ਆਪ ਅੰਦਰੋਂ ਜਾਣ

ਲੈਂਦੇ ਹਾਂ ਅਤੇ ਉਸ ਦੇ ਬਣ ਜਾਂਦੇ ਹਾਂ, ਉਸ ਵਿੱਚ ਅਭੇਦ ਹੋ ਜਾਂਦੇ ਹਾਂ ਤਦ ਉਸ ਦੀ ਸਾਰੀ ਸੰਪਤੀ ਸਾਡੀ ਬਣ ਜਾਂਦੀ ਹੈ। ਸਤਿਨਾਮ ਦੀ ਮਹਿਮਾ ਬੇਅੰਤ ਹੈ। ਸਤਿਨਾਮ ਸਿਮਰਨ ਦੀ ਮਹਿਮਾ ਬੇਅੰਤ ਹੈ। ਸਤਿਨਾਮ ਦੀ ਕਮਾਈ ਦੀ ਮਹਿਮਾ ਬੇਅੰਤ ਹੈ। ਜੋ ਮਨੁੱਖ ਸਤਿਨਾਮ ਦੀ ਕਮਾਈ ਕਰਦੇ ਹੋਏ ਬੰਦਗੀ ਪੂਰਨ ਕਰ ਲੈਂਦੇ ਹਨ ਉਨ੍ਹਾਂ ਦੀ ਮਹਿਮਾ ਵੀ ਬੇਅੰਤ ਹੋ ਜਾਂਦੀ ਹੈ। ਆਓ ਸਤਿਨਾਮ ਦੀ ਇਸ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਹੋਰ ਡੂੰਘਾਈ ਨਾਲ ਵਿਚਾਰੀਏ ਜਿਸ ਵਿੱਚ ਸਾਨੂੰ ਮਾਨਸਰੋਵਰ ਦੀ ਇੱਕ ਝਲਕ ਦੇ ਦਰਸ਼ਨ ਪ੍ਰਾਪਤ ਹੋਣਗੇ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਵਿੱਚ ਲੀਨ ਹੋਣ ਦੀ ਪ੍ਰੇਰਣਾ ਦੀ ਪ੍ਰਾਪਤੀ ਹੋਏਗੀ।

੧. ਸਤਿਨਾਮ ਦੀ ਮਹਿਮਾ ਬੇਅੰਤ ਹੈ ਅਤੇ ਜਿਸ ਦੇ ਹਿਰਦੇ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ ਉਸ ਦੀ ਮਹਿਮਾ ਵੀ ਬੇਅੰਤ ਹੋ ਜਾਂਦੀ ਹੈ:

ਕਿਨਕਾ ਏਕ ਜਿਸੁ ਜੀਅ ਬਸਾਵੈ ॥ ਤਾਂ ਕੀ ਮਹਿਮਾ ਗਨੀ ਨ ਆਵੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੬੨)

ਸਤਿਨਾਮ ਦੀ ਮਹਿਮਾ ਅਨੰਤ ਹੈ। ਸਤਿਨਾਮ ਦੀ ਮਹਿਮਾ ਆਪ ਅਕਾਲ ਪੁਰਖ ਦੀ ਤਰ੍ਹਾਂ ਅਗੰਮ, ਅਪਾਰ, ਅਨੰਤ ਅਤੇ ਬੇਅੰਤ ਹੈ। ਸਤਿਨਾਮ ਸਾਰੇ ਖੰਡ ਬ੍ਰਹਿਮੰਡਾਂ ਦਾ ਮੂਲ ਆਧਾਰ ਹੈ। ਸਤਿਨਾਮ ਅਕਾਲ ਪੁਰਖ ਦਾ ਆਦਿ ਜੁਗਾਦਿ ਨਾਮ ਹੈ, ਜੋ ਉਸ ਦੁਆਰਾ ਆਪ ਹੀ ਰਚਿਆ ਗਿਆ ਹੈ। ਜੇਕਰ ਕੋਈ ਕਿਣਕਾ ਵੀ ਸਤਿਨਾਮ ਦਾ ਹਿਰਦੇ ਵਿੱਚ ਸਮਾ ਲੈਂਦਾ ਹੈ, ਤਾਂ ਐਸੀ ਰੂਹ ਦੀ ਮਹਿਮਾ ਬਿਆਨ ਕਰਨੀ ਅਸੰਭਵ ਹੋ ਜਾਂਦੀ ਹੈ। ਕਿਉਂਕਿ ਸਤਿ ਤੱਤ ਦਾ ਇਹ ਕਿਣਕਾ ਹੀ ਸਾਰੀ ਸ੍ਰਿਸ਼ਟੀ ਦਾ ਗਰਭ ਹੈ। ਸਤਿ ਤੱਤ ਦਾ ਕਿਣਕਾ ਸੁੰਨ ਵਿੱਚੋਂ ਪ੍ਰਗਟ ਹੋਇਆ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦਾ ਵਾਸ ਸੁੰਨ ਵਿੱਚ ਹੈ। ਇਸ ਲਈ ਜੋ ਮਨੁੱਖ ਸਤਿ ਤੱਤ ਦੀ ਅਰਾਧਣਾ ਕਰਦਾ ਹੈ ਉਹ ਮਨੁੱਖ ਸੁੰਨ ਵਿੱਚ ਚਲਾ ਜਾਂਦਾ ਹੈ ਅਤੇ ਪਰਮ ਤੱਤ ਵਿੱਚ ਸਦਾ-ਸਦਾ ਲਈ ਸਮਾ ਜਾਂਦਾ ਹੈ। ਜੋ ਮਨੁੱਖ ਪਰਮ ਤੱਤ ਵਿੱਚ ਸਦਾ-ਸਦਾ ਲਈ ਸਮਾ ਜਾਂਦਾ ਹੈ; ਐਸੀ ਰੂਹ ਸੰਤ ਹਿਰਦਾ ਬਣ ਜਾਂਦੀ ਹੈ ਅਤੇ ਆਪ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਵਿੱਚ ਸਦਾ-ਸਦਾ ਲਈ ਸਮਾ ਕੇ ਬੇਅੰਤ ਅਨੰਤ ਬਣ ਜਾਂਦੀ ਹੈ। ਐਸੀ ਰੂਹ ਪ੍ਰਗਟਿਓ ਜੋਤ ਪੂਰਨ ਬ੍ਰਹਮ ਗਿਆਨੀ ਅਤੇ ਪੂਰਨ ਸੰਤ, ਪੂਰਨ ਖ਼ਾਲਸਾ ਬਣ ਜਾਂਦੀ ਹੈ। ਸਤਿਨਾਮ ਸਿਮਰਨ ਸਾਡੇ ਲਈ ਸਰਵ ਉੱਚ ਪੱਧਰ ਦੀਆਂ ਖੁਸ਼ੀਆਂ ਲੈ ਕੇ ਆਉਂਦਾ ਹੈ। ਸਾਡੇ ਸਾਰੇ ਦੁੱਖ ਅਲੋਪ ਹੋ ਜਾਂਦੇ ਹਨ ਅਤੇ ਅਸੀਂ ਪੂਰੀ ਤਰ੍ਹਾਂ ਨਾਲ ਖੁਸ਼ੀਆਂ ਅਤੇ ਸਦਾ-ਸਦਾ ਹੀ ਆਨੰਦ ਮਾਣਦੇ ਹਾਂ।

੨. ਸਤਿਨਾਮ ਦੇ ਹਿਰਦੇ ਕਮਲ ਵਿੱਚ ਪ੍ਰਕਾਸ਼ਮਾਨ ਹੋਣ ਨਾਲ ਕਰਮਾਂ ਦੇ ਬੰਧਨ ਕੱਟੇ ਜਾਂਦੇ ਹਨ ਅਤੇ ਜਨਮ ਮਰਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਹੋ ਜਾਂਦੀ ਹੈ:

ਸਭ ਤੋਂ ਉੱਚੇ ਪੱਧਰ ਦਾ ਦੁੱਖ ਜਨਮ-ਮਰਨ ਦੇ ਚੱਕਰ ਵਿੱਚ ਫਸੇ ਰਹਿਣਾ ਹੈ। ਅਸੀਂ ਸਾਰੇ ਇਸ ਚੱਕਰ ਵਿੱਚ ਬਹੁਤ ਲੰਬੇ ਸਮੇਂ ਤੋਂ ਫਸੇ ਪਏ ਹਾਂ। ਅਸੀਂ ਅਣਗਿਣਤ ਵਾਰ ਹੀ ਜਨਮ ਅਤੇ ਮਰਨ ਅਤੇ ੮੪ ਲੱਖ ਜੂਨੀਆਂ ਦੇ ਚੱਕਰ ਵਿੱਚੋਂ ਲੰਘ ਚੁੱਕੇ ਹਾਂ। ਸਤਿਨਾਮ ਸਿਮਰਨ ਵਿੱਚ ਉਹ ਪਰਮ ਸ਼ਕਤੀ ਹੈ ਜਿਹੜੀ ਸਾਨੂੰ ਜਨਮ-ਮਰਨ ਦੇ ਚੱਕਰ ਦੇ ਦੁੱਖ ਵਿੱਚੋਂ

ਕੱਢ ਸਕਦੀ ਹੈ। ਭਾਵ ਅਸੀਂ ਜੀਵਨ ਮੁਕਤੀ ਸਤਿਨਾਮ ਸਿਮਰਨ ਰਾਹੀਂ ਪਾ ਸਕਦੇ ਹਾਂ। ਕੇਵਲ ਸਤਿਨਾਮ ਦਾ ਗੁਰ ਪ੍ਰਸਾਦਿ ਹੀ ਸਾਡੇ ਜਨਮ-ਮਰਨ ਦੇ ਬੰਧਨਾਂ ਨੂੰ ਤੋੜ ਸਕਦਾ ਹੈ। ਕੇਵਲ ਸਤਿਨਾਮ ਦਾ ਗੁਰ ਪ੍ਰਸਾਦਿ ਹੀ ਸਾਨੂੰ ਕਰਮ ਦੇ ਵਿਧਾਨ ਵਿੱਚੋਂ ਕੱਢ ਕੇ ਸਾਡੇ ਸਾਰੇ ਪਿਛਲੇ ਕਰਮਾਂ ਦੇ ਬੰਧਨਾਂ ਨੂੰ ਤੋੜ ਸਕਦਾ ਹੈ। ਸਤਿਨਾਮ ਦਾ ਗੁਰਪ੍ਰਸਾਦਿ ਮਨੁੱਖ ਦੇ ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਪ੍ਰਗਟ ਕਰ ਦਿੰਦਾ ਹੈ ਜਿਸ ਦੇ ਨਾਲ ਮਨੁੱਖ ਦੇ ਸਾਰੇ ਕਰਮਾਂ ਦੇ ਬੰਧਨ ਨਸ਼ਟ ਹੋ ਜਾਂਦੇ ਹਨ ਅਤੇ ਮਨੁੱਖ ਨੂੰ ਜੀਵਨ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ।

੩. ਸਤਿਨਾਮ ਦੇ ਗੁਰਪ੍ਰਸਾਦਿ ਨਾਲ ਮੌਤ ਦਾ ਭਉ ਖ਼ਤਮ ਹੋ ਜਾਂਦਾ ਹੈ:

ਮਨੁੱਖ ਦਾ ਸਭ ਤੋਂ ਵੱਡਾ ਭਉ ਮੌਤ ਦਾ ਭਉ ਹੈ। ਇਹ ਪੂਰਨ ਸਤਿ ਤੱਤ ਤੱਥ ਹੈ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਐਸਾ ਭਉ ਕੇਵਲ ਸਤਿਨਾਮ ਸਿਮਰਨ ਨਾਲ ਹੀ ਖਤਮ ਹੁੰਦਾ ਹੈ। ਅਸਲ ਵਿੱਚ ਜਦੋਂ ਤੁਸੀਂ ਡੂੰਘੇ ਧਿਆਨ - ਸਮਾਧੀ ਅਤੇ ਸੁੰਨ ਸਮਾਧੀ ਵਿੱਚ ਜਾਂਦੇ ਹੋ ਤਾਂ ਤੁਸੀਂ (ਤੁਹਾਡੀ ਰੂਹ) ਸਰੀਰ ਨੂੰ ਛੱਡ ਕੇ ਸਰੀਰ ਤੋਂ ਬਾਹਰ ਜਾਣ ਦਾ ਅਨੁਭਵ ਕਰਦੇ ਹੋ ਅਤੇ ਰੂਹ ਦੀ ਬ੍ਰਹਿਮੰਡ ਦੇ ਹੋਰ ਹਿੱਸਿਆਂ ਦੀ ਯਾਤਰਾ ਦੇ ਅਨੁਭਵ ਪ੍ਰਾਪਤ ਕਰਦੇ ਹੋ। ਐਸੇ ਅਨੁਭਵਾਂ ਦੌਰਾਨ ਅਸਲ ਵਿੱਚ ਰੂਹ ਸਰੀਰ ਨੂੰ ਛੱਡ ਕੇ ਜਾਂਦੀ ਹੈ ਅਤੇ ਰੂਹਾਨੀ ਅਵਸਥਾ ਦੇ ਆਧਾਰ ਤੇ ਬ੍ਰਹਿਮੰਡ ਦੀਆਂ ਵੱਖ-ਵੱਖ ਖੰਡਾਂ ਵਿੱਚੋਂ ਲੰਘਦੀ ਹੈ ਅਤੇ ਉੱਚ ਰੂਹਾਨੀ ਸੰਸਾਰ ਦੇ ਹੋਰ ਖੰਡਾਂ ਦੇ ਦਰਸ਼ਨ ਕਰਦੀ ਹੈ। ਇਹ ਅਨੁਭਵ ਤੁਹਾਨੂੰ ਅਹਿਸਾਸ ਦਿਵਾਉਂਦੇ ਹਨ ਕਿ ਜਦੋਂ ਤੁਸੀਂ ਸ਼ਰੀਰਕ ਤੌਰ ਤੇ ਮਰ ਜਾਵੋਗੇ ਤਦ ਤੁਹਾਡੀ ਰੂਹ ਤੁਹਾਡੀ ਸ਼ਰੀਰਕ ਮੌਤ ਤੋਂ ਬਾਅਦ ਕਿੱਥੇ ਹੋਵੇਗੀ। ਇਸ ਕਰ ਕੇ ਹੀ ਸੰਤ ਅਤੇ ਬ੍ਰਹਮ ਗਿਆਨੀ ਪਹਿਲਾਂ ਹੀ ਜਾਣ ਲੈਂਦੇ ਹਨ ਕਿ ਮੌਤ ਤੋਂ ਬਾਅਦ ਉਨ੍ਹਾਂ ਦੀਆਂ ਰੂਹਾਂ ਨਾਲ ਕੀ ਵਾਪਰੇਗਾ।

੪. ਸਤਿਨਾਮ ਨਾਲ ਮਾਇਆ ਉੱਪਰ ਜਿੱਤ ਪ੍ਰਾਪਤ ਹੁੰਦੀ ਹੈ:

ਸਤਿਨਾਮ ਸਿਮਰਨ ਵਿੱਚ ਉਹ ਪਰਮ ਸ਼ਕਤੀ ਹੈ ਕਿ ਇਹ ਸਾਨੂੰ ਸਾਡੇ ਸਾਰੇ ਦੁਸ਼ਮਨਾਂ ਤੋਂ ਬਚਾਉਂਦੀ ਹੈ। ਮਨੁੱਖ ਦੇ ਸਭ ਤੋਂ ਵੱਡੇ ਸ਼ਤਰੂ ਮਨੁੱਖ ਦੀ ਤ੍ਰਿਸ਼ਣਾ ਅਤੇ ਤ੍ਰਿਸ਼ਣਾ ਨੂੰ ਉਕਸਾਉਣ ਵਾਲੇ ਪੰਜ ਦੂਤ ਹਨ - ਕਾਮ, ਕ੍ਰੋਧ, ਲੋਭ, ਮੋਹ, ਅਤੇ ਅਹੰਕਾਰ। ਮਨੁੱਖ ਦੀ ਤ੍ਰਿਸ਼ਣਾ ਆਪਣੇ ਆਪ ਨੂੰ ਬੁਝਾਉਣ ਲਈ ਇਨ੍ਹਾਂ ਪੰਜ ਚੰਡਾਲਾਂ ਨੂੰ ਜਨਮ ਦਿੰਦੀ ਹੈ। ਇਹ ਪੰਜ ਦੂਤ ਜੋ ਕਿ ਚੰਡਾਲਾਂ ਦੀ ਭੂਮਿਕਾ ਨਿਭਾਉਂਦੇ ਹਨ, ਇਹ ਪੰਜ ਪ੍ਰਾਣ ਘਾਤਕ ਪੰਜ ਡੂੰਘੇ ਮਾਨਸਿਕ ਵਿਨਾਸ਼ਕਾਰੀ ਰੋਗ ਹਨ। ਸਤਿਨਾਮ ਸਿਮਰਨ ਨਾਲ ਮਨੁੱਖ ਦੀ ਤ੍ਰਿਸ਼ਣਾ ਬੁਝ ਜਾਂਦੀ ਹੈ ਅਤੇ ਪੰਜ ਦੂਤ ਵੱਸ ਆ ਜਾਂਦੇ ਹਨ। ਇਸ ਦੇ ਨਾਲ ਹੀ ਸਤਿਨਾਮ ਸਿਮਰਨ ਸਾਨੂੰ ਹੋਰ ਸਾਰੇ ਮਾਨਸਿਕ ਵਿਨਾਸ਼ਕਾਰੀ ਵਿਕਾਰਾਂ: ਨਿੰਦਿਆ, ਚੁਗ਼ਲੀ, ਬਖੀਲੀ, ਰਾਜ, ਜੋਬਨ, ਧਨ, ਮਾਲ, ਰੂਪ, ਰਸ, ਗੰਧ, ਸ਼ਬਦ, ਸਪਰਸ਼ ਤੋਂ ਮੁਕਤ ਕਰਦਾ ਹੈ। ਸਤਿਨਾਮ ਸਾਡੇ ਰੋਗੀ ਮਨ ਨੂੰ ਇਨ੍ਹਾਂ ਸਾਰੇ ਡੂੰਘੇ ਪ੍ਰਾਣ ਘਾਤਕ ਮਾਨਸਿਕ ਰੋਗਾਂ ਤੋਂ ਬਚਾਉਣ ਦਾ ਪਰਮ ਸ਼ਕਤੀਸ਼ਾਲੀ ਨੁਸਖ਼ਾ ਹੈ। ਸਾਡੀ ਰੂਹ ਦੇ ਇਹ ਸਾਰੇ ਦੁਸ਼ਮਨ ਸਾਡੇ ਅਤੇ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਵਿਚਕਾਰ ਅੜਿੱਕਾ ਬਣੇ ਹੋਏ ਹਨ। ਸਤਿਨਾਮ ਸਿਮਰਨ ਇਨ੍ਹਾਂ ਦੁਸ਼ਮਨਾਂ ਨੂੰ ਮਾਰਨ ਲਈ ਸਭ ਤੋਂ ਵੱਡਾ ਅਤੇ ਸ਼ਕਤੀਸ਼ਾਲੀ ਦਰਗਾਹੀ ਅਸਤਰ ਹੈ। ਇਹ ਦੁਸ਼ਮਨ ਸਾਡੇ ਸੱਚਖੰਡ ਦੇ ਰਸਤੇ ਉੱਪਰ ਵੱਡੀ ਰੋਕ ਹਨ ਅਤੇ

ਸਤਿਨਾਮ ਸਿਮਰਨ ਇਨ੍ਹਾਂ ਰੋਕਾਂ ਨੂੰ ਮਿਟਾ ਦਿੰਦਾ ਹੈ। ਸਾਡੇ ਮਨ ਨੂੰ ਚੇਤੰਨ ਅਤੇ ਐਸੇ ਦੁਸ਼ਮਨਾਂ ਦੇ ਪ੍ਰਭਾਵ ਅਧੀਨ ਕਰਮ ਕਰਨ ਤੋਂ ਰੋਕੀ ਰੱਖ ਕੇ ਸਤਿਨਾਮ ਸਿਮਰਨ ਸਾਨੂੰ ਇਨ੍ਹਾਂ ਤੋਂ ਬਚਾਈ ਰੱਖਦਾ ਹੈ। ਸਾਡਾ ਮਨ ਹਰ ਵੇਲੇ ਚੇਤੰਨ ਰਹਿੰਦਾ ਹੈ। ਅਸੀਂ ਦਿਨ ਪ੍ਰਤੀ ਦਿਨ ਦੀਆਂ ਕਿਰਿਆਵਾਂ ਵਿੱਚ ਇਨ੍ਹਾਂ ਵਿਨਾਸ਼ਕਾਰੀ ਦੁਸ਼ਮਨਾਂ ਨੂੰ ਨਜਿੱਠਣ ਦੇ ਯੋਗ ਹੋ ਜਾਂਦੇ ਹਾਂ। ਇਸ ਤਰ੍ਹਾਂ ਉਨ੍ਹਾਂ ਨੂੰ ਹਰ ਵੇਲੇ ਹਰਾ ਕੇ ਜਦ ਵੀ ਉਹ ਸਾਨੂੰ ਧੋਖਾ ਦੇਣ ਦਾ ਯਤਨ ਕਰਦੇ ਹਨ ਅਤੇ ਸਾਡੇ ਕੋਲੋਂ ਅੰਮ੍ਰਿਤ ਚੁਰਾਉਣ ਦਾ ਯਤਨ ਕਰਦੇ ਹਨ; ਅਸੀਂ ਉਨ੍ਹਾਂ ਨੂੰ ਹਰਾ ਦਿੰਦੇ ਹਾਂ। ਇਸ ਤਰ੍ਹਾਂ ਅਸੀਂ ਮਾਇਆ ਉੱਪਰ ਜਿੱਤ ਪ੍ਰਾਪਤ ਕਰ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਾਂ।

੫. ਸਤਿਨਾਮ ਦੇ ਗੁਰਪ੍ਰਸਾਦਿ ਨਾਲ ਮਨ ਉੱਪਰ ਜਿੱਤ ਪ੍ਰਾਪਤ ਹੁੰਦੀ ਹੈ:

ਮਨੁੱਖੀ ਮਨ ਸਾਰੀਆਂ ਪੰਜ ਇੰਦਰੀਆਂ ਨੂੰ ਚਲਾਉਂਦਾ ਹੈ, ਅਤੇ ਮਨੁੱਖੀ ਮਨ ਆਪਣੀ ਸਿਆਣਪ (ਮਨ ਮਤਿ) ਦੁਆਰਾ ਚਲਾਇਆ ਜਾਂਦਾ ਹੈ। ਮਨੁੱਖੀ ਸਿਆਣਪ (ਮਨ ਮਤਿ) ਮਾਇਆ ਦੇ ਤਿੰਨ ਗੁਣਾਂ : ਰਜੋ, ਤਮੋ ਅਤੇ ਸਤੋ ਅਧੀਨ ਚਲਦੀ ਹੈ। ਮਾਇਆ ਉੱਪਰ ਜਿੱਤ ਪਾਉਣ ਨਾਲ ਮਨੁੱਖੀ ਮਨ ਮਾਇਆ ਦੀ ਗ਼ੁਲਾਮੀ ਤੋਂ ਮੁਕਤ ਹੋ ਜਾਂਦਾ ਹੈ। ਭਾਵ ਮਨੁੱਖੀ ਮਨ ਤ੍ਰੈ ਗੁਣ ਮਾਇਆ ਤੋਂ ਪਰੇ ਚਲਾ ਜਾਂਦਾ ਹੈ। ਮਨ ਦਾ ਅਤੇ ਮਨ ਮਤਿ ਦਾ ਅੰਤ ਹੋ ਜਾਂਦਾ ਹੈ ਅਤੇ ਮਨ ਪਰਮ ਜੋਤ ਪੂਰਨ ਪ੍ਰਕਾਸ਼ ਵਿੱਚ ਪਰਿਵਰਤਿਤ ਹੋ ਜਾਂਦਾ ਹੈ। ਮਨੁੱਖ ਦੀਆਂ ਸਾਰੀਆਂ - ਇੰਦਰੀਆਂ, ਮਨ ਮਤਿ ਦੇ ਅੰਤ ਹੋ ਜਾਣ ਨਾਲ, ਪਰਮ ਜੋਤ ਦੇ ਅਧੀਨ ਆ ਜਾਂਦੀਆਂ ਹਨ। ਭਾਵ ਮਨੁੱਖ ਦੀਆਂ ਪੰਜੇ ਇੰਦਰੀਆਂ ਪਰਮ ਜੋਤ ਦੇ ਪੂਰਨ ਹੁਕਮ ਵਿੱਚ ਆ ਜਾਂਦੀਆਂ ਹਨ ਅਤੇ ਪੂਰਨ ਬ੍ਰਹਮ ਗਿਆਨ ਮਨੁੱਖ ਦੀਆਂ ਪੰਜ ਇੰਦਰੀਆਂ ਨੂੰ ਚਲਾਉਂਦਾ ਹੈ। ਮਨੁੱਖ ਦੀਆਂ ਪੰਜ ਇੰਦਰੀਆਂ ਮਇਆ ਦੇ ਅਧੀਨ ਨਹੀਂ ਰਹਿੰਦੀਆਂ। ਮਨੁੱਖ ਦੀਆਂ ਪੰਜ ਇੰਦਰੀਆਂ ਮਾਇਆ ਤੋਂ ਮੁਕਤ ਹੋ ਜਾਂਦੀਆਂ ਹਨ। ਮਨੁੱਖ ਮਨ ਨੂੰ ਜਿੱਤ ਲੈਂਦਾ ਹੈ। ਮਨ ਨੂੰ ਜਿੱਤਣਾ ਹੀ ਮਾਇਆ ਨੂੰ ਜਿੱਤਣਾ ਹੈ। ਮਨ ਨੂੰ ਜਿੱਤਣਾ ਹੀ ਸਾਰੇ ਸੰਸਾਰ ਨੂੰ ਜਿੱਤਣਾ ਹੈ। ਮਨ ਦਾ ਪੂਰਨ ਸ਼ਾਂਤ ਹੋ ਜਾਣਾ ਹੀ ਮਨ ਉੱਪਰ ਜਿੱਤ ਹੈ ਜੋ ਕਿ ਸਤਿਨਾਮ ਦੇ ਗੁਰਪ੍ਰਸਾਦਿ ਨਾਲ ਹੀ ਪ੍ਰਾਪਤ ਹੁੰਦੀ ਹੈ। ਸਤਿਨਾਮ ਸਿਮਰਨ ਨਾਲ ਹੀ ਮਨ ਚਿੰਦਿਆ ਜਾਂਦਾ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੪੧)

੬. ਸਤਿਨਾਮ ਦੇ ਗੁਰਪ੍ਰਸਾਦਿ ਨਾਲ ਸਾਰੇ ਭਰਮ ਅਤੇ ਭੁਲੇਖੇ ਖ਼ਤਮ ਹੋ ਜਾਂਦੇ ਹਨ :

ਇਹ ਪੂਰਨ ਸਤਿ ਹੈ ਕਿ ਕਿਸੇ ਕਿਸਮ ਦੇ ਵੀ ਭਰਮ ਜਿਗਿਆਸੂ ਦੀ ਬੰਦਗੀ ਨੂੰ ਅੱਗੇ ਵਧਣ ਵਿੱਚ ਬਹੁਤ ਵੱਡਾ ਰੋੜਾ ਬਣ ਜਾਂਦੇ ਹਨ। ਭਰਮਾਂ ਦੀ ਵਿਨਾਸ਼ਕਾਰੀ ਸ਼ਕਤੀ ਮਨੁੱਖ ਦੀ ਬੰਦਗੀ ਨੂੰ ਅਗਾਂਹ ਨਹੀਂ ਵਧਣ ਦਿੰਦੀ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਭਰਮਾਂ ਵਿੱਚ ਪੈਣ ਵਾਲੇ ਮਨੁੱਖ ਨੂੰ ਰੂਹਾਨੀਅਤ ਦੀ ਪ੍ਰਾਪਤੀ ਨਹੀਂ ਹੁੰਦੀ ਹੈ।

ਸਾਰੇ ਭਰਮਾਂ ਦਾ ਮੂਲ ਕਾਰਨ ਕੇਵਲ ਮਾਇਆ ਦਾ ਬੁਣਿਆ ਹੋਇਆ ਜਾਲ ਹੈ। ਜੋ

ਹਰ ਇੱਕ ਮਨੁੱਖ ਨੂੰ, ਉਹ ਭਾਵੇਂ ਜਿਗਿਆਸੂ ਹੋਵੇ ਜਾਂ ਇੱਕ ਸਾਧਾਰਨ ਮਨੁੱਖ ਹੋਵੇ, ਭਰਮਾਂ ਵਿੱਚ ਉਲਝਾ ਕੇ ਰੱਖਦਾ ਹੈ। ਮਨੁੱਖੀ ਮਨ ਜੋ ਕਿ ਮਾਇਆ ਦਾ ਗ਼ੁਲਾਮ ਹੈ ਉਹ ਸਦਾ ਇਨ੍ਹਾਂ ਭਰਮਾਂ ਵਿੱਚ ਉਲਝ-ਉਲਝ ਕੇ ਦਮ ਤੋੜ ਦਿੰਦਾ ਹੈ ਅਤੇ ਬਿਨਾਂ ਇਸ ਪਰਮ ਸਤਿ ਤੱਤ ਨੂੰ ਸਮਝੇ ਮਾਇਆ ਦੇ ਇਸ ਵਿਨਾਸ਼ਕਾਰੀ ਜਾਲ ਦੇ ਵਿੱਚ ਫਸ ਕੇ ਆਪਣਾ ਜਨਮ ਗੁਆ ਬੈਠਦਾ ਹੈ ਅਤੇ ਚੁਰਾਸੀ ਦੇ ਗੇੜ ਵਿੱਚ ਸਦਾ-ਸਦਾ ਲਈ ਭਟਕਦਾ ਰਹਿੰਦਾ ਹੈ। ਆਪਣੇ ਰੋਜ਼ਾਨਾ ਜੀਵਨ ਵਿੱਚ ਮਨੁੱਖ ਭਰਮ ਦੇ ਕਾਰਨ ਹੀ ਮਾਇਆ ਦੀ ਗ਼ੁਲਾਮੀ ਵਿੱਚ ਜੀਵਨ ਭਰ ਫੱਸਿਆ ਰਹਿੰਦਾ ਹੈ। ਮਨੁੱਖੀ ਮਨ ਦੀ ਭਟਕਣਾ ਦਾ ਮੂਲ ਕਾਰਨ ਵੀ ਭਰਮ ਹੀ ਹਨ। ਇਸ ਲਈ ਇਹ ਸਮਝਣਾ ਕਿ ਭਰਮ ਕੀ ਹੈ ? ਭਰਮ ਦਾ ਕੀ ਅਰਥ ਹੈ ? ਬੇਅੰਤ ਜ਼ਰੂਰੀ ਹੈ; ਅਤੇ ਇਹ ਸਮਝਣਾ ਬੇਅੰਤ ਸੌਖਾ ਹੈ। ਜੋ ਸਤਿ ਨਹੀਂ ਹੈ ਉਹ ਭਰਮ ਹੈ। ਜੋ ਅਸਤਿ ਹੈ ਉਹ ਭਰਮ ਹੈ। ਜੋ ਝੂਠ ਹੈ ਉਹ ਭਰਮ ਹੈ। ਜੋ ਗੁਰਬਾਣੀ ਦੀ ਕਸੌਟੀ ਉੱਪਰ ਖਰਾ ਨਹੀਂ ਉਤਰਦਾ ਹੈ ਉਹ ਅਸਤਿ ਹੈ ਅਤੇ ਭਰਮ ਹੈ। ਗੁਰਬਾਣੀ ਪੂਰਨ ਸਤਿ ਦੀ ਤੱਕੜੀ ਹੈ। ਇਸ ਲਈ ਜੋ ਤੱਤ ਗੁਰਬਾਣੀ ਦੀ ਪੂਰਨ ਸਤਿ ਤੱਤ ਦੀ ਇਸ ਤੱਕੜੀ ਉੱਪਰ ਤੋਲਿਆ ਖਰਾ ਨਾ ਉਤਰੇ ਉਸ ਤੱਥ ਨੂੰ ਅਸਤਿ ਕਿਹਾ ਜਾਏਗਾ ਅਤੇ ਜੇਕਰ ਐਸੇ ਤੱਥ ਨੂੰ ਜੀਵਨ ਵਿੱਚ ਧਾਰਨ ਕੀਤਾ ਜਾਵੇ ਤਾਂ ਉਹ ਮਨੁੱਖੀ ਮਨ ਨੂੰ ਭਰਮ ਦਾ ਸ਼ਿਕਾਰ ਕਰ ਕੇ ਮਨੁੱਖ ਨੂੰ ਦੁੱਖਾਂ-ਕਲੇਸ਼ਾਂ ਦਾ ਭਾਗੀਦਾਰ ਬਣਾ ਕੇ ਤਬਾਹ ਅਤੇ ਬਰਬਾਦ ਕਰ ਦਿੰਦਾ ਹੈ।

ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੧)

ਗੁਰਬਾਣੀ ਦਾ ਹੁਕਮ ਹੈ ਕਿ ਭਰਮਾਂ ਵਿੱਚ ਪਏ ਹੋਏ ਮਨੁੱਖ ਨੂੰ ਘਣੇ ਦੁੱਖਾਂ-ਕਲੇਸ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਉਂਕਿ ਮਾਇਆ ਦੀ ਗ਼ੁਲਾਮੀ ਵਿੱਚ ਭਰਮਾਂ ਕਾਰਨ ਮਨੁੱਖ ਅਸਤਿ ਕਰਮ ਕਰਦਾ ਹੈ ਜਿਸ ਦੀ ਸਜ਼ਾ ਉਸ ਨੂੰ ਧਰਮਰਾਜ ਦੀ ਕਚਹਿਰੀ ਲਾਉਂਦੀ ਹੈ ਜਿਸ ਕਾਰਨ ਉਸ ਨੂੰ ਜਮਾਂ ਦੀ ਗੁੱਝੀ ਮਾਰ ਪੈਂਦੀ ਹੈ। ਮਾਇਆ ਦੁਆਰਾ ਨਿਰਮਿਤ ਭਰਮਾਂ ਦੇ ਜਾਲ ਵਿੱਚ ਫਸ ਕੇ ਮਨੁੱਖ ਸਾਰੇ ਅਸਤਿ ਕਰਮ ਕਰਦਾ ਹੈ। ਤ੍ਰੈ ਗੁਣ ਮਾਇਆ ਦੀ ਰਜੋ ਅਤੇ ਤਮੋ ਬਿਰਤੀ ਵਿੱਚ ਕੀਤੇ ਗਏ ਸਾਰੇ ਕਰਮ ਅਸਤਿ ਹੁੰਦੇ ਹਨ। ਭਾਵ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਲਈ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਵੱਸ ਕੀਤੇ ਸਾਰੇ ਕਰਮ ਅਸਤਿ ਹੁੰਦੇ ਹਨ। ਕਰਮ ਦੇ ਪਰਮ ਸ਼ਕਤੀਸ਼ਾਲੀ ਦਰਗਾਹੀ ਵਿਧਾਨ ਦੇ ਅਨੁਸਾਰ ਮਨੁੱਖ ਨੂੰ ਇਨ੍ਹਾਂ ਕੂੜ ਕਰਮਾਂ ਦਾ ਲੇਖਾ-ਜੋਖਾ ਦੁੱਖਾਂ ਅਤੇ ਕਲੇਸ਼ਾਂ ਭਰਿਆ ਜੀਵਨ ਪ੍ਰਾਲਬਧ ਦੇ ਰੂਪ ਵਿੱਚ ਨਸੀਬ ਹੁੰਦਾ ਹੈ। ਮਨੁੱਖੀ ਜੀਵਨ ਦੇ ਵਿੱਚ ਵਾਪਰਦੇ ਹੋਏ ਇਹ ਦੁੱਖ ਅਤੇ ਕਲੇਸ਼ ਹੀ ਦਰਗਾਹੀ ਹੁਕਮ ਅਨੁਸਾਰ ਮਨੁੱਖ ਨੂੰ ਗੁੱਝੀ ਮਾਰ ਮਾਰਦੇ ਹਨ।

ਭਰਮੇ ਭੂਲਾ ਤਤੁ ਨ ਜਾਣੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੩-੧੧੪)

ਭਰਮਾਂ ਵਿੱਚ ਭਟਕਦੇ ਹੋਏ ਮਨੁੱਖ ਨੂੰ ਸਤਿ ਤੱਤ ਸਮਝ ਨਹੀਂ ਆਉਂਦਾ ਹੈ। ਨਾ ਹੀ ਭਰਮਾਂ ਵਿੱਚ ਫਸੇ ਹੋਏ ਮਨੁੱਖ ਨੂੰ ਸਤਿ ਤੱਤ ਦੀ ਪ੍ਰਾਪਤੀ ਹੁੰਦੀ ਹੈ। ਇਸ ਦਾ ਮੂਲ ਕਾਰਨ ਇਹ ਹੀ ਹੈ ਕਿ ਭਰਮਾਂ ਵਿੱਚ ਵਿਚਰਦੇ ਹੋਏ ਮਨੁੱਖ ਮਾਇਆ ਦੇ ਜਾਲ ਵਿੱਚ ਫਸੇ ਰਹਿੰਦੇ ਹਨ ਅਤੇ ਉਹ ਮਾਇਆ ਦੇ ਇਸ ਜਾਲ ਨੂੰ ਹੀ ਸਤਿ ਸਮਝ ਕੇ ਅਸਤਿ ਕਰਮ ਕਰਦੇ ਰਹਿੰਦੇ ਹਨ। ਅਸਤਿ ਦੀ ਕਰਨੀ ਕਰਨ ਨਾਲ ਕਦੇ ਵੀ ਸਤਿ ਤੱਤ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਕਿਉਂਕਿ ਸਤਿ ਤੱਤ ਦੀ ਪ੍ਰਾਪਤੀ ਗੁਰਪ੍ਰਸਾਦਿ ਹੈ ਅਤੇ ਗੁਰਪ੍ਰਸਾਦਿ ਦੀ ਪਾਪਤੀ ਕੇਵਲ ਸਤਿ ਦੀ ਕਰਨੀ ਕਰਨ ਵਾਲੇ ਮਨੁੱਖ ਹੀ ਕਰਦੇ ਹਨ। ਸਤਿ ਤੱਤ ਤੋਂ ਭਾਵ ਹੈ ਸਤਿਨਾਮ

ਦਾ ਗੁਰਪ੍ਰਸਾਦਿ, ਸਤਿਨਾਮ ਸਿਮਰਨ ਦਾ ਗੁਰਪ੍ਰਸਾਦਿ, ਸਤਿਨਾਮ ਦੀ ਕਮਾਈ ਦਾ ਗੁਰਪ੍ਰਸਾਦਿ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰਪ੍ਰਸਾਦਿ। ਸਤਿ ਤੱਤ ਤੋਂ ਭਾਵ ਹੈ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਨਿਰਗੁਨ ਸਰੂਪ ਦੇ ਦਰਸ਼ਨ ਅਤੇ ਪੂਰਨ ਬ੍ਰਹਮ ਗਿਆਨ, ਪੂਰਨ ਤੱਤ ਗਿਆਨ ਦੀ ਪ੍ਰਾਪਤੀ, ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ, ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਦੀ ਪ੍ਰਾਪਤੀ।

ਭਰਮੇ ਭੂਲਾ ਦਹ ਦਿਸਿ ਧਾਵੈ ॥ ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੭)

ਭਰਮਾਂ ਵਿੱਚ ਫੱਸਿਆ ਹੋਇਆ ਮਨੁੱਖ ਦਾ ਮਨ ਹਰ ਪਲ ਹਰ ਛਿੰਨ ਭਟਕਦਾ ਹੈ। ਮਨੁੱਖ ਦਾ ਮਨ ਕਦੇ ਚੁੱਪ ਨਹੀਂ ਕਰਦਾ ਹੈ। ਮਨੁੱਖ ਦਾ ਮਨ ਨਿਰੰਤਰ ਬੋਲਦਾ ਹੈ। ਮਨੁੱਖ ਦੇ ਮਨ ਵਿੱਚ ਕਦੇ ਫੁਰਨਿਆਂ ਦਾ ਅੰਤ ਨਹੀਂ ਹੁੰਦਾ ਹੈ। ਇਹ ਫੁਰਨੇ ਚੰਗੇ ਹੋਣ ਭਾਵੇਂ ਮਾੜੇ ਹੋਣ, ਮਨੁੱਖ ਦੇ ਮਨ ਨੂੰ ਕਦੇ ਚੁੱਪ ਨਹੀਂ ਕਰਨ ਦਿੰਦੇ ਹਨ। ਮਨੁੱਖ ਦਾ ਮਨ ਦਸੋ ਦਿਸ਼ਾਵਾਂ ਵਿੱਚ ਨਿਰੰਤਰ ਭਟਕਦਾ ਹੈ। ਇਸ ਤੋਂ ਭਾਵ ਹੈ ਕਿ ਮਨੁੱਖ ਧਰਤੀ ਉੱਪਰ ਕਿਸੇ ਵੀ ਸਥਾਨ ਉੱਪਰ ਬੈਠਾ ਹੋਵੇ ਪਰੰਤੂ ਉਸ ਦੇ ਮਨ ਦੀ ਗਤੀ ਇਤਨੀ ਤੇਜ਼ ਹੈ ਕਿ ਉਹ ਇੱਕ ਛਿਣ ਵਿੱਚ ਹੀ ਹਜ਼ਾਰਾਂ ਮੀਲਾਂ ਦਾ ਸਫਰ ਕਰ ਕੇ ਹਰ ਦਿਸ਼ਾ ਵਿੱਚ ਚਲਾ ਜਾਂਦਾ ਹੈ। ਉਦਾਹਰਨ ਤੇ ਤੌਰ ਤੇ ਅਮਰੀਕਾ ਵਿੱਚ ਬੈਠੇ ਹੋਏ ਮਨੁੱਖ ਦਾ ਮਨ ਇੱਕ ਛਿੰਨ ਵਿੱਚ ਭਾਰਤ ਵਿੱਚ ਤੁਹਾਡੇ ਆਪਣੇ ਪੁਰਾਣੇ ਪਿੰਡ ਅਤੇ ਲੋਕਾਂ ਵਿੱਚ ਚਲਾ ਜਾਂਦਾ ਹੈ ਅਤੇ ਕਈ ਫੁਰਨੇ ਘੜ ਕੇ ਵਾਪਸ ਵੀ ਆ ਜਾਂਦਾ ਹੈ। ਇਸ ਤਰ੍ਹਾਂ ਦੇ ਅਨੁਭਵ ਸਾਡੇ ਸਾਰਿਆਂ ਦੇ ਜੀਵਨ ਵਿੱਚ ਹਰ ਰੋਜ਼ ਵਰਤਦੇ ਹਨ। ਇਸੇ ਹੀ ਪਰਮ ਸਤਿ ਤੱਤ ਨੂੰ ਗੁਰਬਾਣੀ ਦੇ ਇਸ ਸ਼ਬਦ ਵਿੱਚ ਸਤਿਗੁਰੂ ਸਾਹਿਬ ਨੇ ਪ੍ਰਗਟ ਕੀਤਾ ਹੈ। ਮਨੁੱਖ ਦੇ ਮਨ ਦੀ ਇਹ ਨਿਰੰਤਰ ਭਟਕਣਾ ਦਾ ਕਾਰਨ ਕੇਵਲ ਮਾਇਆ ਦੀ ਰਜੋ ਅਤੇ ਤਮੋ ਬਿਰਤੀ ਦੀ ਗ਼ੁਲਾਮੀ ਕਰਨ ਕਾਰਨ ਮਨੁੱਖ ਦੇ ਮਨ ਵਿੱਚ ਪਏ ਭਰਮ ਹੀ ਹਨ। ਮਾਇਆ ਦੀ ਰਜੋ ਅਤੇ ਤਮੋ ਬਿਰਤੀ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਆਪਣੇ ਆਪ ਵਿੱਚ ਹੀ ਇੱਕ ਨਿਰੰਤਰ ਭਰਮ ਘੜਣ ਦੀ ਮਸ਼ੀਨ ਹੈ। ਜੋ ਮਨੁੱਖ ਦੇ ਮਨ ਨੂੰ ਕਦੇ ਸ਼ਾਂਤ ਨਹੀਂ ਹੋਣ ਦਿੰਦੀ ਹੈ। ਇਸੇ ਲਈ ਭਰਮਾਂ ਦੀ ਇਸ ਵਿਨਾਸ਼ਕਾਰੀ ਸ਼ਕਤੀ ਨੂੰ ਜਿਗਿਆਸੂ ਦੀ ਬੰਦਗੀ ਵਿੱਚ ਸਭ ਤੋਂ ਵੱਡੀ ਅੜਚਣ ਕਿਹਾ ਗਿਆ ਹੈ।

ਭਰਮੇ ਭੂਲਾ ਸਭੁ ਜਗੁ ਫਿਰੈ ਮਨਮੁਖਿ ਪਤਿ ਗਵਾਈ ॥੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੨੫)

ਗੁਰਬਾਣੀ ਦੇ ਇਸ ਪਰਮ ਸ਼ਕਤੀਸ਼ਾਲੀ ਸ਼ਬਦ ਵਿੱਚ ਭਰਮਾਂ ਦੀ ਵਿਨਾਸ਼ਕਾਰੀ ਸ਼ਕਤੀ ਨੂੰ ਹੋਰ ਗਹਿਰਾਈ ਨਾਲ ਸਮਝਾਇਆ ਗਿਆ ਹੈ। ਜੋ ਮਨੁੱਖ ਮਾਇਆ ਦੀ ਗ਼ੁਲਾਮੀ ਕਰਦੇ ਹੋਏ ਭਰਮਾਂ ਵਿੱਚ ਆਪਣਾ ਜੀਵਨ ਕਾਲ ਨਸ਼ਟ ਕਰਦੇ ਹਨ ਉਨ੍ਹਾਂ ਨੂੰ ਇਸ ਸ਼ਬਦ ਵਿੱਚ ਮਨਮੁਖ ਦੀ ਸੰਗਿਆ ਦਿੱਤੀ ਗਈ ਹੈ। ਇਸ ਸ਼ਬਦ ਵਿੱਚ ਇਹ ਪੂਰਨ ਸਤਿ ਤੱਤ ਵੀ ਪ੍ਰਗਟ ਕੀਤਾ ਗਿਆ ਹੈ ਕਿ ਸਾਰਾ ਸੰਸਾਰ ਹੀ ਭਰਮਾਂ ਦੇ ਇਸ ਜਾਲ ਵਿੱਚ ਵਿਚਰ ਰਿਹਾ ਹੈ। ਭਾਵ ਸਾਰੇ ਸੰਸਾਰ ਦੇ ਲੋਕ ਮਾਇਆ ਦੀ ਰਜੋ ਅਤੇ ਤਮੋ ਬਿਰਤੀ ਵਿੱਚ ਵਿਚਰ ਰਹੇ ਹਨ ਅਤੇ ਕੇਵਲ ਭਰਮਾਂ ਦੀ ਕਮਾਈ ਕਰ ਰਹੇ ਹਨ। ਇਸ ਲਈ ਸਾਰੇ ਸੰਸਾਰ ਦੇ ਲੋਕ ਮਨਮੁਖ ਹਨ। ਜੋ ਮਨੁੱਖ ਮਨਮਤਿ ਵਿੱਚ ਵਿਚਰਦੇ ਹਨ ਉਹ ਮਨੁੱਖ ਮਨਮੁਖ ਹੁੰਦੇ ਹਨ। ਐਸੇ ਮਨੁੱਖਾਂ ਦੇ

ਕਰਮ ਅਸਤਿ ਕਰਮ ਹੁੰਦੇ ਹਨ। ਉਨ੍ਹਾਂ ਦੀ ਕਰਨੀ ਅਸਤਿ ਦੀ ਕਰਨੀ ਹੁੰਦੀ ਹੈ। ਇਸ ਲਈ ਦਰਗਾਹ ਵਿੱਚ ਉਨ੍ਹਾਂ ਦੀ ਕੋਈ ਪੱਤ ਨਹੀਂ ਹੁੰਦੀ ਹੈ। ਇਸ ਲਈ ਕਿਉਂਕਿ ਸਾਰੇ ਸੰਸਾਰ ਦੇ ਮਨੁੱਖ ਮਨਮੁਖ ਹਨ, ਉਨ੍ਹਾਂ ਦੀ ਦਰਗਾਹ ਵਿੱਚ ਕੋਈ ਪੱਤ ਨਹੀਂ ਹੈ। ਭਾਵ ਸਾਰੇ ਸੰਸਾਰ ਦੇ ਲੋਕ ਭਰਮਾਂ ਵਿੱਚ ਪੈ ਕੇ ਮਨਮੁਖ ਹਨ ਅਤੇ ਰੂਹਾਨੀਅਤ ਦੀ ਪ੍ਰਾਪਤੀ ਤੋਂ ਵਾਂਝੇ ਹਨ।

ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੧੪)

ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੫੮)

ਭਰਮੇ ਭੂਲਾ ਸਾਕਤੁ ਫਿਰਤਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੩੯)

ਭਰਮਾਂ ਵਿੱਚ ਵਿਚਰਦੇ ਹੋਏ ਮਨੁੱਖ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਐਸਾ ਮਨੁੱਖ ਜੋ ਭਰਮਾਂ ਵਿੱਚ ਜੀਵਨ ਕਾਲ ਨੂੰ ਨਸ਼ਟ ਕਰ ਰਿਹਾ ਹੈ, ਜੋ ਭਰਮਾਂ ਵਿੱਚ ਫੱਸਿਆ ਹੋਇਆ ਮਨਮੁਖ ਬਣਿਆ ਹੋਇਆ ਹੈ, ਉਹ ਮਨਮੁਖ ਅੰਧ ਅਗਿਆਨ ਵਿੱਚ ਫੱਸਿਆ ਹੋਇਆ ਹੈ ਅਤੇ ਇਸੇ ਅੰਧ ਅਗਿਆਨ ਦੇ ਵਿੱਚ ਫਸੇ ਹੋਣ ਕਾਰਨ ਉਸ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਨਦਰਿ ਦੀ ਪ੍ਰਾਪਤੀ ਨਹੀਂ ਹੋ ਸਕਦੀ। ਨਦਰਿ ਤੋਂ ਭਾਵ ਹੈ ਕਰਮ, ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ। ਭਰਮਾਂ ਵਿੱਚ ਫੱਸਿਆ ਹੋਇਆ ਮਨੁੱਖ ਸਾਕਤ ਹੈ। ਸਾਕਤ ਤੋਂ ਭਾਵ ਹੈ ਜੋ ਨਾਸਤਿਕ ਹੈ, ਜੋ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨਾਲੋਂ ਟੁੱਟਿਆ ਹੋਇਆ ਹੈ। ਜਿਸ ਦੇ ਸਾਰੇ ਕਰਮ ਅਸਤਿ ਹਨ। ਜਿਸ ਦੇ ਜੀਵਨ ਵਿੱਚ ਉਸ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਦਾ ਕੋਈ ਹੀਲਾ ਦੂਰ-ਦੂਰ ਤੱਕ ਨਹੀਂ ਦਿੱਸਦਾ ਹੈ। ਉਹ ਮਨੁੱਖ ਕੇਵਲ ਸਾਰਾ ਜੀਵਨ ਭਰਮਾਂ ਵਿੱਚ ਵਿਚਰਦਾ ਹੋਇਆ ਆਪਣਾ ਅਨਮੋਲ ਰਤਨ ਹੀਰਾ ਜਨਮ ਗੁਆ ਲੈਂਦਾ ਹੈ। ਕੋਈ ਵਿਰਲਾ ਮਨੁੱਖ ਹੀ ਹੈ ਜਿਸ ਨੂੰ ਭਰਮਾਂ ਦੀ ਇਸ ਵਿਨਾਸ਼ਕਾਰੀ ਸ਼ਕਤੀ ਦਾ ਗਿਆਨ ਹੋ ਜਾਂਦਾ ਹੈ। ਮਾਇਆ ਦਾ ਜਾਲ ਇਤਨਾ ਪ੍ਰਬਲ ਹੈ ਕਿ ਆਮ ਮਨੁੱਖ ਨੂੰ ਇਸ ਸੋਝੀ ਤੋਂ ਵਾਂਝਾ ਰੱਖਦਾ ਹੈ। ਕੇਵਲ ਉਹ ਮਨੁੱਖ ਜੋ ਆਪਣਾ ਧਿਆਨ ਸਤੋ ਬਿਰਤੀ ਉੱਪਰ ਕੇਂਦਰਿਤ ਕਰਦਾ ਹੈ ਉਸ ਨੂੰ ਹੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕਿਰਪਾ ਨਾਲ ਭਰਮਾਂ ਦੇ ਇਸ ਵਿਨਾਸ਼ਕਾਰੀ ਜਾਲ ਦਾ ਗਿਆਨ ਹੋ ਜਾਂਦਾ ਹੈ। ਕੇਵਲ ਐਸਾ ਮਨੁੱਖ ਹੀ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ, ਗੁਰਪ੍ਰਸਾਦਿ ਦੀ ਇਸ ਪਰਮ ਸ਼ਕਤੀ ਦੀ ਕਿਰਪਾ ਨਾਲ ਬੰਦਗੀ ਕਰਨ ਵਿੱਚ ਸਫ਼ਲ ਹੁੰਦਾ ਹੈ।

ਸੰਸਾਰ ਵਿੱਚ ਪ੍ਰਚਲਿਤ ਭਰਮ ਬੰਦਗੀ ਦੇ ਮਾਰਗ ਵਿੱਚ ਸਭ ਤੋਂ ਵੱਡਾ ਅੜਿੱਕਾ ਪਾਉਂਦੇ ਹਨ। ਭਰਮ ਮਨੁੱਖ ਦੇ ਜੀਵਨ ਵਿੱਚ ਦੁਬਿਧਾ ਨੂੰ ਜਨਮ ਦਿੰਦੇ ਹਨ। ਦੁਬਿਧਾ ਵਿੱਚ ਜੱਕੜੇ ਹੋਏ ਮਨੁੱਖ ਦੇ ਹਿਰਦੇ ਵਿੱਚ ਗੁਰ ਅਤੇ ਗੁਰੂ ਲਈ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸਾ ਕਦੇ ਨਹੀਂ ਹੁੰਦਾ ਹੈ।

ਦੁਬਿਧਾ ਵਿੱਚ ਫਸੇ ਹੋਏ ਮਨੁੱਖ ਦੀ ਬੰਦਗੀ ਦਰਗਾਹ ਵਿੱਚ ਪ੍ਰਵਾਨ ਨਹੀਂ ਹੁੰਦੀ ਹੈ। ਦੁਬਿਧਾ ਵਿੱਚ ਫੱਸਿਆ ਹੋਇਆ ਮਨੁੱਖ ਭਾਵੇਂ ਜਿਤਨੇ ਮਰਜ਼ੀ ਜਪ-ਤਪ ਕਰੀ ਜਾਵੇ ਉਸ ਦੀ ਸੇਵਾ ਦਰਗਾਹ ਵਿੱਚ ਕਬੂਲ ਨਹੀਂ ਹੁੰਦੀ ਹੈ। ਕਿਉਂਕਿ ਦੁਬਿਧਾ ਵਿੱਚ ਕੀਤੀ ਗਈ ਸੇਵਾ

ਇੱਕ ਮਨ ਇੱਕ ਚਿੱਤ ਨਾਲ ਨਹੀਂ ਹੁੰਦੀ ਹੈ ਇਸ ਲਈ ਐਸੀ ਸੇਵਾ ਦਰਗਾਹ ਵਿੱਚ ਪ੍ਰਵਾਨ ਨਹੀਂ ਹੁੰਦੀ ਹੈ। ਇਸ ਲਈ ਇਨ੍ਹਾਂ ਧਰਮ-ਕਰਮਾਂ ਦਾ ਦਰਗਾਹ ਵਿੱਚ ਮੁੱਲ ਨਹੀਂ ਪੈਂਦਾ ਹੈ ਅਤੇ ਮਨੁੱਖ ਜਨਮ-ਮਰਨ ਦੇ ਬੰਧਨਾਂ ਤੋਂ ਮੁਕਤ ਨਹੀਂ ਹੁੰਦਾ ਹੈ। ਦੁਬਿਧਾ ਵਿੱਚ ਫਸੇ ਹੋਏ ਮਨੁੱਖ ਦੇ ਮਨ ਦੀ ਮੈਲ ਨਹੀਂ ਧੁੱਲਦੀ ਹੈ। ਮਨ ਵਿੱਚੋਂ ਵਿਕਾਰਾਂ ਦੀ ਵਿਨਾਸ਼ਕਾਰੀ ਮੈਲ ਨਹੀਂ ਧੁੱਲਦੀ ਹੈ ਜਿਸ ਕਾਰਨ ਮਨੁੱਖ ਜਨਮ-ਮਰਨ ਦੇ ਬੰਧਨਾਂ ਤੋਂ ਮੁਕਤ ਨਹੀਂ ਹੋ ਸਕਦਾ ਹੈ। ਕੇਵਲ ਉਹ ਮਨੁੱਖ ਜਿਨ੍ਹਾਂ ਉੱਪਰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਇਆਲ ਹੋ ਜਾਂਦਾ ਹੈ ਉਨ੍ਹਾਂ ਨੂੰ ਆਪਣੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਬਖ਼ਸ਼ਿਸ਼ ਨਾਲ ਦੁਬਿਧਾ ਤੋਂ ਖ਼ਲਾਸ ਕਰ ਕੇ ਬਾਹਰ ਕੱਢ ਲੈਂਦਾ ਹੈ ਅਤੇ ਇੱਕ ਦ੍ਰਿਸ਼ਟ ਬਣਾ ਦਿੰਦਾ ਹੈ। ਕੇਵਲ ਇੱਕ ਦ੍ਰਿਸ਼ਟ ਮਨੁੱਖ ਹੀ ਜੀਵਨ ਮੁਕਤੀ ਨੂੰ ਪ੍ਰਾਪਤ ਕਰਦਾ ਹੈ। ਕੇਵਲ ਇੱਕ ਦ੍ਰਿਸ਼ਟ ਮਨੁੱਖ ਹੀ ਪੂਰਨ ਬ੍ਰਹਮ ਗਿਆਨ ਨੂੰ ਪ੍ਰਾਪਤ ਕਰਦਾ ਹੈ। ਕੇਵਲ ਇੱਕ ਦ੍ਰਿਸ਼ਟ ਮਨੁੱਖ ਹੀ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਕਰਦਾ ਹੈ।

ਇਸ ਲਈ ਭਰਮ ਮਨੁੱਖ ਨੂੰ ਪੂਰਨ ਸਤਿ ਤੋਂ ਭਟਕਾਉਂਦੇ ਹਨ। ਭਰਮ ਮਨੁੱਖ ਨੂੰ ਗੁਰਮਤਿ ਤੋਂ ਭਟਕਾ ਦਿੰਦੇ ਹਨ। ਭਰਮ ਮਨੁੱਖ ਨੂੰ ਕੁਰਾਹੇ ਪਾ ਦਿੰਦੇ ਹਨ। ਜਿਵੇਂ ਦੀਮਕ ਲੱਕੜੀ ਨੂੰ ਲੱਗ ਜਾਵੇ ਤਾਂ ਉਹ ਲੱਕੜੀ ਨੂੰ ਖਾ ਜਾਂਦੀ ਹੈ ਠੀਕ ਉਸੇ ਤਰ੍ਹਾਂ ਭਰਮ ਮਨੁੱਖ ਦੇ ਪਰਮਾਰਥਕ ਜੀਵਨ ਨੂੰ ਨਸ਼ਟ ਕਰ ਦਿੰਦੇ ਹਨ।

ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੯)

ਭਰਮਾਂ ਵਿੱਚ ਪਏ ਹੋਏ ਮਨੁੱਖ ਖੋਟੇ ਹੁੰਦੇ ਹਨ। ਜੋ ਮਨੁੱਖ ਪਰਮ ਸਤਿ ਤੱਤ ਦੀ ਪਹਿਚਾਣ ਕਰ ਲੈਂਦੇ ਹਨ ਉਹ ਭਰਮਾਂ ਵਿੱਚੋਂ ਨਿਕਲ ਜਾਂਦੇ ਹਨ ਅਤੇ ਦਰਗਾਹੀ ਖ਼ਜ਼ਾਨਿਆਂ ਦੇ ਹੱਕਦਾਰ ਬਣ ਜਾਂਦੇ ਹਨ। ਜਦ ਮਨੁੱਖ ਨਾਮ, ਨਾਮ ਸਿਮਰਨ, ਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦਾ ਗੁਰ ਪ੍ਰਸਾਦਿ ਪ੍ਰਾਪਤ ਕਰਦਾ ਹੈ ਅਤੇ ਬੰਦਗੀ ਵਿੱਚ ਲੀਨ ਹੋ ਜਾਂਦਾ ਹੈ ਤਾਂ ਉਸ ਨੂੰ ਕਈ ਵੇਰਾਂ ਗੁਰ ਅਤੇ ਗੁਰੂ ਲਈ ਆਪਣੀ ਸ਼ਰਧਾ, ਪ੍ਰੀਤ ਅਤੇ ਭਰੋਸਾ ਸਿੱਧ ਕਰਨ ਲਈ ਮਾਇਆ ਦੀਆਂ ਕਈ ਕਠਿਨ ਪ੍ਰੀਖਿਆਵਾਂ ਵਿੱਚੋਂ ਲੰਘਣਾ ਪੈਂਦਾ ਹੈ। ਜੋ ਮਨੁੱਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੁਆਰਾ ਦਿੱਤੇ ਗਏ ਸਾਰੇ ਇਮਤਿਹਾਨ ਆਪਣੀ ਅਪਾਰ ਸ਼ਰਧਾ, ਪ੍ਰੀਤ ਅਤੇ ਭਰੋਸੇ ਦੀ ਪਰਮ ਸ਼ਕਤੀ ਨਾਲ ਪੂਰੇ ਕਰ ਲੈਂਦੇ ਹਨ ਉਹ ਮਨੁੱਖ ਦਰਗਾਹ ਵਿੱਚ ਸਦਾ-ਸਦਾ ਲਈ ਨਿਵਾਜੇ ਜਾਂਦੇ ਹਨ। ਜੋ ਮਨੁੱਖ ਮਾਇਆ ਦੇ ਇਨ੍ਹਾਂ ਸਾਰੇ ਇਮਤਿਹਾਨਾਂ ਵਿੱਚ ਅੱਵਲ ਆ ਜਾਂਦੇ ਹਨ ਉਨ੍ਹਾਂ ਦੀ ਬੰਦਗੀ ਦਰਗਾਹ ਵਿੱਚ ਪ੍ਰਵਾਨ ਚੜ੍ਹਦੀ ਹੈ ਅਤੇ ਉਹ ਆਪਣੀ ਬੰਦਗੀ ਪੂਰਨ ਕਰ ਕੇ ਦਰਗਾਹ ਵਿੱਚ ਮਾਣ ਪ੍ਰਾਪਤ ਕਰਦੇ ਹਨ। ਇਹ ਪੂਰਨ ਸਤਿ ਹੈ ਕਿ ਗੁਰਪ੍ਰਸਾਦਿ ਦੀ ਕਿਰਪਾ ਬਹੁਤ ਲੋਕਾਂ ਉੱਪਰ ਵਰਤਦੀ ਹੈ ਪਰੰਤੂ ਪੂਰਨ ਕਮਾਈ ਕੋਈ ਵਿਰਲਾ ਹੀ ਕਰਦਾ ਹੈ। ਜੋ ਮਨੁੱਖ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਵੀ ਮਾਇਆ ਦੇ ਇਨ੍ਹਾਂ ਇਮਤਿਹਾਨਾਂ ਵਿੱਚ ਅੱਵਲ ਨਹੀਂ ਆਉਂਦੇ ਹਨ ਅਤੇ ਮਾਇਆ ਕਾਰਨ ਭਰਮਾਂ ਵਿੱਚ ਪੈ ਜਾਂਦੇ ਹਨ ਉਨ੍ਹਾਂ ਮਨੁੱਖਾਂ ਦੀ ਬੰਦਗੀ ਪੂਰਨ ਨਹੀਂ ਹੁੰਦੀ ਹੈ। ਕੁਝ ਜਿਗਿਆਸੂ ਤਾਂ ਪੂਰਨ ਬੰਦਗੀ ਦੇ ਬਹੁਤ ਨੇੜੇ ਪਹੁੰਚ ਕੇ ਵੀ ਥਿੜ੍ਹਕ ਜਾਂਦੇ ਹਨ ਅਤੇ ਆਪਣਾ ਸਭ ਕੁਝ ਗੁਆ ਬੈਠਦੇ ਹਨ। ਇਸੇ ਲਈ ਬੰਦਗੀ ਦੇ ਇਸ ਮਾਰਗ ਨੂੰ ਖੰਡੇ ਦੀ ਧਾਰ ਉੱਪਰ ਚਲਣ ਦੇ ਬਰਾਬਰ ਦੱਸਿਆ ਗਿਆ ਹੈ। ਬੰਦਗੀ ਪੂਰਨ ਕੇਵਲ ਉਹ ਮਨੁੱਖ

ਹੀ ਕਰਦੇ ਹਨ ਜਿਨ੍ਹਾਂ ਦਾ ਆਪਣੇ ਗੁਰ ਅਤੇ ਗੁਰੂ ਲਈ ਅਪਾਰ ਸ਼ਰਧਾ, ਪ੍ਰੀਤ ਅਤੇ ਭਰੋਸਾ ਹੁੰਦਾ ਹੈ। ਆਪਣੇ ਗੁਰ ਅਤੇ ਗੁਰੂ ਲਈ ਅਪਾਰ ਸ਼ਰਧਾ, ਭਰੋਸੇ ਅਤੇ ਪ੍ਰੀਤ ਵਿੱਚ ਤਰੇੜ ਆ ਜਾਵੇ ਤਾਂ ਇਹ ਤਰੇੜ ਸਭ ਕੁਝ ਨਸ਼ਟ ਕਰ ਦਿੰਦੀ ਹੈ। ਕਈ ਮਨੁੱਖ ਜੋ ਬੰਦਗੀ ਦੀ ਅਖੀਰਲੀ ਪਉੜੀ ਤੇ ਚੜ੍ਹਣ ਤੋਂ ਪਹਿਲਾਂ ਥਿੜ੍ਹਕਦੇ ਹਨ ਉਸ ਦਾ ਕਾਰਨ ਉਨ੍ਹਾਂ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਦਾ ਹੋਇਆ ਅਨੁਭਵ ਬਣ ਜਾਂਦਾ ਹੈ। ਉਹ ਇਹ ਸਮਝ ਬੈਠਦੇ ਹਨ ਕਿ ਹੁਣ ਉਨ੍ਹਾਂ ਨੂੰ ਸਾਰੀਆਂ ਪ੍ਰਾਪਤੀਆਂ ਹੋ ਗਈਆਂ ਹਨ ਅਤੇ ਹੁਣ ਉਨ੍ਹਾਂ ਨੂੰ ਗੁਰੂ ਦੀ ਕੋਈ ਲੋੜ ਨਹੀਂ ਹੈ। ਇਹ ਜਾਣ ਕੇ ਉਹ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਇਨ੍ਹਾਂ ਪਰਮ ਸ਼ਕਤੀਆਂ ਵਿੱਚ ਉਲਝ ਜਾਂਦੇ ਹਨ ਅਤੇ ਆਪਣੇ ਗੁਰੂ ਉੱਪਰ ਸ਼ਰਧਾ, ਭਰੋਸਾ ਅਤੇ ਪ੍ਰੀਤ ਗੁਆ ਬੈਠਦੇ ਹਨ। ਉਨ੍ਹਾਂ ਦੀ ਸ਼ਰਧਾ, ਪ੍ਰੀਤ ਅਤੇ ਭਰੋਸੇ ਵਿੱਚ ਆਈ ਇਹ ਤਰੇੜ ਉਨ੍ਹਾਂ ਦੇ ਸੂਖਸ਼ਮ ਅਹੰਕਾਰ ਨੂੰ ਹਵਾ ਦਿੰਦੀ ਹੈ ਅਤੇ ਇਸ ਤਰ੍ਹਾਂ ਸਾਰੀ ਵਡਿਆਈ ਗੁਰੂ ਨੂੰ ਦੇਣ ਦੇ ਬਜਾਏ ਉਹ ਆਪਣੇ ਹੀ ਅਹੰਕਾਰ ਵਿੱਚ ਜੱਕੜੇ ਜਾਣ ਕਾਰਨ ਆਪਣਾ ਸਭ ਕੁਝ ਗੁਆ ਬੈਠਦੇ ਹਨ। ਇਸ ਤਰ੍ਹਾਂ ਇਸ ਉੱਚੀ ਅਵਸਥਾ ਉੱਪਰ ਪਹੁੰਚ ਕੇ ਵੀ ਐਸੇ ਮਨੁੱਖ ਮਾਇਆ ਦੇ ਇਸ ਇਮਤਿਹਾਨ ਵਿੱਚ ਅੱਵਲ ਨਾ ਹੋਣ ਕਾਰਨ ਆਪਣਾ ਸਭ ਕੁਝ ਗੁਆ ਬੈਠਦੇ ਹਨ।

ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥
ਹਰਿ ਸਿਮਰਤ ਨਾਨਕ ਸੁਖੁ ਪਾਇਆ॥੪॥੮॥੭੭॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੭੮)

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੨੨)

ਕੇਵਲ ਪੂਰਾ ਗੁਰੂ ਹੀ ਜਿਗਿਆਸੂ ਦੇ ਮਨ ਵਿੱਚੋਂ ਸਾਰੇ ਭਰਮਾਂ ਦਾ ਨਾਸ਼ ਕਰ ਸਕਦਾ ਹੈ। ਕੇਵਲ ਸਤਿਗੁਰੂ ਹੀ ਮਨੁੱਖ ਦੇ ਸਾਰੇ ਭਰਮਾਂ ਦਾ ਖੰਡਨ ਕਰ ਸਕਦਾ ਹੈ ਅਤੇ ਮਨੁੱਖ ਨੂੰ ਸਾਰੇ ਭਰਮਾਂ ਤੋਂ ਮੁਕਤ ਕਰ ਸਕਦਾ ਹੈ। ਜੋ ਆਪ ਪੂਰਨ ਹੈ ਕੇਵਲ ਉਹ ਗੁਰੂ ਹੀ ਜਿਗਿਆਸੂ ਦੇ ਸਾਰੇ ਭਰਮਾਂ ਦਾ ਖੰਡਨ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਲਈ ਜੋ ਮਨੁੱਖ ਪੂਰਾ ਗੁਰੂ ਅਰਾਧਦੇ ਹਨ ਉਨ੍ਹਾਂ ਦੇ ਸਾਰੇ ਭਰਮਾਂ ਦਾ ਖੰਡਨ ਸਤਿਗੁਰੂ ਆਪ ਕਰਦਾ ਹੈ। ਜੋ ਮਨੁੱਖ ਆਪਣਾ ਤਨ, ਮਨ ਅਤੇ ਧਨ ਸਤਿਗੁਰੂ ਦੇ ਚਰਨਾਂ ਉੱਪਰ ਅਰਪਣ ਕਰ ਦਿੰਦੇ ਹਨ ਉਨ੍ਹਾਂ ਦੀ ਗੁਰੂ ਲਈ ਸ਼ਰਧਾ, ਪ੍ਰੀਤ ਅਤੇ ਭਰੋਸਾ ਬੇਅੰਤਤਾ ਵਿੱਚ ਚਲਾ ਜਾਂਦਾ ਹੈ ਅਤੇ ਇਸੇ ਬੇਅੰਤ ਭਰੋਸੇ, ਸ਼ਰਧਾ ਅਤੇ ਪ੍ਰੀਤ ਦੀ ਪਰਮ ਅਨੰਤ ਸ਼ਕਤੀ ਉਨ੍ਹਾਂ ਨੂੰ ਦਰਗਾਹ ਵਿੱਚ ਪ੍ਰਵਾਨ ਚੜ੍ਹਾ ਦਿੰਦੀ ਹੈ।ਭਰਮ, ਭੁਲੇਖੇ, ਵਿਚਲਨ, ਸ਼ੱਕ, ਅਤੇ ਸਾਰੀਆਂ ਨਾ ਪੱਖੀ ਸ਼ਕਤੀਆਂ ਜੋ ਤੁਹਾਡੇ ਮਨ ਨੂੰ ਅਤੇ ਰੂਹ ਨੂੰ ਚਲਾ ਰਹੀਆਂ ਹਨ; ਸਤਿਨਾਮ ਸਿਮਰਨ ਕਰਨ ਨਾਲ ਖਤਮ ਹੋ ਜਾਂਦੀਆਂ ਹਨ। ਤੁਹਾਡਾ ਮਨ ਸਥਿਰ ਬਣਨਾ ਸ਼ੁਰੂ ਹੁੰਦਾ ਹੈ ਅਤੇ ਹੌਲੀ-ਹੌਲੀ ਤੁਸੀਂ ਸਾਰੀਆਂ ਸਥਿਤੀਆਂ ਉੱਪਰ ਕਾਬੂ ਪਾ ਲੈਂਦੇ ਹੋ ਜੋ ਤੁਹਾਡੇ ਮਨ ਨੂੰ ਵਿਚਲਿਤ ਕਰਦੀਆਂ ਹਨ। ਤੁਹਾਡੇ ਮਨ ਦੀ ਇਕਾਗਰਤਾ ਤੁਹਾਡੀ ਰੂਹ ਦੇ ਵਿਕਾਸ ਨਾਲ ਵੱਧ ਜਾਂਦੀ ਹੈ ਅਤੇ ਫਲਸਰੂਪ ਤੁਸੀਂ ਸਾਰੇ ਤਰ੍ਹਾਂ ਦੇ ਭਰਮਾਂ ਅਤੇ ਵਿਚਲਨ ਕਰਨ ਵਾਲੀਆਂ ਵਿਨਾਸ਼ਕਾਰੀ ਸ਼ਕਤੀਆਂ ਤੋਂ ਮੁਕਤ ਹੋ ਜਾਂਦੇ ਹੋ।

੭. ਸਤਿਨਾਮ ਦਾ ਗੁਰਪ੍ਰਸਾਦਿ ਮਨੁੱਖ ਨੂੰ ਨਿਰਭਉ ਬਣਾਉਂਦਾ ਹੈ :

ਸਤਿਨਾਮ ਸਿਮਰਨ ਸਾਨੂੰ ਦਿਨ ਪ੍ਰਤੀ ਦਿਨ ਦੀਆਂ ਕਿਰਿਆਵਾਂ ਵਿੱਚ ਨਿਰਭਉ ਬਣਾਉਂਦਾ ਹੈ। ਸਤਿਨਾਮ ਸਿਮਰਨ ਨਾਲ ਅਸੀਂ ਆਪਣੇ ਆਪ, ਹੋਰਾਂ ਨਾਲ ਅਤੇ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨਾਲ ਪੂਰਨ ਸਚਿਆਰੇ ਬਣ ਜਾਂਦੇ ਹਾਂ। ਸਾਨੂੰ ਸਤਿ ਬੋਲਣ, ਸਤਿ ਸੁਣਨ, ਸਤਿ ਦੀ ਸੇਵਾ ਕਰਨ ਅਤੇ ਸਤਿ ਵਰਤਾਉਣ ਦੀ ਪਰਮ ਸ਼ਕਤੀ ਮਿਲਦੀ ਹੈ। ਅਸੀਂ ਸਤਿ ਬੋਲਣ ਅਤੇ ਸਤਿ ਵਰਤਾਉਣ ਤੋਂ ਡਰਦੇ ਨਹੀਂ ਹਾਂ। ਅਸੀਂ ਸਤਿ ਅਤੇ ਅਸਤਿ ਵਿਚਲੇ ਫਰਕ ਨੂੰ ਪਹਿਚਾਣਨਾ ਸ਼ੁਰੂ ਕਰਦੇ ਹਾਂ, ਅਤੇ ਆਪਣੇ ਆਪ ਨੂੰ ਅਸਤਿ ਕਰਨੀਆਂ ਤੋਂ ਬਚਾ ਲੈਂਦੇ ਹਾਂ। ਅਸੀਂ ਅਸਤਿ ਦੇ ਭਾਰ ਤੋਂ ਮੁਕਤ ਹੋ ਜਾਂਦੇ ਹਾਂ। ਅਸੀਂ ਮਾਇਆ ਦੇ ਮੋਹ ਤੋਂ ਮੁਕਤ ਹੋ ਜਾਂਦੇ ਹਾਂ। ਭਾਵ ਅਸੀਂ ਸੰਸਾਰਿਕ ਅਤੇ ਪਰਿਵਾਰਕ ਮੋਹ ਤੋਂ ਮੁਕਤ ਹੋ ਜਾਂਦੇ ਹਾਂ। ਇੱਥੇ ਇਹ ਪਰਮ ਸਤਿ ਤੱਤ ਤੱਥ ਦ੍ਰਿੜ੍ਹ ਕਰਨਾ ਬਹੁਤ ਜ਼ਰੂਰੀ ਹੈ ਕਿ ਕੇਵਲ ਉਹ ਮਨੁੱਖ ਜੋ ਕਿ ਸੰਸਾਰਿਕ ਅਤੇ ਪਰਿਵਾਰਕ ਮੋਹ ਤੋਂ ਮੁਕਤ ਹੁੰਦਾ ਹੈ ਕੇਵਲ ਐਸਾ ਮਨੁੱਖ ਹੀ ਸਤਿ ਬੋਲ ਸਕਦਾ ਹੈ, ਸਤਿ ਸੁਣ ਸਕਦਾ ਹੈ, ਸਤਿ ਦੀ ਸੇਵਾ ਕਰ ਸਕਦਾ ਹੈ ਅਤੇ ਸਤਿ ਵਰਤਾ ਸਕਦਾ ਹੈ ਕਿਉਂਕਿ ਉਹ ਮਨੁੱਖ ਨਿਰਭਉ ਹੋ ਜਾਂਦਾ ਹੈ। ਇਸ ਲਈ ਪੂਰਨ ਸਚਿਆਰੀ ਰਹਿਤ ਕੇਵਲ ਉਸ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ ਜੋ ਨਿਰਭਉ ਹੋ ਜਾਂਦਾ ਹੈ ਅਤੇ ਪੂਰਨ ਸਤਿ ਦੀ ਸੇਵਾ ਕਰਦਾ ਹੈ ਅਤੇ ਪੂਰਨ ਸਤਿ ਵਰਤਾਉਂਦਾ ਹੈ।

੮. ਸਤਿਨਾਮ ਦੇ ਗੁਰਪ੍ਰਸਾਦਿ ਨਾਲ ਸਾਰੇ ਦੁੱਖਾਂ, ਕਲੇਸ਼ਾਂ ਅਤੇ ਰੋਗਾਂ ਦਾ ਅੰਤ ਹੋ ਜਾਂਦਾ ਹੈ :

ਸਰਬ ਰੋਗ ਕਾ ਅਉਖਦੁ ਨਾਮੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੪)

ਸਤਿਨਾਮ ਸਿਮਰਨ ਸਾਡੀ ਜ਼ਿੰਦਗੀ ਵਿੱਚੋਂ ਸਾਰੇ ਦੁੱਖਾਂ-ਕਲੇਸ਼ਾਂ ਨੂੰ ਖਤਮ ਕਰ ਦਿੰਦਾ ਹੈ। ਅਸੀਂ ਮਾਨਸਿਕ ਤੌਰ ਤੇ ਇੰਨ੍ਹੇ ਸ਼ਕਤੀਸ਼ਾਲੀ ਹੋ ਜਾਂਦੇ ਹਾਂ ਕਿ ਅਸੀਂ ਹਰ ਤਰ੍ਹਾਂ ਦੇ ਦੁੱਖਾਂ ਅਤੇ ਘਾਤਕ ਬਿਮਾਰੀਆਂ ਨੂੰ ਸਹਿਣ ਦੇ ਯੋਗ ਹੋ ਜਾਂਦੇ ਹਾਂ। ਸਾਡੇ ਸਾਰੇ ਮਾਨਸਿਕ ਰੋਗਾਂ ਦਾ ਅੰਤ ਹੋ ਜਾਂਦਾ ਹੈ। ਭਾਵ ਸਾਡਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਤ੍ਰਿਸ਼ਣਾ, ਰਾਜ, ਜੋਬਨ, ਧਨ, ਮਾਲ, ਰੂਪ, ਰਸ, ਗੰਧ, ਸ਼ਬਦ, ਸਪਰਸ਼, ਨਿੰਦਿਆ, ਚੁਗ਼ਲੀ, ਬਖੀਲੀ, ਈਰਖਾ, ਰਾਗ, ਦਵੈਸ਼ ਵਰਗੇ ਘਾਤਕ ਮਾਨਸਿਕ ਰੋਗਾਂ ਤੋਂ ਛੁਟਕਾਰਾ ਹੋ ਜਾਂਦਾ ਹੈ। ਮਨੁੱਖ ਦੇ ਸਾਰੇ ਸ਼ਰੀਰਕ ਰੋਗਾਂ ਦਾ ਵੱਡਾ ਕਾਰਨ ਮਨੁੱਖਾ ਦੇਹੀ ਦੀ ਦੁਰਵਰਤੋਂ ਹੈ। ਮਨੁੱਖ ਮਾਇਆ ਦੀ ਗ਼ੁਲਾਮੀ ਵਿੱਚ ਕੀਤੇ ਗਏ ਸਾਰੇ ਕਰਮ ਕਰਦਾ ਹੋਇਆ ਆਪਣੀ ਦੇਹੀ ਦੀ ਦੁਰਵਰਤੋਂ ਕਰਦਾ ਹੈ ਜਿਸ ਕਾਰਨ ਇਹ ਸਾਰੇ ਮਾਨਸਿਕ ਰੋਗ ਮਨੁੱਖ ਦੇ ਮਨ ਨੂੰ ਰੋਗੀ ਕਰਨ ਤੋਂ ਬਾਅਦ ਮਨੁੱਖ ਦੀ ਦੇਹੀ ਨੂੰ ਰੋਗੀ ਬਣਾ ਦਿੰਦੇ ਹਨ। ਸਤਿਨਾਮ ਦੇ ਹਿਰਦੇ ਵਿੱਚ ਪ੍ਰਕਾਸ਼ਮਾਨ ਹੁੰਦੇ ਹੀ ਸਾਰੇ ਅਵਗੁਣ ਅਤੇ ਪਾਪਾਂ ਦਾ ਅੰਤ ਹੋ ਜਾਂਦਾ ਹੈ ਅਤੇ ਹਿਰਦਾ ਸਾਰੇ ਬ੍ਰਹਮ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ।

੯. ਸਤਿਨਾਮ ਦੇ ਗੁਰਪ੍ਰਸਾਦਿ ਨਾਲ ਅਸੀਂ ਨਿਰਵੈਰ ਬਣ ਜਾਂਦੇ ਹਾਂ :

ਸਾਡਾ ਹਿਰਦਾ ਈਰਖਾ, ਰਾਗ, ਦਵੈਤ, ਨਫ਼ਰਤ ਵਰਗੇ ਵਿਨਾਸ਼ਕਾਰੀ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ। ਸਾਨੂੰ ਸਾਰੀ ਰਚਨਾ ਵਿੱਚ ਨਿਰਗੁਣ ਦੀ ਪਰਮ ਸ਼ਕਤੀ ਵਰਤਦੀ ਪ੍ਰਤੱਖ

ਨਜ਼ਰ ਆਉਣ ਲੱਗ ਪੈਂਦੀ ਹੈ। ਸਾਨੂੰ ਸਰਗੁਣ ਵਿੱਚ ਨਿਰਗੁਣ ਦੇ ਦਰਸ਼ਨ ਹੋ ਜਾਂਦੇ ਹਨ। ਸਾਡੇ ਲਈ ਨਿਰਗੁਣ ਅਤੇ ਸਰਗੁਣ ਇੱਕ ਹੋ ਜਾਂਦਾ ਹੈ। ਸਾਡਾ ਹਿਰਦਾ ਬੇਅੰਤ ਪ੍ਰੀਤ ਵਿੱਚ ਓਤਪੋਤ ਹੋ ਜਾਂਦਾ ਹੈ। ਕੇਵਲ ਪਿਆਰ ਹੀ ਪਿਆਰ ਰਹਿ ਜਾਂਦਾ ਹੈ। ਸਾਰੀ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਨਾਲ ਕੇਵਲ ਪਿਆਰ ਹੀ ਪਿਆਰ ਪ੍ਰਗਟ ਹੋ ਜਾਂਦਾ ਹੈ। ਅਸੀਂ ਏਕਿ ਦ੍ਰਿਸ਼ਟ ਬਣ ਜਾਂਦੇ ਹਾਂ ਅਤੇ ਸ਼ੁੱਧ ਅਤੇ ਪਵਿੱਤਰ ਖੁਸ਼ੀਆਂ - ਸਤਿ ਚਿੱਤ ਆਨੰਦ - ਨੂੰ ਮਾਣਦੇ ਹਾਂ - ਜਿਹੜਾ ਕਿ ਪਰਮ ਜੋਤ ਪੂਰਨ ਪ੍ਰਕਾਸ਼ - ਅਕਾਲ ਪੁਰਖ ਦਾ ਨਿਰਗੁਣ ਸਰੂਪ ਹੈ।

੧੦. ਸਤਿਨਾਮ ਦੇ ਗੁਰਪ੍ਰਸਾਦਿ ਨਾਲ ਸਾਨੂੰ ਦਰਗਾਹੀ ਅਨਾਦਿ ਖਜ਼ਾਨੇ ਪ੍ਰਾਪਤ ਹੋ ਜਾਂਦੇ ਹਨ :

ਸਤਿਨਾਮ ਸਿਮਰਨ ਸਾਰੇ ਅਨਾਦਿ ਖ਼ਜ਼ਾਨੇ ਅਤੇ ਪਰਮ ਅਲੌਕਿਕ ਸ਼ਕਤੀਆਂ - ਜੋ ਨੌਂ ਰਿੱਧੀਆਂ ਅਤੇ ੧੮ ਸਿੱਧੀਆਂ ਨੂੰ ਮਿਲਾ ਕੇ ਬਣਦੀਆਂ ਹਨ, ਨੂੰ ਸਾਡੇ ਚਰਨਾਂ ਵਿੱਚ ਲੈ ਕੇ ਆਉਂਦਾ ਹੈ। ਕ੍ਰਿਪਾ ਕਰ ਕੇ ਮਨ ਵਿੱਚ ਦ੍ਰਿੜ੍ਹ ਕਰ ਰੱਖੋ ਕਿ ਇਹ ਖ਼ਜ਼ਾਨੇ ਸਾਨੂੰ ਹਰ ਤਰ੍ਹਾਂ ਦੀਆਂ ਸ਼ਕਤੀਆਂ - ਕਰਾਮਾਤਾਂ ਕਰਨ ਦੀ ਤਾਕਤ ਦਿੰਦੀਆਂ ਹਨ, ਜਿਹੜੇ ਵੱਡੀ ਗਿਣਤੀ ਲੋਕਾਂ ਨੂੰ ਸਾਡੇ ਵੱਲ ਖਿੱਚਦੇ ਹਨ। ਇਨ੍ਹਾਂ ਸ਼ਕਤੀਆਂ ਦੀ ਵਰਤੋਂ ਕਰ ਕੇ ਅਸੀਂ ਲੋਕਾਂ ਦੀਆਂ ਸੰਸਾਰਿਕ ਇੱਛਾਵਾਂ ਪੂਰੀਆਂ ਕਰ ਸਕਦੇ ਹਾਂ, ਮਸ਼ਹੂਰ ਹੋ ਸਕਦੇ ਹਾਂ, ਬਹੁਤ ਸਾਰਾ ਧਨ ਬਣਾ ਸਕਦੇ ਹਾਂ ਅਤੇ ਹਰ ਤਰ੍ਹਾਂ ਦੇ ਸੰਸਾਰਿਕ ਸੁੱਖ ਅਰਾਮ ਪ੍ਰਾਪਤ ਕਰ ਸਕਦੇ ਹਾਂ। ਪਰ ਮਨ ਵਿੱਚ ਦ੍ਰਿੜ੍ਹ ਰੱਖੋ ਕਿ ਜੇਕਰ ਅਸੀਂ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਇੱਕ ਵਾਰ ਵੀ ਕਰਦੇ ਹਾਂ ਤਦ ਸਾਡਾ ਰੂਹਾਨੀ ਵਿਕਾਸ ਉੱਥੇ ਹੀ ਰੁਕ ਜਾਂਦਾ ਹੈ ਅਤੇ ਤਦ ਅਸੀਂ ਕਦੀ ਵੀ ਮੁਕਤੀ ਪ੍ਰਾਪਤ ਕਰਨ ਦੇ ਯੋਗ ਨਹੀਂ ਰਹਿੰਦੇ। ਜੋ ਮਨੁੱਖ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਨਿਜੀ ਸਵਾਰਥ ਲਈ ਕਰਦੇ ਹਨ ਉਹ ਮਨੁੱਖ ਅਕਾਲ ਪੁਰਖ ਦੇ ਸ਼ਰੀਕ ਬਣ ਜਾਂਦੇ ਹਨ। ਜਦ ਤੁਸੀਂ ਬੰਦਗੀ ਦੀਆਂ ਉੱਚ ਅਵਸਥਾਵਾਂ ਵਿੱਚ ਪਹੁੰਚਦੇ ਹੋ ਤਦ ਅਕਾਲ ਪੁਰਖ ਆਪ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਤੁਹਾਡੇ ਲਈ ਕ੍ਰਿਸ਼ਮਿਆਂ ਦੇ ਰੂਪ ਵਿੱਚ ਕਰਦਾ ਹੈ। ਐਸੇ ਕ੍ਰਿਸ਼ਮੇ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੁਆਰਾ ਗੁਰੂ ਸਾਹਿਬਾਨਾਂ ਦੇ ਸਮੇਂ ਬਹੁਤ ਵਾਰ ਕੀਤੇ ਗਏ। ਜਦ ਮਨੁੱਖ ਦੀ ਬੰਦਗੀ ਪੂਰਨ ਹੁੰਦੀ ਹੈ ਅਤੇ ਦਰਗਾਹ ਵਿੱਚ ਪ੍ਰਵਾਨ ਹੁੰਦੀ ਹੈ ਤਾਂ ਇਹ ਸਾਰੀਆਂ ਸ਼ਕਤੀਆਂ ਐਸੇ ਮਹਾਂਪੁਰਖਾਂ ਦੇ ਚਰਨਾਂ ਵਿੱਚ ਆ ਜਾਂਦੀਆਂ ਹਨ ਅਤੇ ਐਸੇ ਮਹਾਂਪੁਰਖਾਂ ਦੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਸੇਵਾ ਕਰਦੀਆਂ ਹਨ।

੧੧. ਸਤਿਨਾਮ ਦੇ ਗੁਰਪ੍ਰਸਾਦਿ ਨਾਲ ਪੂਰਨ ਬ੍ਰਹਮ ਗਿਆਨ ਅਤੇ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ:

ਸਤਿਨਾਮ ਸਿਮਰਨ ਮਨੁੱਖ ਦੇ ਅੰਦਰ ਬ੍ਰਹਮ ਗਿਆਨ ਅਤੇ ਬ੍ਰਹਮ ਸੂਝ ਲੈ ਕੇ ਆਉਂਦਾ ਹੈ। ਮਨੁੱਖ ਗੁਰਬਾਣੀ ਨੂੰ ਸੁਣਨਾ ਅਤੇ ਸਮਝਣਾ ਸ਼ੁਰੂ ਕਰ ਦਿੰਦਾ ਹੈ। ਇਹ ਅਵਸਥਾ ਵਿੱਚ ਮਨੁੱਖ ਗੁਰਬਾਣੀ ਦੀਆਂ ਸਿੱਖਿਆਵਾਂ ਦਾ ਅਭਿਆਸ ਆਪਣੇ ਰੋਜ਼ਾਨਾ ਜੀਵਨ ਵਿੱਚ ਕਰਨ ਲਈ ਉਤਸ਼ਾਹਿਤ ਹੁੰਦਾ ਹੈ। ਮਨੁੱਖ ਦਾ ਸਤਿਗੁਰੂ, ਗੁਰਬਾਣੀ ਅਤੇ ਅਕਾਲ ਪੁਰਖ ਤੇ ਭਰੋਸਾ ਅਤੇ ਦ੍ਰਿੜ੍ਹਤਾ ਵੱਧਦੀ ਜਾਂਦੀ ਹੈ। ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਹਰ ਤਰ੍ਹਾਂ ਦੀ ਪੂਜਾ ਅਤੇ ਭਗਤੀ ਸਤਿਨਾਮ ਸਿਮਰਨ ਵਿੱਚ ਹੀ ਸਮਾਈ ਹੋਈ ਹੈ। ਇਸ ਦਾ ਭਾਵ ਹੈ ਕਿ ਸਤਿਨਾਮ ਸਿਮਰਨ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ

ਦੀ ਸਰਵ ਉੱਚ ਪੱਧਰ ਦੀ ਸੇਵਾ ਹੈ। ਸਤਿਨਾਮ ਸਿਮਰਨ ਕਰਨ ਨਾਲ ਮਨੁੱਖ ਨੂੰ ਇਹ ਬੋਧ ਹੋ ਜਾਂਦਾ ਹੈ ਅਤੇ ਮਨੁੱਖ ਦੇ ਅੰਦਰ ਇਹ ਦ੍ਰਿੜ੍ਹ ਹੋ ਜਾਂਦਾ ਹੈ ਕਿ ਕੋਈ ਵੀ ਸ਼ਕਤੀ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਰਗੀ ਹੋਰ ਨਹੀਂ ਹੈ ਅਤੇ ਉਹ ਸਰਵ ਉੱਚ ਹੈ ਅਤੇ ਸਾਰੇ ਬ੍ਰਹਿਮੰਡ ਦਾ ਰਚਨਹਾਰ ਹੈ। ਮਨੁੱਖ ਦੇ ਹਿਰਦੇ ਵਿੱਚ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਪ੍ਰਤੀ ਦ੍ਰਿੜ੍ਹਤਾ ਅਤੇ ਵਿਸ਼ਵਾਸ ਵਿਕਸਿਤ ਹੁੰਦਾ ਹੈ। ਸਤਿਨਾਮ ਸਿਮਰਨ ਨਾਲ ਮਨੁੱਖ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਮਨੁੱਖ ਦਾ ਦਸਮ ਦੁਆਰ ਖੁੱਲ੍ਹ ਜਾਂਦਾ ਹੈ। ਮਨੁੱਖ ਦੇ ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ। ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਮਨੁੱਖ ਅਕਾਲ ਪੁਰਖ ਦੇ ਦਰਸ਼ਨ ਕਰਦਾ ਹੈ ਅਤੇ ਦਰਸ਼ਨਾਂ ਦੇ ਨਾਲ ਹੀ ਮਨੁੱਖ ਨੂੰ ਪੂਰਨ ਬ੍ਰਹਮ ਗਿਆਨ ਅਤੇ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ।

੧੨. ਸਤਿਨਾਮ ਦੇ ਗੁਰਪ੍ਰਸਾਦਿ ਨਾਲ ਮਨੁੱਖ ਦੀ ਅੰਦਰੂਨੀ ਤੀਰਥ ਯਾਤਰਾ ਪੂਰਨ ਹੁੰਦੀ ਹੈ :

ਅਸਲ ਤੀਰਥ ਯਾਤਰਾ ਅੰਦਰੂਨੀ ਤੀਰਥ ਯਾਤਰਾ ਹੈ ਅਤੇ ਇਹ ਸਤਿਨਾਮ ਸਿਮਰਨ ਨਾਲ ਵਾਪਰਦੀ ਹੈ। ਇਸ ਦਾ ਭਾਵ ਹੈ ਕਿ ਜਦ ਅਸੀਂ ਸਮਾਧੀ ਵਿੱਚ ਸਤਿਨਾਮ ਸਿਮਰਨ ਦੀਆਂ ਵੱਖ-ਵੱਖ ਅਵਸਥਾਵਾਂ ਵਿੱਚੋਂ ਲੰਘਦੇ ਹਾਂ, ਜਦ ਅਸੀਂ ਰੂਹਾਨੀਅਤ ਦੀਆਂ ਵੱਖ-ਵੱਖ ਅਵਸਥਾਵਾਂ ਜਿਵੇਂ ਜਪੁਜੀ ਬਾਣੀ ਵਿੱਚ ਪ੍ਰਗਟ ਕੀਤੀਆਂ ਗਈਆਂ ਹਨ - ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਅਤੇ ਸੱਚ ਖੰਡ ਵਿੱਚੋਂ ਲੰਘਦੇ ਹਾਂ, ਤਦ ਅਸੀਂ ਬ੍ਰਹਮਤਾ, ਪੂਰਨ ਪ੍ਰਕਾਸ਼, ਗੁਰੂ ਦਰਸ਼ਨ, ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਦਰਸ਼ਨ ਅਤੇ ਸੱਚ ਖੰਡ ਦਰਸ਼ਨ ਦਾ ਅਨੁਭਵ ਕਰਦੇ ਹਾਂ। ਸਾਡਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ ਅਤੇ ਸਾਰੇ ਅਵਗੁਣਾਂ ਨੂੰ ਤਿਆਗ ਕੇ ਬ੍ਰਹਮ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ। ਹਿਰਦੇ ਦਾ ਪੂਰਨ ਸਚਿਆਰੀ ਰਹਿਤ ਵਿੱਚ ਆ ਜਾਣਾ ਹੀ ਅੰਦਰਲਾ ਤੀਰਥ ਅਤੇ ਅਸਲ ਤੀਰਥ ਯਾਤਰਾ ਹੈ। ਜਦ ਅਸੀਂ ਰੂਹਾਨੀਅਤ ਦੀਆਂ ਇਨ੍ਹਾਂ ਅਵਸਥਾਵਾਂ ਵਿੱਚੋਂ ਲੰਘਦੇ ਹਾਂ ਅਤੇ ਸਮਾਧੀ ਅਤੇ ਸੁੰਨ ਸਮਾਧੀ ਵਿੱਚ ਜਾਂਦੇ ਹਾਂ, ਅਸੀਂ ਦਰਗਾਹ ਦੁਆਰਾ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਇਸ ਸਰਵ ਉੱਚ ਸੇਵਾ ਲਈ ਪਰਵਾਣੇ ਜਾਂਦੇ ਹਾਂ। ਅਸੀਂ ਹਰ ਹਾਲਾਤਾਂ ਵਿੱਚ ਸਬਰ ਅਤੇ ਸੰਤੋਖ ਵਿੱਚ ਰਹਿੰਦੇ ਹਾਂ ਅਤੇ ਸਾਡੇ ਆਲੇ-ਦੁਆਲੇ ਹੋ ਰਹੀ ਹਰ ਘਟਣਾ ਪਰਮਾਤਮਾ ਦਾ ਹੁਕਮ ਪ੍ਰਤੀਤ ਹੁੰਦੀ ਹੈ। ਇਸ ਦਾ ਭਾਵ ਹੈ ਕਿ ਅਸੀਂ ਅਕਾਲ ਪੁਰਖ ਦਾ ਹੁਕਮ ਪਹਿਚਾਣਨ ਦੇ ਯੋਗ ਹੋ ਜਾਂਦੇ ਹਾਂ। ਅਸੀਂ ਕਿਸੇ ਵੀ ਹਾਲਾਤ ਲਈ ਸ਼ਿਕਾਇਤ ਨਹੀਂ ਕਰਦੇ ਅਤੇ ਇਸ ਤਰ੍ਹਾਂ ਹਰ ਹਾਲਾਤ ਵਿੱਚ ਸ਼ਾਂਤ ਰਹਿੰਦੇ ਹਾਂ। ਇਸ ਤਰ੍ਹਾਂ ਕਰਨ ਨਾਲ ਅਸੀਂ ਆਪਣੇ ਰੂਹਾਨੀ ਮੰਤਵ ਪ੍ਰਾਪਤ ਕਰਨ ਦੇ ਯੋਗ ਹੋ ਜਾਂਦੇ ਹਾਂ। ਜਦ ਪੰਜੇ ਗਿਆਨ ਅਤੇ ਕਰਮ ਇੰਦਰੀਆਂ ਪੂਰਨ ਹੁਕਮ ਵਿੱਚ ਆ ਜਾਂਦੀਆਂ ਹਨ ਤਾਂ ਪਰਮ ਪਦਵੀ ਦੀ ਪ੍ਰਾਪਤੀ ਹੁੰਦੀ ਹੈ। ਇਸੇ ਲਈ ਗੁਰਬਾਣੀ ਵਿੱਚ ਇਹ ਪਰਮ ਸਤਿ ਤੱਤ ਨੂੰ ਸਪੱਸ਼ਟ ਕੀਤਾ ਗਿਆ ਹੈ:

ਹੁਕਮੁ ਬੂਝਿ ਪਰਮ ਪਦੁ ਪਾਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੯੨)

ਸਤਿਨਾਮ ਸਿਮਰਨ ਅਨਮੋਲ ਦਾਤ ਹੈ ਜਿਹੜੀ ਸਾਨੂੰ ਅਕਾਲ ਪੁਰਖ ਦੀਆਂ ਬਖ਼ਸ਼ੀਸ਼ਾਂ ਨਾਲ ਮਿਲਦੀ ਹੈ। ਸਤਿਨਾਮ ਸਿਮਰਨ ਨਾਲੋਂ ਕੋਈ ਵੀ ਕਰਮ ਉੱਚਾ ਕਰਮ ਨਹੀਂ ਹੈ। ਸਾਨੂੰ

ਹਮੇਸ਼ਾਂ ਹੀ ਐਸੀਆਂ ਰੂਹਾਂ ਅੱਗੇ ਸੀਸ ਝੁਕਾਉਣਾ ਚਾਹੀਦਾ ਹੈ ਜਿਹੜੀਆਂ ਸਤਿਨਾਮ ਸਿਮਰਨ ਦੀ ਬਖ਼ਸ਼ੀਸ਼ ਪ੍ਰਾਪਤ ਕਰ ਲੈਂਦੀਆਂ ਹਨ।

੧੩. ਸਤਿਨਾਮ ਸਿਮਰਨ ਸਰਵ ਸ਼ਕਤੀ ਮਾਣ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਸਰਵ ਉੱਚ ਸੇਵਾ ਹੈ :

ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੬੩)

ਧੰਨ ਧੰਨ ਸਤਿਗੁਰੂ ਅਵਤਾਰ ਅਰਜਨ ਦੇਵ ਪਾਤਸ਼ਾਹ ਜੀ ਨੇ ਸੁਖਮਨੀ ਬਾਣੀ ਵਿੱਚ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਸਤਿਨਾਮ ਸਿਮਰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਸਰਵ ਉੱਤਮ ਸੇਵਾ ਹੈ। ਇਸ ਲਈ ਕਿਸੇ ਮਨੁੱਖ ਦੇ ਵੀ ਮਨ ਵਿੱਚ ਇਸ ਪਰਮ ਸਤਿ ਬਾਰੇ ਕੋਈ ਵੀ ਭਰਮ ਨਹੀਂ ਹੋਣਾ ਚਾਹੀਦਾ ਕਿ 'ਸਤਿਨਾਮ ਸਿਮਰਨ ਅਕਾਲ ਪੁਰਖ ਦੀ ਸਰਵ ਉੱਚ ਸੇਵਾ ਹੈ"। ਇਸ ਦਾ ਭਾਵ ਹੈ ਕਿ ਦੂਸਰੇ ਸਾਰੇ ਧਰਮ-ਕਰਮ ਸਤਿਨਾਮ ਸਿਮਰਨ ਨਾਲੋਂ ਛੋਟੀ ਸੇਵਾ ਹੈ। ਬਹੁਗਿਣਤੀ ਸੰਗਤ ਇਸ ਪਰਮ ਸਤਿ ਨੂੰ ਜਾਣਦੇ ਹੋਏ ਵੀ ਛੋਟੇ ਧਰਮ ਕਰਮਾਂ ਵਿਸ ਉਲਝੀ ਪਈ ਹੈ। ਸਾਰੇ ਚੁੰਚ ਗਿਆਨੀ ਅਤੇ ਅਧੂਰੇ ਪ੍ਰਚਾਰਕ ਇਸ ਪਰਮ ਸਤਿ ਤੱਤ ਨੂੰ ਜਾਣਦੇ ਹੋਏ ਵੀ ਸੰਗਤ ਨੂੰ ਕੇਵਲ ਬਾਣੀ ਪੜ੍ਹਣ ਦੀ ਛੋਟੇ ਪੱਧਰ ਦੀ ਸੇਵਾ ਕਰਨ ਲਈ ਪ੍ਰੇਰਣਾ ਕਰਦੇ ਹਨ। ਕੇਵਲ ਗੁਰਬਾਣੀ ਨੂੰ ਪੜ੍ਹਣਾ ਹੀ ਕਾਫੀ ਨਹੀਂ ਹੈ। ਜਿਸ ਤਰ੍ਹਾਂ ਗੁਰਬਾਣੀ ਦੱਸਦੀ ਹੈ ਉਸ ਦੇ ਅਨੁਸਾਰ ਸਤਿਨਾਮ ਸਿਮਰਨ ਸਰਵ ਸ਼ਕਤੀ ਮਾਣ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਸਰਵ ਉੱਚ ਸੇਵਾ ਹੈ। ਇਹ ਪੂਰਨ ਤੱਤ ਗਿਆਨ ਅਤੇ ਪੂਰਨ ਭਗਤੀ ਦੀ ਪ੍ਰਾਪਤੀ ਲਈ ਲਾਜ਼ਮੀ ਹੈ। ਉਹ ਲੋਕ ਜੋ ਇਸ ਪੂਰਨ ਬ੍ਰਹਮ ਗਿਆਨ ਦੀ ਪਾਲਣਾ ਨਹੀਂ ਕਰਦੇ ਅਤੇ ਹੋਰ ਧਰਮ-ਕਰਮਾਂ ਵਰਗੀ ਘੱਟ ਪੱਧਰ ਦੀ ਸੇਵਾ ਵਿੱਚ ਲੱਗੇ ਰਹਿੰਦੇ ਹਨ ਉਨ੍ਹਾਂ ਮਨੁੱਖਾਂ ਲਈ ਇਸ ਪੂਰਨ ਸਤਿ ਤੱਤ ਤੱਥ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਲਈ ਜੋ ਮਨੁੱਖ ਕੇਵਲ ਗੁਰਬਾਣੀ ਪੜ੍ਹਨ-ਸੁਣਨ ਜਾਂ ਹੋਰ ਧਰਮ ਕਰਮਾਂ ਵਿੱਚ ਵਿਸ਼ਵਾਸ ਕਰਦੇ ਹਨ ਉਨ੍ਹਾਂ ਦੇ ਚਰਨਾਂ ਤੇ ਇਹ ਬੇਨਤੀ ਹੈ ਕਿ ਉਹ ਸਤਿਨਾਮ ਸਿਮਰਨ ਨੂੰ ਸਮਰਪਿਤ ਹੋ ਜਾਣ।

੧੪. ਸਤਿਨਾਮ ਦੇ ਗੁਰਪ੍ਰਸਾਦਿ ਨਾਲ ਅਤਿ ਨਿੰਮਰਤਾ ਅਤੇ ਹਿਰਦਾ ਗਰੀਬੀ ਵੇਸ ਵਿੱਚ ਚਲਾ ਜਾਂਦਾ ਹੈ :

ਅਤਿ ਦੀ ਨਿਮਰਤਾ ਦਰਗਾਹ ਦੀ ਕੁੰਜੀ ਹੈ। ਨਿਮਰਤਾ ਮਨੁੱਖ ਦੀ ਹਉਮੈ ਦਾ ਨਾਸ਼ ਕਰਨ ਵਾਲਾ ਦਰਗਾਹੀ ਅਸਤਰ ਹੈ। ਸਤਿਨਾਮ ਸਿਮਰਨ ਸਾਡੇ ਹਿਰਦੇ ਨੂੰ ਅਤਿ ਨਿਮਰਤਾ ਦੇ ਪਰਮ ਸ਼ਕਤੀਸ਼ਾਲੀ ਬ੍ਰਹਮ ਗੁਣ ਨਾਲ ਭਰਪੂਰ ਕਰ ਦਿੰਦਾ ਹੈ। ਉਹ ਰੂਹ ਜਿਹੜੀ ਸਤਿਨਾਮ ਸਿਮਰਨ ਵਿੱਚ ਲੀਨ ਰਹਿੰਦੀ ਹੈ; ਨਿਮਰਤਾ ਨਾਲ ਭਰਪੂਰ ਹੋ ਜਾਂਦੀ ਹੈ ਅਤੇ ਐਸੀ ਰੂਹ ਦਾ ਹਿਰਦਾ ਗਰੀਬੀ ਵੇਸ ਹਿਰਦਾ ਬਣ ਜਾਂਦਾ ਹੈ। ਉਨ੍ਹਾਂ ਦੀ ਅਤਿ ਨਿਮਰਤਾ ਅਤੇ ਹਿਰਦੇ ਦੀ ਗਰੀਬੀ ਉਨ੍ਹਾਂ ਨੂੰ ਰੂਹਾਨੀਅਤ ਦੀਆਂ ਸ਼ਿਖਰਾਂ ਤੇ ਲੈ ਜਾਂਦੀ ਹੈ।

ਬ੍ਰਹਮ ਗਿਆਨੀ ਸਗਲ ਕੀ ਰੀਨਾ ॥
ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੨)

ਜੋ ਮਨੁੱਖ ਹਿਰਦੇ ਦੀ ਗਰੀਬੀ ਕਮਾਉਂਦੇ ਹਨ ਅਤੇ ਸਾਰੀ ਸ੍ਰਿਸ਼ਟੀ ਦੇ ਚਰਨਾਂ ਦੀ ਧੂੜ

ਬਣ ਜਾਂਦੇ ਹਨ ਉਨ੍ਹਾਂ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। ਸਾਨੂੰ ਸਾਰਿਆਂ ਨੂੰ ਐਸੀਆਂ ਰੂਹਾਂ ਦੇ ਚਰਨਾਂ ਵਿੱਚ ਸੀਸ ਝੁਕਾਉਣਾ ਚਾਹੀਦਾ ਹੈ। ਐਸੀ ਨਿਮਰਤਾ ਕੇਵਲ ਸਤਿਨਾਮ ਸਿਮਰਨ ਨਾਲ ਆਉਂਦੀ ਹੈ। ਐਸੀ ਨਿਮਰਤਾ ਅਕਾਲ ਪੁਰਖ ਦੀ ਦਰਗਾਹ ਦੀ ਕੁੰਜੀ ਹੈ। ਇਸ ਲਈ ਸਭ ਤੋਂ ਵੱਡਾ ਖ਼ਜ਼ਾਨਾ ਅਕਾਲ ਪੁਰਖ ਦਾ ਨਾਮ *ੴ ਸਤਿਨਾਮ* ਹੈ:

ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧੮)

ਜਦ ਅਸੀਂ ਸਤਿਨਾਮ ਸਿਮਰਨ ਕਰਦੇ ਹਾਂ, ਅਸੀਂ ਅਕਾਲ ਪੁਰਖ ਦੇ ਅਨਮੋਲ ਖ਼ਜ਼ਾਨੇ *** ੴ ਸਤਿਨਾਮ *** ਦੇ ਮਾਲਕ ਬਣ ਜਾਂਦੇ ਹਾਂ। ਜਦ ਅਸੀਂ ਇਸ ਅਨਮੋਲ ਰਤਨ ਨੂੰ ਧਾਰਨ ਕਰਦੇ ਹਾਂ ਅਤੇ ਇਹ ਸਾਡੇ ਮਨ ਅਤੇ ਰੂਹਾਨੀ ਹਿਰਦੇ ਵਿੱਚ ਚਲਾ ਜਾਂਦਾ ਹੈ, ਤਦ ਅਸੀਂ ਅਕਾਲ ਪੁਰਖ ਦੀ ਦਰਗਾਹ ਵਿੱਚ ਮਾਣ ਪ੍ਰਾਪਤ ਕਰਦੇ ਹਾਂ। ਸੰਤ, ਬ੍ਰਹਮ ਗਿਆਨੀ ਜਿਹੜਾ ਸਤਿਨਾਮ ਦੇ ਅਨਮੋਲ ਗਹਿਣੇ ਦਾ ਮਾਲਕ ਹੁੰਦਾ ਹੈ ਇਸ ਬ੍ਰਹਿਮੰਡ ਦੀ ਸਭ ਤੋਂ ਅਮੀਰ ਰੂਹ ਬਣ ਜਾਂਦਾ ਹੈ। ਕੁਝ ਵੀ ਸਤਿਨਾਮ ਦੇ ਇਸ ਪਰਮ ਸ਼ਕਤੀਸ਼ਾਲੀ ਖ਼ਜ਼ਾਨੇ ਨਾਲੋਂ ਉੱਪਰ ਨਹੀਂ ਹੈ। ਐਸੀ ਇੱਕ ਰੂਹ :

* ਮਾਣ ਯੋਗ ਬਣ ਜਾਂਦੀ ਹੈ।
* ਬ੍ਰਹਿਮੰਡ ਵਿੱਚ ਹਰ ਜਗ੍ਹਾ ਆਦਰ ਪ੍ਰਾਪਤ ਕਰਦੀ ਹੈ।
* ਆਪਣੀ ਅੰਦਰੂਨੀ ਤੀਰਥ ਯਾਤਰਾ ਪੂਰੀ ਕਰਦੀ ਹੈ।
* ਦਰਗਾਹ ਵਿੱਚ ਪ੍ਰਵਾਨ ਕੀਤੀ ਜਾਂਦੀ ਹੈ।
* ਸਦਾ ਹੀ ਉੱਚ ਰੂਹਾਨੀ ਅਵਸਥਾ ਵਿੱਚ ਰਹਿੰਦੀ ਹੈ।
* ਅਨੰਤਤਾ ਬੇਅੰਤਤਾ ਪ੍ਰਾਪਤ ਕਰ ਲਈ ਹੁੰਦੀ ਹੈ।
* ਸਾਰੇ ਬ੍ਰਹਿਮੰਡ ੧੪ ਲੋਕ-ਪਰਲੋਕਾਂ ਦਾ ਰਾਜਾ ਬਣ ਜਾਂਦਾ ਹੈ।
* ਜੋ ਬੋਲਦਾ ਹੈ ਵਾਪਰ ਜਾਂਦਾ ਹੈ ਉਸ ਦੇ ਸ਼ਬਦ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੁਆਰਾ ਸਤਿਕਾਰੇ ਜਾਂਦੇ ਹਨ।
* ਕਦੀ ਨਹੀਂ ਮਰਦਾ - ਉਹ ਅਨਾਦਿ ਖੁਸ਼ੀਆਂ ਅਤੇ ਅਨਾਦਿ ਸ਼ਾਂਤੀ ਪ੍ਰਾਪਤ ਕਰਦੇ ਹਨ।
* ਮਾਇਆ ਉੱਪਰ ਜਿੱਤ ਪਾ ਲੈਂਦੇ ਹਨ, ਮਨ ਜਿੱਤ ਲੈਂਦੇ ਹਨ, ਸਾਰਾ ਜੱਗ ਜਿੱਤ ਲੈਂਦੇ ਹਨ।
* ਸਦਾ ਹੀ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਲੀਨ ਰਹਿੰਦੇ ਹਨ।

ਸਾਨੂੰ ਸਾਰਿਆਂ ਨੂੰ ਐਸੀਆਂ ਰੂਹਾਂ ਦੇ ਚਰਨਾਂ ਦੀ ਧੂੜ ਲਈ ਅਰਦਾਸ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਕਰਨ ਨਾਲ ਅਕਾਲ ਪੁਰਖ ਸਾਡੇ ਉੱਪਰ ਬਖ਼ਸ਼ੀਸ਼ ਕਰਦਾ ਹੈ ਅਤੇ ਸਾਨੂੰ ਇਸ ਗੁਰਪ੍ਰਸਾਦੀ ਖੇਡ ਵਿੱਚ ਸ਼ਾਮਿਲ ਕਰਦਾ ਹੈ। ਇਹ ਸਭ ਗੁਰ ਕ੍ਰਿਪਾ ਤੋਂ ਬਿਨਾਂ ਨਹੀਂ ਵਾਪਰਦਾ। ਸਾਨੂੰ ਗੁਰ ਕ੍ਰਿਪਾ ਲਈ ਅਰਦਾਸ ਕਰਨੀ ਚਾਹੀਦੀ ਹੈ ਅਤੇ ਸਤਿਨਾਮ ਦੇ

ਅਨਾਦਿ ਖ਼ਜ਼ਾਨਿਆਂ ਦੀ ਮੰਗ ਕਰਨੀ ਚਾਹੀਦੀ ਹੈ। ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਮੰਗਣੀ ਚਾਹੀਦੀ ਹੈ।

੧੫. ਸਤਿਨਾਮ ਦੇ ਗੁਰਪ੍ਰਸਾਦਿ ਨਾਲ ਹਿਰਦਾ ਬ੍ਰਹਮ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ :

ਸਤਿਨਾਮ ਸਿਮਰਨ ਦੇ ਅਨਾਦਿ ਖ਼ਜ਼ਾਨਿਆਂ ਨਾਲ ਸਾਡਾ ਹਿਰਦਾ ਸ਼ਕਤੀਸ਼ਾਲੀ ਅਤੇ ਵਿਸ਼ਾਲ ਹੋ ਜਾਂਦਾ ਹੈ, ਇਹ ਸਾਡੇ ਅੰਦਰ ਦਿਮਾਗ ਅਤੇ ਦਿੱਲ ਦੇ ਸਰਵ ਉੱਚ ਗੁਣ, ਨਿਰ ਸੁਆਰਥ ਸੇਵਾ, ਦੂਸਰਿਆਂ ਲਈ ਬਲੀਦਾਨ ਦੀ ਭਾਵਨਾ, ਗਰੀਬਾਂ ਦੀ ਮਦਦ ਕਰਨਾ, ਦੂਸਰਿਆਂ ਉੱਪਰ ਪਰਉਪਕਾਰ ਅਤੇ ਮਹਾ ਪਰਉਪਕਾਰ ਕਰਨਾ, ਦੂਸਰਿਆਂ ਦੀ ਭਲਾਈ ਲਈ ਸੋਚਣਾ, ਆਪਣੇ ਲਈ ਨਾ ਜੀਅ ਕੇ ਦੂਸਰਿਆਂ ਲਈ ਜਿਉਣਾ, ਹਰ ਗੁਨਾਹ ਲਈ ਮੁਆਫ਼ੀ ਦੇਣ ਦੀ ਸ਼ਮਤਾ, ਪੂਰਨ ਦਿਆਲਤਾ, ਸਤਿ ਸੰਤੋਖ ਅਤੇ ਹਿਰਦੇ ਦੀ ਬੇਅੰਤਤਾ ਆਉਂਦੀ ਹੈ। ਮਨ ਦੀ ਪੂਰਨ ਸ਼ਾਂਤੀ ਅਤੇ ਨਿਰਵਿਕਲਪ ਅਵਸਥਾ ਆਉਂਦੀ ਹੈ। ਮਨ ਵਿਸ਼ਰਾਮ ਵਿੱਚ ਚਲਾ ਜਾਂਦਾ ਹੈ। ਐਸੇ ਪਰਮ ਸ਼ਕਤੀਸ਼ਾਲੀ ਬ੍ਰਹਮ ਗੁਣ ਸਾਡੇ ਜੀਵਨ ਨੂੰ ਸਮਾਜ ਲਈ ਭਾਵ ਪੂਰਨ ਅਤੇ ਮਹਾ ਪਰਉਪਕਾਰੀ ਬਣਾਉਂਦਾ ਹੈ। ਜ਼ਰਾ ਸੋਚੋ ਅਤੇ ਅੰਦਾਜ਼ਾ ਲੱਗਾਓ ਜੇਕਰ ਹਰ ਕੋਈ ਮਨੁੱਖ ਇਸ ਤਰ੍ਹਾਂ ਦਾ (ਭਾਵ ਸਾਰੇ ਬ੍ਰਹਮ ਗੁਣਾਂ ਨਾਲ ਭਰਪੂਰ) ਬਣ ਜਾਵੇ ਤਾਂ ਕੀ ਇਹ ਕਲਿ ਯੁਗ ਸਤਿ ਯੁਗ ਨਹੀਂ ਹੋ ਜਾਵੇਗਾ। ਇਹ ਸੰਤ ਹਿਰਦੇ ਦੇ ਕੁਝ ਮਹੱਤਵਪੂਰਨ ਗੁਣ ਲੱਛਣ ਹਨ ਅਤੇ ਐਸੀਆਂ ਰੂਹਾਂ ਹਮੇਸ਼ਾਂ ਦਰਗਾਹ ਵਿੱਚ ਮਾਣ ਪਾਉਂਦੀਆਂ ਹਨ। ਉਹ ਅਨਾਦਿ ਵਿਸ਼ਰਾਮ ਦਾ ਸਰਵ ਉੱਚ ਪੱਧਰ ਅਤੇ ਪਰਮ ਆਨੰਦ ਆਪਣੇ ਅੰਦਰ ਮਾਣਦੇ ਹਨ। ਐਸੀਆਂ ਰੂਹਾਂ ਆਪਣੇ ਮਨ ਉੱਪਰ ਜਿੱਤ ਪਾ ਲੈਂਦੀਆਂ ਹਨ ਅਤੇ ਉਨ੍ਹਾਂ ਦੀ ਜ਼ਿੰਦਗੀ ਸ਼ੁੱਧ ਅਤੇ ਪਵਿੱਤਰ, ਸਚਿਆਰੀ ਅਤੇ ਸਨਮਾਨ ਯੋਗ ਬਣ ਜਾਂਦੀ ਹੈ। ਐਸੀਆਂ ਰੂਹਾਂ ਜਿਹੜੀਆਂ ਸਤਿਨਾਮ ਸਿਮਰਨ ਵਿੱਚ ਲੱਗੀਆਂ ਹੋਈਆਂ ਹਨ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਵਿੱਚ ਅਭੇਦ ਹੋ ਜਾਂਦੀਆਂ ਹਨ ਅਤੇ ਸਦਾ-ਸਦਾ ਲਈ ਸਤਿ ਚਿੱਤ ਆਨੰਦ ਵਿੱਚ ਰਹਿੰਦੀਆਂ ਹਨ।

੧੬. ਸਤਿਨਾਮ ਦੇ ਗੁਰਪ੍ਰਸਾਦਿ ਨਾਲ ਮਨੁੱਖ ਦੀ ਤ੍ਰਿਸ਼ਣਾ ਬੁੱਝ ਜਾਂਦੀ ਹੈ ਅਤੇ ਚਿੰਤਾ ਦਾ ਅੰਤ ਹੋ ਜਾਂਦਾ ਹੈ :

ਰੂਹ ਅਤੇ ਮਨ ਜੋ ਸਤਿਨਾਮ ਸਿਮਰਨ ਵਿੱਚ ਲੀਨ ਰਹਿੰਦੀ ਹੈ ਉਸ ਲਈ ਸੰਸਾਰਿਕ ਇੱਛਾਵਾਂ ਦੀ ਪੂਰਤੀ ਦੀ ਕੋਈ ਜ਼ਰੂਰਤ ਨਹੀਂ ਰਹਿੰਦੀ ਅਤੇ ਤ੍ਰਿਸ਼ਣਾ ਬੁਝ ਜਾਂਦੀ ਹੈ। ਹਿਰਦਾ ਪੂਰਨ ਸਤਿ ਸੰਤੋਖ ਵਿੱਚ ਚਲਾ ਜਾਂਦਾ ਹੈ। ਉਹ ਹਮੇਸ਼ਾਂ ਪੂਰਨ ਸੰਤੁਸ਼ਟੀ ਅਤੇ ਸਤਿ ਸੰਤੋਖ ਵਿੱਚ ਰਹਿੰਦੀ ਹੈ। ਉਸ ਨੂੰ ਕਿਸੇ ਚੀਜ਼ ਦੀ ਘਾਟ ਨਹੀਂ ਰਹਿੰਦੀ। ਕੋਈ ਸੰਸਾਰਿਕ ਸੁੱਖ ਸੁਵਿਧਾ ਉਨ੍ਹਾਂ ਨੂੰ ਵਿਚਲਿਤ ਨਹੀਂ ਕਰ ਸਕਦਾ। ਉਸ ਦੀਆਂ ਸਾਰੀਆਂ ਚਿੰਤਾਵਾਂ ਖ਼ਤਮ ਹੋ ਜਾਂਦੀਆਂ ਹਨ। ਇਹ ਇਸ ਲਈ ਹੁੰਦਾ ਹੈ ਕਿ ਉਹ ਆਪਣੀਆਂ ਸਭ ਕਿਰਿਆਵਾਂ ਅਤੇ ਪ੍ਰਤੀ ਕਿਰਿਆਵਾਂ ਨੂੰ ਜਾਣਦਾ ਹੈ ਅਤੇ ਅਕਾਲ ਪੁਰਖ ਦੇ ਹੁਕਮ ਵਿੱਚ ਰਹਿੰਦਾ ਹੈ। ਅਸਲ ਵਿੱਚ ਉਸ ਦਾ ਮਨ ਅਤੇ ਰੂਹ ਪੂਰੀ ਤਰ੍ਹਾਂ ਸਥਿਰ ਹੋ ਜਾਂਦੀ ਹੈ। ਇਹ ਬਹੁਤ ਉੱਚ ਰੂਹਾਨੀ ਅਵਸਥਾ ਹੈ ਜਿਸ ਵਿੱਚ ਰੂਹ ਰਹਿੰਦੀ ਹੈ, ਅਤੇ ਇਹ ਅਵਸਥਾ ਕੇਵਲ ਸੱਚ ਖੰਡ ਵਿੱਚ ਆਉਂਦੀ ਹੈ, ਜਦ ਵਿਅਕਤੀ ਪੂਰੀ ਤਰ੍ਹਾਂ ਨਾਲ ਸਚਿਆਰਾ ਬਣ ਜਾਂਦਾ ਹੈ ਅਤੇ ਸਤਿ ਬੋਲਦਾ, ਸਤਿ

ਸੁਣਦਾ, ਅਤੇ ਕੇਵਲ ਸਤਿ ਦੀ ਸੇਵਾ ਕਰਦਾ ਹੈ। ਐਸੀ ਰੂਹ ਸਦਾ-ਸਦਾ ਅਕਾਲ ਪੁਰਖ ਦੀ ਮਹਿਮਾ ਅਤੇ ਗੁਰੂ ਅਤੇ ਸੰਗਤ ਦੀ ਸੇਵਾ ਵਿੱਚ ਲੱਗੀ ਰਹਿੰਦੀ ਹੈ। ਐਸੀ ਰੂਹ ਸਦਾ ਹੀ ਸਥਿਰ ਰਹਿੰਦੀ ਹੈ ਅਤੇ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਲੀਨ ਰਹਿੰਦੀ ਹੈ। ਕੁਝ ਵੀ ਐਸੀ ਰੂਹ ਨੂੰ ਵਿਚਲਿਤ ਨਹੀਂ ਕਰ ਸਕਦਾ, ਜਿਹੜੀ ਸਦਾ ਹੀ ਪੂਰਨ ਅਨਾਦਿ ਸ਼ਾਂਤੀ ਅਤੇ ਆਨੰਦਿਤ ਅਵਸਥਾ ਵਿੱਚ ਰਹਿੰਦੀ ਹੈ। ਉਸ ਦਾ ਹਿਰਦਾ ਹਮੇਸ਼ਾਂ ਹੀ ਕਮਲ ਦੇ ਫੁੱਲ ਵਾਂਗ ਖਿੜਿਆ ਰਹਿੰਦਾ ਹੈ। ਐਸੀਆਂ ਰੂਹਾਂ ਆਪਣੇ ਦਸਮ ਦੁਆਰ ਵਿੱਚ ਲੱਗਾਤਾਰ ਆਧਾਰ ਤੇ ਅਨਾਦਿ ਸੰਗੀਤ ਦਾ ਆਨੰਦ ਮਾਣਦੀਆਂ ਹਨ, ਸਦਾ-ਸਦਾ ਲਈ ਅਨਾਦਿ ਸਤਿ ਚਿੱਤ ਆਨੰਦ ਵਿੱਚ ਰਹਿੰਦੀਆਂ ਹਨ। ਕੇਵਲ ਅਜਿਹੇ ਵਿਅਕਤੀ ਜੋ ਅਕਾਲ ਪੁਰਖ ਦੁਆਰਾ ਬਖ਼ਸ਼ੀਸ਼ ਪ੍ਰਾਪਤ ਕਰਦੇ ਹਨ ਸਤਿਨਾਮ ਸਿਮਰਨ ਦੇ ਇਸ ਅਨਾਦਿ ਖ਼ਜ਼ਾਨੇ ਨੂੰ ਪ੍ਰਾਪਤ ਕਰਦੇ ਹਨ।

੧੭. ਸਤਿਨਾਮ ਦੇ ਗੁਰਪ੍ਰਸਾਦਿ ਨਾਲ ਮਨੁੱਖ ਦਾ ਰੋਜ਼ਾਨਾ ਜੀਵਨ ਬਦਲ ਜਾਂਦਾ ਹੈ, ਸੁੰਦਰ ਹੋ ਜਾਂਦਾ ਹੈ:

ਸਤਿਨਾਮ ਸਿਮਰਨ ਨਾਲ ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਸਹੀ ਵਾਪਰਨ ਲੱਗ ਪੈਂਦਾ ਹੈ। ਤੁਹਾਡੀਆਂ ਸਾਰੀਆਂ ਮੁਸ਼ਕਲਾਂ ਅਲੋਪ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ, ਤੁਹਾਡੀ ਸ਼ੁਭ ਪਾਵਨ ਭਾਵਨਾ ਅਨੁਸਾਰ ਹਰ ਚੀਜ਼ ਵਾਪਰਨ ਲੱਗਦੀ ਹੈ। ਤੁਹਾਡੀ ਜ਼ਿੰਦਗੀ ਸਾਫ਼ ਅਤੇ ਸਾਂਵੀਂ ਪੱਧਰੀ ਬਣ ਜਾਂਦੀ ਹੈ। ਤੁਹਾਡੇ ਰਸਤੇ ਵਿੱਚ ਕੋਈ ਕਠਿਨਾਈ ਨਹੀਂ ਰਹਿੰਦੀ। ਤੁਹਾਡੇ ਆਲੇ-ਦੁਆਲੇ ਦੇ ਲੋਕ ਤੁਹਾਨੂੰ ਚੰਗੀ ਤਰ੍ਹਾਂ ਸਮਝਣ ਲੱਗ ਜਾਂਦੇ ਹਨ ਅਤੇ ਤੁਹਾਡਾ ਸਾਥ ਦੇਣਾ ਸ਼ੁਰੂ ਕਰ ਦਿੰਦੇ ਹਨ। ਤੁਹਾਡਾ ਕੰਮ ਦਾ ਵਾਤਾਵਰਨ ਅਤੇ ਪਰਿਵਾਰ ਦਾ ਮਾਹੌਲ ਖੁਸ਼ ਗਵਾਰ ਬਣ ਜਾਂਦਾ ਹੈ। ਤੁਹਾਨੂੰ ਹਰ ਚੀਜ਼ ਆਸਾਨ ਅਤੇ ਸਾਦੀ ਲੱਗਣ ਲੱਗ ਪੈਂਦੀ ਹੈ। ਪਰਿਵਾਰਕ ਝਗੜੇ ਅਤੇ ਹੋਰ ਮੁਸ਼ਕਲਾਂ ਹੌਲੀ-ਹੌਲੀ ਅਲੋਪ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਤੁਹਾਡਾ ਆਲਾ-ਦੁਆਲਾ ਆਨੰਦਿਤ ਅਤੇ ਵਧੀਆ ਬਣ ਜਾਂਦਾ ਹੈ। ਸਾਰੇ ਕਾਰਜ ਆਪਣੇ ਆਪ ਸਿੱਧੇ ਹੋਣੇ ਸ਼ੁਰੂ ਹੋ ਜਾਂਦੇ ਹਨ।

੧੮. ਸਤਿਨਾਮ ਦੇ ਗੁਰਪ੍ਰਸਾਦਿ ਨਾਲ ਰੂਹਾਨੀ ਸੰਸਾਰ ਦੀਆਂ ਸ਼ਿਖਰਾਂ ਦੀ ਪ੍ਰਾਪਤੀ ਹੁੰਦੀ ਹੈ :

ਸਾਰੇ ਹੀ ਧਰਮਾਂ ਦੇ ਸਾਰੇ ਹੀ ਸੰਤ ਅਤੇ ਭਗਤ ਕੇਵਲ ਸਤਿਨਾਮ ਸਿਮਰਨ ਕਰਨ ਨਾਲ ਹੀ ਸੰਤ ਅਤੇ ਭਗਤ ਬਣੇ ਹਨ। ਐਸੀਆਂ ਰੂਹਾਂ ਇਨ੍ਹਾਂ ਰੂਹਾਨੀਅਤ ਦੀਆਂ ਸ਼ਿਖਰਾਂ ਤੇ ਕੇਵਲ ਸਤਿਨਾਮ ਦੇ ਅਨਾਦਿ ਖ਼ਜ਼ਾਨੇ ਨਾਲ ਹੀ ਪਹੁੰਚੀਆਂ ਜਿਹੜਾ ਉਨ੍ਹਾਂ ਨੇ ਸਾਰੀ ਜ਼ਿੰਦਗੀ ਵਿੱਚ ਨੇਮ ਨਾਲ ਕੀਤਾ। ਇਸ ਤਰ੍ਹਾਂ ਇਹ ਰੂਹਾਂ ਰੂਹਾਨੀ ਤੌਰ ਤੇ ਇੰਨ੍ਹੀਆਂ ਸ਼ਕਤੀਸ਼ਾਲੀ ਬਣੀਆਂ ਅਤੇ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨਾਲ ਇੱਕ ਮਿੱਕ ਹੋ ਗਈਆਂ। ਕਈ ਰੂਹਾਂ ਹਨ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਸਾਹਿਬਾਨ ਨਾਲ ਹੀ ਦਰਜ ਹੈ। ਇਨ੍ਹਾਂ ਵਿੱਚੋਂ ਕੁਝ ਹਨ, ਸੰਤ ਕਬੀਰ ਜੀ, ਭਗਤ ਰਵੀ ਦਾਸ ਜੀ, ਭਗਤ ਨਾਮ ਦੇਵ ਜੀ, ਭਗਤ ਬਾਬਾ ਫਰੀਦ ਜੀ, ਭਗਤ ਪੀਪਾ ਜੀ, ਭਗਤ ਸੈਨ ਨਾਈ ਜੀ, ਭਗਤ ਬੇਣੀ ਜੀ, ਭਗਤ ਤ੍ਰਿਲੋਚਨ ਜੀ ਆਦਿ। ਇਹ ਸਾਰੀਆਂ ਹੀ ਰੂਹਾਂ ਰੂਹਾਨੀਅਤ ਦੇ ਸ਼ਿਖਰਾਂ ਤੇ ਪਹੁੰਚੀਆਂ ਅਤੇ ਅਕਾਲ ਪੁਰਖ ਵਿੱਚ ਲੀਨ ਹੋ ਗਈਆਂ ਅਤੇ ਪਰਮ ਪਦਵੀ ਪ੍ਰਾਪਤ

ਕੀਤੀ ਅਤੇ ਪੂਰਨ ਬ੍ਰਹਮ ਗਿਆਨੀ ਬਣੇ। ਐਸੀਆਂ ਰੂਹਾਂ ਨੂੰ ਪ੍ਰਗਟਿਓ ਜੋਤ ਪੂਰਨ ਬ੍ਰਹਮ ਗਿਆਨੀ ਵੀ ਜਾਣਿਆ ਜਾਂਦਾ ਹੈ। ਐਸੀਆਂ ਰੂਹਾਂ ਦਸਮ ਪਾਤਸ਼ਾਹ ਜੀ ਤੋਂ ਬਾਅਦ ਵੀ ਇਸ ਧਰਤੀ ਤੇ ਆਉਂਦੀਆਂ ਰਹੀਆਂ ਹਨ, ਉਨ੍ਹਾਂ ਵਿੱਚੋਂ ਕੁਝ ਹਨ ਸੰਤ ਬਾਬਾ ਨੰਦ ਸਿੰਘ ਜੀ, ਸੰਤ ਬਾਬਾ ਈਸ਼ਰ ਸਿੰਘ ਜੀ, ਸੰਤ ਬਾਬਾ ਹਰਨਾਮ ਸਿੰਘ ਜੀ ਅਤੇ ਸੰਤ ਬਾਬਾ ਅਤਰ ਸਿੰਘ ਜੀ। ਐਸੀਆਂ ਰੂਹਾਂ ਹੁਣ ਵੀ ਧਰਤੀ ਉੱਪਰ ਮੌਜੂਦ ਹਨ ਅਤੇ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਸਰਵ ਉੱਚ ਪੱਧਰ ਸੇਵਾ - ਸਤਿਨਾਮ ਸਿਮਰਨ, ਪਰਉਪਕਾਰ ਅਤੇ ਮਹਾ ਪਰਉਪਕਾਰ ਵਿੱਚ ਰੱਤੀਆਂ ਹੋਈਆਂ ਹਨ। ਉਹ ਆਉਣ ਵਾਲੇ ਯੁਗਾਂ ਵਿੱਚ ਵੀ ਸੰਗਤ ਨੂੰ ਰੂਹਾਨੀ ਪਰਮ ਸ਼ਕਤੀ ਦੇ ਨਾਲ ਨਿਹਾਲ ਕਰਦੀਆਂ ਰਹਿਣਗੀਆਂ, ਉਨ੍ਹਾਂ ਵਿੱਚੋਂ ਕੁਝ ਇਸ ਵਰਤਮਾਨ ਸਮੇਂ ਵਿੱਚ ਵੀ ਹਨ। ਉਹ ਸੰਗਤ ਦੀ ਸੇਵਾ ਕਰ ਰਹੀਆਂ ਹਨ ਅਤੇ ਐਸੀਆਂ ਰੂਹਾਂ ਆਉਣ ਵਾਲੇ ਯੁਗਾਂ ਵਿੱਚ ਵੀ ਇਸ ਸੰਸਾਰ ਤੇ ਆਉਂਦੀਆਂ ਰਹਿਣਗੀਆਂ।

ਸਤਿ ਪਾਰਬ੍ਰਹਮ ਪਰਮੇਸ਼ਰ ਦੇ ਘਰ ਵਿੱਚ ਸਾਰੇ ਦਰਗਾਹੀ ਖ਼ਜ਼ਾਨਿਆਂ ਦਾ ਕੋਈ ਅੰਤ ਨਹੀਂ ਹੈ। ਸਭ ਤੋਂ ਵੱਡਾ ਦਰਗਾਹੀ ਖ਼ਜ਼ਾਨਾ ਸਤਿਨਾਮ ਦਾ ਗੁਰਪ੍ਰਸਾਦਿ। ਸਤਿਨਾਮ ਦੇ ਗੁਰਪ੍ਰਸਾਦਿ ਦੇ ਨਾਲ ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਮਹਾ ਪਰਉਪਕਾਰ ਦੀ ਸੇਵਾ ਦੇ ਦਰਗਾਹੀ ਖ਼ਜ਼ਾਨੇ ਵੀ ਗੁਰਪ੍ਰਸਾਦਿ ਦੇ ਨਾਲ ਹੀ ਪ੍ਰਾਪਤ ਹੋ ਜਾਂਦੇ ਹਨ। ਜੋ ਮਨੁੱਖ ਸਤਿਨਾਮ ਦੇ ਰੰਗ ਵਿੱਚ ਰੰਗੇ ਜਾਂਦੇ ਹਨ ਉਹ ਮਨੁੱਖ ਦਰਗਾਹ ਵਿੱਚ ਪ੍ਰਵਾਨ ਹੋ ਜਾਂਦੇ ਹਨ। ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿੱਚ ਅਤੇ ਰੋਮ-ਰੋਮ ਵਿੱਚ ਸਤਿਨਾਮ ਪ੍ਰਗਟ ਹੋ ਜਾਂਦਾ ਹੈ ਉਹ ਮਨੁੱਖ ਦਰਗਾਹ ਵਿੱਚ ਪ੍ਰਵਾਨ ਹੋ ਜਾਂਦੇ ਹਨ। ਉਹ ਮਾਇਆ ਉੱਪਰ ਜਿੱਤ ਹਾਸਲ ਕਰ ਕੇ ਅਕਾਲ ਪੁਰਖ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਂਦੇ ਹਨ। ਉਨ੍ਹਾਂ ਦੇ ਹਿਰਦੇ ਵਿੱਚ ਪਰਮ ਜੋਤ ਪ੍ਰਗਟ ਹੋ ਜਾਂਦੀ ਹੈ। ਉਨ੍ਹਾਂ ਦਾ ਹਿਰਦਾ ਸਾਰੇ ਬ੍ਰਹਮ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ। ਐਸੇ ਮਹਾਂਪੁਰਖਾਂ ਦੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ, ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਦਸਮ ਦੁਆਰ ਵਿੱਚ ਅਨਹਦ ਸ਼ਬਦ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਉਨ੍ਹਾਂ ਨੂੰ ਪੂਰਨ ਬ੍ਰਹਮ ਗਿਆਨ, ਤੱਤ ਗਿਆਨ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਲਈ ਸਤਿਨਾਮ ਸਿਮਰਨ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਸਭ ਤੋਂ ਵੱਡੀ ਸੇਵਾ ਹੈ। ਸਤਿਨਾਮ ਸਿਮਰਨ ਵਿੱਚ ਰੱਤੇ ਹੋਏ ਮਨੁੱਖ ਸਤਿ ਰੂਪ ਹੋ ਜਾਂਦੇ ਹਨ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਮਾ ਜਾਂਦੇ ਹਨ। ਐਸੇ ਮਹਾਂਪੁਰਖ ਸਤਿ ਪਾਰਬ੍ਰਹਮ ਦੀ ਸਭ ਤੋਂ ਵੱਡੀ ਮਹਿਮਾ ਬਣ ਕੇ ਪ੍ਰਗਟਿਓ ਜੋਤ ਰੂਪ ਪੂਰਨ ਬ੍ਰਹਮ ਗਿਆਨੀ ਦੇ ਰੂਪ ਵਿੱਚ ਧਰਤੀ ਉੱਪਰ ਅੰਮ੍ਰਿਤ ਵਰਤਾਉਂਦੇ ਹਨ, ਗੁਰਪ੍ਰਸਾਦਿ ਵਰਤਾਉਂਦੇ ਹਨ, ਮਹਾ ਪਰਉਪਕਾਰ ਵਰਤਾਉਂਦੇ ਹਨ। ਇਸ ਲਈ ਸਤਿਗੁਰ ਪਾਤਸ਼ਾਹ ਜੀ ਇਹ ਅਰਦਾਸ ਕਰਨ ਦੀ ਜਾਚ ਦੱਸ ਰਹੇ ਹਨ ਕਿ ਮੰਗਣਾ ਹੈ ਤਾਂ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਸਤਿਨਾਮ ਮੰਗੋ, ਬੰਦਗੀ ਮੰਗੋ ਅਤੇ ਸੇਵਾ ਮੰਗੋ ਜਿਸ ਦੀ ਪ੍ਰਾਪਤੀ ਨਾਲ ਤੁਹਾਡਾ ਉਧਾਰ ਹੋ ਜਾਏਗਾ।

■

ਅਨੰਦੁ ਸਾਹਿਬ-ਪਉੜੀ ੪

ਸਾਚਾ ਨਾਮੁ ਮੇਰਾ ਆਧਾਰੋ ॥
ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥
ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥
ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆਂ ਏਹਿ ਵਡਿਆਈਆ ॥
ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥ ਸਾਚਾ ਨਾਮੁ ਮੇਰਾ ਆਧਾਰੋ ॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੭)

ਇਹ ਪਰਮ ਸਤਿ ਤੱਤ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਨਾਮ 'ਸਤਿਨਾਮ' ਹੀ ਮਨੁੱਖ ਦੇ ਜੀਵਨ ਦਾ ਆਧਾਰ ਹੈ। ਕੇਵਲ ਇਤਨਾ ਹੀ ਨਹੀਂ ਇਹ ਪਰਮ ਸਤਿ ਹੈ ਕਿ 'ਸਤਿ' ਸਾਰੀ ਸ੍ਰਿਸ਼ਟੀ ਦਾ ਗਰਭ ਹੈ। ਸਾਰੀ ਸ੍ਰਿਸ਼ਟੀ ਦੀ ਰਚਨਾ 'ਸਤਿ' ਦੀ ਪਰਮ ਸ਼ਕਤੀ ਵਿੱਚੋਂ ਹੀ ਹੋਈ ਹੈ, ਹੋ ਰਹੀ ਹੈ ਅਤੇ ਸਦਾ-ਸਦਾ ਲਈ ਹੁੰਦੀ ਰਹੇਗੀ। ਇਸ ਪਰਮ ਸਤਿ ਤੱਤ ਨੂੰ ਧੰਨ ਧੰਨ ਸਤਿਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਵਿੱਚ ਪ੍ਰਗਟ ਕੀਤਾ ਹੈ:

ਮੂਲੁ ਸਤਿ ਸਤਿ ਉਤਪਤਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੮੪)

ਭਾਵ ਇਹ ਹੈ ਕਿ 'ਸਤਿ' ਵਿੱਚ ਹੀ ਸਾਰੀ ਸ੍ਰਿਸ਼ਟੀ ਨੂੰ ਸਾਜਨ ਦੀਆਂ ਸਾਰੀਆਂ ਪਰਮ ਸ਼ਕਤੀਆਂ ਸਮਾਈਆਂ ਹੋਈਆਂ ਹਨ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਨਾਮ 'ਸਤਿਨਾਮ' ਸਾਰੀ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਦਾ ਆਧਾਰ ਹੈ। ਮਨੁੱਖ ਦਾ ਜੀਵਨ ਇਲਾਹੀ ਜੋਤ ਕਾਰਨ ਹੈ। ਮਨੁੱਖ ਦੀ ਹੋਂਦ ਕੇਵਲ ਜੋਤ ਕਾਰਨ ਹੀ ਹੈ ਅਤੇ ਇਹ ਜੋਤ ਹੀ 'ਸਤਿ' ਹੈ। ਇਹ ਜੋਤ ਹੀ ਮਨੁੱਖ ਦੀ ਰੂਹ ਜਾਂ ਅਤਮਾ ਹੈ। ਇਹ ਜੋਤ ਹੀ ਮਨੁੱਖ ਦੇ ਪ੍ਰਾਣ ਹਨ। ਜਦ ਇਹ ਜੋਤ ਮਨੁੱਖ ਦੀ ਦੇਹੀ ਦਾ ਤਿਆਗ ਕਰ ਦਿੰਦੀ ਹੈ ਤਾਂ ਮਨੁੱਖਾ ਦੇਹੀ ਦਾ ਅੰਤ ਹੋ ਜਾਂਦਾ ਹੈ। ਇਹ ਇਲਾਹੀ ਜੋਤ ਹੀ ਪੰਜ ਤੱਤਾਂ ਨੂੰ (ਹਵਾ, ਪਾਣੀ, ਅਗਨੀ, ਧਰਤੀ ਅਤੇ ਆਕਾਸ਼), ਜੋ ਕਿ ਕੁਦਰਤੀ ਤੌਰ ਤੇ ਆਪਸ ਵਿੱਚ ਇੱਕ ਦੂਜੇ ਦੇ ਵਿਰੋਧੀ ਤੱਤ ਹਨ (ਪਾਣੀ ਅਤੇ ਅਗਨੀ ਇੱਕ ਦੂਜੇ ਦਾ ਵਿਰੋਧ ਕਰਦੇ ਹਨ, ਪਾਣੀ ਅਗਨੀ ਨੂੰ ਬੁਝਾਉਂਦਾ ਹੈ, ਹਵਾ ਅਗਨੀ ਨੂੰ ਭੜਕਾਉਂਦੀ ਹੈ, ਧਰਤੀ ਪਾਣੀ ਵਿੱਚ ਘੁਲ ਜਾਂਦੀ ਹੈ, ਹਵਾ ਪਾਣੀ ਨੂੰ ਜ਼ਬਤ ਕਰ ਲੈਂਦੀ ਹੈ ਆਦਿ) ਇਲਾਹੀ ਹੁਕਮ ਵਿੱਚ ਜੋੜ ਕੇ ਰੱਖਦੀ ਹੈ ਅਤੇ ਮਨੁੱਖਾ ਦੇਹੀ ਦਾ ਨਿਰਮਾਣ ਕਰਦੀ ਹੈ। ਮਨੁੱਖਾ ਦੇਹੀ ਵਿੱਚ ਸਥਿਤ ਇਲਾਹੀ ਜੋਤ ਵਿੱਚ ਹੀ ਸਾਰੀਆਂ ਪਰਮ ਸ਼ਕਤੀਆਂ ਸਮਾਈਆਂ ਹੋਈਆਂ ਹਨ। ਮਨੁੱਖ ਨੂੰ ਬਖ਼ਸ਼ੀਆਂ ਗਈਆਂ ਪੰਜ ਕਲਾਵਾਂ, ਜੋ ਕਿ ਪੰਜ ਗਿਆਨ ਇੰਦਰੀਆਂ ਦੇ ਰੂਪ ਵਿੱਚ ਮਨੁੱਖਾ ਦੇਹੀ ਦਾ ਸੰਚਾਲਨ ਕਰਦੀਆਂ ਹਨ ਅਤੇ ਮਨੁੱਖ ਦੀਆਂ ਪੰਜ ਕਰਮ ਇੰਦਰੀਆਂ ਤੋਂ ਕਰਮ ਕਰਵਾਉਂਦੀਆਂ ਹਨ, ਇਸੇ ਇਲਾਹੀ ਜੋਤ ਕਾਰਨ ਹੀ ਹਨ। ਕੇਵਲ ਇਤਨਾ ਹੀ ਨਹੀਂ, ਇਸ ਇਲਾਹੀ ਜੋਤ ਕਾਰਨ ਹੀ ਮਨੁੱਖ ਦੀ ਰੂਹ ਵਿੱਚ ੭ ਸਤਿ ਸਰੋਵਰ ਸਥਿਤ ਹਨ, ਜਿਨ੍ਹਾਂ ਵਿੱਚ ਸਤਿ ਪਾਰਬ੍ਰਹਮ

ਪਰਮੇਸ਼ਰ ਦੀਆਂ ਬੇਅੰਤ ਪਰਮ ਸ਼ਕਤੀਆਂ ਸਮਾਈਆਂ ਹੋਈਆਂ ਹਨ। ਜੋ ਮਨੁੱਖ ਇਸ ਪਰਮ ਜੋਤ ਨੂੰ ਵਿਸਾਰ ਕੇ ਮਾਇਆ ਨੂੰ ਆਪਣਾ ਗੁਰੂ ਬਣਾ ਲੈਂਦੇ ਹਨ ਉਹ ਮਨੁੱਖ ਮਾਇਆ ਦੀ ਸੇਵਾ ਕਰਦੇ ਹੋਏ ਮਾਇਆ ਦੀ ਗ਼ੁਲਾਮੀ ਵਿੱਚ ਆਪਣਾ ਅਨਮੋਲ ਰਤਨ ਹੀਰਾ ਜਨਮ ਗੁਆ ਬੈਠਦੇ ਹਨ ਅਤੇ ਜਨਮ-ਮਰਨ ਦੇ ਬੰਧਨ ਤੋਂ ਮੁਕਤ ਨਹੀਂ ਹੁੰਦੇ ਹਨ। ਜੋ ਮਨੁੱਖ ਇਸ ਇਲਾਹੀ ਪਰਮ ਜੋਤ ਨੂੰ ਜੋ ਜੀਵਨ ਦਾ ਆਧਾਰ ਹੈ ਉਸ ਨੂੰ ਆਪਣਾ ਗੁਰੂ ਬਣਾ ਲੈਂਦੇ ਹਨ ਉਹ ਮਨੁੱਖ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਸਤਿ ਦੀ ਸੰਗਤ ਵਿੱਚ ਸਤਿ ਦੇ ਛਤਰ ਹੇਠ ਬੈਠ ਕੇ ਆਪਣੀ ਬੰਦਗੀ ਪੂਰਨ ਕਰ ਕੇ ਮਾਇਆ ਨੂੰ ਜਿੱਤ ਲੈਂਦੇ ਹਨ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਸਮਾ ਕੇ ਆਪਣਾ ਜੀਵਨ ਸਫ਼ਲ ਕਰ ਜਾਂਦੇ ਹਨ।

ਸਤਿਨਾਮ ਕੇਵਲ ਮਨੁੱਖਾ ਜੀਵਨ ਦਾ ਹੀ ਆਧਾਰ ਨਹੀਂ ਹੈ। ਸਤਿ ਦੇ ਵਿੱਚ ਸਮਾਈ ਹੋਈ ਬੇਅੰਤ ਪਰਮ ਸ਼ਕਤੀ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਦਾ ਆਧਾਰ ਹੈ। ਇਸ ਪਰਮ ਸਤਿ ਤੱਤ ਨੂੰ ਸਤਿਗੁਰੂ ਅਵਤਾਰ ਧੰਨ ਧੰਨ ਅਰਜਨ ਦੇਵ ਪਾਤਸ਼ਾਹ ਜੀ ਨੇ ਸੁਖਮਨੀ ਬਾਣੀ ਵਿੱਚ ਪ੍ਰਗਟ ਕੀਤਾ ਹੈ:

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਿਮੰਡ ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਣ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ ॥
ਨਾਨਕ ਚਉਥੇ ਪਦ ਮਹਿ ਸੋ ਜਨੁ ਗਤਿ ਪਾਏ ॥੫॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੮੪)

ਪੂਰਨ ਬ੍ਰਹਮ ਗਿਆਨ ਦੇ ਇਸ ਪਰਮ ਸ਼ਕਤੀਸ਼ਾਲੀ ਸਲੋਕ ਵਿੱਚ ਧੰਨ ਧੰਨ ਸਤਿਗੁਰੂ ਸਾਹਿਬ ਜੀ ਨੇ ਇਸ ਪਰਮ ਸਤਿ ਤੱਤ ਦਾ ਖੁਲਾਸਾ ਕੀਤਾ ਹੈ ਕਿ ਸਤਿਨਾਮ ਦੀ ਮਹਿਮਾ ਕਿਤਨੀ ਹੈਰਾਨੀਜਨਕ ਅਤੇ ਵਿਸਮਾਦਜਨਕ ਹੈ। ਧੰਨ ਧੰਨ ਪੰਚਮ ਪਾਤਸ਼ਾਹ ਜੀ ਅਕਾਲ ਪੁਰਖ ਦੇ ਨਾਮ ਸਤਿਨਾਮ ਦੀ ਮਹਿਮਾ ਦੀ ਬੇਅੰਤਤਾ ਨੂੰ ਪ੍ਰਗਟ ਕਰ ਰਹੇ ਹਨ। ਸ੍ਰਿਸ਼ਟੀ ਵਿੱਚ ਵਿਚਰ ਰਹੀ ਸ਼ੈ ਦੀ ਨੀਂਹ ਸਤਿਨਾਮ ਹੈ। ਸ੍ਰਿਸ਼ਟੀ ਵਿੱਚ ਮੌਜੂਦ ਹਰ ਵਸਤੂ ਦਾ ਆਧਾਰ ਸਤਿਨਾਮ ਹੈ। ਸ੍ਰਿਸਟੀ ਵਿੱਚ ਵਿਚਰ ਰਹੀ ਹਰ ਸ਼ੈ ਸਤਿਨਾਮ ਵਿੱਚੋਂ ਉਪਜੀ ਹੈ, ਉਪਜ ਰਹੀ ਹੈ ਅਤੇ ਉਪਜਦੀ ਰਹੇਗੀ। ਸੰਸਾਰ ਵਿੱਚ ਮੌਜੂਦ ਹਰ ਇੱਕ ਰਚਨਾ ਦੀ ਉਤਪਤੀ ਨਾਮ ਵਿੱਚੋਂ ਹੋਈ ਹੈ, ਹੋ ਰਹੀ ਹੈ ਅਤੇ ਹੁੰਦੀ ਰਹੇਗੀ। ਸੰਸਾਰ ਵਿੱਚ ਵਿਚਰ ਰਹੇ ਸਾਰੇ ਜੀਵਤ ਜੀਵ ਜੰਤ ਸਤਿਨਾਮ ਵਿੱਚੋਂ ਸਿਰਜੇ ਹੋਏ ਹਨ, ਸਿਰਜੇ ਜਾ ਰਹੇ ਹਨ ਅਤੇ ਸਿਰਜੇ ਜਾਂਦੇ ਰਹਿਣਗੇ। ਸੰਸਾਰ ਵਿੱਚ ਵਿਚਰ ਰਹੀ ਸਾਰੀ ਬਨਸਪਤ, ਸਾਰੇ ਖੰਡ ਬ੍ਰਹਿਮੰਡ, ਪ੍ਰਿਥਵੀ, ਸੂਰਜ, ਚੰਦ, ਤਾਰੇ, ਸਾਰੇ ਗ੍ਰਹਿ ਨਕਸ਼ੱਤਰ, ਅਤੇ ਹਰ ਚੀਜ਼ ਜਿਹੜੀ ਖੰਡ ਬ੍ਰਹਿਮੰਡਾਂ ਵਿੱਚ ਮੌਜੂਦ ਹੈ - ਭਾਵ ਸ੍ਰਿਸ਼ਟੀ ਦੀ ਹਰ ਰਚਨਾ ਸਤਿਨਾਮ ਵਿੱਚੋਂ ਉਪਜੀ ਹੈ, ਉਪਜ ਰਹੀ ਹੈ ਅਤੇ ਉਪਜਦੀ ਰਹੇਗੀ। ਸਾਰੇ ਧਾਰਮਿਕ ਗ੍ਰੰਥ: ਸਿਮ੍ਰਤੀਆਂ, ਚਾਰ ਵੇਦ, ਸਾਰੇ ਉਪਨਿਸ਼ਦ ਅਤੇ ਸਾਰੇ ਪੁਰਾਣ

ਜਿਨ੍ਹਾਂ ਦੀ ਰਚਨਾ ਯੋਗੀਆਂ, ਰਿਸ਼ੀਆਂ, ਅਤੇ ਮੁਨੀਆਂ ਦੁਆਰਾ ਸਮੇਂ-ਸਮੇਂ ਸਿਰ ਹੋਈ ਹੈ; ਇਨ੍ਹਾਂ ਸਾਰੇ ਧਰਮ ਗ੍ਰੰਥਾਂ ਦਾ ਆਧਾਰ ਵੀ ਸਤਿਨਾਮ ਹੀ ਹੈ। ਭਾਵ ਸ੍ਰਿਸ਼ਟੀ ਵਿੱਚ ਸਮੇਂ-ਸਮੇਂ ਸਿਰ ਪ੍ਰਗਟ ਕੀਤੇ ਗਏ ਸਾਰੇ ਗਿਆਨ ਦਾ ਆਧਾਰ ਵੀ ਸਤਿਨਾਮ ਹੈ। ਗੁਰਬਾਣੀ ਵਿੱਚ ਪ੍ਰਗਟ ਹੋਏ ਪੂਰਨ ਬ੍ਰਹਮ ਗਿਆਨ ਦਾ ਆਧਾਰ ਵੀ ਸਤਿਨਾਮ ਹੀ ਹੈ। ਧੰਨ ਧੰਨ ਗੁਰੂ ਗ੍ਰੰਥ ਸਾਹਿਬ ਦਾ ਆਧਾਰ ਵੀ ਕੇਵਲ ਸਤਿਨਾਮ ਹੀ ਹੈ। ਕਿਉਂਕਿ 'ਸਤਿ' ਨਾਮ ਹੈ ਇਸ ਲਈ 'ਸਤਿ' ਹੀ ਸਾਰੀ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਦਾ ਆਧਾਰ ਹੈ। ਇਸ ਲਈ ਗੁਰਬਾਣੀ ਵਿੱਚ ਪ੍ਰਗਟ ਹੋਏ ਪੂਰਨ ਬ੍ਰਹਮ ਗਿਆਨ ਦਾ ਗੁਰੂ ਵੀ ਸਤਿਨਾਮ ਹੀ ਹੈ। ਧੰਨ ਧੰਨ ਗੁਰੂ ਗ੍ਰੰਥ ਸਾਹਿਬ ਦਾ ਗੁਰੂ ਵੀ ਸਤਿਨਾਮ ਹੀ ਹੈ। ਅੱਜ ਤੱਕ ਧਰਤੀ ਉੱਪਰ ਪ੍ਰਗਟ ਹੋਏ ਸਾਰੇ ਸਤਿਗੁਰੂਆਂ, ਅਵਤਾਰਾਂ, ਸੰਤਾਂ, ਭਗਤਾਂ, ਬ੍ਰਹਮ ਗਿਆਨੀਆਂ, ਪੀਰਾਂ, ਪੈਗੰਬਰਾਂ, ਖ਼ਾਲਸਿਆਂ ਅਤੇ ਗੁਰਮੁਖਾਂ ਦਾ ਗੁਰੂ ਵੀ ਸਤਿਨਾਮ ਹੀ ਹੈ। ਲੋਕ ਪ੍ਰਲੋਕ ਵਿੱਚ ਹਰ ਚੀਜ਼ ਸਤਿਨਾਮ ਵਿੱਚੋਂ ਉਪਜੀ ਹੈ, ਉਪਜ ਰਹੀ ਹੈ ਅਤੇ ਉਪਜਦੀ ਰਹੇਗੀ। ਲੋਕ ਪ੍ਰਲੋਕ ਵਿੱਚ ਹਰ ਚੀਜ਼ ਦੀ ਸੰਸਥਾਪਨਾ ਦਾ ਆਧਾਰ ਸਤਿਨਾਮ ਹੈ। ਅੱਜ ਤੱਕ ਧਰਤੀ ਉੱਪਰ ਪ੍ਰਗਟ ਹੋਇਆ ਸਾਰਾ ਬ੍ਰਹਮ ਗਿਆਨ ਵੀ ਸਤਿਨਾਮ ਦੀ ਹੀ ਦੇਣ ਹੈ। ਮੁੱਕਦੀ ਗੱਲ ਇਹ ਹੈ ਕਿ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਦਾ ਗੁਰੂ ਕੇਵਲ 'ਸਤਿ' ਨਾਮ ਹੀ ਹੈ।

ਇਹ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਜ਼ਰੂਰੀ ਹੈ ਕਿ ਕੇਵਲ 'ਸਤਿ' ਨਾਮ ਦਾ ਗੁਰਪ੍ਰਸਾਦਿ ਹੀ: ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਚਰਨ-ਸ਼ਰਨ ਵਿੱਚ ਲੈ ਜਾ ਸਕਦਾ ਹੈ; ਮਨੁੱਖ ਦੀ ਕੁੰਡਲਨੀ ਸ਼ਕਤੀ ਨੂੰ ਜਾਗਰਿਤ ਕਰ ਕੇ ਸਮਾਧੀ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਕਰਵਾ ਸਕਦਾ ਹੈ; ਮਨੁੱਖ ਦੇ ਰੋਮ-ਰੋਮ ਨੂੰ ਅੰਮ੍ਰਿਤ ਨਾਲ ਭਰਪੂਰ ਕਰ ਸਕਦਾ ਹੈ; ਮਨੁੱਖ ਦੇ ਸਾਰੇ ਬਜਰ ਕਪਾਟ ਅਤੇ ਦਸਮ ਦੁਆਰ ਖੋਲ ਸਕਦਾ ਹੈ; ਮਨੁੱਖ ਦੇ ੭ ਸਤਿ ਸਰੋਵਰਾਂ ਨੂੰ ਪ੍ਰਕਾਸ਼ਮਾਨ ਕਰ ਸਕਦਾ ਹੈ; ਮਨੁੱਖ ਦੇ ਹਿਰਦੇ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਕਰ ਸਕਦਾ ਹੈ; ਮਨੁੱਖ ਦੇ ਹਿਰਦੇ ਨੂੰ ਸਾਰੇ ਇਲਾਹੀ ਸਤਿ ਗੁਣਾਂ ਅਤੇ ਪਰਮ ਸ਼ਕਤੀਆਂ ਨਾਲ ਭਰਪੂਰ ਕਰ ਸਕਦਾ ਹੈ; ਮਨੁੱਖ ਦੀ ਤ੍ਰਿਸ਼ਣਾ ਨੂੰ ਬੁਝਾ ਕੇ, ਪੰਜ ਦੂਤਾਂ ਨੂੰ ਵੱਸ ਕਰਵਾ ਕੇ, ਮਨੁੱਖ ਨੂੰ ਤ੍ਰੈ ਗੁਣ ਮਾਇਆ ਉੱਪਰ ਜਿੱਤ ਪ੍ਰਾਪਤ ਕਰਵਾ ਸਕਦਾ ਹੈ; ਮਨੁੱਖ ਨੂੰ ਆਪਣੇ ਮਨ ਉੱਪਰ ਜਿੱਤ ਹਾਸਲ ਕਰਵਾ ਸਕਦਾ ਹੈ; ਮਨੁੱਖ ਨੂੰ ਜੀਵਨ ਮੁਕਤੀ ਪ੍ਰਾਪਤ ਕਰਵਾ ਸਕਦਾ ਹੈ; ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਸਮਾ ਸਕਦਾ ਹੈ; ਮਨੁੱਖ ਨੂੰ ਪਰਮ ਪਦਵੀ ਪ੍ਰਾਪਤ ਕਰਵਾ ਸਕਦਾ ਹੈ।

ਜਿਹੜੇ ਮਨੁੱਖ ਆਪਣੇ ਆਪ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਵਿੱਚ ਸਮਰਪਿਤ ਕਰ ਦਿੰਦੇ ਹਨ, ਉਨ੍ਹਾਂ ਦੀ ਬੰਦਗੀ ਵਿੱਚ ਅਵਸਥਾ ਆਉਂਦੀ ਹੈ ਜਦੋਂ ਸਤਿਨਾਮ ਨਾਲ ਸਾਰੇ (੭) 'ਸਤਿ' ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ। ਸਤਿ ਪਾਰਬ੍ਰਹਮ ਪਰਮੇਸ਼ਰ ਦਾਤਾ ਕਰਤਾ ਆਪ ਸਾਡੇ ਹਿਰਦੇ ਅੰਦਰ ਸਾਰੇ ਅਨਾਦੀ ਖ਼ਜ਼ਾਨੇ ਸਥਾਪਿਤ ਕਰ ਦਿੰਦਾ ਹੈ। ੭ ਸਤਿ ਸਰੋਵਰ ਜਿਹੜੇ ਸਾਡੀ ਰੂਹ ਦੇ ਅਟੁੱਟ ਅੰਗ ਹਨ ਸਾਰੇ ਦਰਗਾਹੀ ਖ਼ਜ਼ਾਨਿਆਂ ਦਾ ਸਰੋਤ ਹਨ। ਜਦੋਂ ਇਹ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ ਅਤੇ ਸਾਡੀ ਕੁੰਡਲਨੀ ਸ਼ਕਤੀ ਜਾਗ੍ਰਿਤ ਹੋ ਜਾਂਦੀ ਹੈ ਤਦ ਅਸੀਂ ਰੋਮ-ਰੋਮ ਨਾਲ ਸਤਿਨਾਮ ਸਿਮਰਨ ਦੀ ਬਖ਼ਸ਼ੀਸ਼ ਪ੍ਰਾਪਤ ਕਰਦੇ ਹਾਂ। ਸਾਰੇ ਬਜਰ ਕਪਾਟਾਂ ਦਾ ਖੁੱਲ੍ਹਣਾ, ਦਸਮ ਦੁਆਰ ਵਿੱਚ ਅਨਹਦ ਸ਼ਬਦ ਦੀ ਪ੍ਰਾਪਤੀ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਨਾਲ ਸਿੱਧਾ ਸੰਬੰਧ, ਪਰਮ ਜੋਤ ਪੂਰਨ ਪ੍ਰਕਾਸ਼ ਨਾਲ ਹਿਰਦੇ ਦਾ ਭਰਪੂਰ ਹੋ ਜਾਣਾ, ਹਿਰਦੇ ਵਿੱਚ

ਸਾਰੇ ਇਲਾਹੀ ਦਰਗਾਹੀ ਸਤਿ ਗੁਣਾਂ ਅਤੇ ਸ਼ਕਤੀਆਂ ਦਾ ਪ੍ਰਗਟ ਹੋਣਾ, ਇਹ ਸਭ ਕੁਝ ਸਤਿਨਾਮ ਦੀ ਸੇਵਾ ਕਰਨ ਨਾਲ ਸਹਿਜ ਹੀ ਪ੍ਰਾਪਤ ਹੋ ਜਾਂਦਾ ਹੈ।

ਸਤਿ ਸਰੋਵਰਾਂ ਵਿੱਚੋਂ ਇੱਕ ਸਤਿ ਸਰੋਵਰ ਵਿੱਚ ਪੂਰਨ ਬ੍ਰਹਮ ਗਿਆਨ ਦੀਆਂ ਅਲੌਕਿਕ ਸ਼ਕਤੀਆਂ ਰੱਖੀਆਂ ਹੋਈਆਂ ਹਨ ਅਤੇ ਜਦੋਂ ਇਹ ਸਤਿ ਸਰੋਵਰ ਸਤਿਨਾਮ ਨਾਲ ਪ੍ਰਕਾਸ਼ਮਾਨ ਹੋ ਜਾਂਦਾ ਹੈ ਤਦ ਅਸੀਂ ਪੂਰਨ ਬ੍ਰਹਮ ਗਿਆਨ ਪੂਰਨ ਤੱਤ ਗਿਆਨ ਦੀ ਬਖ਼ਸ਼ੀਸ਼ ਪ੍ਰਾਪਤ ਕਰਦੇ ਹਾਂ। ਤੱਤ ਗਿਆਨ ਪੂਰਨ ਬ੍ਰਹਮ ਗਿਆਨ ਦਾ ਸਭ ਤੋਂ ਉੱਚਾ ਪੱਧਰ ਹੈ ਅਤੇ ਇਹ ਗੁਰਬਾਣੀ ਪੜ੍ਹਣ ਨਾਲ ਨਹੀਂ ਆਉਂਦਾ ਹੈ। ਪੂਰਨ ਬ੍ਰਹਮ ਗਿਆਨ ਗੁਰਬਾਣੀ ਪੜ੍ਹਣ ਨਾਲ, ਰੂਹਾਨੀਅਤ ਦੀਆਂ ਪੁਸਤਕਾਂ ਅਤੇ ਲਿਖਤਾਂ ਦਾ ਅਧਿਐਨ ਕਰਨ ਨਾਲ ਨਹੀਂ ਆਉਂਦਾ ਹੈ। ਰੋਮ-ਰੋਮ ਸਿਮਰਨ, ਸਾਰੀਆਂ ਇਲਾਹੀ ਸ਼ਕਤੀਆਂ ਅਤੇ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਕੇਵਲ ਸਤਿ ਸਰੋਵਰਾਂ ਦੇ ਸਤਿਨਾਮ ਦੁਆਰਾ ਪ੍ਰਕਾਸ਼ਮਾਨ ਹੋਣ ਨਾਲ ਹੀ ਹੁੰਦੀ ਹੈ। ਇਸ ਤਰ੍ਹਾਂ ਨਾਲ ਪੂਰਨ ਬ੍ਰਹਮ ਗਿਆਨ ਅਤੇ ਪੂਰਨ ਤੱਤ ਗਿਆਨ ਦਾ ਸੋਮਾ ਮਨੁੱਖ ਦੇ ਅੰਦਰੋਂ ਹੀ ਫੁੱਟਦਾ ਹੈ। ਜਿਹੜੇ ਮਨੁੱਖ ਗੁਰਪ੍ਰਸਾਦਿ ਨੂੰ ਪ੍ਰਾਪਤ ਕਰਦੇ ਹਨ ਅਤੇ ਆਪਣੇ ਆਪ ਨੂੰ ਪੂਰਨ ਭਰੋਸੇ, ਸ਼ਰਧਾ ਅਤੇ ਪ੍ਰੀਤ ਨਾਲ ਆਪਣਾ ਤਨ, ਮਨ ਅਤੇ ਧਨ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਤੌਰ ਤੇ ਸਮਰਪਿਤ ਕਰ ਦਿੰਦੇ ਹਨ, ਉਹ ਮਨੁੱਖ ਧਿਆਨ ਵਿੱਚ ਚਲੇ ਜਾਂਦੇ ਹਨ। ਧਿਆਨ ਵਿੱਚ ਬੈਠ ਕੇ ਲੰਬੇ ਸਤਿਨਾਮ ਅਭਿਆਸ ਨਾਲ ਹੀ ਸਮਾਧੀ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਹੋ ਜਾਂਦੀ ਹੈ। ਧਿਆਨ ਵਿੱਚ ਬੈਠਣ ਨਾਲ (ਭਾਵ ਲੰਬੇ ਸਤਿਨਾਮ ਅਭਿਆਸ ਵਿੱਚ ਬੈਠਣ ਨਾਲ) ਹੀ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ, ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ, ਦਸਮ ਦੁਆਰ ਖੁੱਲ੍ਹ ਜਾਂਦਾ ਹੈ, ਸਤਿਨਾਮ ਰੋਮ-ਰੋਮ ਵਿੱਚ ਚਲਾ ਜਾਂਦਾ ਹੈ ਅਤੇ ਪੂਰਨ ਬ੍ਰਹਮ ਗਿਆਨ ਦਾ ਸੋਮਾ ਫੁੱਟ ਪੈਂਦਾ ਹੈ।

ਕਿਉਂਕਿ ਮਾਇਆ ਦੇ ਤਿੰਨ ਰੂਪ ਹਨ: ਰਜੋ (ਤ੍ਰਿਸ਼ਣਾ); ਤਮੋ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ); ਸਤੋ (ਦਇਆ, ਧਰਮ, ਸੰਤੋਖ, ਸੰਜਮ); ਇਸ ਲਈ ਜਿਹੜਾ ਮਨੁੱਖ ਇਨ੍ਹਾਂ ਤਿੰਨਾਂ ਰੂਪਾਂ ਦੇ ਪ੍ਰਭਾਵ ਹੇਠ ਰਹਿੰਦਾ ਹੈ ਉਹ ਮਨੁੱਖ ਮਾਇਆ ਦੇ ਪ੍ਰਭਾਵ ਹੇਠ ਰਹਿੰਦਾ ਹੈ, ਭਾਵ ਉਹ ਮਨੁੱਖ ਮਾਇਆ ਦਾ ਗ਼ੁਲਾਮ ਹੈ। ਜਿਹੜੇ ਮਨੁੱਖ ਵੱਡੇ ਭਾਗਾਂ ਵਾਲੇ ਹਨ ਉਹ ਗੁਰਪ੍ਰਸਾਦਿ ਦੀ ਬਖ਼ਸ਼ੀਸ਼ ਪ੍ਰਾਪਤ ਕਰਦੇ ਹਨ ਅਤੇ ਪੂਰਨ ਬੰਦਗੀ ਦੀ ਪ੍ਰਕਿਰਿਆ ਵਿੱਚੋਂ ਗੁਜ਼ਰਦੇ ਹਨ ਅਤੇ ਮਾਇਆ ਨੂੰ ਜਿੱਤ ਕੇ ਮਾਇਆ ਤੋਂ ਪਰੇ ਚਲੇ ਜਾਂਦੇ ਹਨ, ਜਿਸ ਅਵਸਥਾ ਨੂੰ 'ਚੌਥਾ ਪਦ' ਕਿਹਾ ਗਿਆ ਹੈ। ਮਾਇਆ ਦੇ ਤਿੰਨ ਰੂਪ ਅਤੇ 'ਚੌਥਾ ਪਦ' ਮਾਇਆ ਤੋਂ ਪਰੇ ਜੀਵਨ ਮੁਕਤੀ ਹੈ। ਜਦੋਂ ਅਸੀਂ ਮਾਇਆ ਨੂੰ ਜਿੱਤ ਲੈਂਦੇ ਹਾਂ ਤਾਂ ਅਸੀਂ 'ਚੌਥੇ ਪਦ' ਵਿੱਚ ਚਲੇ ਜਾਂਦੇ ਹਾਂ, ਜਿਥੇ ਅਸੀਂ ਜੀਵਨ ਮੁਕਤੀ ਦੀ ਬਖ਼ਸ਼ੀਸ਼ ਪ੍ਰਾਪਤ ਕਰਦੇ ਹਾਂ। ਪੂਰਨ ਸਤਿ ਤੱਤ ਇਹ ਹੈ ਕਿ ਸਤਿਨਾਮ ਸਾਨੂੰ ਮਾਇਆ ਨੂੰ ਜਿੱਤ ਕੇ 'ਚੌਥੇ ਪਦ' ਤੱਕ ਲੈ ਜਾਂਦਾ ਹੈ ਜਿਸ ਵਿੱਚ ਜੀਵਨ ਮੁਕਤੀ ਹੈ। ਇਸੇ ਕਰ ਕੇ ਸਤਿਨਾਮ ਦੇ ਗੁਰਪ੍ਰਸਾਦਿ ਵਿੱਚ ਅਸੀਮ ਪਰਮ ਬ੍ਰਹਮ ਸ਼ਕਤੀ ਹੈ।

ਉਹ ਮਨੁੱਖ ਜਿਹੜੇ ਸਤਿਨਾਮ ਦੀ ਬਖ਼ਸ਼ੀਸ਼ ਪ੍ਰਾਪਤ ਕਰਦੇ ਹਨ ਉਹ ਵਡਭਾਗੇ ਹਨ ਇਸ ਲਈ ਉਨ੍ਹਾਂ ਨੂੰ ਇਸ ਗੁਰਪ੍ਰਸਾਦੀ ਗੁਰਕਿਰਪਾ ਨੂੰ ਐਵੇਂ ਹੀ ਨਹੀਂ ਸਮਝਣਾ ਚਾਹੀਦਾ ਅਤੇ ਇਸ ਪਰਮ ਸ਼ਕਤੀ ਦੀ ਨਿਰਾਦਰੀ ਨਹੀਂ ਕਰਨੀ ਚਾਹੀਦੀ ਹੈ। ਉਨ੍ਹਾਂ ਮਨੁੱਖਾਂ ਨੂੰ ਤਨ-ਮਨ-ਧਨ ਨਾਲ ਗੁਰਪ੍ਰਸਾਦਿ ਦੀ ਇਸ ਪੂਰਨ ਬ੍ਰਹਮ ਪਰਮ ਸ਼ਕਤੀ ਦੀ ਸੇਵਾ ਕਰਨੀ ਚਾਹੀਦੀ

ਹੈ। ਜੋ ਮਨੁੱਖ ਗੁਰਪ੍ਰਸਾਦਿ ਦੀ ਨਿਰਾਦਰੀ ਕਰਦੇ ਹਨ ਉਹ ਅੱਤ ਦਰਜੇ ਦੇ ਮੂਰਖ ਹਨ ਅਤੇ ਆਪਣਾ ਜਨਮ ਗੁਆ ਬੈਠਦੇ ਹਨ। ਦਾਸ ਦਾ ਇਹ ਆਪਣਾ ਅਨੁਭਵ ਹੈ ਕਿ ਗੁਰਪ੍ਰਸਾਦੀ ਗੁਰਕਿਰਪਾ ਬਹੁਤ ਸਾਰੀ ਸੰਗਤ ਉੱਪਰ ਵਾਪਰਦੀ ਹੈ ਪਰੰਤੂ ਸਮੱਸਿਆ ਇਹ ਹੈ ਕਿ ਕੋਈ ਵਿਰਲਾ ਹੀ ਸਤਿਨਾਮ ਦੇ ਗੁਰਪ੍ਰਸਾਦਿ ਦੀ ਇਸ ਪਰਮ ਸ਼ਕਤੀ ਦੀ ਸੇਵਾ ਸੰਭਾਲਤਾ ਅਤੇ ਕਮਾਈ ਕਰਦਾ ਹੈ। ਕੋਈ ਵਿਰਲਾ ਮਨੁੱਖ ਹੀ ਸਤਿਗੁਰੂ ਦੇ ਚਰਨਾਂ ਉੱਪਰ ਤਨ-ਮਨ-ਧਨ ਨਾਲ ਪੂਰਨ ਸਮਰਪਣ ਕਰ ਕੇ ਆਪਣੀ ਬੰਦਗੀ ਪੂਰਨ ਕਰਦਾ ਹੈ। ਬਹੁਗਿਣਤੀ ਸੰਗਤ ਭਰਮਾਂ ਵਿੱਚ ਪੈ ਕੇ ਮਾਇਆ ਦੇ ਦਲਦਲ ਵਿੱਚ ਫਿਰ ਧੱਸ ਜਾਂਦੀ ਹੈ ਅਤੇ ਗੁਰਪ੍ਰਸਾਦਿ ਦੀ ਇਸ ਪਰਮ ਸ਼ਕਤੀ ਦੀ ਬੇਅੰਤ ਬਖ਼ਸ਼ੀਸ਼ ਨੂੰ ਗੁਆ ਬੈਠਦੀ ਹੈ। ਇਸ ਦਾ ਵੱਡਾ ਕਾਰਨ ਸੰਗਤ ਦੀਆਂ ਦੁਨਿਆਵੀ ਮੰਗਾਂ ਹਨ। ਇਹ ਪੂਰਨ ਸਤਿ ਹੈ ਕਿ ਸਤਿਗੁਰੂ ਸੰਗਤ ਦੀਆਂ ਕੁਝ ਮੰਗਾਂ ਤਾਂ ਪੂਰੀਆਂ ਕਰ ਸਕਦਾ ਹੈ ਪਰੰਤੂ ਸਾਰੀਆਂ ਮੰਗਾਂ ਪੂਰੀਆਂ ਨਹੀਂ ਕਰ ਸਕਦਾ ਹੈ ਨਾ ਹੀ ਕਰਦਾ ਹੈ। ਦੁਨਿਆਵੀ ਮੰਗਾਂ ਵਿੱਚ ਉਲਝਿਆ ਹੋਇਆ ਮਨੁੱਖ ਸਾਰੀਆਂ ਮੰਗਾਂ ਨਾ ਪੂਰੀਆਂ ਹੋਣ ਕਰ ਕੇ ਮਾਇਆ ਦੀ ਪ੍ਰੀਖਿਆ ਵਿੱਚ ਅਸਫਲ ਹੋ ਕੇ ਆਪਣਾ ਭਰੋਸਾ, ਸ਼ਰਧਾ ਅਤੇ ਪ੍ਰੀਤ ਗੁਆ ਬੈਠਦਾ ਹੈ। ਮੂਰਖ ਮਨੁੱਖ ਮਾਇਆ ਵਿੱਚ ਆਪਣੀ ਦੁਨਿਆਵੀ ਸਫਲਤਾ ਵੇਖਣਾ ਚਾਹੁੰਦਾ ਹੈ, ਇਸ ਲਈ ਗੁਰਪ੍ਰਸਾਦਿ ਗੁਆ ਕੇ ਮਾਇਆ ਦੇ ਭਰਮ ਜਾਲ ਵਿੱਚ ਮੁੜ ਜਾ ਕੇ ਫਸ ਜਾਂਦਾ ਹੈ।

ਮਨੁੱਖ ਦੀਆਂ ਦੁਨਿਆਵੀ ਮੰਗਾਂ ਦਾ ਕੋਈ ਅੰਤ ਨਹੀਂ ਹੈ। ਸਾਰੀ ਸੰਗਤ ਕੇਵਲ ਦੁਨਿਆਵੀ ਮੰਗਾਂ ਲੈ ਕੇ ਹੀ ਸਤਿਗੁਰੂ ਦੇ ਚਰਨਾਂ ਵਿੱਚ ਆਉਂਦੀ ਹੈ। ਕੋਈ ਵਿਰਲਾ ਮਨੁੱਖ ਹੈ ਜੋ ਕਿ ਸਤਿਗੁਰੂ ਦੇ ਚਰਨਾਂ ਵਿੱਚ ਬੰਦਗੀ ਲੈਣ ਅਤੇ ਕਰਨ ਲਈ ਆਉਂਦਾ ਹੈ। ਇਹ ਪੂਰਨ ਸਤਿ ਤੱਤ ਨੂੰ ਜਾਣਨਾ, ਸਮਝਨਾ, ਅਤੇ ਮੰਨਣਾ ਬੇਅੰਤ ਜ਼ਰੂਰੀ ਹੈ ਕਿ ਮਨੁੱਖ ਦਾ ਜੀਵਨ ਸੁਖੀ ਕੇਵਲ ਤਾਂ ਹੋ ਸਕਦਾ ਹੈ ਅਤੇ ਉਸ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਅਤੇ ਸਾਰੇ ਦੁੱਖਾਂ-ਕਲੇਸ਼ਾਂ ਦਾ ਅੰਤ ਤਾਂ ਹੋ ਸਕਦਾ ਹੈ ਜਦ ਉਸ ਦੇ ਪਿਛਲੇ ਸਾਰੇ ਕਰਮਾਂ ਦੇ ਬੰਧਨ ਟੁੱਟਦੇ ਹਨ। ਮਨੁੱਖ ਦੇ ਸਾਰੇ ਪਿਛਲੇ ਕਰਮਾਂ ਦੇ ਬੰਧਨ ਤਾਂ ਟੁੱਟਦੇ ਹਨ ਜਦ ਮਨੁੱਖ ਦੀ ਬੰਦਗੀ ਦਰਗਾਹ ਵਿੱਚ ਪ੍ਰਵਾਨ ਚੜ੍ਹਦੀ ਹੈ ਅਤੇ ਉਸ ਦੇ ਹਿਰਦੇ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਇਸ ਲਈ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜੋ ਮਨੁੱਖ ਆਉਂਦਾ ਹੈ ਉਸ ਨੂੰ ਦੁਨਿਆਵੀ ਮੰਗਾਂ ਨੂੰ ਛੱਡ ਕੇ ਕੇਵਲ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਮੰਗ ਕਰਨੀ ਚਾਹੀਦੀ ਹੈ। ਜਿਨ੍ਹਾਂ ਮਨੁੱਖਾਂ ਨੂੰ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ ਉਨ੍ਹਾਂ ਮਨੁੱਖਾਂ ਨੂੰ ਕੇਵਲ ਆਪਣੀ ਬੰਦਗੀ ਵੱਲ ਧਿਆਨ ਦੇਣਾ ਚਾਹੀਦਾ ਹੈ। ਜਿਨ੍ਹਾਂ ਮਨੁੱਖਾਂ ਨੂੰ ਸਤਿਗੁਰੂ ਦੀ ਕਿਰਪਾ ਨਾਲ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ ਉਨ੍ਹਾਂ ਮਨੁੱਖਾਂ ਨੂੰ ਕੇਵਲ ਸਤਿਗੁਰੂ ਦੇ ਚਰਨਾਂ ਉੱਪਰ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਤਨ-ਮਨ-ਧਨ ਅਰਪਣ ਕਰ ਕੇ ਆਪਣੀ ਬੰਦਗੀ ਪੂਰਨ ਕਰਨ ਵਿੱਚ ਇੱਕ ਜੁੱਟ ਹੋ ਕੇ ਲੱਗ ਜਾਣਾ ਚਾਹੀਦਾ ਹੈ।

ਮਨੁੱਖ ਦੀ ਤ੍ਰਿਸ਼ਣਾ ਕੇਵਲ ਸਤਿਨਾਮ ਦੇ ਗੁਰਪ੍ਰਸਾਦਿ ਨਾਲ ਹੀ ਬੁਝਦੀ ਹੈ। ਮਨੁੱਖ ਦੀ ਤ੍ਰਿਸ਼ਣਾ ਕਾਰਨ ਹੀ ਮਨੁੱਖ ਮਾਇਆ ਦੇ ਦਲਦਲ ਵਿੱਚ ਫੱਸਿਆ ਰਹਿੰਦਾ ਹੈ। ਮਨੁੱਖ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀ ਗ਼ੁਲਾਮੀ ਵਿੱਚ ਸਾਰੇ ਅਸਤਿ ਕਰਮ ਕਰਦਾ ਹੈ। ਸਾਰੇ ਅਸਤਿ ਕਰਮ ਕੇਵਲ ਗੁਨਾਹ ਸਮ ਹੀ ਹੁੰਦੇ ਹਨ। ਮਾਇਆ ਦੇ ਦਲਦਲ ਵਿੱਚ ਫੱਸਿਆ ਹੋਇਆ ਮਨੁੱਖ ਜਦੋਂ ਅਸਤਿ ਕਰਮ ਕਰਦਾ

ਹੈ ਤਾਂ ਉਹ ਅਸਤਿ ਕਰਮ ਕਦੇ ਵੀ ਮਨੁੱਖ ਦਾ ਭਲਾ ਨਹੀਂ ਕਰਦੇ ਬਲਕਿ ਸਦਾ ਨੁਕਸਾਨ ਹੀ ਕਰਦੇ ਹਨ। ਪਰੰਤੂ ਮੂਰਖ ਮਨੁੱਖ ਇਸ ਭੁਲੇਖੇ ਵਿੱਚ ਰਹਿੰਦਾ ਹੈ ਕਿ ਉਹ ਆਪਣਾ ਭਲਾ ਕਰ ਰਿਹਾ ਹੈ। ਮੂਰਖ ਮਨੁੱਖ ਇਹ ਨਹੀਂ ਸੋਚਦਾ ਕਿ ਝੂਠ ਕਰਮ ਕਰ ਕੇ ਵੀ ਕਦੇ ਭਲਾ ਹੋ ਸਕਦਾ ਹੈ ? ਝੂਠ ਕਰਮ ਕਰ ਕੇ ਕਦੇ ਕਿਸੇ ਦਾ ਲਾਭ ਹੋ ਸਕਦਾ ਹੈ ? ਝੂਠ ਦਾ ਸਹਾਰਾ ਲੈ ਕੇ ਕਮਾਈ ਦੌਲਤ ਜ਼ਹਿਰ ਸਮਾਨ ਹੁੰਦੀ ਹੈ। ਝੂਠੇ ਕਰਮ ਕਰ ਕੇ ਕਮਾਈ ਗਈ ਜਾਇਦਾਦ ਮਨੁੱਖ ਦੀ ਅਧਿਆਤਮਿਕ ਤਬਾਹੀ ਦਾ ਕੰਮ ਕਰਦੀ ਹੈ। ਝੂਠ ਕਰਮ ਕਰ ਕੇ ਕੀਤਾ ਗਿਆ ਕਿਸੇ ਕਿਸਮ ਦਾ ਫਾਇਦਾ ਕਦੇ ਫਾਇਦਾ ਨਹੀਂ ਹੁੰਦਾ ਬਲਕਿ ਮਨੁੱਖ ਦੇ ਜੀਵਨ ਵਿੱਚ ਦੁੱਖਾਂ-ਕਲੇਸ਼ਾਂ ਦਾ ਕਾਰਨ ਬਣਦਾ ਹੈ। ਮਾਇਆ ਦੀ ਗ਼ੁਲਾਮੀ ਵਿੱਚ ਕੀਤੇ ਗਏ ਸਾਰੇ ਅਸਤਿ ਕਰਮ ਹੀ ਮਨੁੱਖ ਦੇ ਜੀਵਨ ਨੂੰ ਨਰਕ ਸਮਾਨ ਬਣਾ ਦਿੰਦੇ ਹਨ। ਤ੍ਰਿਸ਼ਣਾ ਦੀ ਅਗਨ ਵਿੱਚ ਦਿਨ ਰਾਤ ਸੜ੍ਹਦਾ-ਬਲਦਾ ਹੋਇਆ ਵੀ ਮੂਰਖ ਮਨੁੱਖ ਅਸਤਿ ਕਰਮ ਕਰਨ ਤੋਂ ਬਾਜ਼ ਨਹੀਂ ਆਉਂਦਾ ਅਤੇ ਤ੍ਰਿਸ਼ਣਾ ਦੀ ਨਾ ਬੁਝਣ ਵਾਲੀ ਇਸ ਭੱਠੀ ਵਿੱਚ ਦਿਨ ਰਾਤ ਝੁਲਸਦਾ ਰਹਿੰਦਾ ਹੈ। ਤ੍ਰਿਸ਼ਣਾ ਦੀ ਅਗਨ ਮਨੁੱਖ ਦੀ ਮਤਿ ਮਾਰ ਦਿੰਦੀ ਹੈ ਅਤੇ ਮਨੁੱਖ ਤ੍ਰਿਸ਼ਣਾ ਦੇ ਜਾਲ ਵਿੱਚ ਉਲਝਿਆ ਰਹਿੰਦਾ ਹੈ।

ਕੇਵਲ ਸਤਿਨਾਮ ਦਾ ਗੁਰਪ੍ਰਸਾਦਿ ਹੀ ਮਨੁੱਖ ਦੀ ਤ੍ਰਿਸ਼ਣਾ ਨੂੰ ਸ਼ਾਂਤ ਕਰਦਾ ਹੈ। ਕੇਵਲ ਸਤਿਨਾਮ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਨਾਲ ਹੀ ਮਨੁੱਖ ਨੂੰ ਮਾਇਆ ਦੇ ਇਸ ਮਹਾ ਵਿਨਾਸ਼ਕਾਰੀ ਜਾਲ ਦੀ ਸੋਝੀ ਪੈਂਦੀ ਹੈ। ਕੇਵਲ ਸਤਿਨਾਮ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਨਾਲ ਹੀ ਮਨੁੱਖ ਨੂੰ ਤ੍ਰਿਸ਼ਣਾ ਅਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਵਿਨਾਸ਼ਕਾਰੀ ਖੇਲ ਦੀ ਸਮਝ ਪੈਂਦੀ ਹੈ ਅਤੇ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀ ਨੂੰ ਪਹਿਚਾਣ ਕੇ ਬੰਦਗੀ ਵਿੱਚ ਲੀਨ ਹੋ ਜਾਂਦਾ ਹੈ। ਸਤਿਨਾਮ ਸਿਮਰਨ ਦੇ ਲੰਬੇ ਅਭਿਆਸ ਵਿੱਚ ਬੈਠ ਕੇ ਮਨੁੱਖ ਦਾ ਮਨ ਚਿੰਦਿਆ ਜਾਂਦਾ ਹੈ। ਸਤਿਨਾਮ ਸਿਮਰਨ ਦੇ ਅਭਿਆਸ ਨਾਲ ਮਨੁੱਖ ਦੀ ਸਮਾਧੀ ਲੱਗ ਜਾਂਦੀ ਹੈ ਅਤੇ ਜਦ ਸਮਾਧੀ ਵਿੱਚ ਬੈਠ ਕੇ ਮਨੁੱਖ ਸਤਿਨਾਮ ਸਿਮਰਨ ਕਰਦਾ ਹੈ ਤਾਂ ਸੁੰਨ ਸਮਾਧੀ ਦੀ ਪ੍ਰਾਪਤੀ ਹੋ ਜਾਂਦੀ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਗਏ ਲੰਬੇ ਅਭਿਆਸ ਨਾਲ ਮਨੁੱਖ ਦਾ ਮਨ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ। ਸਾਰੇ ਵਿਚਾਰਾਂ ਦਾ ਅੰਤ ਹੋ ਜਾਂਦਾ ਹੈ। ਤ੍ਰਿਸ਼ਣਾ ਬੁਝ ਜਾਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਮਨੁੱਖ ਦੇ ਚਰਨਾਂ ਹੇਠ ਚਲੇ ਜਾਂਦੇ ਹਨ। ਮਨੁੱਖ ਮਾਇਆ ਨੂੰ ਜਿੱਤ ਕੇ ਚਉਥੇ ਪਦਿ ਵਿੱਚ ਅਕਾਲ ਪੁਰਖ ਵਿੱਚ ਅਭੇਦ ਹੋ ਜਾਂਦਾ ਹੈ। ਜੀਵਨ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਅਕਾਲ ਪੁਰਖ ਦੇ ਦਰਸ਼ਨ ਹੋ ਜਾਂਦੇ ਹਨ। ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਮਨ ਸਤਿ ਸੰਤੋਖ ਵਿੱਚ ਚਲਾ ਜਾਂਦਾ ਹੈ। ਇਸ ਦੇ ਨਾਲ ਹੀ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਮਨੁੱਖ ਦਾ ਜੀਵਨ ਕੇਵਲ ਸੰਗਤ ਦੀ ਸੇਵਾ ਵਿੱਚ ਲੀਨ ਹੋ ਜਾਂਦਾ ਹੈ। ਸੰਗਤ ਨੂੰ ਸਤਿਨਾਮ ਜਪਾਉਣਾ ਅਤੇ ਜੀਅ ਦਾਨ ਦੇ ਕੇ ਬੰਦਗੀ ਵਿੱਚ ਮਾਰਗ ਦਰਸ਼ਨ ਕਰਨਾ ਹੀ ਮਨੁੱਖ ਦੀ ਬੰਦਗੀ ਬਣ ਜਾਂਦੀ ਹੈ। ਪਰਉਪਕਾਰ ਅਤੇ ਮਹਾ ਪਰਉਪਕਾਰ ਹੀ ਮਨੁੱਖ ਦਾ ਜੀਵਨ ਬਣ ਜਾਂਦਾ ਹੈ।

ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਾਦਿ ਦੀ ਪ੍ਰਾਪਤੀ ਕੇਵਲ ਪੂਰਨ ਸੰਤ ਸਤਿਗੁਰੂ ਦੀ ਕਿਰਪਾ ਨਾਲ ਹੀ ਹੁੰਦੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਨੇ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤਾਉਣ ਦੀ ਵਡਿਆਈ ਕੇਵਲ ਪੂਰਨ ਸੰਤ ਸਤਿਗੁਰੂ ਨੂੰ ਹੀ ਬਖ਼ਸ਼ੀ ਹੈ। ਪੂਰਨ ਸੰਤ ਸਤਿਗੁਰੂ ਅਤੇ ਸਤਿ ਪਾਰਬ੍ਰਹਮ

ਪਰਮੇਸ਼ਰ ਵਿੱਚ ਕੋਈ ਅੰਤਰ ਨਹੀਂ ਹੁੰਦਾ ਹੈ। ਪੂਰਨ ਸੰਤ ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਨੂੰ ਗੁਰਬਾਣੀ ਵਿੱਚ ਪਰਮੇਸ਼ਰ, ਪੁਰਖ ਵਿਧਾਤਾ ਅਤੇ ਨਿਰੰਕਾਰ ਕਿਹਾ ਗਿਆ ਹੈ। ਜੋ ਮਨੁੱਖ ਪੂਰਨ ਸੰਤ ਸਤਿਗੁਰੂ ਪੂਰਨ ਬ੍ਰਹਮ ਗਿਆਨੀ ਨੂੰ ਗੁਰਬਾਣੀ ਦੇ ਹੁਕਮ ਅਨੁਸਾਰ ਸਤਿ ਪਾਰਬ੍ਰਹਮ ਪਰਮੇਸ਼ਰ ਮੰਨ ਕੇ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਐਸੇ ਮਹਾਂਪੁਰਖਾਂ ਦੇ ਚਰਨਾਂ ਉੱਪਰ ਪੂਰਨ ਸਮਰਪਣ ਕਰ ਦਿੰਦੇ ਹਨ ਉਨ੍ਹਾਂ ਦੇ ਹਿਰਦੇ ਵਿੱਚ ਸਤਿਨਾਮ ਪਰਮ ਜੋਤ ਪੂਰਨ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ। ਪੂਰਨ ਸੰਤ ਸਤਿਗੁਰੂ ਪੂਰਨ ਬ੍ਰਹਮ ਗਿਆਨੀ ਦੀ ਮਹਿਮਾ ਬੇਅੰਤ ਹੈ ਅਤੇ ਕਥੀ ਨਹੀਂ ਜਾ ਸਕਦੀ ਹੈ। ਪੂਰਨ ਸੰਤ ਸਤਿਗੁਰੂ ਪੂਰਨ ਬ੍ਰਹਮ ਗਿਆਨੀ ਆਪ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਸਭ ਤੋਂ ਵੱਡੀ ਮਹਿਮਾ ਹੈ। ਧਰਤੀ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਪੂਰਨ ਸੰਤ ਸਤਿਗੁਰੂ ਪੂਰਨ ਬ੍ਰਹਮ ਗਿਆਨੀ ਦੇ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ। ਇਸ ਲਈ ਜੇਕਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੇ ਪਾਤਰ ਬਣਨਾ ਹੈ ਤਾਂ ਪੂਰਨ ਸੰਤ ਸਤਿਗੁਰੂ ਪੂਰਨ ਬ੍ਰਹਮ ਗਿਆਨੀ ਦੀ ਸੰਗਤ ਲਈ ਅਰਦਾਸ ਕਰੋ ਅਤੇ ਜਦ ਇਸ ਪਰਮ ਸ਼ਕਤੀਸ਼ਾਲੀ ਸੰਗਤ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਐਸੇ ਮਹਾਂਪੁਰਖ ਨੂੰ ਨਿਰੰਕਾਰ ਜਾਣ ਕੇ ਉਸ ਦੇ ਸਤਿ ਚਰਨਾਂ ਉੱਪਰ ਆਪਣਾ ਪੂਰਨ ਆਪਾ ਅਰਪਣ ਕਰ ਕੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਰੋ ਅਤੇ ਆਪਣੀ ਬੰਦਗੀ ਪੂਰਨ ਕਰ ਕੇ ਦਰਗਾਹ ਵਿੱਚ ਮਾਣ ਪ੍ਰਾਪਤ ਕਰ ਕੇ ਜੀਵਨ ਮੁਕਤੀ ਪ੍ਰਾਪਤ ਕਰੋ ਜੀ।

ਮਨੁੱਖ ਦੀ ਪਿਛਲੇ ਜਨਮਾਂ ਦੀ ਕਰਨੀ ਦੇ ਅਨੁਸਾਰ ਮਨੁੱਖ ਨੂੰ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਕੋਲੋਂ ਹੀ ਮਨੁੱਖ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਜੋ ਮਨੁੱਖ ਪੂਰਨ ਸੰਤ ਸਤਿਗੁਰੂ ਦੇ ਚਰਨਾਂ ਉੱਪਰ ਪੂਰਨ ਸ਼ਰਧਾ ਪ੍ਰੀਤ ਅਤੇ ਭਰੋਸੇ ਨਾਲ ਆਪਣਾ ਤਨ-ਮਨ-ਧਨ ਅਰਪਣ ਕਰ ਕੇ ਪੂਰਨ ਸਮਰਪਣ ਕਰ ਦਿੰਦੇ ਹਨ ਉਨ੍ਹਾਂ ਮਨੁੱਖਾਂ ਨੂੰ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਪੂਰਨ ਸੰਤ ਸਤਿਗੁਰੂ ਹੀ ਗੁਰਪ੍ਰਸਾਦਿ ਦਾ ਦਾਤਾ ਹੈ। ਪੂਰਨ ਸੰਤ ਸਤਿਗੁਰੂ ਹੀ ਅੰਮ੍ਰਿਤ ਦਾ ਦਾਤਾ ਹੈ। ਪੂਰਨ ਸੰਤ ਸਤਿਗੁਰੂ ਦੇ ਚਰਨਾਂ ਉੱਪਰ ਪੂਰਨ ਸਮਰਪਣ ਕਰਨ ਵਾਲੇ ਮਨੁੱਖ ਉਸ ਦੇ ਪਰਮ ਸ਼ਕਤੀਸ਼ਾਲੀ ਛਤਰ ਹੇਠ ਬੈਠ ਕੇ ਹੀ ਬੰਦਗੀ ਪੂਰਨ ਕਰ ਕੇ ਆਪਣਾ ਜੀਵਨ ਸਫ਼ਲ ਕਰ ਲੈਂਦੇ ਹਨ। ਪੂਰਨ ਸੰਤ ਸਤਿਗੁਰ ਪੂਰਨ ਬ੍ਰਹਮ ਗਿਆਨੀ ਹੀ ਸਾਰੇ ਦਰਗਾਹੀ ਖ਼ਜ਼ਾਨਿਆਂ ਦਾ ਮਾਲਕ ਹੁੰਦਾ ਹੈ। ਪੂਰਨ ਸੰਤ ਸਤਿਗੁਰ ਪੂਰਨ ਬ੍ਰਹਮ ਗਿਆਨੀ ਕੋਲ ਹੀ ਸਾਰੇ ਦਰਗਾਹੀ ਖ਼ਜ਼ਾਨਿਆਂ ਦੀ ਕੁੰਜੀ ਹੁੰਦੀ ਹੈ। ਪੂਰਨ ਸੰਤ ਸਤਿਗੁਰ ਪੂਰਨ ਬ੍ਰਹਮ ਗਿਆਨੀ ਹੀ ਮੁਕਤ ਜੁਗਤੀ ਜੀਅ ਦਾ ਦਾਤਾ ਹੁੰਦਾ ਹੈ। ਪੂਰਨ ਸੰਤ ਸਤਿਗੁਰ ਪੂਰਨ ਬ੍ਰਹਮ ਗਿਆਨੀ ਹੀ ਅੰਮ੍ਰਿਤ ਦਾ ਦਾਤਾ ਹੁੰਦਾ ਹੈ। ਪੂਰਨ ਸੰਤ ਸਤਿਗੁਰ ਪੂਰਨ ਬ੍ਰਹਮ ਗਿਆਨੀ ਦੇ ਵਿੱਚ ਹੀ ਸਾਰੀਆਂ ਦਰਗਾਹੀ ਇਲਾਹੀ ਪਰਮ ਸ਼ਕਤੀਆਂ ਸਮਾਈਆਂ ਹੋਈਆਂ ਹਨ। ਪੂਰਨ ਸੰਤ ਸਤਿਗੁਰ ਪੂਰਨ ਬ੍ਰਹਮ ਗਿਆਨੀ ਵਿੱਚ ਹੀ ਸਾਰੀਆਂ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਬੇਅੰਤ ਵਡਿਆਈਆਂ ਸਮਾਈਆਂ ਹੋਈਆਂ ਹਨ।

ਗੁਰਬਾਣੀ ਧੰਨ ਧੰਨ ਸਤਿਗੁਰੂ ਪਾਤਸ਼ਾਹ ਜੀ ਦਾ ਉਪਦੇਸ਼ ਹੈ। ਗੁਰਬਾਣੀ ਦਾ ਹਰ ਇੱਕ ਸਲੋਕ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਦਰਗਾਹੀ ਹੁਕਮ ਹੈ। ਇਸ ਲਈ ਗੁਰਬਾਣੀ ਦਾ ਹਰ ਇੱਕ ਸ਼ਬਦ ਗੁਰੂ ਹੈ। ਗੁਰਬਾਣੀ ਦਾ ਹਰ ਇੱਕ ਸ਼ਬਦ ਪੂਰਨ ਸਤਿ ਹੈ ਇਸ ਲਈ ਗੁਰਬਾਣੀ ਦਾ ਹਰ ਇੱਕ ਸ਼ਬਦ ਗੁਰੂ ਹੈ। ਗੁਰਬਾਣੀ ਦਾ ਹਰ ਇੱਕ ਸ਼ਬਦ ਪੂਰਨ ਬ੍ਰਹਮ ਗਿਆਨ ਹੈ। ਇਸ ਲਈ ਗੁਰਬਾਣੀ ਦਾ ਹਰ ਇੱਕ ਸ਼ਬਦ ਗੁਰੂ ਹੈ। ਗੁਰਬਾਣੀ ਅਕਾਲ ਪੁਰਖ ਦਾ ਗਿਆਨ

ਸਰੂਪ ਹੈ। ਇਸ ਲਈ ਗੁਰਬਾਣੀ ਦਾ ਹਰ ਇੱਕ ਸ਼ਬਦ ਪੂਰਨ ਸਤਿ ਹੈ ਅਤੇ ਇਹ ਲਈ ਗੁਰਬਾਣੀ 'ਸਤਿ' ਗੁਰੂ ਹੈ। ਇਸ ਲਈ ਗੁਰਬਾਣੀ ਨਿਰੰਕਾਰ ਹੈ। ਇਸ ਲਈ ਸਤਿਗੁਰੂ ਦਾ ਉਪਦੇਸ਼ ਹੈ ਕਿ ਇਸ 'ਸਤਿ' ਗੁਰੂ ਨੂੰ ਧਾਰਨ ਕਰੋ। ਸਤਿਗੁਰੂ ਜੀ ਗੁਰਬਾਣੀ ਵਿੱਚ ਉਪਦੇਸ਼ ਦੇ ਰਹੇ ਹਨ ਕਿ ਗੁਰ ਸ਼ਬਦ ਨੂੰ ਧਾਰਨ ਕਰੋ। ਭਾਵ 'ਸਤਿ' ਨੂੰ ਗੁਰੂ ਧਾਰਨ ਕਰੋ। ਗੁਰਬਾਣੀ ਉਪਦੇਸ਼ ਨੂੰ ਧਾਰਨ ਕਰੋ। ਗੁਰਬਾਣੀ ਦੇ ਉਪਦੇਸ਼ ਨੂੰ ਧਾਰਨ ਕਰਨਾ ਹੀ ਨਿਰੰਕਾਰ ਨੂੰ ਗੁਰੂ ਧਾਰਨ ਕਰਨਾ ਹੈ। ਭਾਵ ਗੁਰਬਾਣੀ ਦੇ ਉਪਦੇਸ਼ ਦੀ ਕਮਾਈ ਕਰੋ। ਆਪਣੇ ਰੋਜ਼ਾਨਾ ਜੀਵਨ ਵਿੱਚ 'ਸਤਿ' ਗੁਰੂ ਗੁਰ ਸ਼ਬਦ ਦੀ ਕਮਾਈ ਕਰੋ। ਜੋ ਗੁਰਬਾਣੀ ਕਹਿ ਰਹੀ ਹੈ ਉਸ ਇਲਾਹੀ ਦਰਗਾਹੀ ਹੁਕਮ ਦੀ ਕਮਾਈ ਕਰੋ। ਕੇਵਲ ਗੁਰਬਾਣੀ ਦੇ ਉਪਦੇਸ਼ ਨੂੰ ਬਾਰੰਬਾਰ ਪੜ੍ਹਣ ਨਾਲ ਕੋਈ ਪ੍ਰਾਪਤੀ ਨਹੀਂ ਹੋਣੀ। ਕੇਵਲ ਗੁਰਬਾਣੀ ਦੇ ਉਪਦੇਸ਼ ਨੂੰ ਬਾਰੰਬਾਰ ਪੜ੍ਹਣ ਨਾਲ 'ਸਤਿ' ਗੁਰੂ ਗੁਰ ਸ਼ਬਦ ਧਾਰਨ ਨਹੀਂ ਹੋਣਾ ਹੈ। ਕੇਵਲ ਗੁਰਬਾਣੀ ਦੇ ਉਪਦੇਸ਼ ਨੂੰ ਬਾਰੰਬਾਰ ਪੜ੍ਹਣ ਨਾਲ ਮਨ ਨਹੀਂ ਚਿੰਦਿਆ ਜਾਣਾ ਹੈ। ਕੇਵਲ ਗੁਰਬਾਣੀ ਦੇ ਉਪਦੇਸ਼ ਨੂੰ ਬਾਰੰਬਾਰ ਪੜ੍ਹਣ ਨਾਲ ਤ੍ਰਿਸ਼ਣਾ ਨਹੀਂ ਬੁਝਣੀ ਅਤੇ ਨਾ ਹੀ ਪੰਜ ਦੂਤ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਵੱਸ ਆਓਣੇ ਹਨ। ਕੇਵਲ ਗੁਰਬਾਣੀ ਦੇ ਉਪਦੇਸ਼ ਨੂੰ ਬਾਰੰਬਾਰ ਪੜ੍ਹਣ ਨਾਲ ਹੀ ਮਾਇਆ ਨਹੀਂ ਜਿੱਤੀ ਜਾਣੀ ਹੈ। ਕੇਵਲ ਗੁਰਬਾਣੀ ਦੇ ਉਪਦੇਸ਼ ਨੂੰ ਬਾਰੰਬਾਰ ਪੜ੍ਹਣ ਨਾਲ ਚਉਥੇ ਪਦਿ ਦੀ ਪ੍ਰਾਪਤੀ ਨਹੀਂ ਹੋਣੀ ਹੈ। ਇਸ ਲਈ ਗੁਰਬਾਣੀ ਦੇ ਉਪਦੇਸ਼ ਨੂੰ ਧਾਰਨ ਕਰੋ, ਗੁਰ ਸ਼ਬਦ ਨੂੰ ਗੁਰੂ ਧਾਰਨ ਕਰੋ, ਗੁਰਬਾਣੀ ਨੂੰ ਆਪਣੀ ਰੋਜ਼ਾਨਾ ਕਰਨੀ ਵਿੱਚ ਲੈ ਕੇ ਆਓ, ਗੁਰਬਾਣੀ ਦੇ ਉਪਦੇਸ਼ ਦਾ ਅਭਿਆਸ ਕਰੋ ਤਾਂ ਰੂਹਾਨੀਅਤ ਵਿੱਚ ਅਗਾਂਹ ਵੱਧ ਸਕੋਗੇ ਨਹੀਂ ਤਾਂ ਜਨਮ ਬਿਰਥਾ ਚਲਾ ਜਾਏਗਾ।

ਗੁਰਬਾਣੀ ਦਾ ਸਭ ਤੋਂ ਉੱਚਾ ਅਤੇ ਵੱਡਾ ਹੁਕਮ 'ਸਤਿ' ਨਾਮ ਹੈ। ਗੁਰਬਾਣੀ ਦਾ ਸਭ ਤੋਂ ਵੱਡਾ ਹੁਕਮ ਉਪਦੇਸ਼ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਨੇ ਗੁਰਬਾਣੀ ਦੇ ਸਭ ਤੋਂ ਪਹਿਲੇ ਸ਼ਬਦ 'ਮੂਲ ਮੰਤਰ' ਵਿੱਚ ਪ੍ਰਗਟ ਕੀਤਾ ਹੈ। ਇਹ ਹੁਕਮ 'ਸਤਿ' ਨਾਮ ਦਾ ਗੁਰਪ੍ਰਸਾਦਿ ਹੈ। ਇਸ ਲਈ ਇਸ ਪਰਮ ਸ਼ਕਤੀਸ਼ਾਲੀ ਹੁਕਮ ਉਪਦੇਸ਼ ਨੂੰ ਧਾਰਨ ਕਰੋ। ਸਤਿਨਾਮ ਦੇ ਇਸ ਮਹਾ ਸ਼ਕਤੀਸ਼ਾਲੀ ਸ਼ਬਦ ਗੁਰੂ ਨੂੰ ਆਪਣਾ ਗੁਰੂ ਧਾਰਨ ਕਰੋ ਅਤੇ ਇਸ ਦੀ ਕਮਾਈ ਕਰੋ। ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਸੇਵਾ ਨਾਲ ਹੀ ਸਾਰੇ ਦਰਗਾਹੀ ਇਲਾਹੀ ਖ਼ਜ਼ਾਨਿਆਂ ਦੀ ਪ੍ਰਾਪਤੀ ਹੋਵੇਗੀ।

■

ਅਨੰਦੁ ਸਾਹਿਬ-ਪਉੜੀ ੫

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੭)

ਸਾਡੇ ਇਸ ਮਨੁੱਖਾ ਜਨਮ ਦੀ ਪੂਰਨ ਸਫਲਤਾ ਲਈ ਕੁਝ ਬਹੁਤ ਹੀ ਮਹੱਤਵਪੂਰਨ ਰੂਹਾਨੀ ਸਤਿ ਤੱਥਾਂ ਦਾ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ। ਗੁਰਬਾਣੀ ਵਿੱਚ ਸਤਿਗੁਰੂ ਸਾਹਿਬਾਨ ਨੇ ਮਨੁੱਖੇ ਜਨਮ ਵਿੱਚ ਬੰਦਗੀ ਦਾ ਮਹਾਤਮ ਅਤੇ ਮਹਿਮਾ ਬਾਰੇ ਬਾਰ-ਬਾਰ ਦ੍ਰਿੜ੍ਹ ਕਰਾਇਆ ਹੈ। ਸਾਰੀ ਗੁਰਬਾਣੀ ਕੇਵਲ ਬੰਦਗੀ ਦੀ ਹੀ ਮਹਿਮਾ ਹੈ। ਸਾਰੀ ਗੁਰਬਾਣੀ ਵਿੱਚ ਮਨੁੱਖਾ ਜਨਮ ਨੂੰ ਸਫ਼ਲ ਕਿਵੇਂ ਕੀਤਾ ਜਾਂਦਾ ਹੈ ਕੇਵਲ ਇਸ ਪਰਮ ਸਤਿ ਨੂੰ ਹੀ ਬਾਰ-ਬਾਰ ਦ੍ਰਿੜ੍ਹ ਕਰਵਇਆ ਗਿਆ ਹੈ। ਅਸੀਂ ਬੰਦਗੀ ਕਰਦੇ ਹਾਂ: ਜਨਮ ਮਰਨ ਦੇ ਚੱਕਰ ਵਿੱਚੋਂ ਮੁਕਤ ਹੋਣ ਵਾਸਤੇ; ਆਪਣੇ ਆਪ ਨੂੰ ਅੰਦਰੂਨੀ ਤੌਰ ਤੇ ਸਾਫ਼ ਕਰਨ ਲਈ ਅਤੇ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਪ੍ਰਾਪਤੀ ਕਰਨ ਲਈ; ਆਪਣੇ ਸਾਰੇ ਮਾਨਸਿਕ ਰੋਗਾਂ ਤੋਂ ਛੁਟਕਾਰਾ ਪਾਉਣ ਲਈ; ਪੰਜ ਦੂਤਾਂ ਅਤੇ ਤ੍ਰਿਸ਼ਨਾ ਉੱਪਰ ਜਿੱਤ ਪਾਉਣ ਲਈ; ਮਾਇਆ ਤੇ ਪੂਰੀ ਤਰ੍ਹਾਂ ਜਿੱਤ ਪਾਉਣ ਲਈ; ਆਪਣੀ ਰੂਹ ਨੂੰ ਸਾਰੇ ਕਰਮਾਂ ਦੇ ਬੋਝ ਤੋਂ ਮੁਕਤ ਕਰਨ ਲਈ ਤਾਂ ਕਿ ਅਸੀਂ ਸਰਵ-ਸ਼ਕਤੀਮਾਨ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰ ਕੇ ਜੀਵਨ ਮੁਕਤੀ ਪ੍ਰਾਪਤ ਕਰ ਸਕੀਏ, ਪੂਰਨ ਬ੍ਰਹਮ ਗਿਆਨ ਤੱਤ ਗਿਆਨ ਅਤੇ ਆਤਮ ਰਸ ਅੰਮ੍ਰਿਤ ਪ੍ਰਾਪਤ ਕਰ ਸਕੀਏ; ਪੂਰਨ ਅਨਾਦਿ ਸਤਿ ਨੂੰ ਦੇਖਣ, ਬੋਲਣ, ਸੁਣਨ, ਪੂਰਨ ਸਤਿ ਦੀ ਸੇਵਾ ਕਰਨ ਅਤੇ ਵਰਤਾਉਣ ਦੇ ਯੋਗ ਹੋਣ ਲਈ; ਅਕਾਲ ਪੁਰਖ ਵਿੱਚ ਅਭੇਦ ਹੋਣ ਲਈ ਅਤੇ ਸੰਤ ਹਿਰਦਾ ਬਣਨ ਲਈ।

ਬੰਦਗੀ ਕੇਵਲ ਮਾਇਆ ਦੇ ਖ਼ਿਲਾਫ਼ ਜੰਗ ਲੜਨਾ ਅਤੇ ਮਾਇਆ ਨੂੰ ਜਿੱਤਣਾ ਹੈ। ਬੰਦਗੀ ਕੇਵਲ ਮਾਇਆ ਦੀ ਗ਼ੁਲਾਮੀ ਤੋਂ ਮੁਕਤੀ ਪ੍ਰਾਪਤ ਕਰਨਾ ਹੈ। ਬੰਦਗੀ ਕੇਵਲ ਮਾਇਆ ਦੇ ਬੰਧਨਾਂ ਨੂੰ ਤੋੜਨ ਦਾ ਨਾਮ ਹੈ। ਬੰਦਗੀ ਕੇਵਲ ਮਾਇਆ ਦੇ ਬੰਧਨਾਂ ਤੋਂ ਮੁਕਤੀ ਦਾ ਨਾਮ ਹੈ। ਜੀਵਨ ਮੁਕਤੀ ਕੇਵਲ ਮਾਇਆ ਤੋਂ ਮੁਕਤੀ ਦਾ ਨਾਮ ਹੈ। ਬੰਦਗੀ ਕੇਵਲ ਮਾਇਆ ਦੀ ਗ਼ੁਲਾਮੀ ਛੱਡ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਗ਼ੁਲਾਮੀ (ਭਾਵ ਹੁਕਮ ਵਿਚ) ਜਾਣ ਦਾ ਨਾਮ ਹੈ। ਬੰਦਗੀ ਕੇਵਲ ਮਾਇਆ ਨੂੰ ਆਪਣੀ ਗ਼ੁਲਾਮ ਬਣਾਉਣ ਦਾ ਨਾਮ ਹੈ। ਇਸ ਲਈ ਮਨੁੱਖ ਲਈ ਮਾਇਆ ਨੂੰ ਅਤੇ ਇਸ ਦੇ ਖੇਲ ਨੂੰ ਜਾਣਨਾ ਅਤੇ ਸਮਝਣਾ ਬੇਅੰਤ ਜ਼ਰੂਰੀ ਹੈ। ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਮਾਇਆ ਬਹੁਤ ਮਹੱਤਵਪੂਰਨ ਭੂਮਿਕਾ

ਨਿਭਾਉਂਦੀ ਹੈ। ਇੱਕ ਆਮ ਮਨੁੱਖ ਦਾ ਸਾਰਾ ਰੋਜ਼ਾਨਾ ਜੀਵਨ ਕੇਵਲ ਮਾਇਆ ਹੀ ਚਲਾਉਂਦੀ ਹੈ। ਭਾਵ ਇੱਕ ਆਮ ਮਨੁੱਖ ਦਾ ਜੀਵਨ ਕੇਵਲ ਮਾਇਆ ਦੀ ਗ਼ੁਲਾਮੀ ਵਿੱਚ ਬੀਤਦਾ ਹੈ। ਸਾਰਾ ਸੰਸਾਰ ਜੋ ਮਨੁੱਖ ਦੀ ਅੱਖ ਨੂੰ ਨਜ਼ਰ ਆਉਂਦਾ ਹੈ ਉਸ ਨੂੰ ਕੇਵਲ ਮਾਇਆ ਹੀ ਚਲਾਉਂਦੀ ਹੈ। ਸਾਰਾ ਸੰਸਾਰ ਕੇਵਲ ਮਾਇਆ ਦੀ ਗ਼ੁਲਾਮੀ ਕਰਨ ਵਿੱਚ ਹੀ ਰੁੱਝਿਆ ਹੋਇਆ ਹੈ। ਇਸ ਲਈ ਮਾਇਆ ਨੂੰ ਜਿੱਤਣ ਲਈ ਮਨੁੱਖ ਲਈ ਮਾਇਆ ਨੂੰ ਅਤੇ ਮਾਇਆ ਦੇ ਇਸ ਖੇਲ ਨੂੰ ਜਾਣਨਾ ਅਤੇ ਸਮਝਣਾ ਬੇਅੰਤ ਲਾਜ਼ਮੀ ਹੈ। ਮਾਇਆ ਦੀ ਗ਼ੁਲਾਮੀ ਤੋਂ ਮੁਕਤ ਹੋਣ ਲਈ ਅਤੇ ਇਸ ਨੂੰ ਆਪਣੀ ਦਾਸੀ ਬਣਾਉਣ ਲਈ ਮਾਇਆ ਦੇ ਇਸ ਖੇਲ ਨੂੰ ਜਾਣਨਾ ਅਤੇ ਸਮਝਣਾ ਬੇਅੰਤ ਲਾਜ਼ਮੀ ਹੈ।

ਮਨੁੱਖ ਦੇ ਸਾਰੇ ਰੋਜ਼ਾਨਾ ਕਰਮ ਕਿਵੇਂ ਮਾਇਆ ਦੀ ਗ਼ੁਲਾਮੀ ਵਿੱਚ ਵਾਪਰਦੇ ਹਨ, ਇਸ ਤੱਥ ਨੂੰ ਜਾਣਨਾ ਅਤੇ ਸਮਝਣਾ ਬੇਅੰਤ ਲਾਜ਼ਮੀ ਹੈ। ਮਨੁੱਖ ਆਪਣੇ ਸਾਰੇ ਰੋਜ਼ਾਨਾ ਕਰਮਾਂ ਨੂੰ ਪੰਜ ਕਰਮ ਇੰਦਰੀਆਂ ਦੇ ਨਾਲ ਅੰਜਾਮ ਦਿੰਦਾ ਹੈ। ਮਨੁੱਖ ਦੀਆਂ ਪੰਜ ਕਰਮ ਇੰਦਰੀਆਂ ਹਨ: ਬਾਂਹਾਂ ਅਤੇ ਹੱਥ; ਲੱਤਾਂ ਅਤੇ ਪੈਰ; ਜੀਭ ਅਤੇ ਮੂੰਹ; ਮਲ ਦਵਾਰ; ਲਿੰਗ ਅੰਗ। ਇਹ ਪੰਜ ਕਰਮ ਇੰਦਰੀਆਂ ਰਾਹੀਂ ਮਨੁੱਖ ਆਪਣੇ ਸਾਰੇ ਰੋਜ਼ਾਨਾ ਕਰਮਾਂ ਨੂੰ ਭੌਤਿਕ ਤੌਰ ਤੇ ਅਮਲ ਵਿੱਚ ਲੈ ਕੇ ਆਉਂਦਾ ਹੈ। ਮਨੁੱਖ ਦੇ ਸਾਰੇ ਕਰਮ ਇਨ੍ਹਾਂ ਪੰਜ ਕਰਮ ਇੰਦਰੀਆਂ ਦੁਆਰਾ ਹੀ ਕੀਤੇ ਜਾਂਦੇ ਹਨ। ਮਨੁੱਖ ਇਨ੍ਹਾਂ ਕਰਮ ਇੰਦਰੀਆਂ ਦੁਆਰਾ ਦੁਨੀਆਂ ਦਾ ਕੋਈ ਵੀ ਕਰਮ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਦਾ ਭਾਵ ਇਹ ਹੈ ਕਿ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਮਨੁੱਖ ਨੂੰ ਇਹ ਪੰਜ ਕਰਮ ਇੰਦਰੀਆਂ ਦੇ ਰੂਪ ਵਿੱਚ ਦੁਨੀਆਂ ਦਾ ਕੋਈ ਵੀ ਕਾਰਜ ਸਿੱਧ ਕਰਨ ਦੀ ਪਰਮ ਸ਼ਕਤੀ ਬਖ਼ਸ਼ ਦਿੱਤੀ ਹੈ। ਇਹ ਪਰਮ ਸਤਿ ਤੱਤ ਤੱਥ ਇਸ ਸਤਿ ਦਾ ਪ੍ਰਮਾਣ ਹੈ ਕਿ ਮਨੁੱਖਾ ਜਨਮ ਅਨਮੋਲ ਰਤਨ ਹੈ। ੮੪ ਲੱਖ ਜੂਨਾਂ ਵਿੱਚ ਹੋਰ ਕਿਸੇ ਜੂਨਾਂ ਨੂੰ ਇਹ ਪਰਮ ਸ਼ਕਤੀ ਦੀ ਪ੍ਰਾਪਤੀ ਨਹੀਂ ਹੈ ਕਿ ਉਹ ਦੁਨੀਆਂ ਦਾ ਕੋਈ ਵੀ ਕਾਰਜ ਸਿੱਧ ਕਰ ਸਕਣ। ਇਹ ਇਲਾਹੀ ਕਿਰਪਾ ਕੇਵਲ ਮਨੁੱਖਾ ਦੇਹੀ ਨੂੰ ਮਿਲੀ ਹੈ। ਇਨ੍ਹਾਂ ਕਰਮ ਇੰਦਰੀਆਂ ਦਾ ਕਮਾਲ ਅਸੀਂ ਅੱਜ ਦੀ ਦੁਨੀਆਂ ਦੀ ਤਕਨੀਕੀ ਅਤੇ ਚਿਕਿਤਸਕ ਵਿਗਿਆਨ ਦੀ ਬੇਤਹਾਸ਼ਾ ਤਰੱਕੀ ਦੇ ਰੂਪ ਵਿੱਚ ਰੋਜ਼ ਦੇਖ ਰਹੇ ਹਾਂ ਅਤੇ ਇਸ ਦਾ ਰੋਜ਼ਾਨਾ ਜੀਵਨ ਵਿੱਚ ਦੁਨਿਆਵੀ ਸਹੂਲਤਾਂ ਦੇ ਰੂਪ ਵਿੱਚ ਆਨੰਦ ਵੀ ਮਾਣ ਰਹੇ ਹਾਂ।

ਪਰੰਤੂ ਪ੍ਰਸ਼ਨ ਉੱਠਦਾ ਹੈ ਕੀ ਅਸੀਂ ਸਦਾ ਇਨ੍ਹਾਂ ਪੰਜ ਇੰਦਰੀਆਂ ਦੇ ਰੂਪ ਵਿੱਚ ਸਾਨੂੰ ਬਖ਼ਸ਼ੀ ਗਈ ਇਸ ਸਮਰੱਥਾ ਦਾ ਸਦਉਪਯੋਗ ਕਰਦੇ ਹਾਂ ? ਕੀ ਅਸੀਂ ਇਸ ਇਲਾਹੀ ਸਮਰੱਥਾ ਦਾ ਆਪਣੀ ਅੰਤਰ ਆਤਮਾ ਅਤੇ ਲੋਕਾਂ ਦੀ ਭਲਾਈ ਲਈ ਵਰਤੋਂ ਕਰਦੇ ਹਾਂ ਜਾਂ ਅਸੀਂ ਇਸ ਪਰਮ ਸ਼ਕਤੀਸ਼ਾਲੀ ਸਮਰੱਥਾ ਦੀ ਵਰਤੋਂ ਕੇਵਲ ਆਪਣੇ ਨਿਜੀ ਸਵਾਰਥ ਲਈ ਹੀ ਕਰਦੇ ਹਾਂ ? ਕੀ ਅਸੀਂ ਇਸ ਇਲਾਹੀ ਸਮਰੱਥਾ ਦੀ ਵਰਤੋਂ ਆਪਣੇ ਉਧਾਰ ਲਈ ਕਰਦੇ ਹਾਂ ਜਾਂ ਆਪਣੇ ਹਿਰਦੇ ਅਤੇ ਦੇਹੀ ਨੂੰ ਵਿਨਾਸ਼ਕਾਰੀ ਵਾਸ਼ਨਾਵਾਂ ਵਿੱਚ ਗਰਕਾਉਣ ਲਈ ਕਰਦੇ ਹਾਂ ? ਕੀ ਅਸੀਂ ਇਸ ਪਰਮ ਸ਼ਕਤੀਸ਼ਾਲੀ ਸਮਰੱਥਾ ਦੀ ਵਰਤੋਂ ਪਰਉਪਕਾਰ ਲਈ ਕਰਦੇ ਹਾਂ ਜਾਂ ਲੁਕਾਈ ਦਾ ਨੁਕਸਾਨ ਕਰ ਕੇ ਆਪਣੀਆਂ ਹੀ ਜੜ੍ਹਾਂ ਵੱਢਣ ਲਈ ਕਰਦੇ ਹਾਂ ? ਕੀ ਅਸੀਂ ਇਸ ਦਰਗਾਹੀ ਸਮਰੱਥਾ ਦੀ ਵਰਤੋਂ ਆਪਣੇ ਆਪ ਨੂੰ ਅਤੇ ਲੁਕਾਈ ਨੂੰ ਦੁੱਖ ਪਹੁੰਚਾਉਣ ਵਾਸਤੇ ਕਰਦੇ ਹਾਂ ? ਕੀ ਅਸੀਂ ਇਸ ਪਰਮ ਸ਼ਕਤੀਸ਼ਾਲੀ ਸਮਰੱਥਾ ਦੀ ਵਰਤੋਂ ਗੁਰ ਅਤੇ ਗੁਰੂ ਦੀ ਸੇਵਾ ਅਤੇ ਸੰਗਤ ਦੀ ਸੇਵਾ ਵਾਸਤੇ ਕਰਦੇ ਹਾਂ ਜਾਂ ਗੁਰ, ਗੁਰੂ ਅਤੇ ਸੰਗਤ ਦੇ ਵਿਰੁੱਧ ਨਿੰਦਿਆ, ਚੁਗ਼ਲੀ ਬਖ਼ੀਲੀ ਵਿੱਚ ਕਰਦੇ ਹਾਂ ? ਕੀ ਇਸ ਪਰਮ

ਸ਼ਕਤੀਸ਼ਾਲੀ ਸਮਰੱਥਾ ਦੀ ਵਰਤੋਂ ਅਸੀਂ ਸਤਿ ਦੀ ਕਰਨੀ ਕਰਨ ਵਿੱਚ ਕਰਦੇ ਹਾਂ ਜਾਂ ਅਸਤਿ ਦੀ ਕਰਨੀ ਕਰਨ ਵਿੱਚ ਕਰਦੇ ਹਾਂ ? ਕੀ ਅਸੀਂ ਇਸ ਦਰਗਾਹੀ ਬਖ਼ਸ਼ਿਸ਼ ਦੀ ਵਰਤੋਂ ਇਸ ਧਰਤੀ ਉੱਪਰ ਹੋ ਰਹੇ ਬੇਅੰਤ ਪਾਪਾਂ ਅਤੇ ਕਬੁੱਧ ਕਰਮਾਂ ਨੂੰ ਖ਼ਤਮ ਕਰਨ ਲਈ ਕਰਦੇ ਹਾਂ ਜਾਂ ਇਨ੍ਹਾਂ ਪਾਪਾਂ ਅਤੇ ਕਬੁੱਧ ਕਰਮਾਂ ਵਿੱਚ ਵਾਧਾ ਕਰਨ ਲਈ ਕਰਦੇ ਹਾਂ ? ਕੀ ਅਸੀਂ ਇਸ ਪਰਮ ਸ਼ਕਤੀਸ਼ਾਲੀ ਸਮਰੱਥਾ ਦੀ ਵਰਤੋਂ ਇਸ ਧਰਤੀ ਨੂੰ ਹੋਰ ਸੁੰਦਰ ਅਤੇ ਮਨੁੱਖਤਾ ਦੇ ਅਨੁਕੂਲ ਲੁਕਾਈ ਦੇ ਰਹਿਣ ਵਾਸਤੇ ਬਣਾਉਣ ਲਈ ਕਰਦੇ ਹਾਂ ਕਿ ਧਰਤੀ ਨੂੰ ਨਰਕ ਬਣਾਉਣ ਲਈ ਕਰਦੇ ਹਾਂ ?

ਜੋ ਮਨੁੱਖ ਇਸ ਪੰਜ ਕਰਮ ਇੰਦਰੀਆਂ ਦੇ ਰੂਪ ਵਿੱਚ ਬਖ਼ਸ਼ੀ ਗਈ ਦਰਗਾਹੀ ਪਰਮ ਸ਼ਕਤੀਸ਼ਾਲੀ ਸਮਰੱਥਾ ਦੀ ਵਰਤੋਂ ਸਤਿ ਕਰਮਾਂ ਵਿੱਚ ਕਰਦੇ ਹਨ ਉਹ ਮਨੁੱਖ ਧੰਨ ਧੰਨ ਹੋ ਜਾਂਦੇ ਹਨ। ਐਸੇ ਮਨੁੱਖ ਲੁਕਾਈ ਦੀ ਸਦਾ ਭਲਾਈ ਕਰਦੇ ਹਨ। ਐਸੇ ਮਨੁੱਖ ਗੁਰ ਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਅਤੇ ਆਪਣੀ ਬੰਦਗੀ ਸੰਪੂਰਨ ਕਰ ਕੇ ਪਰਉਪਕਾਰ ਅਤੇ ਮਹਾ ਪਰਉਪਕਾਰੀ ਜੀਵਨ ਜਿਉਂਦੇ ਹਨ। ਜੋ ਮਨੁੱਖ ਇਸ ਇਲਾਹੀ ਸਮਰੱਥਾ ਦਾ ਦੁਰਉਪਯੋਗ ਕਰਦੇ ਹਨ ਅਤੇ ਅਸਤਿ ਕਰਮ ਕਰਦੇ ਹਨ ਉਹ ਆਪ ਤਾਂ ਨਰਕਮਈ ਜੀਵਨ ਦੇ ਭਾਗੀ ਬਣਦੇ ਹੀ ਹਨ ਨਾਲ ਹੀ ਲੁਕਾਈ ਦਾ ਬੁਰਾ ਕਰਦੇ ਹੋਏ ਆਉਣ ਵਾਲੇ ਸਮੇਂ ਵਿੱਚ ਵੀ ਆਪਣੀ ਕਰਨੀ ਦੇ ਫਲ ਭੁਗਤਦੇ ਹੋਏ ਜੂਨਾਂ ਵਿੱਚ ਭਟਕਦੇ ਰਹਿੰਦੇ ਹਨ।

ਇਸੇ ਤਰ੍ਹਾਂ ਹੀ ਸਤਿ ਪਾਰ ਬ੍ਰਹਮ ਪਿਤਾ ਪਰਮੇਸ਼ਰ ਨੇ ਸਾਨੂੰ ਮਨੁੱਖਾ ਜਨਮ ਬਖ਼ਸ਼ ਕੇ ਪੰਜ ਗਿਆਨ ਇੰਦਰੀਆਂ ਨਾਲ ਸਾਡੀ ਮਨੁੱਖਾ ਦੇਹੀ ਨੂੰ ਸੁਸ਼ੋਭਿਤ ਕਰ ਦਿੱਤਾ ਹੈ। ਇਹ ਪੰਜ ਗਿਆਨ ਇੰਦਰੀਆਂ ਹਨ: ਅੱਖਾਂ ਦੁਆਰਾ ਵੇਖਣ ਦੀ ਸ਼ਕਤੀ; ਕੰਨਾਂ ਦੁਆਰਾ ਸੁਣਨ ਦੀ ਸ਼ਕਤੀ; ਰਸਨਾ ਦੁਆਰਾ ਬੋਲਣ ਦੀ ਅਤੇ ਸੁਆਦ ਚੱਖਣ ਦੀ ਸ਼ਕਤੀ; ਨਾਸਿਕਾ ਨਾਲ ਸੁੰਘਣ ਦੀ ਸ਼ਕਤੀ; ਅਤੇ ਚਮੜੀ ਦੁਆਰਾ ਮਹਿਸੂਸ ਕਰਨ ਦੀ ਸ਼ਕਤੀ। ਇਨ੍ਹਾਂ ਪੰਜ ਪਰਮ ਸ਼ਕਤੀਆਂ (ਪੰਜ ਕਲਾਵਾਂ) ਨਾਲ ਹੀ ਅਸੀਂ ਇਸ ਮਨੁੱਖਾ ਜਨਮ ਦਾ ਭਰਪੂਰ ਆਨੰਦ ਲੈਂਦੇ ਹਾਂ। ਇਨ੍ਹਾਂ ਪੰਜ ਪਰਮ ਸ਼ਕਤੀਆਂ (ਪੰਜ ਕਲਾਵਾਂ) ਨਾਲ ਹੀ ਅਸੀਂ ਜੀਵਨ ਦੇ ਸਾਰੇ ਰਸ ਮਾਣਦੇ ਹਾਂ। ਇਨ੍ਹਾਂ ਪੰਜ ਪਰਮ ਸ਼ਕਤੀਆਂ (ਪੰਜ ਕਲਾਵਾਂ) ਨਾਲ ਹੀ ਅਸੀਂ ਦੁਨਿਆਵੀ ਵਸਤੂਆਂ ਦਾ ਭਰਪੂਰ ਆਨੰਦ ਮਾਣਦੇ ਹਾਂ। ਇਨ੍ਹਾਂ ਪੰਜ ਪਰਮ ਸ਼ਕਤੀਆਂ (ਪੰਜ ਕਲਾਵਾਂ) ਨਾਲ ਹੀ ਸਾਡਾ ਜੀਵਨ ਵਿਕਸਿਤ ਹੁੰਦਾ ਹੈ, ਵਿਗਸਦਾ ਹੈ, ਵੱਧਦਾ-ਫੁੱਲਦਾ ਹੈ। ਇਨ੍ਹਾਂ ਪੰਜ ਪਰਮ ਸ਼ਕਤੀਆਂ (ਪੰਜ ਕਲਾਵਾਂ) ਨਾਲ ਹੀ ਅਸੀਂ ਆਪਣੇ ਜੀਵਨ ਨੂੰ ਪੜ੍ਹ ਲਿਖ ਕੇ ਆਪਣੀਆਂ ਕਾਬਲੀਅਤਾਂ ਵਿੱਚ ਵਾਧਾ ਕਰ ਕੇ ਆਪਣੇ ਜੀਵਨ ਨੂੰ ਸੁੰਦਰ ਅਤੇ ਸੁੱਖਮਈ ਬਣਾਉਂਦੇ ਹਾਂ। ਇਸ ਤਰ੍ਹਾਂ ਸਾਡਾ ਸਾਰਾ ਜੀਵਨ ਅਤੇ ਇਹ ਮਨੁੱਖਾ ਜਨਮ ਇਨ੍ਹਾਂ ਪੰਜ ਪਰਮ ਸ਼ਕਤੀਆਂ ਦੀ ਸਹੀ ਵਰਤੋਂ ਉੱਪਰ ਨਿਰਭਰ ਕਰਦਾ ਹੈ। ਜਿਵੇਂ ਸਾਡਾ ਇਹ ਜੀਵਨ ਪੰਜ ਕਰਮ ਇੰਦਰੀਆਂ ਦੀ ਸਹੀ ਵਰਤੋਂ ਉੱਪਰ ਨਿਰਭਰ ਕਰਦਾ ਹੈ ਜਾਂ ਇਨ੍ਹਾਂ ਕਰਮ ਇੰਦਰੀਆਂ ਦੀ ਦੁਰ ਵਰਤੋਂ ਉੱਪਰ ਨਿਰਭਰ ਕਰਦਾ ਹੈ ਠੀਕ ਉਸੇ ਤਰ੍ਹਾਂ ਸਾਡਾ ਜੀਵਨ ਇਨ੍ਹਾਂ ਪੰਜ ਗਿਆਨ ਇੰਦਰੀਆਂ ਦੇ ਸਦਉਪਯੋਗ ਜਾਂ ਦੁਰਉਪਯੋਗ ਉੱਪਰ ਨਿਰਭਰ ਕਰਦਾ ਹੈ। ਇਨ੍ਹਾਂ ਪਰਮ ਸ਼ਕਤੀਆਂ ਦੀ ਵਰਤੋਂ ਦੇ ਅਨੁਸਾਰ ਅਸੀਂ ਆਪਣਾ ਜੀਵਨ ਬਣਾਉਂਦੇ ਜਾਂ ਗਰਕ ਕਰਦੇ ਹਾਂ। ਜੋ ਮਨੁੱਖ ਇਨ੍ਹਾਂ ਪਰਮ ਸ਼ਕਤੀਆਂ ਦਾ ਸਦਉਪਯੋਗ ਕਰਦੇ ਹਨ ਅਤੇ ਸਤਿ ਕਰਮਾਂ ਵਿੱਚ ਸਹੀ ਢੰਗ ਨਾਲ ਇਨ੍ਹਾਂ ਪਰਮ ਸ਼ਕਤੀਆਂ ਦਾ ਉਪਯੋਗ ਕਰਦੇ ਹਨ ਉਹ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਉੱਚੀ ਦਰਗਾਹੀ ਅਵਸਥਾ ਨੂੰ ਪ੍ਰਾਪਤ ਕਰ ਕੇ ਆਪਣਾ

ਜੀਵਨ ਸਫ਼ਲ ਕਰ ਲੈਂਦੇ ਹਨ। ਜੋ ਮਨੁੱਖ ਇਨ੍ਹਾਂ ਪਰਮ ਸ਼ਕਤੀਆਂ ਦਾ ਦੁਰਉਪਯੋਗ ਕਰਦੇ ਹਨ ਉਹ ਨਰਕਮਈ ਜੀਵਨ ਦੇ ਭਾਗੀ ਬਣਦੇ ਹਨ। ਉਹ ਮਨੁੱਖ ਆਉਣ ਵਾਲੇ ਸਮੇਂ ਵਿੱਚ ਕਸ਼ਟਾਂ ਅਤੇ ਕਲੇਸ਼ਾਂ ਭਰਿਆ ਜੀਵਨ ਭੋਗਦੇ ਹਨ। ਉਹ ਮਨੁੱਖ ਆਪਣੇ ਅਸਤਿ ਕਰਮਾਂ ਕਾਰਨ ਕਰਮ ਦੇ ਵਿਧਾਨ ਅਨੁਸਾਰ ਆਪਣਾ ਭਵਿੱਖ ਆਪ ਨਸ਼ਟ ਕਰ ਲੈਂਦੇ ਹਨ ਅਤੇ ਅਣਮਿਥੇ ਸਮੇਂ ਲਈ ਜੂਨਾਂ ਵਿੱਚ ਭਟਕਦੇ ਹਨ।

ਇਹ ਉੱਤਮ ਬ੍ਰਹਮ ਸ਼ਕਤੀਆਂ ਹਨ ਜੋ ਸਾਨੂੰ ਅਕਾਲ ਪੁਰਖ ਨੇ ਇਹ ਜੀਵਨ ਜਿਉਣ ਅਤੇ ਕੁਦਰਤ ਦਾ ਸਹੀ ਸੰਦਰਭ ਅਤੇ ਬ੍ਰਹਮ ਗਿਆਨ-ਗੁਰਮਤਿ ਦੇ ਅਨੁਸਾਰ ਆਨੰਦ ਮਾਣਨ ਲਈ ਬਖ਼ਸ਼ੀਆਂ ਹਨ। ਪੰਜ ਕਰਮ ਇੰਦਰੀਆਂ ਦੀ ਤਰ੍ਹਾਂ ਇਸ ਬ੍ਰਹਮ ਵਿਚਾਰ ਨੂੰ ਦ੍ਰਿੜ੍ਹ ਕਰਨਾ ਬਹੁਤ ਜ਼ਰੂਰੀ ਹੈ ਕਿ ਜੇਕਰ ਅਸੀਂ ਇਨ੍ਹਾਂ ਪੰਜ ਸ਼ਕਤੀਆਂ (ਗਿਆਨ ਇੰਦਰੀਆਂ) ਦੀ ਵਰਤੋਂ ਸਤਿ ਕਰਮਾਂ ਲਈ ਕਰਦੇ ਹਾਂ ਤਾਂ ਅਸੀਂ ਇਨ੍ਹਾਂ ਇਲਾਹੀ ਸ਼ਕਤੀਆਂ ਦੀ ਸਤਿ ਵਰਤੋਂ ਕਰਦੇ ਹਾਂ, ਜਾਂ ਇਨ੍ਹਾਂ ਪੰਜ ਸ਼ਕਤੀਆਂ ਦੀ ਵਰਤੋਂ ਅਸੀਂ ਮਾੜੇ ਕਰਮਾਂ ਲਈ ਕਰਦੇ ਹਾਂ ਤਾਂ ਅਸੀਂ ਆਪਣੀ ਦੇਹੀ ਨੂੰ ਰੋਗੀ ਕਰਨ ਵਿੱਚ, ਜਾਂ ਆਪਣੀ ਇਸ ਦੇਹੀ ਨੂੰ ਭਿਆਨਕ ਰੋਗਾਂ ਦਾ ਸ਼ਿਕਾਰ ਬਣਾਉਣ ਲਈ ਕਰਦੇ ਹਾਂ। ਇਨ੍ਹਾਂ ਪੰਜ ਇਲਾਹੀ ਸ਼ਕਤੀਆਂ ਦੀ ਦੁਰਵਰਤੋਂ ਹੀ ਮਨੁੱਖ ਦੇ ਸਾਰੇ ਸ਼ਰੀਰਕ ਰੋਗਾਂ ਦਾ ਇੱਕ ਬਹੁਤ ਵੱਡਾ ਕਾਰਨ ਹੈ। ਸਾਰੀਆਂ ਸ਼ਰੀਰਕ ਬੀਮਾਰੀਆਂ ਕੇਵਲ ਇਨ੍ਹਾਂ ਪੰਜ ਸ਼ਕਤੀਆਂ ਦੀ ਦੁਰਵਰਤੋਂ ਕਾਰਨ ਹੀ ਪੈਦਾ ਹੁੰਦੀਆਂ ਹਨ। ਮਨੁੱਖ ਦੇ ਸਾਰੇ ਦੁੱਖਾਂ, ਕਲੇਸ਼ਾਂ, ਸਮੱਸਿਆਵਾਂ ਅਤੇ ਪਰੇਸ਼ਾਨੀਆਂ ਦਾ ਕਾਰਨ ਕੇਵਲ ਪੰਜ ਕਰਮ ਇੰਦਰੀਆਂ ਅਤੇ ਪੰਜ ਗਿਆਨ ਇੰਦਰੀਆਂ ਦੀ ਦੁਰਵਰਤੋਂ ਹੀ ਹੈ। ਜੇਕਰ ਮਨੁੱਖ ਇਨ੍ਹਾਂ ਪੰਜ ਗਿਆਨ ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਦੀ ਸਤਿ ਵਰਤੋਂ ਕਰਨ ਲੱਗ ਪਵੇ ਤਾਂ ਮਨੁੱਖ ਦੇ ਸਾਰੇ ਦੁੱਖਾਂ, ਕਲੇਸ਼ਾਂ, ਸਮੱਸਿਆਵਾਂ ਅਤੇ ਪਰੇਸ਼ਾਨੀਆਂ ਦਾ ਅੰਤ ਹੋਣਾ ਸ਼ੁਰੂ ਹੋ ਜਾਵੇ।

ਮਨੁੱਖ ਦੀਆਂ ਕਰਮ ਇੰਦਰੀਆਂ ਦੁਆਰਾ ਕੀਤੇ ਗਏ ਸਾਰੇ ਰੋਜ਼ਾਨਾ ਕਰਮ ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਦੇ ਨਿਰਦੇਸ਼ ਦੇ ਅਧੀਨ ਕੀਤੇ ਜਾਂਦੇ ਹਨ। ਇਹ ਪੰਜ ਸ਼ਕਤੀਆਂ ਹੀ ਮਨੁੱਖ ਨੂੰ ਉਸ ਦੇ ਇਰਦ-ਗਿਰਦ ਹੋ ਰਹੀਆਂ ਸਾਰੀਆਂ ਘਟਨਾਵਾਂ ਦੇ ਗਿਆਨ ਅਨੁਸਾਰ ਉਸ ਦੀਆਂ ਕਰਮ ਇੰਦਰੀਆਂ ਨੂੰ ਉਪਯੁਕਤ ਕਰਮ ਕਰਨ ਦੇ ਨਿਰਦੇਸ਼ ਦੇ ਕੇ ਕਰਮ ਕਰਵਾਉਣ ਵਿੱਚ ਸਹਾਇਕ ਹੁੰਦੀਆਂ ਹਨ। ਭਾਵ ਮਨੁੱਖ ਦੀਆਂ ਕਰਮ ਇੰਦਰੀਆਂ ਦਾ ਆਧਾਰ ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਹਨ। ਪੰਜ ਗਿਆਨ ਇੰਦਰੀਆਂ ਦੁਆਰਾ ਇਕੱਤਰ ਕੀਤੇ ਗਏ ਗਿਆਨ ਦੇ ਆਧਾਰ ਤੇ ਮਨੁੱਖੀ ਮਨ ਇਨ੍ਹਾਂ ਗਿਆਨ ਇੰਦਰੀਆਂ ਨੂੰ ਨਿਰਦੇਸ਼ ਦਿੰਦਾ ਹੈ ਅਤੇ ਇਸੇ ਨਿਰਦੇਸ਼ ਦੇ ਅਨੁਸਾਰ ਇਹ ਗਿਆਨ ਇੰਦਰੀਆਂ ਮਨੁੱਖ ਦੀਆਂ ਕਰਮ ਇੰਦਰੀਆਂ ਤੋਂ ਕਰਮ ਕਰਵਾਉਂਦੀਆਂ ਹਨ। ਭਾਵ ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਦਾ ਆਧਾਰ ਮਨੁੱਖ ਦ ਮਨ ਹੈ। ਮਨੁੱਖ ਦਾ ਮਨ ਸਾਰੀ ਸੇਧ ਮਨੁੱਖ ਦੀ ਆਪਣੀ ਬੁੱਧੀ ਤੋਂ ਪ੍ਰਾਪਤ ਕਰਦਾ ਹੈ। ਇਸ ਲਈ ਮਨੁੱਖੀ ਮਨ ਦਾ ਆਧਾਰ ਮਨੁੱਖ ਦੀ ਆਪਣੀ ਬੁੱਧੀ ਹੈ। ਮਨੁੱਖ ਦੀ ਬੁੱਧੀ ਜਾਂ ਮਤਿ ਚਾਰ ਤਰ੍ਹਾਂ ਦੀ ਮਤਿ ਜਾਂ ਸਿਆਣਪ ਹੈ:

ਮਨਮਤਿ ਜਾਂ ਸਵੈ ਸਿਆਣਪ: ਇਹ ਉਹ ਮਤਿ ਹੈ ਜੋ ਅਸੀਂ ਆਪਣੀ ਦੁਨਿਆਵੀ ਸਿੱਖਿਆ ਜੋ ਅਸੀਂ ਵਿਦਿਅਕ ਸੰਸਥਾਵਾਂ ਤੋਂ ਪ੍ਰਾਪਤ ਕਰਦੇ ਹਾਂ ਅਤੇ ਆਪਣੇ ਮਾਪਿਆਂ, ਪਰਿਵਾਰ ਅਤੇ ਮਿੱਤਰਾਂ ਤੋਂ ਪ੍ਰਾਪਤ ਕਰਦੇ ਹਾਂ।

ਸੰਸਾਰਕ ਮਤਿ : ਇਹ ਮਤਿ ਦਾ ਸੋਮਾ ਸਮਾਜਿਕ ਵਿਹਾਰਾਂ ਦਾ ਇੱਕ ਅਹਿਮ ਹਿੱਸਾ ਹੈ ਅਤੇ ਸਮਾਜ ਤੇ ਆਧਾਰਿਤ ਹੈ। ਇਸ ਦਾ ਆਧਾਰ ਹੈ ਸਮਾਜ ਦੇ ਲੋਕਾਂ ਦਾ ਵਰਤਣ ਅਤੇ ਵਿਹਾਰ। ਇਹ ਮਤਿ ਉਨ੍ਹਾਂ ਸਿਧਾਂਤਾਂ ਤੇ ਆਧਾਰਿਤ ਹੁੰਦੀ ਹੈ ਜੋ ਸਮਾਜ ਦੁਆਰਾ ਪਾਲਣ ਕੀਤੇ ਜਾ ਰਹੇ ਹਨ ਜਿਸ ਵਿੱਚ ਅਸੀਂ ਰਹਿ ਰਹੇ ਹਾਂ। ਸਮਾਜ ਦੇ ਨਿਯਮ ਅਤੇ ਰੀਤੀ ਰਿਵਾਜਾਂ ਦੀ ਅਸੀਂ ਪਾਲਣਾ ਕਰਦੇ ਹਾਂ ਜਿਸ ਸਮਾਜ ਵਿੱਚ ਅਸੀਂ ਰਹਿ ਰਹੇ ਹਾਂ।

ਦੁਰਮਤਿ ਜਾਂ ਭੈੜੀ ਮਤਿ : ਇਹ ਮਤਿ ਸਾਨੂੰ ਕੁਸੰਗਤ ਤੋਂ ਪ੍ਰਾਪਤ ਹੁੰਦੀ ਹੈ। ਇਹ ਮਤਿ ਸਾਨੂੰ ਮਾੜੇ ਲੋਕਾਂ ਦੀ ਸੰਗਤ ਤੋਂ ਪ੍ਰਾਪਤ ਹੁੰਦੀ ਹੈ। ਇਹ ਇਸ ਕਿਸਮ ਦੀ ਮਤਿ ਹੈ ਜੋ ਸਾਨੂੰ ਅਸਤਿ ਕਰਮ ਕਰਨ ਲਈ ਉਕਸਾਉਂਦੀ ਹੈ। ਇਹ ਮਤਿ ਜ਼ਿਆਦਾ ਤੌਰ ਤੇ ਸੰਸਾਰਿਕ ਮਤਿ ਅਤੇ ਮਨਮਤਿ ਤੇ ਆਧਾਰਿਤ ਹੁੰਦੀ ਹੈ।

ਮਨ ਮਤਿ, ਸੰਸਾਰਿਕ ਮਤਿ ਅਤੇ ਦੁਰਮਤਿ ਮਾਇਆ ਦੇ ਅਧੀਨ ਕੰਮ ਕਰਦੀ ਹੈ। ਸਾਡੇ ਰੋਜ਼ਾਨਾ ਕਰਮਾਂ ਉੱਪਰ ਮਨਮਤਿ, ਸੰਸਾਰਿਕ ਮਤਿ ਆਤੇ ਦੁਰਮਤਿ ਦਾ ਬਹੁਤ ਗਹਿਰਾ ਪ੍ਰਭਾਵ ਪੈਂਦਾ ਹੈ। ਇਸ ਲਈ ਇੱਕ ਆਮ ਮਨੁੱਖ ਦੇ ਸਾਰੇ ਰੋਜ਼ਾਨਾ ਕਰਮ ਮਾਇਆ ਦੀ ਗ਼ੁਲਾਮੀ ਵਿੱਚ ਵਾਪਰਦੇ ਹਨ। ਮਨ ਮਤਿ, ਸੰਸਾਰਿਕ ਮਤਿ ਅਤੇ ਦੁਰਮਤਿ ਸਾਨੂੰ ਭਰਮਾਂ, ਭੁਲੇਖਿਆਂ ਅਤੇ ਦੁਬਿਧਾ ਵਿੱਚ ਪਾਉਂਦੀ ਹੈ ਜੋ ਕਿ ਸਾਡੇ ਸਾਰੇ ਦੁੱਖਾਂ, ਕਲੇਸ਼ਾਂ, ਪੀੜਾਂ, ਮਾਨਸਿਕ ਅਤੇ ਸ਼ਰੀਰਕ ਰੋਗਾਂ ਦਾ ਕਾਰਨ ਬਣਦਾ ਹੈ।

ਗੁਰਮਤਿ ਜਾਂ ਬ੍ਰਹਮ ਮਤਿ: ਇਹ ਮਤਿ ਬ੍ਰਹਮ ਦਾਤ ਹੈ, ਇਹ ਗੁਰਪ੍ਰਸਾਦਿ ਹੈ। ਗੁਰਬਾਣੀ ਬ੍ਰਹਮ ਮਤਿ ਹੈ, ਇਹ ਪੂਰਨ ਬ੍ਰਹਮ ਗਿਆਨ ਹੈ। ਕੋਈ ਵੀ ਮਤਿ ਜੋ ਗੁਰਬਾਣੀ ਤੋਂ ਬਾਹਰ ਹੈ ਮਨਮਤਿ ਹੈ, ਸੰਸਾਰਿਕ ਮਤਿ ਹੈ ਜਾਂ ਦੁਰਮਤਿ ਹੈ। ਕੇਵਲ ਗੁਰਬਾਣੀ ਗੁਰਮਤਿ ਹੈ। ਗੁਰਮਤਿ ਤੋਂ ਬਾਹਰ ਕੀਤੇ ਕਰਮਾਂ ਦਾ ਅਮਲ ਸਾਨੂੰ ਆਪਣੀ ਪ੍ਰਾਲਬਧ ਦੁਆਰਾ ਪੁਨਰ ਜਨਮਾਂ ਵਿੱਚ ਭਟਕਣ ਲਈ ਛੱਡ ਦਿੰਦਾ ਹੈ। ਗੁਰਮਤਿ ਆਪਣੇ ਰੋਜ਼ਾਨਾ ਜੀਵਨ ਵਿੱਚ ਧਾਰਨ ਕਰਨ ਨਾਲ ਸਾਡੀ ਕਰਨੀ ਸਤਿ ਦੀ ਕਰਨੀ ਬਣ ਜਾਂਦੀ ਹੈ ਅਤੇ ਇੱਕ ਸਮਾਂ ਐਸਾ ਆਵੇਗਾ ਜਦ ਅਸੀਂ ਕਾਫੀ ਸਤਿ ਕਰਮ ਇਕੱਠੇ ਕਰ ਲਵਾਂਗੇ ਜਿਹੜੇ ਅਕਾਲ ਪੁਰਖ ਜੀ ਦੀ ਦਰਗਾਹ ਵਿੱਚ ਪ੍ਰਵਾਨ ਹੋ ਜਾਣਗੇ। ਜਦ ਅਜਿਹਾ ਵਾਪਰਦਾ ਹੈ ਅਸੀਂ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਬਖ਼ਸ਼ੀਸ਼ ਪ੍ਰਾਪਤ ਕਰਦੇ ਹਾਂ। ਸਾਡਾ ਸੱਚਖੰਡ ਦਾ ਰਾਹ ਖੁੱਲ੍ਹ ਜਾਂਦਾ ਹੈ।

ਮਾਇਆ ਦੇ ਤਿੰਨ ਗੁਣ ਹਨ: ਤਮ ਗੁਣ; ਰਜ ਗੁਣ ਅਤੇ ਸਤਿ ਗੁਣ। ਤਮ ਗੁਣ ਅਤੇ ਰਜ ਗੁਣ ਮਨੁੱਖ ਦੇ ਪਤਨ ਦਾ ਕਾਰਨ ਬਣਦੇ ਹਨ ਅਤੇ ਸਤਿ ਗੁਣ ਮਨੁੱਖ ਨੂੰ ਬੰਦਗੀ ਵਾਲੇ ਪਾਸੇ ਖੜ੍ਹਦੇ ਹਨ। ਤਮ ਅਤੇ ਰਜ ਗੁਣ ਮਨੁੱਖ ਤੋਂ ਅਸਤਿ ਕਰਮ ਕਰਵਾਉਂਦੇ ਹਨ ਅਤੇ ਸਤਿ ਗੁਣ ਮਨੁੱਖ ਤੋਂ ਸਤਿ ਕਰਮ ਕਰਵਾਉਂਦੇ ਹਨ। ਤਮ ਗੁਣ ਅਤੇ ਰਜ ਗੁਣ ਮਨੁੱਖ ਦੇ ਜੀਵਨ ਵਿੱਚ ਦੁੱਖਾਂ-ਕਲੇਸ਼ਾਂ ਸਮੱਸਿਆਵਾਂ ਦਾ ਕਾਰਨ ਬਣਦੇ ਹਨ ਅਤੇ ਸਤਿ ਗੁਣ ਮਨੁੱਖ ਦੇ ਜੀਵਨ ਵਿੱਚ ਸੁੱਖ ਸ਼ਾਂਤੀ ਵਰਤਾਉਂਦੇ ਹਨ। ਤਮ ਗੁਣ ਅਤੇ ਰਜ ਗੁਣ ਮਹਾ ਵਿਨਾਸ਼ਕਾਰੀ ਸ਼ਕਤੀਆਂ ਹਨ। ਸਤਿ ਗੁਣਾਂ ਵਿੱਚ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰਵਾਉਣ ਦੀ ਅਤੇ ਜੀਵਨ ਮੁਕਤੀ ਪ੍ਰਾਪਤ ਕਰਵਾਉਣ ਦੀ ਸ਼ਕਤੀ ਹੈ।

ਤਮ ਗੁਣ: ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। ਕੁਝ ਹੋਰ ਵਿਕਾਰ ਹਨ : ਨਿੰਦਿਆ,

ਚੁਗ਼ਲੀ, ਬਖੀਲੀ, ਸ਼ਬਦ, ਰਾਜ, ਜੋਬਨ, ਧਨ, ਮਾਲ, ਰੂਪ, ਸਪਰਸ਼, ਰਸ ਅਤੇ ਗੰਧ।

ਰਜੋ: **ਆਸਾ, ਤ੍ਰਿਸ਼ਣਾ ਅਤੇ ਮਨਸਾ (ਇੱਛਾਵਾਂ)।**

ਸਤੋ : **ਦਇਆ, ਧਰਮ, ਦਾਨ, ਸੰਤੋਖ, ਸੰਜਮ।**

ਸਾਡੀ ਪੰਚ ਭੂਤਕ ਦੇਹੀ ਵਿੱਚ ਵਾਸ ਕਰਦੇ ਪੰਜ ਦੂਤ ਮਾਇਆ ਦੇ ਮਹਾ ਵਿਨਾਸ਼ਕਾਰੀ ਹਥਿਆਰ ਹਨ: ਕਾਮ; ਕ੍ਰੋਧ; ਲੋਭ; ਮੋਹ; ਅਹੰਕਾਰ। ਸਾਡੀ ਆਤਮਾ ਦੇ ਇਹ ਪੰਜ ਦੁਸ਼ਮਨ ਸਾਡੇ ਸਰੀਰ ਵਿੱਚ ਵਾਸ ਕਰਦੇ ਹਨ, ਇਨ੍ਹਾਂ ਨੂੰ ਪੰਜ ਦੂਤ ਕਿਹਾ ਜਾਂਦਾ ਹੈ। ਇਹ ਦੂਤ ਮਾਇਆ ਦੀਆਂ ਪੰਜ ਮਹਾ ਵਿਨਾਸ਼ਕਾਰੀ ਸ਼ਕਤੀਆਂ ਹਨ। ਇਹ ਪੰਜ ਦੂਤਾਂ ਨੂੰ ਮਾਨਸਿਕ ਰੋਗ ਵੀ ਕਿਹਾ ਜਾਂਦਾ ਹੈ। (ਪੰਜ ਦੂਤਾਂ ਦੀ ਕਥਾ ਦੂਜੀ ਪਉੜੀ ਵਿੱਚ ਬਿਆਨ ਕੀਤੀ ਗਈ ਹੈ)। ਇਨ੍ਹਾਂ ਪੰਜ ਮਹਾ ਵਿਨਾਸ਼ਕਾਰੀ ਸ਼ਕਤੀਆਂ ਦੇ ਨਾਲ ਕੁਝ ਹੋਰ ਵਿਕਾਰੀ ਸ਼ਕਤੀਆਂ ਹਨ ਜੋ ਮਨੁੱਖ ਨੂੰ ਇਨ੍ਹਾਂ ਪੰਜ ਦੂਤਾਂ ਦੀ ਗ਼ੁਲਾਮੀ ਕਰਨ ਵਿੱਚ ਸਹਾਇਤਾ ਕਰਦੀਆ ਹਨ: ਨਿੰਦਿਆ, ਚੁਗ਼ਲੀ, ਬਖੀਲੀ, ਸ਼ਬਦ, ਰਾਜ, ਜੋਬਨ, ਧਨ, ਮਾਲ, ਰੂਪ, ਸਪਰਸ਼, ਰਸ ਅਤੇ ਗੰਧ। ਈਰਖਾ ਵੱਸ ਕੀਤੀ ਗਈ ਨਿੰਦਿਆ ਚੁਗ਼ਲੀ ਬਖ਼ੀਲੀ ਕਰ ਕੇ ਸ਼ਬਦ (ਭਾਵ ਬੋਲਣ ਦੀ ਸ਼ਕਤੀ ਦੀ ਦੁਰਵਰਤੋਂ) ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਦੇ ਪ੍ਰਾਲਬਧ ਨੂੰ ਬੇਅੰਤ ਦੁੱਖਦਾਈ ਬਣਾਉਣ ਦਾ ਕੰਮ ਕਰਦੀ ਹੈ। ਰਾਜ ਦੀ ਸੱਤਾ ਦੇ ਮੱਦ ਵਿੱਚ ਅਹੰਕਾਰ ਵੱਸ ਮਨੁੱਖ ਅਸਤਿ ਕਰਮ ਕਰਦਾ ਹੈ। ਧਨ ਅਤੇ ਮਾਲ ਦੇ ਨਸ਼ੇ ਵਿੱਚ ਅਹੰਕਾਰ ਅਤੇ ਲੋਭ ਵੱਸ ਮਨੁੱਖ ਕਈ ਅਸਤਿ ਕਰਮ ਕਰਦਾ ਹੈ। ਜੋਬਨ, ਰੂਪ, ਸਪਰਸ਼ ਅਤੇ ਗੰਧ ਦੇ ਨਸ਼ੇ ਵਿੱਚ ਕਾਮ ਵੱਸ ਮਨੁੱਖ ਬਹੁਤ ਅਸਤਿ ਕਰਮ ਕਰਦਾ ਹੈ। ਵਿਨਾਸ਼ਕਾਰੀ ਰਸਾਂ ਦੇ ਸੇਵਨ ਨਾਲ ਮਨੁੱਖ ਕਈ ਅਸਤਿ ਕਰਮ ਕਰਦਾ ਹੈ। ਇਹ ਸਾਰੇ ਅਸਤਿ ਕਰਮ ਮਨੁੱਖ ਦੇ ਪ੍ਰਾਲਬਧ ਉੱਪਰ ਗਹਿਰਾ ਵਿਨਾਸ਼ਕਾਰੀ ਅਸਰ ਪਾਉਂਦੇ ਹਨ ਅਤੇ ਮਨੁੱਖ ਦੇ ਆਉਣ ਵਾਲੇ ਜੀਵਨ ਵਿੱਚ ਜ਼ਹਿਰ ਘੋਲਣ ਦਾ ਕੰਮ ਕਰਦੇ ਹਨ।

ਇਹ ਪੰਜ ਦੂਤਾਂ ਦੇ ਪਿੱਛੇ ਇੱਛਾਵਾਂ ਦੀ ਵਿਨਾਸ਼ਕਾਰੀ ਸ਼ਕਤੀ ਕੰਮ ਕਰਦੀ ਹੈ ਜਿਸ ਨੂੰ ਗੁਰਬਾਣੀ ਵਿੱਚ ਤ੍ਰਿਸ਼ਣਾ ਕਿਹਾ ਗਿਆ ਹੈ, ਅਤੇ ਇਸ ਦੇ ਘੱਟ ਪ੍ਰਭਾਵ ਵਾਲੇ ਰੂਪ ਹਨ ਆਸਾ ਅਤੇ ਮਨਸਾ। ਮਨੁੱਖ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਵੱਸ ਅਸਤਿ ਕਰਮ ਕਰਦਾ ਹੈ। ਉਦਾਹਰਨ ਵਜੋਂ ਅਮੀਰ ਬਣਨ ਦੀ ਇੱਛਾ, ਪਰ ਇਮਾਨਦਾਰੀ ਨਾਲ ਕਰਮ ਕਰਨ ਦੀ ਬਜਾਏ ਅਸੀਂ ਲਾਲਚੀ ਹੋ ਜਾਂਦੇ ਹਾਂ ਅਤੇ ਲੋਭ ਸਾਨੂੰ ਕਾਬੂ ਕਰ ਲੈਂਦਾ ਹੈ। ਸਾਨੂੰ ਕੋਈ ਦੁੱਖ ਪਹੁੰਚਾਉਂਦਾ ਹੈ ਤਾਂ ਸਾਡੀ ਬਦਲਾ ਲੈਣ ਦੀ ਇੱਛਾ ਹੁੰਦੀ ਹੈ, ਇਸ ਤਰ੍ਹਾਂ ਕ੍ਰੋਧ ਸਾਨੂੰ ਚਲਾਉਂਦਾ ਹੈ। ਤ੍ਰਿਸ਼ਣਾ ਸਾਡੇ ਪੰਜ ਦੂਤਾਂ ਨੂੰ ਚਲਾਉਂਦੀ ਹੈ ਜਿਹੜੇ ਸਾਡੇ ਕਰਨ ਵਾਲੇ ਕਰਮਾਂ ਨੂੰ ਨਿਰਧਾਰਿਤ ਕਰਦੀ ਹੈ। ਅਸਲ ਵਿੱਚ ਇਹ ਪੰਜ ਦੂਤ ਅਤੇ ਇੱਛਾਵਾਂ ਸਾਨੂੰ ਸਾਡੀਆਂ ਪੰਜ ਕਰਮ ਇੰਦਰੀਆਂ ਅਤੇ ਪੰਜ ਗਿਆਨ ਇੰਦਰੀਆਂ ਦੀ ਗ਼ਲਤ ਵਰਤੋਂ ਕਰਨ ਨੂੰ ਉਕਸਾਉਂਦੀਆਂ ਹਨ। ਅਸੀਂ ਇਹ ਭੁੱਲ ਜਾਂਦੇ ਹਾਂ ਕਿ ਇਹ ਸਭ ਤੋਂ ਉੱਤਮ ਬ੍ਰਹਮ ਸ਼ਕਤੀਆਂ (ਕਰਮ ਇੰਦਰੀਆਂ ਅਤੇ ਗਿਆਨ ਇੰਦਰੀਆਂ) ਸਾਨੂੰ ਸਤਿ ਕਰਮ ਕਰਨ ਲਈ ਮਿਲੀਆਂ ਹਨ, ਇਹ ਸਭ ਤੋਂ ਉੱਤਮ ਬ੍ਰਹਮ ਬਖ਼ਸ਼ਿਸ਼ਾਂ ਸਾਨੂੰ ਅਕਾਲ ਪੁਰਖ ਨੇ ਦਿੱਤੀਆਂ ਹਨ। ਇਨ੍ਹਾਂ ਦੀ ਗ਼ਲਤ ਵਰਤੋਂ ਕਰ ਕੇ ਹੀ ਅਸੀਂ ਮਾਇਆ ਦੇ ਛਲਾਵੇ ਵਿੱਚ ਆ ਜਾਂਦੇ ਹਾਂ। ਇਹ ਪੰਜ ਦੂਤ ਅਤੇ ਤ੍ਰਿਸ਼ਣਾ ਮਇਆ ਦੇ ਬੰਧਨ ਹਨ। ਇਨ੍ਹਾਂ ਬੰਧਨਾਂ ਤੋਂ ਆਜ਼ਾਦ ਹੋਣ ਲਈ ਗੁਰਪ੍ਰਸਾਦਿ ਜ਼ਰੂਰੀ ਹੈ। ਕੇਵਲ

ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਸਾਨੂੰ ਮਾਇਆ ਦੇ ਇਨ੍ਹਾਂ ਬੰਧਨਾਂ ਤੋਂ ਆਜ਼ਾਦ ਕਰਾ ਸਕਦੀ ਹੈ।

ਇਸ ਤਰ੍ਹਾਂ ਮਨੁੱਖ ਦੇ ਮਨ ਦਾ ਆਧਾਰ ਮਨੁੱਖ ਦੀ ਬੁੱਧੀ ਹੈ। ਮਨੁੱਖ ਦੀ ਬੁੱਧੀ ਮਾਇਆ ਦੀ ਗੁਲਾਮ ਹੈ। ਮਾਇਆ ਦੀ ਗੁਲਾਮੀ (ਭਾਵ ਤਮ ਗੁਣ ਅਤੇ ਰਜ ਗੁਣ ਦੀ ਗੁਲਾਮੀ) ਵਿੱਚ ਮਨੁੱਖ ਆਪਣੀਆਂ ਕਰਮ ਇੰਦਰੀਆਂ ਅਤੇ ਗਿਆਨ ਇੰਦਰੀਆਂ ਦਾ ਦੁਰਉਪਯੋਗ ਕਰ ਕੇ ਸਾਰੇ ਅਸਤਿ ਕਰਮ ਕਰਦਾ ਹੈ।

ਗਿਆਨ ਇਨ੍ਹਾਂ ਗਿਆਨ ਇੰਦਰੀਆਂ ਤੋਂ ਆਉਂਦਾ ਹੈ, ਮਤਿ ਦਿਮਾਗ ਤੋਂ ਆਉਂਦੀ ਹੈ, ਫ਼ੈਸਲਾ ਮਨ ਦੁਆਰਾ ਇੱਛਾਵਾਂ ਦੇ ਆਧਾਰ ਤੇ ਹੁੰਦਾ ਹੈ, ਕਿਰਿਆ ਸ਼ਰੀਰਕ ਇੰਦਰੀਆਂ ਦੁਆਰਾ ਕੀਤੀ ਜਾਂਦੀ ਹੈ। ਜਦ ਤੱਕ ਸਾਡੇ ਮਨ ਦੇ ਫ਼ੈਸਲੇ ਸਾਡੇ ਦਿਮਾਗ ਦੀ ਮਤਿ (ਮਨ ਮਤਿ, ਸੰਸਾਰਿਕ ਮਤਿ ਅਤੇ ਦੁਰਮਤਿ) ਦੀ ਜਾਣਕਾਰੀ ਅਨੁਸਾਰ ਲਏ ਜਾਂਦੇ ਹਨ ਅਸੀਂ ਮਾਇਆ ਦੇ ਤਿੰਨਾਂ ਗੁਣਾਂ ਅਧੀਨ ਕਰਮ ਕਰਦੇ ਹਾਂ। ਇਹ ਮਨ ਦੀ ਅਸਥਿਰਤਾ ਦਾ ਮੁੱਖ ਕਾਰਨ ਹੈ। ਅਸਥਿਰਤਾ ਦਾ ਭਾਵ ਹੈ ਮਨ ਦਾ ਨਿਰੰਤਰ ਬੋਲਣਾ ਅਤੇ ਵਿਚਾਰਾਂ ਦੀ ਕਦੀ ਨਾ ਖਤਮ ਹੋਣ ਵਾਲੀ ਲੜੀ। ਇਸ ਲਈ ਅਸੀਂ ਕਿਵੇਂ ਆਪਣਾ ਮਨ ਸਥਿਰ ਬਣਾਈਏ ? ਇਸ ਲਈ ਸਾਨੂੰ ਆਪਣੇ ਰੂਹਾਨੀ ਸਰੀਰ ਨੂੰ ਸਮਝਣ ਦੀ ਲੋੜ ਹੈ।

ਰੂਹਾਨੀ ਸਰੀਰ ਦੇ ਤੱਤ: ਰੂਹਾਨੀ ਸਰੀਰ ਦੇ ਤੱਤ ਹਨ ਜੋਤ ਅਤੇ ਸੂਖਸ਼ਮ ਸ਼ਰੀਰ

ਜੋਤ: ਇਹ ਪਰਮ ਸ਼ਕਤੀ ਹੈ ਜੋ ਸਾਰੇ ਸਰੀਰ ਦੇ ਅੰਦਰ ਵਾਸ ਕਰਦੀ ਹੈ। ਇਹ ਪੂਰਨ ਬ੍ਰਹਮ ਗਿਆਨ ਦਾ ਆਧਾਰ ਹੈ। ਸਾਡੀ ਜ਼ਿੰਦਗੀ ਇਸ ਪੂਰਨ ਬ੍ਰਹਮ ਜੋਤ ਕਾਰਨ ਹੈ। ਸਾਡਾ ਜੀਵਨ ਤੱਤ ਸਾਡੀ ਆਤਮਾ ਹੈ। ਇਹ ਬ੍ਰਹਮ ਤੱਤ ਹੈ। ਸਾਡੇ ਸੁਆਸ ਅਤੇ ਜੀਵਨ ਸਾਡੇ ਅੰਦਰ ਇਸ ਅਨਾਦੀ ਪੂਰਨ ਪ੍ਰਕਾਸ਼ ਜੋਤ ਕਾਰਨ ਹੈ। ਅਸੀਂ ਇਹ ਪੂਰਨ ਬ੍ਰਹਮ ਜੋਤ ਦੇ ਕਾਰਨ ਜੰਮੇ ਹਾਂ। ਜਦ ਬ੍ਰਹਮ ਜੋਤ ਸਾਡੇ ਸਰੀਰ ਵਿੱਚੋਂ ਖਿੱਚ ਲਈ ਜਾਂਦੀ ਹੈ ਅਸੀਂ ਮਰ ਜਾਂਦੇ ਹਾਂ, ਭਾਵ ਸਥੂਲ ਸਰੀਰ ਦੀ ਮੌਤ ਹੋ ਜਾਂਦੀ ਹੈ। ਇੱਥੇ ਮੁਸ਼ਕਿਲ ਇਹ ਹੈ ਕਿ ਅਸੀਂ (ਮੈਂ, ਮੇਰਾ, ਮੈਨੂੰ) ਦੇ ਵਿਹਾਰ ਵਿੱਚ ਲੀਨ ਹੋ ਗਏ ਹਾਂ। ਅਸੀਂ ਆਪਣੇ ਅੰਦਰ ਇਸ ਜੋਤ ਦੇ ਬਾਰੇ ਭੁੱਲ ਗਏ ਹਾਂ। ਇਹ ਹਉਮੈ ਦੇ ਕਾਰਨ ਹੈ। ਇਹ ਬ੍ਰਹਮ ਜੋਤ ਤੇ ਸਾਡੇ ਮਨ ਦੇ ਵਿਚਕਾਰ ਵੰਡ ਹਉਮੈ ਕਾਰਨ ਹੈ। ਹਉਮੈ ਕੁਝ ਨਹੀਂ ਬੱਸ ਮਾਇਆ ਹੈ।

ਸੂਖਸਮ ਸਰੀਰ: ਸੂਖਸ਼ਮ ਰੂਹ ਦਾ ਹਿੱਸਾ ਹੈ। ਇਹ ਜੀਵਨ ਊਰਜਾ ਅਤੇ ਸ਼ਕਤੀ ਹੈ ਜੋ ਸਾਡੇ ਸਥੂਲ ਸਰੀਰ ਨੂੰ ਕਰਮ ਕਰਨ ਦੇ ਯੋਗ ਰੱਖਦੀ ਹੈ। ਸਾਰੀ ਊਰਜਾ ਅਤੇ ਸਾਹ ਦੀ ਪ੍ਰਕਿਰਿਆ ਨਾੜਾਂ ਵਿੱਚ ਲਹੂ ਦਾ ਚਲਣਾ ਅਤੇ ਦੂਸਰੀਆਂ ਸਾਰੀਆਂ ਸਰੀਰ ਦੀਆਂ ਕਿਰਿਆਵਾਂ ਇਸ ਜੀਵਨ ਊਰਜਾ ਦੁਆਰਾ ਚਲਾਈਆਂ ਜਾ ਰਹੀਆਂ ਹਨ ਜੋ ੭ ਰੂਹਾਨੀ ਊਰਜਾ ਦੇ ਕੇਂਦਰਾਂ ਤੋਂ ਆਉਂਦੀ ਹੈ। ਗੁਰਬਾਣੀ ਵਿੱਚ ਇਨ੍ਹਾਂ ਨੂੰ ਸਤਿ ਸਰੋਵਰ ਕਿਹਾ ਗਿਆ ਹੈ। ਸਤਿ ਸਰੋਵਰ ਇਨ੍ਹਾਂ ਬ੍ਰਹਮ ਚੱਕਰਾਂ ਦੀ ਸੱਚੀ ਬ੍ਰਹਮ ਪਰਿਭਾਸ਼ਾ ਹੈ। ਸਤਿ ਸਰੋਵਰ ਤੋਂ ਭਾਵ ਹੈ ੭ ਰੂਹਾਨੀ ਊਰਜਾ ਦੇ ਸੋਮੇ ਜਾਂ ੭ ਜੀਵਨ ਊਰਜਾ ਦੇ ਸੋਮੇ, ਜਾਂ ਰੂਹ ਦੇ ੭ ਅਨਿੱਖੜਵੇਂ ਹਿੱਸੇ, ਇਸ ਜੀਵਨ ਊਰਜਾ ਨੂੰ ਅੰਮ੍ਰਿਤ ਕਿਹਾ ਗਿਆ ਹੈ।

ਕੁਝ ਲੋਕ ਸੋਚਦੇ ਹਨ ਕਿ ੭ ਸਤਿ ਸਰੋਵਰ ਸਥੂਲ ਸਰੀਰ ਦਾ ਇੱਕ ਹਿੱਸਾ ਹਨ ਕਿ ਇਨ੍ਹਾਂ ਨੂੰ ਨਾੜਾਂ ਦੇ ਰੂਪ ਵਿੱਚ ਮਾਪਿਆ ਜਾ ਸਕਦਾ ਹੈ। ਇਹ ਨਾੜਾਂ (ਇੜਾ, ਪਿੰਗਲਾ,

ਸੁਖਮਨਾ ਅਤੇ ਹੋਰ ਰੂਹਾਨੀ ਸ਼ਕਤੀਆਂ ਦੇ ਸੋਮੇ) ਸਾਡੇ ਸਰੀਰ ਦਾ ਸਥੂਲ ਭਾਗ ਨਹੀਂ ਹਨ। ੭ ਸਤਿ ਸਰੋਵਰਾਂ ਦੀ ਕੋਈ ਪਦਾਰਥਕ ਹੋਂਦ ਨਹੀਂ। ਉਹ ਸਾਰੇ ਸੂਖਸ਼ਮ ਵਿੱਚ ਹਨ। ਉਹ ਸਾਰੇ ਰੂਹ ਦਾ ਹਿੱਸਾ ਹਨ। ਰੂਹ ਵੀ ਸੂਖਸ਼ਮ ਹੈ ੭ ਸਤਿ ਸਰੋਵਰ ਸੂਖਸ਼ਮ ਸਰੀਰ ਵਿੱਚ ਸਿਰ ਦੇ ਉੱਪਰਲੇ ਖੇਤਰ, ਤੀਜੀ ਅੱਖ, ਗਲਾ, ਹਿਰਦਾ, ਨਾਭੀ, ਲਿੰਗ ਅੰਗ ਅਤੇ ਕੁੰਡਲਨੀ ਵਿੱਚ ਸਥਿਤ ਹੁੰਦੇ ਹਨ। ਸੂਖਸ਼ਮ ਸਰੀਰ ਵਿੱਚ ਸਥਿਤ ਇਹ ਸਾਰੇ ਪਰਮ ਸ਼ਕਤੀਆਂ ਦੇ ਸੋਮਿਆਂ (੭ ਸਤਿ ਸਰੋਵਰ) ਨੂੰ ਜਾਗਰਿਤ ਕਰਨਾ ਹੀ ਬੰਦਗੀ ਦਾ ਨਾਮ ਹੈ। ਇਹ ੭ ਸਤਿ ਸਰੋਵਰਾਂ ਨੂੰ ਕੇਵਲ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਜਾਗਰਿਤ ਕਰ ਸਕਦੀ ਹੈ। ਇਨ੍ਹਾਂ ੭ ਪਰਮ ਸ਼ਕਤੀਆਂ ਦੇ ਸੋਮਿਆਂ ਦੇ ਜਾਗਰਿਤ ਹੋਣ ਨਾਲ ਹੀ ਮਨੁੱਖ ਦੇ ਸਾਰੇ ਬਜਰ ਕਪਾਟ ਖੁੱਲ੍ਹਦੇ ਹਨ ਅਤੇ ਸਤਿਨਾਮ ਰੋਮ-ਰੋਮ ਵਿੱਚ ਜਾਂਦਾ ਹੈ। ਮਨ ਦੀ ਸਥਿਰਤਾ ਹੀ ਮਨੁੱਖ ਨੂੰ ਮਨੁੱਖ ਦੇ ਸੂਖਸ਼ਮ ਸਰੀਰ ਵਿੱਚ ਸਥਿਰ ਇਨ੍ਹਾਂ ਇਲਾਹੀ ਪਰਮ ਸ਼ਕਤੀਆਂ ਦਾ ਅਨੁਭਵ ਕਰਵਾ ਸਕਦੀ ਹੈ।

ਅਸੀਂ ਆਪਣੇ ਮਨ ਨੂੰ ਸਥਿਰ ਕਿਵੇਂ ਕਰ ਸਕਦੇ ਹਾਂ ?

ਸਾਡੀਆਂ ਪੰਜ ਕਰਮ ਇੰਦਰੀਆਂ ਸਾਡੇ ਰੋਜ਼ਾਨਾ ਕਰਮਾਂ ਜਾਂ ਕਰਨੀਆਂ ਲਈ ਜ਼ੁੰਮੇਵਾਰ ਹਨ। ਪੰਜ ਕਰਮ ਇੰਦਰੀਆਂ ਦਿਮਾਗ ਦੁਆਰਾ ਨਿਰਦੇਸ਼ਿਤ ਹੁੰਦੀਆਂ ਹਨ। ਦਿਮਾਗ ਮਨ ਦੇ ਫੈਸਲਿਆਂ ਦੁਆਰਾ ਨਿਰਦੇਸ਼ਿਤ ਹੁੰਦਾ ਹੈ ਅਤੇ ਯਾਦ ਰੱਖੋ, ਸਾਡਾ ਮਨ ਸਾਡੇ ਦਿਮਾਗ ਵਿੱਚ ਭਰੀ ਮਤਿ ਦੇ ਆਧਾਰ ਤੇ ਫੈਸਲੇ ਕਰਦਾ ਹੈ। ਸਾਡੀ ਆਪਣੀ ਮਤਿ, ਮਨਮਤਿ, ਸੰਸਾਰਿਕ ਮਤਿ ਅਤੇ ਦੁਰਮਤਿ ਤੋਂ ਮਿਲ ਕੇ ਬਣਦੀ ਹੈ। ਇਹ ਸਾਰੀਆਂ ਮਤਾਂ ਮਾਇਆ ਦੇ ਅਧੀਨ ਸਾਡੇ ਅਨੁਭਵਾਂ ਦੇ ਨਤੀਜੇ ਵਜੋਂ ਇਕੱਤਰ ਹੁੰਦੀਆਂ ਹਨ। ਸਾਡੀ ਆਪਣੀ ਮਤਿ ਸਾਡੇ ਜੀਵਨ ਦੇ ਪੰਜ ਦੂਤਾਂ ਅਤੇ ਇੱਛਾਵਾਂ ਦੇ ਅਧੀਨ ਜਿਊਣ ਦੇ ਨਤੀਜੇ ਵਜੋਂ ਹੁੰਦੀ ਹੈ। ਸਾਡੇ ਰੋਜ਼ਾਨਾ ਦੇ ਕਰਮ ਇਨ੍ਹਾਂ ਪੰਜ ਦੂਤਾਂ ਜਾਂ ਇੱਛਾਵਾਂ ਦੇ ਅਧੀਨ ਆਉਂਦੇ ਹਨ। ਇਸ ਤਰ੍ਹਾਂ ਮਨ ਦੇ ਫੈਸਲੇ ਪੰਜ ਦੂਤਾਂ ਅਤੇ ਇੱਛਾਵਾਂ ਦੇ ਅਧੀਨ ਕੀਤੇ ਜਾਂਦੇ ਹਨ।

ਮਾਇਆ ਤੋਂ ਮੁਕਤ ਹੋਣ ਦਾ ਰਸਤਾ ਕੇਵਲ ਮਨੁੱਖ ਦੇ ਹਿਰਦੇ ਵਿੱਚ ਪਰਮ ਜੋਤ ਦਾ ਪ੍ਰਗਟ ਹੋ ਜਾਣਾ ਹੈ। ਮਨੁੱਖੀ ਮਨ ਦੇ ਉੱਪਰ ਪਰਮ ਜੋਤ ਦਾ ਵਾਸ ਹੈ। ਸਮੱਸਿਆ ਇਹ ਹੈ ਕਿ ਪਰਮ ਜੋਤ ਦਾ ਸਾਡੇ ਮਨ ਨਾਲੋਂ ਸੰਬੰਧ ਟੁੱਟ ਚੁੱਕਾ ਹੈ। ਇਹ ਪਰਮ ਜੋਤ ਸਭ ਤੋਂ ਵੱਡੀ ਪੂਰਨ ਬ੍ਰਹਮ ਸ਼ਕਤੀ ਹੈ ਜੋ ਅਸਲ ਵਿੱਚ ਸਾਡੇ ਪ੍ਰਾਣ ਨੂੰ ਕਾਇਮ ਰੱਖਦੀ ਹੈ ਅਤੇ ਸਾਡੀ ਦੇਹੀ ਨੂੰ ਜੀਵਨ ਦਿੰਦੀ ਹੈ। ਹਾਲਾਂ ਕਿ ਸਾਡਾ ਮਨ ਇਸ ਸਰਵ ਉੱਤਮ ਬ੍ਰਹਮ ਸ਼ਕਤੀ, ਪਰਮ ਜੋਤ ਨੂੰ ਨਹੀਂ ਪਹਿਚਾਣਦਾ ਨਾ ਹੀ ਸਵਿਕਾਰਦਾ ਹੈ। ਸਾਡਾ ਮਨ ਇਹ ਸਮਝਦਾ ਹੈ ਕਿ ਇਹ ਹੀ ਕਰਤਾ ਹੈ ਅਤੇ ਮਨ ਹੀ ਹੈ ਜੋ ਸਾਰੇ ਫੈਸਲੇ ਕਰਦਾ ਹੈ। ਇਸ ਤਰ੍ਹਾਂ ਮਨ ਆਪਣੇ ਆਪ ਨੂੰ ਕਰਤਾ ਸਮਝ ਕੇ ਮਾਇਆ ਦੇ ਛਲਾਵੇ ਵਿੱਚ ਫੱਸਿਆ ਹੋਇਆ ਹੈ। ਇਸ ਲਈ ਸਾਡਾ ਮਨ ਮਾਇਆ ਦੇ ਅਧੀਨ ਕਰਮ ਕਰ ਰਿਹਾ ਹੈ ਅਤੇ ਬਦਕਿਸਮਤੀ ਦੇ ਨਾਲ ਪਰਮ ਜੋਤ ਦੀ ਪਰਮ ਬ੍ਰਹਮ ਸ਼ਕਤੀ ਤੋਂ ਅਨਭਿੱਗ ਹੈ। ਇਸ ਲਈ ਸਾਡਾ ਮਨ ਦੋਸ਼ੀ ਹੈ। ਇਹ ਇਨ੍ਹਾਂ ਅੜੀਅਲ ਹੈ ਕਿ ਇਹ ਪਰਮ ਜੋਤ ਨੂੰ ਮੰਨਣੋਂ ਇਨਕਾਰੀ ਹੈ ਜੋ ਸਾਡੇ ਸਵਾਸਾਂ ਨੂੰ ਚਲਾ ਰਹੀ ਹੈ।

ਮਨ ਨੂੰ ਸੋਧਨ ਦੀ ਜੁਗਤੀ ਕੀ ਹੈ ? ਇਸ ਮਨ ਦੇ ਅੜੀਅਲਪਣ ਨੂੰ ਕਿਵੇਂ ਅਸੀਂ ਮਾਰ ਸਕਦੇ ਹਾਂ ? ਮਨ ਨੂੰ ਜਿੱਤਣ ਦੀ ਕੀ ਜੁਗਤੀ ਹੈ ? ਮਨੁੱਖ ਵਾਸਤੇ ਮਨ ਨੂੰ ਜਿੱਤਣ ਦੀ ਜੁਗਤੀ

ਦਾ ਗਿਆਨ ਹੋਣਾ ਬਹੁਤ ਲਾਜ਼ਮੀ ਹੈ ਕਿਉਂਕਿ ਕੇਵਲ ਮਨ ਨੂੰ ਜਿੱਤਣ ਨਾਲ ਹੀ ਪੰਜ ਗਿਆਨ ਇੰਦਰੀਆਂ ਦਾ ਸਿੱਧਾ ਸੰਬੰਧ ਪਰਮ ਜੋਤ ਨਾਲ ਜੁੜ ਸਕਦਾ ਹੈ; ਕੇਵਲ ਮਨ ਦੇ ਅੰਤ ਹੋਣ ਨਾਲ ਹੀ ਅਸੀਂ ਮਾਇਆ ਦੇ ਜਾਲ ਵਿੱਚੋਂ ਬਾਹਰ ਆ ਸਕਦੇ ਹਾਂ; ਕੇਵਲ ਮਨ ਨੂੰ ਜਿੱਤਣ ਨਾਲ ਹੀ ਅਸੀਂ ਆਪਣੇ ਹਿਰਦੇ ਵਿੱਚ ਪੂਰਨ ਬ੍ਰਹਮ ਸ਼ਕਤੀ ਦਾ ਅਨੁਭਵ ਕਰ ਸਕਦੇ ਹਾਂ; ਕੇਵਲ ਮਨ ਨੂੰ ਜਿੱਤਣ ਨਾਲ ਹੀ ਅਸੀਂ ਇਸ ਪਰਮ ਸਤਿ ਦਾ ਅਨੁਭਵ ਕਰ ਸਕਦੇ ਹਾਂ ਕਿ ਸਾਡਾ ਸਰੀਰ, ਸੋਚ ਅਤੇ ਕਰਮ ਪੂਰੀ ਤਰ੍ਹਾਂ ਇਸ ਪੂਰਨ ਬ੍ਰਹਮ ਸ਼ਕਤੀ ਨਾਲ ਚਲਾਏ ਜਾਂਦੇ ਹਨ ਅਤੇ ਇੱਛਾਵਾਂ ਅਤੇ ਦੂਤਾਂ ਦੁਆਰਾ ਨਹੀਂ। ਪੰਜ ਦੂਤ ਅਤੇ ਤ੍ਰਿਸ਼ਣਾ ਨੇ ਸਾਡੀ ਮਤਿ ਮਾਰ ਕੇ ਸਾਨੂੰ ਕੁਰਾਹੇ ਪਾਇਆ ਹੋਇਆ ਹੈ। ਮਾਇਆ ਦੀ ਗ਼ੁਲਾਮੀ ਨੇ ਸਾਡੀ ਮਤਿ ਨੂੰ ਭ੍ਰਿਸ਼ਟ ਕਰਿਆ ਹੋਇਆ ਹੈ। ਇਸ ਲਈ ਮਾਇਆ ਦੀ ਗ਼ੁਲਾਮੀ ਵਿੱਚ ਸਾਡਾ ਮਨ ਇਸ ਭ੍ਰਿਸ਼ਟ ਹੋਈ ਮਤਿ ਨੂੰ ਸੱਚ ਜਾਣ ਬੈਠਾ ਹੈ ਅਤੇ ਮਾਇਆ ਦੀ ਗ਼ੁਲਾਮੀ ਵਿੱਚ ਇਸ ਪਰਮ ਸਤਿ ਨੂੰ ਮੰਨਣ ਤੋਂ ਇਨਕਾਰ ਕਰ ਰਿਹਾ ਹੈ ਕਿ ਪੂਰਨ ਬ੍ਰਹਮ ਜੋਤ ਹੀ ਜੀਵਨ ਦੀ ਪਰਮ ਸ਼ਕਤੀ ਹੈ। ਇਸ ਲਈ ਮਾਇਆ ਦੀ ਵਿਨਾਸ਼ਕਾਰੀ ਗ਼ੁਲਾਮੀ ਤੋਂ ਅਸੀਂ ਆਪਣੇ ਮਨ ਨੂੰ ਜਗਾਉਣਾ ਹੈ ਅਤੇ ਇਸ ਦੇ ਅਸਲੀ ਸਰੂਪ ਜੋ ਕਿ ਜੋਤ ਸਰੂਪ ਹੈ ਉਸ ਨਾਲ ਇਸ ਦੀ ਪਹਿਚਾਣ ਕਰਵਾ ਕੇ ਇਸ ਨੂੰ ਸਤਿ ਦੇ ਮਾਰਗ ਉੱਪਰ ਲੈ ਕੇ ਆਉਣਾ ਹੈ। ਮਨ ਨੂੰ ਜਿੱਤਣ ਵਿੱਚ ਹੀ ਮਾਇਆ ਦੀ ਹਾਰ ਹੈ। ਮਨ ਨੂੰ ਜਿੱਤਣ ਵਿੱਚ ਹੀ ਪੰਜ ਚੰਡਾਲ: ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀ ਹਾਰ ਹੈ। ਮਨ ਨੂੰ ਜਿੱਤਣ ਨਾਲ ਹੀ ਤ੍ਰਿਸ਼ਣਾ ਦੀ ਹਾਰ ਹੈ। ਮਨ ਨੂੰ ਜਿੱਤਣ ਵਿੱਚ ਹੀ ਮਾਇਆ ਦੀ ਗ਼ੁਲਾਮੀ ਤੋਂ ਮੁਕਤੀ ਹੈ। ਮਨ ਨੂੰ ਜਿੱਤਣ ਨਾਲ ਹੀ ਮਾਇਆ ਮਨੁੱਖ ਦੀ ਗ਼ੁਲਾਮੀ ਵਿੱਚ ਆ ਜਾਂਦੀ ਹੈ ਅਤੇ ਮਨੁੱਖ ਦੀ ਦਾਸੀ ਬਣ ਕੇ ਉਸ ਦੀ ਸੇਵਾ ਕਰਦੀ ਹੈ। ਮਨ ਨੂੰ ਜਿੱਤਣ ਨਾਲ ਹੀ ਪੰਜ ਚੰਡਾਲ: ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਮਨੁੱਖ ਦੀ ਜੁੱਤੀ ਹੇਠ ਆ ਜਾਂਦੇ ਹਨ ਅਤੇ ਮਨੁੱਖ ਦੇ ਗ਼ੁਲਾਮ ਬਣ ਜਾਂਦੇ ਹਨ।

ਸਾਡੇ ਸਥੂਲ ਸਰੀਰ ਦੀ ਹੋਂਦ ਸਰਵ ਉੱਤਮ ਬ੍ਰਹਮ ਸ਼ਕਤੀ ਪਰਮ ਜੋਤ ਦੁਆਰਾ ਬਖ਼ਸ਼ੇ ਸਵਾਸਾਂ ਅਤੇ ਜੀਵਨ ਸ਼ਕਤੀ ਨਾਲ ਹੈ। ਜਦ ਤੱਕ ਪਰਮ ਜੋਤ ਮਨੁੱਖੀ ਸਥੂਲ ਸਰੀਰ ਵਿੱਚ ਕਾਇਮ ਹੈ ਤਦ ਤੱਕ ਮਨੁੱਖ ਦੇ ਸਰੀਰ ਵਿੱਚ ਜੀਵਨ ਸ਼ਕਤੀ ਮੌਜੂਦ ਹੈ ਅਤੇ ਜਦ ਪਰਮ ਜੋਤ ਮਨੁੱਖਾ ਦੇਹੀ ਦਾ ਤਿਆਗ ਕਰ ਦਿੰਦੀ ਹੈ ਤਾਂ ਸਥੂਲ ਸਰੀਰ ਦੀ ਮੌਤ ਹੋ ਜਾਂਦੀ ਹੈ। ਜਦ ਮਨੁੱਖ ਦਾ ਮਨ ਮਰ ਜਾਂਦਾ ਹੈ ਤਾਂ ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਸਿੱਧੇ ਪਰਮ ਜੋਤ ਦੇ ਪੂਰਨ ਹੁਕਮ ਵਿੱਚ ਆ ਜਾਂਦੀਆਂ ਹਨ। ਪੰਜ ਗਿਆਨ ਇੰਦਰੀਆਂ ਦੇ ਪੂਰਨ ਹੁਕਮ ਪਰਮ ਜੋਤ ਦੇ ਅਧੀਨ ਆਉਣ ਨਾਲ ਹੀ ਮਨੁੱਖ ਦੀਆਂ ਪੰਜ ਕਰਮ ਇੰਦਰੀਆਂ ਵੀ ਪਰਮ ਜੋਤ ਪੂਰਨ ਹੁਕਮ ਵਿੱਚ ਆ ਜਾਂਦੀਆਂ ਹਨ। ਜਦੋਂ ਅਜਿਹਾ ਹੋ ਜਾਂਦਾ ਹੈ ਤਾਂ ਸਾਡੇ ਸਾਰੇ ਕਰਮ ਸਤਿ ਕਰਮ ਬਣ ਜਾਂਦੇ ਹਨ। ਮਨ ਨੂੰ ਮਾਰਨਾ ਹੀ ਸਫਲਤਾ ਦੀ ਕੁੰਜੀ ਹੈ ਜੋ ਕਿ ਕੇਵਲ ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਨਾਲ ਪ੍ਰਾਪਤ ਹੁੰਦਾ ਹੈ। ਪੂਰਨ ਬੰਦਗੀ ਐਸੀ ਅਵਸਥਾ ਹੈ ਜਦ ਮਨ ਮਰ ਜਾਂਦਾ ਹੈ ਅਤੇ ਪਰਮ ਪਦਵੀ ਪ੍ਰਾਪਤ ਹੋ ਜਾਂਦੀ ਹੈ।

ਦੂਸਰੇ ਸਭ ਢੰਗ ਤਰੀਕੇ ਫਿਰ, ਮਨਮਤਿ, ਸੰਸਾਰਿਕ ਮਤਿ ਜਾਂ ਦੁਰਮਤਿ ਹਨ ਅਤੇ ਸਾਨੂੰ ਮਾਇਆ ਦੇ ਜਾਲ ਵਿੱਚੋਂ ਬਾਹਰ ਨਹੀਂ ਖੜਦੇ। ਕੇਵਲ ਪੂਰਨ ਬ੍ਰਹਮ ਗਿਆਨ, ਪੂਰਨ ਤੱਤ ਗਿਆਨ ਅਤੇ ਪੂਰਨ ਬੰਦਗੀ ਸਾਨੂੰ ਤ੍ਰੈ ਗੁਣ ਮਾਇਆ ਤੋਂ ਪਰ੍ਹੇ ਚਉਥੇ ਪਦਿ ਵਿੱਚ ਲੈ ਜਾਂਦੀ ਹੈ, ਜਿਥੇ ਨਾ ਤਾਂ ਪੰਜ ਦੂਤ ਹੁੰਦੇ ਹਨ ਅਤੇ ਨਾ ਹੀ ਇੱਛਾਵਾਂ ਹੁੰਦੀਆਂ ਹਨ। ਗੁਰਮਤਿ

ਦਾ ਮਾਰਗ ਕੇਵਲ ਗੁਰਪ੍ਰਸਾਦਿ ਦਾ ਮਾਰਗ ਹੈ ਜੋ ਕਿ ਮਨੁੱਖ ਨੂੰ ਆਪਣੇ ਪਰਿਵਾਰਕ ਜੀਵਨ ਦੇ ਸਾਰੇ ਕਾਰ-ਵਿਹਾਰ ਕਰਦਿਆਂ ਹੋਇਆਂ ਜੀਵਨ ਮੁਕਤੀ ਨੂੰ ਪ੍ਰਾਪਤ ਕਰਨ ਦਾ ਸਰਲ ਮਾਰਗ ਹੈ।

ਮਨ ਨੂੰ ਸੋਧਣ ਲਈ ਅਤੇ ਆਪਣੇ ਚਿੱਤਰਗੁਪਤ ਨੂੰ ਸਾਫ਼ ਕਰਨ ਲਈ ਸਾਨੂੰ ਆਪਣੇ ਗੁਨਾਹਾਂ ਅਤੇ ਪਾਪਾਂ ਤੋਂ ਮੁਕਤ ਹੋਣ ਲਈ ਅਰਦਾਸ ਉੱਪਰ ਆਪਣਾ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਐਸਾ ਕਰਨ ਨਾਲ ਸਾਡੇ ਮਨ ਦੀ ਮੈਲ ਧੁਪੇਗੀ ਅਤੇ ਸਾਡਾ ਮਨ ਸਾਫ਼ ਹੋਵੇਗਾ ਜਿਸ ਨਾਲ ਸਾਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੋਵੇਗੀ ਅਤੇ ਮਨ ਨੂੰ ਮਾਰਨ ਦਾ ਮਾਰਗ ਖੁੱਲ੍ਹ ਜਾਵੇਗਾ। ਆਪਣੇ ਗੁਨਾਹਾਂ ਅਤੇ ਪਾਪਾਂ ਦੀ ਮੁਆਫ਼ੀ ਲਈ ਅਰਦਾਸ ਕਰਨਾ ਪੂਰਨ ਬ੍ਰਹਮ ਬਖ਼ਸ਼ੀਸ਼ ਹੈ, ਜਿਸ ਨੂੰ ਕਰਨ ਦੀ ਸ਼ਕਤੀ ਸਾਨੂੰ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਬਖ਼ਸ਼ੀ ਹੈ। ਭਾਵ ਸਾਨੂੰ ਮਨੁੱਖਾ ਜਨਮ ਦੇ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਇਹ ਅਰਦਾਸ ਕਰਨ ਦੀ ਸ਼ਕਤੀ ਨਾਲ ਨਿਵਾਜਿਆ ਹੈ। ਮੁਆਫ਼ੀ ਆਪਣੇ ਗੁਨਾਹਾਂ, ਪਾਪਾਂ ਅਤੇ ਅਸਤਿ ਕਰਮਾਂ ਦੇ ਬਖ਼ਸ਼ੇ ਜਾਣ ਲਈ ਮੰਗਣੀ ਹੈ। ਮੁਆਫ਼ੀ ਆਪਣੇ ਮਾੜੇ ਸੰਸਕਾਰਾਂ ਤੋਂ ਮੁਕਤੀ ਲਈ ਕਰਨੀ ਹੈ। ਆਓ ਸਦਾ ਐਸੀ ਅਰਦਾਸ ਕਰੀਏ, ਜਿਸ ਦੇ ਕਰਨ ਨਾਲ ਸਾਡੇ ਸਾਰੇ ਗੁਨਾਹਾਂ ਅਤੇ ਮਾੜੇ ਸੰਸਕਾਰਾਂ ਤੋਂ ਮੁਕਤੀ ਹੋ ਸਕੇ। ਇਸ ਲਈ ਬਾਰ-ਬਾਰ ਅਰਦਾਸ ਕਰੋ ਕਿ:

ਅਸੀਂ ਮਹਾਂ ਪਾਪੀ ਹਾਂ, ਮਹਾਂ ਪਖੰਡੀ ਹਾਂ, ਮਹਾਂ ਕਾਮੀ ਹਾਂ, ਮਹਾਂ ਕ੍ਰੋਧੀ ਹਾਂ, ਮਹਾਂ ਲੋਭੀ ਹਾਂ, ਮਹਾਂ ਮੋਹੀ ਹਾਂ, ਮਹਾਂ ਅਹੰਕਾਰੀ ਹਾਂ। ਅਸੀਂ ਕਲਜੁਗੀ ਜੀਵ ਸਵਾਸ-ਸਵਾਸ ਗੁਨਾਹਗਾਰ ਹਾਂ। ਅਸੀਂ ਕੂੜ ਕਪਟੀ ਹਾਂ, ਗੁਨਾਹਗਾਰ ਹਾਂ, ਲੂਣਹਰਾਮੀ ਹਾਂ। ਹੇ ਅਗੰਮ, ਅਗੋਚਰ, ਅਨੰਤ, ਬੇਅੰਤ, ਅਲਿੱਖ, ਅਦਿੱਖ, ਅਮਿਤੋਜ, ਜਗਤੇਸ਼ਵਰ, ਬ੍ਰਹਮੇਸ਼ਵਰ, ਸਰਵੇਸ਼ਵਰ, ਸਰਬ ਕਲਾ ਭਰਪੂਰ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਜੀ ਆਪ ਪਰਮ ਦਿਆਲੂ ਹੋ, ਪਰਮ ਕਿਰਪਾਲੂ ਹੋ, ਬਖ਼ਸ਼ਿੰਦ ਹੋ, ਬਖ਼ਸ਼ਨਹਾਰੇ ਹੋ। ਅਸੀਂ ਆਪਣੇ ਸਾਰੇ ਗੁਨਾਹ ਅਤੇ ਪਾਪ ਕਬੂਲ ਕਰਦੇ ਹਾਂ। ਕ੍ਰਿਪਾ ਕਰ ਕੇ ਸਾਡੇ ਸਾਰੇ ਮਾੜੇ ਕਰਮ, ਝੂਠ ਕਰਮ, ਗੁਨਾਹ ਅਤੇ ਪਾਪ ਬਖ਼ਸ਼ ਦਿਓ। ਹੇ ਕਿਰਪਾ ਨਿਧਾਨ ਸਾਡੇ ਸਾਰੇ ਗੁਨਾਹ ਅਤੇ ਪਾਪ ਮੁਆਫ਼ ਕਰ ਦਿਓ ਅਤੇ ਸਾਨੂੰ ਸਤਿ ਬੁੱਧੀ ਬਖ਼ਸ਼ੋ।

ਇਸ ਤਰ੍ਹਾਂ ਦੀ ਅਰਦਾਸ ਦਿਨ ਰਾਤ ਕਰਨ ਨਾਲ ਸਾਡੀ ਮਾਨਸਿਕ ਦਸ਼ਾ ਸੁਧਾਰਨ ਵਿੱਚ ਬਹੁਤ ਸਹਾਇਤਾ ਹੋਵੇਗੀ। ਦਿਨ-ਰਾਤ ਜਦ ਵੀ ਅਸੀਂ ਜਾਣੇ-ਅਨਜਾਣੇ ਕੋਈ ਅਸਤਿ ਕਰਮ ਕਰਾਂਗੇ ਤਾਂ ਉਸ ਦੀ ਮੁਆਫ਼ੀ ਮਿਲ ਜਾਏਗੀ ਅਤੇ ਸਾਡਾ ਚਿੱਤਰਗੁਪਤ ਸਾਫ਼ ਰਹੇਗਾ ਅਤੇ ਸਾਡੇ ਕਰਮ ਬੰਧਨਾਂ ਦਾ ਅਸਰ ਨਹੀਂ ਇਕੱਠਾ ਹੋਵੇਗਾ ਅਤੇ ਸਾਡੇ ਭਵਿੱਖ ਦੇ ਸੰਸਕਾਰ ਪਵਿੱਤਰ ਹੋਣੇ ਸ਼ੁਰੂ ਹੋ ਜਾਣਗੇ। ਇਸ ਤਰ੍ਹਾਂ ਸਾਡੇ ਸਾਰੇ ਕਰਮ ਸਤਿ ਕਰਮ ਹੋਣੇ ਸ਼ੁਰੂ ਹੋ ਜਾਣਗੇ ਅਤੇ ਅਸੀਂ ਗੁਰਪ੍ਰਸਾਦਿ ਦੀ ਪ੍ਰਾਪਤੀ ਵੱਲ ਵੱਧਣਾ ਸ਼ੁਰੂ ਕਰ ਦੇਵਾਂਗੇ। ਅਸੀਂ ਉਦੋਂ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਵਿੱਚ ਜਾਂਦੇ ਹਾਂ ਜਦ ਅਸੀਂ ਗੁਰਪ੍ਰਸਾਦਿ ਪ੍ਰਾਪਤ ਕਰ ਤ੍ਰੈ ਗੁਣ ਮਾਇਆ, ਪੰਜ ਦੂਤਾਂ ਅਤੇ ਤ੍ਰਿਸ਼ਣਾ ਦੀ ਗ਼ੁਲਾਮੀ ਅਧੀਨ ਨਹੀਂ ਰਹਿੰਦੇ ਹਾਂ ਅਤੇ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦਾ ਸਦਕਾ ਅਸੀਂ ਮਾਇਆ ਉੱਪਰ ਜਿੱਤ ਪ੍ਰਾਪਤ ਕਰ ਕੇ ਜੀਵਨ ਮੁਕਤ ਹੋ ਜਾਂਦੇ ਹਾਂ। ਅਸੀਂ ਪੂਰਨ ਸਚਿਆਰੇ ਤਾਂ ਬਣਦੇ ਹਾਂ ਜਦ ਸਾਡਾ ਮਨ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ ਅਤੇ ਅਸੀਂ ਆਪਣੀ ਮਤਿ ਦੇ ਅਧੀਨ ਕਰਮ ਨਹੀਂ ਕਰਦੇ। ਗੁਰਪ੍ਰਸਾਦਿ ਦੀ ਬੇਅੰਤ ਪਰਮ ਸ਼ਕਤੀ ਦੀ ਬਖ਼ਸ਼ਿਸ਼ ਨਾਲ ਅਸੀਂ ਪੂਰਨ ਬ੍ਰਹਮ ਗਿਆਨ ਦੇ

ਅਨੁਸਾਰ ਆਪਣੀ ਕਰਨੀ ਢਾਲ ਲੈਂਦੇ ਹਾਂ। ਅਸੀਂ ਪੂਰਨ ਸਚਿਆਰੇ ਬਣਦੇ ਹਾਂ ਜਦ ਪੂਰਨ ਬ੍ਰਹਮ ਪ੍ਰਕਾਸ਼ ਜੋ ਸਾਡੇ ਹਿਰਦੇ ਵਿੱਚ ਮੌਜੂਦ ਹੈ, ਪੂਰਨ ਪਰਮ ਜੋਤ ਜੋ ਸਾਡੇ ਹਿਰਦੇ ਵਿੱਚ ਵਿਧਮਾਨ ਹੈ ਉਹ ਪਰਮ ਸ਼ਕਤੀਸ਼ਾਲੀ ਜੋਤ ਮਾਇਆ ਦੇ ਵਿਨਾਸ਼ਕਾਰੀ ਅਤੇ ਗੂੜ੍ਹੇ ਕਾਲੇ ਅੰਧੇਰੇ ਨੂੰ ਪਾੜ ਕੇ ਜਗਤ ਵਿੱਚ ਪ੍ਰਗਟ ਹੋ ਕੇ ਪ੍ਰਗਟਿਓ ਜੋਤ ਬਣ ਜਾਂਦੀ ਹੈ।

ਕੇਵਲ ਮਾਇਆ ਉੱਪਰ ਜਿੱਤ ਪ੍ਰਾਪਤ ਕਰ ਕੇ ਹੀ ਸਾਡੇ ਅੰਦਰ ਜੋ ਜੋਤ ਹੈ ਉਹ ਪਰਮ ਜੋਤ ਬਣ ਜਾਂਦੀ ਹੈ ਅਤੇ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਰਮੇਸ਼ਰ ਨਾਲ ਜੁੜ ਜਾਂਦੀ ਹੈ ਅਤੇ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਜੀ ਦੇ ਨਿਰਗੁਣ ਸਰੂਪ ਵਿੱਚ ਲੀਨ ਹੋ ਜਾਂਦੀ ਹੈ। ਇਸ ਅਵਸਥਾ ਦੀ ਪ੍ਰਾਪਤੀ ਲਈ ਸਾਨੂੰ ਤ੍ਰੈ ਗੁਣ ਮਾਇਆ ਤੋਂ ਪਾਰ ਹੋਣਾ ਪੈਂਦਾ ਹੈ, ਕਿਉਂਕਿ ਅਕਾਲ ਪੁਰਖ ਤ੍ਰੈ ਗੁਣ ਮਾਇਆ ਤੋਂ ਪਰੇ ਹੈ ਇਸ ਲਈ ਅਕਾਲ ਪੁਰਖ ਦੀ ਪੂਰਨ ਪ੍ਰਾਪਤੀ ਕੇਵਲ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਹੀ ਕੀਤੀ ਜਾ ਸਕਦੀ ਹੈ, ਭਾਵ ਅਕਾਲ ਪੁਰਖ ਦੇ ਨਿਰਗੁਣ ਸਰੂਪ ਵਿੱਚ ਕੇਵਲ ਮਾਇਆ ਉੱਪਰ ਜਿੱਤ ਪ੍ਰਾਪਤ ਕਰ ਕੇ ਹੀ ਅਭੇਦ ਹੋਇਆ ਜਾ ਸਕਦਾ ਹੈ। ਹਿਰਦਾ ਜਦ ਪੂਰਨ ਸਚਿਆਰੀ ਰਹਿਤ ਪ੍ਰਾਪਤ ਕਰ ਪੂਰਨ ਬ੍ਰਹਮ ਪ੍ਰਕਾਸ਼ ਪਰਮ ਜੋਤ ਨਾਲ ਸੁਸ਼ੋਭਿਤ ਹੋ ਜਾਂਦਾ ਹੈ ਤਾਂ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਅਤੇ ਸਾਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਬ੍ਰਹਮ ਗਿਆਨ ਸਾਡੀ ਆਪਣੀ ਮਤਿ ਨੂੰ ਅਤੇ ਮਨ ਨੂੰ ਬਦਲ ਦਿੰਦਾ ਹੈ। ਮਨਮਤਿ ਅਤੇ ਮਨ ਖ਼ਤਮ ਹੋ ਜਾਂਦੇ ਹਨ ਅਤੇ ਪੰਜੇ ਗਿਆਨ ਇੰਦਰੀਆਂ ਅਤੇ ਪੰਜੇ ਕਰਮ ਇੰਦਰੀਆਂ ਸਿੱਧੀਆਂ ਪਰਮ ਜੋਤ ਦੇ ਪੂਰਨ ਹੁਕਮ ਦੇ ਵਿੱਚ ਚਲੀਆਂ ਜਾਂਦੀਆਂ ਹਨ। ਇਸ ਤਰੀਕੇ ਨਾਲ ਸਾਡੀਆਂ ਸਾਰੀਆਂ ਕਰਨੀਆਂ, ਕਰਮ, ਕਿਰਿਆਵਾਂ ਅਤੇ ਪ੍ਰਤੀ ਕਿਰਿਆਵਾਂ ਸਿੱਧੇ ਪਰਮ ਜੋਤ ਦੇ ਹੁਕਮ ਅਧੀਨ ਆ ਜਾਂਦੀਆਂ ਹਨ। ਇਸ ਅਵਸਥਾ ਨੂੰ ਪੂਰਨ ਬ੍ਰਹਮ ਗਿਆਨ ਦੀ ਅਵਸਥਾ ਕਿਹਾ ਜਾਂਦਾ ਹੈ। ਪੂਰਨ ਸੰਤ ਅਤੇ ਪੂਰਨ ਬ੍ਰਹਮ ਗਿਆਨੀ ਮਹਾਂ ਪੁਰਖ ਇਸ ਅਵਸਥਾ ਦਾ ਆਨੰਦ ਮਾਣਦੇ ਹਨ, ਇਨ੍ਹਾਂ ਮਹਾਂ ਪੁਰਖਾਂ ਦੀ ਆਪਣੀ ਕੋਈ ਮਤਿ ਨਹੀਂ ਹੁੰਦੀ। ਉਹ ਸਿੱਧੇ ਪੂਰਨ ਬ੍ਰਹਮ ਗਿਆਨ ਦੇ ਅਧੀਨ ਹੁੰਦੇ ਹਨ ਜਿਹੜਾ ਕਿ ਪੂਰਨ ਹੁਕਮ ਹੈ। ਉਹ ੧੦੦ ਪ੍ਰਤੀਸ਼ਤ ਮਾਨਸਰੋਵਰ, ਪਰਿਪੂਰਨ ਪ੍ਰਮਾਤਮਾ ਦੇ ਚਰਨਾਂ ਵਿੱਚ ਸਦਾ-ਸਦਾ ਲੀਨ ਰਹਿੰਦੇ ਹਨ। ਉਹ ਮਾਇਆ ਦੇ ਸੰਗਲ਼ਾਂ ਬੰਧਨਾਂ ਤੋਂ ਪੂਰੀ ਤਰ੍ਹਾਂ ਨਾਲ ਮੁਕਤ ਹੋ ਜਾਂਦੇ ਹਨ। ਇਸ ਲਈ ਹੀ ਉਨ੍ਹਾਂ ਨੂੰ ਪੂਰਨ ਬ੍ਰਹਮ ਗਿਆਨੀ ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਪਾਰ ਬ੍ਰਹਮ ਦੀ ਥਾਹ ਪਾ ਲਈ ਹੁੰਦੀ ਹੈ। ਉਨ੍ਹਾਂ ਨੇ ਪਰਮ ਤੱਤ ਦੀ ਹੋਂਦ ਅਤੇ ਮਤਲਬ ਨੂੰ ਕਮਾ ਲਿਆ ਹੁੰਦਾ ਹੈ। ਉਨ੍ਹਾਂ ਨੇ ਬੇਅੰਤ ਦਾ ਅਨੁਭਵ ਕਰ ਲਿਆ ਹੁੰਦਾ ਹੈ। ਉਨ੍ਹਾਂ ਨੇ ਅਕੱਥ ਦੀ ਕਥਾ ਦਾ ਅਨੁਭਵ ਕਰ ਲਿਆ ਹੁੰਦਾ ਹੈ ਅਤੇ ਇਸ ਨੂੰ ਮਹਿਸੂਸ ਕਰ ਲਿਆ ਹੁੰਦਾ ਹੈ। ਪਾਰ ਬ੍ਰਹਮ ਪਰਮੇਸ਼ਰ ਦੀ ਉਨ੍ਹਾਂ ਦੇ ਅੰਦਰ ਹੋਂਦ ਸਦਕਾ ਉਹ ਬੀਤੇ ਸਮੇਂ, ਮੌਜੂਦਾ ਸਮੇਂ ਅਤੇ ਭਵਿੱਖ ਬਾਰੇ ਸਭ ਕੁਝ ਜਾਣ ਗਏ ਹੁੰਦੇ ਹਨ। ਹਾਲਾਂਕਿ ਇਸ ਬ੍ਰਹਮ ਗਿਆਨ ਦੀ ਵਰਤੋਂ ਕੇਵਲ ਮਾਨਵਤਾ ਦੇ ਭਲੇ ਅਤੇ ਚੰਗੇ ਲਈ ਕੀਤੀ ਜਾਂਦੀ ਹੈ। ਜੇਕਰ ਇਹ ਕਿਸੇ ਹੋਰ ਮੰਤਵ ਲਈ ਕੀਤੀ ਜਾਂਦੀ ਹੈ ਤਾਂ ਇਸ ਦੇ ਨਤੀਜੇ ਵਜੋਂ ਅਗੰਮ ਪਰਮ ਸ਼ਕਤੀ ਅਲੋਪ ਹੋ ਜਾਂਦੀ ਹੈ।

ਭਾਵੇਂ ਕਿ ਸਾਨੂੰ ਹੁਕਮ ਅੰਦਰ ਲਿਆਓਣ ਲਈ ਆਪਣੇ ਮਨ ਅਤੇ ਮਤਿ ਨੂੰ ਮਾਰਨਾ ਬੜਾ ਮੁਸ਼ਕਿਲ ਕੰਮ ਹੈ ਪਰ ਇਹ ਭਰੋਸਾ ਦ੍ਰਿੜ੍ਹ ਕਰੋ ਕਿ ਐਸਾ ਕੀਤਾ ਜਾ ਸਕਦਾ ਹੈ ਅਤੇ ਹੁੰਦਾ ਹੈ। ਐਸਾ ਭਗਤਾਂ, ਸੰਤਾਂ, ਸਤਿਗੁਰੂਆਂ ਅਤੇ ਬ੍ਰਹਮ ਗਿਆਨੀਆਂ ਦੁਆਰਾ ਬੀਤੇ ਸਮੇਂ ਵਿੱਚ ਕੀਤਾ ਗਿਆ ਹੈ। ਇਹ ਹੁਣ ਵੀ ਕੀਤਾ ਜਾ ਰਿਹਾ ਹੈ ਅਤੇ ਭਵਿੱਖ ਵਿੱਚ ਕੀਤਾ ਜਾਂਦਾ

ਰਹੇਗਾ। ਪੂਰਨ ਸ਼ਰਧਾ, ਪੂਰਨ ਪ੍ਰੀਤ ਅਤੇ ਪੂਰਨ ਭਰੋਸੇ ਨਾਲ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਪ੍ਰਾਪਤੀ ਸਹਿਜੇ ਹੀ ਕੀਤੀ ਜਾ ਸਕਦੀ ਹੈ।

ਪੂਰਨ ਸਚਿਆਰੀ ਰਹਿਤ ਦੀ ਪ੍ਰਾਪਤੀ ਲਈ ਸਾਨੂੰ ਆਪਣੇ ਅੰਦਰ ਨੂੰ ਪੂਰੀ ਤਰ੍ਹਾਂ ਨਿਰਮਲ ਕਰਨਾ ਪਏਗਾ। ਪੂਰਨ ਸਚਿਆਰਾ ਬਣਨ ਲਈ ਅਤੇ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਪ੍ਰਾਪਤੀ ਲਈ ਕੇਵਲ ਇਹ ਹੀ ਇੱਕ ਰਸਤਾ ਹੈ। ਸਾਡੇ ਰੂਹਾਨੀ ਵਿਕਾਸ ਲਈ ਅਤੇ ਇੱਕ ਅਜਿਹੇ ਪੱਧਰ 'ਤੇ ਪਹੁੰਚਣ ਲਈ ਜਿਥੇ ਸਾਡਾ ਮਨ ਅਤੇ ਸਾਡੀ ਮਤਿ ਖ਼ਤਮ ਹੋ ਜਾਂਦੇ ਹਨ, ਹਿਰਦੇ ਦਾ ਪੂਰਨ ਸਚਿਆਰੀ ਰਹਿਤ ਵਿੱਚ ਜਾਣਾ ਬਹੁਤ ਲਾਜ਼ਮੀ ਹੈ। ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੀ ਅਨਾਦਿ ਬਖ਼ਸ਼ੀਸ਼ ਦੇ ਗੁਰਪ੍ਰਸਾਦਿ ਨੂੰ ਪ੍ਰਾਪਤ ਕਰ ਕੇ ਅਸੀਂ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਪ੍ਰਾਪਤੀ ਸਹਿਜੇ ਹੀ ਕਰ ਸਕਦੇ ਹਾਂ।

ਸਾਰੀ ਸੰਗਤ ਲਈ ਇੱਕ ਬਹੁਤ ਮਹੱਤਵਪੂਰਨ ਗੱਲ ਸਮਝਣ ਵਾਲੀ ਹੈ ਕਿ ਅਸੀਂ ਜਨਮ ਦੇ ਸਮੇਂ ਨਵ ਜੰਮੇ ਬਾਲਕ ਪੂਰਨ ਪਵਿੱਤਰ, ਸ਼ੁੱਧ ਅਤੇ ਸੱਚੇ ਸੀ। ਅਸੀਂ ਪੰਜ ਦੂਤਾਂ ਤੋਂ ਅਤੇ ਤ੍ਰਿਸ਼ਣਾ ਤੋਂ ਪ੍ਰਭਾਵਿਤ ਨਹੀਂ ਸਾਂ। ਸਾਡਾ ਦਸਮ ਦੁਆਰ ਖੁੱਲ੍ਹਾ ਸੀ। ਸਾਡੇ ਸਾਰੇ ਬਜਰ ਕਪਾਟ ਖੁੱਲ੍ਹੇ ਸਨ। ਸਾਡੀਆਂ ਸਾਰੀਆਂ ਕਿਰਿਆਵਾਂ ਅਤੇ ਪ੍ਰਤੀ ਕਿਰਿਆਵਾਂ ਪਰਮ ਜੋਤ ਪੂਰਨ ਹੁਕਮ ਦੇ ਸਿੱਧੇ ਅਧੀਨ ਸਨ। ਪਰ ਜਦ ਅਸੀਂ ਵੱਡੇ ਹੁੰਦੇ ਗਏ ਮਾਇਆ ਨੇ ਸਾਡੇ ਉੱਪਰ ਆਪਣਾ ਰੰਗ ਵਿਖਾਣਾ ਸ਼ੁਰੂ ਕਰ ਦਿੱਤਾ। ਜਦ ਅਸੀਂ ਬੋਲਣ ਦੇ ਕਾਬਿਲ ਹੋਏ ਤਾਂ ਤਦ ਕਹਿਣਾ ਸ਼ੁਰੂ ਕਰ ਦਿੱਤਾ 'ਮੇਰੀ ਮਾਂ, ਮੇਰਾ ਪਿਤਾ, ਮੇਰੀ ਬੋਤਲ, ਮੇਰਾ ਖਿਡੌਣਾ, ਤਦ ਇੱਥੇ ਹੀ ਪੰਜ ਦੂਤ ਕਿਰਿਆਸ਼ੀਲ ਹੋ ਗਏ। ਜਿਉਂ-ਜਿਉਂ ਉਮਰ ਵਧਦੀ ਗਈ ਮਾਇਆ ਦੀ ਪਕੜ ਵਧਦੀ ਗਈ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਵੱਲੋਂ ਹਟ ਕੇ ਮਾਇਆ ਦੀ ਗ਼ੁਲਾਮੀ ਵਿੱਚ ਧੱਸਦੇ ਚਲੇ ਗਏ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਆਸਾ ਤ੍ਰਿਸ਼ਣਾ ਮਨਸਾ ਦੇ ਜਾਲ ਜੰਜਾਲ ਵਿੱਚ ਫਸਦੇ ਗਏ ਅਤੇ ਇਸ ਤਰ੍ਹਾਂ ਹੌਲੀ-ਹੌਲੀ ਮਾਇਆ ਦੇ ਦਲਦਲ ਵਿੱਚ ਪੂਰੀ ਤਰ੍ਹਾਂ ਨਾਲ ਗਲਤਾਨ ਹੋ ਗਏ। ਜ਼ਿਆਦਾ ਉਮਰ ਵਾਲਾ ਮਨੁੱਖ ਆਪਣੇ ਆਪ ਨੂੰ ਜਿੰਨਾ ਜ਼ਿਆਦਾ ਸੂਝਵਾਨ ਸਮਝਦਾ ਹੈ ਉਹ ਠੀਕ ਇਸ ਦੇ ਉਲਟ ਉਹ ਮਨੁੱਖ ਉਤਨਾ ਹੀ ਜ਼ਿਆਦਾ ਮਾਇਆ ਵਿੱਚ ਗਲਤਾਨ ਹੋ ਗਿਆ ਹੁੰਦਾ ਹੈ। ਇਸ ਲਈ ਜੋ ਮਨੁੱਖ ਇਸ ਖਿਆਲ ਵਿੱਚ ਜਿਉਂਦੇ ਹਨ ਕਿ ਅਜੇ ਉਨ੍ਹਾਂ ਦੀ ਉਮਰ ਨਹੀਂ ਬੰਦਗੀ ਵਿੱਚ ਪੈਣ ਦੀ, ਅਜੇ ਦੁਨੀਆਂ ਦੀਆਂ ਜ਼ਿੰਦਗੀ ਦੀਆਂ ਮੌਜਾਂ ਲੁੱਟ ਲਈਏ, ਬੰਦਗੀ ਪਿਛਲੀ ਉਮਰ ਵਿੱਚ ਕਰਨ ਦਾ ਸਮਾਂ ਅਵੇਗਾ, ਉਨ੍ਹਾਂ ਲਈ ਬੰਦਗੀ ਉਤਨੀ ਹੀ ਦੁਰਲਭ ਹੋ ਜਾਂਦੀ ਹੈ। ਕਿਉਂਕਿ ਉਨ੍ਹਾਂ ਦੀਆਂ ਮਾਇਆ ਦੀਆਂ ਗੰਢਾਂ ਉਤਨੀਆਂ ਹੋਰ ਜ਼ਿਆਦਾ ਕਠੋਰ ਅਤੇ ਵੱਧ ਗਈਆਂ ਹੁੰਦੀਆਂ ਹਨ। ਇਸ ਲਈ ਅਸੀਂ ਜਿਤਨੀ ਛੋਟੀ ਉਮਰ ਵਿੱਚ ਬੰਦਗੀ ਵਿੱਚ ਚਲੇ ਜਾਵਾਂਗੇ ਬੰਦਗੀ ਉਤਨੀ ਹੀ ਸੌਖੀ ਹੋ ਜਾਵੇਗੀ। ਇਤਿਹਾਸ ਗਵਾਹ ਹੈ ਭਗਤ ਪ੍ਰਹਲਾਦ ਅਤੇ ਭਗਤ ਧਰੂਵ ਪੰਜ ਸੱਤ ਸਾਲ ਦੀ ਅਵਸਥਾ ਵਿੱਚ ਪੂਰਨ ਬ੍ਰਹਮ ਗਿਆਨ ਦੀ ਅਵਸਥਾ ਨੂੰ ਪ੍ਰਾਪਤ ਹੋਏ। ਸਿੱਖ ਇਤਿਹਾਸ ਵਿੱਚ ਧੰਨ ਧੰਨ ਬਾਬਾ ਬੁੱਢਾ ਜੀ ਨੂੰ ਧੰਨ ਧੰਨ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੀ ਪੂਰਨ ਕਿਰਪਾ ਨਾਲ ਪੂਰਨ ਬ੍ਰਹਮ ਗਿਆਨ ਦੀ ਬਖ਼ਸ਼ਿਸ ਬੜੀ ਛੋਟੀ ਉਮਰੇ ਹੀ ਪ੍ਰਾਪਤ ਹੋਈ। ਇਸ ਲਈ ਗੁਰੂ ਪਿਅਰਿਓ ਇੰਤਜ਼ਾਰ ਨਾ ਕਰੋ ਅਤੇ ਇਸ ਪਲ ਤੋਂ ਹੀ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਲਈ ਅਰਦਾਸ ਸ਼ੁਰੂ ਕਰ ਦਿਓ ਜੀ। ਆਪਣੇ ਬੱਚਿਆਂ ਵਿੱਚ ਵੀ ਇਹ ਸੰਸਕਾਰ ਭਰ ਦਿਓ ਤਾਂ ਕਿ ਉਹ ਛੋਟੀ ਉਮਰੇ ਹੀ ਬੰਦਗੀ ਵਿੱਚ ਚਲੇ ਜਾਣ,

ਜੀਵਨ ਮੁਕਤ ਹੋ ਜ਼ਿੰਦਗੀ ਦਾ ਸਹੀ ਆਨੰਦ ਮਾਣ ਸਕਣ, ਅਕਾਲ ਪੁਰਖ ਦੇ ਚਰਨਾਂ ਵਿੱਚ ਰਹਿੰਦੇ ਹੋਏ ਆਪਣੇ ਜੀਵਨ ਨੂੰ ਪਰਮ ਆਨੰਦ ਵਿੱਚ ਸਤਿ ਦੀ ਕਰਨੀ ਕਰਦੇ ਹੋਏ ਜ਼ਿੰਦਗੀ ਦੀਆਂ ਮੌਜਾਂ ਮਾਣ ਸਕਣ।

ਇਹ ਮਾਇਆ ਦਾ ਚੱਕਰ ਕੇਵਲ ਇਸ ਜਨਮ ਦਾ ਨਹੀਂ ਹੈ, ਬਲਕਿ ਕਈ ਸੌ ਜਨਮਾਂ ਤੋਂ ਇਹ ਚੱਕਰ ਚਲਿਆ ਰਿਹਾ ਹੈ। ਜਨਮਾਂ-ਜਨਮਾਂਤਰਾਂ ਤੋਂ ਮਾਇਆ ਦੇ ਇਸ ਦਲਦਲ ਵਿੱਚ ਫਸੇ ਹੋਏ ਹਾਂ। ਇਸ ਲਈ ਸਾਡੇ ਸਾਰੇ ਸੰਸਕਾਰ, ਸਾਡੀਆਂ ਮਾੜੀਆਂ ਅਤੇ ਚੰਗੀਆਂ ਆਦਤਾਂ, ਸਾਡਾ ਮਾੜਾ ਅਤੇ ਚੰਗਾ ਸੁਭਾਅ, ਸਾਡਾ ਮਾੜਾ ਚੰਗਾ ਵਿਵਹਾਰ, ਸਾਡਾ ਜ਼ਿੰਦਗੀ ਪ੍ਰਤੀ ਨਜ਼ਰੀਆ ਜੋ ਅਸੀਂ ਵਿਕਸਤ ਕੀਤਾ ਹੈ ਕੇਵਲ ਇਸ ਜ਼ਿੰਦਗੀ ਦੀ ਦੇਣ ਨਹੀਂ ਹੈ ਬਲਕਿ ਇਹ ਸਾਡੇ ਸਾਰੇ ਪੂਰਵਲੇ ਜਨਮਾਂ ਦੀ ਕਰਨੀ ਅਤੇ ਕਰਮਾਂ ਦੇ ਆਧਾਰਿਤ ਹੁੰਦਾ ਹੈ। ਇਸ ਲਈ ਸਾਡਾ ਚਿੱਤਰ ਗੁਪਤ, ਸਾਡਾ ਸਾਰਾ ਲੇਖਾ-ਜੋਖਾ ਸਾਡੇ ਸਾਰੇ ਪੂਰਵਲੇ ਜਨਮਾਂ ਦੇ ਵਿੱਚ ਕੀਤੇ ਚੰਗੇ-ਮਾੜੇ ਕਰਮਾਂ ਦੇ ਕਾਰਨ ਹੀ ਹੈ। ਸਾਡੀ ਅਤਮਾ ਨੂੰ ਇਨ੍ਹਾਂ ਸਾਰੇ ਪੂਰਵਲੇ ਜਨਮਾਂ ਦੇ ਚੰਗੇ-ਮਾੜੇ ਕਰਮਾਂ ਦੇ ਬੋਝ ਨੂੰ ਉਦੋਂ ਤੱਕ ਢੋਣਾ ਪੈਂਦਾ ਹੈ ਜਦੋਂ ਤੱਕ ਅਸੀਂ ਇਸ ਸਾਰਿਆਂ ਕਰਮਾਂ ਦਾ ਲੇਖਾ-ਜੋਖਾ ਪੂਰਾ ਨਹੀਂ ਕਰ ਦਿੰਦੇ ਹਾਂ, ਜੋ ਕਿ ਆਪਣੇ ਕੀਤਿਆਂ ਕਦੇ ਨਹੀਂ ਹੋ ਸਕਦਾ ਹੈ, ਜੋ ਕਿ ਕੇਵਲ ਗੁਰਪ੍ਰਸਾਦਿ ਨਾਲ ਹੀ ਹੋ ਸਕਦਾ ਹੈ।

ਜੇਕਰ ਅਸੀਂ ਆਪਣੇ ਮਨ, ਆਪਣੇ ਚਿੱਤਰ ਗੁਪਤ ਨੂੰ ਆਪਣੀ ਪਿਛਲੀ ਜ਼ਿੰਦਗੀ (ਇਸ ਜਨਮ ਦੀ) ਅਤੇ ਪੂਰਵਲੇ ਜਨਮਾਂ ਦੇ ਕਰਮਾਂ ਦੇ ਪ੍ਰਭਾਵਾਂ ਤੋਂ ਮੁਕਤ ਕਰ ਲੈਂਦੇ ਹਾਂ ਤਾਂ ਅਸੀਂ ਆਪਣੀ ਰੂਹ ਨੂੰ ਆਪਣੇ ਪੂਰਵਲੇ ਜਨਮਾਂ ਦੀਆਂ ਭੈੜੀਆਂ ਕਰਨੀਆਂ ਦੇ ਨਕਾਰਾਤਮਿਕ ਪ੍ਰਭਾਵ ਤੋਂ ਮੁਕਤ ਕਰ ਲੈਂਦੇ ਹਾਂ ਜਾਂ ਅਸੀਂ ਆਪਣੀ ਰੂਹ ਨੂੰ ਆਪਣੇ ਪੂਰਵਲੇ ਜਨਮਾਂ ਦੇ ਅਤੇ ਪਿਛਲੀ ਜ਼ਿੰਦਗੀ (ਇਸ ਜਨਮ ਦੀ) ਦੇ ਕਰਮਾਂ ਦੇ ਬੋਝ ਤੋਂ ਮੁਕਤ ਕਰ ਲੈਂਦੇ ਹਾਂ। ਆਪਣੇ ਮਨ ਅਤੇ ਚਿੱਤਰਗੁਪਤ ਨੂੰ ਸਾਫ਼ ਕਰਨ ਦੀ ਜੁਗਤੀ (ਜੋ ਕਿ ਗੁਰਬਾਣੀ ਦੇ ਆਧਾਰਿਤ ਹੈ ਅਤੇ ਦਾਸ ਨੇ ਆਪਣੇ ਇਸ ਜੀਵਨ ਵਿੱਚ ਵਰਤੀ ਹੈ) ਬਹੁਤ ਹੀ ਸਾਦੀ ਅਤੇ ਸੌਖੀ ਹੈ। ਆਪਣੇ ਬੀਤੇ ਜੀਵਨ (ਇਸ ਜਨਮ ਦੇ) ਵਿੱਚ ਪੰਜ ਦੂਤਾਂ ਦੇ ਅਧੀਨ ਕੀਤੇ ਗਏ ਸਾਰੇ ਗੁਨਾਹ ਅਤੇ ਪਾਪਾਂ ਨੂੰ ਕਬੂਲ ਕਰ ਕੇ ਮੁਆਫ਼ੀ ਲਈ ਅਰਦਾਸ ਕਰਨਾ ਹੀ ਇਹ ਜੁਗਤੀ ਹੈ ਜਿਸ ਨਾਲ ਦਾਸ ਨੂੰ ਨਿਜੀ ਤੌਰ 'ਤੇ ਬੇਅੰਤ ਲਾਭ ਪ੍ਰਾਪਤ ਹੋਇਆ ਹੈ ਜੀ। ਆਓ ਇਹ ਜੁਗਤੀ ਅਸੀਂ ਸਾਰੇ ਆਪਣੇ ਜੀਵਨ ਨੂੰ ਸੁਧਾਰਨ ਲਈ ਵਰਤ ਕੇ ਵੇਖੀਏ ਜੀ। ਅਸੀਂ ਇੱਕ ਸਮੇਂ ਇੱਕ ਦੂਤ ਨੂੰ ਲਵਾਂਗੇ। ਆਓ ਅਸੀਂ ਸਭ ਤੋਂ ਪਹਿਲਾਂ ਕਾਮ ਤੋਂ ਸ਼ੁਰੂ ਕਰੀਏ:

ਅੰਮ੍ਰਿਤ ਵੇਲੇ ਇਸ਼ਨਾਨ ਕਰਨ ਤੋਂ ਉਪਰੰਤ ਜਦ ਸਤਿਨਾਮ ਸਿਮਰਨ ਕਰਨ ਲਈ ਬੈਠੋ ਤਾਂ ਮਨ ਦੇ ਸ਼ਾਂਤ ਹੋਣ ਤੇ ਇਹ ਅਰਦਾਸ ਕਰੋ:

"ਹੇ ਅਗੰਮ, ਅਗੋਚਰ, ਅਨੰਤ, ਬੇਅੰਤ, ਅਲਿਖ, ਅਦਿਖ, ਜਗਤੇਸ਼ਵਰ, ਬ੍ਰਹਮੇਸ਼ਵਰ, ਸਰਵੇਸ਼ਵਰ, ਸਰਬ ਕਲਾ ਭਰਪੂਰ ਸਤਿ ਪਾਰਬ੍ਰਹਮ ਪਰਮੇਸ਼ਰ ਜੀ ਕ੍ਰਿਪਾ ਕਰੋ ਦੀਨ ਕੇ ਦਾਤੇ ਸਾਡੇ ਇਸ ਜਨਮ ਵਿੱਚ ਕਾਮ ਦੇ ਦੂਤ ਦੀ ਗੁਲਾਮੀ ਵੱਸ ਕੀਤੇ ਸਾਰੇ ਗੁਨਾਹ ਸਾਨੂੰ ਦਿਖਾ ਦੇ, ਅਸੀਂ ਆਪਣੇ ਸਾਰੇ ਗੁਨਾਹ ਕਬੂਲ ਕਰਨੇ ਹਨ'

ਇਹ ਅਰਦਾਸ ਪੂਰਨ ਸ਼ਰਧਾ, ਭਰੋਸੇ ਅਤੇ ਪ੍ਰੀਤ ਨਾਲ ਬਾਰ-ਬਾਰ ਕਰੋ ਅਤੇ ਇਸ ਅਰਦਾਸ ਵਿੱਚ ਡੂੰਘੇ ਉਤਰ ਜਾਉ। ਇਹ ਅਰਦਾਸ ਤਦ ਤੱਕ ਕਰੀ ਜਾਓ ਜਦ ਤੱਕ ਆਪ

ਜੀ ਦਾ ਧਿਆਨ ਆਪਣੇ ਪਿਛਲੇ ਜੀਵਨ ਬਚਪਣ ਤੋਂ ਸ਼ੁਰੂ ਹੋ ਕੇ ਪੂਰੇ ਜੀਵਨ ਵਿੱਚ ਕਾਮ ਚੰਡਾਲ ਦੀ ਗ਼ੁਲਾਮੀ ਅਧੀਨ ਕੀਤੇ ਗਏ ਸਾਰੇ ਕੁਕਰਮਾਂ ਵਿੱਚ ਡੂੰਘਾ ਖੁਭ ਜਾਏ। ਇਸ ਤਰ੍ਹਾਂ ਨਾਲ ਆਪਣੀ ਸਾਰੀ ਪਿਛਲੀ ਜ਼ਿੰਦਗੀ ਉੱਪਰ ਡੂੰਘੀ ਝਾਤੀ ਮਾਰੋ। ਬਚਪਣ ਤੋਂ ਲੈ ਕੇ, ਜਦੋਂ ਤੋਂ ਆਪ ਨੇ ਹੋਸ਼ ਸੰਭਾਲੀ ਹੈ ਹੁਣ ਤੱਕ ਦੇ ਜੀਵਨ ਉੱਪਰ ਡੂੰਘੀ ਝਾਤੀ ਮਾਰੋ। ਅਸੀਂ ਆਪਣੇ ਸਾਰੇ ਕੀਤੇ ਗਏ ਗੁਨਾਹਾਂ ਅਤੇ ਪਾਪਾਂ ਨੂੰ ਆਪਣੀਆਂ ਅੱਖਾਂ ਸਾਹਮਣੇ ਫਿਲਮ ਦੀ ਤਰ੍ਹਾਂ ਵੇਖਣਾ ਸ਼ੁਰੂ ਕਰ ਦਿਆਂਗੇ। ਸਭ ਤੋਂ ਪਹਿਲਾਂ ਅਸੀਂ ਸਭ ਤੋਂ ਵੱਡੇ ਪਾਪ ਜੋ ਸਾਡੇ ਦੁਆਰਾ ਕੀਤੇ ਗਏ ਹਨ, ਵੇਖਾਂਗੇ ਅਤੇ ਫਿਰ ਇਹ ਲੜੀ ਟੁੱਟੇਗੀ ਨਹੀਂ। ਆਪ ਦੇ ਸਾਰੇ ਕਾਮ ਵੱਸ ਕੀਤੇ ਹੋਏ ਗੁਨਾਹ ਇੱਕ ਇੱਕ ਕਰ ਕੇ ਸਾਹਮਣੇ ਆਓਣੇ ਸ਼ੁਰੂ ਹੋ ਜਾਣਗੇ। ਤੁਹਾਨੂੰ ਇਹ ਅਹਿਸਾਸ ਹੋਣਾ ਸ਼ੁਰੂ ਹੋ ਜਾਏਗਾ ਕਿ ਤੁਸੀਂ ਕਿਤਨੇ ਵੱਡੇ ਗੁਨਾਹਗਾਰ ਹੋ ਅਤੇ ਤੁਹਾਡਾ ਮਨ ਕਿਤਨਾ ਮੈਲਾ ਹੈ। ਇਸ ਦੇ ਨਾਲ ਹੀ ਤੁਹਾਡਾ ਸਿਰ ਸ਼ਰਮ ਨਾਲ ਝੁੱਕ ਜਾਏਗਾ ਅਤੇ ਹਿਰਦਾ ਪਿਘਲਣਾ ਸ਼ੁਰੂ ਹੋ ਜਾਏਗਾ ਆਪਣੇ ਇਨ੍ਹਾਂ ਸ਼ਰਮਨਾਕ ਗੁਨਾਹਾਂ ਨੂੰ ਦੇਖ ਕੇ। ਆਪਣੇ ਦੁਆਰਾ ਕੀਤੇ ਗਏ ਇਨ੍ਹਾਂ ਪਾਪਾਂ ਅਤੇ ਗੁਨਾਹਾਂ ਨੂੰ ਕਰਨ ਦੀ ਜ਼ਿੰਮੇਵਾਰੀ ਲੈਂਦੇ ਰਹੋ, ਜਦ ਆਪਣੇ ਸੱਚੇ ਹਿਰਦੇ ਨਾਲ ਕਬੂਲ ਕਰੋਗੇ ਅਤੇ ਮੁਆਫ਼ੀ ਮੰਗੋਗੇ ਤਾਂ ਇਹ ਸਾਰੇ ਗੁਨਾਹ ਮੁਆਫ਼ ਕਰ ਦਿੱਤੇ ਜਾਣਗੇ। ਇਸ ਤਰ੍ਹਾਂ ਕਰਨਾ ਜਾਰੀ ਰੱਖੋ ਜਦ ਤੱਕ ਅਸੀਂ ਪੂਰੀ ਤਰ੍ਹਾਂ ਮਹਿਸੂਸ ਨਹੀਂ ਕਰਦੇ ਕਿ ਅਸੀਂ ਕਿਤਨੇ ਵੱਡੇ ਗੁਨਾਹਗਾਰ ਅਤੇ ਪਾਪੀ ਹਾਂ। ਇਸ ਅਰਦਾਸ ਨੂੰ ਪੂਰੀ ਹੋਣ ਲਈ ਕੁਝ ਘੰਟਿਆਂ ਦਾ ਸਮਾਂ ਵੀ ਲੱਗ ਸਕਦਾ ਹੈ, ਕੁਝ ਦਿਨ ਵੀ ਲੱਗ ਸਕਦੇ ਹਨ, ਕੁਝ ਹਫ਼ਤੇ ਵੀ ਲੱਗ ਸਕਦੇ ਹਨ, ਜਾਂ ਕੁਝ ਮਹੀਨੇ ਵੀ ਲੱਗ ਸਕਦੇ ਹਨ, ਪਰ ਇਹ ਅਰਦਾਸ ਕਰਨੀ ਜਾਰੀ ਰਖੋ ਅਤੇ ਆਪਣੇ ਗੁਨਾਹ ਕਬੂਲਦੇ ਰਹੋ ਮੁਆਫ਼ੀ ਮੰਗਦੇ ਰਹੋ ਜਦ ਤੱਕ ਆਪ ਨੂੰ ਇਹ ਵਿਸ਼ਵਾਸ ਨਾ ਹੋ ਜਾਵੇ ਕਿ ਸਾਰੇ ਗੁਨਾਹਾਂ ਦੀ ਮੁਆਫ਼ੀ ਮੰਗੀ ਗਈ ਹੈ। ਕੋਈ ਗੱਲ ਨਹੀਂ ਭਾਵੇਂ ਕਿੰਨਾ ਵੀ ਸਮਾਂ ਲੱਗੇ, ਇਸ ਤਰ੍ਹਾਂ ਕਰਨਾ ਜਾਰੀ ਰੱਖੋ, ਅਤੇ ਤਦ ਤੱਕ ਨਾ ਰੁਕੋ ਜਦ ਤੱਕ ਤੁਹਾਨੂੰ ਇਹ ਯਕੀਨ ਨਹੀਂ ਹੋ ਜਾਂਦਾ ਹੈ ਕਿ ਤੁਹਾਡਾ ਮਨ ਪੂਰੀ ਤਰ੍ਹਾਂ ਸਾਫ਼ ਹੋ ਗਿਆ ਹੈ। ਇਹ ਧਿਆਨ ਰਹੇ ਕਿ ਇਹ ਅਰਦਾਸ ਰੋਜ਼ ਸਿਮਰਨ ਸ਼ੁਰੂ ਕਰਨ ਤੋਂ ਪਹਿਲਾਂ ਕਰਨੀ ਹੈ ਅਤੇ ਉਦੋਂ ਤੱਕ ਸਿਮਰਨ ਸ਼ੁਰੂ ਨਹੀਂ ਕਰਨਾ ਜਦੋਂ ਤੱਕ ਅਰਦਾਸ ਚਲਦੀ ਰਹੇ, ਫਿਰ ਆਪਣੇ ਆਪ ਹੀ ਤੁਸੀਂ ਸਿਮਰਨ ਵਿੱਚ ਚਲੇ ਜਾਵੋਗੇ।

ਇਸੇ ਹੀ ਅਰਦਾਸ ਨੂੰ ਅਤੇ ਪ੍ਰਕਿਰਿਆ ਨੂੰ ਬਾਕੀ ਰਹਿੰਦੇ ਦੂਤ : ਕ੍ਰੋਧ, ਲੋਭ, ਮੋਹ, ਅਹੰਕਾਰ ਲਈ ਦੁਹਰਾਉ। ਇੱਕ ਵਾਰ ਕੇਵਲ ਇੱਕ ਦੂਤ ਨੂੰ ਹੀ ਪਕੜੋ। ਪੂਰੀ ਤਰ੍ਹਾਂ ਸਾਫ਼ ਹੋਣ ਨੂੰ ਕੁਝ ਹਫ਼ਤੇ ਜਾਂ ਮਹੀਨੇ ਜਾਂ ਇਸ ਤੋਂ ਵੀ ਜ਼ਿਆਦਾ ਸਮਾਂ ਲੱਗ ਸਕਦਾ ਹੈ। ਪਰ ਇਸ ਨੂੰ ਕਰਦੇ ਰਹੋ। ਇਸ ਅਰਦਾਸ ਨੂੰ ਕਰਦੇ ਹੋਏ ਆਪਣੇ ਰੋਜ਼ਾਨਾ ਜੀਵਨ ਦੇ ਕਰਮ, ਕਿਰਿਆਵਾਂ ਅਤੇ ਪ੍ਰਤੀ ਕਿਰਿਆਵਾਂ ਨੂੰ ਵੀ ਧਿਆਨ ਪੂਰਵਕ ਵੀਚਾਰਦੇ ਰਹੋ। ਸਤਿ ਉੱਪਰ ਆਪਣਾ ਧਿਆਨ ਕੇਂਦਰਿਤ ਰੱਖੋ। ਆਪਣੇ ਸਾਰੇ ਕਰਮ ਸਤਿ ਕਰਮ ਬਣਾਓ। ਹਰ ਰੋਜ਼ ਸਵੇਰੇ ਅਰਦਾਸ ਕਰਨ ਅਤੇ ਸਿਮਰਨ ਸ਼ੁਰੂ ਕਰਨ ਤੋਂ ਪਹਲਾਂ ਇਹ ਚੰਗਾ ਖਿਆਲ ਹੈ ਕਿ ਪਿਛਲੇ ਦਿਨ ਦੇ ਕੀਤੇ ਕਰਮਾਂ ਤੇ ਝਾਤੀ ਮਾਰੋ ਕਿ ਜੇਕਰ ਇਹ ਪੰਜ ਦੂਤਾਂ ਦੇ ਪ੍ਰਭਾਵ ਅਧੀਨ ਕੀਤੇ ਗਏ ਹਨ ਜਾਂ ਸਤਿ ਕਰਮ ਹਨ। ਜੇਕਰ ਅਸਤਿ ਕਰਮ ਕੀਤੇ ਹਨ ਤਦ ਆਪਣੇ ਗੁਨਾਹ ਕਬੂਲ ਕਰੋ ਅਤੇ ਮੁਆਫ਼ੀ ਮੰਗੋ ਅਤੇ ਮਨ ਨੂੰ ਸਾਫ਼ ਕਰੋ।

ਜੇਕਰ ਤੁਸੀਂ ਆਪਣਾ ਮਨ ਅਤੇ ਚਿੱਤਰਗੁਪਤ ਛੇਤੀ ਸਾਫ਼ ਕਰਨਾ ਚਾਹੁੰਦੇ ਹੋ ਤਾਂ ਆਪਣੀਆਂ ਮਾੜੀਆਂ ਕਰਨੀਆਂ, ਪਾਪਾਂ, ਗੁਨਾਹਾਂ ਅਤੇ ਅਸਤਿ ਕਰਮਾਂ ਨੂੰ ਭਰੀ ਸੰਗਤ

ਵਿੱਚ ਕਬੂਲ ਕਰੋ। ਭਰੀ ਸੰਗਤ ਵਿੱਚ ਕਬੂਲ ਕਰਨ ਨਾਲ ਤੁਹਾਡਾ ਮਨ ਉਸੇ ਹੀ ਛਿਣ ਸਾਫ਼ ਹੋ ਜਾਏਗਾ ਅਤੇ ਤੁਹਾਡਾ ਸਿਮਰਨ ਹੋਰ ਉੱਤਮ ਅਵਸਥਾ ਵਿੱਚ ਉਸੇ ਹੀ ਛਿਣ ਚਲਾ ਜਾਏਗਾ। ਭਾਵੇਂ ਕਿ ਅਸੀਂ ਰੋਜ਼ਾਨਾ ਜੀਵਨ ਵਿੱਚ ਕਿੰਨੇ ਵੀ ਧਿਆਨ ਨਾਲ ਰਹੀਏ, ਅਸੀਂ ਤਾਂ ਵੀ ਗਲਤੀਆਂ ਕਰ ਜਾਂਦੇ ਹਾਂ। ਇਨ੍ਹਾਂ ਅਸਤਿ ਅਤੇ ਮਾੜੀਆਂ ਕਰਨੀਆਂ ਦੇ ਪ੍ਰਭਾਵ ਨੂੰ ਮਿਟਾਉਣ ਲਈ ਸਾਨੂੰ ਆਪਣੇ ਸਾਰੇ ਮਾੜੇ ਕਰਮਾਂ ਨੂੰ ਮਨ ਲੈਣਾ ਚਾਹੀਦਾ ਹੈ ਅਤੇ ਮੁਆਫ਼ੀ ਲਈ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ। ਇਹ ਅਰਦਾਸ ਸਵੇਰ ਦੀ ਅਰਦਾਸ ਅਤੇ ਸ਼ਾਮ ਦੇ ਨਾਮ ਸਿਮਰਨ ਦੀ ਅਰਦਾਸ ਤੋਂ ਇਲਾਵਾ ਦਿਨ ਵਿੱਚ ਕਈ ਵਾਰ ਕਰੋ। ਬੰਦਗੀ ਵਿੱਚ ਅਗਾਂਹ ਵਧਣ ਲਈ ਸਾਡੀ ਕਰਨੀ ਨੂੰ ਪੂਰਨ ਸਤਿ ਦੀ ਕਰਨੀ ਬਣਾਉਣਾ ਲਾਜ਼ਮੀ ਹੈ। ਜਦੋਂ ਸਾਡੀ ਕਰਨੀ ਸਤਿ ਦੀ ਕਰਨੀ ਹੋ ਜਾਂਦੀ ਹੈ ਤਦ ਸਾਡਾ ਅੰਦਰ ਪੂਰੀ ਤਰ੍ਹਾਂ ਸਾਫ਼ ਹੋ ਜਾਂਦਾ ਹੈ ਅਤੇ ਇਸ ਦੇ ਫਲਸਰੂਪ ਅਸੀਂ ਸਚਿਆਰੇ ਬਣ ਜਾਂਦੇ ਹਾਂ, ਸਾਡਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ।

ਇਹ ਪ੍ਰਕਿਰਿਆ ਤਦ ਹੀ ਕਾਰਗਰ ਸਿੱਧ ਹੋਵੇਗੀ ਜੇਕਰ ਅਸੀਂ ਪੂਰੀ ਤਰ੍ਹਾਂ ਗੁਰ ਅਤੇ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਆਪਾ ਵਾਰ ਦਿੰਦੇ ਹਾਂ ਅਤੇ ਪੂਰਨ ਸਮਰਪਿਤ ਹੋ ਜਾਂਦੇ ਹਾਂ। ਪੂਰਨ ਸਮਰਪਣ ਲਈ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਦਸਵੰਧ ਅਰਪਣ ਕਰਨਾ ਲਾਜ਼ਮੀ ਹੈ। ਆਪਣਾ ੧੦ ਪ੍ਰਤੀਸ਼ਤ ਸਮਾਂ ਹਰ ਸਵੇਰੇ ਸਤਿਨਾਮ ਸਿਮਰਨ ਨੂੰ ਦੇਣਾ ਲਾਜ਼ਮੀ ਹੈ ਅਤੇ ਆਪਣੀ ਕਮਾਈ ਦਾ ੧੦ ਪ੍ਰਤੀਸ਼ਤ ਹਿੱਸਾ ਸਤਿਗੁਰੂ ਦੇ ਚਰਨਾਂ ਉੱਪਰ ਅਰਪਣ ਕਰਨਾ ਲਾਜ਼ਮੀ ਹੈ। ਸਤਿਗੁਰੂ ਦੇ ਚਰਨਾਂ ਉੱਪਰ ਪੂਰਨ ਸਮਰਪਣ ਕਰਨ ਨਾਲ ਸਾਡਾ ਰੋਜ਼ਾਨਾ ਵਿਵਹਾਰ ਅਤੇ ਜੀਵਨ ਪੂਰੀ ਤਰ੍ਹਾਂ ਬਦਲ ਜਾਂਦਾ ਹੈ। ਅਸੀਂ ਆਪਣੇ ਰੋਜ਼ਾਨਾ ਦੇ ਕਰਮਾਂ ਵਿੱਚ ਜਾਗਰੂਕ ਹੋ ਜਾਂਦੇ ਹਾਂ। ਮਨ ਦੀ ਚੇਤਨਾ ਸ਼ੁੱਧ ਹੋ ਜਾਂਦੀ ਹੈ। ਮਾੜੇ ਕਰਮਾਂ ਦੀ ਰੁਚੀ ਦਾ ਅੰਤ ਹੋ ਜਾਂਦਾ ਹੈ। ਸਾਡੀ ਕਰਨੀ ਸਤਿ ਦੀ ਕਰਨੀ ਵਿੱਚ ਬਦਲ ਜਾਂਦੀ ਹੈ। ਮਾੜੇ ਵਿਚਾਰਾਂ ਦਾ ਅੰਤ ਹੋ ਜਾਂਦਾ ਹੈ। ਮਨ ਸ਼ਾਂਤ ਹੋਣਾ ਸ਼ੁਰੂ ਹੋ ਜਾਂਦਾ ਹੈ। ਮਨ ਜਾਗਣ ਲੱਗ ਜਾਂਦਾ ਹੈ।

ਸਤਿ ਦੀ ਕਰਨੀ ਵਿੱਚ ਆਪਣਾ ਵਿਸ਼ਵਾਸ ਦ੍ਰਿੜ੍ਹ ਕਰੋ। ਸਤਿ ਦੀ ਕਰਨੀ ਸਾਡੇ ਰੋਜ਼ਾਨਾ ਜੀਵਨ ਨੂੰ ਅਦਭੁਤ ਕਰ ਦਿੰਦੀ ਹੈ। ਸਾਡੀ ਰੂਹਾਨੀ ਯਾਤਰਾ ਤੇਜ਼ੀ ਨਾਲ ਅੱਗੇ ਵਧਣੀ ਸ਼ੁਰੂ ਹੋ ਜਾਂਦੀ ਹੈ। ਅਸੀਂ ਆਪਣੇ ਅੰਦਰ ਫਰਕ ਅਨੁਭਵ ਕਰਦੇ ਹਾਂ। ਸਾਡਾ ਪਰਿਵਾਰ ਸਾਡੇ ਵਿੱਚ ਇਹ ਤਬਦੀਲੀ ਦੇਖਣ ਲੱਗ ਪੈਂਦਾ ਹੈ। ਸਾਡਾ ਪਰਿਵਾਰ ਅਤੇ ਮਿੱਤਰ ਵੀ ਸਾਡੇ ਚਰਿੱਤਰ ਅਤੇ ਵਿਹਾਰ ਵਿੱਚ ਚੰਗੀ ਤਬਦੀਲੀ ਕਾਰਨ ਵਧੀਆ ਢੰਗ ਨਾਲ ਪ੍ਰਭਾਵਿਤ ਹੁੰਦੇ ਹਨ। ਸਾਡਾ ਰੋਜ਼ਾਨਾ ਜੀਵਨ ਸੁੱਖਮਈ ਅਤੇ ਸ਼ਾਂਤੀ ਨਾਲ ਭਰਪੂਰ ਹੋਣਾ ਸ਼ੁਰੂ ਹੋ ਜਾਂਦਾ ਹੈ। ਦੁੱਖਾਂ-ਕਲੇਸ਼ਾਂ ਅਤੇ ਸਮੱਸਿਆਵਾਂ ਦਾ ਅੰਤ ਹੋਣਾ ਸ਼ੁਰੂ ਹੋ ਜਾਂਦਾ ਹੈ। ਮਨ ਆਨੰਦ ਵਿੱਚ ਜਾਣਾ ਸ਼ੁਰੂ ਹੋ ਜਾਂਦਾ ਹੈ। ਸਾਰਾ ਆਲੇ-ਦੁਆਲੇ ਦਾ ਵਾਤਾਵਰਨ ਸ਼ੁੱਧ ਹੋਣਾ ਸ਼ੁਰੂ ਹੋ ਜਾਂਦਾ ਹੈ। ਆਲੇ-ਦੁਆਲੇ ਦੇ ਵਾਤਾਵਰਨ ਵਿੱਚ ਵਿਚਰ ਰਹੇ ਪਸ਼ੂ-ਪੰਛੀ, ਜੀਵ-ਜੰਤ, ਸਾਰੀ ਬਨਸਪਤ ਆਦਿ ਵੀ ਪ੍ਰਸੰਨ ਹੋ ਜਾਂਦੀ ਹੈ ਅਤੇ ਤੁਹਾਡੇ ਸਿਮਰਨ ਅਤੇ ਸੇਵਾ ਵਿੱਚ ਸਾਥ ਦਿੰਦੀ ਹੈ।

ਰੂਹਾਨੀ ਸਫਲਤਾ ਦੀ ਕੁੰਜੀ ਹੈ ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ, ਪਰਉਪਕਾਰ ਅਤੇ ਮਹਾਂ ਪਰਉਪਕਾਰ ਦਾ ਗੁਰਪ੍ਰਸਾਦਿ ਹੈ। ਇਹ ਗੁਰਪ੍ਰਸਾਦਿ ਕੇਵਲ ਤਦ ਹੀ ਪ੍ਰਾਪਤ ਹੁੰਦਾ ਹੈ ਜਦ ਅਸੀਂ ਗੁਰ ਅਤੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਸੰਪੂਰਨ ਤੌਰ 'ਤੇ ਸਮਰਪਿਤ ਹੋ ਜਾਂਦੇ ਹਾਂ। ਗੁਰਪ੍ਰਸਾਦਿ ਤਦ ਹੀ ਪ੍ਰਾਪਤ ਹੁੰਦਾ

ਹੈ ਜਦ ਅਸੀਂ ਗੁਰ ਅਤੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਂਦੇ ਹਾਂ ਅਤੇ ਆਪਣੇ ਰੋਜ਼ਾਨਾ ਜੀਵਨ ਵਿੱਚ ਗੁਰਬਾਣੀ 'ਤੇ ਅਮਲ ਕਰ ਕੇ ਗੁਰਬਾਣੀ ਦੀ ਕਮਾਈ ਕਰਦੇ ਹਾਂ। ਅਸਲ ਬੰਦਗੀ ਗੁਰਪ੍ਰਸਾਦਿ ਅਤੇ ਗੁਰ ਕ੍ਰਿਪਾ ਦੀ ਪਰਮ ਸ਼ਕਤੀ ਨਾਲ ਸ਼ੁਰੂ ਹੁੰਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੇ ਨਾਲ ਹੀ ਪੰਜ ਦੂਤ ਅਤੇ ਇੱਛਾਵਾਂ ਸਾਡੇ ਅਧੀਨ ਆ ਜਾਂਦੇ ਹਨ। ਤ੍ਰਿਸ਼ਨਾ ਦਾ ਬੁੱਝ ਜਾਣਾ ਅਤੇ ਪੰਜ ਦੂਤਾਂ ਉੱਪਰ ਜਿੱਤ ਪਾਉਣਾ ਹੀ ਮਨ ਉੱਪਰ ਜਿੱਤ ਪਾਉਣਾ ਹੈ। ਮਨ ਨੂੰ ਜਿੱਤਣ ਨਾਲ ਹੀ ਸਾਡਾ ਮਨ ਸਿੱਧਾ ਪਰਮ ਜੋਤ ਦੇ ਅਧੀਨ ਆ ਜਾਂਦਾ ਹੈ, ਮਨ ਮਤਿ ਦਾ ਅੰਤ ਹੋ ਜਾਂਦਾ ਹੈ, ਗੁਰਮਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਗੁਰਮਤਿ ਅਨੁਸਾਰ ਕਰਮ ਕਰਨ ਲੱਗ ਪੈਂਦੀਆ ਹਨ, ਸਾਰੇ ਕਰਮ ਪਰਮ ਜੋਤ ਦੇ ਪੂਰਨ ਹੁਕਮ ਅਧੀਨ ਹੋ ਜਾਂਦੇ ਹਨ।

ਇਸ ਤਰ੍ਹਾਂ ਜੋ ਮਨੁੱਖ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਨਾਲ ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੀ ਪ੍ਰਾਪਤੀ ਕਰ ਲੈਂਦੇ ਹਨ ਉਨ੍ਹਾਂ ਦੀ ਸੁਰਤਿ ਸ਼ਬਦ ਵਿੱਚ ਲੀਨ ਹੋ ਜਾਂਦੀ ਹੈ, ਮਨ ਦੀ ਹੋਂਦ ਖ਼ਤਮ ਹੋ ਜਾਂਦੀ ਹੈ, ਬੁੱਧੀ ਪੂਰਨ ਬ੍ਰਹਮ ਗਿਆਨ ਵਿੱਚ ਲੀਨ ਹੋ ਜਾਂਦੀ ਹੈ, ਸਾਰੀਆਂ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਪੂਰਨ ਹੁਕਮ ਵਿੱਚ ਆ ਜਾਂਦੀਆਂ ਹਨ ਅਤੇ ਮਨੁੱਖ ਦਰਗਾਹ ਵਿੱਚ ਪਹੁੰਚ ਜਾਂਦਾ ਹੈ। ਜ਼ਾਹਿਰ ਹੈ ਕਿ ਜੋ ਮਨੁੱਖ ਇਸ ਅਵਸਥਾ ਵਿੱਚ ਪਹੁੰਚ ਜਾਂਦੇ ਹਨ ਉਨ੍ਹਾਂ ਨੂੰ ਮਾਇਆ ਦਾ ਸਾਰਾ ਖੇਲ ਸਮਝ ਆ ਜਾਂਦਾ ਹੈ। ਉਨ੍ਹਾਂ ਮਨੁੱਖਾਂ ਨੂੰ ਪੰਜ ਦੂਤਾਂ ਅਤੇ ਤ੍ਰਿਸ਼ਨਾ ਦੇ ਵਿਨਾਸ਼ਕਾਰੀ ਸੁਭਾਅ ਦਾ ਗਿਆਨ ਹੋ ਜਾਂਦਾ ਹੈ। ਉਨ੍ਹਾਂ ਮਨੁੱਖਾਂ ਨੂੰ ਸਤਿ ਅਤੇ ਅਸਤਿ ਦੀ ਕਰਨੀ ਅਤੇ ਕਰਨੀ ਦੇ ਚੰਗੇ-ਮਾੜੇ ਪ੍ਰਭਾਵ ਦਾ ਗਿਆਨ ਹੋ ਜਾਂਦਾ ਹੈ। ਉਨ੍ਹਾਂ ਮਨੁੱਖਾਂ ਨੂੰ ਸੰਸਾਰ ਭਵਜਲ ਸਾਗਰ ਦਾ ਸਤਿ ਸਮਝ ਪੈ ਜਾਂਦਾ ਹੈ। ਉਨ੍ਹਾਂ ਮਨੁੱਖਾਂ ਨੂੰ ਇਹ ਪਰਮ ਸਤਿ ਦੀ ਸੋਝੀ ਪੈ ਜਾਂਦੀ ਹੈ ਕਿ ਜੋ ਜੋ ਨੰਗੀ ਅੱਖ ਨਾਲ ਦਿੱਸਦਾ ਹੈ ਉਹ ਸਭ ਕੁਝ ਨਾਸ਼ਵਾਨ ਹੈ। ਉਨ੍ਹਾਂ ਮਨੁੱਖਾਂ ਨੂੰ ਇਹ ਸਤਿ ਸਮਝ ਆ ਜਾਂਦਾ ਹੈ ਕਿ ਸਾਡੀ ਪੰਚ ਭੂਤਕ ਦੇਹੀ ਵੀ ਨਾਸ਼ਵਾਨ ਹੈ। ਉਨ੍ਹਾਂ ਮਨੁੱਖਾਂ ਨੂੰ ਸਾਰੇ ਦਰਗਾਹੀ ਵਿਧਾਨਾਂ ਦੀ ਸਮਝ ਪੈ ਜਾਂਦੀ ਹੈ। ਉਨ੍ਹਾਂ ਮਨੁੱਖਾਂ ਨੂੰ ਗੁਰ ਪ੍ਰਸਾਦੀ ਖੇਲ ਅਤੇ ਗੁਰ ਪ੍ਰਸਾਦਿ ਦੀ ਪਰਮ ਸ਼ਕਤੀ ਦਾ ਗਿਆਨ ਹੋ ਜਾਂਦਾ ਹੈ। ਇਸ ਲਈ ਐਸੇ ਮਨੁੱਖ ਬੰਦਗੀ ਵਿੱਚ ਚਲੇ ਜਾਂਦੇ ਹਨ ਅਤੇ ਆਪਣਾ ਜੀਵਨ ਸਫ਼ਲ ਕਰ ਲੈਂਦੇ ਹਨ।

ਮਾਇਆ ਦੀ ਗ਼ੁਲਾਮੀ ਦਾ ਜੀਵਨ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਤ੍ਰਿਸ਼ਨਾ ਦੀ ਗ਼ੁਲਾਮੀ ਦੇ ਵਿੱਚ ਕੇਵਲ ਦੁੱਖਾਂ, ਕਲੇਸ਼ਾਂ, ਮੁਸੀਬਤਾਂ ਅਤੇ ਕਠਿਨਾਈਆਂ ਭਰਿਆ ਜੀਵਨ ਨਸੀਬ ਹੁੰਦਾ ਹੈ। ਪੰਜ ਦੂਤਾਂ ਅਤੇ ਤ੍ਰਿਸ਼ਨਾ ਦੀ ਗ਼ੁਲਾਮੀ ਦੇ ਜੀਵਨ ਵਿੱਚ ਕਦੇ ਸੁੱਖ ਨਹੀਂ ਪ੍ਰਾਪਤ ਹੁੰਦਾ ਹੈ। ਜੋ ਮਨੁੱਖ ਮਾਇਆ ਦੀ ਗ਼ੁਲਾਮੀ ਕਰਦੇ ਹੋਏ ਜੀਵਨ ਜਿਉਂਦੇ ਹਨ ਉਨ੍ਹਾਂ ਦੇ ਭਾਗਾਂ ਵਿੱਚ ਕੇਵਲ ਸੱਟਾਂ ਹੀ ਖਾਣੀਆਂ ਲਿਖੀਆਂ ਜਾਂਦੀਆਂ ਹਨ। ਸਾਡੇ ਸਾਰੇ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਕਠਿਨਾਈਆਂ, ਮਾਨਸਿਕ ਰੋਗਾਂ ਅਤੇ ਸ਼ਰੀਰਕ ਬੀਮਾਰੀਆਂ ਦਾ ਕਾਰਨ ਕੇਵਲ ਮਾਇਆ ਦੀ ਗ਼ੁਲਾਮੀ ਹੀ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਬੇਅੰਤ ਕਿਰਪਾ ਨਾਲ ਮਨੁੱਖਾ ਜਨਮ ਮਿਲਿਆ ਹੈ ਕੇਵਲ ਸਤਿ ਦੀ ਕਰਨੀ ਕਰਨ ਲਈ। ਇਸ ਲਈ ਜੇਕਰ ਅਸੀਂ ਇਸ ਮਨੁੱਖਾ ਦੇਹੀ ਦੀ ਵਰਤੋਂ ਪੰਜ ਦੂਤਾਂ ਅਤੇ ਤ੍ਰਿਸ਼ਨਾ ਦੇ ਅਧੀਨ ਅਸਤਿ ਕਰਮਾਂ ਲਈ ਕਰਦੇ ਹਾਂ ਤਾਂ ਇਹ ਇਸ ਦੇਹੀ ਦਾ ਦੁਰਉਪਯੋਗ ਹੁੰਦਾ ਹੈ। ਇਸ ਲਈ ਜਦ ਅਸੀਂ ਇਸ ਦੇਹੀ ਦੀ ਦੁਰਵਰਤੋਂ ਕਰਦੇ ਹਾਂ ਤਾਂ ਇਹ ਜ਼ਰੂਰੀ ਹੈ ਕਿ

ਇਸ ਦੇ ਪਰਿਣਾਮ ਵੀ ਦੁਸ਼ਕਰ ਹੀ ਹੋਣਗੇ। ਇਹ ਹੀ ਕਾਰਨ ਹੈ ਸਾਡੇ ਭਾਗਾਂ ਵਿੱਚ ਸਾਰੇ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਕਠਿਨਾਈਆਂ, ਮਾਨਸਿਕ ਰੋਗਾਂ ਅਤੇ ਸ਼ਰੀਰਕ ਬੀਮਾਰੀਆਂ ਦਾ। ਸਾਨੂੰ ਕਰਮ ਦੇ ਦਰਗਾਹੀ ਵਿਧਾਨ ਅਨੁਸਾਰ ਇਨ੍ਹਾਂ ਸੱਟਾਂ ਨੂੰ ਭੋਗਣਾ ਪੈਂਦਾ ਹੈ। ਇਸ ਕਰਮ ਦੇ ਵਿਧਾਨ ਨੂੰ ਕੇਵਲ ਇੱਕ ਪਰਮ ਸ਼ਕਤੀ ਹੈ ਜੋ ਬਦਲ ਸਕਦੀ ਹੈ ਅਤੇ ਉਹ ਹੈ ਸਤਿਨਾਮ ਦੀ ਪਰਮ ਸ਼ਕਤੀ, ਜਿਹੜੀ ਸਾਡੇ ਸਾਰੇ ਕਰਮਾਂ ਦੀਆਂ ਤੈਹਾਂ ਨੂੰ ਤੋੜਨ ਦੀ ਅਤੇ ਸਾਰੀਆਂ ਕਰਮਾਂ ਦੀਆਂ ਗੰਢਾਂ ਨੂੰ ਖੋਲ੍ਹਣ ਦੀ ਸਮਰੱਥਾ ਰੱਖਦਾ ਹੈ। ਜਦ ਸਤਿਨਾਮ ਸੁਰਤ, ਹਿਰਦੇ ਅਤੇ ਰੋਮ-ਰੋਮ ਵਿੱਚ ਚਲਾ ਜਾਂਦਾ ਹੈ ਤਾਂ ਕਰਮਾਂ ਦਾ ਲੇਖਾ-ਜੋਖਾ ਮਿਟ ਜਾਂਦਾ ਹੈ ਅਤੇ ਮਨੁੱਖ ਦਾ ਇਨ੍ਹਾਂ ਸੱਟਾਂ ਖਾਣ ਤੋਂ ਛੁਟਕਾਰਾ ਹੋ ਜਾਂਦਾ ਹੈ। ਇਸ ਲਈ ਜਿਹੜੇ ਮਨੁੱਖ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਨੂੰ ਪ੍ਰਾਪਤ ਕਰ ਬੰਦਗੀ ਪੂਰਨ ਕਰ ਲੈਂਦੇ ਹਨ ਉਨ੍ਹਾਂ ਦੇ ਦੁੱਖਾਂ-ਕਲੇਸ਼ਾਂ ਦਾ ਅੰਤ ਹੋ ਜਾਂਦਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਨੂੰ ਇਨ੍ਹਾਂ ਸਾਰੇ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਕਠਿਨਾਈਆਂ, ਮਾਨਸਿਕ ਰੋਗਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ।

ਜਦ ਮਨੁੱਖ ਦੇ ਸੁਆਸ ਖ਼ਤਮ ਹੋ ਜਾਂਦੇ ਹਨ ਤਾਂ ਰੂਹ (ਇਲਾਹੀ ਜੋਤ) ਦੇਹੀ ਛੱਡ ਕੇ ਚਲੀ ਜਾਂਦੀ ਹੈ ਅਤੇ ਪੰਚ ਭੂਤਕ ਦੇਹੀ ਦੀ ਮੌਤ ਹੁੰਦੀ ਹੈ ਤਾਂ ਮਨੁੱਖ ਦੀ ਰੂਹ ਕਰਮ ਦੇ ਵਿਧਾਨ ਅਨੁਸਾਰ ਆਪਣੇ ਮਾੜੇ ਚੰਗੇ ਕਰਮਾਂ ਨੂੰ ਨਾਲ ਲੈ ਕੇ ਜਾਂਦੀ ਹੈ। ਰੂਹ ਨੂੰ ਮਨੁੱਖ ਦੇ ਕਰਮਾਂ ਦਾ ਬੋਝ ਨਾਲ ਚੁੱਕਣਾ ਪੈਂਦਾ ਹੈ। ਜਦ ਇਨਸਾਨ ਦੀ ਮੌਤ ਹੁੰਦੀ ਹੈ ਤਾਂ ਜਮਦੂਤ ਇਨਸਾਨ ਦੀ ਰੂਹ ਨੂੰ ਲੈਣ ਵਾਸਤੇ ਆਉਂਦੇ ਹਨ। ਆਮ ਇਨਸਾਨ ਦੀ ਮੌਤ ਬਹੁਤ ਪੀੜਾਜਨਕ, ਡਰਾਉਣੀ ਅਤੇ ਖੌਫ਼ਨਾਕ ਹੁੰਦੀ ਹੈ। ਆਮ ਮਨੁੱਖ ਦੀ ਰੂਹ ਮਨੁੱਖ ਦੇ ਸੰਸਕਾਰਾਂ ਅਨੁਸਾਰ ਦੇਹੀ ਨੂੰ ਛੱਡਣਾ ਨਹੀਂ ਚਾਹੁੰਦੀ ਹੈ। ਪਰੰਤੂ ਜਮਦੂਤਾਂ ਨਾਲ ਤਾਂ ਜਾਣਾ ਹੀ ਪੈਂਦਾ ਹੈ। ਇਸ ਲਈ ਮਨੁੱਖ ਕੁਝ ਕਰ ਨਹੀਂ ਪਾਉਂਦਾ ਹੈ, ਉਹ ਚੀਖਣ ਅਤੇ ਰੌਲਾ ਪਾਉਣ ਦੀ ਬਹੁਤ ਕੋਸ਼ਿਸ਼ ਕਰਦਾ ਹੈ ਪਰੰਤੂ ਉਸ ਦਾ ਕੋਈ ਵੱਸ ਨਹੀਂ ਚਲਦਾ ਹੈ ਅਤੇ ਜਮਦੂਤਾਂ ਨਾਲ ਜਾਣਾ ਹੀ ਪੈਂਦਾ ਹੈ। ਮਨੁੱਖ ਦੇ ਕੀਤੇ ਕਰਮਾਂ ਅਨੁਸਾਰ ਉਸ ਦਾ ਅਗਲਾ ਨਿਪਟਾਰਾ ਹੁੰਦਾ ਹੈ ਅਤੇ ਕਰਮ ਦੇ ਵਿਧਾਨ ਅਨੁਸਾਰ ਨਰਕ, ਸੁਰਗ, ਜੂਨਾਂ ਅਤੇ ਪੁਨਰ-ਜਨਮ ਦੇ ਵਿੱਚ ਜਾਂਦਾ ਹੈ। ਪਰੰਤੂ ਜੋ ਮਨੁੱਖ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੀ ਪ੍ਰਾਪਤੀ ਕਰ ਬੰਦਗੀ ਵਿੱਚ ਚਲੇ ਜਾਂਦੇ ਹਨ ਉਨ੍ਹਾਂ ਨੂੰ ਜਮਦੂਤਾਂ ਦੇ ਵੱਸ ਨਹੀਂ ਪੈਣਾ ਪੈਂਦਾ ਹੈ। ਜੋ ਮਨੁੱਖ ਸਮਾਧੀ ਅਤੇ ਸੁੰਨ ਸਮਾਧੀ ਵਿੱਚ ਚਲੇ ਜਾਂਦੇ ਹਨ ਉਨ੍ਹਾਂ ਵਿੱਚੋਂ ਕਈ ਮਨੁੱਖਾਂ (ਰੂਹ) ਨੂੰ ਇੱਛਾ ਅਨੁਸਾਰ ਦੇਹੀ ਛੱਡ ਕੇ ਜਾਣ ਦੀ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ। ਜਦ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ ਤਾਂ ਦੇਹੀ ਛੱਡ ਕੇ ਜਾਣ ਦੀ ਸ਼ਕਤੀ ਸਕ੍ਰਿਆ ਹੋ ਜਾਂਦੀ ਹੈ। ਐਸੇ ਮਨੁੱਖਾਂ ਨੂੰ (ਰੂਹ) ਦੇਹੀ ਛੱਡ ਕੇ ਜਾਣ ਦੇ ਬਹੁਤ ਅਨੁਭਵ ਹੁੰਦੇ ਹਨ। ਐਸੇ ਮਨੁੱਖਾਂ ਦੀ ਰੂਹ ਜਦ ਦੇਹੀ ਛੱਡ ਕੇ ਜਾਂਦੀ ਹੈ ਤਾਂ ਉਸ ਦਾ ਦੇਹੀ ਨਾਲ ਇੱਕ ਇਲਾਹੀ ਡੋਰ ਰਾਹੀਂ ਸੰਬੰਧ ਜੁੜਿਆ ਰਹਿੰਦਾ ਹੈ ਜਿਸ ਕਾਰਨ ਦੇਹੀ ਦੇ ਸੁਆਸ ਬੜੀ ਧੀਮੀ ਗਤੀ ਨਾਲ ਚਲਦੇ ਰਹਿੰਦੇ ਹਨ ਅਤੇ ਦੇਹੀ ਨੂੰ ਜੀਉਂਦਾ ਰੱਖਦੇ ਹਨ। ਭਾਵ ਐਸੇ ਮਨੁੱਖਾਂ ਨੂੰ ਬੰਦਗੀ ਕਰਦਿਆਂ ਮੌਤ ਵਰਗੇ ਕਈ ਅਨੁਭਵ ਮੌਤ ਤੋਂ ਪਹਿਲਾਂ ਹੀ ਹੋ ਜਾਂਦੇ ਹਨ। ਇਸ ਲਈ ਅਤੇ ਬੰਦਗੀ ਕਾਰਨ ਐਸੇ ਮਨੁੱਖ ਨਿਰਭਉ ਹੋ ਜਾਂਦੇ ਹਨ। ਐਸੇ ਮਨੁੱਖਾਂ ਦੀ ਮੌਤ ਬਹੁਤ ਆਨੰਦਮਈ ਹੁੰਦੀ ਹੈ। ਐਸੇ ਮਨੁੱਖਾਂ ਨੂੰ ਜਮਦੂਤਾਂ ਦਾ ਕੋਈ ਭਉ ਨਹੀਂ ਰਹਿੰਦਾ ਹੈ। ਨਾ ਹੀ ਉਨ੍ਹਾਂ ਦੇ ਨੇੜੇ ਕੋਈ ਜਮਦੂਤ ਆ ਸਕਦੇ ਹਨ। ਐਸੇ ਮਨੁੱਖਾਂ ਨੂੰ ਉਨ੍ਹਾਂ ਦੀ ਬੰਦਗੀ ਦੇ ਅਨੁਸਾਰ ਸੰਤ ਜਨ ਜਾਂ ਗੁਰੂ ਜਨ ਲੈਣ ਵਾਸਤੇ ਆਉਂਦੇ ਹਨ ਅਤੇ ਬੜੇ ਮਾਣ ਸਤਿਕਾਰ ਨਾਲ ਦਰਗਾਹ ਵਿੱਚ ਲੈ ਜਾਂਦੇ ਹਨ।

ਇਸ ਲਈ ਸਤਿਨਾਮ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਤੁਹਾਡੇ ਸਾਰੇ ਕਰਮਾਂ ਦੇ ਬੰਧਨਾਂ ਨੂੰ ਭੰਨ ਕੇ ਰੱਖ ਦਿੰਦੀ ਹੈ ਅਤੇ ਤੁਹਾਡਾ ਲੇਖਾ-ਜੋਖਾ ਪੂਰਾ ਕਰ ਦਿੰਦੀ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਨਾਮ 'ਸਤਿਨਾਮ' ਹੀ ਤ੍ਰੈ ਗੁਣ ਮਾਇਆ ਦੇ ਬੰਧਨਾਂ ਨੂੰ ਤੋੜਣ ਦੀ ਸਮਰੱਥਾ ਰੱਖਦਾ ਹੈ ਅਤੇ ਤੁਹਾਨੂੰ ਮਾਇਆ ਦੇ ਬੰਧਨਾਂ ਤੋਂ ਮੁਕਤ ਕਰਵਾਉਣ ਦੀ ਸਮਰੱਥਾ ਰੱਖਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਨਾਮ 'ਸਤਿਨਾਮ' ਹੀ ਮਨੁੱਖ ਨੂੰ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਕਰ ਦੇਣ ਦੀ ਪਰਮ ਸ਼ਕਤੀ ਰੱਖਦਾ ਹੈ। ਇਸ ਪਰਮ ਸਤਿ ਤੱਤ ਤੱਥ ਦੀ ਸਮਝ ਕਿਸੇ ਵਿਰਲੇ ਨੂੰ ਹੀ ਪੈਂਦੀ ਹੈ ਅਤੇ ਕੋਈ ਵਿਰਲਾ ਹੀ ਇਸ ਦੀ ਕਮਾਈ ਕਰ ਕੇ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਅਕਾਲ ਪੁਰਖ ਵਿੱਚ ਸਮਾਉਂਦਾ ਹੈ।

ਜੋ ਮਨੁੱਖ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੀ ਬਰਕਤ ਨਾਲ ਬੰਦਗੀ ਵਿੱਚ ਚਲੇ ਜਾਂਦੇ ਹਨ ਉਨ੍ਹਾਂ ਦੇ ਸਾਰੇ ਬਜਰ ਕਪਾਟ ਸਹਿਜੇ ਹੀ ਖੁੱਲ੍ਹ ਜਾਂਦੇ ਹਨ। ਉਹ ਮਨੁੱਖਾਂ ਨੂੰ ਸਮਾਧੀ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ। ਸਤਿਨਾਮ ਉਨ੍ਹਾਂ ਦੀ ਸੁਰਤਿ ਵਿੱਚ ਸਹਿਜੇ ਹੀ ਚਲਾ ਜਾਂਦਾ ਹੈ। ਸਤਿਨਾਮ ਦੀ ਪਰਮ ਸ਼ਕਤੀ ਨਾਲ ਉਨ੍ਹਾਂ ਦਾ ਸ਼ਬਦ ਸੁਰਤਿ ਦਾ ਮੇਲ ਸਹਿਜੇ ਹੀ ਹੋ ਜਾਂਦਾ ਹੈ। ਉਨ੍ਹਾਂ ਦਾ ਅਜਪਾ ਜਾਪ ਸਹਿਜੇ ਹੀ ਸ਼ੁਰੂ ਹੋ ਜਾਂਦਾ ਹੈ। ਸਤਿਨਾਮ ਉਨ੍ਹਾਂ ਦੇ ੭ ਸਤਿ ਸਰੋਵਰਾਂ ਨੂੰ ਸਹਿਜੇ ਹੀ ਭੇਦ ਦਿੰਦਾ ਹੈ ਅਤੇ ਉਨ੍ਹਾਂ ਭਗਤਾਂ ਦੇ ੭ ਸਤਿ ਸਰੋਵਰ ਸਹਿਜੇ ਹੀ ਜਾਗਰਿਤ ਹੋ ਜਾਂਦੇ ਹਨ। ਉਨ੍ਹਾਂ ਦੀ ਕੁੰਡਲ਼ਨੀ ਸ਼ਕਤੀ ਸਹਿਜੇ ਹੀ ਜਾਗਰਿਤ ਹੋ ਜਾਂਦੀ ਹੈ। ਉਨ੍ਹਾਂ ਦੀਆਂ ਇੜਾ ਪਿੰਗਲਾ ਅਤੇ ਸੁਖਮਨਾ ਦੀਆਂ ਸ਼ਕਤੀਆਂ ਸਹਿਜੇ ਹੀ ਜਾਗਰਿਤ ਹੋ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਰੋਮ-ਰੋਮ ਵਿੱਚ ਸਤਿਨਾਮ ਸਹਿਜੇ ਹੀ ਪ੍ਰਕਾਸ਼ਮਾਨ ਹੋ ਜਾਂਦਾ ਹੈ। ਉਨ੍ਹਾਂ ਦੀ ਦੇਹੀ ਅੰਮ੍ਰਿਤ ਨਾਲ ਭਰਪੂਰ ਹੋ ਜਾਂਦੀ ਹੈ। ਸਤਿਨਾਮ ਦੀ ਪਰਮ ਸ਼ਕਤੀ ਦੇ ਪ੍ਰਕਾਸ਼ ਨਾਲ ਉਨ੍ਹਾਂ ਦਾ ਦਸਮ ਦੁਆਰ ਖੁੱਲ੍ਹ ਜਾਂਦਾ ਹੈ ਅਤੇ ਦਸਮ ਦੁਆਰ ਦੇ ਖੁੱਲ੍ਹਣ ਨਾਲ ਹੀ ਅਨਹਦ ਸ਼ਬਦ ਦੀ ਪ੍ਰਾਪਤੀ ਹੋ ਜਾਂਦੀ ਹੈ। ਦਸਮ ਦੁਆਰ ਦੇ ਖੁੱਲ੍ਹਣ ਨਾਲ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਜੋਤ ਹਿਰਦੇ ਵਿੱਚ ਪ੍ਰਗਟ ਹੋ ਜਾਂਦੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਲ ਸਿੱਧਾ ਸੰਪਰਕ ਜੁੜ ਜਾਂਦਾ ਹੈ। ਬੰਦਗੀ ਸੱਚ ਖੰਡ ਵਿੱਚ ਚਲੀ ਜਾਂਦੀ ਹੈ।

ਅਨਹਦ ਸ਼ਬਦ ਦੀ ਪ੍ਰਾਪਤੀ ਦੇ ਨਾਲ ਹੀ ਦਸਮ ਦੁਆਰ ਵਿੱਚ ਪੰਚ ਸ਼ਬਦ ਧੁਨਾਂ ਨਿਰੰਤਰ ਵੱਜਣ ਲੱਗ ਜਾਂਦੀਆਂ ਹਨ। ਦਸਮ ਦੁਆਰ ਵਿੱਚ ਨਿਰੰਤਰ ਵੱਜਣ ਵਾਲੇ ਇਸ ਇਲਾਹੀ ਸੰਗੀਤ ਦਾ ਬਿਆਨ ਕਰਨਾ ਅਸੰਭਵ ਹੈ। ਇਹ ਇਲਾਹੀ ਸੰਗੀਤ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਰਚੀ ਹੋਈ ਸ੍ਰਿਸ਼ਟੀ ਦੇ ਵਿੱਚ ਨਿਰੰਤਰ ਗੂੰਜਦਾ ਅਖੰਡ ਕੀਰਤਨ ਹੈ। ਅਨਹਦ ਨਾਦ ਦਾ ਇਹ ਇਲਾਹੀ ਸੰਗੀਤ ਸਾਰੇ ਬ੍ਰਹਿਮੰਡਾਂ ਵਿੱਚ ਨਿਰੰਤਰ ਗੂੰਜਦਾ ਹੈ, ਕਦੇ ਬੰਦ ਨਹੀਂ ਹੁੰਦਾ ਹੈ। ਇਹ ਇਲਾਹੀ ਸੰਗੀਤ ਬੇਅੰਤ ਹੈ ਅਤੇ ਇਸ ਦਾ ਕੋਈ ਅੰਤ ਨਹੀਂ ਹੈ। ਨਾ ਹੀ ਕੋਈ ਹੱਦ ਬੰਨਾ ਹੈ ਇਸ ਇਲਾਹੀ ਕੀਰਤਨ ਦਾ। ਇਹ ਉਹ ਸੰਗੀਤ ਕੀਰਤਨ ਹੈ ਜੋ ਸਾਰੀ ਸ੍ਰਿਸ਼ਟੀ ਵਿੱਚ ਸਮਾਈ ਹੋਈ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀ ਨਿਰੰਤਰ ਗਾ ਰਹੀ ਹੈ। ਇਹ ਉਹ ਇਲਾਹੀ ਕੀਰਤਨ ਹੈ ਜੋ ਪਉਣ ਪਾਣੀ ਬੈਸੰਤਰ ਅਤੇ ਸਾਰੀ ਕੁਦਰਤ ਨਿਰੰਤਰ ਗਾ ਰਹੀ ਹੈ।

ਸ੍ਰਿਸ਼ਟੀ ਦੀ ਹਰ ਇੱਕ ਰਚਨਾ ਦਾ ਆਧਾਰ ਕੇਵਲ ਸ਼ਬਦ ਹੈ। ਇਹ ਸ਼ਬਦ ਸਤਿ

ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਨਾਮ 'ਸਤਿ' ਹੈ। ਸਾਰੀ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਇਸ ਪਰਮ ਸ਼ਕਤੀਸ਼ਾਲੀ ਸ਼ਬਦ 'ਸਤਿ' ਵਿੱਚੋਂ ਉਤਪੰਨ ਹੋਈ ਹੈ। ਇਹ ਸ਼ਬਦ 'ਸਤਿ' ਹੀ ਰਾਗ ਹੈ। ਭਾਵ ਬਾਕੀ ਦੇ ਸਾਰੇ ਨਾਦ (ਸ਼ਬਦ) ਅਤੇ ਰਾਗ ਇਸ ਪਰਮ ਸ਼ਕਤੀਸ਼ਾਲੀ ਸ਼ਬਦ 'ਸਤਿ' ਵਿੱਚੋਂ ਹੀ ਜੰਮਦੇ ਹਨ। ਇਸ ਲਈ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਇਸ ਸ਼ਬਦ 'ਸਤਿ' ਵਿੱਚੋਂ ਜੰਮੇ ਰਾਗਾਂ ਵਿੱਚ ਸਮਾਈ ਹੋਈ ਹੈ। ਸਾਰੀ ਕੁਦਰਤ ਇਸ ਇਲਾਹੀ ਰਾਗ ਵਿੱਚ ਰੰਗੀ ਹੋਈ ਹੈ। ਇਸ ਲਈ ਕੁਦਰਤ ਦੀ ਹਰ ਇੱਕ ਰਚਨਾ ਵਿੱਚੋਂ ਇਸ ਨਾਦ ਦਾ ਸੰਗੀਤ ਉਤਪੰਨ ਹੁੰਦਾ ਹੈ। ਇਹ ਇਲਾਹੀ ਸੰਗੀਤ ਹੀ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਮਹਿਮਾ ਹੈ। ਸ੍ਰਿਸ਼ਟੀ ਦੀ ਹਰ ਇੱਕ ਰਚਨਾ ਵਿੱਚੋਂ ਰਾਗ ਦੇ ਰੂਪ ਵਿੱਚ ਇਹ ਸੰਗੀਤ ਬ੍ਰਹਿਮੰਡ ਵਿੱਚ ਪ੍ਰਗਟ ਹੁੰਦਾ ਹੈ ਅਤੇ ਸਾਰੇ ਬ੍ਰਹਿਮੰਡ ਵਿੱਚ ਸਮਾ ਜਾਂਦਾ ਹੈ। ਸਾਰੀ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਵਿੱਚ ਸਤਿ ਪਾਰ ਬ੍ਰਹਮ ਪਿਤਾ ਪਰਮੇਸ਼ਰ ਨੇ ਕੋਈ ਨਾ ਕੋਈ ਗੁਣ ਜ਼ਰੂਰ ਬਖ਼ਸ਼ਿਆ ਹੈ। ਹਰ ਇੱਕ ਰਚਨਾ ਦਾ ਇਹ ਗੁਣ ਹੀ ਉਸ ਰਚਨਾ ਦੀ ਸ਼ਕਤੀ ਹੈ। ਉਦਾਹਰਨ ਦੇ ਤੌਰ 'ਤੇ ਪਾਣੀ ਦੇ ਕਈ ਪਰਮ ਸ਼ਕਤੀਸ਼ਾਲੀ ਗੁਣ ਹਨ: ਨੀਵੇਂ ਪਾਸੇ ਨੂੰ ਵਗਣਾ; ਸਾਰੀ ਸ੍ਰਿਸ਼ਟੀ ਦੇ ਪ੍ਰਾਣੀਆਂ ਅਤੇ ਬਨਸਪਤ ਨੂੰ ਜੀਵਨ ਦੇਣਾ; ਠੰਡਾ ਹੋ ਜਾਣਾ; ਗਰਮ ਹੋ ਜਾਣਾ; ਵਗਦੇ ਹੋਏ ਨਾਦ ਦਾ ਉਤਪੰਨ ਹੋਣਾ ਆਦਿ। ਇਸੇ ਲਈ ਪਾਣੀ ਨੂੰ 'ਪਾਣੀ ਪਿਤਾ ਜਗਤ ਕਾ' ਕਿਹਾ ਗਿਆ ਹੈ। ਇਸੇ ਤਰ੍ਹਾਂ ਧਰਤੀ ਦੇ ਕਈ ਪਰਮ ਸ਼ਕਤੀਸ਼ਾਲੀ ਗੁਣ ਹਨ: ਧਰਤੀ ਸਾਨੂੰ ਸਾਡੇ ਰੋਜ਼ਾਨਾ ਜੀਵਨ ਵਿੱਚ ਵਰਤਣ ਲਈ ਲੋੜਵੰਦ ਹਰ ਇੱਕ ਵਸਤੂ ਉਤਪੰਨ ਕਰਦੀ ਹੈ; ਧਰਤੀ ਸਾਨੂੰ ਆਪਣੀ ਗੋਦ ਵਿੱਚ ਰਹਿਣ ਲਈ ਸਥਾਨ ਦੀ ਬਖ਼ਸ਼ਿਸ਼ ਕਰਦੀ ਹੈ; ਧਰਤੀ ਮਹਾ ਸਾਗਰਾਂ ਨੂੰ ਆਪਣੀ ਗੋਦ ਵਿੱਚ ਸਮਾ ਕੇ ਰੱਖਦੀ ਹੈ ਜੋ ਕਿ ਬੇਅੰਤ ਜੀਵਾਂ ਦੇ ਜੀਵਨ ਦਾ ਆਸਰਾ ਹੈ; ਪਾਣੀ ਵੀ ਧਰਤੀ ਦੇ ਸੀਨੇ ਵਿੱਚੋਂ ਨਿਕਲਦਾ ਹੈ ਆਦਿ। ਇਸੇ ਲਈ ਧਰਤੀ ਨੂੰ ਮਾਤਾ ਕਿਹਾ ਗਿਆ ਹੈ। ਇਸੇ ਤਰ੍ਹਾਂ ਪਵਨ ਨੂੰ ਗੁਰੂ ਕਿਹਾ ਗਿਆ ਹੈ ਜਿਸ ਦੇ ਕਈ ਪਰਮ ਸ਼ਕਤੀਸ਼ਾਲੀ ਗੁਣ ਹਨ: ਪਵਨ ਸਾਰੇ ਪ੍ਰਾਣੀਆਂ ਨੂੰ ਜੀਵਨ ਦਿੰਦੀ ਹੈ; ਪਵਨ ਹੀ ਸੰਗੀਤ, ਨਾਦ ਜਾਂ ਸ਼ਬਦ ਦੇ ਸੰਚਾਰ ਦਾ ਮਾਧਿਅਮ ਹੈ; ਪਵਨ ਤੱਤੀ ਅਤੇ ਠੰਡੀ ਹੋ ਜਾਂਦੀ ਹੈ ਆਦਿ। ਸਾਰੀ ਬਨਸਪਤ ਪਵਨ ਨੂੰ ਸ਼ੁੱਧ ਕਰਦੀ ਹੈ; ਬੇਅੰਤ ਖਾਣ ਅਤੇ ਪੀਣ ਵਾਲੇ ਪਦਾਰਥ ਬਨਸਪਤ ਹੀ ਸਾਨੂੰ ਦਿੰਦੀ ਹੈ; ਫੁੱਲਾਂ ਦੇ ਵਿੱਚ ਸੁੰਦਰ ਸੁਗੰਧੀ ਦੇਣ ਦਾ ਗੁਣ ਮੌਜੂਦ ਹੁੰਦਾ ਹੈ; ਕਈ ਤਰ੍ਹਾਂ ਦੀਆਂ ਔਸ਼ਧੀਆਂ ਵੀ ਬਨਸਪਤ ਹੀ ਦਿੰਦੀ ਹੈ ਆਦਿ। ਬੈਸੰਤਰ ਵਿੱਚ ਗਰਮੀ ਹੈ। ਬੈਸੰਤਰ ਵਿੱਚ ਭਸਮ ਕਰ ਦੇਣ ਦੀ ਸ਼ਕਤੀ ਹੈ। ਸੂਰਜ ਵਿੱਚ ਦਿਨ ਚੜ੍ਹਾਣ ਦੀ ਸ਼ਕਤੀ ਹੈ ਅਤੇ ਪ੍ਰਕਾਸ਼ ਦੇਣ ਦੀ ਸ਼ਕਤੀ ਹੈ। ਕੁਦਰਤ ਦੇ ਇਨ੍ਹਾਂ ਕ੍ਰਿਸ਼ਮਿਆਂ ਦਾ ਕੋਈ ਅੰਤ ਨਹੀਂ ਹੈ। ਇਸੇ ਤਰ੍ਹਾਂ ਹਰ ਇੱਕ ਰਚਨਾ ਵਿੱਚ ਕੋਈ ਨਾ ਕੋਈ ਗੁਣ ਜ਼ਰੂਰ ਮੌਜੂਦ ਹੈ। ਇਨ੍ਹਾਂ ਸਾਰੀਆਂ ਰਚਨਾਵਾਂ ਵਿੱਚ ਮੌਜੂਦ ਸਾਰੇ ਪਰਮ ਸ਼ਕਤੀਸ਼ਾਲੀ ਗੁਣਾਂ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਹੀ ਬਖ਼ਸ਼ਿਆ ਹੈ। ਇਸ ਲਈ ਇਨ੍ਹਾਂ ਸਾਰੇ ਬੇਅੰਤ ਗੁਣਾਂ ਦਾ ਅਤੇ ਇਨ੍ਹਾਂ ਗੁਣਾਂ ਦੇ ਰੂਪ ਵਿੱਚ ਬਖ਼ਸ਼ੀਆਂ ਗਈਆਂ ਸਾਰੀਆਂ ਪਰਮ ਸ਼ਕਤੀਆਂ ਦਾ ਸੋਮਾ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪ ਹੀ ਹੈ। ਇਸੇ ਲਈ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੂੰ ਗੁਣੀ ਨਿਧਾਨ ਕਿਹਾ ਗਿਆ ਹੈ।

ਹਰ ਇੱਕ ਰਚਨਾ ਵਿੱਚੋਂ ਉਤਪੰਨ ਹੁੰਦਾ ਨਾਦ ਰਾਗ ਇਨ੍ਹਾਂ ਪਰਮ ਸ਼ਕਤੀਸ਼ਾਲੀ ਗੁਣਾਂ ਦਾ ਹੀ ਮਹਾਤਮ ਦੱਸਦਾ ਹੈ। ਸਾਰੀ ਸ੍ਰਿਸ਼ਟੀ ਦੀਆਂ ਬੇਅੰਤ ਰਚਨਾਵਾਂ ਜੋ ਇਸ ਨਾਦ ਸੰਗੀਤ ਨੂੰ ਗਾਉਂਦੀਆਂ ਹਨ ਅਤੇ ਉਤਪੰਨ ਕਰਦੀਆਂ ਹਨ ਉਸ ਇਲਾਹੀ ਸੰਗੀਤ ਨੂੰ ਗੁਰਬਾਣੀ

ਵਿੱਚ ਅਨਹਦ ਨਾਦ ਜਾਂ ਅਨਹਦ ਸ਼ਬਦ ਕਿਹਾ ਗਿਆ ਹੈ। ਕਿਉਂਕਿ ਬੇਅੰਤ ਰਚਨਾਵਾਂ ਵਿੱਚੋਂ ਬੇਅੰਤ ਤਰ੍ਹਾਂ ਦੇ ਨਾਦ ਉਤਪੰਨ ਹੁੰਦੇ ਹਨ ਇਸ ਲਈ ਇਸ ਨੂੰ 'ਵਾਜੇ ਨਾਦ ਅਨੇਕ ਅਸੰਖਾ' ਕਿਹਾ ਗਿਆ ਹੈ। ਗੁਰਬਾਣੀ ਵਿੱਚ ਇਸ ਅਨਹਦ ਸ਼ਬਦ ਦੀ ਮਹਿਮਾ ਬਹੁਤ ਸਾਰੇ ਸਲੋਕਾ ਵਿੱਚ ਪ੍ਰਗਟ ਕੀਤੀ ਗਈ ਹੈ। ਇਹ ਇਲਾਹੀ ਸੰਗੀਤ ਨਿਰੰਤਰ ਚਲ ਰਿਹਾ ਹੈ। ਇਹ ਇਲਾਹੀ ਸੰਗੀਤ ਕਦੇ ਬੰਦ ਨਹੀਂ ਹੁੰਦਾ ਹੈ। ਇਸੇ ਕਾਰਨ ਇਸ ਨੂੰ ਅਨਹਦ ਕਿਹਾ ਹੈ। ਭਾਵ ਐਸਾ ਨਾਦ ਜਿਸ ਦਾ ਕੋਈ ਹੱਦ ਬੰਨਾ ਨਹੀਂ ਹੈ। ਇਸ ਇਲਾਹੀ ਸੰਗੀਤ ਨੂੰ ਹੀ ਕਈ ਸੰਤ ਜਨ ਧੁਨਾਤਮਕ ਨਾਮ ਕਹਿ ਕੇ ਪੁਕਾਰਦੇ ਹਨ। ਗੁਰਬਾਣੀ ਵਿੱਚ ਇਸ ਇਲਾਹੀ ਸੰਗੀਤ ਨੂੰ ਅੰਮ੍ਰਿਤ ਨਾਮ ਕਿਹਾ ਗਿਆ ਹੈ:

ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੦੨)

ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦)

ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੫੪)

ਅਨਹਦ ਸਬਦੁ ਵਜੈ ਦਿਨੁ ਰਾਤੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੦੪)

ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੬੪)

ਪੰਚ ਸਬਦ ਤਹ ਪੂਰਨ ਨਾਦ ॥ ਅਨਹਦ ਬਾਜੇ ਅਚਰਜ ਬਿਸਮਾਦ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੬੬-੬੬੭)

ਪੰਚ ਸਬਦ ਨਿਰਮਾਇਲ ਬਾਜੇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੪)

ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਇਸ ਇਲਾਹੀ ਨਾਦ ਨੂੰ ਸੁਣਨ ਅਤੇ ਮਾਣਨ ਦੀ ਸਮਰੱਥਾ ਮਨੁੱਖ ਨੂੰ ਬਖ਼ਸ਼ੀ ਹੈ। ਜਿਨ੍ਹਾਂ ਮਨੁੱਖਾਂ ਦਾ ਬੰਦਗੀ ਕਰਦੇ ਹੋਏ, ਸਤਿਨਾਮ ਦੀ ਕਮਾਈ ਕਰਦੇ ਹੋਏ ਜਦ ਦਸਮ ਦੁਆਰ ਖੁੱਲ੍ਹ ਜਾਂਦਾ ਹੈ ਤਾਂ ਉਨ੍ਹਾਂ ਮਨੁੱਖਾਂ ਨੂੰ ਇਸ ਇਲਾਹੀ ਸੰਗੀਤ ਨੂੰ ਸੁਣਨ ਅਤੇ ਮਾਣਨ ਦੀ ਪਰਮ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ। ਇਸ ਇਲਾਹੀ ਨਾਦ ਨੂੰ ਕੇਵਲ ਦਸਮ ਦੁਆਰ ਵਿੱਚ ਹੀ ਸੁਣਿਆ ਜਾਂਦਾ ਹੈ। ਇਸ ਇਲਾਹੀ ਸੰਗੀਤ ਨੂੰ ਮਨੁੱਖੀ ਕੰਨਾਂ ਵਿੱਚ ਨਹੀਂ ਸੁਣਿਆ ਜਾ ਸਕਦਾ ਹੈ। ਇਹ ਇਲਾਹੀ ਸੰਗੀਤ ਅਨਹਦ ਨਾਦ ਨਿਰੰਤਰ ਦਸਮ ਦੁਆਰ ਵਿੱਚ ਗੂੰਜਦਾ ਹੈ। ਇਹ ਇਲਾਹੀ ਸੰਗੀਤ ਅਨਹਦ ਨਾਦ ਕਦੇ ਬੰਦ ਨਹੀਂ ਹੁੰਦਾ ਹੈ। ਐਸੇ ਮਹਾਂਪੁਰਖ ਜੋ ਇਸ ਇਲਾਹੀ ਬਖ਼ਸ਼ਿਸ਼ ਨੂੰ ਪ੍ਰਾਪਤ ਕਰ ਲੈਂਦੇ ਹਨ ਜਦ ਉਹ ਇਸ ਇਲਾਹੀ ਸੰਗੀਤ ਅਨਹਦ ਨਾਦ ਉੱਪਰ ਧਿਆਨ ਲੱਗਾਉਂਦੇ ਹਨ ਤਾਂ ਉਨ੍ਹਾਂ ਦਾ ਹਿਰਦਾ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ ਅਤੇ ਉਹ ਸਹਿਜੇ ਹੀ ਸੁੰਨ ਸਮਾਧੀ ਵਿੱਚ ਚਲੇ ਜਾਂਦੇ ਹਨ।

ਅਨਹਦ ਨਾਦ ਦਾ ਇਹ ਨਿਰੰਤਰ ਚਲਣ ਵਾਲਾ ਸੰਗੀਤ ਹੀ ਸਤਿ ਪਾਰਬ੍ਰਹਮ ਪਿਤਾ

ਪਰਮੇਸ਼ਰ ਦੀ ਬੋਲੀ ਹੈ। ਇਸੇ ਲਈ ਬਹੁਤ ਸਾਰੀ ਗੁਰਬਾਣੀ ਰਾਗਾਂ ਵਿੱਚ ਉਚਾਰਨ ਕੀਤੀ ਗਈ ਹੈ। ਇਸੇ ਕਰ ਕੇ ਗੁਰਬਾਣੀ ਵਿੱਚ ਗੁਰਬਾਣੀ ਨੂੰ ਵੀ ਅਨਹਦ ਬਾਣੀ ਕਿਹਾ ਗਿਆ ਹੈ:

ਅੰਮ੍ਰਿਤੁ ਵਰਖੈ ਅਨਹਦ ਬਾਣੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੫)

ਅਨਹਦ ਬਾਣੀ ਨਾਦੁ ਵਜਾਇਆ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੭੫)

ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੬੧)

ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੯੩)

ਭਾਵ ਗੁਰਬਾਣੀ ਵੀ ਅਨਹਦ ਨਾਦ ਵਿੱਚੋਂ ਹੀ ਪ੍ਰਗਟ ਹੁੰਦੀ ਹੈ। ਜਿਨ੍ਹਾਂ ਮਹਾਂਪੁਰਖਾਂ, ਸਤਿਗੁਰੂਆਂ ਦੀ, ਸੰਤ ਜਨਾਂ ਦੀ ਬੰਦਗੀ ਉਸ ਅਵਸਥਾ ਵਿੱਚ ਪਹੁੰਚ ਜਾਂਦੀ ਹੈ ਉਹ ਇਸ ਨੂੰ ਸੁਣਦੇ ਹਨ ਅਤੇ ਵਖਾਣ ਕਰਦੇ ਹਨ। ਕਈ ਸੰਤ ਜਨ ਜਦ ਸੁੰਨ ਸਮਾਧੀ ਵਿੱਚ ਬੈਠਦੇ ਹਨ ਤਾਂ ਬਾਣੀ ਨੂੰ ਸੁਣਦੇ ਹਨ ਅਤੇ ਇਸ ਨੂੰ ਵਖਾਣ ਕਰਨ ਦਾ ਯਤਨ ਕਰਦੇ ਹਨ। ਜੋ ਸੰਤ ਜਨ ਮਾਨਸਰੋਵਰ ਵਿੱਚ ਲੀਨ ਹੋ ਜਾਂਦੇ ਹਨ ਉਨ੍ਹਾਂ ਨੂੰ ਬਾਣੀ ਦੇ ਇਸ ਅਥਾਹ ਅੰਮ੍ਰਿਤ ਸਰੋਵਰ ਦਾ ਗਿਆਨ ਹੋ ਜਾਂਦਾ ਹੈ। ਇਹ ਪਰਮ ਪੂਰਨ ਸਤਿ ਹੈ ਕਿ ਗੁਰਬਾਣੀ ਦਾ ਕੋਈ ਅੰਤ ਨਹੀਂ ਹੈ ਇਸੇ ਲਈ ਇਸ ਨੂੰ ਅਨਹਦ ਬਾਣੀ ਕਿਹਾ ਗਿਆ ਹੈ। ਦਰਗਾਹ ਵਿੱਚ ਗੁਰਬਾਣੀ ਦੇ ਅੰਗਾਂ ਦਾ ਕੋਈ ਅੰਤ ਨਹੀਂ ਹੈ। ਗੁਰਬਾਣੀ ਨਿਰੰਤਰ ਚਲ ਰਹੀ ਹੈ ਅਤੇ ਚਲਦੀ ਰਹੇਗੀ। ਜੋ ਸੰਤ ਜਨ ਉਸ ਅਵਸਥਾ ਵਿੱਚ ਪਹੁੰਚਦੇ ਹਨ ਉਹ ਇਸ ਅਨਹਦ ਬਾਣੀ ਦਾ ਅਨੁਭਵ ਕਰਦੇ ਹਨ।

ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਹੀ ਰਾਗ ਹੈ ਅਤੇ ਅਨਹਦ ਨਾਦ ਰਾਗਣੀ ਹੈ। ਭਾਵ ਇਹ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਹੀ ਪਰਮ ਸ਼ਕਤੀ ਹੈ ਜੋ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਹੀ ਸਰਗੁਣ ਸਰੂਪ ਵਿੱਚ ਨਿਰਗੁਣ ਦੇ ਰੂਪ ਵਿੱਚ ਵਰਤਦੀ ਹੈ ਅਤੇ ਰਾਗ ਨੂੰ ਵਜਾਉਂਦੀ ਹੋਈ ਰਾਗਣੀ ਦੇ ਰੂਪ ਵਿੱਚ ਪ੍ਰਗਟ ਕਰਦੀ ਹੈ। ਸਰਗੁਣ ਸਰੂਪ ਵਿੱਚ ਵਰਤਦੀ ਹੋਈ ਅਨਹਦ ਨਾਦ ਦੀ ਇਹ ਪਰਮ ਸ਼ਕਤੀ ਹੀ ਨਿਰਗੁਣ ਰੂਪ ਵਿੱਚ ਪ੍ਰਗਟ ਹੁੰਦੀ ਹੈ। ਬੇਅੰਤ ਸ੍ਰਿਸ਼ਟੀ ਵਿੱਚ ਸਥਿਤ ਬੇਅੰਤ ਰਚਨਾਵਾਂ ਇਸ ਨਾਦ ਨੂੰ ਆਪਣੀ ਆਪਣੀ ਸ਼ਕਤੀ (ਨਿਰਗੁਣ) ਦੇ ਅਨੁਸਾਰ ਗਾਉਂਦੀਆਂ ਹਨ, ਵਜਾਉਂਦੀਆਂ ਹਨ ਅਤੇ ਸਾਰੇ ਬ੍ਰਹਿਮੰਡ ਵਿੱਚ ਪ੍ਰਗਟ ਕਰਦੀਆਂ ਹਨ। ਸਾਰਾ ਬ੍ਰਹਿਮੰਡ ਇਸ ਰਾਗਣੀ ਨਾਲ ਨਿਰੰਤਰ ਗੂੰਜਦਾ ਹੈ। ਸੂਰਜ, ਚੰਦ, ਤਾਰੇ, ਸਾਰੇ ਗ੍ਰਹਿ ਨਕਸ਼ੱਤਰਾਂ ਸਮੇਤ ਸਾਰੀ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਇਸ ਰਾਗਣੀ ਨੂੰ ਸਾਰੇ ਬ੍ਰਹਿਮੰਡ ਵਿੱਚ ਨਿਰੰਤਰ ਗਾ ਕੇ ਵਜਾ ਕੇ ਪ੍ਰਗਟ ਕਰਦੇ ਹਨ।

ਇਹ ਸਾਰੀ ਲਿਖੀ ਗਈ ਕਥਾ ਅਤੇ ਮਹਿਮਾ ਜਦ ਮਨੁੱਖ ਦੇ ਜੀਵਨ ਵਿੱਚ ਵਰਤਦੀ ਹੈ ਤਾਂ ਹੀ ਪਰਮ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਮਾਇਆ ਨੂੰ ਜਿੱਤ ਕੇ 'ਕਾਲ ਕੰਟਕ' ਨੂੰ ਮਾਰ ਕੇ ਪਰਮ ਪਦ ਦੀ ਪ੍ਰਾਪਤੀ ਕਰਨ ਨਾਲ ਹੀ ਸਦਾ ਸੁੱਖ ਪਰਮ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਤ੍ਰਿਸ਼ਣਾ ਦੇ ਬੁੱਝਣ ਨਾਲ ਪੰਜ ਦੂਤਾਂ ਨੂੰ ਜਿੱਤ ਕੇ 'ਕਾਲ ਕੰਟਕ' ਨੂੰ ਮਾਰ ਕੇ ਹੀ ਦਰਗਾਹ ਵਿੱਚ ਮਾਣ ਪ੍ਰਾਪਤ ਹੁੰਦਾ ਹੈ ਅਤੇ ਮਨੁੱਖ ਸਦਾ-ਸਦਾ ਲਈ ਸਤਿ ਚਿੱਤ ਆਨੰਦ ਵਿੱਚ ਚਲਾ ਜਾਂਦਾ ਹੈ। ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਕਮਾਈ ਕਰ ਕੇ ਆਪਣੇ ਹਿਰਦੇ

ਵਿੱਚ ਪਰਮ ਜੋਤ ਦੇ ਪ੍ਰਗਟ ਹੋਣ ਨਾਲ ਹੀ ਮਨੁੱਖ ਪੂਰਨ ਪਰਮ ਆਨੰਦ ਦੀ ਅਵਸਥਾ ਪ੍ਰਾਪਤ ਕਰਦਾ ਹੈ। ਪੰਜ ਗਿਆਨ ਇੰਦਰੀਆਂ ਉੱਪਰ ਜਿੱਤ ਪ੍ਰਾਪਤ ਕਰਨ ਨਾਲ ਹੀ ਮਨੁੱਖ ਮਨ ਨੂੰ ਜਿੱਤ ਸਕਦਾ ਹੈ ਅਤੇ ਪਰਮ ਸੁੱਖ ਦੀ ਪ੍ਰਾਪਤੀ ਕਰਦਾ ਹੈ। ਅਕਾਲ ਪੁਰਖ ਦੇ ਨਿਰਗੁਨ ਸਰੂਪ ਵਿੱਚ ਅਭੇਦ ਹੋ ਕੇ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਕਰ ਕੇ ਹੀ ਮਨੁੱਖ ਜੀਵਨ ਮੁਕਤ ਹੋ ਸਕਦਾ ਹੈ ਅਤੇ ਸਦਾ ਆਨੰਦ ਦੀ ਪ੍ਰਾਪਤੀ ਕਰ ਸਕਦਾ ਹੈ। ਕੇਵਲ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰਪ੍ਰਸਾਦਿ ਪ੍ਰਾਪਤ ਕਰ ਕੇ ਹੀ ਮਨੁੱਖ ਪੂਰਨ ਅਵਸਥਾ ਪ੍ਰਾਪਤ ਕਰ ਪੂਰਨ ਆਨੰਦ ਵਿੱਚ ਸਦਾ-ਸਦਾ ਲਈ ਸਮਾ ਸਕਦਾ ਹੈ।

■

ਅਨੰਦੁ ਸਾਹਿਬ-ਪਉੜੀ ੬

ਸਾਚੀ ਲਿਵੈ ਬਿਨੁ ਦੇਹ ਨਿਮਾਣੀ ॥
ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥
ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ ॥
ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ ॥
ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ ॥੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੭)

ਇਹ ਪਰਮ ਸਤਿ ਹੈ ਕਿ ਮਨੁੱਖਾ ਦੇਹੀ ਦਾ ਆਧਾਰ 'ਸਤਿ' ਹੈ। ਮਨੁੱਖ ਦੀ ਉਤਪਤੀ 'ਸਤਿ' ਦੀ ਪਰਮ ਸ਼ਕਤੀ ਵਿੱਚੋਂ ਹੀ ਹੁੰਦੀ ਹੈ। 'ਸਤਿ' ਦੀ ਪਰਮ ਸ਼ਕਤੀ ਦੇ ਨਾਲ ਹੀ ਮਨੁੱਖ ਦੀ ਪੰਚ ਭੂਤਕ ਦੇਹੀ ਦਾ ਨਿਰਮਾਣ ਪੂਰਨ ਹੁਕਮ ਦੇ ਵਿੱਚ ਹੁੰਦਾ ਹੈ। ਪੂਰਨ ਹੁਕਮ ਤੋਂ ਬਿਨਾਂ ਪੰਚ ਭੂਤਕ ਜੋ ਕਿ ਪਰਸਪਰ ਵਿਰੋਧੀ ਤੱਤ ਹਨ: ਹਵਾ, ਪਾਣੀ, ਅਗਨੀ, ਧਰਤੀ ਅਤੇ ਆਕਾਸ਼ ਦਾ ਸੁਮੇਲ ਨਹੀਂ ਹੋ ਸਕਦਾ ਹੈ। 'ਸਤਿ' ਦੀ ਪਰਮ ਸ਼ਕਤੀ ਹੀ ਪੂਰਨ ਹੁਕਮ ਹੈ ਜਿਸ ਦੇ ਨਾਲ ਹੀ ਪੰਚ ਭੂਤਕ (ਜੋ ਕਿ ਪਰਸਪਰ ਵਿਰੋਧੀ ਤੱਤ ਹਨ) ਦੇਹੀ ਦਾ ਨਿਰਮਾਣ ਹੁੰਦਾ ਹੈ ਅਤੇ ਦੇਹੀ ਦਾ ਵਿਕਾਸ ਅਤੇ ਸੰਚਾਲਨ ਹੁੰਦਾ ਹੈ। ਮਨੁੱਖਾ ਦੇਹੀ ਦੀ ਹੋਂਦ ਕੇਵਲ 'ਸਤਿ' ਦੀ ਪਰਮ ਸ਼ਕਤੀ ਦੇ ਕਾਰਨ ਹੀ ਹੈ। ਮਨੁੱਖ ਦਾ ਸਾਰਾ ਜੀਵਨ ਅਤੇ ਜੀਵਨ ਦੀਆਂ ਸਾਰੀਆਂ ਉਪਲਭਧੀਆਂ ਕੇਵਲ 'ਸਤਿ' ਦੀ ਪਰਮ ਸ਼ਕਤੀ ਕਾਰਨ ਹੀ ਹਨ। ਮਨੁੱਖ ਦੇ ਸੁਆਸ ਅਤੇ ਰਗਾਂ ਵਿੱਚ ਖੂਨ ਦਾ ਸੰਚਾਰ ਕੇਵਲ 'ਸਤਿ' ਦੀ ਇਸ ਪਰਮ ਸ਼ਕਤੀ ਦੇ ਕਾਰਨ ਹੀ ਹੈ। ਮਨੁੱਖ ਦੀਆਂ ਗਿਆਨ ਇੰਦਰੀਆਂ, ਸੋਚਣ, ਸਮਝਣ ਅਤੇ ਕਰਮ ਕਰਨ ਦੀ ਸ਼ਕਤੀ ਕੇਵਲ 'ਸਤਿ' ਦੀ ਪਰਮ ਸ਼ਕਤੀ ਦੀ ਮਨੁੱਖਾ ਦੇਹੀ ਵਿੱਚ ਮੌਜੂਦਗੀ ਕਾਰਨ ਹੀ ਹੈ। ਮਨੁੱਖ ਨੂੰ ਬਖ਼ਸ਼ੀਆਂ ਗਈਆਂ ਪੰਜ ਕਲਾਵਾਂ (ਜੋ ਕਿ ਪੰਜ ਗਿਆਨ ਇੰਦਰੀਆਂ ਵਿੱਚ ਸਥਿਤ ਹਨ) ਜੋ ਕਿ ਮਨੁੱਖ ਨੂੰ ਆਪਣੇ ਜੀਵਨ ਜਿਊਣ ਅਤੇ ਜੀਵਨ ਦਾ ਭਰਪੂਰ ਆਨੰਦ ਮਾਣਨ ਲਈ ਬਖ਼ਸ਼ੀਆਂ ਗਈਆਂ ਹਨ, ਉਨ੍ਹਾਂ ਦੀ ਹੋਂਦ ਵੀ 'ਸਤਿ' ਦੀ ਪਰਮ ਸ਼ਕਤੀ ਕਾਰਨ ਹੀ ਹੈ। 'ਸਤਿ' ਦੀ ਇਹ ਨਿਰਗੁਣ ਪਰਮ ਸ਼ਕਤੀ ਮਨੁੱਖ ਦੀ ਸਰਗੁਣ ਦੇਹੀ ਦਾ ਨਿਰਮਾਣ ਕਰਦੀ ਹੈ, ਇਸ ਦਾ ਵਿਕਾਸ ਕਰਦੀ ਹੈ ਅਤੇ ਇਸ ਦਾ ਸੰਚਾਲਨ ਕਰਦੀ ਹੈ। 'ਸਤਿ' ਦੀ ਇਸ ਪਰਮ ਸ਼ਕਤੀ ਨੂੰ ਜਾਣਨਾ, ਸਮਝਣਾ ਅਤੇ ਇਸ ਦੀ ਸੇਵਾ ਕਰਨਾ ਹੀ ਮਨੁੱਖ ਦੇ ਜੀਵਨ ਦਾ ਉਦੇਸ਼ ਹੈ। ਆਪਣੀ ਹੀ ਦੇਹੀ ਵਿੱਚ ਸਥਿਤ 'ਸਤਿ' ਦੀ ਇਸ ਪਰਮ ਸ਼ਕਤੀ ਦੀ ਸੇਵਾ ਸੰਭਾਲਤਾ ਕਰਨਾ ਹੀ ਬੰਦਗੀ ਹੈ। ਆਪਣੀ ਹੀ ਦੇਹੀ ਵਿੱਚ ਸਥਿਤ 'ਸਤਿ' ਦੀ ਪਰਮ ਸ਼ਕਤੀ ਨੂੰ ਹਿਰਦੇ ਵਿੱਚ ਪ੍ਰਗਟ ਕਰਨਾ ਹੀ ਬੰਦਗੀ ਹੈ। ਆਪਣੀ ਹੀ ਦੇਹੀ ਵਿੱਚ ਸਥਿਤ 'ਸਤਿ' ਦੀ ਪਰਮ ਸ਼ਕਤੀ ਦੇ ੭ ਸਰੋਤਾਂ ਨੂੰ ਜਿਨ੍ਹਾਂ ਨੂੰ ਗੁਰਬਾਣੀ ਵਿੱਚ 'ਸਤਿ ਸਰੋਵਰ' ਕਿਹਾ ਗਿਆ ਹੈ ਜਾਗਰਿਤ ਕਰਨਾ ਹੀ ਬੰਦਗੀ ਹੈ।

ਧੰਨ ਧੰਨ ਸਤਿਗੁਰ ਸਾਹਿਬ ਜੀ ਇਸ ਪਉੜੀ ਵਿੱਚ ਇਸ ਪਰਮ ਸਤਿ ਤੱਤ ਦੇ ਬਾਰੇ

ਪੂਰਨ ਬ੍ਰਹਮ ਗਿਆਨ ਪ੍ਰਗਟ ਕਰ ਰਹੇ ਹਨ ਕਿ 'ਸਤਿ' ਦੀ ਪਰਮ ਸ਼ਕਤੀ ਨੂੰ ਵਿਸਾਰ ਕੇ ਮਨੁੱਖ ਦੀ ਦੇਹੀ ਦਾ ਕੀ ਹਸ਼ਰ ਹੁੰਦਾ ਹੈ। ਪੂਰਨ ਬ੍ਰਹਮ ਗਿਆਨ ਦੇ ਇਸ ਪਰਮ ਸ਼ਕਤੀਸ਼ਾਲੀ ਸਲੋਕ ਵਿੱਚ ਸੱਚੇ ਪਾਤਸ਼ਾਹ ਜੀ ਇਸ ਪਰਮ ਸਤਿ ਤੱਤ ਨੂੰ ਪ੍ਰਗਟ ਕਰ ਰਹੇ ਹਨ ਕਿ ਜਿਹੜੀ ਪਰਮ ਸ਼ਕਤੀ ਦੀ ਕਿਰਪਾ ਦੇ ਨਾਲ ਮਨੁੱਖਾ ਦੇਹੀ ਦੀ ਹੋਂਦ ਹੈ ਅਤੇ ਇਸ ਦਾ ਦਾ ਸਾਰਾ ਕਾਰ-ਵਿਹਾਰ ਵਾਪਰਦਾ ਹੈ ਉਸ ਪਰਮ ਸ਼ਕਤੀ ਨੂੰ ਵਿਸਾਰ ਕੇ ਮਨੁੱਖ ਦੀ ਦੇਹੀ ਦਾ ਕੀ ਹਾਲ ਹੁੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਵਿਸਾਰ ਕੇ ਮਨੁੱਖਾ ਦੇਹੀ ਦਾ ਕੀ ਹਾਲ ਹੁੰਦਾ ਹੈ ਇਸ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਮਨੁੱਖ ਲਈ ਬੇਅੰਤ ਲਾਜ਼ਮੀ ਹੈ।

ਮਨੁੱਖ ਦੀ ਲਿਵ ਲੱਗਣ ਦੀ ਕਥਾ ਇਸ ਪਰਮ ਸ਼ਕਤੀਸ਼ਾਲੀ ਸਲੋਕ ਵਿੱਚ ਸਤਿਗੁਰ ਸੱਚੇ ਪਾਤਸ਼ਾਹ ਜੀ ਪ੍ਰਗਟ ਕਰ ਰਹੇ ਹਨ। ਕੇਵਲ ਇਤਨਾ ਹੀ ਨਹੀਂ ਗੁਰਬਾਣੀ ਵਿੱਚ ਮਨੁੱਖ ਦੀ ਲਿਵ ਲੱਗਣ ਦੀ ਕਥਾ ਕਈ ਵਾਰ ਪ੍ਰਗਟ ਕੀਤੀ ਗਈ ਹੈ। ਗੁਰਬਾਣੀ ਵਿੱਚ ੪੪੪ ਸਲੋਕ ਹਨ ਜਿਨ੍ਹਾਂ ਵਿੱਚ 'ਲਿਵ' ਦੀ ਮਹਿਮਾ ਪ੍ਰਗਟ ਕੀਤੀ ਗਈ ਹੈ:

ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੨)

ਧੁਰਿ ਮਸਤਕਿ ਜਿਨ ਕਉ ਲਿਖਿਆ ਸੇ ਗੁਰਮੁਖਿ ਰਹੇ ਲਿਵ ਲਾਇ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭-੨੮)

ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੫)

ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬)

ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫)

ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੦)

ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੬)

ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨)

ਮਨੁੱਖ ਦੀ ਲਿਵ ਲੱਗਣ ਦਾ ਕੀ ਭਾਵ ਹੈ ? ਮਨੁੱਖ ਦੀ ਲਿਵ ਕਿਵੇਂ ਲੱਗਦੀ ਹੈ ? ਜਦ ਮਨੁੱਖ ਦੀ ਲਿਵ ਲੱਗਦੀ ਹੈ ਤਾਂ ਮਨੁੱਖ ਦੇ ਕੀ ਅਨੁਭਵ ਹੁੰਦੇ ਹਨ ? ਲਿਵ ਲੱਗਣ ਨਾਲ ਮਨੁੱਖ ਨੂੰ ਕੀ ਪ੍ਰਾਪਤੀਆਂ ਹੁੰਦੀਆਂ ਹਨ ? ਆਦਿ ਬਹੁਤ ਸਾਰੇ ਪ੍ਰਸ਼ਨ ਹਨ ਜੋ ਇੱਕ ਆਮ ਜਿਗਿਆਸੂ ਦੇ ਮਨ ਵਿੱਚ ਸੁਭਾਵਿਕ ਤੌਰ ਤੇ ਉਭਰਦੇ ਹਨ। ਲਿਵ ਲੱਗਣ ਦੀ

ਗਹਿਰਾਈ ਦੇ ਬਾਰੇ ਗਿਆਨ ਤੋਂ ਅਨਭਿੱਗ ਹਰ ਇੱਕ ਜਿਗਿਆਸੂ ਇਹ ਚਾਹੁੰਦਾ ਹੈ ਕਿ ਉਸ ਦੀ ਲਿਵ ਲੱਗ ਜਾਏ। 'ਲਿਵ' ਲੱਗਣ ਦੀ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਨੂੰ ਜਾਣਨ ਅਤੇ ਸਮਝਣ ਲਈ ਆਓ ਸਿਮਰਨ ਦੀਆਂ ਅਵਸਥਾਵਾਂ ਤੇ ਵਿਚਾਰ ਕਰੀਏ। ਸਿਮਰਨ ਦੀਆਂ ਅਵਸਥਾਵਾਂ ਹਨ:

੧. **ਰਸਨਾ ਨਾਲ ਜਾਪ** - ਇਹ ਧਰਮ ਖੰਡ ਵਿੱਚ ਵਾਪਰਦਾ ਹੈ।

੨. **ਸਵਾਸਾਂ ਨਾਲ ਜਾਪ** - ਇਹ ਗਿਆਨ ਖੰਡ ਅਤੇ ਸਰਮ ਖੰਡ ਵਿੱਚ ਵਾਪਰਦਾ ਹੈ।

੩. ਨਾਮ ਤੁਹਾਡੇ ਮਨ-ਸੁਰਤ ਵਿੱਚ ਚਲਾ ਜਾਂਦਾ ਹੈ, ਤੁਹਾਡੀ ਸੋਚ ਵਿੱਚ ਚਲਾ ਜਾਂਦਾ ਹੈ ਅਤੇ ਫਿਰ ਇਹ ਜਾਪ ਤੋਂ ਸਿਮਰਨ ਬਣ ਜਾਂਦਾ ਹੈ। ਇਹ ਪਰਮ ਸ਼ਕਤੀਸ਼ਾਲੀ ਅਤੇ ਅਤਿ ਸੁੰਦਰ ਅਵਸਥਾ ਹੈ। ਇਹ ਸਰਮ ਖੰਡ ਅਤੇ ਕਰਮ ਖੰਡ ਵਿੱਚ ਵਾਪਰਦਾ ਹੈ। ਕੁਝ ਲੋਕ ਇਸ ਅਵਸਥਾ ਵਿੱਚ ਸਮਾਧੀ ਵਿੱਚ ਚਲੇ ਜਾਂਦੇ ਹਨ।

੪. ਅਗਲੀ ਅਵਸਥਾ ਹੈ ਜਦ ਸਿਮਰਨ ਸੁਰਤਿ ਤੋਂ ਅਗਾਂਹ ਵੱਧਦਾ ਹੈ ਅਤੇ ਹਿਰਦੇ ਅੰਦਰ ਵਿੱਚ ਚਲਾ ਜਾਂਦਾ ਹੈ। ਇਹ ਹੋਰ ਵੀ ਉੱਚ ਅਵਸਥਾ ਹੈ ਜਦ ਨਾਮ ਹਿਰਦੇ ਅੰਦਰ ਜਾਂਦਾ ਹੈ। ਇੱਥੇ ਹੀ ਇਹ ਆਪਣੇ ਆਪ ਚਲਣ ਵਾਲੀ ਅਵਸਥਾ ਜਿਸ ਨੂੰ ਅਜਪਾ ਜਾਪ ਕਿਹਾ ਗਿਆ ਹੈ, ਉਸ ਅਵਸਥਾ ਵਿੱਚ ਜਾਂਦਾ ਹੈ, ਇਸ ਅਵਸਥਾ ਵਿੱਚ ਹੀ ਮਨੁੱਖ ਦੀ ਅਸਲ ਭਗਤੀ ਸ਼ੁਰੂ ਹੁੰਦੀ ਹੈ। ਮਨੁੱਖ ਪਹਿਲਾਂ ਸਮਾਧੀ ਵਿੱਚ ਜਾਂਦਾ ਹੈ ਅਤੇ ਫਿਰ ਸੁੰਨ ਸਮਾਧੀ ਵਿੱਚ ਚਲਾ ਜਾਂਦਾ ਹੈ। ਐਸੀ ਅਵਸਥਾ ਨੂੰ ਕਰਮ ਖੰਡ ਕਿਹਾ ਗਿਆ ਹੈ। ਇਹ ਸਿਮਰਨ ਦੀ ਉਹ ਅਵਸਥਾ ਹੈ ਜਦ ਮਨੁੱਖ ਦੀ ਅਸਲ ਭਗਤੀ ਸ਼ੁਰੂ ਹੁੰਦੀ ਹੈ ਅਤੇ ਭਗਤੀ ਦਾ ਖ਼ਾਤਾ ਦਰਗਾਹ ਵਿੱਚ ਖੁੱਲ੍ਹ ਜਾਂਦਾ ਹੈ।

੫. ਅਗਲੀ ਅਵਸਥਾ ਹੈ ਜਦ ਸਿਮਰਨ ਨਾਭੀ ਵਿੱਚ ਯਾਤਰਾ ਕਰਦਾ ਹੈ, ਜਦ ਨਾਭੀ ਕਮਲ ਖਿੜਦਾ ਹੈ - ਕਰਮ ਖੰਡ ਦੀ ਅਵਸਥਾ ਹੈ।

੬. ਅਗਲੀ ਅਵਸਥਾ ਹੈ ਜਦ ਸਿਮਰਨ ਕੁੰਡਲ਼ਨੀ ਵਿੱਚ ਜਾਂਦਾ ਹੈ ਮੂਲ ਆਧਾਰ ਚੱਕਰ ਅਤੇ ਗੀੜ੍ਹ ਵਿੱਚ - ਕਰਮ ਖੰਡ ਦੀ ਅਵਸਥਾ ਹੈ।

੭. ਅਗਲੀ ਅਵਸਥਾ ਹੈ ਜਦ ਸਿਮਰਨ ਕੰਗਰੋੜ ਰਾਹੀਂ ਦਿਮਾਗ ਵੱਲ ਯਾਤਰਾ ਕਰਦਾ ਹੈ ਅਤੇ ਵਾਪਸ ਸੁਰਤਿ ਵਿੱਚ ਜਾਂਦਾ ਹੈ ਜਿੱਥੇ ਇਹ ਚੱਕਰ ਪੂਰਾ ਕਰਦਾ ਹੈ। ਇਹ ਨਾਮ ਦੀ ਅਸਲ ਮਾਲਾ ਹੈ। ਜਦ ਇਹ ਵਾਪਰਦਾ ਹੈ ਤਦ ਗਿਆਨ ਨੇਤਰ ਅਤੇ ਦਸਮ ਦੁਆਰ ਖੁੱਲ੍ਹ ਜਾਂਦਾ ਹੈ ਅਤੇ ਤੁਸੀਂ ਅਕਾਲ ਪੁਰਖ ਨਾਲ ਪੱਕਾ ਸੰਪਰਕ ਬਣਾ ਲੈਂਦੇ ਹੋ, ਤੁਸੀਂ ਬ੍ਰਹਮ ਗਿਆਨ ਪ੍ਰਾਪਤ ਕਰਨਾ ਸ਼ੁਰੂ ਕਰਦੇ ਹੋ। ਇਹ ਸੱਚ ਖੰਡ ਵਿੱਚ ਵਾਪਰਦਾ ਹੈ। ਸਮਾਧੀ ਵਿੱਚ ਆਨੰਦ ਅਤੇ ਸੁੰਨ ਸਮਾਧੀ ਵਿੱਚ ਆਨੰਦ ਵਿਆਖਿਆ ਤੋਂ ਪਰੇ ਹੈ। ਇਸ ਕਾਰਨ ਹੀ ਮਹਾਂਪੁਰਖ ਕਈ ਵਾਰ ਕਈ-ਕਈ ਦਿਨਾਂ ਲਈ ਸੁੰਨ ਸਮਾਧੀ ਵਿੱਚ ਚਲੇ ਜਾਂਦੇ ਹਨ। ਤੁਸੀਂ ਸਮਾਧੀ ਅਤੇ ਸੁੰਨ ਸਮਾਧੀ ਦੌਰਾਨ ਬਹੁਤ ਸਾਰੇ ਅਨੁਭਵ ਪ੍ਰਾਪਤ ਕਰਦੇ ਹੋ, ਬਹੁਤ ਸਾਰੀਆਂ ਚੀਜ਼ਾਂ ਦੇਖਦੇ ਹੋ, ਬਹੁਤ ਸਾਰੇ ਸੰਤਾਂ ਨੂੰ ਮਿਲਦੇ ਹੋ, ਗੁਰੂਆਂ ਨੂੰ ਮਿਲਦੇ ਹੋ, ਪਰਮ ਜੋਤ

ਦੇਖਦੇ ਹੋ, ਸੰਤਾਂ ਅਤੇ ਅਕਾਲ ਪੁਰਖ ਦੇ ਦਰਸ਼ਨ ਕਰਦੇ ਹੋ ਅਤੇ ਗੱਲਬਾਤ ਕਰਦੇ ਹੋ। ਇਹ ਅਵਸਥਾ ਵਿਆਖਿਆ ਤੋਂ ਪਰੇ ਹੈ ਜਦੋਂ ਤੁਸੀਂ ਡੂੰਘੀ ਸਮਾਧੀ ਵਿੱਚ ਜਾਂਦੇ ਹੋ। ਇਹ ਉਹ ਅਵਸਥਾ ਹੈ ਜਦੋਂ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਅਤੇ ਅੰਮ੍ਰਿਤ ਦਾ ਨਿਰੰਤਰ ਪ੍ਰਵਾਹ ਹੁੰਦਾ ਹੈ, ਸਰੀਰ ਹਰ ਸਮੇਂ ਅੰਮ੍ਰਿਤ ਨਾਲ ਭਰਿਆ ਰਹਿੰਦਾ ਹੈ।

੮. ਸਮਾਧੀ ਅਤੇ ਸੁੰਨ ਸਮਾਧੀ ਵਿੱਚ ਸਿਮਰਨ ਲੱਗਾਤਾਰ ਚਲਦਾ ਹੈ ਜਦ ਤੱਕ ਨਿਰਗੁਣ ਅਤੇ ਸਰਗੁਣ ਇੱਕ ਨਹੀਂ ਬਣ ਜਾਂਦੇ। ਇਸ ਅਵਸਥਾ ਵਿੱਚ ਸਿਮਰਨ ਰੋਮ-ਰੋਮ ਵਿੱਚ ਚਲਾ ਜਾਂਦਾ ਹੈ। ਤੁਹਾਡੇ ਸਰੀਰ ਦੀ ਹਰ ਕੋਸ਼ਕਾ ਨਾਮ ਸਿਮਰਨ ਕਰਦੀ ਹੈ, ਤੁਹਾਡੀ ਸੂਖਸ਼ਮ ਦੇਹੀ ਸੋਨੇ ਦੀ ਤਰ੍ਹਾਂ ਸ਼ੁੱਧ ਬਣ ਜਾਂਦੀ ਹੈ, ਤੁਹਾਡਾ ਸਾਰਾ ਸਰੀਰ ਹਰ ਸਮੇਂ ਨਾਮ ਅੰਮ੍ਰਿਤ ਨਾਲ ਭਰਿਆ ਰਹਿੰਦਾ ਹੈ। ਤੁਸੀਂ ਬ੍ਰਹਮ ਲੀਨ ਹੋ ਜਾਂਦੇ ਹੋ ਅਤੇ ਅਟੱਲ ਅਵਸਥਾ ਵਿੱਚ ਪਹੁੰਚਦੇ ਹੋ। ਇਹ ਅਵਸਥਾਵਾਂ ਵਿਆਖਿਆ ਤੋਂ ਪਰੇ ਹਨ।

ਸਤਿ ਚਿੱਤ ਘਰਿ ਆਨੰਦੁ ਹਮਾਰੈ ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥

ਉਹ ਹਰ ਸਮੇਂ ਪੂਰਨ ਪ੍ਰਕਾਸ਼ ਵਿੱਚ ਰਹਿੰਦਾ ਹੈ ਅਤੇ ਇਲਾਹੀ ਕੀਰਤਨ - ਅਨਹਦ ਨਾਦਿ ਧੁਨੀ ਹਰ ਸਮੇਂ ਸੁਣਦੇ ਹਨ। ਇਹ ਅਚੰਭਵ ਅਤੇ ਵਿਸਮਾਦਜਨਕ ਅਨੁਭਵ ਹਨ। ਇਹ ਹੀ ਹੈ ਜਦ ਮਨੁੱਖ ਸਤਿ ਰਾਮ ਦਾਸ ਬਣਦਾ ਹੈ ਅਤੇ ਸਰਵ-ਸ਼ਕਤੀਮਾਨ ਸਤਿ ਪਾਰਬ੍ਰਹਮ ਪਰਮੇਸ਼ਰ ਦੁਆਰਾ ਸੰਗਤ ਦੀ ਸੇਵਾ ਲਈ ਨਿਰਦੇਸ਼ਿਤ ਹੁੰਦਾ ਹੈ।

ਹੇਠਾਂ ਨਾਮ ਸਿਮਰਨ ਦੇ ਲਾਭਾਂ ਦੀ ਤਰਤੀਬ ਹੈ ;

ਰਸਨਾ ਨਾਲ ੧੦੦੦ ਵਾਰ ਜਾਪ = ਸੁਆਸ ਨਾਲ ਇੱਕ ਵਾਰ ਜਾਪ

ਸਵਾਸ ਨਾਲ ੧੦੦੦ ਵਾਰ ਜਾਪ = ਸੁਰਤਿ ਵਿੱਚ ਇੱਕ ਵਾਰ ਜਾਪ

ਸੁਰਤ ਵਿੱਚ ੧੦੦੦ ਵਾਰ ਜਾਪ = ਹਿਰਦੇ ਜਾਂ ਹੋਰ ਕਿਤੇ ਇੱਕ ਵਾਰ ਜਾਪ

ਇਸ ਲਈ ਹਿਰਦੇ ਵਿੱਚ ਸਿਮਰਨ ਵਿਆਖਿਆ ਤੋਂ ਪਰੇ ਹੈ ਅਤੇ ਸਭ ਤੋਂ ਵੱਧ ਫਲ ਕਾਰੀ ਹੈ।

ਫਿਰ ਕੁਝ ਲੋਕ ਸੋਚਣਗੇ ਕਿ ਅਸੀਂ ਲਾਭਾਂ ਦੀ ਗਿਣਤੀ ਵਿੱਚ ਪੈ ਗਏ ਹਾਂ, ਅਤੇ ਇਹ ਕਹਿਣਾ ਸਤਿ ਹੈ ਕਿ ਸਾਨੂੰ ਗਿਣਤੀ ਵਿੱਚ ਨਹੀਂ ਉਲਝਣਾ ਚਾਹੀਦਾ, ਪਰ ਇਹ ਸਿਰਫ਼ ਸੰਗਤ ਦੇ ਸਮਝਣ ਲਈ ਹੈ ਕਿ ਕਿਸ ਤਰੀਕੇ ਨਾਲ ਅਤੇ ਕਿੱਥੇ ਸਿਮਰਨ ਕਿਸ ਤਰ੍ਹਾਂ ਦੇ ਫਲ ਲੈ ਕੇ ਆਉਂਦਾ ਹੈ।

੧੦੦੦ ਗਿਣਤੀ ਇਹ ਦਰਸਾਉਂਦੀ ਹੈ ਕਿ ਹਿਰਦੇ ਵਿੱਚ ਸਿਮਰਨ ਦੇ ਲਾਭ ਰਸਨਾ ਨਾਲ ਜਾਪ ਕਰਨ ਨਾਲੋਂ ਬਹੁਤ ਜ਼ਿਆਦਾ ਵੱਧ ਹੁੰਦੇ ਹਨ। ਜੇਕਰ ਤੁਸੀਂ ਰਸਨਾ ਨਾਲ ਜਾਪ

ਕਰਦੇ ਹੋ ਤੁਹਾਡੀ ਰਸਨਾ ਪਵਿੱਤਰ ਹੋ ਜਾਂਦੀ ਹੈ, ਸਵਾਸਾਂ ਨਾਲ ਜਾਪ ਕਰਨ ਨਾਲ ਤੁਹਾਡਾ ਸਵਾਸ-ਸਵਾਸ ਪਵਿੱਤਰ ਬਣ ਜਾਂਦਾ ਹੈ। ਮਨ-ਸੁਰਤ-ਚਿੱਤ ਵਿੱਚ ਸਿਮਰਨ ਕਰਨ ਨਾਲ ਮਨ ਪਵਿੱਤਰ ਹੋ ਜਾਂਦਾ ਹੈ ਅਤੇ ਇਹ ਹੈ ਜਿਸ ਦੀ ਤੁਹਾਨੂੰ ਪਵਿੱਤਰ ਕਰਨ ਦੀ ਜ਼ਰੂਰਤ ਹੈ, ਇਸ ਤਰ੍ਹਾਂ ਤੁਸੀਂ ਆਪਣੇ ਮਨ ਨੂੰ ਕਾਬੂ ਵਿੱਚ ਕਰ ਸਕਦੇ ਹੋ। 'ਮਨਿ ਜੀਤੈ ਜਗੁ ਜੀਤੁ' · 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ' ਅਤੇ ਤੁਸੀਂ ਪੰਜ ਦੂਤਾਂ - ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਤੋਂ ਉੱਪਰ ਉੱਠ ਜਾਂਦੇ ਹੋ ਅਤੇ ਆਸਾ ਤ੍ਰਿਸ਼ਣਾ, ਮਨਸਾ ਨਿੰਦਿਆ, ਚੁਗ਼ਲੀ, ਰਾਜ, ਜੋਬਨ, ਧਨ, ਮਾਲ, ਰੂਪ, ਰਸ, ਗੰਧ ਤੋਂ ਉੱਪਰ ਉੱਠ ਜਾਂਦਾ ਹੈ, ਇਨ੍ਹਾਂ ਠੱਗਾਂ ਅਤੇ ਮਾਨਸਿਕ ਬਿਮਾਰੀਆਂ ਤੋਂ ਉੱਪਰ ਉੱਠ ਜਾਂਦਾ ਹੈ।

ਜਦ ਸਿਮਰਨ ਹਿਰਦੇ ਵਿੱਚ ਜਾਂਦਾ ਹੈ ਅਤੇ ਸਿਮਰਨ ਹਿਰਦੇ ਵਿੱਚ ਆਪਣੇ ਆਪ ਕੇਵਲ ਗੁਰ ਕ੍ਰਿਪਾ ਨਾਲ ਜਾਂਦਾ ਹੈ, ਅਤੇ ਇਸ ਤਰ੍ਹਾਂ ਹੀ ਚਿੱਤ ਵਿੱਚ ਜਾਂਦਾ ਹੈ, ਹਿਰਦਾ ਪਵਿੱਤਰ ਬਣ ਜਾਂਦਾ ਹੈ ਅਤੇ ਹਿਰਦਾ ਮਹਾਂ ਪਰਉਪਕਾਰੀ ਅਤੇ ਦਾਨਾ ਦੀਨਾ, ਨਿਰਭਉ, ਨਿਰਵੈਰ ਬਣ ਜਾਂਦਾ ਹੈ, ਇਹ ਅਕਾਲ ਪੁਰਖ ਦੇ ਸਾਰੇ ਮਹੱਤਵਪੂਰਨ ਗੁਣਾਂ ਨੂੰ ਜਜ਼ਬ ਕਰ ਲੈਂਦਾ ਹੈ ਅਤੇ ਪੂਰਨ ਸੰਤ ਹਿਰਦਾ ਬਣ ਜਾਂਦਾ ਹੈ, ਇਹ ਜੀਵਨ ਮੁਕਤੀ - ਪਰਮ ਪਦਵੀ - ਬ੍ਰਹਮ ਗਿਆਨ ਪਾ ਲੈਂਦਾ ਹੈ।

ਗੁਰਬਾਣੀ ਅਨੁਸਾਰ ਬੰਦਗੀ ਦੀਆਂ ਪੰਜ ਅਵਸਥਾਵਾਂ ਹਨ: ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ। 'ਲਿਵ' ਲੱਗਣ ਦੀ ਅਵਸਥਾ ਵਿੱਚ ਮਨੁੱਖ ਕਿਵੇਂ ਪਹੁੰਚਦਾ ਹੈ ਇਸ ਪਰਮ ਸਤਿ ਤੱਤ ਨੂੰ ਜਾਣਨ ਅਤੇ ਸਮਝਣ ਲਈ ਬੰਦਗੀ ਦੀਆਂ ਇਨ੍ਹਾਂ ਪੰਜ ਅਵਸਥਾਵਾਂ ਦਾ ਗਿਆਨ ਪ੍ਰਾਪਤ ਕਰਨਾ ਜਿਗਿਆਸੂਆਂ ਲਈ ਲਾਭਕਾਰੀ ਸਿੱਧ ਹੋਏਗਾ:

੧. ਧਰਮ ਖੰਡ:

ਜਦੋਂ ਤੁਹਾਨੂੰ ਇਹ ਗਿਆਨ ਪ੍ਰਾਪਤ ਹੋ ਜਾਂਦਾ ਹੈ ਕਿ ਮਨੁੱਖਾ ਜ਼ਿੰਦਗੀ ਦਾ ਅਸਲੀ ਮੰਤਵ ਜੀਵਨ ਮੁਕਤੀ ਪ੍ਰਾਪਤ ਕਰਨਾ ਹੈ ਅਤੇ ਤੁਸੀਂ ਪਾਠ, ਪੂਜਾ, ਦਇਆ, ਧਰਮ, ਸੰਤੋਖ ਅਤੇ ਸੰਜਮ ਕਰਮਾਂ ਵੱਲ ਰੁਚਿਤ ਹੋ ਜਾਂਦੇ ਹੋ। ਭਾਵ ਤੁਹਾਡੀ ਬਿਰਤੀ ਸਤੋ ਬਿਰਤੀ ਵਿੱਚ ਪਰਿਵਰਤਿਤ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਤੁਸੀਂ ਸਤਿ ਕਰਮਾਂ ਉੱਪਰ ਆਪਣਾ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰ ਦਿੰਦੇ ਹੋ। ਹੌਲੀ-ਹੌਲੀ ਤੁਹਾਡੇ ਕਰਮ ਸਤਿ ਕਰਮ ਹੋਣੇ ਸ਼ੁਰੂ ਹੋ ਜਾਂਦੇ ਹਨ। ਵਿਚਾਰਣ ਯੋਗ ਵਿਚਾਰ ਇਹ ਹੈ ਕਿ ਲੱਗਭਗ ਸਾਰੀ ਸੰਗਤ ਇਸ ਖੰਡ ਵਿੱਚ ਜਾਂ ਇਸ ਤੋਂ ਵੀ ਥੱਲੇ ਦੀ ਅਵਸਥਾ ਵਿੱਚ ਹੀ ਅਟਕੀ ਹੋਈ ਹੈ। ਬਹੁਤ ਘੱਟ ਗਿਣਤੀ ਵਿੱਚ ਸੰਗਤ ਇਸ ਅਵਸਥਾ ਤੋਂ ਅੱਗੇ ਵੱਧਦੀ ਹੈ। ਸਾਰੀ ਸੰਗਤ ਕੇਵਲ ਬਾਣੀ ਪੜ੍ਹਣ ਵਿੱਚ ਹੀ ਲੱਗੀ ਹੋਈ ਹੈ। ਰੋਜ਼ਾਨਾ ਨਿੱਤਨੇਮ - ਪੰਜ ਬਾਣੀਆਂ ਦੇ ਪੜ੍ਹਣ ਵਿੱਚ, ਸੁਖਮਨੀ ਬਾਣੀ ਦੇ ਪੜ੍ਹਣ ਵਿੱਚ, ਆਸਾ ਦੀ ਵਾਰ ਪੜ੍ਹਣ ਵਿੱਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੜ੍ਹਣ ਵਿੱਚ ਲੱਗਭਗ ਸਾਰੀ ਸੰਗਤ ਰੁੱਝੀ ਹੋਈ ਹੈ। ਸਾਰੀ ਸੰਗਤ ਕੇਵਲ ਇਸ ਭਰਮ ਅਤੇ ਅਗਿਆਨਤਾ ਵਿੱਚ ਹੈ ਕਿ ਸ਼ਾਇਦ ਬਾਣੀ ਪੜ੍ਹਣਾ ਹੀ ਕਾਫੀ ਹੈ। ਇਹ ਸਤਿ ਹੈ ਕਿ ਬਾਣੀ ਪੜ੍ਹਣਾ ਸਤਿ ਕਰਮ ਹੈ, ਪਰੰਤੂ ਇਹ ਸਮਝ ਲੈਣਾ ਕਿ ਕੇਵਲ ਬਾਣੀ ਪੜ੍ਹਣ ਨਾਲ ਹੀ ਰੂਹਾਨੀਅਤ ਦੀਆਂ ਸਾਰੀਆਂ ਪ੍ਰਾਪਤੀਆਂ ਹੋ ਜਾਣਗੀਆਂ, ਕੇਵਲ ਭਰਮ ਹੈ ਅਤੇ ਅਗਿਆਨਤਾ ਹੈ। ਇਹ ਹੀ ਕਾਰਨ ਹੈ ਕਿ ਲੱਗਭਗ ਸਾਰੀ ਸੰਗਤ ਦੀ ਰੂਹਾਨੀ ਤਰੱਕੀ ਜਿਵੇਂ ਖੜ੍ਹ ਗਈ ਹੈ। ਇਸ ਲਈ

ਤੁਹਾਡੀ ਰੂਹਾਨੀ ਤਰੱਕੀ ਲਈ ਇਹ ਜ਼ਰੂਰੀ ਹੈ ਕਿ ਬਜਾਏ ਗੁਰਬਾਣੀ ਨੂੰ ਬਾਰ-ਬਾਰ ਪੜ੍ਹਣ ਦੇ ਉਹ ਕੀਤਾ ਜਾਵੇ ਜੋ ਗੁਰਬਾਣੀ ਕਰਨ ਨੂੰ ਆਖਦੀ ਹੈ। ਗੁਰਬਾਣੀ ਦਰਗਾਹੀ ਉਪਦੇਸ਼ ਹੈ। ਇਸ ਉਪਦੇਸ਼ ਨੂੰ ਪੜ੍ਹਣ ਦਾ ਲਾਭ ਤਾਂ ਹੋ ਸਕਦਾ ਹੈ ਜੇਕਰ ਜੀਵਨ ਵਿੱਚ ਇਸ ਇਲਾਹੀ ਉਪਦੇਸ਼ ਨੂੰ ਕਮਾਇਆ ਜਾਵੇ। ਗੁਰਬਾਣੀ ਕਰਨ ਨਾਲ ਦਰਗਾਹੀ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ, ਕੇਵਲ ਗੁਰਬਾਣੀ ਪੜ੍ਹਣ ਨਾਲ ਨਹੀਂ। ਗੁਰਬਾਣੀ ਕਰਨ ਨਾਲ ਉਹ ਸਭ ਕੁਝ ਪ੍ਰਾਪਤ ਹੁੰਦਾ ਹੈ ਜੋ ਗੁਰਬਾਣੀ ਵਿੱਚ ਲਿਖਿਆ ਹੈ। ਗੁਰਬਾਣੀ ਕਰਨ ਵਾਲੇ ਹੀ ਰੂਹਾਨੀਅਤ ਦੀਆਂ ਅਗਲੀਆਂ ਅਵਸਥਾਵਾਂ ਦੀ ਪ੍ਰਾਪਤੀ ਕਰਦੇ ਹਨ। ਗੁਰਬਾਣੀ ਵਿੱਚ ਇਸ ਪਰਮ ਸਤਿ ਤੱਤ ਨੂੰ ਪ੍ਰਗਟ ਕੀਤਾ ਗਿਆ ਹੈ:

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੦੪)

ਗੁਰਬਾਣੀ ਸਤਿ ਸਰੂਪ ਹੈ। ਭਾਵ ਗੁਰਬਾਣੀ ਅਕਾਲ ਪੁਰਖ ਦਾ ਗਿਆਨ ਸਰੂਪ ਹੈ। ਗੁਰਬਾਣੀ ਪੂਰਨ ਬ੍ਰਹਮ ਗਿਆਨ ਗੁਰੂ ਹੈ। ਗੁਰਬਾਣੀ ਸਤਿ ਹੈ ਇਸ ਲਈ ਗੁਰਬਾਣੀ ਗੁਰੂ ਹੈ। ਗੁਰਬਾਣੀ ਸਤਿ ਹੈ ਇਸ ਲਈ ਗੁਰਬਾਣੀ ਨਿਰੰਕਾਰ ਦਾ ਗਿਆਨ ਸਰੂਪ ਹੈ। ਜੋ ਮਨੁੱਖ ਇਸ ਪੂਰਨ ਬ੍ਰਹਮ ਗਿਆਨ ਗੁਰੂ ਨੂੰ ਆਪਣੇ ਜੀਵਨ ਵਿੱਚ ਕਮਾਉਂਦੇ ਹਨ, ਉਹ ਜੋ ਗੁਰਬਾਣੀ ਵਿੱਚ ਲਿਖਿਆ ਹੈ ਬਣ ਜਾਂਦੇ ਹਨ। ਭਾਵ ਜੋ ਮਨੁੱਖ ਗੁਰਬਾਣੀ ਕਰਦੇ ਹਨ ਉਹ ਮਨੁੱਖ ਸਤਿ ਸਰੂਪ ਬਣ ਜਾਂਦੇ ਹਨ। ਜੋ ਮਨੁੱਖ ਗੁਰ ਸ਼ਬਦ ਦੀ ਕਮਾਈ ਆਪਣੇ ਰੋਜ਼ਾਨਾ ਜੀਵਨ ਵਿੱਚ ਕਰਦੇ ਹਨ ਉਹ ਮਨੁੱਖ ਸਤਿ ਸਰੂਪ ਬਣ ਜਾਂਦੇ ਹਨ। ਸਤਿ ਰੂਪ ਹੋ ਕੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਸਮਾ ਜਾਂਦੇ ਹਨ। ਸਤਿ ਰੂਪ ਹੋ ਕੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਮਾ ਜਾਂਦੇ ਹਨ। ਇਸੇ ਲਈ ਗੁਰਬਾਣੀ ਇੱਕ ਉਪਦੇਸ਼ ਹੈ ਜਿਸ ਨੂੰ ਕਮਾਉਣ ਨਾਲ ਮਨੁੱਖ ਇਸ ਉੱਚੀ ਆਤਮਿਕ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਇਸ ਲਈ ਸਾਰੀ ਲੁਕਾਈ ਦੇ ਚਰਨਾਂ ਉੱਪਰ ਬੇਨਤੀ ਹੈ ਕਿ ਗੁਰਬਾਣੀ ਨੂੰ ਕਮਾਉਣ ਦਾ ਯਤਨ ਕੀਤਾ ਜਾਏ ਨਾ ਕਿ ਕੇਵਲ ਗੁਰਬਾਣੀ ਨੂੰ ਪੜ੍ਹ-ਪੜ੍ਹ ਕੇ ਛੱਡ ਦਿੱਤਾ ਜਾਏ।

ਗੁਰਬਾਣੀ ਵਿੱਚ ਇਸ ਪਰਮ ਸਤਿ ਤੱਤ ਨੂੰ ਵੀ ਪ੍ਰਗਟ ਕੀਤਾ ਗਿਆ ਹੈ ਕਿ ਕੋਈ ਵਿਰਲਾ ਮਨੁੱਖ ਹੀ ਗੁਰਬਾਣੀ ਦੇ ਉਪਦੇਸ਼ ਦੀ ਕਮਾਈ ਕਰਦਾ ਹੈ:

ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੦)

ਗੁਰ ਕੀ ਸਿਖ ਕੋ ਵਿਰਲਾ ਲੇਵੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੦੯)

ਕੋਈ ਵਿਰਲਾ ਮਨੁੱਖ ਹੈ ਜੋ ਗੁਰ ਸ਼ਬਦ ਦੀ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਕਮਾਈ ਕਰਦਾ ਹੈ। ਕੋਈ ਵਿਰਲਾ ਮਨੁੱਖ ਹੈ ਜਿਸ ਨੂੰ ਇਹ ਸੋਝੀ ਦੀ ਬਖ਼ਸ਼ਿਸ਼ ਹੁੰਦੀ ਹੈ ਕਿ ਗੁਰਬਾਣੀ ਦੇ ਸ਼ਬਦ ਦੀ ਕਮਾਈ ਕੀਤੀ ਜਾਵੇ। ਇਹ ਹੀ ਕਾਰਨ ਹੈ ਕਿ ਲੱਗਭਗ ਸਾਰੀ ਜਿਗਿਆਸੂ ਸੰਗਤ ਇਸ ਪਰਮ ਸਤਿ ਨੂੰ ਜਾਣਦੇ ਹੋਏ ਵੀ ਗੁਰ ਕੇ ਸ਼ਬਦ ਦੀ ਕਮਾਈ ਵਿੱਚ ਆਪਣੇ ਆਪ ਨੂੰ ਸਮਰਪਿਤ ਨਹੀਂ ਕਰਦੀ ਹੈ। ਬਹੁਤ ਸਾਰੇ ਜਿਗਿਆਸੂਆਂ ਦੇ ਮਨ ਵਿੱਚ ਇਹ ਪ੍ਰਸ਼ਨ ਆਏਗਾ ਕਿ ਗੁਰ ਸ਼ਬਦ ਦੀ ਕਮਾਈ ਕੀ ਹੈ ਅਤੇ ਕਿਸ ਤਰ੍ਹਾਂ ਇਹ ਕਮਾਈ ਕੀਤੀ ਜਾ ਸਕਦੀ ਹੈ। ਜਿਗਿਆਸੂ ਕਿਵੇਂ ਆਪਣੇ ਰੋਜ਼ਾਨਾ ਕਰਮਾਂ ਨੂੰ ਸਤਿ ਦੀ ਕਰਨੀ ਵਿੱਚ ਬਦਲ ਸਕਦਾ ਹੈ। ਇਸ

ਲਈ ਗੁਰ ਸ਼ਬਦ ਦੀ ਕਮਾਈ ਕਰਨ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਗੁਰ ਸ਼ਬਦ ਦੀ ਕਮਾਈ ਕੀ ਹੈ ਅਤੇ ਕਿਸ ਤਰ੍ਹਾਂ ਨਾਲ ਕੀਤੀ ਜਾ ਸਕਦੀ ਹੈ। ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਬੜਾ ਸੁਖਾਲ਼ਾ ਹੈ। ਸਾਨੂੰ ਕੇਵਲ ਉਹ ਕਰਨਾ ਹੈ ਜੋ ਗੁਰਬਾਣੀ ਕਰਨ ਦਾ ਉਪਦੇਸ਼ ਦੇ ਰਹੀ ਹੈ।

ਉਦਾਹਰਨ ਦੇ ਤੌਰ ਤੇ ਜੇਕਰ ਗੁਰਬਾਣੀ ਕਹਿ ਰਹੀ ਹੈ ਕਿ ਨਾਮ ਸਿਮਰਨ ਕਰੋ ਤਾਂ ਇਸ ਵਿੱਚ ਸਮਝਣ ਵਾਲੀ ਕੀ ਗੱਲ ਹੈ ? ਬੱਸ ਆਪਣੇ ਆਪ ਨੂੰ ਨਾਮ ਸਿਮਰਨ ਕਰਨ ਵਿੱਚ ਸਮਰਪਿਤ ਕਰ ਦਿਓ ਜੀ। ਨਾਮ ਸਿਮਰਨ ਨੂੰ ਆਪਣਾ ਨਿਤਨੇਮ ਬਣਾ ਲਵੋ ਜੀ। ਜਿਵੇਂ ਰੋਜ਼ਾਨਾ ਪੰਜ ਬਾਣੀਆਂ ਅਤੇ ਸੁਖਮਨੀ ਬਾਣੀ ਨੂੰ ਪੜ੍ਹਦੇ ਹੋ ਉਸੇ ਤਰ੍ਹਾਂ ਨਾਲ ਨਾਮ ਸਿਮਰਨ ਕਰਨਾ ਸ਼ੁਰੂ ਕਰ ਦਿਓ ਜੀ। ਗੁਰਬਾਣੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਹੁਕਮ ਹੈ ਅਤੇ ਗੁਰਬਾਣੀ ਕਹਿ ਰਹੀ ਹੈ **‘ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ’** (੨੬੨) ਗੁਰਬਾਣੀ ਇਹ ਵੀ ਕਹਿੰਦੀ ਹੈ ਕਿ **‘ਪ੍ਰਭ ਕਾ ਸਿਮਰਨੁ ਸਭ ਤੇ ਊਚਾ’** (੨੬੩) ਤਾਂ ਫਿਰ ਇਸ ਵਿੱਚ ਸੋਚਣ ਵਾਲੀ ਕਿਹੜੀ ਗੱਲ ਹੈ। ਬੱਸ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਅਤੇ ਗੁਰਬਾਣੀ ਗੁਰੂ ਦਾ ਹੁਕਮ ਮੰਨੋ ਅਤੇ ਆਪਣੇ ਆਪ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਨਾਮ ਸਿਮਰਨ ਵਿੱਚ ਸਮਰਪਿਤ ਕਰ ਦਿਓ ਜੀ। ਜਦ ਅਸੀਂ ਐਸਾ ਕਰਨਾ ਸ਼ੁਰੂ ਕਰ ਦਿੰਦੇ ਹਾਂ ਤਾਂ ਅਸੀਂ ਇਨ੍ਹਾਂ ਗੁਰ ਕੇ ਸ਼ਬਦਾਂ ਦੀ ਕਮਾਈ ਕਰਨਾ ਸ਼ੁਰੂ ਕਰ ਦਿੰਦੇ ਹਾਂ। ਇਹ ਪੂਰਨ ਸਤਿ ਤੱਤ ਹੈ ਕਿ ਜੇਕਰ ਅਸੀਂ ਕੇਵਲ ਇਸ ਇੱਕ ਗੁਰ ਸ਼ਬਦ ਦੀ ਕਮਾਈ ਕਰਨ ਵਿੱਚ ਆਪਣੇ ਆਪ ਨੂੰ ਸਮਰਪਿਤ ਕਰਦੇ ਹਾਂ ਤਾਂ ਸਾਨੂੰ ਉਹ ਸਾਰੇ ਫਲ ਪ੍ਰਾਪਤ ਹੋਣਗੇ ਜੋ ਕਿ ਸੁਖਮਨੀ ਬਾਣੀ ਦੀ ਪਹਿਲੀ ਅਸਟਪਦੀ ਵਿੱਚ ਧੰਨ ਧੰਨ ਸਤਿਗੁਰੂ ਅਵਤਾਰ ਅਰਜਨ ਦੇਵ ਜੀ ਨੇ ਪ੍ਰਗਟ ਕੀਤੇ ਹਨ। ਕੇਵਲ ਇਸ ਇੱਕ ਗੁਰ ਸ਼ਬਦ ਦੀ ਕਮਾਈ ਕਰਨ ਨਾਲ ਹੀ ਸਾਨੂੰ ਰੂਹਾਨੀਅਤ ਦੀਆਂ ਸਾਰੀਆਂ ਪ੍ਰਾਪਤੀਆਂ ਹੋ ਜਾਣਗੀਆਂ ਅਤੇ ਸਾਨੂੰ ਦਰਗਾਹ ਵਿੱਚ ਮਾਣ ਪ੍ਰਾਪਤ ਹੋ ਜਾਏਗਾ **‘ਪ੍ਰਭ ਕੈ ਸਿਮਰਨਿ ਦਰਗਹ ਮਾਨੀ’** (੨੬੨)। ਕੇਵਲ ਇਸ ਇੱਕ ਗੁਰ ਸ਼ਬਦ ਦੀ ਕਮਾਈ ਕਰਨ ਨਾਲ ਸਾਨੂੰ ਪੂਰਨ ਬ੍ਰਹਮ ਗਿਆਨ, ਪੂਰਨ ਤੱਤ ਗਿਆਨ ਅਤੇ ਧਿਆਨ ਦੀਆਂ ਪਰਮ ਸ਼ਕਤੀਸ਼ਾਲੀ ਅਤੇ ਪਰਮ ਉੱਚੀਆਂ ਅਵਸਥਾਵਾਂ ਪ੍ਰਾਪਤ ਹੋ ਜਾਣਗੀਆਂ **‘ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ’** (੨੬੨)। ਕੇਵਲ ਇਸ ਇੱਕ ਗੁਰ ਸ਼ਬਦ ਦੀ ਕਮਾਈ ਕਰਨ ਦੇ ਨਾਲ ਸਾਨੂੰ ਸਹਿਜ ਸਮਾਧੀ ਦੀ ਪ੍ਰਾਪਤੀ ਹੋ ਜਾਏਗੀ **‘ਪ੍ਰਭ ਕੈ ਸਿਮਰਨਿ ਸਹਜਿ ਸਮਾਨੀ’** (੨੬੨)। ਸਹਿਜ ਸਮਾਧੀ ੨੪ ਘੰਟੇ ਨਿਰੰਤਰ ਸਮਾਧੀ ਦੀ ਅਵਸਥਾ ਹੈ। ਸਹਿਜ ਸਮਾਧੀ ਪੂਰਨ ਅਟੱਲ ਅਵਸਥਾ ਹੈ। ਸਹਿਜ ਸਮਾਧੀ ਪਰਮ ਪਦਵੀ ਦੀ ਅਵਸਥਾ ਹੈ। ਸਿਮਰਨ ਵਿੱਚ ਸਾਡੇ ਹਿਰਦੇ ਵਿੱਚ ਆਪ ਨਿਰੰਕਾਰ ਪ੍ਰਗਟ ਹੋ ਜਾਂਦਾ ਹੈ **‘ਹਰਿ ਸਿਮਰਨ ਮਹਿ ਆਪਿ ਨਿਰੰਕਾਰਾ’** (੨੬੩)। ਭਾਵ ਸਿਮਰਨ ਕਰਦੇ-ਕਰਦੇ ਮਨੁੱਖ ਦੇ ਹਿਰਦੇ ਵਿੱਚ ਆਪ ਨਿਰੰਕਾਰ ਪ੍ਰਗਟਿਓ ਜੋਤ ਪੂਰਨ ਬ੍ਰਹਮ ਗਿਆਨੀ ਦੇ ਰੂਪ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪ ਪ੍ਰਗਟ ਹੋ ਜਾਂਦਾ ਹੈ। ਨਾਮ ਸਿਮਰਨ ਨਾਲ ਹੋਰ ਕੀ ਕੀ ਸਾਨੂੰ ਪ੍ਰਾਪਤ ਹੋ ਸਕਦਾ ਹੈ ਇਸ ਪਰਮ ਸਤਿ ਨੂੰ ਜਾਣਨ ਲਈ ਆਪਣਾ ਧਿਆਨ ਸੁਖਮਨੀ ਬਾਣੀ ਦੀ ਪਹਿਲੀ ਅਸਟਪਦੀ ਉੱਪਰ ਕੇਂਦਰਿਤ ਕਰੋ ਤਾਂ ਆਪ ਨੂੰ ਇਹ ਪਤਾ ਚਲੇਗਾ ਕਿ ਆਪ ਨੂੰ ਕੀ ਕੀ ਲਾਭ ਹੋਣਗੇ, ਕਿਵੇਂ ਆਪ ਦੇ ਸਾਰੇ ਬਿਗੜੇ ਹੋਏ ਕਾਰਜ ਸਿੱਧੇ ਹੋਣੇ ਸ਼ੁਰੂ ਹੋ ਜਾਣਗੇ, ਕਿਵੇਂ ਆਪ ਦੇ ਸਾਰੇ ਦੁੱਖਾਂ-ਕਲੇਸ਼ਾਂ ਦਾ ਅੰਤ ਹੋ ਜਾਏਗਾ ਅਤੇ ਆਪ ਉੱਚੀ ਆਤਮਿਕ ਅਵਸਥਾ ਨੂੰ ਪਹੁੰਚ ਕੇ ਸਹਿਜ ਸਮਾਧੀ ਵਿੱਚ ਸਦਾ-ਸਦਾ ਲਈ ਸਥਿਤ ਹੋ ਜਾਓਗੇ। ਇਸ ਲਈ ਇਸ ਗੁਰ ਪ੍ਰਸਾਦੀ ਕਥਾ ਦੇ ਹਰ ਇੱਕ ਪੜ੍ਹਣ ਵਾਲੇ ਦੇ ਚਰਨਾਂ

ਉੱਪਰ ਬੇਨਤੀ ਹੈ ਕਿ ਇਸ ਪਰਮ ਸ਼ਕਤੀਸ਼ਾਲੀ ਪਰਮ ਸਤਿ ਨੂੰ ਆਪਣੇ ਜੀਵਨ ਵਿੱਚ ਆਪਣਾਓ ਅਤੇ ਗੁਰੂ ਦੀਆਂ ਬੇਅੰਤ ਮਿਹਰ ਅਤੇ ਕਿਰਪਾ ਦੇ ਪਾਤਰ ਬਣੋ ਜੀ।

ਅਗਲਾ ਉਦਾਹਰਨ ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਪਰਮ ਸ਼ਕਤੀਸ਼ਾਲੀ ਸਤਿ ਤੱਤ ਦਾ ਸੰਬੰਧ ਮਨੁੱਖ ਦਾ ਸਤਿਗੁਰ ਦੇ ਚਰਨਾਂ ਉੱਪਰ ਸੰਪੂਰਨ ਸਮਰਪਣ ਨਾਲ ਹੈ। ਜੋ ਮਨੁੱਖ ਸਤਿਗੁਰ ਦੇ ਚਰਨਾਂ ਉੱਪਰ ਆਪਣਾ ਤਨ, ਮਨ, ਧਨ ਅਰਪਣ ਕਰ ਦਿੰਦੇ ਹਨ ਉਹ ਮਨੁੱਖ ਧੰਨ ਧੰਨ ਹੋ ਜਾਂਦੇ ਹਨ। ਜੋ ਮਨੁੱਖ ਸਤਿਗੁਰ ਦੇ ਚਰਨਾਂ ਉੱਪਰ ਆਪਣਾ ਤਨ, ਮਨ, ਧਨ ਅਰਪਣ ਕਰ ਦਿੰਦੇ ਹਨ ਉਹ ਮਨੁੱਖ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ, ਪਰਉਪਕਾਰ ਅਤੇ ਮਹਾ ਪਰਉਪਕਾਰ ਦੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਕਰ ਲੈਂਦੇ ਹਨ। ਜੋ ਮਨੁੱਖ ਸਤਿਗੁਰ ਦੇ ਚਰਨਾਂ ਉੱਪਰ ਆਪਣਾ ਤਨ, ਮਨ, ਧਨ ਅਰਪਣ ਕਰ ਦਿੰਦੇ ਹਨ ਉਹ ਮਨੁੱਖ ਆਪਣੇ ਸਤਿਗੁਰ ਦੇ ਛਤਰ ਹੇਠ ਬੈਠ ਕੇ ਬੰਦਗੀ ਕਰਦੇ ਹੋਏ ਮਾਇਆ ਨੂੰ ਜਿੱਤ ਕੇ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ। ਜੋ ਮਨੁੱਖ ਸਤਿਗੁਰ ਦੇ ਚਰਨਾਂ ਉੱਪਰ ਆਪਣਾ ਤਨ, ਮਨ, ਧਨ ਅਰਪਣ ਕਰ ਦਿੰਦੇ ਹਨ ਉਹ ਮਨੁੱਖ ਬੰਦਗੀ ਕਰਦੇ ਹੋਏ ਆਪਣੇ ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਨੂੰ ਪ੍ਰਾਪਤ ਕਰ ਕੇ ਪ੍ਰਗਟਿਓ ਜੋਤ ਪੂਰਨ ਬ੍ਰਹਮ ਗਿਆਨ ਨੂੰ ਪ੍ਰਾਪਤ ਕਰ ਕੇ ਜੀਵਨ ਮੁਕਤ ਹੋ ਜਾਂਦੇ ਹਨ। ਜੋ ਮਨੁੱਖ ਸਤਿਗੁਰ ਦੇ ਚਰਨਾਂ ਉੱਪਰ ਆਪਣਾ ਤਨ, ਮਨ, ਧਨ ਅਰਪਣ ਕਰ ਦਿੰਦੇ ਹਨ ਉਹ ਮਨੁੱਖ ਗੁਰ ਕਿਰਪਾ ਅਤੇ ਗੁਰ ਪ੍ਰਸਾਦਿ ਨਾਲ ਬੰਦਗੀ ਕਰਦੇ ਹੋਏ ਆਪਣਾ ਹਿਰਦਾ ਬੇਅੰਤ ਕਰ ਕੇ ਇਸ ਨੂੰ ਸਾਰੇ ਇਲਾਹੀ ਦਰਗਾਹੀ ਗੁਣਾਂ ਅਤੇ ਸ਼ਕਤੀਆਂ ਨਾਲ ਭਰਪੂਰ ਕਰ ਕੇ ਸੁਘੜ ਸੁਜਾਨੀ ਬਣ ਜਾਂਦੇ ਹਨ। ਤਨ, ਮਨ ਅਤੇ ਧਨ ਦੇ ਸੰਪੂਰਨ ਸਮਰਪਣ ਦੇ ਇਸ ਇਲਾਹੀ ਦਰਗਾਹੀ ਹੁਕਮ ਨੂੰ ਗੁਰਬਾਣੀ ਵਿੱਚ ਬਹੁਤ ਸਲੋਕਾਂ ਵਿੱਚ ਪ੍ਰਗਟ ਕੀਤਾ ਗਿਆ ਹੈ:

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੮)

ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੫੬)

ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥
ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ ॥੧॥
ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥
ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ ਰਹਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੧੦)

ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੭੧)

ਜੋ ਮਨੁੱਖ ਸੰਤ ਸਤਿਗੁਰ ਦੇ ਚਰਨਾਂ ਉੱਪਰ ਆਪਣਾ ਤਨ, ਮਨ, ਧਨ ਅਰਪਣ ਕਰ ਦਿੰਦੇ ਹਨ ਉਹ ਮਨੁੱਖ ਇਸ ਸੰਸਾਰ ਭਵਸਾਗਰ ਮਾਇਆ ਜਾਲ ਤੋਂ ਮੁਕਤ ਹੋ ਜਾਂਦੇ ਹਨ ਅਤੇ ਸਦਾ-ਸਦਾ ਲਈ ਦਰਗਾਹ ਵਿੱਚ ਮਾਣ ਪ੍ਰਾਪਤ ਕਰ ਕੇ ਅਮਰ ਹੋ ਜਾਂਦੇ ਹਨ। ਇਹ

ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰ ਪ੍ਰਸਾਦਿ ਨੂੰ ਪ੍ਰਾਪਤ ਕਰਨ ਦਾ ਰੱਹਸ ਹੈ। ਗੁਰ ਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਮਨੁੱਖ ਸਿਮਰਨ ਸਮਾਧੀ ਵਿੱਚ ਚਲਾ ਜਾਂਦਾ ਹੈ। ਸਮਾਧੀ ਅਤੇ ਸੁੰਨ ਸਮਾਧੀ ਵਿੱਚ ਸਿਮਰਨ ਕਰਦੇ ਹੋਏ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਅਤੇ ਸਾਰੇ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ। ਇਸ ਤਰ੍ਹਾਂ ਸਿਮਰਨ ਕਰਦੇ-ਕਰਦੇ ਮਨੁੱਖ ਮਾਇਆ ਨੂੰ ਜਿੱਤ, ਹਿਰਦੇ ਦੀ ਪੂਰਨ ਸਚਿਆਰੀ ਰਹਿਤ ਪ੍ਰਾਪਤ ਕਰ ਪਰਮ ਪਦ ਨੂੰ ਪ੍ਰਾਪਤ ਹੋ ਜਾਂਦਾ ਹੈ।

ਇਸੇ ਤਰ੍ਹਾਂ ਨਾਲ ਜੇਕਰ ਅਸੀਂ ਆਪਣੇ ਰੋਜ਼ਾਨਾ ਕਰਮਾਂ ਉੱਪਰ ਧਿਆਨ ਕੇਂਦਰਿਤ ਕਰੀਏ ਤਾਂ ਅਸੀਂ ਮਾਇਆ ਦੇ ਪ੍ਰਭਾਵ ਤੋਂ ਬਚ ਸਕਦੇ ਹਾਂ ਅਤੇ ਆਪਣੇ ਕਰਮਾਂ ਨੂੰ ਸਤਿ ਕਰਮਾਂ ਵਿੱਚ ਬਦਲ ਸਕਦੇ ਹਾਂ। ਨਿਮਰਤਾ ਵਿੱਚ ਰਹਿਣਾ; ਦੂਸਰਿਆਂ ਉੱਪਰ ਦਇਆ ਭਾਵ ਰੱਖਣਾ; ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਬਚ ਕੇ ਰਹਿਣਾ; ਤ੍ਰਿਸ਼ਣਾ ਦੇ ਜਾਲ ਵਿੱਚ ਨਾ ਫਸਣਾ; ਕਿਸੇ ਦੇ ਹਿਰਦੇ ਨੂੰ ਕਸ਼ਟ ਨਾ ਦੇਣਾ; ਕਿਸੇ ਨੂੰ ਦੁੱਖ ਨਾ ਦੇਣਾ; ਸਦਾ ਸਤਿ ਬੋਲਣਾ; ਮਨ ਕਰ ਕੇ ਅਤੇ ਤਨ ਕਰ ਕੇ ਪਾਪ ਕਰਮਾਂ ਤੋਂ ਬਚਣਾ; ਪਰ ਨਿੰਦਿਆ, ਚੁਗ਼ਲੀ ਅਤੇ ਬਖ਼ੀਲੀ ਤੋਂ ਬਚਣਾ; ਰਿਸ਼ਵਤਖ਼ੋਰੀ ਤੋਂ ਬਚਣਾ; ਚੋਰ ਬਜ਼ਾਰੀ ਤੋਂ ਬਚਣਾ; ਕਿਸੇ ਦਾ ਕਿਸੇ ਕਿਸਮ ਦਾ ਨੁਕਸਾਨ ਨਾ ਕਰਨਾ; ਕਿਸੇ ਵਾਸਤੇ ਅਪ ਸ਼ਬਦਾਂ ਨੂੰ ਨਾ ਵਰਤਣਾ; ਸਰਬੱਤ ਦਾ ਭਲਾ ਮੰਗਣਾ ਅਤੇ ਕਰਨਾ; ਪਰਉਪਕਾਰ ਕਰਨਾ; ਗਰੀਬਾਂ ਨੂੰ ਅਤੇ ਜ਼ਰੂਰਤ ਮੰਦਾਂ ਦੀ ਹਰ ਤਰੀਕੇ ਨਾਲ ਸਹਾਇਤਾ ਕਰਨੀ; ਸ਼ਰਮ, ਧਨ ਅਤੇ ਗਰੀਬਾਂ ਨੂੰ ਸਹਾਇਤਾ ਕਰਨ ਵਾਲੇ ਪਦਾਰਥਾਂ ਦਾ ਦਾਨ ਕਰਨਾ; ਸੰਜਮ ਵਿੱਚ ਰਹਿਣਾ; ਸਤਿ ਸੰਤੋਖ ਵਿੱਚ ਰਹਿਣਾ; ਨਾ ਜ਼ੁਲਮ ਕਰਨਾ ਅਤੇ ਨਾ ਹੀ ਜ਼ੁਲਮ ਸਹਿਣਾ; ਸਦਾ ਨਿਆਂ ਵਿੱਚ ਵਿਸ਼ਵਾਸ ਰੱਖਣਾ ਅਤੇ ਨਿਆਂ ਕਰਨ ਤੋਂ ਕਦੇ ਪਿੱਛੇ ਨਹੀਂ ਹਟਣਾ; ਬੁਰਿਆਈਆਂ ਦਾ ਤਿਆਗ ਕਰਨਾ ਅਤੇ ਚੰਗਿਆਈਆਂ ਉੱਪਰ ਧਿਆਨ ਕੇਂਦਰਿਤ ਕਰਨਾ ਆਦਿ ਇਹ ਸਾਰੇ ਸਤਿ ਕਰਮ ਹਨ ਜਿਨ੍ਹਾਂ ਉੱਪਰ ਆਪਣਾ ਧਿਆਨ ਕੇਂਦਰਿਤ ਕਰ ਕੇ ਅਸੀਂ ਆਪਣੇ ਕਰਮਾਂ ਨੂੰ ਸਤਿ ਕਰਮਾਂ ਵਿੱਚ ਬਦਲ ਸਕਦੇ ਹਾਂ ਅਤੇ ਆਪਣੇ ਕਰਮਾਂ ਵਿੱਚੋਂ ਧਰਮ ਨੂੰ ਉਤਪੰਨ ਕਰ ਸਕਦੇ ਹਾਂ। ਭਾਵ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਮਿਲਣ ਦਾ ਮਾਰਗ ਤਿਆਰ ਕਰ ਸਕਦੇ ਹਾਂ।

੨. ਗਿਆਨ ਖੰਡ:

ਇਹ ਉਹ ਅਵਸਥਾ ਹੈ ਜਦ ਤੁਸੀਂ ਗੁਰਬਾਣੀ ਨੂੰ ਪੜ੍ਹਦੇ ਅਤੇ ਸੁਣਦੇ ਹੋ, ਗੁਰਬਾਣੀ ਨੂੰ ਸਵੀਕਾਰ ਕਰਦੇ ਹੋ ਅਤੇ ਫਿਰ ਇਸਨੂੰ ਰੋਜ਼ਾਨਾ ਜੀਵਨ ਵਿੱਚ ਅਮਲ ਵਿੱਚ ਲਿਆਉਂਦੇ ਹੋ। ਜਿਹੜੀ ਵੀ ਬ੍ਰਹਮ ਗਿਆਨ ਅੰਮ੍ਰਿਤ ਦੀ ਬੂੰਦ ਤੁਹਾਡੇ ਅੰਦਰ ਪ੍ਰਕਾਸ਼ਮਾਨ ਹੁੰਦੀ ਹੈ ਤੁਸੀਂ ਝਟਪਟ ਉਸ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਅੰਗ ਬਣਾ ਲੈਂਦੇ ਹੋ। ਜੋ ਜੋ ਗੁਰਬਾਣੀ ਵਿਚਾਰ ਤੁਹਾਨੂੰ ਸਮਝ ਵਿੱਚ ਆਉਂਦਾ ਹੈ ਤੁਸੀਂ ਬਿਨਾਂ ਇੱਕ ਪਲ ਗੁਆਏ ਉਸ ਨੂੰ ਆਪਣੇ ਜੀਵਨ ਜਿਊਣ ਦੀ ਕਲਾ ਬਣਾ ਲੈਂਦੇ ਹੋ। ਇਸ ਤਰ੍ਹਾਂ ਤੁਹਾਡੇ ਰੋਜ਼ਾਨਾ ਜੀਵਨ ਵਿੱਚ ਪਰਿਵਰਤਨ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਇਲਾਹੀ ਰਹਿਮਤ ਦਾ ਸਦਕਾ ਤੁਹਾਡਾ ਮਨ ਸਾਫ਼ ਹੋਣਾ ਸ਼ੁਰੂ ਹੋ ਜਾਂਦਾ ਹੈ, ਮਨ ਦੀ ਮੈਲ ਧੁਪਣੀ ਸ਼ੁਰੂ ਹੋ ਜਾਂਦੀ ਹੈ ਅਤੇ ਮਨ ਤੇ ਨਵੀਂ ਮੈਲ ਚੜ੍ਹਨੀ ਬੰਦ ਹੋ ਜਾਂਦੀ ਹੈ, ਮਨ ਵਿੱਚ ਮਾੜੇ ਅਤੇ ਹੀਣ ਫੁਰਨੇ ਘੱਟਣੇ ਸ਼ੁਰੂ ਹੋ ਜਾਂਦੇ ਹਨ। ਮਨ ਸ਼ਾਂਤ ਹੋਣਾ ਸ਼ੁਰੂ ਹੋ ਜਾਂਦਾ ਹੈ। ਤੁਹਾਡੇ ਸਾਰੇ ਕਰਮ ਸਤਿ ਕਰਮ ਹੋਣੇ ਸ਼ੁਰੂ ਹੋ ਜਾਂਦੇ ਹਨ। ਤੁਹਾਡੇ ਸਾਰੇ ਪੁਰਾਤਨ

ਅਸਤਿ ਕਰਮਾਂ ਦਾ ਭਾਰ ਘੱਟਣਾ ਸ਼ੁਰੂ ਹੋ ਜਾਂਦਾ ਹੈ। ਜਦ ਮਨੁੱਖ ਦੇ ਕਰਮ ਸਤਿ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਮਨੁੱਖ ਦੇ ਕਰਮਾਂ ਵਿੱਚ ਸਤਿ ਵਰਤਣਾ ਸ਼ੁਰੂ ਹੋ ਜਾਂਦਾ ਹੈ ਤਾਂ ਫਿਰ ਸਤਿ ਕਰਮ ਕਰਦੇ-ਕਰਦੇ ਇਹ ਅਵਸਥਾ ਬਣ ਜਾਂਦੀ ਹੈ ਜਿਸ ਵਿੱਚ ਮਨੁੱਖ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕਿਰਪਾ ਨਾਲ ਸਤੋ ਬਿਰਤੀ ਵਿੱਚ ਵਿਚਰਦੇ ਹੋਏ ਰੂਹਾਨੀਅਤ ਦੇ ਗਿਆਨ ਦੇ ਅਨੁਭਵ ਹੋਣੇ ਸ਼ੁਰੂ ਹੋ ਜਾਂਦੇ ਹਨ। ਗੁਰਬਾਣੀ ਮਨੁੱਖ ਦੇ ਹਿਰਦੇ ਨੂੰ ਚੀਰ ਕੇ ਅੰਦਰ ਪ੍ਰਵੇਸ਼ ਕਰ ਜਾਂਦੀ ਹੈ। ਗੁਰ ਕਾ ਸ਼ਬਦ ਸੁਣਦੇ ਹੀ ਮਨੁੱਖ ਦਾ ਹਿਰਦਾ ਬੈਰਾਗ ਵਿੱਚ ਜਾਣਾ ਸ਼ੁਰੂ ਹੋ ਜਾਂਦਾ ਹੈ। ਤੁਸੀਂ ਆਪਣੀ ਰੂਹਾਨੀ ਤਰੱਕੀ ਵੱਲ ਵਧਣਾ ਸ਼ੁਰੂ ਕਰ ਦਿੰਦੇ ਹੋ। ਤੁਹਾਡਾ ਰੂਹਾਨੀ ਸਫਰ ਹੁਣ ਸ਼ੁਰੂ ਹੋ ਜਾਂਦਾ ਹੈ। ਗੁਰ ਕੇ ਸ਼ਬਦ ਦੀ ਕਮਾਈ ਦੀ ਤਾਂਘ ਹਿਰਦੇ ਨੂੰ ਘੋਖਣ ਲੱਗ ਜਾਂਦੀ ਹੈ। ਜਿਵੇਂ-ਜਿਵੇਂ ਤੁਸੀਂ ਗੁਰ ਕਾ ਸ਼ਬਦ ਦਾ ਅਭਿਆਸ ਕਰਨ ਦਾ ਯਤਨ ਕਰਦੇ ਹੋ ਤੁਹਾਨੂੰ ਆਨੰਦ ਆਉਣਾ ਸ਼ੁਰੂ ਹੋ ਜਾਂਦਾ ਹੈ। ਤੁਸੀਂ ਅੰਤਰ ਮੁਖੀ ਹੋਣਾ ਸ਼ੁਰੂ ਹੋ ਜਾਂਦੇ ਹੋ।

ਜਿਵੇਂ-ਜਿਵੇਂ ਬੈਰਾਗ ਵੱਧਦਾ ਹੈ, ਗੁਰ ਕਾ ਸ਼ਬਦ ਦੇ ਅਭਿਆਸ ਦੀ ਤਾਂਘ ਵੱਧਦੀ ਹੈ, ਗੁਰਬਾਣੀ ਨਾਲ ਪਿਆਰ ਵੱਧਦਾ ਹੈ, ਗੁਰੂ ਦੇ ਨਾਲ ਪਿਆਰ ਵੱਧਦਾ ਹੈ, ਗੁਰੂ ਉੱਪਰ ਵਿਸ਼ਵਾਸ ਅਤੇ ਸ਼ਰਧਾ ਵੱਧਦੀ ਹੈ, ਸਤਿ ਸੰਗਤ ਵਿੱਚ ਜਾਣ ਦੀ ਤਾਂਘ ਵੱਧਦੀ ਹੈ, ਨਾਮ ਜਪਣ ਦੀ ਤਾਂਘ ਵੱਧਦੀ ਹੈ, ਪੁੰਨ ਕਰਮ ਕਰਨ ਦੀ ਤਾਂਘ ਵੱਧਦੀ ਹੈ, ਪਰਉਪਕਾਰ ਕਰਨ ਦੀ ਤਾਂਘ ਵੱਧਦੀ ਹੈ। ਜਦ ਐਸੀ ਕਿਰਪਾ ਹੁੰਦੀ ਹੈ ਤਾਂ ਭਰਮਾਂ ਦਾ ਨਾਸ ਹੋਣਾ ਸ਼ੁਰੂ ਹੋ ਜਾਂਦਾ ਹੈ। ਚਿੱਤ ਦੀ ਇਕਾਗਰਤਾ ਵਧਣੀ ਸ਼ੁਰੂ ਹੋ ਜਾਂਦੀ ਹੈ। ਮਾਇਆ ਦਾ ਗਿਆਨ ਹੋਣਾ ਸ਼ੁਰੂ ਹੋ ਜਾਂਦਾ ਹੈ। ਪੰਜ ਦੂਤ ਮਨੁੱਖ ਨੂੰ ਆਪਣੇ ਘੇਰੇ ਵਿੱਚ ਕਿਵੇਂ ਰੱਖਦੇ ਹਨ ਇਹ ਅਨੁਭਵ ਹੋਣੇ ਸ਼ੁਰੂ ਹੋ ਜਾਂਦੇ ਹਨ। ਮਨੁੱਖ ਨੂੰ ਆਪਣੀ ਰੋਜ਼ਾਨਾ ਕਰਨੀ ਵਿੱਚ ਤ੍ਰ ਟੀਆਂ ਨਜ਼ਰ ਆਉਣ ਲੱਗ ਪੈਂਦੀਆਂ ਹਨ। ਚੰਗੇ-ਮਾੜੇ ਕਰਮਾਂ ਵਿੱਚ ਅੰਤਰ ਪਤਾ ਲੱਗਣਾ ਸ਼ੁਰੂ ਹੋ ਜਾਂਦਾ ਹੈ। ਤ੍ਰਿਸ਼ਣਾ ਦੀ ਸਮਝ ਪੈ ਜਾਂਦੀ ਹੈ। ਤ੍ਰਿਸ਼ਣਾ ਮਨੁੱਖ ਨੂੰ ਕਿਵੇਂ ਗ਼ਲਤ ਕਰਮ ਕਰਨ ਲਈ ਉਕਸਾਉਂਦੀ ਹੈ ਇਸ ਦੀ ਸੋਝੀ ਪੈਣੀ ਸ਼ੁਰੂ ਹੋ ਜਾਂਦੀ ਹੈ। ਮਾਇਆ ਦਾ ਖੇਲ ਸਮਝ ਪੈਣਾ ਸ਼ੁਰੂ ਹੋ ਜਾਂਦਾ ਹੈ। ਸੰਸਾਰ ਨੂੰ ਮਾਇਆ ਕਿਵੇਂ ਚਲਾ ਰਹੀ ਹੈ ਇਹ ਗਿਆਨ ਹੋ ਜਾਂਦਾ ਹੈ। ਸੰਸਾਰ ਮਾਇਆ ਜਾਲ ਹੈ ਭਵਸਾਗਰ ਹੈ ਇਹ ਗਿਆਨ ਹੋ ਜਾਂਦਾ ਹੈ। ਧੰਨ ਧੰਨ ਸੰਤ ਸਤਿਗੁਰ ਕਬੀਰ ਪਾਤਸ਼ਾਹ ਜੀ ਨੇ ਇਸ ਅਵਸਥਾ ਨੂੰ ਆਪਣੀ ਬੰਦਗੀ ਦੇ ਆਧਾਰ ਉੱਪਰ ਆਪਣੇ ਇਸ ਪਰਮ ਸੁੰਦਰ ਸਲੋਕ ਵਿੱਚ ਬਿਆਨ ਕੀਤਾ ਹੈ:

ਰਾਗੁ ਗਉੜੀ ਚੇਤੀ ॥

ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ॥
ਸਭੈ ਉੱਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ ॥੧॥ ਰਹਾਉ ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥੧॥
ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ ॥
ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ ॥੨॥੪੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੩੧)

ਜਿਵੇਂ ਕਿ ਜੋਰਾਂ ਦੀ ਹਨੇਰੀ ਆਉਣ ਦੇ ਨਾਲ ਕੱਚੀ ਕੱਖਾਂ ਦੀ ਬਣੀ ਹੋਈ ਕੁੱਲੀ ਟੁੱਟ

ਜਾਂਦੀ ਹੈ ਅਤੇ ਸਾਰੇ ਕੱਖ ਖੇਰੂੰ ਖੇਰੂੰ ਹੋ ਕੇ ਉੱਡ ਜਾਂਦੇ ਹਨ ਅਤੇ ਕੁੱਲੀ ਵਿੱਚ ਰਹਿਣ ਵਾਲੇ ਮਨੁੱਖ ਦਾ ਜੋ ਹਾਲ ਹੁੰਦਾ ਹੈ ਅਤੇ ਇਸ ਸ਼ਿਖਰਾਂ ਦੀ ਹਨੇਰੀ ਵਿੱਚ ਉਸ ਦੇ ਬਚਾਅ ਦਾ ਕੋਈ ਸਾਧਨ ਨਹੀਂ ਰਹਿੰਦਾ ਹੈ ਠੀਕ ਇਸੇ ਤਰ੍ਹਾਂ ਨਾਲ ਜਦ ਗਿਆਨ ਦੀ ਹਨੇਰੀ ਆਉਂਦੀ ਹੈ ਤਾਂ ਮਨੁੱਖੀ ਮਨ ਉੱਪਰ ਬੁਣਿਆ ਹੋਇਆ ਮਾਇਆ ਦਾ ਸਾਰਾ ਜਾਲ ਖੇਰੂੰ ਖੇਰੂੰ ਹੋ ਜਾਂਦਾ ਹੈ। ਮਨੁੱਖ ਦਾ ਮਨ ਤ੍ਰਿਸ਼ਣਾ ਦੇ ਮਾਇਆ ਜਾਲ ਵਿੱਚੋਂ ਉੱਡ ਕੇ ਬਾਹਰ ਨਿਕਲਣ ਦੇ ਯਤਨਾਂ ਵਿੱਚ ਜੁੱਟ ਜਾਂਦਾ ਹੈ। ਦੁਰਮਤਿ ਦਾ ਨਾਸ ਹੋ ਜਾਂਦਾ ਹੈ ਅਤੇ ਗੁਰਮਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਮਨੁੱਖ ਦੇ ਭਰਮਾਂ ਦਾ ਨਾਸ ਹੋ ਜਾਂਦਾ ਹੈ ਅਤੇ ਮਨੁੱਖ ਦੋ ਚਿੱਤੀ ਵਿੱਚੋਂ ਨਿਕਲ ਕੇ ਇੱਕ ਮਨ ਇੱਕ ਚਿੱਤ ਵੱਲ ਵਧਣਾ ਸ਼ੁਰੂ ਹੋ ਜਾਂਦਾ ਹੈ। ਦੁਬਿਧਾ ਦਾ ਨਾਸ ਹੋ ਜਾਂਦਾ ਹੈ ਅਤੇ ਮਨੁੱਖ ਦੇ ਹਿਰਦੇ ਵਿੱਚ ਅੰਮ੍ਰਿਤ ਦਾ ਪ੍ਰਕਾਸ਼ ਹੋ ਜਾਂਦਾ ਹੈ। ਹਨੇਰੀ ਤੋਂ ਬਾਅਦ ਖੇਰੂੰ ਖੇਰੂੰ ਹੋਈ ਕੁੱਲੀ ਵਿੱਚ ਜਿਵੇਂ ਬਰਖਾ ਹੋਣ ਤੇ ਮਨੁੱਖ ਭਿੱਜ ਜਾਂਦਾ ਹੈ ਠੀਕ ਉਸੇ ਤਰ੍ਹਾਂ ਜਦ ਗਿਆਨ ਦੀ ਹਨੇਰੀ ਆਉਣ ਤੇ ਮਨੁੱਖ ਦੀ ਦੁਬਿਧਾ, ਭਰਮ, ਅਤੇ ਮਾਇਆ ਜਾਲ ਟੁੱਟਦਾ ਹੈ ਅਤੇ ਜਦ ਮਨੁੱਖ ਦੇ ਹਿਰਦੇ ਅੰਦਰ ਗੁਰਮਤਿ ਦਾ ਪ੍ਰਕਾਸ਼ ਹੋ ਜਾਂਦਾ ਹੈ ਤਾਂ ਉਸ ਦਾ ਹਿਰਦਾ ਇਸ ਪਰਮ ਸ਼ਕਤੀਸ਼ਾਲੀ ਗਿਆਨ ਦੀ ਬਰਖਾ, ਅੰਮ੍ਰਿਤ ਦੀ ਬਰਖਾ ਨਾਲ ਭਿੱਜ ਜਾਂਦਾ ਹੈ। ਸਾਰੇ ਝੂਠੇ ਸੰਸਾਰਿਕ ਆਸਰਿਆਂ ਦੀ ਥੰਮੀ ਟੁੱਟ ਜਾਂਦੀ ਹੈ। ਭਾਵ ਸੰਸਾਰਿਕ ਆਸਰਿਆਂ ਵਿੱਚ ਉਲਝੇ ਹੋਏ ਮਨ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਇੱਕ ਸੱਚੇ ਆਸਰੇ ਦੀ ਸੋਝੀ ਪੈ ਜਾਂਦੀ ਹੈ ਅਤੇ ਮਨ ਅਡੋਲ ਹੋ ਜਾਂਦਾ ਹੈ। ਸੰਸਾਰਿਕ ਆਸਰਿਆਂ ਉੱਪਰ ਟਿਕਿਆ ਹੋਇਆ ਮੋਹ ਮਾਇਆ ਦੇ ਭਰਮ ਦਾ ਨਾਸ ਹੋ ਜਾਂਦਾ ਹੈ ਅਤੇ ਮਨੁੱਖ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਇੱਕੋ ਇੱਕ ਸੱਚੇ ਆਸਰੇ ਦਾ ਗਿਆਨ ਹੋ ਜਾਂਦਾ ਹੈ। ਤ੍ਰਿਸ਼ਣਾ ਰੂਪੀ ਛੱਪਰ ਭੁੰਏ ਆਉਣ ਗਿਰਣ ਨਾਲ ਦੁਰਮਤਿ ਦਾ ਭਾਂਡਾ ਭੱਜ ਜਾਂਦਾ ਹੈ। ਦੁਰਮਤਿ ਮੁੱਕ ਜਾਂਦੀ ਹੈ ਅਤੇ ਗੁਰਮਤਿ ਨਾਲ ਪਿਆਰ, ਸ਼ਰਧਾ ਅਤੇ ਅਤੇ ਗੁਰਮਤਿ ਉੱਪਰ ਵਿਸ਼ਵਾਸ ਬਣ ਜਾਂਦਾ ਹੈ। ਮਨੁੱਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਸ਼ਰਧਾ, ਪ੍ਰੀਤ ਅਤੇ ਵਿਸ਼ਵਾਸ ਵਿੱਚ ਬੰਧ ਜਾਂਦਾ ਹੈ। ਗਿਆਨ ਦੀ ਹਨੇਰੀ ਤੋਂ ਬਾਅਦ ਫਿਰ ਜੋ ਅੰਮ੍ਰਿਤ ਦੀ ਬਰਖਾ ਹੁੰਦੀ ਹੈ ਮਨੁੱਖ ਦਾ ਹਿਰਦਾ ਉਸ ਵਿੱਚ ਭਿੱਜ ਜਾਂਦਾ ਹੈ।

ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਮਹਿਮਾ ਸਮਝ ਆ ਜਾਂਦੀ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਦੀ ਮਹਿਮਾ ਸਮਝ ਆ ਜਾਂਦੀ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਬਣਾਈ ਹੋਈ ਸ੍ਰਿਸ਼ਟੀ ਦੀ ਰਚਨਾ ਦਾ ਆਧਾਰ ਅਤੇ ਬੇਅੰਤਤਾ ਦੀ ਸਮਝ ਆ ਜਾਂਦੀ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੁਆਰਾ ਸ੍ਰਿਸ਼ਟੀ ਵਿੱਚ ਰਚੀ ਗਈ ਪਵਣ, ਪਾਣੀ ਅਤੇ ਬੈਸੰਤਰ ਦੀ ਮਹਿਮਾ ਸਮਝ ਆ ਜਾਂਦੀ ਹੈ। ਪਵਣ ਗੁਰੂ ਹੈ, ਪਾਣੀ ਜਗਤ ਦਾ ਪਿਤਾ ਹੈ। ਪਵਣ ਤੋਂ ਬਿਨਾਂ ਅਤੇ ਪਾਣੀ ਤੋਂ ਬਿਨਾਂ ਕਿਵੇਂ ਸ੍ਰਿਸ਼ਟੀ ਵਿੱਚ ਜੀਵਨ ਨਹੀਂ ਹੋ ਸਕਦਾ ਇਸ ਪਰਮ ਸਤਿ ਤੱਤ ਦੀ ਸਮਝ ਆ ਜਾਂਦੀ ਹੈ। ਭਾਵ ਕਿਵੇਂ ਪਵਣ ਗੁਰੂ ਅਤੇ ਪਾਣੀ ਪਿਤਾ ਜੀਵਨ ਦਾਤਾ ਹਨ ਅਤੇ ਇਨ੍ਹਾਂ ਤੱਤਾਂ ਨਾਲ ਕਿਵੇਂ ਜੀਵਨ ਚਲਦਾ ਹੈ ਇਸ ਦਾ ਗਿਆਨ ਹੋ ਜਾਂਦਾ ਹੈ। ਮਨੁੱਖ ਨੂੰ ਕੁਦਰਤ ਅਤੇ ਕੁਦਰਤ ਦੇ ਕਰਿਸ਼ਮੇ ਸਮਝ ਆਓਣੇ ਸ਼ੁਰੂ ਹੋ ਜਾਂਦੇ ਹਨ। ਕੁਦਰਤ ਦੀ ਬੇਅੰਤਤਾ ਸਮਝ ਆਉਣੀ ਸ਼ੁਰੂ ਹੋ ਜਾਂਦੀ ਹੈ।

ਕਈ ਕਰਮ ਭੂਮੀਆਂ ਹਨ ਅਤੇ ਇਨ੍ਹਾਂ ਕਰਮ ਭੂਮੀਆਂ ਉੱਪਰ ਕਈ ਪਵਣ, ਪਾਣੀ ਅਤੇ ਬੈਸੰਤਰ ਹਨ ਜੋ ਕਿ ਕਰਮ-ਕਾਂਡ ਦੀ ਨੀਂਵ ਰੱਖਦੇ ਹਨ। ਕਈ ਧਰਤੀਆਂ ਹਨ ਜਿੱਥੇ ਪਵਣ, ਪਾਣੀ, ਬੈਸੰਤਰ, ਧਰਤੀ ਅਤੇ ਆਕਾਸ਼ ਦੇ ਸੁਮੇਲ ਨਾਲ ਜੀਵਨ ਮੌਜੂਦ ਹੈ। ਇਨ੍ਹਾਂ ਧਰਤੀਆਂ

ਉੱਪਰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਅਨੇਕਾਂ ਖਾਣੀਆਂ ਅਤੇ ਬਾਣੀਆਂ ਵਾਲੇ ਜੀਵਾਂ ਦੀ ਰਚਨਾ ਕਰ ਕੇ ਉਨ੍ਹਾਂ ਦੇ ਕਰਮ-ਕਾਂਡ ਨਿਰਮਿਤ ਕਰ ਕੇ ਉਨ੍ਹਾਂ ਸ੍ਰਿਸ਼ਟੀਆਂ ਨੂੰ ਆਪਣੀਆਂ ਪਰਮ ਸ਼ਕਤੀਆਂ ਨਾਲ ਚਲਾ ਰਿਹਾ ਹੈ। ਇਨ੍ਹਾਂ ਹਰ ਇੱਕ ਵੱਖੋ-ਵੱਖ ਸ੍ਰਿਸ਼ਟੀਆਂ ਦੀਆਂ ਰਚਨਾਤਮਕ ਸ਼ਕਤੀਆਂ: ਬ੍ਰਹਮਾ - ਰਚਨਾ ਕਰਨ ਵਾਲੀ ਪਰਮ ਸ਼ਕਤੀ; ਵਿਸ਼ਨੂੰ - ਪਾਲਣਾ ਕਰਨ ਵਾਲੀ ਪਰਮ ਸ਼ਕਤੀ; ਅਤੇ ਸ਼ਿਵਾ - ਸੰਘਾਰ ਕਰਨ ਵਾਲੀ ਪਰਮ ਸ਼ਕਤੀ ਹਨ। ਇਸ ਤਰ੍ਹਾਂ ਨਾਲ ਸਾਰੀਆਂ ਸ੍ਰਿਸ਼ਟੀਆਂ ਵਿੱਚ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਰੂਪੀ ਕਈ ਸ਼ਕਤੀਆਂ ਹਨ।

ਇਨ੍ਹਾਂ ਸ੍ਰਿਸ਼ਟੀਆਂ ਵਿੱਚ ਕਈ ਇੰਦਰ ਦੇਵਤੇ ਹਨ ਅਤੇ ਉਨ੍ਹਾਂ ਦੇ ਰਾਜ ਵਿੱਚ ਕਈ ਦੇਵੀ ਦੇਵਤੇ ਹਨ। ਕਈ ਸੋਰ ਮੰਡਲ ਹਨ। ਕਈ ਸੂਰਜ ਅਤੇ ਚੰਦਰਮੇ ਹਨ। ਜਿਵੇਂ ਜਿਸ ਧਰਤੀ ਉੱਪਰ ਅਸੀਂ ਵਾਸ ਕਰਦੇ ਹਾਂ ਅਤੇ ਸਾਡੀ ਧਰਤੀ ਦੇ ਚੌਗਿਰਦ ਇੱਕ ਸੋਰ ਮੰਡਲ ਹੈ। ਇਸੇ ਤਰ੍ਹਾਂ ਨਾਲ ਇਨ੍ਹਾਂ ਸਾਰੀਆਂ ਸ੍ਰਿਸ਼ਟੀਆਂ ਦੇ ਆਪੋ ਆਪਣੇ ਸੋਰ ਮੰਡਲ ਹਨ। ਹਰ ਇੱਕ ਸ੍ਰਿਸ਼ਟੀ ਵਿੱਚ ਅਲਗ ਅਲਗ ਖਾਣੀਆਂ ਵਿੱਚ ਪੈਦਾ ਹੋਏ ਅਤੇ ਅਲਗ ਅਲਗ ਬਾਣੀਆਂ ਬੋਲਣ ਵਾਲੇ ਜੀਵ ਜੀਵਨ ਜੀ ਰਹੇ ਹਨ ਅਤੇ ਆਪਣੇ ਕਰਮ-ਕਾਂਡ ਨੂੰ ਅੰਜਾਮ ਦੇ ਰਹੇ ਹਨ। ਜਿਵੇਂ ਕਿ ਸਾਡੀ ਧਰਤੀ ਉੱਪਰ ਅਤੇ ਸ੍ਰਿਸ਼ਟੀ ਵਿੱਚ ਬੇਅੰਤ ਭਗਤ ਹੋਏ ਹਨ ਅਤੇ ਹੁਣ ਵੀ ਸੰਸਾਰ ਵਿੱਚ ਵਿਚਰ ਰਹੇ ਹਨ ਅਤੇ ਉਪਦੇਸ਼ ਦੇ ਰਹੇ ਹਨ ਇਸੇ ਤਰ੍ਹਾਂ ਨਾਲ ਇਨ੍ਹਾਂ ਸਾਰੀਆਂ ਸ੍ਰਿਸ਼ਟੀਆਂ ਵਿੱਚ ਵੀ ਬੇਅੰਤ ਭਗਤ ਗੁਣ ਗਿਆਨ ਵਿਚਾਰ ਕਰਦੇ ਹੋਏ ਬੰਦਗੀ ਵਿੱਚ ਲੀਨ ਹਨ ਅਤੇ ਬਾਕੀ ਦੇ ਪ੍ਰਾਣੀਆਂ ਨੂੰ ਉਪਦੇਸ਼ ਦੇ ਰਹੇ ਹਨ। ਜਿਵੇਂ ਕਿ ਸਾਡੀ ਧਰਤੀ ਉੱਪਰ ਕਈ ਸਿੱਧ ਪੁਰਖ ਅਤੇ ਮਹਾਤਮਾ ਬੁੱਧ ਵਰਗੇ ਤਪੱਸਵੀ, ਬ੍ਰਹਮ ਗਿਆਨੀ, ਸੰਤ, ਭਗਤ, ਸਤਿਗੁਰ, ਅਵਤਾਰ ਅਤੇ ਖ਼ਾਲਸੇ ਹੋਏ ਹਨ ਅਤੇ ਹੋ ਰਹੇ ਹਨ ਠੀਕ ਇਸੇ ਤਰ੍ਹਾਂ ਹੀ ਇਨ੍ਹਾਂ ਸਾਰੀਆਂ ਸ੍ਰਿਸ਼ਟੀਆਂ ਵਿੱਚ ਵੀ ਐਸੇ ਹੀ ਕਈ ਸਿੱਧ ਪੁਰਖ ਅਤੇ ਮਹਾਤਮਾ ਬੁੱਧ ਵਰਗੇ ਤਪੱਸਵੀ, ਬ੍ਰਹਮ ਗਿਆਨੀ, ਸੰਤ, ਭਗਤ, ਸਤਿਗੁਰ, ਅਵਤਾਰ ਅਤੇ ਖ਼ਾਲਸੇ ਹੋਏ ਹਨ ਅਤੇ ਹੋ ਰਹੇ ਹਨ।

ਸ੍ਰਿਸ਼ਟੀ ਦੀ ਰਚਨਾ ਵਿੱਚ ਬੇਅੰਤ ਦੇਵੀ ਦੇਵਤੇ ਹਨ, ਬੇਅੰਤ ਦਾਨਵ ਹਨ, ਬੇਅੰਤ ਰਿਸ਼ੀ ਅਤੇ ਮੁਨੀ ਹਨ, ਬੇਅੰਤ ਕਿਸਮ ਦੀ ਧਨ-ਸੰਪਦਾ ਦੇ ਭੰਡਾਰ ਹਨ, ਬੇਅੰਤ ਰਤਨਾਂ ਨਾਲ ਭਰਪੂਰ ਸਮੁੰਦਰ ਹਨ, ਬੇਅੰਤ ਪਾਤਸ਼ਾਹ ਅਤੇ ਰਾਜੇ ਹਨ, ਬੇਅੰਤ ਪ੍ਰਕਾਰ ਦੀਆਂ ਖਾਣੀਆਂ ਹਨ ਜਿਨ੍ਹਾਂ ਵਿੱਚ ਜੀਵ ਜੰਮਦੇ ਹਨ, ਬੇਅੰਤ ਪ੍ਰਕਾਰ ਦੀਆਂ ਇਨ੍ਹਾਂ ਜੀਵਾਂ ਦੀਆਂ ਬਾਣੀਆਂ ਹਨ, ਬੇਅੰਤ ਜੀਵ ਸੁਰਤਿ ਵਿੱਚ ਧਿਆਨ ਲੱਗਾ ਕੇ ਬੈਠਦੇ ਹਨ, ਬੇਅੰਤ ਕਿਸਮ ਦੇ ਧਿਆਨ ਲੱਗਾਉਣ ਦੇ ਤਰੀਕੇ ਹਨ, ਬੇਅੰਤ ਸੇਵਕ ਜਨ ਹਨ, ਇਨ੍ਹਾਂ ਸਾਰਿਆਂ ਦਾ ਕੋਈ ਅੰਤ ਨਹੀਂ ਪਾ ਸਕਦਾ ਹੈ।

ਇਸ ਪਉੜੀ ਵਿੱਚ ਪ੍ਰਗਟ ਕੀਤੇ ਗਏ ਪੂਰਨ ਬ੍ਰਹਮ ਗਿਆਨ ਦੇ ਸਾਰੇ ਸ਼ਬਦਾਂ ਦਾ ਇਹ ਹੀ ਭਾਵ ਹੈ ਕਿ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪ ਬੇਅੰਤ ਹੈ, ਅਨੰਤ ਹੈ, ਅਪਰੰਪਰ ਹੈ, ਅਪਾਰ ਹੈ, ਅਗੰਮ ਹੈ, ਅਗੋਚਰ ਹੈ ਅਤੇ ਉਸ ਦੀਆਂ ਬਣਾਈਆਂ ਗਈਆਂ ਸਾਰੀਆਂ ਸ੍ਰਿਸ਼ਟੀਆਂ ਵੀ ਬੇਅੰਤ ਹਨ। ਇਸ ਪਰਮ ਸਤਿ ਤੱਤ ਦਾ ਗਿਆਨ ਮਨੁੱਖ ਨੂੰ ਹੋ ਜਾਂਦਾ ਹੈ। ਸਤਿ ਪਾਰਬ੍ਰਹਮ ਦੀ ਬੇਅੰਤਤਾ ਦੀ ਮਹਿਮਾ ਮਨੁੱਖ ਨੂੰ ਗਿਆਨ ਖੰਡ ਵਿੱਚ ਸਮਝ ਆ ਜਾਂਦੀ ਹੈ।

ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਨਾਮ ਦੀ ਮਹਿਮਾ ਸਮਝ ਆ ਜਾਂਦੀ ਹੈ। ਨਾਮ

ਸਿਮਰਨ ਦੀ ਮਹਿਮਾ ਸਮਝ ਆ ਜਾਂਦੀ ਹੈ। ਨਾਮ ਦੀ ਕਮਾਈ ਦੀ ਮਹਿਮਾ ਸਮਝ ਆ ਜਾਂਦੀ ਹੈ। ਪੂਰਨ ਬੰਦਗੀ ਦੀ ਮਹਿਮਾ ਸਮਝ ਆ ਜਾਂਦੀ ਹੈ। ਗੁਰਬਾਣੀ ਦੇ ਪੂਰਨ ਬ੍ਰਹਮ ਗਿਆਨ ਦੀ ਮਹਿਮਾ ਸਮਝ ਆ ਜਾਂਦੀ ਹੈ। ਸਤਿ ਦੀ ਮਹਿਮਾ ਸਮਝ ਆ ਜਾਂਦੀ ਹੈ। ਸਤਿ ਸੰਗਤ ਦਾ ਗਿਆਨ ਹੋ ਜਾਂਦਾ ਹੈ। ਸਤਿ ਸੰਗਤ ਦੀ ਮਹਿਮਾ ਸਮਝ ਆ ਜਾਂਦੀ ਹੈ। ਸੰਤ ਦੀ ਸੰਗਤ ਦਾ ਗਿਆਨ ਹੋ ਜਾਂਦਾ ਹੈ। ਸੰਤ ਦੀ ਮਹਿਮਾ ਸਮਝ ਆ ਜਾਂਦੀ ਹੈ। ਸਤਿਗੁਰ ਦੀ ਮਹਿਮਾ ਦਾ ਗਿਆਨ ਹੋ ਜਾਂਦਾ ਹੈ। ਬ੍ਰਹਮ ਗਿਆਨੀ ਦੀ ਮਹਿਮਾ ਦਾ ਗਿਆਨ ਹੋ ਜਾਂਦਾ ਹੈ। ਸਤਿਗੁਰ ਅਵਤਾਰਾਂ ਦੀ ਮਹਿਮਾ ਸਮਝ ਆ ਜਾਂਦੀ ਹੈ। ਨਾਮ ਜਪਣ ਵਾਲਿਆਂ ਦਾ ਗਿਆਨ ਹੋ ਜਾਂਦਾ ਹੈ। ਸੁਹਾਗਣ ਅਤੇ ਸਦਾ ਸੁਹਾਗਣ ਦੀ ਮਹਿਮਾ ਦਾ ਗਿਆਨ ਹੋ ਜਾਂਦਾ ਹੈ। ਸਿੱਖ, ਗੁਰਸਿੱਖ ਅਤੇ ਗੁਰਮੁਖ ਦੀ ਮਹਿਮਾ ਸਮਝ ਆ ਜਾਂਦੀ ਹੈ। ਪਰਮ ਪਦਵੀ, ਸਹਿਜ ਅਵਸਥਾ ਅਤੇ ਅਟੱਲ ਅਵਸਥਾ ਦੀ ਮਹਿਮਾ ਸਮਝ ਆ ਜਾਂਦੀ ਹੈ। ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਸਮਝ ਪੈ ਜਾਂਦੀ ਹੈ। ਅੰਦਰਲੀ ਰਹਿਤ ਜੋ ਕਿ ਮਾਇਆ ਨੂੰ ਜਿੱਤਣ ਦੀ ਰਹਿਤ ਹੈ ਉਸ ਦੀ ਸੋਝੀ ਆ ਜਾਂਦੀ ਹੈ। ਸਿਮਰਨ, ਅਜਪਾ ਜਾਪ, ਸਮਾਧੀ, ਸੁੰਨ ਸਮਾਧੀ ਅਤੇ ਰੋਮ-ਰੋਮ ਸਿਮਰਨ ਦੀਆਂ ਪਰਮ ਅਵਸਥਾਵਾਂ ਦੀ ਮਹਿਮਾ ਸਮਝ ਆ ਜਾਂਦੀ ਹੈ। ਸਤਿ ਸਰੋਵਰਾਂ ਦੀ ਮਹਿਮਾ ਸਮਝ ਆ ਜਾਂਦੀ ਹੈ। ਸਾਰੇ ਬਜਰ ਕਪਾਟਾਂ ਦੀ ਮਹਿਮਾ ਸਮਝ ਆ ਜਾਂਦੀ ਹੈ। ਗੁਰ ਪ੍ਰਸਾਦਿ ਦੀ ਮਹਿਮਾ ਦਾ ਗਿਆਨ ਹੋ ਜਾਂਦਾ ਹੈ।

ਸਤਿ ਸੰਗਤ ਦੀ ਪ੍ਰਾਪਤੀ ਦੀ ਤਾਂਘ ਬਹੁਤ ਪ੍ਰਬਲ ਹੋ ਜਾਂਦੀ ਹੈ। ਗੁਰ ਪ੍ਰਸਾਦਿ ਦੀ ਪ੍ਰਾਪਤੀ ਦੀ ਤਾਂਘ ਬਹੁਤ ਪ੍ਰਬਲ ਹੋ ਜਾਂਦੀ ਹੈ। ਸੰਤ ਦੀ ਸੰਗਤ ਪ੍ਰਾਪਤ ਕਰਨ ਦੀ ਤਾਂਘ ਬਹੁਤ ਪ੍ਰਬਲ ਹੋ ਜਾਂਦੀ ਹੈ। ਬੈਰਾਗ ਆਉਣਾ ਸ਼ੁਰੂ ਹੋ ਜਾਂਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਦਰਸ਼ਨ ਦੀ ਤਾਂਘ ਬਹੁਤ ਪ੍ਰਬਲ ਹੋ ਜਾਂਦੀ ਹੈ। ਨਾਮ ਜਪਣ ਅਤੇ ਨਾਮ ਦੀ ਕਮਾਈ ਕਰਨ ਦੀ ਤਾਂਘ ਬਹੁਤ ਪ੍ਰਬਲ ਹੋ ਜਾਂਦੀ ਹੈ। ਬਾਣੀ ਤੁਹਾਡਾ ਮਾਰਗ ਦਰਸ਼ਨ ਕਰਨ ਲੱਗ ਪੈਂਦੀ ਹੈ ਅਤੇ ਤੁਸੀਂ ਬੰਦਗੀ ਦੀ ਅਗਲੀ ਅਵਸਥਾ ਵਿੱਚ ਪ੍ਰਵੇਸ਼ ਕਰ ਜਾਂਦੇ ਹੋ। ਅਗਲੀ ਅਵਸਥਾ ਦੀ ਮਹਿਮਾ ਅਗਲੀ ਪਉੜੀ ਵਿੱਚ ਬਿਆਨ ਕੀਤੀ ਗਈ ਹੈ।

੩. ਸਰਮ ਖੰਡ:

ਸਰਮ ਤੋਂ ਭਾਵ ਹੈ ਕੜੀ ਮੁਸ਼ੱਕਤ ਕਰਨਾ, ਕੜਾ ਪਰਿਸ਼ਰਮ ਕਰਨਾ, ਕੜੀ ਮਿਹਨਤ ਕਰਨਾ। ਇਸ ਲਈ ਇਸ ਅਵਸਥਾ ਨੂੰ ਕੜੇ ਉਦੱਮ, ਪਰਿਸ਼ਰਮ, ਮੁਸ਼ੱਕਤ ਕਰਨ ਦੀ ਅਵਸਥਾ ਕਿਹਾ ਜਾਂਦਾ ਹੈ। ਜਿਗਿਆਸੂ ਦੀ ਪ੍ਰਬਲ ਅਤੇ ਪ੍ਰਚੰਡ ਜਿਗਿਆਸਾ ਉਸ ਨੂੰ ਗੁਰ ਕਾ ਸ਼ਬਦ ਦੀ ਕਮਾਈ ਵਿੱਚ ਲੈ ਜਾਂਦੀ ਹੈ। ਰੂਹਾਨੀਅਤ ਦੀ ਘੋਲ ਕਮਾਈ ਸ਼ੁਰੂ ਹੋ ਜਾਂਦੀ ਹੈ। ਗੁਰ ਸ਼ਬਦ ਦਾ ਅਭਿਆਸ ਸ਼ੁਰੂ ਹੋ ਜਾਂਦਾ ਹੈ। ਤੁਸੀਂ ਜ਼ਿੰਦਗੀ ਦੇ ਅਸਲੀ ਦਰਗਾਹੀ ਮੰਤਵ ਜੀਵਨ ਮੁਕਤੀ ਨੂੰ ਪ੍ਰਾਪਤ ਕਰਨ ਲਈ ਅਸਲ ਵਿੱਚ ਸਖ਼ਤ ਮਿਹਨਤ ਸ਼ੁਰੂ ਕਰਦੇ ਹੋ।

ਅੰਮ੍ਰਿਤ ਵੇਲੇ ਦਾ ਜਾਗਣਾ, ਇਸ਼ਨਾਨ ਕਰਨਾ, ਫਿਰ ਲੰਬੇ ਨਾਮ ਸਿਮਰਨ ਦੇ ਅਭਿਆਸ ਵਿੱਚ ਬੈਠਣਾ। ਜਿਨ੍ਹਾਂ ਜਿਗਿਆਸੂਆਂ ਦਾ ਬੈਰਾਗ ਅਤੇ ਗੁਰ ਕਾ ਸ਼ਬਦ ਕਮਾਉਣ ਦੀ ਤਾਂਘ ਬਹੁਤ ਪ੍ਰਬਲ ਹੋ ਜਾਂਦੀ ਹੈ ਉਹ ਰਾਤ ਦੇ ੧੨ ਵਜੇ ਤੋਂ ਬਾਅਦ ਸੌਂਦੇ ਨਹੀਂ ਹਨ। ਐਸੇ ਜਿਗਿਆਸੂ ਨੀਂਦ ਦਾ ਤਿਆਗ ਕਰ ਦਿੰਦੇ ਹਨ ਅਤੇ ਰਾਤ ਦੇ ੧੨ ਵਜੇ ਤੋਂ ਉੱਠ ਕੇ ਇਸ਼ਨਾਨ ਕਰ ਲੰਬੇ ਨਾਮ ਸਿਮਰਨ ਦੇ ਅਭਿਆਸ ਵਿੱਚ ਚਲੇ ਜਾਂਦੇ ਹਨ। ਰਾਤ ਦੇ ੧੨ ਵਜੇ ਤੋਂ ਬਾਅਦ ਵਾਤਾਵਰਨ ਸ਼ਾਂਤ ਹੋ ਜਾਂਦਾ ਹੈ। ਵਿਨਾਸ਼ਕਾਰੀ ਸ਼ਕਤੀਆਂ ਥੱਕ ਟੁੱਟ ਕੇ

ਬੈਠ ਜਾਂਦੀਆਂ ਹਨ। ਜਿਗਿਆਸੂ ਦਾ ਅਲੱਖ ਜਗਾਉਣ ਦਾ ਸਮਾਂ ਸ਼ੁਰੂ ਹੋ ਜਾਂਦਾ ਹੈ। ਜਿਗਿਆਸੂ ਦਾ ਬੰਦਗੀ ਦਾ ਸਮਾਂ ਸ਼ੁਰੂ ਹੋ ਜਾਂਦਾ ਹੈ। ਕੁਝ ਸੰਤ ਮਹਾਂਪੁਰਖ ਤਾਂ ਇਹ ਦੱਸਦੇ ਹਨ ਕਿ ਇਸ ਸਮੇਂ (ਰਾਤ ਦੇ ੧੨ ਵਜੇ ਤੋਂ) ਕੀਤਾ ਗਿਆ ਸਿਮਰਨ ਬਹੁਤ ਲਾਭਕਾਰੀ ਹੁੰਦਾ ਹੈ। (ਇਹ ਦਾਸਨ ਦਾਸ ਦਾ ਵੀ ਜਾਤੀ ਅਨੁਭਵ ਹੈ।) ਰਾਤ ਦੇ ੧ ਵਜੇ ਤੋਂ ੫ ਵਜੇ ਤੱਕ ਕੀਤਾ ਗਿਆ ਸਿਮਰਨ ਸਭ ਤੋਂ ਵੱਧ ਫਲ ਦਾਇਕ ਹੁੰਦਾ ਹੈ। ੧-੨ ਤੱਕ ਕੀਤਾ ਗਿਆ ਸਿਮਰਨ ਇਤਨਾ ਪੁੰਨ ਦਾਇਕ ਹੁੰਦਾ ਹੈ ਜਿਤਨਾ ਪੁੰਨ ਇੱਕ ਮਣ (੪੦ ਕਿੱਲੋ) ਹੀਰੇ ਵੀ ਦਾਨ ਕੀਤੇ ਜਾਣ ਤਾਂ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੈ। ੨-੩ ਤੱਕ ਕੀਤਾ ਗਿਆ ਸਿਮਰਨ ਇਤਨਾ ਪੁੰਨ ਦਾਇਕ ਹੁੰਦਾ ਹੈ ਕਿ ਇੱਕ ਮਣ (੪੦ ਕਿੱਲੋ) ਸੋਨਾ ਵੀ ਦਾਨ ਕੀਤਾ ਜਾਏ ਤਾਂ ਵੀ ਪ੍ਰਾਪਤ ਨਹੀਂ ਹੋ ਸਕਦਾ ਹੈ। ੩-੪ ਤੱਕ ਕੀਤਾ ਗਿਆ ਸਿਮਰਨ ਇਤਨਾ ਪੁੰਨ ਦਾਇਕ ਹੁੰਦਾ ਹੈ ਕਿ ਇੱਕ ਮਣ (੪੦ ਕਿੱਲੋ) ਚਾਂਦੀ ਵੀ ਦਾਨ ਕੀਤੀ ਜਾਏ ਤਾਂ ਵੀ ਪ੍ਰਾਪਤ ਨਹੀਂ ਹੋ ਸਕਦਾ ਹੈ। ੪-੫ ਤੱਕ ਕੀਤਾ ਗਿਆ ਸਿਮਰਨ ਇਤਨਾ ਪੁੰਨ ਦਾਇਕ ਹੁੰਦਾ ਹੈ ਕਿ ਇੱਕ ਮਣ (੪੦ ਕਿੱਲੋ) ਤਾਂਬਾ ਵੀ ਦਾਨ ਕੀਤਾ ਜਾਏ ਤਾਂ ਵੀ ਪ੍ਰਾਪਤ ਨਹੀਂ ਹੋ ਸਕਦਾ ਹੈ। ੫-੬ ਤੱਕ ਕੀਤਾ ਗਿਆ ਸਿਮਰਨ ਇਤਨਾ ਪੁੰਨ ਦਾਇਕ ਹੁੰਦਾ ਹੈ ਕਿ ਇੱਕ ਮਣ (੪੦ ਕਿੱਲੋ) ਲੋਹਾ ਵੀ ਦਾਨ ਕੀਤਾ ਜਾਏ ਤਾਂ ਵੀ ਪ੍ਰਾਪਤ ਨਹੀਂ ਹੋ ਸਕਦਾ ਹੈ। ਇਸ ਤਰ੍ਹਾਂ ਜਿਵੇਂ-ਜਿਵੇਂ ਦਿਨ ਚੜ੍ਹਦਾ ਹੈ ਸਿਮਰਨ ਦਾ ਪੁੰਨ ਫਲ ਘਟਣਾ ਸ਼ੁਰੂ ਹੋ ਜਾਂਦਾ ਹੈ।

ਇਸ ਤਰ੍ਹਾਂ ਨਾਲ ਜਦ ਗੁਰ ਕੇ ਸ਼ਬਦ ਦਾ ਅਭਿਆਸ ਪ੍ਰਚੰਡ ਹੋ ਜਾਂਦਾ ਹੈ ਤਾਂ ਗੁਰ ਕੇ ਸ਼ਬਦ ਦਾ ਰੰਗ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਗੁਰਬਾਣੀ ਦਾ ਅਭਿਆਸ ਕਰਨ ਨਾਲ ਗੁਰਬਾਣੀ ਦਾ ਰੰਗ ਰੂਪ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਨਾਮ ਅਭਿਆਸ ਨਾਲ ਗੁਰਬਾਣੀ ਮਨੁੱਖ ਦੇ ਹਿਰਦੇ ਅੰਦਰ ਪ੍ਰਵੇਸ਼ ਕਰਨ ਲੱਗ ਪੈਂਦੀ ਹੈ। ਗੁਰਬਾਣੀ ਦੀ ਹੋਰ ਡੂੰਘਾਈ ਸਮਝ ਆਉਣੀ ਸ਼ੁਰੂ ਹੋ ਜਾਂਦੀ ਹੈ। ਗੁਰਬਾਣੀ ਵਿੱਚ ਮਾਨਸਰੋਵਰ ਦੀ ਝਲਕ ਨਜ਼ਰ ਆਉਣ ਲੱਗ ਪੈਂਦੀ ਹੈ। ਸਿਮਰਨ ਅਭਿਆਸ ਮਨੁੱਖ ਦੇ ਮਨ ਨੂੰ ਘੜਣਾ ਸ਼ੁਰੂ ਕਰ ਦਿੰਦਾ ਹੈ। ਸਿਮਰਨ ਦੇ ਅਭਿਆਸ ਨਾਲ ਮਨ ਬਹੁਤ ਸੁੰਦਰ ਘੜਿਆ ਜਾਂਦਾ ਹੈ। ਮਨੁੱਖ ਦੇ ਮਨ ਵਿੱਚ ਮਾੜੇ ਫੁਰਨਿਆਂ ਦਾ ਆਉਣਾ ਬੰਦ ਹੋ ਜਾਂਦਾ ਹੈ ਅਤੇ ਕੇਵਲ ਸੁੰਦਰ ਰੂਹਾਨੀ ਫੁਰਨੇ ਹੀ ਰਹਿ ਜਾਂਦੇ ਹਨ। ਮਨੁੱਖ ਦਾ ਮਨ ਗੁਰ ਸ਼ਬਦ ਵਿੱਚ ਟਿਕ ਜਾਂਦਾ ਹੈ। ਮਨ ਪੂਰਨ ਸ਼ਾਂਤ ਹੋਣਾ ਸ਼ੁਰੂ ਹੋ ਜਾਂਦਾ ਹੈ। ਜੋ ਮਨੁੱਖ ਸਤਿਗੁਰ ਦੀ ਸੇਵਾ ਵਿੱਚ ਸਤਿਨਾਮ ਸਿਮਰਨ ਦੀ ਸੇਵਾ ਕਰਦੇ ਹਨ ਉਨ੍ਹਾਂ ਉੱਪਰ ਸੱਚੀ ਸ਼ਰਧਾ, ਪ੍ਰੀਤ ਅਤੇ ਭਰੋਸੇ ਦਾ ਰੰਗ ਚੜ੍ਹ ਜਾਂਦਾ ਹੈ। ਭਾਵ ਜੋ ਪੂਰਨ ਸੰਤ ਸਤਿਗੁਰੂ ਦੀ ਸਤਿਸੰਗਤ ਵਿੱਚ ਉਸ ਦੇ ਛਤਰ ਹੇਠ ਬੈਠ ਕੇ ਸਤਿਨਾਮ ਸਿਮਰਨ ਅਭਿਆਸ ਕਰਦੇ ਹਨ ਐਸੇ ਮਨੁੱਖਾਂ ਦਾ ਹਿਰਦਾ ਸੱਚੀ ਸ਼ਰਧਾ, ਪ੍ਰੀਤ ਅਤੇ ਭਰੋਸੇ ਵਿੱਚ ਭਿੱਜ ਜਾਂਦਾ ਹੈ ਅਤੇ ਉਨ੍ਹਾਂ ਦੀ ਸਤਿਨਾਮ ਨਾਲ ਚੜ੍ਹਦੀ ਕਲਾ ਹੋਣੀ ਸ਼ੁਰੂ ਹੋ ਜਾਂਦੀ ਹੈ। ਉਨ੍ਹਾਂ ਦੇ ਅੰਦਰ ਸਤਿਨਾਮ ਚਲਣਾ ਸ਼ੁਰੂ ਹੋ ਜਾਂਦਾ ਹੈ। ਗੁਰਬਾਣੀ ਵਿੱਚ ਇਸ ਪਰਮ ਸਤਿ ਤੱਤ ਨੂੰ ਇਸ ਸਲੋਕ ਵਿੱਚ ਪ੍ਰਗਟ ਕੀਤਾ ਗਿਆ ਹੈ:

ਜੋ ਗੁਰਮੁਖਿ ਨਾਮੁ ਧਿਆਇਦੇ ਤਿਨੀ ਚੜੀ ਚਵਗਣਿ ਵੰਨੀ ॥੧੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੯੧)

ਜੋ ਸਤਿਨਾਮ ਧਿਆਉਂਦੇ ਹਨ ਉਨ੍ਹਾਂ ਗੁਰਮੁਖਾਂ ਉੱਪਰ ਸਤਿਨਾਮ ਦਾ ਰੰਗ ਚੜ੍ਹ ਜਾਂਦਾ ਹੈ। ਉਨ੍ਹਾਂ ਦੀ ਚੜ੍ਹਦੀ ਕਲਾ ਹੋ ਜਾਂਦੀ ਹੈ। ਜੋ ਮਨੁੱਖ ਸਤਿਗੁਰ ਦੇ ਚਰਨਾਂ ਉੱਪਰ ਆਪਣਾ

ਤਨ, ਮਨ, ਧਨ ਅਰਪਣ ਕਰ ਦਿੰਦੇ ਹਨ ਉਹ ਧਿਆਨ ਵਿੱਚ ਚਲੇ ਜਾਂਦੇ ਹਨ ਅਤੇ ਉਨ੍ਹਾਂ ਦਾ ਹਿਰਦਾ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਪ੍ਰੀਤ ਵਿੱਚ ਓਤਪੋਤ ਹੋ ਜਾਂਦਾ ਹੈ। ਜਿਨ੍ਹਾਂ ਮਨੁੱਖਾਂ ਦਾ ਪੂਰਾ ਓਟ ਆਸਰਾ ਸਤਿਨਾਮ ਹੀ ਹੋ ਜਾਂਦਾ ਹੈ ਉਨ੍ਹਾਂ ਉੱਪਰ ਸਤਿਨਾਮ ਦਾ ਰੰਗ ਚੜ੍ਹ ਜਾਂਦਾ ਹੈ।

ਸਰਮ ਤੋਂ ਨਿਮਰਤਾ ਭਾਵਨਾ ਦਾ ਭਾਵ ਵੀ ਪ੍ਰਗਟ ਹੁੰਦਾ ਹੈ। ਨਿਮਰਤਾ ਵਿੱਚ ਦਰਗਾਹ ਦੀ ਕੁੰਜੀ ਹੈ। ਹਿਰਦੇ ਦੀ ਗਰੀਬੀ ਵਿੱਚ ਦਰਗਾਹ ਦੀ ਕੁੰਜੀ ਹੈ। ਗਰੀਬੀ ਵੇਸ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪ ਪ੍ਰਗਟ ਹੁੰਦਾ ਹੈ। ਹਿਰਦੇ ਵਿੱਚ ਗਰੀਬੀ ਦੇ ਵੱਸ ਜਾਣ ਨਾਲ ਹੀ ਜੀਵਨ ਮੁਕਤੀ ਪ੍ਰਾਪਤ ਹੁੰਦੀ ਹੈ। ਹਿਰਦੇ ਵਿੱਚ ਗਰੀਬੀ ਤੋਂ ਭਾਵ ਹੈ ਮਨੁੱਖ ਦੇ ਹਿਰਦੇ ਵਿੱਚ ਅਤਿ ਦੀ ਨਿਰਮਾਣਤਾ ਆ ਜਾਣਾ। ਗਰੀਬੀ ਵੇਸ ਹਿਰਦਾ ਗੁਰ ਪ੍ਰਸਾਦਿ ਹੈ। ਇਹ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ। ਜੋ ਮਨੁੱਖ ਹਿਰਦੇ ਦੀ ਗਰੀਬੀ ਦੀ ਕਮਾਈ ਕਰਦੇ ਹਨ ਉਨ੍ਹਾਂ ਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜੋ ਮਨੁੱਖ ਸਾਰੀ ਸ੍ਰਿਸ਼ਟੀ ਦੇ ਚਰਨਾਂ ਦੀ ਧੂਲ ਬਣ ਜਾਂਦੇ ਹਨ ਉਨ੍ਹਾਂ ਨੂੰ ਆਤਮ ਰਸ ਦੀ ਪ੍ਰਾਪਤੀ ਹੁੰਦੀ ਹੈ। ਆਤਮ ਰਸ ਅੰਮ੍ਰਿਤ ਕੇਵਲ ਜੀਵਨ ਮੁਕਤ ਪੂਰਨ ਸੰਤ ਸਤਿਗੁਰੂ ਅਤੇ ਪੂਰਨ ਬ੍ਰਹਮ ਗਿਆਨੀ ਨੂੰ ਪ੍ਰਾਪਤ ਹੁੰਦਾ ਹੈ। ਭਾਵ ਜਿਨ੍ਹਾਂ ਮਨੁੱਖਾਂ ਦਾ ਹਿਰਦਾ ਪੂਰਨ ਨਿਮਰਤਾ ਵਿੱਚ ਜਾ ਕੇ ਗਰੀਬੀ ਵੇਸ ਹਿਰਦਾ ਬਣ ਜਾਂਦਾ ਹੈ ਉਸ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪ ਪ੍ਰਗਟਿਓ ਜੋਤ ਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਦੇ ਕਈ ਸਲੋਕਾਂ ਵਿੱਚ ਪ੍ਰਗਟ ਕੀਤਾ ਗਿਆ ਹੈ:

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੯)

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩)

ਬ੍ਰਹਮ ਗਿਆਨੀ ਸਗਲ ਕੀ ਰੀਨਾ ॥ ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੨)

ਨਿੰਮਰਤਾ ਭਾਵਨਾ ਦਾ ਇਹ ਗਿਆਨ ਮਨੁੱਖ ਦੇ ਹਿਰਦੇ ਨੂੰ ਭੇਦ (ਚੀਰ) ਕੇ ਰੱਖ ਦਿੰਦਾ ਹੈ ਅਤੇ ਮਨੁੱਖ ਨਿਮਰਤਾ ਭਾਵਨਾ ਵਿੱਚ ਚਲਾ ਜਾਂਦਾ ਹੈ। ਨਿਮਰਤਾ ਭਾਵਨਾ ਵਿੱਚ ਸਤਿਨਾਮ ਸਿਮਰਨ ਕਰਦਾ ਹੋਇਆ ਆਪਣੇ ਰੋਜ਼ਾਨਾ ਜੀਵਨ ਵਿੱਚ ਨਿਮਰਤਾ ਦੀ ਕਮਾਈ ਕਰਦਾ ਹੈ। ਜੋ ਮਨੁੱਖ ਨਿਮਰਤਾ ਦੀ ਕਮਾਈ ਕਰਦਾ ਹੈ ਉਹ ਆਪਣੇ ਆਪ ਨੂੰ ਗੁਰ ਅਤੇ ਗੁਰੂ ਦੇ ਸਤਿ ਚਰਨਾਂ ਤੇ ਪੂਰਨ ਰੂਪ ਵਿੱਚ ਸਮਰਪਿਤ ਕਰ ਦਿੰਦਾ ਹੈ। ਪੂਰਨ ਦ੍ਰਿੜ੍ਹਤਾ ਅਤੇ ਵਿਸ਼ਵਾਸ ਨਾਲ, ਭਰੋਸੇ ਅਤੇ ਯਕੀਨ ਨਾਲ, ਸ਼ਰਧਾ ਅਤੇ ਪਿਆਰ ਨਾਲ ਪੂਰੀ ਤਰ੍ਹਾਂ ਗੁਰੂ ਅੱਗੇ ਆਪਣਾ ਆਪਾ ਨਿਛਾਵਰ ਕਰ ਕੇ, ਤਨ-ਮਨ-ਧਨ ਗੁਰੂ ਦੇ ਚਰਨਾਂ ਤੇ ਅਰਪਣ ਕਰ ਕੇ ਆਪਣੇ ਆਪ ਨੂੰ ਸਤਿਨਾਮ ਸਿਮਰਨ ਨੂੰ ਸਮਰਪਿਤ ਕਰ ਦਿੰਦਾ ਹੈ। ਆਪਣੀ ਰੋਜ਼ਾਨਾ ਦੀ ਕਰਨੀ ਨੂੰ ਸਤਿ ਦੀ ਕਰਨੀ ਵਿੱਚ ਪਰਿਵਰਤਿਤ ਕਰ ਦਿੰਦਾ ਹੈ। ਮਨ, ਬਚਨ ਅਤੇ ਕਰਮ ਕਰ ਕੇ ਆਪਣੇ ਸਤਿਗੁਰ ਦੀ ਸੇਵਾ ਵਿੱਚ ਲੀਨ ਹੋ ਜਾਂਦਾ ਹੈ। ਆਪਣੇ ਸਤਿਗੁਰ ਦੇ ਸਤਿ ਚਰਨਾਂ ਤੇ ਆਪਣਾ ਦਸਵੰਧ ਦੇਣਾ ਸ਼ੁਰੂ ਕਰ ਦਿੰਦਾ ਹੈ - ਸਮੇਂ ਦਾ ਅਤੇ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਦਾ ਦਸਵੰਧ ਆਪਣੇ ਸਤਿਗੁਰ ਦੇ ਚਰਨਾਂ ਤੇ ਅਰਪਣ ਕਰਨਾ ਆਰੰਭ ਕਰ ਦਿੰਦਾ ਹੈ।

ਨਿੰਮਰਤਾ ਮਨੁੱਖ ਦੀ ਹਉਮੈ ਨੂੰ ਨਸ਼ਟ ਕਰ ਦਿੰਦੀ ਹੈ। ਹਉਮੈ ਦੀ ਵਿਨਾਸ਼ਕਾਰੀ ਸ਼ਕਤੀ ਮਨੁੱਖ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੂੰ ਮਿਲਣ ਦੇ ਵਿੱਚ ਕੂੜ ਦੀ ਕੰਧ ਦਾ ਕੰਮ ਕਰਦੀ ਹੈ। ਇਹ ਕੂੜ ਦੀ ਕੰਧ ਨਿਮਰਤਾ ਦੇ ਦਰਗਾਹੀ ਅਸਤਰ ਨਾਲ ਢਹਿ ਜਾਂਦੀ ਹੈ। ਨਿਮਰਤਾ ਵਿੱਚ ਦਰਗਾਹੀ ਪਰਮ ਸ਼ਕਤੀ ਹੈ ਜੋ ਮਨੁੱਖ ਦੀ ਹਉਮੈ ਦਾ ਨਾਸ ਕਰ ਕੇ ਉਸ ਨੂੰ ਜੀਵਨ ਮੁਕਤੀ ਦਾ ਗੁਰ ਪ੍ਰਸਾਦਿ ਦੇਣ ਵਿੱਚ ਸਹਾਇਕ ਸਿੱਧ ਹੁੰਦੀ ਹੈ। ਸੰਤ ਜਨਾਂ ਦੇ ਹਿਰਦੇ ਅਤੇ ਚਰਨਾਂ ਵਿੱਚ ਨਿਮਰਤਾ ਦੀ ਇਹ ਪਰਮ ਸ਼ਕਤੀ ਨਿਵਾਸ ਕਰਦੀ ਹੈ। ਇਸ ਲਈ ਸੰਤ ਜਨਾਂ ਦੇ ਚਰਨਾਂ ਦੀ ਮਹਿਮਾ ਗੁਰਬਾਣੀ ਵਿੱਚ ਬਾਰ-ਬਾਰ ਪ੍ਰਗਟ ਕੀਤੀ ਗਈ ਹੈ। ਜੋ ਮਨੁੱਖ ਸੰਤ ਜਨਾਂ ਦੇ ਚਰਨਾਂ ਉੱਪਰ ਡੰਡਉਤ ਬੰਦਨਾ ਕਰਦੇ ਹਨ ਅਤੇ ਸੰਤ ਜਨਾਂ ਦੇ ਚਰਨ ਚੁੰਮ ਕੇ ਉਨ੍ਹਾਂ ਦੇ ਚਰਨਾਂ ਦੀ ਧੂਲ ਆਪਣੇ ਮਸਤਕ ਉੱਪਰ ਲਾਉਂਦੇ ਹਨ ਉਨ੍ਹਾਂ ਨੂੰ ਹਿਰਦੇ ਦੀ ਗਰੀਬੀ ਅਤਿ ਦੀ ਨਿਮਰਤਾ ਦੀ ਪ੍ਰਾਪਤੀ ਹੁੰਦੀ ਹੈ ਜਿਸ ਨਾਲ ਉਨ੍ਹਾਂ ਦੀ ਹਉਮੈ ਦਾ ਨਾਸ ਹੋ ਜਾਂਦਾ ਹੈ। ਹਉਮੈ ਦੀ ਮੌਤ ਹੀ ਜੀਵਨ ਮੁਕਤੀ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਪ੍ਰਗਟ ਕੀਤਾ ਗਿਆ ਹੈ:

ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥ ਕਰਿ ਡੰਡਉਤ ਪੁਨੁ ਵਡਾ ਹੇ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩)

ਸੰਤਹ ਚਰਨ ਮਾਥਾ ਮੇਰੋ ਪਉਤ ॥ ਅਨਿਕ ਬਾਰ ਸੰਤਹ ਡੰਡਉਤ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੮੯)

ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੫)

ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੨੨)

ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੧੨)

ਸਲੋਕ ਮ ੫ ॥ ਪਹਿਲਾ ਮਰਣੁ ਕਬੂਲਿ ਜੀਵਨ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੨)

ਸਰਮ ਖੰਡ ਵਿੱਚ ਜਿਗਿਆਸੂ ਗੁਰ ਕਾ ਸ਼ਬਦ ਅਤੇ ਹਿਰਦੇ ਦੀ ਗਰੀਬੀ ਦੀ ਕਮਾਈ ਕਰਦਾ ਹੈ। ਸੰਤ ਜਨਾਂ ਦੀ ਸਤਿਸੰਗਤ ਗੁਰ ਪ੍ਰਸਾਦਿ ਹੈ। ਸੰਤ ਜਨਾਂ ਦੇ ਚਰਨਾਂ ਵਿੱਚ ਬਾਰ-ਬਾਰ ਨਮਸਕਾਰ ਕਰਨਾ ਅਤੇ ਡੰਡਉਤ ਕਰਨ ਦਾ ਭਾਵ ਹੈ ਬਹੁਤ ਵੱਡਾ ਪੁੰਨ ਕਰਮ ਕਮਾਉਣਾ। ਸੰਤ ਜਨਾਂ ਦੇ ਚਰਨਾਂ ਉੱਪਰ ਸੀਸ ਰੱਖਣ ਨਾਲ ਮਨੁੱਖ ਦਾ ਸੀਸ ਪਵਿੱਤਰ ਹੋ ਜਾਂਦਾ ਹੈ। ਜੋ ਜਨ ਸੰਤ ਜਨਾਂ ਦੇ ਚਰਨਾਂ ਉੱਪਰ ਆਪਣਾ ਸੀਸ ਭੇਟ ਕਰ ਦਿੰਦੇ ਹਨ ਉਨ੍ਹਾਂ ਨੂੰ ਨਾਮ, ਨਾਮ ਸਿਮਰਨ, ਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਸੰਤ ਜਨ ਸਾਰੀ ਸ੍ਰਿਸ਼ਟੀ ਦੇ ਚਰਨਾਂ ਦੀ ਧੂੜ ਬਣ ਜਾਂਦੇ ਹਨ। ਭਾਵ ਉਹ ਅਤਿ ਦੀ ਨਿਮਰਤਾ ਦੇ ਪੁੰਜ ਬਣ ਜਾਂਦੇ ਹਨ। ਇਸ ਲਈ ਸੰਤ ਜਨਾਂ ਦੇ ਚਰਨਾਂ ਦੀ ਧੂੜ ਲੈਣ ਨਾਲ, ਇਸ ਪਵਿੱਤਰ ਧੂੜ ਨੂੰ ਮਸਤਕ ਉੱਪਰ ਲਾਉਣ ਨਾਲ ਅਤੇ ਇਸ ਦੇ ਨਾਲ ਇਸ਼ਨਾਨ ਕਰਨ ਨਾਲ ਮਨੁੱਖ ਨੂੰ ਨਾਮ, ਨਾਮ ਸਿਮਰਨ, ਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਸੰਤ ਜਨਾਂ ਦੇ ਚਰਨ ਜਿਥੇ ਪੈਂਦੇ ਹਨ

ਉੱਥੇ ਧਰਤੀ ਉੱਪਰ ਦਰਗਾਹ ਪ੍ਰਗਟ ਹੁੰਦੀ ਹੈ। ਸੰਤ ਜਨਾਂ ਦੀ ਸਤਿ ਸੰਗਤ ਵਿੱਚ ਬੈਠ ਕੇ ਕੀਤਾ ਗਿਆ ਸਿਮਰਨ ਅਤੇ ਸੇਵਾ ਸਿੱਧੀ ਦਰਗਾਹ ਵਿੱਚ ਪ੍ਰਵਾਨ ਹੁੰਦੀ ਹੈ। ਜੋ ਮਨੁੱਖ ਸਤਿਗੁਰੂ ਨੂੰ ਮੁੱਖ ਰੱਖਦੇ ਹਨ ਉਹ ਮਨੁੱਖ ਗੁਰਮੁਖ ਬਣ ਜਾਂਦੇ ਹਨ। ਜੋ ਮਨੁੱਖ ਸਤਿਗੁਰੂ ਦੀ ਸਤਿਸੰਗਤ ਨੂੰ ਮੁੱਖ ਰੱਖਦੇ ਹਨ ਉਨ੍ਹਾਂ ਦੇ ਹਿਰਦੇ ਵਿੱਚ ਨਾਮ ਪ੍ਰਕਾਸ਼ਮਾਨ ਹੋ ਜਾਂਦਾ ਹੈ। ਜੋ ਮਨੁੱਖ ਸਤਿਗੁਰੂ ਦੇ ਚਰਨਾਂ ਉੱਪਰ ਤਨ, ਮਨ ਅਤੇ ਧਨ ਅਰਪਣ ਕਰ ਦਿੰਦੇ ਹਨ ਉਹ ਮਨੁੱਖ ਗੁਰ ਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਜੀਵਨ ਮੁਕਤ ਹੋ ਜਾਂਦੇ ਹਨ। ਜੋ ਮਨੁੱਖ ਗਰੀਬੀ ਵੇਸ ਹਿਰਦੇ ਦੀ ਕਮਾਈ ਕਰਦੇ ਹਨ ਉਹ ਮਨੁੱਖ ਸਾਰੀ ਸ੍ਰਿਸ਼ਟੀ ਦੇ ਚਰਨਾਂ ਦੀ ਧੂਲ ਬਣ ਕੇ ਸੰਤ ਹਿਰਦਾ ਬਣ ਜਾਂਦੇ ਹਨ। ਧੰਨ ਧੰਨ ਭਾਈ ਲਹਿਣਾ ਜੀ ਨੇ ਨਿਰਮਾਣਤਾ ਦੀ ਕਮਾਈ ਕੀਤੀ ਅਤੇ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਦੇ ਸਤਿ ਚਰਨਾਂ ਉੱਪਰ ਆਪਣਾ ਤਨ, ਮਨ, ਧਨ ਅਰਪਣ ਕਰ ਕੇ ਗਰੀਬੀ ਵੇਸ ਹਿਰਦੇ ਦੀ ਕਮਾਈ ਕਰਦੇ ਹੋਏ, ਮਨ, ਬਚਨ ਅਤੇ ਕਰਮ ਕਰ ਕੇ ਸਤਿਗੁਰੂ ਜੀ ਦੀ ਸੇਵਾ ਕਰਦੇ ਹੋਏ ਗੁਰ ਪ੍ਰਸਾਦਿ ਦੀ ਪ੍ਰਾਪਤੀ ਕਰ ਕੇ, ਸਤਿਗੁਰ ਅੰਗਦ ਦੇਵ ਜੀ ਦੇ ਰੂਪ ਵਿੱਚ ਧਰਤੀ ਉੱਪਰ ਪ੍ਰਗਟ ਹੋਏ। ਪੂਰਨ ਬੰਦਗੀ ਦਾ ਇਹ ਹੀ ਰਹੱਸ ਹੈ। ਇਸ ਤਰ੍ਹਾਂ ਨਾਲ ਤਨ, ਮਨ ਅਤੇ ਧਨ ਨਾਲ ਕੀਤੀ ਸਤਿਗੁਰ ਦੀ ਸੇਵਾ ਦਾ ਸਦਕਾ ਆਪ ਜੀ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ ਅਤੇ ਆਪ ਜੀ ਦੀ ਬੰਦਗੀ ਅਗਲੀ ਉੱਤਮ ਅਵਸਥਾ ਵਿੱਚ ਪ੍ਰਵੇਸ਼ ਕਰ ਜਾਂਦੀ ਹੈ।

ਸਰਮ ਖੰਡ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਉਪਾਸਨਾ ਦੀ ਅਵਸਥਾ ਹੈ। ਜਦ ਮਨੁੱਖ ਗਰੀਬੀ ਵੇਸ ਹਿਰਦੇ ਦੀ ਕਮਾਈ ਕਰਦਾ ਹੈ ਤਾਂ ਉਸ ਦੇ ਬੋਲ ਬਾਣੀ ਬਹੁਤ ਸੁੰਦਰ ਹੋ ਜਾਂਦੀ ਹੈ। ਜਦ ਮਨੁੱਖ ਅਤਿ ਦੀ ਨਿਰਮਾਣਤਾ ਦੀ ਕਮਾਈ ਕਰਦਾ ਹੈ ਤਾਂ ਉਸ ਦੇ ਬੋਲ ਬਾਣੀ ਬਹੁਤ ਮਿੱਠੇ ਹੋ ਜਾਂਦੇ ਹਨ। ਮਿੱਠਾ ਬੋਲਣਾ ਸੰਤ ਜਨਾਂ ਦਾ ਸੁਭਾਅ ਹੈ। ਮਿੱਠਾ ਬੋਲਣਾ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਸੁਭਾਅ ਹੈ। ਨਿਮਾਰਣਤਾ ਦੀ ਕਮਾਈ ਕਰਨ ਵਾਲਾ ਮਨੁੱਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਸੱਚੀ ਪ੍ਰੀਤ ਵਿੱਚ ਓਤਪੋਤ ਹੋ ਜਾਂਦਾ ਹੈ। ਉਸ ਨੂੰ ਹਰ ਇੱਕ ਪ੍ਰਾਣੀ ਦੇ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਜੋਤ ਦਿਸਣ ਲੱਗ ਪੈਂਦੀ ਹੈ ਅਤੇ ਉਸ ਦੀ ਸੱਚੀ ਪ੍ਰੀਤ ਸਾਰੀ ਸ੍ਰਿਸ਼ਟੀ ਲਈ ਇੱਕ ਸਾਰ ਹੋ ਜਾਂਦੀ ਹੈ। ਇਸ ਤਰ੍ਹਾਂ ਉਸ ਦੇ ਬੋਲਾਂ ਵਿੱਚ ਮਿਠਾਸ ਆ ਜਾਂਦੀ ਹੈ। ਉਸ ਦੇ ਲਈ ਕੋਈ ਬੈਰੀ ਜਾਂ ਬੇਗਾਨਾ ਨਹੀਂ ਰਹਿ ਜਾਂਦਾ ਹੈ। ਮਿੱਠੇ ਬੋਲਣਾ ਇੱਕ ਪਰਮ ਸ਼ਕਤੀਸ਼ਾਲੀ ਸਤਿ ਗੁਣ ਹੈ ਜਿਸ ਦੇ ਪ੍ਰਾਪਤ ਹੋਣ ਨਾਲ ਮਨੁੱਖ ਇੱਕ ਦ੍ਰਿਸ਼ਟ ਹੋ ਜਾਂਦਾ ਹੈ। ਮਿੱਠਾ ਬੋਲਣ ਵਾਲਾ ਮਨੁੱਖ ਸਾਰਿਆਂ ਦੀ ਮਿੱਤਰਤਾ ਹਾਸਿਲ ਕਰ ਲੈਂਦਾ ਹੈ। ਮਿੱਠਾ ਬੋਲਣ ਵਾਲੇ ਮਨੁੱਖ ਦਾ ਕੋਈ ਸ਼ਤਰੂ ਨਹੀਂ ਹੁੰਦਾ ਹੈ। ਮਿੱਠਾ ਬੋਲਣ ਵਾਲਾ ਮਨੁੱਖ ਕਿਸੇ ਦੇ ਅਵਗੁਣ ਨਹੀਂ ਚਿਤਾਰਦਾ। ਮਿੱਠਾ ਬੋਲਣ ਵਾਲਾ ਮਨੁੱਖ ਕਿਸੇ ਦੀ ਨਿੰਦਿਆ, ਚੁਗ਼ਲੀ ਅਤੇ ਬਖ਼ੀਲੀ ਨਹੀਂ ਕਰਦਾ ਹੈ। ਮਿੱਠਾ ਬੋਲਣ ਵਾਲਾ ਮਨੁੱਖ ਕਦੇ ਕੌੜੇ ਬੋਲ ਨਹੀਂ ਬੋਲਦਾ ਹੈ। ਮਿੱਠਾ ਬੋਲਣ ਵਾਲਾ ਮਨੁੱਖ ਸਤਿ ਦੀ ਸੇਵਾ ਕਰਦਾ ਹੈ। ਮਿੱਠਾ ਬੋਲਣਾ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਪਰਮ ਗੁਣ ਹੈ ਜੋ ਸੰਤ ਜਨਾਂ ਦੇ ਹਿਰਦੇ ਵਿੱਚ ਭਰਪੂਰ ਹੁੰਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਕਿਸੇ ਪ੍ਰਾਣੀ ਦੇ ਅਵਗੁਣ ਨਹੀਂ ਚਿਤਾਰਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਮਨੁੱਖ ਦੇ ਅਵਗੁਣਾਂ ਨੂੰ ਦੇਖ ਕੇ ਅਣਡਿੱਠਾ ਕਰ ਦਿੰਦਾ ਹੈ। ਇਸੇ ਤਰ੍ਹਾਂ ਦਾ ਸੁਭਾਅ ਸੰਤ ਜਨਾਂ ਦਾ ਹੁੰਦਾ ਹੈ। ਮਿੱਠਾ ਬੋਲਣ ਦੀ ਮਹਿਮਾ ਨੂੰ ਗੁਰਬਾਣੀ ਵਿੱਚ ਬਹੁਤ ਸਾਰੇ ਸਲੋਕਾਂ ਵਿੱਚ ਪ੍ਰਗਟ ਕੀਤਾ ਗਿਆ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਇਸ ਪਰਮ ਸ਼ਕਤੀ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੮੪)

ਗੁਰ ਕਾ ਸ਼ਬਦ ਦੀ ਘੋਲ ਕਮਾਈ ਕਰਦੇ ਹੋਏ ਜਿਗਿਆਸੂ ਆਪਣੇ ਮਨ ਨੂੰ ਸੁੰਦਰਤਾ ਦੀ ਘੜਤ ਨਾਲ ਘੜਦਾ ਹੈ। ਘਾੜਤ ਤੋਂ ਭਾਵ ਹੈ ਜਿਗਿਆਸੂ ਮਨ ਨੂੰ ਸੁੰਦਰ ਬਣਾਉਣ ਦਾ ਅਭਿਆਸ ਕਰਦਾ ਹੈ। ਜਿਗਿਆਸੂ ਆਪਣੇ ਸਾਰੇ ਕਰਮਾਂ ਨੂੰ ਸਤਿ ਦੀ ਤਕੜੀ ਉੱਪਰ ਤੋਲਣ ਲੱਗ ਪੈਂਦਾ ਹੈ। ਉਹ ਆਪਣੇ ਰੋਜ਼ਾਨਾ ਦੇ ਕਰਮਾਂ ਉੱਪਰ ਆਪਣੀ ਕੜੀ ਦ੍ਰਿਸ਼ਟੀ ਰੱਖਦਾ ਹੈ। ਉਸ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਉਸ ਦੇ ਸਾਰੇ ਕਰਮ ਸਤਿ ਕਰਮ ਹੋਣੇ ਚਾਹੀਦੇ ਹਨ। ਕੇਵਲ ਸਤਿ ਕਰਮ ਹੀ ਉਸ ਦੀ ਬੰਦਗੀ ਨੂੰ ਅੱਗੇ ਲੈ ਕੇ ਜਾਂਦੇ ਹਨ। ਅਸਤਿ ਕਰਮ ਕਰਨ ਨਾਲ ਮਨੁੱਖ ਦੀ ਬੰਦਗੀ ਉੱਪਰ ਮਾੜਾ ਅਸਰ ਪੈਂਦਾ ਹੈ। ਅਸਤਿ ਕਰਮ ਮਨੁੱਖ ਦੀ ਬੰਦਗੀ ਦੇ ਮਾਰਗ ਵਿੱਚ ਰੋੜਾ ਬਣ ਕੇ ਅੜਚਣ ਪੈਦਾ ਕਰਦੇ ਹਨ। ਅਸਤਿ ਕਰਮ ਮਨੁੱਖ ਦਾ ਅੰਮ੍ਰਿਤ ਲੁੱਟ ਲੈਂਦੇ ਹਨ। ਅਸਤਿ ਕਰਮ ਕੇਵਲ ਮਾਇਆ ਦੇ ਅਧੀਨ ਹੀ ਕੀਤੇ ਜਾਂਦੇ ਹਨ। ਭਾਵ ਪੰਜ ਦੂਤ ਮਨੁੱਖ ਨੂੰ ਅਸਤਿ ਕਰਮ ਕਰਵਾਉਂਦੇ ਹਨ। ਇਸ ਲਈ ਜਦ ਮਨੁੱਖ ਅਸਤਿ ਕਰਮ ਕਰਦਾ ਹੈ ਤਾਂ ਪੰਜ ਦੂਤ ਉਸ ਦਾ ਅੰਮ੍ਰਿਤ ਲੁੱਟਦੇ ਹਨ। ਪੰਜ ਦੂਤਾਂ ਦਾ ਵਾਸਾ ਮਨੁੱਖ ਦੀ ਦੇਹੀ ਵਿੱਚ ਹੁੰਦਾ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੦੦)

ਕਾਮ ਦਾ ਦੂਤ ਮਨੁੱਖ ਦੀਆਂ ਕਾਮ ਇੰਦਰੀਆਂ ਦੇ ਹਿੱਸੇ ਵਿੱਚ ਵਾਸ ਕਰਦਾ ਹੈ। ਕ੍ਰੋਧ ਦਾ ਦੂਤ ਮਨੁੱਖ ਦੇ ਪੇਟ ਵਿੱਚ ਵਾਸ ਕਰਦਾ ਹੈ। ਲੋਭ ਅਤੇ ਮੋਹ ਦੇ ਦੂਤ ਮਨੁੱਖ ਦੀ ਛਾਤੀ ਦੇ ਹਿਸੇ ਵਿੱਚ ਵਾਸ ਕਰਦੇ ਹਨ। ਅਹੰਕਾਰ ਦਾ ਦੂਤ ਮਨੁੱਖ ਦੇ ਦਿਮਾਗ ਵਿੱਚ ਵਾਸ ਕਰਦਾ ਹੈ। ਇਹ ਪੰਜੇ ਦੂਤ ਮਨੁੱਖ ਦੀ ਤ੍ਰਿਸ਼ਣਾ ਨੂੰ ਪੂਰਨ ਕਰਨ ਵਾਸਤੇ ਮਨੁੱਖ ਦੀਆਂ ਕਰਮ ਇੰਦਰੀਆਂ ਤੋਂ ਅਸਤਿ ਕਰਮ ਕਰਵਾਉਂਦੇ ਹਨ। ਇਹ ਪੰਜ ਦੂਤ ਮਨੁੱਖ ਦੀ ਦੇਹੀ ਨੂੰ ਪੰਜ ਦੂਤ ਅਤੇ ਤ੍ਰਿਸ਼ਣਾ ਦੀ ਗ਼ੁਲਾਮੀ ਕਰਵਾਉਂਦੇ ਹਨ। ਜਦ ਮਨੁੱਖ ਸਿਮਰਨ ਕਰ ਕੇ ਨਾਮ ਧਨ ਇਕੱਠਾ ਕਰਦਾ ਹੈ ਤਾਂ ਇਹ ਦੂਤ ਉਸ ਤੋਂ ਅਸਤਿ ਕਰਮ ਕਰਵਾ ਕੇ ਉਸ ਦਾ ਅੰਮ੍ਰਿਤ ਲੁੱਟ ਲੈਂਦੇ ਹਨ। ਜਦ ਤੱਕ ਮਨੁੱਖ ਮਾਇਆ ਨੂੰ ਜਿੱਤ ਨਹੀਂ ਲੈਂਦਾ ਹੈ ਤਦ ਤੱਕ ਪੰਜ ਦੂਤ ਮਨੁੱਖ ਦਾ ਅੰਮ੍ਰਿਤ ਲੁੱਟਦੇ ਹਨ। ਇਸ ਲਈ ਮਨੁੱਖ ਨੂੰ ਆਪਣੀ ਕਰਨੀ ਅਤੇ ਕਿਰਤ ਨੂੰ ਵਾਚਣ ਦਾ ਹੁਕਮ ਗੁਰਬਾਣੀ ਵਿੱਚ ਕੀਤਾ ਗਿਆ ਹੈ:

ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੪)

ਆਪਣੀ ਕਰਨੀ ਕਿਰਤ ਉੱਪਰ ਧਿਆਨ ਕੇਂਦਰਿਤ ਕਰਨ ਨਾਲ ਮਨੁੱਖ ਦਾ ਮਨ ਸੁਚੇਤ

ਹੋ ਜਾਂਦਾ ਹੈ ਅਤੇ ਆਪਣੇ ਲਾਗੇ ਇਨ੍ਹਾਂ ਦੂਤਾਂ ਦੇ ਪ੍ਰਭਾਵ ਨੂੰ ਆਉਣ ਨਹੀਂ ਦਿੰਦਾ ਹੈ। ਇਸ ਤਰ੍ਹਾਂ ਨਾਲ ਮਨੁੱਖ ਦੇ ਅਸਤਿ ਕਰਮ ਘਟਣੇ ਸ਼ੁਰੂ ਹੋ ਜਾਂਦੇ ਹਨ ਅਤੇ ਸਤਿ ਕਰਮ ਵਧਣੇ ਸ਼ੁਰੂ ਹੋ ਜਾਂਦੇ ਹਨ ਅਤੇ ਜਿਵੇਂ-ਜਿਵੇਂ ਬੰਦਗੀ ਉੱਪਰ ਜਾਂਦੀ ਹੈ ਮਨੁੱਖ ਦੀ ਸੁਰਤਿ ਵੀ ਉੱਚੀ ਉੱਠਦੀ ਜਾਂਦੀ ਹੈ ਜਿਸ ਦੇ ਨਾਲ ਮਨੁੱਖ ਦੇ ਸਾਰੇ ਕਰਮ ਹੌਲੀ-ਹੌਲੀ ਸਤਿ ਕਰਮ ਹੋ ਜਾਂਦੇ ਹਨ। ਜਦ ਸਾਰੇ ਕਰਮ ਸਤਿ ਕਰਮ ਹੋ ਜਾਂਦੇ ਹਨ ਤਾਂ ਫਿਰ ਪੰਜ ਦੂਤ ਉਸ ਦਾ ਅੰਮ੍ਰਿਤ ਲੁੱਟਣ ਵਿੱਚ ਅਸਫਲ ਹੋ ਜਾਂਦੇ ਹਨ। ਜਦ ਐਸੀ ਅਵਸਥਾ ਤੇ ਮਨੁੱਖ ਅੱਪੜ ਜਾਂਦਾ ਹੈ ਤਾਂ ਉਸ ਦੀ ਦੇਹੀ ਰੂਪੀ ਭਾਂਡੇ ਵਿੱਚ ਅੰਮ੍ਰਿਤ ਸਮਾਉਣਾ ਸ਼ੁਰੂ ਹੋ ਜਾਂਦਾ ਹੈ।

ਪਹਿਲਾਂ ਤਾਂ ਦੇਹੀ ਰੂਪੀ ਭਾਂਡਾ ਪੁੱਠਾ ਪਿਆ ਹੁੰਦਾ ਹੈ ਅਤੇ ਮਨੁੱਖ ਦੇ ਮਾੜੇ ਕਰਮਾਂ ਦੇ ਰੂਪੀ ਚਿੱਕੜ ਨਾਲ ਲਿਬੜਿਆ ਹੁੰਦਾ ਹੈ। ਇਸ ਦੇ ਨਾਲ ਹੀ ਇਸ ਭਾਂਡੇ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਤ੍ਰਿਸ਼ਨਾ ਰੂਪੀ ਛੇਕ ਹੁੰਦੇ ਹਨ। ਪੁੱਠੇ ਭਾਂਡੇ ਵਿੱਚ ਅੰਮ੍ਰਿਤ ਨਹੀਂ ਸਮਾ ਸਕਦਾ ਹੈ। ਚਿੱਕੜ ਨਾਲ ਲਿਬੜੇ ਹੋਏ ਭਾਂਡੇ ਵਿੱਚ ਅੰਮ੍ਰਿਤ ਕਿਵੇਂ ਰਹਿ ਸਕਦਾ ਹੈ। ਜਿਸ ਭਾਂਡੇ ਵਿੱਚ ਛੇਕ ਹੋਣ ਉਸ ਵਿੱਚ ਅੰਮ੍ਰਿਤ ਕਿਵੇਂ ਸਮਾ ਸਕਦਾ ਹੈ। ਇਸ ਲਈ ਪਹਿਲਾਂ ਦਾ ਭਾਂਡਾ ਸਿੱਧਾ ਕਰਨਾ ਹੁੰਦਾ ਹੈ। ਫਿਰ ਭਾਂਡੇ ਨੂੰ ਜੋ ਚਿੱਕੜ ਨੇ ਲਿਬੇੜਿਆ ਹੁੰਦਾ ਹੈ ਉਸ ਚਿੱਕੜ ਨੂੰ ਸਾਫ਼ ਕਰਨਾ ਹੁੰਦਾ ਹੈ। ਫਿਰ ਭਾਂਡੇ ਦੇ ਛੇਕ ਬੰਦ ਹੋਣੇ ਚਾਹੀਦੇ ਹਨ ਤਾਂ ਹੀ ਭਾਂਡੇ ਵਿੱਚ ਅੰਮ੍ਰਿਤ ਸਮਾ ਸਕਦਾ ਹੈ। ਸਰਮ ਖੰਡ ਵਿੱਚ ਜਿਗਿਆਸੂ ਕੜੀ ਮਿਹਨਤ ਅਤੇ ਮੁਸ਼ੱਕਤ ਕਰ ਕੇ ਇਸ ਭਾਂਡੇ ਨੂੰ ਸਿੱਧਾ ਕਰਦਾ ਹੈ। ਫਿਰ ਸਿਮਰਨ ਅਤੇ ਸੇਵਾ ਕਰਦਾ ਹੋਇਆ ਇਸ ਭਾਂਡੇ ਦਾ ਚਿੱਕੜ ਸਾਫ਼ ਕਰਦਾ ਹੈ। ਫਿਰ ਆਪਣੀ ਕਰਣੀ ਕੀਰਤ ਵਾਚ ਕੇ ਇਸ ਭਾਂਡੇ ਦੇ ਛੇਕ ਪੂਰਦਾ ਹੈ। ਤਾਂ ਜਾ ਕੇ ਇਸ ਭਾਂਡੇ ਵਿੱਚ ਅੰਮ੍ਰਿਤ ਸਮਾਉਣਾ ਸ਼ੁਰੂ ਹੁੰਦਾ ਹੈ। ਜਦ ਇਸ ਭਾਂਡੇ ਵਿੱਚ ਅੰਮ੍ਰਿਤ ਸਮਾਉਣਾ ਸ਼ੁਰੂ ਹੋ ਜਾਂਦਾ ਹੈ ਤਾਂ ਮਨੁੱਖ ਦਾ ਮਨ, ਹਿਰਦਾ ਅਤੇ ਰੂਹ ਪਵਿੱਤਰ ਹੋਣੇ ਸ਼ੁਰੂ ਹੋ ਜਾਂਦੇ ਹਨ।

ਸਿਮਰਨ ਅਤੇ ਸੇਵਾ ਦਾ ਅਭਿਆਸ ਕਰਦੇ-ਕਰਦੇ ਅਤੇ ਆਪਣੀ ਕਰਨੀ ਨੂੰ ਸਤਿ ਦੀ ਕਰਨੀ ਵਿੱਚ ਪਰਿਵਰਤਿਤ ਕਰਦੇ ਹੋਏ ਜਿਗਿਆਸੂ ਦਾ ਮਨ, ਹਿਰਦਾ ਅਤੇ ਰੂਹ ਅੰਮ੍ਰਿਤ ਨਾਲ ਭਰਪੂਰ ਹੋਣੇ ਸ਼ੁਰੂ ਹੋ ਜਾਂਦੇ ਹਨ। ਇਸ ਦੇ ਨਾਲ ਮਨ, ਹਿਰਦਾ ਅਤੇ ਰੂਹ ਦਾ ਰੂਪ ਬਹੁਤ ਸੁੰਦਰ ਵਿਕਾਰਾਂ ਤੋਂ ਰਹਿਤ ਹੋਣਾ ਸ਼ੁਰੂ ਹੋ ਜਾਂਦਾ ਹੈ। ਸਿਮਰਨ ਅਤੇ ਸੇਵਾ ਕਰਦੇ-ਕਰਦੇ ਮਨੁੱਖ ਦਾ ਮਨ ਅਤੇ ਹਿਰਦਾ ਸ਼ੁੱਧ ਹੋ ਜਾਂਦਾ ਹੈ। ਮਨ ਪੂਰਨ ਟਿਕਾਅ ਵਿੱਚ ਆ ਜਾਂਦਾ ਹੈ। ਹਿਰਦਾ ਪਵਿੱਤਰ ਹੋ ਜਾਂਦਾ ਹੈ। ਗੁਰ ਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰ ਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦੀ ਬੰਦਗੀ ਕਰਮ ਖੰਡ ਵਿੱਚ ਪ੍ਰਵੇਸ਼ ਕਰ ਜਾਂਦੀ ਹੈ।

੪. ਕਰਮ ਖੰਡ:

ਪੂਰਨ ਸਮਰਪਣ ਕਰਦੇ ਹੋਏ ਜਦ ਤਨ, ਮਨ ਅਤੇ ਧਨ ਗੁਰੂ ਦੇ ਚਰਨਾਂ ਤੇ ਅਰਪਣ ਕਰ ਕੇ ਜਦ ਤੁਸੀਂ ਗੁਰਪ੍ਰਸਾਦਿ ਪ੍ਰਾਪਤ ਕਰਦੇ ਹੋ - ਅਨਾਦਿ ਬਖ਼ਸ਼ੀਸ਼ ਅਤੇ ਅਨਾਦਿ ਮਹਿਰਾਮਤ ਦਾ ਸਦਕਾ ਗੁਰਪ੍ਰਸਾਦਿ ਦੀ ਪ੍ਰਾਪਤੀ ਨਾਲ ਤੁਹਾਡੇ ਸਾਰੇ ਬਜਰ-ਕਪਾਟ ਖੁੱਲ੍ਹ ਜਾਂਦੇ ਹਨ। ਗੁਰਕਿਰਪਾ ਹੋ ਜਾਂਦੀ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਮਹਿਰਾਮਤਿ ਹੋ ਜਾਂਦੀ ਹੈ। ਗੁਰ ਪ੍ਰਸਾਦਿ ਦੀ ਪਰਮ ਸ਼ਕਤੀ ਵਰਤ ਜਾਂਦੀ ਹੈ। ਕੁੰਡਲਨੀ ਸ਼ਕਤੀ ਜਾਗਰਿਤ ਹੋ ਜਾਂਦੀ ਹੈ। ਸਤਿ ਸਰੋਵਰਾਂ ਵਿੱਚ ਨਾਮ ਚਲਾ ਜਾਂਦਾ ਹੈ ਜਿਸ ਦੇ ਨਾਲ ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ। ਸਿਮਰਨ ਸੁਰਤਿ ਵਿੱਚ ਟਿਕ ਜਾਂਦਾ ਹੈ। ਅਜਪਾ ਜਾਪ ਸ਼ੁਰੂ ਹੋ

ਜਾਂਦਾ ਹੈ। ਮਨੁੱਖ ਦੇ ਅੰਦਰ ਨਿਰੰਤਰ ਸਿਮਰਨ ਹੋਣਾ ਸ਼ੁਰੂ ਹੋ ਜਾਂਦਾ ਹੈ। ਭਾਂਡਾ ਅੰਮ੍ਰਿਤ ਨਾਲ ਭਰਨਾ ਸ਼ੁਰੂ ਹੋ ਜਾਂਦਾ ਹੈ। ਤੁਸੀਂ ਸਮਾਧੀ ਵਿੱਚ ਚਲੇ ਜਾਂਦੇ ਹੋ। ਜਦ ਮਨੁੱਖ ਸਿਮਰਨ ਅਭਿਆਸ ਵਿੱਚ ਬੈਠਦਾ ਹੈ ਤਾਂ ਬੈਠਦੇ ਹੀ ਮਨੁੱਖ ਦੀ ਸੁਰਤਿ ਵਿੱਚ ਸਿਮਰਨ ਸੁਣਨਾ ਸ਼ੁਰੂ ਹੋ ਜਾਂਦਾ ਹੈ। ਮਨੁੱਖ ਜਦ ਕੀਰਤਨ, ਕਥਾ ਅਤੇ ਗੁਰਬਾਣੀ ਸੁਣਦਾ ਹੈ ਤੇ ਸੁਣਦੇ ਹੀ ਮਨੁੱਖ ਸਮਾਧੀ ਵਿੱਚ ਚਲਾ ਜਾਂਦਾ ਹੈ। ਮਨੁੱਖ ਦੀ ਸੁਰਤਿ ਇੱਕ ਦਮ ਕੀਰਤਨ, ਕਥਾ ਅਤੇ ਗੁਰਬਾਣੀ ਵਿੱਚ ਖਿੱਚੀ ਜਾਂਦੀ ਹੈ। ਸੁਰਤਿ ਅਤੇ ਸ਼ਬਦ ਦਾ ਸੁਮੇਲ ਹੋ ਜਾਂਦਾ ਹੈ। ਸੁਰਤਿ ਸ਼ਬਦ ਵਿੱਚ ਸਥਿਰ ਹੋ ਜਾਂਦੀ ਹੈ। ਨਿਰੰਤਰ ਸਿਮਰਨ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇੜਾ, ਪਿੰਗਲਾ ਅਤੇ ਸੁਖਮਨਾ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ। ਗਿਆਨ ਨੇਤਰ ਖੁੱਲ੍ਹ ਜਾਂਦਾ ਹੈ। ਸਤਿਨਾਮ ਸਿਮਰਨ ਦੇ ਗੁਰਪ੍ਰਸਾਦਿ ਨਾਲ ਇੜਾ, ਪਿੰਗਲਾ ਅਤੇ ਸੁਖਮਨਾ ਨਾੜਾਂ ਵੀ ਸਹਿਜੇ ਹੀ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ। ਇਨ੍ਹਾਂ ਨਾੜਾਂ ਦੇ ਪ੍ਰਕਾਸ਼ਮਾਨ ਹੋਣ ਨਾਲ ਗਿਆਨ ਨੇਤਰ ਖੁੱਲ੍ਹ ਜਾਂਦਾ ਹੈ ਅਤੇ ਮਨੁੱਖ ਸਮਾਧੀ ਵਿੱਚ ਚਲਾ ਜਾਂਦਾ ਹੈ।

ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥
ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥੬੦॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੪)

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੪)

ਇੜਾ, ਪਿੰਗਲਾ ਅਤੇ ਸੁਖਮਨਾ ਦੀਆਂ ਨਾੜਾਂ ਸੂਖਸ਼ਮ ਦੇਹੀ ਦਾ ਇੱਕ ਅਹਿਮ ਅੰਗ ਹਨ, ਜੋ ਮਨੁੱਖ ਦੇ ਸਾਰੇ ਸਤਿ ਸਰੋਵਰਾਂ ਨੂੰ ਜੋੜਦੀਆਂ ਹਨ, ਜੋ ਰੀੜ੍ਹ ਦੇ ਮੁੱਢ ਤੋਂ ਸ਼ੁਰੂ ਹੋ ਕੇ ਤ੍ਰਿਕੁਟੀ ਤੇ ਮਿਲਦੀਆਂ ਹਨ। ਇਨ੍ਹਾਂ ਤਿੰਨੋਂ ਨਾੜਾਂ ਵਿੱਚ ਮਨੁੱਖ ਦੇ ਪ੍ਰਾਣ ਵੱਸਦੇ ਹਨ। ਭਾਵ ਮਨੁੱਖ ਦੀ ਪ੍ਰਾਣ ਸ਼ਕਤੀ ਅਤੇ ਹੋਰ ਸਾਰੀਆਂ ਕਲਾਵਾਂ ਇਨ੍ਹਾਂ ਨਾੜਾਂ ਅਤੇ ਸਤਿ ਸਰੋਵਰਾਂ ਵਿੱਚੋਂ ਹੀ ਕਿਰਿਆਸ਼ੀਲ ਹੁੰਦੀਆਂ ਹਨ। ਮਨੁੱਖ ਨੂੰ ਸਾਰੀਆਂ ਸ਼ਕਤੀਆਂ ਇਨ੍ਹਾਂ ਤਿੰਨੋਂ ਨਾੜਾਂ ਅਤੇ ਸਤਿ ਸਰੋਵਰਾਂ ਤੋਂ ਹੀ ਪ੍ਰਾਪਤ ਹੁੰਦੀਆਂ ਹਨ। ਇਹ ਤਿੰਨੋਂ ਨਾੜਾਂ ਅਤੇ ਸਤਿ ਸਰੋਵਰ ਹੀ ਮਨੁੱਖ ਦੇ ਜੀਵਨ ਦਾ ਆਧਾਰ ਹਨ। ਇਹ ਤਿੰਨੋਂ ਨਾੜਾਂ ਅਤੇ ਸਤਿ ਸਰੋਵਰ ਸਤਿਨਾਮ ਦੇ ਗੁਰਪ੍ਰਸਾਦਿ ਨਾਲ ਹੀ ਪ੍ਰਕਾਸ਼ਮਾਨ ਹੁੰਦੇ ਹਨ। ਮਨੁੱਖ ਦੀ ਸੁਰਤਿ ਦਾ ਆਧਾਰ ਵੀ ਇਹ ਤਿੰਨੋਂ ਨਾੜਾਂ ਅਤੇ ਸਤਿ ਸਰੋਵਰ ਹੀ ਹਨ। ਜਿਵੇਂ-ਜਿਵੇਂ ਇਹ ਤਿੰਨੋਂ ਨਾੜਾਂ ਅਤੇ ਸਤਿ ਸਰੋਵਰ ਪ੍ਰਕਾਸ਼ਮਾਨ ਹੁੰਦੇ ਹਨ ਤਿਵੇਂ ਤਿਵੇਂ ਮਨੁੱਖ ਦੀ ਸੁਰਤਿ ਵੀ ਉੱਚੀਆਂ ਅਵਸਥਾਵਾਂ ਵਿੱਚ ਪੁੱਜਦੀ ਜਾਂਦੀ ਹੈ।

ਜਦ ਇਹ ਤਿੰਨੋਂ ਨਾੜਾਂ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ ਤਾਂ ਤ੍ਰਿਕੁਟੀ ਖੁੱਲ੍ਹ ਜਾਂਦੀ ਹੈ ਅਤੇ ਗਿਆਨ ਨੇਤਰ ਪ੍ਰਕਾਸ਼ਮਾਨ ਹੋ ਜਾਂਦਾ ਹੈ। ਸਤਿਨਾਮ ਦਾ ਗੁਰ ਪ੍ਰਸਾਦਿ ਜਦ ਇਨ੍ਹਾਂ ਨਾੜਾਂ ਵਿੱਚ ਜਾਂਦਾ ਹੈ ਤਾਂ ਇਹ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ। ਜਦ ਸਤਿਨਾਮ ਦਾ ਗੁਰ ਪ੍ਰਸਾਦਿ ਇਨ੍ਹਾਂ ਨਾੜਾਂ ਵਿੱਚੋਂ ਹੁੰਦਾ ਹੋਇਆ ਸਤਿ ਸਰੋਵਰਾਂ ਵਿੱਚੋਂ ਨਿਕਲਦਾ ਹੈ ਤਾਂ ਇਹ ਸਾਰੇ ਸਤਿ ਸਰੋਵਰ ਵੀ ਪ੍ਰਕਾਸ਼ਮਾਨ ਹੋ ਜਾਂਦੇ ਹਨ। ਇਸ ਤਰ੍ਹਾਂ ਨਾਲ ਮਨੁੱਖ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਅਤੇ ਸਮਾਧੀ ਲੱਗ ਜਾਂਦੀ ਹੈ। ਸਤਿਨਾਮ ਰੋਮ-ਰੋਮ ਵਿੱਚ ਪ੍ਰਕਾਸ਼ਮਾਨ ਹੋ ਜਾਂਦਾ ਹੈ। ਗੁਰ ਪ੍ਰਸਾਦਿ ਨਾਲ ਇਹ ਸਾਰੀਆਂ ਰੂਹਾਨੀ ਪ੍ਰਾਪਤੀਆਂ ਸਹਿਜੇ ਹੀ ਹੋ ਜਾਂਦੀਆਂ ਹਨ।

ਜੋਗੀ ਲੋਕ ਪ੍ਰਾਣਾਯਾਮ ਦੀ ਸਾਧਨਾ ਨਾਲ ਇੜਾ, ਪਿੰਗਲਾ ਅਤੇ ਸੁਖਮਨਾ ਨੂੰ ਜਾਗਰਿਤ ਕਰਨ ਦਾ ਅਭਿਆਸ ਕਰਦੇ ਹਨ। ਇੜਾ ਵਿੱਚ ਪ੍ਰਾਣ ਉੱਪਰ ਨੂੰ ਖਿੱਚਦੇ ਹਨ, ਪਿੰਗਲਾ ਵਿੱਚ ਪ੍ਰਾਣ ਹੇਠਾਂ ਉਤਾਰਦੇ ਹਨ ਅਤੇ ਸੁਖਮਨਾ ਵਿੱਚ ਪ੍ਰਾਣ ਟਿਕਾਉਂਦੇ ਹਨ। ਇਹ ਜੋਗ ਦੇ ਅਭਿਆਸ ਵਿੱਚ ਜੋਗੀ ਪ੍ਰਾਣਾਯਾਮ ਸਾਧਨਾ ਨਾਲ ਇੜਾ, ਪਿੰਗਲਾ ਅਤੇ ਸੁਖਮਨਾ ਨਾੜਾਂ ਨੂੰ ਜਾਗਰਿਤ ਕਰਨ ਲਈ ਕਰਦੇ ਹਨ। ਇਸ ਦੇ ਨਾਲ ਹੀ ਜੋਗੀ ਲੋਕ ੭ ਸਤਿ ਸਰੋਵਰਾਂ ਨੂੰ ਵੀ ਜੋਗ ਸਾਧਨਾ ਕਰ ਕੇ ਜਾਗਰਿਤ ਕਰਨ ਦਾ ਅਭਿਆਸ ਕਰਦੇ ਹਨ। ਜੋਗੀ ਲੋਕ ਇਕੱਲੇ-ਇਕੱਲੇ ਸਤਿ ਸਰੋਵਰ ਨੂੰ ਜਾਗਰਿਤ ਕਰਨ ਦਾ ਅਭਿਆਸ ਕਰਦੇ ਹਨ। ਇਹ ਸਾਰੇ ਅਭਿਆਸ ਬਹੁਤ ਕਠਿਨ ਹੁੰਦੇ ਹਨ ਅਤੇ ਬਹੁਤ ਸਮੇਂ ਲਈ ਕਰਨੇ ਪੈਂਦੇ ਹਨ ਜਿਸ ਦੇ ਨਾਲ ਇਨ੍ਹਾਂ ਸਤਿ ਸਰੋਵਰਾਂ ਅਤੇ ਇੜਾ, ਪਿੰਗਲਾ ਅਤੇ ਸੁਖਮਨਾ ਦੇ ਜਾਗਰਿਤ ਹੋਣ ਦੀ ਸੰਭਾਵਨਾ ਹੁੰਦੀ ਹੈ। ਸੁਣਨ ਵਿੱਚ ਆਉਂਦਾ ਹੈ ਕਿ ਜੋਗੀ ਲੋਕ ਕਈ-ਕਈ ਸਾਲਾ ਤੱਕ ਇਕੱਲੇ-ਇਕੱਲੇ ਸਤਿ ਸਰੋਵਰ ਉੱਪਰ ਧਿਆਨ ਕੇਂਦਰਿਤ ਕਰਦੇ ਹਨ। ਇਸੇ ਤਰ੍ਹਾਂ ਨਾਲ ਇੜਾ, ਪਿੰਗਲਾ ਅਤੇ ਸੁਖਮਨਾ ਨੂੰ ਜਾਗਰਿਤ ਕਰਨ ਲਈ ਕਈ-ਕਈ ਸਾਲਾਂ ਦਾ ਅਭਿਆਸ ਕਰਦੇ ਹਨ। ਇਸ ਤਰ੍ਹਾਂ ਨਾਲ ਜੋਗ ਅਭਿਆਸ ਦੀ ਕਿਰਿਆ ਬਹੁਤ ਕਠਿਨ ਹੁੰਦੀ ਹੈ ਅਤੇ ਲੰਮੇ ਸਮੇਂ ਲਈ ਕਰਨੀ ਪੈਂਦੀ ਹੈ ਪਰੰਤੂ ਪ੍ਰੇਮਾ ਭਗਤੀ ਵਿੱਚ ਇਹ ਸਾਰੀਆਂ ਪ੍ਰਾਪਤੀਆਂ ਗੁਰ ਪ੍ਰਸਾਦੀ ਗੁਰ ਕਿਰਪਾ ਨਾਲ ਸਤਿਨਾਮ ਦੀ ਕਮਾਈ ਨਾਲ ਸਹਿਜੇ ਹੀ ਹੋ ਜਾਂਦੀਆਂ ਹਨ।

ਇਸ ਅਵਸਥਾ ਵਿੱਚ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਤੁਸੀਂ ਅਕਾਲ ਪੁਰਖ ਦੀ ਦਰਗਾਹ ਵਿੱਚ ਸੁਹਾਗਣ ਦੇ ਤੌਰ ਤੇ ਸਵੀਕਾਰ ਕੀਤੇ ਜਾਂਦੇ ਹੋ ਅਤੇ ਤੁਹਾਡਾ ਅਕਾਲ ਪੁਰਖ ਦੀ ਦਰਗਾਹ ਵਿੱਚ ਨਾਮ ਦਾ ਖ਼ਾਤਾ ਖੁੱਲ੍ਹ ਜਾਂਦਾ ਹੈ। ਮਨੁੱਖ ਦੀ ਅਸਲੀ ਦਰਗਾਹੀ ਬੰਦਗੀ ਸ਼ੁਰੂ ਹੋ ਜਾਂਦੀ ਹੈ। ਨਿਰੰਤਰ ਸਿਮਰਨ ਅਜਪਾ ਜਾਪ ਸਿੱਧਾ ਦਰਗਾਹ ਵਿੱਚ ਤੁਹਾਡੇ ਨਾਮ ਦੇ ਖਾਤੇ ਵਿੱਚ ਜਮਾ ਹੋਣਾ ਸ਼ੁਰੂ ਹੋ ਜਾਂਦਾ ਹੈ। ਨਾਮ ਧਨ ਇਕੱਤਰ ਹੋਣਾ ਸ਼ੁਰੂ ਹੋ ਜਾਂਦਾ ਹੈ। ਜਦ ਮਨੁੱਖ ਲੰਮੇ ਸਮੇਂ ਲਈ ਨਾਮ ਅਭਿਆਸ ਵਿੱਚ ਬੈਠਦਾ ਹੈ ਤਾਂ ਉਹ ਸੁੰਨ ਸਮਾਧੀ ਵਿੱਚ ਚਲਾ ਜਾਂਦਾ ਹੈ। ਸੁੰਨ ਦੀ ਅਵਸਥਾ ਪ੍ਰਾਪਤ ਹੋਣੀ ਸ਼ੁਰੂ ਹੋ ਜਾਂਦੀ ਹੈ। ਮਨ ਅਤੇ ਹਿਰਦਾ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ। ਮਨ ਦੇ ਫੁਰਨੇ ਖਤਮ ਹੋ ਜਾਂਦੇ ਹਨ। ਮਨ ਵਿੱਚ ਕੋਈ ਵਿਕਲਪ ਨਹੀਂ ਰਹਿ ਜਾਂਦਾ ਹੈ। ਮਨ ਖ਼ਤਮ ਹੋ ਜਾਂਦਾ ਹੈ। ਮਨ ਪਰਮ ਜੋਤ ਵਿੱਚ ਬਦਲ ਜਾਂਦਾ ਹੈ। ਹਿਰਦੇ ਵਿੱਚ ਪੂਰਨ ਜੋਤ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ। ਦੇਹੀ ਕੰਚਨ ਹੋ ਜਾਂਦੀ ਹੈ। ਭਾਵ ਦੇਹੀ ਵਿਕਾਰਾਂ ਤੋਂ ਰਹਿਤ ਹੋ ਜਾਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਮਨੁੱਖ ਦੇ ਵੱਸ ਵਿੱਚ ਆ ਜਾਂਦੇ ਹਨ। ਤ੍ਰਿਸ਼ਣਾ ਬੁਝ ਜਾਂਦੀ ਹੈ। ਹਿਰਦਾ ਸਤਿ ਸੰਤੋਖ ਵਿੱਚ ਚਲਾ ਜਾਂਦਾ ਹੈ। ਰਾਜ, ਜੋਬਨ, ਧਨ, ਮਾਲ, ਸ਼ਬਦ, ਸਪਰਸ਼, ਨਿੰਦਿਆ, ਚੁਗ਼ਲੀ, ਬਖ਼ੀਲੀ ਅਤੇ ਹੋਰ ਸਾਰੇ ਵਿਕਾਰਾਂ ਦਾ ਅੰਤ ਹੋ ਜਾਂਦਾ ਹੈ। ਭਾਂਡਾ ਨਿਰਮਲ ਹੋ ਕੇ ਕੰਚਨ ਹੋ ਜਾਂਦਾ ਹੈ। ਭਾਂਡੇ ਦੇ ਸਾਰੇ ਵਿਕਾਰਾਂ ਰੂਪੀ ਛੇਕ ਖ਼ਤਮ ਹੋ ਜਾਂਦੇ ਹਨ। ਭਾਂਡੇ ਵਿੱਚ ਅੰਮ੍ਰਿਤ ਭਰਪੂਰ ਹੋ ਜਾਂਦਾ ਹੈ। ਭਾਂਡੇ ਵਿੱਚੋਂ ਅੰਮ੍ਰਿਤ ਛਲਕਣ ਲੱਗ ਜਾਂਦਾ ਹੈ। ਭਾਂਡੇ ਵਿੱਚੋਂ ਅੰਮ੍ਰਿਤ ਬਾਹਰ ਵਗਣਾ ਸ਼ੁਰੂ ਹੋ ਜਾਂਦਾ ਹੈ। ਭਾਵ ਮਨੁੱਖਾ ਦੇਹੀ ਵਿੱਚੋਂ ਅੰਮ੍ਰਿਤ ਬਾਹਰ ਡੁੱਲ੍ਹਣਾ ਸ਼ੁਰੂ ਹੋ ਜਾਂਦਾ ਹੈ। ਕੰਚਨ ਹੋਈ ਦੇਹੀ ਦੀ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਨੂੰ ਗੁਰਬਾਣੀ ਵਿੱਚ ਬਹੁਤ ਸਾਰੇ ਸਲੋਕਾਂ ਵਿੱਚ ਪ੍ਰਗਟ ਕੀਤਾ ਗਿਆ ਹੈ:

ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੬)

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥ ਲਿਵ ਲਾ ਵਹੁ ਤਿਸੁ ਰਾਮ ਸਨੇਹੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੦)

ਕੰਚਨ ਕਾਇਆ ਜੋਤਿ ਅਨੂਪੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੧੩)

ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੪੯)

ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੩੨)

ਕਹੁ ਕਬੀਰ ਕੰਚਨੁ ਭਇਆ ਭ੍ਰਮੁ ਗਇਆ ਸਮੁਦ੍ਰੈ ਪਾਰਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੩)

ਜਦ ਮਨੁੱਖ ਦੀ ਦੇਹੀ ਕੰਚਨ ਹੋ ਜਾਂਦੀ ਹੈ ਤਾਂ ਮਨੁੱਖ ਦੀ ਦੁਬਿਧਾ ਦਾ ਅੰਤ ਹੋ ਜਾਂਦਾ ਹੈ। ਸਾਰੇ ਭਰਮਾਂ ਦਾ ਨਾਸ ਹੋ ਜਾਂਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਕੰਚਨ ਹੋਈ ਦੇਹੀ ਵਿੱਚ ਹੀ ਪ੍ਰਗਟ ਹੁੰਦਾ ਹੈ। ਮਨੁੱਖ ਦੀ ਸੂਖਸ਼ਮ ਦੇਹੀ ਨਿਰੰਤਰ ਅੰਮ੍ਰਿਤ ਇਸ਼ਨਾਨ ਕਰਦੀ ਹੈ। ਸਾਰੇ ਪਾਸੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਜਾਂਦਾ ਹੈ। ਪਰਮ ਜੋਤ ਪੂਰਨ ਪ੍ਰਕਾਸ਼ ਦੀ ਬਖ਼ਸ਼ਿਸ਼ ਕੰਚਨ ਹੋਈ ਦੇਹੀ ਨੂੰ ਹੀ ਪ੍ਰਾਪਤ ਹੁੰਦੀ ਹੈ। ਜਿਗਿਆਸੂ ਦੀ ਨਿਰੰਤਰ ਸਹਿਜ ਸਮਾਧੀ ਵੀ ਕੰਚਨ ਹੋਈ ਦੇਹੀ ਨੂੰ ਹੀ ਪ੍ਰਾਪਤ ਹੁੰਦੀ ਹੈ। ਸਾਰੇ ਮਾਨਸਿਕ ਰੋਗਾਂ ਤੋਂ ਮੁਕਤੀ ਕੰਚਨ ਦੇਹੀ ਬਣਨ ਤੇ ਹੀ ਮਿਲਦੀ ਹੈ। ਮਨੁੱਖ ਦੀ ਸੁਰਤਿ, ਮਤਿ ਅਤੇ ਬੁੱਧ ਉੱਤਮ ਅਵਸਥਾ ਵਿੱਚ ਪਹੁੰਚ ਜਾਂਦੀ ਹੈ ਅਤੇ ਦੇਵਤਿਆਂ ਵਾਲੀ ਅਤੇ ਸਿੱਧਾਂ ਵਾਲੀ ਅਵਸਥਾ ਬਣ ਜਾਂਦੀ ਹੈ। ਮਨੁੱਖ ਦੀ ਸੁਰਤ, ਮਤਿ ਅਤੇ ਬੁੱਧ ਪੂਰਨ ਗੁਰਮਤਿ ਵਿੱਚ ਚਲੀ ਜਾਂਦੀ ਹੈ।

ਇਹ ਬਹੁਤ ਹੀ ਉੱਚੀ ਰੂਹਾਨੀ ਅਵਸਥਾ ਹੈ। ਇਹ ਉਹ ਅਵਸਥਾ ਹੈ ਜਦ ਮਨੁੱਖ ਦੀ ਬੰਦਗੀ ਬਹੁਤ ਉੱਚੀ ਅਵਸਥਾ ਵਿੱਚ ਚਲੀ ਜਾਂਦੀ ਹੈ। ਪੰਜ ਦੂਤ ਅਤੇ ਤ੍ਰਿਸ਼ਨਾ ਤੁਹਾਡੇ ਕਾਬੂ ਵਿੱਚ ਆ ਜਾਂਦੇ ਹਨ। ਮਾਇਆ ਨਾਲ ਅਸਲ ਲੜਾਈ ਪੂਰੇ ਜ਼ੋਰਾਂ ਨਾਲ ਹੁੰਦੀ ਹੈ ਅਤੇ ਗੁਰਪ੍ਰਸਾਦਿ ਦੇ ਫਲਸਰੂਪ ਤੁਸੀਂ ਮਾਇਆ ਅਤੇ ਮਨ 'ਤੇ ਜਿੱਤ ਪਾ ਲੈਂਦੇ ਹੋ। ਨਾਮ ਤੁਹਾਡੇ ਰੋਮ-ਰੋਮ ਵਿੱਚ ਚਲਾ ਜਾਂਦਾ ਹੈ। ਮਨੁੱਖ ਦਾ ਰੋਮ-ਰੋਮ ਭਾਵ ਦੇਹੀ ਦੀ ਹਰ ਇੱਕ ਕੋਸ਼ਕਾ ਨਾਮ ਦੇ ਨਾਲ ਧੜਕਣ ਲੱਗ ਪੈਂਦੀ ਹੈ। ਮਨੁੱਖ ਦੇ ਰੋਮ-ਰੋਮ ਵਿੱਚੋਂ ਇਲਾਹੀ ਪ੍ਰਕਾਸ਼ ਨਿਕਲਣ ਲੱਗ ਪੈਂਦਾ ਹੈ। ਮਨੁੱਖ ਦੇ ਨੇਤਰਾਂ ਵਿੱਚੋਂ ਵੀ ਪ੍ਰਕਾਸ਼ ਨਿਕਲਣ ਲੱਗ ਪੈਂਦਾ ਹੈ। ਤੁਹਾਡਾ ਦਸਮ ਦੁਆਰ ਖੁੱਲ੍ਹ ਜਾਂਦਾ ਹੈ ਅਤੇ ਅਕਾਲ ਪੁਰਖ ਨਾਲ ਤੁਹਾਡਾ ਸਿੱਧਾ ਸੰਪਰਕ ਕਾਇਮ ਹੋ ਜਾਂਦਾ ਹੈ। ਦਸਮ ਦੁਆਰ ਦੇ ਖੁੱਲ੍ਹਣ ਨਾਲ ਆਪਣੀ ਹੀ ਕੰਚਨ ਹੋਈ ਸੂਖਸ਼ਮ ਦੇਹੀ ਦੇ ਦਰਸ਼ਨ ਹੋ ਜਾਂਦੇ ਹਨ। ਦਸਮ ਦੁਆਰ ਦੇ ਖੁੱਲ੍ਹਣ ਨਾਲ ਮਨੁੱਖ ਨੂੰ ਅਨਹਦ ਸ਼ਬਦ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਅਨਹਦ ਸ਼ਬਦ ਨਿਰੰਤਰ ਮਨੁੱਖ ਦੇ ਦਸਮ ਦੁਆਰ ਵਿੱਚ ਵੱਜਣ ਲੱਗ ਪੈਂਦਾ ਹੈ। ਅਨਹਦ ਸ਼ਬਦ ਜੋ ਮਨੁੱਖ ਦੇ ਦਸਮ ਦੁਆਰ ਵਿੱਚ ਵੱਜਦਾ ਹੈ ਉਹ ਹੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਧੁਨਾਤਮਕ ਨਾਮ ਅੰਮ੍ਰਿਤ ਹੈ। ਦਸਮ ਦੁਆਰ ਵਿੱਚ ਵੱਜਦੇ ਹੋਏ ਇਸ ਅਨਹਦ ਸ਼ਬਦ ਦੇ ਬਾਰੇ ਪਰਮ ਸਤਿ ਤੱਤ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੦੨)

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੪)

ਨਿਰੰਤਰ ਦਸਮ ਦੁਆਰ ਵਿੱਚ ਵੱਜਣ ਵਾਲਾ ਇਹ ਅਨਹਦ ਸ਼ਬਦ ਧੁਨਾਤਮਕ ਨਾਮ ਅੰਮ੍ਰਿਤ ਹੀ ਦਰਗਾਹੀ ਅਖੰਡ ਕੀਰਤਨ ਹੈ। ਅਨਹਦ ਤੋਂ ਭਾਵ ਹੈ ਜਿਸ ਦਾ ਕੋਈ ਹੱਦ ਬੰਨਾ ਨਹੀਂ ਹੈ। ਜੋ ਕਦੇ ਖ਼ਤਮ ਨਹੀਂ ਹੁੰਦਾ ਹੈ। ਜੋ ਬੇਅੰਤ ਹੈ ਅਤੇ ਨਿਰੰਤਰ ਵੱਜਦਾ ਹੈ। ਇਹ ਅਨਹਦ ਸ਼ਬਦ ਮਨੁੱਖ ਦੇ ਕੰਨਾਂ ਵਿੱਚ ਨਹੀਂ ਸੁਣਦਾ ਹੈ। ਇਹ ਅਨਹਦ ਸ਼ਬਦ ਬੇਅੰਤ ਸ਼ਕਤੀਸ਼ਾਲੀ ਹੈ ਅਤੇ ਇਹ ਮਨੁੱਖ ਦੇ ਕੇਵਲ ਦਸਮ ਦੁਆਰ ਵਿੱਚ ਹੀ ਵੱਜਦਾ ਅਤੇ ਸੁਣਦਾ ਹੈ। ਇਸ ਪਰਮ ਸ਼ਕਤੀਸ਼ਾਲੀ ਅਨਹਦ ਸ਼ਬਦ ਧੁਨਾਤਮਕ ਨਾਮ ਅੰਮ੍ਰਿਤ ਵਿੱਚ ਸਾਰੀ ਕੁਦਰਤ ਦਾ ਇਲਾਹੀ ਸੰਗੀਤ ਅਤੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਅੰਮ੍ਰਿਤ ਬਾਣੀ ਗੂੰਜਦੀ ਹੈ। ਜਦ ਇਹ ਅਨਹਦ ਸ਼ਬਦ ਪ੍ਰਗਟ ਹੁੰਦਾ ਹੈ ਤਾਂ ਇਸ ਦੇ ਸਨਮੁਖ ਸਾਰੇ ਸੰਗੀਤਾਂ ਦੀਆਂ ਧੁਨਾਂ ਫਿੱਕੀਆਂ ਪੈ ਜਾਂਦੀਆਂ ਹਨ। ਜਦ ਮਨੁੱਖ ਇਸ ਅਨਹਦ ਸ਼ਬਦ ਦੇ ਸੰਗੀਤ ਤੇ ਆਪਣਾ ਧਿਆਨ ਕੇਂਦਰਿਤ ਕਰਦਾ ਹੈ ਤਾਂ ਉਸ ਦਾ ਹਿਰਦਾ ਅਤੇ ਮਨ ਇੱਕ ਦਮ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ।

ਐਸੀ ਸੁੰਦਰ ਅਤੇ ਪਰਮ ਸ਼ਕਤੀਸ਼ਾਲੀ ਕਰਮ ਖੰਡ ਦੀ ਅਵਸਥਾ ਵਿੱਚ ਜੋ ਮਨੁੱਖ ਪਹੁੰਚ ਜਾਂਦੇ ਹਨ ਉਨ੍ਹਾਂ ਉੱਪਰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਬੇਅੰਤ ਅਪਾਰ ਕਿਰਪਾ ਬਰਸਦੀ ਹੈ। ਉਨ੍ਹਾਂ ਦੀ ਸੁਰਤਿ, ਮਤਿ, ਮਨ, ਬੁੱਧ ਬਹੁਤ ਰੂਹਾਨੀ ਉਚਾਈਆਂ ਤੇ ਚਲੀਆਂ ਜਾਂਦੀਆਂ ਹਨ। ਐਸੀ ਪਰਮ ਸ਼ਕਤੀਸ਼ਾਲੀ ਅਵਸਥਾ ਵਿੱਚ ਜੋ ਜਿਗਿਆਸੂ ਪਹੁੰਚ ਜਾਂਦੇ ਹਨ ਉਨ੍ਹਾਂ ਦੀ ਅਵਸਥਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ ਹੈ। ਇਹ ਗੁਰ ਪ੍ਰਸਾਦੀ ਕਥਾ ਐਸੇ ਮਹਾਂਪੁਰਖਾਂ ਦੀ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਦੀ ਕੇਵਲ ਇੱਕ ਝਲਕ ਮਾਤਰ ਹੀ ਹੈ। ਜੋ ਮਨੁੱਖ ਇਹ ਦਾਅਵਾ ਕਰਦੇ ਹਨ ਕਿ ਉਹ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਦਾ ਵਰਣਨ ਕਰ ਸਕਦੇ ਹਨ ਉਹ ਕੇਵਲ ਆਪਣੇ ਅਹੰਕਾਰ ਵੱਸ ਹੋ ਕੇ ਐਸਾ ਕਰਦੇ ਹਨ। ਜਿਸ ਕਾਰਨ ਉਨ੍ਹਾਂ ਨੂੰ ਪਸ਼ਚਾਤਾਪ ਕਰਨਾ ਪੈਂਦਾ ਹੈ। ਜੋ ਮਨੁੱਖ ਐਸੀ ਅਵਸਥਾ ਵਿੱਚ ਪਹੁੰਚ ਜਾਂਦੇ ਹਨ ਉਨ੍ਹਾਂ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਬੇਅੰਤ ਪਰਮ ਸ਼ਕਤੀਆਂ ਦਾ ਅਨੁਭਵ ਹੋ ਜਾਂਦਾ ਹੈ ਇਸ ਲਈ ਉਹ ਆਪਣੇ ਆਪ ਨੂੰ ਮਹਾ ਕੰਗਾਲ ਕਹਿਣ ਲੱਗ ਜਾਂਦੇ ਹਨ। ਉਹ ਇਹ ਕਹਿਣ ਲੱਗ ਜਾਂਦੇ ਹਨ ਕਿ ਉਨ੍ਹਾਂ ਨੂੰ ਕੋਈ ਗਿਆਨ ਨਹੀਂ ਹੈ। ਇਹ ਸਭ ਕੁਝ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਹੀ ਮਹਿਮਾ ਹੈ। ਉਹ ਇਲਾਹੀ ਇਸ਼ਕ ਵਿੱਚ ਆਪਣੇ ਆਪ ਨੂੰ ਮਿਟਾ ਦਿੰਦੇ ਹਨ। ਉਹ ਆਪਣੀ ਹਸਤੀ ਨੂੰ ਮਿਟਾ ਕੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ।

ਕਰਮ ਖੰਡ ਵਿੱਚ ਜਿਗਿਆਸੂ ਉੱਪਰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਬੇਅੰਤ ਅਪਾਰ ਕਿਰਪਾ ਅਤੇ ਗੁਰ ਪ੍ਰਸਾਦਿ ਦੀ ਪਰਮ ਸ਼ਕਤੀ ਵਰਤਦੀ ਹੈ। ਕਰਮ ਖੰਡ ਵਿੱਚ ਮਨੁੱਖ ਦੀ ਬੰਦਗੀ ਦਰਗਾਹ ਵਿੱਚ ਗਿਣੀ ਜਾਂਦੀ ਹੈ। ਇੜਾ, ਪਿੰਗਲਾ ਅਤੇ ਸੁਖਮਨਾ ਨਾੜਾਂ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ ਅਤੇ ਤ੍ਰਿਕੁਟੀ ਵਿੱਚ ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਹੋਣ

ਦੇ ਨਾਲ ਹੀ ਸਮਾਧੀ ਲੱਗ ਜਾਂਦੀ ਹੈ। ਏਕ ਬੂੰਦ ਅੰਮ੍ਰਿਤ ਦੀ ਮਹਿਮਾ ਗੁਰਬਾਣੀ ਵਿੱਚ ਪ੍ਰਗਟ ਕੀਤੀ ਗਈ ਹੈ।

ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾਂ ਅਟਲੁ ਅਮਰੁ ਨ ਮੁਆ ॥
ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ
ਫਿਰਿ ਲੇਖਾ ਮੂਲਿ ਨ ਲਇਆ ॥੪॥੩॥੧੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੧੨)

ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਹੀ ਗੁਰ ਪ੍ਰਸਾਦਿ ਦੀ ਪ੍ਰਾਪਤੀ ਦੀ ਨਿਸ਼ਾਨੀ ਹੈ। ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਹੀ ਅਜਪਾ ਜਾਪ ਸ਼ੁਰੂ ਹੁੰਦਾ ਹੈ। ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦੀ ਸਮਾਧੀ ਲੱਗ ਜਾਂਦੀ ਹੈ। ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਹੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਹੀ ਸਤਿਨਾਮ ਸਿਮਰਨ ਦੇ ਲੰਬੇ ਸਮੇਂ ਲਈ ਅਭਿਆਸ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਿਮਰਨ ਅਭਿਆਸ ਵਿੱਚ ਜਿਗਿਆਸੂ ਨੂੰ ਬੇਅੰਤ ਆਨੰਦ ਪ੍ਰਾਪਤ ਹੋਣਾ ਸ਼ੁਰੂ ਹੋ ਜਾਂਦਾ ਹੈ। ਸਿਮਰਨ ਦੇ ਲੰਬੇ ਸਮੇਂ ਦੇ ਅਭਿਆਸ ਨਾਲ ਮਨ ਸ਼ਾਂਤ ਹੋ ਜਾਂਦਾ ਹੈ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਹੋ ਜਾਂਦੀ ਹੈ।

ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਮਨੁੱਖ ਦਾ ਮਨ ਚਿੰਦਿਆ ਜਾਂਦਾ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਨਾਮ ਅਭਿਆਸ ਨਾਲ ਮਨੁੱਖ ਦਾ ਮਨ ਜੋਤ ਸਰੂਪ ਹੋ ਜਾਂਦਾ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਸੂਖਸ਼ਮ ਦੇਹੀ ਕੰਚਨ ਹੋ ਜਾਂਦੀ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਪੰਜ ਦੂਤ ਵੱਸ ਵਿੱਚ ਆ ਜਾਂਦੇ ਹਨ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਤ੍ਰਿਸ਼ਣਾ ਬੁਝ ਜਾਂਦੀ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਮਨੁੱਖ ਤ੍ਰੈ ਗੁਣ ਮਾਇਆ ਨੂੰ ਜਿੱਤ ਲੈਂਦਾ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਹੀ ਮਾਇਆ ਦੀ ਗ਼ੁਲਾਮੀ ਦਾ ਅੰਤ ਹੋ ਜਾਂਦਾ ਹੈ ਅਤੇ ਮਾਇਆ ਮਨੁੱਖ ਦੀ ਸੇਵਕ ਬਣ ਜਾਂਦੀ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਮਨੁੱਖ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਜਾਂਦਾ ਹੈ ਕਿਉਂਕਿ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਵਾਸ ਸੁੰਨ ਮੰਡਲ ਵਿੱਚ ਹੀ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਸਭ ਤੋਂ ਉੱਤਮ ਅਤੇ ਪਰਮ ਸ਼ਕਤੀਸ਼ਾਲੀ ਕਲਾ ਸੁੰਨ ਕਲਾ ਹੈ। (ਸੁੰਨ ਕਲਾ ਦੀ ਗੁਰ ਪ੍ਰਸਾਦੀ ਕਥਾ ਜਪ ਜੀ ਸਾਹਿਬ ਪਉੜੀ ੫ ਦੀ ਗੁਰਪ੍ਰਸਾਦੀ ਕਥਾ ਵਿੱਚ ਪ੍ਰਸਤੁਤ ਕੀਤੀ ਗਈ ਹੈ। ਜੋ ਜਿਗਿਆਸੂ ਸੁੰਨ ਕਲਾ ਦੀ ਮਹਿਮਾ ਨੂੰ ਹੋਰ ਡੂੰਘਾਈ ਵਿੱਚ ਜਾਣਨਾ ਚਾਹੁੰਦੇ ਹਨ ਉਹ ਪਉੜੀ ੫ ਦੀ ਗੁਰ ਪ੍ਰਸਾਦੀ ਕਥਾ ਦਾ ਦੁਬਾਰਾ ਅਧਿਐਨ ਕਰਨ।) ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਸੁੰਨ ਕਲਾ ਨਾਲ ਹੀ ਕੀਤੀ ਹੈ। ਜੋ ਮਨੁੱਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ ਉਹ ਮਹਾਂਪੁਰਖਾਂ ਦਾ ਵਾਸਾ ਵੀ

ਸੁੰਨ ਮੰਡਲ ਵਿੱਚ ਹੀ ਸਥਾਪਿਤ ਹੋ ਜਾਂਦਾ ਹੈ। ਸੁੰਨ ਸਮਾਧੀ ਦੀ ਮਹਿਮਾ ਬੇਅੰਤ ਹੈ ਅਤੇ ਗੁਰਬਾਣੀ ਦੇ ਬਹੁਤ ਸਾਰੇ ਸਲੋਕਾਂ ਵਿੱਚ ਸੁੰਨ ਮੰਡਲ, ਸੁੰਨ ਕਲਾ ਅਤੇ ਸੁੰਨ ਸਮਾਧੀ ਦੀ ਮਹਿਮਾ ਪ੍ਰਗਟ ਕੀਤੀ ਗਈ ਹੈ:

ਓਤਿ ਪੋਤਿ ਜਨ ਹਰਿ ਰਸਿ ਰਾਤੇ ॥ ਸੁੰਨ ਸਮਾਧਿ ਨਾਮ ਰਸ ਮਾਤੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੬੫)

ਸੁੰਨ ਸਮਾਧਿ ਅਨਹਤ ਤਹ ਨਾਦ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੯੩)

ਸਲੋਕੁ ॥ ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੯੦)

ਅਨਦਿਨੁ ਰਾਤਾ ਮਨੁ ਬੈਰਾਗੀ ਸੁੰਨ ਮੰਡਲਿ ਘਰੁ ਪਾਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੨੬)

ਸੁੰਨ ਮੰਡਲ ਇਕੁ ਜੋਗੀ ਬੈਸੇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੮੫)

ਸੁੰਨ ਸਮਾਧਿ ਮਹਾ ਪਰਮਾਰਥੁ ਤੀਨਿ ਭਵਣ ਪਤਿ ਨਾਮੰ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੩੪)

ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ਸੁੰਨ ਸਮਾਧਿ ਸਮਾਉਗੋ ॥੪॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੨-੯੭੩)

ਕਹੁ ਕਬੀਰ ਜੋ ਨਾਮਿ ਸਮਾਨੇ ਸੁੰਨ ਰਹਿਆ ਲਿਵ ਸੋਈ ॥੪॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੩)

ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਨਾਮ ਅਭਿਆਸ ਨਾਲ ਸਾਰੇ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਸਾਰੀ ਦੇਹੀ ਵਿੱਚ, ਰੋਮ-ਰੋਮ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਦਸਮ ਦੁਆਰ ਖੁੱਲ੍ਹ ਜਾਂਦਾ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਅਨਹਦ ਸ਼ਬਦ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਨਿਰਗੁਣ ਸਰਗੁਣ ਇੱਕ ਹੋ ਜਾਂਦਾ ਹੈ ਭਾਵ ਸਰਗੁਣ ਵਿੱਚ ਨਿਰਗੁਣ ਦੇ ਦਰਸ਼ਨ ਹੋ ਜਾਂਦੇ ਹਨ। ਜਿਵੇਂ ਕਿ ਮਨੁੱਖ ਦੀ ਦੇਹੀ ਸਰਗੁਣ ਹੈ ਅਤੇ ਪਰਮ ਜੋਤ ਪੂਰਨ ਪ੍ਰਕਾਸ਼ ਨਿਰਗੁਣ ਸਰੂਪ ਹੈ। ਜਿਨ੍ਹਾਂ ਮਨੁੱਖਾਂ ਦਾ ਨਿਰਗੁਣ ਸਰਗੁਣ ਇੱਕ ਹੋ ਜਾਂਦਾ ਹੈ ਉਨ੍ਹਾਂ ਨੂੰ ਆਪਣੀ ਦੇਹੀ ਵਿੱਚ ਹੀ ਨਿਰਗੁਣ ਸਰੂਪ ਦੇ ਦਰਸ਼ਨ ਹੋ ਜਾਂਦੇ ਹਨ। ਭਾਵ ਸਰਗੁਣ ਦੇਹੀ ਦੇ ਪ੍ਰਕਾਸ਼ ਰੂਪ ਦੇ ਦਰਸ਼ਨ ਹੋ ਜਾਂਦੇ ਹਨ। ਮਨੁੱਖ ਨੂੰ ਸਾਰੇ ਰੂਹਾਨੀ ਅਨੁਭਵ ਵੀ ਸੁੰਨ ਸਮਾਧੀ ਵਿੱਚ ਹੀ ਹੁੰਦੇ ਹਨ। ਮਨੁੱਖ ਦੀ ਬੰਦਗੀ ਸੁੰਨ ਸਮਾਧੀ ਵਿੱਚ ਹੀ ਦਰਗਾਹ ਵਿੱਚ ਪ੍ਰਵਾਨ ਚੜ੍ਹਦੀ ਹੈ ਅਤੇ ਪੂਰਨ

ਹੁੰਦੀ ਹੈ। ਮਨੁੱਖ ਨੂੰ ਅਕਾਲ ਪੁਰਖ ਦੇ ਦਰਸ਼ਨ ਵੀ ਸੁੰਨ ਸਮਾਧੀ ਵਿੱਚ ਹੀ ਹੁੰਦੇ ਹਨ। ਮਨੁੱਖ ਨੂੰ ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਵੀ ਸੁੰਨ ਸਮਾਧੀ ਵਿੱਚ ਹੀ ਹੁੰਦੀ ਹੈ। ਮਨੁੱਖ ਨੂੰ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਵੀ ਸੁੰਨ ਸਮਾਧੀ ਵਿੱਚ ਹੀ ਹੁੰਦੀ ਹੈ। ਮਨੁੱਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਵੀ ਸੁੰਨ ਸਮਾਧੀ ਵਿੱਚ ਹੀ ਹੁੰਦਾ ਹੈ। ਮਨੁੱਖ ਨੂੰ ਅਟੱਲ ਅਵਸਥਾ ਅਤੇ ਪਰਮ ਪਦਵੀ ਦੀ ਪ੍ਰਾਪਤੀ ਵੀ ਸੁੰਨ ਸਮਾਧੀ ਵਿੱਚ ਹੀ ਹੁੰਦੀ ਹੈ। ਜੀਵਨ ਮੁਕਤੀ ਵੀ ਸੁੰਨ ਸਮਾਧੀ ਵਿੱਚ ਹੀ ਪ੍ਰਾਪਤ ਹੁੰਦੀ ਹੈ। ਸੁੰਨ ਸਮਾਧੀ ਵਿੱਚ ਹੀ ਮਨੁੱਖ ਦੀਆਂ ਪੰਜੇ ਗਿਆਨ ਇੰਦਰੀਆਂ ਅਤੇ ਪੰਜੇ ਕਰਮ ਇੰਦਰੀਆਂ ਵੀ ਪੂਰਨ ਹੁਕਮ ਵਿੱਚ ਜਾਂਦੀਆਂ ਹਨ। ਸੁੰਨ ਸਮਾਧੀ ਵਿੱਚ ਹੀ ਰਿੱਧੀਆਂ-ਸਿੱਧੀਆਂ ਮਨੁੱਖ ਦੇ ਚਰਨਾਂ ਹੇਠ ਆ ਜਾਂਦੀਆਂ ਹਨ ਅਤੇ ਫਿਰ ਉਸ ਦੀ ਸੇਵਾ ਕਰਦੀਆਂ ਹਨ। ਸੁੰਨ ਸਮਾਧੀ ਵਿੱਚ ਹੀ ਮਨੁੱਖ ਨੂੰ ਅੰਮ੍ਰਿਤ ਦੀ ਦਾਤ ਵੰਡਣ ਦਾ ਗੁਰ ਪ੍ਰਸਾਦਿ ਪ੍ਰਾਪਤ ਹੁੰਦਾ ਹੈ ਅਤੇ ਮਹਾ ਪਰਉਪਕਾਰ ਦੀ ਸੇਵਾ ਮਿਲਦੀ ਹੈ। ਸੁੰਨ ਸਮਾਧੀ ਵਿੱਚੋਂ ਹੀ ਪੂਰਨ ਬ੍ਰਹਮ ਗਿਆਨੀ ਦਾ, ਪੂਰਨ ਸੰਤ ਦਾ ਅਤੇ ਸਤਿਗੁਰੂ ਦਾ ਜਨਮ ਹੁੰਦਾ ਹੈ। ਇਸੇ ਕਰ ਕੇ ਸੁੰਨ ਸਮਾਧੀ ਨੂੰ ਗੁਰਬਾਣੀ ਵਿੱਚ ਮਹਾ ਪਰਮਾਰਥ ਕਿਹਾ ਗਿਆ ਹੈ। ਸੁੰਨ ਵਿੱਚ ਰੱਤੇ ਹੋਏ ਮਨ ਅਤੇ ਹਿਰਦੇ ਦੇ ਸਨਮੁਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੂੰ ਵੀ ਝੁਕਣਾ ਪੈਂਦਾ ਹੈ ਅਤੇ ਐਸੇ ਹਿਰਦੇ ਵਿੱਚ ਪ੍ਰਗਟ ਹੋਣਾ ਪੈਂਦਾ ਹੈ। ਸਮਾਧੀ ਅਤੇ ਸੁੰਨ ਸਮਾਧੀ ਦੀ ਅਵਸਥਾ ਹੀ 'ਲਿਵ' ਲੱਗਣ ਦੀ ਅਵਸਥਾ ਹੈ।

ਜਦ ਜਿਗਿਆਸੂ ਨੂੰ ਕਰਮ ਖੰਡ ਵਿੱਚ ਬੰਦਗੀ ਕਰਦੇ ਹੋਏ ਐਸੀ ਪਰਮ ਸ਼ਕਤੀਸ਼ਾਲੀ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਦੀ ਬਾਣੀ ਵਿੱਚ ਕ੍ਰਾਂਤੀ ਆ ਜਾਂਦੀ ਹੈ। ਉਸ ਦੇ ਬੋਲੇ ਸ਼ਬਦਾਂ ਵਿੱਚ ਪਰਮ ਸ਼ਕਤੀ ਵਰਤਦੀ ਹੈ। ਉਸ ਦੇ ਬਚਨ ਪੂਰਨ ਸਤਿ ਹੋ ਜਾਂਦੇ ਹਨ। ਉਸ ਦੇ ਕੀਤੇ ਬਚਨਾਂ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਸ਼ਕਤੀਆਂ ਸਤਿ ਸਿੱਧ ਕਰ ਦਿੰਦੀਆਂ ਹਨ। ਜੋ ਐਸੇ ਮਹਾਂਪੁਰਖ ਬਚਨ ਕਰਦੇ ਹਨ ਉਹ ਬਚਨ ਵਾਪਰ ਜਾਂਦੇ ਹਨ। ਐਸੇ ਮਹਾਂਪੁਰਖਾਂ ਨੂੰ ਗੁਰਬਾਣੀ ਵਿੱਚ ਸੂਰਬੀਰ, ਬਲੀ ਅਤੇ ਮਹਾਬਲੀ ਕਿਹਾ ਗਿਆ ਹੈ:

ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੯੨)

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੦੪)

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੯੩)

ਬੰਦਗੀ ਮਾਇਆ ਦੇ ਨਾਲ ਜੰਗ ਹੈ। ਬੰਦਗੀ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਪੰਜ ਦੂਤਾਂ ਨੂੰ ਜਿੱਤਣ ਦਾ ਗੁਰ ਪ੍ਰਸਾਦੀ ਖੇਲ ਹੈ। ਬੰਦਗੀ ਤ੍ਰਿਸ਼ਣਾ ਉੱਪਰ ਜਿੱਤ ਪ੍ਰਾਪਤ ਕਰਨ ਦਾ ਗੁਰ ਪ੍ਰਸਾਦੀ ਖੇਲ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਹਰਾਉਣਾ ਅਤੇ ਤ੍ਰਿਸ਼ਣਾ ਨੂੰ ਖ਼ਤਮ ਕਰਨਾ ਬਹੁਤ ਕਠਿਨ ਕੰਮ ਹੈ। ਪੰਜ ਦੂਤਾਂ ਨਾਲ ਲੜਨਾ ਅਤੇ ਉਨ੍ਹਾਂ ਉੱਪਰ ਕਾਬੂ ਪਾ ਕੇ ਉਨ੍ਹਾਂ ਨੂੰ ਸਦਾ-ਸਦਾ ਲਈ ਵੱਸ ਵਿੱਚ ਕਰਨਾ ਬਹੁਤ ਕਠਿਨ ਖੇਲ ਹੈ। ਆਪਣੇ ਮਨ ਉੱਪਰ ਜਿੱਤ ਪ੍ਰਾਪਤ ਕਰਨਾ ਬਹੁਤ ਕਠਿਨ ਕੰਮ ਹੈ। ਮਨ ਨੂੰ ਸ਼ਾਂਤ ਕਰਨਾ, ਵਿਕਲਪ ਰਹਿਤ ਕਰਨਾ, ਮਨ ਦੇ ਫੁਰਨਿਆਂ ਦਾ ਅੰਤ ਕਰਨਾ ਬਹੁਤ ਕਠਿਨ ਕੰਮ ਹੈ। ਮਨ

ਅਤੇ ਹਿਰਦੇ ਨੂੰ ਸਾਰੇ ਵਿਕਾਰਾਂ ਤੋਂ ਰਹਿਤ ਕਰ ਕੇ ਪੂਰਨ ਸਚਿਆਰੀ ਰਹਿਤ ਦੀ ਕਮਾਈ ਕਰਨਾ ਬਹੁਤ ਕਠਿਨ ਕੰਮ ਹੈ। ਤ੍ਰੈ ਗੁਣ ਮਾਇਆ ਨੂੰ ਆਪਣੀ ਸੇਵਕ ਬਣਾ ਲੈਣਾ ਬਹੁਤ ਕਠਿਨ ਕੰਮ ਹੈ। ਇਸ ਲਈ ਜੋ ਮਨੁੱਖ ਮਾਇਆ ਦੇ ਖ਼ਿਲਾਫ਼ ਇਹ ਜੰਗ ਜਿੱਤ ਜਾਂਦੇ ਹਨ ਉਨ੍ਹਾਂ ਨੂੰ ਗੁਰਬਾਣੀ ਵਿੱਚ ਬਲੀ, ਮਹਾਬਲੀ ਅਤੇ ਸੂਰਬੀਰ ਕਹਿ ਕੇ ਪੁਕਾਰਿਆ ਗਿਆ ਹੈ। ਪੰਜ ਦੂਤ ਐਸੇ ਸੰਤ ਮਹਾਂਪੁਰਖਾਂ ਦੇ ਵੱਸ ਵਿੱਚ ਆ ਜਾਂਦੇ ਹਨ। ਐਸੇ ਸੰਤ ਮਹਾਂਪੁਰਖਾਂ ਦੀ ਤ੍ਰਿਸ਼ਣਾ ਬੁਝ ਜਾਂਦੀ ਹੈ ਅਤੇ ਉਨ੍ਹਾਂ ਦਾ ਹਿਰਦਾ ਸਤਿ ਸੰਤੋਖ ਵਿੱਚ ਚਲਾ ਜਾਂਦਾ ਹੈ। ਐਸੇ ਮਹਾਂਪੁਰਖਾਂ ਦੀ ਮਾਇਆ ਸੇਵਕ ਬਣ ਜਾਂਦੀ ਹੈ ਅਤੇ ਉਹ ਸਤਿ ਵਿੱਚ ਸਮਾ ਕੇ ਸਤਿ ਰੂਪ ਹੋ ਜਾਂਦੇ ਹਨ। ਸਤਿ ਰੂਪ ਹੋਏ ਮਹਾਂਪੁਰਖਾਂ ਦੇ ਬਚਨਾਂ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕਿਰਪਾ ਵਾਪਰਦੀ ਹੈ। ਐਸੇ ਮਹਾਂਪੁਰਖਾਂ ਦੇ ਬਚਨ ਦਰਗਾਹੀ ਹੁਕਮ ਹੁੰਦੇ ਹਨ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਜਾ ਕਾ ਕਹਿਆ ਦਰਗਹ ਚਲੈ ॥ ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੮੬)

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥
ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੫੨)

ਐਸੇ ਮਹਾਬਲੀ ਸੂਰਬੀਰ ਮਹਾਂਪੁਰਖ ਜੋ ਪੂਰਨ ਸੰਤ ਬਣ ਜਾਂਦੇ ਹਨ ਉਨ੍ਹਾਂ ਦੇ ਬਚਨਾਂ ਵਿੱਚ ਦਰਗਾਹੀ ਹੁਕਮ ਵਾਪਰਦਾ ਹੈ। ਜਿਨ੍ਹਾਂ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕਿਰਪਾ ਅਤੇ ਗੁਰ ਪ੍ਰਸਾਦਿ ਪ੍ਰਾਪਤ ਹੋ ਜਾਂਦਾ ਹੈ ਉਨ੍ਹਾਂ ਨੂੰ ਫਿਰ ਹੋਰ ਕਿਸੇ ਸ਼ਕਤੀ ਜਾਂ ਵਿਅਕਤੀ ਦੀ ਮੁਥਾਜੀ ਨਹੀਂ ਕਰਨੀ ਪੈਂਦੀ ਹੈ। ਉਨ੍ਹਾਂ ਦੇ ਪਰਮ ਜੋਤ ਪੂਰਨ ਪ੍ਰਕਾਸ਼ ਨਾਲ ਭਰਪੂਰ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪ ਪ੍ਰਗਟ ਹੁੰਦਾ ਹੈ। ਇਸੇ ਕਰ ਕੇ ਗੁਰਬਾਣੀ ਵਿੱਚ ਬ੍ਰਹਮ ਗਿਆਨੀ ਨੂੰ ਪਰਮੇਸ਼ਰ, ਗੁਰ ਪਰਮੇਸ਼ਰ, ਨਿਰੰਕਾਰ, ਵਿਧਾਤਾ ਕਿਹਾ ਗਿਆ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੂੰ ਵੀ ਐਸੇ ਮਹਾਬਲੀ ਸੂਰਬੀਰ ਮਹਾਂਪੁਰਖਾਂ ਦੇ ਬਚਨਾਂ ਅੱਗੇ ਝੁੱਕਣਾ ਪੈਂਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪਣੇ ਭਗਤਾਂ ਦੇ ਵੱਸ ਵਿੱਚ ਹੁੰਦਾ ਹੈ। ਮਨੁੱਖ ਦੇ ਕਰਮਾਂ ਦੀਆਂ ਬਧੀਆਂ ਹੋਈਆਂ ਗੰਢਾਂ ਨੂੰ ਖੋਲ੍ਹਣ ਦੀ ਸਮਰੱਥਾ ਭਗਤ ਦੇ ਵੱਸ ਵਿੱਚ ਹੁੰਦੀ ਹੈ। ਪਰੰਤੂ ਐਸੇ ਮਹਾਬਲੀ ਸੂਰਬੀਰ ਮਹਾਂਪੁਰਖਾਂ ਦੇ ਬਚਨਾਂ ਨੂੰ ਠੁਕਰਾਉਣ ਦੀ ਸਮਰੱਥਾ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਵੀ ਨਹੀਂ ਹੈ। ਇਸ ਲਈ ਐਸੇ ਮਹਾਬਲੀ ਸੂਰਬੀਰ ਮਹਾਂਪੁਰਖਾਂ ਦੇ ਬਚਨਾਂ ਵਿੱਚ ਕ੍ਰਾਂਤੀ ਆ ਜਾਂਦੀ ਹੈ। ਉਨ੍ਹਾਂ ਦੇ ਬਚਨ ਪੂਰਨ ਸਤਿ ਹੁੰਦੇ ਹਨ ਅਤੇ ਦਰਗਾਹੀ ਹੁਕਮ ਹੁੰਦੇ ਹਨ। ਐਸੇ ਮਹਾਂਪੁਰਖਾਂ ਦੇ ਬਚਨ ਸਤਿ ਸਿੱਧ ਹੋ ਕੇ ਵਾਪਰਦੇ ਹਨ।

ਐਸੇ ਮਹਾਬਲੀ ਅਤੇ ਸੂਰਬੀਰ ਮਹਾਂਪੁਰਖਾਂ ਦੇ ਰੋਮ-ਰੋਮ ਵਿੱਚ ਸਤਿਨਾਮ ਚਲਦਾ ਹੈ ਅਤੇ ਉਨ੍ਹਾਂ ਦੇ ਰੋਮ-ਰੋਮ ਵਿੱਚ ਅਕਾਲ ਪੁਰਖ ਆਪ ਆਣ ਵਸਦਾ ਹੈ। ਉਨ੍ਹਾਂ ਦੇ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪ ਪ੍ਰਗਟ ਹੁੰਦਾ ਹੈ। ਐਸੇ ਮਹਾਂਪੁਰਖਾਂ ਨੂੰ ਪ੍ਰਗਟਿਓ ਜੋਤ ਬ੍ਰਹਮ ਗਿਆਨੀ ਵੀ ਕਿਹਾ ਜਾਂਦਾ ਹੈ। ਉਨ੍ਹਾਂ ਦੇ ਰੋਮ-ਰੋਮ ਵਿੱਚ ਰਾਮ ਰਮਿਆ ਰਹਿੰਦਾ ਹੈ।

ਐਸੇ ਸੂਰਬੀਰ, ਮਹਾਬਲੀ, ਬਚਨ ਕੇ ਬਲੀ ਮਹਾਂਪੁਰਖਾਂ ਨੂੰ ਸਤਿ ਪਾਰਬ੍ਰਹਮ ਪਿਤਾ

ਪਰਮੇਸ਼ਰ ਦੀ ਦਰਗਾਹ ਵਿੱਚੋਂ ਪਰਉਪਕਾਰ ਅਤੇ ਮਹਾ ਪਰਉਪਕਾਰ ਦੀ ਸੇਵਾ ਪ੍ਰਾਪਤ ਹੁੰਦੀ ਹੈ। ਜਦ ਉਹ ਇਸ ਸੇਵਾ ਵਿੱਚ ਆਪਣੇ ਆਪ ਨੂੰ ਅਰਪਣ ਕਰਦੇ ਹਨ ਤਾਂ ਉਨ੍ਹਾਂ ਦੀ ਇਸ ਸੇਵਾ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਪਰਮ ਸ਼ਕਤੀ ਵਰਤਦੀ ਹੈ। ਐਸੇ ਮਹਾਂਪੁਰਖਾਂ ਦੀ ਬੰਦਗੀ ਫਿਰ ਲੁਕਾਈ ਦਾ ਉਧਾਰ ਕਰਨਾ, ਨਾਮ ਜਪਾਉਣਾ, ਜੀਅ ਦਾਨ ਦੇ ਕੇ ਭਗਤੀ ਲਾਉਣਾ, ਗੁਰ ਪ੍ਰਸਾਦਿ ਵਰਤਾਉਣਾ, ਪੂਰਨ ਸਤਿ ਵਰਤਾਉਣਾ ਅਤੇ ਪੂਰਨ ਸਤਿ ਦੀ ਸੇਵਾ ਕਰਨਾ ਹੋ ਜਾਂਦੀ ਹੈ। ਇਸ ਅਵਸਥਾ ਵਿੱਚ ਸੇਵਾ ਕਰਦੇ ਹੋਏ ਉਹ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਦਾ ਅਨੁਭਵ ਕਰਦੇ ਹਨ। ਜੋ ਮਹਾਂਪੁਰਖ ਇਸ ਸੇਵਾ ਵਿੱਚ ਸਫ਼ਲ ਹੁੰਦੇ ਹਨ ਉਨ੍ਹਾਂ ਦੀ ਦਰਗਾਹ ਵਿੱਚ ਜੈ ਜੈ ਕਾਰ ਹੁੰਦੀ ਹੈ। ਐਸੀ ਪਰਮ ਸ਼ਕਤੀਸ਼ਾਲੀ ਸੇਵਾ ਜਿਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ ਉਹ ਮਹਾਂਪੁਰਖ ਬਹੁਤ ਵੱਡੇ ਭਾਗਾਂ ਵਾਲੇ ਹੁੰਦੇ ਹਨ। ਸੇਵਾ ਕਰਨ ਨਾਲ ਸੂਖਸ਼ਮ ਹਉਮੈ ਦਾ ਨਾਸ ਹੋ ਜਾਂਦਾ ਹੈ। ਜੋ ਮਹਾਂਪੁਰਖ ਸੇਵਾ ਕਰਦੇ ਹੋਏ ਸਾਰੀ ਉਪਮਾ ਅਤੇ ਮਹਿਮਾ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਅਤੇ ਗੁਰੂ ਦੇ ਚਰਨਾਂ ਉੱਪਰ ਅਰਪਣ ਕਰ ਦਿੰਦੇ ਹਨ ਉਨ੍ਹਾਂ ਦੀ ਬੰਦਗੀ ਅੱਗੇ ਚਲੀ ਜਾਂਦੀ ਹੈ। ਜੋ ਮਨੁੱਖ ਸੇਵਾ ਕਰਦੇ ਹੋਏ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਤੋਂ ਬਹੁਤ ਪ੍ਰਭਾਵਿਤ ਹੋ ਕੇ ਆਪਣੀ ਹਉਮੈ ਵਿੱਚ ਚਲੇ ਜਾਂਦੇ ਹਨ ਉਹ ਮਨੁੱਖ ਬੰਦਗੀ ਗੁਆ ਬੈਠਦੇ ਹਨ। ਉਨ੍ਹਾਂ ਦੀ ਹਉਮੈ ਉਨ੍ਹਾਂ ਦੀ ਬੰਦਗੀ ਨੂੰ ਅੱਗੇ ਜਾਣ ਤੋਂ ਰੋਕ ਦਿੰਦੀ ਹੈ। ਜੇਕਰ ਉਹ ਇਸ ਪਰਮ ਸਤਿ ਤੱਤ ਨੂੰ ਸਮਝ ਕੇ ਆਪਣੀ ਭੁੱਲ ਸਵੀਕਾਰ ਕਰ ਕੇ ਗੁਰੂ ਤੋਂ ਬਖ਼ਸ਼ਾ ਲੈਂਦੇ ਹਨ ਤਾਂ ਉਨ੍ਹਾਂ ਦੀ ਫਿਰ ਚੜ੍ਹਦੀ ਕਲਾ ਹੋ ਜਾਂਦੀ ਹੈ ਪਰੰਤੂ ਜੋ ਆਪਣੀ ਇਸ ਹਉਮੈ ਵਿੱਚ ਉਲਝ ਕੇ ਰਹਿ ਜਾਂਦੇ ਹਨ ਅਤੇ ਆਪਣੇ ਆਪ ਨੂੰ ਕੁਝ ਸਮਝਣ ਲੱਗ ਜਾਂਦੇ ਹਨ ਉਨ੍ਹਾਂ ਦੀ ਬੰਦਗੀ ਉੱਪਰ ਉੱਥੇ ਹੀ ਤਾਲਾ ਲੱਗ ਜਾਂਦਾ ਹੈ। ਬਲਕਿ ਉਹ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਨੂੰ ਗੁਆ ਬੈਠਦੇ ਹਨ। ਜੋ ਮਨੁੱਖ ਸੇਵਾ ਕਰਦੇ ਹੋਏ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਨੂੰ ਅਨੁਭਵ ਕਰਦੇ ਹੋਏ ਆਪਣੀ ਜਿੱਤ ਸਮਝ ਕੇ ਹਉਮੈ ਵਿੱਚ ਚਲੇ ਜਾਂਦੇ ਹਨ ਉਹ ਜਿੱਤੀ ਹੋਈ ਬਾਜ਼ੀ ਹਾਰ ਜਾਂਦੇ ਹਨ। ਜਿਨ੍ਹਾਂ ਮਹਾਂਪੁਰਖਾਂ ਵਿੱਚ ਸੇਵਾ ਕਰਦੇ ਹੋਏ ਹੋਰ ਨਿਮਰਤਾ ਆ ਜਾਂਦੀ ਹੈ ਅਤੇ ਉਨ੍ਹਾਂ ਦਾ ਹਿਰਦਾ ਗਰੀਬੀ ਨਾਲ ਭਰਪੂਰ ਹੋ ਜਾਂਦਾ ਹੈ ਉਹ ਜਿੱਤ ਜਾਂਦੇ ਹਨ। ਐਸੇ ਮਹਾਂਪੁਰਖ ਸਾਰੀ ਵਡਿਆਈ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਅਤੇ ਗੁਰੂ ਦੇ ਚਰਨਾਂ ਉੱਪਰ ਅਰਪਣ ਕਰ ਕੇ ਧੰਨ ਧੰਨ ਹੋ ਜਾਂਦੇ ਹਨ। ਐਸੇ ਮਹਾਂਪੁਰਖ ਸਾਰੀ ਸੇਵਾ ਦਾ ਸਿਹਰਾ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਅਤੇ ਗੁਰੂ ਦੇ ਚਰਨਾਂ ਨੂੰ ਦੇ ਦਿੰਦੇ ਹਨ ਅਤੇ ਆਪ ਨਿਰਮਾਣਤਾ ਭਾਵਨਾ ਵਿੱਚ ਹੋਰ ਹਲੀਮੀ ਵਿੱਚ ਚਲੇ ਜਾਂਦੇ ਹਨ ਅਤੇ ਹੋਰ ਮਿੱਠੇ ਬਣ ਜਾਂਦੇ ਹਨ। ਇਸ ਲਈ ਬੰਦਗੀ ਦੀ ਇਹ ਗੁਰ ਪ੍ਰਸਾਦੀ ਖੇਲ ਜਿੱਤ ਕੇ ਹਾਰਨ ਦੀ ਹੈ। ਜੋ ਜਿੱਤ ਕੇ ਹਾਰ ਜਾਂਦੇ ਹਨ ਭਾਵ ਜੋ ਸੇਵਾ ਕਰਦੇ ਹੋਏ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਦੀ ਮਾਣ, ਮਹੱਤਾ ਅਤੇ ਤੇਜ ਜਰ ਜਾਂਦੇ ਹਨ ਅਤੇ ਹੋਰ ਹਲੀਮੀ ਵਿੱਚ ਚਲੇ ਜਾਂਦੇ ਹਨ ਅਤੇ ਸਾਰੀ ਉਪਮਾ ਅਤੇ ਵਡਿਆਈ ਗੁਰ ਅਤੇ ਗੁਰੂ ਦੇ ਚਰਨਾਂ ਉੱਪਰ ਅਰਪਣ ਕਰ ਕੇ ਆਪਣੇ ਆਪ ਨੂੰ ਮਹਾ ਕੰਗਾਲ ਕਹਿੰਦੇ ਹਨ ਉਨ੍ਹਾਂ ਮਹਾਂਪੁਰਖਾਂ ਦੀ ਸੇਵਾ ਰੰਗ ਲੈ ਆਉਂਦੀ ਹੈ ਅਤੇ ਉਹ ਧੰਨ ਧੰਨ ਹੋ ਜਾਂਦੇ ਹਨ। ਪਰੰਤੂ ਜੋ ਮਨੁੱਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਦੇ ਅਨੁਭਵ ਦਾ ਮਾਣ ਕਰ ਕੇ ਹਉਮੈ ਵਿੱਚ ਚਲੇ ਜਾਂਦੇ ਹਨ ਉਹ ਆਪਣਾ ਸਭ ਕੁਝ ਗੁਆ ਬੈਠਦੇ ਹਨ। ਇਸੇ ਲਈ ਗੁਰਬਾਣੀ ਵਿੱਚ ਇਸ ਪਰਮ ਸਤਿ ਤੱਤ ਨੂੰ ਪ੍ਰਗਟ ਕੀਤਾ ਗਿਆ ਹੈ:

ਜੀਤ ਹਾਰ ਕੀ ਸੋਝੀ ਕਰੀ ॥ ਤਉ ਇਸੁ ਘਰ ਕੀ ਕੀਮਤਿ ਪਰੀ ॥੭॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੩੫)

ਕਹਤ ਕਬੀਰੁ ਜੀਤਿ ਕੈ ਹਾਰਿ ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥੫॥੧॥੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੫੯)

ਇਸ ਲਈ ਜਿਨ੍ਹਾਂ ਬੰਦਗੀ ਕਰਨ ਵਾਲਿਆਂ ਉੱਪਰ ਸੇਵਾ ਕਰਨ ਦੀ ਬਖ਼ਸ਼ਿਸ਼ ਹੁੰਦੀ ਹੈ ਉਨ੍ਹਾਂ ਨੂੰ ਸੇਵਾ ਕਰਦਿਆਂ ਜਦ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ, ਮਾਣ, ਮਹੱਤਾ ਅਤੇ ਤੇਜ ਦਾ ਅਨੁਭਵ ਹੁੰਦਾ ਹੈ ਤਾਂ ਉਨ੍ਹਾਂ ਨੂੰ ਹੋਰ ਨਿਮਰਤਾ ਵਿੱਚ ਚਲੇ ਜਾਣਾ ਚਾਹੀਦਾ ਹੈ ਅਤੇ ਹਿਰਦੇ ਵਿੱਚ ਹੋਰ ਗਰੀਬੀ ਅਤੇ ਹਲੀਮੀ ਦੀ ਕਮਾਈ ਕਰਨੀ ਚਾਹੀਦੀ ਹੈ। ਐਸੇ ਬੰਦਗੀ ਕਰਨ ਵਾਲਿਆਂ ਨੂੰ ਪੂਰਨ ਬ੍ਰਹਮ ਗਿਆਨ ਦੇ ਇਨ੍ਹਾਂ ਸ਼ਬਦਾਂ ਦੀ ਕਮਾਈ ਕਰਨੀ ਚਾਹੀਦੀ ਹੈ ਜਿਸ ਦੇ ਕਰਨ ਨਾਲ ਉਹ ਧੰਨ ਧੰਨ ਹੋ ਜਾਣਗੇ। ਜੋ ਮਨੁੱਖ ਐਸੀ ਅਵਸਥਾ ਵਿੱਚ ਪਹੁੰਚ ਕੇ ਆਪਣੇ ਸਤਿਗੁਰੂ ਦੇ ਚਰਨਾਂ ਤੋਂ ਆਪਣਾ ਸੀਸ ਨਹੀਂ ਚੁੱਕਦੇ ਹਨ ਉਨ੍ਹਾਂ ਦੀ ਸੇਵਾ ਸਹਿਜੇ ਹੀ ਪ੍ਰਵਾਨ ਹੋ ਜਾਂਦੀ ਹੈ ਅਤੇ ਉਹ ਜਿੱਤ ਕੇ ਹਾਰ ਦੀ ਕਮਾਈ ਸਹਿਜੇ ਹੀ ਕਰ ਲੈਂਦੇ ਹਨ। ਉਨ੍ਹਾਂ ਦੇ ਸਤਿਗੁਰੂ ਦੀ ਬੇਅੰਤ ਅਪਾਰ ਕਿਰਪਾ ਨਾਲ ਬੰਦਗੀ ਸੱਚ ਖੰਡ ਪ੍ਰਵਾਨ ਹੋ ਜਾਂਦੀ ਹੈ।

ਐਸੀ ਅਵਸਥਾ ਵਿੱਚ ਪਹੁੰਚੇ ਹੋਏ ਮਹਾਂਪੁਰਖਾਂ ਦਾ ਭੋਜਨ ਗਿਆਨ ਹੁੰਦਾ ਹੈ। ਉਹ ਸਦਾ-ਸਦਾ ਲਈ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਮਹਿਮਾ ਵਿੱਚ ਰੱਤੇ ਜਾਂਦੇ ਹਨ। ਪਰਉਪਕਾਰ ਅਤੇ ਮਹਾ ਪਰਉਪਕਾਰ ਕਰਦੇ ਹੋਏ ਉਹ ਪੂਰਨ ਸਤਿ ਦੀ ਸੇਵਾ ਵਿੱਚ ਅਤੇ ਪੂਰਨ ਸਤਿ ਵਰਤਾਉਣ ਵਿੱਚ ਰੱਤੇ ਜਾਂਦੇ ਹਨ। ਉਹ ਅਕਾਲ ਪੁਰਖ ਦੀ ਮਹਿਮਾ ਵਿੱਚ ਆਪ ਪਰੋਏ ਜਾਂਦੇ ਹਨ। ਐਸੇ ਮਹਾਂਪੁਰਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਆਪ ਮਹਿਮਾ ਬਣ ਜਾਂਦੇ ਹਨ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਸਭ ਤੋਂ ਵੱਡੀ ਅਤੇ ਉੱਤਮ ਮਹਿਮਾ ਪੂਰਨ ਬ੍ਰਹਮ ਗਿਆਨੀ ਹੈ, ਸਤਿਗੁਰੂ ਹੈ, ਪੂਰਨ ਸੰਤ ਹੈ, ਪੂਰਨ ਖ਼ਾਲਸਾ ਹੈ, ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਅਵਤਾਰ ਹਨ, ਕਲਕੀ ਅਵਤਾਰ ਹਨ। ਐਸੇ ਮਹਾਂਪੁਰਖਾਂ ਦੀ ਮਹਿਮਾ ਬੇਅੰਤ ਹੁੰਦੀ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਮਹਿਮਾ ਧਰਤੀ ਉੱਪਰ ਇਨ੍ਹਾਂ ਮਹਾਂਪੁਰਖਾਂ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ। ਗੁਰਬਾਣੀ ਵਿੱਚ ਇਸ ਪਰਮ ਸਤਿ ਤੱਤ ਨੂੰ ਪ੍ਰਗਟ ਕੀਤਾ ਗਿਆ ਹੈ:

ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੧)

ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥
ਸਾਧ ਕੀ ਉਪਮਾ ਰਹੀ ਭਰਪੂਰਿ ॥
ਸਾਧ ਕੀ ਸੋਭਾ ਕਾ ਨਾਹੀ ਅੰਤ ॥
ਸਾਧ ਕੀ ਸੋਭਾ ਸਦਾ ਬੇਅੰਤ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੨)

ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩)

ਜਿਸ ਮਨੁੱਖ ਨੇ ਆਪਣੇ ਹਿਰਦੇ ਅਤੇ ਮਨ ਨੂੰ ਸਾਧ ਲਿਆ ਹੈ ਭਾਵ ਜਿਸ ਮਨੁੱਖ ਨੇ ਆਪਣੇ ਮਨ ਅਤੇ ਹਿਰਦੇ ਨੂੰ ਸਾਰੇ ਵਿਕਾਰਾਂ ਤੋਂ ਮੁਕਤ ਕਰ ਲਿਆ ਹੈ ਅਤੇ ਮਾਇਆ ਨੂੰ ਜਿੱਤ ਕੇ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਗਿਆ ਹੈ ਉਸ ਮਹਾਂਪੁਰਖ ਦੀ ਮਹਿਮਾ ਬੇਅੰਤ ਹੋ ਜਾਂਦੀ ਹੈ। ਐਸੇ ਮਹਾਂਪੁਰਖ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ ਅਤੇ ਬੇਅੰਤ ਹੋ ਜਾਂਦੇ ਹਨ। ਐਸੇ ਮਹਾਂਪੁਰਖਾਂ ਦੀ ਮਹਿਮਾ ਬਿਆਨ ਨਹੀਂ ਕੀਤੀ ਜਾ ਸਕਦੀ ਹੈ। ਐਸੇ ਮਹਾਂਪੁਰਖਾਂ ਦਾ ਰੂਪ ਰੰਗ ਨਾਮ ਨਾਲ ਰੰਗਿਆ ਜਾਂਦਾ ਹੈ ਅਤੇ ਹਿਰਦਾ ਵਿਕਾਰਾਂ ਤੋਂ ਮੁਕਤ ਹੋ ਕੇ ਬੇਅੰਤ ਸੁੰਦਰ ਹੋ ਜਾਂਦਾ ਹੈ। ਐਸੇ ਮਹਾਂਪੁਰਖਾਂ ਦੇ ਹਿਰਦੇ ਵਿੱਚੋਂ ਸਾਰੇ ਅਵਗੁਣ ਨਿਕਲ ਜਾਂਦੇ ਹਨ ਅਤੇ ਸਾਰੇ ਸਤਿ ਗੁਣ ਪ੍ਰਗਟ ਹੋ ਜਾਂਦੇ ਹਨ। ਐਸੇ ਮਹਾਂਪੁਰਖਾਂ ਦੇ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਸਾਰੀਆਂ ਪਰਮ ਸ਼ਕਤੀਆਂ ਪ੍ਰਗਟ ਹੋ ਜਾਂਦੀਆਂ ਹਨ। ਹਿਰਦੇ ਵਿੱਚ ਸਮਾ ਕੇ ਸਾਰੇ ਸਤਿ ਗੁਣ ਪਰਮ ਸ਼ਕਤੀਆਂ ਦਾ ਰੂਪ ਧਾਰਨ ਕਰ ਲੈਂਦੇ ਹਨ।

ਜੋ ਮਹਾਂਪੁਰਖ ਮਾਇਆ ਨੂੰ ਜਿੱਤ ਕੇ ਸਾਰੇ ਵਿਕਾਰਾਂ ਤੋਂ ਮੁਕਤ ਹੋ ਜਾਂਦੇ ਹਨ ਅਤੇ ਹਉਮੈ ਨੂੰ ਮਾਰ ਕੇ ਜੀਵਨ ਮੁਕਤੀ ਪ੍ਰਾਪਤ ਕਰ ਲੈਂਦੇ ਹਨ ਉਨ੍ਹਾਂ ਨੂੰ ਸ੍ਰਿਸ਼ਟੀ ਦੀ ਹੋਰ ਕੋਈ ਸ਼ਕਤੀ ਨਹੀਂ ਮਾਰ ਸਕਦੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਨੁਕਸਾਨ ਪਹੁੰਚਾ ਸਕਦੀ ਹੈ। ਕਿਉਂਕਿ ਉਹ ਆਪ ਸਾਰੀਆਂ ਪਰਮ ਸ਼ਕਤੀਆਂ ਦਾ ਸੋਮਾ ਬਣ ਜਾਂਦੇ ਹਨ। ਉਨ੍ਹਾਂ ਨੂੰ ਫਿਰ ਕੋਈ ਵੀ ਵਿਨਾਸ਼ਕਾਰੀ ਸ਼ਕਤੀ ਠੱਗ ਨਹੀਂ ਸਕਦੀ। ਉਹ ਮਾਇਆ ਦੇ ਚੁੰਗਲ ਤੋਂ ਮੁਕਤ ਹੋ ਜਾਂਦੇ ਹਨ ਇਸ ਲਈ ਮਾਇਆ ਉਨ੍ਹਾਂ ਨੂੰ ਠੱਗ ਨਹੀਂ ਸਕਦੀ। ਮਾਇਆ ਉਨ੍ਹਾਂ ਦੀ ਗ਼ੁਲਾਮ ਬਣ ਜਾਂਦੀ ਹੈ ਅਤੇ ਉਨ੍ਹਾਂ ਦੇ ਚਰਨਾਂ ਦੇ ਥੱਲੇ ਰਹਿ ਕੇ ਉਨ੍ਹਾਂ ਦੀ ਸੇਵਾ ਕਰਦੀ ਹੈ। ਸਾਰੀਆਂ ਰਿੱਧੀਆਂ ਅਤੇ ਸਿੱਧੀਆਂ ਉਨ੍ਹਾਂ ਦੇ ਚਰਨਾਂ ਦੇ ਥੱਲੇ ਰਹਿ ਕੇ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਰ ਰਹਿੰਦੀਆਂ ਹਨ। ਜਿਨ੍ਹਾਂ ਮਹਾਂਪੁਰਖਾਂ ਦੇ ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਹੋ ਜਾਂਦਾ ਹੈ ਅਤੇ ਰੋਮ-ਰੋਮ ਵਿੱਚ ਸਤਿ ਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ ਉਨ੍ਹਾਂ ਦਾ ਕੋਈ ਵਿਨਾਸ਼ਕਾਰੀ ਸ਼ਕਤੀ ਵੀ ਕੁਝ ਨਹੀਂ ਵਿਗਾੜ ਸਕਦੀ ਹੈ। ਐਸੇ ਮਹਾਂਪੁਰਖ ਸਦੀਵੀ ਹੋ ਜਾਂਦੇ ਹਨ। ਉਨ੍ਹਾਂ ਦਾ ਕਦੇ ਵਿਨਾਸ਼ ਨਹੀਂ ਹੁੰਦਾ ਹੈ। ਉਹ ਅਵਿਨਾਸ਼ੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਕੇ ਅਵਿਨਾਸ਼ੀ ਬਣ ਜਾਂਦੇ ਹਨ:

ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥
ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥੫॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩)

ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩)

ਬ੍ਰਹਮ ਗਿਆਨੀ ਮਹਾਂਪੁਰਖਾਂ ਦਾ ਸਹਿਜ ਸਮਾਧੀ ਵਿੱਚ ਨਿਵਾਸ ਹੁੰਦਾ ਹੈ। ਉਹ ਸਦਾ-ਸਦਾ ਲਈ ਸਹਿਜ ਸਮਾਧੀ ਅਵਸਥਾ ਵਿੱਚ ਸਥਾਪਿਤ ਹੋ ਜਾਂਦੇ ਹਨ। ਉਹ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ ਇਸ ਲਈ ਉਨ੍ਹਾਂ ਦਾ ਕਦੇ ਵਿਨਾਸ਼ ਨਹੀਂ ਹੁੰਦਾ ਹੈ। ਉਹ ਸਦੀਵੀ ਆਉਣ ਵਾਲੇ ਸਾਰੇ ਯੁਗਾਂ ਲਈ ਅਮਰ ਹੋ ਜਾਂਦੇ ਹਨ। ਐਸੇ ਮਹਾਂਪੁਰਖ ਜਿਨ੍ਹਾਂ ਦਾ ਮਨ ਜੋਤ ਬਣ ਜਾਂਦਾ ਹੈ ਅਤੇ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ ਉਨ੍ਹਾਂ ਨੂੰ ਗੁਰਬਾਣੀ ਵਿੱਚ ਧੰਨ ਧੰਨ ਸਤਿਗੁਰੂ ਅਵਤਾਰ ਅਰਜਨ ਦੇਵ ਪਾਤਸ਼ਾਹ ਜੀ ਨੇ ਬ੍ਰਹਮ ਗਿਆਨੀ ਕਹਿ ਕੇ ਪ੍ਰਗਟ ਕੀਤਾ ਹੈ:

ਸਲੋਕੁ ॥

ਮਨਿ ਸਾਚਾ ਮੁਖਿ ਸਾਚਾ ਸੋਇ ॥ ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੨)

ਇੱਥੇ ਪੂਰਨ ਬ੍ਰਹਮ ਗਿਆਨੀ ਦੇ ਕੁਝ ਬ੍ਰਹਮ ਗੁਣਾਂ ਨੂੰ ਵਖਿਆਨ ਕੀਤਾ ਗਿਆ ਹੈ। ਉਹ ਐਸੀ ਸੁੰਦਰ ਅਤੇ ਮਹਾਨ ਸ਼ਖਸੀਅਤ ਹੈ: ਜਿਸ ਦੀ ਰੂਹ, ਹਿਰਦਾ ਅਤੇ ਮਨ ਪੂਰਨ ਸਤਿ ਵਿੱਚ ਰੱਤੇ ਗਏ ਹਨ; ਜੋ ਹੋਰ ਕੁਝ ਨਹੀਂ ਸਿਰਫ਼ ਪੂਰਨ ਸਤਿ ਦੀ ਸੇਵਾ ਕਰ ਰਿਹਾ ਹੈ; ਜੋ ਸਤਿ ਨੂੰ ਵੇਖ ਰਿਹਾ ਹੈ, ਸਤਿ ਨੂੰ ਸੁਣ ਰਿਹਾ ਹੈ, ਸਤਿ ਬੋਲ ਰਿਹਾ ਹੈ, ਸਤਿ ਵਰਤਾ ਰਿਹਾ ਹੈ ਅਤੇ ਸਤਿ ਦੀ ਸੇਵਾ ਕਰ ਰਿਹਾ ਹੈ; ਜਿਸ ਦੀਆਂ ਸਾਰੀਆਂ ਕਿਰਿਆਵਾਂ ਅਤੇ ਪ੍ਰਤੀ ਕਿਰਿਆਵਾਂ ਸੱਚੀਆਂ ਹਨ; ਜਿਹੜਾ ਪੂਰਨ ਸਚਿਆਰੀ ਰਹਿਤ ਵਿੱਚ ਹੈ, ਮਾਇਆ ਉੱਪਰ ਜਿੱਤ ਦੀ ਅੰਦਰੂਨੀ ਰਹਿਤ ਨੂੰ ਪ੍ਰਾਪਤ ਕਰ ਚੁੱਕਾ ਹੈ; ਜਿਹੜਾ ਮਾਇਆ ਤੋਂ ਪਰੇ ਹੈ, ਕਿਉਂਕਿ ਮਾਇਆ ਅਸਤਿ ਹੈ; ਜਿਹੜਾ ਪੂਰਨ ਸ਼ੁੱਧ ਰੂਹ ਹੈ ਜਿਸ ਦੇ ਹਿਰਦੇ ਵਿੱਚ ਪੂਰਨ ਪ੍ਰਕਾਸ਼ ਹੈ। ਕੇਵਲ ਅਕਾਲ ਪੁਰਖ ਦੇ ਨਿਰਗੁਣ ਸਰੂਪ ਦੇ ਦਰਸ਼ਨਾਂ ਨਾਲ ਹਿਰਦੇ ਵਿੱਚ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਜੋ ਹਿਰਦੇ ਨੂੰ ਸ਼ੁੱਧ ਕਰ ਕੇ ਸਦਾ ਸੁਹਾਗਣ ਦੀ ਉਤਪਤੀ ਕਰਦਾ ਹੈ। ਕੇਵਲ ਇੱਕ ਅਜਿਹਾ ਹਿਰਦਾ ਜਿਹੜਾ ਪੂਰਨ ਪਰਮ ਜੋਤ ਪ੍ਰਕਾਸ਼ ਦੀ ਅਨਾਦਿ ਬਖ਼ਸ਼ੀਸ਼ ਵਿੱਚ ਹੈ, ਇੱਕ ਖ਼ਾਲਸਾ ਬਣ ਸਕਦਾ ਹੈ। ਕੇਵਲ ਇੱਕ ਅਜਿਹੀ ਰੂਹ ਤੱਤ ਗਿਆਨ ਦਾ ਗੁਰਪ੍ਰਸਾਦਿ ਪ੍ਰਾਪਤ ਕਰ ਸਕਦੀ ਹੈ, ਬ੍ਰਹਮ ਗਿਆਨ ਅਤੇ ਇੱਕ ਪੂਰਨ ਬ੍ਰਹਮ ਗਿਆਨੀ ਬਣ ਸਕਦੀ ਹੈ; ਜੋ ਅਕਾਲ ਪੁਰਖ ਪਾਰਬ੍ਰਹਮ ਪਰਮੇਸ਼ਰ ਦੀ ਲੱਗਾਤਾਰ ਆਧਾਰ ਤੇ ਸੇਵਾ ਕਰਦਾ ਹੈ; ਜੋ ਆਪਣੇ ਆਪ ਨੂੰ ਸਰਵ ਸ਼ਕਤੀਮਾਨ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਮਹਿਮਾ ਵਿੱਚ ਰੁਝਾ ਲੈਂਦਾ ਹੈ; ਜੋ ਪੂਰੀ ਤਰ੍ਹਾਂ ਸਰਵ ਸ਼ਕਤੀਮਾਨ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਸੇਵਾ ਵਿੱਚ ਹੈ; ਜੋ ਨਾਮ, ਨਾਮ ਸਿਮਰਨ, ਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰਪ੍ਰਸਾਦਿ ਦੇ ਰਿਹਾ ਹੈ; ਜਿਹੜਾ ਹਰ ਜਗ੍ਹਾ ਅਤੇ ਹਰ ਇੱਕ ਵਿੱਚ ਪਰਮਾਤਮਾ ਨੂੰ ਵੇਖਦਾ ਹੈ; ਜਿਹੜਾ ਨਿਰਵੈਰ ਹੈ; ਜਿਹੜਾ ਏਕ ਦ੍ਰਿਸਟ ਹੈ; ਜਿਹੜਾ ਨਿਰਭਉ ਹੈ; ਜਿਸ ਨੇ ਬ੍ਰਹਮ ਗਿਆਨ ਅਤੇ ਬ੍ਰਹਮਤਾ ਦਾ ਪੂਰੀ ਤਰ੍ਹਾਂ ਅਨੁਭਵ ਕਰ ਲਿਆ ਹੈ ਅਤੇ ਇਸ ਨੂੰ ਪ੍ਰਾਪਤ ਕਰ ਲਿਆ ਹੈ; ਜਿਸ ਨੇ ਪਰਮ ਪਦਵੀ ਦੀ ਪ੍ਰਾਪਤੀ ਕਰ ਲਈ ਹੈ; ਜਿਸ ਨੇ ਅਟੱਲ ਅਵਸਥਾ ਪ੍ਰਾਪਤ ਕਰ ਲਈ ਹੈ; ਜੋ ਸਦਾ ਸੁਹਾਗਣ ਹੈ; ਜੋ ਸਦਾ-ਸਦਾ ਲਈ ਮਾਨਸਰੋਵਰ ਵਿੱਚ ਨਿਵਾਸ ਕਰਦਾ ਹੈ। ਕੇਵਲ ਪੂਰਨ ਬ੍ਰਹਮ ਗਿਆਨੀ ਹੀ ਪੂਰਨ ਸਤਿ ਹੈ, ਬਾਕੀ ਹਰ ਚੀਜ਼ ਨਾਸ਼ਵਾਨ ਹੈ।

ਐਸੇ ਮਹਾਂਪੁਰਖਾਂ ਨੂੰ ਸਤਿ ਚਿੱਤ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਐਸੇ ਮਹਾਂਪੁਰਖਾਂ ਦੀ ਮਹਿਮਾ ਸੁਖਮਨੀ ਬਾਣੀ ਦੀ ਅਸਟਪਦੀ ੮ ਵਿੱਚ ਪ੍ਰਗਟ ਕੀਤੀ ਗਈ ਹੈ। ਜਿਨ੍ਹਾਂ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ ਉਨ੍ਹਾਂ ਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। ਐਸੇ ਮਹਾਂਪੁਰਖਾਂ ਨੂੰ ਸਦਾ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ। ਐਸੇ ਮਹਾਂਪੁਰਖਾਂ ਦਾ ਵਾਸਾ ਸੱਚ ਖੰਡ ਵਿੱਚ ਹੁੰਦਾ ਹੈ।

੫. ਸੱਚ ਖੰਡ:

ਸੱਚ ਖੰਡ ਦੀ ਅਵਸਥਾ ਪਰਮ ਸ਼ਕਤੀਸ਼ਾਲੀ ਰੂਹਾਨੀਅਤ ਦੀ ਅਵਸਥਾ ਹੈ। ਸੱਚ ਖੰਡ ਦੀ ਅਵਸਥਾ ਦੀ ਮਹਿਮਾ ਬੇਅੰਤ ਹੈ। ਤੁਸੀਂ ਸੱਚ ਖੰਡ ਦੀ ਅਵਸਥਾ ਵਿੱਚ ਸਦਾ-ਸਦਾ ਲਈ ਸਥਾਪਿਤ ਹੋ ਜਾਂਦੇ ਹੋ ਜਦੋਂ ਤੁਸੀਂ ਮਾਇਆ ਨੂੰ ਜਿੱਤ ਲੈਂਦੇ ਹੋ, ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ ਅਤੇ ਜੀਵਨ ਮੁਕਤੀ ਦੀ ਅਵਸਥਾ ਵਿੱਚ ਪਹੁੰਚ ਜਾਂਦੇ ਹੋ, ਅਟੱਲ ਅਵਸਥਾ ਦੀ ਬਖ਼ਸ਼ੀਸ਼ ਪ੍ਰਾਪਤ ਕਰ ਲੈਂਦੇ ਹੋ, ਪਰਮ ਪਦਵੀ ਦੀ ਪ੍ਰਾਪਤੀ ਕਰ ਲੈਂਦੇ ਹੋ, ਤ੍ਰੈ ਗੁਣ ਮਾਇਆ ਤੇ ਜਿੱਤ ਪ੍ਰਾਪਤ ਕਰ ਪਰਮ ਜੋਤ ਪੂਰਨ ਪ੍ਰਕਾਸ਼, ਪੂਰਨ ਬ੍ਰਹਮ ਗਿਆਨ ਅਤੇ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਕਰ ਲੈਂਦੇ ਹੋ। ਤੁਸੀਂ ਨਿਰਭਉ ਅਤੇ ਨਿਰਵੈਰ ਬਣ ਜਾਂਦੇ ਹੋ - ਏਕ ਦ੍ਰਿਸਟ ਹੋ ਜਾਂਦੇ ਹੋ। ਜਦੋਂ ਤੁਸੀਂ ਪੂਰਨ ਸਤਿ ਨੂੰ ਵੇਖ, ਸੁਣ, ਬੋਲ ਵਰਤਾਉਣ ਦੀ ਸਮਰੱਥਾ ਪ੍ਰਾਪਤ ਕਰ ਲੈਂਦੇ ਹੋ ਅਤੇ ਪੂਰਨ ਸਤਿ ਦੀ ਸੇਵਾ ਦਾ ਗੁਰਪ੍ਰਸਾਦਿ ਪ੍ਰਾਪਤ ਕਰ ਲੈਂਦੇ ਹੋ। ਤੁਹਾਡੀ ਬੰਦਗੀ ਅਕਾਲ ਪੁਰਖ ਦੀ ਦਰਗਾਹ ਵਿੱਚ ਪੂਰਨ ਅਤੇ ਪ੍ਰਵਾਨ ਮੰਨੀ ਜਾਂਦੀ ਹੈ ਅਤੇ ਤੁਹਾਨੂੰ ਸਦਾ ਸੁਹਾਗ ਦੇ ਗੁਰਪ੍ਰਸਾਦਿ ਦੀ ਬਖ਼ਸ਼ੀਸ਼ ਦੀ ਪ੍ਰਾਪਤੀ ਹੁੰਦੀ ਹੈ ਅਤੇ ਤੁਹਾਨੂੰ ਸਦਾ ਸੁਹਾਗਣ ਦੇ ਗੁਰਪ੍ਰਸਾਦਿ ਨਾਲ ਨਿਵਾਜਿਆ ਜਾਂਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਦਰਸ਼ਨ ਪ੍ਰਾਪਤ ਹੋ ਜਾਂਦੇ ਹਨ। ਸਰਗੁਣ ਵਿੱਚ ਨਿਰਗੁਣ ਦੇ ਦਰਸ਼ਨ ਹੋ ਜਾਂਦੇ ਹਨ। ਸਰਗੁਣ ਨਿਰਗੁਣ ਇੱਕ ਹੋ ਜਾਂਦੇ ਹਨ। ਸੇਵਾ ਕਰਦੇ-ਕਰਦੇ ਹਉਮੈ ਮਿਟ ਜਾਂਦੀ ਹੈ। ਪਰਉਪਕਾਰ ਅਤੇ ਮਹਾ ਪਰਉਪਕਾਰ ਕਰਦੇ-ਕਰਦੇ ਹਿਰਦਾ ਗਰੀਬੀ ਨਾਲ ਭਰਪੂਰ ਹੋ ਜਾਂਦਾ ਹੈ ਅਤੇ ਹਉਮੈ ਦਾ ਨਾਸ਼ ਹੋ ਜਾਂਦਾ ਹੈ। ਤੁਸੀਂ ਅਕਾਲ ਪੁਰਖ ਵਿੱਚ ਅਭੇਦ ਹੋ ਜਾਂਦੇ ਹੋ। ਜੀਵਨ ਮੁਕਤੀ ਮਿਲ ਜਾਂਦੀ ਹੈ। ਸਾਰੇ ਪਾਸੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਪਰਮ ਸ਼ਕਤੀ ਵਰਤਦੀ ਪ੍ਰਤੱਖ ਪ੍ਰਗਟ ਹੋ ਜਾਂਦੀ ਹੈ। ਇਸ ਅਵਸਥਾ ਵਿੱਚ ਅਕਾਲ ਪੁਰਖ ਤੁਹਾਨੂੰ ਸਾਰੇ ਅਨਾਦਿ ਰੂਹਾਨੀ ਦਰਗਾਹੀ ਖ਼ਜ਼ਾਨਿਆਂ ਦੀ ਬਖ਼ਸ਼ੀਸ਼ ਕਰਦਾ ਹੈ ਅਤੇ ਤੁਹਾਨੂੰ ਸਾਰੇ ਅਨਾਦਿ ਰੂਹਾਨੀ ਦਰਗਾਹੀ ਖ਼ਜ਼ਾਨਿਆਂ ਦੇ ਇਸ ਗੁਰਪ੍ਰਸਾਦਿ ਨੂੰ ਸੰਗਤ ਨੂੰ ਵਰਤਾਉਣ ਦੇ ਅਧਿਕਾਰ ਨਾਲ ਸੁਸ਼ੋਭਿਤ ਕਰ ਦਿੰਦਾ ਹੈ। ਤੁਸੀਂ ਅੰਮ੍ਰਿਤ ਦਾ ਦਾਤਾ ਬਣ ਜਾਂਦੇ ਹੋ, ਤੁਸੀਂ ਬੰਦਗੀ ਅਤੇ ਸੇਵਾ ਦਾ ਦਾਤਾ ਬਣ ਜਾਂਦੇ ਹੋ। ਤੁਸੀਂ ਗੁਰਪ੍ਰਸਾਦਿ ਦਾ ਦਾਤਾ ਬਣ ਜਾਂਦੇ ਹੋ ਅਤੇ ਤਦ ਤੁਸੀਂ ਸੰਗਤ ਦੇ ਬੰਦਗੀ ਕਰਨ ਅਤੇ ਜੀਵਨ ਮੁਕਤੀ ਪ੍ਰਾਪਤ ਕਰਨ ਵਿੱਚ ਸਹਾਇਕ ਬਣ ਕੇ ਸਤਿ ਦੇ ਇਨ੍ਹਾਂ ਅਨਾਦਿ ਰੂਹਾਨੀ ਦਰਗਾਹੀ ਖ਼ਜ਼ਾਨਿਆਂ ਦੀ ਸਹਾਇਤਾ ਨਾਲ ਮਹਾ ਪਰਉਪਕਾਰ ਦੀਆਂ ਸੇਵਾਵਾਂ ਵਿੱਚ ਵਿਲੀਨ ਹੋ ਜਾਂਦੇ ਹੋ। ਐਸੇ ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ ਗੁਰਬਾਣੀ ਵਿੱਚ ਧੰਨ ਸਤਿਗੁਰੂ ਅਵਤਾਰ ਅਰਜਨ ਦੇਵ ਪਾਤਸ਼ਾਹ ਜੀ ਨੇ ਸੁਖਮਨੀ ਬਾਣੀ ਵਿੱਚ ਪਰਮੇਸ਼ਰ ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਹੈ:

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥੬॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩)

ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩)

ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩)

ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩)

ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ **'ਸਰਬ ਕਾ ਠਾਕੁਰ'** ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਹੈ। ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ ਦਾਤਾ ਕਰਤਾ ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਹੈ। ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ ਮੁਕਤੀ ਦਾ ਦਾਤਾ ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ ਬੰਦਗੀ ਅਤੇ ਬੰਦਗੀ ਦੀ ਜੁਗਤੀ ਦਾ ਦਾਤਾ ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ **'ਪੂਰਨ ਪੁਰਖ ਵਿਧਾਤਾ'** ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ 'ਨਿਰੰਕਾਰ' ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਹੈ। ਬ੍ਰਹਮ ਗਿਆਨੀ ਦੀ ਮਹਿਮਾ, ਸਾਧ ਦੀ ਮਹਿਮਾ ਅਤੇ ਅਪਰਸ ਅਪਾਰਸ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਸਤਿਗੁਰੂ ਅਵਤਾਰ ਅਰਜਨ ਦੇਵ ਪਾਤਸ਼ਾਹ ਜੀ ਨੇ ਸੁਖਮਨੀ ਬਾਣੀ ਦੀ ੭, ੮ ਅਤੇ ੯ ਅਸਟਪਦੀ ਵਿੱਚ ਪ੍ਰਗਟ ਕੀਤਾ ਹੈ ਅਤੇ ਸਤਿਗੁਰ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਅਸਟਪਦੀ ੧੮ ਵਿੱਚ ਪ੍ਰਗਟ ਕੀਤਾ ਹੈ। ਜਿਗਿਆਸੂਆਂ ਦੇ ਚਰਨਾਂ ਉੱਪਰ ਸਨਿਮਰ ਬੇਨਤੀ ਹੈ ਕਿ ਉਹ ਇਨ੍ਹਾਂ ਅਸ਼ਟਪਦੀਆਂ ਉੱਪਰ ਆਪਣਾ ਧਿਆਨ ਕੇਂਦਰਿਤ ਕਰਨ ਤਾਂ ਉਨ੍ਹਾਂ ਦੀ ਬੰਦਗੀ ਬਹੁਤ ਸੌਖੀ ਹੋ ਜਏਗੀ। ਐਸੇ ਮਹਾਂਪੁਰਖਾਂ ਦੇ ਛਤਰ ਹੇਠ ਬੈਠ ਕੇ ਹੀ ਨਾਮ, ਨਾਮ ਸਿਮਰਨ, ਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਐਸੇ ਮਹਾਂਪੁਰਖਾਂ ਦੇ ਛਤਰ ਹੇਠ ਬੈਠ ਕੇ ਹੀ ਨਾਮ ਦੀ ਕਮਾਈ ਸਹਿਜੇ ਹੀ ਕੀਤੀ ਜਾਂਦੀ ਹੈ। ਐਸੇ ਮਹਾਂਪੁਰਖਾਂ ਦੇ ਛਤਰ ਹੇਠ ਬੈਠ ਕੇ ਸਹਿਜੇ ਹੀ ਮਾਇਆ ਨੂੰ ਜਿੱਤਿਆ ਜਾਂਦਾ ਹੈ। ਐਸੇ ਮਹਾਂਪੁਰਖਾਂ ਦੇ ਛਤਰ ਹੇਠ ਬੈਠ ਕੇ ਸਹਿਜੇ ਹੀ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਕਮਾਈ ਹੋ ਜਾਂਦੀ ਹੈ। ਐਸੇ ਮਹਾਂਪੁਰਖਾਂ ਦੇ ਛਤਰ ਹੇਠ ਬੈਠ ਕੇ ਬੰਦਗੀ ਕਰਦੇ ਹੋਏ ਸਾਰੀਆਂ ਰੂਹਾਨੀ ਅਵਸਥਾਵਾਂ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ।

ਅਕਾਲ ਪੁਰਖ ਵਿੱਚ ਇੱਕ ਮਿੱਕ ਹੋਣ ਵਾਲੀ ਇਹ ਅਵਸਥਾ ਹੀ ਸੱਚ ਖੰਡ ਅਵਸਥਾ ਹੈ। ਐਸੇ ਮਹਾਂਪੁਰਖਾਂ ਦੇ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪ ਪ੍ਰਗਟ ਹੋ ਜਾਂਦਾ ਹੈ। ਜਿਸ ਸਥਾਨ ਤੇ ਇਹ ਮਹਾਂਪੁਰਖ ਬੈਠਦੇ ਹਨ ਉੱਥੇ ਦਰਗਾਹ ਧਰਤੀ ਉੱਪਰ ਪ੍ਰਗਟ ਹੁੰਦੀ ਹੈ। ਐਸੇ ਮਹਾਂਪੁਰਖਾਂ ਦੀ ਸੰਗਤ ਹੀ ਪਰਮ ਸ਼ਕਤੀਸ਼ਾਲੀ ਸਤਿਸੰਗਤ ਹੈ। ਐਸੇ ਮਹਾਂਪੁਰਖਾਂ ਦੀ ਸੰਗਤ ਹੀ ਸੱਚ ਖੰਡ ਦੀ ਪਰਮ ਸ਼ਕਤੀਸ਼ਾਲੀ ਸੰਗਤ ਹੈ। ਐਸੇ ਮਹਾਂਪੁਰਖਾਂ ਦੀ ਸੰਗਤ ਵਿੱਚ ਹੀ ਸੱਚ ਖੰਡ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਵਰਤਦੀ ਹੈ। ਐਸੇ ਮਹਾਂਪੁਰਖਾਂ ਦੀ ਸੰਗਤ ਵਿੱਚ ਮਾਇਆ ਫੜਕ ਨਹੀਂ ਸਕਦੀ ਹੈ। ਐਸੇ ਮਹਾਂਪੁਰਖਾਂ ਦੀ ਸਤਿਸੰਗਤ ਵਿੱਚ ਸਿਮਰਨ ਕਰਨ ਵਾਲਿਆਂ ਦੇ ਹਿਰਦੇ ਵਿੱਚ ਪਰਮ ਜੋਤ ਸਹਿਜੇ ਹੀ ਪ੍ਰਗਟ ਹੋ ਜਾਂਦੀ ਹੈ। ਐਸੇ ਮਹਾਂਪੁਰਖਾਂ ਦੇ ਚਰਨਾਂ ਉੱਪਰ ਆਪਾ ਅਰਪਣ ਕਰਨ ਵਾਲਿਆਂ ਦੀ ਸੁਰਤਿ ਅਤੇ ਹਿਰਦੇ ਵਿੱਚ ਸਤਿਨਾਮ ਸਹਿਜੇ ਹੀ ਪ੍ਰਕਾਸ਼ਮਾਨ ਹੋ ਜਾਂਦਾ ਹੈ। ਐਸੇ ਮਹਾਂਪੁਰਖਾਂ ਦੇ ਚਰਨਾਂ ਉੱਪਰ ਸੰਪੂਰਨ ਸਮਰਪਣ ਕਰਨ ਵਾਲਿਆਂ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਅਤੇ ਸਤਿ ਸਰੋਵਰ ਸਹਿਜੇ ਹੀ ਪ੍ਰਕਾਸ਼ਮਾਨ ਹੋ ਜਾਂਦੇ ਹਨ। ਐਸੇ ਮਹਾਂਪੁਰਖਾਂ ਦੇ ਚਰਨਾਂ ਉੱਪਰ ਸੰਪੂਰਨ ਸਮਰਪਣ ਕਰਨ ਵਾਲਿਆਂ ਨੂੰ ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ। ਐਸੇ ਮਹਾਂਪੁਰਖਾਂ ਦੇ ਚਰਨਾਂ ਉੱਪਰ ਸੰਪੂਰਨ ਸਮਰਪਣ ਕਰਨ ਵਾਲਿਆਂ ਦੀ ਸਮਾਧੀ ਅਤੇ ਸੁੰਨ ਸਮਾਧੀ ਸਹਿਜੇ ਹੀ ਲੱਗ ਜਾਂਦੀ ਹੈ। ਐਸੇ ਮਹਾਂਪੁਰਖਾਂ ਦੇ ਚਰਨਾਂ ਉੱਪਰ ਸੰਪੂਰਨ ਸਮਰਪਣ ਕਰਨ ਵਾਲਿਆਂ ਨੂੰ ਕਰਮ ਖੰਡ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ।

ਉਹ ਰੂਹਾਂ ਜਿਹੜੀਆਂ ਸੱਚ ਖੰਡ ਵਿੱਚ ਪਹੁੰਚ ਜਾਂਦੀਆਂ ਹਨ ਸਦਾ ਲਈ ਆਪਣੇ ਪ੍ਰਮਾਤਮਾ ਦੇ ਪ੍ਰੇਮਾ-ਭਗਤੀ ਭਾਵ ਵਿੱਚ ਵਿਲੀਨ ਹੋ ਜਾਂਦੀਆਂ ਹਨ ਅਤੇ ਆਪਣੇ ਅਨਾਦਿ ਦਰਗਾਹੀ ਖ਼ਜ਼ਾਨਿਆਂ ਦੀ ਬਖ਼ਸ਼ੀਸ਼ ਨਾਲ ਬਹੁਤ ਸ਼ਕਤੀਸ਼ਾਲੀ ਬਣ ਜਾਂਦੀਆਂ ਹਨ। ਅਜਿਹੀਆਂ ਰੂਹਾਂ ਸਦਾ ਲਈ ਉਸ ਸਰਵ ਸ਼ਕਤੀਮਾਨ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਵਿਲੀਨ ਹੋ ਜਾਂਦੀਆਂ ਹਨ ਅਤੇ ਸੁੰਨ ਸਮਾਧੀ ਵਿੱਚ ਬੈਠ ਕੇ ਉਸ ਅਕਾਲ ਪੁਰਖ ਨਾਲ ਏਕਮ ਹੋਣ ਦੀ ਉੱਚਤਮ ਅਵਸਥਾ ਨੂੰ ਮਾਣਦੀਆਂ ਹਨ। ਅਜਿਹੀਆਂ ਰੂਹਾਂ ਕਦੇ ਆਪਣੇ ਆਪ ਨੂੰ ਛੁਪਾ ਨਹੀਂ ਸਕਦੀਆਂ ਹਨ। ਇਹ ਰੂਹਾਂ ਉਸ ਸਰਵ ਸ਼ਕਤੀਮਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੁਆਰਾ ਆਪ ਸਾਰੀ ਦੁਨੀਆਂ ਦੇ ਲੋਕਾਂ ਵਿੱਚ ਅਨਾਦਿ ਰੂਹਾਨੀ ਮਹਾ ਪਰਉਪਕਾਰ ਦੀ ਉੱਚਤਮ ਅਵਸਥਾ ਵਿੱਚ ਪ੍ਰਗਟ ਕੀਤੀਆਂ ਜਾਂਦੀਆਂ ਹਨ। ਉਹ ਅਨਾਦਿ ਮਹਾ ਪਰਉਪਕਾਰ ਕਰਦੇ ਹੋਏ ਅਨਾਦਿ ਸਤਿ ਦਾ ਸੰਦੇਸ਼ ਲੋਕਾਂ ਨੂੰ ਵਰਤਾਉਂਦੀਆਂ ਹਨ। ਅਜਿਹੀਆਂ ਰੂਹਾਂ ਸਮਾਜ ਦੇ ਕਿਸੇ ਖ਼ਾਸ ਵਰਗ ਨਾਲ ਸੰਬੰਧਿਤ ਨਹੀਂ ਹੁੰਦੀਆਂ। ਉਹ ਦੁਨਿਆਵੀ ਧਰਮਾਂ ਜਾਤਾਂ ਦੇ ਬੰਧਨਾਂ ਤੋਂ ਮੁਕਤ ਹੁੰਦੀਆਂ ਹਨ ਅਤੇ ਸਾਰੀ ਸ੍ਰਿਸ਼ਟੀ ਦੀ ਸੇਵਾ ਕਰਦੀਆਂ ਹਨ, ਹਰ ਕਿਸੇ ਦੀ ਸਹਾਇਤਾ ਕਰਦੀਆਂ ਹਨ। ਜੋ ਵੀ ਉਨ੍ਹਾਂ ਦੀ ਸਤਿਸੰਗਤ ਵਿੱਚ ਜਾਂਦਾ ਹੈ, ਉਸ ਵਿੱਚ ਪਰਿਵਰਤਨ ਆ ਜਾਂਦਾ ਹੈ। ਅਜਿਹੀਆਂ ਰੂਹਾਂ ਆਪਣੀ ਸਤਿਸੰਗਤ ਨੂੰ ਗੁਰਪ੍ਰਸਾਦਿ ਦੀ ਬਖ਼ਸ਼ੀਸ਼ ਕਰਦੀਆਂ ਹਨ ਅਤੇ ਇਸ ਗੁਰਪ੍ਰਸਾਦਿ ਨਾਲ ਬਹੁਤ ਸਾਰੇ ਲੋਕ ਨਾਮ, ਬੰਦਗੀ ਅਤੇ ਸੇਵਾ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕਰਦੇ ਹਨ ਅਤੇ ਜੀਵਨ ਮੁਕਤੀ ਪ੍ਰਾਪਤ ਕਰ ਜਾਂਦੇ ਹਨ। ਅਜਿਹੀਆਂ ਰੂਹਾਂ ਸੰਸਾਰ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦੀ ਮੁਕਤੀ ਕਰਵਾ ਕੇ ਉਨ੍ਹਾਂ ਨੂੰ ਭਵਸਾਗਰ ਮਾਇਆ ਦਾ ਸਮੁੰਦਰ ਪਾਰ ਕਰਵਾ ਕੇ ਉਨ੍ਹਾਂ ਦੇ ਅਸਲੀ ਘਰ ਲਿਜਾਉਣ ਲਈ ਆਉਂਦੀਆਂ ਹਨ।

ਸਤਿ ਰੂਪ ਹੋ ਕੇ ਧਰਤੀ ਉੱਪਰ ਪ੍ਰਗਟਿਓ ਜੋਤ ਰੂਪ ਵਿੱਚ ਪ੍ਰਗਟ ਹੋ ਕੇ ਐਸੀਆਂ ਰੂਹਾਂ ਸੱਚ ਖੰਡ ਨੂੰ ਧਰਤੀ ਉੱਪਰ ਪ੍ਰਗਟ ਕਰ ਦਿੰਦੀਆਂ ਹਨ ਅਤੇ ਪੂਰਨ ਬ੍ਰਹਮ ਗਿਆਨ ਅਤੇ ਪੂਰਨ ਤੱਤ ਗਿਆਨ ਵਰਤਾ ਕੇ ਲੁਕਾਈ ਦਾ ਪਰਉਪਕਾਰ ਕਰਦੀਆਂ ਹਨ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਐਸੀਆਂ ਰੂਹਾਂ ਵਿੱਚ ਧਰਤੀ ਉੱਪਰ ਪ੍ਰਗਟ ਹੁੰਦਾ ਹੈ ਅਤੇ ਆਪਣੀ ਹੀ ਕਿਰਤ ਦਾ ਆਨੰਦ ਮਾਣਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਰਸਿਕ ਬੈਰਾਗੀ ਹੈ। ਇਹ ਹੀ ਉਸ ਦਾ ਪਰਮ ਸ਼ਕਤੀਸ਼ਾਲੀ ਗੁਰ ਪ੍ਰਸਾਦੀ ਖੇਲ ਹੈ। ਬਖ਼ਸ਼ਿਸ਼ ਕਰਦਾ ਹੈ, ਨਾਮ ਜਪਾਉਂਦਾ ਹੈ, ਬੰਦਗੀ ਕਰਵਾਉਂਦਾ ਹੈ, ਸੇਵਾ ਕਰਵਾਉਂਦਾ ਹੈ, ਫਿਰ ਮਨੁੱਖ ਵਿੱਚ ਪ੍ਰਗਟ ਹੋ ਕੇ ਮਹਾ ਪਰਉਪਕਾਰ ਕਰਦਾ ਹੈ ਅਤੇ ਆਪਣੀ ਹੀ ਰਚੀ ਹੋਈ ਖੇਲ ਦਾ ਆਪ ਆਨੰਦ ਮਾਣਦਾ ਹੈ। ਮਨੁੱਖ ਨੂੰ ਬੰਦਗੀ ਕਰਵਾ ਕੇ ਪਹਿਲਾਂ ਆਪਣੀ ਨਦਰ ਨਾਲ ਨਿਹਾਲ ਕਰਦਾ ਹੈ ਫਿਰ ਉਸੇ ਮਨੁੱਖ ਵਿੱਚ ਆਪ ਪ੍ਰਗਟ ਹੋ ਕੇ ਆਪਣੀ ਹੀ ਬੰਦਗੀ ਅਤੇ ਸੇਵਾ ਦਾ ਆਪ ਹੀ ਆਨੰਦ ਮਾਣਦਾ ਹੈ। ਇਸ ਤਰ੍ਹਾਂ ਦੇ ਨਾਲ ਆਪਣੀ ਬਣਾਈ ਹੋਈ ਇਸ ਪਰਮ ਸ਼ਕਤੀਸ਼ਾਲੀ ਖੇਲ ਵਿੱਚ ਆਪਣੀਆਂ ਪਰਮ ਸ਼ਕਤੀਆਂ ਨੂੰ ਮਨੁੱਖ ਵਿੱਚ ਪ੍ਰਗਟ ਕਰ ਕੇ ਉਸ ਦਾ ਆਨੰਦ ਮਾਣਦਾ ਹੈ। ਇਸ ਪਰਮ ਸ਼ਕਤੀਸ਼ਾਲੀ ਅਵਸਥਾ ਵਿੱਚ ਪਹੁੰਚ ਕੇ ਮਨੁੱਖ ਵਿੱਚ ਪ੍ਰਗਟ ਹੋਈ ਪਰਮ ਜੋਤ ਨੂੰ ਸਾਰੇ ਪਾਸੇ ਸਾਰੀ ਸ੍ਰਿਸ਼ਟੀ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਹੀ ਪਰਮ ਸ਼ਕਤੀ ਵਾਪਰਦੀ ਦਿਸਣ ਲੱਗ ਪੈਂਦੀ ਹੈ। ਇਸ ਪਰਮ ਸ਼ਕਤੀਸ਼ਾਲੀ ਅਵਸਥਾ ਦਾ ਬਿਆਨ ਭਗਤ ਨਾਮ ਦੇਵ ਜੀ ਨੇ ਗੁਰਬਾਣੀ ਵਿੱਚ ਪ੍ਰਗਟ ਕੀਤਾ ਹੈ:

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੮੫)

ਜੋ ਮਹਾਂਪੁਰਖ ਸੱਚ ਖੰਡ ਦੀ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਨੂੰ ਪ੍ਰਾਪਤ ਕਰ ਕੇ ਸਤਿ ਪਾਰਬ੍ਰਹਮ ਪਿਤ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ ਉਨ੍ਹਾਂ ਨੂੰ ਸ੍ਰਿਸ਼ਟੀ ਦੀ ਬੇਅੰਤਤਾ ਦੇ ਰੂਪ ਦਿਸਦੇ ਹਨ। ਐਸੇ ਮਹਾਂਪੁਰਖਾਂ ਨੂੰ ਜਦ ਅਕਾਲ ਪੁਰਖ ਦੇ ਦਰਸ਼ਨ ਹੁੰਦੇ ਹਨ ਅਤੇ ਜਦ ਨਿਰਗੁਣ ਵਿੱਚ ਸਰਗੁਣ ਦੇ ਦਰਸ਼ਨ ਹੁੰਦੇ ਹਨ ਤਾਂ ਉਸ ਸਮੇਂ ਉਨ੍ਹਾਂ ਨੂੰ ਸਾਰੇ ਖੰਡ, ਮੰਡਲ ਅਤੇ ਬ੍ਰਹਿਮੰਡ ਦਿਸਦੇ ਹਨ। ਐਸੇ ਮਹਾਂਪੁਰਖ ਜਦ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਆਪਣੇ ਅੰਦਰ ਹੀ ਸਾਰੇ ਖੰਡ, ਮੰਡਲ ਅਤੇ ਬ੍ਰਹਿਮੰਡਾਂ ਦੇ ਦਰਸ਼ਨ ਹੋ ਜਾਂਦੇ ਹਨ। ਕਈ ਖੰਡਾਂ ਦਾ ਸਮੂਹ ਇੱਕ ਮੰਡਲ ਹੈ ਜਿਵੇਂ ਕਿ ਧਰਤੀ, ਸੂਰਜ, ਚੰਦਰਮਾਂ ਅਤੇ ਹੋਰ ਗ੍ਰਹਿ ਨਕਸ਼ਤ੍ਰਾਂ ਨੂੰ ਮਿਲਾ ਕੇ ਇੱਕ ਸੋਰ ਮੰਡਲ ਬਣਦਾ ਹੈ ਅਤੇ ਕਈ ਐਸੇ ਮੰਡਲ ਰਲ ਕੇ ਇੱਕ ਬ੍ਰਹਿਮੰਡ ਬਣਦਾ ਹੈ। ਐਸੇ ਮਹਾਂਪੁਰਖਾਂ ਨੂੰ ਐਸੇ ਬ੍ਰਹਿਮੰਡਾਂ ਦੇ ਦਰਸ਼ਨ ਹੋ ਜਾਂਦੇ ਹਨ ਜਿਸ ਦੇ ਨਾਲ ਉਨ੍ਹਾਂ ਨੂੰ ਸ੍ਰਿਸ਼ਟੀ ਦੀ ਬੇਅੰਤਤਾ ਦਾ ਗਿਆਨ ਪ੍ਰਤੱਖ ਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ। ਕਈ ਮਹਾਂਪੁਰਖਾਂ ਵਿੱਚ ਇਨ੍ਹਾਂ ਖੰਡ, ਮੰਡਲ ਅਤੇ ਬ੍ਰਹਿਮੰਡਾਂ ਵਿੱਚ ਸੂਖਸ਼ਮ ਰੂਪ ਵਿੱਚ ਵਿਚਰਨ ਕਰਨ ਦੀ ਪਰਮ ਸ਼ਕਤੀ ਵੀ ਪ੍ਰਗਟ ਹੋ ਜਾਂਦੀ ਹੈ। ਜਿਸ ਪਰਮ ਸ਼ਕਤੀ ਦੇ ਨਾਲ ਉਹ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਹੁਕਮ ਅਨੁਸਾਰ ਪਰਉਪਕਾਰ ਦੇ ਕਾਰਜ ਸਿੱਧ ਕਰਨ ਲਈ ਆਪਣੀ ਭੌਤਿਕ ਦੇਹੀ ਨੂੰ ਛੱਡ ਕੇ ਚਲੇ ਜਾਂਦੇ ਹਨ ਅਤੇ ਐਸੇ ਪਰਉਕਾਰੀ ਕਾਰਜ ਸਿੱਧ ਕਰ ਕੇ ਆਪਣੀ ਭੌਤਿਕ ਦੇਹੀ ਵਾਪਸ ਆ ਜਾਂਦੇ ਹਨ।

ਐਸੇ ਮਹਾਂਪੁਰਖ ਇੱਕ ਦ੍ਰਿਸ਼ਟ ਹੋ ਜਾਂਦੇ ਹਨ। ਨਿਰਵੈਰ ਹੋ ਜਾਂਦੇ ਹਨ। ਉਨ੍ਹਾਂ ਨੂੰ ਸਾਰੀ ਲੁਕਾਈ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਹੀ ਨਜ਼ਰ ਆਉਂਦਾ ਹੈ। ਐਸੇ ਮਹਾਂਪੁਰਖਾਂ ਦੀਆਂ ਪੰਜੇ ਕਰਮ ਇੰਦਰੀਆਂ ਅਤੇ ਪੰਜੇ ਗਿਆਨ ਇੰਦਰੀਆਂ ਪੂਰਨ ਹੁਕਮ ਵਿੱਚ ਆ ਜਾਂਦੀਆਂ ਹਨ। ਉਨ੍ਹਾਂ ਦੇ ਸਾਰੇ ਕਰਮ ਪੂਰਨ ਹੁਕਮ ਵਿੱਚ ਵਰਤਦੇ ਹਨ। ਉਨ੍ਹਾਂ ਦੀ ਸਾਰੀ ਕਰਨੀ ਸਤਿ ਦੀ ਕਰਨੀ ਹੋ ਜਾਂਦੀ ਹੈ ਅਤੇ ਪੂਰਨ ਭਾਣੇ ਵਿੱਚ ਵਰਤਦੀ ਹੈ। ਉਹ ਕੇਵਲ ਪੂਰਨ ਸਤਿ ਦੀ ਸੇਵਾ ਕਰਦੇ ਹਨ ਅਤੇ ਪੂਰਨ ਸਤਿ ਵਰਤਾਉਂਦੇ ਹਨ। ਉਨ੍ਹਾਂ ਦਾ ਜੀਵਨ ਕੇਵਲ ਪਰਉਪਕਾਰ ਅਤੇ ਮਹਾ ਪਰਉਪਕਾਰ ਵਿੱਚ ਬੀਤਦਾ ਹੈ। ਉਹ ਦੁਨੀਆਂ ਨੂੰ ਪੂਰਨ ਸਤਿ ਦਾ ਹੀ ਉਪਦੇਸ਼ ਦਿੰਦੇ ਹਨ ਅਤੇ ਭਵਸਾਗਰ ਸੰਸਾਰ ਤੋਂ ਤਾਰਦੇ ਹਨ। ਐਸੀ ਅਵਸਥਾ ਵਿੱਚ ਸਾਰੇ ਪਾਸੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਹੁਕਮ ਵਰਤਦਾ ਨਜ਼ਰ ਆਉਂਦਾ ਹੈ। ਸਾਰੀ ਸ੍ਰਿਸ਼ਟੀ ਵਿੱਚ ਕਰਤਾ ਪੁਰਖ ਆਪ ਵਰਤਦਾ ਨਜ਼ਰ ਆਉਂਦਾ ਹੈ। ਐਸੇ ਮਹਾਂਪੁਰਖਾਂ ਦਾ ਪੂਰਨ ਸਤਿ ਦੀ ਸੇਵਾ ਕਰਦੇ-ਕਰਦੇ ਨਿਰੰਤਰ ਵਿਕਾਸ ਹੁੰਦਾ ਹੈ। ਸੇਵਾ ਉਨ੍ਹਾਂ ਦੀ ਬੰਦਗੀ ਬਣ ਜਾਂਦੀ ਹੈ ਅਤੇ ਇਸ ਸੇਵਾ ਦਾ ਵੀ ਕੋਈ ਅੰਤ ਨਹੀਂ ਹੁੰਦਾ ਹੈ। ਸੇਵਾ ਵਿੱਚ ਰੱਤੇ ਹੋਏ ਉਨ੍ਹਾਂ ਦੀ ਆਤਮਿਕ ਅਵਸਥਾ ਨਿਰੰਤਰ ਵਿਗਸਦੀ ਜਾਂਦੀ ਹੈ। ਕਿਉਂਕਿ ਰੂਹਾਨੀ ਵਿਕਾਸ ਦਾ ਵੀ ਕੋਈ ਅੰਤ ਨਹੀਂ ਹੁੰਦਾ ਹੈ। ਜਿਵੇਂ-ਜਿਵੇਂ ਐਸੇ ਮਹਾਂਪੁਰਖ ਗੁਰ ਪ੍ਰਸਾਦਿ ਵੰਡਦੇ ਹੋਏ ਦੁਨੀਆਂ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਬੰਦਗੀ ਨਾਲ ਜੋੜਦੇ ਹਨ ਤਿਵੇਂ ਤਿਵੇਂ ਉਨ੍ਹਾਂ ਦੀ ਆਤਮਿਕ ਅਵਸਥਾ ਹੋਰ ਉੱਪਰ ਚਲੀ ਜਾਂਦੀ ਹੈ। ਐਸੇ ਮਹਾਂਪੁਰਖਾਂ ਦੀ ਮਹਿਮਾ ਬੇਅੰਤ ਹੋ ਜਾਂਦੀ ਹੈ। ਇਸ ਲਈ ਐਸੇ ਮਹਾਂਪੁਰਖਾਂ ਦੀ ਇਸ ਅਵਸਥਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਪੂਰਨ ਬੰਦਗੀ ਦੀ ਐਸੀ ਪਰਮ ਸ਼ਕਤੀਸ਼ਾਲੀ ਬੇਅੰਤ ਅਵਸਥਾ ਨੂੰ ਅਨੁਭਵ ਕੀਤਾ ਜਾਂਦਾ ਹੈ ਪਰੰਤੂ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਮਾਨਸਰੋਵਰ ਵਿੱਚ ਨਿਵਾਸ ਦੀ ਇਸ ਪਰਮ ਉੱਤਮ ਅਵਸਥਾ ਨੂੰ ਕੇਵਲ ਬੰਦਗੀ ਕਰ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਅਨੁਭਵ ਕੀਤਾ ਜਾ ਸਕਦਾ ਹੈ ਪਰੰਤੂ ਬਿਆਨ ਨਹੀਂ ਕੀਤਾ ਜਾ ਸਕਦਾ

ਹੈ। ਧੰਨ ਧੰਨ ਸੰਤ ਕਬੀਰ ਪਾਤਸ਼ਾਹ ਜੀ ਨੇ ਇਸ ਪਰਮ ਸਤਿ ਤੱਤ ਨੂੰ ਆਪਣੀ ਬਾਣੀ ਵਿੱਚ ਪ੍ਰਗਟ ਕੀਤਾ ਹੈ:

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੭੦)

ਐਸੀ ਪਰਮ ਸ਼ਕਤੀਸ਼ਾਲੀ 'ਲਿਵ' ਲੱਗਣ ਦੀ ਮਹਿਮਾ ਬੰਦਗੀ ਦੇ ਪੰਜ ਖੰਡਾਂ ਵਿੱਚ ਵਾਪਰਦੀ ਹੈ। ਐਸੀ ਸੁੰਦਰ ਸਤਿ ਚਿੱਤ ਆਨੰਦ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਮਨੁੱਖ ਪ੍ਰਾਪਤ ਕਰਨ ਦੀ ਸਮਰੱਥਾ ਲੈ ਕੇ ਜਨਮ ਲੈਂਦਾ ਹੈ। ਫਿਰ ਜੇਕਰ ਮਨੁੱਖ ਨੂੰ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਦੀ ਪ੍ਰਾਪਤੀ ਨਾ ਹੋਵੇ ਤਾਂ ਉਸ ਦਾ ਕੀ ਹਸ਼ਰ ਹੁੰਦਾ ਹੈ ? 'ਲਿਵ' ਦੀ ਪ੍ਰਾਪਤੀ ਨਾ ਕਰ ਕੇ ਮਨੁੱਖ ਮਾਇਆ ਵਿੱਚ ਗਲਤਾਨ ਹੋ ਕੇ ਆਪਣਾ ਅਨਮੋਲ ਰਤਨ ਹੀਰਾ ਜਨਮ ਗੁਆ ਬੈਠਦਾ ਹੈ ਅਤੇ ਜਨਮ-ਮਰਨ ਦੇ ਚੱਕਰ ਵਿੱਚ ਅਣਗਿਣਤ ਸਮੇਂ ਲਈ ਫੱਸਿਆ ਰਹਿੰਦਾ ਹੈ। ਭਾਵ ਮਨੁੱਖ ਜਨਮ-ਮਰਨ ਦੇ ਚੱਕਰ ਵਿੱਚ ਫੱਸਿਆ ਹੋਇਆ ਮਾਇਆ ਦੀ ਗ਼ੁਲਾਮੀ ਵਿੱਚ ਨਰਕ ਨਿਵਾਜ਼ ਜੀਵਨ ਕਿਰਿਆ ਵਿੱਚੋਂ ਲੰਘ-ਲੰਘ ਕੇ ਜੰਮਦਾ ਹੈ ਅਤੇ ਮਰਦਾ ਹੈ। ਆਪਣੇ ਕਰਮਾਂ ਅਨੁਸਾਰ ਇਨ੍ਹਾਂ ਜਨਮਾਂ ਦੇ ਦੌਰਾਨ ਪਤਾ ਨਹੀਂ ਕਿਤਨੀ ਵਾਰੀ ਹੋਰ ਜੂਨਾਂ ਵਿੱਚ ਭਟਕਦਾ ਹੈ। ਨਰਕ ਨਿਵਾਜ਼ ਜੀਵਨ ਤੋਂ ਭਾਵ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਤੋਂ ਬੇਮੁਖ ਹੋ ਕੇ ਇੱਕ ਆਮ ਮਨੁੱਖ ਦਾ ਜੀਵਨ ਕੇਵਲ ਦੁੱਖਾਂ-ਕਲੇਸ਼ਾਂ ਮੁਸੀਬਤਾਂ ਸਮੱਸਿਆਵਾਂ ਅਤੇ ਕੁਝ ਅਸਥਾਈ ਸਫਲਤਾਵਾਂ ਅਤੇ ਪ੍ਰਸੰਨਤਾ ਨਾਲ ਘਿਰਿਆ ਰਹਿੰਦਾ ਹੈ। ਮਾਇਆ ਦੀ ਗ਼ੁਲਾਮੀ ਵਿੱਚ ਮਨੁੱਖੀ ਜੀਵਨ ਵਿੱਚ ਕਦੇ ਸਦਾ ਸੁੱਖ ਦੀ, ਸਤਿ ਚਿੱਤ ਆਨੰਦ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਪੂਰਨ ਅਤੇ ਸਦਾ ਸੁੱਖ ਦੀ ਪ੍ਰਾਪਤੀ ਕੇਵਲ ਬੰਦਗੀ ਕਰਨ ਨਾਲ ਹੀ ਮਾਇਆ ਨੂੰ ਜਿੱਤ ਕੇ ਹਾਸਿਲ ਹੁੰਦੀ ਹੈ। ਇਸ ਲਈ ਸਾਰੀ ਲੁਕਾਈ ਦੇ ਚਰਨਾਂ ਉੱਪਰ ਸਨਿਮਰ ਬੇਨਤੀ ਹੈ ਕਿ ਸਤਿ ਦੀ ਕਰਨੀ ਉੱਪਰ ਆਪਣਾ ਧਿਆਨ ਟਿਕਾਵੋ ਤਾਂ ਕਿ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰਪ੍ਰਸਾਦਿ ਪ੍ਰਾਪਤ ਕਰ ਕੇ ਜੀਵਨ ਸਫ਼ਲ ਹੋ ਸਕੇ ਅਤੇ ਇਹ ਮਨੁੱਖਾ ਜਨਮ ਲੇਖੇ ਲੱਗ ਜਾਏ।

■

ਅਨੰਦੁ ਸਾਹਿਬ-ਪਉੜੀ ੭ ਤੇ ੮

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ ॥੭॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੭)

ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ ॥
ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ ॥
ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ ॥
ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ ॥
ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ ॥੮॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੮)

ਵਰਤਮਾਨ ਘੋਰ ਕਲਜੁਗ ਦੇ ਸਮੇਂ ਵਿੱਚ ਮਨੁੱਖ ਦੁਨਿਆਵੀ ਸੁੱਖਾਂ ਨੂੰ ਆਪਣੇ ਆਨੰਦ ਦਾ ਸੋਮਾ ਮੰਨੀ ਬੈਠਾ ਹੈ। ਦੁਨੀਆਂ ਦੇ ਬਹੁ ਗਿਣਤੀ ਲੋਕ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਕਰਨ ਵਿੱਚ ਹੀ ਆਨੰਦ ਲੱਭਣ ਦੀ ਨਾਕਾਮ ਕੋਸ਼ਿਸ਼ ਵਿੱਚ ਰੁੱਝੇ ਹੋਏ ਹਨ। ਮਾਇਆ ਦੇ ਨਸ਼ੇ ਵਿੱਚ ਚੂਰ ਮਨੁੱਖ ਇਸੇ ਬੇਹੋਸ਼ੀ ਨੂੰ ਆਨੰਦ ਸਮਝੀ ਬੈਠਾ ਹੈ। ਮਾਇਆ ਦੀ ਗ਼ੁਲਾਮੀ ਵਿੱਚ ਮਨੁੱਖ ਜੀਵਨ ਦੇ ਮੂਲ 'ਸਤਿ' ਨੂੰ ਵਿਸਾਰ ਕੇ ਧਨ, ਦੌਲਤ, ਜ਼ਮੀਨ, ਜਾਇਦਾਦ ਅਤੇ ਹੋਰ ਸਾਰੇ ਦੁਨਿਆਵੀ ਸੁੱਖ ਦੇਣ ਵਾਲੇ ਪਦਾਰਥਾਂ ਦੀ ਕਮਾਈ ਕਰਨ ਵਿੱਚ ਅਤੇ ਇਨ੍ਹਾਂ ਨੂੰ ਭੋਗਣਾ ਹੀ ਆਨੰਦ ਸਮਝ ਬੈਠਾ ਹੈ। ਮਾਇਆ ਦੀ ਗ਼ੁਲਾਮੀ ਵਿੱਚ ਫੱਸਿਆ ਹੋਇਆ ਮਨੁੱਖ ਕੇਵਲ ਸੰਸਾਰਿਕ ਪਰਿਵਾਰਕ ਰਿਸ਼ਤੇ ਅਤੇ ਸੰਬੰਧਾਂ ਵਿੱਚ ਹੀ ਆਨੰਦ ਪ੍ਰਾਪਤ ਕਰਨ ਦੇ ਵਿਅਰਥ ਪਰਿਆਸ ਨੂੰ ਹੀ ਆਨੰਦ ਪ੍ਰਾਪਤ ਕਰਨ ਦਾ ਸੋਮਾ ਬਣਾਈ ਬੈਠਾ ਆਪਣਾ ਜਨਮ ਅਜਾਈਂ ਗੁਆ ਰਿਹਾ ਹੈ। ਮਾਇਆ ਦੀ ਗ਼ੁਲਾਮੀ ਵਿੱਚ ਗਲਤਾਨ ਮਨੁੱਖ ਮਾਇਆ ਦੇ ਪਸਾਰੇ ਤੋਂ ਅਗਿਆਤ ਮਾਇਆ ਦੇ ਬੰਧਨਾਂ ਨੂੰ ਹੀ ਆਨੰਦ ਕਹੀ ਜਾ ਰਿਹਾ ਹੈ। ਮਨੁੱਖ ਸੰਸਾਰਿਕ ਸੁੱਖਾਂ ਦੀ ਪ੍ਰਾਪਤੀ ਨੂੰ ਹੀ ਚੜ੍ਹਦੀ ਕਲਾ ਦੱਸਣ ਵਿੱਚ ਹੀ ਆਪਣੀ ਸ਼ਾਨ ਬਣਾਈ ਬੈਠਾ ਹੈ। ਕੋਈ ਮਨੁੱਖ ਕਾਮ ਦੇ ਨਸ਼ੇ ਵਿੱਚ ਬੇਹੋਸ਼ ਹੈ। ਕਾਮ ਦੇ ਨਸ਼ੇ ਵਿੱਚ ਚੂਰ ਰਹਿਣਾ ਹੀ ਆਨੰਦ ਸਮਝੀ ਬੈਠਾ ਹੈ ਅਤੇ ਇਸ ਪਰਮ ਸਤਿ ਤੱਤ ਤੋਂ ਅਨਭਿੱਗ ਕਿ ਕਾਮ ਦਾ ਦੂਤ ਉਸ ਦੀ ਆਪਣੀ ਹੀ ਦੇਹੀ ਨੂੰ ਗਾਲ ਰਿਹਾ ਹੈ। ਕੋਈ ਮਨੁੱਖ ਆਪਣੇ ਹੰਕਾਰ ਦੇ ਨਸ਼ੇ ਵਿੱਚ ਡੁੱਬਿਆ ਪਿਆ ਹੈ। ਝੂਠੇ ਅਣਖ ਅਤੇ ਮਾਣ ਦੇ ਨਸ਼ੇ ਵਿੱਚ ਚੂਰ ਇਸ ਝੂਠੇ ਨਸ਼ੇ ਨੂੰ ਹੀ ਆਨੰਦ ਸਮਝੀ ਬੈਠਾ ਇਸ ਪਰਮ ਸਤਿ ਤੱਤ ਤੋਂ ਅਨਭਿੱਗ ਹੈ ਕਿ ਹੰਕਾਰ ਚੰਡਾਲ ਉਸ ਦਾ ਆਪਣਾ

ਹੀ ਅੰਦਰ ਸਾੜ ਰਿਹਾ ਹੈ। ਕੋਈ ਮਨੁੱਖ ਕ੍ਰੋਧ ਚੰਡਾਲ ਨੂੰ ਆਪਣਾ ਗੁਰੂ ਬਣਾਈ ਬੈਠਾ ਆਪਣੀਆਂ ਹੀ ਆਂਦਰਾਂ ਨੂੰ ਹੀ ਕ੍ਰੋਧ ਦੀ ਅਗਨ ਵਿੱਚ ਸਾੜੀ ਜਾ ਰਿਹਾ ਹੈ। ਕੋਈ ਮਨੁੱਖ ਧਨ, ਦੌਲਤ, ਜ਼ਮੀਨ ਅਤੇ ਜਾਇਦਾਦ ਇਕੱਤਰ ਕਰਨ ਵਿੱਚ ਮਸ਼ਰੂਫ ਅਤੇ ਲਬ ਲੋਭ ਦੇ ਨਸ਼ੇ ਵਿੱਚ ਚੂਰ ਆਪਣੇ ਆਪ ਨੂੰ ਚੜ੍ਹਦੀ ਕਲਾ ਵਿੱਚ ਮੰਨੀ ਬੈਠਾ ਹੈ। ਕੋਈ ਮਨੁੱਖ ਪਰਿਵਾਰਕ ਸੰਬੰਧਾਂ ਦੇ ਮੋਹ ਦੇ ਨਸ਼ੇ ਵਿੱਚ ਖੁੱਭਿਆ ਹੋਇਆ ਇਨ੍ਹਾਂ ਝੂਠੇ ਸੰਬੰਧਾਂ ਨੂੰ ਸਵਾਰਨ ਵਿੱਚ ਰੁੱਝਿਆ ਹੋਇਆ ਆਪਣੇ ਅਨਮੋਲ ਮਨੁੱਖਾ ਜਨਮ ਨੂੰ ਗੁਆਈ ਜਾ ਰਿਹਾ ਹੈ। ਜੋ ਮਨੁੱਖ ਮਾਇਆ ਦੀ ਗ਼ੁਲਾਮੀ ਦੇ ਨਸ਼ੇ ਵਿੱਚ ਜੀਵਨ ਜਿਉਂਦੇ ਹੋਏ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਕਰ ਕੇ ਆਪਣੇ ਆਪ ਨੂੰ ਚੜ੍ਹਦੀ ਕਲਾ ਵਿੱਚ ਦੱਸਦੇ ਹਨ ਉਨ੍ਹਾਂ ਮਨੁੱਖਾਂ ਨੂੰ ਇਸ ਪਰਮ ਸਤਿ ਤੱਤ ਦਾ ਗਿਆਨ ਨਹੀਂ ਹੈ ਕਿ ਉਹ ਮਾਇਆ ਦੇ ਦਲਦਲ ਵਿੱਚ ਗਲਤਾਨ ਹੋ ਕੇ ਆਪਣਾ ਮਨੁੱਖਾ ਜਨਮ ਗੁਆ ਰਹੇ ਹਨ। ਸਦਾ ਸੁਹਾਗਣਾਂ ਅਤੇ ਸੁਹਾਗਣਾਂ ਨੂੰ ਛੱਡ ਕੇ ਬਾਕੀ ਸਾਰੀ ਲੁਕਾਈ ਮਾਇਆ ਦੇ ਨਸ਼ੇ ਵਿੱਚ ਚੂਰ, ਬੇਸੁੱਧ ਅਤੇ ਬੇਹੋਸ਼ ਹੈ। ਤ੍ਰਿਸ਼ਣਾ ਅਤੇ ਪੰਜ ਦੂਤਾਂ (ਪੰਜ ਚੰਡਾਲ: ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੇ ਸਾਰੀ ਲੁਕਾਈ ਨੂੰ ਆਪਣੀ ਗ਼ੁਲਾਮੀ ਦੇ ਨਸ਼ੇ ਵਿੱਚ ਬੇਹੋਸ਼ ਕਰ ਕੇ ਰਖਿਆ ਹੋਇਆ ਹੈ। ਸਾਰੀ ਲੁਕਾਈ ਮਾਇਆ ਦੇ ਝੂਠੇ ਨਸ਼ੇ ਦੇ ਵਿੱਚ ਚੂਰ ਇਸੇ ਨਸ਼ੇ ਨੂੰ ਹੀ ਆਨੰਦ ਸਮਝੀ ਬੈਠੀ ਹੈ। ਸਾਰੀ ਲੁਕਾਈ ਮਾਇਆ ਦੀ ਗ਼ੁਲਾਮੀ ਵਿੱਚ ਪ੍ਰਾਪਤ ਹੋਣ ਵਾਲੇ ਛੋਟੇ-ਛੋਟੇ ਅਸਥਿਰ ਦੁਨਿਆਵੀ ਸੁੱਖਾਂ ਨੂੰ ਆਨੰਦ ਦੱਸੀ ਜਾ ਰਹੀ ਹੈ।

ਇਸ ਤਰ੍ਹਾਂ ਸਾਰੀ ਲੁਕਾਈ ਮਾਇਆ ਦੀ ਬੇਹੋਸ਼ੀ ਵਿੱਚ ਡੁੱਬੀ ਹੋਈ ਛੋਟੀਆਂ-ਛੋਟੀਆਂ ਅਤੇ ਅਸਥਿਰ ਦੁਨਿਆਵੀ ਉਪਲਬੱਧੀਆਂ ਨੂੰ ਹੀ ਆਨੰਦ ਸਮਝੀ ਬੈਠੀ ਹੈ। ਛੋਟੇ-ਛੋਟੇ ਦੁਨਿਆਵੀ ਸੁੱਖਾਂ ਨੂੰ ਹੀ ਆਨੰਦ ਜਾਣੀ ਬੈਠੀ ਸਾਰੀ ਲੁਕਾਈ ਨੂੰ ਸਤਿ ਦਾ ਗਿਆਨ ਨਹੀਂ ਹੈ। ਆਨੰਦ ਕੀ ਹੁੰਦਾ ਹੈ ਇਸ ਪਰਮ ਸਤਿ ਤੱਤ ਤੋਂ ਅਣਜਾਣ ਸਾਰੀ ਲੁਕਾਈ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਲਈ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਆਪਣਾ ਗੁਰੂ ਬਣਾਈ ਬੈਠੀ ਹੈ। ਸਾਰੀ ਲੁਕਾਈ ਇਸ ਪਰਮ ਸਤਿ ਤੱਤ ਤੋਂ ਅਣਜਾਣ ਹੈ ਕਿ ਮਾਇਆ ਦੀ ਗ਼ੁਲਾਮੀ ਵਿੱਚ ਆਨੰਦ ਕਦੇ ਵੀ ਪ੍ਰਾਪਤ ਨਹੀਂ ਹੋ ਸਕਦਾ ਹੈ। ਬਲਕਿ ਮਾਇਆ ਦੀ ਗ਼ੁਲਾਮੀ ਵਿੱਚ ਸਦਾ ਦੁੱਖਾਂ, ਕਲੇਸ਼ਾਂ, ਸਮੱਸਿਆਵਾਂ ਦਾ ਕਦੇ ਅੰਤ ਨਹੀਂ ਹੁੰਦਾ ਹੈ। ਮਾਇਆ ਦੀ ਗ਼ੁਲਾਮੀ ਵਿੱਚ ਕੀਤੇ ਗਏ ਸਾਰੇ ਅਸਤਿ ਕਰਮਾਂ ਦੇ ਕਰਨ ਨਾਲ ਮਨੁੱਖ ਆਪਣੇ ਕਾਲੇ ਲੇਖਾਂ ਨੂੰ ਆਪ ਲਿਖਦਾ ਹੈ। ਇਹ ਕਾਲੇ ਲੇਖ ਮਨੁੱਖ ਦੇ ਭਵਿੱਖ ਨੂੰ ਦੁੱਖਾਂ, ਕਲੇਸ਼ਾਂ ਅਤੇ ਸਮੱਸਿਆਵਾਂ ਨਾਲ ਭਰਪੂਰ ਕਰ ਦਿੰਦੇ ਹਨ। ਮਾਇਆ ਦੀ ਸਤੋ ਬਿਰਤੀ ਅਧੀਨ ਕੀਤੇ ਗਏ ਸਤਿ ਕਰਮਾਂ ਦੇ ਕਾਰਨ, ਜੋ ਕਿ ਪੁੰਨਦਾਇਕ ਹੋ ਸਕਦੇ ਹਨ ਉਨ੍ਹਾਂ ਪੁੰਨ ਕਰਮਾਂ ਦੇ ਕਰਨ ਨਾਲ ਮਨੁੱਖ ਦੁਨਿਆਵੀ ਸੁੱਖਾਂ ਅਤੇ ਪਦਾਰਥਾਂ ਦੀ ਪ੍ਰਾਪਤੀ ਵੀ ਕਰਦਾ ਹੈ ਪਰੰਤੂ ਇਲਾਹੀ ਅਤੇ ਸਥਿਰ ਆਨੰਦ ਦੀ ਪ੍ਰਾਪਤੀ ਨਹੀਂ ਕਰ ਸਕਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਮਨੁੱਖ ਨੂੰ ਅਸਤਿ ਅਤੇ ਸਤਿ ਦੋਨੋਂ ਕਿਸਮ ਦੇ ਕਰਮ ਕਰਨ ਦੀ ਸਮਰੱਥਾ ਬਖ਼ਸ਼ੀ ਹੈ। ਮਾਇਆ ਦੀ ਰਜੋ (ਤ੍ਰਿਸ਼ਣਾ) ਅਤੇ ਤਮੋ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਬਿਰਤੀ ਦੀ ਗ਼ੁਲਾਮੀ ਵਿੱਚ ਕੀਤੇ ਗਏ ਸਾਰੇ ਕਰਮ ਅਸਤਿ ਕਰਮ ਹੁੰਦੇ ਹਨ। ਮਾਇਆ ਦੀ ਸਤੋ (ਦਇਆ, ਧਰਮ, ਸੰਤੋਖ, ਸੰਜਮ) ਬਿਰਤੀ ਦੇ ਅਧੀਨ ਕੀਤੇ ਗਏ ਕਰਮ ਸਤਿ ਕਰਮ ਹੁੰਦੇ ਹਨ ਅਤੇ ਪੁੰਨ ਦਾ ਸਬੱਬ ਬਣਦੇ ਹਨ। ਮਾਇਆ ਦੀ ਰਜੋ ਅਤੇ ਤਮੋ ਬਿਰਤੀ ਚੰਡਾਲ ਬਿਰਤੀ ਹੈ ਅਤੇ ਇਸ ਦੇ ਅਧੀਨ ਕੀਤੇ ਗਏ ਸਾਰੇ ਕਰਮ ਕਾਲੇ ਲੇਖ ਲਿਖਦੇ ਹਨ। ਮਾਇਆ ਦੀ ਸਤੋ ਬਿਰਤੀ

ਸੁੰਦਰ ਬਿਰਤੀ ਹੈ ਅਤੇ ਇਸ ਦੇ ਅਧੀਨ ਕੀਤੇ ਗਏ ਕਰਮ ਮਨੁੱਖ ਨੂੰ ਸਤਿਗੁਰੂ ਦੀ ਪ੍ਰਾਪਤੀ ਵੱਲ ਖੜ੍ਹਦੇ ਹਨ। ਮਨੁੱਖ ਦੇ ਜੀਵਨ ਵਿੱਚ ਜੋ ਵੀ ਦੁਨਿਆਵੀ ਸੁੱਖ ਅਤੇ ਪਦਾਰਥ ਪ੍ਰਾਪਤ ਹੁੰਦੇ ਹਨ ਉਹ ਕੇਵਲ ਸਤੋ ਬਿਰਤੀ ਦੇ ਅਧੀਨ ਕੀਤੇ ਗਏ ਕਰਮਾਂ ਕਾਰਨ ਲਿਖੇ ਗਏ ਚੰਗੇ ਲੇਖਾਂ ਦੇ ਫ਼ਲ ਸਰੂਪ ਪ੍ਰਾਪਤ ਹੁੰਦੇ ਹਨ।

ਜਿਵੇਂ ਕਿ ਕਿਰਸਾਣ ਜ਼ਮੀਨ ਵਿੱਚ ਜਿਸ ਜਿਨਸ ਦਾ ਬੀਜ ਬੀਜਦਾ ਹੈ ਤਾਂ ਉਸ ਨੂੰ ਉਸੇ ਜਿਨਸ ਦੀ ਫ਼ਲ ਸਰੂਪ ਪ੍ਰਾਪਤੀ ਹੁੰਦੀ ਹੈ। ਜੇ ਕਣਕ ਬੀਜਦਾ ਹੈ ਤਾਂ ਕਣਕ ਦੀ ਫਸਲ ਹੀ ਹੁੰਦੀ ਹੈ। ਜੇ ਧਾਨ ਬੀਜਦਾ ਹੈ ਤਾਂ ਧਾਨ ਦੀ ਹੀ ਫਸਲ ਫ਼ਲ ਸਰੂਪ ਵਿੱਚ ਪੈਦਾ ਹੁੰਦੀ ਹੈ। ਇਸੇ ਤਰ੍ਹਾਂ ਨਾਲ ਜੇ ਕਿਰਸਾਣ ਜ਼ਮੀਨ ਵਿੱਚ ਕੰਡੇ ਬੀਜੇਗਾ ਤਾਂ ਕੇਵਲ ਕੰਡਿਆਂ ਦੀ ਹੀ ਫਸਲ ਪੈਦਾ ਹੋਵੇਗੀ। ਕੰਡੇ ਬੀਜਣ ਨਾਲ ਕਣਕ ਦੀ ਉਪਜ ਨਹੀਂ ਹੋ ਸਕਦੀ ਹੈ। ਜੇ ਕਿੱਕਰ ਦਾ ਬੂਟਾ ਲਏਗਾ ਤਾਂ ਕਿੱਕਰ ਦੀਆਂ ਸੂਲਾਂ ਹੀ ਜਨਮ ਲੈਣਗੀਆਂ ਨਾ ਕਿ ਕਿੱਕਰ ਦੇ ਬੂਟੇ ਨੂੰ ਅੰਬ ਲੱਗਣਗੇ। ਮਨੁੱਖ ਦਾ ਜੀਵਨ ਵੀ ਇੱਕ ਖੇਤ ਦੀ ਨਿਆਈਂ ਹੈ। ਜੀਵਨ ਰੂਪੀ ਇਸ ਖੇਤ ਵਿੱਚ ਮਨੁੱਖ ਜਿਸ ਤਰ੍ਹਾਂ ਦੇ ਕਰਮਾਂ ਦੇ ਬੀਜ ਬੀਜਦਾ ਹੈ ਉਸ ਨੂੰ ਉਸ ਦੇ ਅਨੁਕੂਲ ਹੀ ਫਲ ਪ੍ਰਾਪਤ ਹੁੰਦਾ ਹੈ। ਜੇਕਰ ਮਨੁੱਖ ਸਤਿ ਕਰਮ ਬੀਜੇਗਾ ਤਾਂ ਸੁੱਖ ਸ਼ਾਂਤੀ ਸਮ੍ਰਿਧੀ ਅਤੇ ਬੰਦਗੀ ਦੀ ਪ੍ਰਾਪਤੀ ਹੋਵੇਗੀ। ਜੇਕਰ ਅਸਤਿ ਕਰਮ ਬੀਜੇਗਾ ਤਾਂ ਦੁੱਖਾਂ-ਕਲੇਸ਼ਾਂ ਮੁਸੀਬਤਾਂ ਅਤੇ ਥੋੜ੍ਹਾਂ ਹੀ ਉਸ ਦੇ ਜੀਵਨ ਵਿੱਚ ਵਰਤਣਗੇ। ਜੇਕਰ ਮਨੁੱਖ ਆਪਣੀ ਤ੍ਰਿਸ਼ਨਾ ਨੂੰ ਬੁਝਾਉਣ ਲਈ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਚੰਡਾਲਾਂ ਨੂੰ ਆਪਣਾ ਗੁਰੂ ਬਣਾ ਕੇ ਇਨ੍ਹਾਂ ਚੰਡਾਲਾਂ ਦੀ ਗ਼ੁਲਾਮੀ ਵਿੱਚ ਵਿਚਰਦਾ ਹੋਇਆ ਕਰਮ ਕਰੇਗਾ ਤਾਂ ਉਹ ਆਪਣੇ ਹੀ ਜੀਵਨ ਰੂਪੀ ਖੇਤ ਵਿੱਚ ਕੇਵਲ ਦੁੱਖਾਂ, ਕਲੇਸ਼ਾਂ, ਸਮੱਸਿਆਵਾਂ, ਮੁਸੀਬਤਾਂ ਅਤੇ ਥੋੜ੍ਹਾਂ ਰੂਪੀ ਕੰਡਿਆਂ ਨੂੰ ਹੀ ਬੀਜੇਗਾ। ਇਸ ਲਈ ਸਾਡੇ ਜੀਵਨ ਵਿੱਚ ਜੋ ਵੀ ਖੇਦ ਹੈ ਉਸ ਦਾ ਕਾਰਨ ਕੇਵਲ ਸਾਡੇ ਹੀ ਕਰਮ ਹਨ। ਸਾਡੇ ਜੀਵਨ ਵਿੱਚ ਵਾਪਰ ਰਹੀਆਂ ਚੰਗੀਆਂ ਅਤੇ ਮਾੜੀਆਂ ਘਟਨਾਵਾਂ ਦਾ ਕਾਰਨ ਕੇਵਲ ਸਾਡੇ ਕਰਮ ਹੀ ਹਨ। ਇਸ ਜੀਵਨ ਵਿੱਚ ਸਾਨੂੰ ਸਾਰਿਆਂ ਨੂੰ ਪ੍ਰਾਪਤ ਹੋ ਰਹੇ ਸੁੱਖ ਅਤੇ ਦੁੱਖ ਦੇ ਲਮਹੇ ਸਾਰੇ ਸਾਡੇ ਹੀ ਕੀਤਿਆਂ ਕਰਮਾਂ ਦਾ ਫਲ ਹੈ। ਸਾਡੇ ਜੀਵਨ ਵਿੱਚ ਵਾਪਰ ਰਹੀ ਖੁਸ਼ੀ ਅਤੇ ਗ਼ਮੀ ਦਾ ਕਾਰਨ ਸਾਡੇ ਆਪਣੇ ਕਰਮ ਹੀ ਹਨ। ਸਾਡੇ ਜੀਵਨ ਵਿੱਚ ਵਰਤ ਰਹੇ ਸਾਰੇ ਦੁੱਖਾਂ, ਕਲੇਸ਼ਾਂ, ਸਮੱਸਿਆਵਾਂ, ਮੁਸੀਬਤਾਂ ਝਗੜਿਆਂ ਦਾ ਕਾਰਨ ਕੇਵਲ ਸਾਡੇ ਆਪਣੇ ਕਰਮ ਹੀ ਹਨ। ਕਰਮ ਦੇ ਪਰਮ ਸ਼ਕਤੀਸ਼ਾਲੀ ਦਰਗਾਹੀ ਵਿਧਾਨ ਦੇ ਅਨੁਸਾਰ ਅਸੀਂ ਆਜੀਵਨ ਆਪਣੇ ਹੀ ਕਰਮਾਂ ਦੇ ਫਲ ਭੋਗਦੇ ਹੋਏ ਚੁਰਾਸੀ ਦੇ ਗੇੜ ਵਿੱਚ ਭਟਕਦੇ ਫਿਰ ਰਹੇ ਹਾਂ। ਜਦ ਤੱਕ ਕਰਮਾਂ ਦਾ ਲੇਖਾ-ਜੋਖਾ ਪੂਰਾ ਨਹੀਂ ਹੁੰਦਾ ਤਦ ਤੱਕ ਮਨੁੱਖ ਚੁਰਾਸੀ ਦੇ ਗੇੜ ਵਿੱਚ ਵਿਚਰਦਾ ਰਹਿੰਦਾ ਹੈ। ਭਾਵ ਜਨਮ-ਮਰਨ ਦੇ ਬੰਧਨ ਤੋਂ ਮੁਕਤੀ ਨਹੀਂ ਹਾਸਿਲ ਹੁੰਦੀ ਜਦ ਤੱਕ ਕਰਮਾਂ ਦਾ ਲੇਖਾ-ਜੋਖਾ ਪੂਰਾ ਨਹੀਂ ਹੁੰਦਾ ਹੈ। ਮਨੁੱਖ ਦੀ ਦੇਹੀ ਦੀ ਮੌਤ ਦੇ ਨਾਲ ਹੀ ਰੂਹ ਜਦ ਦੇਹੀ ਨੂੰ ਛੱਡਦੀ ਹੈ ਤਾਂ ਉਹ ਸਾਰੇ ਕਰਮਾਂ ਦਾ ਬੋਝ ਆਪਣੇ ਉੱਪਰ ਚੁੱਕਦੀ ਹੈ ਅਤੇ ਅਗਲੇ ਪੜਾਉ ਉੱਪਰ ਜਾ ਕੇ ਫਿਰ ਮੁੱਢ ਤੋਂ ਕਰਮਾਂ ਦਾ ਲੇਖਾ ਦੇਣ ਵਿੱਚ ਜੁੱਟ ਜਾਂਦੀ ਹੈ। ਮਨੁੱਖ ਦੀ ਰੂਹ ਕਰਮਾਂ ਦੇ ਬੋਝ ਤੋਂ ਜਦੋਂ ਤੱਕ ਮੁਕਤ ਨਾ ਹੋ ਜਾਏ ਤਦ ਤੱਕ ਇਹ ਸਿਲਸਿਲਾ ਚਲਦਾ ਰਹਿੰਦਾ ਹੈ। ਜਿਵੇਂ ਮਨੁੱਖ ਇਸ ਜਨਮ ਵਿੱਚ ਲਏ ਗਏ ਸਾਰੇ ਦੁਨਿਆਵੀ ਕਰਜ਼ਿਆਂ ਤੋਂ ਮੁਕਤ ਨਹੀਂ ਹੁੰਦਾ ਤਦ ਤੱਕ ਉਸ ਨੂੰ ਕਰਜ਼ਿਆਂ ਦਾ ਭੁਗਤਾਨ ਕਰਨਾ ਪੈਂਦਾ ਹੈ ਠੀਕ ਉਸੇ ਤਰ੍ਹਾਂ ਨਾਲ ਮਨੁੱਖ ਨੂੰ ਆਪਣੇ ਕਰਮਾਂ ਦਾ ਭੁਗਤਾਨ ਤਦ ਤੱਕ ਕਰਨਾ ਪੈਂਦਾ ਹੈ ਜਦ ਤੱਕ ਉਸ ਦਾ

ਲੇਖਾ-ਜੋਖਾ ਪੂਰਾ ਨਹੀਂ ਹੁੰਦਾ ਹੈ। ਗੁਰਬਾਣੀ ਵਿੱਚ ਕਰਮ ਦੇ ਇਸ ਪਰਮ ਸ਼ਕਤੀਸ਼ਾਲੀ ਵਿਧਾਨ ਦੇ ਪਰਮ ਸਤਿ ਨੂੰ ਪ੍ਰਗਟ ਕੀਤਾ ਗਿਆ ਹੈ:

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੪)

ਇਸ ਲਈ ਕਰਮ ਦੇ ਇਸ ਪਰਮ ਸ਼ਕਤੀਸ਼ਾਲੀ ਵਿਧਾਨ ਨੂੰ ਮੁੱਖ ਰੱਖ ਕੇ ਸਦਾ ਆਪਣੇ ਕਰਮਾਂ ਨੂੰ ਅੰਜਾਮ ਦੋ। ਇਸ ਪਰਮ ਸ਼ਕਤੀਸ਼ਾਲੀ ਪਰਮ ਸਤਿ ਨੂੰ ਦ੍ਰਿੜ੍ਹ ਕਰ ਲਵੋ ਕਿ ਜੇਕਰ ਆਪਣੇ ਕਰਮਾਂ ਦੇ ਨਾਲ ਚੰਗੇ ਲੇਖ ਲਿਖਾਂਗੇ ਤਾਂ ਹੀ ਪ੍ਰਾਲਬਧ ਸੋਹਣਾ ਹੋਏਗਾ। ਜੇਕਰ ਕਾਲੇ ਲੇਖ ਲਿਖਾਂਗੇ ਤਾਂ ਕੇਵਲ ਕਸ਼ਟ ਕਲੇਸ਼ ਦੁੱਖ ਤਕਲੀਫ਼ ਮੁਸੀਬਤਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਣਾ ਹੈ। ਭਾਵ ਆਪਣੀ ਤ੍ਰਿਸ਼ਣਾ ਬੁਝਾਉਣ ਵਾਸਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੀ ਗ਼ੁਲਾਮੀ ਵਿੱਚ ਕੀਤੇ ਗਏ ਕਰਮ ਕਾਲੇ ਲੇਖ ਲਿਖਦੇ ਹਨ। ਸਾਰੀ ਲੁਕਾਈ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੀ ਗ਼ੁਲਾਮੀ ਵਿੱਚ ਕਰਮ ਕਰ-ਕਰ ਕੇ ਕਾਲੇ ਲੇਖ ਲਿਖ ਰਹੀ ਹੈ। ਅਸੰਖ ਲੋਕ ਐਸੇ ਹਨ ਜਿਨ੍ਹਾਂ ਨੂੰ ਇਹ ਗਿਆਨ ਹੈ ਕਿ ਆਪਣੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ। ਪਰੰਤੂ ਇਸ ਗਿਆਨ ਦੇ ਹੋਣ ਦੇ ਬਾਵਜੂਦ ਵੀ ਉਹ ਕਾਲੇ ਲੇਖ ਲਿਖ ਰਹੇ ਹਨ। ਅਸੰਖ ਲੋਕ ਐਸੇ ਹਨ ਜੋ ਹਰ ਰੋਜ਼ ਗੁਰਬਾਣੀ ਪੜ੍ਹਦੇ ਹਨ ਅਤੇ ਕੀਰਤਨ ਸੁਣਦੇ ਹਨ ਅਤੇ ਕਰਮ ਦੇ ਵਿਧਾਨ ਦੇ ਬਾਰੇ ਪੂਰੀ ਜਾਣਕਾਰੀ ਰੱਖਦੇ ਹਨ ਪਰੰਤੂ ਫਿਰ ਕਾਮ, ਕ੍ਰੋਧ, ਲੋਭ, ਮੋਹ ਨੂੰ ਆਪਣਾ ਗੁਰੂ ਬਣਾ ਕੇ ਇਨ੍ਹਾਂ ਚੰਡਾਲਾਂ ਦੇ ਅਧੀਨ ਗੁਨਾਹਪੂਰਣ ਕਰਮ ਕਰ ਕੇ ਨਿਰੰਤਰ ਕਾਲੇ ਲੇਖ ਲਿਖੀ ਜਾ ਰਹੇ ਹਨ। ਅਸੰਖ ਲੋਕ ਐਸੇ ਹਨ ਜੋ ਕਿ ਆਪਣੇ ਆਪ ਨੂੰ ਧਾਰਮਿਕ ਸਮਝਦੇ ਹਨ, ਧਰਮ ਦਾ ਪ੍ਰਚਾਰ ਵੀ ਕਰਦੇ ਹਨ ਪਰੰਤੂ ਕਾਲੇ ਲੇਖ ਫਿਰ ਲਿਖਣ ਤੋਂ ਬਾਜ਼ ਨਹੀਂ ਆਉਂਦੇ ਹਨ। ਐਸੇ ਲੋਕਾਂ ਵਾਸਤੇ ਧੰਨ ਧੰਨ ਸਤਿਗੁਰ ਸਾਹਿਬ ਜੀ ਨੇ ਆਸਾ ਦੀ ਵਾਰ ਵਿੱਚ ਇਸ ਪਰਮ ਸਤਿ ਤੱਤ ਨੂੰ ਪ੍ਰਗਟ ਕੀਤਾ ਹੈ ਕਿ ਜਦ ਕਰਮ ਦੇ ਵਿਧਾਨ ਦੇ ਇਸ ਪਰਮ ਸਤਿ ਦਾ ਗਿਆਨ ਹੈ ਤਾਂ ਤੇ ਕਾਲੇ ਲੇਖ ਨਾ ਲਿਖੋ! ਜਿਨ੍ਹਾਂ ਲੋਕਾਂ ਨੂੰ ਇਸ ਪਰਮ ਸਤਿ ਦਾ ਗਿਆਨ ਹੈ ਕਿ ਆਪਣੇ ਕਰਮਾਂ ਦਾ ਲੇਖਾ-ਜੋਖਾ ਭੁਗਤਣਾ ਪੈਣਾ ਹੈ ਉਹ ਤਾਂ ਕਾਲੇ ਲੇਖ ਨਾ ਲਿਖਣ!

ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੪)

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੭੮)

ਧੰਨ ਧੰਨ ਬਾਬਾ ਫਰੀਦ ਜੀ ਨੇ ਵੀ ਬੇਅੰਤ ਕਿਰਪਾ ਕੀਤੀ ਹੈ ਸਾਰੀ ਲੁਕਾਈ ਉੱਪਰ ਇਸ ਪਰਮ ਸਤਿ ਤੱਤ ਨੂੰ ਆਪਣੀ ਪਰਮ ਸ਼ਕਤੀਸ਼ਾਲੀ ਬਾਣੀ ਵਿੱਚ ਪ੍ਰਗਟ ਕਰ ਕੇ। ਬਾਬਾ ਫਰੀਦ ਜੀ ਨੇ ਵੀ ਇਸ ਪਰਮ ਸਤਿ ਤੱਤ ਨੂੰ ਦ੍ਰਿੜ੍ਹ ਕਰਵਾਇਆ ਹੈ ਕਿ ਜੇਕਰ ਕਰਮ ਦੇ ਵਿਧਾਨ ਦਾ ਗਿਆਨ ਹੈ ਤਾਂ ਫਿਰ ਲੋਕ ਕਾਲੇ ਲੇਖ ਤਾਂ ਨਾ ਲਿਖਣ! ਜੇਕਰ ਮਨੁੱਖ ਕਰਮ ਕਰਨ ਤੋਂ ਪਹਿਲਾਂ ਇਹ ਵਿਚਾਰ ਕਰ ਲਵੇ ਆਪਣੇ ਅੰਦਰ ਝਾਤੀ ਮਾਰ ਕੇ ਕਿ ਉਹ ਜਿਹੜਾ ਕਰਮ ਕਰਨ ਲੱਗਾ ਹੈ ਕਿਤੇ ਉਹ ਕੂੜ ਕਰਮ ਤਾਂ ਨਹੀਂ ਹੈ ਤਾਂ ਉਸ ਦਾ ਬਚਾਉ ਹੋ ਸਕਦਾ

ਹੈ। ਜੇਕਰ ਕਰਮ ਕਰਨ ਤੋਂ ਪਹਿਲਾਂ ਇਹ ਗਿਆਨ ਹੋ ਜਾਂਦਾ ਹੈ ਕਿ ਜੋ ਕਰਮ ਮਨੁੱਖ ਕਰਨ ਵਾਲਾ ਸੀ ਉਹ ਕਰਮ ਕੂੜ ਕਰਮ ਹੈ ਤਾਂ ਤੇ ਉਸ ਨੂੰ ਐਸਾ ਕੂੜ ਕਰਮ ਕਰ ਕੇ ਕਾਲੇ ਲੇਖ ਨਾ ਲਿਖਣ ਦਾ ਗਿਆਨ ਬਚਾ ਸਕਦਾ ਹੈ। ਇਸ ਲਈ ਜਦ ਮਨੁੱਖ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਕਿਹੜਾ ਕਰਮ ਕੂੜ ਹੈ ਤਾਂ ਤੇ ਉਹ ਉਸ ਕਰਮ ਨੂੰ ਅੰਜਾਮ ਦੇ ਕੇ ਕਾਲੇ ਲੇਖ ਨਾ ਲਿਖੇ ! ਭਾਵ ਗੁਰਬਾਣੀ ਗੁਰੂ ਦਾ ਹੁਕਮ ਹੈ ਕਿ ਕੂੜ ਕਰਮ ਕਰਮੇ ਕਾਲੇ ਲੇਖ ਨਾ ਲਿਖੋ ਕਿਉਂਕਿ ਆਪਣੇ ਕਾਲੇ ਲੇਖਾਂ ਦਾ ਲੇਖਾ ਦੇਣਾ ਪੈਣਾ ਹੈ। ਇਹ ਕਾਲੇ ਲੇਖਾਂ ਦਾ ਹੀ ਨਤੀਜਾ ਹੈ ਕਿ ਮਨੁੱਖ ਨੂੰ ਜੀਵਨ ਵਿੱਚ ਕਸ਼ਟ, ਕਲੇਸ਼, ਦੁੱਖ, ਤਕਲੀਫ਼, ਮੁਸੀਬਤਾਂ, ਸਮੱਸਿਆਵਾਂ, ਅਸਫਲਤਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਸਾਰੀ ਲੁਕਾਈ ਦੇ ਚਰਨਾਂ ਉੱਪਰ ਸਨਿਮਰ ਬੇਨਤੀ ਹੈ ਕਿ ਕਾਲੇ ਲੇਖ ਕਦੇ ਨਾ ਲਿਖੋ। ਸਦਾ ਸਤਿ ਕਰਮ ਕਰੋ ਤਾਂ ਜੋ ਤੁਹਾਡੇ ਸਾਰੇ ਲੇਖ ਤੁਹਾਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਵੱਲ ਨੂੰ ਲੈ ਕੇ ਜਾਣ।

ਮਾਇਆ ਨੇ ਸਾਰੇ ਸੰਸਾਰ ਨੂੰ ਤ੍ਰਿਸ਼ਣਾ ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੇ ਬੁਨੇ ਸੰਘਣੇ ਜਾਲ ਵਿੱਚ ਉਲਝਾਇਆ ਹੋਇਆ ਹੈ। ਮਨੁੱਖ ਦੀ ਰੂਹ ਜਦ ਦੇਹੀ ਤਿਆਗ ਕੇ ਜਾਂਦੀ ਹੈ ਤਾਂ ਮਾਇਆ ਦੇ ਅਧੀਨ ਕੀਤੇ ਗਏ ਸਾਰੇ ਅਸਤਿ ਕਰਮਾਂ ਨਾਲ ਮਨੁੱਖ ਦਾ ਅਗਲਾ ਜੀਵਨ ਕਦੇ ਸੁੱਖਦਾਈ ਨਹੀਂ ਹੁੰਦਾ ਹੈ। ਇਸ ਲਈ ਅਸਤਿ ਕਰਮਾਂ ਨੂੰ ਇਕੱਤਰ ਨਾ ਕਰੋ ਕਿਉਂਕਿ ਅਸਤਿ ਕਰਮ ਤੁਹਾਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਤੋਂ ਦੂਰ ਖੜ੍ਹਦੇ ਹਨ। ਸਤਿ ਕਰਮਾਂ ਨੂੰ ਇਕੱਤਰ ਕਰੋ ਤਾਂ ਜੋ ਤੁਹਾਡਾ ਅਗਲਾ ਜੀਵਨ ਤੁਹਾਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪਾਵਨ ਚਰਨਾਂ ਵੱਲ ਨੂੰ ਲੈ ਕੇ ਜਾਏ। ਮਾਇਆ ਦਾ ਇਹ ਵਿਨਾਸ਼ਕਾਰੀ ਖੇਲ ਕਿਸੇ ਵਿਰਲੇ ਮਨੁੱਖ ਦੀ ਸਮਝ ਵਿੱਚ ਪੈਂਦਾ ਹੈ। ਮਾਇਆ ਦੇ ਇਸ ਵਿਨਾਸ਼ਕਾਰੀ ਖੇਲ ਨੂੰ ਸਮਝਾਉਣ ਲਈ ਧੰਨ ਧੰਨ ਸਤਿਗੁਰੂ ਸਾਹਿਬ ਨੇ ਗੁਰਬਾਣੀ ਵਿੱਚ ਮਨੁੱਖੀ ਤਨ ਨੂੰ ਵੀ ਇੱਕ ਖੇਤ ਦੀ ਨਿਆਈਂ ਦ੍ਰਿਸ਼ਟਾਇਆ ਹੈ। ਮਨੁੱਖ ਨੂੰ ਇਸ ਪਰਮ ਸ਼ਕਤੀਸ਼ਾਲੀ ਦਰਗਾਹੀ ਹੁਕਮ ਨਾਲ ਇਹ ਸਮਝਾਉਣ ਦਾ ਉਪਰਾਲਾ ਕੀਤਾ ਹੈ ਕਿ ਉਸ ਦਾ ਮਾਇਆ ਦੇ ਇਸ ਮਹਾ ਵਿਨਾਸ਼ਕਾਰੀ ਜਾਲ ਤੋਂ ਕਿਵੇਂ ਬਚਾਉ ਹੋ ਸਕਦਾ ਹੈ। ਮਨੁੱਖ ਦੀ ਕਰਨੀ ਕਿਰਸਾਣ ਦੀ ਕਰਨੀ ਵਾਂਗ ਹੈ। ਮਨੁੱਖ ਦਾ ਮਨ ਕਿਰਸਾਣ ਦੇ ਹਲ ਦੀ ਨਿਆਈਂ ਹੈ। ਜਿਵੇਂ ਕਿਰਸਾਣ ਜ਼ਮੀਨ ਉੱਪਰ ਹਲ ਚਲਾ ਕੇ ਜ਼ਮੀਨ ਨੂੰ ਫਸਲ ਬੀਜਣ ਵਾਸਤੇ ਤਿਆਰ ਕਰਦਾ ਹੈ ਠੀਕ ਉਸੇ ਤਰ੍ਹਾਂ ਨਾਲ ਮਨੁੱਖ ਆਪਣੇ ਮਨ ਦੇ ਵਿਚਾਰਾਂ ਅਨੁਸਾਰ ਕਰਮ ਕਰਦਾ ਹੋਇਆ ਆਪਣਾ ਪ੍ਰਾਲਬਧ ਬੀਜਦਾ ਹੈ। ਜਿਵੇਂ ਕਿਰਸਾਣ ਦੀ ਮਿਹਨਤ ਮੁਸ਼ੱਕਤ ਨਾਲ ਜ਼ਮੀਨ ਉੱਪਰ ਹਲ ਚਲਾ ਕੇ ਕੀਤੀ ਗਈ ਤਿਆਰ ਜ਼ਮੀਨ ਵਿੱਚ ਬੀਜ ਬੀਜ ਕੇ ਉਸ ਨੂੰ ਪਾਣੀ ਦੇ ਕੇ ਸਿੰਜਦਾ ਹੈ ਤਾਂ ਕਿਰਸਾਣ ਦੀ ਮਿਹਨਤ ਰੰਗ ਲੈ ਕੇ ਆਉਂਦੀ ਹੈ ਜਦ ਉਸ ਦੀ ਬੀਜੀ ਹੋਈ ਫਸਲ ਪੱਕਦੀ ਹੈ ਅਤੇ ਉਸ ਦੀ ਰੋਜ਼ੀ ਰੋਟੀ ਦਾ ਸਾਧਨ ਬਣਦੀ ਹੈ। ਠੀਕ ਇਸੇ ਤਰ੍ਹਾਂ ਮਨੁੱਖ ਦੇ ਮਨ ਵਿੱਚ ਉੱਠੇ ਵਿਚਾਰ ਹੀ ਉਸ ਦੀ ਕਰਨੀ ਦਾ ਸਬੱਬ ਬਣਦੇ ਹਨ ਅਤੇ ਮਨੁੱਖ ਆਪਣੇ ਤਨ ਰੂਪੀ ਖੇਤ ਵਿੱਚ ਇਨ੍ਹਾਂ ਕਰਮਾਂ ਦੇ ਬੀਜ ਬੀਜ ਕੇ ਆਪਣੇ ਆਉਣ ਵਾਲੇ ਸਮੇਂ ਵਿੱਚ ਆਪਣੇ ਪ੍ਰਾਲਬਧ ਦੇ ਰੂਪ ਵਿੱਚ ਪ੍ਰਗਟ ਹੋਈ ਫਸਲ ਨੂੰ ਖਾਣ ਦਾ ਹੱਕਦਾਰ ਬਣਦਾ ਹੈ। ਜਿਵੇਂ ਕਿਰਸਾਣ ਦੀ ਮਿਹਨਤ ਮੁਸ਼ੱਕਤ ਦੀ ਕਰਨੀ ਉਸ ਦੇ ਉੱਚੇ-ਸੁੱਚੇ ਆਚਰਨ ਦਾ ਪ੍ਰਤੀਕ ਹੈ ਠੀਕ ਉਸੇ ਤਰ੍ਹਾਂ ਨਾਲ ਮਨੁੱਖ ਦੇ (ਹਲ ਰੂਪੀ) ਮਨ ਨੂੰ ਉੱਚੇ ਅਤੇ ਸੁੱਚੇ ਆਚਰਨ ਦੇ ਵਿਚਾਰਾਂ ਨਾਲ ਭਰਪੂਰ ਹੋਣਾ ਚਾਹੀਦਾ ਹੈ। ਮਨੁੱਖ ਆਪਣੇ ਰੋਜ਼ਾਨਾ ਜੀਵਨ ਵਿੱਚ ਜੋ ਵੀ ਸਤਿ ਕਰਮ ਕਰਦਾ ਹੈ ਉਸ ਕਰਮ ਨੂੰ ਜੇਕਰ ਪਵਿੱਤਰ ਬਿਰਤੀ ਨਾਲ ਸਤਿ ਦੀ ਸੇਵਾ ਵਿੱਚ

ਅਰਪਣ ਕੀਤਾ ਜਾਏ ਤਾਂ ਉਸ ਦਾ ਪ੍ਰਭਾਵ ਬੇਅੰਤ ਸੰਤੁਸ਼ਟੀ ਜਨਕ ਹੁੰਦਾ ਹੈ ਅਤੇ ਐਸੇ ਕਰਮ ਦਾ ਫਲ ਬਹੁਤ ਮਿੱਠਾ ਹੁੰਦਾ ਹੈ। ਪਵਿੱਤਰ ਬਿਰਤੀ ਨਾਲ ਕੀਤੇ ਗਏ ਸਤਿ ਕਰਮ ਵਿੱਚ ਬਹੁਤ ਬਰਕਤ ਹੁੰਦੀ ਹੈ ਅਤੇ ਇਸ ਬਰਕਤ ਦਾ ਇਲਾਹੀ ਪ੍ਰਭਾਵ ਮਨੁੱਖ ਦੇ ਜੀਵਨ ਨੂੰ ਸੁਖੀ ਅਤੇ ਸੁੰਦਰ ਬਣਾਉਂਦਾ ਹੈ। ਇਸ ਲਈ ਆਪਣੇ ਪਰਿਵਾਰਕ ਜੀਵਨ ਦੇ ਅਤੇ ਕਾਰੋਬਾਰੀ ਜੀਵਨ ਵਿੱਚ ਕੇਵਲ ਸਤਿ ਕਰਮ ਕਰੋ ਅਤੇ ਇਨ੍ਹਾਂ ਕਰਮਾਂ ਨੂੰ ਪਾਵਨ ਪਵਿੱਤਰ ਬਿਰਤੀ ਨਾਲ ਸਤਿ ਦੀ ਸੇਵਾ ਵਿੱਚ ਅਰਪਣ ਕਰੋ ਤਾਂ ਤੁਹਾਡਾ ਜੀਵਨ ਸੁਖੀ ਹੋ ਜਾਏਗਾ, ਤੁਹਾਡੀ ਕਮਾਈ ਵਿੱਚ ਇਲਾਹੀ ਬਰਕਤ ਪ੍ਰਗਟ ਹੋਏਗੀ ਅਤੇ ਕਦੇ ਤੋਟ ਨਹੀਂ ਆਏਗੀ। ਸਤਿਨਾਮ ਦਾ ਬੀਜ ਬੀਜਣ ਦੇ ਨਾਲ ਹੀ ਮਨੁੱਖੀ ਮਨ ਉੱਚੇ ਅਤੇ ਸੁੱਚੇ ਆਚਰਨ ਵਿੱਚ ਜਾ ਸਕਦਾ ਹੈ। ਸਤਿਨਾਮ ਹੀ ਬੀਜ ਮੰਤਰ ਹੈ। ਸਤਿਨਾਮ ਵਿੱਚ ਹੀ ਸਾਰੀਆਂ ਬੇਅੰਤ ਪਰਮ ਸ਼ਕਤੀਆਂ ਸਮਾਈਆਂ ਹੋਈਆਂ ਹਨ। ਸਤਿਨਾਮ ਦਾ ਬੀਜ ਬੀਜਣ ਨਾਲ ਹੀ ਮਨੁੱਖੀ ਹਿਰਦੇ ਵਿੱਚ ਇਹ ਸਾਰੀਆਂ ਦਰਗਾਹੀ ਪਰਮ ਸ਼ਕਤੀਆਂ ਪ੍ਰਗਟ ਹੁੰਦੀਆਂ ਹਨ। ਸਤਿਨਾਮ ਹੀ ਸਾਰੀ ਸ੍ਰਿਸ਼ਟੀ ਦਾ ਗਰਭ ਹੈ। ਸਤਿਨਾਮ ਹੀ ਸਰਵ-ਸ੍ਰੇਸ਼ਟ ਗੁਰ ਅਤੇ ਗੁਰੂ ਹੈ। ਇਸ ਲਈ ਸਤਿਨਾਮ ਦਾ ਬੀਜ ਬੀਜਣ ਦਾ ਹੀ ਦਰਗਾਹੀ ਹੁਕਮ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ। ਜਿਵੇਂ ਕਿਰਸਾਣ ਹਲ ਜੋਤਣ ਤੋਂ ਉਪਰੰਤ ਬੀਜ ਪਾਉਣ ਤੋਂ ਪਹਿਲਾਂ ਜ਼ਮੀਨ ਉੱਪਰ ਸੁਹਾਗਾ ਫੇਰਦਾ ਹੈ ਅਤੇ ਜ਼ਮੀਨ ਨੂੰ ਬੀਜ ਬੀਜਣ ਲਈ ਤਿਆਰ ਕਰਦਾ ਹੈ ਠੀਕ ਉਸੇ ਤਰ੍ਹਾਂ ਨਾਲ ਮਨੁੱਖੀ ਮਨ (ਰੂਪੀ ਹਲ) ਜਦ ਕਰਮ ਕਰਨ ਦਾ ਵਿਚਾਰ ਕਰਦਾ ਹੈ ਤਾਂ ਉਸ ਨੂੰ ਸਤਿ ਸੰਤੋਖ ਵਿੱਚ ਪਾਵਨ ਪਵਿੱਤਰ ਬਿਰਤੀ ਧਾਰਨ ਕਰ ਕੇ ਹਿਰਦੇ ਵਿੱਚ ਨਿਮਰਤਾ ਭਾਵਨਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਐਸਾ ਕਰਨ ਨਾਲ ਮਨੁੱਖੀ ਮਨ ਸਦਾ ਸਤਿ ਕਰਮ ਹੀ ਕਰੇਗਾ ਅਤੇ ਅਸਤਿ ਕਰਮ ਕਰਨ ਦੇ ਪਾਪ ਤੋਂ ਬਚ ਜਾਏਗਾ। ਕੇਵਲ ਮਨ ਵਿੱਚ ਸਤਿਨਾਮ ਦਾ ਬੀਜ, ਸਤਿ ਸੰਤੋਖ ਅਤੇ ਹਿਰਦੇ ਵਿੱਚ ਗਰੀਬੀ ਹੀ ਮਨੁੱਖ ਨੂੰ ਮਾਇਆ ਦੇ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੂਪੀ ਚੰਡਾਲਾਂ ਦੇ) ਥਪੇੜਿਆਂ ਤੋਂ ਬਚਾ ਸਕਦੇ ਹਨ। ਕੇਵਲ ਮਨ ਵਿੱਚ ਸਤਿਨਾਮ ਦਾ ਬੀਜ, ਸਤਿ ਸੰਤੋਖ ਅਤੇ ਹਿਰਦੇ ਵਿੱਚ ਗਰੀਬੀ ਹੀ ਮਨੁੱਖ ਨੂੰ ਨਰਕ ਨਿਵਾਜ਼ ਜੀਵਨ ਤੋਂ ਬਚਾ ਸਕਦੇ ਹਨ। ਇਸ ਪਰਮ ਸਤਿ ਨੂੰ ਸਤਿਗੁਰ ਸਾਹਿਬ ਨੇ ਗੁਰਬਾਣੀ ਦੇ ਇਸ ਪਰਮ ਸ਼ਕਤੀਸ਼ਾਲੀ ਸਲੋਕ ਵਿੱਚ ਪ੍ਰਗਟ ਕੀਤਾ ਹੈ:

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥
ਬਾਬਾ ਮਾਇਆ ਸਾਥਿ ਨ ਹੋਇ ॥
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੯੫)

ਮਾਇਆ ਦਾ ਬੁਣਿਆ ਹੋਇਆ ਜਾਲ, ਭਾਵ ਤ੍ਰਿਸ਼ਣਾ ਅਤੇ ਤ੍ਰਿਸ਼ਨਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਅਤੇ ਇਸ ਦੀ ਪੂਰਤੀ ਕਰਨ ਲਈ ਜੋ ਮਨੁੱਖ ਵਰਤਦਾ ਹੈ ਉਹ ਮਹਾ ਵਿਨਾਸ਼ਕਾਰੀ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੂਪੀ ਚੰਡਾਲਾਂ) ਦੁਆਰਾ ਬੁਣਿਆ ਹੋਇਆ ਮਹਾ ਵਿਨਾਸ਼ਕਾਰੀ ਜਾਲ, ਜਿਸ ਨੂੰ ਗੁਰਬਾਣੀ ਵਿੱਚ ਭਵਜਲ ਵੀ ਕਿਹਾ ਗਿਆ ਹੈ, ਵਿੱਚ ਸਾਰਾ ਸੰਸਾਰ ਗਲਤਾਨ ਹੋ ਰਿਹਾ ਹੈ। ਸਾਰੀ ਲੁਕਾਈ ਵਿੱਚੋਂ ਕੋਈ ਕ੍ਰੋੜਾਂ

ਮਨੁੱਖਾਂ ਵਿੱਚੋਂ ਕੋਈ ਵਿਰਲਾ ਹੀ ਮਾਇਆ ਦੇ ਇਸ ਮਹਾ ਵਿਨਾਸ਼ਕਾਰੀ ਜਾਲ ਨੂੰ ਬੁੱਝਦਾ ਹੈ ਅਤੇ ਮਾਇਆ ਦੇ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰਦਾ ਹੈ। ਸਤਿ ਕਰਮ ਕਰਮ ਕਰਨ ਨਾਲ ਹੀ ਮਨ ਦਾ ਆਚਰਨ ਉੱਚਾ ਅਤੇ ਸੁੱਚਾ ਹੁੰਦਾ ਹੈ ਅਤੇ ਮਨੁੱਖ ਨੂੰ ਮਾਇਆ ਦੇ ਇਸ ਮਹਾ ਵਿਨਾਸ਼ਕਾਰੀ ਖੇਲ ਦੀ ਸੋਝੀ ਪੈਂਦੀ ਹੈ। ਸਤਿਨਾਮ ਬੀਜਣ ਨਾਲ ਹੀ ਮਨੁੱਖ ਨੂੰ ਸਤਿਨਾਮ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਸਤਿਨਾਮ ਬੀਜਣ ਨਾਲ ਹੀ ਮਨੁੱਖ ਦੇ ਅੰਦਰ ਭਗਤੀ, ਪਿਆਰ, ਸ਼ਰਧਾ ਅਤੇ ਭਰੋਸੇ ਦਾ ਜਨਮ ਹੁੰਦਾ ਹੈ। ਸ਼ਰਧਾ, ਭਰੋਸਾ ਅਤੇ ਪ੍ਰੀਤ ਵਿੱਚ ਓਤਪੋਤ ਹੋ ਕੇ ਸਤਿਨਾਮ ਬੀਜਣ ਦੇ ਨਾਲ ਹੀ ਮਨੁੱਖ ਨੂੰ 'ਸਤਿ' ਗੁਰੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ ਜਿਸ ਦੀ ਪ੍ਰਾਪਤੀ ਦੇ ਨਾਲ ਹੀ ਸਤਿਗੁਰੂ ਤੋਂ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰਪ੍ਰਸਾਦਿ ਪ੍ਰਾਪਤ ਹੁੰਦਾ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਜਦ ਮਨੁੱਖ ਸਤਿਨਾਮ ਸਿਮਰਨ ਦੀ ਕਮਾਈ ਕਰਦਾ ਹੈ ਅਤੇ ਸਤਿਨਾਮ ਸਿਮਰਨ ਦੇ ਅਭਿਆਸ ਨਾਲ ਉਸ ਦੀ ਸੁਰਤਿ ਉੱਚੀ ਜਾਂਦੀ ਹੈ ਤਾਂ ਉਸ ਨੂੰ ਪਰਮ ਆਨੰਦ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਦਾ ਗਿਆਨ ਹੁੰਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਮਨੁੱਖ ਨੂੰ ਸਮਾਧੀ ਅਤੇ ਸੁੰਨ ਸਮਾਧੀ ਦੀ ਅਵਸਥਾ ਵਿੱਚ ਲੈ ਕੇ ਜਾਂਦੀ ਹੈ ਅਤੇ ਮਨੁੱਖ ਦੇ ਸਾਰੇ ਸਤਿ ਸਰੋਵਰ ਜਾਗਰਿਤ ਹੁੰਦੇ ਹਨ, ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ, ਸਤਿਨਾਮ ਰੋਮ-ਰੋਮ ਵਿੱਚ ਪ੍ਰਗਟ ਹੋ ਜਾਂਦਾ ਹੈ, ਸਾਰੇ ਕਮਲ ਖਿੱਲ ਜਾਂਦੇ ਹਨ, ਦੇਹੀ ਅੰਮ੍ਰਿਤ ਨਾਲ ਭਰਪੂਰ ਹੋ ਜਾਂਦੀ ਹੈ, ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਦਾ ਅਨੁਭਵ ਹੁੰਦਾ ਹੈ, ਪਰਮ ਆਨੰਦ ਦਾ ਗਿਆਨ ਅਤੇ ਅਨੁਭਵ ਹੁੰਦਾ ਹੈ, ਮਾਇਆ ਦੇ ਬੰਧਨ ਟੁੱਟ ਜਾਂਦੇ ਹਨ, ਮਨ ਹਿਰਦਾ ਪੂਰਨ ਸ਼ਾਂਤੀ ਦਾ ਅਨੁਭਵ ਕਰਦਾ ਹੈ, ਅਕਾਲ ਪੁਰਖ ਦੇ ਦਰਸ਼ਨ ਹੋ ਜਾਂਦੇ ਹਨ, ਮਨੁੱਖ ਅਕਾਲ ਪੁਰਖ ਵਿੱਚ ਇੱਕ ਮਿੱਕ ਹੋ ਜਾਂਦਾ ਹੈ, ਜੀਵਨ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ, ਆਤਮ ਰਸ ਅੰਮ੍ਰਿਤ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਪ੍ਰਗਟ ਕੀਤਾ ਗਿਆ ਹੈ ਅਤੇ ਦ੍ਰਿੜ੍ਹ ਕਰਵਾਇਆ ਗਿਆ ਹੈ:

ਜਾ ਕੈ ਸਿਮਰਣਿ ਸਭੁ ਕਛੁ ਪਾਈਐ ਬਿਰਥੀ ਘਾਲ ਨ ਜਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੧੭)

ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ
ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੭੭-੬੭੮)

ਮਨੁੱਖ ਦੀ ਬੰਦਗੀ ਦਾ ਅੰਤਿਮ ਚਰਣ ਪਰਮ ਆਨੰਦ ਦੀ ਪ੍ਰਾਪਤੀ ਹੈ। ਇਹ ਪਰਮ ਆਨੰਦ ਹੀ ਸਤਿ ਚਿੱਤ ਆਨੰਦ ਹੈ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਮਨੁੱਖ ਦੇ ਸਾਰੇ ਦੁੱਖਾਂ, ਕਲੇਸ਼ਾਂ, ਸਮੱਸਿਆਵਾਂ, ਮੁਸੀਬਤਾਂ ਦਾ ਸਦਾ-ਸਦਾ ਲਈ ਅੰਤ ਹੋ ਜਾਣਾ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਮਨੁੱਖੀ ਮਨ ਦਾ ਅੰਤ ਹੋ ਜਾਣਾ ਅਤੇ ਮਨ ਦਾ ਜੋਤ ਵਿੱਚ ਪਰਿਵਰਤਿਤ ਹੋ ਕੇ ਪ੍ਰਗਟ ਹੋ ਜਾਣਾ ਹੈ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਮਨੁੱਖ ਦੀ ਤ੍ਰਿਸ਼ਣਾ ਦਾ ਬੁੱਝ ਜਾਣਾ ਅਤੇ ਸਤਿ ਸੰਤੋਖ ਵਿੱਚ ਸਦਾ-ਸਦਾ ਲਈ ਸਥਿਰ ਹੋ ਜਾਣਾ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਪੰਜ ਦੂਤਾਂ ਨੂੰ ਵੱਸ ਕਰ ਲੈਣਾ ਅਤੇ ਮਾਇਆ ਉੱਪਰ ਜਿੱਤ ਪ੍ਰਾਪਤ ਕਰ ਲੈਣਾ, ਮਾਇਆ ਦੀ ਗ਼ੁਲਾਮੀ ਤੋਂ ਮੁਕਤ ਹੋ ਜਾਣਾ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਮਾਇਆ ਦਾ ਮਨੁੱਖ ਦੇ ਚਰਨਾਂ ਵਿੱਚ ਆ ਜਾਣਾ ਅਤੇ ਸੇਵਕ ਬਣ

ਜਾਣਾ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਮਨੁੱਖ ਦਾ ਮਨ ਨੂੰ ਜਿੱਤ ਲੈਣਾ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਮਨੁੱਖ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲੇ ਜਾਣਾ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਮਨੁੱਖ ਦੇ ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਦਾ ਪ੍ਰਗਟ ਹੋ ਜਾਣਾ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਮਨੁੱਖ ਦੇ ਹਿਰਦੇ ਦਾ ਸਾਰੇ ਇਲਾਹੀ ਦਰਗਾਹੀ ਸਤਿ ਗੁਣਾਂ ਅਤੇ ਪਰਮ ਸ਼ਕਤੀਆਂ ਨਾਲ ਭਰਪੂਰ ਹੋ ਜਾਣਾ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਮਨੁੱਖ ਦਾ ਰੋਮ-ਰੋਮ ਸਤਿਨਾਮ ਅੰਮ੍ਰਿਤ ਨਾਲ ਭਰਪੂਰ ਹੋ ਜਾਣਾ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਮਨੁੱਖ ਦੇ ਸਾਰੇ ਬਜਰ ਕਪਾਟਾਂ ਦਾ ਖੁੱਲ੍ਹ ਜਾਣਾ ਅਤੇ ਅਨਹਦ ਸ਼ਬਦ ਦਾ ਦਸਮ ਦੁਆਰ ਵਿੱਚ ਪ੍ਰਗਟ ਹੋ ਜਾਣਾ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਮਨੁੱਖ ਨੂੰ ਅਕਾਲ ਪੁਰਖ ਦੇ ਦਰਸ਼ਨ ਹੋ ਜਾਣਾ ਅਤੇ ਪੂਰਨ ਬ੍ਰਹਮ ਗਿਆਨ, ਤੱਤ ਗਿਆਨ ਅਤੇ ਆਤਮ ਰਸ ਅੰਮ੍ਰਿਤ ਦਾ ਪ੍ਰਾਪਤ ਹੋ ਜਾਣਾ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਮਨੁੱਖ ਦਾ ਜਨਮ-ਮਰਨ ਦੇ ਬੰਧਨ ਤੋਂ ਮੁਕਤ ਹੋ ਜਾਣਾ ਅਤੇ ਜੀਵਨ ਮੁਕਤੀ ਪ੍ਰਾਪਤ ਕਰ ਲੈਣਾ ਹੈ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਮਨੁੱਖ ਦਾ ਅਟੱਲ ਅਵਸਥਾ ਵਿੱਚ ਸਦਾ-ਸਦਾ ਲਈ ਸਥਿਰ ਹੋ ਜਾਣਾ। ਪਰਮ ਆਨੰਦ ਦੀ ਪ੍ਰਾਪਤੀ ਤੋਂ ਭਾਵ ਹੈ ਮਨੁੱਖ ਦਾ ਪਰਮ ਪਦਵੀ ਦੀ ਪ੍ਰਾਪਤੀ ਕਰ ਲੈਣਾ। ਇਸ ਲਈ ਸਾਰੀ ਲੁਕਾਈ ਦੇ ਚਰਨਾਂ ਉੱਪਰ ਸਨਿਮਰ ਬੇਨਤੀ ਹੈ ਕਿ ਇਸ ਪਰਮ ਸਤਿ ਤੱਤ ਨੂੰ ਦ੍ਰਿੜ੍ਹ ਕਰ ਲਵੋ ਕਿ ਪਰਮ ਆਨੰਦ ਦੀ ਮਹਿਮਾ ਬੇਅੰਤ ਹੈ।

ਇਸ ਪਰਮ ਸਤਿ ਤੱਤ ਨੂੰ ਦ੍ਰਿੜ੍ਹ ਕਰ ਲਵੋ ਕਿ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਨਾਲ ਪਰਮ ਆਨੰਦ ਕਦੇ ਵੀ ਪ੍ਰਾਪਤ ਨਹੀਂ ਹੋ ਸਕਦਾ ਹੈ। ਇਸ ਪਰਮ ਸ਼ਕਤੀਸ਼ਾਲੀ ਪੂਰਨ ਬ੍ਰਹਮ ਗਿਆਨ ਨੂੰ ਆਪਣੇ ਹਿਰਦੇ ਵਿੱਚ ਉੱਕਰ ਲਵੋ ਕਿ ਦੁਨਿਆਵੀ ਪਦਾਰਥਾਂ ਅਤੇ ਸੁੱਖਾਂ ਦੀ ਪ੍ਰਾਪਤੀ ਦਾ ਨਾਮ ਚੜ੍ਹਦੀ ਕਲਾ ਨਹੀਂ ਹੈ ਅਤੇ ਚੜ੍ਹਦੀ ਕਲਾ ਕੇਵਲ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਸਿਮਰਨ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਨਾਲ ਹੀ ਹੁੰਦੀ ਹੈ। ਚੜ੍ਹਦੀ ਕਲਾ ਦਾ ਭਾਵ ਹੈ ਪਰਮ ਆਨੰਦ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਦੀ ਪ੍ਰਾਪਤੀ ਹੈ। ਚੜ੍ਹਦੀ ਕਲਾ ਤੋਂ ਭਾਵ ਹੈ ਰੋਮ-ਰੋਮ ਸਿਮਰਨ ਦੀ ਪ੍ਰਾਪਤੀ। ਚੜ੍ਹਦੀ ਕਲਾ ਤੋਂ ਭਾਵ ਹੈ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਣਾ ਅਤੇ ਮਾਇਆ ਨੂੰ ਜਿੱਤ ਕੇ ਪਰਮ ਪਦਵੀ ਨੂੰ ਪ੍ਰਾਪਤ ਹੋ ਜਾਣਾ। ਦੁਨਿਆਵੀ ਪਦਾਰਥਾਂ ਅਤੇ ਸੁੱਖਾਂ ਦੀ ਪ੍ਰਾਪਤੀ ਨੂੰ ਚੜ੍ਹਦੀ ਕਲਾ ਕਹਿਣ ਦੀ ਮੂਰਖਤਾ ਨਾ ਕਰੋ। ਮਾਇਆ ਦੀ ਗ਼ੁਲਾਮੀ ਵਿੱਚ ਪ੍ਰਾਪਤ ਹੋ ਰਹੇ ਅਸਥਿਰ ਦੁਨਿਆਵੀ ਸੁੱਖਾਂ ਅਤੇ ਪਦਾਰਥਾਂ ਦੀ ਪ੍ਰਾਪਤੀ ਨੂੰ ਚੜ੍ਹਦੀ ਕਲਾ ਕਹਿ ਕੇ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਦਾ ਅਪਮਾਨ ਨਾ ਕਰੋ। ਜੋ ਮਨੁੱਖ ਜਾਣੇ-ਅਣਜਾਣੇ ਦੁਨਿਆਵੀ ਪਦਾਰਥਾਂ ਅਤੇ ਸੁੱਖਾਂ ਦੀ ਪ੍ਰਾਪਤੀ ਨੂੰ ਚੜ੍ਹਦੀ ਕਲਾ ਕਹਿੰਦੇ ਹਨ ਉਹ ਦਰਗਾਹ ਦੇ ਗੁਨਾਹਗਾਰ ਹੋ ਜਾਂਦੇ ਹਨ। ਇਸ ਪਰਮ ਸਤਿ ਨੂੰ ਤਾਂ ਸਾਰੀ ਸਿੱਖ ਜਗਤ ਦੀ ਸੰਗਤ ਜਾਣਦੀ ਹੈ ਕਿ ਚੜ੍ਹਦੀ ਕਲਾ ਨਾਮ ਨਾਲ ਹੁੰਦੀ ਹੈ। ਹਰ ਰੋਜ਼ ਹਰ ਗੁਰਦੁਆਰੇ ਵਿੱਚ ਕਈ-ਕਈ ਵਾਰ ਇਹ ਕਿਹਾ ਜਾਂਦਾ ਹੈ: ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ। ਇਸ ਸਤਿ ਤੋਂ ਜਾਣੂੰ ਹੁੰਦੇ ਹੋਏ ਵੀ ਜੋ ਮਨੁੱਖ ਇਸ ਸਤਿ ਦੇ ਉਲਟ ਚਲ ਕੇ ਦੁਨਿਆਵੀ ਸੁੱਖਾਂ ਅਤੇ ਪਦਾਰਥਾਂ ਦੀ ਪ੍ਰਾਪਤੀ ਨੂੰ ਚੜ੍ਹਦੀ ਕਲਾ ਦੱਸਦੇ ਹਨ, ਜਿਨ੍ਹਾਂ ਦੇ ਹਿਰਦੇ ਵਿੱਚ ਸਤਿਨਾਮ ਨਹੀਂ ਪ੍ਰਗਟ ਹੋਇਆ ਫਿਰ ਵੀ ਆਪਣੇ ਆਪ ਨੂੰ ਚੜ੍ਹਦੀ ਕਲਾ ਵਿੱਚ ਦੱਸਦੇ ਹਨ, ਕੀ ਐਸੇ ਮਨੁੱਖ ਝੂਠ ਬੋਲ ਕੇ ਪਾਪ ਦੇ ਭਾਗੀਦਾਰ

ਨਹੀਂ ਹੁੰਦੇ ਹਨ ਅਤੇ ਦਰਗਾਹ ਦੇ ਗੁਨਾਹਗਾਰ ਨਹੀਂ ਹਨ ? ਚੜ੍ਹਦੀ ਕਲਾ ਤਾਂ ਪਰਮ ਆਨੰਦ ਸਤਿ ਚਿੱਤ ਆਨੰਦ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਹੈ। ਚੜ੍ਹਦੀ ਕਲਾ ਪੂਰਨ ਬ੍ਰਹਮ ਗਿਆਨ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਦੀ ਪਰਮ ਉੱਤਮ ਪਰਮ ਸ਼ਕਤੀਸ਼ਾਲੀ ਅਵਸਥਾ ਹੈ।

ਇਹ ਪਰਮ ਸਤਿ ਹੈ ਕਿ ਜਿਸ ਮਨੁੱਖ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਵਰਤਦੀ ਹੈ ਕੇਵਲ ਉਸ ਮਨੁੱਖ ਨੂੰ ਹੀ ਪਰਮ ਆਨੰਦ ਦੀ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ। ਜਿਸ ਮਨੁੱਖ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਨਦਰਿ ਹੁੰਦੀ ਹੈ ਕੇਵਲ ਉਹ ਮਨੁੱਖ ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦਾ ਗੁਰਪ੍ਰਸਾਦਿ ਪ੍ਰਾਪਤ ਕਰਦਾ ਹੈ। ਜਿਸ ਮਨੁੱਖ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਪਰਮ ਸ਼ਕਤੀਸ਼ਾਲੀ ਕਰਮ ਬਰਸਦਾ ਹੈ ਕੇਵਲ ਉਹ ਮਨੁੱਖ ਹੀ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਪ੍ਰਾਪਤ ਕਰ ਕੇ ਪੂਰਨ ਬੰਦਗੀ ਦੀ ਅਵਸਥਾ ਵਿੱਚ ਪਹੁੰਚਦਾ ਹੈ। ਪੂਰਨ ਬੰਦਗੀ ਦੀ ਇਹ ਪਰਮ ਸ਼ਕਤੀਸ਼ਾਲੀ ਦਰਗਾਹੀ ਦਾਤ ਸਤਿਗੁਰ ਅਤੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਗੁਰ ਕਿਰਪਾ ਅਤੇ ਗੁਰ ਪ੍ਰਸਾਦਿ ਨਾਲ ਹੀ ਪ੍ਰਾਪਤ ਹੁੰਦੀ ਹੈ। ਜਿਸ ਮਨੁੱਖ ਉੱਪਰ ਸਤਿਗੁਰ ਅਤੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਨਦਰਿ ਹੁੰਦੀ ਹੈ ਕੇਵਲ ਉਸ ਮਨੁੱਖ ਨੂੰ ਇਸ ਪਰਮ ਸ਼ਕਤੀਸ਼ਾਲੀ ਟਕਸਾਲ ਦੀ ਪ੍ਰਾਪਤੀ ਹੁੰਦੀ ਹੈ ਜਿਸ ਵਿੱਚ ਘੋਲ ਕਮਾਈ ਕਰਦੇ-ਕਰਦੇ ਉਸ ਦੀ ਬੰਦਗੀ ਸੱਚਖੰਡ ਪ੍ਰਵਾਨ ਚੜ੍ਹਦੀ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮)

ਨਦਰਿ ਕਰੇ ਤਾ ਪਾਈਐ ਸਚੁ ਨਾਮੁ ਗੁਣਤਾਸਿ ॥੩॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੩)

ਨਦਰਿ ਕਰੇ ਕੈ ਆਪਣੀ ਆਪੇ ਲਏ ਮਿਲਾਇ ਜੀਉ ॥੮॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੨)

ਨਾਨਕ ਜਿਸੁ ਨਦਰਿ ਕਰੇ ਤਿਸੁ ਮੇਲਿ ਲਏ ਸਾਈ ਸੁਹਾਗਣਿ ਨਾਰਿ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੦)

ਗੁਰ ਪਰਸਾਦੀ ਕੋ ਨਦਰਿ ਨਿਹਾਲੇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੧)

ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥੪॥੧੦॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੫੧)

ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੫੪)

ਕਰਮੁ ਹੋਵੈ ਤਾ ਪਰਮ ਪਦੁ ਪਾਈਐ ਕਥੇ ਅਕਥ ਕਹਾਣੀ ॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੨੨)

ਪੂਰਾ ਸਤਿਗੁਰੁ ਤਾਂ ਮਿਲੈ ਜਾਂ ਨਦਰਿ ਕਰੇਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੨੨)

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੫)

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੬)

ਜਿਸ ਮਨੁੱਖ ਉੱਪਰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ 'ਨਦਰਿ' ਪ੍ਰਗਟ ਹੁੰਦੀ ਹੈ ਉਸ ਮਨੁੱਖ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਸਤਿਗੁਰ ਪੂਰੇ ਦੀ ਸਤਿ ਸੰਗਤ ਵਿੱਚ ਲੈ ਜਾਂਦਾ ਹੈ। ਜਿਸ ਮਨੁੱਖ ਦੇ ਪੂਰਬਲੇ ਜਨਮਾਂ ਦੇ ਵਿੱਚ ਕੀਤੇ ਗਏ ਸਤਿ ਕਰਮਾਂ ਦੇ ਅਤੇ ਪਿਛਲੇ ਜਨਮਾਂ ਵਿੱਚ ਕੀਤੀ ਗਈ ਬੰਦਗੀ ਦੇ ਅੰਕੁਰ ਪ੍ਰਗਟ ਹੁੰਦੇ ਹਨ ਤਾਂ ਉਸ ਮਨੁੱਖ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਪੂਰਨ ਸੰਤ ਸਤਿਗੁਰ ਦੀ ਸਤਿ ਸੰਗਤ ਵਿੱਚ ਲੈ ਜਾਂਦਾ ਹੈ। ਕੇਵਲ ਅਤੇ ਕੇਵਲ ਪੂਰਨ ਸਤਿਗੁਰ ਦੀ ਸੰਗਤ ਵਿੱਚ ਜਾ ਕੇ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਕੇਵਲ ਗੁਰ ਪ੍ਰਸਾਦਿ ਦੀ ਇਸ ਪਰਮ ਸ਼ਕਤੀ ਦੀ ਪ੍ਰਾਪਤੀ ਨਾਲ ਹੀ ਮਨੁੱਖ ਦੀ ਬੰਦਗੀ ਸੰਭਵ ਹੁੰਦੀ ਹੈ। ਕੇਵਲ ਪੂਰੇ ਸਤਿਗੁਰ ਦੇ ਛਤਰ ਹੇਠ ਬੈਠ ਕੇ ਹੀ ਗੁਰ ਸ਼ਬਦ ਦੀ ਕਮਾਈ ਸੰਭਵ ਹੁੰਦੀ ਹੈ। ਕੇਵਲ ਪੂਰੇ ਸਤਿਗੁਰ ਦੇ ਛਤਰ ਹੇਠ ਬੈਠ ਕੇ ਹੀ ਇੜਾ, ਪਿੰਗਲਾ ਅਤੇ ਸੁਖਮਨਾ ਦੀਆਂ ਪਰਮ ਸ਼ਕਤੀਆਂ ਜਾਗਰਿਤ ਹੁੰਦੀਆਂ ਹਨ ਅਤੇ ਏਕ ਬੂੰਦ ਅੰਮ੍ਰਿਤ ਨੂੰ ਪ੍ਰਾਪਤ ਕਰ ਕੇ ਸਤਿਨਾਮ ਸੁਰਤਿ ਵਿੱਚ ਜਾਂਦਾ ਹੈ ਅਤੇ ਮਨੁੱਖ ਨੂੰ ਸੁਹਾਗਣ ਬਣ ਕੇ ਸਮਾਧੀ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਹੁੰਦੀ ਹੈ। ਕੇਵਲ ਐਸਾ ਹੋਣ 'ਤੇ ਹੀ ਮਨੁੱਖ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਅਤੇ ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ ਅਤੇ ਮਨੁੱਖ ਦੀ ਬੰਦਗੀ 'ਕਰਮ ਖੰਡ' ਵਿੱਚ ਚਲੀ ਜਾਂਦੀ ਹੈ। ਕੇਵਲ ਪੂਰੇ ਸਤਿਗੁਰ ਦੇ ਛਤਰ ਹੇਠ ਬੈਠ ਕੇ ਹੀ ਗੁਰ ਸ਼ਬਦ ਦੀ ਕਮਾਈ ਕਰਦੇ ਹੋਏ, ਸਿਮਰਨ ਅਤੇ ਸੇਵਾ ਕਰਦੇ ਹੋਏ ਮਨ ਚਿੰਦਿਆ ਜਾਂਦਾ ਹੈ, ਪੰਜ ਦੂਤ ਵੱਸ ਆ ਜਾਂਦੇ ਹਨ, ਤ੍ਰਿਸ਼ਣਾ ਬੁਝ ਜਾਂਦੀ ਹੈ ਅਤੇ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਪ੍ਰਾਪਤ ਕਰ ਕੇ, ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਪ੍ਰਗਟ ਹੋ ਕੇ ਮਾਇਆ ਨੂੰ ਜਿੱਤਿਆ ਜਾਂਦਾ ਹੈ। ਕੇਵਲ ਪੂਰੇ ਸਤਿਗੁਰ ਦੀ ਕਿਰਪਾ ਅਤੇ ਗੁਰ ਪ੍ਰਸਾਦਿ ਨਾਲ ਹੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਦਰਸ਼ਨ ਹੁੰਦੇ ਹਨ ਅਤੇ ਪੂਰਨ ਬ੍ਰਹਮ ਗਿਆਨ, ਤੱਤ ਗਿਆਨ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਕਰ ਕੇ ਬੰਦਗੀ ਪੂਰਨ ਹੁੰਦੀ ਹੈ ਅਤੇ ਮਨੁੱਖ ਸਦਾ ਸੁਹਾਗਣ ਬਣ ਪਰਮ ਪਦਵੀ ਦੀ ਪ੍ਰਾਪਤੀ ਕਰ ਕੇ ਜੀਵਨ ਮੁਕਤ ਹੋ ਜਾਂਦਾ ਹੈ। ਇਹ ਹੀ ਪੂਰਨ ਸਤਿ ਹੈ। ਇਹ ਹੀ ਪੂਰਨ ਬੰਦਗੀ ਦਾ ਰਹੱਸ ਹੈ।

ਮਾਇਆ ਵਿੱਚ ਗਲਤਾਨ ਲੁਕਾਈ ਭਰਮਾਂ ਵਿੱਚ ਪਈ ਹੋਈ ਹੈ। ਜੋ ਸਤਿ ਨਹੀਂ ਹੈ ਉਹ ਭਰਮ ਹੈ। ਜੋ ਅਸਤਿ ਹੈ ਉਹ ਭਰਮ ਹੈ। ਸੰਸਾਰ ਵਿੱਚ ਪ੍ਰਚਲਿਤ ਭਰਮ ਬੰਦਗੀ ਦੇ ਮਾਰਗ ਵਿੱਚ ਸਭ ਤੋਂ ਵੱਡਾ ਅੜਿੱਕਾ ਪਾਉਂਦੇ ਹਨ। ਭਰਮ ਮਨੁੱਖ ਦੇ ਜੀਵਨ ਵਿੱਚ ਦੁਬਿਧਾ ਨੂੰ ਜਨਮ ਦਿੰਦੇ ਹਨ। ਦੁਬਿਧਾ ਵਿੱਚ ਜਕੜੇ ਹੋਏ ਮਨੁੱਖ ਦੇ ਹਿਰਦੇ ਵਿੱਚ ਗੁਰ ਅਤੇ ਗੁਰੂ ਲਈ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸਾ ਕਦੇ ਨਹੀਂ ਹੁੰਦਾ ਹੈ। ਦੁਬਿਧਾ ਮਨੁੱਖ ਦੇ ਜੀਵਨ ਨੂੰ ਨਰਕ

ਸਮਾਨ ਬਣਾ ਦਿੰਦੀ ਹੈ। ਧੰਨ ਧੰਨ ਸਤਿਗੁਰੂ ਅਵਤਾਰ ਪੰਚਮ ਪਾਤਸ਼ਾਹ ਜੀ ਨੇ ਦੁਬਿਧਾ ਬਾਰੇ ਪੂਰਨ ਬ੍ਰਹਮ ਗਿਆਨ ਇਸ ਸਲੋਕ ਵਿੱਚ ਪ੍ਰਗਟ ਕਰ ਕੇ ਸਾਰੀ ਲੁਕਾਈ ਦਾ ਮਾਰਗ ਦਰਸ਼ਨ ਕੀਤਾ ਹੈ :-

ਗਉੜੀ ਮਹਲਾ ੫ ॥
ਜੋ ਇਸੁ ਮਾਰੇ ਸੋਈ ਸੂਰਾ ॥ ਜੋ ਇਸੁ ਮਾਰੇ ਸੋਈ ਪੂਰਾ ॥
ਜੋ ਇਸੁ ਮਾਰੇ ਤਿਸਹਿ ਵਡਿਆਈ ॥ ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥
ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥
ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥
ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥ ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥
ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥ ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥
ਜੋ ਇਸੁ ਮਾਰੇ ਸੋ ਧਨਵੰਤਾ ॥ ਜੋ ਇਸੁ ਮਾਰੇ ਸੋ ਪਤਿਵੰਤਾ ॥
ਜੋ ਇਸੁ ਮਾਰੇ ਸੋਈ ਜਤੀ ॥ ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥
ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥ ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥
ਜੋ ਇਸੁ ਮਾਰੇ ਸੋ ਵਡਭਾਗਾ ॥ ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥ ਜੋ ਇਸੁ ਮਾਰੇ ਸੁ ਸਹਿਜ ਧਿਆਨੀ ॥੫॥
ਇਸੁ ਮਾਰੀ ਬਿਨੁ ਥਾਇ ਨ ਪਰੈ ॥ ਕੋਟਿ ਕਰਮ ਜਾਪ ਤਪ ਕਰੈ ॥
ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ ਇਸੁ ਮਾਰੀ ਬਿਨੁ ਜਮ ਤੇ ਨਹੀਂ ਛੁਟੈ ॥੬॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥

(ਸ੍ਰੀ ਗੁਰੂ ਗ੍ਰੰਥ ਸਾਹਿਬ ੨੩੭)

'ਇਸ' ਸ਼ਬਦ ਵਿੱਚ ਸਤਿਗੁਰੂ ਅਵਤਾਰ ਧੰਨ ਧੰਨ ਪੰਚਮ ਪਾਤਸ਼ਾਹ ਜੀ ਦੁਬਿਧਾ ਦੀ ਕਥਾ ਨੂੰ ਪ੍ਰਗਟ ਕਰ ਰਹੇ ਹਨ। ਸ਼ਬਦ 'ਇਸ' ਤੋਂ ਭਾਵ ਦੁਬਿਧਾ ਹੈ। ਦੁਬਿਧਾ ਵਿੱਚ ਬੰਦਗੀ ਪੂਰਨ ਨਹੀਂ ਹੁੰਦੀ ਹੈ। ਦੋ ਚਿੱਤਾ ਮਨ ਹੋਣ ਕਾਰਨ ਬੰਦਗੀ ਪੂਰਨ ਨਹੀਂ ਹੁੰਦੀ ਹੈ। ਇੱਕ ਮਨ ਇੱਕ ਚਿੱਤ ਹੀ ਬੰਦਗੀ ਪੂਰਨ ਕਰਨ ਦਾ ਸਬੱਬ ਬਣਦਾ ਹੈ। ਇੱਕ ਮਨ ਇੱਕ ਚਿੱਤ ਦੀ ਬਖ਼ਸ਼ਿਸ਼ ਗੁਰਪ੍ਰਸਾਦਿ ਹੈ। ਜੋ ਮਨੁੱਖ ਗੁਰਪ੍ਰਸਾਦਿ ਦੀ ਪ੍ਰਾਪਤੀ ਕਰਦੇ ਹਨ ਉਹ ਮਨੁੱਖ ਗੁਰ ਕਿਰਪਾ ਨਾਲ ਦੁਬਿਧਾ ਵਿੱਚੋਂ ਨਿਕਲ ਜਾਂਦੇ ਹਨ ਅਤੇ ਗੁਰ ਅਤੇ ਗੁਰੂ ਲਈ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਦੀਆਂ ਦਰਗਾਹੀ ਬਖ਼ਸ਼ਿਸ਼ਾਂ ਪ੍ਰਾਪਤ ਕਰ ਕੇ ਬੰਦਗੀ ਪੂਰਨ ਕਰ ਲੈਂਦੇ ਹਨ। ਐਸੇ ਮਨੁੱਖ ਜੋ ਦੁਬਿਧਾ ਨੂੰ ਮਾਰ ਗਵਾਂਦੇ ਹਨ ਉਨ੍ਹਾਂ ਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜੋ ਮਨੁੱਖ ਦੁਬਿਧਾ ਨੂੰ ਮਾਰ ਗਵਾਂਦਾ ਹੈ :-

੧) ਉਹ ਮਨੁੱਖ 'ਸੂਰਾ' ਹੈ ਭਾਵ ਉਹ ਮਨੁੱਖ ਸੂਰਮਾ ਬਣ ਜਾਂਦਾ ਹੈ ਕਿਉਂਕਿ ਉਹ

ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਤ੍ਰਿਸ਼ਣਾ ਉੱਪਰ ਜਿੱਤ ਪ੍ਰਾਪਤ ਕਰ ਲੈਂਦਾ ਹੈ। ਬੰਦਗੀ ਕੇਵਲ ਮਾਇਆ ਨਾਲ ਜੰਗ ਹੈ। ਇਹ ਜੰਗ ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ ਅਤੇ ਮਨੁੱਖ ਦੇ ਮਨ ਵਿੱਚ ਹੁੰਦੀ ਹੈ। ਮਨੁੱਖ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਇਨ੍ਹਾਂ ਪੰਜ ਚੰਡਾਲਾਂ ਦਾ ਸਹਾਰਾ ਲੈਂਦਾ ਹੈ ਅਤੇ ਇਨ੍ਹਾਂ ਪੰਜ ਚੰਡਾਲਾਂ ਦੀ ਗ਼ੁਲਾਮੀ ਵਿੱਚ ਕਰਮ ਕਰਦਾ ਹੈ। ਜੋ ਮਨੁੱਖ ਇਨ੍ਹਾਂ ਪੰਜ ਚੰਡਾਲਾਂ ਉੱਪਰ ਜਿੱਤ ਪ੍ਰਾਪਤ ਕਰ ਲੈਂਦਾ ਹੈ ਅਤੇ ਸਤਿ ਸੰਤੋਖ ਵਿੱਚ ਚਲਾ ਜਾਂਦਾ ਹੈ ਉਸ ਦੀ ਤ੍ਰਿਸ਼ਣਾ ਬੁਝ ਜਾਂਦੀ ਹੈ ਅਤੇ ਇਹ ਪੰਜ ਚੰਡਾਲ ਉਸ ਦੇ ਚਰਨਾਂ ਹੇਠ ਆ ਕੇ ਉਸ ਦੇ ਸੇਵਕ ਬਣ ਜਾਂਦੇ ਹਨ। ਮਾਇਆ ਐਸੇ ਪਰਮ ਸ਼ਕਤੀਸ਼ਾਲੀ ਸੂਰਮੇ ਦੀ ਸੇਵਕ ਬਣ ਜਾਂਦੀ ਹੈ। ਜੋ ਮਨੁੱਖ ਦੁਬਿਧਾ ਨੂੰ ਮਾਰ ਦਿੰਦਾ ਹੈ ਉਹ ਮਨੁੱਖ ਸਾਰੇ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਮਾਇਆ ਉੱਪਰ ਜਿੱਤ ਪ੍ਰਾਪਤ ਕਰ ਲੈਂਦਾ ਹੈ। ਐਸਾ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਲੀਨ ਹੋ ਕੇ ਇੱਕ ਦ੍ਰਿਸ਼ਟ ਹੋ ਜਾਂਦਾ ਹੈ।

੨) ਉਹ ਮਨੁੱਖ 'ਪੂਰਾ' ਹੋ ਜਾਂਦਾ ਹੈ। ਭਾਵ ਜੋ ਮਨੁੱਖ ਦੁਬਿਧਾ ਨੂੰ ਮਾਰ ਗਵਾਂਦਾ ਹੈ ਉਹ ਮਨੁੱਖ ਆਪਣਾ ਅੰਦਰਲਾ ਤੀਰਥ ਪੂਰਾ ਕਰ ਲੈਂਦਾ ਹੈ ਅਤੇ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਕਮਾਈ ਕਰ ਕੇ ਪੂਰਨ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਐਸੇ ਮਨੁੱਖ ਦੀ ਬੰਦਗੀ ਪੂਰਨ ਹੋ ਜਾਂਦੀ ਹੈ ਅਤੇ ਦਰਗਾਹ ਵਿੱਚ ਪ੍ਰਵਾਨ ਹੋ ਜਾਂਦੀ ਹੈ। ਐਸੇ ਮਨੁੱਖ ਦੇ ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ। ਐਸਾ ਮਨੁੱਖ ਅਕਾਲ ਪੁਰਖ ਵਿੱਚ ਅਭੇਦ ਹੋ ਕੇ ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਪ੍ਰਾਪਤ ਕਰ ਲੈਂਦਾ ਹੈ। ਐਸਾ ਮਨੁੱਖ ਪੂਰਨ ਬ੍ਰਹਮ ਗਿਆਨੀ, ਪੂਰਨ ਸੰਤ, ਸਤਿਗੁਰੂ, ਖ਼ਾਲਸਾ ਅਤੇ ਗੁਰਮੁਖ ਬਣ ਜਾਂਦਾ ਹੈ।

੩) ਉਹ ਮਨੁੱਖ ਦਰਗਾਹ ਵਿੱਚ ਮਾਣ ਪ੍ਰਾਪਤ ਕਰਦਾ ਹੈ। ਜੋ ਮਨੁੱਖ ਦਰਗਾਹ ਵਿੱਚ ਮਾਣ ਪ੍ਰਾਪਤ ਕਰਦਾ ਹੈ ਉਸ ਮਹਾਂਪੁਰਖ ਦਾ ਧਰਤੀ ਉੱਪਰ ਵੀ ਮਾਣ ਹੁੰਦਾ ਹੈ। ਉਸ ਦੀ ਧਰਤੀ ਉੱਪਰ ਸਤਿ ਸੰਗਤ ਬਣਦੀ ਹੈ। ਉਸ ਰਾਹੀਂ ਅਨੇਕਾਂ ਲੋਕਾਂ ਦਾ ਧਰਤੀ ਉੱਪਰ ਪਰਉਪਕਾਰ ਅਤੇ ਮਹਾ ਪਰਉਪਕਾਰ ਹੁੰਦਾ ਹੈ। ਐਸਾ ਮਹਾਂਪੁਰਖ ਧਰਤੀ ਉੱਪਰ ਗੁਰਪ੍ਰਸਾਦਿ ਵਰਤਾਉਣ ਦੀ ਸੇਵਾ ਨਾਲ ਨਿਵਾਜਿਆ ਜਾਂਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਐਸੇ ਪੂਰਨ ਮਹਾਂਪੁਰਖ ਨੂੰ ਪੂਰਨ ਸਤਿ ਵਰਤਾਉਣ ਦੀ ਸੇਵਾ ਦੇ ਕੇ, ਦਸੋ ਦਿਸ਼ਾ ਉਸ ਨੂੰ ਪ੍ਰਗਟ ਕਰਦਾ ਹੈ। ਐਸੇ ਮਹਾਂਪੁਰਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਵਰਤਾਉਣ ਦੇ ਦਰਗਾਹੀ ਅਧਿਕਾਰ ਨਾਲ ਅਤੇ ਇਸ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤਾਉਣ ਦੀ ਸੇਵਾ ਨਾਲ ਨਿਵਾਜਦਾ ਹੈ। ਐਸੇ ਮਹਾਂਪੁਰਖ ਦੀ ਸਤਿ ਸੰਗਤ ਵਿੱਚ ਪੂਰਨ ਸਤਿ ਵਰਤਦਾ ਹੈ। ਐਸੇ ਮਹਾਂਪੁਰਖ ਦੀ ਸਤਿ ਸੰਗਤ ਵਿੱਚ ਸਤਿ ਦੀ ਕਥਾ ਅਤੇ ਮਹਿਮਾ ਆਪ ਪ੍ਰਗਟ ਹੁੰਦੀ ਹੈ ਅਤੇ ਸੁਹਾਗਣਾਂ ਦਾ ਜਨਮ ਹੁੰਦਾ ਹੈ। ਐਸੇ ਮਹਾਂਪੁਰਖ ਸਤਿ ਸੰਗਤ ਅਤੇ ਛਤਰ ਦੀ ਮਹਿਮਾ ਸਾਰੇ ਬ੍ਰਹਿਮੰਡ ਵਿੱਚ ਪ੍ਰਗਟ ਹੁੰਦੀ ਹੈ।

੪) ਉਸ ਮਨੁੱਖ ਦੇ ਸਾਰੇ ਦੁੱਖਾਂ-ਕਲੇਸ਼ਾਂ ਦਾ ਅੰਤ ਹੋ ਜਾਂਦਾ ਹੈ। ਉਸ ਮਨੁੱਖ ਦੇ ਕਰਮਾਂ

ਦੇ ਬੰਧਨ ਟੁੱਟ ਜਾਂਦੇ ਹਨ। ਉਸ ਦੇ ਪਾਪਾਂ ਦਾ ਅੰਤ ਹੋ ਜਾਂਦਾ ਹੈ, ਮਨ ਦੀ ਮੈਲ ਧੁਪ ਜਾਂਦੀ ਹੈ, ਮਨ ਜੋਤ ਸਰੂਪ ਹੋ ਜਾਂਦਾ ਹੈ। ਉਹ ਮਨੁੱਖ ਮਨ ਨੂੰ ਜਿੱਤ ਲੈਂਦਾ ਹੈ। ਮਾਇਆ ਨੂੰ ਜਿੱਤ ਲੈਂਦਾ ਹੈ। ਹਿਰਦਾ ਸੰਤ ਬਣ ਜਾਂਦਾ ਹੈ। ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ। ਜੋ ਮਨੁੱਖ ਦੁਬਿਧਾ ਮਾਰ ਗਵਾਂਦਾ ਹੈ ਉਸ ਮਨੁੱਖ ਦੀ ਬੰਦਗੀ ਪੂਰਨ ਹੋ ਜਾਂਦੀ ਹੈ ਅਤੇ ਉਹ ਮਨੁੱਖ ਰਾਜ ਜੋਗ ਕਮਾ ਕੇ ਆਪਣਾ ਜਨਮ ਸਫ਼ਲ ਕਰ ਲੈਂਦਾ ਹੈ। ਰਾਜ ਜੋਗ ਤੋਂ ਭਾਵ ਹੈ ਗ੍ਰਿਹਸਤ ਜੀਵਨ ਵਿੱਚ ਦੁਨੀਆਂ ਦੇ ਕਾਰ-ਵਿਹਾਰ ਕਰਦਿਆਂ ਹੋਇਆਂ ਵੀ ਮਨੁੱਖ ਮਾਇਆ ਨੂੰ ਜਿੱਤ ਕੇ ਦਰਗਾਹ ਵਿੱਚ ਮਾਣ ਪ੍ਰਾਪਤ ਕਰ ਲੈਂਦਾ ਹੈ। ਸਹਿਜ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ। ਜੀਵਨ ਸਦਾ-ਸਦਾ ਲਈ ਆਨੰਦ ਵਿੱਚ ਚਲਾ ਜਾਂਦਾ ਹੈ।

੫) ਉਹ ਮਨੁੱਖ ਨਿਰਭਉ ਹੋ ਜਾਂਦਾ ਹੈ। ਭਾਵ ਜੋ ਮਨੁੱਖ ਦੁਬਿਧਾ ਮਾਰ ਗਵਾਂਦਾ ਹੈ ਉਹ ਮਨੁੱਖ ਮੋਹ ਮਾਇਆ ਦੇ ਜਾਲ ਵਿੱਚੋਂ ਮੁਕਤ ਹੋ ਜਾਂਦਾ ਹੈ। ਉਹ ਮਨੁੱਖ ਦੁਨਿਆਵੀ ਰਿਸ਼ਤਿਆਂ ਅਤੇ ਪਦਾਰਥਾਂ ਤੋਂ ਨਿਰਾਸ਼ਕਤ ਹੋ ਕੇ ਮੋਹ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਉਸ ਮਨੁੱਖ ਨੂੰ ਕਰਮ-ਕਾਂਡ ਦੇ ਰਿਸ਼ਤਿਆਂ ਦਾ ਸਤਿ ਸਮਝ ਆ ਜਾਂਦਾ ਹੈ। ਉਸ ਨੂੰ ਇਸ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਕਿ ਦੁਨਿਆਵੀ ਸੰਬੰਧ ਸਾਰੇ ਝੂਠੇ ਸੰਬੰਧ ਹਨ। ਉਸ ਮਨੁੱਖ ਨੂੰ ਇਸ ਬ੍ਰਹਮ ਗਿਆਨ ਦੀ ਵੀ ਪ੍ਰਾਪਤੀ ਹੋ ਜਾਂਦੀ ਹੈ ਕਿ ਦੁਨਿਆਵੀ ਪਦਾਰਥਾਂ ਦੇ ਇਕੱਤਰ ਕਰਨ ਦਾ ਕੋਈ ਲਾਭ ਨਹੀਂ ਨਾ ਹੀ ਇਨ੍ਹਾਂ ਪਦਾਰਥਾਂ, ਸੰਬੰਧਾਂ ਅਤੇ ਸੁੱਖਾਂ ਦੇ ਖੋਹੇ ਜਾਣ ਦਾ ਕੋਈ ਭਉ ਉਸ ਦੇ ਚਿੱਤ ਵਿੱਚ ਰਹਿ ਜਾਂਦਾ ਹੈ।

੬) ਉਸ ਮਨੁੱਖ ਦੇ ਰੋਮ-ਰੋਮ ਵਿੱਚ ਨਾਮ ਚਲਾ ਜਾਂਦਾ ਹੈ। ਉਸ ਮਨੁੱਖ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਸਾਰੇ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ ਅਤੇ ਸਾਰੀ ਦੇਹੀ ਅੰਮ੍ਰਿਤ ਨਾਲ ਭਰਪੂਰ ਹੋ ਜਾਂਦੀ ਹੈ। ਦਸਮ ਦੁਆਰ ਖੁੱਲ੍ਹ ਜਾਂਦਾ ਹੈ ਅਤੇ ਅਨਹਦ ਸ਼ਬਦ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਸੁੰਨ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਮਨ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ। ਉਹ ਨਾਮ ਧਨ ਦਾ ਮਾਲਕ ਬਣ ਜਾਂਦਾ ਹੈ। ਉਸ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੇ ਖ਼ਜ਼ਾਨੇ ਦੀ ਕੁੰਜੀ ਦੀ ਪ੍ਰਾਪਤੀ ਹੋ ਜਾਂਦੀ ਹੈ।

੭) ਉਸ ਮਨੁੱਖ ਦੇ ਚਰਨਾਂ ਦੇ ਹੇਠਾਂ ਸਾਰੀਆਂ ਰਿੱਧੀਆਂ-ਸਿੱਧੀਆਂ ਦੇ ਦਰਗਾਹੀ ਖ਼ਜ਼ਾਨੇ ਆ ਜਾਂਦੇ ਹਨ। ਭਾਵ ਜੋ ਮਨੁੱਖ ਦੁਬਿਧਾ ਨੂੰ ਮਾਰ ਗਵਾਂਦਾ ਹੈ, ਰਿੱਧੀਆਂ-ਸਿੱਧੀਆਂ ਉਸ ਮਨੁੱਖ ਦੀ ਸੇਵਾ ਵਿੱਚ ਹਾਜ਼ਰ ਰਹਿੰਦੀਆਂ ਹਨ ਅਤੇ ਉਸ ਦੀ ਸੇਵਾ ਕਰਦੀਆਂ ਹਨ। ਮਾਇਆ ਐਸੇ ਮਨੁੱਖ ਦੀ ਸੇਵਕ ਬਣ ਜਾਂਦੀ ਹੈ। ਐਸੇ ਮਨੁੱਖ ਨੂੰ ਦਰਗਾਹ ਵਿੱਚ ਮਾਣ ਪ੍ਰਾਪਤ ਹੁੰਦਾ ਹੈ ਅਤੇ ਐਸਾ ਮਹਾਂਪੁਰਖ ਧਰਤੀ ਉੱਪਰ ਵੀ ਮਾਣ ਪ੍ਰਾਪਤ ਕਰਦਾ ਹੈ।

੮) ਉਹ ਮਨੁੱਖ ਜੀਵਨ ਮੁਕਤੀ ਨੂੰ ਪ੍ਰਾਪਤ ਕਰ ਲੈਂਦਾ ਹੈ। ਜਨਮ-ਮਰਨ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਤ੍ਰਿਸ਼ਨਾ ਬੁਝ ਜਾਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੂਪੀ ਸਾਰੇ ਚੰਡਾਲ ਵੱਸ ਆ ਜਾਂਦੇ ਹਨ। ਮਨ ਚਿੰਦਿਆ ਜਾਂਦਾ ਹੈ।

ਮਨ ਜਿੱਤਿਆ ਜਾਂਦਾ ਹੈ। ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਕਰਮਾਂ ਦੇ ਬੰਧਨ ਟੁੱਟ ਜਾਂਦੇ ਹਨ। ਕਰਮਾਂ ਦਾ ਲੇਖਾ-ਜੋਖਾ ਪੂਰਾ ਹੋ ਜਾਂਦਾ ਹੈ। ਉਸ ਦੀ ਰੂਹ ਕਰਮਾਂ ਦੇ ਬੋਝ ਤੋਂ ਮੁਕਤ ਹੋ ਜਾਂਦੀ ਹੈ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਸਮਾ ਜਾਂਦੀ ਹੈ। ਉਹ ਮਨੁੱਖ ਸਾਰੇ ਦਰਗਾਹੀ ਖ਼ਜ਼ਾਨਿਆਂ ਦੀ ਪ੍ਰਾਪਤੀ ਕਰ ਲੈਂਦਾ ਹੈ। ਉਹ ਮਨੁੱਖ ਪਰਉਪਕਾਰ ਅਤੇ ਮਹਾ ਪਰਉਪਕਾਰ ਦੀ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਲੈਂਦਾ ਹੈ। ਉਹ ਮਨੁੱਖ ਵੱਡੇ ਭਾਗਾਂ ਵਾਲਾ ਹੋ ਜਾਂਦਾ ਹੈ। ਉਹ ਮਨੁੱਖ ਸਦਾ-ਸਦਾ ਲਈ ਸਹਿਜ ਸਮਾਧੀ ਵਿੱਚ ਚਲਾ ਜਾਂਦਾ ਹੈ। ਉਸ ਮਹਾਂਪੁਰਖ ਦੇ ਬਚਨ ਦਰਗਾਹੀ ਬਚਨ ਹੋ ਜਾਂਦੇ ਹਨ। ਉਸ ਮਨੁੱਖ ਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਉਸ ਮਨੁੱਖ ਨੂੰ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਉਸ ਮਨੁੱਖ ਨੂੰ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਐਸੇ ਮਨੁੱਖ ਦੀ ਰਹਿਣੀ-ਬਹਿਣੀ ਅਤੇ ਸਾਰੇ ਕਰਮ ਸਤਿ ਕਰਮ ਹੋ ਜਾਂਦੇ ਹਨ। ਉਸ ਦੇ ਸਾਰੇ ਕਰਮ ਕੇਵਲ ਸੰਸਾਰ ਦੇ ਲੋਕਾਂ ਦੇ ਪਰਉਪਕਾਰ ਅਤੇ ਮਹਾ ਪਰਉਪਕਾਰ ਲਈ ਹੁੰਦੇ ਹਨ।

ਦੁਬਿਧਾ ਵਿੱਚ ਮਨੁੱਖ ਵਿਕਾਰਾਂ ਤੋਂ ਛੁਟਕਾਰਾ ਨਹੀਂ ਪਾ ਸਕਦਾ ਬਲਕਿ ਦੁਬਿਧਾ ਵਿੱਚ ਮਨੁੱਖ ਵਿਕਾਰਾਂ ਨਾਲ ਬੁਰੀ ਤਰ੍ਹਾਂ ਜਕੜਿਆ ਜਾਂਦਾ ਹੈ। ਦੁਬਿਧਾ ਵਿੱਚ ਮਨ ਦੀ ਮੈਲ ਨਹੀਂ ਧੁਪਦੀ ਹੈ ਬਲਕਿ ਮਨ ਉੱਪਰ ਹੋਰ ਜ਼ਿਆਦਾ ਮੈਲ ਚੜ੍ਹ ਜਾਂਦੀ ਹੈ। ਦੁਬਿਧਾ ਵਿੱਚ ਮਨ ਚਿੰਦਿਆ ਨਹੀਂ ਜਾਂਦਾ ਬਲਕਿ ਮਨੁੱਖ ਮਾਇਆ ਦੇ ਜਾਲ ਵਿੱਚ ਹੋਰ ਬੁਰੀ ਤਰ੍ਹਾਂ ਨਾਲ ਫਸ ਜਾਂਦਾ ਹੈ। ਭਰਮਾਂ ਵਿੱਚ ਫੱਸਿਆ ਹੋਇਆ ਮਨੁੱਖ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਵਿੱਚ ਹੋਰ ਗਰਕ ਹੋਈ ਜਾਂਦਾ ਹੈ। ਦੁਬਿਧਾ ਵਿੱਚ ਫਸੇ ਹੋਏ ਮਨੁੱਖ ਦੀ ਬੰਦਗੀ ਦਰਗਾਹ ਵਿੱਚ ਪ੍ਰਵਾਨ ਨਹੀਂ ਹੁੰਦੀ ਹੈ। ਦੁਬਿਧਾ ਵਿੱਚ ਫੱਸਿਆ ਹੋਇਆ ਮਨੁੱਖ ਭਾਵੇਂ ਜਿਤਨੇ ਮਰਜ਼ੀ ਜਪ-ਤਪ ਕਰੀ ਜਾਵੇ ਉਸ ਦੀ ਸੇਵਾ ਦਰਗਾਹ ਵਿੱਚ ਕਬੂਲ ਨਹੀਂ ਹੁੰਦੀ ਹੈ। ਕਿਉਂਕਿ ਦੁਬਿਧਾ ਵਿੱਚ ਕੀਤੀ ਗਈ ਸੇਵਾ ਇੱਕ ਮਨ ਇੱਕ ਚਿੱਤ ਨਾਲ ਨਹੀਂ ਹੁੰਦੀ ਹੈ ਇਸ ਲਈ ਐਸੀ ਸੇਵਾ ਦਰਗਾਹ ਵਿੱਚ ਪ੍ਰਵਾਨ ਨਹੀਂ ਹੁੰਦੀ ਹੈ। ਇਸ ਲਈ ਇਨ੍ਹਾਂ ਧਰਮ ਕਰਮਾਂ ਦਾ ਦਰਗਾਹ ਵਿੱਚ ਮੁੱਲ ਨਹੀਂ ਪੈਂਦਾ ਹੈ ਅਤੇ ਮਨੁੱਖ ਜਨਮ-ਮਰਨ ਦੇ ਬੰਧਨਾਂ ਤੋਂ ਮੁਕਤ ਨਹੀਂ ਹੁੰਦਾ ਹੈ। ਮਨ ਵਿੱਚੋਂ ਵਿਕਾਰਾਂ ਦੀ ਵਿਨਾਸ਼ਕਾਰੀ ਮੈਲ ਨਹੀਂ ਧੁੱਲਦੀ ਹੈ ਜਿਸ ਕਾਰਨ ਮਨੁੱਖ ਜਨਮ-ਮਰਨ ਦੇ ਬੰਧਨਾਂ ਤੋਂ ਮੁਕਤ ਨਹੀਂ ਹੋ ਸਕਦਾ ਹੈ। ਜੋ ਮਨੁੱਖ ਸਤਿ ਦੀ ਕਰਨੀ ਉੱਪਰ ਆਪਣਾ ਧਿਆਨ ਕੇਂਦਰਿਤ ਕਰਦੇ ਹਨ ਅਤੇ ਸਤੋ ਬਿਰਤੀ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਂਦੇ ਹਨ ਉਨ੍ਹਾਂ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਵਰਤਦੀ ਹੈ। ਕੇਵਲ ਉਹ ਮਨੁੱਖ ਜਿਨ੍ਹਾਂ ਉੱਪਰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਇਆਲ ਹੋ ਜਾਂਦਾ ਹੈ ਉਨ੍ਹਾਂ ਨੂੰ ਆਪਣੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਬਖ਼ਸ਼ਿਸ਼ ਨਾਲ ਦੁਬਿਧਾ ਤੋਂ ਖ਼ਲਾਸ ਕਰ ਕੇ ਬਾਹਰ ਕੱਢ ਲੈਂਦਾ ਹੈ ਅਤੇ ਇੱਕ ਦ੍ਰਿਸ਼ਟ ਬਣਾ ਦਿੰਦਾ ਹੈ। ਕੇਵਲ ਇੱਕ ਦ੍ਰਿਸ਼ਟ ਮਨੁੱਖ ਹੀ ਜੀਵਨ ਮੁਕਤੀ ਨੂੰ ਪ੍ਰਾਪਤ ਕਰਦਾ ਹੈ। ਕੇਵਲ ਇੱਕ ਦ੍ਰਿਸ਼ਟ ਮਨੁੱਖ ਹੀ ਪੂਰਨ ਬ੍ਰਹਮ ਗਿਆਨ ਨੂੰ ਪ੍ਰਾਪਤ ਕਰਦਾ ਹੈ। ਕੇਵਲ ਇੱਕ ਦ੍ਰਿਸ਼ਟ ਮਨੁੱਖ ਹੀ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਕਰਦਾ ਹੈ।

ਇਸ ਲਈ ਸਾਰੀ ਲੁਕਾਈ ਦੇ ਚਰਨਾਂ ਉੱਪਰ ਸਨਿਮਰ ਬੇਨਤੀ ਹੈ ਕਿ ਸਤਿ ਦੀ ਕਰਨੀ ਨੂੰ ਆਪਣਾ ਜੀਵਨ ਬਣਾਓ। ਗੁਰਬਾਣੀ ਦੇ ਉਪਦੇਸ਼ ਨੂੰ ਆਪਣੀ ਕਰਨੀ ਬਣਾਓ। ਸਤਿਨਾਮ

ਸਿਮਰਨ ਵਿੱਚ ਆਪਣਾ ਮਨ ਚਿੱਤ ਲੱਗਾਓ। ਭਰਮਾਂ ਦਾ ਤਿਆਗ ਕਰੋ। ਦੁਬਿਧਾ ਨੂੰ ਮਾਰ ਗਵਾਓ। ਸਤੋ ਬਿਰਤੀ ਨੂੰ ਆਪਣੇ ਜੀਵਨ ਦਾ ਆਧਾਰ ਬਣਾਓ। ਸਤਿ ਕਰਮ ਕਰਦੇ-ਕਰਦੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਲਾਜ਼ਮੀ ਹੋਏਗੀ। ਪੂਰਨ ਸੰਤ ਦੀ ਸੰਗਤ ਮਿਲੇਗੀ। ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਲਾਜ਼ਮੀ ਹੋਏਗੀ। ਸੁਹਾਗ ਦੀ ਪ੍ਰਾਪਤੀ ਹੋਏਗੀ। ਸਦਾ ਸੁਹਾਗ ਦੀ ਪ੍ਰਾਪਤੀ ਹੋਏਗੀ। ਬੰਦਗੀ ਪੂਰਨ ਹੋ ਕੇ ਜੀਵਨ ਮੁਕਤੀ ਦੀ ਪ੍ਰਾਪਤੀ ਹੋਏਗੀ।

■

ਅਨੰਦੁ ਸਾਹਿਬ-ਪਉੜੀ ੯

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥
ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥
ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥
ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸੱਚੀ ਬਾਣੀ ॥
ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੮)

ਸਤਿ ਪਾਰਬ੍ਰਹਮ ਪਰਮੇਸ਼ਰ ਅਨੰਤ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਬੇਅੰਤ ਹੈ। ਇਸ ਲਈ ਅੱਜ ਤੱਕ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਪੂਰਾ ਭੇਦ ਕਿਸੇ ਸੰਤ, ਭਗਤ, ਸਤਿਗੁਰੂ, ਅਵਤਾਰ, ਬ੍ਰਹਮ ਗਿਆਨੀ, ਪੀਰ ਜਾਂ ਪੈਗੰਬਰ ਨੇ ਨਹੀਂ ਪਾਇਆ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਅਪਰੰਪਾਰ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਵੀ ਅਨੰਤ ਅਤੇ ਬੇਅੰਤ ਹੈ। ਕੁਝ ਸੰਤ ਮਹਾਂਪੁਰਖ ਤਾਂ ਇਹ ਵੀ ਦੱਸਦੇ ਹਨ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਇਤਨਾ ਬੇਅੰਤ ਹੈ ਕਿ ਉਸ ਨੂੰ ਆਪਣੇ ਆਪ ਨੂੰ ਵੀ ਨਹੀਂ ਪਤਾ ਕਿ ਉਹ ਕਿਤਨਾ ਬੇਅੰਤ ਹੈ। ਇਹ ਉਸ ਦੇ ਸੰਤ ਭਗਤ ਹੀ ਹਨ ਜੋ ਉਸ ਦੀ ਮਹਿਮਾ ਵਿੱਚ ਓਤਪੋਤ ਹੋਏ ਹੋਏ ਇਸ ਪਰਮ ਸਤਿ ਦਾ ਗਿਆਨ ਦਿੰਦੇ ਹਨ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਇਤਨਾ ਬੇਅੰਤ ਹੈ ਕਿ ਉਸ ਦੀ ਬੇਅੰਤਤਾ ਦਾ ਕੋਈ ਭੇਦ ਨਹੀਂ ਪਾ ਸਕਦਾ ਹੈ। ਜੋ ਸੰਤ ਇਸ ਪਰਮ ਸਤਿ ਤੱਤ ਨੂੰ ਆਪਣੀ ਬੰਦਗੀ ਦੇ ਦੌਰਾਨ ਅਨੁਭਵ ਕਰ ਲੈਂਦੇ ਹਨ ਅਤੇ ਸਮਝ ਜਾਂਦੇ ਹਨ ਕੇਵਲ ਐਸੇ ਸੰਤ ਹੀ ਇਸ ਪਰਮ ਸਤਿ ਦੀ ਪੁਸ਼ਟੀ ਕਰਦੇ ਹਨ ਕਿ ਸਤਿ ਪਾਰ ਬ੍ਰਹਮ ਪਰਮੇਸ਼ਰ ਦੀ ਕਥਾ ਵੀ ਅਕੱਥ ਹੈ। ਜੇ ਕੋਈ ਸੰਤ ਸਤਿ ਪਾਰਬ੍ਰਹਮ ਦੀ ਬੰਦਗੀ ਦੇ ਦੌਰਾਨ ਹੋਏ ਅਨੁਭਵ ਵੀ ਦੱਸਣ ਦਾ ਯਤਨ ਕਰਦਾ ਹੈ ਤਾਂ ਲੋਕ ਉਸ 'ਤੇ ਯਕੀਨ ਨਹੀਂ ਕਰਦੇ ਹਨ। ਜੇਕਰ ਕੋਈ ਭਗਤੀ ਕਰਨ ਵਾਲਾ ਵਿਰਲਾ ਜੋ ਕਿ ਸੱਚਖੰਡ ਵਿੱਚ ਬੈਠਾ ਹੋਇਆ ਸੱਚਖੰਡ ਦੀ ਮਹਿਮਾ ਦੱਸਣ ਦਾ ਯਤਨ ਕਰਦਾ ਹੈ ਤਾਂ ਲੋਕ ਉਸ ਦਾ ਵਿਸ਼ਵਾਸ ਕਰਨ ਤੋਂ ਇਨਕਾਰੀ ਹੋ ਜਾਂਦੇ ਹਨ। ਜੋ ਸੰਤ ਮਹਾਂਪੁਰਖ ਸੁੰਨ ਸਮਾਧੀ ਦਾ ਆਨੰਦ ਮਾਣਦੇ ਹੋਏ ਅਨੁਭਵ ਕਰਦੇ ਹਨ ਉਸ ਨੂੰ ਪੂਰਾ ਬਿਆਨ ਕਰਨਾ ਅਸੰਭਵ ਹੈ। ਜੋ ਸੰਤ ਸੁਹਾਗਣਾਂ ਸੁੰਨ ਸਮਾਧੀ ਵਿੱਚ ਉਤਰ ਕੇ ਮਾਨਸਰੋਵਰ ਦੀਆਂ ਗਹਿਰਾਈਆਂ ਵਿੱਚ ਉਤਰ ਕੇ ਪਰਮ ਸੁੱਖ ਅਤੇ ਪਰਮ ਆਨੰਦ ਦਾ ਅਨੁਭਵ ਕਰਦੇ ਹਨ ਉਸ ਅਨੁਭਵ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਅਸੰਭਵ ਹੈ। ਜੋ ਸੰਤ ਸੁਹਾਗਣਾਂ ਸੁੰਨ ਸਮਾਧੀ ਵਿੱਚ ਬੈਠ ਕੇ ਲੰਬੇ ਅਭਿਆਸ ਵਿੱਚ ਕਾਲ ਤੋਂ ਪਰੇ ਚਲੇ ਜਾਂਦੇ ਹਨ ਅਤੇ ਜੋ ਇਲਾਹੀ ਨਜ਼ਾਰਿਆਂ ਦਾ ਆਨੰਦ ਲੈਂਦੇ ਹਨ, ਸਤਿਗੁਰੂਆਂ, ਅਵਤਾਰਾਂ, ਸੰਤਾਂ, ਭਗਤਾਂ, ਬ੍ਰਹਮ ਗਿਆਨੀਆਂ, ਪੀਰਾਂ ਅਤੇ ਪੈਗੰਬਰਾਂ ਦੇ ਦਰਸ਼ਨ ਕਰਦੇ ਹਨ ਉਨ੍ਹਾਂ ਦੇ ਇਨ੍ਹਾਂ ਅਤਿ ਸੁੰਦਰ ਅਨੁਭਵਾਂ ਨੂੰ ਪੂਰਨ ਤੌਰ 'ਤੇ ਬਿਆਨ ਕਰਨਾ ਅਸੰਭਵ ਹੈ। ਜੋ ਸੰਤ ਸੁਹਾਗਣਾਂ

ਸੁੰਨ ਸਮਾਧੀ ਵਿੱਚ ਉਤਰ ਕੇ ਮਾਨਸਰੋਵਰ ਵਿੱਚ ਬੈਠ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰਦੇ ਹਨ ਉਨ੍ਹਾਂ ਦੇ ਅਨੁਭਵ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਅਸੰਭਵ ਹੈ। ਜੇਕਰ ਕੋਈ ਸੰਤ ਭਗਤ ਆਪਣੇ ਇਨ੍ਹਾਂ ਇਲਾਹੀ ਅਨੁਭਵਾਂ ਨੂੰ ਦੱਸਣ ਦਾ ਯਤਨ ਵੀ ਕਰਦਾ ਹੈ ਤਾਂ ਲੋਕ ਉਸ ਦੀ ਕਥਨੀ ਉੱਪਰ ਵਿਸ਼ਵਾਸ ਨਹੀਂ ਕਰਦੇ ਹਨ। ਜੇਕਰ ਕੋਈ ਬੰਦਗੀ ਵਿੱਚ ਡੂੰਘਾ ਉਤਰਿਆ ਹੋਇਆ ਸਤਿਗੁਰੂ ਦਾ ਪਿਆਰਾ ਆਪਣੇ ਇਨ੍ਹਾਂ ਅਦਭੁਤ ਅਨੁਭਵਾਂ ਨੂੰ ਦੱਸਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਕੋਈ ਸੁਣਨ ਦਾ ਯਤਨ ਨਹੀਂ ਕਰਦਾ ਹੈ ਅਤੇ ਨਾ ਹੀ ਉਸ ਦੀ ਕਥਨੀ ਉੱਪਰ ਕੋਈ ਭਰੋਸਾ ਕਰਦਾ ਹੈ। ਕੇਵਲ ਸੰਤ ਹੀ ਸੰਤ ਦੀ ਕਥਨੀ ਉੱਪਰ ਭਰੋਸਾ ਕਰਦਾ ਹੈ। ਕੇਵਲ ਸੁਹਾਗਣ ਹੀ ਸੁਹਾਗਣ ਦੀ ਕਥਨੀ ਉੱਪਰ ਭਰੋਸਾ ਕਰਦੀ ਹੈ। ਕੇਵਲ ਸਦਾ ਸੁਹਾਗਣ ਹੀ ਸਦਾ ਸੁਹਾਗਣ ਦੀ ਕਥਨੀ ਉੱਪਰ ਵਿਸ਼ਵਾਸ ਕਰਦੀ ਹੈ। ਕੇਵਲ ਇੱਕ ਬ੍ਰਹਮ ਗਿਆਨੀ ਹੀ ਦੂਸਰੇ ਬ੍ਰਹਮ ਗਿਆਨੀ ਨੂੰ ਪਛਾਣ ਸਕਦਾ ਹੈ। ਇਹ ਹੀ ਕਾਰਨ ਹੈ ਕਿ ਸਤਿਗੁਰੂ ਪਾਤਸ਼ਾਹ ਜੀ ਇਸ ਪਰਮ ਸ਼ਕਤੀਸ਼ਾਲੀ ਸਲੋਕ ਵਿੱਚ ਸੰਤ ਮਹਾਂਪੁਰਖਾਂ ਨੂੰ ਸੰਬੋਧਨ ਕਰ ਰਹੇ ਹਨ ਕਿ 'ਅਵਹੁ ਸੰਤ ਪਿਆਰਿਹੋ ਅਕੱਥ ਕੀ ਕਰਹ ਕਹਾਣੀ"।

ਕੇਵਲ ਪੂਰਨ ਸੰਤ ਹੀ ਆਪਣੀ ਬੰਦਗੀ ਦੇ ਦੌਰਾਨ ਅਤੇ ਬੰਦਗੀ ਦਰਗਾਹ ਵਿੱਚ ਪ੍ਰਵਾਨ ਹੋਣ ਤੋਂ ਉਪਰੰਤ ਇਹ ਜਾਣਦਾ ਹੈ ਕਿ ਉਸ ਨੂੰ ਰੂਹਾਨੀਅਤ ਦੇ ਬਾਰੇ ਕੀ ਅਨੁਭਵ ਹੋਏ ਅਤੇ ਹੁੰਦੇ ਹਨ। ਸਾਰੀ ਗੁਰਬਾਣੀ ਸਤਿਗੁਰੂ ਸਾਹਿਬਾਨ ਅਤੇ ਸੰਤਾਂ ਭਗਤਾਂ ਦੇ ਆਪੋ ਆਪਣੀ ਬੰਦਗੀ ਦੇ ਦੌਰਾਨ ਅਤੇ ਉਸ ਤੋਂ ਉਪਰੰਤ ਸੰਗਤ ਦੀ ਸੇਵਾ ਕਰਦੇ ਹੋਏ ਅਨੁਭਵ ਹੀ ਹਨ। ਜੋ ਕੁਝ ਵੀ ਗੁਰਬਾਣੀ ਵਿੱਚ ਲਿਖਿਆ ਗਿਆ ਹੈ ਉਹ ਸਾਰੇ ਸਤਿਗੁਰੂ ਸਾਹਿਬਾਨ, ਸੰਤਾਂ ਅਤੇ ਭਗਤਾਂ ਦੀ ਆਪਣੀ ਆਪ ਬੀਤੀ ਗੁਰਪ੍ਰਸਾਦੀ ਕਥਾ ਹੀ ਹੈ। ਜੋ ਕੁਝ ਵੀ ਗੁਰਬਾਣੀ ਵਿੱਚ ਲਿਖਿਆ ਗਿਆ ਹੈ ਉਹ ਸਭ ਕੁਝ ਪੂਰਨ ਹੁਕਮ ਵਿੱਚ ਲਿਖਿਆ ਗਿਆ ਹੈ ਅਤੇ ਪੂਰਨ ਸਤਿ ਹੈ, ਪੂਰਨ ਬ੍ਰਹਮ ਗਿਆਨ ਹੈ, ਅਕੱਥ ਦੀ ਕਹਾਣੀ ਕਿਵੇਂ ਪ੍ਰਗਟ ਹੁੰਦੀ ਹੈ ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ। ਸਤਿਗੁਰੂ ਸਾਹਿਬਾਨ ਨੇ ਬੇਅੰਤ ਕਿਰਪਾ ਕੀਤੀ ਸਾਰੀ ਲੁਕਾਈ ਉੱਪਰ ਜੋ ਇਸ ਇਲਾਹੀ ਗੁਰਪ੍ਰਸਾਦੀ ਕਥਾ ਨੂੰ ਧਰਤੀ ਉੱਪਰ ਪ੍ਰਗਟ ਕੀਤਾ ਅਤੇ ਫਿਰ ਇਸ ਨੂੰ ਸਾਰੀ ਮਾਨਵ ਜਾਤੀ ਦੀ ਭਲਾਈ ਵਾਸਤੇ ਲਿਖਤ ਰੂਪ ਵਿੱਚ ਸੁਸ਼ੋਭਿਤ ਕਰ ਦਿੱਤਾ।

ਅਕੱਥ ਦੀ ਕਥਾ ਕਹੀ ਨਹੀਂ ਜਾ ਸਕਦੀ ਹੈ। ਅਕੱਥ ਦੀ ਕਥਾ ਸ਼ਬਦਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ ਹੈ। ਅਕੱਥ ਦੀ ਕਥਾ ਕੇਵਲ ਅਨੁਭਵ ਕੀਤੀ ਜਾ ਸਕਦੀ ਹੈ। ਧੰਨ ਧੰਨ ਸੰਤ ਸਤਿਗੁਰੂ ਕਬੀਰ ਪਾਤਸ਼ਾਹ ਜੀ ਨੇ ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਹੈ:

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥
ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੭੦)

ਧੰਨ ਧੰਨ ਸਰਬ ਕਲਾ ਭਰਪੂਰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਚਰਨ ਕੰਵਲ ਜਦ ਧੰਨ ਧੰਨ ਸੰਤ ਸਤਿਗੁਰੂ ਕਬੀਰ ਪਾਤਸ਼ਾਹ ਜੀ ਦੇ ਹਿਰਦੇ ਵਿੱਚ ਪ੍ਰਗਟ ਹੋਏ ਤਾਂ ਉਸ ਅਵਸਥਾ

ਵਿੱਚ ਉਨ੍ਹਾਂ ਨੇ ਜੋ ਰੂਹਾਨੀਅਤ ਦੇ ਸ਼ਿਖਰ ਨੂੰ ਅਨੁਭਵ ਕੀਤਾ, ਜਿਸ ਪਰਮ ਆਨੰਦ ਨੂੰ ਪ੍ਰਾਪਤ ਕਰ ਕੇ ਸਤਿ ਚਿੱਤ ਆਨੰਦ ਨੂੰ ਅਨੁਭਵ ਕੀਤਾ ਉਸ ਅਵਸਥਾ ਦਾ ਬਿਆਨ ਉਹ ਨਹੀਂ ਕਰ ਸਕੇ ਅਤੇ ਕਿਹਾ ਕਿ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਹੈ ਅਤੇ ਕੇਵਲ ਅਨੁਭਵ ਕੀਤਾ ਜਾ ਸਕਦਾ ਹੈ। ਭਾਵ ਇਹ ਹੈ ਕਿ ਅਕੱਥ ਦੀ ਕਥਾ ਬੋਲ ਕੇ ਨਹੀਂ ਦੱਸੀ ਜਾ ਸਕਦੀ ਹੈ ਨਾ ਹੀ ਲਿਖਤ ਰੂਪ ਵਿੱਚ ਬਿਆਨ ਕੀਤੀ ਜਾ ਸਕਦੀ ਹੈ। ਅਕੱਥ ਦੀ ਕਥਾ ਸੰਤ ਦੇ ਹਿਰਦੇ ਵਿੱਚ ਪ੍ਰਗਟ ਹੁੰਦੀ ਹੈ। ਅਕੱਥ ਦੀ ਕਥਾ ਪੂਰਨ ਸੰਤ, ਸਤਿਗੁਰੂ ਅਤੇ ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਧਰਤੀ ਉੱਪਰ ਪ੍ਰਗਟ ਹੁੰਦੀ ਹੈ। ਅਕੱਥ ਦੀ ਕਥਾ ਪੂਰਨ ਸੰਤ, ਸਤਿਗੁਰੂ ਅਤੇ ਪੂਰਨ ਬ੍ਰਹਮ ਗਿਆਨੀ ਦੀ ਸੰਗਤ ਜਦ ਉਸ ਦੇ ਪਰਮ ਸ਼ਕਤੀਸ਼ਾਲੀ ਛਤਰ ਹੇਠ ਬੈਠ ਕੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਚੜ੍ਹਦੀ ਕਲਾ ਵਿੱਚ ਜਾਂਦੀ ਹੈ ਅਤੇ ਉਸ ਦੀ ਸੁੰਦਰ ਸਤਿ ਸੰਗਤ ਵਿੱਚ ਸੁਹਾਗਣਾਂ ਅਤੇ ਸਦਾ ਸੁਹਾਗਣਾਂ ਦਾ ਜਨਮ ਹੁੰਦਾ ਹੈ ਤਾਂ ਦਰਗਾਹ ਧਰਤੀ ਉੱਪਰ ਪ੍ਰਗਟ ਹੁੰਦੀ ਹੈ। ਪੂਰਨ ਸੰਤ, ਸਤਿਗੁਰੂ ਅਤੇ ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਜਦ ਸੁਹਾਗਣਾਂ ਅਤੇ ਸਦਾ ਸੁਹਾਗਣਾਂ ਸਮਾਧੀ ਅਤੇ ਸੁੰਨ ਸਮਾਧੀ ਵਿੱਚ ਬੈਠ ਕੇ ਗੁਰਪ੍ਰਸਾਦਿ ਦੀ ਪਰਮ ਸ਼ਕਤੀਸ਼ਾਲੀ ਕਿਰਪਾ ਦਾ ਸਦਕਾ ਅੰਮ੍ਰਿਤ ਰਸ ਮਾਣਦੀਆਂ ਹੋਈਆਂ ਮਾਨਸਰੋਵਰ ਵਿੱਚ ਡੁੰਘੀਆਂ ਡੁੱਬ ਜਾਂਦੀਆਂ ਹਨ ਤਾਂ ਧਰਤੀ ਉੱਪਰ ਅਕੱਥ ਦੀ ਕਥਾ ਪ੍ਰਗਟ ਹੁੰਦੀ ਹੈ।

ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥
ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩)

ਕਰਮੁ ਹੋਵੈ ਤਾ ਪਰਮ ਪਦੁ ਪਾਈਐ ਕਥੇ ਅਕਥ ਕਹਾਣੀ ॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੨੨-੪੨੩)

ਅਕਥ ਕਹਾਣੀ ਤਿਨੀ ਜਾਣੀ ਜਿਸੁ ਆਪਿ ਪ੍ਰਭੁ ਕਿਰਪਾ ਕਰੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੪੫)

ਜਦ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਮਨੁੱਖ ਦੀ ਚੜ੍ਹਦੀ ਕਲਾ ਹੁੰਦੀ ਹੈ ਅਤੇ ਉਸ ਦੀ ਬੰਦਗੀ ਕਰਮ ਖੰਡ ਅਤੇ ਸੱਚ ਖੰਡ (ਬੰਦਗੀ ਦੇ ਪੰਜ ਖੰਡ: ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ ਦੀ ਮਹਿਮਾ ਪਉੜੀ ੬ ਦੀ ਗੁਰਪ੍ਰਸਾਦੀ ਕਥਾ ਵਿੱਚ ਬਿਆਨ ਕੀਤੀ ਗਈ ਹੈ) ਵਿੱਚ ਜਾਂਦੀ ਹੈ ਤਾਂ ਸਮਾਧੀ ਅਤੇ ਸੁੰਨ ਸਮਾਧੀ ਅਭਿਆਸ ਕਰਦੇ ਹੋਏ ਉਸ ਦੇ ੭ ਸਤਿ ਸਰੋਵਰ ਜਾਗਰਿਤ ਹੁੰਦੇ ਹਨ ਅਤੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ, ਨਾਮ ਰੋਮ-ਰੋਮ ਵਿੱਚ ਚਲਾ ਜਾਂਦਾ ਹੈ, ਹਿਰਦੇ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ, ਦਿਬ ਦ੍ਰਿਸ਼ਟੀ ਦੀ ਪ੍ਰਾਪਤੀ ਹੋ ਜਾਂਦੀ ਹੈ, ਮਾਇਆ ਨੂੰ ਜਿੱਤ ਕੇ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ, ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਅਕਾਲ ਪੁਰਖ ਦੇ ਦਰਸ਼ਨ ਹੋ ਜਾਂਦੇ ਹਨ, ਭਗਤ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਂਦਾ ਹੈ, ਜੀਵਨ ਮੁਕਤ ਹੋ ਜਾਂਦਾ ਹੈ, ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ, ਤਾਂ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਬਣ ਕੇ ਐਸੇ ਮਹਾਂਪੁਰਖਾਂ ਦੇ ਰੂਪ ਵਿੱਚ ਅਕੱਥ ਦੀ ਕਥਾ ਧਰਤੀ ਉੱਪਰ ਪ੍ਰਗਟ ਹੁੰਦੀ ਹੈ। ਐਸੇ ਮਹਾਂਪੁਰਖ, ਪੂਰਨ ਬ੍ਰਹਮ ਗਿਆਨੀ,

ਪੂਰਨ ਖ਼ਾਲਸਾ, ਪੂਰਨ ਸੰਤ ਸਤਿਗੁਰੂ ਦੇ ਰੂਪ ਵਿੱਚ ਅਕੱਥ ਦੀ ਕਥਾ ਪ੍ਰਗਟ ਹੁੰਦੀ ਹੈ। ਇਸ ਲਈ ਜਦ ਪੂਰਨ ਸੰਤ, ਸਤਿਗੁਰੂ, ਪੂਰਨ ਖ਼ਾਲਸਾ ਅਤੇ ਪੂਰਨ ਬ੍ਰਹਮ ਗਿਆਨੀ ਅਵਤਾਰ ਧਾਰਦਾ ਹੈ ਤਾਂ ਅਕੱਥ ਦੀ ਕਥਾ ਧਰਤੀ ਉੱਪਰ ਪ੍ਰਗਟ ਹੁੰਦੀ ਹੈ। ਇਸ ਲਈ ਜੇਕਰ ਅਕੱਥ ਦੀ ਕਥਾ ਦਾ ਅਨੁਭਵ ਕਰਨਾ ਹੈ ਤਾਂ ਮਨੁੱਖ ਨੂੰ ਪੂਰਨ ਬੰਦਗੀ ਦੀ ਪ੍ਰਾਪਤੀ ਕਰ ਕੇ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਵਿੱਚ ਆਪਣੇ ਆਪ ਨੂੰ ਰੰਗਣਾ ਪਵੇਗਾ ਤਾਂ ਹੀ ਇਸ ਪਰਮ ਸ਼ਕਤੀਸ਼ਾਲੀ ਕਥਾ ਦੀ ਝਲਕ ਪ੍ਰਾਪਤ ਹੋਏਗੀ।

ਪ੍ਰਸ਼ਨ ਉਤਪੰਨ ਹੁੰਦਾ ਹੈ (ਕਿਤੁ ਦੁਆਰੈ ਪਾਈਐ) ਕਿ ਇਸ ਪਰਮ ਸ਼ਕਤੀਸ਼ਾਲੀ ਅਕੱਥ ਦੀ ਕਥਾ ਮਨੁੱਖ ਨੂੰ ਆਪਣੇ ਆਪ ਵਿੱਚ ਪ੍ਰਗਟ ਕਰਨ ਲਈ ਕਿਹੜੇ ਦੁਆਰ ਉੱਪਰ ਜਾਣਾ ਪਵੇਗਾ ਅਤੇ ਕਿਹੜੇ ਦੁਆਰ ਤੋਂ ਪ੍ਰਾਪਤ ਹੋਏਗੀ। ਇਸ ਪ੍ਰਸ਼ਨ ਦਾ ਉੱਤਰ ਧੰਨ ਧੰਨ ਸਤਿਗੁਰੂ ਸਾਹਿਬ ਨੇ ਪਹਿਲਾਂ ਹੀ ਦੇ ਦਿੱਤਾ ਹੈ: 'ਅਵਹੁ ਸੰਤ ਪਿਆਰਿਹੋ ਅਕੱਥ ਕੀ ਕਰਹ ਕਹਾਣੀ', ਭਾਵ ਪੂਰਨ ਸੰਤ ਦਾ ਦੁਆਰਾ ਹੈ ਜਿਥੋਂ ਪਰਮ ਸ਼ਕਤੀਸ਼ਾਲੀ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਪਰਮ ਸ਼ਕਤੀਸ਼ਾਲੀ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਸੁਹਾਗਣਾਂ ਅਤੇ ਸਦਾ ਸੁਹਾਗਣਾਂ ਦਾ ਜਨਮ ਕੇਵਲ ਪੂਰਨ ਸੰਤ, ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਹੀ ਹੁੰਦਾ ਹੈ ਅਤੇ ਐਸੀ ਪਰਮ ਸ਼ਕਤੀਸ਼ਾਲੀ ਸੰਗਤ ਵਿੱਚ ਹੀ ਅਕੱਥ ਦੀ ਕਥਾ ਪ੍ਰਗਟ ਹੁੰਦੀ ਹੈ। ਜਿਨ੍ਹਾਂ ਮਨੁੱਖਾਂ ਉੱਪਰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕਿਰਪਾ ਬਰਸਦੀ ਹੈ ਉਨ੍ਹਾਂ ਪਿਆਰਿਆਂ ਨੂੰ ਪੂਰਨ ਸੰਤ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਜਿਸ ਮਨੁੱਖ ਦੀ ਕਰਨੀ ਸਤਿ ਦੀ ਕਰਨੀ ਹੁੰਦੀ ਹੈ ਉਸ ਮਨੁੱਖ ਦੇ ਸਤਿ ਕਰਮਾਂ ਦਾ ਪਲੜਾ ਜਦ ਇਤਨਾ ਭਾਰੀ ਹੋ ਜਾਂਦਾ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਉਸ ਉੱਪਰ ਆਪਣੀ ਕਿਰਪਾ ਕਰਨੀ ਪੈਂਦੀ ਹੈ, ਉਸ ਮਨੁੱਖ ਦੇ ਭਾਗ ਜਾਗ ਪੈਂਦੇ ਹਨ ਅਤੇ ਉਸ ਨੂੰ ਫਿਰ ਪੂਰਨ ਸੰਤ ਦੀ ਸੰਗਤ ਦੇ ਵਿੱਚ ਉਸ ਦੇ ਸਤਿ ਕਰਮ ਲੈ ਜਾਂਦੇ ਹਨ। ਜਿਥੇ ਸੇਵਾ ਕਰਦੇ ਹੋਏ ਉਸ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪਰਮ ਸ਼ਕਤੀਸ਼ਾਲੀ ਬਖ਼ਸ਼ਿਸ਼ ਦੀ ਪ੍ਰਾਪਤੀ ਹੋ ਜਾਂਦੀ ਹੈ। ਜੋ ਮਨੁੱਖ ਐਸੇ ਮਹਾਂਪੁਰਖਾਂ ਦੇ ਸਤਿ ਚਰਨਾਂ ਉੱਪਰ ਆਪਣਾ ਤਨ, ਮਨ ਅਤੇ ਧਨ ਅਰਪਣ ਕਰਦੇ ਹਨ ਉਨ੍ਹਾਂ ਨੂੰ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਜੋ ਮਨੁੱਖ ਐਸੇ ਪੂਰਨ ਸੰਤ ਦੇ ਸਤਿ ਚਰਨਾਂ ਉੱਪਰ ਆਪਣਾ ਪੂਰਨ ਸਮਰਪਣ ਕਰ ਦਿੰਦੇ ਹਨ ਉਨ੍ਹਾਂ ਦੀ ਸੁਰਤਿ ਵਿੱਚ ਸਤਿਨਾਮ ਪ੍ਰਕਾਸ਼ਮਾਨ ਹੋ ਜਾਂਦਾ ਹੈ ਅਤੇ ਉਨ੍ਹਾਂ ਨੂੰ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਪੂਰਨ ਬੰਦਗੀ ਦੀ ਪ੍ਰਾਪਤੀ ਦਾ ਕੇਵਲ ਇਹ ਹੀ ਰਹੱਸ ਹੈ ਜਿਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ ਅਤੇ ਪ੍ਰਗਟ ਕੀਤਾ ਹੈ:

ਮਨੁ ਤਨੁ ਧਨੁ ਜਿਨਿ ਪ੍ਰਭਿ ਦੀਆ ਰਖਿਆ ਸਹਜਿ ਸਵਾਰਿ ॥
ਸਰਬ ਕਲਾ ਕਰਿ ਥਾਪਿਆ ਅੰਤਰਿ ਜੋਤਿ ਅਪਾਰ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭)

ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ ॥
ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੫੬-੨੫੭)

ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥
ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੧)

ਜੋ ਬੰਦਗੀ ਕਰਨ ਵਾਲੇ ਮਨੁੱਖ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਆਪਣਾ ਤਨ-ਮਨ-ਧਨ ਅਰਪਣ ਕਰ ਦਿੰਦੇ ਹਨ ਕੇਵਲ ਉਨ੍ਹਾਂ ਮਨੁੱਖਾਂ ਨੂੰ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਪ੍ਰਾਪਤ ਹੁੰਦੇ ਹਨ। ਬੰਦਗੀ ਸ਼ਰਨਾਗਤ ਹੈ। ਭਾਵ ਬੰਦਗੀ ਦੀ ਪ੍ਰਾਪਤੀ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਆਪਣਾ ਆਪਾ ਅਰਪਣ ਕਰਨ ਨਾਲ ਹੀ ਪ੍ਰਾਪਤ ਹੁੰਦੀ ਹੈ। ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰਨ ਨਾਲ ਮਨੁੱਖ ਦੇ ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਦੀ ਪਰਮ ਸ਼ਕਤੀ ਪ੍ਰਗਟ ਹੋ ਜਾਂਦੀ ਹੈ। ਇਸ ਪਰਮ ਜੋਤ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਸਰਬ ਕਲਾਵਾਂ ਸਮਾਈਆਂ ਹੋਈਆਂ ਹਨ। ਪਰਮ ਜੋਤ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਆਪਣੀਆਂ ਸਰਬ ਕਲਾਵਾਂ, ਭਾਵ ਸਾਰੀਆਂ ਪਰਮ ਸ਼ਕਤੀਆਂ ਨਾਲ ਥਾਪਿਆ ਹੈ। ਇਹ ਪਰਮ ਜੋਤ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਹੈ ਜੋ ਮਨੁੱਖ ਦੇ ਹਿਰਦੇ ਵਿੱਚ ਪ੍ਰਗਟ ਹੁੰਦੀ ਹੈ। ਜੋ ਸੱਜਣ ਪੂਰਨ ਸਮਰਪਣ ਕਰਦੇ ਹਨ ਉਹ ਸਹਿਜ ਸਮਾਧੀ ਵਿੱਚ ਸਹਿਜੇ ਹੀ ਚਲੇ ਜਾਂਦੇ ਹਨ। ਸਹਿਜ ਸਮਾਧੀ ਸਭ ਤੋਂ ਉੱਤਮ ਸਮਾਧੀ ਹੈ। ਸਹਿਜ ਸਮਾਧੀ ਹੀ ਪਰਮ ਪਦਵੀ ਹੈ। ਸਹਿਜ ਸਮਾਧੀ ਹੀ ਅਟੱਲ ਅਵਸਥਾ ਹੈ। ਸਹਿਜ ਸਮਾਧੀ ਹੀ ਤੁਰੀਆ ਅਵਸਥਾ ਹੈ। ਸਹਿਜ ਸਮਾਧੀ ਹੀ ਪੂਰਨ ਅਵਸਥਾ ਹੈ। ਸਹਿਜ ਸਮਾਧੀ ਦੀ ਪ੍ਰਾਪਤੀ ਮਾਇਆ ਨੂੰ ਜਿੱਤਣ 'ਤੇ ਹੁੰਦੀ ਹੈ। ਸਹਿਜ ਸਮਾਧੀ ਦੀ ਪ੍ਰਾਪਤੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨਾਂ ਨਾਲ ਹੁੰਦੀ ਹੈ। ਸਹਿਜ ਸਮਾਧੀ ਦੀ ਪ੍ਰਾਪਤੀ ਦੇ ਨਾਲ ਹੀ ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਦਰਗਾਹੀ ਹੁਕਮ ਅਨੁਸਾਰ ਮਹਾਪਰਉਪਕਾਰ ਦੀ ਸੇਵਾ ਦੀ ਪ੍ਰਾਪਤੀ ਹੁੰਦੀ ਹੈ। ਸਹਿਜ ਸਮਾਧੀ ਹੀ ਹਿਰਦੇ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਹੈ।

ਜੋ ਮਨੁੱਖ ਆਪਣੇ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰਦੇ ਹਨ ਉਨ੍ਹਾਂ ਦੇ ਸਾਰੇ ਭਰਮਾਂ ਦਾ ਨਾਸ ਹੋ ਜਾਂਦਾ ਹੈ ਅਤੇ ਉਹ ਭਉ ਤੋਂ ਮੁਕਤ ਹੋ ਜਾਂਦੇ ਹਨ। ਜੋ ਸਤਿ ਨਹੀਂ ਹੈ ਉਹ ਭਰਮ ਹੈ। ਜੋ ਝੂਠ ਹੈ ਉਹ ਭਰਮ ਹੈ। ਇਸ ਲਈ ਜੋ ਮਨੁੱਖ ਆਪਣੇ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰਦੇ ਹਨ ਉਨ੍ਹਾਂ ਦੇ ਰੋਮ-ਰੋਮ ਵਿੱਚ ਪਰਮ ਜੋਤ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਰੋਮ-ਰੋਮ ਵਿੱਚ ਸਤਿਨਾਮ ਵੱਜਣ ਲੱਗ ਜਾਂਦਾ ਹੈ। ਉਹ ਅੰਦਰੋਂ ਅਤੇ ਬਾਹਰੋਂ ਪੂਰਨ ਸਚਿਆਰੀ ਰਹਿਤ ਵਿੱਚ ਸਮਾ ਜਾਂਦੇ ਹਨ ਅਤੇ ਉਨ੍ਹਾਂ ਦੇ ਸਾਰੇ ਝੂਠ ਕਰਮਾਂ ਦਾ ਅੰਤ ਹੋ ਜਾਂਦਾ ਹੈ। ਜੋ ਮਨੁੱਖ ਆਪਣੇ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰ ਦਿੰਦੇ ਹਨ ਉਹ ਮੋਹ ਤੋਂ ਮੁਕਤ ਹੋ ਜਾਂਦੇ ਹਨ। ਸਾਰੇ ਭਉ ਦੀ ਜੜ ਕੇਵਲ ਮੋਹ ਹੀ ਹੈ। ਹਰ ਇੱਕ ਮਨੁੱਖ ਹਰ ਸਮੇਂ ਕਿਸੇ ਨਾ ਕਿਸੇ ਭਉ ਵਿੱਚ ਰਹਿੰਦਾ ਹੈ। ਸੰਸਾਰਿਕ ਪਦਾਰਥਾਂ ਦੇ ਖੋਹੇ ਜਾਣ ਦਾ ਭਉ, ਸੰਸਾਰਿਕ ਪਰਿਵਾਰਕ ਸੰਬੰਧਾਂ ਦੇ ਬਿਗੜਣ ਦਾ ਭਉ, ਜਾਇਦਾਦਾਂ ਅਤੇ ਧਨ-ਸੰਪਦਾ ਦੇ ਖੋਹੇ ਜਾਣ ਦਾ ਭਉ ਆਦਿ ਵਿੱਚ ਮਨੁੱਖ ਹਰ ਸਮੇਂ ਜਕੜਿਆ ਰਹਿੰਦਾ ਹੈ। ਇਹ ਭਉ ਹੀ ਮਨੁੱਖ ਦਾ ਸੰਸਾਰਿਕ ਮੋਹ ਹੈ। ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਨਾਲ ਮਨੁੱਖ ਦੇ ਭਉ ਦਾ ਨਾਸ ਹੋ ਜਾਂਦਾ ਹੈ ਅਤੇ ਮਨੁੱਖ ਨਿਰਭਉ ਹੋ ਜਾਂਦਾ ਹੈ।

ਜੋ ਮਨੁੱਖ ਆਪਣੇ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰਦੇ ਹਨ ਉਨ੍ਹਾਂ

ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਕਿਰਪਾ ਬਰਸਦੀ ਹੈ ਅਤੇ ਉਨ੍ਹਾਂ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਆਪਣਾ ਹੁਕਮ ਆਪ ਮਨਾਉਂਦਾ ਹੈ, ਆਪਣਾ ਨਾਮ ਆਪ ਜਪਾਉਂਦਾ ਹੈ, ਆਪਣੇ ਰੰਗ ਵਿੱਚ ਆਪ ਰੰਗਦਾ ਹੈ, ਉਸ ਮਨੁੱਖ ਦੀ ਬੰਦਗੀ ਆਪ ਪੂਰਨ ਕਰਵਾਉਂਦਾ ਹੈ ਅਤੇ ਦਰਗਾਹ ਪ੍ਰਵਾਨ ਕਰਦਾ ਹੈ।

ਸਤਿਗੁਰੂ ਦੇ ਸਤਿ ਚਰਨਾਂ ਤੇ ਪੂਰਨ ਸਮਰਪਣ **ਪੂਰਨ ਬੰਦਗੀ ਦਾ ਗੁਰ ਪ੍ਰਸਾਦਿ ਲਿਆਉਂਦਾ ਹੈ:-**

ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥
ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥੧॥

ਸਤਿਗੁਰ ਦਾਤੇ ਧੰਨ ਧੰਨ ਪੰਚਮ ਪਾਤਸ਼ਾਹ ਜੀ ਨੇ ਬੇਅੰਤ ਦਿਆਲਤਾ ਨਾਲ ਸੁਖਮਨੀ ਸਾਹਿਬ ਜੀ ਦੇ ਇਸ ਅਖੀਰਲੇ ਸਲੋਕ ਵਿੱਚ ਸਾਨੂੰ ਦਰਗਾਹ ਦੀ ਕੁੰਜੀ ਬਖ਼ਸ਼ੀ ਹੈ। ਉਨ੍ਹਾਂ ਨੇ ਸਾਨੂੰ ਇਸ ਬ੍ਰਹਮ ਸਲੋਕ ਵਿੱਚ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ, ਪਰਉਪਕਾਰ ਅਤੇ ਮਹਾਂ ਪਰਉਪਕਾਰ ਦਾ ਗੁਰ ਪ੍ਰਸਾਦਿ ਜਿੱਤਣ ਦੇ ਭੇਦ ਦੱਸ ਦਿੱਤੇ ਹਨ। ਸੁਖਮਨੀ ਸਾਹਿਬ ਜੀ ਦੀ ਬਾਣੀ ਦਾ ਇਹ ਅਖੀਰਲਾ ਸਲੋਕ ਸਾਰੀ ਸੁਖਮਨੀ ਦਾ ਅਤੇ ਸਾਰੀ ਗੁਰਬਾਣੀ ਦਾ ਨਿਚੋੜ ਹੈ। ਸੱਚੇ ਪਾਤਸ਼ਾਹ ਜੀ ਨੇ ਇਸ ਸਲੋਕ ਵਿੱਚ ਦਰਗਾਹ ਦੀ ਕੁੰਜੀ ਸਾਡੇ ਹੱਥ ਫੜਾ ਦਿੱਤੀ ਹੈ। ਅਕੱਥ ਦੀ ਕਥਾ ਨੂੰ ਆਪਣੇ ਹਿਰਦੇ ਵਿੱਚ ਪ੍ਰਗਟ ਕਰਨ ਲਈ ਅਤੇ ਇਸ ਦਾ ਪ੍ਰਤੱਖ ਅਨੁਭਵ ਕਰਨ ਲਈ ਸਤਿਗੁਰ ਸੱਚੇ ਪਾਤਸ਼ਾਹ ਜੀ ਸਾਨੂੰ ਦੱਸ ਰਹੇ ਹਨ ਕਿ ਸਾਨੂੰ ਪ੍ਰਾਪਤ ਕਰਨ ਦੀ ਜ਼ਰੂਰਤ ਹੈ:-

- **ਸਤਿਨਾਮ ਦਾ ਗੁਰਪ੍ਰਸਾਦਿ।**
- **ਸਤਿਨਾਮ ਸਿਮਰਨ ਦਾ ਗੁਰਪ੍ਰਸਾਦਿ।**
- **ਸਤਿਨਾਮ ਕੀ ਕਮਾਈ ਦਾ ਗੁਰਪ੍ਰਸਾਦਿ।**
- **ਪੂਰਨ ਬੰਦਗੀ ਦਾ ਗੁਰਪ੍ਰਸਾਦਿ।**

ਇਹ ਪਰਮ ਸ਼ਕਤੀਸ਼ਾਲੀ ਗੁਰਪ੍ਰਸਾਦਿ ਸਾਨੂੰ 'ਕਰਮ ਖੰਡ' ਵਿੱਚ ਸਥਾਪਿਤ ਕਰ ਕੇ ਸਤਿਨਾਮ ਦੀ ਕਮਾਈ ਕਰਦੇ ਹੋਏ ਸੱਚ ਖੰਡ ਵਿੱਚ ਲੈ ਕੇ ਜਾਂਦੀ ਹੈ ਅਤੇ ਪੂਰਨ ਬੰਦਗੀ ਦੀ ਪ੍ਰਾਪਤੀ ਕਰਵਾਉਂਦੀ ਹੈ। ਸੱਚ ਖੰਡ ਵਿੱਚ ਸਤਿਨਾਮ ਦੀ ਕਮਾਈ ਕਰਦੇ ਹੋਏ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਅਤੇ ਤ੍ਰਿਸ਼ਣਾ ਨੂੰ ਬੁਝਾ ਕੇ ਸਾਨੂੰ ਅਕਾਲ ਪੁਰਖ ਦੇ ਨਿਰਗੁਣ ਸਰੂਪ ਵਿੱਚ ਅਭੇਦ ਕਰਦਾ ਹੈ ਅਤੇ ਸਾਨੂੰ ਪ੍ਰਾਪਤ ਕਰਵਾਉਂਦਾ ਹੈ:

- **ਪੂਰਨ ਅਵਸਥਾ ਦਾ ਗੁਰਪ੍ਰਸਾਦਿ।**
- **ਅਟੱਲ ਅਵਸਥਾ ਦਾ ਗੁਰਪ੍ਰਸਾਦਿ।**
- **ਪਰਮ ਪਦਵੀ ਦਾ ਗੁਰਪ੍ਰਸਾਦਿ।**
- **ਪੂਰਨ ਬ੍ਰਹਮ ਗਿਆਨ ਦਾ ਗੁਰਪ੍ਰਸਾਦਿ।**
- **ਪੂਰਨ ਤੱਤ ਗਿਆਨ ਦਾ ਗੁਰਪ੍ਰਸਾਦਿ।**

ਧੰਨ ਧੰਨ ਸਤਿ ਪਾਰ ਬ੍ਰਹਮ ਪਰਮੇਸ਼ਰ ਜੀ ਦੇ ਪਰਮ ਜੋਤ ਪੂਰਨ ਪ੍ਰਕਾਸ਼ ਵਿੱਚ ਅਭੇਦ ਹੋਣਾ, ਅਨੰਤ ਬ੍ਰਹਮ ਸ਼ਕਤੀ ਵਿੱਚ ਸਮਾ ਜਾਣ ਦਾ ਗੁਰਪ੍ਰਸਾਦਿ।

ਇਹ ਸਾਰੀਆਂ ਬ੍ਰਹਮ ਬਖ਼ਸ਼ੀਸ਼ਾਂ ਉਨ੍ਹਾਂ ਮਨੁੱਖਾਂ ਨੂੰ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਨੇ 'ਪੂਰਾ ਪ੍ਰਭੂ ਅਰਾਧਿਆ', ਭਾਵ ਜਿਨ੍ਹਾਂ ਨੇ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕੀਤਾ ਹੈ। ਪੂਰਨ ਬੰਦਗੀ ਪੂਰਨਤਾ ਵੱਲ ਨੂੰ ਖੜਦੀ ਹੈ ਅਤੇ ਪੂਰਨਤਾ ਦਾ ਭਾਵ ਹੈ ਅਨੰਤ ਬ੍ਰਹਮ ਪਰਮ ਸ਼ਕਤੀ ਵਿੱਚ ਸਮਾ ਜਾਣਾ। ਬਿਨਾਂ ਪੂਰਨ ਬੰਦਗੀ ਦੇ ਅਸੀਂ ਪੂਰਨਤਾ ਦਾ ਅਨੁਭਵ ਨਹੀਂ ਕਰ ਸਕਦੇ। ਅਸੀਂ ਉਸ ਅਨੰਤ ਬ੍ਰਹਮ ਪਰਮ ਸ਼ਕਤੀ ਦਾ ਅਨੁਭਵ ਨਹੀਂ ਕਰ ਸਕਦੇ ਜਿਹੜੀ ਸਾਰੇ ਬ੍ਰਹਿਮੰਡ ਵਿੱਚ ਸਰਬ ਵਿਆਪਕ ਹੈ।

ਜਦ ਤੱਕ ਅਸੀਂ ਪੂਰਨਤਾ ਪ੍ਰਾਪਤ ਨਹੀਂ ਕਰਦੇ ਇਸ ਦਾ ਭਾਵ ਹੈ ਅਸੀਂ ਅਜੇ ਵੀ ਮਾਇਆ ਦੇ ਅਧੀਨ ਹਾਂ ਅਤੇ ਅਸੀਂ ਮਾਇਆ ਦੇ ਗ਼ੁਲਾਮ ਹਾਂ। ਇਸ ਦਾ ਭਾਵ ਹੈ ਅਸੀਂ ਅਜੇ ਵੀ ਮਨਮੁਖ ਹਾਂ। ਜਦ ਹੀ ਅਸੀਂ ਪੂਰਨਤਾ ਪ੍ਰਾਪਤ ਕਰਦੇ ਹਾਂ ਅਸੀਂ ਹੁਕਮ ਅਧੀਨ ਹੁੰਦੇ ਹਾਂ ਅਸੀਂ ਇੱਕ ਗੁਰਮੁਖ ਬਣਦੇ ਹਾਂ, ਅਸੀਂ ਮਾਇਆ ਉੱਪਰ ਜਿੱਤ ਪਾਉਂਦੇ ਹਾਂ, ਅਸੀਂ ਮਾਇਆ ਨੂੰ ਹਰਾ ਦਿੰਦੇ ਹਾਂ।

ਪੂਰਨਤਾ ਦੀ ਪ੍ਰਾਪਤੀ ਸਾਨੂੰ ਪੂਰਨ (ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ) ਵਿੱਚ ਅਭੇਦ ਕਰ ਦਿੰਦੀ ਹੈ। 'ਪੂਰਾ' ਦਾ ਭਾਵ ਹੈ ਅਨੰਤ ਬੇਅੰਤ ਪਰਮ ਬ੍ਰਹਮ ਸ਼ਕਤੀ ਜੋ ਕਿ ਪੂਰਨ ਸਮਰਪਣ ਨਾਲ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਉਹ ਮਨੁੱਖ ਜਿਹੜੇ ਆਪਣੇ ਗੁਰ ਅਤੇ ਗੁਰੂ ਨੂੰ ਆਪਣੇ ਤਨ, ਮਨ ਅਤੇ ਧਨ ਨਾਲ ਪੂਰਨ ਸਮਰਪਣ ਕਰਦੇ ਹਨ ਅਤੇ ਆਪਣੇ ਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਭਰੋਸੇ, ਪੂਰਨ ਸ਼ਰਧਾ ਅਤੇ ਬੇ-ਸ਼ਰਤ ਪਿਆਰ ਨਾਲ ਸਮਰਪਣ ਕਰਦੇ ਹਨ, ਕੇਵਲ ਉਹ ਪੂਰਨ ਬੰਦਗੀ ਪ੍ਰਾਪਤ ਕਰਦੇ ਹਨ ਅਤੇ ਪੂਰਨਤਾ ਪ੍ਰਾਪਤ ਕਰਦੇ ਹਨ।

ਬੰਦਗੀ ਬਹੁਤ ਸੌਖੀ ਅਤੇ ਸਰਲ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਬੇਅੰਤ ਸਰਲ ਹੈ। ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰੋ ਅਤੇ ਪੂਰਨਤਾ ਪ੍ਰਾਪਤ ਕਰੋ। ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਹੀ ਦਰਗਾਹ ਦੀ ਕੁੰਜੀ ਹੈ। ਇਹ ਪੂਰਨ ਪਰਮ ਸਤਿ ਤੱਤ ਹੈ ਕਿ ਜੋ ਮਨੁੱਖ ਪੂਰਨ ਸਮਰਪਣ ਕਰਦੇ ਹਨ ਉਹ ਯਕੀਨੀ ਤੌਰ 'ਤੇ ਪੂਰਨਤਾ ਪ੍ਰਾਪਤ ਕਰਦੇ ਹਨ। ਇਸ ਪਰਮ ਸ਼ਕਤੀਸ਼ਾਲੀ ਪੂਰਨ ਬ੍ਰਹਮ ਗਿਆਨ ਨੂੰ ਸਾਡੀ ਝੋਲੀ ਵਿੱਚ ਪਾ ਕੇ ਧੰਨ ਧੰਨ ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਜੀਵਨ ਮੁਕਤੀ ਨੂੰ ਬਹੁਤ ਸਾਦਾ ਅਤੇ ਸੌਖਾ ਬਣਾ ਦਿੱਤਾ ਹੈ। ਇਸ ਪਰਮ ਸਤਿ ਤੱਤ ਨੂੰ ਦ੍ਰਿੜ੍ਹ ਕਰ ਲਵੋ ਕਿ ਇਹ ਸਤਿਗੁਰੂ ਦੇ ਸ਼ਬਦ ਹਨ ਅਤੇ ਇਹ ਪੂਰਨ ਸਤਿ ਹਨ। ਇਸ ਪਰਮ ਸ਼ਕਤੀਸ਼ਾਲੀ ਸਲੋਕ ਵਿੱਚ ਲਿਖੇ ਗਏ ਸਤਿਗੁਰੂ ਦੇ ਬਚਨ ਸਤਿਗੁਰੂ ਦਾ ਇਲਾਹੀ ਵਾਅਦਾ ਹੈ। ਜੇਕਰ ਅਸੀਂ ਆਪਣੇ ਆਪ ਨੂੰ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰਦੇ ਹਾਂ ਤਾਂ ਸਾਨੂੰ ਪੂਰਨਤਾ ਦੀ ਪ੍ਰਾਪਤੀ ਹੋਣਾ ਅਟੱਲ ਸਤਿ ਹੈ।

ਬਹੁਤ ਸਾਰੇ ਲੋਕਾਂ ਦੇ ਮਨ ਵਿੱਚ ਇਹ ਪ੍ਰਸ਼ਨ ਹੈ ਕਿ ਅਸੀਂ ਬਹੁਤ ਸਾਰਾ ਸਿਮਰਨ ਅਤੇ ਸੇਵਾ ਕਰਦੇ ਹਾਂ ਅਤੇ ਬਹੁਤ ਲੰਮੇ ਸਮੇਂ ਤੋਂ ਕਰ ਰਹੇ ਹਾਂ, ਪਰ ਅਸੀਂ ਅਜੇ ਤੱਕ ਕੁਝ ਵੀ ਰੂਹਾਨੀ ਤਰੱਕੀ ਅਨੁਭਵ ਨਹੀਂ ਕਰ ਰਹੇ ਹਾਂ। ਸਾਡਾ ਮਨ ਅਜੇ ਵੀ ਨਹੀਂ ਟਿਕ ਰਿਹਾ ਹੈ। ਮਨ ਨੂੰ ਸ਼ਾਂਤੀ ਨਹੀਂ ਹੈ।

ਉੱਤਰ ਬਹੁਤ ਹੀ ਸਰਲ ਹੈ। ਕੇਵਲ ਆਪਣੇ ਆਪ ਨੂੰ ਪ੍ਰਸ਼ਨ ਕਰੋ: ਕੀ ਮੇਰਾ ਕੋਈ ਸੰਤ ਸਤਿਗੁਰੂ ਹੈ ਅਤੇ ਕੀ ਮੈਂ ਆਪਣੇ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕੀਤਾ ਹੈ ? ਕੀ ਮੈਂ ਆਪਣੇ ਆਪ ਨੂੰ ਪੂਰਨ ਤੌਰ 'ਤੇ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕੀਤਾ ਹੈ ? ਕੀ ਮੈਂ ਆਪਣਾ ਤਨ, ਮਨ ਅਤੇ ਧਨ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਭਰੋਸੇ, ਪੂਰਨ ਸ਼ਰਧਾ, ਅਤੇ ਬਿਨ ਮੰਗਾਂ ਦੇ ਪੂਰਨ ਪ੍ਰੀਤ ਨਾਲ ਸਮਰਪਣ ਕੀਤਾ ਹੈ ? ਕੀ ਮੈਨੂੰ ਗੁਰਪ੍ਰਸਾਦਿ ਦੀ ਕਿਰਪਾ ਪ੍ਰਾਪਤ ਹੈ ?

ਜੇਕਰ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ 'ਹਾਂ' ਹੈ ਤਾਂ ਅਸੀਂ ਆਪਣੇ ਰੂਹਾਨੀ ਜੀਵਨ ਵਿੱਚ ਸਫਲਤਾ ਦੇ ਰਸਤੇ 'ਤੇ ਜਾ ਰਹੇ ਹਾਂ ਅਤੇ ਕੇਵਲ ਇਸ ਉੱਪਰ ਚਲਦੇ ਰਹਿਣ ਦੀ ਜ਼ਰੂਰਤ ਹੈ। ਜੇਕਰ ਉੱਤਰ 'ਨਹੀਂ' ਹੈ ਤਾਂ ਤੁਹਾਡੀ ਬੰਦਗੀ ਅਜੇ ਸ਼ੁਰੂ ਹੀ ਨਹੀਂ ਹੋਈ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਨਾਲ ਹੀ ਬੰਦਗੀ ਸ਼ੁਰੂ ਹੁੰਦੀ ਹੈ, ਇਸ ਤੋਂ ਬਿਨਾਂ ਬੰਦਗੀ ਸ਼ੁਰੂ ਨਹੀਂ ਹੁੰਦੀ। ਗੁਰਪ੍ਰਸਾਦਿ ਤੋਂ ਬਿਨਾਂ ਮਨੁੱਖ ਚੜ੍ਹਦੀ ਕਲਾ ਵਿੱਚ ਨਹੀਂ ਜਾ ਸਕਦਾ ਹੈ। ਦਰਗਾਹ ਵਿੱਚ ਬੰਦਗੀ ਦਾ ਖ਼ਾਤਾ ਕੇਵਲ ਗੁਰਪ੍ਰਸਾਦਿ ਨਾਲ ਹੀ ਖੁੱਲ੍ਹਦਾ ਹੈ। ਸੰਤ ਸਤਿਗੁਰੂ ਦੀ ਕਿਰਪਾ ਤੋਂ ਬਿਨਾਂ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਨਹੀਂ ਹੁੰਦੀ ਹੈ।

ਤਨ ਦੇ ਸਮਰਪਣ ਦਾ ਭਾਵ ਹੈ ਸੇਵਾ ਅਤੇ ਸਤਿਨਾਮ ਸਿਮਰਨ। ਇਹ ਪੂਰਨ ਬੰਦਗੀ ਦੀ ਪ੍ਰਾਪਤੀ ਦਾ ਪਹਿਲਾ ਦਰਗਾਹੀ ਨਿਯਮ ਹੈ ਅਤੇ ਪੂਰਨ ਬੰਦਗੀ ਦੀ ਪ੍ਰਕਿਰਿਆ ਦਾ ਲਾਜ਼ਮੀ ਬ੍ਰਹਮ ਵਿਧਾਨ ਹੈ। ਤਨ ਨੂੰ ਸਤਿਨਾਮ ਸਿਮਰਨ ਲਈ ਵਰਤਣ ਦਾ ਭਾਵ ਹੈ ਆਪਣੇ ਸਮੇਂ ਦਾ ਦਸਵਾਂ ਭਾਗ ਹਰ ਰੋਜ਼ ਸਤਿਨਾਮ ਸਿਮਰਨ ਲਈ ਦੇਣਾ। ਸਤਿਨਾਮ ਸਿਮਰਨ ਅਕਾਲ ਪੁਰਖ ਦੀ ਸਭ ਤੋਂ ਉੱਚੀ ਸੇਵਾ ਹੈ। ਸਤਿਨਾਮ ਸਿਮਰਨ ਸਾਡੀ ਸੁਰਤ, ਮਨ ਅਤੇ ਹਿਰਦੇ ਨੂੰ ਨਾਮ 'ਤੇ ਕੇਂਦਰਤ ਕਰ ਦਿੰਦਾ ਹੈ ਅਤੇ ਸਾਨੂੰ ਸਮਾਧੀ ਅਤੇ ਸੁੰਨ ਸਮਾਧੀ ਵਿੱਚ ਲੈ ਜਾਂਦਾ ਹੈ। ਸਤਿਨਾਮ ਸਿਮਰਨ ਨਾਲ ਮਨ ਸਥਿਰਤਾ ਵਿੱਚ ਚਲਾ ਜਾਂਦਾ ਹੈ ਅਤੇ ਮਨ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ। ਮਨ ਮਿਟ ਜਾਂਦਾ ਹੈ। ਸਤਿਨਾਮ ਸਿਮਰਨ ਕਰਨ ਨਾਲ ਸਤਿਨਾਮ ਸਾਡੇ ਮਨ, ਸੁਰਤ, ਹਿਰਦੇ ਅਤੇ ਸਾਰੀ ਦੇਹੀ ਵਿੱਚ ਅਤੇ ਰੋਮ-ਰੋਮ ਵਿੱਚ ਪ੍ਰਕਾਸ਼ਮਾਨ ਹੋ ਜਾਂਦਾ ਹੈ। ਸਤਿਨਾਮ ਅੰਮ੍ਰਿਤ ਨਾਲ ਸਾਰੀ ਦੇਹੀ ਭਰਪੂਰ ਹੋ ਜਾਂਦੀ ਹੈ। ਸਤਿਨਾਮ ਰੋਮ-ਰੋਮ ਵਿੱਚ ਚਲਾ ਜਾਂਦਾ ਹੈ। ਸਾਡੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਸਾਡੇ ਸਾਰੇ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ ਅਤੇ ਸਾਡੇ ਸਰੀਰ ਵਿੱਚ ਨਿਰੰਤਰ ਅੰਮ੍ਰਿਤ ਦਾ ਪ੍ਰਵਾਹ ਸ਼ੁਰੂ ਹੋ ਜਾਂਦਾ ਹੈ। ਸਾਡੀ ਕੁੰਡਲਨੀ ਸ਼ਕਤੀ ਜਾਗਰਿਤ ਹੋ ਜਾਂਦੀ ਹੈ। ਮਾਇਆ ਨੂੰ ਜਿੱਤਣ ਲਈ ਮਾਇਆ ਨਾਲ ਜੰਗ ਸ਼ੁਰੂ ਹੋ ਜਾਂਦੀ ਹੈ।

ਮਨ ਦਾ ਅਰਪਣ ਕਰਨ ਤੋਂ ਭਾਵ ਹੈ ਸਤਿਗੁਰੂ ਦੇ ਬਚਨ ਸਤਿ ਬਚਨ ਮੰਨ ਕੇ ਪੂਰਨ ਭਰੋਸੇ, ਸ਼ਰਧਾ ਅਤੇ ਪ੍ਰੀਤ ਨਾਲ ਬਿਨਾਂ ਢਿੱਲ ਕੀਤੇ ਪਾਲਣਾ ਕਰਨਾ ਹੈ। ਸੱਚੀ ਪ੍ਰੀਤ ਬਿਨਾਂ ਕਿਸੇ ਮੰਗ ਦੇ ਪ੍ਰੀਤ ਹੈ। ਮੰਗ ਕਰਨ ਵਾਲਾ ਪਿਆਰ ਬੰਦਗੀ ਨਹੀਂ ਹੈ। ਮੰਗ ਕਰਨ ਨਾਲ ਪਿਆਰ ਸ਼ਰਤੀਆ ਬਣ ਜਾਂਦਾ ਹੈ। ਭਾਵ ਮੰਗ ਕਰਨ ਨਾਲ ਪਿਆਰ ਵਪਾਰ ਬਣ ਜਾਂਦਾ ਹੈ ਬੰਦਗੀ ਨਹੀਂ। ਇਸ ਲਈ ਸਤਿਗੁਰੂ ਦੇ ਬਚਨਾਂ ਨੂੰ ਸਤਿਬਚਨ ਕਰ ਕੇ ਬਿਨਾਂ ਕਿਸੇ ਪ੍ਰਸ਼ਨ, ਦੁਬਿਧਾ ਜਾਂ ਭਰਮ ਦੇ ਸਵੀਕਾਰ ਕਰਨਾ ਹੀ ਮਨ ਦਾ ਅਰਪਣ ਕਰਨਾ ਹੈ। ਜਿਸ ਦਿਨ ਸਾਡੇ ਸਾਰੇ ਪ੍ਰਸ਼ਨਾਂ ਦੇ ਉੱਤਰ ਮਿਲ ਜਾਂਦੇ ਹਨ, ਜਾਂ ਸਾਡਾ ਮਨ ਸਾਫ਼ ਹੋ ਜਾਂਦਾ ਹੈ, ਅਤੇ ਸਾਡਾ ਮਨ ਸਾਰੀਆਂ ਦੁਬਿਧਾਵਾਂ ਅਤੇ ਭਰਮਾਂ ਤੋਂ ਮੁਕਤ ਹੋ ਜਾਂਦਾ ਹੈ; ਜਦ ਸਮਾਧੀ ਲੱਗ ਜਾਂਦੀ

ਹੈ, ਸਤਿਨਾਮ ਸੁਰਤਿ ਵਿੱਚ ਉੱਕਰਿਆ ਜਾਂਦਾ ਹੈ, ਅਜਪਾ ਜਾਪ ਸ਼ੁਰੂ ਹੋ ਜਾਂਦਾ ਹੈ ਤਾਂ ਸਾਡੀ ਬੰਦਗੀ ਗੁਰਪ੍ਰਸਾਦਿ ਦਾ ਸਦਕਾ ਕਰਮ ਖੰਡ ਵਿੱਚ ਚਲੀ ਜਾਂਦੀ ਹੈ। ਦਰਗਾਹ ਵਿੱਚ ਬੰਦਗੀ ਦਾ ਖ਼ਾਤਾ ਖੁੱਲ੍ਹ ਜਾਂਦਾ ਹੈ।

ਸਤਿਗੁਰੂ ਦੇ ਬਚਨਾਂ ਨੂੰ ਸਤਿ ਬਚਨ ਕਰ ਕੇ ਨਾ ਮੰਨਣਾ ਹੀ ਰੂਹਾਨੀ ਅਸਫਲਤਾ ਦਾ ਕਾਰਨ ਹੈ। ਸਾਨੂੰ ਸਤਿਗੁਰੂ ਦੇ ਬਚਨਾਂ ਪ੍ਰਤੀ ਪੂਰਨ ਭਰੋਸੇ, ਦ੍ਰਿੜ੍ਹਤਾ, ਸ਼ਰਧਾ ਅਤੇ ਪਿਆਰ ਦੀ ਜ਼ਰੂਰਤ ਹੈ। ਜੇਕਰ ਸਾਡੇ ਵਿੱਚ ਸਤਿਗੁਰੂ ਦੇ ਪ੍ਰਤੀ ਭਰੋਸੇ, ਪ੍ਰੀਤ ਅਤੇ ਸ਼ਰਧਾ ਦੀ ਕਮੀ ਹੈ ਅਤੇ ਅਸੀਂ ਸਤਿਗੁਰੂ ਦੇ ਬਚਨਾਂ ਦੀ ਪਾਲਣਾ ਨਹੀਂ ਕਰਦੇ ਤਾਂ ਅਸੀਂ ਇਸ ਅਨਾਦਿ ਸਤਿ ਦੀ ਪ੍ਰਾਪਤੀ ਦੇ ਮਾਰਗ ਤੇ ਸਫਲਤਾ ਦੀ ਕਾਮਨਾ ਨਹੀਂ ਕਰ ਸਕਦੇ ਹਾਂ। ਸਤਿਗੁਰੂ ਦੇ ਬਚਨਾਂ ਦੀ ਪਾਲਣਾ ਨਾ ਕਰਨ ਦਾ ਭਾਵ ਹੈ ਗੁਰਮਤਿ ਦੀ ਪਾਲਣਾ ਨਾ ਕਰਨਾ। ਗੁਰਮਤਿ ਦੀ ਪਾਲਣਾ ਨਾ ਕਰਨ ਤੋਂ ਭਾਵ ਹੈ ਮਨਮਤਿ ਅਤੇ ਸੰਸਾਰਿਕ ਮਤਿ ਦੀ ਪਾਲਣਾ ਕਰਨਾ, ਜਿਸ ਦੇ ਨਾਲ ਕੋਈ ਰੂਹਾਨੀ ਸਫਲਤਾ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਇਸ ਲਈ, ਸਾਨੂੰ ਪੂਰੀ ਤਰ੍ਹਾਂ ਆਪਣੀ ਮਤਿ ਅਤੇ ਸੰਸਾਰਿਕ ਮਤਿ ਤਿਆਗਣੀ ਪਵੇਗੀ ਅਤੇ ਬ੍ਰਹਮ ਮਤਿ ਭਾਵ ਗੁਰਮਤਿ ਨੂੰ ਸਾਰੀਆਂ ਕਰਨੀਆਂ ਵਿੱਚ ਆਪਣਾਉਣਾ ਪਵੇਗਾ। ਕੇਵਲ ਤਦ ਹੀ ਅਸੀਂ ਸਤਿ ਦੀ ਕਰਨੀ ਉੱਪਰ ਧਿਆਨ ਕੇਂਦਰਤ ਕਰਨ ਦੇ ਯੋਗ ਹੋਵਾਂਗੇ। ਕੇਵਲ ਸਤਿ ਦੀ ਕਰਨੀ ਹੀ ਸਾਨੂੰ ਆਪਣਾ ਮਨ ਅਤੇ ਤਨ ਸਤਿਗੁਰੂ ਨੂੰ ਸੌਂਪਣ ਦੇ ਯੋਗ ਬਣਾਉਂਦੀ ਹੈ। ਕੇਵਲ ਸਤਿ ਦੀ ਕਰਨੀ ਹੀ ਸਾਨੂੰ ਆਪਣਾ ਤਨ ਅਤੇ ਧਨ ਸਤਿਗੁਰੂ ਦੇ ਚਰਨਾਂ ਉੱਪਰ ਪੂਰਨ ਸਮਰਪਣ ਕਰਨ ਦੇ ਯੋਗ ਬਣਾਉਂਦੀ ਹੈ। ਸਤਿਨਾਮ ਸਿਮਰਨ ਦੀ ਕਰਨੀ ਸਭ ਤੋਂ ਉੱਤਮ ਸਤਿ ਦੀ ਕਰਨੀ ਹੈ। ਸਤਿਨਾਮ ਸਿਮਰਨ ਕਰਨ ਨਾਲ ਹੀ ਮਨੁੱਖ ਵਿੱਚ ਮਨ ਅਤੇ ਧਨ ਅਰਪਣ ਕਰਨ ਦੀ ਸ਼ਕਤੀ ਆਉਂਦੀ ਹੈ। ਆਪਣਾ ਮਨ ਸਤਿਗੁਰੂ ਨੂੰ ਦੇਣਾ ਪੂਰਨ ਬੰਦਗੀ ਦਾ ਦੂਜਾ ਭਾਗ ਹੈ ਜਿਹੜਾ ਕਿ ਪੂਰਨਤਾ ਪ੍ਰਾਪਤ ਕਰਨ ਲਈ ਅਤੇ ਪੂਰਨ ਬੰਦਗੀ ਲਈ ਲਾਜ਼ਮੀ ਦਰਗਾਹੀ ਵਿਧਾਨ ਹੈ।

ਅਖੀਰਲਾ ਭਾਗ ਪੂਰਨ ਬੰਦਗੀ ਦਾ ਆਪਣਾ ਧਨ ਸਤਿਗੁਰੂ ਨੂੰ ਅਰਪਣ ਕਰਨਾ ਹੈ। ਜਿਸ ਦਾ ਭਾਵ ਹੈ ਆਪਣੀ ਕਮਾਈ ਦਾ ਦਸਵਾਂ ਭਾਗ ਸਤਿਗੁਰੂ ਨੂੰ ਭੇਟ ਕਰਨਾ ਹੈ। ਇਹ ਵੀ ਲਾਜ਼ਮੀ ਦਰਗਾਹੀ ਵਿਧਾਨ ਹੈ। ਸਤਿਗੁਰੂ ਬੇਅੰਤ ਦਿਆਲ ਹੈ। ਉਸਨੇ ਸਾਨੂੰ ਇਹ ਖੁੱਲ੍ਹ ਦਿੱਤੀ ਹੈ ਅਤੇ ਸਾਨੂੰ ਕੇਵਲ ਆਪਣੀ ਕਮਾਈ ਅਤੇ ਸਮੇਂ ਦਾ ਦਸਵਾਂ ਭਾਗ ਹੀ ਦੇਣ ਲਈ ਕਿਹਾ ਹੈ। ਜਦ ਅਸੀਂ ਆਪਣੇ ਸਮੇਂ ਅਤੇ ਕਮਾਈ ਦਾ ਦਸਵਾਂ ਭਾਗ ਸਤਿਗੁਰੂ ਨੂੰ ਭੇਟ ਕਰਦੇ ਹਾਂ ਉਹ ਇਸ ਵਿੱਚ ਬਾਕੀ 90% ਆਪਣੇ ਖ਼ਜ਼ਾਨਿਆਂ ਵਿੱਚੋਂ ਪੂਰਾ ਕਰ ਕੇ 100% ਸਾਡੇ ਖਾਤੇ ਵਿੱਚ ਜਮਾ ਕਰਦਾ ਹੈ। ਇਸ ਲਈ 10% ਦੇਣਾ ਯਾਨੀ ਦਸਵੰਧ ਦੇਣਾ ਅਤੇ 100% ਦਾ ਫਲ ਪ੍ਰਾਪਤ ਕਰਨਾ ਕੋਈ ਬੁਰਾ ਸੌਦਾ ਨਹੀਂ ਹੈ। ਕੇਵਲ ਇਤਨਾ ਹੀ ਨਹੀਂ ਇਸ ਦਿੱਤੇ ਗਏ ਦਸਵੰਧ ਦਾ ਫਲ ਕਈ ਸੈਂਕੜੇ ਅਤੇ ਹਜ਼ਾਰਾਂ ਗੁਣਾ ਹੋ ਕੇ ਸਾਨੂੰ ਹੀ ਵਾਪਸ ਮਿਲਦਾ ਹੈ।

ਜੇਕਰ ਅਸੀਂ 10% ਨਾਲੋਂ ਜ਼ਿਆਦਾ ਦਸਵੰਧ ਦਿੰਦੇ ਹਾਂ ਤਾਂ ਫਿਰ ਦਸਵੰਧ ਦੇ ਦਰਗਾਹੀ ਵਿਧਾਨ ਅਨੁਸਾਰ ਹੋਰ ਜ਼ਿਆਦਾ ਕਿਰਪਾ ਬਰਸੇਗੀ। ਹਾਲਾਂਕਿ, ਇਹ ਕੋਈ ਵਿਰਲੀ ਦੁਰਲਭ ਰੂਹ ਹੀ ਹੁੰਦੀ ਹੈ ਜੋ 10% ਨਾਲੋਂ ਜ਼ਿਆਦਾ ਦਿੰਦੀ ਹੈ। ਇਸ ਤੋਂ ਉਲਟ ਅਸੀਂ ਸੰਗਤ ਵਿੱਚ ਇਹ ਅਨੁਭਵ ਕੀਤਾ ਹੈ ਕਿ ਬਹੁਤੇ ਲੋਕਾਂ ਲਈ ਧਨ ਨਾਲੋਂ ਵੱਖ ਹੋਣਾ ਸਭ ਤੋਂ ਔਖਾ ਕੰਮ ਹੈ। ਇਸ ਲਈ ਜੋ ਲੋਕ ਦਸਵੰਧ ਨਹੀਂ ਦਿੰਦੇ ਉਨ੍ਹਾਂ ਨੂੰ ਪੂਰਨ ਬੰਦਗੀ ਦੀ ਪ੍ਰਾਪਤੀ ਨਹੀਂ

ਹੁੰਦੀ ਹੈ। ਜੋ ੧੦% ਤੋਂ ਵੱਧ ਦਸਵੰਧ ਦਿੰਦੇ ਹਨ, ਉਹ ਉਤਨਾ ਹੀ ਵੱਧ ਫਲ ਪ੍ਰਾਪਤ ਕਰਦੇ ਹਨ। ਜੇ ਅਸੀਂ ੨੦% ਦਸਵੰਧ ਦਿੰਦੇ ਹਾਂ ਤਾਂ ਸਤਿਗੁਰੂ ਨੂੰ ੨੦੦% ਪੂਰਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਜਿਤਨਾ ਵੱਧ ਦਸਵੰਧ ਦਿੱਤਾ ਜਾਏ ਉਤਨਾ ਹੀ ਵੱਧ ਫਲਕਾਰੀ ਹੁੰਦਾ ਹੈ।

ਉਹ ਲੋਕ ਜੋ ਆਪਣੇ ਸਮੇਂ ਦਾ ਦਸਵੰਧ ਸਤਿਗੁਰੂ ਨੂੰ ਦਿੰਦੇ ਹਨ, ਪਰ ਆਪਣਾ ਮਨ ਅਤੇ ਧਨ ਸਤਿਗੁਰੂ ਨੂੰ ਅਰਪਣ ਨਹੀਂ ਕਰਦੇ ਉਨ੍ਹਾਂ ਦੀ ਰੂਹਾਨੀ ਤਰੱਕੀ ਬਹੁਤ ਸੀਮਿਤ ਹੁੰਦੀ ਹੈ। ਆਪਣਾ ਮਨ ਸਤਿਗੁਰੂ ਨੂੰ ਸੌਂਪਣਾ ਬੰਦਗੀ ਦਾ ਸਭ ਤੋਂ ਅਹਮ ਹਿੱਸਾ ਹੈ। ਜੇਕਰ ਅਸੀਂ ਆਪਣਾ ਮਨ ਸਤਿਗੁਰੂ ਨੂੰ ਸੌਂਪ ਦਿੰਦੇ ਹਾਂ ਤਾਂ ਅਸੀਂ ਆਪਣੇ ਸਤਿਗੁਰੂ ਨੂੰ ਆਪਣਾ ਤਨ ਅਤੇ ਧਨ ਆਪਣੇ ਆਪ ਹੀ ਸੌਂਪ ਦਿੰਦੇ ਹਾਂ। ਸਤਿਗੁਰੂ ਨੂੰ ਮਨ ਭੇਟ ਕਰ ਦੇਣ ਨਾਲ ਸਾਨੂੰ ਸਤਿਗੁਰੂ ਦੇ ਬਚਨਾਂ ਦੇ ਪਾਲਣ ਕਰਨ ਦੀ ਬ੍ਰਹਮ ਬਖ਼ਸ਼ੀਸ਼ ਅਤੇ ਪਰਮ ਸ਼ਕਤੀ ਦੀ ਪ੍ਰਾਪਤੀ ਹੁੰਦੀ ਹੈ ਅਤੇ ਅਸੀਂ ਗੁਰਮਤਿ ਦੀ ਪਾਲਣਾ ਸਹਿਜੇ ਹੀ ਕਰ ਲੈਂਦੇ ਹਾਂ। ਗੁਰਮਤਿ ਦੀ ਪਾਲਣਾ ਨਾਲ ਅਸੀਂ ਆਪਣਾ ਤਨ ਅਤੇ ਮਨ ਸਤਿਗੁਰੂ ਨੂੰ ਦੇਣ ਦੇ ਮਹੱਤਵ ਦੇ ਬ੍ਰਹਮ ਗਿਆਨ ਨਾਲ ਬਖ਼ਸ਼ੇ ਜਾਂਦੇ ਹਾਂ ਅਤੇ ਅਸੀਂ ਸਤਿਗੁਰੂ ਅੱਗੇ ਪੂਰਨ ਸਮਰਪਣ ਦੇ ਯੋਗ ਹੋ ਜਾਂਦੇ ਹਾਂ। ਇਸ ਲਈ ਅਸੀਂ ਜੇਕਰ ਸਤਿਗੁਰੂ ਅੱਗੇ ਪੂਰਨ ਸਮਰਪਣ ਨੂੰ ਔਖਾ ਸਮਝਦੇ ਹਾਂ ਤਾਂ ਆਪਣਾ ਮਨ ਸਤਿਗੁਰੂ ਨੂੰ ਸੌਂਪਣਾ ਸ਼ੁਰੂਆਤ ਕਰਨ ਦਾ ਸਭ ਤੋਂ ਸੌਖਾ ਰਸਤਾ ਹੈ। ਮਨ ਦਾ ਸਤਿਗੁਰੂ ਦੇ ਚਰਨਾਂ 'ਤੇ ਅਰਪਣ ਆਪਣੇ ਆਪ ਸਾਨੂੰ ਪੂਰਨ ਸਮਰਪਣ ਵੱਲ ਲੈ ਜਾਵੇਗਾ ਅਤੇ ਅਸੀਂ ਪੂਰਨ ਬੰਦਗੀ ਵਿੱਚ ਜਾਣ ਦੇ ਯੋਗ ਹੋ ਜਾਵਾਂਗੇ।

ਗੁਰਪ੍ਰਸਾਦਿ ਹੀ ਪੂਰਨ ਬੰਦਗੀ ਲਈ ਪਰਮ ਸ਼ਕਤੀਸ਼ਾਲੀ ਇਲਾਹੀ ਦਰਗਾਹੀ ਬਖ਼ਸ਼ੀਸ਼ ਹੈ। ਗੁਰਪ੍ਰਸਾਦਿ ਲਈ ਸਭ ਤੋਂ ਪਹਿਲੀ ਬਖ਼ਸ਼ਿਸ਼ ਸਤਿਨਾਮ ਦਾ ਗੁਰਪ੍ਰਸਾਦਿ ਹੈ। ਇਸ ਪਰਮ ਸਤਿ ਤੱਤ ਨੂੰ ਮਨ ਵਿੱਚ ਦ੍ਰਿੜ੍ਹ ਕਰ ਰੱਖੋ ਅਤੇ ਸਪੱਸ਼ਟ ਤਰ੍ਹਾਂ ਸਮਝ ਲਵੋ ਕਿ ਸਤਿਨਾਮ ਦਾ ਗੁਰ ਪ੍ਰਸਾਦਿ ਆਪਣੇ ਆਪ ਵਿੱਚ ਪੂਰਨ ਹੈ ਅਤੇ ਇਹ ਸਤਿਗੁਰੂ ਦੇ ਸਤਿ ਚਰਨਾਂ ਵਿੱਚ ਪੂਰਨ ਸਮਰਪਣ ਕਰਨ ਨਾਲ ਹੀ ਪ੍ਰਾਪਤ ਹੋ ਸਕਦਾ ਹੈ।

ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਹੀ ਪੂਰਨ ਬੰਦਗੀ ਹੈ। ਸਤਿਨਾਮ ਹੀ ਪੂਰਨ ਬ੍ਰਹਮ ਪਰਮ ਸ਼ਕਤੀ ਹੈ। 'ਸਤਿ' ਵਿੱਚ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪੂਰਨ ਹਸਤੀ ਅਤੇ ਸਰਬ ਕਲਾਵਾਂ ਸਮਾਈਆਂ ਹੋਈਆਂ ਹਨ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਾਰੇ ਦਰਗਾਹੀ ਖ਼ਜ਼ਾਨੇ ਅਤੇ ਪਰਮ ਸ਼ਕਤੀਆਂ ਸਤਿਨਾਮ ਵਿੱਚ ਹੀ ਸਮਾਈਆਂ ਹੋਈਆਂ ਹਨ। (ਸ਼ਬਦ 'ਸਤਿ' ਦੀ ਮਹਿਮਾ ਪਹਿਲੀ ਪਉੜੀ ਵਿੱਚ ਬਿਆਨ ਕੀਤੀ ਗਈ ਹੈ।) ਜੋ ਮਨੁੱਖ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਸਤਿਨਾਮ ਸਿਮਰਨ ਕਰਦੇ ਹਨ ਉਨ੍ਹਾਂ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਇਹ ਹੀ 'ਪੂਰਾ ਜਾ ਕਾ ਨਾਉ' ਦਾ ਭਾਵ ਹੈ ਜਿਹੜਾ ਕੇਵਲ ਸਤਿਗੁਰੂ ਦੇ ਸਤਿ ਚਰਨਾਂ ਵਿੱਚ ਪੂਰਨ ਸਮਰਪਣ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। 'ਨਾਨਕ ਪੂਰਾ ਪਾਇਆ' ਤੋਂ ਭਾਵ ਹੈ ਪੂਰਨ ਬੰਦਗੀ ਦੀ ਪ੍ਰਾਪਤੀ। ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੇ ਹੇਠ ਲਿਖੇ ਪ੍ਰਭਾਵ ਹਨ:-

- ਪੂਰਨ ਬੋਧ ਵੱਲ ਸਾਡੀ ਅਗਵਾਈ ਕਰਦਾ ਹੈ।
- ਸਾਡੇ ਹਿਰਦੇ ਨੂੰ ਸਤਿ ਹਿਰਦੇ ਵਿੱਚ ਪਰਿਵਰਤਿਤ ਕਰਦਾ ਹੈ।
- ਸਾਡੀ ਦੇਹੀ ਸਤਿਨਾਮ ਸਿਮਰਨ ਨਾਲ ਭਰਪੂਰ ਹੋ ਜਾਂਦੀ ਹੈ।

- ❖ ਸਾਡਾ ਰੋਮ-ਰੋਮ ਸਤਿਨਾਮ ਸਿਮਰਨ ਵਿੱਚ ਜਾਂਦਾ ਹੈ।
- ❖ ਸਾਡਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਆ ਜਾਂਦਾ ਹੈ।
- ❖ ਅਸੀਂ ਮਾਇਆ ਅਤੇ ਆਪਣੇ ਮਨ ਉੱਪਰ ਜਿੱਤ ਪਾਉਣ ਦੇ ਯੋਗ ਹੋ ਜਾਂਦੇ ਹਾਂ।
- ❖ ਅਸੀਂ ਆਪਣੇ ਖੁਦ ਦੇ ਮਨ ਨੂੰ ਪਰਮ ਜੋਤ ਪੂਰਨ ਪ੍ਰਕਾਸ਼ ਆਤਮ ਰਸ ਅੰਮ੍ਰਿਤ-ਪੂਰਨ ਤੱਤ ਗਿਆਨ-ਪੂਰਨ ਬ੍ਰਹਮ ਗਿਆਨ ਅੰਮ੍ਰਿਤ ਵਿੱਚ ਤਬਦੀਲ ਕਰਨ ਦੇ ਯੋਗ ਹੋ ਜਾਂਦੇ ਹਾਂ।
- ❖ ਸਾਡੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ।
- ❖ ਸਾਡੇ ਸਾਰੇ ਸਤਿ ਸਰੋਵਰ ਜਗਮਗਾ ਉੱਠਦੇ ਹਨ ਅਤੇ ਕਿਰਿਆ ਸ਼ੀਲ ਹੋ ਜਾਂਦੇ ਹਨ।
- ❖ ਸਾਡੇ ਸਰੀਰ ਵਿੱਚੋਂ ਅੰਮ੍ਰਿਤ ਝਰਦਾ ਹੈ। ਅਸੀਂ ਅਸਲ ਬ੍ਰਹਮ ਭਾਵ ਵਿੱਚ ਅੰਮ੍ਰਿਤ ਧਾਰੀ ਹੋ ਜਾਂਦੇ ਹਾਂ।

ਜਦ ਇਹ ਗੁਰ ਪ੍ਰਸਾਦਿ ਨਾਲ ਵਾਪਰਦਾ ਹੈ ਅਸੀਂ ਸਦਾ ਲਈ ਨਿਰਗੁਣ ਸਰੂਪ ਵਿੱਚ ਲੀਨ ਹੋ ਜਾਂਦੇ ਹਾਂ ਅਤੇ ਨਿਰੰਤਰ ਕਦੀ ਨਾ ਖ਼ਤਮ ਹੋਣ ਵਾਲੀ ਸਹਿਜ ਸਮਾਧੀ ਵਿੱਚ ਲੀਨ ਹੋ ਜਾਂਦੇ ਹਾਂ।

■

ਅਨੰਦੁ ਸਾਹਿਬ-ਪਉੜੀ ੧੦

ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮਨ ਮੇਰਿਆ ॥
ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ ॥
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥
ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ ॥੧੦॥ (ਪੰਨਾ ੯੧੭)

ਮਨੁੱਖ ਦਾ ਮਨ ਬਹੁਤ ਚੰਚਲ ਹੈ। ਮਨੁੱਖ ਦਾ ਮਨ ਕਦੇ ਚੁੱਪ ਨਹੀਂ ਕਰਦਾ। ਮਨੁੱਖ ਦਾ ਮਨ ਸਦਾ ਬੋਲਦਾ ਰਹਿੰਦਾ ਹੈ। ਮਨੁੱਖ ਦੇ ਮਨ ਵਿੱਚ ਚੰਗੇ ਅਤੇ ਮਾੜੇ ਵਿਚਾਰਾਂ ਦਾ ਕਦੇ ਅੰਤ ਨਹੀਂ ਹੁੰਦਾ ਹੈ। ਮਨੁੱਖ ਦੇ ਮਨ ਦੀ ਰਫ਼ਤਾਰ ਬਹੁਤ ਤੇਜ ਹੈ। ਮਨੁੱਖ ਦਾ ਮਨ ਬਹੁਤ ਤੇਜ ਰਫ਼ਤਾਰ ਨਾਲ ਭੱਜਦਾ ਹੈ। ਮਨੁੱਖ ਦਾ ਮਨ ਇੱਕ ਛਿਣ ਵਿੱਚ ਹੀ ਸਾਰੇ ਸੰਸਾਰ ਵਿੱਚ ਕਿਸੇ ਵੀ ਥਾਂ ’ਤੇ ਜਾ ਕੇ ਵਾਪਸ ਆ ਜਾਂਦਾ ਹੈ। ਮਨੁੱਖੀ ਮਨ ਦੀ ਚੰਚਲਤਾ ਹੀ ਮਨੁੱਖ ਦੀ ਸਭ ਤੋਂ ਵੱਡੀ ਸਮੱਸਿਆ ਹੈ। ਮਨੁੱਖੀ ਮਨ ਦੀ ਚੰਚਲਤਾ ਹੀ ਮਨੁੱਖ ਦੇ ਸਾਰੇ ਦੁੱਖਾਂ-ਕਲੇਸ਼ਾਂ ਸਮੱਸਿਆਵਾਂ ਦਾ ਕਾਰਨ ਹੈ। ਮਨੁੱਖੀ ਮਨ ਦੀ ਚੰਚਲਤਾ ਹੀ ਮਨੁੱਖ ਨੂੰ ਅਸਤਿ ਕਰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਮਨੁੱਖੀ ਮਨ ਦੀ ਚੰਚਲਤਾ ਹੀ ਮਨੁੱਖ ਕੋਲੋਂ ਅਸਤਿ ਕਰਮ ਕਰਵਾਉਂਦੀ ਹੈ। ਮਨੁੱਖੀ ਮਨ ਦੀ ਚੰਚਲਤਾ ਹੀ ਮਨੁੱਖ ਨੂੰ ਨਰਕ ਦਾ ਭਾਗੀਦਾਰ ਬਣਾਉਂਦੀ ਹੈ। ਮਨੁੱਖੀ ਮਨ ਦੀ ਚੰਚਲਤਾ ਹੀ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਨ ਹੈ। ਮਨੁੱਖੀ ਮਨ ਦੀ ਚੰਚਲਤਾ ਹੀ ਮਨੁੱਖ ਦੀ ਸਭ ਤੋਂ ਵੱਡੀ ਸਮੱਸਿਆ ਹੈ। ਜਿਸ ਮਨੁੱਖ ਦਾ ਮਨ ਘੱਟ ਚੰਚਲ ਹੁੰਦਾ ਹੈ ਉਸ ਦਾ ਧਿਆਨ ਸਤਿ ਕਰਮਾਂ ਵਿੱਚ ਜ਼ਿਆਦਾ ਜਾਂਦਾ ਹੈ। ਜਿਸ ਮਨੁੱਖ ਦਾ ਮਨ ਜ਼ਿਆਦਾ ਚੰਚਲ ਹੁੰਦਾ ਹੈ ਉਸ ਮਨੁੱਖ ਦਾ ਧਿਆਨ ਜ਼ਿਆਦਾ ਅਸਤਿ ਕਰਮਾਂ ਵਿੱਚ ਰਹਿੰਦਾ ਹੈ। ਭਾਵ ਜਿਸ ਮਨੁੱਖ ਦਾ ਮਨ ਜ਼ਿਆਦਾ ਚੰਚਲ ਹੁੰਦਾ ਹੈ ਉਸ ਦੀ ਬਿਰਤੀ ਰਜੋ ਅਤੇ ਤਮੋ ਜ਼ਿਆਦਾ ਹੁੰਦੀ ਹੈ। ਜਿਸ ਮਨੁੱਖ ਦਾ ਮਨ ਘੱਟ ਚੰਚਲ ਹੁੰਦਾ ਹੈ ਉਸ ਦੀ ਬਿਰਤੀ ਜ਼ਿਆਦਾ ਸਤੋ ਹੁੰਦੀ ਹੈ। ਜਿਸ ਮਨੁੱਖ ਦੀ ਬਿਰਤੀ ਜ਼ਿਆਦਾ ਰਜੋ ਅਤੇ ਤਮੋ ਹੁੰਦੀ ਹੈ ਉਸ ਮਨੁੱਖ ਦਾ ਮਨ ਜ਼ਿਆਦਾ ਚਤੁਰਾਈਆਂ ਵਿੱਚ ਰੁੱਝਦਾ ਹੈ। ਮਨੁੱਖੀ ਮਨ ਦੀਆਂ ਚਤੁਰਾਈਆਂ ਹੀ ਮਨੁੱਖ ਦੀ ਬੰਦਗੀ ਵਿੱਚ ਸਭ ਤੋਂ ਵੱਡੀ ਸਮੱਸਿਆ ਹੈ। ਚਤੁਰ ਮਨੁੱਖ ਨੂੰ ਬੰਦਗੀ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਚਤੁਰਾਈਆਂ ਕਰਨ ਵਾਲਾ ਮਨੁੱਖ ਮਨਮਤਿ, ਸੰਸਾਰਿਕ ਮਤਿ ਅਤੇ ਦੁਰਮਤਿ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਗੁਰਮਤਿ ਨੂੰ ਵਿਸਾਰ ਦਿੰਦਾ ਹੈ। ਗੁਰਮਤਿ ਉਸ ਮਨੁੱਖ ਦੇ ਸਮਝ ਨਹੀਂ ਆਉਂਦੀ ਹੈ। ਗੁਰਮਤਿ ਨੂੰ ਅਪਣਾਉਣ ਦੀ ਐਸੇ ਮਨੁੱਖ ਵਿੱਚ ਸ਼ੱਮਤਾ ਨਹੀਂ ਹੁੰਦੀ ਹੈ। ਚਤੁਰ ਮਨ ਅੜੀਅਲ ਘੋੜੇ ਵਾਂਗ ਹੈ ਜਿਸ ਨੂੰ ਕਾਬੂ ਕਰਨਾ ਮਨੁੱਖ ਲਈ ਅਸੰਭਵ ਹੁੰਦਾ ਹੈ। ਚਤੁਰ ਮਨੁੱਖ ਦੇ ਅਸਤਿ

ਕਰਮਾਂ ਦਾ ਪਲੜਾ ਸਦਾ ਭਾਰੀ ਰਹਿੰਦਾ ਹੈ। ਜਦ ਮਨੁੱਖ ਅਸਤਿ ਕਰਮ ਕਰਦਾ ਹੈ ਤਾਂ ਮਨੁੱਖ ਜ਼ਹਿਰ ਇਕੱਤਰ ਕਰਦਾ ਹੈ। ਅਸਤਿ ਕਰਮ ਮਨੁੱਖ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਚੰਡਾਲਾਂ ਦੇ ਵੱਸ ਵਿੱਚ ਹੋ ਕੇ ਕਰਦਾ ਹੈ। ਇਸ ਲਈ ਜਦ ਵੀ ਮਨੁੱਖ ਅਸਤਿ ਕਰਮ ਕਰਦਾ ਹੈ ਉਹ ਜ਼ਹਿਰ ਪੀਂਦਾ ਹੈ। ਰਜੋ ਅਤੇ ਤਮੋ ਬਿਰਤੀ ਮਨੁੱਖ ਦੇ ਵੱਡੇ ਅਵਗੁਣ ਹਨ। ਮਨ ਦੀ ਚੰਚਲਤਾ ਮਨੁੱਖੀ ਮਨ ਨੂੰ ਰਜੋ ਅਤੇ ਤਮੋ ਬਿਰਤੀ ਵੱਲ ਖੜਦੀ ਹੈ। ਇਸ ਲਈ ਮਨੁੱਖੀ ਮਨ ਦੀ ਚੰਚਲਤਾ ਵੀ ਮਨੁੱਖ ਦਾ ਵੱਡਾ ਅਵਗੁਣ ਹੈ। ਮਨੁੱਖੀ ਮਨ ਦੀ ਚੰਚਲਤਾ ਮਨੁੱਖੀ ਮਨ ਨੂੰ ਚਤੁਰ ਬਣਾਉਂਦੀ ਹੈ। ਮਨ ਦੀ ਚਤੁਰਾਈ ਮਨੁੱਖ ਨੂੰ ਗੁਰਮਤਿ ਤੋਂ ਦੂਰ ਅਤੇ ਮਨਮਤਿ, ਦੁਰਮਤਿ ਅਤੇ ਸੰਸਾਰਿਕ ਮਤਿ ਵੱਲ ਖੜਦੀ ਹੈ। ਇਸ ਲਈ ਮਨੁੱਖੀ ਮਨ ਦੀ ਚਤੁਰਾਈ ਮਨੁੱਖ ਦਾ ਵੱਡਾ ਅਵਗੁਣ ਹੈ। ਮਨੁੱਖੀ ਮਨ ਦੀ ਚਤੁਰਾਈ ਮਨੁੱਖ ਨੂੰ ਅਸਤਿ ਕਰਮ ਕਰਨ ਦੀ ਪ੍ਰੇਰਣਾ ਕਰਦੀ ਹੈ ਇਸ ਲਈ ਮਨੁੱਖੀ ਮਨ ਦੀ ਚਤੁਰਾਈ ਉਸ ਦਾ ਵੱਡਾ ਅਵਗੁਣ ਹੈ। ਮਨੁੱਖ ਦੇ ਅਵਗੁਣ ਮਨੁੱਖ ਤੋਂ ਅਸਤਿ ਕਰਮ ਕਰਵਾਉਂਦੇ ਹਨ। ਅਸਤਿ ਕਰਮ ਕਰਨ ਦਾ ਭਾਵ ਹੈ ਮਨੁੱਖੀ ਦੇਹੀ ਰੂਪੀ ਭਾਂਡੇ ਵਿੱਚ ਜ਼ਹਿਰ ਇਕੱਤਰ ਕਰਨਾ ਹੈ। ਸਤਿ ਕਰਮਾਂ ਦਾ ਤਿਆਗ ਕਰ ਕੇ ਅਵਗੁਣਾਂ ਦੇ ਵੱਸ ਵਿੱਚ ਆ ਕੇ ਅਸਤਿ ਕਰਮ ਕਰਨ ਦਾ ਭਾਵ ਅੰਮ੍ਰਿਤ ਨੂੰ ਛੱਡ ਕੇ ਬਿਖਿਆ ਨੂੰ ਇਕੱਤਰ ਕਰਨਾ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਦੇ ਇਸ ਸਲੋਕ ਵਿੱਚ ਸਤਿਗੁਰੂ ਸਾਹਿਬ ਨੇ ਦ੍ਰਿੜ੍ਹ ਕਰਵਾਇਆ ਹੈ:

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੦੬)

ਮਨ ਦੀ ਚੰਚਲਤਾ ਅਤੇ ਮਨ ਦੀ ਚਤੁਰਾਈ ਮਨੁੱਖ ਦੇ ਜੀਵਨ ਵਿੱਚ ਜ਼ਹਿਰ ਘੋਲਣ ਦਾ ਕੰਮ ਕਰਦੀ ਹੈ। ਮਨ ਦੀ ਚੰਚਲਤਾ ਅਤੇ ਚਤੁਰਾਈ ਜ਼ਹਿਰੀਲੇ ਕੀੜੇ ਸਮਾਨ ਹੈ ਜੋ ਮਨੁੱਖ ਦੀ ਦੇਹੀ ਵਿੱਚ ਵਾਸ ਕਰਦਾ ਹੈ। ਚੰਚਲਤਾ ਅਤੇ ਚਤੁਰਾਈ ਰੂਪੀ ਇਹ ਕੀੜਾ ਮਨੁੱਖ ਦੇ ਜੀਵਨ ਵਿੱਚ ਜ਼ਹਿਰ ਉਗਲਣ ਅਤੇ ਜ਼ਹਿਰ ਇਕੱਤਰ ਕਰਨ ਦਾ ਕੰਮ ਕਰਦਾ ਹੈ। ਚੰਚਲਤਾ ਅਤੇ ਚਤੁਰਾਈ ਭਰਿਆ ਮਨ ਕੇਵਲ ਜ਼ਹਿਰ ਹੀ ਪੀਂਦਾ ਹੈ ਅਤੇ ਅੰਮ੍ਰਿਤ ਤੋਂ ਸੱਖਣਾ ਰਹਿ ਜਾਂਦਾ ਹੈ। ਮਨ ਦੀ ਚੰਚਲਤਾ ਅਤੇ ਚਤੁਰਾਈ ਮਨੁੱਖ ਨੂੰ ਦੁਬਿਧਾ ਵਿੱਚ ਪਾਉਂਦੀ ਹੈ ਅਤੇ ਦਸੋ ਦਿਸ਼ਾਵਾਂ ਵਿੱਚ ਭਟਕਾਉਂਦੀ ਹੈ। ਭਾਵ ਚੰਚਲਤਾ ਅਤੇ ਚਤੁਰਾਈ ਮਨੁੱਖ ਦੇ ਮਨ ਨੂੰ ਸਾਰੇ ਵਿਸ਼ਵ ਵਿੱਚ ਬਹੁਤ ਤੇਜ਼ ਰਫ਼ਤਾਰ ਨਾਲ ਭਟਕਾਉਂਦੀ ਹੈ। ਮਨ ਦੀ ਚੰਚਲਤਾ ਅਤੇ ਚਤੁਰਾਈ ਮਨੁੱਖ ਦੇ ਮਨ ਵਿੱਚ ਭਰਮਾਂ ਨੂੰ ਜਨਮ ਦਿੰਦੀ ਹੈ ਅਤੇ ਭਰਮ ਮਨੁੱਖ ਨੂੰ ਦੁਬਿਧਾ ਵਿੱਚ ਪਾਉਂਦੇ ਹਨ। ਦੁਬਿਧਾ ਵਿੱਚ ਮਨੁੱਖ ਕਦੇ ਵੀ ਬੰਦਗੀ ਵਿੱਚ ਕਾਮਯਾਬ ਨਹੀਂ ਹੁੰਦਾ ਹੈ। ਇੱਕ ਮਨ ਇੱਕ ਚਿੱਤ ਬੰਦਗੀ ਹੈ। ਦੋ ਚਿੱਤੇ ਮਨ ਵਿੱਚ ਜਾਂ ਬਹੁਚਿੱਤੇ ਮਨ ਵਿੱਚ ਕਦੇ ਸਤਿਨਾਮ ਦਾ ਪੂਰਨ ਪ੍ਰਕਾਸ਼ ਨਹੀਂ ਹੁੰਦਾ ਹੈ। ਭਰਮਾਂ ਅਤੇ ਦੁਬਿਧਾ ਦਾ ਅੰਤ ਹੋਣ ਦੇ ਨਾਲ ਹੀ ਮਨੁੱਖ ਦੇ ਮਨ ਅਤੇ ਹਿਰਦੇ ਵਿੱਚ ਸਤਿਨਾਮ ਦਾ ਪੂਰਨ ਪ੍ਰਕਾਸ਼ ਹੁੰਦਾ ਹੈ। ਮਨ ਦੀ ਚੰਚਲਤਾ ਅਤੇ ਚਤੁਰਾਈ ਦੇ ਮਹਾ ਵਿਨਾਸ਼ਕਾਰੀ ਸ਼ਕਤੀ ਦੀ ਕਥਾ ਧੰਨ ਧੰਨ ਸਤਿਗੁਰੂ ਸਾਹਿਬਾਨ ਨੇ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਈ ਹੈ:

ਇਹੁ ਮਨੁ ਚੰਚਲੁ ਵਸਿ ਨ ਆਵੈ ॥ ਦੁਬਿਧਾ ਲਾਗੈ ਦਹ ਦਿਸਿ ਧਾਵੈ ॥
ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੭)

ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੧੯)

ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੨੬-੨੨੭)

ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥
ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੩੫)

ਕਹੁ ਕਬੀਰ ਚੰਚਲ ਮਤਿ ਤਿਆਗੀ ॥
ਕੇਵਲ ਰਾਮ ਭਗਤਿ ਨਿਜ ਭਾਗੀ ॥੩॥੧॥੧੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੨੭)

ਮਨੁ ਚੰਚਲੁ ਬਹੁ ਚੋਟਾ ਖਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੬੨)

ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੮੫)

ਪੰਚ ਚੋਰ ਚੰਚਲ ਚਿਤੁ ਚਾਲਹਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੨੧-੧੦੨੨)

ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੧੪)

ਸਾਧਾਰਨ ਮਨੁੱਖ ਦਾ ਮਨ ਉਸ ਦੇ ਕਾਬੂ ਨਹੀਂ ਆਉਂਦਾ ਹੈ। ਮਨੁੱਖ ਦਾ ਮਨ ਫੜਿਆ ਨਹੀਂ ਜਾ ਸਕਦਾ ਹੈ। ਮਨ ਨੂੰ ਸਾਧ ਲੈਣਾ ਹੀ ਬੰਦਗੀ ਹੈ। ਜਿਸ ਨੇ ਮਨ ਨੂੰ ਸਾਧ ਲਿਆ ਹੈ ਉਹ ਮਨੁੱਖ ਸਾਧੂ ਬਣ ਜਾਂਦਾ ਹੈ। ਮਨ ਨੂੰ ਸਾਧ ਲੈਣ ਦਾ ਭਾਵ ਹੈ ਮਨ ਨੂੰ ਜਿੱਤ ਲੈਣਾ। ਤ੍ਰਿਸ਼ਣਾ ਦੀ ਅਗਨ ਵਿੱਚ ਸੜ੍ਹਦਾ-ਬਲਦਾ ਇਹ ਮਨ ਸਦਾ ਮਾਇਆ ਦੀ ਤਮੋ ਬਿਰਤੀ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਅਧੀਨ ਅਸਤਿ ਕਰਮਾਂ ਦਾ ਜ਼ਹਿਰ ਇਕੱਤਰ ਕਰਦਾ ਰਹਿੰਦਾ ਹੈ। ਤ੍ਰਿਸ਼ਣਾ ਮਨੁੱਖ ਦੇ ਰੋਮ-ਰੋਮ ਵਿੱਚ ਰਚੀ ਹੁੰਦੀ ਹੈ। ਤ੍ਰਿਸ਼ਣਾ ਮਨੁੱਖ ਦੇ ਸਵਾਸ-ਸਵਾਸ ਵਿੱਚ ਰਚੀ ਹੁੰਦੀ ਹੈ। ਤ੍ਰਿਸ਼ਣਾ ਮਨੁੱਖ ਦੇ ਦਿਮਾਗ ਵਿੱਚ ਪ੍ਰਧਾਨ ਹੁੰਦੀ ਹੈ। ਤ੍ਰਿਸ਼ਣਾ ਮਨੁੱਖ ਦੇ ਮਨ ਉੱਪਰ ਰਾਜ ਕਰਦੀ ਹੈ। ਮਨੁੱਖ ਤ੍ਰਿਸ਼ਣਾ ਦਾ ਗ਼ੁਲਾਮ ਹੈ। ਤ੍ਰਿਸ਼ਣਾ ਮਨੁੱਖ ਦੀ ਗੁਰੂ ਬਣ ਕੇ ਉਸ ਤੋਂ ਸਾਰੇ ਅਸਤਿ ਕਰਮ ਕਰਵਾਉਂਦੀ ਹੈ। ਤ੍ਰਿਸ਼ਣਾ ਮਨੁੱਖੀ ਮਨ ਦੀ ਚੰਚਲਤਾ ਦਾ ਨਿਰਮਾਣ ਕਰਦੀ ਹੈ। ਤ੍ਰਿਸ਼ਣਾ ਹੀ ਮਨੁੱਖੀ ਮਨ ਦੀ ਚਤੁਰਾਈ ਨੂੰ

ਜਨਮ ਦਿੰਦੀ ਹੈ। ਹਰ ਇੱਕ ਮਨੁੱਖ ਤ੍ਰਿਸ਼ਣਾ ਰੂਪੀ ਭੱਠੀ ਵਿੱਚ ਜੀਵਨ ਭਰ ਸੜ੍ਹਦਾ-ਬਲਦਾ ਹੋਇਆ ਦਮ ਤੋੜ ਦਿੰਦਾ ਹੈ ਪਰੰਤੂ ਉਸ ਦੀ ਤ੍ਰਿਸ਼ਣਾ ਫੇਰ ਵੀ ਨਹੀਂ ਬੁੱਝਦੀ ਹੈ। ਸਾਰੇ ਫਸਾਦ ਦੀ ਜੜ ਕੇਵਲ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹੈ। ਮਨੁੱਖ ਦੇ ਸਾਰੇ ਦੁੱਖਾਂ-ਕਲੇਸ਼ਾਂ ਸਮੱਸਿਆਵਾਂ ਦਾ ਕਾਰਨ ਕੇਵਲ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹੀ ਹੈ। ਤ੍ਰਿਸ਼ਣਾ ਦੀ ਇਸ ਮਹਾ ਵਿਨਾਸ਼ਕਾਰੀ ਸ਼ਕਤੀ ਦੁਆਰਾ ਨਿਰਮਾਣ ਕੀਤੀ ਗਈ ਅਗਨੀ ਵਿੱਚ ਸਾਰੇ ਸੰਸਾਰ ਦੀ ਲੁਕਾਈ ਝੁਲਸ ਰਹੀ ਹੈ। ਤ੍ਰਿਸ਼ਣਾ ਦੀ ਇਸ ਮਹਾ ਵਿਨਾਸ਼ਕਾਰੀ ਸ਼ਕਤੀ ਨੇ ਸਾਰੀ ਲੁਕਾਈ ਦੇ ਮਨਾਂ ਦੀ ਸ਼ਾਂਤੀ ਨੂੰ ਆਪਣੇ ਜ਼ਹਿਰ ਨਾਲ ਡੱਸ ਲਿਆ ਹੈ। ਤ੍ਰਿਸ਼ਣਾ ਦੇ ਨਾ ਬੁੱਝਣ ਕਾਰਨ ਸਾਰੀ ਲੁਕਾਈ ਦੇ ਮਨ ਕੇਵਲ ਅਸ਼ਾਂਤੀ ਦਾ ਜ਼ਹਿਰ ਪੀ ਰਹੇ ਹਨ। ਚੰਚਲ ਮਨ ਦਿਸ਼ਾਹੀਨ ਹੁੰਦਾ ਹੈ। ਚੰਚਲ ਮਨ ਚਤੁਰ-ਚਲਾਕੀਆਂ ਵਿੱਚ ਰੁੱਝਿਆ ਰਹਿੰਦਾ ਹੈ। ਚਤੁਰ-ਚਲਾਕੀਆਂ ਵਿੱਚ ਰੁੱਝੇ ਹੋਏ ਮਨ ਦਾ ਰੂਪ ਵਿਕਰਾਲ (ਮਹਾ ਵਿਨਾਸ਼ਕਾਰੀ ਅਤੇ ਡਰਾਉਣਾ) ਹੁੰਦਾ ਹੈ। ਚੰਚਲ ਮਨ ਮਨਮੁਖ ਦਾ ਮਨ ਹੈ। ਚਤੁਰ ਮਨ ਮਨਮੁਖ ਦਾ ਮਨ ਹੈ। ਮਨਮੁਖ ਮਨੁੱਖ ਮਨਮਤਿ ਵਿੱਚ ਫੱਸਿਆ ਰਹਿੰਦਾ ਹੈ। ਮਨਮੁਖ ਦਾ ਮੁਖ ਸਤਿਗੁਰੂ ਵੱਲ ਨਹੀਂ ਹੁੰਦਾ। ਭਾਵ ਮਨਮੁਖ ਮਨੁੱਖ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਨਹੀਂ ਹੁੰਦਾ। ਮਨਮੁਖ ਗੁਰਮਤਿ ਦਾ ਧਾਰਨੀ ਨਹੀਂ ਹੁੰਦਾ ਹੈ। ਉਹ ਆਪਣੀ ਮਨਮਤਿ, ਸੰਸਾਰਿਕ ਮਤਿ ਅਤੇ ਦੁਰਮਤਿ ਦਾ ਧਾਰਨੀ ਹੁੰਦਾ ਹੈ। ਮਨਮੁਖ ਦੇ ਸਾਰੇ ਕਰਮ ਅਸਤਿ ਹੁੰਦੇ ਹਨ। ਮਨਮੁਖਤਾ ਬਹੁਤ ਵੱਡਾ ਸ਼ਰਾਪ ਹੈ। ਚੰਚਲ ਮਨ ਅਤੇ ਚਤੁਰ ਮਨ ਮਨੁੱਖ ਲਈ ਬਹੁਤ ਵੱਡਾ ਸ਼ਰਾਪ ਹੈ। ਚੰਚਲ ਮਨ ਸਦਾ ਚੋਟਾਂ ਖਾਂਦਾ ਹੈ। ਭਾਵ ਚੰਚਲ ਚਤੁਰ ਮਨ ਵਾਲਾ ਮਨਮੁਖ ਮਨੁੱਖ ਸਦਾ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੀ ਗ਼ੁਲਾਮੀ ਵਿੱਚ ਕੀਤੇ ਅਸਤਿ ਕਰਮਾਂ ਕਾਰਨ ਆਪਣੇ ਜੀਵਨ ਵਿੱਚ ਜ਼ਹਿਰ ਇਕੱਤਰ ਕਰੀ ਜਾਂਦਾ ਹੈ। ਮਨੁੱਖ ਦੇ ਸਾਰੇ ਦੁੱਖਾਂ-ਕਲੇਸ਼ਾਂ ਸਮੱਸਿਆਵਾਂ ਦਾ ਕਾਰਨ ਕੇਵਲ ਮਨੁੱਖ ਦੀ ਮਨਮੁਖਤਾ ਹੈ।

ਮਨੁੱਖੀ ਮਨ ਦੀ ਚੰਚਲਤਾ ਅਤੇ ਚਤੁਰਾਈ ਦਾ ਆਧਾਰ ਮਹਾ ਵਿਨਾਸ਼ਕਾਰੀ ਪੰਜ ਚੰਡਾਲ: ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਹਨ। ਮਨ ਦੀ ਚੰਚਲਤਾ ਅਤੇ ਚਤੁਰਾਈ ਦੇ ਤਿਆਗ ਨਾਲ ਹੀ ਤ੍ਰਿਸ਼ਣਾ ਸ਼ਾਂਤ ਹੁੰਦੀ ਹੈ ਅਤੇ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦਾ ਸੰਘਾਰ ਸੰਭਵ ਹੁੰਦਾ ਹੈ। ਭਾਵ ਤ੍ਰਿਸ਼ਣਾ ਦੇ ਬੁੱਝਣ ਨਾਲ ਹੀ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦਾ ਅੰਤ ਹੁੰਦਾ ਹੈ ਅਤੇ ਤ੍ਰਿਸ਼ਣਾ ਹੀ ਮਨ ਦੀ ਚੰਚਲਤਾ ਅਤੇ ਚਤੁਰਾਈ ਦਾ ਆਧਾਰ ਹੈ ਇਸ ਲਈ ਤ੍ਰਿਸ਼ਣਾ ਬੁੱਝਣ ਨਾਲ ਹੀ ਮਨੁੱਖੀ ਮਨ ਦੀ ਚੰਚਲਤਾ ਅਤੇ ਚਤੁਰਾਈ ਦਾ ਅੰਤ ਹੁੰਦਾ ਹੈ ਅਤੇ ਪੰਜ ਚੰਡਾਲਾਂ ਦਾ ਅੰਤ ਹੁੰਦਾ ਹੈ।

ਕੇਵਲ ਉਸ ਮਨੁੱਖ ਦੀ ਤ੍ਰਿਸ਼ਣਾ ਬੁੱਝਦੀ ਹੈ ਜੋ ਆਪਣੇ ਮਨ ਨੂੰ ਸਾਧ ਲੈਂਦਾ ਹੈ। ਕੇਵਲ ਉਸ ਮਨੁੱਖ ਦੀ ਚੰਚਲਤਾ ਅਤੇ ਚਤੁਰਾਈ ਦਾ ਅੰਤ ਹੁੰਦਾ ਹੈ ਜੋ ਆਪਣੇ ਮਨ ਨੂੰ ਸਾਧ ਲੈਂਦਾ ਹੈ। ਕੇਵਲ ਉਸ ਮਨੁੱਖ ਦੀ ਤ੍ਰਿਸ਼ਣਾ ਬੁੱਝਦੀ ਹੈ ਜੋ ਆਪਣੇ ਮਨ ਨੂੰ ਜਿੱਤ ਲੈਂਦਾ ਹੈ। ਕੇਵਲ ਉਸ ਮਨੁੱਖ ਦੀ ਤ੍ਰਿਸ਼ਣਾ ਬੁੱਝਦੀ ਹੈ ਅਤੇ ਪੰਜ ਚੰਡਾਲ ਵੱਸ ਆਉਂਦੇ ਹਨ ਜੋ ਮਨਮਤਿ, ਮਨ ਦੀ ਚੰਚਲਤਾ ਅਤੇ ਚਤੁਰਾਈ ਦਾ ਤਿਆਗ ਕਰ ਕੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਂਦਾ ਹੈ ਅਤੇ ਜਿਸ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦਾ ਗੁਰਪ੍ਰਸਾਦਿ ਪ੍ਰਾਪਤ ਹੁੰਦਾ ਹੈ। ਬਿਨਾਂ ਗੁਰਪ੍ਰਸਾਦਿ ਦੇ ਮਨ ਨਹੀਂ ਸਾਧਿਆ ਜਾਂਦਾ ਹੈ। ਕੇਵਲ ਸਤਿਗੁਰੂ ਦੀ ਗੁਰਕਿਰਪਾ ਦੇ ਨਾਲ ਹੀ ਮਨ ਵੱਸ ਆਉਂਦਾ ਹੈ।

ਮਨ ਨੂੰ ਜਿੱਤ ਲੈਣਾ ਹੀ ਪੂਰਨ ਬੰਦਗੀ ਹੈ। ਮਨਮਤਿ ਦਾ ਅੰਤ ਹੋ ਜਾਣਾ ਹੀ ਪੂਰਨ ਬੰਦਗੀ ਹੈ। ਮਨ ਦਾ ਅੰਤ ਹੋ ਜਾਣਾ ਹੀ ਪੂਰਨ ਬੰਦਗੀ ਹੈ। ਮਨ ਦਾ ਅੰਤ ਹੀ ਪਰਮ ਜੋਤ ਪੂਰਨ ਪ੍ਰਕਾਸ਼ ਦਾ ਹਿਰਦੇ ਵਿੱਚ ਪ੍ਰਗਟ ਹੋਣਾ ਹੈ। ਮਨ ਨੂੰ ਜਿੱਤ ਲੈਣਾ ਹੀ ਮਾਇਆ ਨੂੰ ਜਿੱਤਣਾ ਹੈ। ਮਨਮਤਿ ਦਾ ਅੰਤ ਹੀ ਗੁਰਮਤਿ ਦਾ ਪ੍ਰਕਾਸ਼ ਹੈ। ਐਸਾ ਹੋਣ 'ਤੇ ਮਨ ਦਾ ਅੰਤ ਹੋ ਜਾਂਦਾ ਹੈ ਅਤੇ ਗੁਰ (ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ) ਦਾ ਪ੍ਰਕਾਸ਼ ਹੋ ਜਾਂਦਾ ਹੈ। ਮਨੁੱਖ ਦੀਆਂ ਪੰਜ ਕਰਮ ਇੰਦਰੀਆਂ ਦਾ ਆਧਾਰ ਹੈ ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ। ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਦਾ ਆਧਾਰ ਹੈ ਮਨੁੱਖ ਦਾ ਮਨ। ਮਨੁੱਖ ਦੇ ਮਨ ਦਾ ਆਧਾਰ ਹੈ ਮਨੁੱਖ ਦੀ ਮਤਿ। ਮਨੁੱਖ ਦੀ ਮਤਿ ਜੇਕਰ ਮਨਮਤਿ ਹੈ ਤਾਂ ਮਨੁੱਖ ਮਾਇਆ ਦਾ ਗ਼ੁਲਾਮ ਹੈ। ਮਨੁੱਖ ਦੀ ਮਤਿ ਜੇਕਰ ਦੁਰਮਤਿ ਹੈ ਤਾਂ ਮਨੁੱਖ ਮਾਇਆ ਦੀ ਗ਼ੁਲਾਮੀ ਵਿੱਚ ਹੈ। ਮਨੁੱਖ ਦੀ ਮਤਿ ਜੇਕਰ ਸੰਸਾਰਿਕ ਮਤਿ ਹੈ ਤਾਂ ਵੀ ਮਨੁੱਖ ਮਾਇਆ ਦਾ ਗ਼ੁਲਾਮ ਹੈ। ਮਨੁੱਖੀ ਮਨ ਦਾ ਆਧਾਰ ਹੈ ਮਨੁੱਖ ਦਾ ਦਿਮਾਗ ਅਤੇ ਮਨੁੱਖੀ ਦਿਮਾਗ ਦਾ ਆਧਾਰ ਹੈ ਪਰਮ ਜੋਤ ਪੂਰਨ ਪ੍ਰਕਾਸ਼। ਜਦ ਮਨਮਤਿ ਦਾ ਅੰਤ ਹੋ ਜਾਂਦਾ ਹੈ ਤਾਂ ਮਨ ਦਾ ਅੰਤ ਹੋ ਜਾਂਦਾ ਹੈ। ਮਨਮਤਿ, ਦੁਰਮਤਿ ਅਤੇ ਸੰਸਾਰਿਕ ਮਤਿ ਦਾ ਅੰਤ ਹੋ ਜਾਂਦਾ ਹੈ। ਮਨਮਤਿ, ਦੁਰਮਤਿ ਅਤੇ ਸੰਸਾਰਿਕ ਮਤਿ ਦਾ ਆਧਾਰ ਸੰਸਾਰ ਹੈ। ਸੰਸਾਰ ਮਾਇਆ ਦਾ ਖੇਲ ਹੈ। ਇਸ ਲਈ ਮਨ ਨੂੰ ਜਿੱਤ ਲੈਣਾ ਹੀ ਸੰਸਾਰ ਨੂੰ ਜਿੱਤ ਲੈਣਾ ਹੈ। ਮਨ ਦਾ ਅੰਤ ਹੁੰਦੇ ਹੀ, ਮਨਮਤਿ, ਦੁਰਮਤਿ ਅਤੇ ਸੰਸਾਰਿਕ ਮਤਿ ਖ਼ਤਮ ਹੋ ਜਾਣ ਨਾਲ ਮਨੁੱਖ ਦੀਆਂ ਪੰਜੇ ਗਿਆਨ ਇੰਦਰੀਆਂ ਗੁਰਮਤਿ ਵਿੱਚ ਚਲੀਆਂ ਜਾਂਦੀਆਂ ਹਨ। ਜਦ ਐਸਾ ਹੁੰਦਾ ਹੈ ਤਾਂ ਮਨੁੱਖ ਦੀਆਂ ਪੰਜੇ ਕਰਮ ਇੰਦਰੀਆਂ ਕੇਵਲ ਸਤਿ ਕਰਮ ਕਰਨ ਲੱਗ ਪੈਂਦੀਆਂ ਹਨ। ਮਨੁੱਖ ਦਾ ਦਿਮਾਗ ਪੂਰਨ ਰੂਪ ਵਿੱਚ ਕਿਰਿਆਸ਼ੀਲ ਹੋ ਜਾਂਦਾ ਹੈ ਅਤੇ ਪੂਰਨ ਬ੍ਰਹਮ ਗਿਆਨ ਪੂਰਨ ਤੱਤ ਗਿਆਨ ਪ੍ਰਗਟ ਹੋ ਜਾਂਦਾ ਹੈ। ਪਰਮ ਜੋਤ ਪ੍ਰਗਟ ਹੋ ਜਾਂਦੀ ਹੈ ਅਤੇ ਮਨੁੱਖ ਪ੍ਰਗਟਿਓ ਜੋਤ ਪੂਰਨ ਬ੍ਰਹਮ ਗਿਆਨੀ ਦੇ ਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ। ਇਸ ਤਰ੍ਹਾਂ ਨਾਲ ਮਨੁੱਖ ਦੇ ਪੰਜੇ ਗਿਆਨ ਇੰਦਰੇ ਅਤੇ ਕਰਮ ਇੰਦਰੇ ਪੂਰਨ ਹੁਕਮ ਵਿੱਚ ਆ ਜਾਂਦੇ ਹਨ।

ਮਾਇਆ ਮਿੱਠਾ ਜ਼ਹਿਰ ਹੈ। ਜਿਵੇਂ ਮਿੱਠੇ ਗੁੜ ਨੂੰ ਮੱਖੀਆਂ ਚਿੰਬੜ ਜਾਂਦੀਆਂ ਹਨ ਅਤੇ ਗੁੜ ਵਿੱਚ ਖੁਭ ਕੇ ਆਪਣਾ ਜੀਵਨ ਗੁਆ ਦਿੰਦੀਆਂ ਹਨ। ਠੀਕ ਇਸੇ ਤਰ੍ਹਾਂ ਨਾਲ ਮਨੁੱਖ ਮਾਇਆ ਜਾਲ ਵਿੱਚ ਫਸ ਜਾਂਦਾ ਹੈ ਅਤੇ ਮਾਇਆ ਦੇ ਜਾਲ ਵਿੱਚ ਫੱਸਿਆ ਹੋਇਆ ਆਪਣਾ ਜੀਵਨ ਵਿਅਰਥ ਗੁਆ ਦਿੰਦਾ ਹੈ। ਸੰਸਾਰਿਕ ਰਿਸ਼ਤੇ ਨਾਤੇ, ਸੰਸਾਰਿਕ ਪਦਾਰਥ, ਸੰਸਾਰਿਕ ਜਾਇਦਾਦਾਂ, ਸੰਸਾਰਿਕ ਉਪਾਧੀਆਂ ਅਤੇ ਕਾਰੋਬਾਰ ਸਾਰੇ ਮਿੱਠੇ ਗੁੜ ਦੀ ਨਿਆਈਂ ਹੀ ਹਨ। ਸੰਸਾਰਿਕ ਰਿਸ਼ਤੇ ਨਾਤੇ, ਸੰਸਾਰਿਕ ਪਦਾਰਥ, ਸੰਸਾਰਿਕ ਜਾਇਦਾਦਾਂ, ਸੰਸਾਰਿਕ ਉਪਾਧੀਆਂ ਅਤੇ ਕਾਰੋਬਾਰ ਆਦਿ ਸਾਰੇ ਮਨੁੱਖ ਨੂੰ ਆਪਣੇ ਮੋਹ ਜਾਲ ਵਿੱਚ ਫਸਾ ਕੇ ਰੱਖਦੇ ਹਨ ਜਿਨ੍ਹਾਂ ਵਿੱਚ ਖੁਭ ਕੇ ਮਨੁੱਖ ਫਿਰ ਬਾਹਰ ਨਿਕਲਣ ਦੀ ਸੋਝੀ ਨੂੰ ਗੁਆ ਬੈਠਦਾ ਹੈ ਜਾਂ ਸੋਝੀ ਹੁੰਦੇ ਹੋਏ ਵੀ ਮਾਇਆ ਦੇ ਇਸ ਵਿਨਾਸ਼ਕਾਰੀ ਖੇਲ ਵਿੱਚ ਐਸਾ ਫਸ ਜਾਂਦਾ ਹੈ ਕਿ ਇਸ ਵਿੱਚੋਂ ਨਿਕਲ ਨਹੀਂ ਪਾਉਂਦਾ ਹੈ ਅਤੇ ਇਸ ਭਵਜਲ ਵਿੱਚ ਫੱਸਿਆ ਹੋਇਆ ਹੀ ਦਮ ਤੋੜ ਦਿੰਦਾ ਹੈ। ਮਾਇਆ ਦਾ ਮੋਹ ਮਿੱਠਾ ਜ਼ਹਿਰ ਹੈ। ਮਮਤਾ ਤੋਂ ਭਾਵ ਹੈ ਮਾਇਆ ਦਾ ਮੋਹ। ਮਾਇਆ ਦੇ ਮੋਹ ਤੋਂ ਭਾਵ ਹੈ ਸੰਸਾਰਿਕ ਰਿਸ਼ਤੇ ਨਾਤੇ, ਸੰਸਾਰਿਕ ਪਦਾਰਥ, ਸੰਸਾਰਿਕ ਜਾਇਦਾਦਾਂ, ਸੰਸਾਰਿਕ ਉਪਾਧੀਆਂ ਅਤੇ ਕਾਰੋਬਾਰ ਆਦਿ ਨਾਲ ਲੱਗਾਵ। ਮੋਹ ਤੋਂ ਭਾਵ ਹੈ ਸੰਸਾਰਿਕ ਰਿਸ਼ਤੇ ਨਾਤੇ, ਸੰਸਾਰਿਕ ਪਦਾਰਥ,

ਸੰਸਾਰਿਕ ਜਾਇਦਾਦਾਂ, ਸੰਸਾਰਿਕ ਉਪਾਧੀਆਂ ਅਤੇ ਕਾਰੋਬਾਰ ਆਦਿ ਦੇ ਖੋਹੇ ਜਾਣ ਦਾ ਭਉ ਅਤੇ ਚਿੰਤਾ। ਮਾਇਆ ਦੇ ਮੋਹ ਵਿੱਚ ਗ੍ਰਸਤ ਮਨੁੱਖ ਨੂੰ ਮਾਇਆ ਦੇ ਇਸ ਮਹਾ ਵਿਨਾਸ਼ਕਾਰੀ ਰੂਪ ਦਾ ਗਿਆਨ ਨਹੀਂ ਹੁੰਦਾ ਹੈ। ਮਾਇਆ ਨੇ ਸਾਰੇ ਸੰਸਾਰ ਨੂੰ ਆਪਣੇ ਇਸ ਮੋਹ ਦੇ ਜਾਲ ਵਿੱਚ ਫਸਾ ਕੇ ਰਖਿਆ ਹੋਇਆ ਹੈ। ਮਾਇਆ ਇੱਕ ਐਸੀ ਦੈਤਨੀ ਹੈ ਜਿਸ ਦੇ ਕੋਈ ਦੰਤ ਨਹੀਂ ਹਨ ਫਿਰ ਵੀ ਉਹ ਸਾਰੇ ਸੰਸਾਰ ਨੂੰ ਆਪਣੇ ਮੋਹ ਜਾਲ-ਪਾਸ਼ ਵਿੱਚ ਬੰਨ ਕੇ ਜਿਵੇਂ ਆਪਣੇ ਅੰਦਰ ਗੁਟਕੀ ਜਾ ਰਹੀ ਹੈ। ਸਾਰਾ ਸੰਸਾਰ ਜਿਵੇਂ ਮਾਇਆ ਦੇ ਮੋਹ ਰੂਪੀ ਢਿੱਡ ਵਿੱਚ ਸਮਾਇਆ ਹੋਇਆ ਹੈ। ਕਈ ਮਨੁੱਖ ਇਸ ਪਰਮ ਸਤਿ ਨੂੰ ਜਾਣਦੇ ਹੋਏ ਵੀ ਕਿ ਕਿਸੇ ਵੀ ਸੰਸਾਰਿਕ ਵਸਤੂ ਨੇ ਅੰਤ ਸਮੇਂ ਉਸ ਦੇ ਨਾਲ ਨਹੀਂ ਜਾਣਾ ਹੈ, ਫਿਰ ਵੀ ਉਹ ਇਨ੍ਹਾਂ ਸੰਸਾਰਿਕ ਵਸਤੂਆਂ ਅਤੇ ਸੰਬੰਧਾਂ ਦੇ ਮਗਰ ਭੱਜਦਾ-ਭੱਜਦਾ ਆਪਣਾ ਜਨਮ ਵਿਅਰਥ ਗੁਆ ਬੈਠਦਾ ਹੈ। ਮਾਇਆ ਦੇ ਇਸ ਵਿਨਾਸ਼ਕਾਰੀ ਖੇਲ ਦਾ ਪਰਮ ਸਤਿ ਤੱਤ ਸਤਿਗੁਰੂ ਸਾਹਿਬਾਨ ਨੇ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ:

ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੧)

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥
ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੪੩)

ਮਾਇਆ ਦਾ ਰਜੋ ਅਤੇ ਤਮੋ ਰੂਪ ਜਿਵੇਂ ਇੱਕ ਮਹਾ ਦੈਤਨੀ ਦਾ ਵਿਕਰਾਲ ਰੂਪ ਹੈ। ਮਨਮੁਖਾਂ ਨੂੰ ਮਾਇਆ ਦੈਤਨੀ ਆਪਣੇ ਮੋਹ ਜਾਲ ਵਿੱਚ ਫਸਾ ਕੇ ਨਿਗਲ ਜਾਂਦੀ ਹੈ। ਕੇਵਲ ਗੁਰਮੁਖ ਹੀ ਮਾਇਆ ਨੂੰ ਜਿੱਤ ਕੇ ਮਾਇਆ ਦੀ ਗ਼ੁਲਾਮੀ ਤੋਂ ਮੁਕਤ ਹੁੰਦੇ ਹਨ। ਕਈ ਜਿਗਿਆਸੂ ਜੋ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਸਤਿਨਾਮ ਸਿਮਰਨ ਦੀ ਕਮਾਈ ਕਰਦੇ ਹਨ ਉਨ੍ਹਾਂ ਨੂੰ ਸਿਮਰਨ ਅਭਿਆਸ ਦੇ ਦੌਰਾਨ ਸਮਾਧੀ ਵਿੱਚ ਮਾਇਆ ਦੇ ਇਸ ਵਿਕਰਾਲ ਰੂਪ ਦੇ ਦਰਸ਼ਨ ਹੁੰਦੇ ਹਨ। ਕਈ ਜਿਗਿਆਸੂਆਂ ਨੂੰ ਪੰਜ ਦੂਤਾਂ ਦੇ ਚੰਡਾਲ ਰੂਪਾਂ ਦੇ ਦਰਸ਼ਨ ਵੀ ਹੁੰਦੇ ਹਨ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੂਪੀ ਚੰਡਾਲ ਮਨੁੱਖ ਦੀ ਦੇਹੀ ਵਿੱਚ ਹੀ ਵਾਸ ਕਰਦੇ ਹਨ। ਜੋ ਮਨੁੱਖ ਸਤਿਗੁਰੂ ਦੇ ਚਰਨਾਂ ਉੱਪਰ ਪੂਰਨ ਸਮਰਪਣ ਕਰਦੇ ਹਨ ਉਨ੍ਹਾਂ ਨੂੰ ਮਾਇਆ ਦੇ ਇਸ ਵਿਨਾਸ਼ਕਾਰੀ ਦੂਤਾਂ ਦੇ ਦਰਸ਼ਨ ਹੁੰਦੇ ਹਨ। ਇਹ ਪੰਜ ਚੰਡਾਲ ਮਨੁੱਖ ਨੂੰ ਮਾਇਆ ਦੇ ਇਸ ਮਹਾ ਵਿਨਾਸ਼ਕਾਰੀ ਜਾਲ ਵਿੱਚ ਭਰਮਾ ਕੇ ਫਸਾਈ ਰੱਖਦੇ ਹਨ ਅਤੇ ਮਨੁੱਖ ਨੂੰ ਮਾਇਆ ਦੇ ਇਸ ਮਿੱਠੇ ਜ਼ਹਿਰ ਨੂੰ ਪਿਲਾਉਣ ਦਾ ਕੰਮ ਨਿਰੰਤਰ ਕਰਦੇ ਰਹਿੰਦੇ ਹਨ। ਗੁਰਬਾਣੀ ਪੂਰਨ ਬ੍ਰਹਮ ਗਿਆਨ ਹੈ। ਗੁਰਬਾਣੀ ਪੂਰਨ ਸਤਿ ਹੈ। ਇਸ ਲਈ ਕਈ ਮਨੁੱਖ ਜੋ ਗੁਰਬਾਣੀ ਦੀ ਕਮਾਈ ਕਰਦੇ ਹਨ, ਸਤਿਨਾਮ ਸਿਮਰਨ ਦੀ ਕਮਾਈ ਕਰਦੇ ਹਨ, ਗੁਰਪ੍ਰਸਾਦਿ ਦੀ ਪ੍ਰਾਪਤੀ ਕਰਦੇ ਹਨ ਅਤੇ ਆਪਣੇ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰਦੇ ਹਨ, ਆਪਣੇ ਸਤਿਗੁਰੂ ਦੀ ਸੇਵਾ ਕਰਦੇ ਹਨ, ਨਾਮ ਧਿਆਉਂਦੇ ਹਨ, ਉਨ੍ਹਾਂ ਦੀ ਆਪਣੀ ਦੇਹੀ ਵਿੱਚ ਵੱਸਦੇ ਇਹ ਪੰਜ ਚੰਡਾਲ ਜਦੋਂ ਦੇਹੀ ਨੂੰ ਛੱਡ ਕੇ ਭੱਜਦੇ ਹਨ ਤਾਂ ਉਨ੍ਹਾਂ ਨੂੰ ਇਹ ਚੰਡਾਲ ਭੱਜਦੇ ਹੋਏ ਦਿੱਸਦੇ ਹਨ। ਆਪਣੇ ਸਤਿਗੁਰੂ ਦੀ ਕਿਰਪਾ ਦਾ ਸਦਕਾ ਕਈ ਬੰਦਗੀ ਵਿੱਚ ਰੱਤੇ ਹੋਏ ਮਨੁੱਖਾਂ ਨੂੰ ਸਮਾਧੀ ਵਿੱਚ ਅਤੇ ਸੁੰਨ

ਸਮਾਧੀ ਵਿੱਚ ਮਾਇਆ ਦੇ ਨਾਲ ਯੁੱਧ ਹੁੰਦਾ ਦਿੱਸਦਾ ਹੈ। ਕਈ ਬੰਦਗੀ ਵਿੱਚ ਰੱਤੀਆਂ ਹੋਈਆਂ ਰੂਹਾਂ ਨੂੰ ਸਮਾਧੀ ਅਤੇ ਸੁੰਨ ਸਮਾਧੀ ਅਭਿਆਸ ਦੇ ਦੌਰਾਨ ਸਤਿਗੁਰੂ ਸਾਹਿਬਾਨ ਇਲਾਹੀ ਦਰਗਾਹੀ ਅਸਤਰ ਵੀ ਭੇਟ ਕਰਦੇ ਹਨ ਜੋ ਉਨ੍ਹਾਂ ਨੂੰ ਮਾਇਆ ਨੂੰ ਹਰਾਉਣ ਦੇ ਵਿੱਚ ਸਹਾਇਤਾ ਕਰਦੇ ਹਨ ਅਤੇ ਧਰਤੀ ਉੱਪਰ ਵਾਪਰ ਰਹੇ ਕੂੜ ਨੂੰ ਖ਼ਤਮ ਕਰਨ ਵਿੱਚ ਸਹਾਇਕ ਸਿੱਧ ਹੁੰਦੇ ਹਨ।

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੧-੬੨)

ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੦)

ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੯)

ਮੋਹ ਕਾਰਨ ਹੀ ਮਨੁੱਖ ਦਾ ਸੰਸਾਰਿਕ ਪਰਿਵਾਰ ਹੈ ਅਤੇ ਮੋਹ ਕਾਰਨ ਹੀ ਸਾਰੇ ਦੁੱਖ ਹਨ ਮਨੁੱਖ ਦੇ ਜੀਵਨ ਵਿਚ। ਮੋਹ ਹੀ ਮਿੱਠਾ ਜ਼ਹਿਰ ਹੈ। ਮੋਹ ਦੇ ਮਿੱਠੇ ਜ਼ਹਿਰ ਕਾਰਨ ਹੀ ਮਨੁੱਖ ਇਸ ਭਰਮ ਵਿੱਚ ਸਾਰੀ ਉਮਰ ਉਲਝਿਆ ਰਹਿੰਦਾ ਹੈ ਕਿ ਸਾਰੇ ਪਰਿਵਾਰਕ ਸੰਬੰਧ ਸਤਿ ਹਨ। ਮੋਹ ਦੇ ਮਿੱਠੇ ਜ਼ਹਿਰ ਕਾਰਨ ਹੀ ਮਨੁੱਖ ਇਨ੍ਹਾਂ ਸੰਸਾਰਿਕ ਸੰਬੰਧਾਂ ਨੂੰ ਮਾਣਨ ਅਤੇ ਸੁਧਾਰਨ ਦੇ ਯਤਨ ਵਿੱਚ ਰੁੱਝਾ ਰਹਿੰਦਾ ਹੈ। ਮੋਹ ਦੇ ਮਿੱਠੇ ਜ਼ਹਿਰ ਕਾਰਨ ਹੀ ਮਨੁੱਖ ਸਾਰੀ ਉਮਰ ਇਨ੍ਹਾਂ ਸੰਸਾਰਿਕ ਰਿਸ਼ਤਿਆਂ ਦੀ ਸੇਵਾ ਕਰਨ ਦੇ ਵਿੱਚ ਰੁੱਝਾ ਰਹਿੰਦਾ ਹੈ। ਮੋਹ ਦੇ ਮਿੱਠੇ ਜ਼ਹਿਰ ਦੇ ਕਾਰਨ ਹੀ ਮਨੁੱਖ ਇਨ੍ਹਾਂ ਸੰਸਾਰਿਕ ਰਿਸ਼ਤਿਆਂ ਦੇ ਸੰਸਾਰਿਕ ਸੁੱਖ ਲਈ ਕਾਰੋਬਾਰ ਅਤੇ ਜਾਇਦਾਦਾਂ ਬਣਾਉਣ ਦੇ ਵਿੱਚ ਸਾਰੀ ਉਮਰ ਉਲਝਿਆ ਰਹਿੰਦਾ ਹੈ। ਧਨ, ਜੋਬਨ, ਮਾਲ, ਸ਼ਬਦ (ਭਾਵ ਬੋਲਣ ਦੀ ਸ਼ਕਤੀ), ਸਪਰਸ਼, ਰੰਗ, ਰਸ, ਭੋਗ ਆਦਿ ਸਭ ਮੋਹ ਦੇ ਮਿੱਠੇ ਜ਼ਹਿਰ ਦਾ ਹੀ ਰੂਪ ਹਨ, ਜੋ ਮਨੁੱਖ ਨੂੰ ਵਿਕਾਰਾਂ ਦੇ ਵਿਨਾਸ਼ਕਾਰੀ ਜਾਲ ਵਿੱਚ ਫਸਾ ਕੇ ਤਬਾਹ ਕਰ ਦਿੰਦੇ ਹਨ। ਸਮਝਣ ਵਾਲਾ ਸਤਿ ਇਹ ਹੈ ਕਿ ਇਸ ਜਨਮ ਦੇ ਤੁਹਾਡੇ ਪਰਿਵਾਰਕ ਸੰਬੰਧ ਕੋਈ ਨਵੇਂ ਸੰਬੰਧ ਨਹੀਂ ਹਨ। ਤੁਹਾਡੇ ਹੀ ਕਰਮਾਂ ਦੇ ਬੰਧਨਾਂ ਕਾਰਨ ਤੁਸੀਂ ਕਈ-ਕਈ ਵਾਰ ਇਨ੍ਹਾਂ ਸੰਬੰਧਾਂ ਵਿੱਚੋਂ ਲੰਘ ਚੁਕੇ ਹੋ। ਤੁਹਾਡੇ ਧੀਆਂ-ਪੁੱਤਰ ਮਾਤ-ਪਿਤਾ ਸਾਰੇ ਰਿਸ਼ਤੇ ਨਾਤੇ ਕੋਈ ਨਵੇਂ ਨਹੀਂ ਹਨ। ਤੁਸੀਂ ਜਨਮ-ਮਰਨ ਦੇ ਬੰਧਨ ਵਿੱਚ ਫਸੇ ਹੋਏ ਇਨ੍ਹਾਂ ਸੰਬੰਧਾਂ ਦਾ ਲੇਖਾ-ਜੋਖਾ ਦੇਣ ਲਈ ਫਿਰ ਜਨਮ ਲੈ ਕੇ ਆਪਣੇ ਪ੍ਰਾਲਬਧ ਅਨੁਸਾਰ ਕਰਮ ਕਰ ਰਹੇ ਹੋ। ਇਨ੍ਹਾਂ ਸੰਬੰਧਾਂ ਦੇ ਬੰਧਨ ਕਦੇ ਨਹੀਂ ਟੁੱਟਦੇ ਹਨ। ਕਲਜੁਗ ਵਿੱਚ ਜਨਮ ਲੈਣ ਵਾਲੇ ਮਨੁੱਖਾਂ ਦੇ ਜਨਮਾਂ ਦੀ ਗਿਣਤੀ ੨੦੦, ੩੦੦, ੪੦੦ ਜਨਮਾਂ ਤੋਂ ਵੀ ਵੱਧ ਹੈ। ਇਨ੍ਹਾਂ ਜਨਮਾਂ ਦੇ ਵਿਚਕਾਰ ਕਿਤਨੀ ਵਾਰ ਕਲਜੁਗੀ ਮਨੁੱਖ ਜੂਨਾਂ ਵਿੱਚ ਭਟਕੇ ਹਨ ਇਸ ਦਾ ਕੋਈ ਅੰਦਾਜ਼ਾ ਨਹੀਂ ਹੈ। ਜਿਸ ਮਨੁੱਖ ਦੇ ੨੦੦ ਮਨੁੱਖਾ ਜਨਮ ਹੋਏ ਹਨ ਉਸ ਦਾ ਜੇਕਰ ਹਿਸਾਬ ਲਾਇਆ ਜਾਏ ਤਾਂ ਫਰਜ਼ ਕਰੋ ਜੇਕਰ ਉਸ ਦੀ ਔਸਤਨ ਉਮਰ ੮੦ ਸਾਲ ਦੀ ਜਨਮ ਹੋਵੇ ਤਾਂ ਉਸ ਦੀ ਮਨੁੱਖਾ ਜਨਮਾਂ ਦੀ ਉਮਰ ੧੬੦੦੦ ਸਾਲ ਹੋਵੇਗੀ। ਇਸ ਤਰ੍ਹਾਂ ਨਾਲ ਜੇ ਮਨੁੱਖ ਦੇ ੪੦੦ ਮਨੁੱਖਾ ਜਨਮ ਹਨ, ਉਸ ਦੀ ਮਨੁੱਖਾ ਜਨਮਾਂ ਦੀ

ਉਮਰ ੩੨੦੦੦ ਸਾਲ ਹੋਈ। ਪਰੰਤੂ ਗੁਰਬਾਣੀ ਅਨੁਸਾਰ ਮਾਇਆ ਵਿੱਚ ਡੁੱਬੇ ਹੋਏ ਮਨੁੱਖ ਦੇ ੧,੦੦,੦੦੦ ਜਨਮਾਂ ਦੀ ਕਥਾ ਲਿਖੀ ਗਈ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਦ੍ਰਿੜ੍ਹ ਕਰਵਾਇਆ ਗਿਆ ਹੈ:

ਜਿਸੁ ਪ੍ਰਭੁ ਅਪਣਾ ਵਿਸਰੈ ਸੋ ਮਰਿ ਜੰਮੈ ਲਖ ਵਾਰ ਜੀਉ ॥੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੬੧)

ਇਸ ਸਮੇਂ ਦੇ ਵਿੱਚ ਜੇਕਰ ਜੂਨੀਆਂ ਵਿੱਚ ਭਟਕਣ ਦਾ ਸਮਾਂ ਵੀ ਜੋੜ ਦਿੱਤਾ ਜਾਵੇ ਤਾਂ ਇਹ ਸਮਾਂ ਕਿਤਨਾ ਲੰਬਾ ਹੋ ਜਾਏਗਾ ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ। ਭਾਵ ਕਲਜੁਗੀ ਮਨੁੱਖ ਅਣਮਿੱਥੇ ਸਮੇਂ ਤੋਂ ਮਨੁੱਖਾ ਜਨਮਾਂ ਅਤੇ ਜੂਨਾਂ ਵਿੱਚ ਭਟਕ ਰਿਹਾ ਹੈ। ਇਸ ਭਟਕਣਾ ਦਾ ਮੂਲ ਕਾਰਨ ਮਨੁੱਖ ਦਾ ਮਾਇਆ ਮੋਹ ਦਾ ਮਿੱਠਾ ਜ਼ਹਿਰ ਹੀ ਹੈ ਜਿਸ ਨੂੰ ਪੀ ਪੀ ਕੇ ਮਨੁੱਖ ਰੱਜਦਾ ਨਹੀਂ ਅਤੇ ਅਣਮਿੱਥੇ ਸਮੇਂ ਤੋਂ ਇਸੇ ਤਰ੍ਹਾਂ ਮਨੁੱਖਾ ਜਨਮਾਂ ਅਤੇ ਜੂਨਾਂ ਵਿੱਚ ਭਟਕਦਾ ਰਹਿੰਦਾ ਹੈ। ਜ਼ਰਾ ਸੋਚੋ ਕਿ ਜੇਕਰ ਮਨੁੱਖ ਦੀ ੧੬੦੦੦ ਤੋਂ ੩੨੦੦੦ ਸਾਲ ਮਨੁੱਖੀ ਉਮਰ ਭੋਗ ਕੇ ਤ੍ਰਿਸ਼ਨਾ ਨਹੀਂ ਬੁਝੀ ਤਾਂ ਇਸ ਜਨਮ ਵਿੱਚ ਬੁਝ ਜਾਏਗੀ ? ਜਰਾ ਸੋਚੋ ਕਿ ਜੇਕਰ ਮਨੁੱਖ ਦੀ ੧੬੦੦੦ ਤੋਂ ੩੨੦੦੦ ਸਾਲ ਮਨੁੱਖੀ ਉਮਰ ਭੋਗ ਕੇ ਸੰਸਾਰਿਕ ਪਦਾਰਥਾਂ, ਸੰਬੰਧਾਂ ਅਤੇ ਰਿਸ਼ਤਿਆਂ ਨੂੰ ਭੋਗਦੇ ਹੋਏ ਰੱਜ ਨਾ ਹੋ ਸਕਿਆ ਤਾਂ ਹੋਰ ਕੁਝ ਸਾਲਾਂ ਦੀ ਉਮਰ ਭੋਗ ਕੇ ਇਨ੍ਹਾਂ ਝੂਠੇ ਸੰਬੰਧਾਂ ਨਾਲ ਅਤੇ ਪਦਾਰਥਾਂ ਦੇ ਭੋਗ ਨਾਲ ਰੱਜ ਹੋ ਸਕੇਗਾ ? ਤ੍ਰਿਸ਼ਨਾ ਦਾ ਮਿੱਠਾ ਜ਼ਹਿਰ ਹੈ ਹੀ ਐਸੀ ਤਸੀਰ ਦਾ ਕਿ ਇਹ ਜਿਤਨਾ ਮਰਜ਼ੀ ਪੀ ਲਵੋ ਇਸ ਨਾਲ ਮਨੁੱਖ ਦੀ ਸੰਸਾਰਿਕ ਪਦਾਰਥਾਂ ਅਤੇ ਸੰਬੰਧਾਂ ਦੀ ਭੁੱਖ ਪਿਆਸ ਦਾ ਅੰਤ ਨਹੀਂ ਹੁੰਦਾ ਹੈ। ਕਿਉਂਕਿ ਮਾਇਆ ਦੀ ਗ਼ੁਲਾਮੀ ਵਿੱਚ ਇਤਨੀ ਲੰਬੀ ਮਨੁੱਖਾ ਜੂਨਾਂ ਵਿੱਚ ਵਿਚਰਦੇ ਹੋਏ ਮਨੁੱਖ ਦੀ ਤ੍ਰਿਸ਼ਨਾ ਨਹੀਂ ਬੁਝਦੀ ਇਸੇ ਲਈ ਮਾਇਆ ਨੂੰ ਗੁਰਬਾਣੀ ਵਿੱਚ ਜ਼ਹਿਰ ਦੀ ਸੰਗਿਆ ਦਿੱਤੀ ਗਈ ਹੈ। ਕਿਉਂਕਿ ਇਤਨੀ ਲੰਬੀ ਮਨੁੱਖਾ ਜਨਮਾਂ ਦੀ ਉਮਰ ਦੇ ਦੌਰਾਨ ਸੰਸਾਰਿਕ ਪਦਾਰਥਾਂ ਅਤੇ ਰਿਸ਼ਤਿਆਂ ਦਿਆਂ ਸੰਬੰਧਾਂ ਨੂੰ ਭੋਗ-ਭੋਗ ਕੇ ਮਨੁੱਖ ਦਾ ਰੱਜ ਨਹੀਂ ਹੁੰਦਾ ਹੈ। ਇਸੇ ਕਾਰਨ ਕਰਮ ਦੇ ਬੰਧਨਾਂ ਤੋਂ ਮਨੁੱਖ ਦਾ ਛੁਟਕਾਰਾ ਨਹੀਂ ਹੁੰਦਾ ਹੈ ਅਤੇ ਮਨੁੱਖ ਜਨਮ-ਮਰਨ ਦੇ ਬੰਧਨ ਤੋਂ ਮੁਕਤ ਨਹੀਂ ਹੁੰਦਾ ਹੈ। ਇਸੇ ਲਈ ਮਾਇਆ ਨੂੰ 'ਬਿਖਿਆ' ਕਿਹਾ ਗਿਆ ਹੈ। ਮਾਇਆ ਦੀ ਗ਼ੁਲਾਮੀ ਵਿੱਚ ਮਾਇਆ ਦੇ ਮਿੱਠੇ ਜ਼ਹਿਰ ਨਾਲ ਠਗਿਆ ਹੋਇਆ ਮਨੁੱਖ ਪੂਰਨ ਸਤਿ ਤੋਂ ਅਣਜਾਣ ਬਾਰ-ਬਾਰ ਜੰਮਦਾ ਅਤੇ ਮਰਦਾ ਹੈ। ਮਾਇਆ ਮੋਹ ਦੇ ਮਿੱਠੇ ਜ਼ਹਿਰ ਦੇ ਨਸ਼ੇ ਵਿੱਚ ਮਦਹੋਸ਼ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਵਿਸਾਰ ਕੇ ਜਨਮ-ਮਰਨ ਦੇ ਬੰਧਨ ਵਿੱਚ ਅਣਮਿੱਥੇ ਸਮੇਂ ਲਈ ਭਟਕਦਾ ਰਹਿੰਦਾ ਹੈ।

ਇਹ ਬੇਅੰਤ ਅਸ਼ਚਰਜ ਦੀ ਗੱਲ ਹੈ ਕਿ ਮਨੁੱਖਾ ਜੀਵਨ ਦੇ ਇਤਨੇ ਲੰਬੇ ਸਮੇਂ ਮਾਇਆ ਦੇ ਮਿੱਠੇ ਜ਼ਹਿਰ ਨੂੰ ਭੋਗਦੇ ਹੋਏ ਵੀ ਮਨੁੱਖ ਦਾ ਮਾਇਆ ਦਾ ਮਿੱਠਾ ਜ਼ਹਿਰ ਪੀ ਪੀ ਕੇ ਰੱਜ ਨਹੀਂ ਹੁੰਦਾ ਹੈ ਅਤੇ ਨਾ ਹੀ ਮਨੁੱਖ ਨੂੰ ਮਾਇਆ ਦੇ ਇਸ ਮਿੱਠੇ ਜ਼ਹਿਰ ਨੂੰ ਛੱਡਣ ਦੀ ਸੋਝੀ ਪੈਂਦੀ ਹੈ। ਮਾਇਆ ਐਸੀ ਠੱਗਣੀ ਦੈਤਨੀ ਹੈ ਕਿ ਆਮ ਮਨੁੱਖ ਜੋ ਕਿ ਮਾਇਆ ਦਾ ਗ਼ੁਲਾਮ ਹੈ ਉਸ ਦੀ ਗੱਲ ਤਾਂ ਛੱਡੋ ਪਰੰਤੂ ਹੈਰਾਨਗੀ ਦੀ ਗੱਲ ਇਹ ਹੈ ਕਿ ਜੋ ਮਨੁੱਖ ਗੁਰਬਾਣੀ ਦਾ ਪਠਨ ਵੀ ਕਰਦੇ ਹਨ ਅਤੇ ਰੋਜ਼ਾਨਾ ਨਿਤਨੇਮ ਵਿੱਚ ਪੰਜ ਬਾਣੀਆਂ ਦਾ ਪਠਨ ਵੀ ਕਰਦੇ ਹਨ, ਦਿਨ ਵਿੱਚ ਕਈ ਵਾਰੀ ਸੁਖਮਨੀ ਸਾਹਿਬ ਅਤੇ ਜਪੁਜੀ ਬਾਣੀ ਦਾ ਪਠਨ ਵੀ ਕਰਦੇ ਹਨ, ਕੀਰਤਨ ਬਾਣੀ ਵੀ ਸੁਣਦੇ ਹਨ, ਉਨ੍ਹਾਂ ਮਨੁੱਖਾਂ ਦੇ ਪੱਲੇ ਵੀ ਮਾਇਆ

ਦੇ ਇਸ ਵਿਨਾਸ਼ਕਾਰੀ ਖੇਲ ਦੀ ਅਤੇ ਮਾਇਆ ਦਾ ਤਿਆਗ ਕਰਨ ਦੀ ਸੋਝੀ ਨਹੀਂ ਪੈਂਦੀ ਹੈ। ਇਸ ਦਾ ਕਾਰਨ ਇਹ ਹੀ ਹੈ ਕਿ ਮਨੁੱਖ ਆਪਣੇ ਮਨ ਦੀਆਂ ਚਤੁਰਾਈਆਂ ਵਿੱਚ ਉਲਝਿਆ ਰਹਿੰਦਾ ਹੈ। ਆਪਣੇ ਹੀ ਮਨ ਦੀਆਂ ਚਤੁਰਾਈਆਂ ਵਿੱਚ ਉਲਝੇ ਹੋਏ ਮਨੁੱਖ ਨੂੰ ਗੁਰਮਤਿ ਗੁਰਬਾਣੀ ਦਾ ਪਠਨ ਕਰਦੇ ਹੋਏ ਵੀ ਮਾਇਆ ਠੱਗਣੀ ਦੇ ਇਸ ਮਿੱਠੇ ਜ਼ਹਿਰ ਦੀ ਸੋਝੀ ਨਹੀਂ ਪੈਂਦੀ ਹੈ।

ਮਾਇਆ ਦੀ ਰਚਨਾ ਵੀ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਹੀ ਕੀਤੀ ਹੈ।

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥

ਸ੍ਰਿਸ਼ਟੀ ਦੇ ਆਦਿ ਤੋਂ ਪੂਰਵ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ੩੬ ਯੁੱਗ ਸੁੰਨ ਸਮਾਧੀ ਵਿੱਚ ਸਥਿਤ ਰਹੇ; ਅਤੇ ਫਿਰ ਸੁੰਨ ਵਿੱਚੋਂ ਹੀ ਫੁਰਨਾ ਹੋਇਆ ਇੱਕ ਏਕ ਤੋਂ ਅਨੇਕ ਹੋ ਜਾਵਾਂ। ਇਹ ਫੁਰਨਾ ਹੀ ਮਾਇਆ ਦੀ ਉਤਪਤੀ ਦਾ ਕਾਰਨ ਬਣਿਆ ਅਤੇ ਮਾਇਆ ਪ੍ਰਗਟ ਹੋਈ। ਇਹ ਪਰਮ ਸਤਿ ਤੱਤ ਸਮਝਣਾ ਬਹੁਤ ਜ਼ਰੂਰੀ ਹੈ ਕਿ ਗੁਰਬਾਣੀ ਵਿੱਚ ਜਿੱਥੇ ਵੀ 'ਏਕ' ਸ਼ਬਦ ਜਾਂ '੧' ਪ੍ਰਗਟ ਕੀਤਾ ਗਿਆ ਹੈ ਉੱਥੇ ਇਹ ਸ਼ਬਦ ਕੇਵਲ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਬੇਅੰਤ ਅਨੰਤ ਸ਼ਕਤੀ ਨੂੰ ਪ੍ਰਗਟ ਕਰਦਾ ਹੈ। ਫਿਰ 'ਏਕਾ' ਭਾਵ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਅਤੇ ਮਾਇਆ ਦੇ ਜੁੜਣ ਦੀ ਜੁਗਤੀ ਨਾਲ ਮਾਇਆ ਪ੍ਰਸੂਤ ਹੋਈ ਅਤੇ ਤਿੰਨ ਸ਼ਕਤੀਆਂ ਦਾ ਜਨਮ ਹੋਇਆ। ਗੁਰਬਾਣੀ ਅਨੁਸਾਰ ਇਨ੍ਹਾਂ ੩ ਸ਼ਕਤੀਆਂ ਦਾ ਨਾਮ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਹੈ।

ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੭)

ਇਸ ਸਲੋਕ ਵਿੱਚ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਅਤੇ ਮਾਇਆ ਦੇ ਸੰਬੰਧ ਨਾਲ ਤਿੰਨ ਚੇਲਿਆਂ ਦੇ ਉੱਤਪੰਨ ਹੋਣ ਦੀ ਕਥਾ ਪ੍ਰਗਟ ਕੀਤੀ ਹੈ। ਪੁੱਤਰ ਉਹ ਹੁੰਦਾ ਹੈ ਜੋ ਪਿਤਾ ਦੇ ਬਿੰਦ ਅਤੇ ਮਾਤਾ ਦੇ ਰਕਤ ਦੇ ਸੁਮੇਲ ਨਾਲ ਜੰਮਦਾ ਹੈ। ਇਸ ਤਰ੍ਹਾਂ ਪੁੱਤਰ ਦਾ ਜਨਮ ਕੇਵਲ ਮਾਤਾ ਅਤੇ ਪਿਤਾ ਦੇ ਸ਼ਰੀਰਕ ਸੰਬੰਧ ਨਾਲ ਪੈਦਾ ਹੁੰਦਾ ਹੈ। ਪਰੰਤੂ ਨਾ ਕੋਈ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਸਰੀਰ ਹੈ ਕਿਉਂਕਿ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਕੋਈ ਰੂਪ, ਰੰਗ, ਰੇਖ ਨਹੀਂ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਕਾਰ ਰਹਿਤ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਕੇਵਲ ਬੇਅੰਤ ਪਰਮ ਸ਼ਕਤੀ ਰੂਪ ਹੀ ਹੈ। ਇਸੇ ਤਰ੍ਹਾਂ ਮਾਇਆ ਦਾ ਵੀ ਕੋਈ ਭੌਤਿਕ ਸਰੀਰ ਨਹੀਂ ਹੈ ਅਤੇ ਮਾਇਆ ਵੀ ਕੇਵਲ ਸ਼ਕਤੀ ਰੂਪ ਹੀ ਹੈ। ਇਸ ਲਈ ਇਨ੍ਹਾਂ ਦੋ ਸ਼ਕਤੀਆਂ ਜੋ ਕਿ ਮਾਇਆ ਅਤੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਸੂਖਸ਼ਮ ਰੂਪ ਵਿੱਚ ਹਨ ਉਨ੍ਹਾਂ ਦਾ ਸੰਬੰਧ ਵੀ ਸੂਖਸ਼ਮ ਹੀ ਹੈ ਇਸੇ ਲਈ ਇਨ੍ਹਾਂ ਦੋਨੋਂ ਸ਼ਕਤੀਆਂ ਦੇ ਸੰਬੰਧ ਨਾਲ ਜਦ ਮਾਇਆ ਪ੍ਰਸੂਤ ਹੋਈ ਤਾਂ ਤਿੰਨ ਸ਼ਕਤੀਆਂ ਦਾ ਹੀ ਜਨਮ ਹੋਇਆ। ਇਸੇ ਲਈ ਇਨ੍ਹਾਂ ਸ਼ਕਤੀਆਂ ਨੂੰ ੩ ਚੇਲੇ ਕਿਹਾ ਗਿਆ ਹੈ। ਇਸ ਤਰ੍ਹਾਂ ਇਹ ਪੂਰਨ ਸਤਿ ਤੱਤ ਹੈ ਕਿ ਪਿਤਾ ਦੇ ਵੀਰਜ ਅਤੇ ਮਾਤਾ ਦੇ ਰਕਤ ਤੋਂ ਬਿੰਦੀ ਸੰਤਾਨ ਜਨਮ ਲੈਂਦੀ ਹੈ ਅਤੇ ਸ਼ਬਦ ਦੀ ਕਿਰਪਾ ਸ਼ਕਤੀ ਨਾਲ ਪੈਦਾ ਹੋਏ ਚੇਲੇ ਹੁੰਦੇ ਹਨ। ਦੋ ਸੂਖਸ਼ਮ ਤੱਤਾਂ ਦੇ ਮੇਲ ਨਾਲ ਕੇਵਲ ਚੇਲੇ ਹੀ ਉੱਤਪੰਨ ਹੁੰਦੇ ਹਨ। ਸਤਿਗੁਰੂ ਦੇ ਪਰਮ ਤੱਤ ਸਤਿ ਤੱਤ ਅਤੇ ਜਿਗਿਆਸੂ ਦੇ ਪਰਮ ਤੱਤ

ਸਤਿ ਤੱਤ ਦੇ ਸੁਮੇਲ ਨਾਲ ਗੁਰੂ ਅਤੇ ਚੇਲੇ ਦਾ ਸੰਬੰਧ ਬਣਦਾ ਹੈ। ਇਸ ਲਈ ਬ੍ਰਹਮ ਤੱਤ ਅਤੇ ਮਾਇਆ ਦੇ ਸੰਬੰਧ ਜੁੜਣ ਨਾਲ ਤਿੰਨ ਸ਼ਕਤੀਆਂ ਉੱਤਪੰਨ ਹੋਈਆਂ ਜਿਨ੍ਹਾਂ ਨੂੰ ਗੁਰਬਾਣੀ ਵਿੱਚ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਕਹਿ ਕੇ ਸੰਬੋਧਨ ਕੀਤਾ ਹੈ। ਇਹ ਤਿੰਨ ਸ਼ਕਤੀਆਂ ਜੋ ਸੂਖਸ਼ਮ ਤੱਤ ਦੇ ਸੁਮੇਲ ਨਾਲ ਉੱਤਪੰਨ ਹੋਈਆਂ ਉਨ੍ਹਾਂ ਨੂੰ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਤਿੰਨ ਚੇਲੇ ਕਹਿ ਕੇ ਬਿਆਨ ਕੀਤਾ ਹੈ।

ਮਾਇਆ ਦੇ ਪ੍ਰਸੂਤ ਹੋਣ ਨਾਲ ਜੋ ਇਹ ਤਿੰਨ ਸ਼ਕਤੀਆਂ ਪਰਮ ਸ਼ਕਤੀ ਦੇ ਪਰਮ ਤੱਤ ਵਿੱਚੋਂ ਉੱਤਪੰਨ ਹੋਈਆਂ ਉਨ੍ਹਾਂ ਸ਼ਕਤੀਆਂ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਤਿੰਨ ਮਹੱਤਵਪੂਰਨ ਕਾਰਜ ਸੌਂਪੇ : ਬ੍ਰਹਮਾ ਨੂੰ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਨੂੰ ਰਚਨ ਦੀ ਸ਼ਕਤੀ ਸੌਂਪੀ। ਇਸ ਲਈ ਬ੍ਰਹਮਾ ਸਾਰੀ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ; ਵਿਸ਼ਨੂੰ ਨੂੰ ਸਾਰੀ ਸ੍ਰਿਸ਼ਟੀ ਦੀ ਪਾਲਣਾ ਦਾ ਕਾਰ-ਵਿਹਾਰ ਸੌਂਪਿਆ; ਅਤੇ ਮਹੇਸ਼ ਨੂੰ ਜਿਸ ਨੂੰ ਸ਼ਿਵਾ ਵੀ ਕਿਹਾ ਜਾਂਦਾ ਹੈ ਉਸ ਨੂੰ ਸ੍ਰਿਸ਼ਟੀ ਦੇ ਸੰਘਾਰ ਕਰਨ ਦੀ ਸ਼ਕਤੀ ਨਾਲ ਨਿਵਾਜਿਆ। ਇਨ੍ਹਾਂ ਤਿੰਨ੍ਹਾਂ ਸ਼ਕਤੀਆਂ ਦੀ ਜਨਮ ਦਾਤਾ ਕੇਵਲ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਬੇਅੰਤ ਪਰਮ ਸ਼ਕਤੀ ਆਪ ਹੈ। ਇਹ ਤਿੰਨ ਸ਼ਕਤੀਆਂ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਬਣਾਏ ਸਾਰੇ ਵਿਧਾਨਾਂ ਅਨੁਸਾਰ ਹੀ ਵਰਤਦੀਆਂ ਹਨ। ਇਸ ਲਈ ਇਹ ਸ਼ਕਤੀਆਂ ਬੇਅੰਤ ਨਹੀਂ ਹਨ। ਇਹ ਤਿੰਨ ਸ਼ਕਤੀਆਂ ਬੇਅੰਤ ਅਨੰਤ ਦੇ ਹੁਕਮ ਅਨੁਸਾਰ ਹੀ ਆਪਣਾ ਕਾਰ-ਵਿਹਾਰ ਸੰਭਾਲਦੀਆਂ ਹਨ। ਕਿਉਂਕਿ ਇਹ ਤਿੰਨ ਸ਼ਕਤੀਆਂ ਮਾਇਆ ਦੇ ਪ੍ਰਸੂਤ ਹੋਣ ਕਰ ਕੇ ਜੰਮੀਆਂ ਹਨ ਇਸ ਲਈ ਇਨ੍ਹਾਂ ਦੀ ਜਨਨੀ ਮਾਇਆ ਹੈ। ਇਸ ਲਈ ਸਾਰੀ ਸ੍ਰਿਸ਼ਟੀ ਦੀ ਹਰ ਇੱਕ ਭੌਤਿਕ ਰਚਨਾ ਮਾਇਆ ਹੀ ਹੈ। ਸੰਸਾਰ ਦੀ ਹਰ ਇੱਕ ਰਚਨਾ ਮਾਇਆ ਹੀ ਹੈ। ਇਸੇ ਕਰ ਕੇ ਸੰਸਾਰ ਨੂੰ ਭਵਸਾਗਰ ਕਿਹਾ ਗਿਆ ਹੈ। ਧੰਨ ਧੰਨ ਸਤਿਗੁਰੂ ਅਵਤਾਰ ਅਰਜਨ ਦੇਵ ਜੀ ਨੇ ਮਾਇਆ ਦੇ ਵਿਨਾਸ਼ਕਾਰੀ ਰੂਪ ਨੂੰ ਇਸ ਸਲੋਕ ਵਿੱਚ ਪ੍ਰਗਟ ਕੀਤਾ ਹੈ :-

ਆਸਾ ਮਹਲਾ ੫ ॥
ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥ ਬੋਲੈ ਕਉੜਾ ਜਿਹਬਾ ਕੀ ਫੂੜਿ ॥
ਸਦਾ ਭੂਖੀ ਪਿਰੁ ਜਾਨੈ ਦੂਰਿ ॥੧॥ ਐਸੀ ਇਸਤ੍ਰੀ ਇੱਕ ਰਾਮਿ ਉਪਾਈ ॥
ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ ਰਹਾਉ ॥
ਪਾਇ ਠਗਉਲੀ ਸਭੁ ਜਗੁ ਜੋਹਿਆ ॥ ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥
ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥੨॥ ਵਰਤ ਨੇਮ ਕਰਿ ਥਾਕੇ ਪੁਨਹਚਰਨਾ ॥
ਤਟ ਤੀਰਥ ਭਵੇ ਸਭ ਧਰਨਾ ॥ ਸੇ ਉਬਰੇ ਜਿ ਸਤਿਗੁਰ ਕੀ ਸਰਨਾ ॥੩॥
ਮਾਇਆ ਮੋਹਿ ਸਭੋ ਜਗੁ ਬਾਧਾ ॥ ਹਉਮੈ ਪਚੈ ਮਨਮੁਖ ਮੂਰਾਖਾ ॥
ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥੪॥੨॥੯੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੯੪)

ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਮਾਇਆ ਨੂੰ ਇੱਕ ਕਰੂਰ ਇਸਤ੍ਰੀ ਦੇ ਰੂਪ ਵਿੱਚ ਬਣਾਇਆ ਹੈ ਜਿਸ ਦੇ ਮਸਤਕ ਉੱਪਰ ਕ੍ਰੋਧ ਨਾਲ ਭਰੀਆਂ ਹੋਈਆਂ ਤਿਉੜੀਆਂ ਹਨ ਅਤੇ ਜਿਸ ਨੇ ਆਪਣੇ ਕ੍ਰੋਧ ਵਿੱਚ ਸਾਰੇ ਸੰਸਾਰ ਨੂੰ ਆਪਣੇ ਮਨ ਮੋਹਣੇ ਰੂਪ ਵਿੱਚ ਪ੍ਰਗਟ ਹੋ ਕੇ

ਠੱਗ ਲਿਆ ਹੈ। ਮਾਇਆ ਇੱਕ ਨਸ਼ੀਲੀ ਬੂਟੀ ਵਾਂਗ ਹੈ ਜਿਸ ਨੂੰ ਛੱਕ ਕੇ ਮਨੁੱਖ ਬੇਹੋਸ਼ ਹੋ ਜਾਂਦਾ ਹੈ ਅਤੇ ਇਸੇ ਬੇਹੋਸ਼ੀ ਦੀ ਹਾਲਤ ਵਿੱਚ ਆਪਣਾ ਸਾਰਾ ਜੀਵਨ ਮਾਇਆ ਦੀ ਗ਼ੁਲਾਮੀ ਵਿੱਚ ਬਿਤਾ ਦਿੰਦਾ ਹੈ। ਮਨੁੱਖ ਜੋ ਕਿ ਅਕਾਲ ਪੁਰਖ ਦੀ ਸਰਵ ਉੱਤਮ ਰਚਨਾ ਹੈ ਉਸ ਨੂੰ ਬਣਾ ਕੇ ਮਾਇਆ ਦੇ ਇਸ ਮਨ ਮੋਹਕ ਜਾਲ ਵਿੱਚ ਛੱਡ ਦਿੱਤਾ ਹੈ। ਕੇਵਲ ਮਨੁੱਖ ਜੂਨ ਨੂੰ ਹੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਦਰਸ਼ਨ ਅਤੇ ਪੂਰਨ ਬ੍ਰਹਮ ਗਿਆਨ ਦੀ ਬਖ਼ਸ਼ਿਸ਼ ਪ੍ਰਾਪਤ ਹੋ ਸਕਦੀ ਹੈ। ਇਸ ਲਈ ਮਨੁੱਖਾ ਜਨਮ ਨੂੰ ਅਨਮੋਲ ਰਤਨ ਹੀਰਾ ਕਿਹਾ ਗਿਆ ਹੈ। ਪਰੰਤੂ ਮਾਇਆ ਦੇ ਇਸ ਜਾਲ ਜੋ ਕਿ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਤ੍ਰਿਸ਼ਣਾ ਦੇ ਨਾਲ ਬੁਣਿਆ ਗਿਆ ਹੈ ਉਸ ਵਿੱਚ ਮਨੁੱਖ ਬੜੀ ਆਸਾਨੀ ਨਾਲ ਉਲਝ ਕੇ ਰਹਿ ਜਾਂਦਾ ਹੈ ਅਤੇ ਇਸ ਤਰ੍ਹਾਂ ਮਾਇਆ ਉਸ ਨੂੰ ਆਪਣਾ ਗ਼ੁਲਾਮ ਬਣਾ ਕੇ ਖ਼ਤਮ ਕਰ ਦਿੰਦੀ ਹੈ। ਕੇਵਲ ਉਹ ਮਨੁੱਖ ਜਿਸ ਉੱਪਰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕਿਰਪਾ ਹੁੰਦੀ ਹੈ ਉਸ ਨੂੰ ਮਾਇਆ ਦੀ ਇਸ ਗ਼ੁਲਾਮੀ ਤੋਂ ਬਚਾ ਕੇ ਰੱਖ ਲੈਂਦਾ ਹੈ। ਕੇਵਲ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕਿਰਪਾ ਦੀ ਪਰਮ ਸ਼ਕਤੀ ਹੀ ਮਾਇਆ ਦੇ ਇਸ ਠੱਗਉਲੀ ਰੂਪ ਤੋਂ ਬਚਾ ਸਕਦੀ ਹੈ। ਇੱਥੋਂ ਤੱਕ ਕਿ ਬ੍ਰਹਮਾ, ਵਿਸ਼ਨੂੰ ਅਤੇ ਮਹਾਦੇਵ (ਸ਼ਿਵਾ) ਨੂੰ ਵੀ ਮਾਇਆ ਨੇ ਆਪਣੀ ਗ਼ੁਲਾਮੀ ਦੇ ਜਾਲ ਵਿੱਚ ਮੋਹ ਕੇ ਕਾਬੂ ਕੀਤਾ ਹੋਇਆ ਹੈ। ਭਾਵ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਵੀ ਮਾਇਆ ਦੇ ਹੀ ਗ਼ੁਲਾਮ ਹਨ। ਜੋ ਮਨੁੱਖ ਸਤਿਗੁਰ ਦੀ ਸ਼ਰਨ ਵਿੱਚ ਚਲੇ ਜਾਂਦੇ ਹਨ ਉਨ੍ਹਾਂ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕਿਰਪਾ ਨਸੀਬ ਹੋ ਜਾਂਦੀ ਹੈ ਅਤੇ ਉਹ ਗੁਰਮੁਖ ਬਣ ਕੇ ਭਾਵ ਆਪਣਾ ਤਨ-ਮਨ-ਧਨ ਸਤਿਗੁਰ ਦੇ ਚਰਨਾਂ ਉੱਪਰ ਅਰਪਣ ਕਰ ਕੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਇਸ ਦੀ ਪਰਮ ਸ਼ਕਤੀ ਦੇ ਪ੍ਰਭਾਵ ਨਾਲ ਮਾਇਆ ਦੇ ਚੁੰਗਲ ਤੋਂ ਬੱਚ ਜਾਂਦੇ ਹਨ। ਅੱਠਸੱਠ ਤੀਰਥ, ਵਰਤ, ਨੇਮ, ਸਭ ਬਾਹਰਲੇ ਧਾਰਮਿਕ ਚਿੰਨ੍ਹ ਹਨ ਅਤੇ ਇਹ ਸਭ ਬਾਹਰਲੀ ਰਹਿਤ ਹੈ। ਇਨ੍ਹਾਂ ਬਾਹਰਲੇ ਧਾਰਮਿਕ ਚਿੰਨ੍ਹਾਂ ਦੇ ਧਾਰਨ ਕਰਨ ਨਾਲ ਕੋਈ ਮਨੁੱਖ ਮਾਇਆ ਦੇ ਪ੍ਰਕੋਪ ਤੋਂ ਨਹੀਂ ਬੱਚ ਸਕਦਾ ਹੈ। ਇਨ੍ਹਾਂ ਬਾਹਰਲੀਆਂ ਰਹਿਤਾਂ ਦੇ ਨਾਲ ਕੋਈ ਮਨੁੱਖ ਮਾਇਆ ਉੱਪਰ ਜਿੱਤ ਨਹੀਂ ਪ੍ਰਾਪਤ ਕਰ ਸਕਦਾ ਹੈ। ਕੇਵਲ ਉਹ ਮਨੁੱਖ ਜੋ ਗੁਰਮੁਖ ਬਣ ਜਾਂਦੇ ਹਨ ਭਾਵ ਜੋ ਮਨਮਤਿ ਨੂੰ ਤਿਆਗ ਕੇ ਸਤਿਗੁਰ ਦੀ ਸ਼ਰਨ ਵਿੱਚ ਜਾ ਕੇ ਗੁਰਮਤਿ ਧਾਰਨ ਕਰਦੇ ਹਨ ਉਹ ਮਨੁੱਖ ਮਾਇਆ ਨੂੰ ਜਿੱਤ ਲੈਂਦੇ ਹਨ। ਐਸੇ ਮਨੁੱਖ ਜੋ ਸਤਿਗੁਰ ਦੀ ਸ਼ਰਨ ਵਿੱਚ ਜਾ ਕੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਲੈਂਦੇ ਹਨ ਉਨ੍ਹਾਂ ਨੂੰ ਸਤਿਗੁਰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਬਾਂਹ ਪਕੜ ਕੇ ਮਾਇਆ ਦੇ ਇਸ ਭਵਸਾਗਰ ਵਿੱਚੋਂ ਬਾਹਰ ਕੱਢ ਕੇ ਆਪਣੇ ਵਿੱਚ ਸਮਾ ਲੈਂਦਾ ਹੈ। ਮਨਮੁਖ ਮਾਇਆ ਦੀ ਗ਼ੁਲਾਮੀ ਵਿੱਚ ਆਪਣਾ ਜਨਮ ਗੁਆ ਲੈਂਦੇ ਹਨ।

ਪੂਰਨ ਬ੍ਰਹਮ ਗਿਆਨ ਦੇ ਇਸ ਪਰਮ ਸ਼ਕਤੀਸ਼ਾਲੀ ਸਲੋਕ ਵਿੱਚ ਧੰਨ ਧੰਨ ਸਤਿਗੁਰੂ ਅਵਤਾਰ ਅਰਜਨ ਦੇਵ ਜੀ ਨੇ ਇਹ ਸਪੱਸ਼ਟ ਕੀਤਾ ਹੈ ਕਿ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਮਾਇਆ ਦੇ ਅਧੀਨ ਹਨ। ਮੁਕਤੀ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਪ੍ਰਾਪਤ ਹੁੰਦੀ ਹੈ ਜੋ ਕਿ ਸਤਿਗੁਰ ਦੀ ਚਰਨ-ਸ਼ਰਨ ਵਿੱਚ ਜਾ ਕੇ ਹੀ ਹਾਸਿਲ ਕੀਤੀ ਜਾ ਸਕਦੀ ਹੈ। ਕਿਉਂਕਿ ਸਤਿਗੁਰ ਤ੍ਰੈ ਗੁਣ ਮਾਇਆ ਤੋਂ ਪਰੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੈ। ਸਤਿਗੁਰ ਅਤੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਕੋਈ ਭੇਦ ਨਹੀਂ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਦੇ ਹੋਰ ਕਈ ਸਲੋਕਾਂ ਵਿੱਚ ਪ੍ਰਮਾਣ ਅਤੇ ਪੂਰਨ ਬ੍ਰਹਮ ਗਿਆਨ ਦੇ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ :-

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੩੫)

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥ (ਪੰਨਾ ੯੦੯)

ਤ੍ਰੈ ਗੁਣ ਮਾਇਆ ਹੈ; ਅਤੇ ਚਉਥੇ ਪਦਿ ਵਿੱਚ ਜਾ ਕੇ ਤ੍ਰਿਕੁਟੀ ਪ੍ਰਕਾਸ਼ਮਾਨ ਹੁੰਦੀ ਹੈ ਤਾਂ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਕੇ ਮਨੁੱਖ ਦੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਨਾਮ ਵਿੱਚ ਸੁਰਤਿ ਜੁੜਦੀ ਹੈ। ਤ੍ਰਿਕੁਟੀ ਉਹ ਸੂਖਸ਼ਮ ਪਰਮ ਸ਼ਕਤੀ ਦਾ ਕੇਂਦਰ ਹੈ ਜੋ ਕਿ ਮਨੁੱਖ ਦੇ ਮਸਤਕ ਦੇ ਮੱਧ ਭਾਗ ਵਿੱਚ ਸਥਿਤ ਹੈ ਅਤੇ ਇੱਥੇ ਇੜਾ, ਪਿੰਗਲਾ ਅਤੇ ਸੁਖਮਨਾ ਨਾਮ ਦੀਆਂ ਸੂਖਸ਼ਮ ਨਾੜਾਂ ਮਿਲਦੀਆਂ ਹਨ। ਇੜਾ, ਪਿੰਗਲਾ ਅਤੇ ਸੁਖਮਨਾ ਮਨੁੱਖ ਦੀ ਕੁੰਡਲ਼ਨੀ ਵਿੱਚੋਂ ਸ਼ੁਰੂ ਹੋ ਕੇ ਰੀੜ ਦੇ ਵਿੱਚੋਂ ਲੰਘਦੀਆਂ ਹੋਈਆਂ ਮਨੁੱਖ ਦੇ ਮਸਤਕ ਤੱਕ ਪਹੁੰਚਦੀਆਂ ਹਨ। ਜਦ ਨਾਮ ਸਾਰੇ ਸਤਿ ਸਰੋਵਰਾਂ ਨੂੰ ਪ੍ਰਕਾਸ਼ਮਾਨ ਕਰਦਾ ਹੋਇਆ; ਇੜਾ, ਪਿੰਗਲਾ ਅਤੇ ਸੁਖਮਨਾ ਨੂੰ ਪ੍ਰਕਾਸ਼ਮਾਨ ਕਰਦਾ ਹੋਇਆ ਤ੍ਰਿਕੁਟੀ ਵਿੱਚ ਜਾਂਦਾ ਹੈ ਤਾਂ ਇੜਾ, ਪਿੰਗਲਾ ਅਤੇ ਸੁਖਮਨਾ ਦੀਆਂ ਸ਼ਕਤੀਆਂ ਜਾਗਰਿਤ ਹੋ ਜਾਂਦੀਆਂ ਹਨ ਅਤੇ ਜਦ ਇਨ੍ਹਾਂ ਤਿੰਨ ਸ਼ਕਤੀਆਂ ਦਾ ਸੁਮੇਲ ਹੁੰਦਾ ਹੈ ਤਾਂ ਤ੍ਰਿਕੁਟੀ ਖੁੱਲ੍ਹ ਜਾਂਦੀ ਹੈ। ਤ੍ਰਿਕੁਟੀ ਦੇ ਖੁੱਲ੍ਹਣ ਨਾਲ ਮਨੁੱਖ ਦੀ ਲਿਵ ਲੱਗ ਜਾਂਦੀ ਹੈ ਅਤੇ ਮਨੁੱਖ ਦੀ ਬੰਦਗੀ 'ਚਉਥੇ ਪਦਿ' ਵਿੱਚ ਅੱਪੜ ਜਾਂਦੀ ਹੈ। ਭਾਵ ਇਸ ਅਵਸਥਾ ਨੂੰ ਪ੍ਰਾਪਤ ਕਰਨਾ ਹੀ ਗੁਰਪ੍ਰਸਾਦਿ ਦੀ ਪ੍ਰਾਪਤੀ ਕਿਹਾ ਜਾਂਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਹੀ ਬੰਦਗੀ ਸ਼ੁਰੂ ਹੁੰਦੀ ਹੈ ਅਤੇ ਪੂਰਨ ਹੁੰਦੀ ਹੈ। ਇਸੇ ਅਵਸਥਾ ਵਿੱਚ ਪਹੁੰਚ ਕੇ ਹੀ ਮਨੁੱਖ ਦਾ ਦਰਗਾਹ ਵਿੱਚ ਬੰਦਗੀ ਦਾ ਖ਼ਾਤਾ ਖੁੱਲ੍ਹਦਾ ਹੈ ਅਤੇ ਨਾਮ ਧਨ ਇਕੱਠਾ ਹੋਣਾ ਸ਼ੁਰੂ ਹੁੰਦਾ ਹੈ। ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਕੇਵਲ ਤ੍ਰੈ ਗੁਣ ਮਾਇਆ ਦੇ ਵਿੱਚ ਹੀ ਵਾਸ ਕਰਦੇ ਹਨ। ਉਨ੍ਹਾਂ ਨੂੰ 'ਚਉਥੇ ਪਦਿ' ਦੀ ਪ੍ਰਾਪਤੀ ਨਹੀਂ ਹੈ। ਉਹ ਕੇਵਲ ਮਾਇਆ ਦੀ ਸੇਵਾ ਕਰਦੇ ਹਨ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਦੇ ਵਿੱਚ ਸਪੱਸ਼ਟ ਰੂਪ ਵਿੱਚ ਪ੍ਰਗਟਾਇਆ ਗਿਆ ਹੈ।

ਗੁਰਬਾਣੀ ਵਿੱਚ ਸੰਤ ਸਤਿਗੁਰ ਕਬੀਰ ਪਾਤਸ਼ਾਹ ਜੀ ਨੇ ਮਾਇਆ ਨੂੰ ਸਰਪਨੀ ਤੁੱਲ ਵੀ ਕਿਹਾ ਹੈ :-

ਆਸਾ ਇਕਤੁਕੇ ੪ ॥

ਸਰਪਨੀ ਤੇ ਊਪਰਿ ਨਹੀ ਬਲੀਆ ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥੧॥
ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥
ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ ॥੧॥ ਰਹਾਉ ॥
ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ ॥
ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ ॥੨॥
ਸ੍ਰਪਨੀ ਤੇ ਆਨ ਛੂਛ ਨਹੀ ਅਵਰਾ ॥ ਸ੍ਰਪਨੀ ਜੀਤੀ ਕਹਾ ਕਰੈ ਜਮਰਾ ॥੩॥

ਇਹ ਸ੍ਰਪਨੀ ਤਾਂ ਕੀ ਕੀਤੀ ਹੋਈ ॥ ਬਲੁ ਅਬਲੁ ਕਿਆ ਇਸ ਤੇ ਹੋਈ ॥੪॥

ਇਹ ਬਸਤੀ ਤਾਂ ਬਸਤ ਸਗੀਰਾ ॥ ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ ॥੫॥੬॥੧੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੯੦)

ਇਹ ਸੱਪਣੀ ਰੂਪ ਮਾਇਆ ਤੋਂ ਬਲਸ਼ਾਲੀ ਸੰਸਾਰ ਵਿੱਚ ਹੋਰ ਕੋਈ ਵਸਤੂ ਨਹੀਂ ਹੈ। ਇਹ ਇਤਨੀ ਸ਼ਕਤੀਸ਼ਾਲੀ ਹੈ ਕਿ ਇਸਨੇ ਬ੍ਰਹਮਾ, ਵਿਸ਼ਨੂੰ ਅਤੇ ਮਹਾਦੇਵ ਨੂੰ ਵੀ ਆਪਣੇ ਬਲ ਨਾਲ ਛੱਲ ਲਿਆ ਹੈ। ਇਸ ਮਾਇਆ ਸੱਪਣੀ ਨੇ ਆਪਣੇ ਮੋਹ ਦੇ ਜਾਲ ਵਿੱਚ ਫਸਾ ਕੇ ਸਾਰਾ ਸੰਸਾਰ ਡੱਸ ਲਿਆ ਹੈ। ਭਾਵ ਮਾਇਆ ਦੇ ਮਨ ਮੋਹਕ ਪ੍ਰਭਾਵ ਹੇਠ ਸਾਰਾ ਸੰਸਾਰ ਆ ਕੇ ਇਸ ਦਾ ਗ਼ੁਲਾਮ ਬਣਿਆ ਹੋਇਆ ਹੈ। ਮਾਇਆ ਨੇ ਸਾਰੇ ਸੰਸਾਰ ਨੂੰ ਆਪਣੇ ਪਿੱਛੇ ਲਾਇਆ ਹੋਇਆ ਹੈ ਅਤੇ ਮਨੁੱਖ ਇਸ ਦੇ ਜਾਲ ਵਿੱਚ ਫਸ ਕੇ ਨਿਰੰਤਰ ਅਸ਼ਾਂਤੀ ਦੀ ਅਗਨ ਵਿੱਚ ਝੁਲ਼ਸਿਆ ਜਾ ਰਿਹਾ ਹੈ। ਮਾਇਆ ਦੀ ਇਹ ਵਿਨਾਸ਼ਕਾਰੀ ਅਗਨ ਅਤੇ ਇਸ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਤੋਂ ਕੇਵਲ ਸਤਿ ਸੰਗਤ ਹੀ ਬਚਾ ਸਕਦੀ ਹੈ। ਸਤਿ ਸੰਗਤ ਉਹ ਪਰਮ ਸ਼ਕਤੀ ਵਰਤਣ ਦਾ ਸਥਾਨ ਹੈ ਜਿਥੇ ਸਤਿਗੁਰ ਬੈਠਾ ਹੈ। ਸਤਿ ਸੰਗਤ ਉਹ ਸੰਗਤ ਹੈ ਜਿਥੇ ਪੂਰਨ ਸਤਿ ਪ੍ਰਗਟ ਹੁੰਦਾ ਹੈ। ਸਤਿ ਸੰਗਤ ਉਹ ਇਕੱਠ ਹੈ ਜਿਥੇ ਪੂਰਨ ਜੋਤ ਪ੍ਰਕਾਸ਼ ਪ੍ਰਗਟਿਓ ਜੋਤ ਪੂਰਨ ਬ੍ਰਹਮ ਗਿਆਨੀ ਦਾ ਛਤਰ ਪ੍ਰਗਟ ਹੁੰਦਾ ਹੈ। ਇਸ ਲਈ ਇਸ ਪਰਮ ਸ਼ਕਤੀਸ਼ਾਲੀ ਛਤਰ ਦੇ ਹੇਠ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਠੰਡੀਆਂ ਪੈ ਜਾਂਦੀਆਂ ਹਨ ਕਿਉਂਕਿ ਮਾਇਆ ਐਸੇ ਮਹਾਂਪੁਰਖਾਂ ਦੀ ਦਾਸੀ ਹੁੰਦੀ ਹੈ ਅਤੇ ਐਸੇ ਮਹਾਂਪੁਰਖਾਂ ਦੀ ਸੇਵਾ ਕਰਦੀ ਹੈ। ਐਸੇ ਮਹਾਂਪੁਰਖਾਂ ਦੀ ਸੰਗਤ ਵਿੱਚ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤਦੀ ਹੈ। ਗੁਰਪ੍ਰਸਾਦਿ ਦੀ ਇਸ ਪਰਮ ਸ਼ਕਤੀ ਦੇ ਸਨਮੁਖ ਮਾਇਆ ਨੂੰ ਨੱਤਮਸਤਕ ਹੋਣਾ ਹੀ ਪੈਂਦਾ ਹੈ। ਇਸ ਤਰ੍ਹਾਂ ਨਾਲ ਸਤਿ ਸੰਗੀ ਜਨ ਜੋ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਮਾਇਆ ਨੂੰ ਜਿੱਤ ਲੈਂਦੇ ਹਨ ਮਾਇਆ ਉਨ੍ਹਾਂ ਦੀ ਸੇਵਕ ਬਣ ਜਾਂਦੀ ਹੈ। ਇਸ ਲਈ ਮਾਇਆ ਦੇ ਇਸ ਵਿਨਾਸ਼ਕਾਰੀ ਰੂਪ ਤੋਂ ਡਰਨ ਦੀ ਲੋੜ ਨਹੀਂ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਬੰਦਗੀ ਦੀ ਦਾਤ ਮੰਗੋ, ਗੁਰਪ੍ਰਸਾਦਿ ਲਈ ਬੇਨਤੀ ਕਰੋ, ਸਤਿ ਦੀ ਕਰਨੀ ਉੱਪਰ ਆਪਣਾ ਧਿਆਨ ਕੇਂਦਰਿਤ ਕਰੋ। ਇਸ ਨਾਲ ਆਪ ਨੂੰ ਸਤਿ ਸੰਗਤ ਦੀ ਪ੍ਰਾਪਤੀ ਹੋਵੇਗੀ ਅਤੇ ਸਤਿ ਸੰਗਤ ਵਿੱਚ ਜਾਣ ਨਾਲ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਵੇਗੀ ਅਤੇ ਆਪ ਬੰਦਗੀ ਵਿੱਚ ਲੀਨ ਹੋ ਕੇ ਮਾਇਆ ਨੂੰ ਕਾਬੂ ਕਰ ਲਵੋਗੇ। ਫਿਰ ਮਾਇਆ ਦੀ ਗ਼ੁਲਾਮੀ ਮੁੱਕ ਜਾਏਗੀ ਅਤੇ ਮਾਇਆ ਤੁਹਾਡੀ ਸੇਵਕ ਬਣ ਜਾਏਗੀ। ਫਿਰ ਮਾਇਆ ਦਾ ਸਾਰਾ ਬੱਲ ਅਤੇ ਸ਼ਕਤੀ ਤੁਹਾਡਾ ਕੁਝ ਨਹੀਂ ਵਿਗਾੜ ਸਕੇਗੀ। ਤੁਸੀਂ ਜੀਵਨ ਮੁਕਤੀ ਪ੍ਰਾਪਤ ਕਰ ਲਵੋਗੇ। ਸਹਿਜ ਸਮਾਧੀ ਦੀ ਪ੍ਰਾਪਤੀ ਹੋ ਜਾਵੇਗੀ। ਇਹ ਸਭ ਕੁਝ ਸਮਰੱਥ ਸਤਿਗੁਰ ਪੂਰੇ ਦੀ ਸੰਗਤ ਵਿੱਚ ਜਾ ਕੇ ਹੀ ਹੋ ਸਕਦਾ ਹੈ। ਧੰਨ ਧੰਨ ਸਤਿਗੁਰ ਸੰਤ ਕਬੀਰ ਜੀ ਨੇ ਆਪਣੀ ਪੂਰਨ ਬੰਦਗੀ ਦੀ ਗੁਰਪ੍ਰਸਾਦੀ ਕਥਾ ਨੂੰ ਪੂਰਨ ਬ੍ਰਹਮ ਗਿਆਨ ਦੇ ਇਸ ਸਲੋਕ ਰਾਹੀਂ ਗੁਰਬਾਣੀ ਵਿੱਚ ਪ੍ਰਗਟ ਕੀਤਾ ਹੈ। ਵੇਖਣ ਵਾਲੀ ਅਤੇ ਧਿਆਨ ਕੇਂਦਰਿਤ ਕਰਨ ਵਾਲਾ ਪਰਮ ਸਤਿ ਤੱਤ ਇਹ ਹੈ ਕਿ ਮਾਇਆ ਸੱਪਣੀ ਨੇ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਵੀ ਆਪਣੀ ਸ਼ਕਤੀ ਦਾ ਗ਼ੁਲਾਮ ਬਣਾ ਕੇ ਰੱਖਿਆ ਹੋਇਆ ਹੈ। ਸੋ ਇਹ ਪਰਮ ਸਤਿ ਤੱਤ ਹੈ ਕਿ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਤਿੰਨ ਚੇਲੇ ਵੀ ਮਾਇਆ ਦੇ ਅਧੀਨ ਹੀ ਹਨ। ਇਸੇ ਕਰ ਕੇ ਸਾਰਾ ਸੰਸਾਰ ਮਾਇਆ ਹੈ, ਸੰਸਾਰ ਦੀ ਉਤਪਤੀ ਮਾਇਆ ਵਿੱਚੋਂ ਹੀ

ਹੁੰਦੀ ਹੈ, ਸੇਵਾ ਸੰਭਾਲਤਾ ਵੀ ਮਾਇਆ ਦੇ ਅਧੀਨ ਹੀ ਹੁੰਦੀ ਹੈ ਅਤੇ ਸੰਘਾਰ ਵੀ ਮਾਇਆ ਦੇ ਅਧੀਨ ਹੀ ਹੁੰਦਾ ਹੈ।

ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਇਹ ਤਿੰਨ ਚੇਲੇ ਸਤਿ ਪਾਰਬ੍ਰਹਮ ਦੇ ਹੁਕਮ ਵਿੱਚ ਆਪਣਾ ਕਾਰ-ਵਿਹਾਰ ਕਰਦੇ ਹਨ। ਬ੍ਰਹਮਾ ਦੀ ਸ਼ਕਤੀ ਸ੍ਰਿਸ਼ਟੀ ਦੀ ਉਤਪਤੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਹੁਕਮ ਅਨੁਸਾਰ ਕਰਦੀ ਹੈ। ਵਿਸ਼ਨੂੰ ਦੀ ਸ਼ਕਤੀ ਸੰਸਾਰ ਦੀ ਸੇਵਾ ਸੰਭਾਲਤਾ ਪਾਲਣ-ਪੋਸ਼ਣ ਦਾ ਪ੍ਰਬੰਧ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਬਣਾਏ ਵਿਧਾਨ ਅਨੁਸਾਰ ਕਰਦੀ ਹੈ। ਮਹੇਸ਼ ਦੀ ਸ਼ਕਤੀ ਮੌਤ ਦੀ ਕਚਹਿਰੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਬਣਾਏ ਵਿਧਾਨ ਅਨੁਸਾਰ ਚਲਾਉਂਦੀ ਹੈ ਅਤੇ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਦਾ ਨਿਰਧਾਰਤ ਸਮੇਂ ਸਿਰ ਸੰਘਾਰ ਕਰਦੀ ਹੈ। ਵਿਧਿ ਦਾ ਵਿਧਾਨ ਬਣਾਉਣ ਦੀ ਪਰਮ ਸ਼ਕਤੀ ਕੇਵਲ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਆਪਣੇ ਹੀ ਪਾਸ ਰੱਖੀ ਹੋਈ ਹੈ। ਇਸੇ ਕਰ ਕੇ ਇਨ੍ਹਾਂ ਤਿੰਨ੍ਹਾਂ ਨੂੰ ਚੇਲੇ ਕਿਹਾ ਗਿਆ ਹੈ ਕਿਉਂਕਿ ਇਨ੍ਹਾਂ ਕੋਲ ਦਰਗਾਹੀ ਵਿਧਾਨ ਬਣਾਉਣ ਦੀ ਸ਼ਕਤੀ ਨਹੀਂ ਹੈ ਅਤੇ ਇਨ੍ਹਾਂ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਬਣਾਏ ਗਏ ਵਿਧਾਨਾਂ ਅਨੁਸਾਰ ਹੀ ਕਾਰ-ਵਿਹਾਰ ਕਰਨਾ ਪੈਂਦਾ ਹੈ। ਇਸ ਲਈ ਸਾਰੀ ਸ੍ਰਿਸ਼ਟੀ ਦੀ ਰਚਨਾ, ਸੇਵਾ ਸੰਭਾਲਤਾ ਅਤੇ ਸੰਘਾਰ ਕੇਵਲ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਬਣਾਏ ਗਏ ਦਰਗਾਹੀ ਵਿਧਾਨਾਂ ਅਨੁਸਾਰ ਹੀ ਹੁੰਦਾ ਹੈ। ਸਾਰੀ ਸ੍ਰਿਸ਼ਟੀ ਉੱਪਰ ਅਤੇ ਹਰ ਇੱਕ ਰਚਨਾ ਉੱਪਰ ਕੇਵਲ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਹੀ ਹੁਕਮ ਚਲਦਾ ਹੈ। ਏਕ ਤੋਂ ਅਨੇਕ ਹੋਇਆ ਸਤਿ ਪਾਰਬ੍ਰਹਮ ਆਪਣੀ ਹਰ ਇੱਕ ਰਚਨਾ ਵਿੱਚ ਆਪ ਮੌਜੂਦ ਹੈ ਅਤੇ ਆਪ ਹੀ ਵਰਤਦਾ ਹੈ।

ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪਣੇ ਨਿਰਗੁਣ ਸਰੂਪ ਵਿੱਚ ਹਰ ਇੱਕ ਰਚਨਾ ਵਿੱਚ ਮੌਜੂਦ ਹੈ। ਨਿਰਗੁਣ ਸਰੂਪ ਦੀ ਇਹ ਸ਼ਕਤੀ ਹੀ ਹਰ ਇੱਕ ਜੀਵ ਵਿੱਚ ਮੌਜੂਦ ਹੈ ਜੋ ਕਿ ਹਰ ਇੱਕ ਜੀਵ ਨੂੰ ਚਲਾ ਰਹੀ ਹੈ। ਪਰੰਤੂ ਇਹ ਸ਼ਕਤੀ ਕਿਸੇ ਜੀਵ ਨੂੰ ਨਜ਼ਰ ਨਹੀਂ ਆਉਂਦੀ ਹੈ। ਜਿਵੇਂ ਕਿ ਮਨੁੱਖ ਦੇ ਅੰਦਰ ਇਹ ਪਰਮ ਸ਼ਕਤੀ ਸੂਖਸ਼ਮ ਦੇਹੀ ਵਿੱਚ ਸਤਿ ਸਰੋਵਰਾਂ ਵਿੱਚ ਰਖੀ ਗਈ ਹੈ। ਮਨੁੱਖ ਦੀ ਦੇਹੀ ਅੰਦਰ ਟਿਕੇ ਹੋਏ ਇਹ ਸਤਿ ਸਰੋਵਰ ਜੋ ਕਿ ਪਰਮ ਸ਼ਕਤੀ ਦਾ ਹਿੱਸਾ ਹਨ ਉਹ ਸਾਰੇ ਅਦ੍ਰਿਸ਼ ਹਨ। ਪਰੰਤੂ ਜਦ ਮਨੁੱਖ ਦੇ ਬਜਰ ਕਪਾਟ ਖੁੱਲ੍ਹਦੇ ਹਨ ਅਤੇ ਨਾਮ ਦੇ ਗੁਰਪ੍ਰਸਾਦਿ ਨਾਲ ਇਹ ਸਤਿ ਸਰੋਵਰ ਪ੍ਰਕਾਸ਼ਮਾਨ ਹੁੰਦੇ ਹਨ ਤਾਂ ਮਨੁੱਖ ਨੂੰ ਦੇਹੀ ਵਿੱਚ ਨਾਮ ਦੀ ਧੜਕਣ ਸੁਣਨੀ ਸ਼ੁਰੂ ਹੋ ਜਾਂਦੀ ਹੈ। ਦਸਮ ਦੁਆਰ ਖੁੱਲ੍ਹਣ ਤੇ ਅਨਹਦ ਨਾਦ ਦਾ ਸੰਗੀਤ ਸੁਣਨਾ ਸ਼ੁਰੂ ਹੋ ਜਾਂਦਾ ਹੈ। ਨੇਤਰਾਂ ਵਿੱਚੋਂ ਪ੍ਰਕਾਸ਼ ਦਿਖਣ ਲੱਗ ਪੈਂਦਾ ਹੈ। ਦੇਹੀ ਵਿੱਚੋਂ ਪ੍ਰਕਾਸ਼ ਨਿਕਲਦਾ ਦਿਸਣ ਲੱਗ ਪੈਂਦਾ ਹੈ। ਅਕਾਲ ਪੁਰਖ ਦੇ ਨਿਰਗੁਣ ਸਰੂਪ ਦੇ ਦਰਸ਼ਨ ਹੋ ਜਾਂਦੇ ਹਨ। ਪੂਰਨ ਬ੍ਰਹਮ ਗਿਆਨ ਆਉਣਾ ਸ਼ੁਰੂ ਹੋ ਜਾਂਦਾ ਹੈ। ਸਤਿਗੁਰ ਅਵਤਾਰਾਂ, ਸੰਤ ਮਹਾਂਪੁਰਖਾਂ ਦੇ, ਬ੍ਰਹਮ ਗਿਆਨੀ ਮਹਾਂਪੁਰਖਾਂ ਦੇ ਦਰਸ਼ਨ ਹੋਣੇ ਸ਼ੁਰੂ ਹੋ ਜਾਂਦੇ ਹਨ; ਅਤੇ ਹੋਰ ਇਸ ਤਰ੍ਹਾਂ ਦੇ ਕਈ ਅਨੁਭਵ ਹੋਣੇ ਸ਼ੁਰੂ ਹੋ ਜਾਂਦੇ ਹਨ। ਇਹ ਸਾਰੇ ਇਲਾਹੀ ਅਨੁਭਵ ਜਿਗਿਆਸੂ ਲਈ ਬੇਅੰਤ ਅਸ਼ਚਰਜ ਜਨਕ ਹੁੰਦੇ ਹਨ। ਇਹ ਸਾਰੇ ਇਲਾਹੀ ਅਨੁਭਵ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਨਿਰਗੁਣ ਸ਼ਕਤੀ ਦਾ ਦੇਹੀ ਵਿੱਚ ਮੌਜੂਦ ਹੋਣ ਅਤੇ ਇਸ ਨੂੰ ਚਲਾਉਣ ਦਾ ਪ੍ਰਤੱਖ ਪ੍ਰਮਾਣ ਪ੍ਰਗਟ ਕਰਦੇ ਹਨ। ਪਰੰਤੂ ਮਨੁੱਖੀ ਅੱਖ ਨਾਲ ਇਹ ਸਭ ਕੁਝ ਨਜ਼ਰ ਨਹੀਂ ਆਉਂਦਾ ਹੈ। ਇਹ ਸਭ ਕੇਵਲ ਬੰਦਗੀ ਕਰਨ ਨਾਲ ਅਨੁਭਵ ਹੁੰਦਾ ਹੈ। ਇਸ ਲਈ ਜਿਸ ਮਨੁੱਖ ਨੂੰ ਇਹ ਅਨੁਭਵ ਪ੍ਰਤੱਖ ਤੌਰ

’ਤੇ ਪ੍ਰਾਪਤ ਨਹੀਂ ਹਨ ਉਨ੍ਹਾਂ ਲਈ ਇਹ ਸਭ ਕੁਝ ਇੱਕ ਅਸਚਰਜ ਜਨਕ ਕਥਾ ਹੈ।

ਇਸ ਅਸਚਰਜ ਜਨਕ ਰੂਹਾਨੀ ਅਵਸਥਾ ਦਾ ਰਹੱਸ ਜਾਣਨ ਲਈ ਅਤੇ ਮਾਣਨ ਲਈ ਅਤੇ ਇਹ ਸਾਰੇ ਇਲਾਹੀ ਅਨੁਭਵਾਂ ਨੂੰ ਪ੍ਰਾਪਤ ਕਰਨ ਲਈ, ਮਾਣਨ ਲਈ ਅਤੇ ਆਪਣਾ ਜੀਵਨ ਸਫ਼ਲ ਕਰਨ ਲਈ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਚਰਨਾਂ ਵਿੱਚ ਪਲ-ਪਲ ਛਿਨ-ਛਿਨ ਸਵਾਸ-ਸਵਾਸ ਕੋਟਾਨ ਕੋਟ ਡੰਡਉਤ ਅਤੇ ਸ਼ੁਕਰਾਨਾ ਕਰਨਾ ਚਾਹੀਦਾ ਹੈ। ਕੇਵਲ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਪਰਮ ਸ਼ਕਤੀ ਹੀ ਦੋਸ਼ ਰਹਿਤ ਹੈ। ਕੇਵਲ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਹੀ ਪਰਮ ਸ਼ਕਤੀ ਪਰਿਪੂਰਨ ਹੈ। ਕੇਵਲ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਪਰਮ ਸ਼ਕਤੀ ਹੀ ਬੇਅੰਤ ਹੈ ਅਤੇ ਪੂਰਨ ਰੂਪ ਵਿੱਚ ਸ਼ੁੱਧ ਹੈ। ਕੇਵਲ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਪਰਮ ਸ਼ਕਤੀ ਹੀ ਆਦਿ ਸਤਿ ਹੈ, ਜੁਗਾਦਿ ਸਤਿ ਹੈ ਅਤੇ ਸਦਾ-ਸਦਾ ਲਈ ਸਤਿ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਇਸ ਬੇਅੰਤ ਪਰਮ ਸ਼ਕਤੀ ਨੂੰ ਮਾਣਨ ਨਾਲ, ਐਸੀ ਬੇਅੰਤ ਪਰਮ ਸ਼ਕਤੀ ਉੱਪਰ ਭਰੋਸਾ ਕਰਨ ਨਾਲ ਅਤੇ ਪੂਰਨ ਸ਼ਰਧਾ ਨਾਲ ਆਪਾ ਸਮਰਪਣ ਕਰਨ ਨਾਲ ਮਨੁੱਖ ਬੇਅੰਤ ਉੱਚੀ ਰੂਹਾਨੀ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ।

■

ਅਨੰਦੁ ਸਾਹਿਬ-ਪਉੜੀ ੧੧

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥
ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥
ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥੧੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੮)

ਆਤਮਿਕ ਤਰੱਕੀ ਲਈ ਮਨੁੱਖ ਦੇ ਪਰਿਵਾਰਕ ਜੀਵਨ ਦੀ ਸੱਚਾਈ ਨੂੰ ਸਮਝਣਾ ਬੇਅੰਤ ਜ਼ਰੂਰੀ ਹੈ। ਰੂਹਾਨੀਅਤ ਦੀ ਮਹਿਮਾ ਨੂੰ ਜਾਣਨ ਲਈ ਮਨੁੱਖ ਦੇ ਪਰਿਵਾਰਕ ਜੀਵਨ ਦੇ ਰਹੱਸ ਜਾਣਨੇ ਬੇਅੰਤ ਜ਼ਰੂਰੀ ਹਨ। ਰੂਹਾਨੀਅਤ ਦੀ ਕਮਾਈ ਕਰਨ ਲਈ ਮਨੁੱਖੀ ਸੰਬੰਧ, ਰਿਸ਼ਤੇ, ਨਾਤੇ, ਸਾਖ ਆਦਿ ਦੇ ਪਿੱਛੇ ਕੀ ਸਤਿ ਹੈ ਇਸ ਪਰਮ ਸਤਿ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਜ਼ਰੂਰੀ ਹੈ। ਪਰਿਵਾਰਕ ਜੀਵਨ ਵਿੱਚ ਮਨੁੱਖ ਦੇ ਜੀਵਨ ਨੂੰ ਮਾਇਆ ਮੋਹ ਕਿਵੇਂ ਨਰਕ ਬਣਾਉਂਦਾ ਹੈ ਇਸ ਪਰਮ ਸਤਿ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਜ਼ਰੂਰੀ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਅੰਤ ਤੱਕ ਮਾਇਆ ਮੋਹ ਰੂਪੀ ਚੰਡਾਲ ਕਿਵੇਂ ਮਨੁੱਖ ਨੂੰ ਪ੍ਰਾਪਤ ਹੋਏ ਇਸ ਜਨਮ ਪਦਾਰਥ ਨੂੰ ਕਿਵੇਂ ਗੁਆਓਣ ਵਿੱਚ ਕਾਰਗਰ ਸਿੱਧ ਹੁੰਦਾ ਹੈ ਇਸ ਪਰਮ ਸਤਿ ਤੱਤ ਦਾ ਗਿਆਨ ਮਨੁੱਖ ਨੂੰ ਹੋਣਾ ਬੇਅੰਤ ਜ਼ਰੂਰੀ ਹੈ। ਇੱਕ ਆਮ ਮਨੁੱਖ ਦਾ ਸਾਰਾ ਜੀਵਨ ਆਪਣੇ ਹੀ ਪਰਿਵਾਰ ਵਿੱਚ ਉਲਝਿਆ ਰਹਿੰਦਾ ਹੈ। ਇੱਕ ਆਮ ਮਨੁੱਖ ਦਾ ਜੀਵਨ ਆਪਣੇ ਹੀ ਪਰਿਵਾਰ ਦੇ ਝਮੇਲਿਆਂ ਵਿੱਚ ਉਲਝ-ਉਲਝ ਕੇ ਬਤੀਤ ਹੋ ਜਾਂਦਾ ਹੈ। ਸਾਰੇ ਸੰਸਾਰ ਦੇ ਲੋਕ ਆਪਣੇ ਪਰਿਵਾਰਕ ਰਿਸ਼ਤਿਆਂ ਨੂੰ ਹੀ ਸਤਿ ਮੰਨ ਕੇ ਇਨ੍ਹਾਂ ਸੰਬੰਧਾਂ ਦੀ ਹੀ ਪਾਲਣਾ ਕਰਨ ਵਿੱਚ ਆਪਣਾ ਸਾਰਾ ਜੀਵਨ ਬਤੀਤ ਕਰੀ ਜਾ ਰਹੇ ਹਨ।

ਜਦੋਂ ਨਵਜਾਤ ਸ਼ਿਸ਼ੂ ਦਾ ਜਨਮ ਹੁੰਦਾ ਹੈ ਤਾਂ ਉਹ ਬੱਚਾ ਸਾਰੇ ਸੰਸਾਰਿਕ ਬੰਧਨਾਂ ਤੋਂ ਮੁਕਤ ਹੁੰਦਾ ਹੈ। ਨਵੇਂ ਜੰਮੇ ਬੱਚੇ ਨੂੰ ਦੁਨੀਆਦਾਰੀ ਅਤੇ ਪਰਿਵਾਰ ਨਾਲ ਕੋਈ ਲੱਗਾਵ ਨਹੀਂ ਹੁੰਦਾ ਹੈ। ਨਵੇਂ ਜੰਮੇ ਬੱਚੇ ਦੇ ਸਿਰ ਉੱਪਰ, ਜਿੱਥੇ ਦਸਵਾਂ ਦੁਆਰ ਹੁੰਦਾ ਹੈ ਉੱਥੇ ਤੁਸੀਂ ਜੇਕਰ ਆਪਣਾ ਹੱਥ ਰਖੋ ਤਾਂ ਤੁਹਾਨੂੰ ਅਨੁਭਵ ਹੋਏਗਾ ਕਿ ਉਸ ਦੇ ਦਸਮ ਦੁਆਰ ਵਿੱਚੋਂ ਬੇਅੰਤ ਅੰਮ੍ਰਿਤ ਨਿਕਲ ਰਿਹਾ ਹੁੰਦਾ ਹੈ। ਇਹ ਅੰਮ੍ਰਿਤ ਤੁਹਾਨੂੰ ਹੱਥ ਦੀ ਤਲੀ ਵਿੱਚ ਦਸਮ ਦੁਆਰ ਵਿੱਚੋਂ ਨਿਕਲ ਰਹੀ ਗਰਮ ਤਰੰਗਾਂ ਦੇ ਰੂਪ ਵਿੱਚ ਅਨੁਭਵ ਕਰਵਾਏਗਾ। ਸਾਰੀ ਲੁਕਾਈ ਇਸ ਅਲੌਕਿਕ ਅਨੁਭਵ ਨੂੰ ਪ੍ਰਾਪਤ ਕਰ ਸਕਦੀ ਹੈ। ਨਵਾਂ ਜਨਮਾ ਬੱਚਾ ਅੰਮ੍ਰਿਤ ਦਾ ਭੰਡਾਰ ਹੁੰਦਾ ਹੈ। ਨਵੇਂ ਜੰਮੇ ਬੱਚੇ ਉੱਪਰ ਮਾਇਆ ਦਾ ਕੋਈ ਪ੍ਰਭਾਵ ਨਹੀਂ ਹੁੰਦਾ ਹੈ।

ਨਵੇਂ ਜੰਮੇ ਬੱਚੇ ਦੇ ਸਾਰੇ ਬਜਰ ਕਪਾਟ ਖੁੱਲ੍ਹੇ ਹੁੰਦੇ ਹਨ। ਨਵੇਂ ਜੰਮੇ ਬੱਚੇ ਦੇ ਸਾਰੇ ਸਤਿ ਸਰੋਵਰ ਜਾਗਰਿਤ ਹੁੰਦੇ ਹਨ। ਜਨਮ ਤੋਂ ਪਹਿਲਾਂ ਬੱਚੇ ਦੀ ਮਾਤਾ ਦੇ ਗਰਭ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਲ ਲਿਵ ਲੱਗੀ ਹੁੰਦੀ ਹੈ। ਇਸੇ ਲਈ ਨਵੇਂ ਜੰਮੇ ਬੱਚੇ ਨੂੰ ਪ੍ਰਮਾਤਮਾ ਦਾ ਰੂਪ ਕਿਹਾ ਜਾਂਦਾ ਹੈ। ਇਸੇ ਕਰ ਕੇ ਹਰ ਇੱਕ ਮਨੁੱਖ ਨੂੰ ਨਵੇਂ ਜੰਮੇ ਬੱਚੇ ਨਾਲ ਬਦੋ-ਬਦੀ ਪਿਆਰ ਆਉਣ ਲੱਗ ਪੈਂਦਾ ਹੈ। ਇਸੇ ਲਈ ਜਦੋਂ ਅਸੀਂ ਨਵੇਂ ਜੰਮੇ ਬੱਚੇ ਨੂੰ ਦੇਖਦੇ ਹਾਂ ਤਾਂ ਸਾਡਾ ਚਿੱਤ ਬਦੋ-ਬਦੀ ਉਸ ਵੱਲ ਆਕਰਸ਼ਿਤ ਹੋ ਜਾਂਦਾ ਹੈ। ਧੰਨ ਧੰਨ ਸਤਿਗੁਰੂ ਸਾਹਿਬਾਨ ਨੇ ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ:

ਗਰਭ ਕੁੰਟ ਮਹਿ ਉਰਧ ਤਪ ਕਰਤੇ ॥
ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੫੧)

ਗਰਭ ਜੋਨਿ ਮਹਿ ਉਰਧ ਤਪੁ ਕਰਤਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੩੭)

ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੧੩)

ਅੰਤਰਿ ਗਰਭ ਉਰਧਿ ਲਿਵ ਲਾਗੀ ਸੋ ਪ੍ਰਭੁ ਸਾਰੇ ਦਾਤਿ ਕਰੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੧੩-੧੦੧੪)

ਮਾਤਾ ਦੇ ਗਰਭ ਵਿੱਚ ਬੱਚਾ ਉਲਟਾ ਲਟਕਿਆ ਹੁੰਦਾ ਹੈ। ਬੱਚੇ ਦਾ ਸਿਰ ਥੱਲੇ ਵਾਲੇ ਪਾਸੇ ਨੂੰ ਅਤੇ ਪੈਰਾਂ ਵਾਲਾ ਪਾਸਾ ਉੱਪਰ ਨੂੰ ਹੁੰਦਾ ਹੈ। ਇਸ ਅਵਸਥਾ ਵਿੱਚ ਬੱਚਾ ਮਾਤਾ ਦੇ ਗਰਭ ਵਿੱਚ ਨਿਰੰਤਰ ਸਮਾਧੀ ਵਿੱਚ ਲੀਨ ਰਹਿੰਦਾ ਹੈ। ਮਾਤਾ ਦੇ ਗਰਭ ਵਿੱਚ ਬੱਚਾ ਨਿਰੰਤਰ ਸਿਮਰਨ ਵਿੱਚ ਮਸਤ ਹੁੰਦਾ ਹੈ। ਮਾਤਾ ਦੇ ਗਰਭ ਨੂੰ ਗੁਰਬਾਣੀ ਵਿੱਚ ਕੁੰਭੀ ਨਰਕ ਕਿਹਾ ਗਿਆ ਹੈ। ਮਾਤਾ ਦਾ ਗਰਭ ਦੁੱਖ ਦਾ ਸਾਗਰ ਹੈ। ਮਾਤਾ ਦੇ ਗਰਭ ਵਿੱਚ ਬੱਚੇ ਦਾ ਵਾਸ ਬਿਸ਼ਟਾ ਵਿੱਚ ਵਾਸ ਦੇ ਤੁੱਲ ਹੈ। ਮਾਤਾ ਦੇ ਗਰਭ ਵਿੱਚ ਐਸੇ ਨਰਕ ਵਿੱਚ ਪੁੱਠਾ ਲਟਕ ਰਿਹਾ ਬੱਚਾ ਪੂਰਨ ਸ਼ਾਂਤੀ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ ਵਿੱਚ ਸਮਾਧੀ ਵਿੱਚ ਲੀਨ ਰਹਿੰਦਾ ਹੈ। ਮਾਤਾ ਦੇ ਗਰਭ ਵਿੱਚ ਬੱਚਾ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਚਰਨਾਂ ਦੇ ਧਿਆਨ ਵਿੱਚ ਪੂਰਨ ਤੌਰ 'ਤੇ ਜੁੜਿਆ ਹੁੰਦਾ ਹੈ। ਇਸ ਪੂਰਨ ਸਤਿ ਨੂੰ ਗੁਰਬਾਣੀ ਵਿੱਚ ਸਤਿਗੁਰ ਸਾਹਿਬਾਨ ਨੇ ਦ੍ਰਿੜ੍ਹ ਕਰਵਾਇਆ ਹੈ:

ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੧੦)

ਗਰਭ ਜੋਨਿ ਵਿਸਟਾ ਕਾ ਵਾਸੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੬੨)

ਮਾਤ ਗਰਭ ਦੁਖ ਸਾਗਰੋ ਪਿਆਰੇ ਤਹ ਅਪਣਾ ਨਾਮੁ ਜਪਾਇਆ॥
ਬਾਹਰਿ ਕਾਢਿ ਬਿਖੁ ਪਸਰੀਆ ਪਿਆਰੇ ਮਾਇਆ ਮੋਹੁ ਵਧਾਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੪੦)

ਜਨਮ ਤੋਂ ਪਹਿਲਾਂ (ਰੂਹ ਦੇ ਰੂਪ ਵਿੱਚ ਮੌਜੂਦ) ਬੱਚੇ ਨੂੰ ਆਪਣੇ ਬਾਰੇ ਅਤੇ ਬ੍ਰਹਮ ਬਾਰੇ ਸਾਰਾ ਗਿਆਨ ਹੁੰਦਾ ਹੈ, ਭਾਵ ਰੂਹ ਨੂੰ ਆਪਣੇ ਸਾਰੇ ਪਿਛਲੇ ਜਨਮਾਂ ਦਾ ਅਤੇ ਇਨ੍ਹਾਂ ਜਨਮਾਂ

ਵਿੱਚ ਕੀਤੇ ਗਏ ਮਾੜੇ ਅਤੇ ਚੰਗੇ ਕਰਮਾਂ ਦਾ, ਪਾਪ ਅਤੇ ਪੁੰਨ ਕਰਮਾਂ ਦਾ ਸਾਰਾ ਗਿਆਨ ਹੁੰਦਾ ਹੈ। ਉਸ ਨੂੰ ਆਪਣੇ ਬਾਰੇ ਇਹ ਗਿਆਨ ਹੁੰਦਾ ਹੈ ਕਿ ਉਹ ਕਿਤਨੇ ਮਨੁੱਖਾ ਜਨਮ ਗੁਆ ਚੁੱਕਾ ਹੈ। ਉਸ ਨੂੰ ਇਹ ਗਿਆਨ ਹੁੰਦਾ ਹੈ ਕਿ ਉਹ ਕਿਤਨੇ ਸਮੇਂ ਤੋਂ ਜਨਮ-ਮਰਨ ਦੇ ਬੰਧਨਾਂ ਵਿੱਚ ਭਟਕ ਰਿਹਾ ਹੈ। ਉਸ ਨੂੰ ਇਹ ਵੀ ਗਿਆਨ ਹੁੰਦਾ ਹੈ ਕਿ ਉਹ ਚੁਰਾਸੀ ਲੱਖ ਜੂਨਾਂ ਵਿੱਚ ਕਿਤਨੀ ਵਾਰ ਅਤੇ ਕਿਤਨਾ ਸਮਾਂ ਭਟਕ ਚੁੱਕਾ ਹੈ। ਉਸ ਨੂੰ ਆਪਣੇ ਸਾਰੇ ਮਨੁੱਖਾ ਜਨਮਾਂ ਦਾ ਵੀ ਪੂਰਾ ਗਿਆਨ ਹੁੰਦਾ ਹੈ। ਜਨਮ ਤੋਂ ਪਹਿਲਾਂ ਮਾਤਾ ਦੇ ਗਰਭ ਵਿੱਚ ਮੌਜੂਦ ਬੱਚੇ ਨੂੰ ਸਾਰੇ ਬ੍ਰਹਿਮੰਡ ਬਾਰੇ ਵੀ ਪੂਰਾ ਗਿਆਨ ਹੁੰਦਾ ਹੈ। ਇਸ ਗਿਆਨ ਦੇ ਆਧਾਰ ਤੇ ਜਨਮ ਤੋਂ ਪਹਿਲਾਂ ਰੂਹ ਨੂੰ ਮਨੁੱਖਾ ਜਨਮ ਦੀ ਸੰਪੂਰਨ ਮਹੱਤਤਾ ਦਾ ਪੂਰਾ ਗਿਆਨ ਹੁੰਦਾ ਹੈ। ਇਸ ਲਈ ਜਨਮ ਤੋਂ ਪਹਿਲਾਂ ਬੱਚੇ ਦੀ ਰੂਹ ਆਪਣੇ ਆਪ ਨਾਲ ਵਾਅਦਾ ਕਰਦੀ ਹੈ ਕਿ ਉਹ ਇਸ ਜਨਮ ਨੂੰ ਬਿਰਥਾ ਨਹੀਂ ਗਵਾਏਗੀ। ਇਸ ਲਈ ਇਸ ਸਾਰੇ ਗਿਆਨ ਦੇ ਆਧਾਰ ਤੇ ਉਸ ਨੂੰ ਇਹ ਪਤਾ ਹੁੰਦਾ ਹੈ ਕਿ ਉਸ ਦਾ ਮਨੁੱਖਾ ਜਨਮ ਕਿਉਂ ਹੋ ਰਿਹਾ ਹੈ ਅਤੇ ਉਸ ਨੂੰ ਇਸ ਜਨਮ ਵਿੱਚ ਕੀ ਅਤੇ ਕਿਵੇਂ ਕਰਨਾ ਹੈ। ਉਸ ਨੂੰ ਇਹ ਪਤਾ ਹੁੰਦਾ ਹੈ ਕਿ ਜਨਮ ਤੋਂ ਬਾਅਦ ਉਸ ਨੂੰ ਬੰਦਗੀ ਕਰਨੀ ਹੈ ਅਤੇ ਜੀਵਨ ਮੁਕਤੀ ਪ੍ਰਾਪਤ ਕਰਨੀ ਹੈ।

ਇਸ ਲਈ ਮਾਤਾ ਦੇ ਗਰਭ ਵਿੱਚ ਪੁੱਠਾ ਲਟਕਿਆ ਹੋਇਆ ਕੁੰਭੀ ਨਰਕ, ਦੁੱਖ ਦੇ ਸਾਗਰ ਵਿੱਚ, ਵਿਸ਼ਟਾ ਤੁੱਲ ਸਥਾਨ ਵਿੱਚ ਸਥਿਤ, ਆਪਣੇ ਬਾਰੇ ਸਾਰੇ ਬ੍ਰਹਮ ਗਿਆਨ ਦੇ ਨਾਲ ਭਰਪੂਰ ਜਨਮ ਤੋਂ ਪਹਿਲਾਂ ਬੱਚਾ ਮਾਇਆ ਦੇ ਪ੍ਰਭਾਵ ਤੋਂ ਮੁਕਤ ਅਵਸਥਾ ਵਿੱਚ ਹੁੰਦਾ ਹੈ। ਪਰੰਤੂ ਮਾਤਾ ਦੇ ਗਰਭ ਤੋਂ ਬਾਹਰ ਦਾ ਪਰਿਵਾਰਕ ਮਾਹੌਲ ਤਾਂ ਸਾਰਾ ਮਾਇਆ ਦੇ ਪੂਰੇ ਪ੍ਰਭਾਵ ਵਿੱਚ ਗ੍ਰਸਤ ਹੁੰਦਾ ਹੈ। ਬੱਚੇ ਦੇ ਮਾਤਾ-ਪਿਤਾ, ਭੈਣ, ਭਰਾ, ਦਾਦਾ, ਦਾਦੀ, ਨਾਨਾ, ਨਾਨੀ, ਚਾਚੇ, ਤਾਏ, ਮਾਮੇ, ਮਾਸੀਆਂ ਸਾਰਾ ਕੁਟੰਬ ਕੋੜਮਾ ਮਾਇਆ ਦੀ ਗ਼ੁਲਾਮੀ ਵਿੱਚ ਗ੍ਰਸਤ ਹੁੰਦਾ ਹੈ। ਸਾਰਾ ਪਰਿਵਾਰ ਮਾਇਆ ਦੇ ਭਰਮ ਜਾਲ ਵਿੱਚ ਫੱਸਿਆ ਹੁੰਦਾ ਹੈ। ਸਾਰੇ ਪਰਿਵਾਰ ਦੇ ਲੋਕ ਆਪੋ-ਆਪਣੀ ਪਿਛਲੇ ਜਨਮਾਂ ਦੀ ਕਰਨੀ ਅਨੁਸਾਰ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੀ ਅਧੀਨਤਾ ਵਿੱਚ ਆਪਣੇ ਕਰਮ-ਕਾਂਡ ਨੂੰ ਅੰਜਾਮ ਦੇਣ ਵਿੱਚ ਪੂਰੇ ਤੌਰ 'ਤੇ ਵਿਅਸਤ ਹੁੰਦੇ ਹਨ। ਮੁੱਕਦੀ ਗੱਲ ਕਿ ਸਾਰਾ ਕੁਟੁੰਬ ਮਾਇਆ ਦੀ ਗ਼ੁਲਾਮੀ ਵਿੱਚ ਪੰਜ ਚੰਡਾਲਾਂ ਨੂੰ ਗੁਰੂ ਧਾਰਨ ਕਰ ਕੇ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਵਿੱਚ ਪੂਰਨ ਤੌਰ 'ਤੇ ਆਪਣੇ ਆਪ ਦਾ ਨਾਸ਼ ਕਰਨ ਵਿੱਚ ਰੁੱਝਿਆ ਹੁੰਦਾ ਹੈ। ਐਸੇ ਮਾਇਆ ਵਿੱਚ ਗ੍ਰਸਤ ਵਾਤਾਵਰਨ ਵਿੱਚ ਬੱਚਾ ਜਦ ਜਨਮ ਲੈਂਦਾ ਹੈ ਤਾਂ ਜਨਮ ਲੈਂਦੇ ਹੀ ਰੋਂਦਾ ਹੈ। ਜੇਕਰ ਜਨਮ ਦੇ ਸਮੇਂ ਬੱਚਾ ਰੋਂਦਾ ਨਹੀਂ ਤਾਂ ਸਾਰੇ ਚਿੰਤਤ ਹੋ ਜਾਂਦੇ ਹਨ ਕਿ ਬੱਚਾ ਰੋਇਆ ਕਿਉਂ ਨਹੀਂ। ਮਾਤ ਗਰਭ ਵਿੱਚ ਸਥਿਤ ਸਮਾਧੀ ਵਿੱਚ ਬੱਚੇ ਦੀ ਬਾਹਰਲੀ ਦੁਨੀਆਂ ਵਿੱਚ ਆਉਂਦੇ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਨਾਲ ਲੱਗੀ ਹੋਈ ਲਿਵ ਟੁੱਟ ਜਾਂਦੀ ਹੈ। ਜਨਮ ਦੇ ਸਮੇਂ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਲ ਲੱਗੀ ਹੋਈ ਲਿਵ ਟੁੱਟਣ ਕਾਰਨ ਬੱਚਾ ਜਨਮ ਦੇ ਸਮੇਂ ਰੋਣ ਲੱਗ ਪੈਂਦਾ ਹੈ। ਕਿਉਂਕਿ ਜਨਮ ਤੋਂ ਪਹਿਲਾਂ ਮਾਤ ਗਰਭ ਵਿੱਚ ਸਮਾਧੀ ਸਥਿਤ ਬੱਚੇ ਨੂੰ ਇਹ ਗਿਆਨ ਹੁੰਦਾ ਹੈ ਕਿ ਹੁਣ ਉਹ ਬਾਹਰਲੀ ਦੁਨੀਆਂ, ਜੋ ਕਿ ਮਾਇਆ ਦੀ ਗ਼ੁਲਾਮੀ ਵਿੱਚ ਵਿਅਸਤ ਹੈ, ਐਸੀ ਦੁਨੀਆਂ ਵਿੱਚ ਜਾਣ ਲੱਗਾ ਹੈ ਇਸ ਲਈ ਜਦ ਉਹ ਬਾਹਰਲੀ ਦੁਨੀਆਂ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਉਸ ਦਾ ਰੋਣਾ ਨਿਕਲ ਜਾਂਦਾ ਹੈ। ਮਾਇਆ ਦੇ ਇਸ ਵਿਨਾਸ਼ਕਾਰੀ ਖੇਲ

ਤੋਂ ਅਣਜਾਣ, ਜਨਮ ਸਮੇਂ ਬੱਚੇ ਦਾ ਰੋਣਾ ਸੁਣ ਕੇ ਬਾਹਰਲੀ ਦੁਨੀਆਂ ਵਿੱਚ ਉਸ ਨੂੰ ਜਨਮ ਦੇਣ ਵਿੱਚ ਸਹਾਇਤਾ ਕਰਨ ਵਾਲੇ ਡਾਕਟਰ, ਨਰਸਾਂ ਅਤੇ ਮੌਜੂਦ ਪਰਿਵਾਰ ਦੇ ਲੋਕ ਬੱਚੇ ਦਾ ਰੋਣਾ ਸੁਣ ਕੇ ਬਹੁਤ ਪ੍ਰਸੰਨ ਹੁੰਦੇ ਹਨ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ ॥
ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ ॥
ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ ॥
ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੩)

ਇਸ ਤਰ੍ਹਾਂ ਨਾਲ ਨਵਾਂ ਜੰਮਿਆ ਬੱਚਾ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਵਿੱਚ ਗਰਕ ਰਹੇ ਕੁਟੁੰਬ ਅਤੇ ਕੋੜਮੇ ਦੇ ਲੋਕਾਂ ਦੇ ਹੱਥਾਂ ਵਿੱਚ ਰਹਿਣ ਲਈ ਮਜਬੂਰ ਹੋ ਜਾਂਦਾ ਹੈ। ਨਵੇਂ ਜੰਮੇ ਬੱਚੇ ਦੀ ਇਹ ਵਿਵਸ਼ਤਾ ਹੁੰਦੀ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਉਸ ਨੂੰ ਬੋਲ ਕੇ ਆਪਣੇ ਅੰਦਰ ਦੀ ਭਾਵਨਾ ਦੱਸਣ ਦੀ ਸ਼ਕਤੀ ਦੀ ਬਖ਼ਸ਼ੀਸ਼ ਨਹੀਂ ਕੀਤੀ ਹੈ। ਜਿੱਥੇ ਨਵਾਂ ਜੰਮਿਆ ਬੱਚਾ ਪ੍ਰਮਾਤਮਾ ਦਾ ਰੂਪ ਹੁੰਦਾ ਹੈ ਪਰੰਤੂ ਉਹ ਆਪਣਾ ਸਾਰਾ ਗਿਆਨ ਬੋਲ ਕੇ ਦੱਸਣ ਵਿੱਚ ਅਸਮਰਥ ਹੁੰਦਾ ਹੈ। ਜੋ ਉਹ ਦੇਖਦਾ ਹੈ ਅਤੇ ਅਨੁਭਵ ਕਰਦਾ ਹੈ ਉਹ ਸਭ ਕੁਝ ਬੋਲ ਕੇ ਦੱਸ ਨਹੀਂ ਸਕਦਾ ਹੈ। ਇੱਕ ਤਰ੍ਹਾਂ ਨਾਲ ਇਹ ਸਮਝੋ ਕਿ ਨਵੇਂ ਜੰਮੇ ਬੱਚੇ ਨੂੰ ਬੋਲਣ ਦੀ ਸ਼ਕਤੀ ਤੋਂ ਵਾਂਝੇ ਰੱਖ ਕੇ ਕਰਮ ਦੇ ਦਰਗਾਹੀ ਵਿਧਾਨ ਅਨੁਸਾਰ ਉਸ ਨੂੰ ਮਾਇਆ ਦੇ ਦਲਦਲ ਵਿੱਚ ਆਪਣੇ ਪਿਛਲੇ ਕਰਮ-ਕਾਂਡਾਂ ਦਾ ਲੇਖਾ-ਜੋਖਾ ਦੇਣ ਲਈ ਜਿਵੇਂ ਧੱਕ ਦਿੱਤਾ ਹੈ। ਮਾਇਆ ਦੇ ਇਸ ਵਿਨਾਸ਼ਕਾਰੀ ਸ਼ਕਤੀਆਂ ਵਿੱਚ ਗਰਕ ਰਹੇ ਪਰਿਵਾਰ ਦੇ ਹੱਥੇ ਚੜ੍ਹ ਕੇ ਬੱਚਾ ਹੌਲੀ-ਹੌਲੀ ਆਪਣਾ ਸਾਰਾ ਗਿਆਨ ਭੁੱਲ ਜਾਂਦਾ ਹੈ। ਜੋ ਕੁਝ ਗਿਆਨ ਉਸ ਨੂੰ ਜਨਮ ਤੋਂ ਪਹਿਲਾਂ ਮਾਤਾ ਦੇ ਗਰਭ ਵਿੱਚ ਹੁੰਦਾ ਹੈ ਉਹ ਸਭ ਕੁਝ ਹੌਲੀ-ਹੌਲੀ ਮਾਇਆ ਦੇ ਪਰਦੇ ਵਿੱਚ ਢੱਕਿਆ ਜਾਂਦਾ ਹੈ। ਬੱਚੇ ਦੇ ਸਾਰੇ ਬਜਰ ਕਪਾਟ ਬੰਦ ਜੋ ਜਾਂਦੇ ਹਨ। ਸਤਿ ਸਰੋਵਰ ਫਿਰ ਮਾਇਆ ਦੇ ਪ੍ਰਭਾਵ ਨਾਲ ਢੱਕੇ ਜਾਂਦੇ ਹਨ। ਅੰਮ੍ਰਿਤ ਨਾਲ ਭਰਪੂਰ ਜੰਮਿਆ ਬੱਚਾ ਮਾਇਆ ਦੇ ਵਿੱਚ ਗਲਤਾਨ ਹੋਣਾ ਸ਼ੁਰੂ ਹੋ ਜਾਂਦਾ ਹੈ। ਜਦ ਤੱਕ ਬੱਚੇ ਦੀ ਬੋਲਣ ਦੀ ਸ਼ਕਤੀ ਪ੍ਰਗਟ ਹੁੰਦੀ ਹੈ ਉਹ ਮਾਇਆ ਦੀ ਗ਼ੁਲਾਮੀ ਵਿੱਚ ਬਹੁਤ ਰੁੱਝ ਜਾਂਦਾ ਹੈ। ਹੌਲੀ-ਹੌਲੀ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਉਸ ਨੂੰ ਦਬੋਚ ਲੈਂਦੇ ਹਨ। ਮਾਇਆ ਵਿੱਚ ਗਲਤਾਨ ਕੁਟੁੰਬ ਅਤੇ ਕੋੜਮੇ ਦਾ ਰੰਗ ਬੱਚੇ ਉੱਪਰ ਛੇਤੀ ਹੀ ਚੜ੍ਹ ਜਾਂਦਾ ਹੈ ਅਤੇ ਉਹ ਵੀ ਮਾਇਆ ਦੀ ਗ਼ੁਲਾਮੀ ਵਿੱਚ ਚਲਾ ਜਾਂਦਾ ਹੈ। ਇਸ ਤਰ੍ਹਾਂ ਰੱਬ ਦੇ ਰੂਪ ਵਿੱਚ ਜੰਮਿਆ ਬੱਚਾ ਮਾਇਆ ਦਾ ਗ਼ੁਲਾਮ ਬਣ ਕੇ ਰਹਿ ਜਾਂਦਾ ਹੈ। ਫਿਰ ਮਾਇਆ ਦੀ ਗ਼ੁਲਾਮੀ ਵਿੱਚ ਆਪਣੇ ਕਰਮ-ਕਾਂਡ ਦਾ ਲੇਖਾ-ਜੋਖਾ ਦੇਣ ਵਿੱਚ ਵਿਅਸਤ ਹੋ ਜਾਂਦਾ ਹੈ ਅਤੇ ਬਾਕੀ ਦੇ ਪਰਿਵਾਰ ਦੇ ਲੋਕਾਂ ਵਾਂਗ ਮਾਇਆ ਦੇ ਖੇਲ ਵਿੱਚ ਰੁੱਝ ਕੇ ਆਪਣਾ ਸਾਰਾ ਜੀਵਨ ਬਤੀਤ ਕਰ ਕੇ ਆਪਣੇ ਅੰਤ ਨੂੰ ਪ੍ਰਾਪਤ ਹੋ ਜਾਂਦਾ ਹੈ।

ਕੇਵਲ ਇੱਕ ਸੂਰਤ ਵਿੱਚ ਹੀ ਬੱਚੇ ਦੇ ਜਨਮ ਨੂੰ ਬਚਾਇਆ ਜਾ ਸਕਦਾ ਹੈ। ਜੇ ਬੱਚੇ ਦਾ ਜਨਮ ਬੰਦਗੀ ਦੇ ਮਾਹੌਲ ਵਿੱਚ ਹੋਏ ਤਾਂ ਬੱਚੇ ਦੀ ਜਨਮ ਕਥਾ ਸੁੰਦਰ ਰੂਪ ਲੈ ਸਕਦੀ

ਹੈ। ਭਾਵ ਜੇਕਰ ਬੱਚੇ ਦੇ ਮਾਤ-ਪਿਤਾ ਬੰਦਗੀ ਵਿੱਚ ਰੱਤੇ ਹੋਏ ਹੋਣ ਤਾਂ ਬੱਚੇ ਦੇ ਜਨਮ ਦੀ ਕਥਾ ਸੁੰਦਰ ਬਣ ਸਕਦੀ ਹੈ। ਜੇਕਰ ਮਾਤ-ਪਿਤਾ ਦੋਨੋਂ ਸੰਤ ਰੂਹਾਂ ਹੋਣ ਤਾਂ ਬੱਚੇ ਦਾ ਜਨਮ ਅਤਿ ਸੁੰਦਰ ਹੋ ਸਕਦਾ ਹੈ। ਜੇਕਰ ਬੱਚੇ ਦੇ ਮਾਤ-ਪਿਤਾ ਦੋਨੋਂ ਗੁਰਪ੍ਰਸਾਦਿ ਦੀ ਪ੍ਰਾਪਤੀ ਕੀਤੀਆਂ ਹੋਈਆਂ ਬੰਦਗੀ ਵਿੱਚ ਰੱਤੀਆਂ ਹੋਈਆਂ ਸੁਹਾਗਣਾਂ ਹੋਣ ਤਾਂ ਬੱਚੇ ਦੇ ਜਨਮ ਨੂੰ ਖੁਆਰ ਹੋਣ ਤੋਂ ਬਚਾਇਆ ਜਾ ਸਕਦਾ ਹੈ। ਐਸੀ ਮਾਤਾ ਜੋ ਕਿ ਸੁਹਾਗਣ ਹੋਏ ਉਸ ਦਾ ਗਰਭ ਧੰਨ ਧੰਨ ਸੰਤ ਰੂਹ ਨੂੰ ਜਨਮ ਦਿੰਦਾ ਹੈ। ਐਸੇ ਮਾਤ-ਪਿਤਾ ਜੋ ਕਿ ਸੰਤ ਰੂਹਾਂ ਹੋਣ ਉਨ੍ਹਾਂ ਦੀ ਸੰਤਾਨ ਵੀ ਬੰਦਗੀ ਕਰਨ ਵਾਲੀਆਂ ਰੂਹਾਂ ਹੁੰਦੀਆਂ ਹਨ। ਐਸੇ ਸੰਤ ਮਾਤ-ਪਿਤਾ ਦੀ ਸੰਤਾਨ ਵੀ ਸੰਤ ਹੀ ਬਣਦੀ ਹੈ। ਪਰੰਤੂ ਹਰ ਇੱਕ ਮਾਤ-ਪਿਤਾ ਤਾਂ ਸੰਤ ਰੂਹਾਂ ਨਹੀਂ ਹੋ ਸਕਦੀਆਂ ਹਨ। ਕਿਉਂਕਿ ਸੰਤ ਰੂਹ ਤਾਂ ਕੋਈ ਕਰੋੜਾਂ ਵਿੱਚ ਵਿਰਲੀ ਹੀ ਹੁੰਦੀ ਹੈ। ਇਸ ਲਈ ਐਸੀ ਸੰਭਾਵਨਾ, ਕਿ ਸੰਤਾਨ ਕੋਈ ਸੰਤ ਰੂਹ ਜਨਮੇ, ਬਹੁਤ ਘੱਟ ਜਾਂਦੀ ਹੈ। ਤਾਂ ਫਿਰ ਐਸੀ ਸਥਿਤੀ ਵਿੱਚ ਮਾਤ-ਪਿਤਾ ਨੂੰ ਕੀ ਕਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੀ ਸੰਤਾਨ ਉੱਪਰ ਮਾਇਆ ਦਾ ਪ੍ਰਭਾਵ ਘੱਟ ਕੀਤਾ ਜਾ ਸਕੇ। ਸੰਤਾਨ ਦੀ ਅਤੇ ਆਪਣੀ ਭਲਾਈ ਵਾਸਤੇ ਮਾਤ-ਪਿਤਾ ਦਾ ਸਤੋ ਗੁਣੀ ਹੋਣਾ ਬਹੁਤ ਜ਼ਰੂਰੀ ਹੈ। ਘੱਟ ਤੋਂ ਘੱਟ ਸਤਿ ਦੀ ਕਰਨੀ ਉੱਪਰ ਮਾਤ-ਪਿਤਾ ਆਪਣਾ ਧਿਆਨ ਕੇਂਦਰਿਤ ਕਰਨ ਤਾਂ ਉਨ੍ਹਾਂ ਦਾ ਅਤੇ ਸੰਤਾਨ ਦਾ ਭਲਾ ਹੋ ਸਕਦਾ ਹੈ। ਇਸ ਲਈ ਜੇਕਰ ਮਾਤ-ਪਿਤਾ ਨਵੇਂ ਜੰਮੇ ਬੱਚੇ ਦੇ ਕੋਲ ਗੁਰਬਾਣੀ ਦਾ ਪ੍ਰਕਾਸ਼ ਕਰੀ ਰੱਖਣ ਤਾਂ ਬੱਚੇ ਉੱਪਰ ਮਾਇਆ ਦਾ ਪ੍ਰਭਾਵ ਘੱਟ ਕੀਤਾ ਜਾ ਸਕਦਾ ਹੈ। ਭਾਵ ਨਵੇਂ ਜੰਮੇ ਬੱਚੇ ਨੂੰ ਵੱਧ ਤੋਂ ਵੱਧ ਗੁਰਬਾਣੀ ਸੁਣਾਈ ਜਾਏ ਤਾਂ ਉਸ ਦੀ ਰੂਹ ਸਕੂਨ ਵਿੱਚ ਰਹੇਗੀ ਅਤੇ ਉਸ ਉੱਪਰ ਮਾਇਆ ਦਾ ਪ੍ਰਭਾਵ ਘੱਟ ਹੋਏਗਾ। ਮਾਤ-ਪਿਤਾ ਨਵੇਂ ਜੰਮੇ ਬੱਚੇ ਨੂੰ ਗੋਦ ਵਿੱਚ ਲੈ ਕੇ ਵੱਧ ਤੋਂ ਵੱਧ ਸਤਿਨਾਮ ਦਾ ਸਿਮਰਨ ਕਰਨ ਤਾਂ ਉਸ ਉੱਪਰ ਮਾਇਆ ਦਾ ਪ੍ਰਭਾਵ ਘੱਟ ਹੋਏਗਾ। ਨਵੇਂ ਜੰਮੇ ਬੱਚੇ ਦੇ ਕਮਰੇ ਵਿੱਚ ਜੇਕਰ ਗੁਰਬਾਣੀ ਧੀਮੀ ਆਵਾਜ਼ ਵਿੱਚ ਹਰ ਵੇਲੇ ਚਲਦੀ ਰਹੇ ਤਾਂ ਇਸ ਦਾ ਪ੍ਰਭਾਵ ਵਿਸਮਾਦਜਨਕ ਹੋ ਸਕਦਾ ਹੈ। ਮਾਤ-ਪਿਤਾ ਦੋਵੇਂ ਸਤਿਨਾਮ ਦਾ ਸਿਮਰਨ ਅਭਿਆਸ ਕਰਨ ਤਾਂ ਬੱਚੇ ਉੱਪਰ ਇਸ ਦਾ ਬਹੁਤ ਸੁੰਦਰ ਪ੍ਰਭਾਵ ਪਵੇਗਾ।

ਇਸ ਤਰ੍ਹਾਂ ਦੇ ਨਾਲ ਮਨੁੱਖ ਮਾਇਆ ਦੇ ਇਸ ਖੇਲ ਵਿੱਚ ਫੱਸਿਆ ਹੋਇਆ ਜਨਮ-ਮਰਨ ਦੇ ਬੰਧਨ ਵਿੱਚ ਜਕੜਿਆ ਰਹਿੰਦਾ ਹੈ। ਕਈ ਕਰਮਾਂ ਦਾ ਲੇਖਾ ਦਿੰਦਾ ਹੈ ਅਤੇ ਕਈ ਨਵੇਂ ਕਰਮ ਲਿਖਦਾ ਹੈ, ਜਿਨ੍ਹਾਂ ਕਰਮਾਂ ਦਾ ਲੇਖਾ ਆਉਣ ਵਾਲੇ ਸਮੇਂ ਵਿੱਚ ਦੇਣਦਾਰ ਹੁੰਦਾ ਹੈ। ਇਸ ਤਰ੍ਹਾਂ ਨਾਲ ਮਨੁੱਖ ਦੀ ਰੂਹ ਇਨ੍ਹਾਂ ਕਰਮਾਂ ਦਾ ਬੋਝ ਇੱਕ ਜਨਮ ਤੋਂ ਅਗਲੇ ਜਨਮ, ਫਿਰ ਅਗਲੇ ਅਤੇ ਫਿਰ ਅਗਲੇ ਜਨਮਾਂ-ਜਨਮਾਂਤਰਾਂ ਤੱਕ ਚੁੱਕੀ ਫਿਰਦੀ ਹੈ। ਇਨ੍ਹਾਂ ਸਾਰੇ ਜਨਮਾਂ ਵਿੱਚ ਫਿਰ ਪਰਿਵਾਰ ਬਣਦਾ ਹੈ, ਪਰਿਵਾਰਕ ਸੰਬੰਧ ਬਣਦੇ ਹਨ, ਫਿਰ ਕਿਸੇ ਦਾ ਪੁੱਤਰ ਜਾਂ ਧੀ ਬਣਦਾ ਹੈ ਅਤੇ ਬਾਕੀ ਦੇ ਸਾਰੇ ਰਿਸ਼ਤੇ ਨਾਤਿਆਂ ਵਿੱਚ ਫੱਸਦਾ ਹੈ। ਇਸ ਤਰ੍ਹਾਂ ਦੇ ਨਾਲ ਪਿਛਲੇ ਜਨਮਾਂ ਵਿੱਚ ਅਤੇ ਇਸ ਜਨਮ ਤੱਕ ਪਤਾ ਨਹੀਂ ਕਿਤਨੇ ਮਾਤ-ਪਿਤਾ ਬਣੇ, ਕਿਤਨੇ ਭੈਣ-ਭਰਾ ਬਣੇ, ਕਿਤਨੇ ਰਿਸ਼ਤੇਦਾਰ ਬਣੇ, ਕਿਤਨੇ ਸੰਬੰਧ ਜੁੜੇ ਅਤੇ ਟੁੱਟੇ, ਕਿਤਨੇ ਕਰਮਾਂ ਦਾ ਲੇਖਾ ਦਿੱਤਾ, ਕਿਤਨੇ ਨਵੇਂ ਕਰਮ ਲਿਖੇ। ਮੁੱਕਦੀ ਗੱਲ ਜਦ ਤੱਕ ਜੀਵਨ ਮੁਕਤੀ ਨਹੀਂ ਮਿਲਦੀ ਇਹ ਸਿਲਸਿਲਾ ਖ਼ਤਮ ਨਹੀਂ ਹੁੰਦਾ ਹੈ। ਹਰ ਨਵੇਂ ਜਨਮ ਵਿੱਚ ਫਿਰ ਮਨੁੱਖ ਦੀ ਇਹੋ ਹੀ ਕਥਾ ਪ੍ਰਗਟ ਹੁੰਦੀ ਹੈ। ਫਿਰ ਕਰਮ-ਕਾਂਡ ਦਾ ਖੇਲ ਨਵੇਂ ਸਿਰੇ ਤੋਂ ਸ਼ੁਰੂ ਹੁੰਦਾ ਹੈ, ਫਿਰ ਮਾਇਆ ਦੀ ਗ਼ੁਲਾਮੀ ਅਤੇ ਮਾਇਆ ਦੀ ਗ਼ੁਲਾਮੀ

ਵਿੱਚ ਜੀਵਨ ਦਾ ਅੰਤ। ਜਦ ਜੀਵਨ ਦਾ ਅੰਤ ਹੁੰਦਾ ਹੈ ਤਾਂ ਮਾਇਆ ਦੇ ਇਸ ਵਿਨਾਸ਼ਕਾਰੀ ਖੇਲ ਵਿੱਚ ਕੋਈ ਸੰਬੰਧ, ਰਿਸ਼ਤਾ, ਨਾਤਾ, ਪਰਿਵਾਰ, ਕੁਟੁੰਬ ਅਤੇ ਕੋੜਮੇ ਦੇ ਲੋਕ ਨਾਲ ਨਹੀਂ ਜਾਂਦੇ ਹਨ। ਜਦ ਮਨੁੱਖ ਦੇ ਜੀਵਨ ਦਾ ਅੰਤ ਹੁੰਦਾ ਹੈ ਤਾਂ ਮਨੁੱਖ ਦੀ ਰੂਹ ਦੇ ਨਾਲ ਕੇਵਲ ਬੰਦੇ ਦੇ ਚੰਗੇ ਅਤੇ ਮਾੜੇ ਕਰਮ ਨਾਲ ਜਾਂਦੇ ਹਨ। ਸਾਰੇ ਸਾਖ, ਰਿਸ਼ਤੇ, ਨਾਤੇ, ਸੰਬੰਧ, ਮਾਤ-ਪਿਤਾ, ਭੈਣ-ਭਰਾ ਕੋਈ ਨਾਲ ਨਹੀਂ ਨਿਭਦਾ ਨਾ ਹੀ ਬੰਦੇ ਦੀ ਜਾਇਦਾਦ ਅਤੇ ਸਾਰੇ ਦੁਨਿਆਵੀ ਪਦਾਰਥ, ਜੋ ਉਸਨੇ ਸਾਰੀ ਉਮਰ ਇਕੱਤਰ ਕਰਨ ਵਿੱਚ ਲੱਗਾਈ ਅਤੇ ਗਵਾਈ ਹੁੰਦੀ ਹੈ, ਨਾਲ ਨਹੀਂ ਜਾਂਦੇ।

ਇਸ ਤਰ੍ਹਾਂ ਮਨੁੱਖ ਦੇ ਇਸ ਜਨਮ ਵਿੱਚ ਜੋ ਸੰਬੰਧ, ਸਾਖ, ਰਿਸ਼ਤੇ, ਨਾਤੇ ਕੇਵਲ ਇਸ ਜਨਮ ਦੇ ਹੀ ਨਹੀਂ ਹੁੰਦੇ ਹਨ ਬਲਕਿ ਕਈ ਪਿਛਲੇ ਜਨਮਾਂ ਤੋਂ ਚਲੇ ਆ ਰਹੇ ਹੁੰਦੇ ਹਨ। ਇਸ ਲਈ ਇਹ ਸਾਰੇ ਸੰਬੰਧ, ਸਾਖ, ਰਿਸ਼ਤੇ, ਨਾਤੇ ਕਿਉਂਕਿ ਕੇਵਲ ਕਰਮ-ਕਾਂਡ ਦਾ ਲੇਖਾ-ਜੋਖਾ ਦੇਣ ਲਈ ਹੀ ਬਣਦੇ ਅਤੇ ਮਿਟਦੇ ਰਹਿੰਦੇ ਹਨ ਇਸ ਲਈ ਇਸ ਸਾਰੇ ਸੰਬੰਧ, ਸਾਖ, ਰਿਸ਼ਤੇ, ਨਾਤੇ ਝੂਠੇ ਹਨ। ਕੇਵਲ ਇਤਨਾ ਹੀ ਨਹੀਂ ਮਨੁੱਖ ਦੀ ਸਾਰੀ ਉਮਰ ਵਿੱਚ ਇਕੱਤਰ ਕੀਤਾ ਗਿਆ ਧਨ, ਦੌਲਤ, ਜਾਇਦਾਦ, ਦੁਨਿਆਵੀ ਪਦਾਰਥ ਆਦਿ ਸਾਰੇ ਅੰਤ ਸਮੇਂ ਮਨੁੱਖ ਦੇ ਨਾਲ ਨਹੀਂ ਜਾਂਦੇ ਹਨ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ। ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਸਾਰੇ ਸੰਸਾਰ ਦੀ ਸੱਚਾਈ ਨੂੰ ਆਸਾ ਦੀ ਵਾਰ ਦੇ ਇਸ ਪੂਰਨ ਬ੍ਰਹਮ ਗਿਆਨ ਦੇ ਪਰਮ ਸ਼ਕਤੀਸ਼ਾਲੀ ਸਲੋਕ ਵਿੱਚ ਦ੍ਰਿੜ੍ਹ ਕਰਵਾਇਆ ਹੈ:

ਸਲੋਕੁ ਮ ੧ ॥ ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੮)

ਪਰਮ ਸਤਿ ਦੇ ਇਹ ਇਲਾਹੀ ਸ਼ਬਦ ਜੋ ਕਿ ਦਰਗਾਹੀ ਵਿਧਾਨਾਂ ਦਾ ਅਟੱਲ ਹਿੱਸਾ ਹਨ ਉਹ ਸਦਾ-ਸਦਾ ਤੋਂ ਸਾਰੀ ਸ੍ਰਿਸ਼ਟੀ ਉੱਪਰ ਲਾਗੂ ਹਨ। ਅਵਤਾਰਾਂ, ਸੰਤਾਂ, ਬ੍ਰਹਮ ਗਿਆਨੀਆਂ ਅਤੇ ਸਤਿਗੁਰੂਆਂ ਦੇ ਕਹੇ ਬਚਨ ਅਟੱਲ ਸਤਿ ਹੁੰਦੇ ਹਨ। ਅਵਤਾਰਾਂ, ਸੰਤਾਂ, ਬ੍ਰਹਮ ਗਿਆਨੀਆਂ ਅਤੇ ਸਤਿਗੁਰੂਆਂ ਦੀ ਬਾਣੀ ਪੂਰਨ ਸਤਿ, ਪੂਰਨ ਬ੍ਰਹਮ ਗਿਆਨ ਅਤੇ ਦਰਗਾਹੀ ਹੁਕਮ ਹੁੰਦਾ ਹੈ। ਇਸ ਲਈ ਗੁਰਬਾਣੀ ਵਿੱਚ ਦਰਜ ਹਰ ਇੱਕ ਸ਼ਬਦ ਪੂਰਨ ਸਤਿ, ਪੂਰਨ ਬ੍ਰਹਮ ਗਿਆਨ ਅਤੇ ਅਟੱਲ ਦਰਗਾਹੀ ਹੁਕਮ ਹੈ। ਪਰਮ ਸਤਿ ਦੇ ਇਸ ਸਲੋਕ

ਵਿੱਚ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਨੇ ਸਾਰੇ ਸੰਸਾਰ ਦੇ ਪਸਾਰੇ ਨੂੰ ਕੂੜ ਕਿਹਾ ਹੈ। ਕੂੜ ਤੋਂ ਭਾਵ ਹੈ ਛਲਾਵਾ। ਕੂੜ ਤੋਂ ਭਾਵ ਹੈ ਭਰਮ। ਕੂੜ ਤੋਂ ਭਾਵ ਹੈ ਝੂਠ। ਕੂੜ ਤੋਂ ਭਾਵ ਹੈ ਜੋ ਸਤਿ ਨਹੀਂ ਹੈ। ਕੂੜ ਤੋਂ ਭਾਵ ਜੋ ਅਸਤਿ ਹੈ। ਕੂੜ ਤੋਂ ਭਾਵ ਹੈ ਜੋ ਸਦੀਵੀ ਨਹੀਂ ਹੈ। ਕੂੜ ਤੋਂ ਭਾਵ ਹੈ ਜੋ ਵਸਤੂ ਬਿਨਸਣਹਾਰ ਹੈ। ਕੂੜ ਤੋਂ ਭਾਵ ਹੈ ਜੋ ਵਸਤੂ ਸਮੇਂ ਦੇ ਨਾਲ ਪਰਿਵਰਤਨਸ਼ੀਲ ਹੈ। ਜੋ ਵਸਤੂ ਕਾਲ ਵਿੱਚ ਜੰਮਦੀ ਹੈ ਉਸ ਦਾ ਅੰਤ ਕਾਲ ਵਿੱਚ ਹੀ ਨਿਸ਼ਚਿਤ ਹੈ। ਕਿਉਂਕਿ ਇਸ ਸੰਸਾਰ ਦੀ ਰਚਨਾ ਵੀ ਕਾਲ ਵਿੱਚ ਹੀ ਹੋਈ ਹੈ ਅਤੇ ਹੋ ਰਹੀ ਹੈ ਇਸ ਲਈ ਇਹ ਸੰਸਾਰ ਵੀ ਕੂੜ ਹੈ। ਕਿਉਂਕਿ ਸੰਸਾਰ ਕੂੜ ਹੈ ਇਸ ਲਈ ਸੰਸਾਰ ਵਿੱਚ ਮੌਜੂਦ ਹਰ ਇੱਕ ਵਸਤੂ, ਸਾਰੀ ਲੁਕਾਈ ਬਿਨਸਣਹਾਰ ਹੈ ਇਸ ਲਈ ਸੰਸਾਰ ਦੀ ਹਰ ਇੱਕ ਰਚਨਾ ਕੂੜ ਹੈ। ਕਿਉਂਕਿ ਇਸ ਸੰਸਾਰ ਦੀ ਰਚਨਾ ਕਾਲ ਵਿੱਚ ਹੋਈ ਹੈ ਅਤੇ ਇਹ ਸੰਸਾਰ ਨਿਰੰਤਰ ਪਰਿਵਰਤਨਸ਼ੀਲ ਹੈ, ਇਸ ਲਈ ਇਸ ਸੰਸਾਰ ਵਿੱਚ ਮੌਜੂਦ ਹਰ ਇੱਕ ਰਚਨਾ ਪਰਿਵਰਤਨਸ਼ੀਲ ਹੈ ਅਤੇ ਹਰ ਪਲ ਪਰਿਵਰਤਿਤ ਹੋ ਰਹੀ ਹੈ, ਇਸ ਸੰਸਾਰ ਦਾ ਅੰਤ ਨਿਸ਼ਚਿਤ ਹੈ, ਭਾਵ ਇਸ ਸੰਸਾਰ ਵਿੱਚ ਵਿਚਰ ਰਹੀ ਹਰ ਇੱਕ ਰਚਨਾ ਦਾ ਅੰਤ ਨਿਸ਼ਚਿਤ ਹੈ। ਕਿਉਂਕਿ ਸੰਸਾਰ ਦੀ ਹਰ ਇੱਕ ਰਚਨਾ ਦਾ ਅੰਤ ਨਿਸ਼ਚਿਤ ਹੈ ਅਤੇ ਸਦੀਵੀ ਨਹੀਂ ਹੈ, ਅਸਤਿ ਹੈ, ਇਸ ਲਈ ਸੰਸਾਰ ਦੀ ਹਰ ਇੱਕ ਰਚਨਾ ਕੂੜ ਹੈ। ਇਸ ਦਾ ਭਾਵ ਹੈ ਸੰਸਾਰ ਦੀ ਹਰ ਇੱਕ ਰਚਨਾ ਅਸਤਿ ਹੈ, ਸਤਿ ਨਹੀਂ ਹੈ, ਬਿਨਸਣਹਾਰ ਹੈ, ਝੂਠ ਹੈ ਅਤੇ ਕੇਵਲ ਭਰਮ ਅਤੇ ਛਲਾਵਾ ਹੈ। ਇਸ ਪਰਮ ਸਤਿ ਦਾ ਸਭ ਤੋਂ ਵੱਡਾ ਉਦਾਹਰਨ ਮਨੁੱਖੀ ਜੀਵਨ ਦਾ ਆਰੰਭ ਅਤੇ ਅੰਤ ਹੈ। ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਬਾਰ-ਬਾਰ ਇਸ ਸਤਿ ਨੂੰ ਪ੍ਰਤੱਖ ਦੇਖ ਰਹੇ ਹਾਂ। ਰੋਜ਼ ਲੱਖਾਂ ਨਵੇ ਜਨਮ ਹੁੰਦੇ ਹਨ ਅਤੇ ਰੋਜ਼ ਲੱਖਾਂ ਜੀਵਨਾਂ ਦਾ ਅੰਤ ਹੁੰਦਾ ਹੈ। ਕੇਵਲ ਇਤਨਾ ਹੀ ਨਹੀਂ, ਮਨੁੱਖ ਦੇ ਜਨਮ ਤੋਂ ਲੈ ਕੇ ਅੰਤ ਤੱਕ ਮਨੁੱਖ ਦੀ ਦੇਹੀ ਅਤੇ ਜੀਵਨ ਵਿੱਚ ਨਿਰੰਤਰ ਪਰਿਵਰਤਨ ਦੇ ਵਾਪਰਨਾ ਪੂਰਨ ਸਤਿ ਹੈ ਅਤੇ ਇਸ ਪਰਮ ਸਤਿ ਨੂੰ ਕਿਸੇ ਪ੍ਰਮਾਣ ਦੀ ਲੋੜ ਨਹੀਂ ਹੈ। ਨਿਰੰਤਰ ਇਸੇ ਤਰ੍ਹਾਂ ਨਾਲ ੮੪ ਲੱਖ ਮੇਦਨੀ ਵਿੱਚ (੪੨ ਲੱਖ ਮੇਦਨੀ ਧਰਤੀ ਉੱਪਰ ਅਤੇ ੪੨ ਲੱਖ ਮੇਦਨੀ ਪਾਣੀ ਵਿਚ) ਵਿਚਰਨ ਵਾਲੀ ਹਰ ਇੱਕ ਰਚਨਾ ਦਾ ਵੱਡੀ ਸੰਖਿਆ ਵਿੱਚ ਜਨਮ ਅਤੇ ਅੰਤ ਹੁੰਦਾ ਹੈ। ਸੰਸਾਰ ਵਿੱਚ ਰੋਜ਼ ਨਵੀਆਂ-ਨਵੀਆਂ ਰਚਨਾਵਾਂ ਦਾ ਜਨਮ ਅਤੇ ਅੰਤ ਹੁੰਦਾ ਹੈ। ਸਾਰਾ ਸੰਸਾਰ ਹਰ ਪਲ ਹਰ ਛਿਣ ਪਰਿਵਰਤਨ ਵਿੱਚੋਂ ਲੰਘ ਰਿਹਾ ਹੈ। ਸੰਸਾਰ ਦੀ ਹਰ ਇੱਕ ਰਚਨਾ ਪਲ-ਪਲ ਛਿਨ-ਛਿਨ ਆਪਣੇ ਅੰਤ ਵੱਲ ਨੂੰ ਜਾ ਰਹੀ ਹੈ।

ਇਹ ਪੂਰਨ ਸਤਿ ਹੈ ਕਿ ਕਾਲ ਵਿੱਚ ਆਪੋ-ਆਪਣੇ ਕਰਮ-ਕਾਂਡ ਅਤੇ ਪ੍ਰਾਲਬਧ ਅਨੁਸਾਰ ਧਰਤੀ ਉੱਪਰ ਕਈ ਵੱਡੇ-ਵੱਡੇ ਛਤਰਪਤੀ, ਪ੍ਰਾਕਰਮੀ, ਸ਼ਕਤੀਸ਼ਾਲੀ, ਧਰਮੀ, ਅਧਰਮੀ, ਰਾਜੇ ਜੰਮੇ ਉਨ੍ਹਾਂ ਨੇ ਧਰਤੀ ਉੱਪਰ ਕਈ ਵੱਡੇ-ਵੱਡੇ ਰਾਜ ਕਾਇਮ ਕੀਤੇ, ਰਾਜ ਕੀਤਾ ਅਤੇ ਫਿਰ ਅੰਤ ਨੂੰ ਪ੍ਰਾਪਤ ਹੋਏ। ਕਾਲ ਵਿੱਚ ਧਰਤੀ ਦੇ ਵੱਖ-ਵੱਖ ਖੰਡਾਂ ਵਿੱਚ ਕਈ ਹਕੂਮਤਾਂ ਆਈਆਂ ਅਤੇ ਗਈਆਂ। ਅੱਜ ਦੇ ਸਮੇਂ ਵਿੱਚ ਵੀ ਜਦੋਂ ਕਿ ਲੋਕਤੰਤਰ ਦਾ ਜ਼ਮਾਨਾ ਚਲ ਰਿਹਾ ਹੈ, ਸਾਰੇ ਸੰਸਾਰ ਦੇ ਮੁਲਖਾਂ ਵਿੱਚ ਨਿਰੰਤਰ ਹਕੂਮਤਾਂ ਬਣਦੀਆਂ ਅਤੇ ਢਹਿੰਦੀਆਂ ਪ੍ਰਤੱਖ ਦਿੱਸ ਰਹੀਆਂ ਹਨ। ਜਿਸ ਤਰ੍ਹਾਂ ਨਾਲ ਸਾਰੇ ਰਾਜੇ, ਰਾਜ ਕਰਨ ਵਾਲੇ ਮਨੁੱਖ ਅਤੇ ਉਨ੍ਹਾਂ ਦੀਆਂ ਹਕੂਮਤਾਂ ਜੰਮਦੀਆਂ ਅਤੇ ਮਰਦੀਆਂ ਹਨ ਇਸੇ ਤਰ੍ਹਾਂ ਨਾਲ ਉਨ੍ਹਾਂ ਰਾਜਿਆਂ ਦੀ ਪਰਜਾ ਵੀ ਜੰਮਦੀ ਅਤੇ ਮਰਦੀ ਹੈ। ਰਾਜਿਆਂ ਦੇ ਮਹਿਲ ਮਾੜੀਆਂ ਅਤੇ ਸਾਰੇ ਸੰਸਾਰੀ ਪਦਾਰਥਾਂ ਦਾ ਵੀ ਕਾਲ ਵਿੱਚ ਅੰਤ ਹੋ ਜਾਂਦਾ ਹੈ। ਕਿਉਂਕਿ ਸਾਰੀਆਂ ਸੰਸਾਰਿਕ

ਵਸਤੂਆਂ, ਮਹਿਲ ਅਤੇ ਮਾੜੀਆਂ ਬਿਨਸਣਹਾਰ ਹਨ, ਅਤੇ ਇਨ੍ਹਾਂ ਨੂੰ ਭੋਗਣ ਵਾਲੇ ਰਾਜੇ ਅਤੇ ਉਨ੍ਹਾਂ ਦੀ ਸਾਰੀ ਪਰਜਾ ਵੀ ਬਿਨਸਣਹਾਰ ਹੈ, ਇਸ ਲਈ ਇਹ ਸਭ ਕੁਝ ਕੂੜੁ ਹੈ, ਭਾਵ ਇਹ ਸਾਰੇ ਸੰਸਾਰ ਦਾ ਪਸਾਰਾ ਸਦੀਵੀ ਨਹੀਂ ਹੈ, ਅਸਤਿ ਹੈ ਅਤੇ ਝੂਠ ਹੈ। ਹੀਰੇ, ਜਵਾਹਰਾਤ, ਸੋਨੇ ਅਤੇ ਚਾਂਦੀ ਵਰਗੀਆਂ ਕੀਮਤੀ ਦੁਨਿਆਵੀ ਵਸਤੂਆਂ ਦੀ ਵੀ ਸਦੀਵੀ ਹੋਂਦ ਨਹੀਂ ਹੈ ਅਤੇ ਨਾ ਹੀ ਇਨ੍ਹਾਂ ਨੂੰ ਵਰਤਣ, ਪਾਉਣ (ਇਨ੍ਹਾਂ ਦੇ ਬਣੇ ਗਹਿਣੇ ਆਦਿ) ਅਤੇ ਹੰਢਾਉਣ ਵਾਲੇ ਮਨੁੱਖਾਂ ਦੀ ਵੀ ਸਦੀਵੀ ਹੋਂਦ ਨਹੀਂ ਹੈ। ਭਾਵ ਇਨ੍ਹਾਂ ਕੀਮਤੀ ਵਸਤੂਆਂ ਦੀ ਰੂਹਾਨੀਅਤ ਦੀ ਨਿਗਾਹ ਵਿੱਚ ਕੋਈ ਕੀਮਤ ਨਹੀਂ ਹੈ ਅਤੇ ਨਾ ਹੀ ਇਨ੍ਹਾਂ ਨੂੰ ਪਾਉਣ ਹੰਢਾਉਣ ਵਾਲਿਆਂ ਦੀ ਕੋਈ ਰੂਹਾਨੀ ਅਹਿਮੀਅਤ ਹੈ। ਰੂਹਾਨੀਅਤ ਦੀ ਨਿਗਾਹ ਵਿੱਚ ਹੀਰੇ, ਸੋਨਾ, ਚਾਂਦੀ ਆਦਿ ਕੇਵਲ ਰੇਤ ਸਮਾਨ ਹੈ।

ਮੀਆਂ ਅਤੇ ਬੀਬੀ ਦਾ ਸੰਬੰਧ ਵੀ ਕੂੜੁ ਹੈ। ਭਾਵ ਪਤੀ ਅਤੇ ਪਤਨੀ ਦਾ ਸੰਬੰਧ ਵੀ ਅਸਤਿ ਹੈ। ਪਤੀ-ਪਤਨੀ ਦੇ ਜਿਸ ਸੰਬੰਧ ਨੂੰ ਸਮਾਜ ਪਵਿੱਤਰ ਮੰਨਦਾ ਹੈ ਉਹ ਸੰਬੰਧ ਵੀ ਅਸਤਿ ਹੈ। ਪਤੀ-ਪਤਨੀ ਦਾ ਸੰਬੰਧ ਵੀ ਝੂਠਾ ਹੈ। ਕਾਲ ਵਿੱਚ ਵਿਚਰ ਚੁੱਕੇ, ਵਿਚਰ ਰਹੇ ਅਤੇ ਆਉਣ ਵਾਲੇ ਸਮੇਂ ਵਿੱਚ ਜਿਨ੍ਹਾਂ ਨੇ ਵਿਚਰਨਾ ਹੈ ਉਹ ਸਾਰੇ ਪਤੀ-ਪਤਨੀਆਂ ਦਾ ਸੰਬੰਧ ਕੋਈ ਇੱਕ ਜਨਮ ਦਾ ਸੰਬੰਧ ਨਹੀਂ ਹੈ। ਇਹ ਸੰਬੰਧ ਕਈ ਜਨਮਾਂ ਦਾ ਸੰਬੰਧ ਹੈ। ਕਈ ਵਾਰ ਇਹ ਸੰਬੰਧ ਬਣਿਆ ਅਤੇ ਇਸ ਦਾ ਅੰਤ ਹੋਇਆ ਹੈ। ਪਤੀ ਜਾਂ ਪਤਨੀ ਦੇ ਅੰਤ ਨਾਲ ਹੀ ਇਸ ਸੰਬੰਧ ਦਾ ਵੀ ਅੰਤ ਹੋ ਜਾਂਦਾ ਹੈ। ਇਸ ਲਈ ਇਹ ਸੰਬੰਧ ਵੀ ਝੂਠਾ ਹੈ। ਇਸ ਸੰਬੰਧ ਦਾ ਆਧਾਰ ਕੇਵਲ ਕਰਮ-ਕਾਂਡ ਹੀ ਹੈ। ਪਤੀ-ਪਤਨੀ ਦਾ ਸੰਬੰਧ ਕੇਵਲ ਉਦੋਂ ਸਤਿ ਹੁੰਦਾ ਹੈ ਜਦ ਦੋਨੋਂ ਪਤੀ-ਪਤਨੀ ਸੰਤ ਬਣਦੇ ਹਨ। ਗੁਰਬਾਣੀ ਵਿੱਚ ਲਿਖੀਆਂ ਗਈਆਂ ਲਾਵਾਂ ਸੁਹਾਗਣ ਦੀਆਂ ਸਤਿ ਪਾਰਬ੍ਰਹਮ ਪਰਮੇਸ਼ਰ ਨਾਲ ਲਈਆਂ ਗਈਆਂ ਲਾਵਾਂ ਹਨ। ਪਹਿਲੀ ਲਾਂਵ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਬੰਦਗੀ ਸ਼ੁਰੂ ਹੁੰਦੀ ਹੈ ਅਤੇ ਚੌਥੀ ਲਾਂਵ ਉਦੋਂ ਪੂਰੀ ਹੁੰਦੀ ਹੈ ਜਦੋਂ ਸੁਹਾਗਣ ਦੀ ਬੰਦਗੀ ਪੂਰਨ ਹੁੰਦੀ ਹੈ ਅਤੇ ਸਦਾ ਸੁਹਾਗਣ ਬਣਦੀ ਹੈ। ਪਤੀ-ਪਤਨੀ ਦੇ ਸੰਬੰਧ ਵਿੱਚ ਇਲਾਹੀ ਪ੍ਰੀਤ ਦੀ ਭਾਵਨਾ ਉਦੋਂ ਜਾਗਰਿਤ ਹੁੰਦੀ ਹੈ ਜਦੋਂ ਦੋਨਾਂ ਨੂੰ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ। ਸਤਿ ਦਾ ਸੰਬੰਧ ਸੱਚਾ ਸੰਬੰਧ ਹੈ। ਬਾਕੀ ਸਾਰੇ ਰਿਸ਼ਤੇ-ਨਾਤੇ ਝੂਠੇ ਹਨ। ਇਸ ਲਈ ਝੂਠੇ ਸੰਬੰਧਾਂ ਵਿੱਚ ਤਾਂ ਪਤੀ-ਪਤਨੀ ਖੱਪ-ਖੱਪ ਕੇ ਮਰਦੇ ਹਨ ਅਤੇ ਖੁਆਰ ਹੁੰਦੇ ਹਨ। ਮਾਇਆ ਵਿੱਚ ਬਣੇ ਸੰਬੰਧ ਸਭ ਝੂਠੇ ਸੰਬੰਧ ਹਨ। ਮਾਇਆ ਵਿੱਚ ਪਤੀ-ਪਤਨੀ ਇੱਕ ਦੂਜੇ ਨੂੰ ਸੱਚੀ ਪ੍ਰੀਤ ਦੇਣ ਤੋਂ ਵਾਂਝੇ ਰਹਿ ਜਾਂਦੇ ਹਨ। ਪਰਿਵਾਰਕ ਮੋਹ ਅਤੇ ਅਹੰਕਾਰ ਵਿੱਚ ਉਨ੍ਹਾਂ ਦਾ ਜੀਵਨ ਨਰਕ ਸਮਾਨ ਬਣਕੇ ਰਹਿ ਜਾਂਦਾ ਹੈ।

ਪਰਿਵਾਰਕ ਮੋਹ ਅਤੇ ਅਹੰਕਾਰ ਹੀ ਮਨੁੱਖ ਦੇ ਸਾਰੇ ਦੁੱਖਾਂ ਅਤੇ ਕਲੇਸ਼ਾਂ ਦਾ ਕਾਰਨ ਹੈ। ਹਰ ਇੱਕ ਆਪਣਾ ਭਲਾ ਚਾਹੁੰਦਾ ਹੈ। ਹਰ ਇੱਕ ਇਹ ਸੋਚਦਾ ਅਤੇ ਸਮਝਦਾ ਹੈ ਕਿ ਉਸੇ ਦਾ ਖਿਆਲ ਰਖਿਆ ਜਾਣਾ ਚਾਹੀਦਾ ਹੈ। ਹਰ ਇੱਕ ਇਹ ਸੋਚਦਾ ਅਤੇ ਚਾਹੁੰਦਾ ਹੈ ਕਿ ਉਸ ਦਾ ਹੀ ਭਲਾ ਹੋਣਾ ਚਾਹੀਦਾ ਹੈ। ਕੋਈ ਇਹ ਨਹੀਂ ਸੋਚਦਾ ਕਿ ਦੂਜੇ ਦਾ ਭਲਾ ਹੋਣਾ ਚਾਹੀਦਾ ਹੈ। ਕੋਈ ਆਪਣਾ ਜੀਵਨ ਪਰਉਪਕਾਰ ਲਈ ਸਮਰਪਿਤ ਨਹੀਂ ਕਰਦਾ ਹੈ। ਮਾਇਆ ਦੀ ਗ਼ੁਲਾਮੀ ਵਿੱਚ ਬਤੀਤ ਹੋ ਰਿਹਾ ਜੀਵਨ ਸਦਾ ਝੂਠਾ ਜੀਵਨ ਹੈ। ਅਸਤਿ ਦੀ ਕਰਨੀ ਵਿੱਚ ਬਤੀਤ ਹੋ ਰਿਹਾ ਜੀਵਨ ਕੇਵਲ ਅਸਤਿ ਹੀ ਹੈ। ਇਸ ਲਈ ਮਾਇਆ ਦੀ ਗ਼ੁਲਾਮੀ ਵਿੱਚ ਪਤੀ-ਪਤਨੀ ਦਾ ਸੰਬੰਧ ਵੀ ਅਸਤਿ ਹੈ। ਕੇਵਲ ਮਾਇਆ ਨੂੰ ਜਿੱਤ

ਕੇ ਹੀ ਕੋਈ ਸੰਬੰਧ ਸਤਿ ਦਾ ਸੰਬੰਧ ਬਣਦਾ ਹੈ। ਮੋਹ ਕਾਰਨ ਹੀ ਪਰਿਵਾਰ ਹੈ ਅਤੇ ਮੋਹ ਕਾਰਨ ਹੀ ਸਾਰੇ ਪਰਿਵਾਰਕ ਦੁੱਖ, ਤਕਲੀਫ਼ਾਂ, ਕਸ਼ਟ ਅਤੇ ਕਲੇਸ਼ ਹਨ। ਕੁਟੰਬ ਕੇਵਲ ਮੋਹ ਮਾਇਆ ਦਾ ਹੀ ਭੰਡਾਰ ਹੈ। ਮੋਹ ਮਾਇਆ ਵਿੱਚ ਵਰਤ ਰਿਹਾ ਕੁਟੰਬ ਅਤੇ ਸਾਰਾ ਜੱਗ ਸ਼ਹਿਦ ਵਾਂਗ ਇੱਕ ਮਿੱਠਾ ਛਲਾਵਾ ਹੈ। ਮਾਇਆ ਮੋਹ ਇੱਕ ਮਿੱਠਾ ਜ਼ਹਿਰ ਹੈ ਜੋ ਮਨੁੱਖੀ ਜੀਵਨ ਨੂੰ ਹੌਲੀ-ਹੌਲੀ ਨਸ਼ਟ ਕਰ ਦਿੰਦਾ ਹੈ। ਮਨੁੱਖ ਦੇ ਸਾਰੇ ਮਾਨਸਿਕ ਅਤੇ ਭੌਤਿਕ ਰੋਗਾਂ ਦਾ ਕਾਰਨ ਮਾਇਆ ਦਾ ਇਹ ਮਿੱਠਾ ਜ਼ਹਿਰ ਹੀ ਹੈ। ਜਦ ਨਵੇਂ ਜੰਮੇ ਬੱਚੇ ਨੂੰ ਮਾਇਆ ਦੇ ਇਸ ਮਿੱਠੇ ਜ਼ਹਿਰ ਦੀ ਲੱਤ ਲੱਗ ਜਾਂਦੀ ਹੈ ਤਾਂ ਉਸ ਦਾ ਸਤਿ ਕਰਤਾਰ ਨਾਲੋਂ ਸੰਬੰਧ ਟੁੱਟ ਜਾਂਦਾ ਹੈ। ਮਾਤਾ ਦੇ ਗਰਭ ਵਿੱਚ ਡੂੰਘੀ ਸਮਾਧੀ ਵਿੱਚ ਅੰਮ੍ਰਿਤ ਅਤੇ ਗਿਆਨ ਨਾਲ ਭਰਪੂਰ ਬੱਚਾ ਜਨਮ ਤੋਂ ਉਪਰੰਤ ਮਾਇਆ ਦੇ ਇਸ ਮਿੱਠੇ ਜ਼ਹਿਰ ਨੂੰ ਜਦ ਪੀਣ ਦੀ ਜਾਚ ਸਿੱਖ ਜਾਂਦਾ ਹੈ ਤਾਂ ਉਸ ਨੂੰ ਸਤਿ ਕਰਤਾਰ ਵਿਸਰ ਜਾਂਦਾ ਹੈ।

ਪ੍ਰਸ਼ਨ ਉੱਠਦਾ ਹੈ ਕਿ ਮਾਇਆ ਮਿੱਠਾ ਜ਼ਹਿਰ ਕਿਵੇਂ ਹੈ? ਕਿਉਂਕਿ ਮਨੁੱਖ ਰਾਜ, ਜੋਬਨ, ਧਨ, ਮਾਲ, ਰੂਪ, ਰਸ ਅਤੇ ਗੰਧ, ਜੋ ਕਿ ਮਾਇਆ ਦੇ ਹੀ ਰੂਪ ਹਨ ਮਨੁੱਖ ਨੂੰ ਸੰਸਾਰਿਕ ਵਸਤੂਆਂ ਵੱਲ ਆਕਰਸ਼ਿਤ ਕਰਦੇ ਹਨ ਅਤੇ ਮਨੁੱਖ ਇਨ੍ਹਾਂ ਵਿਕਾਰਾਂ ਦੇ ਜਾਲ ਵਿੱਚ ਫਸ ਕੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਵੱਸ ਅਸਤਿ ਕਰਮ ਕਰਨ ਵਿੱਚ ਰੁੱਝ ਜਾਂਦਾ ਹੈ। ਮਨੁੱਖ ਰਾਜਮਦ ਦੇ ਨਸ਼ੇ ਵਿੱਚ ਅਸਤਿ ਕਰਮ ਕਰਦਾ ਹੈ। ਭਾਵ ਮਨੁੱਖ ਆਪਣੇ ਸੰਸਾਰਿਕ ਅਹੁਦੇ ਦੇ ਅਨੁਸਾਰ ਪ੍ਰਾਪਤ ਆਪਣੀਆਂ ਰਾਜਸੀ ਸ਼ਕਤੀਆਂ ਦਾ ਆਪਣੇ ਅਤੇ ਆਪਣੇ ਸੰਬੰਧੀਆਂ-ਮਿੱਤਰਾਂ ਦੇ ਕਾਰਜ ਸੁਆਰਨ ਵਾਸਤੇ, ਧਨ-ਸੰਪਦਾ ਇਕੱਤਰ ਕਰਨ ਵਿੱਚ, ਜ਼ਮੀਨ-ਜਾਇਦਾਦ ਇਕੱਤਰ ਕਰਨ ਵਾਸਤੇ, ਸੰਸਾਰਿਕ ਵਸਤੂਆਂ ਨੂੰ ਇਕੱਤਰ ਕਰਨ ਵਾਸਤੇ ਸਾਰੀ ਉਮਰ ਦੁਰਉਪਯੋਗ ਕਰਦਾ ਹੈ ਅਤੇ ਐਸਾ ਕਰਦਾ-ਕਰਦਾ ਗੁਨਾਹਾਂ ਦੇ ਦਲਦਲ ਵਿੱਚ ਧੱਸਦਾ ਚਲਾ ਜਾਂਦਾ ਹੈ। ਮਨੁੱਖ ਜੋਬਨਮਦ ਦੇ ਨਸ਼ੇ ਵਿੱਚ ਕਾਮ ਚੰਡਾਲ ਦਾ ਸ਼ਿਕਾਰ ਹੋ ਕੇ ਗੁਨਾਹਾਂ ਦੇ ਦਲਦਲ ਵਿੱਚ ਧੱਸਦਾ ਚਲਾ ਜਾਂਦਾ ਹੈ। ਪਰ ਨਾਰੀ ਅਤੇ ਪਰ ਪੁਰਖ ਦੇ ਰੂਪ, ਸਪਰਸ਼ ਅਤੇ ਗੰਧ ਦੇ ਨਸ਼ੇ ਵਿੱਚ ਆਪਣੀ ਕਾਮ ਵਾਸ਼ਨਾ ਦੀ ਗ਼ੁਲਾਮੀ ਕਰਦੇ ਹੋਏ ਕਾਮ ਚੰਡਾਲ ਦਾ ਸ਼ਿਕਾਰ ਹੋ ਕੇ ਗੁਨਾਹਾਂ ਦੇ ਦਲਦਲ ਵਿੱਚ ਧੱਸਦਾ ਚਲਾ ਜਾਂਦਾ ਹੈ। ਧਨ ਅਤੇ ਮਾਲ (ਸੰਸਾਰਿਕ ਵਸਤੂਆਂ, ਜ਼ਮੀਨ-ਜਾਇਦਾਦ, ਧਨ-ਸੰਪਦਾ) ਦੇ ਨਸ਼ੇ ਵਿੱਚ ਅਹੰਕਾਰ ਚੰਡਾਲ ਦੇ ਹੱਥੇ ਚੜ੍ਹ ਕੇ ਗੁਨਾਹਾਂ ਦੇ ਦਲਦਲ ਵਿੱਚ ਧੱਸਦਾ ਚਲਾ ਜਾਂਦਾ ਹੈ। ਇਸ ਤਰ੍ਹਾਂ ਨਾਲ ਮਾਇਆ ਦੇ ਇਨ੍ਹਾਂ ਮਨਮੋਹਕ ਵਿਕਾਰਾਂ ਦੇ ਹੱਥੇ ਚੜ੍ਹ ਕੇ ਮਨੁੱਖ ਇਨ੍ਹਾਂ ਦੀ ਵਿਨਾਸ਼ਕਾਰੀ ਸ਼ਕਤੀਆਂ ਤੋਂ ਅਣਜਾਣ ਗੁਨਾਹਾਂ ਦੇ ਦਲਦਲ ਵਿੱਚ ਬੁਰੀ ਤਰ੍ਹਾਂ ਨਾਲ ਧੱਸ ਜਾਂਦਾ ਹੈ। ਮਨੁੱਖ ਨੂੰ ਮਾਇਆ ਦੇ ਇਸ ਮਿੱਠੇ ਜ਼ਹਿਰ ਦੇ ਨਸ਼ੇ ਵਿੱਚ ਚੰਗੇ, ਮਾੜੇ, ਪਾਪ ਅਤੇ ਪੁੰਨ ਦੀ ਸੋਝੀ ਅਤੇ ਸੁੱਧ ਨਹੀਂ ਰਹਿੰਦੀ। ਮਾਇਆ ਦਾ ਇਹ ਮਿੱਠਾ ਜ਼ਹਿਰ ਮਨੁੱਖ ਦੀ ਬੁੱਧੀ ਨੂੰ ਭ੍ਰਿਸ਼ਟ ਕਰ ਦਿੰਦਾ ਹੈ। ਮਨੁੱਖ ਮਾਇਆ ਦੀ ਗ਼ੁਲਾਮੀ ਨੂੰ ਹੀ ਆਪਣਾ ਜੀਵਨ ਸਮਝ ਕੇ ਇਸ ਮਿੱਠੇ ਜ਼ਹਿਰ ਨੂੰ ਨਿਰੰਤਰ ਪੀਣ ਵਿੱਚ ਰੁੱਝਿਆ ਰਹਿੰਦਾ ਹੈ। ਇਸ ਭਿਅੰਕਰ ਵਿਨਾਸ਼ਕਾਰੀ ਦਸ਼ਾ ਵਿੱਚ ਮਾਇਆ ਦੇ ਦਲਦਲ ਵਿੱਚ ਧੱਸੇ ਹੋਏ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਸੁੱਧ-ਬੁੱਧ ਕਿਵੇਂ ਹੋ ਸਕਦੀ ਹੈ? ਭਾਵ ਮਨੁੱਖ ਨੂੰ ਸਤਿ ਕਰਤਾਰ ਵਿਸਰ ਜਾਂਦਾ ਹੈ। ਮਨੁੱਖ ਨੂੰ ਆਪਣੇ ਮਨੁੱਖਾ ਜਨਮ ਦਾ ਕਾਰਨ ਅਤੇ ਮੰਤਵ ਵਿਸਰ ਜਾਂਦਾ ਹੈ। ਜੋ ਵਾਅਦੇ ਉਸਨੇ ਮਾਤਾ ਦੇ ਗਰਭ ਵਿੱਚ ਆਪਣੇ ਆਪ ਨਾਲ ਕੀਤੇ ਹੁੰਦੇ ਹਨ; ਉਹ ਵਿਸਰ ਜਾਂਦੇ ਹਨ ਅਤੇ ਮੋਹ-ਮਾਇਆ ਦੇ ਦਲਦਲ ਵਿੱਚ ਧੱਸਿਆ ਹੋਇਆ ਦਮ ਤੋੜ ਕੇ ਆਪਣੇ ਅੰਤ

ਨੂੰ ਪ੍ਰਾਪਤ ਹੋ ਜਾਂਦਾ ਹੈ। ਮੋਹ-ਮਾਇਆ ਦੇ ਇਸ ਪਰਮ ਸਤਿ ਤੱਤ ਨੂੰ ਸਤਿਗੁਰ ਸਾਹਿਬਾਨ ਨੇ ਬਾਰ-ਬਾਰ ਗੁਰਬਾਣੀ ਵਿੱਚ ਦ੍ਰਿੜ੍ਹ ਕਰਵਾਇਆ ਹੈ:

ਦੇਖਿ ਕੁਟੰਬੁ ਮੋਹਿ ਲੋਭਾਣਾ ਚਲਦਿਆ ਨਾਲਿ ਨ ਜਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੨)

ਇਹੁ ਮਾਇਆ ਮੋਹ ਕੁਟੰਬੁ ਹੈ ਭਾਇ ਦੂਜੈ ਫਾਸ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੬੬)

ਮਿਥਿਆ ਤਨੁ ਧਨੁ ਕੁਟੰਬੁ ਸਬਾਇਆ ॥ ਮਿਥਿਆ ਹਉਮੈ ਮਮਤਾ ਮਾਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੬੮)

ਮੋਹੁ ਕੁਟੰਬੁ ਦਿਸਿ ਆਵਦਾ ਸਭੁ ਚਲਣਹਾਰਾ ਆਵਣ ਜਾਣਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੦੫)

ਮੋਹੁ ਕੂੜੁ ਕੁਟੰਬੁ ਹੈ ਮਨਮੁਖੁ ਮੁਗਧੁ ਰਤਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੮੭)

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਪਾਲਿਓ ਬਹੁਤੁ ਕੁਟੰਬੁ ॥
ਧੰਧਾ ਕਰਤਾ ਰਹਿ ਗਇਆ ਭਾਈ ਰਹਿਆ ਨ ਬੰਧੁ ॥੧੦੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੭੦)

ਕਬੀਰ ਰਾਮ ਨਾਮੁ ਜਾਨਿਓ ਨਹੀ ਪਾਲਿਓ ਕਟਕੁ ਕੁਟੰਬੁ ॥
ਧੰਧੇ ਹੀ ਮਹਿ ਮਰ�ि ਗਇਓ ਬਾਹਰਿ ਭਈ ਨ ਬੰਬ ॥੨੨੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੭੬)

ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੨੨-੧੪੨੩)

ਮੋਹੁ ਕੁਟੰਬੁ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੨੪)

ਇਸ ਤਰ੍ਹਾਂ ਨਾਲ ਇਹ ਪਰਮ ਸਤਿ ਹੈ ਕਿ ਮਾਇਆ ਦੀ ਗ਼ੁਲਾਮੀ ਵਿੱਚ ਵਿਚਰ ਰਿਹਾ ਸਾਰਾ ਸੰਸਾਰ ਛਲਾਵਾ ਅਤੇ ਬਿਨਸਣਹਾਰ ਹੈ। ਤਾਂ ਜੇਕਰ ਸਾਰਾ ਸੰਸਾਰ ਬਿਨਸਣਹਾਰ ਹੈ, ਜਿਵੇਂ ਕਿ ਇਸ ਗੁਰਪ੍ਰਸਾਦੀ ਕਥਾ ਵਿੱਚ ਬਿਆਨ ਕੀਤਾ ਗਿਆ ਹੈ ਤਾਂ ਕਿਸ ਵਸਤੂ, ਸੰਬੰਧ, ਸਾਖ, ਰਿਸ਼ਤੇ ਅਤੇ ਨਾਤੇ ਉੱਪਰ ਭਰੋਸਾ ਕੀਤਾ ਜਾਏ। ਜਦ ਸਾਰਾ ਸੰਸਾਰ ਅਤੇ ਇਸ ਦਾ ਸਾਰਾ ਪਸਾਰਾ ਹੀ ਛਲਾਵਾ ਹੈ, ਅਸਤਿ ਹੈ ਤਾਂ ਕਿਹੜੀ ਵਸਤੂ, ਸੰਬੰਧ, ਸਾਖ, ਰਿਸ਼ਤੇ ਜਾਂ ਨਾਤੇ ਉੱਪਰ ਭਰੋਸਾ ਕੀਤਾ ਜਾਏ। ਭਾਵ ਇਹ ਸਾਰਾ ਸੰਸਾਰ ਮਾਇਆ ਦਾ ਪਸਾਰਾ ਹੈ ਅਤੇ ਇਸ ਉੱਪਰ ਭਰੋਸਾ ਨਹੀਂ ਕੀਤਾ ਜਾ ਸਕਦਾ ਹੈ। ਭਰੋਸੇਯੋਗ ਤੱਤ ਕੇਵਲ ਪਰਮ ਤੱਤ ਹੈ ਜੋ ਕਿ ਸਤਿ ਤੱਤ ਹੈ। ਪਰਮ ਸਤਿ ਤੱਤ ਹੀ ਸਦੀਵੀ ਹੈ ਅਤੇ ਇਹ ਪਰਮ ਸਤਿ ਤੱਤ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਹੈ। (ਪਰਮ ਸਤਿ ਤੱਤ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਪਉੜੀ

੧ ਦੀ ਗੁਰਪ੍ਰਸਾਦੀ ਕਥਾ ਵਿੱਚ ਵਿਸਤਾਰ ਨਾਲ ਸਮਝਾਈ ਗਈ ਹੈ।) ਮਨੁੱਖ ਮਿੱਤਰਤਾ ਉਸ ਮਨੁੱਖ ਨਾਲ ਕਰਦਾ ਹੈ ਜਿਸ ਉੱਪਰ ਉਸ ਦਾ ਭਰੋਸਾ ਹੁੰਦਾ ਹੈ। ਮਿੱਤਰਤਾ ਦਾ ਨਾਤਾ ਭਰੋਸੇ ਉੱਪਰ ਆਧਾਰਿਤ ਹੁੰਦਾ ਹੈ। ਜਿੱਥੇ ਭਰੋਸਾ ਹੋਵੇ ਉੱਥੇ ਹੀ ਪਿਆਰ ਹੁੰਦਾ ਹੈ। ਭਾਵ ਜਿਸ ਉੱਪਰ ਮਨੁੱਖ ਭਰੋਸਾ ਕਰਦਾ ਹੈ ਕੇਵਲ ਉਸ ਨਾਲ ਹੀ ਪ੍ਰੀਤ ਕਰਦਾ ਹੈ। ਭਰੋਸੇ ਵਿੱਚੋਂ ਹੀ ਪ੍ਰੀਤ ਜਨਮ ਲੈਂਦੀ ਹੈ। ਭਰੋਸੇ ਵਿੱਚੋਂ ਹੀ ਸ਼ਰਧਾ ਜਨਮ ਲੈਂਦੀ ਹੈ। ਮੋਹ ਵਿੱਚ ਭਰੋਸਾ ਨਹੀਂ ਹੁੰਦਾ ਹੈ। ਮੋਹ ਵਿੱਚ ਕੇਵਲ ਕਿਸੇ ਵਸਤੂ, ਰਿਸ਼ਤੇ, ਨਾਤੇ, ਸਾਖ ਜਾਂ ਸੰਬੰਧ ਦੇ ਖੋਹੇ ਜਾਣ ਦਾ ਭਉ ਹੁੰਦਾ ਹੈ। ਮੋਹ ਵਿੱਚ ਤਿਆਗ ਦੀ ਭਾਵਨਾ ਨਹੀਂ ਹੁੰਦੀ ਹੈ। ਪਿਆਰ ਵਿੱਚ ਤਿਆਗ ਦੀ ਭਾਵਨਾ ਹੁੰਦੀ ਹੈ। ਮੋਹ ਵਿੱਚ ਲੱਗਾਅ ਦੀ ਖਿੱਚ ਹੁੰਦੀ ਹੈ। ਇਸ ਲਈ ਮਿੱਤਰਤਾ ਦਾ ਰਿਸ਼ਤਾ ਭਰੋਸਾ, ਪ੍ਰੀਤ ਅਤੇ ਸ਼ਰਧਾ ਦਾ ਰਿਸ਼ਤਾ ਹੁੰਦਾ ਹੈ। ਇਸ ਲਈ ਸਾਰਾ ਸੰਸਾਰ ਜੋ ਕਿ ਚਲਣਹਾਰ ਹੈ, ਭਾਵ ਮਾਇਆ ਦੀ ਗ਼ੁਲਾਮੀ ਵਿੱਚ ਵਿਚਰ ਰਿਹਾ, ਕਾਲ ਵਿੱਚ ਜੰਮਿਆ ਅਤੇ ਜੋ ਪਰਿਵਰਤਨਸ਼ੀਲ ਹੈ, ਜਿਸ ਦਾ ਅੰਤ ਕਾਲ ਵਿੱਚ ਹੀ ਨਿਸ਼ਚਿਤ ਹੈ, ਜੋ ਅਸਤਿ ਹੈ, ਜੋ ਸਦੀਵੀ ਨਹੀਂ ਹੈ, ਜੋ ਸਤਿ ਨਹੀਂ ਹੈ, ਉਸ ਉੱਪਰ ਭਰੋਸਾ ਨਹੀਂ ਕੀਤਾ ਜਾ ਸਕਦਾ ਹੈ। ਕੇਵਲ ਪਰਮ ਸਤਿ ਤੱਤ ਉੱਪਰ ਹੀ ਭਰੋਸਾ ਕੀਤਾ ਜਾ ਸਕਦਾ ਹੈ, ਜੋ ਕਿ ਸਦੀਵੀ ਹੈ, ਜੋ ਬਿਨਸਦਾ ਨਹੀਂ ਹੈ, ਜੋ ਆਦਿ ਵੀ ਸਤਿ ਸੀ, ਜੁਗਾਦਿ ਵੀ ਸਤਿ ਹੈ, ਵਰਤਮਾਨ ਵਿੱਚ ਵੀ ਸਤਿ ਹੈ ਅਤੇ ਆਉਣ ਵਾਲੇ ਸਾਰੇ ਯੁਗਾਂ ਵਿੱਚ ਵੀ ਸਤਿ ਰਹੇਗਾ, ਉਹ ਹੀ ਭਰੋਸੇਯੋਗ ਹੈ। ਇਸ ਪਰਮ ਸਤਿ ਤੱਤ ਵਿੱਚ ਹੀ ਸਾਰੀਆਂ ਬੇਅੰਤ ਪਰਮ ਸ਼ਕਤੀਆਂ ਸਮਾਈਆਂ ਹੋਈਆਂ ਹਨ। ਸਾਰੀ ਸ੍ਰਿਸ਼ਟੀ ਦੀ ਉਤਪਤੀ, ਸੇਵਾ-ਸੰਭਾਲਤਾ ਅਤੇ ਲਯਤਾ ਇਸੇ ਪਰਮ ਸਤਿ ਤੱਤ ਵਿੱਚੋਂ ਹੀ ਹੁੰਦੀ ਹੈ।

ਬਿਨਸਨਹਾਰ, ਅਸਤਿ, ਮਾਇਆ ਦੀ ਗ਼ੁਲਾਮੀ ਵਿੱਚ ਗਰਕ ਰਹੇ ਸਮੁੱਚੇ ਸੰਸਾਰ, ਸੰਸਾਰਿਕ ਵਸਤੂਆਂ, ਰਿਸ਼ਤੇ, ਨਾਤੇ, ਸਾਖ, ਸੰਬੰਧ ਜੋ ਕਿ ਸਭ ਕੂੜ ਹੈ, ਛਲਾਵਾ ਹੈ, ਅਸਤਿ ਹੈ, ਝੂਠ ਹੈ, ਭਰੋਸੇਯੋਗ ਨਹੀਂ ਹੈ, ਆਦਿ ਨਾਲ ਚਿੱਤ ਲਾਉਣ ਦਾ ਕੋਈ ਲਾਭ ਨਹੀਂ ਹੈ। ਇਸ ਲਈ ਪਰਮ ਸਤਿ ਤੱਤ ਨੂੰ ਅਪਣਾਓ। ਪਰਮ ਸਤਿ ਤੱਤ ਨਾਲ ਮਿੱਤਰਤਾ ਕਰੋ। ਪਰਮ ਸਤਿ ਤੱਤ ਵਿੱਚ ਆਪਣਾ ਚਿੱਤ ਅਤੇ ਧਿਆਨ ਕੇਂਦਰਿਤ ਕਰੋ। ਪਰਮ ਸਤਿ ਤੱਤ ਦੀ ਬੰਦਗੀ ਕਰੋ। ਪਰਮ ਸਤਿ ਤੱਤ ਦੀ ਸੇਵਾ ਸੰਭਾਲਤਾ ਕਰੋ। ਸਤਿ ਦੀ ਕਰਨੀ ਨੂੰ ਅਪਣਾਓ। ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ (ਚੰਡਾਲਾਂ) ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦੀ ਵਰਤੋਂ ਨਾ ਕਰੋ। ਆਪਣੇ ਰੋਜ਼ਾਨਾ ਦੇ ਕਾਰ-ਵਿਹਾਰ ਵਿੱਚ ਇਨ੍ਹਾਂ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੂੰ ਆਪਣੇ ਮਨ ਉੱਪਰ ਹਾਵੀ ਨਾ ਹੋਣ ਦਿਓ। ਆਪਣੀ ਰੋਜ਼ਾਨਾ ਦੀ ਕਰਨੀ ਉੱਪਰ ਧਿਆਨ ਦਿਓ ਅਤੇ ਸਤੋ ਬਿਰਤੀ ਉੱਪਰ ਧਿਆਨ ਕੇਂਦਰਿਤ ਕਰੋ। ਆਪਣਾ ਪਰਿਵਾਰਕ ਜੀਵਨ ਸਤੋ ਬਿਰਤੀ ਵਿੱਚ ਰੱਖ ਕੇ ਸਾਰੇ ਕਰਮ ਕਰੋ। ਜੀਵਨ ਵਿੱਚ ਮਿਲੀਆਂ ਸੰਸਾਰਿਕ ਵਸਤੂਆਂ, ਜਾਇਦਾਦਾਂ, ਧਨ-ਸੰਪਦਾ, ਰਿਸ਼ਤੇ, ਨਾਤੇ, ਸਾਖ, ਸੰਬੰਧ ਆਦਿ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਨਾਲ ਮਿਲੀਆਂ ਦਾਤਾਂ ਸਮਝ ਕੇ ਸਤੋ ਬਿਰਤੀ ਵਿੱਚ ਵਿਚਰਦੇ ਹੋਏ ਭੋਗਦੇ ਰਹੋ। ਆਪਣੇ ਸਾਰੇ ਸੰਸਾਰਿਕ ਅਤੇ ਪਰਿਵਾਰਕ ਕਰਮਾਂ ਨੂੰ ਸਤੋ ਬਿਰਤੀ ਨਾਲ ਕਰਦੇ ਹੋਏ ਸਤਿ ਤੱਤ ਦੀ ਸੇਵਾ ਕਰਦੇ ਰਹੋ। ਆਪਣੇ ਸਾਰੇ ਪਰਿਵਾਰ, ਸਾਖ, ਸੰਬੰਧ, ਰਿਸ਼ਤੇ, ਨਾਤਿਆਂ ਨੂੰ ਸੰਗਤ ਸਮਝ ਕੇ ਉਸ ਦੀ ਸੇਵਾ ਕਰੋ ਤਾਂ ਪਰਿਵਾਰਕ ਮੋਹ ਟੁੱਟ ਜਾਏਗਾ ਅਤੇ ਤੁਹਾਡੇ ਕਰਮ ਸਤਿ ਕਰਮ ਬਣ ਜਾਣਗੇ। ਦਇਆ, ਧਰਮ, ਸੰਤੋਖ ਅਤੇ ਸੰਜਮ ਉੱਪਰ ਆਪਣਾ ਧਿਆਨ ਕੇਂਦਰਿਤ

ਕਰੋ। ਨਿਮਰਤਾ ਦੀ ਕਮਾਈ ਕਰੋ। ਸਤਿ ਤੱਤ ਉੱਪਰ ਆਪਣਾ ਭਰੋਸਾ, ਪ੍ਰੀਤ ਅਤੇ ਸ਼ਰਧਾ ਵਧਾਉਂਦੇ ਰਹੋ। ਗੁਰਬਾਣੀ ਦੇ ਉਪਦੇਸ਼ ਦੀ ਕਮਾਈ ਕਰੋ। ਦਇਆ ਦੀ ਕਮਾਈ ਕਰੋ। ਸਤਿ ਸੰਤੋਖ ਵਿੱਚ ਰਹਿਣ ਦਾ ਅਭਿਆਸ ਕਰੋ। ਧਰਮ ਦਾ ਜਨਮ ਦਇਆ ਵਿੱਚੋਂ ਹੀ ਹੁੰਦਾ ਹੈ। ਨਿਮਰਤਾ ਦੀ ਕਮਾਈ ਕਰੋ। ਨਿਮਰਤਾ ਅਹੰਕਾਰ ਅਤੇ ਕ੍ਰੋਧ ਰੂਪੀ ਚੰਡਾਲਾਂ ਨੂੰ ਮਾਰਨ ਦਾ ਦਰਗਾਹੀ ਅਸਤਰ ਹੈ। ਆਪਣੇ ਰੋਜ਼ਾਨਾ ਜੀਵਨ ਵਿੱਚ ਸਤਿ ਬੋਲਣ, ਸੁਣਨ, ਕਰਨ ਅਤੇ ਵਰਤਾਉਣ ਦਾ ਅਭਿਆਸ ਕਰੋ। ਆਪਣੀ ਕਮਾਈ ਗਈ ਧਨ-ਸੰਪਦਾ ਵਿੱਚੋਂ ਦਸਵੰਧ ਦੇਣ ਦੀ ਸੇਵਾ ਦਾ ਲਾਹਾ ਖੱਟੋ ਤਾਂ ਲੋਭ ਰੂਪੀ ਚੰਡਾਲ ਤੋਂ ਮੁਕਤੀ ਮਿਲੇਗੀ। ਦਸਵੰਧ ਦੀ ਸੇਵਾ ਕਰਨ ਨਾਲ ਕਦੇ ਧਨ-ਸੰਪਦਾ ਦੀ ਤੋਟ ਨਹੀਂ ਆਏਗੀ। ਸਤਿ ਕਰਮਾਂ ਨੂੰ ਆਪਣਾ ਜੀਵਨ ਬਣਾਉਣ ਨਾਲ ਸਾਰੇ ਕਲੇਸ਼ ਅਤੇ ਦੁੱਖਾਂ ਦਾ ਅੰਤ ਹੋਣਾ ਸ਼ੁਰੂ ਹੋ ਜਾਏਗਾ। ਤੁਹਾਡੇ ਕਰਮ ਭਵਿੱਖ ਵਿੱਚ ਪ੍ਰਗਟ ਹੋਣ ਤੋਂ ਬੱਝ ਜਾਣਗੇ। ਭਾਵ ਸਤਿ ਕਰਮਾਂ ਦਾ ਆਪ ਦੇ ਆਉਣ ਵਾਲੇ ਸਮੇਂ ਵਿੱਚ ਆਪ ਦੇ ਪ੍ਰਾਲਬਧ ਉੱਪਰ ਬਹੁਤ ਸੁੰਦਰ ਪ੍ਰਭਾਵ ਪਏਗਾ। ਸਤਿ ਕਰਮ ਪੁੰਨ ਕਰਮ ਬਣ ਜਾਂਦੇ ਹਨ ਅਤੇ ਅਸਤਿ ਕਰਮਾਂ ਦਾ ਬੋਝ ਖਤਮ ਕਰ ਕੇ ਤੁਹਾਡੇ ਆਉਣ ਵਾਲੇ ਸਮੇਂ ਵਿੱਚ ਜੀਵਨ ਨੂੰ ਸੁਖੀ ਬਣਾਉਂਦੇ ਹਨ।

ਜਿਉਂ-ਜਿਉਂ ਤੁਹਾਡੀ ਕਰਨੀ ਸਤਿ ਦੀ ਕਰਨੀ ਵਿੱਚ ਬਦਲਦੀ ਜਾਏਗੀ ਅਤੇ ਸਤਿ ਕਰਮ ਇਕੱਤਰ ਹੁੰਦੇ ਜਾਣਗੇ ਤਿਵੇਂ-ਤਿਵੇਂ ਤੁਸੀਂ ਸਤਿਗੁਰੂ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਵੱਲ ਨੂੰ ਵਧਦੇ ਰਹੋਗੇ। ਜਦੋਂ ਤੁਹਾਡੇ ਇਤਨੇ ਸਤਿ ਕਰਮ ਇਕੱਤਰ ਹੋ ਜਾਣਗੇ ਕਿ ਤੁਹਾਡਾ ਅਸਤਿ ਦੀ ਕਰਨੀ ਦੇ ਮੁਕਾਬਲੇ ਵਿੱਚ ਸਤਿ ਦੀ ਸੇਵਾ ਦਾ ਪਲੜਾ ਭਾਰੀ ਹੋ ਜਾਏ ਤਾਂ ਤੁਹਾਡੇ ਭਾਗ ਜਾਗ ਜਾਣਗੇ ਅਤੇ ਤੁਹਾਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਕਿਸੇ ਪੂਰਨ ਸੰਤ ਸਤਿਗੁਰੂ ਦੀ ਸੰਗਤ ਵਿੱਚ ਲੈ ਜਾਏਗਾ। ਧਰਤੀ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਕੇਵਲ ਪੂਰਨ ਸੰਤ, ਸਤਿਗੁਰੂ ਜਾਂ ਪੂਰਨ ਬ੍ਰਹਮ ਗਿਆਨੀ ਦੇ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ। ਐਸੇ ਮਹਾਂਪੁਰਖ ਦੇ ਉਪਦੇਸ਼ ਨੂੰ ਸੁਣਨ, ਮੰਨਣ ਅਤੇ ਉਸ ਦੀ ਸੇਵਾ-ਸੰਭਾਲਤਾ ਕਰਨ ਨਾਲ ਹੀ ਮਨੁੱਖ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਐਸੇ ਮਹਾਂਪੁਰਖਾਂ ਦੇ ਸਤਿ ਚਰਨਾਂ ਉੱਪਰ ਆਪਣਾ ਆਪਾ ਅਰਪਣ ਕਰਨ ਨਾਲ ਹੀ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨੁੱਖ ਬੰਦਗੀ ਵਿੱਚ ਚਲਾ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਪੂਰਨ ਬ੍ਰਹਮ ਗਿਆਨੀ ਦੇ ਸਤਿ ਚਰਨਾਂ ਉੱਪਰ ਆਪਣਾ ਤਨ-ਮਨ-ਧਨ ਅਰਪਣ ਕਰਨ ਨਾਲ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਕਰਨ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ ਅਤੇ ਮਨੁੱਖ ਸਮਾਧੀ ਵਿੱਚ ਚਲਾ ਜਾਂਦਾ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਤੋਂ ਬਿਨਾਂ ਬੰਦਗੀ ਨਹੀਂ ਹੁੰਦੀ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਬੰਦਗੀ ਸ਼ੁਰੂ ਹੁੰਦੀ ਹੈ। ਸਤਿ ਪਾਰ ਬ੍ਰਹਮ ਪਰਮੇਸ਼ਰ ਕੇਵਲ ਉਨ੍ਹਾਂ ਮਨੁੱਖਾ ਨੂੰ ਆਪਣੀ ਚਰਨ-ਸ਼ਰਨ ਵਿੱਚ ਲੈਂਦਾ ਹੈ ਜੋ ਆਪਣੇ ਸਤਿਗੁਰੂ ਦੇ ਸਤਿ ਬਚਨ ਕਮਾਉਂਦੇ ਹਨ ਅਤੇ ਆਪਣੇ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਢਹਿ ਪੈਂਦੇ ਹਨ। ਕੇਵਲ ਉਨ੍ਹਾਂ ਮਨੁੱਖਾ ਨੂੰ ਪੂਰਨ ਬੰਦਗੀ ਅਤੇ ਜੀਵਨ ਮੁਕਤੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ ਜੋ ਆਪਣੇ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਆਪਣਾ ਤਨ-ਮਨ-ਧਨ ਅਰਪਣ ਕਰ ਦਿੰਦੇ ਹਨ। ਗੁਰਪ੍ਰਸਾਦਿ ਦੀ ਦਾਤ ਕੇਵਲ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਪ੍ਰਾਪਤ ਹੁੰਦੀ ਹੈ। ਜੋ ਮਨੁੱਖ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਆਪਣੇ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਆਪਣਾ ਪੂਰਨ ਆਪਾ ਅਰਪਣ ਕਰ ਦਿੰਦੇ ਹਨ ਉਨ੍ਹਾਂ ਦੀ ਬੰਦਗੀ ਸਹਿਜੇ ਹੀ ਪੂਰਨ ਹੋ ਜਾਂਦੀ ਹੈ।

ਇਸ ਲਈ ਸਾਰੀ ਲੁਕਾਈ ਦੇ ਚਰਨਾਂ ਵਿੱਚ ਸਨਿਮਰ ਬੇਨਤੀ ਹੈ ਕਿ ਸਤਿ ਦੀ ਬੇਅੰਤ ਮਹਿਮਾ ਨੂੰ ਸੁਣੋ, ਪਹਿਚਾਣੋ, ਸਮਝੋ ਅਤੇ ਮੰਨੋ। ਸਤਿਗੁਰੂ ਦੀ ਬੇਅੰਤ ਮਹਿਮਾ ਨੂੰ ਸੁਣੋ, ਪਹਿਚਾਣੋ, ਸਮਝੋ ਅਤੇ ਮੰਨੋ। ਪੂਰਨ ਸੰਤ ਅਤੇ ਪੂਰਨ ਬ੍ਰਹਮ ਗਿਆਨੀ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਸੁਣੋ, ਪਹਿਚਾਣੋ, ਸਮਝੋ ਅਤੇ ਮੰਨੋ। ਐਸਾ ਕਰਨ ਨਾਲ ਆਪ ਜੀ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੋਏਗੀ। ਐਸਾ ਕਰਨ ਨਾਲ ਆਪ ਜੀ ਨੂੰ ਐਸੇ ਮਹਾਂਪੁਰਖਾਂ ਦੀ ਚਰਨ-ਸ਼ਰਨ ਦੀ ਪ੍ਰਾਪਤੀ ਹੋਏਗੀ ਅਤੇ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੀ ਪ੍ਰਾਪਤੀ ਹੋਏਗੀ। ਸਾਰੀ ਗੁਰਬਾਣੀ ਸਤਿ ਦੀ ਮਹਿਮਾ ਹੈ। ਪੂਰਨ ਸੰਤ, ਸਤਿਗੁਰੂ ਅਤੇ ਪੂਰਨ ਬ੍ਰਹਮ ਗਿਆਨੀ ਮਹਾਂਪੁਰਖ ਸਤਿ ਦਾ ਰੂਪ ਹੁੰਦੇ ਹਨ। ਐਸੇ ਮਹਾਂਪੁਰਖਾਂ ਵਿੱਚ ਅਤੇ ਸਤਿ ਪਾਰਬ੍ਰਹਮ ਵਿੱਚ ਕੋਈ ਭੇਦ ਨਹੀਂ ਹੁੰਦਾ ਹੈ। ਸਤਿ ਪਾਰਬ੍ਰਹਮ ਇਨ੍ਹਾਂ ਮਹਾਂਪੁਰਖਾਂ ਵਿੱਚ ਹੀ ਧਰਤੀ ਉੱਪਰ ਪ੍ਰਗਟ ਹੁੰਦਾ ਹੈ। ਐਸੇ ਮਹਾਂਪੁਰਖ ਧਰਤੀ ਉੱਪਰ ਪ੍ਰਗਟ ਹੋਏ ਨਿਰੰਕਾਰ ਦਾ ਹੀ ਰੂਪ ਹੁੰਦੇ ਹਨ। ਐਸੇ ਮਹਾਂਪੁਰਖਾਂ ਦੇ ਬਚਨ ਸਤਿ ਹੁੰਦੇ ਹਨ। ਐਸੇ ਮਹਾਂਪੁਰਖਾਂ ਦੇ ਬਚਨ ਦਰਗਾਹੀ ਹੁਕਮ ਹੁੰਦਾ ਹੈ। ਐਸੇ ਮਹਾਂਪੁਰਖਾਂ ਦੇ ਚਰਨ ਸਤਿ ਚਰਨ ਹੁੰਦੇ ਹਨ ਅਤੇ ਇਨ੍ਹਾਂ ਚਰਨਾਂ ਵਿੱਚੋਂ ਬੇਅੰਤ ਅੰਮ੍ਰਿਤ ਅਤੇ ਪ੍ਰਕਾਸ਼ ਨਿਕਲਦਾ ਹੈ। ਐਸੇ ਮਹਾਂਪੁਰਖਾਂ ਦੇ ਚਰਨਾਂ ਵਿੱਚ ਬੇਅੰਤ ਪਰਮ ਸ਼ਕਤੀਆਂ ਦਾ ਵਾਸਾ ਹੁੰਦਾ ਹੈ। ਐਸੇ ਮਹਾਂਪੁਰਖਾਂ ਦੀ ਚਰਨ-ਸ਼ਰਨ ਹੀ ਸਤਿ ਪਾਰਬ੍ਰਹਮ ਦੀ ਚਰਨ-ਸ਼ਰਨ ਹੁੰਦੀ ਹੈ। ਐਸੇ ਪਰਮ ਸ਼ਕਤੀਸ਼ਾਲੀ ਮਹਿਮਾ ਦੇ ਮਾਲਿਕ ਮਹਾਂਪੁਰਖਾਂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰਨ ਨਾਲ ਮਨੁੱਖ ਮਾਇਆ ਦੇ ਭਰਮ ਜਾਲ ਵਿੱਚੋਂ ਮੁਕਤ ਹੋ ਕੇ ਜੀਵਨ ਮੁਕਤੀ ਸਹਿਜੇ ਹੀ ਪ੍ਰਾਪਤ ਕਰ ਲੈਂਦਾ ਹੈ।

■

ਅਨੰਦੁ ਸਾਹਿਬ-ਪਉੜੀ ੧੨

ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ॥
ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ ॥
ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥
ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ ॥
ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ ॥੧੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੮)

ਮਾਇਆ ਦੇ ਦਲਦਲ ਵਿੱਚ ਧੱਸੇ ਹੋਏ ਇੱਕ ਆਮ ਮਨੁੱਖ ਵਾਸਤੇ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਮਹਿਮਾ ਨੂੰ ਸਮਝਣਾ, ਜਾਣਨਾ ਅਤੇ ਪਹਿਚਾਣਨਾ ਅਸੰਭਵ ਹੈ। ਮਾਇਆ ਦੀ ਗ਼ੁਲਾਮੀ ਵਿੱਚ ਫਸੇ ਹੋਏ ਇੱਕ ਆਮ ਮਨੁੱਖ ਦੀ ਪਹੁੰਚ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਮਹਿਮਾ ਤੋਂ ਪਰੇ ਹੈ। ਆਪਣੀ ਕਦੇ ਨਾ ਬੁਝਣ ਵਾਲੀ ਤ੍ਰਿਸ਼ਨਾ ਦੀ ਅਗਨ ਨੂੰ ਬੁਝਾਉਣ ਦੇ ਵਿੱਚ ਰੁੱਝੇ ਹੋਏ ਇੱਕ ਆਮ ਮਨੁੱਖ ਦੀ ਚੇਤਨਾ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੇ ਹੱਥੇ ਚੜ੍ਹੀ ਰਹਿਣ ਦੇ ਕਾਰਨ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਦੀ ਪਹੁੰਚ ਤੋਂ ਪਰੇ ਹੀ ਦਮ ਤੋੜ ਦਿੰਦੀ ਹੈ। ਮਾਇਆ ਦੇ ਦਲਦਲ ਵਿੱਚ ਧੱਸੇ ਹੋਏ ਮਨੁੱਖ ਦੀ ਪਹੁੰਚ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਮਹਿਮਾ ਤੱਕ ਨਹੀਂ ਹੈ। ਮਾਇਆ ਦੇ ਤ੍ਰੈ ਗੁਣਾਂ (ਰਜੋ: ਤ੍ਰਿਸ਼ਨਾ; ਤਮੋ: ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ; ਸਤੋ: ਦਇਆ, ਧਰਮ, ਸੰਤੋਖ ਅਤੇ ਸੰਜਮ) ਤੋਂ ਪਰੇ ਚੌਥੇ ਪਦ ਅਤੇ ਸੁੰਨ ਮੰਡਲ ਵਿੱਚ ਸਦਾ-ਸਦਾ ਤੋਂ ਸਥਿਤ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪਰਮ ਸ਼ਕਤੀਸ਼ਾਲੀ ਨਿਰਗੁਣ ਸਰੂਪ ਦੀ ਮਹਿਮਾ ਇੱਕ ਆਮ ਮਨੁੱਖ ਦੀ ਪਹੁੰਚ ਦੇ ਦਾਇਰੇ ਵਿੱਚ ਨਹੀਂ ਹੈ। ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਪਰਮ ਸ਼ਕਤੀਸ਼ਾਲੀ ਸਰਬ ਕਲਾ ਭਰਪੂਰ ਨਿਰਗੁਣ ਸਰੂਪ ਇੱਕ ਆਮ ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਦੀ ਪਹੁੰਚ ਤੋਂ ਬਾਹਰ ਹੈ। ਇਨ੍ਹਾਂ ਪੰਜ ਗਿਆਨ ਇੰਦਰੀਆਂ ਦੀ ਪਹੁੰਚ ਕੇਵਲ ਸੰਸਾਰਿਕ ਭੇਦਾਂ ਨੂੰ ਸਮਝਣ ਤੱਕ ਹੀ ਸੀਮਿਤ ਹੈ। ਇਨ੍ਹਾਂ ਪੰਜ ਸ਼ਕਤੀਆਂ ਦੀ ਪਹੁੰਚ ਕੇਵਲ ਮਾਇਆ ਦੇ ਅਧੀਨ ਵਰਤ ਰਹੀ ਸੰਸਾਰਿਕ ਖੇਡ ਤੱਕ ਹੀ ਸੀਮਿਤ ਹੈ। ਮਨੁੱਖ ਦੀਆਂ ਇਹ ਪੰਜ ਸ਼ਕਤੀਆਂ ਦੀ ਪਹੁੰਚ ਕੇਵਲ ਮਾਇਕੀ ਸੰਸਾਰੀ ਵਿੱਦਿਆਵਾਂ, ਵਿਗਿਆਨ, ਗਿਆਨ, ਦੁੱਖਾਂ, ਸੁੱਖਾਂ, ਭੋਗਾਂ, ਵਿਲਾਸਾਂ ਆਦਿ ਤੱਕ ਹੀ ਸੀਮਿਤ ਹੈ। ਇਨ੍ਹਾਂ ਪੰਜ ਸ਼ਕਤੀਆਂ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦੀਦਾਰ ਨਹੀਂ ਹੋ ਸਕਦੇ ਹਨ। ਇਸ ਲਈ ਇਨ੍ਹਾਂ ਪੰਜ ਗਿਆਨ ਇੰਦਰੀਆਂ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ ਤਾਂ ਕਿ ਸਾਨੂੰ ਇਨ੍ਹਾਂ ਮਨੁੱਖੀ ਸ਼ਕਤੀਆਂ ਦੀ ਸਹੀ ਵਰਤੋਂ ਦੀ ਜਾਚ ਆ ਸਕੇ ਅਤੇ ਇਨ੍ਹਾਂ ਸ਼ਕਤੀਆਂ ਦੀ ਸਹੀ ਵਰਤੋਂ ਕਰਨ ਵਿੱਚ ਸਕਸ਼ਮ ਹੋ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਦਾ ਗਿਆਨ ਪ੍ਰਕਾਸ਼ ਪ੍ਰਾਪਤ ਕਰ ਕੇ ਅਸੀਂ ਬੰਦਗੀ ਦੇ ਮਾਰਗ ਉੱਪਰ ਚਲ ਸਕੀਏ।

ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਪੰਜ ਗਿਆਨ ਇੰਦਰੀਆਂ ਦੇ ਰੂਪ ਵਿੱਚ ਪੰਜ ਸ਼ਕਤੀਆਂ ਨਾਲ ਨਿਵਾਜਿਆ ਹੈ। ਇਹ ਪੰਜ ਗਿਆਨ ਇੰਦਰੀਆਂ ਅਤੇ ਸ਼ਕਤੀਆਂ ਹਨ: ਅੱਖਾਂ ਨਾਲ ਦੇਖਣ ਦੀ ਸ਼ਕਤੀ, ਨੱਕ ਨਾਲ ਸੁੰਘਣ ਦੀ ਸ਼ਕਤੀ; ਰਸਨਾ ਨਾਲ ਬੋਲਣ ਦੀ ਸ਼ਕਤੀ ਅਤੇ ਸੁਆਦ ਨੂੰ ਪਹਿਚਾਣਨ ਦੀ ਸ਼ਕਤੀ; ਅਤੇ ਤਵੱਚਾ ਨਾਲ ਮਹਿਸੂਸ ਕਰਨ ਦੀ ਸ਼ਕਤੀ। ਇਹ ਪੰਜ ਗਿਆਨ ਇੰਦਰੀਆਂ ਅਤੇ ਇਨ੍ਹਾਂ ਵਿੱਚ ਸਮਾਈਆਂ ਹੋਈਆਂ ਸ਼ਕਤੀਆਂ ਹੀ ਮਨੁੱਖ ਨੂੰ ਬਖ਼ਸ਼ੀਆਂ ਗਈਆਂ ਪੰਜ ਕਲਾਵਾਂ ਹਨ। ਇਨ੍ਹਾਂ ਪੰਜ ਗਿਆਨ ਇੰਦਰੀਆਂ ਅਤੇ ਇਨ੍ਹਾਂ ਵਿੱਚ ਸਮਾਈਆਂ ਹੋਈਆਂ ਸ਼ਕਤੀਆਂ ਨਾਲ ਹੀ ਮਨੁੱਖ ਦਾ ਜੀਵਨ ਸੰਸਾਰ ਵਿੱਚ ਵਿਚਰਨ ਦੇ ਲਾਇਕ ਬਣਿਆ ਹੈ। ਇਹ ਪੰਜ ਸ਼ਕਤੀਆਂ ਹੀ ਮਨੁੱਖ ਦੇ ਕਰਮਾਂ ਦਾ ਆਧਾਰ ਬਣਦੀਆਂ ਹਨ। ਇਨ੍ਹਾਂ ਸ਼ਕਤੀਆਂ ਦੀ ਵਰਤੋਂ ਦੇ ਨਾਲ ਹੀ ਮਨੁੱਖ ਦਾ ਸੰਸਾਰਿਕ ਜੀਵਨ ਚਲਦਾ ਹੈ। ਇਨ੍ਹਾਂ ਪੰਜ ਇਲਾਹੀ ਸ਼ਕਤੀਆਂ ਦੀ ਵਰਤੋਂ ਦੇ ਨਾਲ ਹੀ ਮਨੁੱਖ ਸੰਸਾਰਿਕ ਸੁੱਖ, ਦੁੱਖ, ਪਦਾਰਥਾਂ, ਵਸਤੂਆਂ, ਰਿਸ਼ਤੇ-ਨਾਤਿਆਂ, ਸੰਬੰਧਾਂ ਨੂੰ ਸਮਝਦਾ, ਵਰਤਦਾ ਅਤੇ ਸਾਰੇ ਕਾਰ-ਵਿਹਾਰਾਂ ਨੂੰ ਅੰਜਾਮ ਦਿੰਦਾ ਹੈ। ਇਨ੍ਹਾਂ ਪੰਜ ਗਿਆਨ ਇੰਦਰੀਆਂ ਦੀ ਵਰਤੋਂ ਦੇ ਨਾਲ ਹੀ ਮਨੁੱਖ ਆਪਣੀ ਪੜ੍ਹਾਈ-ਲਿਖਾਈ ਕਰਦਾ ਹੈ ਅਤੇ ਆਪਣੇ ਜੀਵਨ ਨਿਰਬਾਹ ਦੇ ਸਾਧਨ-ਸਮਾਨ ਨੂੰ ਇਕੱਤਰ ਕਰਦਾ ਹੈ ਅਤੇ ਆਪਣੇ ਜੀਵਨ ਨੂੰ ਨਿਰਬਾਹ ਕਰਦਾ ਹੈ। ਇਨ੍ਹਾਂ ਪੰਜ ਇਲਾਹੀ ਸ਼ਕਤੀਆਂ ਦੀ ਵਰਤੋਂ ਦੇ ਨਾਲ ਹੀ ਮਨੁੱਖ ਸੰਸਾਰ ਵਿੱਚ ਵਿਚਰਦਾ ਹੈ। ਇਨ੍ਹਾਂ ਪੰਜ ਇਲਾਹੀ ਸ਼ਕਤੀਆਂ ਦੀ ਵਰਤੋਂ ਦੇ ਨਾਲ ਹੀ ਮਨੁੱਖ ਸੰਸਾਰ ਵਿੱਚ ਮਿਲਦਾ-ਵਰਤਦਾ ਹੈ ਅਤੇ ਸਾਰੇ ਕਾਰ-ਵਿਹਾਰ ਕਰਦਾ ਹੈ। ਇਨ੍ਹਾਂ ਪੰਜ ਇਲਾਹੀ ਸ਼ਕਤੀਆਂ ਦੀ ਵਰਤੋਂ ਦੇ ਨਾਲ ਹੀ ਮਨੁੱਖ ਸੰਸਾਰ ਵਿੱਚ ਆਪਣੀ ਰੋਜ਼ੀ-ਰੋਟੀ ਕਮਾਉਂਦਾ ਹੈ ਅਤੇ ਆਪਣਾ ਅਤੇ ਆਪਣੇ ਪਰਿਵਾਰ ਦੀ ਸੇਵਾ-ਸੰਭਾਲਤਾ ਕਰਦਾ ਹੈ।

ਭਾਵ ਇਨ੍ਹਾਂ ਪੰਜ ਗਿਆਨ ਇੰਦਰੀਆਂ ਤੋਂ ਬਿਨਾਂ ਮਨੁੱਖ ਦਾ ਇਸ ਸੰਸਾਰ ਵਿੱਚ ਵਿਚਰਨਾ ਦੁਰਭਰ ਹੈ। ਭਾਵ ਇਨ੍ਹਾਂ ਪੰਜ ਗਿਆਨ ਇੰਦਰੀਆਂ ਤੋਂ ਬਿਨਾਂ ਮਨੁੱਖ ਦਾ ਇਸ ਸੰਸਾਰ ਵਿੱਚ ਸੰਪੂਰਨ ਮਨੁੱਖਾ ਜੀਵਨ ਅਸੰਭਵ ਹੈ। ਭਾਵ ਇਨ੍ਹਾਂ ਪੰਜ ਗਿਆਨ ਇੰਦਰੀਆਂ ਤੋਂ ਬਿਨਾਂ ਮਨੁੱਖ ਇਸ ਸੰਸਾਰ ਵਿੱਚ ਜੀਵਨ ਦਾ ਪੂਰਾ ਆਨੰਦ ਨਹੀਂ ਲੈ ਸਕਦਾ ਹੈ। ਕਰਮ ਰੋਗਾਂ ਦੇ ਕਾਰਨ ਕਈ ਮਨੁੱਖਾਂ ਨੂੰ ਇਹ ਪੰਜ ਸ਼ਕਤੀਆਂ ਪੂਰੀ ਤੌਰ 'ਤੇ ਨਹੀਂ ਬਖ਼ਸ਼ੀਆਂ ਜਾਂਦੀਆਂ ਹਨ ਜਿਸ ਕਾਰਨ ਉਨ੍ਹਾਂ ਨੂੰ ਅਪੰਗ ਜੀਵਨ ਜਿਊਣ ਲਈ ਮਜਬੂਰ ਹੋਣਾ ਪੈਂਦਾ ਹੈ। ਐਸੀ ਅਵਸਥਾ ਵਿੱਚ ਜੋ ਮਨੁੱਖ ਅਪੰਗਤਾ ਵਾਲਾ ਜੀਵਨ ਜਿਉਂਦੇ ਹਨ ਉਨ੍ਹਾਂ ਵੱਲ ਵੇਖ ਕੇ ਅਸੀਂ ਇਨ੍ਹਾਂ ਇਲਾਹੀ ਸ਼ਕਤੀਆਂ ਦੀ ਅਹਿਮੀਅਤ ਨੂੰ ਹੋਰ ਚੰਗੀ ਤਰ੍ਹਾਂ ਨਾਲ ਸਮਝ ਸਕਦੇ ਹਾਂ।

ਮਨੁੱਖ ਦੇ ਸਮਝਣ ਵਾਲਾ ਪੂਰਨ ਸਤਿ ਤੱਤ ਇਹ ਹੈ ਕਿ ਇਨ੍ਹਾਂ ਪੰਜ ਇਲਾਹੀ ਸ਼ਕਤੀਆਂ ਦੀ ਵਰਤੋਂ ਅਸਤਿ ਕਰਮ ਕਰਨ ਵਿੱਚ ਕਰਨ ਨਾਲ ਮਨੁੱਖੀ ਜਨਮ ਅਤੇ ਜੀਵਨ ਨਸ਼ਟ ਹੋ ਜਾਂਦਾ ਹੈ। ਇਨ੍ਹਾਂ ਪੰਜ ਇਲਾਹੀ ਸ਼ਕਤੀਆਂ ਦੀ ਵਰਤੋਂ ਅਸਤਿ ਕਰਮ ਵਿੱਚ ਕਰਨ ਨਾਲ ਮਨੁੱਖੀ ਜਨਮ ਅਤੇ ਜੀਵਨ ਕੇਵਲ ਦੁੱਖਾਂ-ਕਲੇਸ਼ਾਂ ਅਤੇ ਮੁਸੀਬਤਾਂ ਨਾਲ ਭਰ ਜਾਂਦਾ ਹੈ। ਕੇਵਲ ਇਤਨਾ ਹੀ ਨਹੀਂ ਬਲਕਿ ਮਨੁੱਖ ਦੇ ਆਉਣ ਵਾਲੇ ਜਨਮ ਵੀ ਨਸ਼ਟ ਹੋ ਜਾਂਦੇ ਹਨ। ਕਰਮ ਦੇ ਵਿਧਾਨ ਅਨੁਸਾਰ ਇਨ੍ਹਾਂ ਅਸਤਿ ਕਰਮਾਂ ਦਾ ਮਾੜਾ ਅਸਰ ਮਨੁੱਖ ਦੇ ਭਵਿੱਖ ਉੱਪਰ ਪੈਂਦਾ ਹੈ। ਇਨ੍ਹਾਂ ਕਰਮਾਂ ਦੇ ਆਧਾਰ 'ਤੇ ਹੀ ਮਨੁੱਖ ਨੂੰ ਅਗਲਾ ਮਨੁੱਖਾ ਜਨਮ ਮਿਲਦਾ ਹੈ ਜਾਂ ਮਨੁੱਖ ੮੪ ਲੱਖ ਜੂਨਾਂ ਵਿੱਚ ਜਾਂਦਾ ਹੈ, ਇਸ ਦਾ ਫੈਸਲਾ ਧਰਮ ਰਾਜ

ਕਰਦਾ ਹੈ। ਜੇਕਰ ਮਨੁੱਖ ਇਨ੍ਹਾਂ ਪੰਜ ਸ਼ਕਤੀਆਂ ਦਾ ਸਦਉਪਯੋਗ ਕਰਦਾ ਹੈ ਤਾਂ ਬੰਦਗੀ ਵੱਲ ਵੱਧਦਾ ਹੈ ਅਤੇ ਜੇਕਰ ਦੁਰਉਪਯੋਗ ਕਰਦਾ ਹੈ ਤਾਂ ਆਪਣੀ ਹੀ ਤਬਾਹੀ ਦਾ ਸਬੱਬ ਆਪ ਬਣਦਾ ਹੈ। ਇਸ ਲਈ ਇਸ ਪਰਮ ਸਤਿ ਤੱਤ ਨੂੰ ਆਪਣੇ ਹਿਰਦੇ ਵਿੱਚ ਦ੍ਰਿੜ੍ਹ ਕਰ ਲੈਣਾ ਚਾਹੀਦਾ ਹੈ ਕਿ ਇਨ੍ਹਾਂ ਪੰਜ ਸ਼ਕਤੀਆਂ ਦਾ ਉਪਯੋਗ ਕੇਵਲ ਸਤਿ ਕਰਮ ਕਰਨ ਲਈ ਹੀ ਜ਼ਰੂਰੀ ਹੈ।

ਭਾਵ ਬੋਲਣ ਦੀ ਸ਼ਕਤੀ ਦਾ ਕੇਵਲ ਸਤਿ ਬੋਲਣ ਲਈ ਵਰਤਣਾ, ਝੂਠ ਨਹੀਂ ਬੋਲਣਾ ਨਾ ਹੀ ਝੂਠ ਦਾ ਸਾਥ ਦੇਣਾ, ਬੁਰੇ ਬੋਲ ਨਹੀਂ ਬੋਲਣਾ, ਕਿਸੇ ਦੀ ਨਿੰਦਿਆ-ਚੁਗਲੀ ਨਹੀਂ ਕਰਨੀ, ਬੇਫਜ਼ੂਲ ਨਹੀਂ ਬੋਲਣਾ, ਫਿੱਕਾ ਨਹੀਂ ਬੋਲਣਾ, ਬੋਲਣ ਦੀ ਇਸ ਇਲਾਹੀ ਸ਼ਕਤੀ ਦੀ ਸਹੀ ਵਰਤੋਂ ਕਰਨੀ, ਸਰਬੱਤ ਦਾ ਭਲਾ ਕਰਨਾ ਅਤੇ ਮੰਗਣਾ, ਰਸਨਾ ਨਾਲ ਸਤਿਨਾਮ ਜਪਣਾ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਅਤੇ ਜੱਸ ਗਾਉਣਾ। ਫਿੱਕਾ ਬੋਲਣ ਨਾਲ ਤਨ-ਮਨ ਵੀ ਫਿੱਕਾ ਹੋ ਜਾਂਦਾ ਹੈ। ਫਿੱਕਾ ਬੋਲਣ ਦਾ ਭਾਵ ਹੈ ਕੁਬੋਲ ਬੋਲਣਾ। ਫਿੱਕਾ ਬੋਲਣ ਤੋਂ ਭਾਵ ਹੈ: ਬੁਰਾ ਬੋਲਣਾ, ਨਿੰਦਿਆ ਕਰਨੀ, ਚੁਗ਼ਲੀ ਕਰਨੀ, ਕ੍ਰੋਧ ਵਿੱਚ ਆ ਕੇ ਗ਼ਲਤ ਬਚਨ ਬੋਲਣੇ, ਗਾਲੀ-ਗਲੋਚ ਕਰਨਾ, ਦੂਜੇ ਦੀ ਬੇਇੱਜ਼ਤੀ ਕਰਨੀ, ਹੰਕਾਰ ਵਿੱਚ ਆ ਕੇ ਕੁਬੋਲ ਬੋਲਣੇ ਆਦਿ। ਫਿੱਕਾ ਬੋਲਣ ਵਾਲਾ ਮਨੁੱਖ ਆਪਣਾ ਬਹੁਤ ਨੁਕਸਾਨ ਕਰਦਾ ਹੈ। ਫਿੱਕਾ ਬੋਲਣ ਵਾਲੇ ਮਨੁੱਖ ਦਾ ਤਨ-ਮਨ ਨਸ਼ਟ ਹੋ ਜਾਂਦਾ ਹੈ। ਫਿੱਕਾ ਬੋਲਣ ਵਾਲਾ ਮਨੁੱਖ ਸਦਾ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੇ ਚੁੰਗਲ ਵਿੱਚ ਫੱਸਿਆ ਹੋਇਆ ਅਸਤਿ ਕਰਮ ਕਰਦਾ ਹੈ ਅਤੇ ਆਪਣੇ ਤਨ-ਮਨ ਨੂੰ ਮਾਇਆ ਦੀ ਅਗਨ ਵਿੱਚ ਸਾੜ-ਸਾੜ ਕੇ ਨਸ਼ਟ ਕਰ ਦਿੰਦਾ ਹੈ। ਇਸ ਲਈ ਫਿੱਕਾ ਬੋਲਣ ਵਾਲਾ ਮਨੁੱਖ ਮਹਾ ਮੂਰਖ ਹੈ। ਫਿੱਕਾ ਬੋਲਣ ਵਾਲਾ ਮਨੁੱਖ ਪ੍ਰੇਮ ਤੋਂ ਹੀਣਾ ਹੁੰਦਾ ਹੈ। ਫਿੱਕਾ ਬੋਲਣ ਵਾਲੇ ਮਨੁੱਖ ਦਾ ਤਨ-ਮਨ ਪਿਆਰ ਤੋਂ ਸੱਖਣਾ ਹੁੰਦਾ ਹੈ। ਫਿੱਕਾ ਬੋਲਣ ਵਾਲਾ ਮਨੁੱਖ ਸਦਾ ਈਰਖਾ, ਨਫ਼ਰਤ ਅਤੇ ਦਵੈਸ਼ ਦੀ ਅਗਨ ਵਿੱਚ ਸੜ੍ਹਦਾ ਅਤੇ ਕੁੜ੍ਹਦਾ ਹੈ। ਇਸ ਲਈ ਫਿੱਕਾ ਬੋਲਣਾ ਬਹੁਤ ਵੱਡੀ ਮੂਰਖਤਾਈ ਹੈ। ਫਿੱਕਾ ਬੋਲਣ ਵਾਲਾ ਮਨੁੱਖ ਫਿੱਕਾ ਬੋਲ ਕੇ ਆਪਣੇ ਹੀ ਮੂੰਹ 'ਤੇ ਥੁੱਕਣ ਦਾ ਕੰਮ ਕਰਦਾ ਹੈ। ਕਿਉਂਕਿ ਨੁਕਸਾਨ ਫਿੱਕਾ ਬੋਲਣ ਵਾਲੇ ਮਨੁੱਖ ਦਾ ਹੀ ਹੁੰਦਾ ਹੈ ਨਾ ਕਿ ਜਿਸ ਮਨੁੱਖ ਲਈ ਫਿੱਕਾ ਬੋਲਿਆ ਜਾਂਦਾ ਹੈ। ਫਿੱਕਾ ਬੋਲਣ ਵਾਲਾ ਮਨੁੱਖ ਆਪਣੀ ਰਸਨਾ ਨਾਲ ਨਿੰਦਿਆ ਕਰਵਾਉਣ ਵਾਲੇ ਦੇ ਮਨ ਦੀ ਮੈਲ ਅਤੇ ਪਾਪ ਆਪਣੀ ਰਸਨਾ ਨਾਲ ਧੋਂਦਾ ਹੈ। ਭਾਵ ਨਿੰਦਿਆ ਕਰਵਾਉਣ ਵਾਲੇ ਮਨੁੱਖ ਦੇ ਪਾਪਾਂ ਦਾ ਬੋਝ ਫਿੱਕਾ ਬੋਲਣ ਵਾਲਾ ਮਨੁੱਖ ਆਪਣੇ ਸਿਰ ਚੜ੍ਹਾ ਲੈਂਦਾ ਹੈ। ਮਾਇਆ ਵਿੱਚ ਗਰਕੇ ਹੋਏ ਫਿੱਕਾ ਬੋਲਣ ਵਾਲੇ ਮਨੁੱਖ ਨੂੰ ਦਰਗਾਹ ਤੋਂ ਫਿਟਕਾਰਾਂ ਪੈਂਦੀਆਂ ਹਨ। ਇਸ ਤਰ੍ਹਾਂ ਨਾਲ ਫਿੱਕਾ ਬੋਲਣ ਵਾਲਾ ਮਨੁੱਖ ਦੂਜੇ ਦਾ ਬੁਰਾ ਕਰਨ ਦੇ ਯਤਨ ਕਰਦਾ ਹੈ ਪਰੰਤੂ ਆਪਣਾ ਹੀ ਬੁਰਾ ਕਰਦਾ ਹੋਇਆ ਆਪਣਾ ਆਪ ਨਸ਼ਟ ਕਰਦਾ ਹੋਇਆ ਸਾਰੇ ਪਾਸਿਓਂ ਜੁੱਤੀਆਂ ਖਾਂਦਾ ਹੈ ਅਤੇ ਆਪਣੀ ਹੀ ਪੱਤ ਗੁਆਂਦਾ ਹੈ। ਇਸ ਪਰਮ ਸਤਿ ਤੱਤ ਨੂੰ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਆਸਾ ਦੀ ਵਾਰ ਵਿੱਚ ਦ੍ਰਿੜ੍ਹ ਕਰਵਾਇਆ ਹੈ:

ਸਲੋਕੁ ਮਃ ੧ ॥

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥

ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥

ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੩)

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੨)

ਵੇਖਣ ਦੀ ਸ਼ਕਤੀ ਦਾ ਕੇਵਲ ਸਤਿ ਵੇਖਣ ਲਈ ਵਰਤਣਾ; ਨਰਾਂ ਲਈ: ਕਿਸੇ ਮਾਂ, ਧੀ, ਭੈਣ ਨੂੰ ਬੁਰੀ ਨਜ਼ਰ ਨਾਲ ਨਹੀਂ ਦੇਖਣਾ ਅਤੇ ਕਾਮ ਦੀ ਭਾਵਨਾ ਤੋਂ ਬਚਣਾ; ਨਾਰੀਆਂ ਲਈ: ਕਿਸੇ ਭਰਾ, ਪਿਤਾ ਅਤੇ ਪੁੱਤ ਨੂੰ ਬੁਰੀ ਨਜ਼ਰ ਨਾਲ ਨਹੀਂ ਦੇਖਣਾ ਅਤੇ ਕਾਮ ਦੀ ਭਾਵਨਾ ਤੋਂ ਬਚਣਾ; ਪਰ ਨਰ ਅਤੇ ਨਾਰੀ ਦੀ ਸੁੰਦਰਤਾ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਕ੍ਰਿਸ਼ਮਾ ਸਮਝੋ ਅਤੇ ਇਸ ਦੀ ਸਹੀ ਭਾਵਨਾ ਨਾਲ ਸਿਫਤ ਕਰੋ; ਪਰਾਈ ਧਨ-ਸੰਪਦਾ ਉੱਪਰ ਬੁਰੀ ਨਜ਼ਰ ਜਾਂ ਭਾਵਨਾ ਨਾਲ ਨਹੀਂ ਦੇਖਣਾ; ਆਪਣੇ ਅਵਗੁਣਾਂ ਵੱਲ ਦੇਖਣਾ ਅਤੇ ਉਨ੍ਹਾਂ ਨੂੰ ਤਿਆਗਣ ਦਾ ਯਤਨ ਕਰਨਾ; ਦੂਸਰੇ ਮਨੁੱਖ ਦੇ ਗੁਣਾਂ ਵੱਲ ਦੇਖਣਾ ਅਤੇ ਉਨ੍ਹਾਂ ਨੂੰ ਅਪਣਾਉਣਾ; ਦੂਸਰੇ ਮਨੁੱਖ ਦੇ ਅਵਗੁਣਾਂ ਨੂੰ ਦੂਰ ਕਰਨ ਲਈ ਸਹਾਇਤਾ ਕਰਨੀ ਆਦਿ। ਪਰਾਈ ਨਾਰੀ ਨੂੰ ਕਾਮ ਦੀ ਭਾਵਨਾ ਨਾਲ ਦੇਖਣ ਨਾਲ ਵੇਖਣ ਦੀ ਸ਼ਕਤੀ ਦਾ ਸਰੋਤ ਅੱਖਾਂ ਅਪਵਿੱਤਰ ਹੋ ਜਾਂਦੀਆਂ ਹਨ। ਪਰਾਏ ਧਨ ਨੂੰ ਬੁਰੀ ਨਜ਼ਰ ਨਾਲ ਵੇਖਣ ਨਾਲ ਵੇਖਣ ਦੀ ਸ਼ਕਤੀ ਦਾ ਸਰੋਤ ਅੱਖਾਂ ਅਪਵਿੱਤਰ ਹੋ ਜਾਂਦੀਆਂ ਹਨ ਅਤੇ ਐਸਾ ਲੋਭੀ ਅਤੇ ਕਾਮੀ ਮਨੁੱਖ ਨਰਕ ਦਾ ਭਾਗੀਦਾਰ ਬਣਦਾ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੨)

ਸੁਣਨ ਦੀ ਸ਼ਕਤੀ ਨੂੰ ਕੇਵਲ ਸਤਿ ਸੁਣਨ ਲਈ ਵਰਤਣਾ; ਸਤਿ ਪਾਰਬ੍ਰਹਮ ਦਾ ਸਤਿਨਾਮ, ਮਹਿਮਾ ਅਤੇ ਜੱਸ ਸੁਣਨ ਲਈ ਵਰਤਣਾ; ਸਤਿ ਦੀ ਪਹਿਚਾਣ ਕਰਨੀ ਅਤੇ ਸਤਿ ਦੇ ਧਾਰਨੀ ਬਣਨ ਦਾ ਪੁਰਜ਼ੋਰ ਯਤਨ ਕਰਨਾ; ਪਰਨਿੰਦਿਆ, ਚੁਗ਼ਲੀ, ਬਖ਼ੀਲੀ ਆਦਿ ਨੂੰ ਨਹੀਂ ਸੁਣਨਾ; ਝੂਠੇ ਅਤੇ ਨਿਰਾਧਾਰ ਵਾਦ-ਵਿਵਾਦ ਨੂੰ ਨਾ ਹੀ ਸੁਣਨਾ ਅਤੇ ਨਾ ਹੀ ਇਸ ਵਿੱਚ ਪੈਣਾ ਆਦਿ। ਪਰਨਿੰਦਿਆ, ਚੁਗ਼ਲੀ, ਬਖ਼ੀਲੀ ਆਦਿ ਨੂੰ ਨਹੀਂ ਸੁਣਨਾ; ਝੂਠੇ ਅਤੇ ਨਿਰਾਧਾਰ ਵਾਦ-ਵਿਵਾਦ ਨੂੰ ਸੁਣਨ ਨਾਲ ਕੰਨ ਅਪਵਿੱਤਰ ਹੋ ਜਾਂਦੇ ਹਨ। ਪਰਨਿੰਦਿਆ, ਚੁਗ਼ਲੀ, ਬਖ਼ੀਲੀ ਸੁਣਨ ਵਾਲਾ ਅਤੇ ਝੂਠੇ ਵਾਦ-ਵਿਵਾਦ ਨੂੰ ਸੁਣਨ ਵਾਲਾ ਮਨੁੱਖ ਨਰਕ ਦਾ ਭਾਗੀਦਾਰ ਬਣਦਾ ਹੈ। ਬਾਹਰੋਂ ਹੰਸ ਵਰਗੇ ਪਵਿੱਤਰ ਦਿਸਣ ਵਾਲੇ ਮਨੁੱਖ ਪਰਨਿੰਦਿਆ, ਚੁਗ਼ਲੀ, ਬਖ਼ੀਲੀ ਨੂੰ ਸੁਣਨ ਨਾਲ; ਝੂਠੇ ਅਤੇ ਨਿਰਾਧਾਰ ਵਾਦ-ਵਿਵਾਦ ਨੂੰ ਸੁਣਨ ਨਾਲ ਨਰਕ ਦੇ ਭਾਗੀਦਾਰ ਬਣ ਜਾਂਦੇ ਹਨ। ਇਸ ਪਰਮ ਸਤਿ ਤੱਤ ਨੂੰ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਆਸਾ ਦੀ ਵਾਰ ਵਿੱਚ ਦ੍ਰਿੜ੍ਹ ਕਰਵਾਇਆ ਹੈ:

ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥

ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੨)

ਮਨੁੱਖ ਦੀ ਨਾਸਿਕਾ ਹਰ ਪ੍ਰਕਾਰ ਦੀ ਸੁਗੰਧ ਨੂੰ ਮਾਣਨ ਦੀ ਸ਼ਕਤੀ ਰੱਖਦੀ ਹੈ। ਸੁੰਘਣ ਦੀ ਸ਼ਕਤੀ ਨਾਲ ਮਨੁੱਖ ਨੂੰ ਚੰਗੇ ਅਤੇ ਮਾੜੇ ਭੋਜਨ ਦੇ ਵਿਅੰਜਨਾਂ ਦਾ ਗਿਆਨ ਹੁੰਦਾ ਹੈ। ਇਸ ਲਈ ਸੁੰਘਣ ਦੀ ਸ਼ਕਤੀ ਨਾਲ ਮਿਲੇ ਗਿਆਨ ਦੀ ਸਹੀ ਵਰਤੋਂ ਕਰੋ। ਆਪਣੀਆਂ ਖਾਣ-ਪੀਣ ਸੰਬੰਧੀ ਆਦਤਾਂ ਨੂੰ ਨਾ ਵਿਗੜਨ ਦਿਓ। ਹਿਸਾਬ ਦਾ ਖਾਵੋ ਅਤੇ ਪੀਵੋ। ਆਪਣੀ ਸਿਹਤ ਲਈ ਸਿਹਤਮੰਦ ਵਿਅੰਜਨਾਂ ਅਤੇ ਭੋਜਨਾਂ ਦੀ ਸਹੀ ਮਾਤਰਾ ਵਿੱਚ ਵਰਤੋਂ ਕਰੋ। ਆਪਣੀ ਸਿਹਤ ਦਾ ਪੂਰਾ-ਪੂਰਾ ਖਿਆਲ ਰੱਖੋ। ਸੁੰਘਣ ਦੀ ਸ਼ਕਤੀ ਨਾਲ ਮਨੁੱਖ ਨੂੰ ਚੰਗੇ ਅਤੇ ਮਾੜੇ ਵਾਤਾਵਰਨ ਦਾ ਗਿਆਨ ਹੁੰਦਾ ਹੈ। ਸੁੰਘਣ ਦੀ ਸ਼ਕਤੀ ਨਾਲ ਮਨੁੱਖ ਨੂੰ ਗੰਦਗੀ ਅਤੇ ਸਫਾਈ ਦਾ ਵੀ ਗਿਆਨ ਹੁੰਦਾ ਹੈ। ਗੰਦਗੀ ਨੂੰ ਸਾਫ਼ ਰੱਖਣ ਲਈ ਯਤਨਸ਼ੀਲ ਰਹੋ। ਗੰਦਗੀ ਬਿਮਾਰੀ ਨੂੰ ਜਨਮ ਦਿੰਦੀ ਹੈ। ਸਫਾਈ ਰੱਖਣ ਨਾਲ ਸਿਹਤ ਉੱਪਰ ਚੰਗਾ ਅਸਰ ਪੈਂਦਾ ਹੈ। ਸੁੰਘਣ ਦੀ ਸ਼ਕਤੀ ਨਾਲ ਮਨੁੱਖ ਨੂੰ ਨਰ ਅਤੇ ਨਾਰੀ ਦੁਆਰਾ ਵਰਤੇ ਜਾ ਰਹੇ ਇਤਰ ਫਲੇਲ ਆਦਿ ਦੀ ਸੁਗੰਧ ਦਾ ਗਿਆਨ ਹੁੰਦਾ ਹੈ। ਸੁੰਘਣ ਦੀ ਸ਼ਕਤੀ ਨਾਲ ਮਨੁੱਖ ਨੂੰ ਨਰ ਅਤੇ ਨਾਰੀ ਦੀ ਦੇਹੀ ਦੇ ਬਾਰੇ ਵੀ ਗਿਆਨ ਹੁੰਦਾ ਹੈ। ਸੁੰਘਣ ਦੀ ਸ਼ਕਤੀ ਦਾ ਜ਼ਿਆਦਾ ਦੁਰਉਪਯੋਗ ਨਰ-ਨਾਰੀ ਕਾਮ ਵਾਸ਼ਨਾ ਦੀ ਪੂਰਤੀ ਲਈ ਕਰਦੇ ਹਨ। ਦੇਹੀ ਦੀ ਸੁਗੰਧ ਨਰ-ਨਾਰੀ ਨੂੰ ਕਾਮ ਵਾਸ਼ਨਾ ਵੱਲ ਆਕਰਸ਼ਿਤ ਅਤੇ ਪ੍ਰੇਰਿਤ ਕਰਦੀ ਹੈ। ਇਸ ਲਈ ਪਰ ਨਾਰੀ ਅਤੇ ਨਰ ਦਾ ਧਿਆਨ ਰੱਖੋ। ਪਰ ਨਰ ਅਤੇ ਨਾਰੀ ਦੀ ਸ਼ਰੀਰਕ ਸੁਗੰਧ ਨੂੰ ਆਪਣੀ ਕਮਜ਼ੋਰੀ ਨਾ ਬਣਨ ਦਿਓ। ਸੁੰਘਣ ਦੀ ਸ਼ਕਤੀ ਦਾ ਸਤਿ ਉਪਯੋਗ ਕਰੋ, ਫੁੱਲਾਂ ਦੀ ਮਹਿਕ ਦਾ ਆਨੰਦ ਉੱਠਾਓ, ਭੋਜਨ ਦੀ ਸੁਗੰਧ ਦਾ ਆਨੰਦ ਲਵੋ, ਗੰਦਗੀ ਨੂੰ ਸਾਫ਼ ਕਰਨ ਦਾ ਉਪਰਾਲਾ ਅਤੇ ਸੇਵਾ ਕਰੋ। ਸੁੰਘਣ ਦੀ ਇਸ ਸ਼ਕਤੀ ਨੂੰ ਆਪਣੇ ਪਤਨ ਦਾ ਕਾਰਨ ਨਾ ਬਣਨ ਦਿਓ ਬਲਕਿ ਇਸ ਨੂੰ ਸਤਿ ਦੀ ਸੇਵਾ ਦੀ ਸ਼ਕਤੀ ਬਣਾਓ ਅਤੇ ਇਸ ਨੂੰ ਆਪਣਾ ਜੀਵਨ ਸਹੀ ਢੰਗ ਨਾਲ ਜਿਊਣ ਵਾਸਤੇ ਵਰਤੋ।

ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਸਦਕਾ ਮਨੁੱਖ ਦੀ ਤਵੱਚਾ ਵਿੱਚ ਰੱਖੀ ਗਈ ਸਪਰਸ਼ ਕਰਨ ਦੀ ਸ਼ਕਤੀ ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਆਪਣੇ ਹੱਥਾਂ ਨਾਲ ਸਪਰਸ਼ ਕਰ ਕੇ ਅਸੀਂ ਹਰ ਇੱਕ ਵਸਤੂ ਦੇ ਬਾਰੇ ਗਿਆਨ ਪ੍ਰਾਪਤ ਕਰਦੇ ਹਾਂ। ਇਸੇ ਤਰ੍ਹਾਂ ਨਾਲ ਦੇਹੀ ਦੇ ਵੱਖ-ਵੱਖ ਅੰਗ ਸਪਰਸ਼ ਨਾਲ ਅਨੁਭਵ ਕਰਨ ਦੀ ਸ਼ਕਤੀ ਰੱਖਦੇ ਹਨ। ਸਪਰਸ਼ ਕਰਨ ਦੀ ਸ਼ਕਤੀ ਨਾਲ ਮਨੁੱਖਾ ਦੇਹੀ ਦੇ ਭਿੰਨ-ਭਿੰਨ ਅੰਗ ਭਿੰਨ-ਭਿੰਨ ਭੂਮਿਕਾ ਨਿਭਾਉਂਦੇ ਹਨ। ਮਨੁੱਖਾ ਦੇਹੀ ਦੇ ਭਿੰਨ-ਭਿੰਨ ਅੰਗਾਂ ਵਿੱਚ ਸਮਾਈ ਹੋਈ ਸਪਰਸ਼ ਕਰਨ ਦੀ ਸ਼ਕਤੀ ਮਨੁੱਖ ਨੂੰ ਭਿੰਨ-ਭਿੰਨ ਤਰ੍ਹਾਂ ਦੇ ਅਨੁਭਵ ਕਰਵਾਉਂਦੀ ਹੈ। ਸਪਰਸ਼ ਕਰਨ ਦੀ ਇਸ ਸ਼ਕਤੀ ਦਾ ਸਦਿਉਪਯੋਗ ਕਰੋ। ਸਪਰਸ਼ ਕਰਨ ਦੀ ਇਸ ਸ਼ਕਤੀ ਦਾ ਦੁਰਉਪਯੋਗ ਨਾ ਕਰੋ। ਸਪਰਸ਼ ਜੇ ਸਦਿਭਾਵਨਾ ਨਾਲ ਅਤੇ ਮਰਿਆਦਾ ਵਿੱਚ ਰਹਿ ਕੇ ਕੀਤਾ ਜਾਏ ਤਾਂ ਆਨੰਦ ਦਾ ਸੋਮਾ ਹੈ। ਸਪਰਸ਼ ਜੇ ਸਦਿਭਾਵਨਾ ਨਾਲ ਅਤੇ ਮਰਿਆਦਾ ਵਿੱਚ ਰਹਿ ਕੇ ਕੀਤਾ ਜਾਏ ਤਾਂ ਇਹ ਵਰਦਾਨ ਬਣ ਜਾਂਦਾ ਹੈ। ਸਪਰਸ਼ ਜੇ ਦੁਰਭਾਵਨਾ ਨਾਲ ਕੀਤਾ ਜਾਏ ਅਤੇ ਮਰਿਆਦਾ ਨੂੰ ਭੰਗ ਕਰ ਕੇ ਕੀਤਾ ਜਾਏ ਤਾਂ ਸਰਾਪ ਬਣ ਜਾਂਦਾ ਹੈ ਅਤੇ ਮਨੁੱਖ ਦੇ ਜੀਵਨ ਨੂੰ ਨਰਕ ਬਣਾ ਦਿੰਦਾ ਹੈ। ਸਪਰਸ਼ ਵਿੱਚ ਹੀ ਇੱਕ ਮਾਨਸਿਕ ਰੋਗੀ ਮਨੁੱਖ ਨੂੰ ਠੀਕ ਕਰਨ ਦੀ ਸ਼ਕਤੀ ਹੁੰਦੀ ਹੈ। ਸਤਿਗੁਰੂ ਦੁਆਰਾ ਭਰਪੂਰ ਪ੍ਰੇਮ ਨਾਲ ਕਿਸੇ ਮਨੁੱਖ ਦੇ ਸਿਰ ਤੇ ਰਖਿਆ ਗਿਆ ਹੱਥ ਉਸ ਮਨੁੱਖ ਨੂੰ ਸਮਾਧੀ ਦੀ ਬਖ਼ਸ਼ੀਸ਼ ਕਰ ਕੇ ਧੰਨ ਧੰਨ ਕਰ ਸਕਦਾ ਹੈ। ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਸਪਰਸ਼ ਕਰਨ

ਦੀ ਸ਼ਕਤੀ ਦੀ ਕਈ ਵਾਰ ਵਰਤੋਂ ਕਰਦੇ ਹਾਂ। ਸਪਰਸ਼ ਕਰਨ ਦੀ ਸ਼ਕਤੀ ਦੀ ਵਰਤੋਂ ਕਰਦੇ ਸਮੇਂ ਕੇਵਲ ਇਹ ਧਿਆਨ ਰੱਖੋ ਕਿ ਤੁਸੀਂ ਕੋਈ ਹੀਣ ਭਾਵਨਾ ਦੇ ਵੱਸ ਆ ਕੇ ਇਸ ਸ਼ਕਤੀ ਦੀ ਵਰਤੋਂ ਨਾ ਕਰੋ। ਆਪਣੀ ਸਮਾਜਿਕ ਮਰਿਆਦਾ ਵਿੱਚ ਰਹਿ ਕੇ ਇਸ ਸ਼ਕਤੀ ਦੀ ਵਰਤੋਂ ਕਰੋ। ਮਰਿਆਦਾ ਤੋਂ ਬਾਹਰ ਜਾ ਕੇ ਸਪਰਸ਼ ਕਰਨ ਦੀ ਸ਼ਕਤੀ ਦੀ ਕੀਤੀ ਗਈ ਵਰਤੋਂ ਤੁਹਾਡਾ ਸੰਸਾਰਿਕ ਜੀਵਨ ਅਤੇ ਰੂਹਾਨੀ ਜੀਵਨ ਦੋਨੋਂ ਨਸ਼ਟ ਕਰ ਦਿੰਦੀ ਹੈ। ਮਰਿਆਦਾ ਦੀ ਉਲੰਘਣਾ ਕਰ ਕੇ ਸਪਰਸ਼ ਕਰਨ ਦੀ ਸ਼ਕਤੀ ਦੀ ਕੀਤੀ ਗਈ ਵਰਤੋਂ ਮਨੁੱਖ ਦਾ ਚਰਿੱਤਰ ਅਤੇ ਆਤਮਾ ਦੋਨਾਂ ਨੂੰ ਘਾਇਲ ਕਰ ਦਿੰਦੀ ਹੈ। ਮਰਿਆਦਾ ਦੀ ਉਲੰਘਣਾ ਕਰ ਕੇ ਸਪਰਸ਼ ਕਰਨ ਦੀ ਸ਼ਕਤੀ ਦੀ ਕੀਤੀ ਗਈ ਵਰਤੋਂ ਕਰਨਾ ਗੁਨਾਹ ਹੈ ਅਤੇ ਐਸਾ ਕਰਨ ਨਾਲ ਮਨੁੱਖ ਕਾਮ ਚੰਡਾਲ ਦੇ ਹੱਥੇ ਚੜ੍ਹ ਕੇ ਆਪਣੇ ਆਪ ਨੂੰ ਤਬਾਹ ਕਰ ਸਕਦਾ ਹੈ।

ਸੰਸਾਰਿਕ ਜੀਵਨ ਜਿਊਣ ਲਈ ਬਖ਼ਸ਼ੀਆਂ ਗਈਆਂ ਇਹ ਪੰਜ ਸ਼ਕਤੀਆਂ ਦਾ ਦੁਰਉਪਯੋਗ ਮਨੁੱਖ ਨਾ ਜੀਵਨ ਨਸ਼ਟ ਕਰ ਦਿੰਦਾ ਹੈ। ਇਨ੍ਹਾਂ ਪੰਜ ਸ਼ਕਤੀਆਂ ਦੀ ਸਹੀ ਅਤੇ ਮਰਿਆਦਾ ਵਿੱਚ ਰਹਿ ਕੇ ਕੀਤੀ ਗਈ ਵਰਤੋਂ ਮਨੁੱਖ ਦਾ ਜੀਵਨ ਸਾਰਥਕ ਸਿੱਧ ਹੋਣ ਵਿੱਚ ਸਹਾਇਕ ਹੁੰਦੀ ਹੈ। ਪਰੰਤੂ ਇਨ੍ਹਾਂ ਪੰਜ ਸ਼ਕਤੀਆਂ ਵਿੱਚ ਇਤਨੀ ਸ਼ਕਤੀ ਨਹੀਂ ਕਿ ਇਹ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰਵਾ ਸਕਣ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ 'ਅਗਮ' ਅਤੇ 'ਅਗੋਚਰ' ਦੀ ਸੰਗਿਆ ਨਾਲ ਸਤਿਗੁਰੂ ਸਾਹਿਬਾਨ ਨੇ ਗੁਰਬਾਣੀ ਵਿੱਚ ਪ੍ਰਗਟਾਇਆ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਮਨੁੱਖ ਆਪਣੀਆਂ ਦੋ ਅੱਖਾਂ ਨਾਲ ਦੇਖਣ ਦੀ ਸਮਰੱਥਾ ਨਹੀਂ ਰੱਖਦਾ ਹੈ। ਨਾ ਹੀ ਮਨੁੱਖ ਕੋਲ ਇਤਨੀ ਸਮਰੱਥਾ ਹੈ ਕਿ ਉਹ ਆਪਣੀਆਂ ਵੇਖਣ, ਬੋਲਣ, ਸੁਣਨ, ਸੁੰਘਣ ਅਤੇ ਸਪਰਸ਼ ਕਰਨ ਦੀ ਸ਼ਕਤੀਆਂ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀ ਦਾ ਅਨੁਭਵ ਕਰ ਸਕੇ। ਇਨ੍ਹਾਂ ਪੰਜ ਸ਼ਕਤੀਆਂ ਨਾਲ ਮਨੁੱਖ ਕੇਵਲ ਸੰਸਾਰਿਕ ਅਨੁਭਵ ਹੀ ਕਰ ਸਕਦਾ ਹੈ। ਇਨ੍ਹਾਂ ਪੰਜ ਗਿਆਨ ਇੰਦ੍ਰੀਆਂ ਦੀਆਂ ਸ਼ਕਤੀਆਂ ਕੇਵਲ ਸੰਸਾਰਿਕ ਜੀਵਨ ਤੱਕ ਹੀ ਸੀਮਿਤ ਹਨ। ਕਿਉਂਕਿ ਸਤਿ ਪਾਰਬ੍ਰਹਮ ਪਰਮੇਸ਼ਰ ਅਤੇ ਉਸ ਦੀ ਮਹਿਮਾ ਬੇਅੰਤ ਹੈ ਇਸ ਲਈ ਸੀਮਾ ਵਿੱਚ ਰਹਿ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਅਤੇ ਉਸ ਦੀ ਬੇਅੰਤਤਾ ਦਾ ਅਨੁਭਵ ਨਹੀਂ ਕੀਤਾ ਜਾ ਸਕਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਅਤੇ ਉਸ ਦੀ ਬੇਅੰਤਤਾ ਦਾ ਅਨੁਭਵ ਕੇਵਲ ਉਸ ਵਿੱਚ ਅਭੇਦ ਹੋ ਕੇ ਹੀ ਮਾਣਿਆ ਜਾ ਸਕਦਾ ਹੈ। ਲੇਕਿਨ ਇਸ ਦਾ ਇਹ ਮਤਲਬ ਨਹੀਂ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰਨ ਦੀ ਅਤੇ ਉਸ ਦੀ ਬੇਅੰਤਤਾ ਦਾ ਅਨੁਭਵ ਕਰਨ ਦੀ ਸ਼ਕਤੀ ਮਨੁੱਖ ਵਿੱਚ ਨਹੀਂ ਹੈ। ਮਨੁੱਖ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਆਪਣੇ ਹੀ ਹਿਰਦੇ ਵਿੱਚ ਪ੍ਰਗਟ ਕਰਨ ਦੀ ਸ਼ਕਤੀ ਹੈ। ਮਨੁੱਖ ਦੇ ਵਿੱਚ ਆਪਣੇ ਹੀ ਸਰਗੁਣ ਰੂਪ ਵਿੱਚ ਨਿਰਗੁਣ ਨੂੰ ਪ੍ਰਗਟ ਕਰਨ ਦੀ ਪਰਮ ਸ਼ਕਤੀ ਸਥਿਤ ਹੈ। ਸਾਰੀਆਂ ਦਰਗਾਹੀ ਸ਼ਕਤੀਆਂ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖ ਦੀ ਸੂਖਸ਼ਮ ਦੇਹੀ ਵਿੱਚ ਹੀ ਸਤਿ ਸਰੋਵਰਾਂ ਦੇ ਵਿੱਚ ਸਥਾਪਿਤ ਕੀਤੀਆਂ ਹੋਈਆਂ ਹਨ। ਮਾਇਆ ਨੂੰ ਜਿੱਤ ਕੇ ਅਤੇ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਚੌਥੇ ਪਦ ਵਿੱਚ ਆਪਣੇ ਦਰਸ਼ਨ ਦੇਣ ਦੀ ਪਰਮ ਸ਼ਕਤੀ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖ ਦੀ ਸੂਖਸ਼ਮ ਦੇਹੀ ਵਿੱਚ ਹੀ ਸਥਾਪਿਤ ਕਰ ਦਿੱਤੀ ਹੋਈ ਹੈ। ਜ਼ਰੂਰਤ ਹੈ ਕੇਵਲ ਇਸ ਪਰਮ ਸ਼ਕਤੀ ਨੂੰ ਜਗਾਉਣ ਦੀ। ਜ਼ਰੂਰਤ ਹੈ ਕੇਵਲ ਸਤਿ ਸਰੋਵਰਾਂ ਵਿੱਚ ਸਥਿਤ ਸਾਰੀਆਂ ਪਰਮ ਸ਼ਕਤੀਆਂ ਨੂੰ ਜਾਗਰਿਤ ਕਰਨ ਦੀ। ਜੋ ਮਨੁੱਖ ਪੰਜ ਗਿਆਨ ਇੰਦ੍ਰੀਆਂ ਦੀ ਵਰਤੋਂ ਸਤਿ ਕਰਮ ਕਰਨ ਲਈ ਕਰਦੇ ਹਨ ਉਨ੍ਹਾਂ ਦਾ ਜੀਵਨ ਸਤੋ ਗੁਣੀ

ਹੋ ਜਾਂਦਾ ਹੈ ਅਤੇ ਉਨ੍ਹਾਂ ਮਨੁੱਖਾਂ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਗੁਰਕਿਰਪਾ ਬਰਸਦੀ ਹੈ ਅਤੇ ਉਨ੍ਹਾਂ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਸ ਦਾ ਸਦਕਾ ਐਸੇ ਮਨੁੱਖ ਮਾਇਆ ਨੂੰ ਜਿੱਤ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤਤਾ ਦਾ ਆਨੰਦ ਮਾਣਦੇ ਹਨ। ਐਸੀ ਅਵਸਥਾ ਨੂੰ ਪ੍ਰਾਪਤ ਕਰ ਕੇ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤਤਾ ਦਾ ਅਨੁਭਵ ਕਰਦੇ ਹੋਏ ਮਹਾਂਪੁਰਖ ਇਸ ਪਰਮ ਸਤਿ ਤੱਤ ਨੂੰ ਲੁਕਾਈ ਨੂੰ ਦੱਸਦੇ ਹਨ। ਜਦ ਮਨੁੱਖ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰ ਕੇ ਪੂਰਨ ਅਵਸਥਾ ਦੀ ਪ੍ਰਾਪਤੀ ਕਰਦਾ ਹੈ ਤਾਂ ਉਸ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤਤਾ ਅਤੇ ਬੇਅੰਤ ਪਰਮ ਸ਼ਕਤੀਆਂ ਦਾ ਅਨੁਭਵ ਹੁੰਦਾ ਹੈ। ਜਦ ਮਨੁੱਖ ਆਪਣੀ ਬੰਦਗੀ ਦੇ ਸ਼ਿਖਰ 'ਤੇ ਪਹੁੰਚ ਕੇ ਸਰਗੁਣ ਵਿੱਚ ਨਿਰਗੁਣ ਦੇ ਦਰਸ਼ਨ ਕਰਦਾ ਹੈ ਤਾਂ ਉਸ ਨੂੰ ਅਕਾਲ ਪੁਰਖ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋਣ ਦਾ ਅਨੁਭਵ ਹੁੰਦਾ ਹੈ। ਐਸੀ ਬੇਅੰਤਤਾ ਵਿੱਚ ਸਮਾ ਕੇ ਭਗਤ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤਤਾ ਦੇ ਗੁਣ ਗਾਇਨ ਵਿੱਚ ਮਸਤ ਹੋ ਜਾਂਦਾ ਹੈ। ਸਤਿਗੁਰੂ ਅਵਤਾਰ ਸਤਿਗੁਰ ਪਾਤਿਸ਼ਾਹੀਆਂ ਨੇ ਅਤੇ ਸਾਰੇ ਸੰਤਾਂ-ਭਗਤਾਂ ਨੇ ਸਤਿ ਪਾਰਬ੍ਰਹਮ ਦੀ ਬੇਅੰਤਤਾ ਦਾ ਅਨੁਭਵ ਕੀਤਾ ਹੈ ਅਤੇ ਇਸ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਹੈ।

ਸਤਿ ਪਾਰਬ੍ਰਹਮ ਦੀ ਬੇਅੰਤਤਾ ਦੇ ਬਾਰੇ ਪੂਰਨ ਬ੍ਰਹਮ ਗਿਆਨ ਹੀ ਸਤਿਗੁਰੂ ਅਵਤਾਰ ਧੰਨ ਧੰਨ ਤੀਸਰੀ ਪਾਤਿਸ਼ਾਹੀ ਨੇ ਆਨੰਦ ਸਾਹਿਬ ਗੁਰਬਾਣੀ ਦੀ ਇਸ ਪਉੜੀ ਵਿੱਚ ਦ੍ਰਿੜ੍ਹ ਕਰਾਇਆ ਹੈ। ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਬੇਅੰਤ ਹੈ। ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਅਨੰਤ ਹੈ। ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਅਪਰੰਪਾਰ ਹੈ। ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਕਥੀ ਨਹੀਂ ਜਾ ਸਕਦੀ। ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਬਿਆਨ ਨਹੀਂ ਕੀਤੀ ਜਾ ਸਕਦੀ। ਕਿਉਂਕਿ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਮਹਿਮਾ ਦਾ, ਅੱਜ ਤੱਕ ਇਸ ਧਰਤੀ ਉੱਪਰ ਪ੍ਰਗਟ ਹੋਏ ਸਾਰੇ ਅਵਤਾਰਾਂ, ਸਤਿਗੁਰੂਆਂ, ਸੰਤਾਂ, ਬ੍ਰਹਮ ਗਿਆਨੀਆਂ, ਪੀਰਾਂ ਜਾਂ ਪੈਗੰਬਰਾਂ ਵਿੱਚੋਂ ਪੂਰਾ ਭੇਦ ਕੋਈ ਨਹੀਂ ਪਾ ਸਕਿਆ ਹੈ ਅਤੇ ਵਰਤਮਾਨ ਵਿੱਚ ਜਾਂ ਆਉਣ ਵਾਲੇ ਸਮੇਂ ਵਿੱਚ ਵੀ ਨਾ ਹੀ ਕੋਈ ਪਾ ਸਕਦਾ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੧੭)

ਅੰਤੁ ਤੇਰਾ ਤੂੰਹੈ ਜਾਣਹਿ ਤੂੰ ਸਭ ਮਹਿ ਰਹਿਆ ਸਮਾਏ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੪੧-੫੪੨)

ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੬੮)

ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨ ਹੀ ਪਾਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੯੦)

ਤੂ ਬਿਅੰਤੁ ਤੇਰਾ ਅੰਤੁ ਨ ਪਾਇਆ ਸਬਦੇ ਦੇਹੁ ਬੁਝਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੩੩)

ਕੋਟਿ ਬ੍ਰਹਿਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੧੨)

ਸਤਿਗੁਰੂ ਅਵਤਾਰਾਂ ਅਤੇ ਸੰਤਾਂ-ਭਗਤਾਂ ਨੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਵਿੱਚ ਅਭੇਦ ਹੋ ਕੇ ਉਸ ਦੀਆਂ ਬੇਅੰਤ ਪਰਮ ਸ਼ਕਤੀਆਂ ਅਤੇ ਉਸ ਦੁਆਰਾ ਸਿਰਜੀ ਗਈ ਸਾਰੀ ਸ੍ਰਿਸ਼ਟੀ ਦੀ ਬੇਅੰਤਤਾ ਨੂੰ ਅਨੁਭਵ ਕੀਤਾ ਅਤੇ ਇਹ ਪਰਮ ਸ਼ਕਤੀਸ਼ਾਲੀ ਕਥਾ ਗੁਰਬਾਣੀ ਵਿੱਚ ਪ੍ਰਗਟ ਕੀਤੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਅਟੱਲ ਹੈ, ਸਦਾ ਕਾਇਮ ਰਹਿਣ ਵਾਲਾ ਹੈ। ਭਾਵ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਬਣਾਏ ਗਏ ਸਾਰੇ ਦਰਗਾਹੀ ਵਿਧਾਨ ਅਟੱਲ ਹਨ। ਸਤਿ ਪਾਰਬ੍ਰਹਮ ਪਰਮੇਸ਼ਰ ਦਾ ਹੁਕਮ ਅਟੱਲ ਹੈ। ਗੁਰਬਾਣੀ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਗਿਆਨ ਸਰੂਪ ਹੈ। ਇਸ ਲਈ ਗੁਰਬਾਣੀ ਪੂਰਨ ਸਤਿ ਹੈ। ਭਾਵ ਗੁਰਬਾਣੀ ਵਿੱਚ ਕੋਈ ਖੋਟ ਨਹੀਂ ਹੈ। ਇਸ ਲਈ ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਸਾਰੇ ਦਰਗਾਹੀ ਵਿਧਾਨ ਅਟੱਲ ਹਨ। ਅਥਾਹ ਤੋਂ ਭਾਵ ਹੈ ਜਿਸ ਦਾ ਕੋਈ ਹੱਦ-ਬੰਨਾ ਨਹੀਂ ਹੈ। ਜੋ ਅਨਹਦ ਹੈ। ਜਿਸ ਦਾ ਕੋਈ ਉਰਲਾ ਕਿਨਾਰਾ ਜਾਂ ਪਰਲਾ ਕਿਨਾਰਾ ਕਿਸੇ ਨੇ ਅੱਜ ਤੱਕ ਨਹੀਂ ਦੇਖਿਆ ਹੈ। ਐਸਾ ਸਾਗਰ ਜਿਸ ਦਾ ਕੋਈ ਕਿਨਾਰਾ ਨਹੀਂ ਹੈ ਅਤੇ ਨਾ ਹੀ ਉਸ ਦੀ ਗਹਿਰਾਈ ਦਾ ਕੋਈ ਅੰਤ ਹੈ। ਕਿਉਂਕਿ ਮਾਨਸਰੋਵਰ ਬੇਅੰਤ ਹੈ ਇਸ ਲਈ ਭਗਤ ਬੰਦਗੀ ਵਿੱਚ ਲੀਨ ਜਿਤਨਾ ਗਹਿਰਾ ਮਾਨਸਰੋਵਰ ਵਿੱਚ ਉਤਰਦਾ ਹੈ ਉਸ ਦੀ ਪਿਆਸ ਅਤੇ ਜਿਗਿਆਸਾ ਹੋਰ ਵੱਧ ਜਾਂਦੀ ਹੈ। ਪਰੰਤੂ ਜਦ ਉਸ ਨੂੰ ਇਸ ਬੇਅੰਤ ਪਰਮ ਸ਼ਕਤੀ ਦਾ ਕੋਈ ਆਦਿ ਅੰਤ ਨਹੀਂ ਦਿੱਸਦਾ ਤਾਂ ਉਹ ਸਤਿ ਪਾਰਬ੍ਰਹਮ ਦੀ ਕਿਰਪਾ ਦੇ ਨਾਲ ਹੀ ਇਸ ਸਤਿ-ਸੰਤੋਖ ਵਿੱਚ ਚਲਾ ਜਾਂਦਾ ਹੈ ਅਤੇ ਕਹਿ ਦਿੰਦਾ ਹੈ ਕਿ ਤੂੰ ਅਨੰਤ ਹੈ, ਬੇਅੰਤ ਹੈ, ਅਥਾਹ ਹੈ, ਅਤੁੱਲ ਹੈ। ਮਾਨਸਰੋਵਰ ਦੀਆਂ ਗਹਿਰਾਈਆਂ ਵਿੱਚ ਡੁਬਕੀਆਂ ਲਾਉਂਦੇ ਹੋਏ ਭਗਤ ਕਹਿ ਦਿੰਦੇ ਹਨ: "ਹੇ ਸਤਿ ਪਾਰਬ੍ਰਹਮ ਪਰਮੇਸ਼ਰ ਤੇਰਾ ਅੰਤ ਤੂੰ ਹੀ ਜਾਣਦਾ ਹੈਂ"। ਅੱਜ ਤੱਕ ਜਿਤਨੇ ਅਵਤਾਰ, ਸਤਿਗੁਰੂ, ਸੰਤ, ਬ੍ਰਹਮ ਗਿਆਨੀ, ਭਗਤ, ਗੁਰਮੁਖ, ਪੀਰ ਅਤੇ ਪੈਗੰਬਰ ਧਰਤੀ ਉੱਪਰ ਪ੍ਰਗਟ ਹੋਏ ਹਨ, ਉਨ੍ਹਾਂ ਨੇ ਸਾਰਿਆਂ ਨੇ ਇਹ ਹੀ ਸਤਿ ਬਚਨ ਫੁਰਮਾਏ ਹਨ ਕਿ ਸਤਿ ਪਾਰ ਬ੍ਰਹਮ ਪਰਮੇਸ਼ਰ ਦਾ ਆਦਿ ਅਤੇ ਅੰਤ ਨਹੀਂ ਪਾਇਆ ਜਾ ਸਕਦਾ ਹੈ। ਜਿਵੇਂ ਬ੍ਰਹਿਮੰਡ ਦਾ ਗਿਆਨ ਅੱਜ ਦੇ ਜੁਗ ਵਿੱਚ ਧਰਤੀ ਉੱਪਰ ਵਿਚਰ ਰਹੇ ਪ੍ਰਾਣੀਆਂ ਨੇ ਪ੍ਰਾਪਤ ਕੀਤਾ ਹੈ ਜਿਸ ਨੂੰ ਕਿ ਵਿਗਿਆਨੀਆਂ ਨੇ ਸੋਰ ਮੰਡਲ ਕਿਹਾ ਹੈ। ਭਾਵ ਧਰਤੀ ਅਤੇ ਇਸ ਤੋਂ ਦਿੱਸਣ ਵਾਲੇ ਸਾਰੇ ਗ੍ਰਹਿ, ਉਪਗ੍ਰਹਿ ਅਤੇ ਸਾਰੇ ਤਾਰੇ ਆਦਿ ਮਿਲਾ ਕੇ ਇਸ ਬ੍ਰਹਿਮੰਡ ਦੀ ਪਰਿਭਾਸ਼ਾ ਬਣਦੀ ਹੈ। ਸਤਿ ਪਾਰਬ੍ਰਹਮ ਸਤਿਗੁਰੂ ਸਾਹਿਬਾਨ ਨੇ ਗੁਰਬਾਣੀ ਵਿੱਚ ਐਸੇ ਕਰੋੜਾਂ ਬ੍ਰਹਿਮੰਡਾਂ ਦੀ ਕਥਾ ਪ੍ਰਗਟ ਕੀਤੀ ਹੈ। ਇੱਕ ਬ੍ਰਹਿਮੰਡ ਜਿਸ ਦਾ ਕਿ ਸੰਸਾਰਿਕ ਵਿਗਿਆਨੀਆਂ ਨੇ ਗਿਆਨ ਪ੍ਰਾਪਤ ਕੀਤਾ ਹੈ ਉਸ ਦੇ ਬਾਰੇ ਵੀ ਅਜੇ ਪੂਰਾ ਗਿਆਨ ਨਹੀਂ ਹੈ ਤਾਂ ਕਰੋੜਾਂ ਬ੍ਰਹਿਮੰਡਾਂ ਦਾ ਗਿਆਨ ਤਾਂ ਬਹੁਤ ਪਰੇ ਦੀ ਗੱਲ ਹੈ। ਸਤਿਗੁਰੂ ਅਵਤਾਰਾਂ ਨੇ ਕਰੋੜਾਂ ਬ੍ਰਹਿਮੰਡਾਂ ਦੀ ਕਥਾ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਅਤੇ ਸੇਵਾ ਦੇ ਦੌਰਾਨ ਹੋਏ ਆਪਣੇ ਅਨੁਭਵਾਂ ਦੇ ਆਧਾਰ ਉੱਪਰ ਗੁਰਬਾਣੀ ਵਿੱਚ ਪ੍ਰਗਟ ਕੀਤੀ ਹੈ। ਇਹ ਕੋਈ ਸੁਣੀ-ਸੁਣਾਈ ਗੱਲ ਨਹੀਂ ਹੈ ਇਹ ਕਥਾ ਜੋ ਗੁਰਬਾਣੀ ਵਿੱਚ ਪ੍ਰਗਟ ਹੋਈ ਹੈ ਇਹ ਪੂਰਨ ਸਤਿ ਹੈ। ਜੋ ਮਨੁੱਖ ਆਪਣੀ ਬੰਦਗੀ ਦੇ ਦੌਰਾਨ ਸਤਿਨਾਮ ਸਿਮਰਨ ਦੇ ਲੰਬੇ ਅਭਿਆਸ

ਵਿੱਚ ਬੈਠੇ ਹੋਏ ਸੁੰਨ ਸਮਾਧੀ ਵਿੱਚ ਜਾਂਦੇ ਹਨ ਜਾਂ ਡੂੰਘੀ ਸਮਾਧੀ ਵਿੱਚ ਜਾਂਦੇ ਹਨ; ਉਹ ਸ੍ਰਿਸ਼ਟੀ ਦੀ ਬੇਅੰਤਤਾ ਦੇ ਪ੍ਰਮਾਣ ਅਨੁਭਵ ਕਰਦੇ ਹਨ। ਇਹ ਪਰਮ ਸਤਿ ਹੈ ਕਿ ਜੋ ਕੁਝ ਵੀ ਗੁਰਬਾਣੀ ਵਿੱਚ ਸਤਿਗੁਰੂ ਸਾਹਿਬਾਨ ਨੇ ਲਿਖਿਆ ਹੈ ਉਹ ਪੂਰਨ ਸਤਿ ਹੈ। ਗੁਰਬਾਣੀ ਵਿੱਚ ਲਿਖਿਆ ਗਿਆ ਹਰ ਇੱਕ ਸ਼ਬਦ ਪੂਰਨ ਸਤਿ ਹੈ ਅਤੇ ਇਹ ਸਤਿ ਦੀ ਬੰਦਗੀ ਕਰਨ ਵਾਲੇ ਮਨੁੱਖਾਂ ਨਾਲ ਪ੍ਰਤੱਖ ਵਾਪਰਦਾ ਹੈ। ਗੁਰਬਾਣੀ ਵਿੱਚ ਲਿਖਿਆ ਗਿਆ ਹਰ ਇੱਕ ਸ਼ਬਦ ਕੇਵਲ ਗਿਆਨ ਹੀ ਨਹੀਂ ਹੈ ਬਲਕਿ ਜਿਨ੍ਹਾਂ ਸਤਿਗੁਰੂਆਂ ਨੇ ਇਨ੍ਹਾਂ ਸ਼ਬਦਾਂ ਦਾ ਉਚਾਰਨ ਕੀਤਾ ਹੈ ਉਨ੍ਹਾਂ ਨਾਲ ਇਹ ਸਤਿ ਪ੍ਰਤੱਖ ਪ੍ਰਗਟ ਹੋਇਆ ਹੈ। ਗੁਰਬਾਣੀ ਵਿੱਚ ਲਿਖੇ ਗਏ ਸਾਰੇ ਸ਼ਬਦ ਸਤਿਗੁਰੂਆਂ ਦਾ ਉਨ੍ਹਾਂ ਦੀ ਬੰਦਗੀ ਦੌਰਾਨ ਕੀਤਾ ਗਿਆ ਅਨੁਭਵ ਹੈ।

ਐਸੀ ਬੇਅੰਤਤਾ ਦੀ ਕਥਾ ਧੰਨ ਧੰਨ ਸੰਤ ਸਤਿਗੁਰੂ ਕਬੀਰ ਪਾਤਸ਼ਾਹ ਜੀ ਦੀ ਬੰਦਗੀ ਦੌਰਾਨ ਪ੍ਰਗਟ ਹੋਈ ਜੋ ਕਿ ਇਸ ਸਤਿ ਪਾਰਬ੍ਰਹਮ ਰੂਪ ਪੂਰਨ ਸੰਤ ਸਤਿਗੁਰੂ ਨੇ ਆਪਣੀ ਬਾਣੀ ਵਿੱਚ ਪ੍ਰਗਟ ਕੀਤੀ ਹੈ। ਐਸਾ ਬੇਅੰਤ ਹੈ ਸਤਿ ਪਾਰਬ੍ਰਹਮ ਪਰਮੇਸ਼ਰ ਕਿ ਜਿਸ ਦੇ ਦਰ ਉੱਪਰ ਕਰੋੜਾਂ ਸੂਰਜ ਚਾਨਣ ਕਰ ਰਹੇ ਹਨ। ਭਾਵ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਚਰਨਾਂ ਵਿੱਚ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹੈ। ਕਰੋੜਾਂ ਸੂਰਜ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਸੇਵਾ ਵਿੱਚ ਸਥਾਪਿਤ ਹਨ। ਕਰੋੜਾਂ ਸ਼ਿਵਾ ਜੀ ਅਤੇ ਕਰੋੜਾਂ ਹੀ ਕੈਲਾਸ਼ ਪਰਬਤ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਸੇਵਾ ਵਿੱਚ ਉਪਸਥਿਤ ਹਨ। ਕਰੋੜਾਂ ਬ੍ਰਹਮਾ ਜੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਸੇਵਾ ਵਿੱਚ ਵੇਦਾਂ ਦਾ ਉਚਾਰਨ ਕਰ ਰਹੇ ਹਨ। ਕਰੋੜਾਂ ਹੀ ਦੁਰਗਾ (ਦੇਵੀ) ਜਿਸ ਦੇ ਚਰਨਾਂ ਨੂੰ ਪਰਸ ਰਹੀਆਂ ਹਨ। ਐਸਾ ਬੇਅੰਤ ਸਤਿ ਪਾਰਬ੍ਰਹਮ ਪਰਮੇਸ਼ਰ ਜਿਸ ਦਾ ਮਾਲਕ ਹੋਵੇ, ਸੁਆਮੀ ਹੋਵੇ ਅਤੇ ਰਾਖਾ ਹੋਵੇ ਉਹ ਭਲਾ ਹੋਰ ਕਿਸੇ ਦੇਵਤੇ ਅੱਗੇ ਆਪਣੀ ਝੋਲੀ ਕਿਉਂ ਅੱਡੇਗਾ। ਕਰੋੜਾਂ ਚੰਦਰਮੇ ਜਿਸ ਦੀ ਸਿਰਜੀ ਹੋਈ ਸ੍ਰਿਸ਼ਟੀ ਵਿੱਚ ਵਿਚਰ ਰਹੇ ਹਨ ਅਤੇ ੩੩ ਕਰੋੜ ਦੇਵਤੇ ਜਿਸ ਦੇ ਦਰ 'ਤੇ ਸਵਰਗ ਦੇ ਸੁੱਖਾਂ ਦਾ ਆਨੰਦ ਮਾਣਦੇ ਹਨ, ਐਸਾ ਪਰਮ ਸ਼ਕਤੀਸ਼ਾਲੀ, ਅਨੰਤ, ਬੇਅੰਤ, ਅਗੰਮ, ਅਗੋਚਰ, ਸਰਬ ਕਲਾ ਕਾ ਗਿਆਤਾ, ਸਾਰੀ ਸ੍ਰਿਸ਼ਟੀ ਦਾ ਮਾਲਕ ਹੈ ਸਤਿ ਪਾਰ ਬ੍ਰਹਮ ਪਰਮੇਸ਼ਰ। ਕਰੋੜਾਂ ਹੀ ਨੌਂ ਗ੍ਰਹਿ ਜਿਸ ਦੇ ਦਰਬਾਰ ਦੀ ਸ਼ੋਭਾ ਵਿੱਚ ਖੜ੍ਹੇ ਹੋਏ ਹਨ। ਹਰ ਇੱਕ ਬ੍ਰਹਿਮੰਡ ਵਿੱਚ ਨੌਂ ਗ੍ਰਹਿ ਹੁੰਦੇ ਹਨ। ਇਸ ਲਈ ਕਰੋੜਾਂ ਬ੍ਰਹਿਮੰਡਾਂ ਵਿੱਚ ਕਰੋੜਾਂ ਗੁਣਾ ਹੀ ਗ੍ਰਹਿ ਹਨ ਜੋ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਬਾਰ ਵਿੱਚ ਸੇਵਾ ਕਰਦੇ ਖੜ੍ਹੇ ਹੋਏ ਹਨ। ਐਸੇ ਪਰਮ ਸ਼ਕਤੀਸ਼ਾਲੀ, ਅਨੰਤ, ਬੇਅੰਤ, ਅਗੰਮ, ਅਗੋਚਰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਬਾਰ ਦੇ ਕਰੋੜਾਂ ਧਰਮਰਾਜ ਦਰਬਾਨ ਹਨ। ਐਸੇ ਪਰਮ ਸ਼ਕਤੀਸ਼ਾਲੀ, ਅਨੰਤ, ਬੇਅੰਤ, ਅਗੰਮ, ਅਗੋਚਰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਭਵਨਾਂ ਉੱਪਰ ਕਰੋੜਾਂ ਹੀ ਪਵਨ ਗੁਰੂ ਚੌਰ ਕਰਦੀਆਂ ਹਨ। ਕਰੋੜਾਂ ਹੀ ਸਾਗਰ ਜਿਸ ਦਾ ਪਾਣੀ ਭਰਦੇ ਹਨ ਅਤੇ ਕਰੋੜਾਂ ਹੀ ਸ਼ੇਸ਼ਨਾਗ ਜਿਸ ਦੀ ਸੇਜ ਵਿਛਾਉਂਦੇ ਹਨ। ਸਾਰੀ ਬਨਸਪਤ ਜਿਸ ਦੇ ਰੋਮ-ਰੋਮ ਹਨ। ਭਾਵ ਐਸਾ ਪਰਮ ਸ਼ਕਤੀਸ਼ਾਲੀ, ਸਰਵ-ਸ਼ਕਤੀਮਾਨ, ਅਨੰਤ, ਬੇਅੰਤ ਅਗੰਮ, ਅਗੋਚਰ ਸਤਿ ਪਾਰਬ੍ਰਹਮ ਪਰਮੇਸ਼ਰ ਸਰਬ ਵਿਆਪਕ ਹੈ। ਕਰੋੜਾਂ ਕੁਬੇਰ ਦੇਵਤੇ ਹਨ ਜੋ ਪਰਮ ਸ਼ਕਤੀਸ਼ਾਲੀ, ਸਰਵ-ਸ਼ਕਤੀਮਾਨ, ਅਨੰਤ, ਬੇਅੰਤ, ਅਗੰਮ, ਅਗੋਚਰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਖ਼ਜ਼ਾਨੇ ਭਰਦੇ ਹਨ ਅਤੇ ਕਰੋੜਾਂ ਹੀ ਲੱਛਮੀਆਂ ਸ਼ਿੰਗਾਰ ਕਰ ਕੇ ਜਿਸ ਦੇ ਚਰਨ-ਕਮਲਾਂ ਦੀ ਸੇਵਾ ਵਿੱਚ ਸਮਰਪਿਤ ਹਨ। ਕਰੋੜਾਂ ਹੀ ਪਾਪ ਅਤੇ ਪੁੰਨ ਜਿਸ ਦੇ ਹੁਕਮ ਦੀ ਉਡੀਕ ਵਿੱਚ ਖੜ੍ਹੇ ਹੋਏ ਹਨ ਅਤੇ ਕਰੋੜਾਂ ਹੀ ਇੰਦਰ ਦੇਵਤੇ ਜਿਸ ਦੀ ਸੇਵਾ ਵਿੱਚ ਹਾਜ਼ਿਰ ਹਨ। ਜਿਸ ਪਰਮ ਸ਼ਕਤੀਮਾਨ ਸਤਿ ਪਾਰਬ੍ਰਹਮ

ਪਰਮੇਸ਼ਰ ਦੇ ਦਰ 'ਤੇ ਛਪੰਜਾ (੫੬) ਕਰੋੜ ਬੱਦਲ ਦਰਬਾਨ ਹਨ ਅਤੇ ਜੋ ਬੱਦਲ ਸਾਰੇ ਬ੍ਰਹਿਮੰਡਾਂ ਵਿੱਚ ਥਾਂ-ਥਾਂ 'ਤੇ ਚਮਕ ਰਹੇ ਹਨ। ਸਰਵ-ਸ਼ਕਤੀਮਾਨ, ਅਨੰਤ, ਬੇਅੰਤ, ਅਗੰਮ, ਅਗੋਚਰ, ਸਤਿ ਪਾਰਬ੍ਰਹਮ ਪਰਮੇਸ਼ਰ ਜੋ ਸਾਰੇ ਬ੍ਰਹਿਮੰਡਾਂ ਦਾ ਪਾਲਣਹਾਰਾ ਹੈ ਉਸ ਦੇ ਦਰ 'ਤੇ ਕ੍ਰੋੜਾਂ ਸ਼ਕਤੀਆਂ ਖੇਡਾਂ ਕਰ ਰਹੀਆਂ ਹਨ ਅਤੇ ਕ੍ਰੋੜਾਂ ਹੀ ਕਾਲਕਾ (ਦੇਵੀਆਂ) ਕੇਸ ਖੋਲ੍ਹ ਕੇ ਡਰਾਉਣਾ ਰੂਪ ਧਾਰ ਕੇ ਜਿਸ ਦੇ ਦਰ 'ਤੇ ਮੌਜੂਦ ਹਨ। ਪਰਮ ਸ਼ਕਤੀਸ਼ਾਲੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਦਰਗਾਹ ਵਿੱਚ ਕ੍ਰੋੜਾਂ ਜੱਗ ਹੋ ਰਹੇ ਹਨ ਅਤੇ ਕ੍ਰੋੜਾਂ ਗੰਧਰਬ (ਸਵਰਗ ਲੋਕ ਦੇ ਕੀਰਤਨੀਏ) ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਮਹਿਮਾ ਦਾ ਗਾਇਨ ਕਰਦੇ ਹੋਏ ਜੈ ਜੈ ਕਾਰ ਕਰ ਰਹੇ ਹਨ। ਕ੍ਰੋੜਾਂ ਕਿਸਮ ਦੀਆਂ ਵਿੱਦਿਆਵਾਂ ਜਿਸ ਦੇ ਬੇਅੰਤ ਗੁਣਾਂ ਅਤੇ ਮਹਿਮਾ ਦਾ ਬਿਆਨ ਕਰ ਰਹੀਆਂ ਹਨ। ਪਰੰਤੂ ਫਿਰ ਵੀ ਪਰਮ ਸ਼ਕਤੀਸ਼ਾਲੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਬੇਅੰਤ ਗੁਣਾਂ ਦਾ, ਬੇਅੰਤ ਸ਼ਕਤੀਆਂ ਦਾ ਅਤੇ ਬੇਅੰਤ ਸ੍ਰਿਸ਼ਟੀ ਦਾ ਅੰਤ ਨਹੀਂ ਪਾ ਸਕਦੀਆਂ ਹਨ। ਕ੍ਰੋੜਾਂ ਹੀ ਵਾਮਨ ਅਵਤਾਰ (ਜਿਸ ਨੂੰ ਸਤਿਯੁਗ ਦੇ ਸਤਿਗੁਰੂ ਅਵਤਾਰ ਰੂਪ ਵਿੱਚ ਗੁਰਬਾਣੀ ਨੇ ਸਤਿਕਾਰਿਆ ਹੈ) ਸਤਿ ਪਾਰਬ੍ਰਹਮ ਪਰਮੇਸ਼ਰ ਦੇ ਜਿਵੇਂ ਰੋਮ-ਰੋਮ ਹਨ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰ 'ਤੇ ਕ੍ਰੋੜਾਂ ਹੀ ਸ੍ਰੀ ਰਾਮ ਚੰਦਰ ਜੀ (ਜਿਸ ਨੂੰ ਤ੍ਰੇਤੇ ਯੁਗ ਦਾ ਸਤਿਗੁਰੂ ਅਵਤਾਰ ਕਹਿ ਕੇ ਗੁਰਬਾਣੀ ਵਿੱਚ ਸਨਮਾਨਿਆ ਗਿਆ ਹੈ) ਹਨ ਜਿਸ ਤੋਂ ਰਾਵਣ ਦੀ ਸੈਨਾ ਹਾਰੀ ਸੀ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰ 'ਤੇ ਕ੍ਰੋੜਾਂ ਹੀ ਸ੍ਰੀ ਕ੍ਰਿਸ਼ਨ ਜੀ (ਜਿਸ ਨੂੰ ਗੁਰਬਾਣੀ ਵਿੱਚ ਦਵਾਪਰ ਯੁਗ ਦੇ ਸਤਿਗੁਰੂ ਅਵਤਾਰ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ) ਹਨ ਜਿਸ ਨੂੰ ਭਾਗਵਤ ਪੁਰਾਣ ਬਿਆਨ ਕਰ ਰਿਹਾ ਹੈ ਅਤੇ ਜਿਸ ਨੇ ਦੁਰਜੋਧਨ (ਮਹਾ ਭਾਰਤ ਦੇ ਯੁੱਧ ਵਿੱਚ ਪਰਾਜਿਤ ਕਰ ਕੇ) ਦਾ ਅਹੰਕਾਰ ਤੋੜਿਆ ਸੀ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਸੁੰਦਰਤਾ ਦੀ ਸਮਤਾ ਕ੍ਰੋੜਾਂ ਕਾਮਦੇਵ ਵੀ ਨਹੀਂ ਕਰ ਸਕਦੇ ਹਨ। (ਕਾਮਦੇਵ ਜੋ ਕਾਮ ਦਾ ਦੇਵਤਾ ਹੈ ਅਤੇ ਦੇਵੀ ਰਤੀ ਉਸ ਦੀ ਪਤਨੀ ਹੈ ਜਿਨ੍ਹਾਂ ਦਾ ਕਰਮ ਕੇਵਲ ਨਿੱਤ ਜੀਵਾਂ ਦੇ ਵਿੱਚ ਕਾਮ ਦੀ ਅੰਦਰਲੀ ਵਾਸ਼ਨਾ ਨੂੰ ਜਗਾਉਣਾ ਹੈ।) ਜਿਸ ਦਾ ਸਿਰਜਣਹਾਰ, ਪਾਲਣਹਾਰ, ਸੁਆਮੀ, ਮਾਲਕ ਅਤੇ ਰੱਖਣਹਾਰਾ ਸਤਿ ਪਾਰਬ੍ਰਹਮ ਪਰਮੇਸ਼ਰ ਸਾਰੀਆਂ ਪਰਮ ਸ਼ਕਤੀਆਂ ਦਾ ਸੋਮਾ ਹੈ ਅਤੇ ਮਾਲਕ ਹੈ ਉਸ ਨੂੰ ਹੋਰ ਕਿਸੇ ਦੇਵੀ-ਦੇਵਤਿਆਂ ਦੇ ਅੱਗੇ ਝੋਲੀ ਅੱਡਣ ਦੀ ਕੀ ਜ਼ਰੂਰਤ ਹੈ। ਭਾਵ ਸਾਡਾ ਸਾਰੇ ਪ੍ਰਾਣੀਆਂ ਦਾ ਸਿਰਜਣਹਾਰ, ਪਾਲਣਹਾਰ, ਸੁਆਮੀ, ਮਾਲਕ ਅਤੇ ਰੱਖਣਹਾਰਾ ਸਤਿ ਪਾਰਬ੍ਰਹਮ ਪਰਮੇਸ਼ਰ ਸਾਰੀਆਂ ਪਰਮ ਸ਼ਕਤੀਆਂ ਦਾ ਸੋਮਾ ਹੈ ਅਤੇ ਮਾਲਕ ਹੈ ਇਸ ਲਈ ਸਾਨੂੰ ਹੋਰ ਕਿਸੇ ਦੇਵੀ-ਦੇਵਤਿਆਂ ਦੇ ਅੱਗੇ ਝੋਲੀ ਅੱਡਣ ਦੀ ਕੋਈ ਜ਼ਰੂਰਤ ਨਹੀਂ ਹੈ। ਇਸ ਲਈ ਸਾਰੀ ਮਾਨਸ ਜਾਤ ਨੂੰ ਸਨਿਮਰ ਬੇਨਤੀ ਹੈ ਕਿ ਕੇਵਲ ਪਰਮ ਸ਼ਕਤੀਸ਼ਾਲੀ, ਅਨੰਤ, ਬੇਅੰਤ, ਅਗੰਮ, ਅਗੋਚਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਕਰੋ ਅਤੇ ਕਿਸੇ ਦੇਵੀ-ਦੇਵਤੇ ਦੇ ਅੱਗੇ ਆਪਣੀ ਝੋਲੀ ਨਾ ਅੱਡੋ ਅਤੇ ਨਾ ਹੀ ਕਿਸੇ ਦੇਵੀ-ਦੇਵਤੇ ਦੀ ਪੂਜਾ-ਅਰਚਨਾ ਕਰੋ। ਇਸ ਪਰਮ ਸਤਿ ਤੱਤ ਨੂੰ ਧੰਨ ਧੰਨ ਸੰਤ ਸਤਿਗੁਰੂ ਕਬੀਰ ਪਾਤਸ਼ਾਹ ਜੀ ਨੇ ਆਪਣੇ ਇਸ ਪਰਮ ਸ਼ਕਤੀਸ਼ਾਲੀ ਸਲੋਕ ਵਿੱਚ ਪ੍ਰਗਟ ਕੀਤਾ ਹੈ:

ਕੋਟਿ ਸੂਰ ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ ॥
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ ॥੧॥
ਜਉ ਜਾਚਉ ਤਉ ਕੇਵਲ ਰਾਮ ॥ ਆਨ ਦੇਵ ਸਿਉ ਨਾਹੀ ਕਾਮ ॥੧॥ ਰਹਾਉ ॥
ਕੋਟਿ ਚੰਦ੍ਰਮੇ ਕਰਹਿ ਚਰਾਕ ॥ ਸੁਰ ਤੇਤੀਸਉ ਜੇਵਹਿ ਪਾਕ ॥

ਨਵ ਗ੍ਰਹ ਕੋਟਿ ਠਾਢੇ ਦਰਬਾਰ ॥ ਧਰਮ ਕੋਟਿ ਜਾ ਕੈ ਪ੍ਰਤਿਹਾਰ ॥੨॥
ਪਵਨ ਕੋਟਿ ਚਉਬਾਰੇ ਫਿਰਹਿ ॥ ਬਾਸਕ ਕੋਟਿ ਸੇਜ ਬਿਸਥਰਹਿ ॥
ਸਮੁੰਦ ਕੋਟਿ ਜਾ ਕੇ ਪਾਨੀਹਾਰ ॥ ਰੋਮਾਵਲਿ ਕੋਟਿ ਅਠਾਰਹ ਭਾਰ ॥੩॥
ਕੋਟਿ ਕਮੇਰ ਭਰਹਿ ਭੰਡਾਰ ॥ ਕੋਟਿਕ ਲਖਿਮੀ ਕਰੈ ਸੀਗਾਰ ॥
ਕੋਟਿਕ ਪਾਪ ਪੁੰਨ ਬਹੁ ਹਿਰਹਿ ॥ ਇੰਦ੍ਰ ਕੋਟਿ ਜਾ ਕੇ ਸੇਵਾ ਕਰਹਿ ॥੪॥
ਛਪਨ ਕੋਟਿ ਜਾ ਕੈ ਪ੍ਰਤਿਹਾਰ ॥ ਨਗਰੀ ਨਗਰੀ ਖਿਅਤ ਅਪਾਰ ॥
ਲਟ ਛੂਟੀ ਵਰਤੈ ਬਿਕਰਾਲ ॥ ਕੋਟਿ ਕਲਾ ਖੇਲੈ ਗੋਪਾਲ ॥੫॥
ਕੋਟਿ ਜਗ ਜਾ ਕੈ ਦਰਬਾਰ ॥ ਗੰਧ੍ਰਬ ਕੋਟਿ ਕਰਹਿ ਜੈਕਾਰ ॥
ਬਿਦਿਆ ਕੋਟਿ ਸਭੈ ਗੁਨ ਕਹੈ ॥ ਤਊ ਪਾਰਬ੍ਰਹਮ ਕਾ ਅੰਤੁ ਨ ਲਹੈ ॥੬॥
ਬਾਵਨ ਕੋਟਿ ਜਾ ਕੈ ਰੋਮਾਵਲੀ ॥ ਰਾਵਨ ਸੈਨਾ ਜਹ ਤੇ ਛਲੀ ॥
ਸਹਸ ਕੋਟਿ ਬਹੁ ਕਹਤ ਪੁਰਾਨ ॥ ਦੁਰਜੋਧਨ ਕਾ ਮਥਿਆ ਮਾਨੁ ॥੭॥
ਕੰਦ੍ਰਪ ਕੋਟਿ ਜਾ ਕੈ ਲਵੈ ਨ ਧਰਹਿ ॥ ਅੰਤਰ ਅੰਤਰਿ ਮਨਸਾ ਹਰਹਿ ॥
ਕਹਿ ਕਬੀਰ ਸੁਨਿ ਸਾਰਿਗਪਾਨ ॥ ਦੇਹਿ ਅਭੈ ਪਦੁ ਮਾਂਗਉ ਦਾਨ ॥੮॥੨॥੧੮॥੨੦॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੬੨-੧੧੬੩)

ਪਰਮ ਸ਼ਕਤੀਸ਼ਾਲੀ ਸਤਿ ਪਾਰ ਬ੍ਰਹਮ ਪਰਮੇਸ਼ਰ ਦੀ ਬੇਅੰਤਤਾ ਦੀ ਕਥਾ ਧੰਨ ਧੰਨ ਪੰਚਮ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿੱਚ ਪ੍ਰਗਟ ਕਰ ਕੇ ਇਸ ਪਰਮ ਸਤਿ ਤੱਤ ਨੂੰ ਦ੍ਰਿੜ੍ਹ ਕਰਾਇਆ ਹੈ। ਧੰਨ ਧੰਨ ਸਤਿ ਪਾਰਬ੍ਰਹਮ ਦੀ ਮਹਿਮਾ ਦਾ ਕੋਈ ਅੰਤ ਨਹੀਂ ਹੈ। ਧਰਤੀ ਉੱਪਰ ਵਿਚਰਨ ਵਾਲੇ ਪ੍ਰਾਣੀ ਮਾਤਰ ਇੱਕ ਵਿਸ਼ਨੂ, ਇੱਕ ਬ੍ਰਹਮਾ ਅਤੇ ਇੱਕ ਸ਼ਿਵੇ ਨੂੰ ਸੁਣਦੇ ਅਤੇ ਜਾਣਦੇ ਹਨ। ਪਰੰਤੂ ਪੰਚਮ ਸਤਿਗੁਰੂ ਅਵਤਾਰ ਜੀ ਨੇ ਆਪਣੀ ਬੰਦਗੀ ਦੇ ਦੌਰਾਨ ਕਰੋੜਾਂ ਹੀ ਵਿਸ਼ਨੂ ਅਵਤਾਰਾਂ ਦੀ ਕਥਾ ਨੂੰ ਅਨੁਭਵ ਕੀਤਾ ਹੈ। ਉਨ੍ਹਾਂ ਨੇ ਕਰੋੜਾਂ ਹੀ ਬ੍ਰਹਿਮੰਡਾਂ ਦੇ ਦਰਸ਼ਨ ਕੀਤੇ ਹਨ ਜਿੱਥੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਉਸਤਤ ਬੰਦਗੀ ਪ੍ਰਗਟ ਹੋ ਰਹੀ ਹੈ। ਉਨ੍ਹਾਂ ਨੇ ਕਰੋੜਾਂ ਹੀ ਸ਼ਿਵਾਂ ਦੀ ਕਥਾ ਨੂੰ ਪ੍ਰਗਟ ਹੁੰਦੇ ਹੋਏ ਅਨੁਭਵ ਕੀਤਾ ਹੈ। ਪੰਚਮ ਪਾਤਸ਼ਾਹ ਜੀ ਨੇ ਇਹ ਵੀ ਅਨੁਭਵ ਕੀਤਾ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਕਰੋੜਾਂ ਹੀ ਬ੍ਰਹਮ ਦੇਵਾਂ ਨੂੰ ਕਰੋੜਾਂ ਹੀ ਜੱਗਾਂ ਦੀ ਸਿਰਜਣਾ ਕਰਨ ਲਈ ਲਾਇਆ ਹੋਇਆ ਹੈ।

ਭੈਰਉ ਮਹਲਾ ੫ ॥ ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਿਮੰਡ ਜਾ ਕੇ ਧ੍ਰਮਸਾਲ ॥
ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥੧॥
ਐਸੋ ਧਣੀ ਗੁਵਿੰਦੁ ਹਮਾਰਾ ॥ ਬਰਨਿ ਨ ਸਾਕਉ ਗੁਣ ਬਿਸਥਾਰਾ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੫੬)

ਐਸੇ ਪਰਮ ਸ਼ਕਤੀਸ਼ਾਲੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ, ਰਚਨਾ, ਸ੍ਰਿਸ਼ਟੀ, ਸਾਰੇ ਬ੍ਰਹਿਮੰਡ ਆਦਿ ਦਾ ਕੋਈ ਸੰਤ, ਸਤਿਗੁਰੂ, ਅਵਤਾਰ, ਬ੍ਰਹਮ ਗਿਆਨੀ, ਭਗਤ, ਪੀਰ

ਅਤੇ ਪੈਗੰਬਰ ਅੱਜ ਤੱਕ ਆਦਿ ਅਤੇ ਅੰਤ ਨਹੀਂ ਪਾ ਸਕਿਆ ਹੈ। ਐਸੇ ਪਰਮ ਸ਼ਕਤੀਸ਼ਾਲੀ ਸਰਬ ਕਲਾ ਭਰਪੂਰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਗੁਣਾਂ ਦੀ ਮਹਿਮਾ ਵੀ ਬੇਅੰਤ ਹੈ। ਐਸੇ ਪਰਮ ਸ਼ਕਤੀਸ਼ਾਲੀ ਸਰਬ ਕਲਾ ਭਰਪੂਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਦਾ ਵੀ ਕੋਈ ਅੰਤ ਨਹੀਂ ਹੈ ਨਾ ਹੀ ਉਸ ਦੇ ਬ੍ਰਹਮ ਗਿਆਨ ਦਾ ਕੋਈ ਅੰਤ ਹੈ। ਜਦ ਬੰਦਗੀ ਦਰਗਾਹ ਵਿੱਚ ਪ੍ਰਵਾਨ ਹੋ ਜਾਂਦੀ ਹੈ ਤਾਂ ਉਸ ਤੋਂ ਉਪਰੰਤ ਲੁਕਾਈ ਦੀ ਸੇਵਾ ਬੰਦਗੀ ਬਣ ਜਾਂਦੀ ਹੈ। ਇਸੇ ਤਰ੍ਹਾਂ ਨਾਲ ਬ੍ਰਹਮ ਗਿਆਨ ਦਾ ਵੀ ਕੋਈ ਅੰਤ ਨਹੀਂ ਹੈ। ਜਿਵੇਂ-ਜਿਵੇਂ ਬੰਦਗੀ ਸੇਵਾ ਮਾਨਸਰੋਵਰ ਵਿੱਚ ਹੋਰ ਗਹਿਰੀ ਉਤਰਦੀ ਜਾਂਦੀ ਹੈ ਤਾਂ ਬ੍ਰਹਮ ਗਿਆਨ ਵੀ ਹੋਰ ਡੂੰਘਾ ਮਾਨਸਰੋਵਰ ਵਿੱਚ ਉਤਰਦਾ ਜਾਂਦਾ ਹੈ। ਐਸੇ ਸੰਤ, ਸਤਿਗੁਰੂ, ਅਵਤਾਰ, ਬ੍ਰਹਮ ਗਿਆਨੀ, ਭਗਤ, ਪੀਰ ਅਤੇ ਪੈਗੰਬਰਾਂ ਦਾ ਧਰਤੀ ਉੱਪਰ ਵਿਚਰਨਾ ਧਰਤੀ ਉੱਪਰ ਵਿਚਰਨ ਵਾਲੇ ਪ੍ਰਾਣੀਆਂ ਲਈ ਬਹੁਤ ਵੱਡਾ ਵਰਦਾਨ ਬਣ ਜਾਂਦਾ ਹੈ। ਐਸੇ ਮਹਾਂਪੁਰਖ ਜਿੱਥੇ ਵੀ ਬੈਠ ਜਾਂਦੇ ਹਨ ਉੱਥੇ ਧਰਤੀ ਹਰੀ ਹੋ ਜਾਂਦੀ ਹੈ। ਧਰਤੀ ਉੱਪਰ ਦਾ ਵਾਤਾਵਰਨ ਸਾਫ਼-ਸੁਥਰਾ ਅਤੇ ਸ਼ਾਂਤਮਈ ਹੋ ਜਾਂਦਾ ਹੈ। ਧਰਤੀ ਤੋਂ ਕੂੜ ਦਾ ਨਾਸ ਹੋ ਜਾਂਦਾ ਹੈ। ਐਸੇ ਮਹਾਂਪੁਰਖਾਂ ਦੀ ਸੰਗਤ ਵਿੱਚ ਜਾਣ ਵਾਲੇ ਮਨੁੱਖ ਧੰਨ-ਧੰਨ ਹੋ ਜਾਂਦੇ ਹਨ।

ਤੱਤ ਭਾਵ ਇਹ ਹੈ ਕਿ ਸਤਿ ਪਾਰਬ੍ਰਹਮ ਆਪ ਅਗੰਮ ਹੈ, ਅਗੋਚਰ ਹੈ, ਅਨੰਤ ਹੈ, ਬੇਅੰਤ ਹੈ, ਅਲਿਖ ਹੈ, ਅਦਿੱਖ ਹੈ, ਸਰਵੇਸ਼ਵਰ ਹੈ, ਸਰਬ ਕਲਾ ਭਰਪੂਰ ਹੈ, ਜਿਸ ਦਾ ਨਾ ਕੋਈ ਆਦਿ ਜਾਣਦਾ ਹੈ ਨਾ ਹੀ ਕੋਈ ਅੰਤ ਜਾਣਦਾ ਹੈ ਅਤੇ ਐਸੇ ਸਰਵ-ਸ਼ਕਤੀਮਾਨ ਪਾਰਬ੍ਰਹਮ ਪਰਮੇਸ਼ਰ ਦਾ ਪੂਰਾ ਭੇਦ ਅੱਜ ਤੱਕ ਕਿਸੇ ਸੰਤ, ਸਤਿਗੁਰੂ, ਅਵਤਾਰ, ਬ੍ਰਹਮ ਗਿਆਨੀ, ਭਗਤ, ਪੀਰ ਅਤੇ ਪੈਗੰਬਰ ਨੇ ਨਹੀਂ ਪਾਇਆ ਹੈ। ਪਰਮ ਸ਼ਕਤੀਸ਼ਾਲੀ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਆਦਿ ਅਤੇ ਅੰਤ ਕੇਵਲ ਉਹ ਆਪ ਹੀ ਜਾਣਦਾ ਹੈ।

■

ਅਨੰਦੁ ਸਾਹਿਬ-ਪਉੜੀ ੧੩

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ ॥
ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ ॥
ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ ॥
ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥੧੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੮)

ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਕੇਵਲ ਮਨੁੱਖਾ ਜਨਮ ਵਿੱਚ ਹੀ ਨਸੀਬ ਹੁੰਦੀ ਹੈ। ਅੰਮ੍ਰਿਤ ਦੀ ਪ੍ਰਾਪਤੀ ਕੇਵਲ ਮਨੁੱਖਾ ਜਨਮ ਵਿੱਚ ਹੀ ਹੁੰਦੀ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਕੇਵਲ ਮਨੁੱਖਾ ਜਨਮ ਵਿੱਚ ਹੀ ਹੁੰਦੀ ਹੈ। ਸਤਿਗੁਰੂ ਦੀ ਕਿਰਪਾ ਕੇਵਲ ਮਨੁੱਖਾ ਜਨਮ ਵਿੱਚ ਹੀ ਪ੍ਰਾਪਤ ਹੁੰਦੀ ਹੈ। ਸੰਤ ਸਤਿਗੁਰੂ ਬ੍ਰਹਮ ਗਿਆਨੀ ਦੀ ਸੰਗਤ ਕੇਵਲ ਮਨੁੱਖਾ ਜਨਮ ਵਿੱਚ ਹੀ ਪ੍ਰਾਪਤ ਹੁੰਦੀ ਹੈ। ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕੇਵਲ ਮਨੁੱਖਾ ਜਨਮ ਵਿੱਚ ਹੀ ਹੁੰਦੀ ਹੈ। ਮਾਇਆ ਨੂੰ ਕੇਵਲ ਮਨੁੱਖਾ ਜਨਮ ਵਿੱਚ ਹੀ ਜਿੱਤਿਆ ਜਾ ਸਕਦਾ ਹੈ। ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਜੀਵਨ ਮੁਕਤੀ ਦੀ ਪ੍ਰਾਪਤੀ ਕੇਵਲ ਮਨੁੱਖਾ ਜਨਮ ਵਿੱਚ ਹੀ ਹੁੰਦੀ ਹੈ। ਕੇਵਲ ਮਨੁੱਖਾ ਜਨਮ ਹੀ ਐਸਾ ਹੈ ਜਿਸ ਵਿੱਚ ਆ ਕੇ ਅਸੀਂ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਸਕਦੇ ਹਾਂ। ਇਸ ਪਰਮ ਸਤਿ ਤੱਤ ਨੂੰ ਹੀ ਸਤਿਗੁਰੂ ਅਵਤਾਰ ਧੰਨ ਧੰਨ ਅਮਰ ਦਾਸ ਜੀ ਇਸ ਪਉੜੀ ਵਿੱਚ ਦ੍ਰਿੜ੍ਹ ਕਰਵਾ ਰਹੇ ਹਨ। ਇਸ ਲਈ ਸਾਰੀਆਂ ੮੪ ਲੱਖ ਜੂਨਾਂ ਵਿੱਚੋਂ ਕੇਵਲ ਮਨੁੱਖਾ ਜਨਮ ਸਰਵ-ਸ੍ਰੇਸ਼ਠ ਹੈ। ਕਿਉਂਕਿ ੮੪ ਲੱਖ ਜੂਨਾਂ ਵਿੱਚ ਅਣਮਿੱਥੇ ਸਮੇਂ ਤੋਂ ਭਟਕ ਰਹੀ ਰੂਹ ਨੂੰ ਕੇਵਲ ਮਨੁੱਖਾ ਦੇਹੀ ਵਿੱਚ ਆ ਕੇ ਹੀ ੮੪ ਲੱਖ ਜੂਨਾਂ ਵਿੱਚੋਂ ਨਿਕਲ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਵਿੱਚ ਮੁੜ ਜਾ ਕੇ ਸਮਾਉਣ ਦਾ ਮੌਕਾ ਮਿਲਦਾ ਹੈ। ਕੇਵਲ ਮਨੁੱਖਾ ਜਨਮ ਹੀ ਰੂਹ ਨੂੰ ਜਨਮ-ਮਰਨ ਦੇ ਬੰਧਨ ਵਿੱਚੋਂ ਕੱਢਣ ਦੀ ਸਮਰੱਥਾ ਰੱਖਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਨੇ ਜੀਵਨ ਮੁਕਤੀ ਪ੍ਰਾਪਤ ਕਰਨ ਦੀ ਸ਼ਕਤੀ ਕੇਵਲ ਮਨੁੱਖਾ ਜਨਮ ਨੂੰ ਹੀ ਬਖ਼ਸ਼ੀ ਹੈ। ਹੋਰ ਕਿਸੇ ਜੂਨਾਂ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਜੀਵਨ ਮੁਕਤੀ ਪ੍ਰਾਪਤ ਕਰਨ ਦੀ ਪਰਮ ਸ਼ਕਤੀ ਨਹੀਂ ਬਖ਼ਸ਼ੀ ਹੈ।

ਇੱਥੋਂ ਤੱਕ ਕਿ ਦੇਵੀਆਂ ਅਤੇ ਦੇਵਤਿਆਂ ਨੂੰ ਵੀ ਜੀਵਨ ਮੁਕਤੀ ਪ੍ਰਾਪਤ ਕਰਨ ਦੀ ਸ਼ਕਤੀ ਹਾਸਿਲ ਨਹੀਂ ਹੈ। ਜੀਵਨ ਮੁਕਤੀ ਪ੍ਰਾਪਤ ਕਰਨ ਲਈ ਦੇਵੀਆਂ ਅਤੇ ਦੇਵਤਿਆਂ ਨੂੰ ਵੀ ਮਨੁੱਖਾ ਜਨਮ ਲੈਣਾ ਪੈਂਦਾ ਹੈ। ਦੇਵੀਆਂ ਅਤੇ ਦੇਵਤੇ ਵੀ ਮਨੁੱਖਾ ਜਨਮ ਵਿੱਚ ਆਉਣ ਲਈ ਲੋਚਦੇ ਹਨ ਤਾਂ ਕਿ ਉਹ ਬੰਦਗੀ ਪੂਰਨ ਕਰ ਕੇ ਸਤਿ ਪਾਰਬ੍ਰਹਮ ਵਿੱਚ ਲੀਨ

ਹੋ ਸਕਣ। ਦੇਵੀਆਂ ਅਤੇ ਦੇਵਤੇ ਚੌਥੇ ਖੰਡ (ਕਰਮ ਖੰਡ) ਵਿੱਚ ਸਥਿਤ ਹਨ। ਬੰਦਗੀ ਪੂਰਨ ਪੰਜਵੇਂ ਖੰਡ ਸੱਚ ਖੰਡ ਵਿੱਚ ਜਾ ਕੇ ਹੁੰਦੀ ਹੈ। ਕਿਸੇ ਕਾਰਨਵਸ਼ ਉਨ੍ਹਾਂ ਦੀ ਬੰਦਗੀ ਪੂਰਨ ਨਹੀਂ ਹੁੰਦੀ ਹੈ ਅਤੇ ਉਹ ਦੇਵੀਆਂ-ਦੇਵਤਿਆਂ ਦੇ ਜਾਮੇ ਨੂੰ ਪ੍ਰਾਪਤ ਕਰ ਲੈਂਦੇ ਹਨ। ਬੰਦਗੀ ਦੇ ਦੌਰਾਨ ਜੋ ਮਨੁੱਖ ਦੇਵੀਆਂ ਅਤੇ ਦੇਵਤਿਆਂ ਦੀਆਂ ਸ਼ਕਤੀਆਂ ਨੂੰ ਮੁੱਖ ਰੱਖ ਲੈਂਦੇ ਹਨ ਉਨ੍ਹਾਂ ਦੀ ਬੰਦਗੀ ਪੂਰਨ ਨਹੀਂ ਹੁੰਦੀ ਅਤੇ ਉਨ੍ਹਾਂ ਨੂੰ ਦੇਵੀ-ਦੇਵਤਿਆਂ ਦਾ ਜਾਮਾ ਮਿਲ ਜਾਂਦਾ ਹੈ। ਇਸ ਜਾਮੇ ਦੇ ਮਿਲਣ ਤੋਂ ਬਾਅਦ ਉਨ੍ਹਾਂ ਨੂੰ ਇਹ ਗਿਆਨ ਆਉਂਦਾ ਹੈ ਕਿ ਉਨ੍ਹਾਂ ਦੀ ਬੰਦਗੀ ਪੂਰਨ ਨਹੀਂ ਹੋਈ ਅਤੇ ਨਾ ਹੀ ਉਨ੍ਹਾਂ ਨੂੰ ਜੀਵਨ ਮੁਕਤੀ ਮਿਲੀ ਹੈ। ਇਸ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਹੀ ਉਨ੍ਹਾਂ ਨੂੰ ਇਹ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਮਨੁੱਖਾ ਜਨਮ ਫਿਰ ਲੈਣਾ ਪਏਗਾ ਤਾਂ ਹੀ ਉਨ੍ਹਾਂ ਦੀ ਬੰਦਗੀ ਪੂਰਨ ਹੋ ਸਕੇਗੀ। ਇਸ ਲਈ ਦੇਵੀਆਂ ਅਤੇ ਦੇਵਤੇ ਸਾਰੇ ਮਨੁੱਖਾ ਜਨਮ ਨੂੰ ਪ੍ਰਾਪਤ ਕਰਨ ਦੀ ਲੋਚਾ ਰੱਖਦੇ ਹਨ। ੮੪ ਸਿੱਧਾਂ ਦੇ ਮੁਖੀ ਅਤੇ ੩੩ ਕਰੋੜ ਦੇਵੀਆਂ-ਦੇਵਤੇ, ਸਾਰੇ ਰਿਸ਼ੀ, ਮੁਨੀ ਅਤੇ ਗਿਆਨੀ ਮਨੁੱਖ ਸਤਿਨਾਮ ਅਤੇ ਪੂਰਨ ਬੰਦਗੀ ਪ੍ਰਾਪਤ ਕਰਨ ਲਈ ਲੋਚਦੇ ਹਨ।

ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਸਤਿਗੁਰੂ ਅਵਤਾਰ ਜਿਸ ਨੇ ਪੂਰਨ ਬੰਦਗੀ ਕੀਤੀ ਹੈ ਉਸ ਦਾ ਦਰਜਾ ਦਰਗਾਹ ਵਿੱਚ ਸਭ ਤੋਂ ਉੱਤਮ ਹੁੰਦਾ ਹੈ, ਭਾਵ ਦੇਵੀਆਂ-ਦੇਵਤਿਆਂ ਦੇ ਦਰਜੇ ਤੋਂ ਬਹੁਤ ਉੱਪਰ ਹੁੰਦਾ ਹੈ। ਕੇਵਲ ਐਸੇ ਪੂਰਨ ਮਹਾਂਪੁਰਖਾਂ ਦੀ ਕਿਰਪਾ ਨਾਲ ਹੀ ਦੇਵੀਆਂ-ਦੇਵਤਿਆਂ ਨੂੰ ਫਿਰ ਮਨੁੱਖਾ ਜਨਮ ਦੀ ਪ੍ਰਾਪਤੀ ਹੁੰਦੀ ਹੈ। ਕੇਵਲ ਐਸੇ ਪੂਰਨ ਮਹਾਂਪੁਰਖਾਂ ਦੀ ਕਿਰਪਾ ਨਾਲ ਹੀ ਦੇਵੀ-ਦੇਵਤਿਆਂ ਨੂੰ ਪੂਰਨ ਬੰਦਗੀ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਲਈ ਧਰਤੀ ਉੱਪਰ ਜਿਸ ਸਥਾਨ 'ਤੇ ਕੋਈ ਪੂਰਨ ਸੰਤ, ਸਤਿਗੁਰੂ, ਪੂਰਨ ਬ੍ਰਹਮ ਗਿਆਨੀ, ਸਤਿ ਪਾਰਬ੍ਰਹਮ ਪਰਮੇਸ਼ਰ ਦਾ ਅਵਤਾਰ ਬੈਠਾ ਸਤਿਨਾਮ ਦੀ ਸੰਗਤ ਕਰ ਰਿਹਾ, ਸਤਿਨਾਮ ਦਾ ਗੁਰਪ੍ਰਸਾਦਿ ਵਰਤਾ ਰਿਹਾ ਹੋਏ, ਸਤਿਨਾਮ ਸਿਮਰਨ ਦਾ ਗੁਰਪ੍ਰਸਾਦਿ ਵਰਤਾ ਰਿਹਾ ਹੋਏ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰਪ੍ਰਸਾਦਿ ਵਰਤਾ ਰਿਹਾ ਹੋਏ, ਉਸ ਸਥਾਨ 'ਤੇ ਦੇਵੀਆਂ ਅਤੇ ਦੇਵਤੇ ਆ ਕੇ ਬੈਠ ਜਾਂਦੇ ਹਨ ਤਾਂ ਕਿ ਉਨ੍ਹਾਂ ਦਾ ਵੀ ਕਲਿਆਣ ਹੋ ਸਕੇ। ਕੇਵਲ ਇਤਨਾ ਹੀ ਨਹੀਂ ਬਲਕਿ ਦੇਵੀ-ਦੇਵਤਿਆਂ ਦੀ ਇਹ ਭਰਪੂਰ ਕੋਸ਼ਿਸ਼ ਹੁੰਦੀ ਹੈ ਕਿ ਉਹ ਐਸੇ ਪੂਰਨ ਮਹਾਂਪੁਰਖਾਂ ਦਾ ਧਿਆਨ ਆਪਣੇ ਵੱਲ ਨੂੰ ਖਿੱਚਣ ਅਤੇ ਉਨ੍ਹਾਂ ਦੀ ਕਿਰਪਾ ਨਾਲ ਮਨੁੱਖਾ ਜਨਮ ਅਤੇ ਬੰਦਗੀ ਪ੍ਰਾਪਤ ਕਰ ਸਕਣ। ਕਿਉਂਕਿ ਕੇਵਲ ਐਸੇ ਪੂਰਨ ਮਹਾਂਪੁਰਖਾਂ ਕੋਲ ਹੀ ਇਹ ਪਰਮ ਸ਼ਕਤੀ ਹੁੰਦੀ ਹੈ ਜਿਸ ਦੇ ਨਾਲ ਦੇਵੀ-ਦੇਵਤਿਆਂ ਨੂੰ ਮਨੁੱਖਾ ਜਨਮ ਅਤੇ ਬੰਦਗੀ ਦਿੱਤੀ ਜਾ ਸਕੇ। ਕੇਵਲ ਐਸੇ ਪੂਰਨ ਮਹਾਂਪੁਰਖ ਹੀ ਦੇਵੀ-ਦੇਵਤਿਆਂ ਦਾ ਪ੍ਰਾਲਬਧ ਬਦਲਣ ਵਿੱਚ ਸਕਸ਼ਮ ਹੁੰਦੇ ਹਨ। ਕੇਵਲ ਐਸੇ ਮਹਾਂਪੁਰਖਾਂ ਕੋਲ ਹੀ ਉਹ ਸਾਰੀਆਂ ਦਰਗਾਹੀ ਸ਼ਕਤੀਆਂ ਹੁੰਦੀਆਂ ਹਨ ਜਿਨ੍ਹਾਂ ਨਾਲ ਉਹ ਦੇਵੀ-ਦੇਵਤਿਆਂ ਨੂੰ ਵੀ ਜੀਵਨ ਮੁਕਤੀ ਦੇ ਸਕਦੇ ਹਨ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਸਤਿਗੁਰੂ ਸਾਹਿਬਾਨ ਨੇ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ:

ਇਸੁ ਭਗਤੀ ਨੋ ਸੁਰਿ ਨਰ ਮੁਨਿ ਜਨ ਲੋਚਦੇ ਵਿਣੁ ਸਤਿਗੁਰ ਪਾਈ ਨ ਜਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੨੫)

ਸੁਰਿ ਨਰ ਮੁਨਿ ਜਨ ਖੋਜਤੇ ਸੁਖ ਸਾਗਰ ਗੋਪਾਲ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੯੭)

ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ ॥੪॥
ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੧)

ਚਉਰਾਸੀਹ ਸਿਧ ਬੁਧ ਤੇਤੀਸ ਕੋਟਿ ਮੁਨਿ ਜਨ ਸਭਿ ਚਾਹਹਿ ਹਰਿ ਜੀਉ ਤੇਰੋ ਨਾਉ ॥
ਗੁਰ ਪ੍ਰਸਾਦਿ ਕੋ ਵਿਰਲਾ ਪਾਵੈ ਜਿਨ ਕਉ ਲਿਲਾਟਿ ਲਿਖਿਆ ਧੁਰਿ ਭਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੬੯)

ਅੰਮ੍ਰਿਤ ਦਾ ਭਾਵ ਹੈ: ਜਿਸ ਦੀ ਮੌਤ ਨਹੀਂ ਹੁੰਦੀ ਹੈ, ਜੋ ਨਾ ਹੀ ਜੰਮਦਾ ਹੈ ਅਤੇ ਨਾ ਹੀ ਮਰਦਾ ਹੈ, ਜਿਸ ਦਾ ਨਾ ਕੋਈ ਆਦਿ ਹੈ ਨਾ ਅੰਤ ਹੈ; ਜੋ ਸਦੀਵੀ ਹੈ; ਜੋ "ਆਦਿ ਸਚੁ ਜੁਗਾਦਿ ਸਚੁ ॥ ਹੈ ਵੀ ਸਚੁ ਨਾਨਕ ਹੋਸੀ ਵੀ ਸਚੁ ॥੧॥" ਹੈ, ਭਾਵ ਜੋ ਆਦਿ ਵੀ ਸਤਿ ਹੈ, ਜੁਗੋ ਜੁਗ ਸਤਿ ਹੈ, ਵਰਤਮਾਨ ਵਿੱਚ ਵੀ ਸਤਿ ਹੈ ਅਤੇ ਆਉਣ ਵਾਲੇ ਸਾਰੇ ਜੁਗਾਂ ਵਿੱਚ ਵੀ ਸਤਿ ਹੈ; ਜੋ ਸਦਾ ਕਾਇਮ-ਦਾਇਮ ਹੈ; ਉਹ ਅੰਮ੍ਰਿਤ ਹੈ ਅਤੇ ਉਹ ਹੈ ਆਪ ਸਤਿ ਪਾਰਬ੍ਰਹਮ ਪਰਮੇਸ਼ਰ। ਇਸ ਲਈ ਉਸ ਦਾ ਨਾਮ ਵੀ ਸਤਿ ਹੈ - ਸਤਿਨਾਮ। ਇਸ ਲਈ ਸਤਿ ਹੀ ਅੰਮ੍ਰਿਤ ਹੈ, ਸਤਿਨਾਮ ਹੀ ਅੰਮ੍ਰਿਤ ਹੈ। ਗੁਰਬਾਣੀ ਸਤਿ ਹੈ ਇਸ ਲਈ ਗੁਰਬਾਣੀ ਵੀ ਅੰਮ੍ਰਿਤ ਬਾਣੀ ਹੈ। ਕਿਉਂਕਿ ਗੁਰਬਾਣੀ ਸਤਿ ਹੈ ਇਸ ਲਈ ਗੁਰਬਾਣੀ ਅਕਾਲ ਪੁਰਖ ਦਾ ਗਿਆਨ ਸਰੂਪ ਹੈ। ਕਿਉਂਕਿ ਸਤਿ ਦੀ ਮਹਿਮਾ ਬੇਅੰਤ ਹੈ ਇਸ ਲਈ ਸਤਿਨਾਮ ਦੀ ਮਹਿਮਾ ਵੀ ਬੇਅੰਤ ਹੈ। ਸਤਿਨਾਮ ਕੇਵਲ ਨਾਮ ਹੀ ਨਹੀਂ ਹੈ, ਸਤਿਨਾਮ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਸਾਰੀਆਂ ਪਰਮ ਸ਼ਕਤੀਆਂ ਵੀ ਸਮਾਈਆਂ ਹੋਈਆਂ ਹਨ। ਉਦਾਹਰਨ ਦੇ ਤੌਰ 'ਤੇ ਸਮਝਣ ਲਈ ਜਿਵੇਂ ਕਿਸੇ ਮਨੁੱਖ ਦੀ ਪਹਿਚਾਣ, ਉਸ ਦੀ ਸ਼ਖਸੀਅਤ ਅਤੇ ਉਸ ਦਾ ਸਾਰਾ ਪਰਿਵਾਰ, ਹਸਤੀ, ਸਮਰੱਥਾ, ਯੋਗਤਾ ਆਦਿ ਸਭ ਕੁਝ ਉਸ ਦੇ ਨਾਮ ਵਿੱਚ ਹੀ ਸਮਾਇਆ ਹੁੰਦਾ ਹੈ। ਠੀਕ ਉਸੇ ਤਰ੍ਹਾਂ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪੂਰਨ ਪਰਮ ਸ਼ਕਤੀਸ਼ਾਲੀ ਅਤੇ ਬੇਅੰਤ ਹਸਤੀ, ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਸਰਬ ਕਲਾਵਾਂ, ਸਰਬ ਪਰਮ ਸ਼ਕਤੀਆਂ ਸਤਿਨਾਮ ਵਿੱਚ ਹੀ ਸਮਾਈਆਂ ਹੋਈਆਂ ਹਨ। ਸਾਰੀ ਸ੍ਰਿਸ਼ਟੀ ਅਤੇ ਸ੍ਰਿਸ਼ਟੀ ਵਿੱਚ ਵਿਚਰ ਰਹੇ ਸਾਰੇ ਕਰੋੜਾਂ ਬ੍ਰਹਿਮੰਡ ਆਦਿ ਸਤਿਨਾਮ ਵਿੱਚ ਹੀ ਸਮਾਏ ਹੋਏ ਹਨ। ਇਸ ਲਈ ਪਰਮ ਸ਼ਕਤੀਸ਼ਾਲੀ ਸਤਿਨਾਮ ਦਾ ਗੁਰਪ੍ਰਸਾਦਿ ਹੀ ਅੰਮ੍ਰਿਤ ਹੈ। ਇਸ ਲਈ ਸਤਿਨਾਮ ਦੀ ਮਹਿਮਾ ਵੀ ਬੇਅੰਤ ਹੈ।

ਮਨੁੱਖਾਂ ਨੂੰ, ਰਿਸ਼ੀ ਅਤੇ ਮੁਨੀ ਜਨਾਂ ਨੂੰ ਵੀ ਅੰਮ੍ਰਿਤ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕੇਵਲ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਆਪਾ ਅਰਪਣ ਕਰਨ ਨਾਲ ਹੀ ਹੁੰਦੀ ਹੈ। ਭਾਵ ਪੂਰਨ ਸੰਤ, ਸਤਿਗੁਰੂ ਅਤੇ ਪੂਰਨ ਬ੍ਰਹਮ ਗਿਆਨੀ ਦੇ ਚਰਨਾਂ ਵਿੱਚ ਹੀ ਅੰਮ੍ਰਿਤ ਦਾ ਭੰਡਾਰ ਹੁੰਦਾ ਹੈ। ਪੂਰਨ ਸੰਤ, ਸਤਿਗੁਰੂ ਅਤੇ ਪੂਰਨ ਬ੍ਰਹਮ ਗਿਆਨੀ ਹੀ ਅੰਮ੍ਰਿਤ ਦਾ ਸੋਮਾ ਹੁੰਦਾ ਹੈ। ਪੂਰਨ ਸੰਤ, ਸਤਿਗੁਰੂ ਅਤੇ ਪੂਰਨ ਬ੍ਰਹਮ ਗਿਆਨੀ ਹੀ ਅੰਮ੍ਰਿਤਧਾਰੀ ਅਤੇ ਅੰਮ੍ਰਿਤ ਦਾ ਦਾਤਾ ਹੁੰਦਾ ਹੈ। ਕੇਵਲ ਪੂਰਨ ਸੰਤ, ਸਤਿਗੁਰੂ ਅਤੇ ਪੂਰਨ ਬ੍ਰਹਮ ਗਿਆਨੀ ਨੂੰ ਹੀ ਦਰਗਾਹੀ ਹੁਕਮ ਹੁੰਦਾ ਹੈ ਅੰਮ੍ਰਿਤ ਵਰਤਾਉਣ ਦਾ। ਕੇਵਲ ਪੂਰਨ ਸੰਤ, ਸਤਿਗੁਰੂ ਅਤੇ ਪੂਰਨ ਬ੍ਰਹਮ ਗਿਆਨੀ ਹੀ ਦਾਤਾ ਹੈ: ਸਤਿਨਾਮ ਦੇ ਗੁਰਪ੍ਰਸਾਦਿ ਦਾ; ਸਤਿਨਾਮ ਸਿਮਰਨ ਦੇ ਗੁਰਪ੍ਰਸਾਦਿ ਦਾ;

ਸਤਿਨਾਮ ਦੀ ਕਮਾਈ ਦੇ ਗੁਰਪ੍ਰਸਾਦਿ ਦਾ; ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦਾ। ਕੇਵਲ ਉਹ ਹੀ ਮਹਾਂਪੁਰਖ ਗੁਰਪ੍ਰਸਾਦਿ ਵਰਤਾ ਸਕਦਾ ਹੈ ਜੋ: ਪੂਰਨ ਪੁਰਖ ਹੈ; ਜਿਸ ਦਾ ਰੋਮ-ਰੋਮ ਸਤਿਨਾਮ ਸਿਮਰਨ ਵਿੱਚ ਚਲਾ ਗਿਆ ਹੈ; ਜਿਸ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਗਿਆ ਹੈ ਅਤੇ ਜਿਸ ਦੇ ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਪ੍ਰਗਟ ਹੋ ਗਿਆ ਹੈ; ਜਿਸ ਦੇ ਸਾਰੇ ਬਜਰ ਕਪਾਟ ਖੁੱਲ੍ਹ ਗਏ ਹਨ; ਜਿਸ ਨੇ ਮਾਇਆ ਨੂੰ ਜਿੱਤ ਕੇ (ਜਿਸ ਦੀ ਤ੍ਰਿਸ਼ਣਾ ਬੁਝ ਗਈ ਹੈ ਅਤੇ ਜਿਸ ਦੇ ਪੰਜ ਦੂਤ ਵੱਸ ਆ ਗਏ ਹਨ) ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਚੌਥੇ ਪਦ ਵਿੱਚ ਕਾਇਮ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰ ਕੇ ਉਸ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਗਿਆ ਹੈ; ਜਿਸ ਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਗਈ ਹੈ; ਜਿਸ ਨੇ ਅਟੱਲ ਅਵਸਥਾ ਅਤੇ ਪਰਮ ਪਦਵੀ ਦੀ ਪ੍ਰਾਪਤੀ ਕੀਤੀ ਹੈ। ਕੇਵਲ ਐਸੇ ਪੂਰਨ ਮਹਾਂਪੁਰਖਾਂ ਨੂੰ ਦਰਗਾਹੀ ਹੁਕਮ ਪ੍ਰਾਪਤ ਹੁੰਦਾ ਹੈ ਸੰਗਤ ਨੂੰ ਗੁਰਪ੍ਰਸਾਦਿ ਵਰਤਾਉਣ ਦਾ। ਕੇਵਲ ਐਸੇ ਪੂਰਨ ਮਹਾਂਪੁਰਖ ਨਿਰਭਉ ਅਤੇ ਨਿਰਵੈਰ ਹੁੰਦੇ ਹਨ ਅਤੇ ਸੰਗਤ ਨੂੰ ਪੂਰਨ ਸਤਿ ਵਰਤਾਉਂਦੇ ਹਨ। ਕੇਵਲ ਐਸੇ ਪੂਰਨ ਮਹਾਂਪੁਰਖਾਂ ਦੀ ਸੰਗਤ ਹੀ ਸਤਿ ਸੰਗਤ ਹੁੰਦੀ ਹੈ। ਕੇਵਲ ਐਸੇ ਪੂਰਨ ਮਹਾਂਪੁਰਖਾਂ ਦੀ ਸਤਿ ਸੰਗਤ ਵਿੱਚ ਕੇਵਲ ਸਤਿਨਾਮ ਦੇ ਗੁਰਪ੍ਰਸਾਦਿ ਅੰਮ੍ਰਿਤ ਦੀ ਵਰਖਾ ਹੁੰਦੀ ਹੈ ਅਤੇ ਸਤਿਨਾਮ ਦੀ ਪੂਰਨ ਮਹਿਮਾ ਵਰਤਦੀ ਹੈ। ਕੇਵਲ ਐਸੇ ਪੂਰਨ ਮਹਾਂਪੁਰਖਾਂ ਦੀ ਸਤਿ ਸੰਗਤ ਵਿੱਚ ਸੁਹਾਗਣਾਂ ਦਾ ਜਨਮ ਹੁੰਦਾ ਹੈ। ਕੇਵਲ ਐਸੇ ਪੂਰਨ ਮਹਾਂਪੁਰਖਾਂ ਦੀ ਸਤਿ ਸੰਗਤ ਵਿੱਚ "ਏਕੋ ਨਾਮੁ ਹੁਕਮੁ" ਵਰਤਦਾ ਹੈ ਅਤੇ ਸਤਿਨਾਮ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਸੁਹਾਗਣਾਂ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ।

ਸਤਿ ਸੰਗਤ ਤੋਂ ਭਾਵ ਹੈ ਸਤਿ ਦੇ ਸੰਗ ਨਾਲ ਹੀ ਮਨੁੱਖ ਦੀ ਗਤਿ ਹੁੰਦੀ ਹੈ। ਕੇਵਲ ਸਤਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਜੀਵਨ ਮੁਕਤੀ ਦੇ ਸਕਦੀ ਹੈ। ਗਤਿ ਤੋਂ ਭਾਵ ਹੈ ਮੁਕਤੀ। ਇਸ ਦਾ ਭਾਵ ਇਹ ਹੈ ਕਿ ਕੇਵਲ ਜਿੱਥੇ ਪੂਰਨ ਸਤਿ ਰੂਪ ਸੰਤ ਸਤਿਗੁਰੂ ਬੈਠਾ ਹੋਏ ਕੇਵਲ ਉੱਥੇ ਹੀ ਸਤਿ ਸੰਗਤ ਹੈ। ਕੇਵਲ ਐਸੇ ਪੂਰਨ ਸਤਿ ਰੂਪ ਸੰਤ ਸਤਿਗੁਰੂ ਦੀ ਸੰਗਤ ਵਿੱਚ ਹੀ ਜੀਵਨ ਮੁਕਤੀ ਦਾ ਗੁਰਪ੍ਰਸਾਦਿ ਵਰਤਦਾ ਹੈ। ਸਤਿ ਸੰਗਤ ਕੇਵਲ ਉਹ ਸੰਗਤ ਹੈ ਜਿੱਥੇ ਪੂਰਨ ਸਤਿ ਵਰਤਦਾ ਹੈ। ਭਾਵ ਜਿੱਥੇ ਅੰਮ੍ਰਿਤ ਦੀ ਵਰਖਾ ਹੁੰਦੀ ਹੈ। ਜਿੱਥੇ ਸਤਿਨਾਮ ਦਾ ਗੁਰਪ੍ਰਸਾਦਿ ਵਰਤਾਇਆ ਜਾਂਦਾ ਹੈ। ਜਿੱਥੇ ਕੇਵਲ 'ਏਕੋ ਨਾਮ ਹੁਕਮੁ' ਵਰਤਦਾ ਹੈ। ਜਿੱਥੇ ਸਤਿਨਾਮ ਦੀ ਮਹਿਮਾ ਪ੍ਰਤੱਖ ਪ੍ਰਗਟ ਹੁੰਦੀ ਹੈ। ਜਿੱਥੇ ਸਤਿਨਾਮ ਦਾ ਗੁਰਪ੍ਰਸਾਦਿ ਵਰਤਾਇਆ ਜਾਂਦਾ ਹੈ ਅਤੇ ਜਿੱਥੇ ਸੰਗਤ ਵਿੱਚ ਆਏ ਹੋਏ ਜਿਗਿਆਸੂਆਂ ਨੂੰ ਸੁਹਾਗ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਸਤਿ ਸੰਗਤ ਕੇਵਲ ਪੂਰਨ ਸੰਤ ਸਤਿਗੁਰੂ ਦੀ ਹਜ਼ੂਰੀ ਵਿੱਚ ਅਤੇ ਉਸ ਦੇ ਪਰਮ ਸ਼ਕਤੀਸ਼ਾਲੀ ਛਤਰ ਹੇਠ ਹੀ ਵਾਪਰਦੀ ਹੈ। ਜਿੱਥੇ ਪੂਰਨ ਸੰਤ ਸਤਿਗੁਰੂ ਬੈਠਾ ਹੋਏ ਉਸ ਸਥਾਨ 'ਤੇ ਧਰਤੀ ਉੱਪਰ ਦਰਗਾਹ ਪ੍ਰਤੱਖ ਪ੍ਰਗਟ ਹੁੰਦੀ ਹੈ। ਉਸ ਸਥਾਨ 'ਤੇ ਸਾਰੇ ਸਤਿਗੁਰੂ ਅਵਤਾਰ, ਸੰਤ, ਭਗਤ, ਬ੍ਰਹਮ ਗਿਆਨੀ, ਪੀਰ ਅਤੇ ਪੈਗੰਬਰ ਆ ਕੇ ਬੈਠ ਜਾਂਦੇ ਹਨ ਅਤੇ ਸਾਰੀ ਸੰਗਤ ਉੱਪਰ ਆਪਣੀ ਕਿਰਪਾ ਦੀ ਵਰਖਾ ਕਰਦੇ ਹਨ। ਕੇਵਲ ਪੂਰਨ ਸੰਤ ਸਤਿਗੁਰੂ ਹੀ ਪੂਰਨ ਸਤਿ ਵਰਤਾਉਂਦਾ ਹੈ ਅਤੇ ਪੂਰਨ ਸਤਿ ਦੀ ਸੇਵਾ ਕਰਦਾ ਹੈ ਇਸ ਲਈ ਉਸ ਦੇ ਬਚਨਾਂ ਵਿੱਚ ਪਰਮ ਸ਼ਕਤੀ ਹੁੰਦੀ ਹੈ ਜੋ ਕਿ ਜਿਗਿਆਸੂਆਂ ਦੇ ਹਿਰਦੇ ਨੂੰ ਭੇਦ ਕੇ ਉਨ੍ਹਾਂ ਨੂੰ ਬੈਰਾਗ ਵਿੱਚ ਲੈ ਜਾਂਦੀ ਹੈ। ਐਸਾ ਪੂਰਨ ਸੰਤ ਸਤਿਗੁਰੂ ਜਦ ਜਿਗਿਆਸੂ ਦੇ ਮਸਤਕ ਉੱਪਰ ਹੱਥ ਰੱਖ ਕੇ ਜਦ ਸਤਿਨਾਮ ਜਪਾਉਂਦਾ ਹੈ ਤਾਂ ਸਤਿਨਾਮ ਸਿੱਧਾ ਜਿਗਿਆਸੂ ਦੀ ਸੁਰਤਿ ਵਿੱਚ ਉੱਕਰਿਆ

ਜਾਂਦਾ ਹੈ ਅਤੇ ਸ਼ਬਦ ਸੁਰਤਿ ਦਾ ਮੇਲ ਹੋ ਜਾਂਦਾ ਹੈ। ਸਤਿਗੁਰੂ ਦੇ ਵਿੱਚ ਪ੍ਰਗਟ ਹੋਏ ਸਤਿ ਤੱਤ ਦਾ ਜਿਗਿਆਸੂ ਵਿੱਚ ਮੌਜੂਦ ਸਤਿ ਤੱਤ ਨਾਲ ਮੇਲ ਹੋ ਜਾਂਦਾ ਹੈ ਅਤੇ ਜਿਗਿਆਸੂ ਨੂੰ ਸੁਹਾਗ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਸ਼ਬਦ ਸੁਰਤਿ ਦਾ ਮੇਲ ਹੋ ਜਾਂਦਾ ਹੈ ਅਤੇ ਜਿਗਿਆਸੂ ਸਮਾਧੀ 'ਚ ਲੀਨ ਹੋ ਜਾਂਦਾ ਹੈ। ਸਤਿਨਾਮ ਦਾ ਗੁਰਪ੍ਰਸਾਦਿ ਜਿਗਿਆਸੂ ਦੀ ਸੁਰਤਿ ਵਿੱਚ ਪ੍ਰਕਾਸ਼ਮਾਨ ਹੋ ਜਾਂਦਾ ਹੈ ਅਤੇ ਜਿਗਿਆਸੂ ਦਾ ਮਨ ਸ਼ਾਂਤ ਹੋ ਜਾਂਦਾ ਹੈ, ਉਸ ਦਾ ਅਜਪਾ ਜਾਪ ਸ਼ੁਰੂ ਹੋ ਜਾਂਦਾ ਹੈ। ਜਿਗਿਆਸੂ ਕਰਮ ਖੰਡ (ਬੰਦਗੀ ਦਾ ਚੌਥਾ ਖੰਡ) ਵਿੱਚ ਚਲਾ ਜਾਂਦਾ ਹੈ। ਉਸ ਦਾ ਦਰਗਾਹ ਵਿੱਚ ਬੰਦਗੀ ਦਾ ਖ਼ਾਤਾ ਖੁੱਲ੍ਹ ਜਾਂਦਾ ਹੈ ਅਤੇ ਬੰਦਗੀ ਸ਼ੁਰੂ ਹੋ ਜਾਂਦੀ ਹੈ।

ਇਹ ਪੂਰਨ ਸਤਿ ਹੈ ਕਿ ਜਿਗਿਆਸੂ ਦੀ ਬੰਦਗੀ ਗੁਰਪ੍ਰਸਾਦਿ ਦੀ ਪ੍ਰਾਪਤੀ ਨਾਲ ਹੀ ਸ਼ੁਰੂ ਹੁੰਦੀ ਹੈ ਜੋ ਕਿ ਕਰਮ ਖੰਡ (ਚੌਥਾ ਖੰਡ; ਬੰਦਗੀ ਦੇ ਪੰਜ ਖੰਡ ਹਨ: ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ) ਵਿੱਚ ਹੀ ਵਾਪਰਦਾ ਹੈ। ਇਸ ਤੋਂ ਪਹਿਲਾਂ ਜੋ ਕੁਝ ਵੀ ਜਿਗਿਆਸੂ ਕਰਦਾ ਹੈ ਉਹ ਕੇਵਲ ਗੁਰਪ੍ਰਸਾਦਿ ਦੀ ਪ੍ਰਾਪਤੀ ਲਈ ਹੀ ਗਿਣਿਆ ਜਾਂਦਾ ਹੈ। ਧਰਮ ਖੰਡ, ਗਿਆਨ ਖੰਡ ਅਤੇ ਸਰਮ ਖੰਡ ਵਿੱਚ ਜਿਗਿਆਸੂ ਦੀ ਕੇਵਲ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਬੰਦਗੀ ਦੇ ਗੁਰਪ੍ਰਸਾਦਿ ਨੂੰ ਪ੍ਰਾਪਤ ਕਰਨ ਲਈ ਤਿਆਰੀ ਹੀ ਹੁੰਦੀ ਹੈ। ਇਹ ਪੂਰਨ ਸਤਿ ਹੈ ਕਿ ਜਿਗਿਆਸੂ ਦੀ ਬੰਦਗੀ ਕੇਵਲ ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਹੁੰਦੀ ਹੈ। ਦਰਗਾਹ ਵਿੱਚ ਸਤਿਨਾਮ ਧਨ ਦਾ ਖ਼ਾਤਾ ਕੇਵਲ ਗੁਰਪ੍ਰਸਾਦਿ ਦੀ ਪ੍ਰਾਪਤੀ ਨਾਲ ਹੀ ਖੁੱਲ੍ਹਦਾ ਹੈ। ਜਦ ਸਤਿਨਾਮ ਜਿਗਿਆਸੂ ਦੀ ਸੁਰਤਿ ਵਿੱਚ ਟਿਕ ਜਾਂਦਾ ਹੈ ਅਤੇ ਸ਼ਬਦ ਸੁਰਤਿ ਦਾ ਮੇਲ ਹੋ ਜਾਂਦਾ ਹੈ ਤਾਂ ਹੀ ਸਤਿਨਾਮ ਧਨ ਇਕੱਤਰ ਹੋਣਾ ਸ਼ੁਰੂ ਹੁੰਦਾ ਹੈ। ਜਦ ਪੂਰਨ ਸੰਤ ਸਤਿਗੁਰੂ ਦਾ ਸਤਿ ਤੱਤ ਜਿਗਿਆਸੂ ਦੇ ਸਤਿ ਤੱਤ ਨਾਲ ਮਿਲਦਾ ਹੈ ਤਾਂ ਹੀ ਜਿਗਿਆਸੂ ਦੀ ਸੁਰਤਿ ਅਤੇ ਸ਼ਬਦ ਦਾ ਮੇਲ ਹੁੰਦਾ ਹੈ ਅਤੇ ਜਿਗਿਆਸੂ ਸਮਾਧੀ ਵਿੱਚ ਚਲਾ ਜਾਂਦਾ ਹੈ। ਮਾਇਆ ਦੀ ਸਤੋ ਬਿਰਤੀ ਦੇ ਅਧੀਨ ਜਦ ਮਨੁੱਖ ਦਇਆ, ਧਰਮ, ਸੰਤੋਖ ਅਤੇ ਸੰਜਮ ਦਾ ਅਭਿਆਸ ਕਰਦਾ ਹੈ ਅਤੇ ਸਤਿ ਦੀ ਕਰਨੀ ਵਿੱਚ ਭਰੋਸੇ ਨਾਲ ਅਗਾਂਹ ਵਧਦਾ ਹੈ ਤਾਂ ਉਸ ਦੇ ਸਤਿ ਕਰਮਾਂ ਦਾ ਪਲੜਾ ਜਦੋਂ ਭਾਰੀ ਹੋ ਜਾਂਦਾ ਹੈ ਤਾਂ ਉਸ ਨੂੰ ਆਪਣੇ ਪ੍ਰਾਲਬਧ ਦੇ ਅਨੁਸਾਰ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਮਨੁੱਖ ਦੀ ਇਸ ਅਵਸਥਾ ਨੂੰ ਗੁਰਬਾਣੀ ਵਿੱਚ 'ਪੂਰੇ ਭਾਗ' ਦੀ ਅਵਸਥਾ ਕਿਹਾ ਗਿਆ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਹੀ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨੁੱਖ ਦੀ ਬੰਦਗੀ ਸ਼ੁਰੂ ਹੁੰਦੀ ਹੈ। ਇਸ ਲਈ ਜਿਨ੍ਹਾਂ ਜਿਗਿਆਸੂਆਂ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਨਹੀਂ ਹੈ ਉਨ੍ਹਾਂ ਨੂੰ ਇਹ ਬੇਨਤੀ ਹੈ ਕਿ ਉਹ ਸਤਿ ਦੀ ਕਰਨੀ ਅਤੇ ਦਇਆ, ਧਰਮ, ਸੰਤੋਖ, ਸੰਜਮ ਉੱਪਰ ਆਪਣਾ ਧਿਆਨ ਕੇਂਦਰਿਤ ਕਰੋ ਤਾਂ ਜੋ ਆਪ ਨੂੰ ਪੂਰਨ ਸੰਤ ਸਤਿਗੁਰੂ ਦੀ ਸੰਗਤ ਪ੍ਰਾਪਤ ਹੋ ਸਕੇ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਸਕੇ। ਇਸ ਪਰਮ ਸਤਿ ਨੂੰ ਗੁਰਬਾਣੀ ਵਿੱਚ ਦ੍ਰਿੜ੍ਹ ਕਰਵਾਇਆ ਗਿਆ ਹੈ:

ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ ਨਾਮੁ ਵਸੈ ਮਨਿ ਆਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੫)

ਸਤਿਨਾਮ ਦਾ ਦਾਤਾ ਕੇਵਲ ਪੂਰਨ ਸੰਤ ਸਤਿਗੁਰੂ ਹੈ। ਗੁਰਪ੍ਰਸਾਦਿ ਦਾ ਦਾਤਾ ਕੇਵਲ ਪੂਰਨ ਸੰਤ ਸਤਿਗੁਰੂ ਹੈ। ਸਤਿਨਾਮ ਦਾ ਵਪਾਰੀ ਕੇਵਲ ਪੂਰਨ ਸੰਤ ਸਤਿਗੁਰੂ ਹੀ ਹੁੰਦਾ ਹੈ।

ਜੋ ਪੂਰਨ ਨਹੀਂ ਹੈ ਉਹ ਸਤਿਗੁਰੂ ਨਹੀਂ ਹੈ। ਜਿਸ ਭਗਤ ਨੇ ਪੂਰਨ ਅਵਸਥਾ ਦੀ ਪ੍ਰਾਪਤੀ ਕੀਤੀ ਹੈ ਅਤੇ ਪਰਮ ਪਦਵੀ ਦੀ ਪ੍ਰਾਪਤੀ ਕੀਤੀ ਹੈ ਕੇਵਲ ਉਹ ਹੀ ਪੂਰਨ ਸੰਤ ਸਤਿਗੁਰੂ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਸਾਰੇ ਦਰਗਾਹੀ ਖ਼ਜ਼ਾਨਿਆਂ ਦੀ ਕੁੰਜੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਸਾਰੀਆਂ ਰਿੱਧੀਆਂ-ਸਿੱਧੀਆਂ ਸੇਵਾ ਕਰਦੀਆਂ ਹਨ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਸਾਰੀਆਂ ਦਰਗਾਹੀ ਪਰਮ ਸ਼ਕਤੀਆਂ ਨਿਵਾਸ ਕਰਦੀਆਂ ਹਨ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਬੇਅੰਤ ਪ੍ਰਕਾਸ਼ ਹੁੰਦਾ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਚਰਨ-ਸ਼ਰਨ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੇ ਛਤਰ ਹੇਠ ਮਾਇਆ ਦਾ ਪ੍ਰਭਾਵ ਨਹੀਂ ਹੁੰਦਾ ਹੈ ਕਿਉਂਕਿ ਮਾਇਆ ਐਸੇ ਮਹਾਂਪੁਰਖਾਂ ਦੀ ਗ਼ੁਲਾਮ ਬਣ ਜਾਂਦੀ ਹੈ ਅਤੇ ਉਨ੍ਹਾਂ ਦੀ ਸੇਵਾ ਕਰਦੀ ਹੈ। ਐਸੇ ਪੂਰਨ ਮਹਾਂਪੁਰਖ ਦੀ ਸੰਗਤ ਦੀ ਪ੍ਰਾਪਤੀ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਨਾਲ ਹੀ ਹੁੰਦੀ ਹੈ। ਭਾਵ ਜਿਸ ਮਨੁੱਖ ਦੇ ਭਾਗ ਪੂਰਨ ਹੋ ਜਾਂਦੇ ਹਨ, ਜਿਸ ਦੇ ਸਤਿ ਕਰਮਾਂ ਦਾ ਪਲੜਾ ਭਾਰੀ ਹੋ ਜਾਂਦਾ ਹੈ ਉਸ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਹੁਕਮ ਅਨੁਸਾਰ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਜਦ ਮਨੁੱਖ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਆਪਣਾ ਆਪਾ ਅਰਪਣ ਕਰਦਾ ਹੈ, ਆਪਣਾ ਤਨ-ਮਨ-ਧਨ ਅਰਪਣ ਕਰਦਾ ਹੈ ਤਾਂ ਉਸ ਮਨੁੱਖ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਇਸ ਪਰਮ ਸਤਿ ਤੱਤ ਨੂੰ ਸਤਿਗੁਰੂ ਪਾਤਿਸ਼ਾਹੀਆਂ ਨੇ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ:

ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੯)

ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥
ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੦)

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੦)

ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੯)

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੮)

ਨਾਮੁ ਨਿਧਾਨੁ ਸਤਿਗੁਰਿ ਦੀਆ ਸੁਖੁ ਨਾਨਕ ਮਨ ਮਹਿ ਮੰਡੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੯-੫੦)

ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੮)

ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੬-੬੭)

ਲਖ ਚਉਰਾਸੀਹ ਫਿਰਦੇ ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੯-੭੦)

ਜਿਨੀ ਪੂਰਾ ਸਤਿਗੁਰੁ ਸੇਵਿਆ ਸੇ ਦਰਗਹ ਸਦਾ ਸੁਹੇਲੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੮)

ਸਤਿਗੁਰ ਦਇਆਲ ਕਿਰਪਾਲ ਭੇਟਤ ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੧)

ਸਤਿਨਾਮ ਅਨਮੋਲ ਰਤਨ ਹੀਰਾ ਹੈ ਜੋ ਕੇਵਲ ਪੂਰਨ ਸੰਤ ਸਤਿਗੁਰੂ ਦੀ ਸੇਵਾ ਨਾਲ ਹੀ ਪ੍ਰਾਪਤ ਹੁੰਦਾ ਹੈ। ਜੋ ਮਨੁੱਖ ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਦੇ ਹਨ ਭਾਵ ਜੋ ਮਨੁੱਖ ਪੂਰਨ ਸੰਤ ਸਤਿਗੁਰੂ ਦੀ ਤਨ-ਮਨ-ਧਨ ਨਾਲ ਸੇਵਾ ਕਰਦੇ ਹਨ ਅਤੇ ਉਸ ਦੇ ਸਤਿਬਚਨ ਕਮਾਉਂਦੇ ਹਨ ਕੇਵਲ ਉਨ੍ਹਾਂ ਨੂੰ ਹੀ ਸਤਿਨਾਮ ਦਾ ਅਨਮੋਲ ਰਤਨ ਹੀਰਾ ਪ੍ਰਾਪਤ ਹੁੰਦਾ ਹੈ। ਭਾਵ ਜੋ ਪੂਰਨ ਸੰਤ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਦੇ ਹਨ ਉਨ੍ਹਾਂ ਦੀ ਸੁਰਤਿ ਵਿੱਚ ਨਾਮ ਉਤਰ ਜਾਂਦਾ ਹੈ। ਜਦ ਐਸੇ ਮਨੁੱਖ ਸਤਿਨਾਮ ਸਿਮਰਨ ਦਾ ਲੰਬੇ ਸਮੇਂ ਲਈ (੨.੫ ਘੰਟੇ ਜਾਂ ਵੱਧ ਸਮੇਂ ਲਈ ਰੋਜ਼ਾਨਾ) ਅਭਿਆਸ ਕਰਦੇ ਹਨ ਉਨ੍ਹਾਂ ਮਨੁੱਖਾਂ ਦੀ ਸਮਾਧੀ ਲੱਗ ਜਾਂਦੀ ਹੈ। ਐਸੇ ਅਭਿਆਸੀ ਮਨੁੱਖਾਂ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ, ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ, ਸੁੰਨ ਸਮਾਧੀ ਦੀ ਪ੍ਰਾਪਤੀ ਹੋ ਜਾਂਦੀ ਹੈ, ਮਨ ਪੂਰਨ ਵਿਸ਼ਰਾਮ ਵਿੱਚ ਚਲਾ ਜਾਂਦਾ ਹੈ, ਸਤਿਨਾਮ ਰੋਮ-ਰੋਮ ਵਿੱਚ ਚਲਾ ਜਾਂਦਾ ਹੈ, ਹਿਰਦੇ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਹੋ ਜਾਂਦਾ ਹੈ, ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ, ਤ੍ਰਿਸ਼ਣਾ ਬੁਝ ਜਾਂਦੀ ਹੈ, ਪੰਜ ਦੂਤ ਵੱਸ ਆ ਜਾਂਦੇ ਹਨ, ਮਨ ਜਿੱਤਿਆ ਜਾਂਦਾ ਹੈ, ਮਾਇਆ ਦੀ ਗ਼ੁਲਾਮੀ ਦਾ ਅੰਤ ਹੋ ਜਾਂਦਾ ਹੈ, ਮਾਇਆ ਚਰਨਾਂ ਵਿੱਚ ਆ ਜਾਂਦੀ ਹੈ, ਬੰਦਗੀ ਪੂਰਨ ਹੋ ਜਾਂਦੀ ਹੈ ਅਤੇ ਦਰਗਾਹ ਵਿੱਚ ਮਾਣ ਪ੍ਰਾਪਤ ਹੋ ਜਾਂਦਾ ਹੈ, ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਹੋ ਜਾਂਦੇ ਹਨ, ਰੂਹ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਂਦੀ ਹੈ, ਪੂਰਨ ਬ੍ਰਹਮ ਗਿਆਨ ਦੀ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ, ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ, ਪਰਮ ਪਦਵੀ ਦੀ ਪ੍ਰਾਪਤੀ ਹੋ ਜਾਂਦੀ ਹੈ, ਅਟੱਲ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ। ਐਸੀ ਪਰਮ ਸ਼ਕਤੀਸ਼ਾਲੀ ਹੈ ਮਹਿਮਾ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਜਿਸ ਦੇ ਛਤਰ ਹੇਠ ਬੈਠ ਕੇ ਮਨੁੱਖ ਨੂੰ ਇਨ੍ਹਾਂ ਸਾਰਿਆਂ ਦਰਗਾਹੀ ਖਜਾਨਿਆਂ ਦੀ ਪ੍ਰਾਪਤੀ ਹੋ ਜਾਂਦੀ ਹੈ। ਪੂਰਨ ਸੰਤ ਸਤਿਗੁਰੂ ਦੇ ਪਰਮ ਸ਼ਕਤੀਸ਼ਾਲੀ ਛਤਰ ਹੇਠ ਬੈਠੇ ਹੋਏ ਜਿਗਿਆਸੂਆਂ ਦੀ ਬੰਦਗੀ ਸਹਿਜੇ ਹੀ ਪੂਰਨ ਹੋ ਜਾਂਦੀ ਹੈ। ਜੋ ਜਿਗਿਆਸੂ ਪੂਰਨ ਸ਼ਰਧਾ, ਪੂਰਨ ਪ੍ਰੀਤ ਅਤੇ ਪੂਰਨ ਭਰੋਸੇ ਵਿੱਚ ਡੁੱਬ ਕੇ ਆਪਣੇ ਸੰਤ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰਦੇ ਹਨ ਉਨ੍ਹਾਂ ਦੀ ਬੰਦਗੀ ਸਹਿਜੇ ਹੀ ਪੂਰਨ ਹੋ ਜਾਂਦੀ ਹੈ।

ਬੰਦਗੀ ਕੇਵਲ ਮਨੁੱਖ ਦੀ ਮਾਇਆ ਨਾਲ ਜੰਗ ਹੈ। ਭਾਵ ਇਸ ਜੰਗ ਵਿੱਚ ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ ਨੂੰ ਜਿੱਤਣਾ ਹੀ ਬੰਦਗੀ ਹੈ। ਇਸ ਜੰਗ ਵਿੱਚ ਮਾਇਆ ਨੂੰ ਜਿੱਤਣਾ ਹੀ ਬੰਦਗੀ ਹੈ। ਤ੍ਰਿਸ਼ਣਾ ਦਾ ਬੁਝਣਾ ਹੀ ਬੰਦਗੀ

ਹੈ। ਤ੍ਰਿਸ਼ਣਾ ਦੇ ਬੁਝਣ ਨਾਲ ਮਨ ਸਤਿ ਸੰਤੋਖ ਵਿੱਚ ਚਲਾ ਜਾਂਦਾ ਹੈ। ਪੰਜ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੂਪ ਚੰਡਾਲਾਂ) ਨੂੰ ਜਿੱਤਣ ਨਾਲ ਮਾਇਆ ਜਿੱਤੀ ਜਾਂਦੀ ਹੈ। ਮਾਇਆ ਦੀ ਗ਼ੁਲਾਮੀ ਤੋਂ ਮੁਕਤੀ ਹੀ ਜੀਵਨ ਮੁਕਤੀ ਹੈ। ਤ੍ਰਿਸ਼ਣਾ ਦਾ ਬੁੱਝਣਾ ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੂਪ ਚੰਡਾਲਾਂ ਨੂੰ ਜਿੱਤਣਾ ਹੀ ਜੀਵਨ ਮੁਕਤੀ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਮਾਇਆ ਦਾ ਕੋਈ ਪ੍ਰਭਾਵ ਨਹੀਂ ਹੁੰਦਾ ਹੈ। ਇਸ ਲਈ ਜੋ ਮਨੁੱਖ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਪ੍ਰੀਤ, ਸ਼ਰਧਾ ਅਤੇ ਭਰੋਸੇ ਨਾਲ ਪੂਰਨ ਸਮਰਪਣ ਕਰ ਦਿੰਦੇ ਹਨ ਉਨ੍ਹਾਂ ਦੀ ਤ੍ਰਿਸ਼ਣਾ ਸਹਿਜੇ ਹੀ ਬੁਝ ਜਾਂਦੀ ਹੈ ਅਤੇ ਉਹ ਪੰਜ ਦੂਤਾਂ ਉੱਪਰ ਸਹਿਜੇ ਹੀ ਫ਼ਤਿਹ ਹਾਸਿਲ ਕਰ ਲੈਂਦੇ ਹਨ। ਜੋ ਮਨੁੱਖ ਪੂਰਨ ਸੰਤ ਸਤਿਗੁਰੂ ਦੇ ਛਤਰ ਹੇਠ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਪੂਰਨ ਸਮਰਪਣ ਕਰਦੇ ਹਨ ਉਹ ਮਨੁੱਖ ਸਹਿਜੇ ਹੀ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ।

ਸਾਰੀ ਸ੍ਰਿਸ਼ਟੀ ਦੀ ਰਚਨਾ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਹੀ ਕਰਦੀਆਂ ਹਨ। ੮੪ ਲੱਖ ਮੇਦਨੀ ਦੀ ਰਚਨਾ ਵੀ ਸਤਿ ਪਾਰਬ੍ਰਹਮ ਦੀਆਂ ਪਰਮ ਸ਼ਕਤੀਆਂ ਦੁਆਰਾ ਹੀ ਕੀਤੀ ਗਈ ਹੈ। ੮੪ ਲੱਖ ਮੇਦਨੀ ਵਿੱਚ ਸਾਰੇ ਜੀਅ-ਜੰਤਾਂ ਵਿੱਚ ਕੇਵਲ ਮਨੁੱਖਾ ਜਨਮ ਵਿੱਚ ਹੀ ਧਰਤੀ ਉੱਪਰ ਸਤਿਗੁਰੂ ਪ੍ਰਗਟ ਹੁੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਗਾਹੀ ਵਿਧਾਨ ਅਨੁਸਾਰ ਮਨੁੱਖਾ ਜਨਮ ਵਿੱਚ ਹੀ ਜਿਸ ਪ੍ਰਾਣੀ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਵਰਤਦੀ ਹੈ ਉਸ ਪ੍ਰਾਣੀ ਨੂੰ ਸਤਿਗੁਰੂ ਦੀ ਚਰਨ-ਸ਼ਰਨ ਦੀ ਪ੍ਰਾਪਤੀ ਹੁੰਦੀ ਹੈ। ਜਿਸ ਪ੍ਰਾਣੀ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਤੁਠੱਦਾ ਹੈ ਉਸ ਪ੍ਰਾਣੀ ਨੂੰ ਉਹ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਲੈ ਜਾਂਦਾ ਹੈ ਅਤੇ ਉਸ ਦੇ ਹਿਰਦੇ ਵਿੱਚ ਸਤਿਗੁਰੂ ਲਈ ਸ਼ਰਧਾ, ਪ੍ਰੀਤ ਅਤੇ ਭਰੋਸਾ ਭਰ ਦਿੰਦਾ ਹੈ। ਜਿਸ ਪ੍ਰਾਣੀ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਮਿਹਰ, ਮਿਹਰਾਮਤ ਅਤੇ ਦਇਆ ਕਰਦਾ ਹੈ ਉਸ ਪ੍ਰਾਣੀ ਨੂੰ ਉਹ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਲੈ ਜਾਂਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਿਹਰ, ਦਇਆ ਅਤੇ ਕਿਰਪਾ ਦਾ ਪਾਤਰ ਉਹ ਪ੍ਰਾਣੀ ਹੀ ਬਣਦਾ ਹੈ ਜੋ ਸਤੋ ਬਿਰਤੀ ਉੱਪਰ ਆਪਣਾ ਧਿਆਨ ਕੇਂਦਰਿਤ ਕਰਦਾ ਹੈ ਅਤੇ ਦਇਆ, ਧਰਮ, ਸੰਤੋਖ ਅਤੇ ਸੰਜਮ ਦੇ ਅਧੀਨ ਸਤਿ ਕਰਮ ਕਰਦਾ ਹੈ। ਇਸ ਲਈ ਸਾਰੀ ਲੁਕਾਈ ਦੇ ਚਰਨਾਂ ਵਿੱਚ ਸਨਿਮਰ ਬੇਨਤੀ ਹੈ ਕਿ ਆਪਣਾ ਧਿਆਨ ਸਤਿ ਦੀ ਕਰਨੀ ਉੱਪਰ ਕੇਂਦਰਿਤ ਕਰੋ। ਆਪਣੀ ਤ੍ਰਿਸ਼ਣਾ ਨੂੰ ਪੂਰੀ ਕਰਨ ਲਈ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੂਪੀ ਚੰਡਾਲਾਂ ਦੀ ਗ਼ੁਲਾਮੀ ਵਿੱਚ ਅਸਤਿ ਕਰਮ ਨਾ ਕਰੋ। ਅਸੀਂ ਕੇਵਲ ਸਤਿ ਦੀ ਕਰਨੀ ਇਕੱਤਰ ਕਰਨ ਨਾਲ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ, ਰਹਿਮਤ ਅਤੇ ਦਇਆ ਦੇ ਪਾਤਰ ਬਣ ਸਕਦੇ ਹਾਂ ਅਤੇ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਦੀ ਪ੍ਰਾਪਤੀ ਕਰ ਸਕਦੇ ਹਾਂ।

ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਗੁਰਪ੍ਰਸਾਦੀ ਖੇਡ ਹੈ। ਅੰਮ੍ਰਿਤ ਦੀ ਪ੍ਰਾਪਤੀ ਕੇਵਲ ਗੁਰਪ੍ਰਸਾਦੀ ਗੁਰਕਿਰਪਾ ਨਾਲ ਹੀ ਹੁੰਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਿਸ ਮਨੁੱਖ ਉੱਪਰ ਵਰਤਦੀ ਹੈ ਕੇਵਲ ਉਸ ਨੂੰ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। ਜਿਸ ਮਨੁੱਖ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਗੁਰਪ੍ਰਸਾਦੀ ਪਰਮ ਸ਼ਕਤੀ ਵਰਤਦੀ ਹੈ ਉਸ ਮਨੁੱਖ ਨੂੰ ਹੀ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾ ਕੇ ਅੰਮ੍ਰਿਤ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ।

■

ਅਨੰਦੁ ਸਾਹਿਬ-ਪਉੜੀ ੧੪

ਭਗਤਾ ਕੀ ਚਾਲ ਨਿਰਾਲੀ ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੮-੯੧੯)

ਬੰਦਗੀ ਕਰਨ ਵਾਲੇ ਮਨੁੱਖਾਂ ਦਾ ਜੀਵਨ ਸੰਸਾਰੀ ਮਨੁੱਖਾਂ ਨਾਲੋਂ ਬਿਲਕੁਲ ਵੱਖਰੇ ਹੁੰਦਾ ਹੈ। ਜਿਨ੍ਹਾਂ ਮਨੁੱਖਾਂ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਵਰਤਦੀ ਹੈ ਉਨ੍ਹਾਂ ਨੂੰ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ ਅਤੇ ਐਸੇ ਮਹਾਂਪੁਰਖ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਉਨ੍ਹਾਂ ਮਨੁੱਖਾਂ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਉਹ ਬੰਦਗੀ ਵਿੱਚ ਗਹਿਰੇ ਉਤਰ ਜਾਂਦੇ ਹਨ। ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਹੋ ਜਾਂਦਾ ਹੈ ਉਨ੍ਹਾਂ ਦਾ ਜੀਵਨ ਬਦਲ ਜਾਂਦਾ ਹੈ। ਜੋ ਮਨੁੱਖ ਗੁਰਪ੍ਰਸਾਦਿ ਦੀ ਕਮਾਈ ਵਿੱਚ ਰੱਤੇ ਜਾਂਦੇ ਹਨ ਉਨ੍ਹਾਂ ਦਾ ਰੋਮ-ਰੋਮ ਪਾਵਨ ਹੋ ਜਾਂਦਾ ਹੈ। ਜੋ ਮਨੁੱਖ ਸਤਿਨਾਮ ਸਿਮਰਨ ਵਿੱਚ ਡੂੰਘੇ ਉਤਰ ਜਾਂਦੇ ਹਨ ਉਨ੍ਹਾਂ ਦੇ ਰੋਮ-ਰੋਮ ਵਿੱਚ ਸਤਿਨਾਮ ਸਮਾ ਜਾਂਦਾ ਹੈ ਅਤੇ ਉਹ ਮਾਨਸਰੋਵਰ ਵਿੱਚ ਡੁੱਬ ਜਾਂਦੇ ਹਨ। ਬੰਦਗੀ ਵਿੱਚ ਰੱਤੇ ਗਏ ਮਨੁੱਖਾਂ ਨੂੰ ਪੂਰਨ ਸਤਿ ਦਾ ਗਿਆਨ ਹੋ ਜਾਂਦਾ ਹੈ। ਬੰਦਗੀ ਵਿੱਚ ਗਹਿਰੇ ਉਤਰਣ ਦੇ ਨਾਲ ਮਾਨਸਰੋਵਰ ਵਿੱਚ ਬੈਠੇ ਹੋਏ ਮਨੁੱਖਾਂ ਨੂੰ ਪੂਰਨ ਬ੍ਰਹਮ ਗਿਆਨ ਹੋ ਜਾਂਦਾ ਹੈ ਅਤੇ ਉਨ੍ਹਾਂ ਨੂੰ ਮਾਇਆ ਦੇ ਸਾਰੇ ਭੇਦਾਂ ਦਾ ਗਿਆਨ ਹੋ ਜਾਂਦਾ ਹੈ। ਬੰਦਗੀ ਵਿੱਚ ਡੂੰਘੇ ਉਤਰਣ ਦੇ ਨਾਲ ਉਨ੍ਹਾਂ ਨੂੰ ਸੰਸਾਰਿਕ ਜੀਵਨ ਦੇ ਸਾਰੇ ਪਰਮ ਸਤਿ ਤੱਤਾਂ ਦਾ ਪੂਰਨ ਗਿਆਨ ਹੋ ਜਾਂਦਾ ਹੈ। ਜਿਨ੍ਹਾਂ ਮਨੁੱਖਾਂ ਦੇ ਰੋਮ-ਰੋਮ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ ਉਨ੍ਹਾਂ ਦਾ ਜੀਵਨ ਸਤਿ ਦੀ ਕਰਨੀ ਵਿੱਚ ਪੂਰਨ ਤੌਰ 'ਤੇ ਚਲਾ ਜਾਂਦਾ ਹੈ। ਐਸੇ ਮਹਾਂਪੁਰਖਾਂ ਨੂੰ ਸੰਸਾਰ ਵਿੱਚ ਵਰਤ ਰਹੀ ਮਾਇਆ ਦੇ ਸਾਰੇ ਭੇਦ ਸਮਝ ਆ ਜਾਂਦੇ ਹਨ। ਉਨ੍ਹਾਂ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਕਿਵੇਂ ਮਾਇਆ ਨੇ ਸਾਰੇ ਸੰਸਾਰ ਨੂੰ ਆਪਣੇ ਇਸ਼ਾਰਿਆਂ ਉੱਪਰ ਨੱਚਣ ਲਾਇਆ ਹੋਇਆ ਹੈ। ਬੰਦਗੀ ਵਿੱਚ ਗਹਿਰੇ ਉਤਰ ਗਏ ਮਹਾਂਪੁਰਖਾਂ ਨੂੰ ਸੰਸਾਰ ਦਾ ਹਰ ਇੱਕ ਮਨੁੱਖ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੂਪੀ ਚੰਡਾਲਾਂ ਦੇ ਚੁੰਗਲ ਵਿੱਚ ਬੁਰੀ ਤਰ੍ਹਾਂ ਨਾਲ ਫਸਿਆ ਹੋਇਆ ਪ੍ਰਤੱਖ ਨਜ਼ਰ ਆਉਣ ਲੱਗ ਪੈਂਦਾ ਹੈ। ਐਸੇ ਮਹਾਂਪੁਰਖਾਂ ਨੂੰ ਇਹ ਸਤਿ ਪ੍ਰਤੱਖ ਦਿਸਣ ਲੱਗ ਪੈਂਦਾ

ਹੈ ਕਿ ਸੰਸਾਰਿਕ ਮਨੁੱਖਾਂ ਨੂੰ ਤ੍ਰਿਸ਼ਣਾ ਕਿਵੇਂ ਦਿਨ-ਰਾਤ ਆਪਣੀ ਅਗਨ ਵਿੱਚ ਸਾੜਦੀ-ਬਾਲਦੀ ਪਈ ਹੈ। ਭਗਤਾਂ ਨੂੰ ਹਰ ਇੱਕ ਮਨੁੱਖ ਮਾਇਆ ਦੇ ਕੂੜ ਦੇ ਜਾਲ ਵਿੱਚ ਬੁਰੀ ਤਰ੍ਹਾਂ ਨਾਲ ਟੁੰਗਿਆ ਹੋਇਆ ਪ੍ਰਤੱਖ ਨਜ਼ਰ ਆਉਣ ਲੱਗ ਪੈਂਦਾ ਹੈ। ਸੰਸਾਰ ਬਾਰੇ ਇਸ ਪੂਰਨ ਸਤਿ ਨੂੰ ਪ੍ਰਤੱਖ ਦੇਖ ਕੇ ਪੂਰਨ ਸੰਤ ਸੰਸਾਰਿਕ ਲੋਕਾਂ ਨੂੰ ਪੂਰਨ ਸਤਿ ਦਾ ਉਪਦੇਸ਼ ਦੇਣ ਨਿਕਲ ਪੈਂਦੇ ਹਨ। ਪੂਰਨ ਮਹਾਂਪੁਰਖ ਸੰਸਾਰ ਵਿੱਚ ਵਰਤ ਰਹੇ ਮਾਇਆ ਦੇ ਇਸ ਵਿਨਾਸ਼ਕਾਰੀ ਖੇਲ ਦੇ ਬਾਰੇ ਇਹ ਪੂਰਨ ਸਤਿ ਲੁਕਾਈ ਨੂੰ ਦੱਸਣ ਲਈ ਨਿਕਲ ਪੈਂਦੇ ਹਨ। ਪੂਰਨ ਸੰਤ ਲੁਕਾਈ ਨੂੰ ਮਾਇਆ ਦੇ ਇਸ ਭਿਆਨਕ ਵਿਨਾਸ਼ਕਾਰੀ ਦਲਦਲ ਵਿੱਚੋਂ ਕੱਢਣ ਲਈ ਨਿਕਲ ਪੈਂਦੇ ਹਨ ਇਸ ਲਈ ਉਨ੍ਹਾਂ ਦੀ ਚਾਲ ਬਾਕੀ ਸਾਰੀ ਲੁਕਾਈ ਨਾਲੋਂ ਵੱਖਰੀ ਅਤੇ ਨਿਰਾਲੀ ਹੋ ਜਾਂਦੀ ਹੈ।

ਭਗਤਾਂ ਨੂੰ ਸਮਾਜ ਵਿੱਚ ਫੈਲੇ ਹੋਏ ਮਾਇਆ ਦੇ ਸਾਰੇ ਭਰਮ ਜਾਲ ਪ੍ਰਤੱਖ ਦਿਸਣ ਲੱਗ ਪੈਂਦੇ ਹਨ। ਭਗਤਾਂ ਨੂੰ ਮਨੁੱਖਾਂ ਦੇ ਰੋਜ਼ਾਨਾ ਸਮਾਜਿਕ ਜੀਵਨ ਵਿੱਚ ਪ੍ਰਚਲਿਤ ਸਾਰੇ ਭਰਮਾਂ ਅਤੇ ਤਰੁੱਟੀਆਂ ਦਾ ਪ੍ਰਤੱਖ ਗਿਆਨ ਹੋ ਜਾਂਦਾ ਹੈ। ਭਗਤਾਂ ਨੂੰ ਮਨੁੱਖਾਂ ਦੇ ਸਮਾਜਿਕ ਜੀਵਨ ਵਿੱਚ ਪ੍ਰਚਲਿਤ ਸਾਰੇ ਪੁੱਠੇ ਰੀਤੀ ਰਿਵਾਜਾਂ ਦਾ ਪੂਰਨ ਗਿਆਨ ਹੋ ਜਾਂਦਾ ਹੈ। ਭਗਤਾਂ ਨੂੰ ਸੰਸਾਰਿਕ ਮਨੁੱਖਾਂ ਦੇ ਰੋਜ਼ਾਨਾ ਜੀਵਨ ਵਿੱਚ ਵਾਪਰ ਰਹੇ ਸਾਰੇ ਦੁੱਖਾਂ, ਕਲੇਸ਼ਾਂ, ਰੋਗਾਂ ਅਤੇ ਸਮੱਸਿਆਵਾਂ ਦੇ ਮੂਲ ਕਾਰਨਾਂ ਦਾ ਪੂਰਨ ਗਿਆਨ ਹੋ ਜਾਂਦਾ ਹੈ। ਭਗਤਾਂ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਸਾਰਾ ਸਮਾਜਿਕ ਢਾਂਚਾ ਕਿਵੇਂ ਮਾਇਆ ਦੇ ਦੁਆਰਾ ਬੁਣੇ ਗਏ ਭਰਮ ਜਾਲ ਵਿੱਚ ਬੁਰੀ ਤਰ੍ਹਾਂ ਨਾਲ ਜਕੜਿਆ ਹੋਇਆ ਹੈ। ਭਗਤਾਂ ਨੂੰ ਇਸ ਸਤਿ ਦਾ ਗਿਆਨ ਹੋ ਜਾਂਦਾ ਹੈ ਕਿ ਕਿਵੇਂ ਮਨੁੱਖ ਦਾ ਸਮਾਜਿਕ ਜੀਵਨ ਪੂਰਨ ਸਤਿ ਦੇ ਪੂਰਾ ਉਲਟ ਚਲ ਰਿਹਾ ਹੈ। ਭਗਤਾਂ ਨੂੰ ਇਸ ਪਰਮ ਸਤਿ ਦਾ ਗਿਆਨ ਹੋ ਜਾਂਦਾ ਹੈ ਕਿ ਸਾਰਾ ਸੰਸਾਰ ਭਵਸਾਗਰ ਅਸਤਿ ਹੈ, ਕੂੜ ਹੈ ਅਤੇ ਬਿਨਸਣਹਾਰ ਹੈ। ਇਸ ਲਈ ਪੂਰਨ ਸੰਤਾਂ ਦਾ ਮਾਰਗ ਸੰਸਾਰਿਕ ਲੋਕਾਂ ਨਾਲੋਂ ਵੱਖਰਾ ਹੋ ਜਾਂਦਾ ਹੈ ਅਤੇ ਉਨ੍ਹਾਂ ਦੀ ਚਾਲ ਸਾਰੇ ਸੰਸਾਰ ਨਾਲੋਂ ਨਿਰਾਲੀ ਹੋ ਜਾਂਦੀ ਹੈ ਕਿਉਂਕਿ ਉਨ੍ਹਾਂ ਦਾ ਮਾਰਗ ਪੂਰਨ ਸਤਿ ਦਾ ਮਾਰਗ ਹੁੰਦਾ ਹੈ। ਉਹ ਪੂਰਨ ਸਤਿ ਦੀ ਸੇਵਾ ਕਰਦੇ ਹਨ, ਪੂਰਨ ਸਤਿ ਵਰਤਾਉਂਦੇ ਹਨ ਅਤੇ ਮਾਇਆ ਉਨ੍ਹਾਂ ਦੀ ਸੇਵਾ ਕਰਦੀ ਹੈ। ਇੱਕ ਪੂਰਨ ਸੰਤ ਅਤੇ ਆਮ ਮਨੁੱਖ ਵਿੱਚ ਇਹ ਅੰਤਰ ਹੈ ਕਿ ਪੂਰਨ ਸੰਤ ਦੀ ਮਾਇਆ ਗ਼ੁਲਾਮ ਹੁੰਦੀ ਹੈ ਅਤੇ ਉਸ ਦੀ ਸੇਵਾ ਕਰਦੀ ਹੈ ਜਿੱਥੇ ਕਿ ਇੱਕ ਆਮ ਮਨੁੱਖ ਮਾਇਆ ਦਾ ਗ਼ੁਲਾਮ ਹੁੰਦਾ ਹੈ ਅਤੇ ਉਹ ਮਾਇਆ ਦੀ ਸੇਵਾ ਕਰਦਾ ਹੈ। ਇਸ ਲਈ ਪੂਰਨ ਮਹਾਂਪੁਰਖਾਂ ਦੀ ਚਾਲ ਬਾਕੀ ਸਾਰੇ ਸੰਸਾਰੀ ਲੋਕਾਂ ਨਾਲੋਂ ਵੱਖਰੀ ਹੁੰਦੀ ਹੈ ਅਤੇ ਨਿਰਾਲੀ ਹੁੰਦੀ ਹੈ।

ਇਸ ਤੋਂ ਵੀ ਵੱਡਾ ਸਤਿ ਜੋ ਭਗਤਾਂ ਨੂੰ ਪ੍ਰਤੱਖ ਦਿਸਣ ਲੱਗ ਪੈਂਦਾ ਹੈ ਉਹ ਹੈ ਕਿ ਸੰਸਾਰਿਕ ਜੀਵਨ ਵਿੱਚ ਮਾਇਆ ਦੇ ਭਵਸਾਗਰ ਵਿੱਚ ਉਲਝਿਆ ਹੋਇਆ ਸੰਸਾਰ ਕਿਵੇਂ ਝੂਠੇ ਧਾਰਮਿਕ ਪ੍ਰਚਾਰਕਾਂ ਦੇ ਹੱਥੇ ਚੜ੍ਹਿਆ ਹੋਇਆ ਹੈ। ਭਗਤਾਂ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਜਿਹੜੇ ਧਰਮ (ਸੰਸਾਰਿਕ) ਵਿੱਚ ਉਸ ਦਾ ਜਨਮ ਹੋਇਆ ਹੈ, ਜਿਹੜੀ ਕੁਲ ਵਿੱਚ ਉਸ ਦਾ ਜਨਮ ਹੋਇਆ ਹੈ, ਉਹ ਧਰਮ ਅਤੇ ਕੁਲ ਦੇ ਲੋਕ ਕਿਵੇਂ ਅੰਧਵਿਸ਼ਵਾਸ ਵਿੱਚ ਵਿਚਰ ਰਹੇ ਅਗਿਆਨੀ ਅਤੇ ਸਤਿ ਤੋਂ ਪੂਰੀ ਤਰ੍ਹਾਂ ਨਾਲ ਅਨਭਿਗ ਧਾਰਮਿਕ ਪ੍ਰਚਾਰਕਾਂ ਦੇ ਬੁਣੇ ਗਏ ਭਰਮ ਜਾਲ ਵਿੱਚ ਬੁਰੀ ਤਰ੍ਹਾਂ ਨਾਲ ਫਸੇ ਹੋਏ ਹਨ। ਭਗਤਾਂ ਨੂੰ ਇਸ ਪੂਰਨ ਸਤਿ ਦਾ ਗਿਆਨ ਹੋ ਜਾਂਦਾ ਹੈ ਕਿ ਝੂਠੇ ਧਾਰਮਿਕ ਪ੍ਰਚਾਰਕ, ਜੋ ਕਿ ਖੁਦ ਮਾਇਆਧਾਰੀ

ਹਨ, ਅਗਿਆਨੀ ਹਨ, ਭਰਮਾਂ ਵਿੱਚ ਜਕੜੇ ਹੋਏ ਹਨ, ਉਹ ਕਿਵੇਂ ਲੁਕਾਈ ਨੂੰ ਸਹਾਇਤਾ ਕਰਨ ਦੇ ਬਜਾਏ ਹੋਰ ਭਰਮਾਂ ਵਿੱਚ ਉਲਝਾ ਕੇ ਨਰਕ ਵੱਲ ਧਕੇਲ ਰਹੇ ਹਨ। ਜੋ ਪ੍ਰਚਾਰਕ ਆਪ ਮਾਇਆ ਦੀ ਗ਼ੁਲਾਮੀ ਦਾ ਜੀਵਨ ਜੀਅ ਰਹੇ ਹਨ ਉਹ ਝੂਠੇ ਪ੍ਰਚਾਰਕ ਲੁਕਾਈ ਨੂੰ ਕਿਵੇਂ ਉਪਦੇਸ਼ ਦੇ ਸਕਦੇ ਹਨ। ਜੋ ਪ੍ਰਚਾਰਕ ਆਪ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਲਈ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੂਪੀ ਚੰਡਾਲਾਂ ਦੇ ਗ਼ੁਲਾਮ ਹਨ; ਉਹ ਪ੍ਰਚਾਰਕ ਝੂਠੇ ਹਨ ਅਤੇ ਐਸੇ ਝੂਠੇ ਪ੍ਰਚਾਰਕ ਲੋਕਾਂ ਨੂੰ ਕੀ ਦੇ ਸਕਦੇ ਹਨ। ਜਿਨ੍ਹਾਂ ਪ੍ਰਚਾਰਕਾਂ ਨੂੰ ਪੂਰਨ ਸਤਿ ਦਾ ਗਿਆਨ ਨਹੀਂ ਹੈ ਅਤੇ ਨਾ ਹੀ ਜਿਨ੍ਹਾਂ ਦੀ ਕੋਈ ਆਪਣੀ ਕਮਾਈ ਹੈ ਉਹ ਝੂਠੇ ਪ੍ਰਚਾਰਕ ਲੁਕਾਈ ਨੂੰ ਕੀ ਦੇ ਸਕਦੇ ਹਨ। ਜਿਨ੍ਹਾਂ ਨੇ ਧਾਰਮਿਕ ਪ੍ਰਚਾਰ ਆਪਣਾ ਕਿੱਤਾ ਬਣਾ ਲਿਆ ਹੈ ਅਤੇ ਇਸ ਦੀ ਕਮਾਈ ਨਾਲ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ ਉਨ੍ਹਾਂ ਝੂਠੇ ਪ੍ਰਚਾਰਕਾਂ ਨੇ ਲੁਕਾਈ ਦਾ ਕੀ ਭਲਾ ਕਰਨਾ ਹੈ।

ਧਰਮ ਦਾ ਪ੍ਰਚਾਰ ਕੋਈ ਕਿੱਤਾ ਨਹੀਂ ਹੈ। ਧਰਮ ਦਾ ਪ੍ਰਚਾਰ ਕੋਈ ਆਪਣੀ ਰੋਜ਼ੀ-ਰੋਟੀ ਕਮਾਉਣ ਦਾ ਸਾਧਨ ਨਹੀਂ ਹੈ। ਧਰਮ ਦਾ ਮਾਰਗ ਸਤਿ ਦੀ ਕਮਾਈ ਦਾ ਮਾਰਗ ਹੈ। ਧਰਮ ਦਾ ਮਾਰਗ ਸਤਿ ਦੀ ਸੇਵਾ ਦਾ ਮਾਰਗ ਹੈ। ਧਰਮ ਦਾ ਮਾਰਗ ਸਤਿ ਵਰਤਾਉਣ ਦਾ ਮਾਰਗ ਹੈ। ਧਰਮ ਦਾ ਮਾਰਗ ਨਿਸ਼ਕਾਮ ਸੇਵਾ ਦਾ ਮਾਰਗ ਹੈ। ਜਿੱਥੇ ਕਰਨੀ ਵਿੱਚ ਕਾਮਨਾ ਆ ਜਾਵੇ ਉਹ ਸੇਵਾ ਨਹੀਂ ਹੁੰਦੀ। ਜਿੱਥੇ ਧਰਮ-ਕਰਮ ਦੇ ਬਦਲੇ ਵਿੱਚ ਧਨ-ਸੰਪਦਾ ਦੀ ਪ੍ਰਾਪਤੀ ਹੋਵੇ ਉਹ ਸੇਵਾ ਨਹੀਂ ਵਪਾਰ ਬਣ ਜਾਂਦਾ ਹੈ। ਜਿੱਥੇ ਧਨ-ਸੰਪਦਾ ਦੀ ਕਮਾਈ ਵਿੱਚ ਆ ਜਾਏ ਉਹ ਸੇਵਾ ਨਹੀਂ ਹੁੰਦੀ ਹੈ। ਜਿੱਥੇ ਮਾਇਆ ਵਰਤਦੀ ਹੋਏ ਉੱਥੇ ਰੂਹਾਨੀਅਤ ਨਹੀਂ ਵਰਤਦੀ। ਜਿੱਥੇ ਮਾਇਆ ਵਰਤਦੀ ਹੋਏ ਉੱਥੇ ਗੁਰਪ੍ਰਸਾਦਿ ਨਹੀਂ ਵਰਤਦਾ ਹੈ। ਕੀਰਤਨ, ਗੁਰਬਾਣੀ ਦਾ ਪਾਠ ਅਤੇ ਹੋਰ ਧਰਮ-ਕਰਮ ਕਰਨ ਦੇ ਬਦਲੇ ਵਿੱਚ ਧਨ-ਸੰਪਦਾ ਲੈਣਾ ਵਪਾਰ ਬਣ ਜਾਂਦਾ ਹੈ ਅਤੇ ਉੱਥੋਂ ਭਰੋਸਾ, ਸ਼ਰਧਾ ਅਤੇ ਪ੍ਰੀਤ ਲੁਪਤ ਹੋ ਜਾਂਦੀ ਹੈ। ਰੂਹਾਨੀਅਤ ਕੇਵਲ ਉੱਥੇ ਵਰਤਦੀ ਹੈ ਜਿੱਥੇ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਨਿਸ਼ਕਾਮ ਸੇਵਾ ਭਾਵਨਾ ਨਾਲ ਸਤਿ ਦੀ ਸੇਵਾ ਹੁੰਦੀ ਹੈ। ਗੁਰਪ੍ਰਸਾਦਿ ਕੇਵਲ ਉੱਥੇ ਵਰਤਦਾ ਹੈ ਜਿੱਥੇ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਨਿਸ਼ਕਾਮ ਸੇਵਾ ਭਾਵਨਾ ਨਾਲ ਸਤਿ ਦੀ ਸੇਵਾ ਹੁੰਦੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਵਿੱਚ ਮੰਗਣਾ (ਸੰਸਾਰਿਕ ਵਸਤੂਆਂ ਦਾ) ਜਾਂ ਲੈਣਾ ਨਹੀਂ ਹੁੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਵਿੱਚ ਕੇਵਲ ਦੇਣਾ ਹੁੰਦਾ ਹੈ। ਤਨ, ਮਨ ਅਤੇ ਧਨ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਅਰਪਣ ਕਰਨਾ ਹੀ ਬੰਦਗੀ ਹੈ। ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਸਤਿਗੁਰੂ ਦੇ ਸਤਿ ਚਰਨਾਂ 'ਤੇ ਆਪਣਾ ਪੂਰਨ ਸਮਰਪਣ ਹੀ ਬੰਦਗੀ ਹੈ। ਕੇਵਲ ਪੂਰਨ ਸੰਤ ਹੀ ਧਰਮ ਕਰਦਾ ਹੈ। ਕੇਵਲ ਸੰਤ ਦਾ ਮਾਰਗ ਹੀ ਧਰਮ ਦੀ ਪਉੜੀ ਹੈ। ਧਰਮ ਦਾ ਭਾਵ ਹੈ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਜਾਣਾ। ਧਰਮ ਦਾ ਭਾਵ ਹਿੰਦੂ ਧਰਮ, ਸਿੱਖ ਧਰਮ, ਇਸਾਈ ਧਰਮ ਜਾਂ ਹੋਰ ਧਰਮ ਜੋ ਅੱਜ ਦੀ ਦੁਨੀਆਂ ਵਿੱਚ ਆਮ ਪ੍ਰਚਾਰਕਾਂ ਦੀ ਭਾਸ਼ਾ ਵਿੱਚ ਜਾਣੇ ਜਾਂਦੇ ਹਨ, ਇਹ ਸਭ ਨਹੀਂ ਹੈ। ਧਰਮ ਦਾ ਪੂਰਨ ਬ੍ਰਹਮ ਗਿਆਨ ਦੀ ਭਾਸ਼ਾ ਵਿੱਚ ਭਾਵ ਹੈ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਣਾ। ਧਰਮ ਦਾ ਮਾਰਗ ਹੈ ਤ੍ਰਿਸ਼ਣਾ ਦਾ ਬੁਝਣਾ ਅਤੇ ਪੰਜ ਦੂਤਾਂ ਨੂੰ ਜਿੱਤ ਕੇ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਪ੍ਰਾਪਤੀ ਕਰ ਪ੍ਰਗਟਿਓ ਜੋਤ ਅਤੇ ਪੂਰਨ ਬ੍ਰਹਮ ਗਿਆਨ ਦਾ ਪ੍ਰਗਟ ਹੋ ਜਾਣਾ। ਧਰਮ ਦਾ ਭਾਵ ਹੈ ਅਕਾਲ ਪੁਰਖ ਦੇ ਦਰਸ਼ਨ, ਅਕਾਲ ਪੁਰਖ ਵਿੱਚ ਅਭੇਦਤਾ ਅਤੇ ਪੂਰਨ ਤੱਤ ਗਿਆਨ ਦੀ ਪ੍ਰਾਪਤੀ। ਧਰਮ ਦਾ ਭਾਵ ਹੈ ਮਹਾ

ਪਰਉਪਕਾਰ — ਸੰਗਤ ਵਿੱਚ ਆਉਣ ਵਾਲੇ ਮਨੁੱਖਾਂ ਦਾ ਜ਼ਹਿਰ ਪੀਣਾ ਅਤੇ ਉਨ੍ਹਾਂ ਨੂੰ ਸਤਿਨਾਮ ਦਾ ਗੁਰਪ੍ਰਸਾਦਿ ਵਰਤਾਉਣਾ। ਧਰਮ ਦਾ ਭਾਵ ਹੈ ਸੰਗਤ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਮਹਾ ਪਰਉਪਕਾਰ ਦੇ ਗੁਰਪ੍ਰਸਾਦਿ ਦਾ ਵਰਤਾਉਣਾ। ਧਰਮ ਦਾ ਭਾਵ ਹੈ ਸੰਗਤ ਨੂੰ ਪੂਰਨ ਸਤਿ ਵਰਤਾਉਣਾ। ਧਰਮ ਦਾ ਭਾਵ ਹੈ ਪੂਰਨ ਸਤਿ ਦੀ ਸੇਵਾ ਕਰਨੀ ਅਤੇ ਪੂਰਨ ਸਤਿ; ਸੰਗਤ ਨੂੰ ਵਰਤਾਉਣਾ। ਇਸ ਲਈ ਪੂਰਨ ਸੰਤਾਂ ਦਾ ਮਾਰਗ ਬਾਕੀ ਦੁਨਿਆਵੀ ਅਤੇ ਝੂਠੇ ਪ੍ਰਚਾਰਕਾਂ ਨਾਲੋਂ ਵੱਖਰਾ ਹੁੰਦਾ ਹੈ। ਕਿਉਂਕਿ ਪੂਰਨ ਸੰਤ ਸੰਸਾਰ ਵਿੱਚ ਪ੍ਰਚਲਿਤ ਇਨ੍ਹਾਂ ਸਾਰੇ ਭਰਮਾਂ ਅਤੇ ਪਖੰਡਾਂ ਦਾ ਖੰਡਨ ਕਰਦੇ ਹਨ। ਐਸੇ ਪੂਰਨ ਬ੍ਰਹਮ ਗਿਆਨੀ ਮਹਾਂਪੁਰਖ ਜਦ ਪੂਰਨ ਸਤਿ ਸੰਗਤ ਦੇ ਸਨਮੁਖ ਪ੍ਰਗਟ ਕਰਦੇ ਹਨ ਤਾਂ ਝੂਠੇ ਧਰਮ ਪ੍ਰਚਾਰਕਾਂ ਨੂੰ ਪੂਰਨ ਸਤਿ ਹਜ਼ਮ ਨਹੀਂ ਹੁੰਦਾ ਅਤੇ ਇਹ ਝੂਠੇ ਪ੍ਰਚਾਰਕ ਪੂਰਨ ਸੰਤਾਂ ਦੀ ਨਿੰਦਿਆ ਵਿੱਚ ਪੈ ਕੇ ਆਪਣਾ ਸਰਵਨਾਸ਼ ਕਰਨ ਲੱਗ ਜਾਂਦੇ ਹਨ। ਇਸ ਲਈ ਪੂਰਨ ਸੰਤਾਂ ਦੀ ਚਾਲ ਬਾਕੀ ਦੇ ਸੰਸਾਰ ਤੋਂ ਵੱਖਰੀ ਹੋ ਜਾਂਦੀ ਹੈ ਕਿਉਂਕਿ ਉਨ੍ਹਾਂ ਦਾ ਮਾਰਗ ਪੂਰਨ ਸਤਿ ਦਾ ਮਾਰਗ ਹੁੰਦਾ ਹੈ ਨਾ ਕਿ ਮਾਇਆ ਪਿੱਛੇ ਭੱਜਣ ਦਾ ਮਾਰਗ। ਕਿਉਂਕਿ ਪੂਰਨ ਸੰਤ ਪੂਰਨ ਸਤਿ ਬੋਲਦੇ ਹਨ, ਪੂਰਨ ਸਤਿ ਵਰਤਾਉਂਦੇ ਹਨ ਅਤੇ ਪੂਰਨ ਸਤਿ ਦੀ ਸੇਵਾ ਕਰਦੇ ਹਨ ਇਸ ਲਈ ਉਨ੍ਹਾਂ ਦੀ ਚਾਲ ਬਾਕੀ ਸੰਸਾਰ ਨਾਲੋਂ ਨਿਰਾਲੀ ਹੋ ਜਾਂਦੀ ਹੈ।

"ਸਿੱਖ ਧਰਮ" ਨਾਂ ਦਾ ਕੋਈ ਸ਼ਬਦ ਗੁਰਬਾਣੀ ਵਿੱਚ ਦਰਜ ਨਹੀਂ ਹੈ। ਇਹ ਦੋਨੋਂ ਸ਼ਬਦ ਅਲੱਗ-ਅਲੱਗ ਗੁਰਬਾਣੀ ਵਿੱਚ ਪ੍ਰਗਟ ਹੋਏ ਹਨ। ਇਹ ਦੋਨੋਂ ਸ਼ਬਦ ਗੁਰਬਾਣੀ ਵਿੱਚ ਇਕੱਠੇ ਪ੍ਰਗਟ ਨਹੀਂ ਹੋਏ ਹਨ। ਇਸ ਲਈ "ਸਿੱਖ" ਅਤੇ 'ਧਰਮ' ਦੋ ਅਲੱਗ-ਅਲੱਗ ਸ਼ਬਦ ਹਨ। ਸ਼ਬਦ 'ਧਰਮ' ਦਾ ਭਾਵ ਪਹਿਲਾਂ ਹੀ ਵਿਚਾਰਿਆ ਜਾ ਚੁੱਕਾ ਹੈ। ਸ਼ਬਦ "ਸਿੱਖ" ਦੇ ਦੋ ਭਾਵ ਹਨ। ਪਹਿਲਾ ਭਾਵ ਹੈ ਸਤਿਗੁਰੂ ਦੀ ਸਿੱਖਿਆ, ਸਤਿਗੁਰੂ ਦਾ ਉਪਦੇਸ਼, ਸਤਿਗੁਰੂ ਦੀ ਦੀਖਿਆ, ਸਤਿਗੁਰੂ ਦਾ ਹੁਕਮ, ਸਤਿਗੁਰੂ ਦੇ ਬਚਨ। ਇਸ ਪਰਮ ਸਤਿ ਨੂੰ ਗੁਰਬਾਣੀ ਦੇ ਵਿੱਚ ਬਹੁਤ ਵਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨)

ਨਾਨਕੁ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੯)

ਹਉ ਤੁਧੁ ਆਖਾ ਮੇਰੀ ਕਾਇਆ ਤੂੰ ਸੁਣਿ ਸਿਖ ਹਮਾਰੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੪-੧੫੫)

ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੩੪)

ਦੂਜਾ ਭਾਵ "ਸਿੱਖ" ਸ਼ਬਦ ਦਾ ਹੈ ਉਹ ਮਨੁੱਖ ਜੋ ਸਤਿਗੁਰੂ ਦਾ ਚੇਲਾ ਹੈ, ਉਹ ਮਨੁੱਖ ਜੋ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਦਾ ਹੈ, ਉਹ ਮਨੁੱਖ ਜਿਸ ਨੂੰ ਸਤਿਗੁਰੂ ਨੇ ਦੀਖਿਆ ਦਿੱਤੀ ਹੈ, ਜਿਸ ਨੂੰ ਜੀਵਨ ਮੁਕਤੀ ਦੇ ਮਾਰਗ ਉੱਪਰ ਤੋਰਨ ਲਈ

ਬੰਦਗੀ ਦਾ ਗੁਰਪ੍ਰਸਾਦਿ ਦੇ ਕੇ ਸਤਿਗੁਰੂ ਨੇ ਉਸ ਦੀ ਬਾਂਹ ਫੜੀ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰ ਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੮੬)

ਸਚਿਆਰ ਸਿਖ ਬਹਿ ਸਤਿਗੁਰ ਪਾਸਿ
ਘਾਲਨਿ ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੦੪-੩੦੫)

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੦੫)

ਇਸ ਲਈ 'ਸਿੱਖ' ਦਾ ਭਾਵ 'ਧਰਮ' ਨਹੀਂ ਹੈ। ਪਰੰਤੂ 'ਸਿੱਖ' ਦਾ ਭਾਵ 'ਧਰਮ' ਦੀ ਸਿੱਖਿਆ ਹੈ ਅਤੇ 'ਧਰਮ' ਦੇ ਮਾਰਗ ਉੱਪਰ ਚਲਣ ਵਾਲਾ ਮਨੁੱਖ 'ਸਿੱਖ' ਹੈ। ਠੀਕ ਇਸੇ ਤਰ੍ਹਾਂ ਨਾਲ ਹਿੰਦੂ ਕੋਈ ਧਰਮ ਨਹੀਂ ਹੈ, ਨਾ ਹੀ ਮੁਸਲਮਾਨ ਕੋਈ ਧਰਮ ਹੈ ਅਤੇ ਨਾ ਹੀ ਇਸਾਈ ਕੋਈ ਧਰਮ ਹੈ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਅਤੇ ਹੋਰ ਜਿਤਨੇ ਵੀ ਫ਼ਿਰਕੇ (ਸੰਸਾਰ ਵਿੱਚ ਪ੍ਰਚਲਿਤ ਧਰਮ) ਜੋ ਅੱਜ ਦੇ ਸੰਸਾਰ ਵਿੱਚ ਪ੍ਰਚਲਿਤ ਹਨ; ਸਾਰੇ ਦੇ ਸਾਰੇ ਮਨੁੱਖੀ ਮਨ ਦੀ ਉਪਜ ਹਨ। ਮਨੁੱਖੀ ਫ਼ਿਰਕਿਆਂ (ਸੰਸਾਰ ਵਿੱਚ ਪ੍ਰਚਲਿਤ ਧਰਮ) ਵਿੱਚ ਖੜ੍ਹੀਆਂ ਕੀਤੀਆਂ ਇਹ ਦੀਵਾਰਾਂ ਕੇਵਲ ਮਨੁੱਖੀ ਮਨ ਦੀ ਉਪਜ ਹਨ। ਸਤਿ ਪਾਰਬ੍ਰਹਮ ਦੀ ਦਰਗਾਹ ਵਿੱਚ ਇਨ੍ਹਾਂ ਵੱਖ-ਵੱਖ ਫ਼ਿਰਕਿਆਂ ਦਾ ਕੋਈ ਵਜੂਦ ਨਹੀਂ ਹੈ। ਦਰਗਾਹ ਵਿੱਚ ਸਾਰੀ ਮਨੁੱਖ ਜਾਤੀ ਕੇਵਲ ਇੱਕ ਹੀ ਜਾਤ ਕਰ ਕੇ ਜਾਣੀ ਜਾਂਦੀ ਹੈ - 'ਮਾਨਸ ਕੀ ਜਾਤ'। ਧੰਨ ਧੰਨ ਸਤਿਗੁਰੂ ਅਵਤਾਰ ਦਸਮ ਪਾਤਸ਼ਾਹ ਜੀ ਨੇ ਇਸ ਪਰਮ ਸਤਿ ਨੂੰ ਆਪਣੀ ਬਾਣੀ ਵਿੱਚ ਪ੍ਰਤੱਖ ਪ੍ਰਗਟ ਕੀਤਾ ਹੈ: 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ'। ਧੰਨ ਧੰਨ ਸਤਿਗੁਰੂ ਅਵਤਾਰ ਪੰਚਮ ਪਾਤਸ਼ਾਹ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਸਾਰੇ ਫ਼ਿਰਕਿਆਂ ਅਤੇ ਕੁਲਾਂ ਵਿੱਚ ਜੰਮੇ ਪੂਰਨ ਸੰਤਾਂ, ਭਗਤਾਂ ਅਤੇ ਪੂਰਨ ਬ੍ਰਹਮ ਗਿਆਨੀਆਂ ਦੀ ਬਾਣੀ ਦਰਜ ਕਰ ਕੇ ਇਸ ਪੂਰਨ ਸਤਿ ਦਾ ਪ੍ਰਤੱਖ ਪ੍ਰਮਾਣ ਸਾਰੀ ਲੁਕਾਈ ਦੇ ਸਨਮੁਖ ਪ੍ਰਗਟ ਕੀਤਾ ਹੈ ਕਿ ਕੋਈ ਦੁਨਿਆਵੀ ਜਾਤ/ਧਰਮ ਦਾ ਦਰਗਾਹ ਵਿੱਚ ਕੋਈ ਵਜੂਦ ਨਹੀਂ ਹੈ। ਧਰਮ ਦੇ ਨਾਂ 'ਤੇ ਖੜ੍ਹੀਆਂ ਕੀਤੀਆਂ ਗਈਆਂ ਇਹ ਦੀਵਾਰਾਂ (ਹਿੰਦੂ, ਸਿੱਖ, ਮੁਸਲਮਾਨ, ਇਸਾਈ ਆਦਿ) ਦਾ ਦਰਗਾਹ ਵਿੱਚ ਕੋਈ ਵਜੂਦ ਨਹੀਂ ਹੈ ਅਤੇ ਇਹ ਸਭ ਦੀਵਾਰਾਂ ਦਾ ਆਧਾਰ ਕੇਵਲ ਮਾਇਆ ਅਤੇ ਝੂਠ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਸਾਰੇ ਫ਼ਿਰਕਿਆਂ ਅਤੇ ਕੁਲਾਂ

ਵਿੱਚ ਜੰਮੇ ਪੂਰਨ ਸੰਤਾਂ, ਭਗਤਾਂ ਅਤੇ ਪੂਰਨ ਬ੍ਰਹਮ ਗਿਆਨੀਆਂ ਦੀ ਬਾਣੀ ਦਰਜ ਕਰ ਕੇ ਸਤਿਗੁਰੂ ਪੰਚਮ ਪਾਤਸ਼ਾਹ ਨੇ ਇਨ੍ਹਾਂ ਸਾਰੀਆਂ ਝੂਠੀਆਂ ਦੀਵਾਰਾਂ (ਹਿੰਦੂ, ਸਿੱਖ, ਮੁਸਲਮਾਨ, ਇਸਾਈ ਆਦਿ) ਨੂੰ ਤੋੜਿਆ ਹੈ ਅਤੇ ਸਾਰੀ ਲੁਕਾਈ ਨੂੰ ਇਹ ਪ੍ਰਗਟ ਕਰ ਕੇ ਦਿਖਾ ਦਿੱਤਾ ਹੈ ਕਿ ਇਹ ਦੀਵਾਰਾਂ ਧਰਮ ਦੇ ਮਾਰਗ ਵਿੱਚ ਵੱਡੀ ਅੜਚਣ ਦਾ ਕੰਮ ਕਰਦੀਆਂ ਹਨ। ਸਤਿਗੁਰੂ ਪਾਤਸ਼ਾਹ ਨੇ ਇਸ ਪਰਮ ਸਤਿ ਤੱਤ ਨੂੰ ਪ੍ਰਗਟ ਕੀਤਾ ਹੈ ਕਿ ਕੇਵਲ ਇੱਕੋ ਜਾਤ ਹੈ ਸਾਰੇ ਸੰਸਾਰ ਵਿੱਚ - 'ਮਾਨਸ ਕੀ ਜਾਤ'। ਇਸ ਲਈ ਗੁਰਬਾਣੀ ਨੂੰ ਗੁਰੂ ਕਰ ਕੇ ਜਾਣਨ ਵਾਲੇ, ਮੰਨਣ ਵਾਲੇ ਅਤੇ ਗੁਰਬਾਣੀ ਦੇ ਅੱਗੇ ਆਪਣਾ ਸੀਸ ਨਿਵਾਉਣ ਵਾਲੇ ਲੋਕ ਜਦ ਇਨ੍ਹਾਂ ਸੰਸਾਰਿਕ ਫ਼ਿਰਕਿਆਂ (ਹਿੰਦੂ, ਸਿੱਖ, ਮੁਸਲਮਾਨ, ਇਸਾਈ ਆਦਿ) ਦੀਆਂ ਦੀਵਾਰਾਂ ਬਣਾਉਣ ਦੀ ਗੱਲ ਕਰਦੇ ਹਨ ਤਾਂ ਉਹ ਗੁਰਬਾਣੀ ਪੂਰਨ ਸਤਿ 'ਗੁਰੂ' ਦੀ ਨਿਰਾਦਰੀ ਕਰਦੇ ਹਨ ਅਤੇ ਧਰਮ ਦਾ ਝੂਠਾ ਪ੍ਰਚਾਰ ਕਰਦੇ ਹਨ। ਐਸੇ ਝੂਠੇ ਪ੍ਰਚਾਰਕ ਲੁਕਾਈ ਨੂੰ ਭਰਮ ਅਤੇ ਪਖੰਡ ਦੇ ਮਾਰਗ ਉੱਪਰ ਪਾਉਣ ਦਾ ਅਸਤਿ ਅਤੇ ਵਿਨਾਸ਼ਕਾਰੀ ਕਰਮ ਕਰਦੇ ਹਨ। ਇਹ ਹੀ ਅੰਤਰ ਹੈ ਇੱਕ ਪੂਰਨ ਸੰਤ ਵਿੱਚ ਅਤੇ ਇੱਕ ਆਮ (ਝੂਠੇ) ਪ੍ਰਚਾਰਕ ਵਿੱਚ, ਪੂਰਨ ਸੰਤ ਜੋ ਗੁਰਬਾਣੀ ਵਿੱਚ ਲਿਖਿਆ ਹੈ ਉਸ ਉਪਦੇਸ਼ ਦੀ ਪਹਿਲਾਂ ਆਪ ਕਮਾਈ ਕਰਦੇ ਹਨ ਅਤੇ ਫਿਰ ਸੰਗਤ ਨੂੰ ਗੁਰਬਾਣੀ ਦੇ ਉਪਦੇਸ਼ ਦੀ ਕਮਾਈ ਕਰਨ ਵਿੱਚ ਸਹਾਇਤਾ ਕਰਦੇ ਹਨ ਅਤੇ ਭਰਮਾਂ ਦਾ ਨਾਸ ਕਰ ਕੇ ਪੂਰਨ ਸਤਿ ਦੇ ਮਾਰਗ ਉੱਪਰ ਚਲਣ ਲਈ ਸਹਾਇਤਾ ਕਰਦੇ ਹਨ। ਇਸ ਲਈ ਪੂਰਨ ਸੰਤਾਂ ਦੀ ਚਾਲ ਬਾਕੀ ਸਾਰੇ ਸੰਸਾਰ ਨਾਲੋਂ ਵੱਖਰੀ ਅਤੇ ਅਨੋਖੀ ਹੁੰਦੀ ਹੈ ਕਿਉਂਕਿ ਉਹ ਜੋ ਕੁਝ ਵੀ ਕਰਦੇ ਹਨ ਉਹ ਸੰਸਾਰ ਅਤੇ ਸਮਾਜ ਵਿੱਚ ਵਾਪਰ ਰਹੇ ਅਸਤਿ ਦੇ ਵਿਰੁੱਧ ਅਤੇ ਉਸ ਨੂੰ ਸਹੀ ਕਰਨ ਵਾਸਤੇ ਹੁੰਦਾ ਹੈ।

ਇਸ ਲਈ ਜਦ ਮਨੁੱਖ ਪੂਰਨ ਅਵਸਥਾ ਵਿੱਚ ਪਹੁੰਚ ਕੇ ਪ੍ਰਗਟਿਓ ਜੋਤ ਰੂਪ ਹੋ ਕੇ ਧਰਤੀ ਉੱਪਰ ਪ੍ਰਗਟ ਹੁੰਦਾ ਹੈ ਤਾਂ ਉਹ ਸਭ ਤੋਂ ਪਹਿਲਾਂ ਆਪਣੇ ਹੀ ਕੁਲ, ਜਾਤ ਜਾਂ ਜਿਸ ਫ਼ਿਰਕੇ (ਸੰਸਾਰਿਕ ਤੌਰ ਦੇ ਜਾਣੇ ਜਾਉਣ ਵਾਲੇ ਧਰਮ) ਵਿੱਚ ਵਾਪਰ ਰਹੇ ਭਰਮਾਂ ਅਤੇ ਪਖੰਡਾਂ ਦੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਦਾ ਹੈ। ਕਿਉਂਕਿ ਐਸੇ ਪੂਰਨ ਮਹਾਂਪੁਰਖ ਦੀ ਕਰਨੀ ਸੰਸਾਰਿਕ ਮਾਇਆ ਦੀ ਕਰਨੀ ਤੋਂ ਉਲਟ ਅਤੇ ਵੱਖਰੀ ਹੁੰਦੀ ਹੈ ਇਸ ਲਈ ਲੋਕ ਉਸ ਨੂੰ ਬਉਰਾ, ਕਮਲਾ ਅਤੇ ਪਾਗਲ ਸਮਝਣ ਲੱਗ ਪੈਂਦੇ ਹਨ। ਨਿਰੰਕਾਰ ਰੂਪ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਨੂੰ ਵੀ ਲੁਕਾਈ ਨੇ ਨਹੀਂ ਬਖਸ਼ਿਆ ਅਤੇ "ਭੂਤਨਾ, ਬੇਤਾਲਾ ਅਤੇ ਵੇਚਾਰਾ" ਵਰਗੇ ਸ਼ਬਦਾਂ ਨਾਲ ਸੰਬੋਧਨ ਕਰਦੇ ਹੋਏ ਉਨ੍ਹਾਂ ਦੀ ਭਰਪੂਰ ਨਿੰਦਿਆ ਕੀਤੀ। ਕਿਉਂਕਿ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਉਸ ਸਮੇਂ ਸੰਸਾਰ ਵਿੱਚ ਧਰਮ ਦੇ ਨਾਂ 'ਤੇ ਵਾਪਰ ਰਹੇ ਸਾਰੇ ਭਰਮਾਂ ਅਤੇ ਪਖੰਡਾਂ ਦੇ ਖਿਲਾਫ ਪੂਰਨ ਬ੍ਰਹਮ ਗਿਆਨ ਲੁਕਾਈ ਨੂੰ ਦੇਣਾ ਸ਼ੁਰੂ ਕੀਤਾ ਜੋ ਕਿ ਮਾਇਆ ਵਿੱਚ ਗਰਕ ਰਹੀ ਲੁਕਾਈ ਲਈ ਇਲਾਹੀ ਵਰਦਾਨ ਸੀ, ਜੋ ਕਿ ਸਾਰੀ ਲੁਕਾਈ ਲਈ ਉੱਚਤਮ ਕੋਟੀ ਦਾ ਦਰਗਾਹੀ ਗੁਰਪ੍ਰਸਾਦਿ ਸੀ, ਪਰੰਤੂ ਜਿਨ੍ਹਾਂ ਮੂਰਖ ਮਨੁੱਖਾਂ ਨੂੰ ਇਹ ਸਮਝ ਨਹੀਂ ਆਇਆ ਉਨ੍ਹਾਂ ਨੇ ਸੱਚੇ ਪਾਤਸ਼ਾਹ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੂੰ "ਭੂਤਨਾ, ਬੇਤਾਲਾ, ਦੀਵਾਨਾ ਅਤੇ ਵੇਚਾਰਾ" ਕਹਿ ਕੇ ਨਿੰਦਿਆ ਕੀਤੀ ਅਤੇ ਆਪਣੇ ਕਾਲੇ ਕਰਮ ਲਿਖਦੇ ਹੋਏ ਆਪਣੇ ਹੀ ਸਰਵਨਾਸ਼ ਨੂੰ ਨਿਓਂਤਾ ਦਿੱਤਾ। ਭੂਤਨਾ ਤੋਂ ਭਾਵ ਹੈ ਪ੍ਰੇਤ ਅਤੇ ਬੇਤਾਲਾ ਤੋਂ ਭਾਵ ਹੈ ਜਿੰਨ ਅਤੇ ਵੇਚਾਰਾ ਤੋਂ ਭਾਵ ਹੈ ਜਿਸ ਦਾ ਕੋਈ ਸਹਾਰਾ ਨਾ ਹੋਏ। ਬਉਰਾਨਾ ਤੋਂ ਭਾਵ ਹੈ ਕਮਲਾ ਅਤੇ ਝੱਲਾ। ਐਸੀ ਮਹਾਨ ਸ਼ਖਸੀਅਤ ਜੋ ਧਰਤੀ ਉੱਪਰ ਆਪ ਨਿਰੰਕਾਰ ਦੀ

ਪਰਮ ਜੋਤ ਪੂਰਨ ਪ੍ਰਕਾਸ਼ ਪੂਰਨ ਸੰਤ ਸਤਿਗੁਰੂ ਨਾਨਕ ਪਾਤਸ਼ਾਹ ਜੋ ਅਕਾਲ ਪੁਰਖ ਦੇ ਅਵਤਾਰ ਰੂਪ ਵਿੱਚ ਧਰਤੀ ਉੱਪਰ ਸਾਰੀ ਲੁਕਾਈ ਦਾ ਮਹਾ ਪਰਉਪਕਾਰ ਕਰਦੇ ਹੋਏ ਪ੍ਰਗਟ ਹੋਏ ਉਨ੍ਹਾਂ ਦੀ ਵੀ ਲੋਕਾਂ ਨੇ ਇਤਨੇ ਭਿਆਨਕ ਸ਼ਬਦਾਂ ਦੇ ਨਾਲ ਨਿੰਦਿਆ ਕੀਤੀ। ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਆਪਣੀ ਹੀ ਆਪ ਬੀਤੀ ਇਸ ਪਰਮ ਸ਼ਕਤੀਸ਼ਾਲੀ ਸਲੋਕ ਵਿੱਚ ਬਿਆਨ ਕੀਤੀ ਹੈ:

ਮਾਰੂ ਮਹਲਾ ੧ ॥

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥

ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥

ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥

ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ ॥

ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥

ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥੨॥

ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥

ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥੩॥

ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥

ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥੭॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੯੧)

ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਵਿੱਚ ਵਿਚਰਦੇ ਹੋਏ ਆਪਣੇ ਜਾਤੀ ਅਨੁਭਵਾਂ ਦੇ ਆਧਾਰ 'ਤੇ ਇਹ (ਉੱਪਰ ਲਿਖੇ ਗਏ ਸਲੋਕ ਵਿਚ) ਪੂਰਨ ਬ੍ਰਹਮ ਗਿਆਨ ਸਾਰੀ ਲੁਕਾਈ ਦੀ ਝੋਲੀ ਵਿੱਚ ਪਾਇਆ ਹੈ। ਇਹ ਪੂਰਨ ਸਤਿ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਇਲਾਹੀ ਇਸ਼ਕ ਵਿੱਚ ਰੱਤੇ ਹੋਏ (ਨਾਨਕ ਨੂੰ) ਨੂੰ ਦੁਨੀਆਂ ਦੇ ਲੋਕ ਪ੍ਰੇਤ, ਜਿੰਨ, ਕਮਲਾ ਅਤੇ ਝੱਲਾ ਸਮਝਦੇ ਹਨ। ਇਹ ਪੂਰਨ ਸਤਿ ਹੈ ਕਿ ਜਿਸ ਮਨੁੱਖ ਦੀ ਸਾਂਝ ਦੁਨਿਆਵੀ ਲੋਕਾਂ ਨੂੰ ਇੱਕ ਪਾਸੇ ਛੱਡ ਕੇ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਨਾਲ ਹੀ ਹੁੰਦੀ ਹੈ, ਦੁਨੀਆਂ ਦੇ ਲੋਕ ਬੰਦਗੀ ਵਿੱਚ ਰੱਤੇ ਹੋਏ ਐਸੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪਿਆਰੇ ਭਗਤ ਨੂੰ ਕਮਲਾ ਸਮਝਦੀ ਹੈ। ਇਹ ਪੂਰਨ ਸਤਿ ਹੈ ਕਿ ਜੋ ਮਨੁੱਖ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਤੋਂ ਬਿਨਾਂ ਕਿਸੇ ਹੋਰ ਨੂੰ ਨਹੀਂ ਪਛਾਣਦਾ ਹੈ ਭਾਵ ਜੋ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਹੀ ਆਪਣਾ ਓਟ-ਆਸਰਾ ਮੰਨਦਾ ਹੈ ਅਤੇ ਕਿਸੇ ਹੋਰ ਦੀ ਮੁਥਾਜੀ ਜਾਂ ਖੁਸ਼ਾਮਦ ਨਹੀਂ ਕਰਦਾ ਹੈ, ਦੁਨੀਆਂ ਦੇ ਲੋਕ ਉਸ ਨੂੰ ਝੱਲਾ ਸਮਝਦੇ ਹਨ। ਇਹ ਪੂਰਨ ਸਤਿ ਹੈ ਕਿ ਜੋ ਮਨੁੱਖ ਦੁਨੀਆਂ ਦੇ ਡਰਾਂ ਅਤੇ ਫਿਕਰਾਂ ਤੋਂ ਬੇਪਰਵਾਹ ਹੋ ਜਾਂਦਾ ਹੈ, ਭਾਵ ਜਿਸ ਦਾ ਸੰਸਾਰਿਕ ਜੀਵਨ ਤੋਂ ਮੋਹ ਟੁੱਟ ਜਾਂਦਾ ਹੈ ਅਤੇ ਜੋ ਨਿਰਭਉ ਹੋ ਜਾਂਦਾ ਹੈ ਦੁਨੀਆਂ ਦੀ ਨਜ਼ਰ ਵਿੱਚ ਉਹ ਮਨੁੱਖ ਝੱਲਾ ਸਮਝਿਆ ਜਾਂਦਾ ਹੈ। ਇਹ ਪੂਰਨ ਸਤਿ ਹੈ ਕਿ ਜਦੋਂ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪੂਰਨ ਹੁਕਮ ਵਿੱਚ ਵਿਚਰਦਾ ਹੈ ਅਤੇ ਪੂਰਨ ਬ੍ਰਹਮ

ਗਿਆਨ ਦਾ ਧਾਰਨੀ ਬਣ ਜਾਂਦਾ ਹੈ ਅਤੇ ਦੁਨਿਆਵੀ ਮਤਿ ਨੂੰ ਨਕਾਰਦਾ ਹੈ ਤਾਂ ਉਸ ਮਨੁੱਖ ਨੂੰ ਦੁਨੀਆਂ ਦੇ ਲੋਕ ਝੱਲਾ ਸਮਝਣ ਲੱਗ ਪੈਂਦੇ ਹਨ। ਇਹ ਪੂਰਨ ਸਤਿ ਹੈ ਕਿ ਜੋ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਹੁਕਮ ਪਚਿਹਾਣਦਾ ਹੈ ਅਤੇ ਉਸ ਦੀ ਰਜ਼ਾ ਵਿੱਚ ਵਿਚਰਦਾ ਅਤੇ ਸਾਰੇ ਸਤਿ ਕਰਮਾਂ ਨੂੰ ਅੰਜਾਮ ਦਿੰਦਾ ਹੈ ਨਾ ਕਿ ਦੁਨਿਆਵੀ ਚਤੁਰਾਈਆਂ ਚਲਾਕੀਆਂ ਦਾ ਆਸਰਾ ਲੈਂਦਾ ਹੈ ਅਤੇ ਮਨਮਤਿ ਵਿੱਚ ਅਸਤਿ ਕਰਮ ਕਰਦਾ ਹੈ ਤਾਂ ਦੁਨੀਆਂ ਦੇ ਲੋਕ ਉਸ ਨੂੰ ਕਮਲਾ ਸਮਝਣ ਲੱਗ ਪੈਂਦੇ ਹਨ। ਇਹ ਪੂਰਨ ਸਤਿ ਹੈ ਕਿ ਬੰਦਗੀ ਵਿੱਚ ਰੱਤੇ ਹੋਏ ਮਨੁੱਖ ਦਾ ਹਿਰਦਾ ਗਰੀਬੀ ਵੇਸ ਹੋ ਜਾਂਦਾ ਹੈ ਅਤੇ ਨਿਮਰਤਾ ਨਾਲ ਭਰਪੂਰ ਹੋ ਜਾਂਦਾ ਹੈ। ਭਾਵ ਬੰਦਗੀ ਵਿੱਚ ਮਨੁੱਖ ਨਿਮਰਤਾ ਦੀ ਕਮਾਈ ਕਰਦਾ ਹੈ ਅਤੇ ਸਾਰੀ ਸ੍ਰਿਸ਼ਟੀ ਦੀ ਚਰਨ ਧੂਲ ਬਣ ਜਾਂਦਾ ਹੈ। ਭਾਵ ਬੰਦਗੀ ਵਿੱਚ ਰੱਤੀ ਹੋਈ ਰੂਹ ਦਾ ਸਾਰੀ ਸ੍ਰਿਸ਼ਟੀ ਦੇ ਚਰਨਾਂ ਉੱਪਰ ਸੀਸ ਝੁਕ ਜਾਂਦਾ ਹੈ। ਸਤਿ ਪਾਰਬ੍ਰਹਮ ਦੀ ਪੂਰਨ ਪ੍ਰੀਤ ਵਿੱਚ ਜੋ ਮਨੁੱਖ ਪੂਰਨ ਨਿਮਰਤਾ ਅਤੇ ਹਿਰਦੇ ਵਿੱਚ ਗਰੀਬੀ ਵਸਾ ਕੇ ਸਾਰੀ ਸ੍ਰਿਸ਼ਟੀ ਦੀ ਚਰਨ ਧੂਲ ਬਣਿਆ ਹੋਇਆ ਜਦ ਨਿਮਰਤਾ ਵਿੱਚ ਵਿਚਰਦਾ ਹੈ ਤਾਂ ਦੁਨੀਆਂ ਦੇ ਲੋਕ ਉਸ ਨੂੰ ਕਮਲਾ ਸਮਝਣ ਲੱਗ ਪੈਂਦੇ ਹਨ।

ਇਹ ਪੂਰਨ ਸਤਿ ਹੈ ਕਿ ਸੰਸਾਰੀ ਲੋਕਾਂ ਨੇ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਦੀ ਨਿੰਦਿਆ ਕੀਤੀ ਕਿਉਂਕਿ ਸਤਿਗੁਰ ਸੱਚੇ ਪਾਤਸ਼ਾਹ ਜੀ ਦੀ ਚਾਲ ਨਿਰਾਲੀ ਸੀ ਅਤੇ ਸਮਾਜ ਵਿੱਚ ਪ੍ਰਚਲਿਤ ਝੂਠੇ ਰੀਤੀ, ਰਿਵਾਜਾਂ, ਭਰਮਾਂ ਅਤੇ ਪਖੰਡਾਂ ਦੇ ਵਿਰੁੱਧ ਸੀ। ਇਹ ਪੂਰਨ ਸਤਿ ਹੈ ਕਿ ਸੰਸਾਰੀ ਲੋਕਾਂ ਨੇ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਦੀ ਨਿੰਦਿਆ ਕੀਤੀ ਕਿਉਂਕਿ ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਪੂਰਨ ਸਤਿ ਦੀ ਨਿਸ਼ਕਾਮ ਸੇਵਾ ਦਾ ਪਾਠ ਲੁਕਾਈ ਨੂੰ ਪੜ੍ਹਾਉਣ ਦਾ ਉਪਰਾਲਾ ਕੀਤਾ। ਇਹ ਪੂਰਨ ਸਤਿ ਹੈ ਕਿ ਸੰਸਾਰੀ ਲੋਕਾਂ ਨੇ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਦੀ ਨਿੰਦਿਆ ਕੀਤੀ ਕਿਉਂਕਿ ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਪੂਰਨ ਸਤਿ ਲੁਕਾਈ ਦੇ ਮਹਾ ਪਰਉਪਕਾਰ ਲਈ ਵਰਤਾਇਆ। ਇਹ ਪੂਰਨ ਸਤਿ ਹੈ ਕਿ ਸੰਸਾਰੀ ਲੋਕਾਂ ਨੇ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਦੀ ਨਿੰਦਿਆ ਕੀਤੀ ਕਿਉਂਕਿ ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਸੰਸਾਰ ਵਿੱਚ ਪ੍ਰਚਲਿਤ ਝੂਠੇ ਰੀਤੀ, ਰਿਵਾਜਾਂ, ਭਰਮਾਂ ਅਤੇ ਪਖੰਡਾਂ ਦਾ ਪੁਰਜ਼ੋਰ ਖੰਡਨ ਕੀਤਾ। ਉਦਾਹਰਨ ਦੇ ਤੌਰ 'ਤੇ ਇੱਕ ਐਸਾ ਝੂਠਾ ਬੰਧਨ ਹੈ, ਜਨੇਊ ਦਾ ਬੰਧਨ ਜੋ ਕਿ ਪਤਾ ਨਹੀਂ ਕਿਤਨੇ ਸਮੇਂ ਤੋਂ ਹਿੰਦੁਸਤਾਨ ਦੇ ਵਿੱਚ ਬ੍ਰਾਹਮਣ ਵਰਨ ਦੇ ਲੋਕਾਂ ਨੇ ਪਾਲਿਆ ਹੋਇਆ ਹੈ। ਇਹ ਬੰਧਨ ਅੱਜ ਦੇ ਯੁੱਗ ਵਿੱਚ ਵੀ ਬ੍ਰਾਹਮਣ ਵਰਨ ਦੇ ਲੋਕਾਂ ਵਿੱਚ ਵੇਖਣ ਨੂੰ ਮਿਲਦਾ ਹੈ। (ਜਨੇਊ ਨੂੰ ਇੱਕ ਮਹੱਤਵਪੂਰਨ ਧਾਰਮਿਕ ਚਿੰਨ੍ਹ ਸਮਝਿਆ ਜਾਂਦਾ ਹੈ। ਜਨੇਊ ਕਪਾਹ ਦੇ ਤਿੰਨ ਵੱਟੇ ਹੋਏ ਧਾਗਿਆਂ ਦਾ ਬਣਾਇਆ ਜਾਂਦਾ ਹੈ। ਕਈ ਲੋਕ ਇਨ੍ਹਾਂ ਤਿੰਨ ਧਾਗਿਆਂ ਨੂੰ ਸ਼ਿਵਾ, ਬ੍ਰਹਮਾ ਅਤੇ ਵਿਸ਼ਨੂੰ ਦੀਆਂ ਸ਼ਕਤੀਆਂ ਦਾ ਪ੍ਰਤੀਕ ਮੰਨਦੇ ਹਨ ਅਤੇ ਕਈ ਲੋਕ ਇਨ੍ਹਾਂ ਤਿੰਨ ਧਾਗਿਆਂ ਨੂੰ ਮਾਇਆ ਦੇ ਤ੍ਰੈ ਗੁਣਾਂ (ਰਜੋ, ਤਮੋ ਅਤੇ ਸਤੋ) ਦਾ ਪ੍ਰਤੀਕ ਮੰਨਦੇ ਹਨ।) ਬ੍ਰਾਹਮਣ ਜਿਨ੍ਹਾਂ ਨੂੰ ਪੰਡਤ ਕਰ ਕੇ ਜਾਣਿਆ ਜਾਂਦਾ ਹੈ ਉਹ ਬੱਚੇ ਨੂੰ (੯-੧੦ ਸਾਲ ਦੀ ਉਮਰ ਵਿਚ) ਜਨੇਊ ਪਾਉਣ ਦੀ ਰਸਮ ਅਦਾ ਕਰਦੇ ਹਨ ਅਤੇ ਫਿਰ ਉਸ ਨੂੰ ਉਪਦੇਸ਼ ਦਿੰਦੇ ਹਨ। ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਇਸ ਬੰਧਨ ਦਾ ਝੂਠ ਆਪਣੀ ਬਾਣੀ ਵਿੱਚ ਪ੍ਰਤੱਖ ਪ੍ਰਗਟ ਕੀਤਾ ਹੈ ਅਤੇ ਇਸ ਪਰਮ ਸ਼ਕਤੀਸ਼ਾਲੀ ਸਲੋਕ ਵਿੱਚ ਪੂਰਨ ਸਤਿ ਦਾ ਉਪਦੇਸ਼ ਦਿੱਤਾ ਹੈ:

ਸਲੋਕੁ ਮਃ ੧ ॥

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥
ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥
ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥
ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੧)

ਸਤਿਗੁਰੂ ਪਾਤਸ਼ਾਹ ਜੀ ਨੇ ਉਸ ਸਮੇਂ ਦੇ ਪੰਡਤਾਂ ਨੂੰ ਇਹ ਪੂਰਨ ਸਤਿ ਨਾਲ ਅਵਗਤ ਕਰਾਇਆ ਕਿ ਕਪਾਹ ਦੇ ਬਣੇ ਹੋਏ ਇਨ੍ਹਾਂ ਤਿੰਨ ਧਾਗਿਆਂ ਦਾ ਕੋਈ ਰੂਹਾਨੀ ਮੁੱਲ ਨਹੀਂ ਹੈ। ਜਦ ਮਨੁੱਖੀ ਜੀਵਨ ਦਾ ਅੰਤ ਹੋ ਜਾਂਦਾ ਹੈ ਅਤੇ ਪੰਚ ਭੂਤਕ ਦੇਹੀ ਨੂੰ ਅਗਨ ਭੇਂਟ ਕੀਤਾ ਜਾਂਦਾ ਹੈ ਤਾਂ ਜਨੇਊ ਦੇ ਇਹ ਤਿੰਨ ਧਾਗੇ ਵੀ ਸੜ੍ਹ ਕੇ ਸੁਆਹ ਹੋ ਜਾਂਦੇ ਹਨ। ਜਨੇਊ ਮਨੁੱਖ ਦੀ ਆਤਮਾ ਦੇ ਨਾਲ ਨਹੀਂ ਜਾਂਦਾ ਹੈ। ਇਸ ਲਈ ਇਹ ਪੂਰਨ ਸਤਿ ਹੈ ਕਿ ਜਨੇਊ ਕੇਵਲ ਬਾਹਰਲੀ ਰਹਿਤ ਹੈ ਅਤੇ ਇਸ ਦਾ ਮਨੁੱਖ ਦੀ ਰੂਹਾਨੀ ਤਰੱਕੀ ਨਾਲ ਕੋਈ ਸੰਬੰਧ ਨਹੀਂ ਹੈ। ਸਤਿਗੁਰੂ ਪਾਤਸ਼ਾਹ ਜੀ ਇਨ੍ਹਾਂ ਪੰਡਤਾਂ ਨੂੰ ਇਹ ਪੂਰਨ ਸਤਿ ਦਾ ਉਪਦੇਸ਼ ਦਿੱਤਾ ਕਿ: ਜੇਕਰ ਜਨੇਊ ਪਾਉਣਾ ਹੈ ਤਾਂ ਐਸਾ ਜਨੇਊ ਬਣਾਓ ਜੋ ਦਇਆ ਦੀ ਕਪਾਹ ਨਾਲ ਬਣਿਆ ਹੋਵੇ, ਜਿਸ ਜਨੇਊ ਦਾ ਧਾਗਾ ਸਤਿ ਸੰਤੋਖ ਦਾ ਬਣਿਆ ਹੋਏ, ਜਿਸ ਜਨੇਊ ਦੀਆਂ ਗੰਡਾਂ ਜਤਿ ਦੀਆਂ ਹੋਣ ਅਤੇ ਜਿਸ ਦੇ ਵੱਟ ਮਨੁੱਖ ਦਾ ਉੱਚਾ ਆਚਰਨ ਬਣਾਉਣ ਵਿੱਚ ਸਕਸ਼ਮ ਹੋਣ। ਦਇਆ ਵਿੱਚੋਂ ਧਰਮ ਦਾ ਜਨਮ ਹੁੰਦਾ ਹੈ। ਦਇਆ ਵਿੱਚੋਂ ਸ਼ਰਧਾ, ਪ੍ਰੀਤ ਅਤੇ ਭਰੋਸਾ ਜਨਮ ਲੈਂਦਾ ਹੈ। ਦਇਆ ਵਿੱਚੋਂ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਜਨਮ ਲੈਂਦੀ ਹੈ। ਸਤਿ ਸੰਤੋਖ ਦੇ ਗੁਰਪ੍ਰਸਾਦਿ ਨਾਲ ਮਨੁੱਖ ਦੀ ਤ੍ਰਿਸ਼ਣਾ ਬੁਝਦੀ ਹੈ ਅਤੇ ਮਾਇਆ ਨੂੰ ਜਿੱਤਣ ਵਿੱਚ ਸਫਲਤਾ ਮਿਲਦੀ ਹੈ। ਜਤਿ ਦੀ ਕਮਾਈ ਨਾਲ ਮਨੁੱਖ ਕਾਮ ਉੱਪਰ ਜਿੱਤ ਹਾਸਲ ਕਰਦਾ ਹੈ ਅਤੇ ਉੱਚੇ ਆਚਰਨ ਨਾਲ, ਭਾਵ ਸਤਿ ਦੀ ਕਰਨੀ ਨਾਲ ਮਨੁੱਖ ਪੂਰਨ ਬੰਦਗੀ ਦਾ ਗੁਰਪ੍ਰਸਾਦਿ ਪ੍ਰਾਪਤ ਕਰਦਾ ਹੈ। ਦਇਆ, ਸਤਿ ਸੰਤੋਖ, ਜਤਿ (ਜਤਿ ਦਾ ਭਾਵ ਹੈ ਕਾਮ ਦੇ ਦੂਤ ਉੱਪਰ ਜਿੱਤ ਪ੍ਰਾਪਤ ਕਰਨਾ) ਅਤੇ ਸਤਿ ਦੀ ਕਰਨੀ ਦੇ ਪਰਮ ਸ਼ਕਤੀਸ਼ਾਲੀ ਸਤਿ ਗੁਣਾਂ ਨਾਲ ਬਣਿਆ ਹੋਇਆ ਜਨੇਊ ਜੋ ਮਨੁੱਖ ਪਾਉਂਦਾ ਹੈ ਉਹ ਮਨੁੱਖ ਧੰਨ ਧੰਨ ਹੋ ਜਾਂਦਾ ਹੈ।

ਦਇਆ, ਸਤਿ ਸੰਤੋਖ, ਜਤਿ ਅਤੇ ਸਤਿ ਦੀ ਕਰਨੀ ਨਾਲ ਬਣਾਏ ਗਏ ਜਨੇਊ ਨੂੰ ਨਾ ਹੀ ਕੋਈ ਸ਼ਕਤੀ ਤੋੜ ਸਕਦੀ ਹੈ - ਭਾਵ ਐਸੇ ਸ਼ਕਤੀਸ਼ਾਲੀ ਜਨੇਊ ਦਾ ਕੋਈ ਵਿਨਾਸ਼ਕਾਰੀ ਸ਼ਕਤੀ ਵਿਨਾਸ਼ ਨਹੀਂ ਕਰ ਸਕਦੀ ਹੈ, ਨਾ ਹੀ ਇਸ ਨੂੰ ਮਾਇਆ ਦੀ ਮੈਲ ਚੜ੍ਹ ਸਕਦੀ ਹੈ ਅਤੇ ਨਾ ਹੀ ਇਸ ਨੂੰ ਅਗਨ ਭਸਮ ਕਰ ਸਕਦੀ ਹੈ। ਭਾਵ ਦਇਆ, ਸਤਿ ਸੰਤੋਖ, ਜਤਿ ਅਤੇ ਸਤਿ ਦੀ ਕਰਨੀ ਨਾਲ ਬਣਾਇਆ ਹੋਇਆ ਜਨੇਊ ਮਨੁੱਖ ਦੀ ਆਤਮਾ ਨੂੰ ਪਰਮ ਆਤਮਾ ਵਿੱਚ ਅਭੇਦ ਕਰ ਕੇ ਸਤਿ ਰੂਪ ਬਣਾ ਦਿੰਦਾ ਹੈ। ਭਾਵ ਦਇਆ, ਸਤਿ

ਸੰਤੋਖ, ਜਤਿ ਅਤੇ ਸਤਿ ਦੀ ਕਰਨੀ ਨਾਲ ਬੰਦਗੀ ਦਾ ਗੁਰਪ੍ਰਸਾਦਿ ਪ੍ਰਾਪਤ ਹੁੰਦਾ ਹੈ ਜਿਸ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਅਤੇ ਸਤਿ ਗੁਣਾਂ ਨੂੰ ਕੋਈ ਸ਼ਕਤੀ ਨਸ਼ਟ ਨਹੀਂ ਕਰ ਸਕਦੀ ਹੈ, ਗੁਰਪ੍ਰਸਾਦਿ ਦੀ ਪਰਮ ਸ਼ਕਤੀ ਨਾਲ ਮਨ ਦੀ ਮੈਲ ਧੁਲ੍ਹ ਜਾਂਦੀ ਹੈ, ਮਨ ਵੱਸ ਆ ਜਾਂਦਾ ਹੈ, ਤ੍ਰਿਸ਼ਣਾ ਬੁਝ ਜਾਂਦੀ ਹੈ, ਪੰਜ ਦੂਤ ਵੱਸ ਆ ਜਾਂਦੇ ਹਨ, ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ, ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ, ਸਾਰੇ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ, ਰੋਮ-ਰੋਮ ਵਿੱਚ ਸਿਮਰਨ ਚਲਾ ਜਾਂਦਾ ਹੈ, ਹਿਰਦੇ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਹੋ ਜਾਂਦਾ ਹੈ, ਮਾਇਆ ਨੂੰ ਜਿੱਤ ਕੇ ਮਨੁੱਖ ਦੀ ਰੂਹ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਂਦੀ ਹੈ, ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਅਨ ਪ੍ਰਾਪਤ ਹੋ ਜਾਂਦਾ ਹੈ, ਆਤਮ ਰਸ ਅੰਮ੍ਰਿਤ ਪ੍ਰਾਪਤ ਹੋ ਜਾਂਦਾ ਹੈ, ਮਨੁੱਖ ਜੀਵਨ ਮੁਕਤ ਹੋ ਜਾਂਦਾ ਹੈ। ਇਸ ਤਰ੍ਹਾਂ ਨਾਲ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਕਪਾਹ ਦੇ ਤਿੰਨ ਵੱਟੇ ਹੋਏ ਧਾਗਿਆਂ ਨਾਲ ਬਣਾਏ ਗਏ ਜਨੇਊ ਦੇ ਝੂਠ ਅਤੇ ਭਰਮ ਦਾ ਖੰਡਨ ਕੀਤਾ ਅਤੇ ਸਾਰੀ ਲੁਕਾਈ ਨੂੰ ਪੂਰਨ ਸਤਿ ਦੀ ਸੇਵਾ ਕਰਨ ਦਾ ਪਰਮ ਸ਼ਕਤੀਸ਼ਾਲੀ ਉਪਦੇਸ਼ ਦਿੱਤਾ।

ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਐਸੇ ਪੰਡਤ ਨੂੰ ਜੋ ਕਿ ਆਪ ਮਾਇਆ ਦਾ ਗ਼ੁਲਾਮ ਹੈ ਅਤੇ ਆਪਣੇ ਆਪ ਨੂੰ "ਸੁਜਾਨ" ਭਾਵ "ਸਿਆਣਾ" ਸਮਝਦਾ ਹੈ ਉਸ ਦੀ ਅਪਣੀ ਕਰਨੀ ਨੂੰ ਝੂਠ ਦੀ ਕਰਨੀ ਦੱਸ ਕੇ ਉਸ ਨੂੰ ਚੁਨੌਤੀ ਦਿੱਤੀ ਹੈ ਕਿ ਉਸ ਦਾ ਆਪਣਾ ਮਨ ਤਾਂ ਮਾਇਆ ਦਾ ਗ਼ੁਲਾਮ ਹੈ, ਭਾਵ ਐਸਾ ਮਨੁੱਖ "ਸੁਜਾਨ" ਕਿਵੇਂ ਹੋ ਸਕਦਾ ਹੈ ਜਿਸ ਨੇ ਆਪ ਤਾਂ ਪੰਜ ਦੂਤ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੂਪੀ ਚੰਡਾਲ) ਵੱਸ ਨਹੀਂ ਕੀਤੇ ਹਨ ਅਤੇ ਜੋ ਆਪ ਤ੍ਰਿਸ਼ਣਾ ਦਾ ਗ਼ੁਲਾਮ ਹੈ। ਐਸੇ ਮਾਇਆ ਦੇ ਗ਼ੁਲਾਮ ਮਨੁੱਖ (ਪੰਡਤ) ਨੂੰ ਦੂਜਿਆਂ ਨੂੰ ਦੀਖਿਆ ਦੇਣ ਦਾ ਕੋਈ ਹੱਕ ਨਹੀਂ ਹੈ ਅਤੇ ਨਾ ਹੀ ਦੱਖਣਾ ਲੈਣ ਦਾ ਕੋਈ ਹੱਕ ਹੈ। ਐਸੇ ਅਗਿਆਨੀ ਪੰਡਤਾਂ ਦਾ ਇਹ ਕਿੱਤਾ ਹੈ ਕਿ ਉਹ ਆਪਣੇ ਜਜ਼ਮਾਨਾਂ ਨੂੰ ਜਨੇਊ ਪਾਉਂਦੇ ਹਨ ਅਤੇ ਦੀਖਿਆ ਦਿੰਦੇ ਹਨ, ਆਪਣੇ ਜਜ਼ਮਾਨਾਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਲੋਕਾਂ ਦੀਆਂ ਜਨਮ ਪੱਤਰੀਆਂ ਸੋਧਦੇ ਹਨ, ਆਪਣੇ ਜਜ਼ਮਾਨਾਂ ਦੀਆਂ ਬੇਟੀਆਂ ਦਾ ਵਿਆਹ ਕਰਵਾਉਂਦੇ ਹਨ ਅਤੇ ਫਿਰ ਆਪਣੇ ਆਪ ਨੂੰ ਉਨ੍ਹਾਂ ਦਾ ਗੁਰੂ ਕਹਿ ਕੇ ਉਨ੍ਹਾਂ ਤੋਂ ਦੱਖਣਾ ਲੈਂਦੇ ਹਨ। ਐਸੇ ਅਗਿਆਨੀ ਪੰਡਤਾਂ 'ਤੇ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਦਇਆ ਕੀਤੀ ਅਤੇ ਉਪਦੇਸ਼ ਦਿੱਤਾ ਕਿ: ਐਸਾ ਜਨੇਊ ਕਿਸ ਕੰਮ ਦਾ ਹੈ ਜਿਸ ਦੇ ਪਾਉਣ ਨਾਲ ਮਨੁੱਖ ਦੀਆਂ ਪੰਜ ਕਰਮ ਅਤੇ ਗਿਆਨ ਇੰਦਰੀਆਂ ਵੱਸ ਨਹੀਂ ਆਉਂਦੀਆਂ ਹਨ ਅਤੇ ਇਨ੍ਹਾਂ ਇੰਦਰੀਆਂ ਤੋਂ ਅਸਤਿ ਕਰਮ ਕਰ-ਕਰ ਕੇ ਨਿੱਤ ਆਪਣੀ ਬੇਇੱਜ਼ਤੀ ਕਰਵਾਉਂਦਾ ਹੈ। ਭਾਵ ਮਨੁੱਖ ਮਾਇਆ ਦੀ ਗ਼ੁਲਾਮੀ ਵਿੱਚ ਵਿਚਰਦਾ ਹੋਇਆ ਪੰਜ ਕਰਮ ਅਤੇ ਗਿਆਨ ਇੰਦਰੀਆਂ ਤੋਂ ਅਸਤਿ ਕਰਮਾਂ ਨੂੰ ਅੰਜਾਮ ਦਿੰਦਾ ਹੈ ਜਿਸ ਦੇ ਫ਼ਲ਼ ਸਰੂਪ ਉਸ ਦੇ ਜੀਵਨ ਵਿੱਚ ਦੁੱਖ, ਕਲੇਸ਼ ਅਤੇ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਸ ਲਈ ਜੇ ਜਨੇਊ ਪਾਉਣਾ ਹੈ ਤਾਂ ਦਇਆ, ਸਤਿ ਸੰਤੋਖ, ਜਤਿ ਅਤੇ ਸਤਿ ਦੀ ਕਰਨੀ ਦਾ ਜਨੇਊ ਪਾਓ। ਜਿਸ ਦੇ ਨਾਲ ਪੰਜ ਗਿਆਨ ਅਤੇ ਕਰਮ ਇੰਦਰੀਆਂ ਵੱਸ ਆ ਜਾਣ ਅਤੇ ਮਨੁੱਖ ਦੇ ਸਾਰੇ ਕਰਮ ਸਤਿ ਕਰਮ ਹੋ ਜਾਣ। ਜੇਕਰ ਜਨੇਊ ਪਾਉਣਾ ਹੀ ਹੈ ਤਾਂ ਆਪਣੇ ਹੱਥ ਪੈਰਾਂ ਨੂੰ ਪਾਓ ਜੋ ਅਸਤਿ ਕਰਮ ਕਰਦੇ ਹਨ। ਭਾਵ ਆਪਣੇ ਹੱਥਾਂ-ਪੈਰਾਂ ਨਾਲ ਸਤਿ ਕਰਮ ਕਰੋ ਅਤੇ ਅਸਤਿ ਕਰਮਾਂ ਦਾ ਤਿਆਗ ਕਰੋ ਕਿਉਂਕਿ ਅਸਤਿ ਕਰਮ ਹੀ ਮਨੁੱਖ ਦੇ

ਸਾਰੇ ਦੁੱਖਾਂ, ਕਲੇਸ਼ਾਂ, ਮਾਨਸਿਕ ਅਤੇ ਸਰੀਰਕ ਰੋਗਾਂ ਅਤੇ ਸਮੱਸਿਆਵਾਂ ਦਾ ਕਾਰਨ ਬਣਦੇ ਹਨ। ਜੇਕਰ ਜਨੇਊ ਪਾਉਣਾ ਹੈ, ਆਪਣੀ ਜਿਹਵਾ ਨੂੰ ਪਾਓ ਤਾਂ ਜੋ ਇਸ ਜਿਹਵਾ ਤੋਂ ਕੋਈ ਕੂੜ ਸ਼ਬਦ ਨਾ ਉਚਾਰੇ ਜਾਣ। ਭਾਵ ਆਪਣੀ ਜਿਹਵਾ ਦਾ ਸਦਿਉਪਯੋਗ ਕਰੋ। ਕਿਸੇ ਨੂੰ ਮਾੜੇ ਬੋਲ-ਕੁਬੋਲ ਨਾ ਬੋਲੋ। ਸਦਾ ਮਿੱਠਾ ਬੋਲੋ। ਕਿਸੇ ਦੀ ਨਿੰਦਿਆ, ਚੁਗ਼ਲੀ ਅਤੇ ਬਖ਼ੀਲੀ ਨਾ ਕਰੋ। ਜਿਹਵਾ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਗਾਓ। ਕੁਬੋਲ, ਨਿੰਦਿਆ, ਚੁਗ਼ਲੀ ਅਤੇ ਬਖ਼ੀਲੀ ਕਰਨ ਨਾਲ ਮਨੁੱਖ ਆਪਣੇ ਹੀ ਕਾਲੇ ਲੇਖ ਆਪਣੀ ਹੀ ਜਿਹਵਾ ਨਾਲ ਆਪ ਲਿਖਦਾ ਹੈ। ਕੁਬੋਲ, ਨਿੰਦਿਆ, ਚੁਗ਼ਲੀ ਅਤੇ ਬਖ਼ੀਲੀ ਕਰਨ ਵਾਲਾ ਮਨੁੱਖ ਆਪਣੀ ਹੀ ਜਿਹਵਾ ਨਾਲ ਨਿੰਦਿਆ ਕਰਵਾਉਣ ਵਾਲੇ ਦੀ ਮੈਲ ਨੂੰ ਆਪਣੀ ਜਿਹਵਾ ਨਾਲ ਚੱਟ-ਚੱਟ ਕੇ ਖਾਂਦਾ ਹੈ ਅਤੇ ਆਪਣੇ ਸਤਿ ਕਰਮਾਂ ਦਾ ਨਿੰਦਿਆ ਕਰਵਾਉਣ ਵਾਲੇ ਨੂੰ ਦਾਨ ਕਰ ਦਿੰਦਾ ਹੈ। ਨਿੰਦਿਆ ਕਰਵਾਉਣ ਵਾਲੇ ਦਾ ਬਹੁਤ ਭਲਾ ਹੁੰਦਾ ਹੈ ਅਤੇ ਨਿੰਦਿਆ ਕਰਨ ਵਾਲੇ ਦਾ ਨਿਸ਼ਚਿਤ ਰੂਪ ਨਾਲ ਸਰਵਨਾਸ਼ ਹੁੰਦਾ ਹੈ। ਇਸ ਲਈ ਜੇ ਜਨੇਊ ਪਾਉਣਾ ਹੀ ਹੈ ਤਾਂ ਆਪਣੀ ਜਿਹਵਾ ਨੂੰ ਸਤਿ ਦੀ ਸੇਵਾ ਦਾ ਜਨੇਊ ਪਾਓ ਤਾਂ ਜੋ ਦੁੱਖਾਂ, ਕਲੇਸ਼ਾਂ, ਰੋਗਾਂ ਅਤੇ ਸਮੱਸਿਆਵਾਂ ਦਾ ਨਾਸ਼ ਹੋ ਸਕੇ ਅਤੇ ਚੜ੍ਹਦੀ ਕਲਾ ਹੋ ਸਕੇ। ਜੇਕਰ ਜਨੇਊ ਪਾਉਣਾ ਹੀ ਹੈ ਤਾਂ ਆਪਣੀਆਂ ਅੱਖਾਂ ਨੂੰ ਪਾਓ ਜੋ ਪਰਾਈ ਨਾਰੀ ਅਤੇ ਪਰਾਈ ਧਨ-ਸੰਪਦਾ ਨੂੰ ਬੁਰੀ ਨਜ਼ਰ ਨਾਲ ਦੇਖਦੀਆਂ ਹਨ। ਭਾਵ ਪਰਾਈ ਨਾਰ ਅਤੇ ਧਨ-ਸੰਪਦਾ ਨੂੰ ਪ੍ਰਾਪਤ ਕਰਨ ਦੀ ਦ੍ਰਿਸ਼ਟ ਘਾਤਕ ਸਿੱਧ ਹੁੰਦੀ ਹੈ। ਪਰ ਨਾਰੀ ਨੂੰ ਬੁਰੀ ਨਜ਼ਰ ਨਾਲ ਮਨੁੱਖ ਵਿੱਚ ਸਥਿਤ ਕਾਮ ਚੰਡਾਲ ਦੇਖਦਾ ਹੈ ਅਤੇ ਪ੍ਰਾਪਤ ਕਰਨ ਦੀ ਕਾਮਨਾ ਕਰਦਾ ਹੈ ਜੋ ਕਿ ਦਰਗਾਹ ਦੇ ਵਿਧਾਨ ਅਨੁਸਾਰ ਘੋਰ ਅਪਰਾਧ ਹੈ ਅਤੇ ਇਸ ਅਪਰਾਧ ਦਾ ਮਨੁੱਖ ਨੂੰ ਬਹੁਤ ਭਿਆਨਕ ਦੰਡ ਮਿਲਦਾ ਹੈ। ਇਸ ਤਰ੍ਹਾਂ ਨਾਲ ਕਾਮ ਚੰਡਾਲ ਮਨੁੱਖ ਦੇ ਮਾਨਸ ਜਨਮ ਨੂੰ ਤਬਾਹ ਕਰ ਦਿੰਦਾ ਹੈ। ਪਰਾਈ ਧਨ-ਸੰਪਦਾ ਉੱਪਰ ਲੋਭ ਦੀ ਨਜ਼ਰ ਰੱਖਣਾ ਅਤੇ ਉਸ ਨੂੰ ਅਸਤਿ ਕਰਮਾਂ ਦੇ ਦੁਆਰਾ ਪ੍ਰਾਪਤ ਕਰਨ ਦੇ ਯਤਨ ਕਰਨਾ ਵੀ ਦਰਗਾਹੀ ਵਿਧਾਨ ਅਨੁਸਾਰ ਬਹੁਤ ਵੱਡਾ ਗੁਨਾਹ ਹੈ ਅਤੇ ਇਸ ਗੁਨਾਹ ਕਰਨ ਵਾਲੇ ਮਨੁੱਖ ਨੂੰ ਵੀ ਬਹੁਤ ਭਿਆਨਕ ਸਜ਼ਾ ਮਿਲਦੀ ਹੈ। ਇਸ ਲਈ ਜੇਕਰ ਜਨੇਊ ਪਾਉਣਾ ਹੈ ਤਾਂ ਜਤਿ ਦਾ ਅਤੇ ਸਤਿ ਦਾ ਜਨੇਊ ਪਾਓ। ਜਿਸ ਦੇ ਨਾਲ ਤੁਹਾਡਾ ਕਾਮ ਦਾ ਚੰਡਾਲ ਵੱਸ ਆ ਸਕੇ ਅਤੇ ਲੋਭ ਚੰਡਾਲ ਵੱਸ ਆ ਸਕੇ। ਇਸ ਸਾਰੇ ਪਰਮ ਸਤਿ ਤੱਤਾਂ ਨੂੰ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿੱਚ ਦ੍ਰਿੜ੍ਹ ਕਰਵਾਇਆ ਹੈ:

ਮਃ ੧ ॥ ਤਗੁ ਨ ਇੰਦ੍ਰੀ ਤਗੁ ਨ ਨਾਗੀ ॥ ਭਲਕੇ ਥੁਕ ਪਵੈ ਨਿਤ ਦਾੜੀ ॥

ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥

ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥

ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ ॥

ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉ ਸੁਜਾਣੁ ॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੧)

ਗੁਰਬਾਣੀ ਦੇ ਅਨੁਸਾਰ ਕੇਵਲ ਪੂਰਨ ਬ੍ਰਹਮ ਗਿਆਨੀ ਜਾਂ ਪੂਰਨ ਸੰਤ ਹੀ ਬ੍ਰਾਹਮਣ ਹੈ। ਭਾਵ ਜਨੇਊ ਪਾਉਣ ਵਾਲਾ ਬ੍ਰਾਹਮਣ ਨਹੀਂ ਹੁੰਦਾ। ਜਿਸ ਮਨੁੱਖ ਨੇ ਸਦਾ-ਸਦਾ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਨਾਲ ਆਪਣੀ ਲਿਵ ਲੱਗਾ ਲਈ ਹੈ ਕੇਵਲ ਉਹ ਮਨੁੱਖ ਹੀ

ਬ੍ਰਾਹਮਣ ਹੈ। ਭਾਵ ਜੋ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਲੀਨ ਹੋ ਗਿਆ ਹੈ ਕੇਵਲ ਉਹ ਮਨੁੱਖ ਹੀ ਬ੍ਰਾਹਮਣ ਹੈ। ਜੋ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਗਿਆ ਹੈ ਕੇਵਲ ਉਹ ਮਨੁੱਖ ਹੀ ਬ੍ਰਾਹਮਣ ਹੈ।

ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਜਿ ਅਨਦਿਨੁ ਹਰਿ ਲਿਵ ਲਾਏ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੧੨)

ਇਸ ਤਰ੍ਹਾਂ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਨੇ ਝੂਠੇ ਧਾਰਮਿਕ ਪ੍ਰਚਾਰਕਾਂ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਹੈ। ਸਤਿਗੁਰੂ ਪਾਤਸ਼ਾਹ ਜੀ ਨੇ ਸਾਰੇ ਪੁੱਠੇ ਅਤੇ ਝੂਠੇ ਰੀਤੀ, ਰਿਵਾਜਾਂ, ਭਰਮਾਂ ਅਤੇ ਦੁਬਿਧਾ ਵਿੱਚ ਪਾਉਣ ਵਾਲੇ ਪ੍ਰਚਾਰਕਾਂ ਅਤੇ ਸਮਾਜਿਕ ਤੱਤਾਂ ਦੇ ਵਿਰੁੱਧ ਆਪਣੀ ਬਾਣੀ ਵਿੱਚ ਦਰਗਾਹੀ ਵਿਧਾਨਾਂ ਦਾ ਪੂਰਨ ਬ੍ਰਹਮ ਗਿਆਨ ਦੇ ਕੇ ਸਾਰੀ ਲੁਕਾਈ ਲਈ ਮੁਕਤੀ ਦਾ ਮਾਰਗ ਦਰਸ਼ਨ ਕੀਤਾ ਹੈ। ਸਤਿਗੁਰੂ ਪਾਤਸ਼ਾਹ ਜੀ ਨੇ ਸਤਿ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ ਅਤੇ ਸਤਿ ਦੀ ਕਰਨੀ ਨੂੰ ਮਨੁੱਖੀ ਜੀਵਨ ਸਫ਼ਲ ਕਰਨ ਦਾ ਮਾਰਗ ਦੱਸਿਆ। ਸਮਾਜ ਵਿੱਚ ਪ੍ਰਚਲਿਤ ਬਾਹਰਲੀਆਂ ਰਹਿਤਾਂ ਦਾ ਖੰਡਨ ਕੀਤਾ ਅਤੇ ਅੰਦਰਲੀ ਰਹਿਤ ਕਮਾਉਣ ਦਾ ਉਪਦੇਸ਼ ਸਾਰੇ ਜੱਗ ਨੂੰ ਦੇ ਕੇ ਪੂਰਨ ਸਤਿ ਵਰਤਾਇਆ। ਸਤਿਗੁਰੂ ਪਾਤਸ਼ਾਹ ਜੀ ਨੇ ਸਾਰੇ ਸਮਾਜ ਦੇ ਧਾਰਮਿਕ ਆਗੂਆਂ ਨਾਲ ਖੁੱਲ੍ਹੀ ਅਤੇ ਜ਼ਬਰਦਸਤ ਟੱਕਰ ਲੈ ਕੇ ਇਸ ਪਰਮ ਸਤਿ ਨੂੰ ਸਾਬਿਤ ਕਰ ਦਿੱਤਾ ਕਿ "ਭਗਤਾ ਕੀ ਚਾਲ ਨਿਰਾਲੀ"। ਇਸੇ ਕਾਰਨ ਸਤਿਗੁਰੂ ਪਾਤਸ਼ਾਹ ਨੂੰ ਲੋਕਾਂ ਨੇ "ਭੂਤਨਾ, ਬੇਤਾਲਾ ਅਤੇ ਦੀਵਾਨਾ" ਕਹਿ ਕੇ ਨਿੰਦਿਆ ਕੀਤੀ ਅਤੇ ਆਪਣੇ ਸਰਵਨਾਸ਼ ਨੂੰ ਨਿਉਤਾ ਦਿੱਤਾ।

ਜਿਸ ਤਰ੍ਹਾਂ ਨਾਲ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਨੇ ਦੁਨੀਆਂ ਵਿੱਚ ਪ੍ਰਚਲਿਤ ਭਰਮਾਂ ਅਤੇ ਝੂਠੀਆਂ ਰੀਤਾਂ, ਰਿਵਾਜਾਂ ਅਤੇ ਬਾਹਰਲੀਆਂ ਰਹਿਤਾਂ ਦਾ ਜ਼ਬਰਦਸਤ ਖੰਡਨ ਕੀਤਾ ਅਤੇ ਆਪਣੀ ਬਾਣੀ ਵਿੱਚ ਅੰਦਰਲੀ ਰਹਿਤ ਦੀ ਕਮਾਈ ਦਾ ਪਰਮ ਸ਼ਕਤੀਸ਼ਾਲੀ ਉਪਦੇਸ਼ ਦਿੱਤਾ, ਠੀਕ ਇਸੇ ਤਰ੍ਹਾਂ ਨਾਲ ਬਾਕੀ ਸਾਰੇ ਸਤਿਗੁਰੂ ਅਵਤਾਰ ਸਾਹਿਬਾਨ, ਸੰਤਾਂ, ਭਗਤਾਂ ਅਤੇ ਬ੍ਰਹਮ ਗਿਆਨੀਆਂ ਨੇ ਵੀ ਸਾਰੇ ਭਰਮਾਂ, ਰੀਤਾਂ ਅਤੇ ਰਿਵਾਜਾਂ ਦਾ ਖੰਡਨ ਕਰ ਕੇ ਝੂਠੇ ਪ੍ਰਚਾਰਕਾਂ ਨੂੰ ਫਿਟਕਾਰਾਂ ਪਾਈਆਂ ਅਤੇ ਅੰਦਰਲੀ ਰਹਿਤ ਦੀ ਕਮਾਈ ਦਾ ਉਪਦੇਸ਼ ਦਿੱਤਾ। ਅੰਦਰਲੀ ਰਹਿਤ ਤੋਂ ਭਾਵ ਹੈ ਮਾਇਆ ਨੂੰ ਜਿੱਤਣ ਦੀ ਰਹਿਤ, ਤ੍ਰਿਸ਼ਣਾ ਨੂੰ ਬੁਝਾਉਣ ਦੀ ਰਹਿਤ, ਪੰਜ ਦੂਤਾਂ ਨੂੰ ਜਿੱਤਣ ਦੀ ਰਹਿਤ, ਹਿਰਦੇ ਦੀ ਪੂਰਨ ਸਚਿਆਰੀ ਰਹਿਤ, ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਦੀ ਰਹਿਤ, ਰੋਮ-ਰੋਮ ਸਿਮਰਨ ਦੀ ਰਹਿਤ ਜਿਸ ਦੇ ਨਾਲ ਮਨੁੱਖਾ ਜਨਮ ਸਫ਼ਲ ਹੋ ਸਕੇ ਅਤੇ ਮਨੁੱਖ ਜੀਵਨ ਮੁਕਤੀ ਪ੍ਰਾਪਤ ਕਰ ਸਕੇ।

ਅੰਦਰਲੀ ਰਹਿਤ ਦੀ ਕਮਾਈ ਹੀ ਬੰਦਗੀ ਦਾ ਮਾਰਗ ਹੈ। ਬਾਹਰਲੀਆਂ ਰਹਿਤਾਂ ਦੀ ਕਮਾਈ ਅਤੇ ਪ੍ਰਚਲਿਤ ਰੀਤਾਂ-ਰਿਵਾਜਾਂ ਨੂੰ ਅਪਣਾਉਣਾ ਤਾਂ ਸੌਖਾ ਕਰਮ ਹੈ ਪਰੰਤੂ ਅੰਦਰਲੀ ਰਹਿਤ ਦੀ ਕਮਾਈ ਕਰਨਾ ਬਹੁਤ ਬਿਖਮ ਹੈ। ਬੰਦਗੀ ਦਾ ਮਾਰਗ ਤ੍ਰੈ ਗੁਣ ਮਾਇਆ ਨਾਲ ਜੰਗ ਦਾ ਮਾਰਗ ਹੈ। ਬੰਦਗੀ ਦਾ ਮਾਰਗ ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ ਦੇ ਨਾਲ ਜੰਗ ਦਾ ਮਾਰਗ ਹੈ। ਬੰਦਗੀ ਦਾ ਮਾਰਗ ਇਨ੍ਹਾਂ ਪੰਜ ਚੰਡਾਲਾਂ ਨਾਲ ਇਕੱਲੇ-ਇਕੱਲੇ ਨਾਲ ਜੰਗ ਦਾ ਮਾਰਗ ਹੈ।

ਅਸ਼ਚਰਜ ਦੀ ਗੱਲ ਇਹ ਹੈ ਕਿ ਸਾਡੇ ਇਹ ਪੰਜ ਦੁਸ਼ਮਨ (ਪੰਜ ਦੂਤ) ਸਾਡੀ ਹੀ ਦੇਹੀ ਵਿੱਚ ਵਾਸ ਕਰਦੇ ਹਨ। ਕਾਮ ਚੰਡਾਲ ਸਾਡੇ ਧੜ ਦੇ ਹੇਠਲੇ ਹਿੱਸੇ ਵਿੱਚ ਵਾਸ ਕਰਦਾ ਹੈ ਜੋ ਕਿ ਸਾਡੀ ਕਾਮ ਵਾਸ਼ਨਾ ਨੂੰ ਉਤੇਜਿਤ ਕਰ ਕੇ ਸਾਡੇ ਉੱਪਰ ਬਾਰ-ਬਾਰ ਆਕਰਮਣ ਕਰਦਾ ਹੈ ਅਤੇ ਅਸਤਿ ਕਰਮ ਕਰਵਾਉਂਦਾ ਹੈ। ਇਸ ਤਰ੍ਹਾਂ ਨਾਲ ਅਸੀਂ ਕਾਮ ਚੰਡਾਲ ਦੀ ਵਿਨਾਸ਼ਕਾਰੀ ਸ਼ਕਤੀ ਦਾ ਸ਼ਿਕਾਰ ਹੋ ਕੇ ਆਪਣਾ ਭਵਿੱਖ ਦੁੱਖਾਂ ਨਾਲ ਭਰਦੇ ਹਾਂ। ਕ੍ਰੋਧ ਚੰਡਾਲ ਸਾਡੇ ਢਿੱਡ ਵਿੱਚ ਵਾਸ ਕਰਦਾ ਹੈ ਅਤੇ ਜਦ ਕਿਸੇ ਕਾਰਨ ਸਾਡੇ ਅਹੰਕਾਰ ਉੱਪਰ ਸੱਟ ਵੱਜਦੀ ਹੈ ਤਾਂ ਇਹ ਸਾਡੇ ਅੰਦਰ ਕ੍ਰੋਧ ਦੀ ਜਵਾਲਾ ਨੂੰ ਭੜਕਾਉਂਦਾ ਹੈ। ਕ੍ਰੋਧ ਚੰਡਾਲ ਵੱਸ ਆ ਕੇ ਅਸੀਂ ਨਿੱਤ ਕਈ ਅਸਤਿ ਕਰਮ ਕਰਦੇ ਹਾਂ ਅਤੇ ਆਪਣੇ ਅੰਦਰ ਨੂੰ ਕ੍ਰੋਧ ਦੀ ਵਿਨਾਸ਼ਕਾਰੀ ਅਗਨ ਵਿੱਚ ਸਾੜਦੇ ਹਾਂ। ਲੋਭ ਚੰਡਾਲ ਅਤੇ ਮੋਹ ਚੰਡਾਲ ਸਾਡੀ ਛਾਤੀ ਵਿੱਚ ਵਾਸ ਕਰਦੇ ਹਨ। ਲੋਭ ਚੰਡਾਲ ਦੀ ਗ਼ੁਲਾਮੀ ਵਿੱਚ ਅਸੀਂ ਪਰਾਏ ਧਨ ਨੂੰ ਪ੍ਰਾਪਤ ਕਰਨ ਲਈ ਕਈ ਅਸਤਿ ਕਰਮਾਂ ਨੂੰ ਅੰਜਾਮ ਦਿੰਦੇ ਹਾਂ। ਜਿਸ ਧਨ ਉੱਪਰ ਸਾਡਾ ਕੋਈ ਹੱਕ ਨਹੀਂ ਹੁੰਦਾ ਉਸ ਧਨ ਨੂੰ ਪ੍ਰਾਪਤ ਕਰਨ ਲਈ ਅਸੀਂ ਅਸਤਿ ਕਰਮ ਕਰਦੇ ਹਾਂ ਅਤੇ ਆਪਣੇ ਪ੍ਰਾਲਬਧ ਵਿੱਚ ਦੁੱਖਾਂ-ਕਲੇਸ਼ਾਂ ਦਾ ਬੀਜ ਬੀਜਦੇ ਹਾਂ। ਮੋਹ ਚੰਡਾਲ ਦੀ ਗ਼ੁਲਾਮੀ ਵਿੱਚ ਅਸੀਂ ਆਪਣੇ ਪਰਿਵਾਰ ਦੇ ਨਾਲ ਇਸ ਕਦਰ ਜੁੜ ਜਾਂਦੇ ਹਾਂ ਕਿ ਸਾਨੂੰ ਹੋਰ ਕੁਝ ਨਜ਼ਰ ਨਹੀਂ ਆਉਂਦਾ ਹੈ। ਪਰਿਵਾਰਕ ਮੋਹ ਦੇ ਕਾਰਨ ਹੀ ਸਾਡਾ ਪਰਿਵਾਰਕ ਜੀਵਨ ਦੁੱਖਾਂ ਅਤੇ ਕਲੇਸ਼ਾਂ ਨਾਲ ਭਰ ਜਾਂਦਾ ਹੈ। ਅਹੰਕਾਰ ਚੰਡਾਲ ਸਾਡੇ ਸਿਰ ਵਿੱਚ ਵਾਸ ਕਰਦਾ ਹੈ। ਅਹੰਕਾਰ ਚੰਡਾਲ ਮਨੁੱਖ ਨੂੰ ਨਿਮਰਤਾ ਦੀ ਕਮਾਈ ਨਹੀਂ ਕਰਨ ਦਿੰਦਾ ਹੈ। ਨਿਮਰਤਾ ਦਰਗਾਹ ਦੀ ਕੁੰਜੀ ਹੈ ਅਤੇ ਅਹੰਕਾਰ ਦੇ ਕਾਰਨ ਹੀ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਰਨ ਤੋਂ ਸੱਖਣਾ ਰਹਿ ਜਾਂਦਾ ਹੈ। ਨਿਮਰਤਾ ਨਾਲ ਭਰਪੂਰ ਗਰੀਬੀ ਵੇਸ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਆਪ ਪ੍ਰਗਟ ਹੋਣਾ ਪੈਂਦਾ ਹੈ। ਅਹੰਕਾਰ ਚੰਡਾਲ ਬਾਕੀ ਚਾਰ ਚੰਡਾਲਾਂ (ਕਾਮ, ਕ੍ਰੋਧ, ਲੋਭ ਅਤੇ ਮੋਹ) ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਹੁੰਦਾ ਹੈ। ਬੰਦਗੀ ਕੇਵਲ ਉਸ ਮਨੁੱਖ ਦੀ ਪੂਰਨ ਹੁੰਦੀ ਹੈ ਜੋ ਅਹੰਕਾਰ ਚੰਡਾਲ ਨੂੰ ਜਿੱਤਦਾ ਹੈ।

ਇਨ੍ਹਾਂ ਪੰਜ ਚੰਡਾਲਾਂ ਨੂੰ ਆਪਣੀ ਹੀ ਦੇਹੀ ਵਿੱਚੋਂ ਬਾਹਰ ਕੱਢਣਾ ਬਹੁਤ ਬਿਖਮ ਕੰਮ ਹੈ। ਇਨ੍ਹਾਂ ਪੰਜ ਚੰਡਾਲਾਂ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਮਨੁੱਖ ਨੂੰ ਹਰ ਪਲ ਅਸਤਿ ਕਰਮ ਕਰਨ ਲਈ ਧੱਕਦੀਆਂ ਹਨ। ਇਨ੍ਹਾਂ ਪੰਜ ਚੰਡਾਲਾਂ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਮਨੁੱਖ ਨੂੰ ਸੰਸਾਰਿਕ ਝਮੇਲਿਆਂ ਵਿੱਚੋਂ ਨਿਕਲਣ ਨਹੀਂ ਦਿੰਦੀਆਂ ਹਨ। ਇਨ੍ਹਾਂ ਪੰਜ ਚੰਡਾਲਾਂ ਨੇ ਸਾਰੇ ਸੰਸਾਰ ਦੇ ਲੋਕਾਂ ਨੂੰ ਆਪਣੀਆਂ ਭਰਮ ਜਾਲ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਵਿੱਚ ਬੁਰੀ ਤਰ੍ਹਾਂ ਨਾਲ ਉਲਝਾਇਆ ਹੋਇਆ ਹੈ। ਇਨ੍ਹਾਂ ਪੰਜ ਚੰਡਾਲਾਂ ਦੀ ਗ਼ੁਲਾਮੀ ਵਿੱਚ ਮਨੁੱਖ ਅੰਨ੍ਹਾ ਹੋ ਕੇ ਭੌਤਿਕ ਸੰਸਾਰ ਨੂੰ ਹੀ ਸਤਿ ਮੰਨੀ ਬੈਠਾ ਹੈ। ਇਨ੍ਹਾਂ ਪੰਜ ਚੰਡਾਲਾਂ ਦੀ ਗ਼ੁਲਾਮੀ ਵਿੱਚ ਮਨੁੱਖ ਅੰਨ੍ਹਾ ਹੋ ਕੇ ਮਨੁੱਖ ਆਪਣੀ ਹੀ ਦੇਹੀ ਨੂੰ ਸਤਿ ਮੰਨੀ ਬੈਠਾ ਹੈ। ਇਸ ਪਰਮ ਸਤਿ ਨੂੰ ਜਾਣਦਾ ਹੋਇਆ ਕਿ ਇਸ ਦੇਹੀ ਦੀ ਮੌਤ ਹੋ ਜਾਣੀ ਹੈ ਫਿਰ ਵੀ ਇਸ ਦੇਹੀ ਨੂੰ ਹੀ ਸਤਿ ਮੰਨੀ ਬੈਠਾ ਹੈ। ਇਸ ਪਰਮ ਸਤਿ ਨੂੰ ਜਾਣਦੇ ਹੋਏ ਵੀ ਕਿ ਕਿਸੇ ਪਰਿਵਾਰਕ ਰਿਸ਼ਤੇ ਨੇ ਅੰਤ ਸਮੇਂ ਮਨੁੱਖ ਦੇ ਨਾਲ ਨਹੀਂ ਚਲਣਾ ਹੈ, ਫਿਰ ਵੀ ਸਾਰੇ ਪਰਿਵਾਰਕ ਰਿਸ਼ਤਿਆਂ ਨੂੰ ਸਤਿ ਮੰਨੀ ਬੈਠਾ ਹੈ। ਸੰਸਾਰ ਦਾ ਹਰ ਇੱਕ ਮਨੁੱਖ ਮਾਇਆ ਦੇ ਇਸ ਭਰਮ ਜਾਲ ਵਿੱਚ ਬੁਰੀ ਤਰ੍ਹਾਂ ਨਾਲ ਜਕੜਿਆ ਹੋਇਆ ਹੈ। ਮਾਇਆ ਦੇ ਇਸ ਵਿਨਾਸ਼ਕਾਰੀ ਜਾਲ ਨੂੰ ਹੀ ਗੁਰਬਾਣੀ ਵਿੱਚ ਭਵਜਲ ਕਿਹਾ ਗਿਆ ਹੈ।

ਭਾਈ ਰੇ ਭਵਜਲੁ ਬਿਖਮੁ ਡਰਾਂਉ ॥ ਪੂਰਾ ਸਤਿਗੁਰੁ ਰਸਿ ਮਿਲੈ ਗੁਰੁ ਤਾਰੇ ਹਰਿ ਨਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੩)

ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੯)

ਬੰਦਗੀ ਮਾਇਆ ਦੇ ਨਾਲ ਜੰਗ ਹੈ। ਬੰਦਗੀ ਆਪਣੀ ਤ੍ਰਿਸ਼ਣਾ ਦੀ ਅਗਨ ਨੂੰ ਸਦਾ-ਸਦਾ ਵਾਸਤੇ ਬੁਝਾਉਣ ਲਈ ਕੀਤਾ ਜਾ ਰਿਹਾ ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ ਦੇ ਨਾਲ ਘਮਾਸਾਨ ਯੁੱਧ ਹੈ। ਬੰਦਗੀ ਆਪਣੇ ਹੀ ਮਨ ਨੂੰ ਜਿੱਤਣ ਦੀ ਜੰਗ ਹੈ। ਉਸ ਮਨ ਨੂੰ ਜਿੱਤਣ ਦੀ ਜੰਗ ਹੈ ਜੋ ਕਿ ਤ੍ਰਿਸ਼ਣਾ ਅਤੇ ਪੰਜ ਦੂਤਾਂ ਦਾ ਗ਼ੁਲਾਮ ਹੈ; ਉਸ ਨੂੰ ਇਸ ਗ਼ੁਲਾਮੀ ਤੋਂ ਮੁਕਤ ਕਰਵਾਉਣ ਲਈ ਘਮਾਸਾਨ ਜੰਗ ਹੈ। ਮਾਇਆ ਦੁਆਰਾ ਬੁਣਿਆ ਗਿਆ ਸੰਸਾਰਿਕ ਭਰਮ ਜਾਲ ਦੇਖਣ ਨੂੰ ਸਤਿ ਜਾਪਦਾ ਹੈ ਅਤੇ ਸਾਰੇ ਸੰਸਾਰਿਕ ਸੁਆਦਾਂ ਅਤੇ ਰਸਾਂ ਨੂੰ ਬਹੁਤ ਮਿੱਠੇ ਲੱਗਵਾਉਂਦਾ ਹੈ। ਸੰਸਾਰਿਕ ਵਸਤੂਆਂ ਦੇ ਸੁਆਦ, ਰਸ ਅਤੇ ਭੋਗ ਬਹੁਤ ਮਿੱਠੇ ਲੱਗਦੇ ਹਨ। ਪਰੰਤੂ ਇਨ੍ਹਾਂ ਰਸਾਂ ਅਤੇ ਸੁਆਦਾਂ ਦੇ ਭੋਗ ਤੋਂ ਬਾਅਦ ਮਨੁੱਖ ਇਨ੍ਹਾਂ ਦੀ ਕੁੜੱਤਣ ਅਤੇ ਵਿਨਾਸ਼ਕਾਰੀ ਪ੍ਰਭਾਵ ਦਾ ਸ਼ਿਕਾਰ ਹੁੰਦਾ ਹੈ। ਸੰਸਾਰਿਕ ਵਸਤੂਆਂ ਦੇ ਸੁਆਦ, ਰਸ ਅਤੇ ਇਨ੍ਹਾਂ ਦੇ ਭੋਗ ਦੀ ਲਾਲਸਾ ਮਨੁੱਖ ਨੂੰ ਬੰਦਗੀ ਦੇ ਮਾਰਗ ਉੱਪਰ ਚਲਦੇ ਹੋਏ ਭਰਮਾਉਣ ਵਿੱਚ ਕੋਈ ਕਸਰ ਨਹੀਂ ਛੱਡਦੀ ਹੈ। ਬੰਦਗੀ ਦੇ ਸਤਿ ਮਾਰਗ ਉੱਪਰ ਚਲਦੇ ਹੋਏ ਮਨੁੱਖ ਨੂੰ ਮਾਇਆ ਬਾਰ-ਬਾਰ ਡਿਗਾਉਣ ਦਾ ਯਤਨ ਕਰਦੀ ਹੈ। ਬੰਦਗੀ ਦੇ ਸਤਿ ਮਾਰਗ ਉੱਪਰ ਚਲਦੇ ਹੋਏ ਮਨੁੱਖ ਨੂੰ ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ ਆਪਣੀਆਂ ਵਿਨਾਸ਼ਕਾਰੀ ਅਤੇ ਭਰਮਾਉਣ ਵਾਲੀਆਂ ਸ਼ਕਤੀਆਂ ਦੀ ਵਰਤੋਂ ਕਰ ਕੇ ਬਾਰ-ਬਾਰ ਡਿਗਾਉਣ ਦਾ ਯਤਨ ਕਰਦੇ ਹਨ। ਬੰਦਗੀ ਦੇ ਸਤਿ ਮਾਰਗ ਉੱਪਰ ਚਲਦੇ ਹੋਏ ਮਨੁੱਖ ਦਾ ਮਾਇਆ ਨਾਲ ਯੁੱਧ ਹਰ ਪਲ ਹਰ ਛਿਣ ਹੁੰਦਾ ਹੈ। ਬੰਦਗੀ ਦੇ ਸਤਿ ਮਾਰਗ 'ਤੇ ਚਲਦੇ ਹੋਏ ਮਨੁੱਖ ਦੀ ਆਪਣੇ ਸਤਿਗੁਰੂ ਪ੍ਰਤੀ ਸ਼ਰਧਾ, ਪ੍ਰੀਤ ਅਤੇ ਭਰੋਸੇ ਦਾ ਇਮਤਿਹਾਨ ਬਾਰ-ਬਾਰ ਹੁੰਦਾ ਹੈ। ਬੰਦਗੀ ਦੇ ਸਤਿ ਮਾਰਗ 'ਤੇ ਚਲਦੇ ਹੋਏ ਮਨੁੱਖ ਦੀ ਸਤਿਗੁਰੂ ਅਤੇ ਅਕਾਲ ਪੁਰਖ ਦੇ ਲਈ ਉਸ ਦੇ ਸਮਰਪਣ ਦੀ ਪਰਖ ਬਾਰ-ਬਾਰ ਹੁੰਦੀ ਹੈ। ਬੰਦਗੀ ਦੇ ਸਤਿ ਮਾਰਗ ਉੱਪਰ ਚਲਦੇ ਹੋਏ ਮਨੁੱਖ ਨੇ ਕਿਤਨੀ ਨਿਮਰਤਾ ਦੀ ਕਮਾਈ ਕੀਤੀ ਹੈ, ਕਿਤਨੀ ਹਿਰਦੇ ਦੀ ਗਰੀਬੀ ਇਕੱਤਰ ਕੀਤੀ ਹੈ, ਕਿਤਨੀ ਸਤਿ ਸੰਤੋਖ ਦੀ ਕਮਾਈ ਕੀਤੀ ਹੈ, ਕਿਤਨੀ ਜਤਿ ਸਤਿ ਦੀ ਕਮਾਈ ਕੀਤੀ ਹੈ, ਕਿਤਨਾ ਲੋਭ ਅਤੇ ਮੋਹ ਦਾ ਤਿਆਗ ਕੀਤਾ ਹੈ, ਕਿਤਨਾ ਅਹੰਕਾਰ ਦਾ ਤਿਆਗ ਕੀਤਾ ਹੈ, ਆਦਿ ਦੀ ਪਰਖ ਬਾਰ-ਬਾਰ ਹੁੰਦੀ ਹੈ। ਇਸੇ ਕਰ ਕੇ ਬੰਦਗੀ ਦੇ ਸਤਿ ਮਾਰਗ ਨੂੰ "ਬਿਖਮੁ" ਕਿਹਾ ਗਿਆ ਹੈ। ਸੰਸਾਰਿਕ ਜੀਵਨ ਵਿੱਚ ਮੌਜੂਦ ਮਾਇਕੀ ਵਾਸ਼ਨਾਵਾਂ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਇਤਨੀਆਂ ਪ੍ਰਬਲ ਹਨ ਕਿ ਉਹ ਪਲ-ਪਲ ਛਿਣ-ਛਿਣ ਮਨੁੱਖ ਦੇ ਮਨ ਨੂੰ ਵਿਕ੍ਰਿਤ ਕਰ ਦਿੰਦੀਆਂ ਹਨ ਅਤੇ ਉਸ ਨੂੰ ਬੰਦਗੀ ਦੇ ਮਾਰਗ ਤੋਂ ਭਟਕਾਉਂਦੀਆਂ ਹਨ। ਪੰਜ ਚੰਡਾਲ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਜੋ ਕਿ ਮਨੁੱਖ ਦੀ ਦੇਹੀ ਵਿੱਚ ਹੀ ਵਾਸ ਕਰਦੇ ਹਨ; ਉਹ ਮਨੁੱਖ ਦਾ ਧਿਆਨ ਪਲ-ਪਲ ਛਿਣ-ਛਿਣ ਭਟਕਾਉਣ ਵਿੱਚ ਕਿਰਿਆਸ਼ੀਲ ਰਹਿੰਦੇ ਹਨ ਅਤੇ ਆਪਣੀਆਂ ਵਾਸ਼ਨਿਕ ਵਿਕਾਰੀ ਵਿਨਾਸ਼ਕਾਰੀ ਸ਼ਕਤੀਆਂ ਦੇ ਨਾਲ ਉਸ ਦਾ ਅੰਮ੍ਰਿਤ ਲੁੱਟਦੇ ਹਨ। ਮਾਇਆ ਦੇ ਨਾਲ ਇਸ ਯੁੱਧ ਨੂੰ ਜਿੱਤਣਾ ਬੇਅੰਤ ਬਿਖਮ ਪੈਂਡੇ ਉੱਪਰ ਤੁਰਨ ਦੇ ਬਰਾਬਰ ਹੈ। ਬੰਦਗੀ ਦਾ ਸਤਿ ਮਾਰਗ ਐਸਾ ਬਿਖਮ ਮਾਰਗ ਜੋ ਕਿ ਖੰਡੇ ਦੀ ਧਾਰ ਤੋਂ ਵੀ ਤਿੱਖਾ ਅਤੇ ਵਾਲ ਨਾਲੋਂ ਵੀ ਪਤਲਾ ਹੈ।

ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ ॥
ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ ॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੪੩)

ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ ਜਿਸ ਨੋ ਨਦਰਿ ਕਰੇ ਸੋ ਪਾਏ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੦੮-੯੦੯)

ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ ਬਿਖਮੁ ਤੇਰਾ ਹੈ ਭਾਣਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੮੫-੧੧੮੬)

ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਨਾਲ ਬੇਅੰਤ ਬੈਰਾਗ ਉਪਜਦਾ ਹੈ ਉਹ ਮਾਇਆ ਦੀ ਪਰਵਾਹ ਨਹੀਂ ਕਰਦੇ ਹਨ। ਜਿਹੜੇ ਮਨੁੱਖ ਪੂਰਨ ਨਿਮਰਤਾ ਅਤੇ ਭੋਲੇਪਨ ਵਿੱਚ ਹੁੰਦੇ ਹਨ ਉਨ੍ਹਾਂ ਦਾ ਮਾਇਆ ਕੁਝ ਨਹੀਂ ਵਿਗਾੜ ਸਕਦੀ ਹੈ। ਜੋ ਮਨੁੱਖ ਆਪਣੇ ਸਤਿਗੁਰੂ ਦੇ ਚਰਨਾਂ 'ਤੇ ਆਪਣਾ ਤਨ, ਮਨ, ਧਨ ਅਰਪਣ ਕਰ ਦਿੰਦੇ ਹਨ ਅਤੇ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਬੰਦਗੀ ਵਿੱਚ ਉਤਰ ਜਾਂਦੇ ਹਨ ਉਹ ਸਹਿਜੇ ਹੀ ਮਾਇਆ ਨੂੰ ਜਿੱਤ ਲੈਂਦੇ ਹਨ। ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਹੀ ਪੂਰਨ ਬੰਦਗੀ ਦਾ ਮੂਲ ਰਹੱਸ ਹੈ। ਜੋ ਮਨੁੱਖ ਇਸ ਰਹੱਸ ਨੂੰ ਸਮਝ ਲੈਂਦੇ ਹਨ ਉਹ ਸਹਿਜੇ ਹੀ ਮਾਇਆ ਨੂੰ ਜਿੱਤ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਂਦੇ ਹਨ। ਜੋ ਮਨੁੱਖ ਪੂਰਨ ਸਮਰਪਣ ਤੋਂ ਗੁਰੇਜ਼ ਕਰਦੇ ਹਨ ਉਨ੍ਹਾਂ ਦੀ ਮਾਇਆ ਬਾਰ-ਬਾਰ ਪਰੀਖਿਆ ਲੈਂਦੀ ਹੈ। ਮਾਇਆ ਨੂੰ ਜਿੱਤੇ ਬਗੈਰ ਬੰਦਗੀ ਪੂਰਨ ਨਹੀਂ ਹੁੰਦੀ ਹੈ। ਜਦ ਮਨੁੱਖ ਦੀ ਬੰਦਗੀ ਕਰਮ ਖੰਡ ਅਤੇ ਸੱਚ ਖੰਡ ਵਿੱਚ ਅੱਪੜਦੀ ਹੈ ਤਾਂ ਅਹੰਕਾਰ ਨੂੰ ਛੱਡ ਕੇ ਬਾਕੀ ਦੇ ਚੰਡਾਲ ਸ਼ਾਂਤ ਹੋ ਜਾਂਦੇ ਹਨ। ਅਹੰਕਾਰ ਚੰਡਾਲ ਮਨੁੱਖ ਦਾ ਅਖੀਰ ਤੱਕ ਪਿੱਛਾ ਨਹੀਂ ਛੱਡਦਾ ਹੈ। ਜਦ ਮਨੁੱਖ ਦੀ ਬੰਦਗੀ ਸੱਚ ਖੰਡ ਦੀ ਅਵਸਥਾ ਵਿੱਚ ਪਹੁੰਚਦੀ ਹੈ ਤਾਂ ਇਲਾਹੀ ਰੂਹਾਨੀ ਸ਼ਕਤੀਆਂ ਦੀ ਪ੍ਰਾਪਤੀ ਹੁੰਦੀ ਹੈ। ਰਿੱਧੀਆਂ-ਸਿੱਧੀਆਂ ਆਪਣੇ ਕਰਤਬ ਦਿਖਾਉਣ ਦਾ ਯਤਨ ਕਰਦੀਆਂ ਹਨ। ਜਦ ਇਸ ਅਵਸਥਾ ਵਿੱਚ ਮਨੁੱਖ ਸਤਿਗੁਰੂ ਦੇ ਗੁਰਪ੍ਰਸਾਦਿ ਨਾਲ ਪ੍ਰਾਪਤ ਹੋਈ ਦਿੱਬ ਦ੍ਰਿਸ਼ਟੀ ਨਾਲ ਕਈ ਅਸ਼ਚਰਜ ਜਨਕ ਅਨੁਭਵ ਕਰਦਾ ਹੈ ਤਾਂ ਉਸ ਨੂੰ ਇਨ੍ਹਾਂ ਇਲਾਹੀ ਦਰਗਾਹੀ ਸ਼ਕਤੀਆਂ ਦੇ ਅਸ਼ਚਰਜ ਜਨਕ ਅਨੁਭਵ ਹੁੰਦੇ ਹਨ। ਇਸ ਅਵਸਥਾ ਵਿੱਚ ਪਹੁੰਚ ਕੇ ਬੰਦਗੀ ਦਾ ਮਾਰਗ ਖੰਡੇ ਦੀ ਧਾਰ ਬਣ ਜਾਂਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਬੰਦਗੀ ਦਾ ਮਾਰਗ ਵਾਲ ਨਾਲੋਂ ਵੀ ਪਤਲਾ ਹੋ ਜਾਂਦਾ ਹੈ। ਜਦ ਮਨੁੱਖ ਨੂੰ ਇਨ੍ਹਾਂ ਇਲਾਹੀ ਪਰਮ ਸ਼ਕਤੀਆਂ ਦੇ ਅਨੁਭਵ ਹੁੰਦੇ ਹਨ ਤਾਂ ਉਸ ਨੂੰ ਇਨ੍ਹਾਂ ਪਰਮ ਸ਼ਕਤੀਆਂ ਦਾ ਨਸ਼ਾ ਹੋਣ ਦੀ ਸੰਭਾਵਨਾ ਬਹੁਤ ਪ੍ਰਬਲ ਹੁੰਦੀ ਹੈ। ਕਈ ਮਨੁੱਖ ਇਨ੍ਹਾਂ ਪਰਮ ਸ਼ਕਤੀਆਂ ਦੇ ਨਸ਼ੇ ਵਿੱਚ ਉਲਝ ਕੇ ਅਹੰਕਾਰ ਵਿੱਚ ਆ ਜਾਂਦੇ ਹਨ ਅਤੇ ਮਾਇਆ ਨੂੰ ਜਿੱਤਣ ਵਿੱਚ ਅਸਮਰਥ ਹੋ ਜਾਂਦੇ ਹਨ। ਇਲਾਹੀ ਪਰਮ ਸ਼ਕਤੀਆਂ ਦੇ ਨਸ਼ੇ ਵਿੱਚ ਅਹੰਕਾਰ ਵਿੱਚ ਆ ਕੇ ਆਪਣੇ ਸਤਿਗੁਰੂ ਦੇ ਉਪਦੇਸ਼ ਨੂੰ ਵਿਸਾਰ ਦਿੰਦੇ ਹਨ। ਇਹ ਸਮਝਣ ਦੀ ਗਲਤੀ ਕਰ ਬੈਠਦੇ ਹਨ ਕਿ ਉਨ੍ਹਾਂ ਨੇ ਸਭ ਕੁਝ ਹਾਸਿਲ ਕਰ ਲਿਆ ਹੈ ਅਤੇ ਹੁਣ ਉਨ੍ਹਾਂ ਨੂੰ ਸਤਿਗੁਰੂ ਦੀ ਲੋੜ ਨਹੀਂ ਹੈ। ਆਪਣੇ ਸਤਿਗੁਰੂ ਦੀ ਸਮਰੱਥਾ ਦੀ ਮਹਿਮਾ ਨੂੰ ਆਪਣੇ ਨਾਲੋਂ ਛੋਟਾ ਅਤੇ ਨੀਵਾਂ ਸਮਝਣ ਦਾ ਸੰਗੀਨ ਗੁਨਾਹ ਕਰ ਬੈਠਦੇ ਹਨ। ਆਪਣੇ

ਅਹੰਕਾਰ ਵੱਸ ਇਸ ਮਹਾ ਅਗਿਆਨਤਾ ਦੇ ਕਾਰਨ ਆਪਣੇ ਹੀ ਪੂਰਨ ਸਮਰੱਥ ਸਤਿਗੁਰੂ ਨੂੰ ਆਪਣੇ ਨਾਲੋਂ ਛੋਟਾ ਸਮਝਣ ਦਾ ਗੁਨਾਹ ਕਰ ਬੈਠਦੇ ਹਨ। ਭਾਵ ਆਪਣੇ ਹੀ ਪੂਰਨ ਸਮਰੱਥ ਸਤਿਗੁਰੂ ਤੋਂ ਬੇਮੁਖ ਹੋਣ ਦਾ ਬਹੁਤ ਵੱਡਾ ਗੁਨਾਹ ਕਰ ਬੈਠਦੇ ਹਨ। ਆਪਣੀ ਬੰਦਗੀ ਦੇ ਆਖਰੀ ਪੜਾਉ ਵਿੱਚ ਪਹੁੰਚ ਕੇ ਖੰਡੇ ਦੀ ਧਾਰ ਉੱਪਰ ਚਲਣਾ ਸ਼ੁਰੂ ਕਰਦੇ ਹੀ ਅਹੰਕਾਰ ਕਾਰਨ ਮੂੰਹ ਦੇ ਭਾਰ ਗਿਰ ਕੇ ਆਪਣਾ ਸਭ ਕੁਝ ਨਸ਼ਟ ਕਰ ਦਿੰਦੇ ਹਨ। ਆਪਣੀ ਬੰਦਗੀ ਦੇ ਆਖਰੀ ਪੜਾਉ ਵਿੱਚ ਪਹੁੰਚ ਕੇ ਵਾਲ ਨਾਲੋਂ ਵੀ ਪਤਲੇ ਮਾਰਗ ਉੱਪਰ ਚਲਣਾ ਸ਼ੁਰੂ ਕਰਦੇ ਹੀ ਅਹੰਕਾਰ ਵੱਸ ਆ ਕੇ ਪੁੱਠੇ ਹੋ ਕੇ ਗਿਰਦੇ ਹਨ ਅਤੇ ਆਪਣੇ ਹੀ ਸਮਰੱਥ ਸਤਿਗੁਰੂ ਤੋਂ ਬੇਮੁਖ ਹੋ ਕੇ ਸਭ ਕੁਝ ਗੁਆ ਬੈਠਦੇ ਹਨ। ਬੰਦਗੀ ਦੇ ਮਾਰਗ ਉੱਪਰ ਇਸ ਅਵਸਥਾ ਵਿੱਚ ਸਤਿਗੁਰੂ ਦੀ ਬਾਂਹ ਫੜੀ ਰੱਖਣ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਬੰਦਗੀ ਦੇ ਇਸ ਆਖਰੀ ਪੜਾਉ ਵਿੱਚ ਪਹੁੰਚ ਕੇ ਕੇਵਲ ਸਤਿਗੁਰੂ ਦੀ ਬਾਂਹ ਨੂੰ ਫੜ ਕੇ ਹੀ ਖੰਡੇ ਦੀ ਧਾਰ ਅਤੇ ਵਾਲ ਨਾਲੋਂ ਵੀ ਪਤਲੇ ਮਾਰਗ ਉੱਪਰ ਤੁਰਿਆ ਜਾ ਸਕਦਾ ਹੈ ਅਤੇ ਮਾਇਆ ਨੂੰ ਜਿੱਤਿਆ ਜਾ ਸਕਦਾ ਹੈ। ਸਤਿਗੁਰੂ ਦੀ ਕਿਰਪਾ ਤੋਂ ਬਗੈਰ ਮਾਇਆ ਨੂੰ ਨਹੀਂ ਜਿੱਤਿਆ ਜਾ ਸਕਦਾ ਹੈ। ਇਸ ਲਈ ਬੰਦਗੀ ਦੀ ਇਸ ਅਵਸਥਾ ਵਿੱਚ ਪਹੁੰਚ ਕੇ ਡੂੰਘੀ ਨਿਮਰਤਾ ਵਿੱਚ ਰਹਿਣਾ ਬੇਅੰਤ ਜ਼ਰੂਰੀ ਹੈ। ਬੰਦਗੀ ਦੀ ਇਸ ਅਵਸਥਾ ਵਿੱਚ ਹਿਰਦੇ ਦੀ ਗਰੀਬੀ ਹੋਰ ਗਹਿਰੀ ਹੋਣੀ ਚਾਹੀਦੀ ਹੈ। ਬੰਦਗੀ ਦੀ ਇਸ ਅਵਸਥਾ ਵਿੱਚ ਸਤਿਗੁਰੂ ਦੇ ਸਤਿ ਚਰਨਾਂ ’ਤੇ ਪੂਰਨ ਸਮਰਪਣ ਕਰਨ ਨਾਲ ਹੀ ਖੰਡੇ ਦੀ ਧਾਰ ਅਤੇ ਵਾਲ ਨਾਲੋਂ ਵੀ ਪਤਲੇ ਮਾਰਗ ਉੱਪਰ ਤੁਰਿਆ ਜਾ ਸਕਦਾ ਹੈ ਅਤੇ ਮਾਇਆ ਨੂੰ ਜਿੱਤਿਆ ਜਾ ਸਕਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਸਭ ਕੁਝ ਜਿੱਤ ਕੇ ਵੀ ਆਪਣੇ ਆਪ ਨੂੰ ਸਤਿਗੁਰੂ ਦੇ ਸਤਿ ਚਰਨਾਂ ਵਿੱਚ ਹਾਰਨ ਨਾਲ ਹੀ ਮਾਇਆ ਨੂੰ ਜਿੱਤਿਆ ਜਾਂਦਾ ਹੈ। ਸਤਿਗੁਰੂ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਚਰਨ-ਸ਼ਰਨ ਵਿੱਚ ਰਹਿ ਕੇ ਹੀ ਮਾਇਆ ਨੂੰ ਜਿੱਤਿਆ ਜਾ ਸਕਦਾ ਹੈ।

ਕਹਤ ਕਬੀਰੁ ਜੀਤਿ ਕੈ ਹਾਰਿ ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥੫॥੧॥੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੫੯)

ਅਕਾਲ ਪੁਰਖ ਦੀ ਸਦਾ ਸੁਹਾਗਣ ਕੇਵਲ ਅਕਾਲ ਪੁਰਖ ਵਰਗੀ ਹੀ ਹੋ ਸਕਦੀ ਹੈ। ਇਸ ਲਈ ਜਿਸ ਸੁਹਾਗਣ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਤੁੱਠਦਾ ਹੈ ਉਸ ਨੂੰ ਚੰਗੀ ਤਰ੍ਹਾਂ ਨਾਲ ਸੁਆਰਦਾ ਹੈ ਅਤੇ ਇੱਕ ਪਰਮ ਪੂਰਨ ਸ਼ੁੱਧ ਹੀਰੇ ਵਾਂਗ ਤਰਾਸ਼ਦਾ ਹੈ। ਇੱਕ ਐਸਾ ਪੂਰਨ ਸਚਿਆਰੇ ਹਿਰਦੇ ਦਾ ਨਿਰਮਾਣ ਕਰਦਾ ਹੈ ਜਿਸ ਦੇ ਵਿੱਚ ਸਾਰੇ ਬ੍ਰਹਿਮੰਡਾਂ ਦੇ ਸਮਾਉਣ ਦੀ ਸ਼ੱਮਤਾ ਆ ਜਾਏ, ਤਾਂ ਐਸੀ ਸੁਹਾਗਣ ਨੂੰ ਸਦਾ ਸੁਹਾਗਣ ਬਣਾਉਂਦਾ ਹੈ। ਸੁਹਾਗਣਾਂ ਤਾਂ ਬਹੁਤ ਬਣਦੀਆਂ ਹਨ ਪਰੰਤੂ ਸਦਾ ਸੁਹਾਗ ਦੀ ਪ੍ਰਾਪਤੀ ਕੋਈ ਵਿਰਲਾ ਹੀ ਕਰਦਾ ਹੈ। ਜੋ ਸੁਹਾਗਣ ਖੰਡੇ ਦੀ ਧਾਰ ਉੱਪਰ ਚਲ ਕੇ ਮਾਇਆ ਦੀਆਂ ਸਾਰੀਆਂ ਪਰੀਖਿਆਵਾਂ ਵਿੱਚ ਸਫ਼ਲ ਹੁੰਦੀ ਹੈ ਕੇਵਲ ਉਹ ਸੁਹਾਗਣ ਸਦਾ ਸੁਹਾਗਣ ਬਣਦੀ ਹੈ। ਸਦਾ ਸੁਹਾਗ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕੇਵਲ ਉਸ ਸੁਹਾਗਣ ਨੂੰ ਹੁੰਦੀ ਹੈ ਜੋ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਸਤਿ ਦੀ ਕਸੌਟੀ ਤੇ ਖਰਾ ਉਤਰਦਾ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੮-੧੧੯)

ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੩-੧੦੩੪)

ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੯੨)

ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੪੫)

ਇਸ ਲਈ ਪੂਰਨ ਬੰਦਗੀ ਲਈ ਇਸ ਪਰਮ ਸਤਿ ਤੱਤ ਨੂੰ ਸਮਝਣ ਅਤੇ ਇਸ ਉੱਪਰ ਪੂਰਾ-ਪੂਰਾ ਅਮਲ ਕਰਨਾ ਬੇਅੰਤ ਜ਼ਰੂਰੀ ਹੈ ਕਿ: ਮਨੁੱਖ ਮਾਇਆ ਨੂੰ ਕੇਵਲ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਨ ਨਾਲ ਹੀ ਜਿੱਤ ਸਕਦਾ ਹੈ ਅਤੇ ਸਦਾ ਸੁਹਾਗ ਦਾ ਗੁਰਪ੍ਰਸਾਦਿ ਪ੍ਰਾਪਤ ਕਰ ਸਕਦਾ ਹੈ।

■

ਅਨੰਦੁ ਸਾਹਿਬ-ਪਉੜੀ ੧੫

ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ ॥
ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ ॥
ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ ॥
ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ ॥
ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ ॥੧੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੯)

ਧੰਨ ਧੰਨ ਸਤਿਗੁਰੂ ਅਵਤਾਰ ਅਮਰਦਾਸ ਸੱਚੇ ਪਾਤਸ਼ਾਹ ਜੀ ਨੇ ਇਸ ਪਰਮ ਸ਼ਕਤੀਸ਼ਾਲੀ ਸਲੋਕ ਵਿੱਚ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਇਲਾਹੀ ਦਰਗਾਹੀ ਹੁਕਮ ਦੀ ਮਹਿਮਾ ਪ੍ਰਗਟ ਕੀਤੀ ਹੈ।

ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਹੁਕਮ ਅਟੱਲ ਸਤਿ ਹੈ। ਸਾਰੀ ਸ੍ਰਿਸ਼ਟੀ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪਰਮ ਸ਼ਕਤੀਸ਼ਾਲੀ ਹੁਕਮ ਵਿੱਚ ਬਣਦੀ ਹੈ, ਪਰਿਵਰਤਨਸ਼ੀਲ ਹੈ, ਵਿਚਰਦੀ ਹੈ, ਸੰਘਾਰੀ ਜਾਂਦੀ ਹੈ ਅਤੇ ਆਪਣੇ ਅੰਤ ਨੂੰ ਪ੍ਰਾਪਤ ਹੁੰਦੀ ਹੈ। ਸਾਰੇ ਖੰਡ ਬ੍ਰਹਿਮੰਡ, ਪਵਨ, ਪਾਣੀ, ਬੈਸੰਤਰ, ੮੪ ਲੱਖ ਮੇਦਨੀ ਸਤਿ ਪਾਰਬ੍ਰਹਮ ਦੇ ਹੁਕਮ ਵਿੱਚ ਚਲਦੀ ਹੈ। ਦਰਗਾਹੀ ਹੁਕਮ ਦੀ ਪਰਮ ਸ਼ਕਤੀ ਹੀ ਸਾਰੀ ਸ੍ਰਿਸ਼ਟੀ ਦੀ ਸਿਰਜਣਾ, ਸੰਚਾਲਨ ਅਤੇ ਸੰਘਾਰ ਕਰਦੀ ਹੈ। ਦਰਗਾਹੀ ਇਲਾਹੀ ਹੁਕਮ ਕੇਵਲ ਦਰਗਾਹੀ ਕਾਨੂੰਨ ਹਨ ਜੋ ਕਿ ਅਕਾਲ ਪੁਰਖ ਨੇ ਸਿਰਜੇ ਹਨ। ਇਹ ਇਲਾਹੀ ਦਰਗਾਹੀ ਨਿਯਮ ਹਨ ਜੋ ਅਕਾਲ ਪੁਰਖ ਨੇ ਸਾਰੀ ਸਿਰਜਣਾ ਦੇ ਸੰਚਾਲਨ ਕਰਨ ਲਈ ਹੀ ਸਿਰਜੇ ਹਨ। ਸਾਰੀ ਗੁਰਮਤਿ ਕੇਵਲ ਇਹ ਇਲਾਹੀ ਦਰਗਾਹੀ ਨਿਯਮ ਹੀ ਵਖਾਣ ਕਰਦੀ ਹੈ। ਸਾਰੀ ਗੁਰਬਾਣੀ ਕੇਵਲ ਇਹ ਦਰਗਾਹੀ ਇਲਾਹੀ ਨਿਯਮ ਹੀ ਵਖਾਣ ਕਰਦੀ ਹੈ। ਇਸ ਲਈ ਪਰਮ ਸ਼ਕਤੀਸ਼ਾਲੀ ਬਾਣੀ ਵਿੱਚ ਇਨ੍ਹਾਂ ਮਹਾਨ ਅਤੇ ਪਰਮ ਸ਼ਕਤੀਸ਼ਾਲੀ ਦਰਗਾਹੀ ਕਾਨੂੰਨਾਂ ਦੀ ਮਹਿਮਾ ਦਾ ਵਖਾਣ ਕੀਤਾ ਗਿਆ ਹੈ। ਸਾਰੀ ਸ੍ਰਿਸ਼ਟੀ ਦੀ ਰਚਨਾ ਇਨ੍ਹਾਂ ਦਰਗਾਹੀ ਇਲਾਹੀ ਨਿਯਮਾਂ ਦੇ ਅਨੁਸਾਰ ਹੀ ਹੋਈ ਹੈ, ਹੁੰਦੀ ਹੈ, ਹੋ ਰਹੀ ਹੈ ਅਤੇ ਹੁੰਦੀ ਰਹੇਗੀ। ਕੇਵਲ ਇਤਨਾ ਹੀ ਨਹੀਂ ਕਿ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਇਨ੍ਹਾਂ ਦਰਗਾਹੀ ਨਿਯਮਾਂ ਅਨੁਸਾਰ ਹੀ ਹੋਈ ਹੈ, ਹੁੰਦੀ ਹੈ, ਹੋ ਰਹੀ ਹੈ ਅਤੇ ਹੁੰਦੀ ਰਹੇਗੀ, ਬਲਕਿ ਇਸ ਸਾਰੀ ਸਿਰਜਣਾ ਦਾ ਪਾਲਣ, ਸੰਚਾਲਨ ਅਤੇ ਸੰਘਾਰ ਵੀ ਇਨ੍ਹਾਂ ਦਰਗਾਹੀ ਨਿਯਮਾਂ ਅਨੁਸਾਰ ਹੀ ਹੋਇਆ ਹੈ, ਹੋ ਰਿਹਾ ਹੈ ਅਤੇ ਹੁੰਦਾ ਰਹੇਗਾ।

ਹੁਕਮ ਦਾ ਸਿਰਜਣਹਾਰਾ, ਵਿਧਾਤਾ, ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਹੈ ਅਤੇ ਹੁਕਮ ਹੈ ਵਿਧਾਤਾ ਦਾ ਸਿਰਜਿਆ ਗਿਆ ਇਹ "ਵਿਧਾਨ"। ਜਿਸ ਸਮੇਂ (ਸ੍ਰਿਸ਼ਟੀ ਦੇ ਆਦਿ) ਅਕਾਲ ਪੁਰਖ, ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ, ਵਿਧਾਤਾ ਨੇ ਸ੍ਰਿਸ਼ਟੀ ਦੀ ਸਿਰਜਣਾ ਕੀਤੀ ਤਾਂ ਠੀਕ ਉਸੇ ਸਮੇਂ ਹੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਇਨ੍ਹਾਂ ਦਰਗਾਹੀ ਵਿਧਾਨਾਂ ਦੀ ਵੀ ਸਿਰਜਣਾ ਕੀਤੀ; ਜਿਸ ਅਨੁਸਾਰ ਸ੍ਰਿਸ਼ਟੀ ਦੀ ਉਤਪਤੀ, ਪਾਲਣਾ ਅਤੇ ਸੰਘਾਰ ਹੋਇਆ, ਹੋ ਰਿਹਾ ਹੈ ਅਤੇ ਹੁੰਦਾ ਰਹੇਗਾ। ਇਸ ਦਾ ਭਾਵ ਇਹ ਹੈ ਕਿ ਜਿਸ ਸਮੇਂ ਸ੍ਰਿਸ਼ਟੀ ਦੀ ਸਿਰਜਣਾ ਹੋਈ ਤਾਂ ਠੀਕ ਉਸੇ ਸਮੇਂ ਹੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਸ੍ਰਿਸ਼ਟੀ ਦੀ ਉਤਪਤੀ, ਪਾਲਣਾ, ਸੰਘਾਰ ਨੂੰ ਇਨ੍ਹਾਂ ਦਰਗਾਹੀ ਵਿਧਾਨਾਂ ਅਨੁਸਾਰ ਸੰਚਾਲਨ ਕਰਨ ਦਾ ਹੁਕਮ ਵੀ ਦਰਗਾਹ ਵਿੱਚ ਲਿਖ ਦਿੱਤਾ। ਜਿਵੇਂ ਕਿ ਇੱਕ ਦੇਸ਼, ਪ੍ਰਾਂਤ ਜਾਂ ਨਗਰ ਦੇ ਸੰਚਾਲਨ ਲਈ ਉੱਥੋਂ ਦੀ ਸਰਕਾਰ ਨਿਯਮ ਅਤੇ ਕਾਨੂੰਨ ਬਣਾਉਂਦੀ ਹੈ ਜਿਸ ਨੂੰ ਸੰਵਿਧਾਨ ਕਿਹਾ ਜਾਂਦਾ ਹੈ ਅਤੇ ਇਸ ਸੰਵਿਧਾਨ ਵਿੱਚ ਦਰਜ ਨਿਯਮਾਂ ਅਤੇ ਕਾਨੂੰਨਾਂ ਅਨੁਸਾਰ ਸ਼ਾਸਨ ਕਰਦੀ ਹੈ, ਠੀਕ ਉਸੇ ਤਰ੍ਹਾਂ ਹੀ ਦਰਗਾਹ ਨੇ ਸਾਰੀ ਸ੍ਰਿਸ਼ਟੀ ਦੀ ਉਤਪਤੀ, ਪਾਲਣਾ ਅਤੇ ਸੰਘਾਰ ਦੇ ਸੰਚਾਲਨ ਲਈ ਇਨ੍ਹਾਂ ਦਰਗਾਹੀ ਕਾਨੂੰਨਾਂ ਅਤੇ ਨਿਯਮਾਂ ਦੀ ਸਿਰਜਣਾ ਕੀਤੀ ਹੈ। ਦਰਗਾਹ ਦੇ ਇਸ ਸੰਵਿਧਾਨ ਨੂੰ **"ਵਿਧੀ ਦਾ ਵਿਧਾਨ"** ਵੀ ਕਿਹਾ ਜਾਂਦਾ ਹੈ। ਇਸ ਲਈ ਸਾਰੀ ਸ੍ਰਿਸ਼ਟੀ ਦੀ ਉਤਪਤੀ, ਪਾਲਣਾ ਅਤੇ ਸੰਘਾਰ ਇਨ੍ਹਾਂ ਦਰਗਾਹੀ ਨਿਯਮਾਂ ਅਤੇ ਕਾਨੂੰਨਾਂ ਅਨੁਸਾਰ ਆਦਿ ਜੁਗਾਦਿ ਤੋਂ ਹੋ ਰਿਹਾ ਹੈ ਅਤੇ ਆਉਣ ਵਾਲੇ ਸਾਰੇ ਯੁਗਾਂ ਵਿੱਚ ਵੀ ਹੁੰਦਾ ਰਹੇਗਾ। ਜਿਵੇਂ ਅਕਾਲ ਪੁਰਖ ਆਪ **"ਆਦਿ ਸਚੁ ਜੁਗਾਦਿ ਸਚੁ॥ ਹੈ ਵੀ ਸਚੁ ਨਾਨਕ ਹੋਸੀ ਵੀ ਸਚੁ॥"** ਹੈ ਠੀਕ ਉਸੇ ਤਰ੍ਹਾਂ ਉਸ ਦੇ ਬਣਾਏ ਗਏ ਇਹ ਦਰਗਾਹੀ ਵਿਧਾਨ ਅਤੇ ਕਾਨੂੰਨ ਵੀ **"ਆਦਿ ਸਚੁ ਜੁਗਾਦਿ ਸਚੁ॥ ਹੈ ਵੀ ਸਚੁ ਨਾਨਕ ਹੋਸੀ ਵੀ ਸਚੁ॥"** ਹਨ।

ਜਿਵੇਂ ਅਕਾਲ ਪੁਰਖ ਆਪ ਅਨੰਤ ਹੈ ਬੇਅੰਤ ਹੈ ਅਤੇ ਸਰਬ ਕਲਾ ਭਰਪੂਰ ਹੈ ਠੀਕ ਉਸੇ ਤਰ੍ਹਾਂ ਉਸ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਬਣਾਇਆ "ਵਿਧਾਨ" ਵੀ ਬੇਅੰਤ ਸ਼ਕਤੀਆਂ ਦਾ ਸੋਮਾ ਹੈ। ਜਿਵੇਂ ਅਨੰਤ ਬੇਅੰਤ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕਥਾ ਅਕੱਥ ਹੈ ਠੀਕ ਉਸੇ ਤਰ੍ਹਾਂ ਉਸ ਦੇ ਇਸ ਹੁਕਮ ਦੀ ਕਥਾ ਭਾਵ ਉਸ ਦੇ ਇਸ ਵਿਧਾਨ ਦੀ ਕਥਾ ਵੀ ਕਥੀ ਨਹੀਂ ਜਾ ਸਕਦੀ ਹੈ। ਭਾਵ ਜੋ ਮਨੁੱਖ ਇਸ ਦਰਗਾਹੀ ਵਿਧਾਨ ਅਨੁਸਾਰ ਆਪਣਾ ਜੀਵਨ ਜਿਉਂਦੇ ਹਨ ਉਹ ਇਸ ਬੇਅੰਤ ਅਨੰਤ ਪਰਮ ਸ਼ਕਤੀ ਵਿੱਚ ਅਭੇਦ ਹੋ ਕੇ ਬੇਅੰਤ ਹੋ ਜਾਂਦੇ ਹਨ ਅਤੇ ਇਸ ਪਰਮ ਸ਼ਕਤੀ ਦਾ ਸੋਮਾ ਬਣ ਜਾਂਦੇ ਹਨ। ਐਸੇ ਮਹਾਂਪੁਰਖ ਜਿੱਥੇ ਬੈਠਦੇ ਹਨ ਅਤੇ ਪੂਰਨ ਸਤਿ ਵਰਤਾਉਂਦੇ ਹਨ; ਉਸ ਸਥਾਨ 'ਤੇ ਦਰਗਾਹ ਪ੍ਰਗਟ ਹੁੰਦੀ ਹੈ। ਐਸੇ ਮਹਾਂਪੁਰਖਾਂ ਦੀ ਸੰਗਤ ਵਿੱਚ ਇਹ ਦਰਗਾਹੀ ਵਿਧਾਨ ਵਰਤਦਾ ਹੈ ਅਤੇ ਸੁਹਾਗਣਾਂ ਅਤੇ ਸਦਾ ਸੁਹਾਗਣਾਂ ਦਾ ਜਨਮ ਹੁੰਦਾ ਹੈ। ਇਹ ਦਰਗਾਹੀ ਕਾਨੂੰਨ ਅਤੇ ਵਿਧਾਨ ਜਿਸ ਨੂੰ ਵਿਧੀ ਦਾ ਵਿਧਾਨ ਕਿਹਾ ਗਿਆ ਹੈ, ਹੀ ਗੁਰਮਤਿ ਹੈ। ਗੁਰਬਾਣੀ ਇਸ ਵਿਧਾਨ ਦਾ ਹੀ ਵਖਾਣ ਕਰਦੀ ਹੈ। ਸਾਰੀ ਗੁਰਬਾਣੀ ਹੀ ਗੁਰਮਤਿ ਹੈ। ਸਾਰੀ ਗੁਰਬਾਣੀ ਹੀ ਇਸ ਵਿਧਾਨ ਦੀ ਮਹਿਮਾ ਹੈ। ਅਵਤਾਰ, ਸਤਿਗੁਰ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਪੂਰਨ ਖ਼ਾਲਸਾ ਇਸ ਵਿਧਾਨ ਦੇ ਅਨੁਸਾਰ ਆਪਣਾ ਜੀਵਨ ਜਿਉਂਦੇ ਹਨ ਅਤੇ ਸਾਰੀ ਲੁਕਾਈ ਨੂੰ ਇਸ ਦਰਗਾਹੀ ਵਿਧਾਨ ਦਾ ਮਾਰਗ ਦਰਸ਼ਨ ਕਰਦੇ ਹਨ ਅਤੇ ਇਸ ਮਹਾਨ ਪਰਮ ਸ਼ਕਤੀਸ਼ਾਲੀ ਵਿਧਾਨ ਉੱਪਰ ਚਲਣ ਲਈ ਗੁਰਕਿਰਪਾ ਅਤੇ

ਗੁਰਪ੍ਰਸਾਦਿ ਦੀਆਂ ਪਰਮ ਸ਼ਕਤੀਆਂ ਦੀਆਂ ਬਖ਼ਸ਼ਿਸ਼ਾਂ ਦਿੰਦੇ ਹਨ। ਸਤਿਗੁਰ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਪੂਰਨ ਖ਼ਾਲਸਾ ਇਸ ਵਿਧਾਨ ਦੇ ਰਖਵਾਲੇ ਅਤੇ ਵਰਤਾਉਣਹਾਰੇ ਹੁੰਦੇ ਹਨ ਅਤੇ ਉਹ ਇਸ ਪਰਮ ਸ਼ਕਤੀਸ਼ਾਲੀ ਵਿਧਾਨ ਦੇ ਅੰਮ੍ਰਿਤ ਨੂੰ ਸਾਰੀ ਲੁਕਾਈ ਨੂੰ ਵਰਤਾਉਂਦੇ ਹਨ। ਦਰਗਾਹੀ ਅਵਤਾਰਾਂ, ਸਤਿਗੁਰੂ ਪਾਤਸ਼ਾਹੀਆਂ, ਪੂਰਨ ਬ੍ਰਹਮ ਗਿਆਨੀਆਂ, ਪੂਰਨ ਸੰਤਾਂ ਅਤੇ ਪੂਰਨ ਖ਼ਾਲਸਿਆਂ ਨੇ ਇਸ ਪਰਮ ਸ਼ਕਤੀਸ਼ਾਲੀ ਦਰਗਾਹੀ ਵਿਧਾਨ ਦੀ ਕਮਾਈ ਕਰ ਕੇ ਇਸ ਬੇਅੰਤ ਸ਼ਕਤੀ ਨੂੰ ਗੁਰਬਾਣੀ ਦੇ ਰੂਪ ਵਿੱਚ ਸਾਡੀ ਸਾਰੀ ਲੁਕਾਈ ਦੀ ਝੋਲੀ ਵਿੱਚ ਪਾ ਦਿੱਤਾ ਹੈ। ਇਸ ਲਈ ਜੋ ਮਨੁੱਖ ਇਸ ਦਰਗਾਹੀ ਵਿਧਾਨ ਦੀ ਕਮਾਈ ਕਰਦੇ ਹਨ ਉਹ ਮਨੁੱਖ ਮਾਇਆ ਦੇ ਚੁੰਗਲ ਤੋਂ ਅਜ਼ਾਦ ਹੋ ਜਾਂਦੇ ਹਨ ਅਤੇ ਇਸ ਦਰਗਾਹੀ ਵਿਧਾਨ ਦੇ ਰਖਵਾਲੇ ਬਣ ਜਾਂਦੇ ਹਨ, ਇਸ ਦਰਗਾਹੀ ਵਿਧਾਨ ਦੇ ਅਧਿਕਾਰੀ ਬਣ ਜਾਂਦੇ ਹਨ, ਇਸ ਦਰਗਾਹੀ ਵਿਧਾਨ ਨੂੰ ਵਰਤਾਉਣ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਅਕਾਲ ਪੁਰਖ ਵਿੱਚ ਇੱਕ-ਮਿੱਕ ਹੋ ਜਾਂਦੇ ਹਨ ਅਤੇ ਆਪਣਾ ਮਨੁੱਖਾ ਜਨਮ ਸਫ਼ਲ ਕਰ ਕੇ ਸਾਰੇ ਜੱਗ ਦੇ ਲੋਕਾਂ ਨੂੰ ਤਾਰਦੇ ਹਨ।

ਧੰਨ ਧੰਨ ਸਤਿਗੁਰੂ ਅਵਤਾਰ ਨਿਰੰਕਾਰ ਰੂਪ ਨਾਨਕ ਪਾਤਸ਼ਾਹ ਜੀ ਨੇ ਬੇਅੰਤ ਦਿਆਲਤਾ, ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ "ਦਰਗਾਹੀ ਇਲਾਹੀ ਹੁਕਮ" ਦੇ ਪਰਮ ਸ਼ਕਤੀਸ਼ਾਲੀ ਸਤਿ ਤੱਤ ਨੂੰ ਅਤੇ ਇਸ ਪਰਮ ਸਤਿ ਤੱਤ ਦੀ ਮਹਿਮਾ ਬਾਰੇ ਪੂਰਨ ਬ੍ਰਹਮ ਗਿਆਨ ਸਭ ਤੋਂ ਪਹਿਲਾਂ ਉਚਾਰਨ ਕੀਤੀ ਗਈ "ਜਪੁ ਜੀ" ਬਾਣੀ ਦੀ ਦੂਜੀ ਪਉੜੀ ਵਿੱਚ ਪ੍ਰਗਟ ਕੀਤਾ ਹੈ:

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧)

ਇਸ ਦਰਗਾਹੀ ਵਿਧਾਨ ਵਿੱਚ ਰਹਿਣਾ ਹੀ ਅਸਲੀ ਜੀਵਨ ਹੈ। ਜੀਵਨ ਦਾ ਸਹੀ ਆਨੰਦ ਕੇਵਲ ਇਸ ਦਰਗਾਹੀ ਵਿਧਾਨ ਅਨੁਸਾਰ ਜੀਵਨ ਜੀ ਕੇ ਹੀ ਮਾਣਿਆ ਜਾ ਸਕਦਾ ਹੈ। ਸਾਡੇ ਸਾਰੇ ਜੀਵਨ ਦੇ ਸੁੱਖ-ਦੁੱਖ ਇਸ ਵਿਧਾਨ ਦੇ ਅਨੁਸਾਰ ਹੀ ਸਾਡੇ ਜੀਵਨ ਵਿੱਚ ਪ੍ਰਗਟ ਹੁੰਦੇ ਹਨ। ਕਰਮ ਦਾ ਵਿਧਾਨ ਇਸ ਦਰਗਾਹੀ ਵਿਧਾਨ ਦਾ ਹੀ ਬੇਅੰਤ ਮਹੱਤਵਪੂਰਨ ਹਿੱਸਾ ਹੈ। ਕਰਮ ਦਾ ਵਿਧਾਨ ਇੱਕ ਪਰਮ ਸ਼ਕਤੀਸ਼ਾਲੀ ਵਿਧਾਨ ਹੈ ਜੋ ਧਰਤੀ ਉੱਪਰ ਵੱਸਦੀ ੮੪ ਲੱਖ ਮੇਦਨੀ ਦੇ ਜੀਵਨ ਦਾ ਸੰਚਾਲਨ ਕਰਦਾ ਹੈ। ਕਰਮ ਦੇ ਇਸ ਵਿਧਾਨ ਦੇ ਅਨੁਸਾਰ ਹੀ ਸਾਡੇ ਸਾਰੇ ਜੀਵਨ ਦਾ ਸੰਚਾਲਨ ਹੁੰਦਾ ਹੈ। ਸਾਡਾ ਹਰ ਪਲ ਹਰ ਸੁਆਸ ਇਸ ਕਰਮ ਦੇ ਪਰਮ ਸ਼ਕਤੀਸ਼ਾਲੀ ਵਿਧਾਨ ਦੇ ਅਨੁਸਾਰ ਹੀ ਪ੍ਰਗਟ ਹੁੰਦਾ ਹੈ। ਸਾਡੇ ਭਾਗ ਇਸ ਪਰਮ ਸ਼ਕਤੀਸ਼ਾਲੀ ਵਿਧਾਨ ਦੇ ਅਨੁਸਾਰ ਹੀ ਲਿਖੇ ਜਾਂਦੇ ਹਨ ਜੋ ਭਵਿੱਖ ਵਿੱਚ ਸਾਡੇ ਜਨਮਾਂ ਦੇ ਜੀਵਨ ਵਿੱਚ ਪ੍ਰਗਟ ਹੁੰਦੇ ਹਨ। ਪਰਮ ਮਹੱਤਵਪੂਰਨ ਤੱਥ ਜੋ ਸਾਨੂੰ ਸਮਝਣ ਦੀ ਜ਼ਰੂਰਤ ਹੈ ਉਹ ਇਹ ਹੈ ਕਿ: ਸਾਡੇ ਰੋਜ਼ਾਨਾ ਜੀਵਨ ਦੇ ਸਾਰੇ ਕਰਮ; ਸਾਰੇ ਦੁੱਖ ਅਤੇ ਸੁੱਖ; ਚੰਗੇ

ਅਤੇ ਮਾੜੇ ਖਿਣ; ਖੁਸ਼ੀ ਅਤੇ ਗ਼ਮੀ; ਸੰਜੋਗ ਅਤੇ ਵਿਜੋਗ — ਮਿਲਾਪ ਅਤੇ ਵਿਛੋੜਾ; ਰਿਸ਼ਤੇ-ਨਾਤੇ; ਚੰਗੇ-ਮਾੜੇ ਸੰਸਾਰਿਕ ਸੰਬੰਧ; ਚੰਗੇ-ਮਾੜੇ ਪਰਿਵਾਰਕ ਸੰਬੰਧ; ਪਰਿਵਾਰਕ ਖੁਸ਼ੀਆਂ ਅਤੇ ਦੁੱਖ ਕਲੇਸ਼; ਧਨ-ਸੰਪਦਾ ਦੀ ਪ੍ਰਾਪਤੀ ਅਤੇ ਨਿਰਧਨਤਾ; ਅਮੀਰੀ ਅਤੇ ਗਰੀਬੀ; ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਅਤੇ ਅਭਾਵ; ਸਾਡਾ ਆਚਾਰ-ਵਿਹਾਰ; ਸਾਡੇ ਸੰਸਕਾਰ ਅਤੇ ਆਦਤਾਂ; ਮਨ ਦੀ ਬਿਰਤੀ ਦਾ ਮਾਇਆਧਾਰੀ ਹੋਣਾ - ਰਜੋ ਗੁਣੀ ਜਾਂ ਤਮੋ ਗੁਣੀ ਹੋਣਾ ਭਾਵ ਮਨੋਬਿਰਤੀ ਦਾ ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ, ਅਹੰਕਾਰ ਚੰਡਾਲ ਅਤੇ ਤ੍ਰਿਸ਼ਨਾ ਦੀ ਵਿਨਾਸ਼ਕਾਰੀ ਸ਼ਕਤੀਆਂ ਦਾ ਗ਼ੁਲਾਮ ਹੋਣਾ; ਮਨ ਦੀ ਬਿਰਤੀ ਦਾ ਸਤੋ ਗੁਣੀ ਹੋਣਾ ਭਾਵ ਮਨੋ ਬਿਰਤੀ ਦਾ ਦਇਆ, ਧਰਮ, ਸੰਤੋਖ, ਸੰਜਮ, ਵਾਲਾ ਹੋਣਾ; ਸਾਡੀ ਸੰਸਾਰਿਕ ਸਿੱਖਿਆ ਦਾ ਪੱਧਰ; ਸਾਡੀ ਰੋਜ਼ੀ-ਰੋਟੀ ਕਮਾਉਣ ਦੇ ਸਾਧਨ ਅਤੇ ਸਾਡੀ ਸਫਲਤਾ ਅਤੇ ਵਿਫਲਤਾ; ਸਾਡੀ ਬੰਦਗੀ ਅਤੇ ਸੇਵਾ; ਮਾਨ-ਅਪਮਾਨ; ਮੁੱਕਦੀ ਗੱਲ ਕਿ ਸਾਡੇ ਰੋਜ਼ਾਨਾ ਜੀਵਨ ਵਿੱਚ ਜੋ ਕੁਝ ਵੀ ਵਾਪਰਦਾ ਹੈ ਉਹ ਇਸ ਪਰਮ ਸ਼ਕਤੀਸ਼ਾਲੀ ਕਰਮ ਦੇ ਵਿਧਾਨ ਦੇ ਅਨੁਸਾਰ ਵਾਪਰਦਾ ਹੈ।

ਜੋ ਮਨੁੱਖ ਇਸ ਪਰਮ ਸ਼ਕਤੀਸ਼ਾਲੀ ਵਿਧਾਨ ਨੂੰ ਸਮਝ ਲੈਂਦੇ ਹਨ ਅਤੇ ਇਸ ਦੇ ਅੱਗੇ ਨਤਿਮਸਤਕ ਹੋ ਜਾਂਦੇ ਹਨ, ਉਹ ਮਨੁੱਖ ਆਪਣਾ ਜੀਵਨ ਇਸ ਵਿਧਾਨ ਦੇ ਅਨੁਸਾਰ ਜਿਉਂਦੇ ਹਨ ਅਤੇ ਐਸਾ ਕਰਨ ਨਾਲ ਉਹ ਆਪਣੀ ਹਸਤੀ ਨੂੰ ਮਿਟਾ ਕੇ, ਆਪਣੀ ਹਉਮੈ ਦਾ ਅੰਤ ਕਰ ਕੇ ਮਾਇਆ ਤੋਂ ਮੁਕਤੀ ਪ੍ਰਾਪਤ ਕਰ ਜੀਵਨ ਸਫ਼ਲ ਕਰ ਲੈਂਦੇ ਹਨ। ਜੋ ਮਨੁੱਖ ਇਸ ਵਿਧਾਨ ਨੂੰ ਸਮਝ ਲੈਂਦੇ ਹਨ ਉਨ੍ਹਾਂ ਨੂੰ ਮਾਇਆ ਦਾ ਖੇਲ ਸਮਝ ਆ ਜਾਂਦਾ ਹੈ। ਉਹ ਮਨੁੱਖ ਤਮੋ ਬਿਰਤੀ ਅਤੇ ਰਜੋ ਬਿਰਤੀ ਦਾ ਤਿਆਗ ਕਰ ਕੇ ਆਪਣੀ ਰੋਜ਼ਾਨਾ ਕਰਨੀ ਨੂੰ ਸਤੋ ਬਿਰਤੀ ਵਿੱਚ ਲੈ ਜਾਂਦੇ ਹਨ ਅਤੇ ਆਪਣੇ ਸਾਰੇ ਕਰਮ ਸਤਿ ਕਰਮਾਂ ਵਿੱਚ ਪਰਿਵਰਤਿਤ ਕਰ ਲੈਂਦੇ ਹਨ। ਇਸ ਤਰ੍ਹਾਂ ਦੇ ਸਤਿ ਕਰਮਾਂ ਵਾਲੇ ਜੀਵਨ ਜਿਉਂਦੇ ਹੋਏ ਸਾਡੇ ਸਤਿ ਕਰਮ ਇਕੱਤਰ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਇੱਕ ਸਮਾਂ ਐਸਾ ਆਉਂਦਾ ਹੈ ਜਦ ਸਾਡੇ ਇਤਨੇ ਕੁ ਸਤਿ ਕਰਮ ਇਕੱਤਰ ਹੋ ਜਾਂਦੇ ਹਨ ਜਿਨ੍ਹਾਂ ਨਾਲ ਅਕਾਲ ਪੁਰਖ ਦੀ ਨਦਰ ਸਾਡੇ 'ਤੇ ਪੈ ਜਾਂਦੀ ਹੈ ਅਤੇ ਇਸ ਬਖ਼ਸ਼ੀਸ਼ ਦਾ ਸਦਕਾ ਅਸੀਂ ਗੁਰ ਪ੍ਰਸਾਦਿ ਦੀ ਪ੍ਰਾਪਤੀ ਦੇ ਹੱਕਦਾਰ ਬਣ ਜਾਂਦੇ ਹਾਂ। ਗੁਰ ਪ੍ਰਸਾਦਿ ਦੀ ਪ੍ਰਾਪਤੀ ਸਾਡਾ ਜੀਵਨ ਬਦਲ ਦਿੰਦੀ ਹੈ। ਕਰਮ ਦੇ ਇਸ ਪਰਮ ਸ਼ਕਤੀਸ਼ਾਲੀ ਵਿਧਾਨ ਵਿੱਚੋਂ ਨਿਕਲ ਕੇ ਆਪਣੇ ਜੀਵਨ ਨੂੰ ਸਦਾ-ਸਦਾ ਲਈ ਪਰਮ ਆਨੰਦ ਵਿੱਚ ਪ੍ਰਗਟ ਕਰਨ ਦਾ ਕੇਵਲ ਇੱਕ ਹੀ ਵਿਧਾਨ ਹੈ ਅਤੇ ਇਹ ਵਿਧਾਨ ਹੈ ਗੁਰ ਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਨਾਮ-ਸਿਮਰਨ ਕਰਦਿਆਂ, ਨਾਮ ਦੀ ਕਮਾਈ ਕਰਦਿਆਂ, ਹਿਰਦੇ ਵਿੱਚ ਨਾਮ ਦਾ ਪ੍ਰਕਾਸ਼ ਕਰ ਕੇ, ਰੋਮ-ਰੋਮ ਵਿੱਚ ਨਾਮ ਦਾ ਪ੍ਰਕਾਸ਼ ਕਰ ਕੇ, ਮਾਇਆ ਨੂੰ ਜਿੱਤ ਕੇ, ਬੰਦਗੀ ਪੂਰਨ ਕਰਦਿਆਂ ਹੀ ਸਾਰੇ ਪਿਛਲੇ ਜਨਮ-ਜਨਮਾਂਤਰਾਂ ਦੇ ਕਰਮਾਂ ਦਾ ਲੇਖਾ-ਜੋਖਾ ਪੂਰਾ ਹੋ ਜਾਂਦਾ ਹੈ ਅਤੇ ਪਰਮ ਆਨੰਦ ਸਤਿ ਚਿੱਤ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਇਸ ਤਰ੍ਹਾਂ ਜੋ ਮਨੁੱਖ ਸਤੋ ਬਿਰਤੀ ਵਿੱਚ ਵਿਚਰਦੇ ਹਨ ਉਹ ਗੁਰ ਪ੍ਰਸਾਦਿ ਦੀ ਪ੍ਰਾਪਤੀ ਅਤੇ ਗੁਰ ਪ੍ਰਸਾਦਿ ਦੀ ਸੇਵਾ-ਸੰਭਾਲਤਾ ਕਰ ਕੇ ਕਰਮਾਂ ਦੇ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰਦੇ ਹਨ। ਜੀਵਨ ਮੁਕਤ ਮਨੁੱਖ ਦੇ ਸਾਰੇ ਕਰਮ ਫਿਰ ਸਤਿ ਕਰਮ ਹੋ ਜਾਂਦੇ ਹਨ। ਐਸੇ ਮਨੁੱਖ ਜੀਵਨ ਮੁਕਤ ਹੋ ਕੇ ਸਹੀ ਢੰਗ ਨਾਲ ਆਨੰਦਮਈ ਜੀਵਨ ਜਿਉਂਦੇ ਹਨ ਅਤੇ ਸਾਰੀ ਲੁਕਾਈ ਦਾ ਪਰਉਪਕਾਰ ਅਤੇ ਮਹਾ ਪਰਉਪਕਾਰ ਕਰਦੇ ਹਨ।

ਇੱਥੇ ਇੱਕ ਪ੍ਰਸ਼ਨ 'ਤੇ ਵਿਚਾਰ ਕਰਨਾ ਲਾਜ਼ਮੀ ਹੈ ਕਿ ਐਸੇ ਪੂਰਨ ਮਹਾਂਪੁਰਖਾਂ ਦਾ

ਜੀਵਨ ਅਤੇ ਸਾਰੇ ਕਰਮ ਕਿਵੇਂ ਹੁਕਮ ਵਿੱਚ ਚਲੇ ਜਾਂਦੇ ਹਨ ? ਇਸ ਪਰਮ ਸਤਿ ਤੱਤ ਨੂੰ, ਇਸ ਪੂਰਨ ਸਤਿ ਨੂੰ ਸਮਝ ਕੇ ਜਾਣਿਆ ਜਾ ਸਕਦਾ ਹੈ: ਮਨੁੱਖ ਦੀਆਂ ਪੰਜ ਕਰਮ ਇੰਦਰੀਆਂ ਹਨ (ਦੋ ਹੱਥ, ਦੋ ਪੈਰ ਅਤੇ ਮੁੱਖ) ਜਿਨ੍ਹਾਂ ਦਾ ਆਧਾਰ ਪੰਜ ਗਿਆਨ ਇੰਦਰੀਆਂ ਹਨ (ਨਾਸਿਕਾ, ਕੰਨ, ਅੱਖਾਂ, ਰਸਨਾ ਅਤੇ ਚਮੜੀ)। ਇਨ੍ਹਾਂ ਪੰਜ ਗਿਆਨ ਇੰਦਰੀਆਂ ਦਾ ਆਧਾਰ ਹੈ ਮਨੁੱਖ ਦਾ ਮਨ ਅਤੇ ਮਨ ਦਾ ਆਧਾਰ ਹੈ ਮਨੁੱਖ ਦੀ ਬੁੱਧੀ। ਇਸ ਦਾ ਭਾਵ ਇਹ ਹੈ ਕਿ ਜੋ ਪੰਜ ਗਿਆਨ ਇੰਦਰੀਆਂ ਅਨੁਭਵ ਕਰਦੀਆਂ ਹਨ ਉਸ ਗਿਆਨ ਦੇ ਆਧਾਰ 'ਤੇ ਮਨ ਆਪਣੀ ਬੁੱਧੀ ਅਨੁਸਾਰ ਕਰਮ ਇੰਦਰੀਆਂ ਨੂੰ ਆਦੇਸ਼ ਦਿੰਦਾ ਹੈ ਅਤੇ ਪੰਜ ਕਰਮ ਇੰਦਰੀਆਂ ਕਰਮ ਕਰਦੀਆਂ ਹਨ। ਆਪਣੀ ਬੁੱਧੀ ਨੂੰ ਮਨਮਤਿ ਕਿਹਾ ਗਿਆ ਹੈ। ਇਸ ਦਾ ਭਾਵ ਹੈ ਕਿ ਇੱਕ ਆਮ ਮਨੁੱਖ ਦੇ ਸਾਰੇ ਕਰਮ ਮਨਮਤਿ ਦੇ ਅਨੁਸਾਰ ਹੁੰਦੇ ਹਨ। ਇਹ ਮਨਮਤਿ ਮਾਇਆ ਦੀ ਗ਼ੁਲਾਮ ਹੈ। ਇਹ ਮਨਮਤਿ ਹੀ ਮਾਇਆ ਹੈ। ਇਸ ਲਈ ਸਾਡੇ ਸਾਰੇ ਕਰਮ ਮਾਇਆ ਦੇ ਪ੍ਰਭਾਵ ਹੇਠ ਹੁੰਦੇ ਹਨ।

ਅਗਲਾ ਸਤਿ ਤੱਤ ਜੋ ਕਿ ਸਮਝਣਾ ਪਰਮ ਲਾਜ਼ਮੀ ਹੈ ਉਹ ਇਹ ਹੈ ਕਿ ਮਨ ਤੋਂ ਵੀ ਉੱਪਰ ਬੈਠੀ ਹੋਈ ਹੈ ਪਰਮ ਜੋਤ ਜਿਸ ਦੀ ਹੋਂਦ ਕਾਰਨ ਹੀ ਮਨੁੱਖ ਜੱਗ ਵਿੱਚ ਜਨਮ ਲੈਂਦਾ ਹੈ। ਇਸ ਪਰਮ ਜੋਤ ਵਿੱਚ ਹੀ ਸਮਾਇਆ ਹੋਇਆ ਹੈ ਬੇਅੰਤ ਗਿਆਨ ਦਾ ਭੰਡਾਰ ਜਿਸ ਨੂੰ ਅਸੀਂ ਪੂਰਨ ਬ੍ਰਹਮ ਗਿਆਨ ਪੂਰਨ ਤੱਤ ਗਿਆਨ ਕਹਿੰਦੇ ਹਾਂ। ਇਸ ਗਿਆਨ ਦੇ ਭੰਡਾਰ ਨੂੰ ਅਸੀਂ ਗੁਰਮਤਿ ਵੀ ਕਹਿੰਦੇ ਹਾਂ ਅਤੇ ਆਤਮ ਰਸ ਅੰਮ੍ਰਿਤ ਵੀ ਕਹਿੰਦੇ ਹਾਂ। ਇਹ ਪਰਮ ਜੋਤ ਹੀ ਬੇਅੰਤ ਅਨੰਤ ਦਰਗਾਹੀ ਇਲਾਹੀ ਪਰਮ ਸ਼ਕਤੀਆਂ ਦਾ ਭੰਡਾਰ ਹੈ। ਇਹ ਪਰਮ ਜੋਤ ਹੀ ਸਾਰੇ ਦਰਗਾਹੀ ਖ਼ਜ਼ਾਨਿਆਂ ਦਾ ਬੇਅੰਤ ਭੰਡਾਰ ਹੈ। ਇਹ ਪਰਮ ਜੋਤ ਹੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪ ਹੈ ਜੋ ਸਾਡੀ ਦੇਹੀ ਵਿੱਚ ਆਪ ਬੈਠਾ ਹੋਇਆ ਹੈ। ਜਦ ਸਤੋ ਬਿਰਤੀ 'ਤੇ ਚਲਣ ਵਾਲਾ ਮਨੁੱਖ ਸਤਿ ਕਰਮ ਇਕੱਤਰ ਕਰਦੇ-ਕਰਦੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਇਸ ਮਹਾਨ ਪਰਮ ਸ਼ਕਤੀ ਦੀ ਸੇਵਾ-ਸੰਭਾਲਤਾ ਕਰਦਾ ਹੋਇਆ ਮਾਇਆ ਨੂੰ ਜਿੱਤ ਕੇ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦਾ ਗੁਰ ਪ੍ਰਸਾਦਿ ਪ੍ਰਾਪਤ ਕਰ ਕੇ ਪੂਰਨ ਬੰਦਗੀ ਦੇ ਪੜਾਅ ਪਾਰ ਕਰ ਕੇ ਦਰਗਾਹ ਪ੍ਰਵਾਨ ਚੜ੍ਹਦਾ ਹੈ ਤਾਂ ਉਸ ਨੂੰ ਅਕਾਲ ਪੁਰਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਦਰਸ਼ਨ ਹੁੰਦੇ ਹਨ ਅਤੇ ਉਹ ਅਕਾਲ ਪੁਰਖ ਵਿੱਚ ਅਭੇਦ ਹੋ ਜਾਂਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਉਸ ਨੂੰ ਗੁਰਮਤਿ ਦੀ ਪ੍ਰਾਪਤੀ ਹੁੰਦੀ ਹੈ ਭਾਵ ਪੂਰਨ ਬ੍ਰਹਮ ਗਿਆਨ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਬ੍ਰਹਮ ਗਿਆਨ ਅਤੇ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਹੋਣ ਦੇ ਨਾਲ ਹੀ ਉਸ ਦੀ ਮਨਮਤਿ ਦਾ ਅੰਤ ਹੋ ਜਾਂਦਾ ਹੈ। ਭਾਵ ਮਾਇਆ ਦੀ ਗ਼ੁਲਾਮੀ ਖ਼ਤਮ ਹੋ ਜਾਂਦੀ ਹੈ, ਮਨ ਦਾ ਅੰਤ ਹੋ ਜਾਂਦਾ ਹੈ, ਮਾਇਆ ਉਸ ਦੀ ਸੇਵਾ ਵਿੱਚ ਆ ਜਾਂਦੀ ਹੈ। ਜਦ ਐਸੀ ਕਿਰਪਾ ਅਤੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ ਤਾਂ ਪੰਜੇ ਗਿਆਨ ਇੰਦਰੀਆਂ ਗੁਰਮਤਿ ਵਿੱਚ ਆ ਜਾਂਦੀਆਂ ਹਨ। ਪੰਜੇ ਗਿਆਨ ਇੰਦਰੀਆਂ ਪੂਰਨ ਬ੍ਰਹਮ ਗਿਆਨ ਦੇ ਅਧੀਨ ਹੋ ਜਾਂਦੀਆਂ ਹਨ। ਭਾਵ ਪੰਜੇ ਗਿਆਨ ਇੰਦਰੀਆਂ ਬ੍ਰਹਮ ਦੇ ਵਿਧਾਨ ਅਧੀਨ ਆ ਜਾਂਦੀਆਂ ਹਨ, ਪੂਰਨ ਹੁਕਮ ਵਿੱਚ ਆ ਜਾਂਦੀਆਂ ਹਨ। ਇਸ ਲਈ ਪੰਜੇ ਕਰਮ ਇੰਦਰੀਆਂ ਪੂਰਨ ਹੁਕਮ ਵਿੱਚ ਆ ਜਾਂਦੀਆਂ ਹਨ। ਇਸ ਲਈ ਐਸਾ ਮਨੁੱਖ ਜੋ ਜੋ ਕਰਮ ਕਰਦਾ ਹੈ ਉਹ ਪੂਰਨ ਹੁਕਮ ਵਿੱਚ ਹੁੰਦੇ ਹਨ ਅਤੇ ਸਤਿ ਕਰਮ ਹੁੰਦੇ ਹਨ। ਐਸੇ ਮਨੁੱਖ ਦੇ ਸਾਰੇ ਕਰਮ ਸਾਰੀ ਲੁਕਾਈ ਲਈ ਪਰਉਪਕਾਰ ਅਤੇ ਮਹਾ ਪਰਉਪਕਾਰ ਨਾਲ ਭਰਪੂਰ ਹੁੰਦੇ ਹਨ।

ਜੋ ਮਨੁੱਖ ਮਾਇਆ ਦੀ ਰਜੋ ਅਤੇ ਤਮੋ ਬਿਰਤੀ ਦੇ ਗ਼ੁਲਾਮ ਬਣ ਕੇ ਜੀਵਨ ਜਿਉਂਦੇ ਹਨ ਉਹ ਜਨਮ ਜਨਮਾਂਤਰਾਂ ਤੱਕ ਜੂਨਾਂ ਵਿੱਚ ਭਟਕਦੇ ਰਹਿੰਦੇ ਹਨ। ਉਨ੍ਹਾਂ ਮਨੁੱਖਾਂ ਦੇ ਸਾਰੇ ਕਰਮ ਅਸਤਿ ਕਰਮ ਹੁੰਦੇ ਹਨ ਅਤੇ ਇਹ ਅਸਤਿ ਕਰਮ ਹੀ ਉਨ੍ਹਾਂ ਦੇ ਮਾੜੇ ਸੰਸਕਾਰ, ਦੁਰਵਿਹਾਰ, ਦੁਰਚਰਿਤ੍ਰ, ਦੁੱਖਾਂ, ਕਲੇਸ਼ਾਂ, ਕਸ਼ਟਾਂ, ਗੰਦਗੀ ਨਾਲ ਭਰਪੂਰ ਜੀਵਨ, ਨਿਰਧਨਤਾ ਅਤੇ ਗਰੀਬੀ ਦਾ ਕਾਰਨ ਬਣਦੇ ਹਨ। ਇਹ ਅਸਤਿ ਕਰਮ ਹੀ ਸਾਡੀ ਜ਼ਿੰਦਗੀ ਦੀਆਂ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣਦੇ ਹਨ। ਕਰਮ ਦੇ ਇਸ ਵਿਧਾਨ ਦੇ ਅਨੁਸਾਰ ਜੈਸਾ ਅਸੀਂ ਬੀਜਦੇ ਹਾਂ ਵੈਸਾ ਹੀ ਸਾਨੂੰ ਫਲ ਪ੍ਰਾਪਤ ਹੁੰਦਾ ਹੈ। ਭਾਵ ਜੈਸੇ ਅਸੀਂ ਕਰਮ ਕਰਾਂਗੇ ਸਾਨੂੰ ਆਉਣ ਵਾਲੇ ਸਮੇਂ ਵਿੱਚ ਵੈਸਾ ਹੀ ਜੀਵਨ ਮਿਲੇਗਾ। ਜੋ ਮਨੁੱਖ ਇਸ ਦਰਗਾਹੀ ਵਿਧਾਨ, ਜਿਸ ਨੂੰ ਹੁਕਮ ਕਿਹਾ ਗਿਆ ਹੈ, ਇਸ ਦੇ ਖ਼ਿਲਾਫ਼ ਚਲਦੇ ਹਨ ਉਹ ਮੁਖ ਚੋਟਾਂ ਖਾਂਦੇ ਹਨ।

ਇਸ ਲਈ ਇਸ ਪੂਰਨ ਬ੍ਰਹਮ ਗਿਆਨ ਨੂੰ ਸਮਝਣ ਨਾਲ ਕਿ ਸਭ ਕੁਝ ਅਕਾਲ ਪੁਰਖ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਬਣਾਏ ਗਏ ਦਰਗਾਹੀ ਵਿਧਾਨ, ਜਿਸ ਨੂੰ ਗੁਰਬਾਣੀ ਵਿੱਚ ਹੁਕਮ ਕਿਹਾ ਗਿਆ ਹੈ, ਦੇ ਅਨੁਸਾਰ ਹੁੰਦਾ ਹੈ; ਸਾਨੂੰ ਹਉਮੈ ਦੀ ਸੂਝ ਪੈ ਜਾਂਦੀ ਹੈ। ਹਉਮੈ ਨੂੰ ਗੁਰਬਾਣੀ ਵਿੱਚ ਦੀਰਘ ਮਾਨਸਿਕ ਰੋਗ ਕਿਹਾ ਗਿਆ ਹੈ। ਹਉਮੈ ਦੀ ਸੂਝ ਅਤੇ ਗਿਆਨ ਦੇ ਪ੍ਰਕਾਸ਼ ਹੋ ਜਾਣ ਨਾਲ ਅਸੀਂ ਨਿਮਰਤਾ ਵਿੱਚ ਚਲੇ ਜਾਂਦੇ ਹਾਂ। ਭਰਪੂਰ ਨਿਮਰਤਾ ਹੀ ਦਰਗਾਹ ਦੀ ਕੁੰਜੀ ਹੈ। ਹਉਮੈ ਦੀ ਮੌਤ ਹੀ ਜੀਵਨ ਮੁਕਤੀ ਹੈ। ਹਉਮੈ ਦੀ ਮੌਤ ਗੁਰੂ ਚਰਨਾਂ ਉੱਪਰ ਪੂਰਨ ਸਮਰਪਣ ਕਰਨ ਨਾਲ ਹੁੰਦੀ ਹੈ। ਪੂਰਨ ਸਮਰਪਣ ਕਰਨ ਨਾਲ ਆਪਣੀ ਹਸਤੀ ਮਿੱਟ ਜਾਂਦੀ ਹੈ ਅਤੇ ਕੇਵਲ ਪਰਮ ਜੋਤ ਰਹਿ ਜਾਂਦੀ ਹੈ ਅਤੇ ਇਹ ਪਰਮ ਜੋਤ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਸਮਾ ਜਾਂਦੀ ਹੈ।

ਅਗਲਾ ਪਰਮ ਸਤਿ ਤੱਤ ਜੋ ਮਨੁੱਖ ਲਈ ਸਮਝਣਾ ਬੇਅੰਤ ਲਾਜ਼ਮੀ ਹੈ ਉਹ ਇਹ ਹੈ ਕਿ ਸਤਿ ਪਾਰਬ੍ਰਹਮ **"ਸਰਬ ਗੁਣੀ ਨਿਧਾਨ"** ਹੈ। ਭਾਵ ਸਤਿ ਪਾਰਬ੍ਰਹਮ ਪਰਮੇਸ਼ਰ ਬੇਅੰਤ ਸਤਿ ਗੁਣਾਂ ਦਾ ਖ਼ਜ਼ਾਨਾ ਹੈ। ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਸਾਰੀਆਂ ਪਰਮ ਸ਼ਕਤੀਆਂ ਉਸ ਦੇ ਸਤਿ ਗੁਣਾਂ ਵਿੱਚ ਸਮਾਈਆਂ ਹੋਈਆਂ ਹਨ। ਜਦ ਅਸੀਂ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਬੇਅੰਤ ਪਰਮ ਸ਼ਕਤੀਆਂ ਦੀ ਮਹਿਮਾ ਦੀ ਗੱਲ ਕਰਦੇ ਹਾਂ ਤਾਂ ਇਸ ਦਾ ਭਾਵ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਗੁਣਾਂ ਦੀ ਮਹਿਮਾ ਹੀ ਹੈ। ਇਸ ਪਰਮ ਸਤਿ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੨)

ਗੋਵਿਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੩)

ਸਰਬ ਨਿਧਾਨ ਗੁਣ ਤੁਮ ਹੀ ਪਾਸਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੮੦)

ਗੋਬਿੰਦੁ ਗੁਣੀ ਨਿਧਾਨੁ ਗੁਰਮੁਖਿ ਜਾਣੀਐ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੯੯)

ਸਤਿਗੁਣਾਂ ਤੋਂ ਭਾਵ ਹੈ: ਬੇਅੰਤ ਨਿਮਰਤਾ ਨਾਲ ਭਰਪੂਰ ਹਿਰਦਾ; ਬੇਅੰਤ ਹਿਰਦੇ ਦੀ ਗਰੀਬੀ; ਬੇਅੰਤ ਸ਼ਰਧਾ ਨਾਲ ਭਰਪੂਰ ਹਿਰਦਾ, ਬੇਅੰਤ ਪ੍ਰੀਤ ਨਾਲ ਭਰਪੂਰ ਹਿਰਦਾ; ਬੇਅੰਤ

ਭਰੋਸੇ ਨਾਲ ਭਰਪੂਰ ਹਿਰਦਾ; ਬੇਅੰਤ ਦਇਆਲਤਾ ਨਾਲ ਭਰਪੂਰ ਹਿਰਦਾ; ਪਰਉਪਕਾਰੀ ਹਿਰਦਾ; ਨਿਰਭੈਤਾ ਨਾਲ ਭਰਪੂਰ ਹਿਰਦਾ; ਨਿਰਵੈਰ ਅਤੇ ਇੱਕ ਦ੍ਰਿਸ਼ਟ ਹਿਰਦਾ; ਸਤਿ ਸੰਤੋਖ ਨਾਲ ਭਰਪੂਰ ਹਿਰਦਾ; ਦੂਜਿਆਂ ਦੇ ਦੁੱਖ ਪੀਣ ਦੀ ਸ਼ੱਮਤਾ ਨਾਲ ਭਰਪੂਰ ਮਹਾ ਪਰਉਪਕਾਰੀ ਹਿਰਦਾ; ਦੂਜਿਆਂ ਦੇ ਦੁੱਖਾਂ ਕਲੇਸ਼ਾਂ ਨੂੰ ਹਰਨ ਵਾਲਾ ਮਹਾ ਪਰਉਪਕਾਰੀ ਹਿਰਦਾ · ਦੁੱਖ ਭੰਜਨ; ਦੂਜਿਆਂ ਦਾ ਜ਼ਹਿਰ ਪੀ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾਉਣ ਵਾਲਾ ਮਹਾ ਪਰਉਪਕਾਰੀ ਹਿਰਦਾ - ਦੀਨ ਦਇਆਲਾ; ਦੂਜਿਆਂ ਨੂੰ ਸਤਿ ਦਾ ਮਾਰਗ ਦਰਸ਼ਨ ਕਰਨ ਵਾਲਾ ਮਹਾ ਪਰਉਪਕਾਰੀ ਹਿਰਦਾ; ਦੂਜਿਆਂ ਨੂੰ ਜੀਅ ਦਾਨ ਦੇ ਕੇ ਬੰਦਗੀ ਕਰਵਾਉਣ ਵਾਲਾ ਮਹਾ ਪਰਉਪਕਾਰੀ ਹਿਰਦਾ - ਕਿਰਪਾ ਨਿਧਾਨ; ਦੂਜਿਆਂ ਦਾ ਜ਼ਹਿਰ ਪੀ ਕੇ ਉਨ੍ਹਾਂ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦਾ ਗੁਰਪ੍ਰਸਾਦਿ ਵਰਤਾਉਣ ਵਾਲਾ ਮਹਾ ਪਰਉਪਕਾਰੀ ਹਿਰਦਾ - ਸਤਿ ਗੁਰਪ੍ਰਸਾਦਿ; ਦੂਜਿਆਂ ਨੂੰ ਜੀਵਨ ਮੁਕਤੀ ਦੇਣ ਵਾਲਾ ਮਹਾ ਪਰਉਪਕਾਰੀ ਹਿਰਦਾ - ਸਤਿ ਗੁਰਪ੍ਰਸਾਦਿ; ਪੂਰਨ ਬ੍ਰਹਮ ਗਿਆਨ ਦਾ ਸੋਮਾ - ਸਤਿ ਗੁਰਪ੍ਰਸਾਦਿ; ਆਤਮ ਰਸ ਅੰਮ੍ਰਿਤ ਦਾ ਸੋਮਾ - ਸਤਿ ਗੁਰਪ੍ਰਸਾਦਿ; ਬੇਅੰਤ ਦਰਗਾਹੀ ਖ਼ਜ਼ਾਨਿਆਂ ਦਾ ਸੋਮਾ - ਸਤਿ ਗੁਰਪ੍ਰਸਾਦਿ; ਰਿੱਧੀਆਂ-ਸਿੱਧੀਆਂ ਦਾ ਸੋਮਾ; ਬੇਅੰਤ ਮਾਨਸਰੋਵਰ ਦਾ ਸੋਮਾ - ਸਤਿ ਗੁਰਪ੍ਰਸਾਦਿ; ਬੇਅੰਤ ਅੰਮ੍ਰਿਤ ਦਾ ਸੋਮਾ - ਸਤਿ ਗੁਰਪ੍ਰਸਾਦਿ; ਸਰਬ ਕਲਾ ਭਰਪੂਰ; ਮਿਠ ਬੋਲੜਾ; ਆਦਿ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਬੇਅੰਤ ਸਤਿ ਗੁਣਾਂ ਦੇ ਖ਼ਜ਼ਾਨੇ ਵਿੱਚੋਂ ਕੁਝ ਸਤਿ ਗੁਣ ਹਨ। ਮਨੁੱਖੀ ਜਨਮ ਵਿੱਚ ਪੂਰਨ ਬੰਦਗੀ ਨਾਲ ਨਿਵਾਜੇ ਗਏ ਸਾਰੇ ਅਵਤਾਰ, ਸਤਿਗੁਰੂ, ਸੰਤ, ਭਗਤ, ਬ੍ਰਹਮ ਗਿਆਨੀ, ਖ਼ਾਲਸੇ, ਪੀਰ ਅਤੇ ਪੈਗੰਬਰਾਂ ਨੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਗੁਣਾਂ ਦੀ ਮਹਿਮਾ ਪ੍ਰਗਟ ਕਰਨ ਦਾ ਯਤਨ ਕੀਤਾ ਹੈ, ਪਰੰਤੂ ਅੱਜ ਤੱਕ ਕਿਸੇ ਨੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਗੁਣਾਂ ਦਾ ਪੂਰਾ ਭੇਦ ਨਹੀਂ ਪਾਇਆ ਹੈ। ਇਸ ਲਈ ਜਦ ਸਤਿ ਪਾਰਬ੍ਰਹਮ ਦੇ ਸਤਿ ਗੁਣਾਂ ਦੀ ਕਥਾ ਪ੍ਰਗਟ ਕਰਨ ਦਾ ਵਿਚਾਰ ਸਾਰੇ ਅਵਤਾਰ, ਸਤਿਗੁਰੂ, ਸੰਤ, ਭਗਤ, ਬ੍ਰਹਮ ਗਿਆਨੀ, ਖ਼ਾਲਸੇ, ਪੀਰ ਅਤੇ ਪੈਗੰਬਰਾਂ ਦੇ ਹਿਰਦੇ ਵਿੱਚ ਆਇਆ ਤਾਂ ਉਹ ਸਾਰੇ ਇਨ੍ਹਾਂ ਸਤਿ ਗੁਣਾਂ ਦਾ ਪੂਰਾ ਬਿਆਨ ਨਹੀਂ ਕਰ ਸਕੇ ਅਤੇ ਇਨ੍ਹਾਂ ਸਤਿ ਗੁਣਾਂ ਨੂੰ ਬੇਅੰਤ ਕਹਿ ਦਿੱਤਾ। ਇਸ ਦਾ ਭਾਵ ਇਹ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਹਰ ਇੱਕ ਸਤਿ ਗੁਣ ਆਪਣੇ ਆਪ ਵਿੱਚ ਬੇਅੰਤ ਹੈ।

ਉਦਾਹਰਨ ਦੇ ਤੌਰ 'ਤੇ **"ਇਲਾਹੀ ਪਿਆਰ, ਪ੍ਰੀਤ, ਪ੍ਰੇਮ"** ਦੇ ਪਰਮ ਸ਼ਕਤੀਸ਼ਾਲੀ ਸਤਿ ਗੁਣ ਨੂੰ ਵਿਚਾਰਿਆ ਜਾਏ ਤਾਂ ਸਾਨੂੰ ਇਸ ਪਰਮ ਸਤਿ ਤੱਤ ਦਾ ਗਿਆਨ ਹੁੰਦਾ ਹੈ: ਸਤਿ ਹੀ ਇਲਾਹੀ ਪਿਆਰ ਦੀ ਮਾਂ ਹੈ। ਸਤਿ ਹੀ ਇਲਾਹੀ ਪਿਆਰ ਦੀ ਜਨਨੀ ਹੈ ਅਤੇ ਇਹ ਸਤਿ ਹੀ ਧੰਨ ਧੰਨ ਪਾਰ ਬ੍ਰਹਮ ਪਿਤਾ ਪਰਮੇਸ਼ਰ ਹੈ। ਇਸ ਲਈ ਸਤਿ ਪਾਰ ਬ੍ਰਹਮ ਪਿਤਾ ਪਰਮੇਸ਼ਰ ਆਪ ਇਲਾਹੀ ਪਿਆਰ ਦਾ ਹੀ ਇੱਕ ਅਤਿ ਸੁੰਦਰ ਰੂਪ ਹੈ। ਇਲਾਹੀ ਪਿਆਰ ਦੀ ਕੋਈ ਸੀਮਾ ਨਹੀਂ ਹੈ। ਇਲਾਹੀ ਪਿਆਰ ਦੀ ਗਹਿਰਾਈ ਦੀ ਕੋਈ ਸੀਮਾ ਨਹੀਂ ਹੈ। ਇਲਾਹੀ ਪਿਆਰ ਨੂੰ ਨਾਪਿਆ ਨਹੀਂ ਜਾ ਸਕਦਾ। ਇਲਾਹੀ ਪਿਆਰ ਉਹ ਇਲਾਹੀ ਵਰਦਾਨ ਹੈ ਜਿਸ ਦੀ ਮਹਿਮਾ ਕੋਈ ਬਿਆਨ ਨਹੀਂ ਕਰ ਸਕਦਾ ਹੈ। ਇਹ ਅਸੀਮ ਇਲਾਹੀ ਪਿਆਰ ਹੀ ਸ਼ਰਧਾ ਦਾ ਆਧਾਰ ਹੈ। ਇਹ ਅਸੀਮ ਇਲਾਹੀ ਪਿਆਰ ਹੀ ਭਰੋਸੇ ਦਾ ਆਧਾਰ ਹੈ। ਇਹ ਅਸੀਮ ਇਲਾਹੀ ਪਿਆਰ ਹੀ ਬੰਦਗੀ ਦਾ ਆਧਾਰ ਹੈ। ਨਿਮਰਤਾ ਅਤੇ ਦਿਆਲਤਾ ਵੀ ਇਲਾਹੀ ਪਿਆਰ ਵਿੱਚੋਂ ਹੀ ਜਨਮ ਲੈਂਦੀਆਂ ਹਨ। ਮਨ ਅਤੇ ਹਿਰਦੇ ਵਿੱਚ ਪੂਰਨ ਸ਼ਾਂਤੀ ਵੀ ਇਸ ਅਸੀਮ ਇਲਾਹੀ ਪਿਆਰ ਵਿੱਚੋਂ ਹੀ ਜਨਮ ਲੈਂਦੀ ਹੈ। ਮੁੱਕਦੀ ਗੱਲ ਸਾਰੀ ਸ੍ਰਿਸ਼ਟੀ ਦਾ ਆਧਾਰ ਹੀ ਇਹ ਅਸੀਮ ਇਲਾਹੀ

ਪਿਆਰ ਹੈ। ਸਾਰੇ ਇਲਾਹੀ ਦਰਗਾਹੀ ਵਿਧਾਨ ਦਾ ਆਧਾਰ ਵੀ ਇਹ ਅਸੀਮ ਇਲਾਹੀ ਪਿਆਰ ਹੀ ਹੈ। ਅਕਾਲ ਪੁਰਖ ਦਾ ਨਾਮ ਵੀ 'ਸਤਿਨਾਮ' ਕੇਵਲ ਇਹ ਅਸੀਮ ਇਲਾਹੀ ਪਿਆਰ ਹੀ ਹੈ। ਜੋ ਹਿਰਦਾ ਇਸ ਇਲਾਹੀ ਦਰਗਾਹੀ ਅਸੀਮ ਇਲਾਹੀ ਪਿਆਰ ਵਿੱਚ ਓਤਪੋਤ ਹੋ ਜਾਂਦਾ ਹੈ ਉਸ ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਧੰਨ ਧੰਨ ਸਤਿ ਪਾਰ ਬ੍ਰਹਮ ਪਿਤਾ ਪਰਮੇਸ਼ਰ ਆਪ ਪ੍ਰਗਟ ਹੋ ਜਾਂਦਾ ਹੈ। ਮੂਲ ਮੰਤਰ ਵਿੱਚ ਪ੍ਰਗਟ ਕੀਤੇ ਗਏ ਅਕਾਲ ਪੁਰਖ ਦੇ ਪਰਮ ਸ਼ਕਤੀਸ਼ਾਲੀ ਗੁਣਾਂ ਵਿੱਚੋਂ 'ਨਿਰਵੈਰ' ਦਾ ਭਾਵ ਵੀ ਇਹ ਅਸੀਮ ਇਲਾਹੀ ਪਿਆਰ ਹੀ ਹੈ। ਇਸ ਲਈ ਇਹ ਦਰਗਾਹੀ ਇਲਾਹੀ ਪਿਆਰ ਹੀ ਅਨੰਤ ਬੇਅੰਤ ਪਰਮ ਸ਼ਕਤੀ ਹੈ। ਜੋ ਮਨੁੱਖ ਇਸ ਅਸੀਮ ਇਲਾਹੀ ਪਿਆਰ ਨਾਲ ਭਰਪੂਰ ਹੋ ਜਾਂਦਾ ਹੈ ਉਹ ਸਤਿ ਪਾਰ ਬ੍ਰਹਮ ਪਿਤਾ ਪਰਮੇਸ਼ਰ ਦੇ ਦਰਸ਼ਨ ਕਰ ਕੇ ਇਸ ਇਲਾਹੀ ਇਸ਼ਕ ਵਿੱਚ ਆਪਣੇ ਆਪ ਨੂੰ ਕੁਰਬਾਨ ਕਰ ਕੇ ਆਪਣੀ ਹਸਤੀ ਮਿਟਾ ਕੇ ਅਕਾਲ ਪੁਰਖ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦਾ ਹੈ। ਸਾਨੂੰ ਇਸ ਪੂਰਨ ਸਤਿ ਤੱਤ ਤੱਥ ਨੂੰ ਦ੍ਰਿੜ੍ਹ ਕਰ ਲੈਣਾ ਚਾਹੀਦਾ ਹੈ ਕਿ ਸਤਿ ਪਾਰ ਬ੍ਰਹਮ ਪਿਤਾ ਪਰਮੇਸ਼ਰ ਨੇ ਸਾਨੂੰ ਇਹ ਮਨੁੱਖਾ ਜਨਮ ਦੇ ਕੇ ਇਲਾਹੀ ਪਿਆਰ ਕਰਨ ਦੀ ਇਸ ਪਰਮ ਸ਼ਕਤੀ ਨਾਲ ਪਹਿਲਾਂ ਹੀ ਨਿਵਾਜ ਦਿੱਤਾ ਹੈ। ਜ਼ਰਾ ਇੱਕ ਖਿਣ ਲਈ ਇਸ ਪੂਰਨ ਸਤਿ ਤੱਤ ਤੱਥ ਉੱਪਰ ਆਪਣਾ ਧਿਆਨ ਕੇਂਦਰਿਤ ਕਰੋ ਅਤੇ ਸੋਚੋ ਕਿ ਕੀ ਤੁਸੀਂ ਇਸ ਪਿਆਰ ਕਰਨ ਦੀ ਅਸੀਮ ਪਰਮ ਸ਼ਕਤੀ ਨੂੰ ਨਹੀਂ ਰੱਖਦੇ ਹੋ ? ਕੀ ਤੁਸੀਂ ਪਿਆਰ ਵਿੱਚ ਨਹੀਂ ਰਹਿ ਸਕਦੇ ਹੋ ? ਕੀ ਤੁਸੀਂ ਸਾਰੀ ਸ੍ਰਿਸ਼ਟੀ ਨੂੰ ਪਿਆਰ ਨਹੀਂ ਕਰ ਸਕਦੇ ਹੋ ? ਕੀ ਤੁਸੀਂ ਸਾਰੇ ਪ੍ਰਾਣੀਆਂ ਨੂੰ ਪਿਆਰ ਨਹੀਂ ਕਰ ਸਕਦੇ ਹੋ ? ਕੀ ਤੁਸੀਂ ਆਪਣੇ ਸਾਰੇ ਰਿਸ਼ਤਿਆਂ ਨੂੰ ਪਿਆਰ ਨਹੀਂ ਕਰ ਸਕਦੇ ਹੋ ? ਯਕੀਨਨ ਤੁਸੀਂ ਪਿਆਰ ਕਰਨ ਦੀ ਪਰਮ ਸ਼ਕਤੀ ਰੱਖਦੇ ਹੋ ਅਤੇ ਪਿਆਰ ਵਿੱਚ ਭਿੱਜ ਕੇ ਆਪਣੀ ਜ਼ਿੰਦਗੀ ਨੂੰ ਸਾਰਥਕ ਕਰ ਸਕਦੇ ਹੋ। ਬਿਨਾਂ ਸ਼ਰਤ ਬਿਨਾਂ ਮੰਗਾਂ ਦੇ ਪਿਆਰ ਇਲਾਹੀ ਪਿਆਰ ਹੈ। ਸ਼ਰਤਾਂ ਅਤੇ ਮੰਗਾਂ ਨਾਲ ਪਿਆਰ ਨਹੀਂ ਹੁੰਦਾ ਹੈ ਉਹ ਮੋਹ ਵਿੱਚ ਬਦਲ ਜਾਂਦਾ ਹੈ। ਨਿਸਵਾਰਥ ਭਾਵ ਨਾਲ ਕੀਤਾ ਗਿਆ ਇਲਾਹੀ ਪਿਆਰ ਹੁੰਦਾ ਹੈ। ਸਵਾਰਥ ਵਿੱਚ ਆ ਕੇ ਉਹ ਮੋਹ ਮਾਇਆ ਦੀ ਵਿਨਾਸ਼ਕਾਰੀ ਸ਼ਕਤੀ ਵਿੱਚ ਬਦਲ ਜਾਂਦਾ ਹੈ। ਇਲਾਹੀ ਪਿਆਰ ਵਿੱਚ ਤਿਆਗ ਹੈ ਅਤੇ ਇਸ ਤਿਆਗ ਦੀ ਕੋਈ ਸੀਮਾ ਨਹੀਂ ਹੈ। ਇਲਾਹੀ ਪਿਆਰ ਵਿੱਚ ਦੇਣਾ ਹੀ ਦੇਣਾ ਹੈ, ਮੰਗਣਾ ਨਹੀਂ ਹੈ ਜਿਸ ਤਰ੍ਹਾਂ ਸਤਿ ਪਾਰ ਬ੍ਰਹਮ ਪਿਤਾ ਪਰਮੇਸ਼ਰ ਕੇਵਲ ਦੇਣਾ ਹੀ ਜਾਣਦਾ ਹੈ ਅਤੇ ਸਦਾ-ਸਦਾ ਤੋਂ ਦਿੰਦਾ ਹੀ ਆ ਰਿਹਾ ਹੈ ਅਤੇ ਦਿੰਦਾ ਹੀ ਰਹਿੰਦਾ ਹੈ। ਬੰਦਗੀ ਵਿੱਚ ਕੇਵਲ ਦੇਣਾ ਹੀ ਦੇਣਾ ਹੈ। ਇਲਾਹੀ ਪਿਆਰ ਵਿੱਚ ਕੇਵਲ ਦੇਣਾ ਹੀ ਦੇਣਾ ਹੈ। ਇਲਾਹੀ ਪਿਆਰ ਵਿੱਚ ਦੇਣ ਦੀ ਵੀ ਕੋਈ ਸੀਮਾ ਨਹੀਂ ਹੈ। ਇਲਾਹੀ ਪਿਆਰ ਵਿੱਚ ਕੁਰਬਾਨੀ ਦੀ ਵੀ ਕੋਈ ਸੀਮਾ ਨਹੀਂ ਹੈ। ਇਹ ਹੈ ਕਿ ਝਲਕ ਇਲਾਹੀ ਪ੍ਰੀਤ, ਪ੍ਰੇਮ, ਪਿਆਰ ਦੇ ਸਤਿ ਗੁਣ ਦੀ ਅਤੇ ਜੋ ਪਰਮ ਸ਼ਕਤੀ ਇਸ ਵਿੱਚ ਸਮਾਈ ਹੋਈ ਹੈ।

ਨਿਰਭਉ ਹੋ ਜਾਣਾ ਵੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਪਰਮ ਸ਼ਕਤੀ ਹੈ। ਇਸ ਪਰਮ ਸ਼ਕਤੀ ਨੂੰ ਗੁਣੀ ਨਿਧਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਪਰਮ ਗੁਣ ਵੀ ਕਿਹਾ ਜਾਂਦਾ ਹੈ। "ਨਿਰਭਉ" ਦਾ ਭਾਵ ਹੈ "ਭਉ ਰਹਿਤ"। ਸਵਾਲ ਉੱਠਦਾ ਹੈ ਕਿਸ ਚੀਜ਼ ਦਾ ਭਉ ? ਕਿਉਂਕਿ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ 'ਕਰਤਾ ਪੁਰਖ' ਆਪਣੀ ਸਿਰਜੀ ਹੋਈ ਸਾਰੀ ਰਚਨਾ ਵਿੱਚ ਆਪ ਸਮਾਇਆ ਹੋਇਆ ਹੈ, ਇਸ ਲਈ ਉਸ ਨੂੰ ਕਿਸ ਦਾ ਭਉ ਹੋ ਸਕਦਾ ਹੈ। ਕਿਉਂਕਿ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਤੋਂ ਉੱਪਰ ਕੋਈ ਸ਼ਕਤੀ ਨਹੀਂ ਹੈ ਅਤੇ ਉਹ ਆਪ ਸਾਰੀਆਂ ਸ਼ਕਤੀਆਂ ਦਾ ਮਾਲਕ ਆਪ ਹੈ, ਇਸ ਲਈ ਉਹ "ਨਿਰਭਉ"

ਹੈ। ਕਿਉਂਕਿ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਤ੍ਰੈ ਗੁਣ ਮਾਇਆ ਤੋਂ ਪਰੇ ਹੈ ਅਤੇ ਉਸ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਆਪ ਕੀਤੀ ਹੈ, ਕਰ ਰਿਹਾ ਹੈ ਅਤੇ ਕਰਦਾ ਰਹੇਗਾ, ਕਿਉਂਕਿ ਉਹ ਸਾਰੀ ਰਚਨਾ ਦੀ ਸੇਵਾ ਸੰਭਾਲਤਾ ਆਪ ਕਰ ਰਿਹਾ ਹੈ, ਅਤੇ ਕਰਦਾ ਰਹੇਗਾ ਇਸ ਲਈ ਉਹ ਕਿਸੇ ਵੀ ਵਸਤੂ ਦੇ ਗੁਆਚਣ ਦਾ ਭਉ ਨਹੀਂ ਰੱਖਦਾ ਹੈ। "ਨਿਰਭਉ" ਦਾ ਭਾਵ ਹੈ ਸਾਰੇ ਬੰਧਨਾਂ ਤੋਂ ਮੁਕਤ ਹੈ। ਸਾਡੇ ਮਨੁੱਖਾ ਜੀਵਨ ਲਈ ਆਪਣੀ ਬੰਦਗੀ ਨੂੰ ਪੂਰਨ ਅਵਸਥਾ ਵਿੱਚ ਵੇਖਣ ਲਈ "ਭਉ" ਦਾ ਇਹ ਤੱਥ ਸਮਝਣਾ ਬੇਅੰਤ ਜ਼ਰੂਰੀ ਹੈ। ਕਿਉਂਕਿ ਕੇਵਲ "ਨਿਰਭਉ" ਹੀ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਵਿੱਚ ਜਾ ਸਕਦਾ ਹੈ। ਕੇਵਲ "ਨਿਰਭਉ" ਹੀ ਪੂਰਨ 'ਸਤਿ' ਵਿੱਚ ਸਮਾ ਸਕਦਾ ਹੈ। ਕੇਵਲ "ਨਿਰਭਉ" ਹੀ ਮਾਇਆ ਨੂੰ ਜਿੱਤ ਕੇ ਤ੍ਰੈ ਗੁਣ ਤੇ ਪਰੇ ਜਾ ਕੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਲੀਨ ਹੋ ਸਕਦਾ ਹੈ। ਕੇਵਲ "ਨਿਰਭਉ" ਹੀ ਪੂਰਨ ਸਤਿ ਦੀ ਸੇਵਾ ਕਰ ਸਕਦਾ ਹੈ। ਕੇਵਲ "ਨਿਰਭਉ" ਹੀ ਪੂਰਨ ਸਤਿ ਨੂੰ ਵਰਤਾ ਸਕਦਾ ਹੈ। ਇਸ ਲਈ ਮਨੁੱਖਾ ਜੀਵਨ ਨੂੰ ਅਕਾਲ ਪੁਰਖ ਵਿੱਚ ਅਭੇਦ ਹੋਣ ਲਈ "ਨਿਰਭਉ" ਅਵਸਥਾ ਦੀ ਪ੍ਰਾਪਤੀ ਕਰਨਾ ਅਤੇ ਪੂਰਨ ਬੰਦਗੀ ਲਈ ਦਰਗਾਹੀ ਹੁਕਮ ਹੈ। ਕਿਉਂਕਿ ਰਚਨਾ ਰਚਨ ਦੀ ਸ਼ਕਤੀ ਇੱਕ ਆਮ ਮਨੁੱਖ ਦੀ ਪਹੁੰਚ ਤੋਂ ਪਰੇ ਹੈ ਇਸ ਲਈ ਮਨੁੱਖੀ ਜੀਵਨ ਵਿੱਚ "ਭਉ" ਦਾ ਅਹਿਮ ਸਥਾਨ ਹੈ। ਕਿਉਂਕਿ ਸਾਰੀ ਰਚਨਾ 'ਕਰਤਾ ਪੁਰਖ' ਦੇ ਹੁਕਮ ਅਨੁਸਾਰ ਸਿਰਜੀ ਅਤੇ ਚਲਾਈ ਜਾਂਦੀ ਹੈ ਇਸ ਲਈ ਮਨੁੱਖ ਦੇ ਹੱਥ ਵੱਸ ਵਿੱਚ ਕੁਝ ਨਹੀਂ ਹੈ ਇਸ ਲਈ ਇੱਕ ਆਮ ਮਨੁੱਖ ਸਦਾ "ਭਉ" ਵਿੱਚ ਗ੍ਰਸਿਆ ਰਹਿੰਦਾ ਹੈ। ਇਸ ਲਈ ਇੱਕ ਆਮ ਮਨੁੱਖ ਨੂੰ "ਨਿਰਭਉ" ਅਵਸਥਾ ਦੀ ਪ੍ਰਾਪਤੀ ਲਈ ਇਸ "ਭਉ" ਤੱਥ ਨੂੰ ਸਮਝਣਾ ਬੇਅੰਤ ਜ਼ਰੂਰੀ ਹੈ। ਸਵਾਲ ਉੱਠਦਾ ਹੈ "ਭਉ" ਕਿਸ ਵਸਤੂ ਦਾ ? "ਭਉ" ਗੁਆਚਣ ਦਾ, "ਭਉ" ਗੁੰਮ ਹੋ ਜਾਣ ਦਾ, "ਭਉ" ਖੋਹੇ ਜਾਣ ਦਾ, "ਭਉ" ਖੁੱਸ ਜਾਣ ਦਾ। "ਭਉ" ਸੰਸਾਰਿਕ ਰਿਸ਼ਤਿਆਂ ਅਤੇ ਸੰਬੰਧਾਂ ਦੇ ਟੁੱਟ ਜਾਣ ਦਾ। "ਭਉ" ਸੰਸਾਰਿਕ ਸੰਪਤੀਆਂ ਅਤੇ ਜਇਦਾਦਾਂ ਦੇ ਖੁੱਸ ਜਾਣ ਦਾ। "ਭਉ" ਆਪਣੀ ਮੌਤ ਦਾ। "ਭਉ" ਆਪਣੇ ਸੰਸਾਰਿਕ ਰਿਸ਼ਤੇਦਾਰਾਂ ਦੇ ਚਲੇ ਜਾਣ ਦਾ। "ਭਉ" ਸਾਡੀਆਂ ਇੱਛਾਵਾਂ ਦੇ ਨਾ ਪੂਰੀਆਂ ਹੋਣ ਦਾ। "ਭਉ" ਸਾਡੇ ਕਾਰਜਾਂ ਦੇ ਪੂਰਨ ਨਾ ਹੋਣ ਦਾ। "ਭਉ" ਸ਼ਰੀਰਕ ਰੋਗਾਂ ਦੇ ਠੀਕ ਨਾ ਹੋਣ ਦਾ। "ਭਉ" ਮਾਨਸਿਕ ਰੋਗਾਂ ਦੇ ਠੀਕ ਨਾ ਹੋਣ ਦਾ। "ਭਉ" ਕੰਮਾਂ-ਕਾਰਾਂ ਵਿੱਚ ਘਾਟਿਆਂ ਦਾ। ਜ਼ਰਾ ਆਪਣੇ ਰੋਜ਼ਾਨਾ ਜੀਵਨ ਵੱਲ ਝਾਤੀ ਮਾਰੀਏ ਸਾਡਾ ਹਰ ਪੱਲ "ਭਉ" ਵਿੱਚ ਬੀਤ ਰਿਹਾ ਹੈ। ਇਸ ਲਈ ਇਹ "ਭਉ" ਦਾ ਭਾਵ ਹੈ "ਮੋਹ"। ਸਾਡਾ ਹਰ ਪਲ "ਮੋਹ" ਦੇ ਇਸ ਦੂਤ ਦੇ ਪ੍ਰਭਾਵ ਹੇਠ ਬੀਤ ਰਿਹਾ ਹੈ। ਇਸ ਲਈ "ਨਿਰਭਉ" ਹੋਣ ਦਾ ਭਾਵ ਹੈ ਮੋਹ ਦੇ ਇਸ ਦੂਤ ਤੋਂ ਮੁਕਤ ਹੋਣਾ। ਅਕਾਲ ਪੁਰਖ ਤ੍ਰੈ ਗੁਣ ਮਾਇਆ ਤੋਂ ਪਰੇ ਹੈ, ਉਹ ਮਾਇਆ ਦਾ ਰਚਣਹਾਰ ਹੈ, ਇਸ ਲਈ "ਮੋਹ" ਦੇ ਇਸ ਦੂਤ ਤੋਂ ਮੁਕਤ ਹੈ ਅਤੇ ਇਸ ਤਰ੍ਹਾਂ ਉਹ "ਭਉ" ਤੋਂ ਮੁਕਤ ਹੈ ਅਤੇ "ਨਿਰਭਉ" ਹੈ। ਠੀਕ ਇਸੇ ਤਰ੍ਹਾਂ ਹੀ ਮਨੁੱਖ ਨੂੰ ਵੀ "ਨਿਰਭਉ" ਅਵਸਥਾ ਦੀ ਪ੍ਰਾਪਤੀ ਕਰਨ ਨਾਲ ਹੀ ਮਾਇਆ ਦੇ ਇਨ੍ਹਾਂ ਬੰਧਨਾਂ ਤੋਂ ਮੁਕਤੀ ਮਿਲ ਸਕਦੀ ਹੈ, ਅਤੇ ਉਹ ਪੂਰਨ ਸਤਿ ਦੀ ਸੇਵਾ ਕਰਨ ਦੇ ਯੋਗ ਹੋ ਸਕਦਾ ਹੈ, ਪੂਰਨ ਸਤਿ ਵਰਤਾਉਣ ਦੇ ਯੋਗ ਹੋ ਸਕਦਾ ਹੈ। ਕੇਵਲ "ਨਿਰਭਉ" ਮਨੁੱਖ ਹੀ ਪਰਉਪਕਾਰ ਅਤੇ ਮਹਾ ਪਰਉਪਕਾਰ ਦੇ ਗੁਰਪ੍ਰਸਾਦਿ ਦੀ ਬਖ਼ਸ਼ਿਸ਼ ਪ੍ਰਾਪਤ ਕਰ ਸਕਦਾ ਹੈ। ਕੇਵਲ "ਨਿਰਭਉ" ਮਨੁੱਖ ਹੀ ਪੂਰਨ ਬੰਦਗੀ ਅਤੇ ਸਦਾ ਸੁਹਾਗ ਪ੍ਰਾਪਤ ਕਰ ਸਕਦਾ ਹੈ। (ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਇਸ ਪਰਮ ਸ਼ਕਤੀਸ਼ਾਲੀ ਅਤੇ ਅਮੁੱਲ ਗੁਣ ਨੂੰ ਮੂਲ ਮੰਤਰ ਵਿੱਚ ਵੀ ਵਿਚਾਰਿਆ ਗਿਆ ਹੈ)

ਨਿਰਭਉਤਾ ਦੇ ਇਸ ਪਰਮ ਗੁਣ ਨੂੰ ਸਮਝ ਕੇ ਹੁਣ ਇਹ ਸੋਚੋ ਕਿ ਕੀ ਇਸ ਪਰਮ ਗੁਣ ਦਾ ਕੋਈ ਮੁੱਲ ਪੈ ਸਕਦਾ ਹੈ ? ਇੱਕ ਮਨੁੱਖ ਦੇ ਹਿਰਦੇ ਨੂੰ ਨਿਰਭਉ ਬਣਾਉਣ ਦਾ ਕੋਈ ਮੁੱਲ ਪੈ ਸਕਦਾ ਹੈ ? ਇਸੇ ਲਈ ਇਸ ਪਰਮ ਸ਼ਕਤੀਸ਼ਾਲੀ ਗੁਣ ਨੂੰ ਅਮੁੱਲ ਕਿਹਾ ਜਾਂਦਾ ਹੈ। ਸੰਤ ਜਨ ਇਸ ਪਰਮ ਸ਼ਕਤੀਸ਼ਾਲੀ ਗੁਣ ਦਾ ਵਪਾਰ ਕਰਦੇ ਹਨ। ਜੋ ਮਨੁੱਖ ਐਸੇ ਮਹਾਂਪੁਰਖਾਂ ਨੂੰ ਆਪਣਾ ਆਪਾ ਸੰਪੂਰਨ ਤੌਰ 'ਤੇ ਸਮਰਪਣ ਕਰ ਦਿੰਦੇ ਹਨ ਉਨ੍ਹਾਂ ਮਨੁੱਖਾਂ ਨੂੰ ਐਸੇ ਮਹਾਂਪੁਰਖ ਨਿਰਭਉ ਬਣਾ ਦਿੰਦੇ ਹਨ।

'ਨਿਰਵੈਰ' ਹੋਣਾ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਅਗਲੀ ਪਰਮ ਸ਼ਕਤੀ ਹੈ। ਇਸ ਪਰਮ ਸ਼ਕਤੀ ਨੂੰ ਗੁਣੀ ਨਿਧਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਪਰਮ ਗੁਣ ਵੀ ਕਿਹਾ ਜਾਂਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ 'ਕਰਤਾ ਪੁਰਖ' ਹੈ ਅਤੇ ਸਾਰੀ ਰਚਨਾ ਵਿੱਚ ਆਪ ਸਮਾਇਆ ਹੋਇਆ ਹੈ ਅਤੇ ਸਾਰੀ ਸਿਰਜਣਾ ਦੀ ਆਪ ਸੇਵਾ-ਸੰਭਾਲਤਾ ਕਰ ਰਿਹਾ ਹੈ, ਇਸ ਲਈ ਉਸ ਨਾਲ ਕਿਸੇ ਦਾ ਵੈਰ ਨਹੀਂ ਹੈ। ਇਸ ਲਈ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ 'ਨਿਰਵੈਰ' ਹੈ। ਕਿਉਂਕਿ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ 'ਨਿਰਵੈਰ' ਹੈ ਇਸ ਲਈ ਉਹ 'ਇਕ ਦ੍ਰਿਸ਼ਟ' ਹੈ। 'ਇਕ ਦ੍ਰਿਸ਼ਟ' ਹੋਣ ਕਾਰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਸਾਰੀ ਸ੍ਰਿਸ਼ਟੀ ਨਾਲ ਇੱਕ ਸਾਰ ਪਿਆਰ ਹੈ ਅਤੇ ਉਸ ਦੇ ਦਰ 'ਤੇ ਕਿਸੇ ਨਾਲ ਵੀ ਕੋਈ ਭੇਦ-ਭਾਵ ਨਹੀਂ ਹੈ। ਉਹ ਕਿਸੇ ਦੇ ਵੀ ਅਵਗੁਣ ਨਹੀਂ ਚਿਤਾਰਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਸਰਬੱਤ ਖੰਡਾਂ, ਬ੍ਰਹਿਮੰਡਾਂ, ਲੱਖ ਚਉਰਾਸੀ ਮੇਦਨੀ ਦੇ ਨਾਲ ਵੀ ਵੈਰ ਨਹੀਂ ਹੈ। ਉਹ ਸਭ ਸ੍ਰਿਸ਼ਟੀ ਦਾ ਮਿੱਤਰ ਹੈ। ਉਹ ਸਭਨਾਂ ਦਾ ਮਾਂ-ਪਿਉ ਹੈ। ਮਹਾ ਪਰਉਪਕਾਰੀ ਹੈ ਅਤੇ ਸਭ ਦਾ ਭਲਾ ਮੰਗਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਦਰਗਾਹ ਦੇ ਦਰਵਾਜੇ ਸਾਰੀ ਸ੍ਰਿਸ਼ਟੀ (ਸਾਰੀ ਲੋਕਾਈ) ਲਈ ਸਦਾ-ਸਦਾ ਲਈ ਖੁੱਲ੍ਹੇ ਹਨ। 'ਇਕ ਦ੍ਰਿਸ਼ਟ' ਹੋਣ ਕਾਰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਬੇਅੰਤ ਦਿਆਲੂ ਹੈ, ਬੇਅੰਤ ਕਿਰਪਾਲੂ ਹੈ, ਇਸ ਕਾਰਨ ਉਹ ਬੇਅੰਤ ਬਖ਼ਸ਼ਣਹਾਰਾ ਹੈ। ਸਾਡੇ ਸਾਰੇ ਜਨਮਾਂ-ਜਨਮਾਂਤਰਾਂ ਦੇ ਬੇਅੰਤ ਗੁਨਾਹ ਬਖ਼ਸ਼ਣ ਵਿੱਚ ਇੱਕ ਖਿਣ ਵੀ ਨਹੀਂ ਲਾਉਂਦਾ ਹੈ। ਆਪਣੀ ਛੋਟੀ ਤੋਂ ਛੋਟੀ ਅਤੇ ਨੀਵੀਂ ਤੋਂ ਨੀਵੀਂ ਰਚਨਾ ਵਿੱਚ ਵੀ ਆਪ ਸਮਾਇਆ ਹੋਣ ਕਾਰਨ ਉਹ ਬੇਅੰਤ ਨਿਮਰਤਾ ਦਾ ਸੋਮਾ ਹੈ। ਬੇਅੰਤ ਨਿਮਰਤਾ ਦੀ ਇਸ ਪਰਮ ਸ਼ਕਤੀ ਦਾ ਮਾਲਕ ਹੋਣ ਕਾਰਨ ਉਸ ਦੀ ਪ੍ਰਾਪਤੀ ਦਾ ਮਾਰਗ ਅਤਿ ਹਲੀਮੀ ਦਾ ਮਾਰਗ ਹੈ। ਇਸੇ ਲਈ ਅਤਿ ਬੇਅੰਤ ਨਿਰਮਾਣਤਾ ਅਤੇ ਹਲੀਮੀ ਦਰਗਾਹ ਦੀ ਕੁੰਜੀ ਹੈ। ਇਸ ਲਈ 'ਨਿਰਵੈਰ' ਬਣਨ ਦੀ ਇਸ ਪਰਮ ਸ਼ਕਤੀ ਦੀ ਪ੍ਰਾਪਤੀ ਨਾਲ ਹੀ ਅਕਾਲ ਪੁਰਖ ਵਿੱਚ ਅਭੇਦ ਹੋਇਆ ਜਾ ਸਕਦਾ ਹੈ। 'ਨਿਰਵੈਰ' ਹੋਣ ਦੀ ਪਰਮ ਸ਼ਕਤੀ ਦੀ ਪ੍ਰਾਪਤੀ ਦਾ ਅਰਥ ਹੈ: ਇੱਕ ਦ੍ਰਿਸ਼ਟ ਹੋ ਜਾਣ ਦੀ ਪਰਮ ਸ਼ਕਤੀ ਦੀ ਪ੍ਰਾਪਤੀ; ਪਰਮ ਦਿਆਲਤਾ ਦੀ ਪਰਮ ਸ਼ਕਤੀ ਦੀ ਪ੍ਰਾਪਤੀ; ਗੁਨਾਹਗਾਰਾਂ ਨੂੰ ਬਖ਼ਸ਼ਣ ਦੀ ਪਰਮ ਸ਼ਕਤੀ ਦੀ ਪ੍ਰਾਪਤੀ; ਬੇਅੰਤ ਨਿਰਮਾਣਤਾ ਅਤੇ ਹਲੀਮੀ ਦੀ ਪਰਮ ਸ਼ਕਤੀ ਦੀ ਪ੍ਰਾਪਤੀ। 'ਨਿਰਵੈਰ' ਹੋਣ ਦਾ ਅਰਥ ਹੈ: ਇੱਕ ਦ੍ਰਿਸ਼ਟ ਹੋਣ ਦੇ ਪਰਮ ਗੁਣ ਦੀ ਪ੍ਰਾਪਤੀ; ਪਰਮ ਦਿਆਲੂ ਹੋਣ ਦੇ ਪਰਮ ਗੁਣ ਦੀ ਪ੍ਰਾਪਤੀ; ਗੁਨਾਹਗਾਰਾਂ ਨੂੰ ਬਖ਼ਸ਼ਣ ਦੇ ਪਰਮ ਗੁਣ ਦੀ ਪ੍ਰਾਪਤੀ; ਬੇਅੰਤ ਨਿਮਰਤਾ ਅਤੇ ਹਲੀਮੀ ਦੇ ਪਰਮ ਗੁਣ ਦੀ ਪ੍ਰਾਪਤੀ ਅਤੇ ਇਨ੍ਹਾਂ ਪਰਮ ਗੁਣਾਂ ਨਾਲ ਆਪਣੇ ਹਿਰਦੇ ਨੂੰ ਭਰਪੂਰ ਕਰ ਲੈਣ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ। ਸਾਡੇ ਮਨੁੱਖਾ ਜੀਵਨ ਲਈ ਆਪਣੀ ਬੰਦਗੀ ਨੂੰ ਪੂਰਨ ਅਵਸਥਾ ਵਿੱਚ ਵੇਖਣ ਲਈ 'ਨਿਰਵੈਰ' ਦਾ ਇਹ ਤੱਥ ਸਮਝਣਾ ਬੇਅੰਤ ਜ਼ਰੂਰੀ ਹੈ। ਕਿਉਂਕਿ ਕੇਵਲ 'ਨਿਰਵੈਰ' ਹੀ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਵਿੱਚ ਜਾ ਸਕਦਾ ਹੈ। ਕੇਵਲ 'ਨਿਰਵੈਰ' ਹੀ ਪੂਰਨ 'ਸਤਿ' ਵਿੱਚ ਸਮਾ ਸਕਦਾ ਹੈ। ਕੇਵਲ 'ਨਿਰਵੈਰ' ਹੀ ਮਾਇਆ

ਨੂੰ ਜਿੱਤ ਕੇ 'ਤ੍ਰੈ ਗੁਣ ਤੇ ਪਰੇ' ਜਾ ਕੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਲੀਨ ਹੋ ਸਕਦਾ ਹੈ। ਕੇਵਲ 'ਨਿਰਵੈਰ' ਹੀ ਪੂਰਨ ਸਤਿ ਦੀ ਸੇਵਾ ਕਰ ਸਕਦਾ ਹੈ। ਕੇਵਲ 'ਨਿਰਵੈਰ' ਹੀ ਪੂਰਨ ਸਤਿ ਨੂੰ ਵਰਤਾ ਸਕਦਾ ਹੈ। ਇਸ ਲਈ ਮਨੁੱਖਾ ਜੀਵਨ ਨੂੰ ਅਕਾਲ ਪੁਰਖ ਵਿੱਚ ਅਭੇਦ ਹੋਣ ਲਈ 'ਨਿਰਵੈਰ' ਅਵਸਥਾ ਦੀ ਪ੍ਰਾਪਤੀ ਕਰਨ ਅਤੇ ਪੂਰਨ ਬੰਦਗੀ ਕਰਨ ਲਈ ਦਰਗਾਹੀ ਹੁਕਮ ਹੈ। ਕੇਵਲ 'ਨਿਰਵੈਰ' ਮਨੁੱਖ ਹੀ ਪਰਉਪਕਾਰ ਅਤੇ ਮਹਾ ਪਰਉਪਕਾਰ ਦੇ ਗੁਰਪ੍ਰਸਾਦਿ ਦੀ ਬਖ਼ਸ਼ਿਸ਼ ਪ੍ਰਾਪਤ ਕਰ ਸਕਦਾ ਹੈ। ਕੇਵਲ 'ਨਿਰਵੈਰ' ਮਨੁੱਖ ਹੀ ਪੂਰਨ ਬੰਦਗੀ ਅਤੇ ਸਦਾ ਸੁਹਾਗ ਪ੍ਰਾਪਤ ਕਰ ਸਕਦਾ ਹੈ।

ਭਰਪੂਰ ਨਿਮਰਤਾ ਦਰਗਾਹ ਦੀ ਕੁੰਜੀ ਹੈ। ਹਿਰਦੇ ਦੀ ਗਰੀਬੀ ਦਰਗਾਹ ਦੀ ਕੁੰਜੀ ਹੈ। ਨਿਮਰਤਾ ਦੀ ਕਮਾਈ ਨਾਲ ਪ੍ਰੀਤ, ਭਰੋਸਾ ਅਤੇ ਸ਼ਰਧਾ ਹੋਰ ਗਹਿਰੇ ਹੋ ਜਾਂਦੇ ਹਨ। ਹਿਰਦੇ ਦੀ ਗਰੀਬੀ ਹਉਮੈ ਨੂੰ ਮਾਰਨ ਦਾ ਇੱਕ ਇਲਾਹੀ ਅਸਤਰ ਹੈ। ਹਉਮੈ ਦੀ ਮੌਤ ਦਾ ਭਾਵ ਹੈ ਮਾਇਆ ਦੀ ਗ਼ੁਲਾਮੀ ਤੋਂ ਮੁਕਤੀ। ਹਿਰਦੇ ਦੀ ਗਰੀਬੀ ਨਾਲ ਜੀਵਨ ਮੁਕਤੀ ਹਾਸਲ ਹੋ ਜਾਂਦੀ ਹੈ। ਨਿਮਰਤਾ ਦੀ ਕੋਈ ਸੀਮਾ ਨਹੀਂ ਹੁੰਦੀ ਹੈ। ਨਿਮਰਤਾ ਦੀ ਗਹਿਰਾਈ ਨਾਪੀ ਨਹੀਂ ਜਾ ਸਕਦੀ ਹੈ। ਮਨੁੱਖ ਜਿਤਨਾ ਗਹਿਰਾ ਨਿਮਰਤਾ ਵਿੱਚ ਉਤਰਦਾ ਜਾਂਦਾ ਹੈ ਉਸ ਦੀ ਬੰਦਗੀ ਉਤਨੀ ਹੀ ਗਹਿਰੀ ਉਤਰਦੀ ਜਾਂਦੀ ਹੈ ਭਾਵ ਉਹ ਉਤਨਾ ਹੀ ਗਹਿਰਾ ਮਾਨਸਰੋਵਰ ਵਿੱਚ ਉਤਰਦਾ ਜਾਂਦਾ ਹੈ। ਨਿਮਰਤਾ ਦੀ ਕਮਾਈ ਨਾਲ ਮਨੁੱਖ ਦਾ ਰੋਮ-ਰੋਮ ਪਾਵਨ ਹੋ ਜਾਂਦਾ ਹੈ ਅਤੇ ਦੇਹੀ ਕੰਚਨ ਹੋ ਜਾਂਦੀ ਹੈ। ਨਿਮਰਤਾ ਦੀ ਕਮਾਈ ਨਾਲ ਮਨੁੱਖ ਦਾ ਰੋਮ-ਰੋਮ ਅੰਮ੍ਰਿਤ ਨਾਲ ਭਰਪੂਰ ਹੋ ਜਾਂਦਾ ਹੈ। ਨਿਮਰਤਾ ਤੋਂ ਬਿਨਾਂ ਸਤਿਨਾਮ ਹਿਰਦੇ ਵਿੱਚ ਨਹੀਂ ਉਤਰਦਾ ਹੈ। ਜਿਸ ਹਿਰਦੇ ਵਿੱਚ ਅਤਿ ਦੀ ਗਰੀਬੀ ਆ ਜਾਂਦੀ ਹੈ ਉਹ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ। ਭਾਵ ਜੋ ਹਿਰਦਾ ਗਰੀਬੀ ਦੀ ਕਮਾਈ ਕਰ ਲੈਂਦਾ ਹੈ ਉਸ ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ। ਜਦ ਹਿਰਦਾ ਸਤਿਨਾਮ ਦੇ ਗੁਰਪ੍ਰਸਾਦਿ ਨਾਲ ਜਾਗਰਿਤ ਹੋ ਜਾਂਦਾ ਹੈ ਤਾਂ ਜੀਵਨ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਲਈ ਨਿਮਰਤਾ ਦੀ ਕਮਾਈ ਕਰਨੀ ਬੰਦਗੀ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ। ਨਿਮਰਤਾ ਦੀ ਕਮਾਈ ਮਨੁੱਖ ਦੀ ਬੰਦਗੀ ਵਿੱਚ ਸਭ ਤੋਂ ਵੱਡਾ ਸਤਿ ਗੁਣ ਹੈ। ਨਿਮਰਤਾ ਦੀ ਬੇਅੰਤ ਕਮਾਈ ਅਤੇ ਹਿਰਦੇ ਦੀ ਬੇਅੰਤ ਗਰੀਬੀ ਦੀ ਕਮਾਈ ਦੇ ਪੁੰਜ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਗੁਰਬਾਣੀ ਵਿੱਚ ਆਪਣੇ ਆਪ ਨੂੰ ਬਾਰ-ਬਾਰ "ਨੀਚ" ਕਿਹਾ ਹੈ, "ਲੂਣ ਹਰਾਮੀ" ਕਿਹਾ ਹੈ, "ਦਾਸ" ਕਿਹਾ ਹੈ, "ਦਾਸਨ ਦਾਸ" ਕਿਹਾ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਮਨੁੱਖ ਨੂੰ ਤਾਂ ਹੁੰਦੀ ਹੈ ਜਦੋਂ ਉਸ ਵਿੱਚ ਇਤਨੀ ਨਿਮਰਤਾ ਆ ਜਾਂਦੀ ਹੈ ਕਿ ਉਹ ਆਪਣੇ ਆਪ ਨੂੰ ਸਾਰੀ ਸ੍ਰਿਸ਼ਟੀ ਦੇ ਚਰਨਾਂ ਦੀ ਧੂਲ ਬਣਾ ਦਿੰਦਾ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਮਨੁੱਖ ਨੂੰ ਤਾਂ ਹੁੰਦੀ ਹੈ ਜਦੋਂ ਉਸ ਵਿੱਚ ਇਤਨੀ ਨਿਮਰਤਾ ਆ ਜਾਂਦੀ ਹੈ ਕਿ ਉਹ ਬਿਸ਼ਟਾ ਦੇ ਵਿੱਚ ਬੈਠੇ ਕੀੜੇ ਦੇ ਚਰਨਾਂ ਉੱਪਰ ਆਪਣਾ ਸੀਸ ਰੱਖ ਦਿੰਦਾ ਹੈ ਕਿਉਂਕਿ ਉਸ ਨੂੰ ਇਸ ਬਿਸ਼ਟਾ ਦੇ ਜੰਤ ਵਿੱਚ ਵੀ ਸਤਿ ਪਾਰਬ੍ਰਹਮ ਪਰਮੇਸ਼ਰ ਦਿਸਣ ਲੱਗ ਪੈਂਦਾ ਹੈ।

ਦਇਆਲਤਾ ਬੰਦਗੀ ਦਾ ਬੇਅੰਤ ਸ਼ਕਤੀਸ਼ਾਲੀ ਸਤੋ ਗੁਣ ਹੈ। ਦਇਆਲਤਾ ਧਰਮ ਦੀ ਜਨਨੀ ਹੈ। ਧਰਮ ਦਾ ਜਨਮ ਦਇਆ ਦੇ ਗਰਭ ਵਿੱਚੋਂ ਹੁੰਦਾ ਹੈ। ਧਰਮ ਦਇਆ ਦਾ ਪੁੱਤਰ ਹੈ। ਦਇਆ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਕਰ ਦਿੰਦੀ ਹੈ। ਧਰਮ ਦਾ ਅਰਥ ਹੈ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਜਾਣਾ। ਦਇਆਲਤਾ ਹੀ ਕਿਰਪਾਲਤਾ ਦੀ ਵੀ ਜਨਨੀ ਹੈ। ਦਇਆਲਤਾ ਹੀ ਗੁਰਪ੍ਰਸਾਦਿ ਦੀ ਜਨਨੀ

ਹੈ। ਦਇਆਲਤਾ ਹੀ ਬੰਦਗੀ ਦਾ ਡੂੰਘਾ ਰੂਪ ਹੈ। ਦਇਆਲਤਾ ਹੀ ਖਿਮਾ ਦੀ ਜਨਨੀ ਹੈ। ਸਾਰੇ ਧਾਰਮਿਕ ਸਦਭਾਵ ਅਤੇ ਗੁਣ ਦਇਆਲਤਾ ਵਿੱਚੋਂ ਹੀ ਜਨਮ ਲੈਂਦੇ ਹਨ। ਸਤਿਗੁਰੂ ਮਹਾ ਦਇਆਲਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਮਹਾ ਦਇਆਲਾ ਹੈ। ਇਸੇ ਕਰ ਕੇ ਸਤਿਗੁਰੂ ਸਤਿ ਪਾਰਬ੍ਰਹਮ ਪਰਮੇਸ਼ਰ ਸਾਡੇ ਅਵਗੁਣ ਨਹੀਂ ਚਿਤਾਰਦਾ ਅਤੇ ਸਾਡੇ ਸਾਰੇ ਜਨਮਾਂ ਦੇ ਸਾਰੇ ਪਾਪਾਂ ਅਤੇ ਗੁਨਾਹਾਂ ਨੂੰ ਬਖਸ਼ਣ ਵਿੱਚ ਇੱਕ ਖਿਣ ਵੀ ਨਹੀਂ ਲਾਉਂਦਾ ਹੈ। ਸਾਨੂੰ ਲੋੜ ਹੈ ਕੇਵਲ ਸਤਿਗੁਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਚਰਨ-ਸ਼ਰਨ ਵਿੱਚ ਜਾਣ ਦੀ ਅਤੇ ਉਸ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰਨ ਦੀ। ਸਤਿਗੁਰ ਸਤਿ ਪਾਰਬ੍ਰਹਮ ਪਰਮੇਸ਼ਰ ਸਾਡੇ ਸਾਰੇ ਜਨਮਾਂ-ਜਨਮਾਂਤਰਾਂ ਵਿੱਚ ਕੀਤੇ ਗਏ ਬੇਅੰਤ ਗੁਨਾਹ ਅਤੇ ਪਾਪਾਂ ਨੂੰ ਬਖਸ਼ਣ ਵਿੱਚ ਇੱਕ ਖਿਣ ਨਹੀਂ ਲਾਉਂਦਾ ਹੈ। ਇਸ ਲਈ ਦਇਆਲਤਾ ਐਸੀ ਪਰਮ ਸ਼ਕਤੀ ਹੈ ਜਿਸ ਦੀ ਕੋਈ ਸੀਮਾ ਨਹੀਂ ਹੈ। ਦਇਆਲਤਾ ਦੀ ਗਹਿਰਾਈ ਨਾਪੀ ਨਹੀਂ ਜਾ ਸਕਦੀ ਹੈ। ਦਇਆਲਤਾ ਵਿੱਚ ਬੇਅੰਤ ਪਰਮ ਸ਼ਕਤੀ ਹੈ। ਇਸੇ ਤਰ੍ਹਾਂ ਸ਼ਰਧਾ ਵਿੱਚ ਬੇਅੰਤ ਪਰਮ ਸ਼ਕਤੀ ਹੈ। ਸ਼ਰਧਾ ਦੀ ਕੋਈ ਸੀਮਾ ਨਹੀਂ ਹੈ। ਸ਼ਰਧਾ ਦੀ ਗਹਿਰਾਈ ਨਾਪੀ ਨਹੀਂ ਜਾ ਸਕਦੀ ਹੈ। ਭਰੋਸੇ ਵਿੱਚ ਵੀ ਬੇਅੰਤ ਪਰਮ ਸ਼ਕਤੀ ਹੈ। ਜਿਸ ਮਨੁੱਖ ਦੇ ਹਿਰਦੇ ਵਿੱਚ ਸਤਿਗੁਰ ਸਤਿ ਪਾਰਬ੍ਰਹਮ ਪਰਮੇਸ਼ਰ ਲਈ ਪੂਰਨ ਭਰੋਸਾ ਹੁੰਦਾ ਹੈ ਉਸ ਹਿਰਦੇ ਵਿੱਚ ਮਨਮਤਿ ਜਾਂ ਸੰਸਾਰਿਕ ਮਤਿ ਦਾ ਨਾਮ ਨਿਸ਼ਾਨ ਨਹੀਂ ਹੁੰਦਾ ਹੈ। ਜਿਸ ਮਨੁੱਖ ਦੇ ਹਿਰਦੇ ਵਿੱਚ ਸਤਿਗੁਰ ਸਤਿ ਪਾਰਬ੍ਰਹਮ ਪਰਮੇਸ਼ਰ ਲਈ ਪੂਰਨ ਭਰੋਸਾ ਹੁੰਦਾ ਹੈ ਉਸ ਮਨੁੱਖ ਲਈ ਕੇਵਲ ਸਤਿਗੁਰੂ ਦੇ ਸਤਿ ਬਚਨਾਂ ਦੀ ਕਮਾਈ ਹੀ ਉਸ ਦਾ ਜੀਵਨ ਬਣ ਜਾਂਦਾ ਹੈ। ਜਿਸ ਮਨੁੱਖ ਦੇ ਹਿਰਦੇ ਵਿੱਚ ਸਤਿਗੁਰ ਸਤਿ ਪਾਰਬ੍ਰਹਮ ਪਰਮੇਸ਼ਰ ਲਈ ਪੂਰਨ ਭਰੋਸਾ ਹੁੰਦਾ ਹੈ ਉਸ ਦਾ ਜੀਵਨ ਗੁਰਮਤਿ ਦਾ ਧਾਰਨੀ ਸਹਿਜੇ ਹੀ ਬਣ ਜਾਂਦਾ ਹੈ। ਭਰੋਸੇ ਵਿੱਚੋਂ ਮਨੁੱਖ ਦਾ ਭੋਲਾਪਨ ਜਨਮ ਲੈਂਦਾ ਹੈ। ਭੋਲਾਪਨ ਮਨੁੱਖ ਨੂੰ ਬੰਦਗੀ ਸਹਿਜੇ ਹੀ ਕਰਵਾ ਦਿੰਦਾ ਹੈ। ਚਤੁਰ-ਚਲਾਕੀਆਂ ਮਨੁੱਖ ਨੂੰ ਲੈ ਡੁੱਬਦੀਆਂ ਹਨ। ਭੋਲਾਪਨ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਨਾਲ ਮਿਲਾ ਦਿੰਦਾ ਹੈ। ਸਤਿਗੁਰ ਸਤਿ ਪਾਰਬ੍ਰਹਮ ਪਰਮੇਸ਼ਰ ਉੱਪਰ ਭਰੋਸਾ ਹੀ ਬੰਦਗੀ ਹੈ। ਸਤਿਗੁਰੂ ਦੇ ਸਤਿ ਚਰਨਾਂ ਉੱਪਰ ਭਰੋਸਾ ਹੀ ਬੰਦਗੀ ਹੈ। ਭਰੋਸਾ, ਸ਼ਰਧਾ ਅਤੇ ਪ੍ਰੀਤ ਬਿਨਾਂ ਬੰਦਗੀ ਦਾ ਗੁਰਪ੍ਰਸਾਦਿ ਨਹੀਂ ਮਿਲਦਾ। ਭਰੋਸੇ ਦੀ ਵੀ ਕੋਈ ਸੀਮਾ ਨਹੀਂ ਹੁੰਦੀ ਹੈ। ਭਰੋਸੇ ਦੀ ਗਹਿਰਾਈ ਨਾਪੀ ਨਹੀਂ ਜਾ ਸਕਦੀ ਹੈ। ਭਰੋਸੇ ਵਿੱਚ ਬੇਅੰਤ ਪਰਮ ਸ਼ਕਤੀ ਹੈ। ਕੇਵਲ ਭਰੋਸਾ ਹੀ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰਵਾਉਣ ਦੀ ਅਤੇ ਉਸ ਦੇ ਨਿਰਗੁਣ ਸਰੂਪ ਵਿੱਚ ਅਭੇਦ ਕਰਨ ਦੀ ਸਮਰੱਥਾ ਰੱਖਦਾ ਹੈ। ਭਰੋਸਾ ਹੈ ਤਾਂ ਬੰਦਗੀ ਹੈ, ਭਰੋਸਾ ਨਹੀਂ ਤਾਂ ਬੰਦਗੀ ਨਹੀਂ ਹੈ। ਭਰੋਸਾ ਹੀ ਮਨੁੱਖ ਨੂੰ ਸਤਿਗੁਰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰਵਾਉਣ ਦੀ ਸਮਰੱਥਾ ਦਿੰਦਾ ਹੈ।

ਇਹ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਕੁਝ ਸਤਿ ਗੁਣਾਂ ਦੀ ਅਤੇ ਇਨ੍ਹਾਂ ਸਤਿ ਗੁਣਾਂ ਵਿੱਚ ਸਮਾਈਆਂ ਹੋਈਆਂ ਪਰਮ ਸ਼ਕਤੀਆਂ ਦੀ ਮਹਿਮਾ ਦੀ ਕੇਵਲ ਇੱਕ ਝਲਕ ਹੈ। ਐਸੇ ਬੇਅੰਤ ਸਤਿ ਗੁਣਾਂ ਦਾ ਸਤਿ ਪਾਰਬ੍ਰਹਮ ਪਰਮੇਸ਼ਰ ਮਾਲਕ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਨੇ ਇਨ੍ਹਾਂ ਸਤਿ ਗੁਣਾਂ ਦੀ ਕਮਾਈ ਕਰਨ ਦੀ ਸਮਰੱਥਾ ਮਨੁੱਖ ਨੂੰ ਵੀ ਦਿੱਤੀ ਹੈ। ਭਾਵ ਮਨੁੱਖ ਵਿੱਚ ਇਨ੍ਹਾਂ ਸਤਿ ਗੁਣਾਂ ਨੂੰ ਕਮਾਉਣ ਦੀ ਅਤੇ ਇਨ੍ਹਾਂ ਸਤਿ ਗੁਣਾਂ ਵਿੱਚ ਸਮਾਈਆਂ ਹੋਈਆਂ ਸਾਰੀਆਂ ਪਰਮ ਸ਼ਕਤੀਆਂ ਨੂੰ ਪ੍ਰਗਟ ਕਰਨ ਦੀ ਸਮਰੱਥਾ ਹੈ। ਮਨੁੱਖ ਸਤਿਗੁਰ ਸਤਿ ਪਾਰਬ੍ਰਹਮ ਪਰਮੇਸ਼ਰ ਉੱਪਰ ਸ਼ਰਧਾ, ਪ੍ਰੀਤ ਅਤੇ ਭਰੋਸਾ ਕਰ ਸਕਦਾ ਹੈ। ਮਨੁੱਖ ਨਿਮਰਤਾ ਦੀ ਕਮਾਈ ਕਰ ਸਕਦਾ ਹੈ। ਮਨੁੱਖ ਹਿਰਦੇ ਦੀ ਗਰੀਬੀ ਦੀ ਕਮਾਈ ਕਰ ਸਕਦਾ ਹੈ। ਮਨੁੱਖ ਦਇਆਲਤਾ

ਦੀ ਕਮਾਈ ਕਰ ਸਕਦਾ ਹੈ। ਮਨੁੱਖ ਖਿਮਾ ਕਰਨ ਦੀ ਕਮਾਈ ਕਰ ਸਕਦਾ ਹੈ। ਮਨੁੱਖ ਨਿਰਭੈਤਾ ਦੀ ਕਮਾਈ ਕਰ ਸਕਦਾ ਹੈ। ਮਨੁੱਖ ਨਿਰਵੈਰਤਾ ਦੀ ਕਮਾਈ ਕਰ ਸਕਦਾ ਹੈ। ਮਨੁੱਖ ਸਤਿ ਦੀ ਕਰਨੀ ਕਰ ਕੇ ਸਤੋ ਬਿਰਤੀ ਦੀ ਕਮਾਈ ਕਰ ਸਕਦਾ ਹੈ। ਮਨੁੱਖ ਸਤਿ ਦੀ ਕਰਨੀ ਨਾਲ ਸਤਿਗੁਰ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਪ੍ਰਸੰਨ ਕਰ ਕੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਸਕਦਾ ਹੈ। ਮਨੁੱਖ ਸਤਿਨਾਮ ਦਾ ਸਿਮਰਨ ਵੀ ਕਰ ਸਕਦਾ ਹੈ। ਮਨੁੱਖ ਸਤਿਨਾਮ ਸਿਮਰਨ ਦੀ ਕਮਾਈ ਵੀ ਕਰ ਸਕਦਾ ਹੈ। ਮਨੁੱਖ ਪੂਰਨ ਬੰਦਗੀ ਕਰ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਸਕਦਾ ਹੈ ਅਤੇ ਜੀਵਨ ਮੁਕਤੀ ਪ੍ਰਾਪਤ ਕਰ ਸਕਦਾ ਹੈ।

ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋਣ ਲਈ ਇਨ੍ਹਾਂ ਸਤਿ ਗੁਣਾਂ ਨੂੰ ਕਮਾਉਣਾ ਪੈਂਦਾ ਹੈ। ਜੋ ਮਨੁੱਖ ਇਨ੍ਹਾਂ ਸਤਿ ਗੁਣਾਂ ਦੀ ਕਮਾਈ ਕਰਦੇ ਹਨ; ਉਨ੍ਹਾਂ ਨੂੰ ਸਤਿਗੁਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਨਦਰ, ਕਰਮ, ਮਿਹਰ, ਮਹਿਰਾਮਤ, ਗੁਰਕਿਰਪਾ ਪ੍ਰਾਪਤ ਹੁੰਦੀ ਹੈ। ਜਿਸ ਦਾ ਸਦਕਾ ਸਤਿ ਗੁਣਾਂ ਦੀ ਕਮਾਈ ਕਰਨ ਵਾਲੇ ਮਨੁੱਖਾਂ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰਪ੍ਰਸਾਦਿ ਪ੍ਰਾਪਤ ਹੁੰਦਾ ਹੈ। ਜਿਸ ਮਨੁੱਖ ਉੱਪਰ ਸਤਿਗੁਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬਖ਼ਸ਼ੀਸ਼ ਨਾਲ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ ਉਹ ਮਨੁੱਖ ਬੰਦਗੀ ਵਿੱਚ ਚਲਾ ਜਾਂਦਾ ਹੈ। ਸਤਿਨਾਮ ਉਸ ਦੀ ਸੁਰਤਿ ਵਿੱਚ ਉੱਕਰ ਜਾਂਦਾ ਹੈ। ਉਸ ਮਨੁੱਖ ਦੀ ਸੁਰਤਿ ਨਾਲ ਸਤਿਨਾਮ ਦਾ ਸੁਮੇਲ ਹੋ ਜਾਂਦਾ ਹੈ ਅਤੇ ਉਸ ਦੀ ਸਮਾਧੀ ਲੱਗ ਜਾਂਦੀ ਹੈ। ਸਮਾਧੀ ਵਿੱਚ ਲੰਬੇ ਅਭਿਆਸ ਵਿੱਚ ਜਾਣ ਨਾਲ ਹੀ ਸੁੰਨ ਸਮਾਧੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਸਾਰੇ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ। ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਸਤਿਨਾਮ ਰੋਮ-ਰੋਮ ਵਿੱਚ ਚਲਾ ਜਾਂਦਾ ਹੈ। ਦੇਹੀ ਕੰਚਨ ਹੋ ਜਾਂਦੀ ਹੈ ਅਤੇ ਅੰਮ੍ਰਿਤ ਨਾਲ ਭਰਪੂਰ ਹੋ ਜਾਂਦੀ ਹੈ। ਤ੍ਰਿਸ਼ਣਾ ਬੁਝ ਜਾਂਦੀ ਹੈ ਅਤੇ ਪੰਜ ਦੂਤ ਵੱਸ ਆ ਜਾਂਦੇ ਹਨ। ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ। ਮਨੁੱਖ ਦਾ ਹਿਰਦਾ ਹੀ ਸੱਚਾ ਗੁਰਦੁਆਰਾ ਹੈ। ਕਿਉਂਕਿ ਮਨੁੱਖ ਦੇ ਹਿਰਦੇ ਵਿੱਚ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਵਾਸਾ ਹੈ। ਐਸੇ ਹਿਰਦੇ ਵਿੱਚ ਪਰਮ ਜੋਤ ਪ੍ਰਗਟ ਹੋ ਜਾਂਦੀ ਹੈ ਅਤੇ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਹਿਰਦੇ ਰੂਪੀ ਗੁਰਦੁਆਰੇ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਪ੍ਰਗਟ ਹੋ ਜਾਂਦਾ ਹੈ। ਸਦਾ ਸਤਿ ਚਿੱਤ ਆਨੰਦ ਦੀ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ। ਪੂਰਨ ਸੰਤ, ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਦੇ ਰੂਪ ਵਿੱਚ ਸਤਿ ਦੀ ਮਹਿਮਾ ਦੀ ਕਥਾ ਧਰਤੀ ਉੱਪਰ ਪ੍ਰਤੱਖ ਪ੍ਰਗਟ ਹੋ ਜਾਂਦੀ ਹੈ। ਅੰਦਰਲਾ ਤੀਰਥ ਹੀ ਅਸਲੀ ਤੀਰਥ ਹੈ। ਬਾਹਰਲਾ ਤੀਰਥ ਅਠਸਠ ਤੀਰਥ ਹੈ। ਬਾਹਰਲੇ ਤੀਰਥ ਨਾਲ ਜੀਵਨ ਮੁਕਤੀ ਪ੍ਰਾਪਤ ਨਹੀਂ ਹੁੰਦੀ ਹੈ। ਮਾਇਆ ਨੂੰ ਜਿੱਤਣ ਨਾਲ ਹੀ ਹਿਰਦੇ ਰੂਪੀ ਗੁਰਦੁਆਰੇ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਪ੍ਰਤੱਖ ਪ੍ਰਗਟ ਹੁੰਦਾ ਹੈ। ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਹੋਣਾ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਹਿਰਦੇ ਵਿੱਚ ਪ੍ਰਗਟ ਹੋਣਾ ਹੀ ਅੰਦਰਲਾ ਤੀਰਥ ਹੈ। ਜਿਸ ਮਨੁੱਖ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਅਤੇ ਗੁਰਪ੍ਰਸਾਦਿ ਬਰਸਦਾ ਹੈ ਉਹ ਮਨੁੱਖ ਅੰਦਰਲਾ ਤੀਰਥ ਕਰ ਕੇ ਆਪਣਾ ਜੀਵਨ ਸਫ਼ਲ ਕਰ ਲੈਂਦਾ ਹੈ ਅਤੇ ਸਦਾ-ਸਦਾ ਲਈ ਸਤਿ ਚਿੱਤ ਆਨੰਦ ਵਿੱਚ ਚਲਾ ਜਾਂਦਾ ਹੈ।

■

ਅਨੰਦੁ ਸਾਹਿਬ-ਪਉੜੀ ੧੬

ਏਹੁ ਸੋਹਿਲਾ ਸਬਦੁ ਸੁਹਾਵਾ ॥
ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ ॥
ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ ॥
ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ ॥
ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ ॥੧੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੯)

ਸੋਹਿਲਾ 'ਗੁਰ ਸ਼ਬਦ' ਹੈ। 'ਗੁਰ ਸ਼ਬਦ' ਹੀ ਸਤਿਗੁਰੂ ਦੀ ਬਾਣੀ ਹੈ। ਸਤਿਗੁਰੂ ਦੀ ਬਾਣੀ ਹੀ ਗੁਰਬਾਣੀ ਹੈ। ਸਤਿਗੁਰੂ ਦੀ ਬਾਣੀ ਹੀ 'ਸੋਹਿਲਾ' ਹੈ। 'ਗੁਰ ਸ਼ਬਦ' ਤੋਂ ਭਾਵ ਹੈ ਸਤਿਗੁਰੂ ਦਾ ਉਪਦੇਸ਼। ਗੁਰਬਾਣੀ ਸਤਿਗੁਰੂ ਦਾ ਉਪਦੇਸ਼ ਹੈ। ਕੇਵਲ ਸਤਿਗੁਰੂ ਦੀ ਬਾਣੀ ਹੀ 'ਗੁਰ ਸ਼ਬਦ' ਹੈ। ਸਤਿਗੁਰੂ ਦੇ ਉਪਦੇਸ਼ ਦੀ ਕਮਾਈ ਹੀ 'ਗੁਰ ਸ਼ਬਦ' ਦੀ ਕਮਾਈ ਹੈ। ਸਾਰੀ ਗੁਰਬਾਣੀ ਹੀ 'ਸੋਹਿਲਾ' ਹੈ। ਗੁਰਬਾਣੀ ਦਾ ਹਰ ਇੱਕ ਸ਼ਬਦ ਹੀ 'ਸੋਹਿਲਾ' ਹੈ। ਸਤਿਗੁਰੂ ਦੇ ਬਚਨ ਹੀ 'ਸੋਹਿਲਾ' ਹਨ। 'ਗੁਰ ਸ਼ਬਦ' ਦੀ ਕਮਾਈ ਹੀ ਰੂਹਾਨੀ ਤਰੱਕੀ ਦਾ ਵਸੀਲਾ ਹੈ। 'ਗੁਰ ਸ਼ਬਦ' ਦੀ ਕਮਾਈ ਜੀਵਨ ਮੁਕਤੀ ਦਾ ਮਾਰਗ ਹੈ। 'ਗੁਰ ਸ਼ਬਦ' ਦੀ ਕਮਾਈ ਹੀ ਆਤਮਿਕ ਆਨੰਦ ਪ੍ਰਾਪਤ ਕਰਨ ਦਾ ਮਾਰਗ ਹੈ। 'ਗੁਰ ਸ਼ਬਦ' ਦੀ ਕਮਾਈ ਹੀ ਮਾਇਆ ਦੀ ਗ਼ੁਲਾਮੀ ਤੋਂ ਮੁਕਤੀ ਦਾ ਮਾਰਗ ਹੈ। 'ਗੁਰ ਸ਼ਬਦ' ਦੀ ਕਮਾਈ ਹੀ ਦਰਗਾਹ ਵਿੱਚ ਮਾਣ ਪ੍ਰਾਪਤ ਕਰਨ ਦਾ ਮਾਰਗ ਹੈ। ਭਾਵ ਗੁਰਬਾਣੀ ਦੇ ਪਰਮ ਸ਼ਕਤੀਸ਼ਾਲੀ ਉਪਦੇਸ਼ ਦੀ ਕਮਾਈ ਹੀ 'ਗੁਰ ਸ਼ਬਦ' ਦੀ ਕਮਾਈ ਹੈ।

ਗੁਰਬਾਣੀ ਨੂੰ ਕੇਵਲ ਬਾਰ-ਬਾਰ ਪੜ੍ਹਨ ਨਾਲ 'ਗੁਰ ਸ਼ਬਦ' ਦੀ ਕਮਾਈ ਨਹੀਂ ਹੁੰਦੀ ਹੈ। ਜੇਕਰ ਕੇਵਲ ਗੁਰਬਾਣੀ ਪੜ੍ਹਨ ਨਾਲ 'ਗੁਰ ਸ਼ਬਦ' ਦੀ ਕਮਾਈ ਹੋ ਜਾਂਦੀ ਹੁੰਦੀ ਤਾਂ ਉਹ ਸਾਰੇ ਲੋਕ ਜੋ ਬਾਰ-ਬਾਰ ਸਾਰੇ ਦੇ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਬਾਰ-ਬਾਰ ਪਠਨ ਕਰਦੇ ਹਨ ਉਹ ਸਾਰੇ ਲੋਕਾਂ ਨੂੰ ਬ੍ਰਹਮ ਗਿਆਨ ਪ੍ਰਾਪਤ ਹੋ ਜਾਣਾ ਸੀ। ਉਹ ਸਾਰੇ ਲੋਕ ਜਿਨ੍ਹਾਂ ਨੂੰ ਅੱਜ ਦੀ ਦੁਨੀਆਂ ਅਖੰਡ ਪਾਠੀਆਂ ਕਰ ਕੇ ਜਾਣਦੀ ਹੈ, ਉਹ ਸਾਰੇ ਬ੍ਰਹਮ ਗਿਆਨੀ ਬਣੇ ਹੋਣੇ ਸੀ। ਉਹ ਮਾਈ-ਭਾਈ ਜੋ ਬਾਰ-ਬਾਰ ਗੁਰਬਾਣੀ ਨੂੰ ਪੜ੍ਹਦੇ ਹਨ, ਉਹ ਸਾਰੇ ਬ੍ਰਹਮ ਗਿਆਨੀ ਬਣੇ ਹੋਣੇ ਸੀ। ਜੇਕਰ ਗੁਰਬਾਣੀ ਨੂੰ ਬਾਰ-ਬਾਰ ਪੜ੍ਹਨ ਨਾਲ ਹੀ 'ਗੁਰ ਸ਼ਬਦ' ਦੀ ਕਮਾਈ ਹੋ ਜਾਂਦੀ ਹੁੰਦੀ ਤਾਂ ਸਾਰੇ ਗੁਰਦੁਆਰਿਆਂ ਦੇ ਭਾਈ, ਗ੍ਰੰਥੀ ਬ੍ਰਹਮ ਗਿਆਨੀ ਬਣੇ ਹੋਣੇ ਸੀ। ਇਸ ਲਈ ਗੁਰਬਾਣੀ ਦਾ ਬਾਰ-ਬਾਰ ਪਠਨ ਕਰਨ ਨਾਲ ਰੂਹਾਨੀਅਤ ਦੀ ਪ੍ਰਾਪਤੀ ਨਹੀਂ ਹੁੰਦੀ ਹੈ ਅਤੇ ਕੇਵਲ ਗੁਰਬਾਣੀ ਦੇ ਉਪਦੇਸ਼ ਦੀ ਕਮਾਈ ਕਰਨ ਨਾਲ ਹੀ ਰੂਹਾਨੀਅਤ ਦੀ ਪ੍ਰਾਪਤੀ ਹੁੰਦੀ ਹੈ। ਅੱਜ ਦੇ ਲੱਗਭਗ ਸਾਰੇ ਧਰਮ ਪ੍ਰਚਾਰਕ ਸਾਰੇ ਬਾਹਰਲੀ ਰਹਿਤ ਅਤੇ ਕੇਵਲ ਗੁਰਬਾਣੀ ਦਾ ਪਠਨ ਕਰਨ ਉੱਪਰ ਸਾਰਾ ਜ਼ੋਰ ਦਿੰਦੇ ਹਨ। ਜਿਨ੍ਹਾਂ

ਪ੍ਰਚਾਰਕਾਂ ਨੇ ਧਰਮ ਦਾ ਪ੍ਰਚਾਰ ਕੇਵਲ ਆਪਣਾ ਕਿੱਤਾ ਬਣਾ ਲਿਆ ਹੈ; ਨਾ ਕਿ ਨਿਸ਼ਕਾਮ ਸੇਵਾ ਕਰਦੇ ਹਨ, ਜੋ ਗੁਰਬਾਣੀ ਦਾ ਪ੍ਰਚਾਰ ਧਨ-ਸੰਪਦਾ ਦੀ ਕਮਾਈ ਲਈ ਕਰਦੇ ਹਨ, ਜੋ ਕੀਰਤਨ ਅਤੇ ਗੁਰਬਾਣੀ ਨੂੰ ਧਨ-ਸੰਪਦਾ ਨਾਲ ਖਰੀਦਦੇ ਅਤੇ ਵੇਚਦੇ ਹਨ; ਉਹ ਸਤਿਗੁਰੂ ਗੁਰਬਾਣੀ ਦੇ ਦੋਸ਼ੀ ਹਨ ਕਿਉਂਕਿ ਜਿੱਥੇ ਪੂਰਨ ਸਤਿ ਨਹੀਂ ਵਰਤਦਾ ਹੈ ਅਤੇ ਕੇਵਲ ਮਾਇਆ ਵਰਤਦੀ ਹੈ; ਉਸ ਸਥਾਨ ਉੱਪਰ ਰੂਹਾਨੀਅਤ ਨਹੀਂ ਵਰਤਦੀ ਹੈ। ਐਸੇ ਸਥਾਨ 'ਤੇ ਕੇਵਲ ਸਤਿਗੁਰੂ ਗੁਰਬਾਣੀ ਦੇ ਉਪਦੇਸ਼ ਦੇ ਉਲਟ ਮਾਇਆ ਵਰਤਦੀ ਹੈ, ਧਰਮ ਦੇ ਨਾਂ ਉੱਪਰ ਜਿੱਥੇ ਮਾਇਆ ਵਰਤਦੀ ਹੋਏ ਉੱਥੇ ਸਤਿਗੁਰੂ ਗੁਰਬਾਣੀ ਦੀ ਨਿਰਾਦਰੀ ਹੋਣ ਦਾ ਦੋਸ਼ ਲੱਗਦਾ ਹੈ। ਐਸੇ ਝੂਠੇ ਧਰਮ ਪ੍ਰਚਾਰਕ ਕੇਵਲ ਬਾਹਰਲੀ ਰਹਿਤ ਅਤੇ ਗੁਰਬਾਣੀ ਦੇ ਪਠਨ ਉੱਪਰ ਜ਼ੋਰ ਦਿੰਦੇ ਹਨ ਕਿਉਂਕਿ ਉਹ ਆਪ ਰੂਹਾਨੀਅਤ ਦੀ ਕਮਾਈ ਦੀ ਘਾਟ ਕਾਰਨ ਪੂਰਨ ਸਤਿ ਤੋਂ ਅਨਭਿਗ ਹੁੰਦੇ ਹਨ। ਇਸ ਲਈ ਆਪਣੀ ਕਮਾਈ ਦੀ ਘਾਟ ਕਾਰਨ ਐਸੇ ਅਧੂਰੇ ਧਰਮ ਪ੍ਰਚਾਰਕਾਂ ਦੇ ਕੋਲ ਪੂਰਨ ਸਤਿ ਵਰਤਾਉਣ ਦੀ ਸਮਰੱਥਾ ਨਹੀਂ ਹੁੰਦੀ ਹੈ। ਸਤਿਗੁਰੂ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਸੇਵਾ ਤਾਂ ਨਿਸ਼ਕਾਮ ਭਾਵਨਾ ਨਾਲ ਕੀਤੀ ਗਈ ਹੀ ਸਫ਼ਲ ਹੁੰਦੀ ਹੈ। ਸਤਿਗੁਰੂ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਨਿਸ਼ਕਾਮ ਸੇਵਾ ਦਾ ਆਧਾਰ ਤਾਂ ਕੇਵਲ ਪੂਰਨ ਭਰੋਸਾ, ਪੂਰਨ ਸ਼ਰਧਾ ਅਤੇ ਪੂਰਨ ਪ੍ਰੀਤ ਹੈ। ਸਤਿਗੁਰੂ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਨਿਸ਼ਕਾਮ ਸੇਵਾ ਤੋਂ ਭਾਵ ਹੈ ਕਿ ਜਿਸ ਸੇਵਾ ਦੇ ਬਦਲੇ ਵਿੱਚ ਕਿਸੇ ਵੀ ਵਸਤੂ, ਧਨ-ਸੰਪਦਾ (ਤਨਖ਼ਾਹ ਆਦਿ) ਜਾਂ ਇੱਛਾ ਪੂਰਤੀ ਦੀ ਕਾਮਨਾ ਨਾ ਹੋਵੇ।

ਕੋਈ ਵਿਰਲਾ ਹੀ ਕਮਾਈ ਵਾਲਾ ਪੂਰਨ ਸੰਤ ਸਤਿਗੁਰੂ ਹੋਵੇਗਾ ਜੋ ਲੁਕਾਈ ਨੂੰ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਵੱਲ ਨੂੰ ਪ੍ਰੇਰਣਾ ਦਿੰਦਾ ਹੈ। ਕੋਈ ਵਿਰਲਾ ਹੀ ਕਮਾਈ ਵਾਲਾ ਪੂਰਨ ਸੰਤ ਸਤਿਗੁਰੂ ਹੋਵੇਗਾ ਜੋ ਲੁਕਾਈ ਨੂੰ ਗੁਰਬਾਣੀ ਦੇ ਉਪਦੇਸ਼ ਦੀ ਕਮਾਈ ਕਰਨ ਲਈ ਪ੍ਰੇਰਣਾ ਦਿੰਦਾ ਹੈ। ਕੋਈ ਵਿਰਲਾ ਹੀ ਕਮਾਈ ਵਾਲਾ ਪੂਰਨ ਸੰਤ ਸਤਿਗੁਰੂ ਹੋਵੇਗਾ ਜੋ ਲੁਕਾਈ ਨੂੰ ਅੰਦਰਲੀ ਰਹਿਤ, ਭਾਵ ਮਾਇਆ ਨੂੰ ਜਿੱਤਣ ਦੀ ਰਹਿਤ ਦੀ ਕਮਾਈ ਕਰਨ ਦੀ ਜੁਗਤੀ ਦੱਸਦਾ ਹੈ। ਕੋਈ ਵਿਰਲਾ ਹੀ ਕਮਾਈ ਵਾਲਾ ਪੂਰਨ ਸੰਤ ਸਤਿਗੁਰੂ ਹੋਵੇਗਾ ਜੋ ਲੁਕਾਈ ਨੂੰ ਜੀਵਨ ਮੁਕਤੀ ਲਈ ਮਾਰਗ ਦਰਸ਼ਨ ਕਰਦਾ ਹੈ। ਕੋਈ ਵਿਰਲਾ ਹੀ ਕਮਾਈ ਵਾਲਾ ਪੂਰਨ ਸੰਤ ਸਤਿਗੁਰੂ ਹੋਵੇਗਾ ਜੋ ਲੁਕਾਈ ਨੂੰ ਪੂਰਨ ਬੰਦਗੀ ਦੇ ਗੁਰਪ੍ਰਸਾਦੀ ਖੇਲ ਦੀ ਮਹਿਮਾ ਸਮਝਾਉਂਦਾ ਹੈ। ਕੋਈ ਵਿਰਲਾ ਹੀ ਕਮਾਈ ਵਾਲਾ ਪੂਰਨ ਸੰਤ ਸਤਿਗੁਰੂ ਹੋਵੇਗਾ ਜਿਸ ਦੀ ਸੰਗਤ ਵਿੱਚ ਪੂਰਨ ਸਤਿ ਦੀ ਪੂਰਨ ਮਹਿਮਾ ਵਰਤਦੀ ਹੋਵੇਗੀ। ਕੋਈ ਵਿਰਲਾ ਹੀ ਕਮਾਈ ਵਾਲਾ ਪੂਰਨ ਸੰਤ ਸਤਿਗੁਰੂ ਹੋਵੇਗਾ ਜਿਸ ਦੀ ਸੰਗਤ ਵਿੱਚ ਸੁਹਾਗਣਾਂ ਅਤੇ ਸਦਾ ਸੁਹਾਗਣਾਂ ਦਾ ਜਨਮ ਹੁੰਦਾ ਹੈ। ਕੋਈ ਵਿਰਲਾ ਹੀ ਕਮਾਈ ਵਾਲਾ ਪੂਰਨ ਸੰਤ ਸਤਿਗੁਰੂ ਹੋਵੇਗਾ ਜਿਸ ਦੀ ਸੰਗਤ ਵਿੱਚ ਪੂਰਨ ਸਤਿ ਦੀ ਸੇਵਾ ਹੁੰਦੀ ਹੈ ਅਤੇ ਪੂਰਨ ਸਤਿ ਵਰਤਾਇਆ ਜਾਂਦਾ ਹੈ। ਕੋਈ ਵਿਰਲਾ ਹੀ ਕਮਾਈ ਵਾਲਾ ਪੂਰਨ ਸੰਤ ਸਤਿਗੁਰੂ ਹੋਵੇਗਾ ਜਿਸ ਦੀ ਸੰਗਤ ਵਿੱਚ ਗੁਰਬਾਣੀ ਦੀ ਪੂਰਨ ਮਹਿਮਾ ਵਰਤਦੀ ਹੈ ਅਤੇ ਗੁਰਬਾਣੀ ਖ਼ਰੀਦੀ ਅਤੇ ਵੇਚੀ ਨਹੀਂ ਜਾਂਦੀ ਹੈ। ਕੋਈ ਵਿਰਲਾ ਹੀ ਕਮਾਈ ਵਾਲਾ ਪੂਰਨ ਸੰਤ ਸਤਿਗੁਰੂ ਹੋਵੇਗਾ ਜਿਸ ਦੀ ਸੰਗਤ ਵਿੱਚ ਪੂਰਨ ਸਤਿ ਦੀ ਮਹਿਮਾ ਪ੍ਰਗਟ ਹੁੰਦੀ ਹੈ। ਕੋਈ ਵਿਰਲਾ ਹੀ ਕਮਾਈ ਵਾਲਾ ਪੂਰਨ ਸੰਤ ਸਤਿਗੁਰੂ ਹੋਵੇਗਾ ਜਿਸ ਦੀ ਸੰਗਤ ਵਿੱਚ ਗੁਰਬਾਣੀ ਵਿੱਚ ਲਿਖਿਆ ਗਿਆ ਪੂਰਨ ਸਤਿ ਪ੍ਰਤੱਖ ਪ੍ਰਗਟ ਹੁੰਦਾ ਹੈ। ਪੂਰਨ ਸੰਤ ਸਤਿਗੁਰੂ ਦੀ ਬਾਣੀ ਹੀ ਗੁਰਬਾਣੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਬਾਣੀ ਹੀ 'ਗੁਰ ਸ਼ਬਦ' ਹੁੰਦਾ ਹੈ।

ਗੁਰਪ੍ਰਸਾਦਿ ਦੀ ਪ੍ਰਾਪਤੀ ਹੀ 'ਗੁਰ ਸ਼ਬਦ' ਦੀ ਪ੍ਰਾਪਤੀ ਹੈ। ਗੁਰਪ੍ਰਸਾਦਿ ਤੋਂ ਭਾਵ ਹੈ 'ਸਤਿਨਾਮ ਦਾ ਗੁਰਪ੍ਰਸਾਦਿ, ਸਤਿਨਾਮ ਸਿਮਰਨ ਦਾ ਗੁਰਪ੍ਰਸਾਦਿ, ਸਤਿਨਾਮ ਦੀ ਕਮਾਈ ਦਾ ਗੁਰਪ੍ਰਸਾਦਿ, ਪੂਰਨ ਬੰਦਗੀ ਦਾ ਗੁਰਪ੍ਰਸਾਦਿ ਅਤੇ ਸੇਵਾ ਦੇ ਗੁਰਪ੍ਰਸਾਦਿ' ਦੀ ਪ੍ਰਾਪਤੀ। ਗੁਰ ਸ਼ਬਦ ਦੀ ਪ੍ਰਾਪਤੀ ਦਾ ਭਾਵ ਹੈ ਬੰਦਗੀ ਦਾ ਸ਼ੁਰੂ ਹੋ ਜਾਣਾ। ਗੁਰ ਸ਼ਬਦ ਦੀ ਪ੍ਰਾਪਤੀ ਤੋਂ ਭਾਵ ਹੈ ਸਤਿਨਾਮ ਦਾ ਮਨੁੱਖ ਦੀ ਸੁਰਤਿ ਵਿੱਚ ਉੱਕਰ ਜਾਣਾ। ਗੁਰ ਸ਼ਬਦ ਦੀ ਪ੍ਰਾਪਤੀ ਦਾ ਭਾਵ ਹੈ ਸਤਿਨਾਮ ਦਾ ਸੁਰਤਿ ਵਿੱਚ ਚਲਾ ਜਾਣਾ। ਗੁਰ ਸ਼ਬਦ ਦੀ ਪ੍ਰਾਪਤੀ ਦਾ ਭਾਵ ਹੈ ਸਤਿਨਾਮ ਦਾ ਸੁਰਤਿ ਨਾਲ ਮੇਲ ਹੋ ਜਾਣਾ। ਗੁਰ ਸ਼ਬਦ ਦੀ ਪ੍ਰਾਪਤੀ ਦਾ ਭਾਵ ਹੈ ਸੁਹਾਗ ਦੀ ਪ੍ਰਾਪਤੀ ਹੋ ਜਾਣਾ। ਗੁਰ ਸ਼ਬਦ ਦੀ ਪ੍ਰਾਪਤੀ ਦਾ ਭਾਵ ਹੈ ਸਮਾਧੀ ਦੀ ਪ੍ਰਾਪਤੀ ਹੋ ਜਾਣਾ। ਗੁਰ ਸ਼ਬਦ ਦੀ ਪ੍ਰਾਪਤੀ ਦਾ ਭਾਵ ਹੈ ਦਰਗਾਹ ਵਿੱਚ ਬੰਦਗੀ ਦਾ ਖ਼ਾਤਾ ਖੁੱਲ੍ਹ ਜਾਣਾ। ਗੁਰ ਸ਼ਬਦ ਦੀ ਪ੍ਰਾਪਤੀ ਦਾ ਭਾਵ ਹੈ ਕਰਮ ਖੰਡ ਦੀ ਅਵਸਥਾ ਦੀ ਪ੍ਰਾਪਤੀ ਹੋ ਜਾਣਾ। ਗੁਰ ਸ਼ਬਦ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦਾ ਮਨ ਸ਼ਾਂਤ ਹੋ ਜਾਂਦਾ ਹੈ ਅਤੇ ਸਤਿਨਾਮ ਸੁਰਤਿ ਵਿੱਚ ਚਲਾ ਜਾਂਦਾ ਹੈ। ਕਰਮ ਖੰਡ (ਜੋ ਕਿ ਬੰਦਗੀ ਦਾ ਚੌਥਾ ਖੰਡ ਹੈ: ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ) ਵਿੱਚ ਸਥਾਪਿਤ ਹੋਣ ਨਾਲ ਹੀ ਮਨੁੱਖ ਦੀ ਬੰਦਗੀ ਸ਼ੁਰੂ ਹੁੰਦੀ ਹੈ। ਇਸ ਅਵਸਥਾ ਤੋਂ ਪਹਿਲਾਂ ਤਾਂ ਕੇਵਲ ਗੁਰਪ੍ਰਸਾਦਿ ਦੀ ਪ੍ਰਾਪਤੀ ਲਈ ਮਨੁੱਖ ਦਾ ਭਾਂਡਾ (ਦੇਹੀ ਰੂਪੀ) ਤਿਆਰ ਹੁੰਦਾ ਹੈ ਤਾਂ ਜੋ ਇਸ ਵਿੱਚ ਅੰਮ੍ਰਿਤ ਸਮਾ ਸਕੇ। ਪਰੰਤੂ ਪੂਰਨ ਸੰਤ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਨਾਲ ਮਨੁੱਖ ਦੀ ਬੰਦਗੀ ਕਰਮ ਖੰਡ ਵਿੱਚ ਸਥਾਪਿਤ ਹੋ ਜਾਂਦੀ ਹੈ। ਪੂਰਨ ਸੰਤ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਨਾਲ ਹੀ ਮਨੁੱਖ ਦੀ ਬੰਦਗੀ ਸ਼ੁਰੂ ਹੁੰਦੀ ਹੈ।

'ਗੁਰ ਸ਼ਬਦ' ਦੀ ਪ੍ਰਾਪਤੀ ਕੇਵਲ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਹੁੰਦੀ ਹੈ। ਜੋ ਮਨੁੱਖ ਪੂਰਨ ਸੰਤ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਆਪਣਾ ਤਨ-ਮਨ-ਧਨ ਅਰਪਣ ਕਰਦੇ ਹਨ ਉਨ੍ਹਾਂ ਨੂੰ ਗੁਰ ਸ਼ਬਦ ਦੀ ਪ੍ਰਾਪਤੀ ਹੋ ਜਾਂਦੀ ਹੈ। ਪੂਰਨ ਬੰਦਗੀ ਦਾ ਰਹੱਸ ਕੇਵਲ ਇਤਨਾ ਹੀ ਹੈ ਕਿ ਪੂਰਨ ਸੰਤ ਸਤਿਗੁਰੂ ਦੇ ਚਰਨਾਂ ਉੱਪਰ ਤਨ-ਮਨ-ਧਨ ਅਰਪਣ ਕਰਨ ਨਾਲ ਗੁਰ ਸ਼ਬਦ ਦੀ ਪ੍ਰਾਪਤੀ ਹੋ ਜਾਂਦੀ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਤੋਂ ਬਿਨਾਂ ਗੁਰਪ੍ਰਸਾਦਿ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਨ ਤੋਂ ਬਿਨਾਂ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰਪ੍ਰਸਾਦਿ ਪ੍ਰਾਪਤ ਨਹੀਂ ਹੁੰਦਾ ਹੈ। ਪੂਰਨ ਸੰਤ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਨਾਲ ਹੀ ਸਤਿਨਾਮ ਸੁਰਤਿ ਵਿੱਚ ਜਾਂਦਾ ਹੈ ਅਤੇ ਸ਼ਬਦ ਸੁਰਤਿ ਦਾ ਸੁਮੇਲ ਹੁੰਦਾ ਹੈ। ਪੂਰਨ ਸੰਤ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਨਾਲ ਹੀ ਸਮਾਧੀ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਨ ਤੋਂ ਬਿਨਾਂ ਸਤਿ ਸਰੋਵਰ ਜਾਗਰਿਤ ਨਹੀਂ ਹੁੰਦੇ ਹਨ ਅਤੇ ਨਾ ਹੀ ਮਨੁੱਖ ਦੇ ਬਜਰ ਕਪਾਟ ਖੁੱਲ੍ਹਦੇ ਹਨ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਨ ਨਾਲ ਹੀ ਪੂਰਨ ਬੰਦਗੀ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਨ ਨਾਲ ਹੀ ਮਾਇਆ ਨੂੰ ਜਿੱਤਿਆ ਜਾ ਸਕਦਾ ਹੈ। ਪੂਰਨ ਸੰਤ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਨਾਲ ਹੀ ਸੁਹਾਗ ਅਤੇ ਸਦਾ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਸਤਿਗੁਰੂ ਸਾਹਿਬਾਨ ਨੇ ਦ੍ਰਿੜ੍ਹ ਕਰਵਾਇਆ ਹੈ:

ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੨)

ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੭)

ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੮-੩੯)

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੦)

ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੮)

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੬)

ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਪੜਿ ਥਾਕੇ ਸਾਂਤਿ ਨ ਆਈ ਹੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੪੬)

ਬਿਨੁ ਸਤਿਗੁਰ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੧੭)

ਇਸ ਲਈ ਇਸ ਪਰਮ ਪੂਰਨ ਸਤਿ ਨੂੰ ਸਾਰੇ ਸਤਿਗੁਰੂ ਅਵਤਾਰ ਸਾਹਿਬਾਨਾਂ ਨੇ ਗੁਰਬਾਣੀ ਵਿੱਚ ਪ੍ਰਤੱਖ ਪ੍ਰਗਟ ਕੀਤਾ ਹੈ ਕਿ ਬੰਦਗੀ ਦਾ ਗੁਰਪ੍ਰਸਾਦਿ ਕੇਵਲ ਪੂਰਨ ਸੰਤ ਸਤਿਗੁਰੂ ਪਾਸੋਂ ਹੀ ਪ੍ਰਾਪਤ ਹੁੰਦਾ ਹੈ। ਬੰਦਗੀ ਕੇਵਲ ਪੂਰਨ ਸੰਤ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰਨ ਨਾਲ ਹੀ ਪ੍ਰਾਪਤ ਹੁੰਦੀ ਹੈ। ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰਪ੍ਰਸਾਦਿ ਕੇਵਲ ਪੂਰਨ ਸੰਤ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਨਾਲ ਹੀ ਹੁੰਦਾ ਹੈ। ਸਤਿਨਾਮ ਸੁਰਤਿ ਵਿੱਚ ਕੇਵਲ ਪੂਰਨ ਸੰਤ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ ਹੀ ਟਿਕ ਜਾਂਦਾ ਹੈ। ਮਨੁੱਖ ਨੂੰ ਸਮਾਧੀ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਕੇਵਲ ਪੂਰਨ ਸੰਤ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ ਹੀ ਹੁੰਦੀ ਹੈ। ਮਨੁੱਖ ਦੀ ਸੂਖਸ਼ਮ ਦੇਹੀ ਵਿੱਚ ਸਥਿਤ ੭ ਸਤਿ ਸਰੋਵਰ ਕੇਵਲ ਪੂਰਨ ਸੰਤ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ ਹੀ ਜਾਗਰਿਤ ਹੁੰਦੇ ਹਨ। ਸੂਖਸ਼ਮ ਦੇਹੀ ਵਿੱਚ ਸਥਿਤ ਮਨੁੱਖ ਦੇ ਸਾਰੇ ਬਜਰ ਕਪਾਟ ਅਤੇ ਦਸਮ ਦੁਆਰ ਕੇਵਲ ਪੂਰਨ ਸੰਤ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ ਹੀ ਖੁੱਲ੍ਹਦੇ

ਹਨ। ਮਨੁੱਖ ਦੇ ਹਿਰਦੇ ਵਿੱਚ ਸਤਿਨਾਮ ਕੇਵਲ ਪੂਰਨ ਸੰਤ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ ਹੀ ਪ੍ਰਕਾਸ਼ਮਾਨ ਹੁੰਦਾ ਹੈ। ਮਨੁੱਖ ਦੇ ਰੋਮ-ਰੋਮ ਵਿੱਚ ਸਤਿਨਾਮ ਕੇਵਲ ਪੂਰਨ ਸੰਤ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ ਹੀ ਪ੍ਰਕਾਸ਼ਮਾਨ ਹੁੰਦਾ ਹੈ। ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੂੰ ਕੇਵਲ ਪੂਰਨ ਸੰਤ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ ਹੀ ਜਿੱਤਿਆ ਜਾਂਦਾ ਹੈ। ਮਨੁੱਖ ਦੀ ਤ੍ਰਿਸ਼ਣਾ ਕੇਵਲ ਪੂਰਨ ਸੰਤ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ ਹੀ ਬੁਝਦੀ ਹੈ। ਮਾਇਆ ਨੂੰ ਕੇਵਲ ਪੂਰਨ ਸੰਤ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ ਹੀ ਜਿੱਤਿਆ ਜਾਂਦਾ ਹੈ। ਜੀਵਨ ਮੁਕਤੀ ਕੇਵਲ ਪੂਰਨ ਸੰਤ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ ਹੀ ਪ੍ਰਾਪਤ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੇ ਸਤਿ ਚਰਨਾਂ 'ਤੇ ਜੋ ਪੂਰਨ ਸਮਰਪਣ ਕਰਦੇ ਹਨ; ਉਨ੍ਹਾਂ ਨੂੰ ਇਹ ਸਾਰੀਆਂ ਰੂਹਾਨੀ ਪ੍ਰਾਪਤੀਆਂ ਸਹਿਜੇ ਹੀ ਹੋ ਜਾਂਦੀਆਂ ਹਨ। ਕਿਉਂਕਿ ਪੂਰਨ ਸੰਤ ਸਤਿਗੁਰੂ ਦੇ ਛਤਰ ਹੇਠ ਮਾਇਆ ਦਾ ਪ੍ਰਭਾਵ ਨਹੀਂ ਹੁੰਦਾ ਹੈ ਅਤੇ ਜੋ ਜਿਗਿਆਸੂ ਐਸੇ ਮਹਾਂਪੁਰਖਾਂ ਦੇ ਛਤਰ ਹੇਠ ਬੈਠ ਜਾਂਦੇ ਹਨ; ਉਨ੍ਹਾਂ ਦੀ ਬੰਦਗੀ ਸਹਿਜੇ ਹੀ ਪੂਰਨ ਹੋ ਜਾਂਦੀ ਹੈ। ਪੂਰਨ ਸੰਤ ਸਤਿਗੁਰੂ ਦੇ ਸਤਿ ਚਰਨਾਂ 'ਤੇ ਜੋ ਮਨੁੱਖ ਪੂਰਨ ਸਮਰਪਣ ਕਰਦੇ ਹਨ; ਉਨ੍ਹਾਂ ਦੇ ਸੀਸ ਉੱਪਰ ਸਦਾ ਹੀ ਐਸੇ ਮਹਾਂਪੁਰਖ ਦਾ ਛਤਰ ਝੂਲਦਾ ਰਹਿੰਦਾ ਹੈ। ਐਸਾ ਬੰਦਗੀ ਵਿੱਚ ਲੀਨ ਮਨੁੱਖ ਧਰਤੀ ਉੱਪਰ ਜਿੱਥੇ ਮਰਜ਼ੀ ਬੈਠਾ ਹੋਵੇ, ਉਸ ਦੇ ਸਤਿਗੁਰੂ ਦਾ ਛਤਰ ਸਦਾ ਉਸ ਦੇ ਸੀਸ ਉੱਪਰ ਝੂਲਦਾ ਹੈ ਅਤੇ ਉਸ ਦੀ ਰੱਖਿਆ ਕਰਦਾ ਹੈ। ਕਿਉਂਕਿ ਪੂਰਨ ਸੰਤ ਸਤਿਗੁਰੂ ਦਾ ਛਤਰ ਬੇਅੰਤ ਹੈ ਅਤੇ ਉਹ ਛਤਰ ਸਾਰੇ ਬ੍ਰਹਿਮੰਡ ਵਿੱਚ ਝੂਲਦਾ ਹੈ। ਐਸੇ ਜਿਗਿਆਸੂ ਜਿਨ੍ਹਾਂ ਨੂੰ ਪੂਰਨ ਸੰਤ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਪ੍ਰਾਪਤ ਹੁੰਦਾ ਹੈ, ਜਦ ਉਹ ਸਿਮਰਨ ਸਮਾਧੀ ਧਾਰਨ ਕਰਦੇ ਹਨ ਤਾਂ ਉਨ੍ਹਾਂ ਕੋਲ ਬਹੁਤ ਸਾਰੀਆਂ ਮੁਕਤ ਸੰਤ ਰੂਹਾਂ ਆ ਕੇ ਬਿਰਾਜਮਾਨ ਹੋ ਜਾਂਦੀਆਂ ਹਨ ਅਤੇ ਸਿਮਰਨ ਕਰਦੀਆਂ ਹਨ। ਐਸੀਆਂ ਮੁਕਤ ਸੰਤ ਰੂਹਾਂ ਦੀ ਮੌਜੂਦਗੀ ਨਾਲ ਸਮਾਧੀ ਵਿੱਚ ਬੈਠੇ ਹੋਏ ਜਿਗਿਆਸੂ ਦੇ ਆਲੇ-ਦੁਆਲੇ ਦਾ ਵਾਤਾਵਰਨ ਪਵਿੱਤਰ ਹੋ ਜਾਂਦਾ ਹੈ ਅਤੇ ਇਹ ਸੰਤ ਰੂਹਾਂ ਉਸ ਦੇ ਸਿਮਰਨ ਵਿੱਚ ਸਹਾਇਕ ਸਿੱਧ ਹੁੰਦੀਆਂ ਹਨ। ਇਸ ਲਈ ਜਦ ਸਮਾਧੀ ਵਿੱਚ ਲੀਨ ਜਿਗਿਆਸੂ ਸਿਮਰਨ ਵਿੱਚ ਗਹਿਰਾ ਉਤਰ ਜਾਂਦਾ ਹੈ ਤਾਂ ਉਹ ਕੇਵਲ ਆਪਣਾ ਹੀ ਭਲਾ ਨਹੀਂ ਕਰਦਾ ਬਲਕਿ ਉਹ ਆਲੇ-ਦੁਆਲੇ ਦੇ ਵਾਤਾਵਰਨ ਵਿੱਚ ਵਿਚਰਦੇ ਹੋਏ ਆਂਢੀਆਂ-ਗੁਆਂਢੀਆਂ ਨੂੰ ਵੀ ਸ਼ਾਂਤ ਕਰ ਦਿੰਦਾ ਹੈ। ਪੂਰਨ ਸੰਤ ਸਤਿਗੁਰੂ ਦੀ ਮਹਿਮਾ ਬੇਅੰਤ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਨਿਰੰਕਾਰ ਰੂਪ ਹੁੰਦਾ ਹੈ। ਪੂਰਨ ਬ੍ਰਹਮ ਗਿਆਨੀ ਆਪ ਪਰਮੇਸ਼ਰ ਹੁੰਦਾ ਹੈ। ਭਾਵ ਸਤਿ ਪਾਰਬ੍ਰਹਮ ਪਰਮੇਸ਼ਰ ਪੂਰਨ ਸੰਤ ਸਤਿਗੁਰੂ ਜਾਂ ਪੂਰਨ ਬ੍ਰਹਮ ਗਿਆਨੀ ਵਿੱਚ ਆਪ ਪ੍ਰਗਟ ਹੁੰਦਾ ਹੈ। ਇਸ ਲਈ ਜੋ ਜਿਗਿਆਸੂ ਇਸ ਪਰਮ ਸਤਿ ਤੱਤ ਨੂੰ ਸਮਝ ਲੈਂਦੇ ਹਨ ਕਿ ਪੂਰਨ ਸੰਤ ਸਤਿਗੁਰੂ ਹੀ ਆਪ ਪਰਮੇਸ਼ਰ ਹੈ ਉਨ੍ਹਾਂ ਦੀ ਬੰਦਗੀ ਸਹਿਜੇ ਹੀ ਪੂਰਨ ਹੋ ਜਾਂਦੀ ਹੈ। ਭਾਵ ਜੋ ਗੁਰਬਾਣੀ ਕਹਿੰਦੀ ਹੈ ਉਸ ਉਪਦੇਸ਼ ਨੂੰ ਸੁਣਨ, ਮੰਨਣ ਅਤੇ ਕਰਨ ਨਾਲ ਬੰਦਗੀ ਸਹਿਜੇ ਹੀ ਪੂਰਨ ਹੋ ਜਾਂਦੀ ਹੈ। ਇਸ ਤਰ੍ਹਾਂ ਨਾਲ ਪੂਰਨ ਬ੍ਰਹਮ ਗਿਆਨ ਕੇਵਲ ਪੂਰਨ ਸੰਤ ਸਤਿਗੁਰੂ ਹੀ ਵਰਤਾਉਂਦਾ ਹੈ। ਇਸੇ ਪੂਰਨ ਸਤਿ ਦੇ ਇਸ ਪਰਮ ਸ਼ਕਤੀਸ਼ਾਲੀ ਉਪਦੇਸ਼ ਨੂੰ ਇਸ ਪਉੜੀ ਵਿੱਚ 'ਸੋਹਿਲਾ' ਕਿਹਾ ਗਿਆ ਹੈ ਜੋ ਪੂਰਨ ਸੰਤ ਸਤਿਗੁਰੂ ਦੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਨਾਲ ਪ੍ਰਾਪਤ ਹੁੰਦਾ ਹੈ।

ਪੂਰਨ ਸੰਤ ਸਤਿਗੁਰੂ ਦੀ ਇਸ ਬੇਅੰਤ ਮਹਿਮਾ ਬਾਰੇ ਇਸ ਪਰਮ ਸ਼ਕਤੀਸ਼ਾਲੀ ਸਤਿ ਨੂੰ

ਜਾਣਨ ਤੋਂ ਬਾਅਦ ਜਿਗਿਆਸੂ ਦੇ ਮਨ ਵਿੱਚ ਇਹ ਪ੍ਰਸ਼ਨ ਲਾਜ਼ਮੀ ਹੈ ਕਿ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਗੁਰਬਾਣੀ ਗੁਰੂ ਦੇ ਅਨੁਸਾਰ ਪੂਰਨ ਸੰਤ ਸਤਿਗੁਰੂ ਦੀ ਪ੍ਰਾਪਤੀ ਕਰਮ ਦੇ ਵਿਧਾਨ ਅਨੁਸਾਰ ਮਨੁੱਖ ਦੇ ਪੂਰਬਲੇ ਜਨਮਾਂ ਦੇ ਕਰਮਾਂ ਦੇ ਆਧਾਰ 'ਤੇ ਹੁੰਦੀ ਹੈ। ਬੰਦਗੀ ਅਤੇ ਜੀਵਨ ਮੁਕਤੀ ਦੀ ਪ੍ਰਾਪਤੀ ਕੇਵਲ ਇੱਕ ਜਨਮ ਦਾ ਖੇਲ ਨਹੀਂ ਹੈ। ਜੀਵਨ ਮੁਕਤੀ ਤੱਕ ਪਹੁੰਚਣ ਲਈ ਮਨੁੱਖ ਨੂੰ ਕਈ ਜਨਮਾਂ ਤੱਕ ਘਾਲਣਾ ਘਾਲਣੀ ਪੈਂਦੀ ਹੈ। ਕਿਉਂਕਿ ਦੁਨਿਆਵੀ ਜੀਵਨ ਵਿੱਚ ਮਾਇਆ ਦੀ ਚਮਕ-ਦਮਕ ਇਤਨੀ ਪ੍ਰਬਲ ਹੈ ਕਿ ਉਹ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਵਾਲੇ ਪਾਸੇ ਨੂੰ ਲੱਗਣ ਹੀ ਨਹੀਂ ਦਿੰਦੀ ਹੈ। ਮਨੁੱਖ ਦਾ ਸਾਰਾ ਜੀਵਨ ਮਾਇਆ ਦੀ ਗ਼ੁਲਾਮੀ ਵਿੱਚ ਕਦੋਂ ਬਤੀਤ ਹੋ ਜਾਂਦਾ ਹੈ ਉਸ ਨੂੰ ਪਤਾ ਹੀ ਨਹੀਂ ਚਲਦਾ ਹੈ। ਇੱਕ ਆਮ ਮਨੁੱਖ ਮਾਇਆ ਰੂਪੀ ਸੰਸਾਰ ਨੂੰ ਹੀ ਸੱਚ ਮੰਨੀ ਬੈਠਾ ਹੈ। ਮਾਇਆ ਦੀ ਗ਼ੁਲਾਮੀ ਵਿੱਚ ਵਿਚਰਦਾ ਹੋਇਆ ਮਨੁੱਖ ਜਦੋਂ ਆਪਣੇ ਹੀ ਅਸਤਿ ਕਰਮਾਂ ਕਾਰਨ ਦੁੱਖਾਂ, ਕਲੇਸ਼ਾਂ, ਰੋਗਾਂ, ਮੁਸੀਬਤਾਂ, ਗਰੀਬੀ ਆਦਿ ਦਾ ਅਨੁਭਵ ਕਰਦਾ ਹੈ ਤਾਂ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਵਾਲੇ ਪਾਸੇ ਨੂੰ ਮੁਖ ਕਰਦਾ ਹੈ। ਮਨੁੱਖ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਜਦੋਂ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੀ ਗ਼ੁਲਾਮੀ ਅਧੀਨ ਝੂਠ ਕਰਮ ਕਰਦਾ ਹੈ ਤਾਂ ਇਨ੍ਹਾਂ ਅਸਤਿ ਕਰਮਾਂ ਦੇ ਕਾਰਨ ਜਦ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਗਰੀਬੀ, ਮਾਨਸਿਕ ਅਤੇ ਸਰੀਰਕ ਰੋਗਾਂ ਦਾ ਅਨੁਭਵ ਕਰ ਕੇ ਨਿਰਾਸ਼ਤਾ ਨਾਲ ਘਿਰ ਜਾਂਦਾ ਹੈ ਤਾਂ ਉਹ ਆਪਣਾ ਰੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਵੱਲ ਨੂੰ ਕਰਦਾ ਹੈ। ਇਨ੍ਹਾਂ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਗਰੀਬੀ, ਮਾਨਸਿਕ ਅਤੇ ਸਰੀਰਕ ਰੋਗਾਂ ਦਾ ਅਨੁਭਵ ਹੀ ਉਸ ਦਾ ਦਾਰੂ ਬਣਦਾ ਹੈ ਅਤੇ ਇਸ ਮਜਬੂਰੀ ਦੀ ਹਾਲਤ ਵਿੱਚ ਪਹੁੰਚ ਕੇ ਫਿਰ ਉਸ ਦਾ ਮੁਖ ਸਤਿ ਪਾਰਬ੍ਰਹਮ ਪਰਮੇਸ਼ਰ ਵੱਲ ਨੂੰ ਮੁੜਦਾ ਹੈ। ਮਾਇਆ ਦੀ ਗ਼ੁਲਾਮੀ ਵਿੱਚ ਵਿਚਰਦੀ ਹੋਈ ਆਪਣੀ ਐਸੀ ਮਾੜੀ ਅਤੇ ਅਤਿਅੰਤ ਦੁੱਖਦਾਈ ਦੁਰਦਸ਼ਾ ਦਾ ਸ਼ਿਕਾਰ ਹੋ ਕੇ ਰੱਬ ਨੂੰ ਚੇਤੇ ਕਰਦਾ ਹੈ। ਬੱਸ ਇੱਥੋਂ ਹੀ ਮਨੁੱਖ ਦੀ ਮੁਹਾੜ ਰੱਬ ਵਾਲੇ ਪਾਸੇ ਨੂੰ ਹੁੰਦੀ ਹੈ। ਫਿਰ ਮਨੁੱਖ ਰੱਬ ਨੂੰ ਯਾਦ ਕਰਨਾ ਸ਼ੁਰੂ ਕਰਦਾ ਹੈ। ਹੌਲੀ-ਹੌਲੀ ਅਸਤਿ ਕਰਮਾਂ ਨੂੰ ਛੱਡਣਾ ਸ਼ੁਰੂ ਕਰਦਾ ਹੈ। ਰੱਬ ਤੋਂ ਖੈਫ਼ ਖਾਂਦਾ ਹੈ ਅਤੇ ਸਤਿ ਕਰਮਾਂ ਵੱਲ ਨੂੰ ਵੱਧਣਾ ਸ਼ੁਰੂ ਕਰਦਾ ਹੈ। ਚੰਗੇ-ਮਾੜੇ ਦੀ ਸੋਝੀ ਪੈਣੀ ਸ਼ੁਰੂ ਹੋ ਜਾਂਦੀ ਹੈ। ਮਾੜੇ ਕਰਮਾਂ ਦਾ ਤਿਆਗ ਕਰਨ ਲੱਗ ਪੈਂਦਾ ਹੈ। ਚੰਗੇ ਕਰਮ ਕਰਨ ਲੱਗ ਪੈਂਦਾ ਹੈ। ਸੱਚਾਈ ਦੇ ਮਾਰਗ ਉੱਪਰ ਚਲਣ ਦਾ ਯਤਨ ਕਰਦਾ ਹੈ। ਹੌਲੀ-ਹੌਲੀ ਸਤਿ ਕਰਮਾਂ ਵੱਲ ਰੁਚੀ ਵੱਧਦੀ ਹੈ ਅਤੇ ਸਤੋ ਬਿਰਤੀ ਵੱਧਣੀ ਸ਼ੁਰੂ ਹੋ ਜਾਂਦੀ ਹੈ। ਸਤਿ ਕਰਮ ਕਰਦੇ-ਕਰਦੇ ਸਤੋ (ਦਇਆ, ਧਰਮ, ਸੰਤੋਖ, ਸੰਜਮ) ਬਿਰਤੀ ਰਜੋ (ਤ੍ਰਿਸ਼ਣਾ) ਅਤੇ ਤਮੋ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਬਿਰਤੀ ਉੱਪਰ ਹਾਵੀ ਹੋ ਜਾਂਦੀ ਹੈ। ਸਤੋ ਬਿਰਤੀ ਵਾਲੇ ਮਨੁੱਖਾਂ ਨੂੰ ਮੌਤ ਤੋਂ ਉਪਰੰਤ ਫਿਰ ਮਨੁੱਖਾ ਜਨਮ ਦਾ ਸੁਭਾਗ ਪ੍ਰਾਪਤ ਹੋ ਜਾਂਦਾ ਹੈ। ਰੱਬ ਵਾਲੇ ਪਾਸੇ ਨੂੰ ਤੁਰਦੇ ਹੋਏ ਮਨੁੱਖ ਦੀ ਮੌਤ ਤੋਂ ਬਾਅਦ ਜਦ ਅਗਲਾ ਮਨੁੱਖਾ ਜਨਮ ਪ੍ਰਾਪਤ ਹੁੰਦਾ ਹੈ ਤਾਂ ਪਿਛਲੇ ਜਨਮ ਦੇ ਸਤੋ ਬਿਰਤੀ ਵਾਲੇ ਸੰਸਕਾਰ ਉਸ ਦੀ ਸਹਾਇਤਾ ਕਰਦੇ ਹਨ। ਪਿਛਲੇ ਜਨਮ ਵਿੱਚ ਰੱਬ ਵੱਲ ਨੂੰ ਤੁਰਦੇ ਹੋਏ ਉਸਨੇ ਜਿਤਨਾ ਪੈਂਡਾ ਤੁਰ ਕੇ ਤਯ ਕੀਤਾ ਹੁੰਦਾ ਹੈ ਉਸ ਨੂੰ ਉਸ ਤੋਂ ਅੱਗੇ ਤੁਰਨ ਦੀ ਬਖ਼ਸ਼ਿਸ਼ ਪ੍ਰਾਪਤ ਹੁੰਦੀ ਹੈ। ਹਾਲਾਂਕਿ ਦੁਨਿਆਵੀ ਜੀਵਨ ਵਿੱਚ ਮਨੁੱਖ ਦੇ ਨਵੇਂ ਜਨਮ ਵਿੱਚ ਮਨੁੱਖ ਨੂੰ ਸਾਰੀਆਂ ਕਿਰਿਆਵਾਂ (ਜਿਵੇਂ ਸਕੂਲੀ ਸਿੱਖਿਆ, ਨੌਕਰੀ, ਵਪਾਰ, ਵਿਆਹ, ਕਬੀਲਦਾਰੀ ਆਦਿ ਸਾਰੇ ਕਾਰ-ਵਿਹਾਰ) ਫਿਰ ਨਵੇਂ ਸਿਰੇ ਤੋਂ ਕਰਨੀਆਂ ਪੈਂਦੀਆਂ ਹਨ। ਪਰੰਤੂ ਮਨੁੱਖ ਦਾ ਰੱਬ ਵਾਲੇ ਪਾਸੇ ਨੂੰ ਜਾਂਦਾ ਹੋਇਆ ਪੈਂਡਾ ਮੁੱਢ ਤੋਂ ਨਹੀਂ ਸ਼ੁਰੂ ਹੁੰਦਾ ਹੈ, ਬਲਕਿ ਜਿੱਥੇ ਤੱਕ ਮਨੁੱਖ ਪਿਛਲੇ ਜਨਮ ਵਿੱਚ ਤੁਰ ਕੇ ਪਹੁੰਚਿਆ ਹੁੰਦਾ ਹੈ,

ਅਗਲਾ ਪੈਂਡਾ ਉੱਥੋਂ ਹੀ ਸ਼ੁਰੂ ਹੋ ਜਾਂਦਾ ਹੈ। ਭਾਵ ਰੱਬ ਵਾਲੇ ਪਾਸੇ ਨੂੰ ਪਿਛਲੇ ਜਨਮਾਂ ਵਿੱਚ ਕੀਤੀ ਗਈ ਘਾਲਣਾ ਵਿਅਰਥ ਨਹੀਂ ਜਾਂਦੀ ਬਲਕਿ ਉਹ ਸਾਰੀ ਘਾਲਣਾ ਦਾ ਫਲ ਮਨੁੱਖ ਨੂੰ ਰੱਬ ਵਾਲੇ ਪਾਸੇ ਨੂੰ ਅਗਾਂਹ ਵਧਾਉਂਦਾ ਹੈ। ਇਸ ਤਰ੍ਹਾਂ ਜਨਮ ਦਰ ਜਨਮ ਮਨੁੱਖ ਦੇ ਸਤਿ ਕਰਮ ਵਧਦੇ ਜਾਂਦੇ ਹਨ ਅਤੇ ਉਸ ਦਾ ਸਤਿ ਕਰਮਾਂ ਦਾ ਪਲੜਾ ਅਸਤਿ ਕਰਮਾਂ ਨਾਲੋਂ ਭਾਰੀ ਹੋਣ ਲੱਗ ਪੈਂਦਾ ਹੈ। (ਦਾਸਨ ਦਾਸ ਦਾ ਜਾਤੀ ਅਨੁਭਵ ਹੈ ਕਿ ਇੱਕ ਆਮ ਮਨੁੱਖ ਨੂੰ ੧੦-੧੫ ਜਨਮ ਲੱਗਦੇ ਹਨ ਜੀਵਨ ਮੁਕਤੀ ਦਾ ਪੰਥ ਪੂਰਾ ਕਰਨ ਲਈ।) ਇਸ ਤਰ੍ਹਾਂ ਨਾਲ ਸਤੋ ਬਿਰਤੀ ਦੀ ਕਮਾਈ ਕਰਦੇ-ਕਰਦੇ ਮਨੁੱਖ ਉਸ ਹੱਦ ਨੂੰ ਪਾਰ ਕਰਦਾ ਹੈ ਜਿਸ ਦੇ ਪਾਰ ਕਰਦੇ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਉਸ ਉੱਪਰ ਤੁੱਠਦਾ ਹੈ ਅਤੇ ਆਪਣੀ ਨਦਰ ਕਿਰਪਾ ਕਰਦਾ ਹੈ। ਜੋ ਮਨੁੱਖ ਸਤੋ ਬਿਰਤੀ ਵਾਲੇ ਹੋ ਜਾਂਦੇ ਹਨ; ਉਨ੍ਹਾਂ ਦਾ ਮਾਰਗ ਦਰਸ਼ਨ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਕਰਦਾ ਹੈ ਅਤੇ ਇਸ ਅਵਸਥਾ ਵਿੱਚ ਪਹੁੰਚਣ ਵਾਲੇ ਮਨੁੱਖਾਂ ਦੇ ਭਾਗਾਂ ਨੂੰ ਪੂਰੇ ਭਾਗ ਕਰ ਕੇ ਲਿਖ ਦਿੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਪੂਰੇ ਭਾਗਾਂ ਵਾਲੇ ਮਨੁੱਖ ਨੂੰ ਫਿਰ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੇ ਵਿੱਚ ਲੈ ਜਾਂਦਾ ਹੈ। ਇਸ ਤਰ੍ਹਾਂ ਨਾਲ ਮਨੁੱਖ ਆਪਣਾ ਮੁਕੱਦਰ ਆਪਣੀ ਰੋਜ਼ਾਨਾ ਦੀ ਕਰਨੀ ਨਾਲ ਆਪ ਲਿਖਦਾ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧)

ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭)

ਜਿਨ ਕਉ ਪੂਰਬਿ ਲਿਖਿਆ ਸਤਗੁਰੁ ਭੇਟਿਆ ਤਿਨ ਆਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੫-੩੬)

ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ ਬਚਨੁ ਕਮਾਹਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੩)

ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੪)

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੦੪)

ਜਿਨ ਕਉ ਪੂਰਬਿ ਲਿਖਿਆ ਤਿਨਾ ਸਤਗੁਰੁ ਮਿਲਿਆ ਪ੍ਰਭੁ ਆਇ ॥
ਨਾਨਕ ਗੁਰ ਪਰਸਾਦੀ ਉਬਰੇ ਹਉਮੈ ਸਬਦਿ ਜਲਾਇ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੯੨)

ਜਿਨ ਕਉ ਪੂਰਬਿ ਲਿਖਿਆ ਸਤਿਗੁਰੁ ਮਿਲਿਆ ਤਿਨ ਆਇ ॥

ਅਨਦਿਨੁ ਨਾਮੁ ਧਿਆਇਦੇ ਨਾਨਕ ਸਚਿ ਸਮਾਇ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੪੯)

ਜਦ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਨਦਰ ਮਨੁੱਖ 'ਤੇ ਪ੍ਰਗਟ ਹੁੰਦੀ ਹੈ; ਜਦ ਉਸ ਦੇ ਪੂਰਬਲੇ ਸਤਿ ਕਰਮਾਂ ਦੇ ਬੀਜੇ ਹੋਏ ਅੰਕੁਰ ਫੁੱਟਦੇ ਹਨ। ਇਹ ਪੂਰਨ ਸਤਿ ਹੈ ਕਿ ਪੂਰਬਲੇ ਸਤਿ ਕਰਮਾਂ ਦੇ ਬੀਜੇ ਹੋਏ ਅੰਕੁਰ ਜਦ ਫੁੱਟਦੇ ਹਨ ਤਾਂ ਮਨੁੱਖ ਨੂੰ 'ਪੁਰਖ ਰਸਿਕ ਬੈਰਾਗੀ' ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ, ਭਾਵ ਉਸ ਮਹਾਂਪੁਰਖ ਦੀ ਚਰਨ-ਸ਼ਰਨ ਦੀ ਪ੍ਰਾਪਤੀ ਹੁੰਦੀ ਹੈ ਜੋ ਕਿ ਸਤਿ ਪਾਰਬ੍ਰਹਮ ਵਿੱਚ ਅਭੇਦ ਹੋ ਕੇ ਹਰ ਇੱਕ ਰਚਨਾ ਵਿੱਚ ਸਮਾ ਜਾਂਦਾ ਹੈ ਅਤੇ ਮਾਇਆ ਤੋਂ ਨਿਰਲੇਪ ਅਵਸਥਾ ਵਿੱਚ ਕਾਇਮ-ਦਾਇਮ ਹੋ ਜਾਂਦਾ ਹੈ। ਐਸਾ ਮਹਾਂਪੁਰਖ ਹੀ ਪੂਰਨ ਸੰਤ, ਸਤਿਗੁਰੂ ਜਾਂ ਪੂਰਨ ਬ੍ਰਹਮ ਗਿਆਨੀ ਹੁੰਦਾ ਹੈ। ਇਸ ਲਈ ਇਹ ਪਰਮ ਸ਼ਕਤੀਸ਼ਾਲੀ ਪੂਰਨ ਸਤਿ ਹੈ ਕਿ ਪੂਰਬਲੇ ਸਤਿ ਕਰਮਾਂ ਦੇ ਬੀਜੇ ਹੋਏ ਅੰਕੁਰ ਜਦ ਫੁੱਟਦੇ ਹਨ ਤਾਂ ਮਨੁੱਖ ਨੂੰ ਪੂਰਨ ਸੰਤ ਸਤਿਗੁਰੂ ਜਾਂ ਪੂਰਨ ਬ੍ਰਹਮ ਗਿਆਨੀ ਦੀ ਸਤਿ ਸੰਗਤ ਪ੍ਰਾਪਤ ਹੁੰਦੀ ਹੈ। ਜਦ ਮਨੁੱਖ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਂਦਾ ਹੈ ਅਤੇ ਐਸੇ ਮਹਾਂਪੁਰਖ ਦੇ ਸਤਿ ਚਰਨਾਂ 'ਤੇ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਪੂਰਨ ਸਮਰਪਣ ਕਰਦਾ ਹੈ ਤਾਂ ਉਸ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰਪ੍ਰਸਾਦਿ ਪ੍ਰਾਪਤ ਹੁੰਦਾ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦੇ ਭਾਗ ਖੁੱਲ੍ਹ ਜਾਂਦੇ ਹਨ। ਬੇਅੰਤ ਕਿਰਪਾ ਬਰਸਦੀ ਹੈ। ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਸ਼ਬਦ-ਸੁਰਤਿ ਦਾ ਸੁਮੇਲ ਹੋ ਜਾਂਦਾ ਹੈ। ਸਤਿਨਾਮ ਸੁਰਤਿ ਵਿੱਚ ਉੱਕਰ ਜਾਂਦਾ ਹੈ। ਸਤਿਨਾਮ ਦੀ ਕਮਾਈ ਸ਼ੁਰੂ ਹੋ ਜਾਂਦੀ ਹੈ। ਦਰਗਾਹ ਵਿੱਚ ਬੰਦਗੀ ਦਾ ਖ਼ਾਤਾ ਖੁੱਲ੍ਹ ਜਾਂਦਾ ਹੈ। ਸਮਾਧੀ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਹੋ ਜਾਂਦੀ ਹੈ। ਸਾਰੇ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ। ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਅਨਹਦ ਸ਼ਬਦ ਦੀ ਪ੍ਰਾਪਤੀ ਹੋ ਜਾਂਦੀ ਹੈ। ਸਤਿਨਾਮ ਵਿੱਚ ਰੱਤੀ ਹੋਈ ਸੁਹਾਗਣ ਰੰਗ-ਰਲੀਆਂ ਮਾਣਦੀ ਹੈ। ਸਤਿਨਾਮ ਰੋਮ-ਰੋਮ ਵਿੱਚ ਰਚ ਜਾਂਦਾ ਹੈ। ਦੇਹੀ ਅੰਮ੍ਰਿਤ ਭਿੰਨੀ ਹੋ ਜਾਂਦੀ ਹੈ। ਪੰਜ ਦੂਤ ਵੱਸ ਆ ਜਾਂਦੇ ਹਨ। ਤ੍ਰਿਸ਼ਨਾ ਬੁਝ ਜਾਂਦੀ ਹੈ। ਮਾਇਆ ਮਨੁੱਖ ਦੇ ਚਰਨਾਂ 'ਤੇ ਆਪਣੇ ਗੋਡੇ ਟੇਕ ਦਿੰਦੀ ਹੈ। ਮਾਇਆ ਮਨੁੱਖ ਦੇ ਚਰਨਾਂ 'ਤੇ ਆਪਣਾ ਸੀਸ ਰੱਖ ਦਿੰਦੀ ਹੈ। ਹਿਰਦੇ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਤ੍ਰੈ ਗੁਣ ਮਾਇਆ ਤੋਂ ਪਰੇ ਚੌਥੇ ਪਦ ਵਿੱਚ ਅੱਪੜ ਕੇ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਹੋ ਜਾਂਦੇ ਹਨ। ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਂਦਾ ਹੈ। ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਬੰਦਗੀ ਦਰਗਾਹ ਵਿੱਚ ਪ੍ਰਵਾਨ ਹੋ ਜਾਂਦੀ ਹੈ। ਬੰਦਗੀ ਪੂਰਨ ਹੋ ਜਾਂਦੀ ਹੈ। ਸੁਹਾਗਣ ਸਦਾ ਸੁਹਾਗਣ ਬਣ ਜਾਂਦੀ ਹੈ। ਮਹਾ ਪਰਉਪਕਾਰ ਦੀ ਸੇਵਾ ਦੀ ਪ੍ਰਾਪਤੀ ਹੋ ਜਾਂਦੀ ਹੈ। ਐਸੀ ਸੁੰਦਰ ਅਤੇ ਪਰਮ ਸ਼ਕਤੀਸ਼ਾਲੀ ਮਹਿਮਾ ਹੈ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਜੋ ਧਰਤੀ ਉੱਪਰ ਦਰਗਾਹ ਦੇ ਰੂਪ ਵਿੱਚ ਪ੍ਰਤੱਖ ਪ੍ਰਗਟ ਹੁੰਦੀ ਹੈ। ਇਸ ਲਈ ਸਾਰੀ ਸੰਗਤ ਦੇ ਚਰਨਾਂ 'ਤੇ ਸਨਿਮਰ ਬੇਨਤੀ ਹੈ ਕਿ ਸਤਿ ਦੀ ਕਰਨੀ ਉੱਪਰ ਆਪਣਾ ਧਿਆਨ ਕੇਂਦਰਿਤ ਰੱਖੋ ਅਤੇ ਸਤੋ ਬਿਰਤੀ ਦੀ ਕਮਾਈ ਕਰੋ ਤਾਂ ਜੋ ਤੁਹਾਡੇ ਭਾਗ ਵੀ ਜਾਗਰਿਤ ਹੋਣ ਅਤੇ ਤੁਹਾਨੂੰ ਵੀ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੋ ਸਕੇ ਅਤੇ ਤੁਸੀਂ ਵੀ ਆਪਣਾ ਇਹ ਨਿਰਮੋਲਕ ਜਨਮ ਹੀਰਾ ਸਫ਼ਲ ਕਰ ਸਕੋ।

ਸਤਿ ਪਾਰਬ੍ਰਹਮ ਪਰਮੇਸ਼ਰ ਦੀ ਨਦਰ ਤਾਂ ਬਹੁਤ ਲੋਕਾਂ 'ਤੇ ਹੁੰਦੀ ਹੈ ਪਰੰਤੂ ਕਮਾਈ ਕੋਈ ਵਿਰਲਾ ਹੀ ਕਰਦਾ ਹੈ। ਬਹੁਤ ਸਾਰੇ ਜਿਗਿਆਸੂਆਂ ਨੂੰ ਪੂਰਨ ਸੰਤ ਸਤਿਗੁਰੂ ਦੀ ਸੰਗਤ ਦਾ ਸੁਭਾਗ ਪ੍ਰਾਪਤ ਹੁੰਦਾ ਹੈ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਪਰੰਤੂ ਕੋਈ ਵਿਰਲਾ ਹੀ ਕਮਾਈ ਕਰ ਕੇ ਜੀਵਨ ਮੁਕਤੀ ਦੀ ਪ੍ਰਾਪਤੀ ਕਰਦਾ ਹੈ। ਬੰਦਗੀ ਦਾ ਮਾਰਗ ਪੂਰਨ ਸਮਰਪਣ ਦਾ ਮਾਰਗ ਹੈ। ਕੋਈ ਵਿਰਲਾ ਹੀ ਹੁੰਦਾ ਹੈ ਜੋ ਪੂਰਨ ਸੰਤ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਦਾ ਹੈ। ਪੂਰਨ ਸਮਰਪਣ ਤੋਂ ਭਾਵ ਹੈ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਆਪਣਾ ਤਨ, ਮਨ, ਧਨ ਸਤਿਗੁਰੂ ਦੇ ਸਤਿ ਚਰਨਾਂ 'ਤੇ ਅਰਪਣ ਕਰਨਾ। ਕਿਉਂਕਿ ਜੋ ਮਨੁੱਖ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਦੇ ਹਨ ਕੇਵਲ ਉਨ੍ਹਾਂ ਨੂੰ ਹੀ ਪੂਰਨ ਬੰਦਗੀ ਦਾ ਗੁਰਪ੍ਰਸਾਦਿ ਪ੍ਰਾਪਤ ਹੁੰਦਾ ਹੈ। ਜੋ ਮਨੁੱਖ ਸਤਿਗੁਰੂ ਨੂੰ ਪੂਰਨ ਤੌਰ 'ਤੇ ਮੁੱਖ ਰੱਖਦਾ ਹੈ ਕੇਵਲ ਉਹ ਮਨੁੱਖ ਹੀ ਗੁਰਮੁਖ ਬਣਦਾ ਹੈ। ਕੋਈ ਵਿਰਲੇ ਨੂੰ ਛੱਡ ਕੇ ਬਾਕੀ ਸਾਰੇ ਲੋਕ ਮਾਇਆ ਨੂੰ ਜਿੱਤਣ ਵਿੱਚ ਅਸਮਰਥ ਰਹਿ ਜਾਂਦੇ ਹਨ ਕਿਉਂਕਿ ਉਹ ਆਪਣੇ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਨਹੀਂ ਕਰਦੇ ਹਨ। ਇਸ ਲਈ ਪੂਰਨ ਸੰਤ ਸਤਿਗੁਰੂ ਦੇ ਬਚਨ ਕਮਾਏ ਬਿਨਾਂ ਜੋਗ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਜੋਗ ਤੋਂ ਭਾਵ ਹੈ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਵਿੱਚ ਅਭੇਦ ਹੋ ਜਾਣਾ। ਗੁਰਬਾਣੀ ਦੇ ਉਪਦੇਸ਼ ਦੀ ਕਮਾਈ ਕਰਨ ਨਾਲ ਹੀ ਜੋਗ ਦੀ ਪ੍ਰਾਪਤੀ ਹੁੰਦੀ ਹੈ। ਕਿਉਂਕਿ ਬਹੁ ਗਿਣਤੀ ਲੋਕ ਜਿਨ੍ਹਾਂ ਉੱਪਰ ਪੂਰਨ ਸੰਤ ਸਤਿਗੁਰੂ ਦੀ ਕਿਰਪਾ ਹੁੰਦੀ ਹੈ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਰਦੇ ਹਨ; ਉਨ੍ਹਾਂ ਦੀ ਪ੍ਰੀਤ, ਸ਼ਰਧਾ ਅਤੇ ਭਰੋਸੇ ਵਿੱਚ ਗਹਿਰਾਈ ਨਹੀਂ ਹੁੰਦੀ ਹੈ। ਉਨ੍ਹਾਂ ਦਾ ਸਮਰਪਣ ਅਧੂਰਾ ਹੁੰਦਾ ਹੈ। ਉਨ੍ਹਾਂ ਦੀ ਪ੍ਰੀਤ, ਸ਼ਰਧਾ ਅਤੇ ਭਰੋਸਾ ਪੂਰਨ ਨਹੀਂ ਹੁੰਦਾ ਹੈ। ਉਹ ਪੂਰਨ ਤੌਰ 'ਤੇ ਆਪਣੇ ਸਤਿਗੁਰੂ ਨੂੰ ਮੁੱਖ ਨਹੀਂ ਰੱਖ ਪਾਉਂਦੇ ਹਨ। ਉਹ ਪੂਰਨ ਤੌਰ 'ਤੇ ਮਨਮੁਖਤਾ ਦਾ ਤਿਆਗ ਨਹੀਂ ਕਰ ਪਾਉਂਦੇ ਹਨ। ਉਹ ਪੂਰਨ ਤੌਰ 'ਤੇ ਗੁਰਮਤਿ ਨੂੰ ਧਾਰਨ ਨਹੀਂ ਕਰ ਪਾਉਂਦੇ ਹਨ। ਸਤਿਗੁਰੂ ਨੂੰ ਮੁੱਖ ਰੱਖਣਾ ਉਨ੍ਹਾਂ ਦੇ ਜੀਵਨ ਦਾ ਇੱਕੋ-ਇੱਕ ਟੀਚਾ ਨਹੀਂ ਬਣ ਪਾਉਂਦਾ ਹੈ। ਇਸ ਲਈ ਉਨ੍ਹਾਂ ਨੂੰ ਮਾਇਆ ਘੇਰ ਕੇ ਫਿਰ ਦੁਨਿਆਵੀ ਜੀਵਨ ਦੀ ਝੂਠੀ ਚਮਕ-ਦਮਕ ਵਿੱਚ ਲੁਭਾਉਣ ਵਿੱਚ ਕਾਮਯਾਬ ਹੋ ਜਾਂਦੀ ਹੈ ਅਤੇ ਉਹ ਜੀਵਨ ਦੀ ਅਸਲੀ ਬਾਜ਼ੀ ਹਾਰ ਜਾਂਦੇ ਹਨ।

ਕਹਤ ਸੁਨਤ ਕਛੁ ਜੋਗੁ ਨ ਹੋਊ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੫੧)

ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੩੦)

ਇਸ ਲਈ ਝੂਠੇ ਜੋਗੀਆਂ ਵਾਂਗ ਬਾਹਰਲੀਆਂ ਰਹਿਤਾਂ ਦੇ ਮਗਰ ਭੱਜਣ ਨਾਲ ਜੋਗ ਦੀ ਪ੍ਰਾਪਤੀ ਨਹੀਂ ਹੁੰਦੀ ਹੈ ਅਤੇ ਨਾ ਹੀ ਜੀਵਨ ਮੁਕਤੀ ਦੀ ਪ੍ਰਾਪਤ ਹੁੰਦੀ ਹੈ। ਕੇਵਲ ਗੁਰਬਾਣੀ ਪੜ੍ਹ-ਪੜ੍ਹ ਕੇ ਰੂਹਾਨੀਅਤ ਦੀ ਪ੍ਰਾਪਤੀ ਅਤੇ ਜੀਵਨ ਮੁਕਤੀ ਹਾਸਿਲ ਨਹੀਂ ਹੁੰਦੀ ਹੈ। ਝੂਠੇ ਅਤੇ ਅਧੂਰੇ ਪ੍ਰਚਾਰਕਾਂ ਦੇ ਮਗਰ ਲੱਗਣ ਨਾਲ ਰੂਹਾਨੀਅਤ ਦੀ ਪ੍ਰਾਪਤੀ ਨਹੀਂ ਹੁੰਦੀ ਹੈ ਅਤੇ ਨਾ ਹੀ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਰੂਹਾਨੀਅਤ ਦੀ ਪਰਮ ਸ਼ਕਤੀ ਮਨੁੱਖੀ ਨਿਯੰਤਰਨ ਵਿੱਚ ਰਹਿਣ ਵਾਲੀ ਸ਼ਕਤੀ ਨਹੀਂ ਹੈ। ਰੂਹਾਨੀਅਤ ਦੀ ਪਰਮ ਸ਼ਕਤੀ ਮਨੁੱਖੀ ਕਮੇਟੀਆਂ ਅਤੇ ਪ੍ਰਬੰਧਕਾਂ ਦੀ ਮੁਹਤਾਜ ਨਹੀਂ ਹੈ ਅਤੇ ਨਾ ਹੀ ਐਸੀਆਂ ਸੰਸਥਾਵਾਂ ਦੇ ਅਧੀਨ ਵਰਤਦੀ ਹੈ। ਤਨਖ਼ਾਹ ਲੈ ਕੇ ਕੀਤੀ ਗਈ ਸੇਵਾ ਦਰਗਾਹ ਵਿੱਚ ਪ੍ਰਵਾਨ ਨਹੀਂ

ਹੁੰਦੀ ਹੈ। ਤਨਖ਼ਾਹ ਲੈ ਕੇ ਜਾਂ ਧਨ-ਸੰਪਦਾ ਇਕੱਤਰ ਕਰਨ ਲਈ ਕੀਤੀ ਗਈ ਸੇਵਾ ਨਿਸ਼ਫਲ ਹੈ। ਅੱਜ ਦੇ ਸਮੇਂ ਵਿੱਚ ਸਾਰੀ ਲੁਕਾਈ ਕੇਵਲ ਐਸੇ ਤਨਖ਼ਾਹੀਏ, ਅਧੂਰੇ ਅਤੇ ਮਾਇਆ ਦੇ ਗ਼ੁਲਾਮ ਪ੍ਰਚਾਰਕਾਂ ਦੇ ਮਗਰ ਲੱਗ ਕੇ, ਪੂਰਨ ਸਤਿ ਤੋਂ ਅਨਭਿਗ, ਆਪਣਾ ਮਨੁੱਖਾ ਜਨਮ ਨਸ਼ਟ ਕਰਨ ਵਿੱਚ ਵਿਅਸਤ ਹੈ। ਰੂਹਾਨੀਅਤ ਧਨ ਦੇ ਨਾਲ ਖ਼ਰੀਦੀ ਜਾਂ ਵੇਚੀ ਨਹੀਂ ਜਾ ਸਕਦੀ। ਗੁਰਕਿਰਪਾ ਧਨ ਦੇ ਨਾਲ ਖ਼ਰੀਦੀ ਜਾਂ ਵੇਚੀ ਨਹੀਂ ਜਾ ਸਕਦੀ ਹੈ। ਗੁਰਪ੍ਰਸਾਦਿ ਨੂੰ ਧਨ ਦੇ ਨਾਲ ਖ਼ਰੀਦਿਆ ਜਾਂ ਵੇਚਿਆ ਨਹੀਂ ਜਾ ਸਕਦਾ ਹੈ। ਗੁਰਬਾਣੀ ਨੂੰ ਵੇਚਣਾ ਜਾਂ ਖਰੀਦਣਾ ਦਰਗਾਹੀ ਗੁਨਾਹ ਹੈ। ਰੂਹਾਨੀਅਤ ਕੋਈ ਕਿੱਤਾ ਜਾਂ ਕਮਾਈ ਕਰਨ ਦਾ ਸਾਧਨ ਨਹੀਂ ਹੈ। ਰੂਹਾਨੀਅਤ ਨੂੰ ਕਿੱਤਾ ਜਾਂ ਕਮਾਈ ਕਰਨ ਦਾ ਸਾਧਨ ਬਣਾਉਣਾ ਮਾਇਆ ਦੀ ਗ਼ੁਲਾਮੀ ਹੈ। ਜਿੱਥੇ ਮਾਇਆ ਦਾ ਰਾਜ ਹੋਏ ਉੱਥੇ ਰੂਹਾਨੀਅਤ ਨਹੀਂ ਵਰਤਦੀ ਹੈ। ਜਿੱਥੇ ਮਾਇਆ ਵਰਤਦੀ ਹੋਏ ਉੱਥੇ ਰੂਹਾਨੀਅਤ ਨਹੀਂ ਵਰਤਦੀ ਹੈ। ਜਿੱਥੇ ਲੋਕਾਂ ਦੀ ਭੀੜ ਲੱਗ ਜਾਂਦੀ ਹੋਵੇ ਉੱਥੇ ਰੂਹਾਨੀਅਤ ਨਹੀਂ ਵਰਤਦੀ ਕਿਉਂਕਿ ਜਿੱਥੇ ਮਾਇਆ ਵਰਤਦੀ ਹੈ ਉੱਥੇ ਹੀ ਜ਼ਿਆਦਾ ਭੀੜ ਹੋਇਆ ਕਰਦੀ ਹੈ। ਇਸ ਲਈ ਇਹ ਸਮਝੋ ਕਿ ਜਿੱਥੇ ਲੱਖਾਂ-ਕਰੋੜਾਂ ਦੀ ਭੀੜ ਜਮ੍ਹਾਂ ਹੁੰਦੀ ਹੋਵੇ; ਉਸ ਪ੍ਰਚਾਰਕ ਦੇ ਪਾਸ ਰੂਹਾਨੀਅਤ ਨਹੀਂ ਵਰਤਦੀ ਹੈ। ਕਿਉਂਕਿ ਆਮ ਲੁਕਾਈ ਦੀ ਇਹ ਧਾਰਨਾ ਹੈ ਕਿ ਜਿੱਥੇ ਜ਼ਿਆਦਾ ਭੀੜ ਲੱਗਦੀ ਹੋਵੇ ਉਹ ਸੰਤ ਜ਼ਿਆਦਾ ਵੱਡਾ ਹੈ। ਜੇਕਰ ਲੁਕਾਈ ਦੀ ਇਹ ਧਾਰਨਾ ਸਤਿ ਹੈ ਤਾਂ ਫਿਰ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਦੀ ਸੰਗਤ ਤਾਂ ਕਰੋੜਾਂ ਵਿੱਚ ਹੋਣੀ ਚਾਹੀਦੀ ਸੀ ਜੋ ਕਿ ਸਤਿ ਨਹੀਂ ਹੈ। ਜੇਕਰ ਲੁਕਾਈ ਦੀ ਇਹ ਧਾਰਨਾ ਸਤਿ ਹੈ ਤਾਂ ਫਿਰ ਸਾਰੇ ਸਤਿਗੁਰੂ ਅਵਤਾਰ ਸਾਹਿਬਾਨਾਂ ਦੀ ਸੰਗਤ ਕਰੋੜਾਂ ਵਿੱਚ ਹੋਣੀ ਚਾਹੀਦੀ ਸੀ ਜੋ ਕਿ ਸਤਿ ਨਹੀਂ ਹੈ। ਕਿਉਂਕਿ ਅਸਲੀਅਤ ਵਿੱਚ ਬੰਦਗੀ ਕਰਨ ਵਾਲਿਆਂ ਦੀ ਗਿਣਤੀ ਤਾਂ ਬਹੁਤ ਘੱਟ ਹੁੰਦੀ ਹੈ। ਇਸੇ ਕਰ ਕੇ ਇਹ ਸਮਝਣਾ ਗ਼ਲਤ ਹੈ ਕਿ ਜਿੱਥੇ ਜ਼ਿਆਦਾ ਲੁਕਾਈ ਦੀ ਭੀੜ ਜੰਮਦੀ ਹੋਵੇ ਉਹ ਸੰਤ ਵੱਡਾ ਹੈ। ਹਾਂ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਜਿੱਥੇ ਲੱਖਾਂ-ਕਰੋੜਾਂ ਦੀ ਭੀੜ ਜੰਮਦੀ ਹੋਵੇ ਉੱਥੇ ਮਾਇਆ ਜ਼ਰੂਰ ਆਪਣੇ ਰੰਗ ਵਿਖਾਉਂਦੀ ਹੈ ਅਤੇ ਕੇਵਲ ਭੇਡ-ਚਾਲ ਵਰਤਦੀ ਹੈ। ਹਾਂ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਜਿੱਥੇ ਲੱਖਾਂ-ਕਰੋੜਾਂ ਦੀ ਭੀੜ ਜੰਮਦੀ ਹੋਵੇ ਉੱਥੇ ਬੈਠਾ ਸੰਤ (ਜਿਸ ਨੂੰ ਦੁਨੀਆਂ ਤਾਂ ਸੰਤ ਸਮਝਦੀ ਹੋਵੇ) ਪੂਰਨ ਸਤਿ ਨਹੀਂ ਵਰਤਾਂਦਾ ਹੈ। ਜਿੱਥੇ ਪੂਰਨ ਸਤਿ ਨਾ ਵਰਤਦਾ ਹੋਵੇ ਉੱਥੇ ਪੂਰਨ ਸੰਤ ਨਹੀਂ ਹੋ ਸਕਦਾ ਹੈ। ਜਿੱਥੇ ਮਾਇਆ ਵਰਤਦੀ ਹੋਵੇ ਉੱਥੇ ਪੂਰਨ ਸੰਤ ਨਹੀਂ ਬੈਠਾ ਹੋ ਸਕਦਾ ਹੈ। ਕਿਉਂਕਿ ਪੂਰਨ ਸੰਤ ਦੇ ਛਤਰ ਦੇ ਹੇਠ ਤਾਂ ਮਾਇਆ ਫੜਕ ਨਹੀਂ ਸਕਦੀ ਹੈ। ਇਸ ਪਉੜੀ ਦੇ ਸ਼ਬਦ ਵਿੱਚ ਸਤਿਗੁਰੂ ਪਾਤਸ਼ਾਹ ਜੀ ਨੇ ਇਸ ਪਰਮ ਸਤਿ ਨੂੰ ਹੀ ਇਹ ਕਹਿ ਕੇ **"ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ॥"** ਪ੍ਰਗਟ ਕੀਤਾ ਹੈ। ਕੇਵਲ ਪੂਰਨ ਸੰਤ ਸਤਿਗੁਰੂ ਦੀ ਸੰਗਤ ਵਿੱਚ ਹੀ ਪੂਰਨ ਸਤਿ ਵਰਤਦਾ ਹੈ। ਕੇਵਲ ਪੂਰਨ ਸੰਤ ਸਤਿਗੁਰੂ ਦੀ ਸੰਗਤ ਵਿੱਚ ਹੀ ਦਰਗਾਹ ਧਰਤੀ ਉੱਪਰ ਪ੍ਰਗਟ ਹੁੰਦੀ ਹੈ। ਕੇਵਲ ਪੂਰਨ ਸੰਤ ਸਤਿਗੁਰੂ ਦੀ ਸੰਗਤ ਵਿੱਚ ਹੀ ਗੁਰਪ੍ਰਸਾਦਿ ਵਰਤਦਾ ਹੈ। ਕੇਵਲ ਪੂਰਨ ਸੰਤ ਸਤਿਗੁਰੂ ਦੀ ਸੰਗਤ ਵਿੱਚ ਹੀ ਸੁਹਾਗਣਾਂ ਦਾ ਜਨਮ ਹੁੰਦਾ ਹੈ। ਕੇਵਲ ਪੂਰਨ ਸੰਤ ਸਤਿਗੁਰੂ ਦੇ ਛਤਰ ਹੇਠ ਬੈਠ ਕੇ ਬੰਦਗੀ ਹੁੰਦੀ ਹੈ ਅਤੇ ਮਾਇਆ ਨੂੰ ਜਿੱਤਿਆ ਜਾਂਦਾ ਹੈ। ਕੇਵਲ ਪੂਰਨ ਸੰਤ ਸਤਿਗੁਰੂ ਦੇ ਛਤਰ ਹੇਠ ਬੈਠ ਕੇ ਬੰਦਗੀ ਪੂਰਨ ਹੁੰਦੀ ਹੈ।

ਰੂਹਾਨੀਅਤ ਤਾਂ ਕੇਵਲ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਕੀਤੀ ਗਈ ਨਿਸ਼ਕਾਮ

ਸੇਵਾ ਦੇ ਫਲਸਰੂਪ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਨਦਰ ਨਾਲ ਵਰਤਦੀ ਹੈ। ਰੂਹਾਨੀਅਤ ਤਾਂ ਕੇਵਲ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਕੀਤੇ ਗਏ ਪੂਰਨ ਸਮਰਪਣ ਨਾਲ ਪ੍ਰਾਪਤ ਹੁੰਦੀ ਹੈ। ਬੰਦਗੀ ਸਮਰਪਣ ਦਾ ਮਾਰਗ ਹੈ। ਬੰਦਗੀ ਕੇਵਲ ਦੇਣ ਦਾ ਮਾਰਗ ਹੈ ਨਾ ਕਿ ਦੁਨਿਆਵੀ ਸੁੱਖਾਂ ਦੀ ਕਾਮਨਾ ਕਰਨ ਦਾ ਮਾਰਗ ਹੈ। ਜਿੱਥੇ ਲੱਖਾਂ-ਕਰੋੜਾਂ ਦੀ ਭੀੜ ਜਮ੍ਹਾਂ ਹੁੰਦੀ ਹੈ ਉੱਥੇ ਕੇਵਲ ਦੁਨਿਆਵੀ ਸੁੱਖਾਂ ਦੀ ਕਾਮਨਾ ਕਰਨ ਵਾਲੇ ਲੋਕ ਇਕੱਤਰ ਹੁੰਦੇ ਹਨ। ਜਿੱਥੇ ਲੱਖਾਂ-ਕਰੋੜਾਂ ਦੀ ਭੀੜ ਜਮ੍ਹਾਂ ਹੁੰਦੀ ਹੈ ਉੱਥੇ ਕੇਵਲ ਮਾਇਆ ਦੇ ਮੰਗਤੇ ਇਕੱਤਰ ਹੁੰਦੇ ਹਨ। ਮਾਇਆ ਧਾਰੀ ਸੰਤ (ਅਧੂਰੇ) ਕਹਾਉਣ ਵਾਲਿਆਂ ਕੋਲ ਮਾਇਆ ਮੰਗਣ ਵਾਲੇ ਹੀ ਆਉਂਦੇ ਹਨ। ਐਸੇ ਅਧੂਰੇ ਸੰਤ ਕਹਾਉਣ ਵਾਲਿਆਂ ਕੋਲੋਂ ਮਾਇਕੀ ਮੰਗਾਂ ਵੀ ਪੂਰੀਆਂ ਨਹੀਂ ਹੁੰਦੀਆਂ ਹਨ ਅਤੇ ਨਾ ਹੀ ਅੰਮ੍ਰਿਤ ਦੀ ਬੂੰਦ ਪ੍ਰਾਪਤ ਹੋ ਸਕਦੀ ਹੈ। ਇਸ ਲਈ ਸਾਰੀ ਲੁਕਾਈ ਦੇ ਚਰਨਾਂ ਵਿੱਚ ਸਨਿਮਰ ਬੇਨਤੀ ਹੈ ਕਿ ਸਤਿ ਦੀ ਕਰਨੀ ਉੱਪਰ ਆਪਣਾ ਧਿਆਨ ਕੇਂਦਰਿਤ ਕਰੋ ਅਤੇ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਦੀ ਪ੍ਰਾਪਤੀ ਲਈ ਅਰਦਾਸ ਕਰੋ। ਐਸਾ ਕਰਨ ਨਾਲ ਆਪ ਜੀ ਦੇ ਭਾਗ ਜ਼ਰੂਰ ਜਾਗਰਿਤ ਹੋਣਗੇ ਅਤੇ ਆਪ ਨੂੰ ਪੂਰਨ ਸੰਤ ਸਤਿਗੁਰੂ ਦੀ ਪ੍ਰਾਪਤੀ ਹੋਵੇਗੀ।

■

ਅਨੰਦੁ ਸਾਹਿਬ-ਪਉੜੀ ੧੭

ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ ॥
ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ ॥
ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ ॥
ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ ॥
ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ ॥੧੭॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੯)

ਮਨੁੱਖ ਦਾ ਜੀਵਨ ਪਵਿੱਤਰ ਕਿਵੇਂ ਹੁੰਦਾ ਹੈ ? ਮਨੁੱਖੀ ਜੀਵਨ ਵਿੱਚ ਪਵਿੱਤਰਤਾ ਦਾ ਕੀ ਭਾਵ ਹੈ ? ਕਿਹੜੀ ਰਹਿਤ ਦੀ ਕਮਾਈ ਮਨੁੱਖੀ ਜੀਵਨ ਨੂੰ ਪਵਿੱਤਰ ਬਣਾਉਂਦੀ ਹੈ ? ਕਿਹੜੀ ਕਰਨੀ ਮਨੁੱਖ ਨੂੰ ਪਵਿੱਤਰ ਬਣਾਉਂਦੀ ਹੈ ? ਕਿਹੜੀ ਰਹਿਤ ਦੀ ਕਮਾਈ ਮਨੁੱਖੀ ਜੀਵਨ ਨੂੰ ਸਦਾ ਸੁੱਖ ਦੀ ਪ੍ਰਾਪਤੀ ਕਰਵਾਉਂਦੀ ਹੈ ? ਕਿਹੜੀ ਕਰਨੀ ਦੀ ਕਮਾਈ ਮਨੁੱਖੀ ਜੀਵਨ ਵਿੱਚ ਸਤਿ ਚਿੱਤ ਆਨੰਦ ਦੀ ਪ੍ਰਾਪਤੀ ਕਰਵਾਉਂਦੀ ਹੈ ? ਕਿਹੜੀ ਕਰਨੀ ਮਨੁੱਖੀ ਜੀਵਨ ਵਿੱਚੋਂ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਵਿਕਟ ਸਮੱਸਿਆਵਾਂ ਆਦਿ ਦਾ ਅੰਤ ਕਰ ਕੇ ਮਨੁੱਖੀ ਜੀਵਨ ਨੂੰ ਪਾਵਨ ਕਰ ਦਿੰਦੀ ਹੈ ? ਕਿਹੜੀ ਕਮਾਈ ਮਨੁੱਖੀ ਜੀਵਨ ਵਿੱਚ ਪਰਮ ਆਨੰਦ ਨੂੰ ਸਦਾ-ਸਦਾ ਲਈ ਸਥਾਪਿਤ ਕਰਦੀ ਹੈ ? ਇਨ੍ਹਾਂ ਸਾਰਿਆਂ ਪ੍ਰਸ਼ਨਾਂ ਦੇ ਉੱਤਰ ਗੁਰਬਾਣੀ ਵਿੱਚ ਪ੍ਰਤੱਖ ਪ੍ਰਗਟ ਕੀਤੇ ਗਏ ਹਨ। ਮਨੁੱਖ ਦੀ ਇਸ ਪਵਿੱਤਰਤਾ ਦੀ ਪਰਮ ਸ਼ਕਤੀਸ਼ਾਲੀ ਕਥਾ ਇਸ ਪਾਵਨ ਬਾਣੀ ਵਿੱਚ ਪ੍ਰਗਟ ਕੀਤੀ ਗਈ ਹੈ। ਜੋ ਮਨੁੱਖ 'ਸਤਿ' ਦੀ ਕਮਾਈ ਕਰਦੇ ਹਨ ਉਨ੍ਹਾਂ ਨੂੰ ਇਸ ਪਵਿੱਤਰਤਾ ਦੀ ਪ੍ਰਾਪਤੀ ਹੁੰਦੀ ਹੈ ਜਿਸ ਨਾਲ ਉਨ੍ਹਾਂ ਦਾ ਹਿਰਦਾ ਪਾਵਨ ਹੋ ਜਾਂਦਾ ਹੈ ਜਿਸ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਪ੍ਰਗਟ ਹੋ ਜਾਂਦਾ ਹੈ। 'ਸਤਿ' ਦੀ ਕਮਾਈ ਤੋਂ ਭਾਵ ਹੈ: 'ਸਤਿ' ਦੀ ਰਹਿਤ ਦੀ ਕਮਾਈ; ਜੋ ਐਸੀ ਪਰਮ ਸ਼ਕਤੀਸ਼ਾਲੀ ਕਮਾਈ ਹੈ ਜੋ ਮਨੁੱਖ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਲੈ ਜਾਂਦੀ ਹੈ। ਜਿਸ ਮਨੁੱਖ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ ਉਸ ਮਨੁੱਖ ਦੇ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਜੋਤ ਅਤੇ ਪੂਰਨ ਪ੍ਰਕਾਸ਼ ਪ੍ਰਤੱਖ ਪ੍ਰਗਟ ਹੋ ਜਾਂਦੇ ਹਨ। ਜੋ ਮਨੁੱਖ 'ਸਤਿ' ਦੀ ਕਮਾਈ ਕਰਦੇ ਹਨ ਉਨ੍ਹਾਂ ਦਾ ਰੋਮ-ਰੋਮ 'ਸਤਿ ਰੂਪ' ਹੋ ਜਾਂਦਾ ਹੈ। ਪੂਰਨ ਸਚਿਆਰੀ ਰਹਿਤ ਦੀ ਕਮਾਈ ਤੋਂ ਭਾਵ ਹੈ ਮਾਇਆ ਨੂੰ ਜਿੱਤਣ ਦੀ ਰਹਿਤ ਦੀ ਕਮਾਈ। ਪੂਰਨ ਸਚਿਆਰੀ ਰਹਿਤ ਤੋਂ ਭਾਵ ਹੈ ਤ੍ਰਿਸ਼ਨਾ ਦਾ ਬੁਝ ਜਾਣਾ ਅਤੇ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੂੰ ਜਿੱਤ ਲੈਣਾ ਹੈ। ਪੂਰਨ ਸਚਿਆਰੀ ਰਹਿਤ ਦੀ ਕਮਾਈ ਉਸ ਪਰਮ ਸ਼ਕਤੀਸ਼ਾਲੀ ਰਹਿਤ ਦੀ ਕਮਾਈ ਹੈ ਜਿਸ ਦੇ ਨਾਲ ਮਨੁੱਖ ਮਾਇਆ ਦੀ ਮਹਾ ਵਿਨਾਸ਼ਕਾਰੀ ਸ਼ਕਤੀਆਂ ਉੱਪਰ ਜਿੱਤ ਹਾਸਲ ਕਰ ਕੇ ਤ੍ਰੈ ਗੁਣ ਮਾਇਆ ਤੋਂ ਪਰੇ ਚੌਥੇ ਪਦ ਵਿੱਚ ਅੱਪੜ ਜਾਂਦਾ ਹੈ ਜਿਸ ਅਵਸਥਾ ਵਿੱਚ ਉਸ ਨੂੰ ਸਤਿ ਪਾਰਬ੍ਰਹਮ

ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਹੋ ਜਾਂਦੇ ਹਨ ਅਤੇ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ।

ਜੋ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਧਿਆਉਂਦੇ ਹਨ ਉਨ੍ਹਾਂ ਨੂੰ 'ਪਵਿਤ' ਅਵਸਥਾ ਵਿੱਚ ਪਹੁੰਚਣ ਦੀ ਪਰਮ ਸ਼ਕਤੀਸ਼ਾਲੀ ਬਖ਼ਸ਼ੀਸ਼ ਦੀ ਪ੍ਰਾਪਤੀ ਹੋ ਜਾਂਦੀ ਹੈ। ਸੁਭਾਵਿਕ ਪ੍ਰਸ਼ਨ ਉੱਠਦਾ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਧਿਆਉਣ ਦਾ ਕੀ ਭਾਵ ਹੈ ? ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਕਿਵੇਂ ਧਿਆਇਆ ਜਾਂਦਾ ਹੈ ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਕੇਵਲ ਸਤਿ ਦੀ ਕਰਨੀ ਵਿੱਚ ਹੀ ਲੁਕੇ ਹੋਏ ਹਨ। ਕਿਵੇਂ ? ਸਤਿ ਦੀ ਕਰਨੀ ਵਿੱਚ ਧਿਆਨ ਕੇਂਦਰਿਤ ਕਰਨ ਨਾਲ ਹੌਲੀ-ਹੌਲੀ ਮਨੁੱਖ ਦੇ ਸਾਰੇ ਕਰਮ ਸਤਿ ਕਰਮਾਂ ਵਿੱਚ ਪਰਿਵਰਤਿਤ ਹੋ ਜਾਂਦੇ ਹਨ। ਸਤਿ ਕਰਮ ਕੀ ਹਨ ? ਜੋ ਕਰਮ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੇ ਅਧੀਨ ਹੋ ਕੇ ਕੀਤੇ ਜਾਂਦੇ ਹਨ ਉਹ ਕਰਮ ਅਸਤਿ ਹੁੰਦੇ ਹਨ। ਜੋ ਕਰਮ ਸਤਿ, ਸੰਤੋਖ, ਦਇਆ, ਧਰਮ, ਸੰਜਮ ਦੇ ਅਧੀਨ ਕੀਤੇ ਜਾਂਦੇ ਹਨ ਉਹ ਕਰਮ ਸਤਿ ਹੁੰਦੇ ਹਨ। ਜੋ ਕਰਮ ਮਨਮਤਿ ਦੇ ਅਧੀਨ ਕੀਤੇ ਜਾਂਦੇ ਹਨ ਉਹ ਕਰਮ ਅਸਤਿ ਕਰਮ ਹੁੰਦੇ ਹਨ। ਜੋ ਕਰਮ ਗੁਰਮਤਿ ਦੇ ਅਧੀਨ ਕੀਤੇ ਜਾਂਦੇ ਹਨ ਉਹ ਕਰਮ ਸਤਿ ਕਰਮ ਹੁੰਦੇ ਹਨ। ਜੋ ਕਰਮ ਭਰਮਾਂ ਨੂੰ ਜਨਮ ਦਿੰਦੇ ਹਨ ਉਹ ਕਰਮ ਅਸਤਿ ਕਰਮ ਹੁੰਦੇ ਹਨ। ਜੋ ਕਰਮ ਦੁਬਿਧਾ ਵਿੱਚ ਕੀਤੇ ਜਾਂਦੇ ਹਨ ਉਹ ਕਰਮ ਅਸਤਿ ਕਰਮ ਹੁੰਦੇ ਹਨ। ਜੋ ਕਰਮ ਸਤਿਗੁਰੂ ਦੇ ਹੁਕਮ ਵਿੱਚ ਹੁੰਦੇ ਹਨ ਉਹ ਕਰਮ ਸਤਿ ਕਰਮ ਹੁੰਦੇ ਹਨ। ਜੋ ਕਰਮ ਮਨੁੱਖ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਲਈ ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ ਦੇ ਵੱਸ ਆ ਕੇ ਕਰਦਾ ਹੈ ਉਹ ਕਰਮ ਅਸਤਿ ਕਰਮ ਹੁੰਦੇ ਹਨ।

ਇਸ ਲਈ ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਇਹ ਚੇਤਨਾ ਦਾ ਹੋਣਾ ਬੇਅੰਤ ਜ਼ਰੂਰੀ ਹੈ ਕਿ ਉਸ ਨੂੰ ਕਰਮ ਕਰਨ ਤੋਂ ਪਹਿਲਾਂ ਇਹ ਸੋਝੀ ਹੋ ਜਾਏ ਕਿ ਜੋ ਕਰਮ ਉਹ ਕਰਨ ਜਾ ਰਿਹਾ ਹੈ ਉਹ ਕਰਮ ਅਸਤਿ ਨਾ ਹੋਵੇ। ਜਦੋਂ ਮਨੁੱਖ ਨੂੰ ਇਸ ਪਰਮ ਸਤਿ ਦੀ ਸੋਝੀ ਪੈਂਦੀ ਹੈ ਕਿ ਉਸ ਨੂੰ ਆਪਣੀ ਸਤੋ ਬਿਰਤੀ ਨੂੰ ਜਗਾਉਣਾ ਹੈ ਅਤੇ ਸਤਿ ਕਰਮਾਂ ਦੀ ਕਮਾਈ ਕਰਨੀ ਹੈ ਤਾਂ ਉਹ ਸਤਿ ਦੀ ਕਰਨੀ ਉੱਪਰ ਆਪਣਾ ਧਿਆਨ ਕੇਂਦਰਿਤ ਕਰਦਾ ਹੈ। ਜਦ ਮਨੁੱਖ ਸਤਿ ਦੀ ਕਰਨੀ ਉੱਪਰ ਆਪਣਾ ਧਿਆਨ ਕੇਂਦਿਰਤ ਕਰਨ ਦਾ ਯਤਨ ਕਰਦਾ ਹੈ ਤਾਂ ਸ਼ੁਰੂ-ਸ਼ੁਰੂ ਵਿੱਚ ਬਹੁਤ ਦਿੱਕਤ ਪੇਸ਼ ਆਉਂਦੀ ਹੈ। ਜਾਣੇ-ਅਣਜਾਣੇ ਮਨੁੱਖ ਤੋਂ ਅਸਤਿ ਕਰਮ ਹੋ ਜਾਂਦੇ ਹਨ। ਮਨ ਵਿੱਚ ਕਈ ਵਿਨਾਸ਼ਕਾਰੀ ਅਤੇ ਵਿਕਾਰੀ ਫੁਰਨੇ ਆਉਂਦੇ ਹਨ। ਇਨ੍ਹਾਂ ਵਿਨਾਸ਼ਕਾਰੀ ਅਤੇ ਵਿਕਾਰੀ ਫੁਰਨਿਆਂ ਵਿੱਚੋਂ ਕਈ ਮਨੁੱਖ ਦੇ ਕਰਮਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ ਮਨੁੱਖ ਦਾ ਧਿਆਨ ਵਿਨਾਸ਼ਕਾਰੀ ਕਰਮਾਂ ਵੱਲ ਨੂੰ ਲੈ ਜਾਉਣ ਦਾ ਭਰਪੂਰ ਜ਼ੋਰ ਲੱਗਾਉਂਦੇ ਹਨ। ਜਦ ਮਨੁੱਖ ਦੀ ਦੇਹੀ ਵਿੱਚ ਸਥਿਤ ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ ਨੂੰ ਇਹ ਗਿਆਨ ਹੁੰਦਾ ਹੈ ਕਿ ਮਨੁੱਖ ਨੂੰ ਮਾਇਆ ਦੇ ਵਿਨਾਸ਼ਕਾਰੀ ਜਾਲ ਵਿੱਚੋਂ ਨਿਕਲਣ ਦੀ ਸੋਝੀ ਪੈ ਗਈ ਹੈ ਅਤੇ ਮਨੁੱਖ ਸਤਿ ਦੀ ਸੇਵਾ ਵੱਲ ਨੂੰ ਵਧਣ ਦਾ ਯਤਨ ਕਰ ਰਿਹਾ ਹੈ ਤਾਂ ਇਹ ਪੰਜ ਚੰਡਾਲ ਪੂਰੇ ਸਕ੍ਰਿਅ ਹੋ ਜਾਂਦੇ ਹਨ ਅਤੇ ਆਪਣੇ ਪੂਰੇ ਜ਼ੋਰ ਨਾਲ ਮਨੁੱਖ ਦਾ ਧਿਆਨ ਭਟਕਾਉਣ ਦਾ ਯਤਨ ਕਰਦੇ ਹਨ ਅਤੇ ਕਾਫੀ ਹੱਦ ਤੱਕ ਕਾਮਯਾਬ ਵੀ ਹੁੰਦੇ ਹਨ। ਇਸ ਕਾਰਨ ਸਤੋ ਬਿਰਤੀ ਦੀ ਕਮਾਈ ਵਿੱਚ ਧਿਆਨ ਕੇਂਦਰਿਤ ਕਰਨ ਵਾਲੇ ਮਨੁੱਖ ਦੀ ਬਿਰਤੀ ਦੀ ਅਸਤਿ ਕਰਮਾਂ ਵਾਲੇ ਪਾਸੇ ਨੂੰ ਡੋਲ ਜਾਣ ਦੀ ਸੰਭਾਵਨਾ ਪ੍ਰਬਲ ਹੁੰਦੀ ਹੈ। ਪਰੰਤੂ ਜੇਕਰ ਐਸੇ ਮਨੁੱਖਾਂ ਦੇ

ਹਿਰਦੇ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਲਈ ਦ੍ਰਿੜ੍ਹ ਭਰੋਸਾ, ਪ੍ਰੀਤ ਅਤੇ ਸ਼ਰਧਾ ਹੋਵੇ ਤਾਂ ਉਨ੍ਹਾਂ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਦੀ ਪਰਮ ਸ਼ਕਤੀ ਵਰਤਦੀ ਹੈ ਅਤੇ ਉਹ ਇਨ੍ਹਾਂ ਮੁਢਲੀਆਂ ਪਰੇਸ਼ਾਨੀਆਂ ਨੂੰ ਸਹਿਜੇ ਹੀ ਪਾਰ ਕਰ ਲੈਂਦੇ ਹਨ। ਇਸ ਲਈ ਇਸ ਪਰਮ ਸਤਿ ਤੱਤ ਨੂੰ ਸਮਝਣਾ ਬੇਅੰਤ ਜ਼ਰੂਰੀ ਹੈ ਕਿ ਸਤੋ ਬਿਰਤੀ ਦੀ ਕਮਾਈ ਕਰਨ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਉੱਪਰ ਬੇਅੰਤ ਸ਼ਰਧਾ, ਪ੍ਰੀਤ ਅਤੇ ਭਰੋਸਾ ਹੋਣਾ ਬੇਅੰਤ ਜ਼ਰੂਰੀ ਹੈ।

ਸ਼ਰਧਾ, ਪ੍ਰੀਤ ਅਤੇ ਭਰੋਸਾ ਉਹ ਪਰਮ ਸ਼ਕਤੀਆਂ ਹਨ ਜੋ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਮਨੁੱਖ ਦੇ ਹਿਰਦੇ ਵਿੱਚ ਪ੍ਰਗਟ ਹੋਣ ਲਈ ਮਜਬੂਰ ਕਰ ਦਿੰਦੀਆਂ ਹਨ। ਸ਼ਰਧਾ ਦੀ ਕੋਈ ਸੀਮਾ ਨਹੀਂ ਹੁੰਦੀ ਹੈ। ਸ਼ਰਧਾ ਦੀ ਗਹਿਰਾਈ ਨਾਪੀ ਨਹੀਂ ਜਾ ਸਕਦੀ ਹੈ। ਨਾ ਹੀ ਸ਼ਰਧਾ ਦੀ ਗਹਿਰਾਈ ਦਾ ਕੋਈ ਅੰਤ ਹੈ। ਪ੍ਰੀਤ ਦੀ ਵੀ ਕੋਈ ਸੀਮਾ ਨਹੀਂ ਹੁੰਦੀ ਹੈ। ਪ੍ਰੀਤ ਦੀ ਗਹਿਰਾਈ ਵੀ ਨਾਪੀ ਨਹੀਂ ਜਾ ਸਕਦੀ ਹੈ ਅਤੇ ਨਾ ਹੀ ਪ੍ਰੀਤ ਦੀ ਗਹਿਰਾਈ ਦਾ ਕੋਈ ਅੰਤ ਹੈ। ਭਰੋਸੇ ਦੀ ਵੀ ਕੋਈ ਸੀਮਾ ਨਹੀਂ ਹੁੰਦੀ ਹੈ। ਨਾ ਹੀ ਭਰੋਸੇ ਦੀ ਗਹਿਰਾਈ ਦਾ ਕੋਈ ਅੰਤ ਹੈ। ਇਸ ਲਈ ਸ਼ਰਧਾ, ਭਰੋਸਾ ਅਤੇ ਪ੍ਰੀਤ ਬੇਅੰਤ ਪਰਮ ਸ਼ਕਤੀਆਂ ਹਨ ਜੋ ਕਿ ਮਨੁੱਖ ਦੇ ਅੰਦਰ ਹੀ ਰੱਖੀਆਂ ਹੋਈਆਂ ਹਨ। ਜੋ ਮਨੁੱਖ ਸ਼ਰਧਾ, ਪ੍ਰੀਤ ਅਤੇ ਭਰੋਸੇ ਦੀਆਂ ਇਨ੍ਹਾਂ ਪਰਮ ਸ਼ਕਤੀਆਂ ਦੀ ਵਰਤੋਂ ਕਰਦੇ ਹਨ ਉਨ੍ਹਾਂ ਦਾ ਧਿਆਨ ਸਤੋ ਬਿਰਤੀ ਵਿੱਚ ਸਹਿਜੇ ਹੀ ਚਲਾ ਜਾਂਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਕੇਵਲ ਮਨੁੱਖ ਦੀ ਪ੍ਰੀਤ, ਸ਼ਰਧਾ ਅਤੇ ਭਰੋਸਾ ਦੇਖਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਕੇਵਲ ਮਨੁੱਖ ਦੀ ਉਸ ਪ੍ਰਤੀ ਪ੍ਰੀਤ, ਭਰੋਸਾ ਅਤੇ ਸ਼ਰਧਾ ਦਾ ਭੁੱਖਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਲਈ ਸ਼ਰਧਾ, ਪ੍ਰੀਤ ਅਤੇ ਭਰੋਸਾ ਹੀ ਬੰਦਗੀ ਦਾ ਆਧਾਰ ਹੈ। ਜਿਨ੍ਹਾਂ ਮਨੁੱਖਾਂ ਦਾ ਜੀਵਨ ਸਤਿ ਪਾਰਬ੍ਰਹਮ ਪਰਮੇਸ਼ਰ ਲਈ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਭਰਪੂਰ ਹੋ ਜਾਂਦਾ ਹੈ, ਉਨ੍ਹਾਂ ਮਨੁੱਖਾਂ ਦਾ ਜੀਵਨ ਸਤਿ ਦੀ ਕਰਨੀ ਵਿੱਚ ਤਬਦੀਲ ਹੋ ਜਾਂਦਾ ਹੈ। ਜਿਨ੍ਹਾਂ ਮਨੁੱਖਾਂ ਦੀ ਕਰਨੀ ਸਤਿ ਬੋਲਣਾ, ਸਤਿ ਸੁਣਨਾ, ਸਤਿ ਦੀ ਸੇਵਾ ਕਰਨਾ ਅਤੇ ਸਤਿ ਵਰਤਾਉਣਾ ਬਣ ਜਾਂਦੀ ਹੈ ਉਨ੍ਹਾਂ ਮਨੁੱਖਾਂ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਗੁਰਕਿਰਪਾ ਵਰਤਦੀ ਹੈ।

ਜਿਨ੍ਹਾਂ ਮਨੁੱਖਾਂ ਦੀ ਕਰਨੀ ਸਤਿ ਦੀ ਕਰਨੀ ਬਣ ਜਾਂਦੀ ਹੈ ਉਨ੍ਹਾਂ ਮਨੁੱਖਾਂ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਦੀ ਪਰਮ ਸ਼ਕਤੀ ਵਰਤਦੀ ਹੈ। ਗੁਰਕਿਰਪਾ ਦੀ ਇਸ ਪਰਮ ਸ਼ਕਤੀ ਦਾ ਸਦਕਾ ਐਸੇ ਮਨੁੱਖਾਂ ਨੂੰ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਜੋ ਮਨੁੱਖ ਐਸੇ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਚਲੇ ਜਾਂਦੇ ਹਨ ਅਤੇ ਪੂਰਨ ਸਮਰਪਣ ਕਰ ਦਿੰਦੇ ਹਨ, ਉਨ੍ਹਾਂ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਪੂਰਨ ਸਮਰਪਣ ਤੋਂ ਭਾਵ ਹੈ ਤਨ, ਮਨ, ਧਨ ਸਤਿਗੁਰੂ ਦੇ ਚਰਨਾਂ 'ਤੇ ਅਰਪਣ ਕਰ ਦੇਣਾ। ਤਨ ਸਮਰਪਣ ਕਰਨ ਤੋਂ ਭਾਵ ਹੈ ਸਿਮਰਨ ਅਤੇ ਸੇਵਾ ਵਿੱਚ ਲੱਗ ਜਾਣਾ। ਮਨ ਸਮਰਪਣ ਤੋਂ ਭਾਵ ਹੈ ਸਤਿਗੁਰੂ ਦੇ ਬਚਨਾਂ ਦੀ ਕਮਾਈ ਕਰਨੀ। ਧਨ ਸਮਰਪਣ ਤੋਂ ਭਾਵ ਹੈ ਆਪਣੇ ਦਸਾਂ ਨਹੁੰਆਂ ਦੀ ਕਮਾਈ ਵਿੱਚੋਂ ਸਤਿਗੁਰੂ ਦੇ ਚਰਨਾਂ 'ਤੇ ਦਸਵੰਧ ਸਮਰਪਣ ਕਰਨਾ। ਪੂਰਨ ਬੰਦਗੀ ਉਨ੍ਹਾਂ ਮਨੁੱਖਾਂ ਨੂੰ ਪ੍ਰਾਪਤ ਹੁੰਦੀ ਹੈ ਜੋ ਮਨੁੱਖ ਸਤਿਗੁਰੂ ਦੇ ਚਰਨਾਂ 'ਤੇ ਪੂਰਨ ਸਮਰਪਣ ਕਰਦੇ ਹਨ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਉਨ੍ਹਾਂ ਮਨੁੱਖਾਂ 'ਤੇ ਵਰਤਦੀ ਹੈ ਜੋ ਮਨੁੱਖ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਂਦੇ ਹਨ ਅਤੇ ਪੂਰਨ ਸਮਰਪਣ ਕਰਦੇ ਹਨ। ਜੋ ਮਨੁੱਖ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਨਾਲ ਨਿਵਾਜੇ ਜਾਂਦੇ ਹਨ ਉਨ੍ਹਾਂ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਜਾਂਦਾ ਹੈ।

ਉਨ੍ਹਾਂ ਦੀ ਸੁਰਤਿ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ। ਉਨ੍ਹਾਂ ਮਨੁੱਖਾਂ ਦੀ ਸੁਰਤਿ ਵਿੱਚ ਸਤਿਨਾਮ ਦਾ ਸਿਮਰਨ ਸ਼ੁਰੂ ਹੋ ਜਾਂਦਾ ਹੈ ਅਤੇ ਉਨ੍ਹਾਂ ਦੀ ਸਮਾਧੀ ਲੱਗ ਜਾਂਦੀ ਹੈ। ਉਨ੍ਹਾਂ ਮਨੁੱਖਾਂ ਨੂੰ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਦਰਗਾਹ ਵਿੱਚ ਸਤਿਨਾਮ ਦਾ ਖ਼ਾਤਾ ਖੁੱਲ੍ਹ ਜਾਂਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਐਸੇ ਮਨੁੱਖਾਂ ਨੂੰ ਅਜਪਾ-ਜਾਪ ਦੀ ਅਵਸਥਾ ਵਿੱਚ ਲੈ ਜਾਂਦੀ ਹੈ। ਜਦ ਸੁਹਾਗਣ ਸਤਿਨਾਮ ਸਿਮਰਨ ਦਾ ਲੰਬਾ ਅਭਿਆਸ ਕਰਦੀ ਹੈ ਤਾਂ ਉਹ ਸੁੰਨ ਸਮਾਧੀ ਦੀ ਪ੍ਰਾਪਤੀ ਕਰਦੀ ਹੈ। ਸੁੰਨ ਸਮਾਧੀ ਵਿੱਚ ਸਥਿਤ ਹੋ ਕੇ ਮਨ ਚਿੰਦਿਆ ਜਾਂਦਾ ਹੈ। ਤ੍ਰਿਕੁਟੀ ਖੁੱਲ੍ਹ ਜਾਂਦੀ ਹੈ। ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ। ਹਿਰਦਾ ਕਮਲ ਪਰਮ ਜੋਤ ਨਾਲ ਪ੍ਰਕਾਸ਼ਮਾਨ ਹੋ ਜਾਂਦਾ ਹੈ। ਸਤਿਨਾਮ ਰੋਮ-ਰੋਮ ਵਿੱਚ ਪ੍ਰਕਾਸ਼ਮਾਨ ਹੋ ਜਾਂਦਾ ਹੈ। ਰੋਮ-ਰੋਮ ਸਿਮਰਨ ਵਿੱਚ ਚਲਾ ਜਾਂਦਾ ਹੈ। ਦੇਹੀ ਅੰਮ੍ਰਿਤ ਨਾਲ ਭਰਪੂਰ ਹੋ ਜਾਂਦੀ ਹੈ। ਤ੍ਰਿਸ਼ਣਾ ਬੁਝ ਜਾਂਦੀ ਹੈ। ਪੰਜ ਚੰਡਾਲ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਮਨੁੱਖ ਦੇ ਚਰਨਾਂ ਹੇਠ ਆ ਜਾਂਦੇ ਹਨ। ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਮਨੁੱਖ ਚਉਥੇ ਪਦਿ ਵਿੱਚ ਪਹੁੰਚ ਜਾਂਦਾ ਹੈ। ਚਉਥੇ ਪਦਿ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੋ ਜਾਂਦੇ ਹਨ ਅਤੇ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਤੱਤ ਗਿਆਨ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਸੁਹਾਗਣ ਸਦਾ ਸੁਹਾਗਣ ਬਣ ਜਾਂਦੀ ਹੈ। ਰੋਮ-ਰੋਮ ਪਾਵਨ ਪਵਿੱਤਰ ਹੋ ਜਾਂਦਾ ਹੈ।

ਐਸੀ ਪਰਮ ਸ਼ਕਤੀਸ਼ਾਲੀ ਪਵਿੱਤਰ ਅਵਸਥਾ ਨੂੰ ਪ੍ਰਾਪਤ ਕਰਨ ਵਾਲੇ ਮਨੁੱਖ ਨੂੰ ਸਤਿਗੁਰੂ ਸਾਹਿਬਾਨ ਨੇ 'ਗੁਰਮੁਖਿ' ਕਹਿ ਕੇ ਨਿਵਾਜਿਆ ਹੈ। 'ਗੁਰਮੁਖਿ' ਉਹ ਮਨੁੱਖ ਬਣਦਾ ਹੈ ਜੋ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਦਾ ਹੈ। ਕੇਵਲ ਉਸ ਮਨੁੱਖ ਦਾ ਮੁਖ ਸਤਿਗੁਰੂ ਵੱਲ ਹੈ ਜਿਸ ਨੇ ਸਤਿਗੁਰੂ ਦੇ ਚਰਨਾਂ 'ਤੇ ਪੂਰਨ ਸਮਰਪਣ ਕਰ ਦਿੱਤਾ ਹੈ। 'ਗੁਰਮੁਖਿ' ਬਣਨਾ ਹੈ ਤਾਂ ਆਪਣੇ ਸਤਿਗੁਰੂ ਨੂੰ ਮੁੱਖ ਰੱਖੋ। ਭਾਵ ਆਪਣੇ ਸਤਿਗੁਰੂ ਦੇ ਬਚਨਾਂ ਦਾ ਸਤਿਕਾਰ ਕਰੋ। ਸਤਿਗੁਰੂ ਦੇ ਬਚਨਾਂ ਨੂੰ ਸਤਿ ਸਤਿ ਕਰ ਜਾਣੋ। ਸਤਿਗੁਰੂ ਦੇ ਬਚਨਾਂ ਨੂੰ ਦਰਗਾਹੀ ਹੁਕਮ ਕਰ ਕੇ ਜਾਣੋ। ਸਤਿਗੁਰੂ ਵਿੱਚ ਨਿਰੰਕਾਰ ਦੇ ਦਰਸ਼ਨ ਕਰੋ। ਸਤਿਗੁਰੂ ਦੇ ਸਾਰੇ ਕਰਮ ਅਤੇ ਬਚਨ ਪੂਰਨ ਹੁਕਮ ਵਿੱਚ ਹੁੰਦੇ ਹਨ। ਸਤਿਗੁਰੂ ਦੀ ਬਾਣੀ ਨਿਰੰਕਾਰ ਦੇ ਬਚਨ ਹੁੰਦੇ ਹਨ। ਸਤਿਗੁਰੂ ਦੇ ਬਚਨ ਦਰਗਾਹੀ ਹੁਕਮ ਹੁੰਦਾ ਹੈ। ਸਤਿਗੁਰੂ ਦੇ ਬਚਨਾਂ ਵਿੱਚ ਹੀ ਚੇਲੇ ਦੀ ਭਲਾਈ ਲੁਕੀ ਹੁੰਦੀ ਹੈ। ਸਤਿਗੁਰੂ ਨੂੰ ਮੁੱਖ ਰੱਖਣ ਦਾ ਭਾਵ ਹੈ ਆਪਣੇ ਰੋਜ਼ਾਨਾ ਜੀਵਨ ਵਿੱਚ ਪਹਿਲਾਂ ਸਤਿਗੁਰੂ ਨੂੰ ਆਪਣੇ ਸਮੇਂ ਦਾ ਦਸਵੰਧ ਦਿਓ ਅਤੇ ਬਾਕੀ ਦੀ ਦਿਨ ਚਰਿਆ ਉਸ ਤੋਂ ਉਪਰੰਤ ਕਰੋ। ਭਾਵ ਪਹਿਲਾਂ ਸਤਿਗੁਰੂ ਦੇ ਚਰਨਾਂ ਵਿੱਚ ਰੋਜ਼ਾਨਾ ਢਾਈ ਘੰਟੇ ਸਤਿਨਾਮ ਸਿਮਰਨ ਵਿੱਚ ਬੈਠੋ ਉਸ ਤੋਂ ਉਪਰੰਤ ਹੋਰ ਕੋਈ ਕੰਮ ਕਰੋ। ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਪਹਿਲਾਂ ਸਤਿਗੁਰੂ ਦੇ ਚਰਨਾਂ 'ਤੇ ਅਰਪਣ ਕਰਨ ਲਈ ਦਸਵੰਧ ਕੱਢੋ ਅਤੇ ਉਸ ਤੋਂ ਉਪਰੰਤ ਹੋਰ ਕਿਸੇ ਕਾਰਜ ਲਈ ਧਨ ਦੀ ਵਰਤੋਂ ਕਰੋ। ਸਤਿਗੁਰੂ ਦੇ ਸਤਿ ਬਚਨਾਂ ਨੂੰ ਸਦਾ ਮੁੱਖ ਰੱਖੋ। ਆਪਣੀ ਮਨਮਤਿ ਦਾ ਤਿਆਗ ਕਰੋ ਅਤੇ ਸਤਿਗੁਰੂ ਦੇ ਬਚਨਾਂ ਦੀ ਕਮਾਈ ਕਰੋ। ਸਤਿਗੁਰੂ ਦੇ ਬਚਨਾਂ ਦੀ ਬਿਨਾਂ ਇੱਕ ਛਿਣ ਦੀ ਢਿੱਲ ਕੀਤਿਆਂ ਆਪਣੀ ਕਰਨੀ ਵਿੱਚ ਲੈ ਆਓ। ਸਤਿਗੁਰੂ ਦੇ ਬਚਨਾਂ ਦੀ ਪਲ-ਪਲ ਛਿੰਨ ਛਿੰਨ ਸਤਿਕਾਰ ਨਾਲ ਪਾਲਣਾ ਕਰੋ। ਸਤਿਗੁਰੂ ਦੇ ਬਚਨਾਂ ਨੂੰ ਆਪਣਾ ਜੀਵਨ ਬਣਾ ਲਵੋ। ਇਸ ਤਰ੍ਹਾਂ ਨਾਲ ਆਪ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਗਹਿਰੇ ਉਤਰ ਜਾਵੋਗੇ।

ਸਦਾ ਸਮਰਣ ਰੱਖੋ ਕਿ ਸਤਿਗੁਰੂ ਦੇ ਚਰਨਾਂ ਦੀ ਮਹਿਮਾ ਬੇਅੰਤ ਹੈ। ਸਤਿਗੁਰੂ ਦੇ ਚਰਨਾਂ ਵਿੱਚ ਹਜ਼ਾਰਾਂ ਸੂਰਜਾਂ ਦਾ ਪ੍ਰਕਾਸ਼ ਹੁੰਦਾ ਹੈ। ਸਤਿਗੁਰੂ ਦੇ ਚਰਨਾਂ ਵਿੱਚ ਬੇਅੰਤ ਅੰਮ੍ਰਿਤ ਦਾ ਭੰਡਾਰ ਹੁੰਦਾ ਹੈ। ਸਤਿਗੁਰੂ ਦੇ ਚਰਨਾਂ ਵਿੱਚ ਹੀ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤਦੀ ਹੈ। ਸਤਿਗੁਰੂ ਦੇ ਚਰਨਾਂ ਵਿੱਚ ਹੀ ਸਾਰੀਆਂ ਪਰਮ ਸ਼ਕਤੀਆਂ ਦਾ ਵਾਸ ਹੁੰਦਾ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਬੈਠ ਕੇ ਬੰਦਗੀ ਪੂਰਨ ਸਹਿਜੇ ਹੀ ਹੋ ਜਾਂਦੀ ਹੈ। ਸਤਿਗੁਰੂ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਵਿੱਚ ਕੋਈ ਅੰਤਰ ਨਹੀਂ ਹੁੰਦਾ ਹੈ। ਸਤਿਗੁਰੂ ਵਿੱਚ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਪ੍ਰਗਟ ਹੁੰਦਾ ਹੈ। ਇਸ ਲਈ ਇੱਕ ਵਾਰ ਸਤਿਗੁਰੂ ਦੇ ਸਤਿ ਚਰਨਾਂ ਉੱਪਰ ਆਪਣਾ ਸੀਸ ਰੱਖਣ ਤੋਂ ਉਪਰੰਤ ਕਦੇ ਵੀ ਆਪਣੇ ਸੀਸ ਨੂੰ ਮੁੜ ਉੱਪਰ ਚੁੱਕਣ ਦੀ ਭੁੱਲ ਨਾ ਕਰੋ। ਸਤਿਗੁਰੂ 'ਤੇ ਕੋਈ ਭਰਮ, ਕਿੰਤੂ, ਪਰੰਤੂ ਨਾ ਕਰੋ। ਪੂਰਨ ਸਮਰਪਣ ਵਿੱਚ ਕਿਸੇ ਕਿਸਮ ਦੇ ਕੋਈ ਭਰਮ, ਪ੍ਰਸ਼ਨ, ਕਿੰਤੂ ਅਤੇ ਪਰੰਤੂ ਕਰਨ ਦੀ ਕੋਈ ਗੁੰਜਾਇਸ਼ ਨਹੀਂ ਰਹਿਣੀ ਚਾਹੀਦੀ ਹੈ। ਸਤਿਗੁਰੂ ਦੇ ਚਰਨਾਂ ਵਿੱਚ ਪੂਰਨ ਸਮਰਪਣ ਕਰਨ ਨਾਲ ਹੀ ਗਿਆਨ-ਧਿਆਨ-ਇਸ਼ਨਾਨ ਪ੍ਰਾਪਤ ਹੁੰਦਾ ਹੈ। ਗਿਆਨ ਤੋਂ ਭਾਵ ਹੈ ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦਾ ਮਨੁੱਖ ਦੇ ਵਿੱਚੋਂ ਪ੍ਰਗਟ ਹੋ ਜਾਣਾ। ਧਿਆਨ ਤੋਂ ਭਾਵ ਹੈ ਸਹਿਜ ਸਮਾਧੀ — ੨੪ ਘੰਟੇ ਨਿਰੰਤਰ ਸਮਾਧੀ, ਸਾਰੇ ਬਜਰ ਕਪਾਟਾਂ ਦਾ ਖੁੱਲ੍ਹ ਜਾਣਾ, ੭ ਸਤਿ ਸਰੋਵਰਾਂ ਦਾ ਪ੍ਰਕਾਸ਼ਮਾਨ ਹੋ ਜਾਣਾ ਅਤੇ ਰੋਮ-ਰੋਮ ਵਿੱਚ ਸਤਿਨਾਮ ਸਿਮਰਨ ਦਾ ਪ੍ਰਕਾਸ਼ਮਾਨ ਹੋ ਜਾਣਾ। ਇਸ਼ਨਾਨ ਤੋਂ ਭਾਵ ਹੈ ਮਾਨਸਰੋਵਰ ਵਿੱਚ ਗਹਿਰੇ ਉਤਰ ਜਾਣਾ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਮਾਨਸਰੋਵਰ ਸਰੂਪ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਣਾ। ਅਕਾਲ ਪੁਰਖ ਦੇ ਦਰਸ਼ਨ ਹੋ ਜਾਣਾ। ਜੀਵਨ ਮੁਕਤ ਹੋ ਜਾਣਾ। ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਦਾ ਪ੍ਰਗਟ ਹੋ ਜਾਣਾ। ਪੂਰਨ ਬ੍ਰਹਮ ਗਿਆਨ ਦਾ ਅਤੇ ਤੱਤ ਗਿਆਨ ਦਾ ਪ੍ਰਾਪਤ ਹੋ ਜਾਣਾ। ਆਤਮ ਰਸ ਅੰਮ੍ਰਿਤ ਦਾ ਪ੍ਰਾਪਤ ਹੋ ਜਾਣਾ। ਗਿਆਨ, ਧਿਆਨ, ਇਸ਼ਨਾਨ ਦੀ ਪ੍ਰਾਪਤੀ ਬੰਦਗੀ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਹੈ ਜੋ ਕਿ 'ਗੁਰਮੁਖਿ' ਨੂੰ ਪ੍ਰਾਪਤ ਹੁੰਦੀ ਹੈ। ਇਸ ਲਈ ਸਤਿ ਪਾਰਬ੍ਰਹਮ ਦੀ ਬੰਦਗੀ ਕਰਨ ਵਾਲਿਆਂ ਜਿਗਿਆਸੂਆਂ ਨੂੰ ਸਨਿਮਰ ਬੇਨਤੀ ਹੈ ਕਿ ਉਹ ਸਤਿ ਦੀ ਕਰਨੀ ਉੱਪਰ ਆਪਣਾ ਧਿਆਨ ਕੇਂਦਰਿਤ ਕਰਨ ਤਾਂ ਜੋ ਉਨ੍ਹਾਂ ਨੂੰ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੋਏ। ਜਿਨ੍ਹਾਂ ਮਨੁੱਖਾਂ ਨੂੰ ਪੂਰਨ ਸੰਤ ਸਤਿਗੁਰੂ ਦੀ ਸੰਗਤ ਪ੍ਰਾਪਤ ਹੈ ਉਨ੍ਹਾਂ ਨੂੰ ਸਨਿਮਰ ਬੇਨਤੀ ਹੈ ਕਿ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਨ ਵਿੱਚ ਯਤਨਸ਼ੀਲ ਰਹਿਣ। ਇਹ ਹੀ ਸਰਲ ਮਾਰਗ ਹੈ 'ਗੁਰਮੁਖਿ' ਬਣਨ ਦਾ ਅਤੇ ਜੀਵਨ ਮੁਕਤੀ ਪ੍ਰਾਪਤ ਕਰ ਕੇ ਦਰਗਾਹ ਵਿੱਚ ਮਾਣ ਪ੍ਰਾਪਤ ਕਰਨ ਦਾ।

'ਗੁਰਮੁਖਿ' ਦੀ ਮਹਿਮਾ ਬੇਅੰਤ ਹੈ। 'ਗੁਰਮੁਖਿ' ਦੀ ਮਹਿਮਾ ਪਰਮ ਸ਼ਕਤੀਸ਼ਾਲੀ ਹੈ। ਭਾਈ ਗੁਰਦਾਸ ਜੀ ਨੇ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਨੂੰ 'ਗੁਰਮੁਖਿ' ਕਹਿ ਕੇ ਵਖਾਣਿਆ ਹੈ:

ਗੁਰਮਖਿ ਕਲਿ ਵਿਚ ਪਰਗਟੁ ਹੋਆ ॥੨੭॥

(ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਪਉੜੀ ੨੭)

ਇਸ ਦਾ ਭਾਵ ਹੈ ਕਿ ਸਤਿਗੁਰੂ ਹੀ 'ਗੁਰਮੁਖਿ' ਹੈ। ਪੂਰਨ ਸੰਤ ਹੀ 'ਗੁਰਮੁਖਿ' ਹੈ। ਪੂਰਨ ਬ੍ਰਹਮ ਗਿਆਨੀ ਹੀ 'ਗੁਰਮੁਖਿ' ਹੈ। ਪੂਰਨ ਖ਼ਾਲਸਾ ਹੀ 'ਗੁਰਮੁਖਿ' ਹੈ। ਐਸੀ ਪਰਮ ਸ਼ਕਤੀਸ਼ਾਲੀ ਮਹਿਮਾ ਹੈ 'ਗੁਰਮੁਖਿ' ਦੀ। ਇਸ ਲਈ ਜੋ ਪ੍ਰਚਾਰਕ ਇਸ ਸਮਝ ਤੋਂ ਵਾਂਝੇ

ਹੋ ਕੇ 'ਗੁਰਮੁਖਿ' ਸ਼ਬਦ ਦਾ ਆਮ ਅਦਮੀ ਵਾਸਤੇ ਪ੍ਰਯੋਗ ਕਰਦੇ ਹਨ ਉਹ ਸਰਾਸਰ ਗ਼ਲਤ ਹੁੰਦੇ ਹਨ ਅਤੇ ਉਨ੍ਹਾਂ ਨੂੰ 'ਗੁਰਮੁਖਿ' ਦੀ ਬੇਅੰਤ ਮਹਿਮਾ ਨੂੰ ਸਮਝਣਾ ਬੇਅੰਤ ਜ਼ਰੂਰੀ ਹੈ। ਇਸੇ ਤਰ੍ਹਾਂ ਹੀ ਸੰਸਾਰ ਵਿੱਚ ਬਹੁਤ ਸਾਰੇ ਮਨੁੱਖ ਐਸੇ ਹਨ ਜੋ ਆਪਣੇ ਦੁਨਿਆਵੀ ਨਾਮ ਨਾਲ ਖ਼ਾਲਸਾ ਸ਼ਬਦ ਦਾ ਪ੍ਰਯੋਗ ਕਰਦੇ ਹਨ ਉਹ ਵੀ ਗਲਤੀ ਕਰਦੇ ਹਨ। ਕਿਉਂਕਿ ਖ਼ਾਲਸਾ ਕੇਵਲ ਪੂਰਨ ਬ੍ਰਹਮ ਗਿਆਨੀ ਹੈ। ਖ਼ਾਲਸਾ ਕੇਵਲ ਪੂਰਨ ਸੰਤ ਹੈ। ਖ਼ਾਲਸਾ ਕੇਵਲ ਸਤਿਗੁਰੂ ਹੈ। ਖ਼ਾਲਸਾ ਕੇਵਲ 'ਗੁਰਮੁਖਿ' ਹੈ। ਜੋ ਮਨੁੱਖ ਇਸ ਅਵਸਥਾ ਵਿੱਚ ਪਹੁੰਚ ਜਾਂਦੇ ਹਨ ਉਨ੍ਹਾਂ ਦੇ ਹਿਰਦੇ ਵਿੱਚ ਇਤਨੀ ਗਰੀਬੀ ਆ ਜਾਂਦੀ ਹੈ ਕਿ ਉਹ ਆਪਣੇ ਆਪ ਨੂੰ ਨੀਚ ਕਹਿ ਕੇ ਸੰਬੋਧਨ ਕਰਦੇ ਹਨ। ਧੰਨ ਧੰਨ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੇ ਆਪ ਨੂੰ ਗੁਰਬਾਣੀ ਵਿੱਚ ਬਾਰ-ਬਾਰ 'ਨੀਚ' ਕਹਿ ਕੇ ਪੁਕਾਰਿਆ ਹੈ। (ਨਾਨਕ ਨੀਚੁ ਕਹੈ ਵੀਚਾਰੁ॥) ਧੰਨ ਧੰਨ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੇ ਆਪ ਨੂੰ ਲੂਣ ਹਰਾਮੀ ਕਹਿ ਕੇ ਪੁਕਾਰਿਆ ਹੈ। ਧੰਨ ਧੰਨ ਦਸਮ ਪਾਤਸ਼ਾਹ ਜੀ ਨੇ ਆਪਣੇ ਆਪ ਨੂੰ ਗਰੀਬ ਕਹਿ ਕੇ ਪੁਕਾਰਿਆ ਹੈ। ਕਿਸੇ ਵੀ ਸਤਿਗੁਰੂ ਨੇ ਆਪਣੇ ਆਪ ਨੂੰ ਸਤਿਗੁਰੂ ਕਹਿ ਕੇ ਨਹੀਂ ਪੁਕਾਰਿਆ। ਐਸੀ ਗਹਿਰੀ ਹਿਰਦੇ ਦੀ ਗਰੀਬੀ ਅਤੇ ਨਿਮਰਤਾ ਵਾਲੇ ਮਨੁੱਖ ਹੀ ਐਸੀ ਪਰਮ ਸ਼ਕਤੀਸ਼ਾਲੀ ਅਵਸਥਾ ਦੇ ਧਾਰਨੀ ਬਣਦੇ ਹਨ। ਇਸ ਲਈ ਆਪਣੇ ਸਤਿਗੁਰੂਆਂ ਦੀ ਬੇਅੰਤ ਨਿਮਰਤਾ ਵੱਲ ਝਾਤੀ ਮਾਰੋ ਅਤੇ ਆਪਣੇ ਨਾਮ ਨਾਲ ਐਸੀ ਪਰਮ ਸ਼ਕਤੀਸ਼ਾਲੀ ਅਵਸਥਾ (ਆਪਣੇ ਨਾਮ ਨਾਲ 'ਖ਼ਾਲਸਾ' ਅਤੇ 'ਗੁਰਮੁਖਿ' ਸ਼ਬਦਾਂ ਦਾ ਪ੍ਰਯੋਗ ਕਰਨ ਵਾਲੇ ਮਨੁੱਖੋ) ਦੇ ਧਾਰਨੀ ਹੋਣ ਦਾ ਝੂਠਾ ਦਾਅਵਾ ਕਰ ਕੇ ਨਰਕ ਦੇ ਭਾਗੀ ਨਾ ਬਣੋ। ਐਸੇ ਝੂਠੇ ਪ੍ਰਚਾਰਕਾਂ ਨੂੰ ਅਤੇ ਆਪਣੇ ਨਾਮ ਨਾਲ 'ਖ਼ਾਲਸਾ' ਸ਼ਬਦ ਦਾ ਪ੍ਰਯੋਗ ਕਰਨ ਵਾਲੇ ਮਨੁੱਖਾਂ ਨੂੰ ਸਨਿਮਰ ਬੇਨਤੀ ਹੈ ਕਿ ਉਹ ਝੂਠਾ ਪ੍ਰਚਾਰ ਕਰ ਕੇ ਸੰਗਤ ਨੂੰ ਗੁਮਰਾਹ ਕਰਨ ਦਾ ਸੰਗੀਨ ਗੁਨਾਹ ਨਾ ਕਰਨ, ਬਲਕਿ ਗੁਰਮਤਿ ਦੇ ਸੱਚੇ ਧਾਰਨੀ ਬਣ ਕੇ 'ਗੁਰਮੁਖਿ' ਬਣਨ ਦੇ ਯਤਨ ਵਿੱਚ ਆਪਣੇ ਜੀਵਨ ਨੂੰ ਅਰਪਣ ਕਰ ਕੇ ਆਪਣਾ ਜੀਵਨ ਸਾਰਥਕ ਕਰਨ।

ਇਸ ਤਰ੍ਹਾਂ ਨਾਲ 'ਗੁਰਮੁਖਿ' ਬੰਦਗੀ ਦੀ ਇੱਕ ਬੇਅੰਤ ਪਰਮ ਸ਼ਕਤੀਸ਼ਾਲੀ ਅਵਸਥਾ ਹੈ। ਠੀਕ ਜਿਸ ਤਰ੍ਹਾਂ ਨਾਲ ਪੂਰਨ ਸੰਤ, ਸਤਿਗੁਰੂ, ਪੂਰਨ ਬ੍ਰਹਮ ਗਿਆਨੀ, ਪੂਰਨ ਖ਼ਾਲਸਾ ਦੀ ਅਵਸਥਾ ਹੈ ਇਸੇ ਤਰ੍ਹਾਂ ਨਾਲ 'ਗੁਰਮੁਖਿ' ਵੀ ਬੇਅੰਤ ਪਰਮ ਸ਼ਕਤੀਸ਼ਾਲੀ ਅਵਸਥਾ ਹੈ। ਕੇਵਲ ਇਨ੍ਹਾਂ ਅਵਸਥਾਵਾਂ ਵਿੱਚ ਪਹੁੰਚੇ ਹੋਏ ਮਨੁੱਖ ਹੀ 'ਪਵਿਤ' ਹੋ ਜਾਂਦੇ ਹਨ। ਕੇਵਲ ਇਨ੍ਹਾਂ ਅਵਸਥਾਵਾਂ ਵਿੱਚ ਅੱਪੜੇ ਹੋਏ ਮਨੁੱਖਾਂ ਨੂੰ ਹੀ ਗਿਆਨ, ਧਿਆਨ ਅਤੇ ਇਸ਼ਨਾਨ ਦੀਆਂ ਦਾਤਾਂ ਪ੍ਰਾਪਤ ਹੁੰਦੀਆਂ ਹਨ। ਕੇਵਲ ਇਨ੍ਹਾਂ ਅਵਸਥਾਵਾਂ ਵਿੱਚ ਅੱਪੜੇ ਹੋਏ ਮਨੁੱਖਾਂ ਨੂੰ ਹੀ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਪ੍ਰਾਪਤੀ ਹੁੰਦੀ ਹੈ। ਕੇਵਲ ਇਨ੍ਹਾਂ ਅਵਸਥਾਵਾਂ ਵਿੱਚ ਅੱਪੜੇ ਹੋਏ ਮਨੁੱਖਾਂ ਦੇ ਹਿਰਦੇ ਵਿੱਚ ਹੀ ਪਰਮ ਜੋਤ ਦਾ ਪੂਰਨ ਪ੍ਰਕਾਸ਼ ਪ੍ਰਗਟ ਹੁੰਦਾ ਹੈ। ਕੇਵਲ ਇਨ੍ਹਾਂ ਅਵਸਥਾਵਾਂ ਵਿੱਚ ਅੱਪੜੇ ਹੋਏ ਮਨੁੱਖ ਹੀ ਮਾਇਆ ਨੂੰ ਜਿੱਤ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੁੰਦੇ ਹਨ। ਕੇਵਲ ਇਨ੍ਹਾਂ ਅਵਸਥਾਵਾਂ ਵਿੱਚ ਅੱਪੜੇ ਹੋਏ ਮਨੁੱਖਾਂ ਨੂੰ ਹੀ ਆਤਮ ਰਸ ਅੰਮ੍ਰਿਤ, ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਕੇਵਲ ਇਨ੍ਹਾਂ ਅਵਸਥਾਵਾਂ ਵਿੱਚ ਅੱਪੜੇ ਹੋਏ ਮਨੁੱਖਾਂ ਨੂੰ ਹੀ ਗੁਰਪ੍ਰਸਾਦਿ (ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ) ਵਰਤਾਉਣ ਦੀ ਸੇਵਾ ਦਰਗਾਹ ਤੋਂ ਪ੍ਰਾਪਤ ਹੁੰਦੀ ਹੈ। ਕੇਵਲ ਇਨ੍ਹਾਂ ਅਵਸਥਾਵਾਂ ਵਿੱਚ ਅੱਪੜੇ ਹੋਏ ਮਨੁੱਖਾਂ ਨੂੰ ਹੀ ਧਰਮ ਦਾ ਪ੍ਰਚਾਰ ਕਰਨ ਦੀ ਸੇਵਾ ਦਰਗਾਹ ਤੋਂ ਪ੍ਰਾਪਤ ਹੁੰਦੀ

ਹੈ। ਕੇਵਲ ਇਨ੍ਹਾਂ ਅਵਸਥਾਵਾਂ ਵਿੱਚ ਅੱਪੜੇ ਹੋਏ ਮਨੁੱਖਾਂ ਦੀ ਸੰਗਤ ਵਿੱਚ ਹੀ ਸੁਹਾਗਣਾਂ ਦਾ ਜਨਮ ਹੁੰਦਾ ਹੈ। ਇਸ ਲਈ ਸਾਰੀ ਲੁਕਾਈ ਦੇ ਚਰਨਾਂ ਵਿੱਚ ਸਨਿਮਰ ਬੇਨਤੀ ਹੈ ਕਿ ਸਤਿ ਦੀ ਕਰਨੀ ਉੱਪਰ ਆਪਣਾ ਧਿਆਨ ਕੇਂਦਿਰਤ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਲੋਕਾਂ ਦੀ ਕਰਨੀ ਸਤਿ ਦੀ ਕਰਨੀ ਵਿੱਚ ਪਰਿਵਰਤਿਤ ਹੋ ਸਕੇ ਅਤੇ ਵੱਧ ਤੋਂ ਵੱਧ ਲੋਕ 'ਗੁਰਮੁਖਿ' ਬਣਨ ਵਿੱਚ ਸਫ਼ਲ ਹੋ ਸਕਣ। ਕੇਵਲ ਸਤਿ ਦੀ ਕਰਨੀ ਹੀ ਕਲਜੁਗ ਨੂੰ ਸਤਿਯੁਗ ਵਿੱਚ ਪਰਿਵਰਤਿਤ ਕਰ ਸਕਦੀ ਹੈ। ਕੇਵਲ ਸਤਿ ਦੀ ਕਰਨੀ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਨਦਰ ਦਾ ਪਾਤਰ ਬਣਾ ਸਕਦੀ ਹੈ। ਕੇਵਲ ਸਤਿ ਦੀ ਕਰਨੀ ਹੀ ਮਨੁੱਖ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਕਰਵਾ ਸਕਦੀ ਹੈ। ਕੇਵਲ ਸਤਿ ਦੀ ਕਰਨੀ ਹੀ ਮਨੁੱਖ ਦਾ ਜੀਵਨ ਬਦਲ ਕੇ ਉਸ ਨੂੰ 'ਪਵਿਤ' ਕਰ ਸਕਦੀ ਹੈ। ਕੇਵਲ ਸਤਿ ਦੀ ਕਰਨੀ ਹੀ ਮਨੁੱਖ ਦੇ ਦੁੱਖਾਂ, ਕਲੇਸ਼ਾਂ, ਮੁਸੀਬਤਾਂ ਅਤੇ ਸਮੱਸਿਆਵਾਂ ਦਾ ਅੰਤ ਕਰ ਕੇ ਉਸ ਨੂੰ ਪਰਮ ਸੁੱਖ ਸਤਿ ਚਿੱਤ ਆਨੰਦ ਦੀ ਪ੍ਰਾਪਤੀ ਕਰਵਾ ਸਕਦੀ ਹੈ। ਕੇਵਲ ਸਤਿ ਦੀ ਕਰਨੀ ਹੀ ਮਨੁੱਖ ਨੂੰ ਜੀਵਨ ਮੁਕਤੀ ਪ੍ਰਾਪਤ ਕਰਨ ਦੇ ਯੋਗ ਬਣਾ ਸਕਦੀ ਹੈ। ਕੇਵਲ ਸਤਿ ਦੀ ਕਰਨੀ ਹੀ ਮਨੁੱਖ ਨੂੰ 'ਗੁਰਮੁਖਿ' ਬਣਾ ਸਕਦੀ ਹੈ। ਕੇਵਲ ਸਤਿ ਦੀ ਕਰਨੀ ਹੀ ਮਨੁੱਖ ਨੂੰ ਪੂਰਨ ਸੰਤ, ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਅਤੇ ਖ਼ਾਲਸਾ ਬਣਾਉਣ ਦੀ ਸਮਰੱਥਾ ਰੱਖਦੀ ਹੈ। ਇਸ ਲਈ ਸਾਰੀ ਸੰਗਤ ਦੇ ਚਰਨਾਂ 'ਤੇ ਸਨਿਮਰ ਬੇਨਤੀ ਹੈ ਕਿ ਆਪਣੀ ਰੋਜ਼ਾਨਾ ਦੀ ਕਰਨੀ ਨੂੰ ਸਤਿ ਦੀ ਕਰਨੀ ਵਿੱਚ ਪਰਿਵਰਤਿਤ ਕਰਨ ਦੇ ਯਤਨ ਕਰੋ ਜੀ। ਆਪਣੇ ਰੋਜ਼ਾਨਾ ਜੀਵਨ ਵਿੱਚ ਸਤਿ ਬੋਲੋ, ਸਤਿ ਸੁਣੋ ਅਤੇ ਸਤਿ ਦੀ ਕਮਾਈ ਕਰੋ ਜੀ। ਆਪਣੇ ਰੋਜ਼ਾਨਾ ਜੀਵਨ ਵਿੱਚ ਸਤਿ ਦੀ ਸੇਵਾ ਕਰੋ ਜੀ ਅਤੇ ਸਤਿ ਵਰਤਾਉ ਜੀ।

ਗੁਰਮੁਖਿ ਦੀ ਪਰਮ ਸ਼ਕਤੀਸ਼ਾਲੀ ਮਹਿਮਾ:

ਬੰਦਗੀ ਦੇ ਮਾਰਗ ਉੱਪਰ ਚਲਣ ਵਾਲੇ ਮਨੁੱਖਾਂ ਲਈ 'ਗੁਰਮੁਖਿ' ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਦ੍ਰਿੜ੍ਹ ਕਰਨਾ ਬੇਅੰਤ ਲਾਜ਼ਮੀ ਹੈ। 'ਗੁਰਮੁਖਿ' ਦੀ ਮਹਿਮਾ ਨੂੰ ਸਮਝਣ ਨਾਲ ਬੰਦਗੀ ਸੌਖੀ ਅਤੇ ਸਰਲ ਹੋ ਜਾਂਦੀ ਹੈ। ਇਸ ਮੰਤਵ ਨੂੰ ਪੂਰਾ ਕਰਨ ਲਈ ਹੀ ਸਤਿਗੁਰੂ ਸਾਹਿਬਾਨ ਨੇ 'ਗੁਰਮੁਖਿ' ਦੀ ਬੇਅੰਤ ਅਤੇ ਪਰਮ ਸ਼ਕਤੀਸ਼ਾਲੀ ਮਹਿਮਾ ਦੀ ਕਥਾ ਗੁਰਬਾਣੀ ਦੇ ਬਹੁਤ ਸਲੋਕਾਂ ਵਿੱਚ ਪ੍ਰਗਟ ਕੀਤੀ ਹੈ। ਆਓ 'ਗੁਰਮੁਖਿ' ਦੀ ਮਹਿਮਾ ਬਾਰੇ ਗੁਰਬਾਣੀ ਵਿੱਚ ਦ੍ਰਿੜ੍ਹ ਕਰਵਾਏ ਗਏ ਇਸ ਪਰਮ ਸਤਿ ਤੱਤ ਨੂੰ ਹੋਰ ਗਹਿਰਾਈ ਨਾਲ ਵਿਚਾਰਿਆ ਜਾਵੇ। ਤਾਂ ਜੋ 'ਗੁਰਮੁਖਿ' ਦੀ ਪਰਮ ਸ਼ਕਤੀਸ਼ਾਲੀ ਮਹਿਮਾ ਬਾਰੇ ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਇਨ੍ਹਾਂ ਸਤਿ ਤੱਤਾਂ ਅਤੇ ਪਰਮਾਣਾਂ ਨੂੰ ਸਮਝਿਆ ਜਾ ਸਕੇ। 'ਗੁਰਮੁਖਿ' ਦੀ ਮਹਿਮਾ ਵਿੱਚ ਪ੍ਰਗਟ ਕੀਤੇ ਗਏ ਇਨ੍ਹਾਂ ਪਰਮ ਸਤਿ ਦੇ ਭੇਦਾਂ ਨੂੰ ਖੋਲ੍ਹਿਆ ਜਾ ਸਕੇ ਅਤੇ ਸਮਝਿਆ ਜਾ ਸਕੇ।

ਗੁਰਮੁਖਿ ਸਾਚੇ ਕਾ ਭਉ ਪਾਵੈ ॥ ਗੁਰਮੁਖਿ ਬਾਣੀ ਅਘੜੁ ਘੜਾਵੈ ॥
ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥ ਗੁਰਮੁਖਿ ਪਵਿਤ੍ਰ ਪਰਮ ਪਦੁ ਪਾਵੈ ॥
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ ਨਾਨਕ ਗੁਰਮੁਖਿ ਸਾਚਿ ਸਮਾਵੈ ॥੨੭॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੧)

ਜੋ ਮਨੁੱਖ ਪਰਮ ਪਦਵੀ ਦੀ ਪ੍ਰਾਪਤੀ ਕਰਦਾ ਹੈ ਉਹ 'ਗੁਰਮੁਖਿ' ਹੈ। ਭਾਵ ਜੋ ਮਨੁੱਖ

ਬੰਦਗੀ ਦੀ ਸਰਵ ਉੱਚੀ ਪਦਵੀ ਨੂੰ ਪ੍ਰਾਪਤ ਕਰਦਾ ਹੈ ਉਹ ਮਨੁੱਖ 'ਗੁਰਮੁਖਿ' ਹੈ। ਜੋ ਮਨੁੱਖ ਆਪਣੇ ਚੰਚਲ ਮਨ ਨੂੰ ਜਿੱਤ ਲੈਂਦਾ ਹੈ ਉਹ ਮਨੁੱਖ 'ਗੁਰਮੁਖਿ' ਹੈ। ਮਨੁੱਖੀ ਮਨ ਇੱਕ ਅੜੀਅਲ ਘੋੜੇ ਦੀ ਨਿਆਈਂ ਹੈ ਜੋ ਕਿ ਆਮ ਬੰਦੇ ਕੋਲੋਂ ਵੱਸ ਵਿੱਚ ਨਹੀਂ ਆਉਂਦਾ ਹੈ। ਭਾਵ ਮਨੁੱਖੀ ਮਨ ਕਦੇ ਚੁੱਪ ਨਹੀਂ ਕਰਦਾ ਹੈ। ਮਨ ਵਿੱਚ ਚੰਗੇ-ਮਾੜੇ ਫੁਰਨਿਆਂ ਦਾ ਕਦੇ ਅੰਤ ਨਹੀਂ ਹੁੰਦਾ ਹੈ। ਮਨੁੱਖ ਦੇ ਮਨ ਵਿੱਚ ਆਉਂਦੇ ਚੰਗੇ-ਮਾੜੇ ਫੁਰਨੇ ਹੀ ਮਨੁੱਖੀ ਕਰਮਾਂ ਦਾ ਆਧਾਰ ਬਣਦੇ ਹਨ। ਇਨ੍ਹਾਂ ਫੁਰਨਿਆਂ ਵਿੱਚੋਂ ਹੀ ਕਈ ਫੁਰਨੇ ਮਨੁੱਖੀ ਕਰਮਾਂ ਦਾ ਰੂਪ ਧਾਰਨ ਕਰ ਕੇ ਵਾਪਰਦੇ ਹਨ। ਇਸ ਅੜੀਅਲ ਘੋੜੇ ਰੂਪੀ ਮਨ ਨੂੰ 'ਗੁਰਮੁਖਿ' ਗੁਰਪ੍ਰਸਾਦੀ ਗੁਰਕਿਰਪਾ ਦਾ ਸਦਕਾ ਆਪਣੇ ਵੱਸ ਵਿੱਚ ਕਰ ਲੈਂਦਾ ਹੈ। ਭਾਵ 'ਗੁਰਮੁਖਿ' ਦਾ ਮਨ ਸ਼ਾਂਤ ਹੋ ਜਾਂਦਾ ਹੈ। 'ਗੁਰਮੁਖਿ' ਦਾ ਮਨ ਵਿਸ਼ਰਾਮ ਵਿੱਚ ਚਲਾ ਜਾਂਦਾ ਹੈ। 'ਗੁਰਮੁਖਿ' ਦਾ ਮਨ ਚੰਗੇ-ਮਾੜੇ ਫੁਰਨਿਆਂ ਤੋਂ ਰਹਿਤ ਹੋ ਕੇ ਸੁੰਨ ਸਮਾਧੀ ਵਿੱਚ ਚਲਾ ਜਾਂਦਾ ਹੈ। ਆਮ ਮਨੁੱਖ ਦਾ ਮਨ ਕੇਵਲ ਮਾਇਆ ਦਾ ਗ਼ੁਲਾਮ ਹੁੰਦਾ ਹੈ। ਮਨੁੱਖੀ ਮਨ ਦੇ ਸਾਰੇ ਫੁਰਨਿਆਂ ਦਾ ਆਧਾਰ ਕੇਵਲ ਤ੍ਰੈ ਗੁਣ ਮਾਇਆ ਹੈ। 'ਗੁਰਮੁਖਿ' ਦੀ ਤ੍ਰਿਸ਼ਣਾ ਬੁਝ ਜਾਂਦੀ ਹੈ ਅਤੇ 'ਗੁਰਮੁਖਿ' ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੂੰ ਜਿੱਤ ਲੈਂਦਾ ਹੈ। ਭਾਵ ਜੋ ਮਨੁੱਖ ਮਇਆ ਨੂੰ ਜਿੱਤ ਲੈਂਦਾ ਹੈ ਉਹ 'ਗੁਰਮੁਖਿ' ਹੈ। ਮਾਇਆ ਨੂੰ ਜਿੱਤਣਾ ਹੀ ਮਨ ਦੀ ਜਿੱਤ ਹੈ। ਜਿਸ ਮਨੁੱਖ ਦੀ ਮਾਇਆ ਗ਼ੁਲਾਮ ਬਣ ਜਾਂਦੀ ਹੈ ਉਹ 'ਗੁਰਮੁਖਿ' ਹੈ। ਜਿਸ ਮਨੁੱਖ ਦੇ ਰੋਮ-ਰੋਮ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ ਕੇਵਲ ਉਹ ਮਨੁੱਖ 'ਗੁਰਮੁਖਿ' ਹੈ। ਜੋ ਮਨੁੱਖ ਸਦਾ ਸੁਹਾਗ ਦੀ ਪ੍ਰਾਪਤੀ ਕਰ ਲੈਂਦਾ ਹੈ ਉਹ ਮਨੁੱਖ 'ਗੁਰਮੁਖਿ' ਹੈ। ਮਾਇਆ ਨੂੰ ਜਿੱਤਣ ਦੇ ਨਾਲ ਹੀ 'ਗੁਰਮੁਖਿ' ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਕੇ ਜੀਵਨ ਮੁਕਤ ਹੋ ਜਾਂਦਾ ਹੈ। ਜੋ ਮਨੁੱਖ ਆਪਣੇ ਮਨ ਨੂੰ ਜਿੱਤ ਲੈਂਦਾ ਹੈ ਉਸ ਦਾ ਮਨ ਜੋਤ ਸਰੂਪ ਹੋ ਜਾਂਦਾ ਹੈ ਅਤੇ ਉਸ ਦੀਆਂ ਪੰਜ ਗਿਆਨ ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਪੂਰਨ ਹੁਕਮ ਵਿੱਚ ਆ ਜਾਂਦੀਆਂ ਹਨ। ਮਨ ਨੂੰ ਜਿੱਤਣ ਦੇ ਨਾਲ ਹੀ ਮਨਮਤਿ ਦਾ ਅੰਤ ਹੋ ਜਾਂਦਾ ਹੈ ਅਤੇ ਗੁਰਮਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਪੰਜ ਗਿਆਨ ਇੰਦਰੀਆਂ ਅਤੇ ਕਰਮ ਇੰਦਰੀਆਂ ਕੇਵਲ ਗੁਰਮਤਿ ਅਨੁਸਾਰ ਕਰਮ ਕਰਦੀਆਂ ਹਨ। ਮਨਮਤਿ, ਦੁਰਮਤਿ ਅਤੇ ਸੰਸਾਰਿਕ ਮਤਿ ਦਾ ਅੰਤ ਹੋ ਜਾਣ ਨਾਲ ਹੀ 'ਗੁਰਮੁਖਿ' ਦੇ ਸਾਰੇ ਕਰਮ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪੂਰਨ ਹੁਕਮ ਵਿੱਚ ਅਤੇ ਪੂਰਨ ਭਾਣੇ ਵਿੱਚ ਆ ਜਾਂਦੇ ਹਨ। 'ਗੁਰਮੁਖਿ' ਦੀ ਕਰਨੀ ਸਤਿ ਦੀ ਕਰਨੀ ਹੁੰਦੀ ਹੈ। 'ਗੁਰਮੁਖਿ' ਦੀ ਕਰਨੀ ਨਿਰਮਲ ਹੁੰਦੀ ਹੈ। 'ਗੁਰਮੁਖਿ' ਦੀ ਕਰਨੀ ਕੇਵਲ ਲੁਕਾਈ ਦਾ ਭਲਾ ਕਰਦੀ ਹੈ। 'ਗੁਰਮੁਖਿ' ਦੀ ਕਰਨੀ ਕੇਵਲ ਪਰਉਪਕਾਰੀ ਕਰਨੀ ਹੁੰਦੀ ਹੈ। 'ਗੁਰਮੁਖਿ' ਸਦਾ-ਸਦਾ ਲਈ ਸਤਿ ਪਾਰਬ੍ਰਹਮ ਦੀ ਸੇਵਾ ਵਿੱਚ ਲੀਨ ਰਹਿੰਦਾ ਹੈ। 'ਗੁਰਮੁਖਿ' ਸਦਾ ਸਤਿ ਬੋਲਦਾ ਹੈ, ਸਦਾ ਸਤਿ ਸੁਣਦਾ ਹੈ, ਸਦਾ ਸਤਿ ਦੀ ਸੇਵਾ ਕਰਦਾ ਹੈ ਅਤੇ ਸਦਾ ਪੂਰਨ ਸਤਿ ਹੀ ਵਰਤਾਉਂਦਾ ਹੈ।

ਗੁਰਮੁਖਿ ਪਰਚੈ ਬੇਦ ਬੀਚਾਰੀ ॥ ਗੁਰਮੁਖਿ ਪਰਚੈ ਤਰੀਐ ਤਾਰੀ ॥
ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥ ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ ॥
ਗੁਰਮੁਖਿ ਪਾਈਐ ਅਲਖ ਅਪਾਰੁ ॥ ਨਾਨਕ ਗੁਰਮੁਖਿ ਮੁਕਤਿ ਦੁਆਰੁ ॥੨੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੧)

'ਗੁਰਮੁਖਿ' ਦੀ ਸੰਗਤ ਬੜੇ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। 'ਗੁਰਮੁਖਿ' ਅਤੇ

ਸਤਿਗੁਰੂ ਵਿੱਚ ਕੋਈ ਅੰਤਰ ਨਹੀਂ ਹੈ। 'ਗੁਰਮੁਖਿ' ਦੀ ਅਵਸਥਾ ਇਤਨੀ ਪਰਮ ਸ਼ਕਤੀਸ਼ਾਲੀ ਹੈ ਕਿ ਜੋ ਮਨੁੱਖ 'ਗੁਰਮੁਖਿ' ਦੇ ਸਨਮੁਖ ਹੋ ਜਾਂਦੇ ਹਨ ਅਤੇ ਐਸੀ ਹਸਤੀ ਨਾਲ ਗਹਿਰੀ ਸਾਂਝ ਪਾ ਲੈਂਦੇ ਹਨ ਉਨ੍ਹਾਂ ਮਨੁੱਖਾਂ ਉੱਪਰ ਵੀ ਗੁਰਪ੍ਰਸਾਦੀ ਗੁਰਕਿਰਪਾ ਹੋ ਜਾਂਦੀ ਹੈ। ਜੋ ਮਨੁੱਖ 'ਗੁਰਮੁਖਿ' ਦੇ ਉੱਪਰ ਭਰੋਸਾ ਅਤੇ ਸ਼ਰਧਾ ਨਾਲ ਪਿਆਰ ਦੀ ਡੂੰਘੀ ਸਾਂਝ ਪਾ ਲੈਂਦੇ ਹਨ ਉਨ੍ਹਾਂ ਮਨੁੱਖਾਂ ਉੱਪਰ ਬੇਅੰਤ ਗੁਰ ਕਿਰਪਾ ਵਰਤਦੀ ਹੈ। ਭਾਵ ਜੋ ਮਨੁੱਖ 'ਗੁਰਮੁਖਿ' ਨੂੰ ਸਤਿਗੁਰ ਜਾਣ ਕੇ ਆਪਣਾ ਤਨ, ਮਨ ਅਤੇ ਧਨ ਉਸ ਦੇ ਸਤਿ ਚਰਨਾਂ 'ਤੇ ਪੂਰਾ ਅਰਪਣ ਕਰ ਦਿੰਦੇ ਹਨ ਉਨ੍ਹਾਂ ਮਨੁੱਖਾਂ ਉੱਪਰ ਗੁਰਪ੍ਰਸਾਦੀ ਗੁਰਕਿਰਪਾ ਬਰਸਦੀ ਹੈ ਅਤੇ ਉਹ ਮਨੁੱਖ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਨਾਲ ਬਖ਼ਸ਼ੇ ਜਾਂਦੇ ਹਨ। ਜੋ ਮਨੁੱਖ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਬੰਦਗੀ ਵਿੱਚ ਚਲੇ ਜਾਂਦੇ ਹਨ ਉਨ੍ਹਾਂ ਮਨੁੱਖਾਂ ਨੂੰ ਸਾਰੇ ਧਾਰਮਿਕ ਸ਼ਾਸਤਰਾਂ, ਵੇਦਾਂ ਅਤੇ ਸੰਪੂਰਨ ਗੁਰਬਾਣੀ ਦੇ ਪਰਮ ਤੱਤ ਸਾਰ ਦਾ ਗਿਆਨ ਹੋ ਜਾਂਦਾ ਹੈ। ਕਿਉਂਕਿ ਸਾਰੇ ਧਾਰਮਿਕ ਸ਼ਾਸਤਰਾਂ, ਵੇਦਾਂ, ਕਤੇਬਾਂ, ਅਤੇ ਪੂਰਨ ਗੁਰਬਾਣੀ ਦਾ ਤੱਤ ਸਾਰ ਕੇਵਲ 'ਸਤਿ' ਹੈ। ਸੰਪੂਰਨ ਸਮਰਪਣ ਨਾਲ ਕੀਤੀ ਗਈ 'ਗੁਰਮੁਖਿ' ਦੀ ਸੰਗਤ ਅਤੇ ਸੇਵਾ ਨਾਲ ਮਨੁੱਖ ਨੂੰ ਅੰਦਰਲੇ ਤੀਰਥ ਨੂੰ ਪੂਰਾ ਕਰਨ ਦੀ ਜੁਗਤੀ ਦਾ ਗਿਆਨ ਅਤੇ ਪ੍ਰਾਪਤੀ ਹੋ ਜਾਂਦੀ ਹੈ ਅਤੇ ਮਨੁੱਖ ਅੰਦਰਲਾ ਤੀਰਥ ਕਰ ਕੇ ਪੂਰਨ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਮਨੁੱਖੀ ਮਨ ਨੂੰ ਕੇਵਲ ਅੰਦਰਲਾ ਤੀਰਥ ਪੂਰਨ ਕਰਨ ਨਾਲ ਹੀ ਜਿੱਤਿਆ ਜਾ ਸਕਦਾ ਹੈ। ਸੰਪੂਰਨ ਸਮਰਪਣ ਦੇ ਨਾਲ 'ਗੁਰਮੁਖਿ' ਦੀ ਸੰਗਤ ਅਤੇ ਸੇਵਾ ਕਰਨ ਵਾਲੇ ਮਨੁੱਖ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਅਤੇ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ। ਸਤਿ ਸਰੋਵਰਾਂ ਵਿੱਚ ਹੀ ਸਾਰੀਆਂ ਪਰਮ ਸ਼ਕਤੀਆਂ ਦਾ ਵਾਸ ਹੁੰਦਾ ਹੈ। ਸਤਿ ਸਰੋਵਰਾਂ ਵਿੱਚ ਸਥਿਤ ਇਨ੍ਹਾਂ ਪਰਮ ਸ਼ਕਤੀਆਂ ਵਿੱਚੋਂ ਹੀ ਪੂਰਨ ਬ੍ਰਹਮ ਗਿਆਨ ਦਾ ਸੋਮਾ ਫੁੱਟਦਾ ਹੈ ਜਿਸ ਦੇ ਨਾਲ ਮਨੁੱਖ ਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਐਸੇ ਮਨੁੱਖ ਜੋ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਲੈਂਦੇ ਹਨ ਅਤੇ ਆਪਣੇ ਆਪ ਨੂੰ ਸਤਿਗੁਰੂ ਦੇ ਸਤਿ ਸਚਰਨਾਂ 'ਤੇ ਪੂਰਨ ਸਮਰਪਣ ਕਰ ਦਿੰਦੇ ਹਨ ਉਹ ਮਨੁੱਖ ਜੀਵਨ ਮੁਕਤੀ ਪ੍ਰਾਪਤ ਕਰ ਲੈਂਦੇ ਹਨ। 'ਗੁਰਮੁਖਿ' ਮਾਇਆ ਨੂੰ ਜਿੱਤ ਲੈਂਦਾ ਹੈ ਇਸ ਲਈ ਕੇਵਲ 'ਗੁਰਮੁਖਿ' ਨੂੰ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੁੰਦੇ ਹਨ। ਕੇਵਲ ਮਨੁੱਖ ਨੂੰ ਹੀ ਜੀਵਨ ਮੁਕਤੀ ਦੀ ਜੁਗਤੀ ਦਾ ਗਿਆਨ ਹੁੰਦਾ ਹੈ ਅਤੇ ਕੇਵਲ 'ਗੁਰਮੁਖਿ' ਹੀ ਮਨੁੱਖ ਨੂੰ ਮੁਕਤੀ ਦੇ ਦੁਆਰ ਤੱਕ ਲੈ ਜਾ ਸਕਦਾ ਹੈ। ਇਹ ਪੂਰਨ ਸਤਿ ਹੈ ਕਿ ਕੇਵਲ 'ਗੁਰਮੁਖਿ' ਆਪ ਹੀ ਜੀਵਨ ਮੁਕਤੀ ਦਾ ਮਾਰਗ ਹੈ, ਕੇਵਲ 'ਗੁਰਮੁਖਿ' ਆਪ ਹੀ ਜੀਵਨ ਮੁਕਤੀ ਦਾ ਦੁਆਰ ਹੈ। ਭਾਵ 'ਗੁਰਮੁਖਿ' ਹੀ ਮਨੁੱਖ ਨੂੰ ਜੀਵਨ ਮੁਕਤੀ ਦੇਣ ਦੀ ਪਰਮ ਸ਼ਕਤੀ ਦਾ ਮਾਲਿਕ ਹੁੰਦਾ ਹੈ।

ਗੁਰਮੁਖਿ ਅਕਥੁ ਕਥੈ ਬੀਚਾਰਿ ॥ ਗੁਰਮੁਖਿ ਨਿਬਹੈ ਸਪਰਵਾਰਿ ॥
ਗੁਰਮੁਖਿ ਜਪੀਐ ਅੰਤਰਿ ਪਿਆਰਿ ॥ ਗੁਰਮੁਖਿ ਪਾਈਐ ਸਬਦਿ ਅਚਾਰਿ ॥
ਸਬਦਿ ਭੇਦਿ ਜਾਣੈ ਜਾਣਾਈ ॥ ਨਾਨਕ ਹਉਮੈ ਜਾਲਿ ਸਮਾਈ ॥੨੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੧)

ਸਮਰਣ ਰਹੇ ਕਿ ਇੱਕ 'ਗੁਰਮੁਖਿ' ਹੀ ਪੂਰਨ ਬ੍ਰਹਮ ਗਿਆਨੀ ਹੈ। ਇਹ ਪੂਰਨ ਸਤਿ ਹੈ ਕਿ ਕੇਵਲ ਪੂਰਨ ਬ੍ਰਹਮ ਗਿਆਨੀ ਨੂੰ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਗੁੱਝੇ ਭੇਦਾਂ ਦਾ

ਪੂਰਨ ਬ੍ਰਹਮ ਗਿਆਨ ਹੁੰਦਾ ਹੈ। ਕਿਉਂਕਿ ਕੇਵਲ ਪੂਰਨ ਬ੍ਰਹਮ ਗਿਆਨੀ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਇਨ੍ਹਾਂ ਗੁੱਝੇ ਭੇਦਾਂ ਦਾ ਅਨੁਭਵ ਕਰਦਾ ਹੈ। ਕੇਵਲ ਪੂਰਨ ਬ੍ਰਹਮ ਗਿਆਨੀ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਬੇਅੰਤ ਪਰਮ ਸ਼ਕਤੀਆਂ ਦਾ ਅਨੁਭਵ ਕਰਦਾ ਹੈ। ਕੇਵਲ ਪੂਰਨ ਬ੍ਰਹਮ ਗਿਆਨੀ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਬੇਅੰਤ ਪਰਮ ਸਤਿ ਗੁਣਾਂ ਦਾ ਅਨੁਭਵ ਕਰਦਾ ਹੈ। ਕੇਵਲ ਪੂਰਨ ਬ੍ਰਹਮ ਗਿਆਨੀ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਦੇ ਗੁਰਪ੍ਰਸਾਦਿ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦਾ ਗਿਆਤਾ ਹੁੰਦਾ ਹੈ। ਕੇਵਲ ਪੂਰਨ ਬ੍ਰਹਮ ਗਿਆਨੀ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਦੀ ਜੁਗਤੀ ਅਤੇ ਗੁਰਪ੍ਰਸਾਦਿ ਦਾ ਦਾਤਾ ਹੁੰਦਾ ਹੈ। ਕੇਵਲ ਪੂਰਨ ਬ੍ਰਹਮ ਗਿਆਨੀ ਹੀ ਮੁਕਤੀ ਦੀ ਜੁਗਤੀ, ਜੀਅ ਦਾਨ ਅਤੇ ਅੰਮ੍ਰਿਤ ਦਾ ਦਾਤਾ ਹੁੰਦਾ ਹੈ। ਕੇਵਲ ਪੂਰਨ ਬ੍ਰਹਮ ਗਿਆਨੀ ਹੀ ਜੋ ਕੁਝ ਗੁਰਬਾਣੀ ਵਿੱਚ ਲਿਖਿਆ ਹੈ ਉਹ ਆਪਣੀ ਬੰਦਗੀ ਦੇ ਦੌਰਾਨ ਅਨੁਭਵ ਕਰਦਾ ਹੈ। ਕੇਵਲ ਪੂਰਨ ਬ੍ਰਹਮ ਗਿਆਨੀ ਦੀ ਬੰਦਗੀ ਦੇ ਦੌਰਾਨ ਗੁਰਬਾਣੀ ਹੀ ਪ੍ਰਤੱਖ ਵਾਪਰਦੀ ਹੈ। ਜੋ ਜੋ ਗੁਰਬਾਣੀ ਵਿੱਚ ਲਿਖਿਆ ਹੈ ਉਹ ਬੰਦਗੀ ਦੇ ਦੌਰਾਨ ਮਨੁੱਖ ਪ੍ਰਤੱਖ ਅਨੁਭਵ ਕਰਦਾ ਹੈ।

ਉਦਾਹਰਨ ਦੇ ਤੌਰ 'ਤੇ ਗੁਰਬਾਣੀ ਦੇ ਹੁਕਮ ਅਨੁਸਾਰ ਮਨੁੱਖ ਸ਼ਬਦ ਸੁਰਤਿ ਦੇ ਸੁਮੇਲ ਦਾ ਅਨੁਭਵ ਕਰਦਾ ਹੈ। ਜਦ ਸ਼ਬਦ ਸੁਰਤਿ ਦਾ ਸੁਮੇਲ ਹੁੰਦਾ ਹੈ ਤਾਂ ਮਨੁੱਖ ਦੀ ਸੁਰਤਿ ਸ਼ਬਦ ਵਿੱਚ ਆਪਣੇ ਆਪ ਹੀ ਚਲੀ ਜਾਂਦੀ ਹੈ। ਜਦ ਵੀ ਗੁਰਬਾਣੀ ਜਾਂ ਕੀਰਤਨ ਦੀ ਆਵਾਜ਼ ਮਨੁੱਖ ਦੇ ਕੰਨਾਂ ਵਿੱਚ ਪੈਂਦੀ ਹੈ ਉਸ ਦੇ ਨਾਲ ਹੀ ਸੁਰਤਿ ਸ਼ਬਦ ਵੱਲ ਖਿੱਚੀ ਜਾਂਦੀ ਹੈ ਅਤੇ ਮਨੁੱਖ ਅਜਪਾ ਜਾਪ ਦਾ ਅਨੁਭਵ ਕਰਦਾ ਹੈ। ਇਸ ਦੇ ਨਾਲ ਹੀ ਮਨੁੱਖ ਦੀ ਸਮਾਧੀ ਲੱਗ ਜਾਂਦੀ ਹੈ। ਜਦ ਮਨੁੱਖ ਸਮਾਧੀ ਵਿੱਚ ਬੈਠ ਕੇ ਲੰਬਾ ਅਭਿਆਸ ਕਰਦਾ ਹੈ ਤਾਂ ਉਹ ਸੁੰਨ ਸਮਾਧੀ ਦਾ ਅਨੁਭਵ ਕਰਦਾ ਹੈ। ਸੁੰਨ ਸਮਾਧੀ ਵਿੱਚ ਮਨੁੱਖ ਦਾ ਮਨ ਸੁਰਤਿ ਸਭ ਕੁਝ ਪੂਰਨ ਤੌਰ 'ਤੇ ਸ਼ਾਂਤ ਹੋ ਜਾਂਦਾ ਹੈ ਇਸ ਲਈ ਸਮਾਂ ਜਿਵੇਂ ਖੜ੍ਹ ਜਾਂਦਾ ਹੈ ਅਤੇ ਸਮੇਂ ਦੇ ਚਲਦੇ ਰਹਿਣ ਦਾ ਅਹਿਸਾਸ ਨਹੀਂ ਰਹਿੰਦਾ ਹੈ। ਸਮਾਧੀ ਦੇ ਦੌਰਾਨ ਮਨੁੱਖ ਨੂੰ ਸਤਿਗੁਰੂਆਂ, ਬ੍ਰਹਮ ਗਿਆਨੀਆਂ, ਸੰਤਾਂ ਅਤੇ ਭਗਤਾਂ ਦੇ ਦਰਸ਼ਨ ਹੁੰਦੇ ਹਨ। ਸਮਾਧੀ ਦੇ ਦੌਰਾਨ ਮਨੁੱਖ ਨੂੰ ਹੋਰ ਕਈ ਤਰ੍ਹਾਂ ਦੇ ਅਨੁਭਵ ਹੁੰਦੇ ਹਨ, ਜਿਵੇਂ ਪਰਮ ਜੋਤ ਦੇ ਦਰਸ਼ਨ ਹੋਣਾ, ਪ੍ਰਕਾਸ਼ ਦਿੱਸਣਾ, ਦੇਹੀ ਨੂੰ ਛੱਡ ਕੇ ਜਾਣ ਦੇ ਅਨੁਭਵ ਹੁੰਦੇ ਹਨ, ਰੋਮ-ਰੋਮ ਵਿੱਚ ਸਿਮਰਨ ਦਾ ਅਨੁਭਵ ਹੁੰਦਾ ਹੈ, ਆਪਣੇ ਨੇਤਰਾਂ ਵਿੱਚੋਂ ਪ੍ਰਕਾਸ਼ ਨਿਕਲਣ ਦਾ ਅਨੁਭਵ ਹੁੰਦਾ ਹੈ, ਆਪਣੀ ਦੇਹੀ ਵਿੱਚ ਅੰਮ੍ਰਿਤ ਦੇ ਸੰਚਾਰ ਦਾ ਅਨੁਭਵ ਹੁੰਦਾ ਹੈ, ਆਪਣੀ ਦੇਹੀ ਵਿੱਚੋਂ ਪ੍ਰਕਾਸ਼ ਨਿਕਲਣ ਦਾ ਅਨੁਭਵ ਹੁੰਦਾ ਹੈ, ਦਰਗਾਹ ਦੇ ਦਰਸ਼ਨ ਹੁੰਦੇ ਹਨ ਅਤੇ ਅੰਤ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਹੁੰਦੇ ਹਨ। ਸਮਾਧੀ ਦੇ ਦੌਰਾਨ ਹੀ ਪੰਜ ਦੂਤਾਂ ਨੂੰ ਜਿੱਤਣ ਦਾ ਅਨੁਭਵ ਹੁੰਦਾ ਹੈ ਅਤੇ ਮਾਇਆ ਨੂੰ ਜਿੱਤਣ ਦਾ ਅਨੁਭਵ ਹੁੰਦਾ ਹੈ।

ਹਰ ਇੱਕ ਮਨੁੱਖ ਦੀ ਬੰਦਗੀ ਅਦੁੱਤੀ ਹੁੰਦੀ ਹੈ। ਕਿਉਂਕਿ ਹਰ ਇੱਕ ਮਨੁੱਖ ਦਾ ਪ੍ਰਾਲਬਧ ਵੱਖਰਾ-ਵੱਖਰਾ ਹੁੰਦਾ ਹੈ। ਇਸ ਲਈ ਹਰ ਇੱਕ ਮਨੁੱਖ ਨੂੰ ਬੰਦਗੀ ਦੇ ਦੌਰਾਨ ਅਲੱਗ-ਅਲੱਗ ਅਨੁਭਵ ਹੁੰਦੇ ਹਨ। ਇਸ ਤਰ੍ਹਾਂ ਦੇ ਨਾਲ ਬੰਦਗੀ ਦੇ ਦੌਰਾਨ ਮਨੁੱਖ ਨਾਲ ਗੁਰਪ੍ਰਸਾਦੀ ਪਰਮ ਸ਼ਕਤੀਆਂ ਦੇ ਵਰਤਣ ਨਾਲ ਬਹੁਤ ਕੁਝ ਵਾਪਰਦਾ ਹੈ ਜੋ ਕਿ ਸਭ ਕੁਝ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ। ਇਸ ਤਰ੍ਹਾਂ ਕੇਵਲ ਪੂਰਨ ਬ੍ਰਹਮ ਗਿਆਨੀ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਅਕੱਥ ਕਥਾ ਨੂੰ ਅਨੁਭਵ ਕਰਦਾ ਹੈ। ਜੋ ਜੋ ਅਨੁਭਵ ਪੂਰਨ

ਬ੍ਰਹਮ ਗਿਆਨੀ ਆਪਣੀ ਬੰਦਗੀ ਦੇ ਦੌਰਾਨ ਗੁਰਪ੍ਰਸਾਦੀ ਪਰਮ ਸ਼ਕਤੀਆਂ ਦੇ ਵਰਤਣ ਨਾਲ ਕਰਦਾ ਹੈ ਉਨ੍ਹਾਂ ਅਨੁਭਵਾਂ ਨੂੰ ਆਮ ਲੋਕਾਂ ਨੂੰ ਦੁਨਿਆਵੀ ਭਾਸ਼ਾ ਵਿੱਚ ਪੂਰਨ ਤੌਰ 'ਤੇ ਸਮਝਾਉਣਾ ਸੰਭਵ ਨਹੀਂ ਹੈ। ਇਸ ਤਰ੍ਹਾਂ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਥਾ ਕਥੀ ਨਹੀਂ ਜਾ ਸਕਦੀ ਹੈ ਅਤੇ ਕੇਵਲ ਅਨੁਭਵ ਕੀਤੀ ਜਾ ਸਕਦੀ ਹੈ। ਲੇਕਿਨ ਆਪਣੀ ਬੰਦਗੀ ਦੇ ਦੌਰਾਨ ਇਕੱਤਰ ਕੀਤੇ ਗਏ ਅਨੁਭਵਾਂ ਦੇ ਆਧਾਰ 'ਤੇ ਉਹ (ਪੂਰਨ ਬ੍ਰਹਮ ਗਿਆਨੀ) ਸੰਗਤ ਨੂੰ ਸਤਿ ਪਾਰਬ੍ਰਹਮ ਦੀ ਬੰਦਗੀ ਦੇ ਬਾਰੇ ਅਤੇ ਮਹਿਮਾ ਬਾਰੇ ਬ੍ਰਹਮ ਗਿਆਨ ਦਾ ਗੁਰਪ੍ਰਸਾਦਿ ਵੰਡਦਾ ਹੈ। ਪੂਰਨ ਬ੍ਰਹਮ ਗਿਆਨੀ ਸੰਗਤ ਨੂੰ ਉਨ੍ਹਾਂ ਦੇ ਬੰਦਗੀ ਵਿੱਚ ਗਹਿਰੇ ਉਤਰਨ ਲਈ ਉਨ੍ਹਾਂ ਦੀ ਜ਼ਰੂਰਤ ਅਨੁਸਾਰ ਬ੍ਰਹਮ ਗਿਆਨ ਦਿੰਦਾ ਹੈ। ਸਦਾ ਸਮਰਣ ਰੱਖੋ ਕਿ ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਵਰਤ ਰਹੀ ਕਥਾ ਪੂਰਵ ਨਿਰਧਾਰਿਤ ਨਹੀਂ ਹੁੰਦੀ ਹੈ। ਭਾਵ ਪੂਰਨ ਬ੍ਰਹਮ ਗਿਆਨੀ ਕਥਾ ਦਾ ਵਿਸ਼ਾ ਪੂਰਵ ਨਿਰਧਾਰਿਤ ਕਰ ਕੇ ਸੰਗਤ ਨੂੰ ਕਦੇ ਵੀ ਸੰਬੋਧਨ ਨਹੀਂ ਕਰਦਾ ਹੈ। ਪੂਰਨ ਬ੍ਰਹਮ ਗਿਆਨੀ ਦੀ ਕਥਾ ਕੇਵਲ ਪੂਰਨ ਹੁਕਮ ਵਿੱਚ ਵਾਪਰਦੀ ਹੈ ਅਤੇ ਉਸ ਦੇ ਬਚਨ ਸਨਮੁਖ ਉਪਸਥਿਤ ਸੰਗਤ ਦੀ ਉਸ ਸਮੇਂ ਦੀ ਜ਼ਰੂਰਤ ਦੇ ਅਨੁਸਾਰ ਹੁੰਦੇ ਹਨ। ਕਿਉਂਕਿ ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤਦੀ ਹੈ ਇਸ ਲਈ ਇਹ ਪੂਰਨ ਸਤਿ ਹੈ ਕਿ ਕੇਵਲ ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਅਕੱਥ ਕਥਾ ਪ੍ਰਤੱਖ ਵਾਪਰਦੀ ਹੈ ਜਦ ਐਸੀ ਪਰਮ ਸ਼ਕਤੀਸ਼ਾਲੀ ਸੰਗਤ ਵਿੱਚ ਸੁਹਾਗਣਾਂ ਦਾ ਜਨਮ ਹੁੰਦਾ ਹੈ। ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਹੀ ਸ਼ਬਦ ਦਾ ਸੁਰਤਿ ਨਾਲ ਸੁਮੇਲ ਹੁੰਦਾ ਹੈ ਅਤੇ ਉੱਪਰ ਲਿਖੇ ਗਏ ਸਾਰੇ ਅਨੁਭਵ ਸੰਗਤ ਨਾਲ ਪ੍ਰਤੱਖ ਵਾਪਰਦੇ ਹਨ। ਪੂਰਨ ਬ੍ਰਹਮ ਗਿਆਨੀ ਦੇ ਛਤਰ ਹੇਠ ਬੈਠ ਕੇ ਹੀ ਮਨੁੱਖ ਦੀ ਬੰਦਗੀ ਸਹਿਜੇ ਹੀ ਪੂਰਨ ਹੋ ਜਾਂਦੀ ਹੈ। ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਹੀ ਸਦਾ ਸੁਹਾਗਣਾਂ ਧਰਤੀ ਉੱਪਰ ਪ੍ਰਤੱਖ ਪ੍ਰਗਟ ਹੁੰਦੀਆਂ ਹਨ। ਪੂਰਨ ਬ੍ਰਹਮ ਗਿਆਨੀ ਅਪਰਸ ਪਾਰਸ ਹੈ ਇਸ ਲਈ ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਹੀ ਪੂਰਨ ਬ੍ਰਹਮ ਗਿਆਨੀ ਪ੍ਰਤੱਖ ਪ੍ਰਗਟ ਹੁੰਦੇ ਹਨ। ਪੂਰਨ ਬ੍ਰਹਮ ਗਿਆਨੀ ਦੀ ਪਰਮ ਸ਼ਕਤੀਸ਼ਾਲੀ ਸੰਗਤ ਵਿੱਚ ਹੀ 'ਖ਼ਾਲਸਾ' ਅਤੇ 'ਗੁਰਮੁਖਿ' ਪ੍ਰਗਟ ਹੁੰਦਾ ਹੈ। ਇਸ ਤਰ੍ਹਾਂ ਦੇ ਨਾਲ ਕੇਵਲ ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਅਕੱਥ ਕਥਾ ਪ੍ਰਤੱਖ ਪ੍ਰਗਟ ਹੁੰਦੀ ਹੈ। ਕੇਵਲ ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਪ੍ਰਤੱਖ ਪ੍ਰਗਟ ਹੁੰਦੀ ਹੈ।

ਐਸਾ 'ਗੁਰਮੁਖਿ' ਪੂਰਨ ਬ੍ਰਹਮ ਗਿਆਨੀ ਕੇਵਲ ਆਪ ਹੀ ਨਹੀਂ ਮਾਇਆ ਰੂਪੀ ਇਸ ਸੰਸਾਰ ਭਵਸਾਗਰ ਤੋਂ ਪਾਰ ਉਤਰਦਾ ਹੈ ਬਲਕਿ ਆਪਣਾ ਸਾਰਾ ਵਿਛੜਿਆ ਹੋਇਆ ਪਰਿਵਾਰ ਵੀ ਤਾਰਦਾ ਹੈ। ਭਾਵ 'ਗੁਰਮੁਖਿ' ਕੇਵਲ ਆਪ ਹੀ ਨਹੀਂ ਜੀਵਨ ਮੁਕਤੀ ਪ੍ਰਾਪਤ ਕਰਦਾ ਹੈ ਪਰੰਤੂ ਆਪਣਾ ਸਾਰਾ ਪਿਛਲੇ ਜਨਮਾਂ ਦਾ ਵਿਛੜਿਆ ਹੋਇਆ ਪਰਿਵਾਰ ਵੀ ਆਪਣੇ ਨਾਲ ਤਾਰਦਾ ਹੈ। ਐਸੇ ਮਹਾਂਪੁਰਖਾਂ ਗੁਰਮੁਖਾਂ ਦੀ ਪਰਮ ਸ਼ਕਤੀਸ਼ਾਲੀ ਸੰਗਤ ਵਿੱਚ ਜੋ ਜੋ ਮਨੁੱਖ ਆਉਂਦਾ ਹੈ ਉਸ ਦਾ ਜ਼ਰੂਰ ਐਸੇ ਗੁਰਮੁਖਾਂ ਨਲ ਪਿਛਲੇ ਜਨਮਾਂ ਦਾ ਕੋਈ ਸੰਬੰਧ, ਰਿਸ਼ਤਾ ਜਾਂ ਨਾਤਾ ਹੁੰਦਾ ਹੈ। ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਕੇਵਲ ਉਸ ਦੇ ਪਿਛਲੇ ਜਨਮਾਂ ਦੇ ਸੰਬੰਧੀਆਂ ਦਾ ਹੀ ਆਗਮਨ ਹੁੰਦਾ ਹੈ। ਇਸ ਲਈ 'ਗੁਰਮੁਖਿ' ਪੂਰਨ ਬ੍ਰਹਮ ਗਿਆਨੀ ਆਪਣੇ ਪਿਛਲੇ ਜਨਮਾਂ ਦੇ ਪਰਿਵਾਰਾਂ ਦਾ ਉਧਾਰ ਕਰਦਾ ਹੈ ਅਤੇ ਆਉਣ

ਵਾਲੀਆਂ ੨੧ ਕੁਲਾਂ ਦਾ ਵੀ ਉਧਾਰ ਕਰਦਾ ਹੈ। 'ਗੁਰਮੁਖਿ' ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਹੀ ਮਨੁੱਖ ਵਿੱਚ ਸ਼ਰਧਾ, ਪ੍ਰੀਤ ਅਤੇ ਭਰੋਸੇ ਦੀਆਂ ਪਰਮ ਸਕਤੀਆਂ ਜਾਗਰਿਤ ਹੁੰਦੀਆਂ ਹਨ। 'ਗੁਰਮੁਖਿ' ਪੂਰਨ ਬ੍ਰਹਮ ਗਿਆਨੀ ਦੀ ਸੰਗਤ ਵਿੱਚ ਹੀ ਮਨੁੱਖ ਦੇ ਸਾਰੇ ਵਿਨਾਸ਼ਕਾਰੀ ਅਵਗੁਣਾਂ ਅਤੇ ਵਿਕਾਰਾਂ ਦਾ ਅੰਤ ਹੁੰਦਾ ਹੈ ਅਤੇ ਸਾਰੇ ਪਰਮ ਸ਼ਕਤੀਸ਼ਾਲੀ ਸਤਿ ਗੁਣ ਜਾਗਰਿਤ ਹੁੰਦੇ ਹਨ। ਜਿਸ ਦੇ ਨਾਲ ਮਨੁੱਖ ਦਾ ਅੰਦਰ ਪਵਿੱਤਰ ਹੋ ਜਾਂਦਾ ਹੈ ਅਤੇ ਉਸ ਦਾ ਜੀਵਨ ਬਦਲ ਜਾਂਦਾ ਹੈ। ਸਾਰੇ ਕਰਮ ਸਤਿ ਕਰਮ ਹੋ ਜਾਂਦੇ ਹਨ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਮਨੁੱਖ ਨਿਮਰਤਾ ਦੀ ਕਮਾਈ ਕਰਦਾ ਹੈ ਅਤੇ ਮਨੁੱਖ ਦਾ ਹਿਰਦਾ ਗਰੀਬੀ ਵੇਸ ਹਿਰਦਾ ਬਣ ਜਾਂਦਾ ਹੈ ਜਿਸ ਦੇ ਨਾਲ ਮਨੁੱਖ ਦੀ ਹਉਮੈ ਦਾ ਅੰਤ ਹੋ ਜਾਂਦਾ ਹੈ। ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਵਿੱਚੋਂ ਮਨੁੱਖ ਦੇ ਸਿਰ ਵਿੱਚ ਬੈਠਾ ਅਹੰਕਾਰ ਚੰਡਾਲ ਮਨੁੱਖ ਨੂੰ ਸਭ ਤੋਂ ਅੰਤ ਵਿੱਚ ਛੱਡਦਾ ਹੈ। ਇਸ ਲਈ ਹਉਮੈ (ਅਹੰਕਾਰ) ਦਾ ਅੰਤ ਹੀ ਜੀਵਨ ਮੁਕਤੀ ਹੈ। ਗਰੀਬੀ ਵੇਸ ਹਿਰਦੇ ਵਿੱਚ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਜੋਤ ਦਾ ਪੂਰਨ ਪ੍ਰਕਾਸ਼ ਪ੍ਰਗਟ ਹੁੰਦਾ ਹੈ ਅਤੇ ਐਸਾ ਹਿਰਦਾ ਪ੍ਰਗਟਿਓ ਜੋਤ ਪੂਰਨ ਸੰਤ ਹਿਰਦਾ ਬਣ ਜਾਂਦਾ ਹੈ।

ਗੁਰਮੁਖਿ ਨਾਮੁ ਦਾਨੁ ਇਸਨਾਨੁ ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥
ਗੁਰਮੁਖਿ ਪਾਵੈ ਦਰਗਹ ਮਾਨੁ ॥ ਗੁਰਮੁਖਿ ਭਉ ਭੰਜਨੁ ਪਰਧਾਨੁ ॥
ਗੁਰਮੁਖਿ ਕਰਣੀ ਕਾਰ ਕਰਾਏ ॥ ਨਾਨਕ ਗੁਰਮੁਖਿ ਮੇਲਿ ਮਿਲਾਏ ॥੩੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੨)

'ਗੁਰਮੁਖਿ' ਦੀ ਮਹਿਮਾ ਪਰਮ ਸ਼ਕਤੀਸ਼ਾਲੀ ਹੈ। 'ਗੁਰਮੁਖਿ' ਨੂੰ ਉਸ ਦੀ ਹਜ਼ੂਰੀ ਵਿੱਚ ਆਉਣ ਵਾਲੀ ਸੰਗਤ ਨੂੰ ਸਤਿਨਾਮ ਦੇ ਗੁਰਪ੍ਰਸਾਦਿ ਵਰਤਾਉਣ ਦਾ ਹੁਕਮ ਪ੍ਰਾਪਤ ਹੈ। 'ਗੁਰਮੁਖਿ' ਦੀ ਹਜ਼ੂਰੀ ਵਿੱਚ ਮੌਜੂਦ ਸੰਗਤ ਨੂੰ 'ਗੁਰਮੁਖਿ' ਤੋਂ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। 'ਗੁਰਮੁਖਿ' ਦੀ ਸੰਗਤ ਵਿੱਚ ਅਤੇ ਸੰਗਤ ਉੱਪਰ ਹੀ 'ਗੁਰਮੁਖਿ' ਦੇ ਛਤਰ ਹੇਠ ਬੇਅੰਤ ਅੰਮ੍ਰਿਤ ਦੀ ਬਰਖਾ ਹੁੰਦੀ ਹੈ। ਜਿਸ ਸਥਾਨ 'ਤੇ 'ਗੁਰਮੁਖਿ' ਦੀ ਸੰਗਤ ਵਾਪਰਦੀ ਹੈ ਉਸ ਸਥਾਨ 'ਤੇ ਮਾਨਸਰੋਵਰ ਪ੍ਰਗਟ ਹੁੰਦਾ ਹੈ। ਜਿਸ ਸਥਾਨ 'ਤੇ 'ਗੁਰਮੁਖਿ' ਦੀ ਸੰਗਤ ਵਾਪਰਦੀ ਹੈ ਉਸ ਸਥਾਨ 'ਤੇ ਸੁਹਾਗਣਾਂ ਅਤੇ ਸਦਾ ਸੁਹਾਗਣਾਂ ਜਦ ਸਮਾਧੀ ਸਥਿਤ ਹੋ ਕੇ ਸਤਿ ਪਾਰਬ੍ਰਹਮ ਦੇ ਸਤਿਨਾਮ ਸਿਮਰਨ ਅਤੇ ਉਸ ਦੀ ਮਹਿਮਾ ਦਾ ਗੁਣ ਗਾਇਣ ਕਰਦੀਆਂ ਹਨ ਤਾਂ ਉਸ ਸਥਾਨ 'ਤੇ ਦਰਗਾਹ ਪ੍ਰਤੱਖ ਪ੍ਰਗਟ ਹੁੰਦੀ ਹੈ। ਐਸੀ ਪਰਮ ਸ਼ਕਤੀਸ਼ਾਲੀ ਸੰਗਤ ਵਿੱਚ ਮਾਨਸਰੋਵਰ ਪ੍ਰਗਟ ਹੁੰਦਾ ਹੈ ਅਤੇ 'ਗੁਰਮੁਖਿ' ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਵਾਲੀ ਸੰਗਤ ਮਾਨਸਰੋਵਰ ਵਿੱਚ ਇਸ਼ਨਾਨ ਕਰਦੀ ਹੈ। 'ਗੁਰਮੁਖਿ' ਨਿਰੰਤਰ ਸਹਿਜ ਸਮਾਧੀ ਵਿੱਚ ਸਥਿਤ ਰਹਿੰਦਾ ਹੈ। ਸਹਿਜ ਸਮਾਧੀ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਅਟੱਲ ਅਵਸਥਾ ਹੈ। ਇਹ ਪਰਮ ਪਦਵੀ ਦੀ ਅਵਸਥਾ ਹੈ ਜਿਸ ਨੂੰ ਗੁਰਬਾਣੀ ਵਿੱਚ ਤੁਰੀਆ ਅਵਸਥਾ ਵੀ ਕਿਹਾ ਗਿਆ ਹੈ।

ਸਹਿਜ ਅਵਸਥਾ ਵਿੱਚ 'ਗੁਰਮੁਖਿ' ਪੂਰਨ ਹੁਕਮ ਵਿੱਚ ਧਰਤੀ ਉੱਪਰ ਵਿਚਰਦਾ ਹੈ ਅਤੇ ਸੰਗਤ ਨੂੰ ਗੁਰਪ੍ਰਸਾਦਿ ਵਰਤਾ ਕੇ ਸੰਗਤ ਦਾ ਜੀਵਨ ਮੁਕਤੀ ਦੇ ਪੱਥ ਉੱਪਰ ਚਲਣ ਲਈ ਮਾਰਗ ਦਰਸ਼ਨ ਕਰਦਾ ਹੈ। ਤ੍ਰੈ ਗੁਣ ਮਾਇਆ ਨੂੰ ਜਿੱਤਣ ਤੋਂ ਬਾਅਦ 'ਚਉਥੇ ਪਦਿ'

(ਤ੍ਰੈ ਗੁਣ ਮਾਇਆ ਹੈ ਅਤੇ ਚੌਥਾ ਪਦ ਮਾਇਆ ਤੋਂ ਪਰੇ ਹੈ) ਵਿੱਚ ਸਥਿਤ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਕਰ ਕੇ ਮਨੁੱਖ ਸਹਿਜ ਸਮਾਧੀ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਇਸ ਅਵਸਥਾ ਵਿੱਚ ਅੱਪੜ ਕੇ 'ਗੁਰਮੁਖਿ' ਸਦਾ-ਸਦਾ ਲਈ ਦਰਗਾਹ ਵਿੱਚ ਪ੍ਰਵਾਨ ਹੋ ਜਾਂਦਾ ਹੈ ਅਤੇ ਦਰਗਾਹ ਵਿੱਚ ਮਾਣ ਪ੍ਰਾਪਤ ਕਰ ਕੇ ਸਦਾ-ਸਦਾ ਲਈ ਦਰਗਾਹ ਵਿੱਚ ਸਥਿਤ ਹੋ ਜਾਂਦਾ ਹੈ। ਐਸੇ ਮਹਾਂਪੁਰਖਾਂ ਦਾ ਜੋ ਕਿ ਆਪਣੀ ਬੰਦਗੀ ਪੂਰਨ ਕਰ ਕੇ ਦਰਗਾਹ ਵਿੱਚ ਮਾਣ ਪ੍ਰਾਪਤ ਕਰਦੇ ਹਨ ਉਨ੍ਹਾਂ ਦੀ ਦੇਹੀ ਤਾਂ ਧਰਤੀ ਉੱਪਰ ਵਿਚਰ ਕੇ ਦੁਨੀਆਂ ਨੂੰ ਜੀਅ ਦਾਨ ਦੇ ਕੇ ਬੰਦਗੀ ਕਰਵਾਉਂਦੀ ਹੈ ਪਰੰਤੂ ਉਨ੍ਹਾਂ ਦਾ ਪਾਰਬ੍ਰਹਮ ਰੂਪ ਪ੍ਰਗਟਿਓ ਜੋਤ ਸਰੂਪ ਦਾ ਦਰਗਾਹ ਵਿੱਚ ਵਾਸ ਹੁੰਦਾ ਹੈ। ਧਰਤੀ ਉੱਪਰ ਵਿਚਰਦਾ ਹੋਇਆ 'ਗੁਰਮੁਖਿ' ਦਰਗਾਹ ਅਤੇ ਧਰਤੀ ਦੇ ਦੋਨੋਂ ਸਿਰਿਆਂ ਨੂੰ ਜੋੜਦਾ ਹੈ ਅਤੇ ਦੁਨੀਆਂ ਨੂੰ ਸਤਿ ਦਾ ਉਪਦੇਸ਼ ਦੇ ਕੇ ਤਾਰਨ ਦੀ ਸੇਵਾ ਵਿੱਚ ਲੀਨ ਰਹਿੰਦਾ ਹੈ। 'ਗੁਰਮੁਖਿ' ਦੀ ਸੰਗਤ ਵਿੱਚ ਗੁਰਪ੍ਰਸਾਦਿ ਦੀ ਦਰਗਾਹੀ ਪਰਮ ਸ਼ਕਤੀ ਵਰਤਦੀ ਹੈ ਜੋ ਸੰਗਤ ਦੀ ਸੁਰਤਿ ਨੂੰ ਸ਼ਬਦ ਵਿੱਚ ਸਥਿਤ ਕਰ ਦਿੰਦੀ ਹੈ ਜਿਸ ਦੇ ਵਾਪਰਨ ਨਾਲ ਸੁਹਾਗਣਾਂ ਦਾ ਜਨਮ ਹੁੰਦਾ ਹੈ।

'ਗੁਰਮੁਖਿ' ਦੀ ਸੰਗਤ ਵਿੱਚ ਅਤੇ 'ਗੁਰਮੁਖਿ' ਦੇ ਛਤਰ ਹੇਠ ਬੈਠੇ ਹੋਏ ਮਨੁੱਖ ਜੋ 'ਗੁਰਮੁਖਿ' ਦੇ ਸਤਿ ਚਰਨਾਂ ਉੱਪਰ ਪੂਰਨ ਸਮਰਪਣ ਕਰਦੇ ਹਨ ਉਹ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਬੰਦਗੀ ਵਿੱਚ ਚਲੇ ਜਾਂਦੇ ਹਨ ਅਤੇ ਮੋਹ ਦੇ ਚੰਡਾਲ ਨੂੰ ਜਿੱਤ ਕੇ ਮੋਹ ਤੋਂ ਮੁਕਤ ਹੋ ਕੇ ਨਿਰਭਉ ਹੋ ਜਾਂਦੇ ਹਨ। ਸਤਿਨਾਮ ਸਿਮਰਨ ਵਿੱਚ ਡੂੰਘੀ ਸਮਾਧੀ ਵਿੱਚ ਲੀਨ ਹੋ ਕੇ ਲੰਬੇ ਸਿਮਰਨ ਅਭਿਆਸ ਕਰਨ ਨਾਲ ਮਨੁੱਖ ਨੂੰ ਮੋਹ ਚੰਡਾਲ ਦੀ ਵਿਨਾਸ਼ਕਾਰੀ ਸ਼ਕਤੀ ਦਾ ਗਿਆਨ ਹੋ ਜਾਂਦਾ ਹੈ ਅਤੇ ਉਨ੍ਹਾਂ ਦਾ ਪਰਿਵਾਰਕ ਮੋਹ ਅਤੇ ਦੁਨਿਆਵੀ ਵਸਤੂਆਂ ਅਤੇ ਪਦਾਰਥਾਂ ਨਾਲ ਮੋਹ ਟੁੱਟ ਜਾਂਦਾ ਹੈ। ਮੋਹ ਦਾ ਭਾਵ ਹੈ ਪਰਿਵਾਰਕ ਸੰਬੰਧਾਂ ਅਤੇ ਦੁਨਿਆਵੀ ਪਦਾਰਥਾਂ ਦੇ ਖੋਹੇ ਜਾਣ ਦਾ ਭਉ, ਜਿਸ ਭਉ ਵਿੱਚ ਹਰ ਇੱਕ ਮਨੁੱਖ ਨਿਰੰਤਰ ਜਿਉਂਦਾ ਹੈ ਅਤੇ ਪਲ-ਪਲ ਮੋਹ ਦੇ ਵਿਨਾਸ਼ਕਾਰੀ ਚੰਡਾਲ ਦੀ ਮਾਰ ਸਹਾਰਦਾ ਹੋਇਆ ਦੁੱਖ ਪਾਉਂਦਾ ਹੈ। ਪਰਿਵਾਰਕ ਮੋਹ, ਦੁਨਿਆਵੀ ਪਦਾਰਥਾਂ ਨਾਲ ਮੋਹ, ਜਾਇਦਾਦਾਂ ਨਾਲ ਮੋਹ, ਧਨ-ਸੰਪਦਾ ਨਾਲ ਮੋਹ ਆਦਿ ਮਨੁੱਖ ਦੇ ਸਾਰੇ ਦੁੱਖਾਂ, ਕਲੇਸ਼ਾਂ, ਮੁਸੀਬਤਾਂ ਅਤੇ ਸਮੱਸਿਆਵਾਂ ਦਾ ਕਾਰਨ ਹੈ। 'ਗੁਰਮੁਖਿ' ਦੀ ਪਰਮ ਸ਼ਕਤੀਸ਼ਾਲੀ ਸੰਗਤ ਵਿੱਚ ਬੰਦਗੀ ਕਰਨ ਵਾਲੇ ਮਨੁੱਖਾਂ 'ਤੇ ਗੁਰਪ੍ਰਸਾਦੀ ਪਰਮ ਸ਼ਕਤੀ ਵਰਤਦੀ ਹੈ ਜਿਸ ਦੇ ਨਾਲ ਮਨੁੱਖ ਮੋਹ ਤੋਂ ਮੁਕਤ ਹੋ ਕੇ ਨਿਰਭਉ ਹੋ ਜਾਂਦਾ ਹੈ।

ਗੁਰਮੁਖਿ ਦੇ ਸਾਰੇ ਕਰਮ ਸਤਿ ਕਰਮ ਹੁੰਦੇ ਹਨ। 'ਗੁਰਮੁਖਿ' ਦੇ ਸਾਰੇ ਕਰਮ ਸਤਿ ਪਾਰਬ੍ਰਹਮ ਦੇ ਪੂਰਨ ਹੁਕਮ ਵਿੱਚ ਹੁੰਦੇ ਹਨ। 'ਗੁਰਮੁਖਿ' ਦੀ ਹਰ ਇੱਕ ਕਰਨੀ ਕੇਵਲ ਸਤਿ ਦੀ ਮਹਿਮਾ ਨੂੰ ਪ੍ਰਗਟ ਕਰਨ ਲਈ ਹੁੰਦੀ ਹੈ। 'ਗੁਰਮੁਖਿ' ਦੀ ਹਰ ਇੱਕ ਕਰਨੀ ਨਿਸਵਾਰਥ ਹੁੰਦੀ ਹੈ ਅਤੇ ਕੇਵਲ ਸੰਗਤ ਦੀ ਭਲਾਈ ਲਈ ਹੀ ਹੁੰਦੀ ਹੈ। 'ਗੁਰਮੁਖਿ' ਦਾ ਜੀਵਨ ਕੇਵਲ ਲੁਕਾਈ ਦੀ ਭਲਾਈ ਲਈ ਸਮਰਪਿਤ ਹੁੰਦਾ ਹੈ। 'ਗੁਰਮੁਖਿ' ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਵਾਲੇ ਮਨੁੱਖਾਂ ਨੂੰ ਗੁਰਪ੍ਰਸਾਦੀ ਪਰਮ ਸ਼ਕਤੀ ਦੀ ਕਿਰਪਾ ਦੇ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਦੀ ਪ੍ਰਾਪਤੀ ਹੁੰਦੀ ਹੈ। ਜੋ ਮਨੁੱਖ ਬੰਦਗੀ ਪੂਰਨ ਕਰ ਲੈਂਦੇ ਹਨ ਉਨ੍ਹਾਂ ਦੀ ਬੰਦਗੀ ਦਰਗਾਹ ਵਿੱਚ ਪ੍ਰਵਾਨ ਹੋ ਜਾਂਦੀ ਹੈ ਅਤੇ ਉਨ੍ਹਾਂ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੋ ਜਾਂਦੇ ਹਨ ਅਤੇ ਉਨ੍ਹਾਂ ਦਾ ਮਨੁੱਖਾ ਜਨਮ ਸਫ਼ਲ ਹੋ ਜਾਂਦਾ ਹੈ।

ਗੁਰਮੁਖਿ ਅਸਟ ਸਿਧੀ ਸਭਿ ਬੁਧੀ ॥ ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥
ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥ ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥
ਗੁਰਮੁਖਿ ਤਾਰੇ ਪਾਰਿ ਉਤਾਰੇ ॥ ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥੩੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੧)

'ਗੁਰਮੁਖਿ' ਦੀ ਪਰਮ ਸ਼ਕਤੀਸ਼ਾਲੀ ਅਵਸਥਾ ਦੀ ਮਾਇਆ ਸੇਵਾ ਕਰਦੀ ਹੈ। ਸਾਰਾ ਸੰਸਾਰ ਮਾਇਆ ਦੀ ਗ਼ੁਲਾਮੀ ਕਰਦਾ ਹੈ ਪਰੰਤੂ ਮਾਇਆ 'ਗੁਰਮੁਖਿ' ਦੀ ਗ਼ੁਲਾਮੀ ਕਰਦੀ ਹੈ। ਮਾਇਆ ਦਾ ਵਾਸ 'ਗੁਰਮੁਖਿ' ਦੇ ਚਰਨਾਂ ਦੇ ਥੱਲੇ ਹੁੰਦਾ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਉਪਰੰਤ ਬੰਦਗੀ ਵਿੱਚ ਲੀਨ ਮਨੁੱਖ ਦਾ ਸਿਮਰਨ ਜਦ ਗਹਿਰਾ ਉਤਰ ਜਾਂਦਾ ਹੈ ਤਾਂ ਇੱਕ ਅਵਸਥਾ ਐਸੀ ਆਉਂਦੀ ਹੈ ਜਦ ਮਨੁੱਖ ਦੇ ਸਨਮੁਖ ਰਿੱਧੀਆਂ-ਸਿੱਧੀਆਂ ਪ੍ਰਗਟ ਹੋ ਕੇ ਉਸ ਨੂੰ ਭ੍ਰਮਿਤ ਕਰਨ ਦਾ ਯਤਨ ਕਰਦੀਆਂ ਹਨ। ਜੋ ਮਨੁੱਖ ਰਿੱਧੀਆਂ-ਸਿੱਧੀਆਂ ਤੋਂ ਭ੍ਰਮਿਤ ਹੋ ਕੇ ਉਨ੍ਹਾਂ ਦੀਆਂ ਚਮਤਕਾਰੀ ਸ਼ਕਤੀਆਂ ਵਿੱਚ ਉਲਝ ਜਾਂਦੇ ਹਨ; ਉਨ੍ਹਾਂ ਦੀ ਬੰਦਗੀ ਨੂੰ ਉਸੇ ਛਿਣ ਤਾਲਾ ਲੱਗ ਜਾਂਦਾ ਹੈ। ਭਾਵ ਜੋ ਮਨੁੱਖ ਰਿੱਧੀਆਂ-ਸਿੱਧੀਆਂ ਦੀਆਂ ਚਮਤਕਾਰੀ ਸ਼ਕਤੀਆਂ ਨੂੰ ਵਰਤਣ ਵਿੱਚ ਉਲਝ ਜਾਂਦੇ ਹਨ ਉਨ੍ਹਾਂ ਮਨੁੱਖਾਂ ਦੀ ਬੰਦਗੀ ਉਸੇ ਛਿਣ ਰੁਕ ਜਾਂਦੀ ਹੈ ਅਤੇ ਅਗਾਂਹ ਵਧਣ ਵਿੱਚ ਅਸਮਰਥ ਹੋ ਜਾਂਦੀ ਹੈ। ਜੋ ਮਨੁੱਖ ਰਿੱਧੀਆਂ-ਸਿੱਧੀਆਂ ਦੀਆਂ ਚਮਤਕਾਰੀ ਸ਼ਕਤੀਆਂ ਤੋਂ ਪ੍ਰਭਾਵਿਤ ਨਹੀਂ ਹੁੰਦੇ ਉਨ੍ਹਾਂ ਮਨੁੱਖਾਂ ਦੀ ਬੰਦਗੀ ਅੱਗੇ ਵਧਣ ਵਿੱਚ ਸਫ਼ਲ ਹੋ ਜਾਂਦੀ ਹੈ। ਭਾਵ ਜੋ ਮਨੁੱਖ ਰਿੱਧੀਆਂ-ਸਿੱਧੀਆਂ ਦੀਆਂ ਚਮਤਕਾਰੀ ਸ਼ਕਤੀਆਂ ਨੂੰ ਵਰਤਣ ਤੋਂ ਨਾਂਹ ਕਰ ਦਿੰਦੇ ਹਨ ਉਨ੍ਹਾਂ ਦੀ ਬੰਦਗੀ ਅਗਾਂਹ ਵੱਧ ਜਾਂਦੀ ਹੈ। ਜਦ ਮਨੁੱਖ ਸਿਮਰਨ ਵਿੱਚ ਡੂੰਘਾ ਉਤਰ ਜਾਂਦਾ ਹੈ ਤਾਂ ਪੰਜ ਦੂਤਾਂ ਦਾ ਪ੍ਰਭਾਵ ਮਨੁੱਖ ਉੱਪਰ ਬਹੁਤ ਘੱਟ ਜਾਂਦਾ ਹੈ ਅਤੇ ਉਸ ਦੀ ਤ੍ਰਿਸ਼ਣਾ ਵੀ ਸ਼ਾਂਤ ਹੋ ਜਾਂਦੀ ਹੈ। ਐਸੀ ਅਵਸਥਾ ਵਿੱਚ ਪਹੁੰਚੇ ਹੋਏ ਮਨੁੱਖ ਨੂੰ ਬੰਦਗੀ ਦੇ ਮਾਰਗ ਤੋਂ ਡਿਗਾਉਣ ਲਈ ਮਾਇਆ ਰਿੱਧੀਆਂ-ਸਿੱਧੀਆਂ ਦੇ ਰੂਪ ਵਿੱਚ ਪ੍ਰਗਟ ਹੋ ਕੇ ਮਨੁੱਖ ਨੂੰ ਭਰਮਾਉਣ ਦਾ ਯਤਨ ਕਰਦੀ ਹੈ। ਰਿੱਧੀਆਂ-ਸਿੱਧੀਆਂ ਵੀ ਮਾਇਆ ਦਾ ਹੀ ਰੂਪ ਹਨ। ਸਤਿ ਪਾਰਬ੍ਰਹਮ ਨੇ ਰਿੱਧੀਆਂ-ਸਿੱਧੀਆਂ ਦੀ ਰਚਨਾ ਸੰਸਾਰ ਦੇ ਕਾਰ-ਵਿਹਾਰ ਚਲਾਉਣ ਲਈ ਕੀਤੀ ਹੈ। ਜੋ ਮਨੁੱਖ ਰਿੱਧੀਆਂ-ਸਿੱਧੀਆਂ ਦੀਆਂ ਚਮਤਕਾਰੀ ਸ਼ਕਤੀਆਂ ਨੂੰ ਵਰਤਣ ਲੱਗ ਜਾਂਦੇ ਹਨ ਉਹ ਸਤਿ ਪਰਬ੍ਰਹਮ ਪਰਮੇਸ਼ਰ ਦੇ ਸ਼ਰੀਕ ਬਣਨ ਦਾ ਗੁਨਾਹ ਕਰ ਬੈਠਦੇ ਹਨ। ਇਸ ਲਈ ਐਸੇ ਮਨੁੱਖਾਂ ਦੀ ਬੰਦਗੀ ਨੂੰ ਤਾਲਾ ਲੱਗ ਜਾਂਦਾ ਹੈ ਅਤੇ ਉਨ੍ਹਾਂ ਨੂੰ ਜੀਵਨ ਮੁਕਤੀ ਨਹੀਂ ਮਿਲ ਪਾਉਂਦੀ। ਬਲਕਿ ਰਿੱਧੀਆਂ-ਸਿੱਧੀਆਂ ਨੂੰ ਵਰਤਣ ਦਾ ਗੁਨਾਹ ਕਰਨ ਦੇ ਫਲਸਰੂਪ ਦਰਗਾਹੀ ਹੁਕਮ ਅਨੁਸਾਰ ਲੰਬੇ ਸਮੇਂ ਲਈ ਸਜ਼ਾ ਲੱਗਦੀ ਹੈ। ਇਸ ਲਈ ਗੁਰਮਤਿ ਵਿੱਚ ਰਿੱਧੀਆਂ-ਸਿੱਧੀਆਂ ਦੀਆਂ ਚਮਤਕਾਰੀ ਸ਼ਕਤੀਆਂ ਨੂੰ ਵਰਤਣ ਦੀ ਮਨਾਹੀ ਹੈ। ਬੰਦਗੀ ਦੇ ਮਾਰਗ ਉੱਪਰ ਚਲ ਰਹੇ ਮਨੁੱਖਾਂ ਨੂੰ ਇਹ ਪਰਮ ਸਤਿ ਨੂੰ ਦ੍ਰਿੜ੍ਹ ਕਰ ਲੈਣਾ ਚਾਹੀਦਾ ਹੈ ਕਿ ਕਦੇ ਭੁੱਲ ਕੇ ਵੀ ਰਿੱਧੀਆਂ-ਸਿੱਧੀਆਂ ਤੋਂ ਪ੍ਰਭਾਵਿਤ ਨਾ ਹੋਇਆ ਜਾਵੇ।

ਮਾਇਆ 'ਗੁਰਮੁਖਿ' ਦੀ ਗ਼ੁਲਾਮ ਹੈ। ਇਸ ਲਈ ਮਾਇਆ ਦੀਆਂ ਸਾਰੀਆਂ ਸ਼ਕਤੀਆਂ ਵੀ 'ਗੁਰਮੁਖਿ' ਦੀ ਸੇਵਾ ਕਰਦੀਆਂ ਹਨ। ਰਿੱਧੀਆਂ-ਸਿੱਧੀਆਂ ਮਾਇਆ ਦਾ ਹੀ ਹਿੱਸਾ ਹਨ ਇਸ ਲਈ ਰਿੱਧੀਆਂ-ਸਿੱਧੀਆਂ ਵੀ 'ਗੁਰਮੁਖਿ' ਦੀ ਸੇਵਾ ਕਰਦੀਆਂ ਹਨ। ਜਦ ਮਨੁੱਖ ਮਾਇਆ ਨੂੰ ਜਿੱਤ ਕੇ ਗੁਰਮੁਖ ਦੀ ਪੂਰਨ ਅਵਸਥਾ ਵਿੱਚ ਅੱਪੜ ਜਾਂਦਾ ਹੈ ਤਾਂ ਰਿੱਧੀਆਂ-

ਸਿੱਧੀਆਂ ਵੀ ਉਸ ਦੇ ਚਰਨਾਂ ਹੇਠ ਆ ਜਾਂਦੀਆਂ ਹਨ। 'ਗੁਰਮੁਖਿ' ਦੀ ਪਰਮ ਸ਼ਕਤੀਸ਼ਾਲੀ ਸੰਗਤ ਵਿੱਚ ਜਦ 'ਗੁਰਮੁਖਿ' ਸੰਗਤ ਦੀ ਭਲਾਈ ਲਈ ਬਚਨ ਕਰਦਾ ਹੈ ਤਾਂ ਰਿੱਧੀਆਂ-ਸਿੱਧੀਆਂ ਉਸ ਦੇ ਬਚਨਾਂ ਨੂੰ ਹੁਕਮ ਮੰਨ ਕੇ ਉਸ ਦੇ ਬਚਨਾਂ ਨੂੰ ਪੂਰਾ ਕਰਨ ਵਿੱਚ ਜੁੱਟ ਜਾਂਦੀਆਂ ਹਨ। ਇਸ ਤਰ੍ਹਾਂ ਨਾਲ ਮਾਇਆ 'ਗੁਰਮੁਖਿ' ਦੀ ਸੇਵਾ ਕਰਦੀ ਹੈ। (ਸਿੱਧੀਆਂ ਦੀਆਂ ਅੱਠ ਚਮਤਕਾਰੀ ਸ਼ਕਤੀਆਂ ਹਨ: ਅਣਿਮਾ, ਮਹਿਮਾ, ਲਘਿਮਾ, ਗਰਿਮਾ, ਪ੍ਰਾਪਤੀ, ਪ੍ਰਾਕਾਮਜ, ਈਸ਼ਿਤਾ, ਵਸ਼ਿਤਾ। ਅਣਿਮਾ: ਦੂਜੇ ਦਾ ਰੂਪ ਹੋ ਜਾਣਾ। ਮਹਿਮਾ: ਦੇਹ ਨੂੰ ਵੱਡਾ ਕਰ ਲੈਣਾ। ਲਘਿਮਾ: ਸਰੀਰ ਨੂੰ ਛੋਟਾ ਕਰ ਲੈਣਾ। ਗਰਿਮਾ: ਦੇਹੀ ਦਾ ਭਾਰੀ ਹੋ ਜਾਣਾ। ਪ੍ਰਾਪਤੀ: ਮਨ ਇੱਛਤ ਭੋਗ ਹਾਸਲ ਕਰ ਲੈਣ ਦੀ ਸਮਰੱਥਾ। ਪ੍ਰਾਕਾਮਜ: ਹੋਰਨਾਂ ਦੇ ਦਿਲ ਦੀ ਜਾਣ ਲੈਣ ਦੀ ਤਾਕਤ, ਅੰਤਰਜਾਮਤਾ ਦੀ ਪ੍ਰਾਪਤੀ। ਈਸ਼ਿਤਾ: ਆਪਣੀ ਇੱਛਾ ਅਨੁਸਾਰ ਸਭ ਨੂੰ ਪ੍ਰੇਰਨਾ। ਵਸ਼ਿਤਾ: ਸਭ ਨੂੰ ਵੱਸ ਕਰ ਲੈਣਾ।)

ਜਿਸ ਤਰ੍ਹਾਂ ਨਾਲ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਨੇ ਦੁਨੀਆਂ ਦਾ ਉਧਾਰ ਕੀਤਾ ਅਤੇ ਬੇਅੰਤ ਲੋਕਾਂ ਨੂੰ ਇਸ ਮਾਇਆ ਰੂਪੀ ਭਵਜਲ ਸੰਸਾਰ ਤੋਂ ਪਾਰ ਉਤਾਰਿਆ ਠੀਕ ਉਸੇ ਤਰ੍ਹਾਂ ਨਾਲ 'ਗੁਰਮੁਖਿ' ਦੀ ਸੰਗਤ ਵਿੱਚ ਆਉਣ ਵਾਲੇ ਬਹੁਤ ਸਾਰੇ ਲੋਕਾਂ ਦਾ ਇਸ ਭਵਜਲ ਸੰਸਾਰ ਤੋਂ ਪਾਰ ਉਤਾਰਾ ਹੋ ਜਾਂਦਾ ਹੈ। ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਦੀ ਉਚਾਰਨ ਕੀਤੀ ਹੋਈ ਪਰਮ ਸ਼ਕਤੀਸ਼ਾਲੀ ਗੁਰਬਾਣੀ ਅੱਜ ਵੀ ਦੁਨੀਆਂ ਨੂੰ ਤਾਰ ਰਹੀ ਹੈ ਅਤੇ ਰਹਿੰਦੀ ਦੁਨੀਆਂ ਤੱਕ ਤਾਰਦੀ ਰਹੇਗੀ। ਸੰਸਾਰ ਦੇ ਇਤਿਹਾਸ ਵਿੱਚ ਗੁਰਬਾਣੀ ਤੋਂ ਵੱਡਾ ਹੋਰ ਕੋਈ ਪ੍ਰਮਾਣ ਨਹੀਂ ਹੈ ਜੋ ਇਸ ਪਰਮ ਸਤਿ ਦਾ ਸਾਕਸ਼ੀ ਹੈ ਕਿ ਐਸੇ ਸਤਿਗੁਰੂ ਅਵਤਾਰਾਂ ਦੁਆਰਾ ਉਚਾਰਨ ਕੀਤੀ ਗਈ ਗੁਰਬਾਣੀ ਸਦਾ-ਸਦਾ ਲਈ ਦੁਨੀਆਂ ਨੂੰ ਤਾਰਦੀ ਰਹੇਗੀ। ਭਾਵ ਜੋ ਮਨੁੱਖ ਗੁਰਬਾਣੀ ਨੂੰ ਆਪਣੀ ਕਰਨੀ ਵਿੱਚ ਲੈ ਆਉਂਦੇ ਹਨ ਉਹ ਲਾਜ਼ਮੀ ਤੌਰ 'ਤੇ 'ਗੁਰਮੁਖਿ' ਬਣ ਕੇ ਆਪਣਾ ਜਨਮ ਸਫ਼ਲ ਕਰ ਲੈਂਦੇ ਹਨ ਅਤੇ ਜੀਵਨ ਮੁਕਤ ਹੋ ਜਾਂਦੇ ਹਨ।

'ਗੁਰਮੁਖਿ' ਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। 'ਗੁਰਮੁਖਿ' ਨੂੰ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। 'ਗੁਰਮੁਖਿ' ਨੂੰ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ 'ਗੁਰਮੁਖਿ' ਨੂੰ ਚੰਗੇ-ਮਾੜੇ ਦੀ ਪਹਿਚਾਣ ਹੁੰਦੀ ਹੈ। ਗੁਣ ਅਤੇ ਅਵਗੁਣ ਦੀ ਪਹਿਚਾਣ ਹੁੰਦੀ ਹੈ। ਕੂੜ ਅਤੇ ਸਤਿ ਦੀ ਪਹਿਚਾਣ ਹੁੰਦੀ ਹੈ। ਝੂਠ ਅਤੇ ਸਤਿ ਦੀ ਪਹਿਚਾਣ ਹੁੰਦੀ ਹੈ। ਮਨੁੱਖ ਦੀ ਰੂਹਾਨੀ ਤਰੱਕੀ ਲਈ ਕਿਹੜੀ ਵਸਤੂ ਗ੍ਰਹਿਣ ਕਰਨੀ ਚਾਹੀਦੀ ਹੈ ਅਤੇ ਕਿਹੜੀ ਵਸਤੂ ਦਾ ਤਿਆਗ ਕਰਨਾ ਚਾਹੀਦਾ ਹੈ, ਇਸ ਸਤਿ ਦਾ ਗਿਆਨ 'ਗੁਰਮੁਖਿ' ਨੂੰ ਹੁੰਦਾ ਹੈ। 'ਗੁਰਮੁਖਿ' ਨੂੰ ਸਾਰੀਆਂ ਵਿਨਾਸ਼ਕਾਰੀ ਸ਼ਕਤੀਆਂ ਅਤੇ ਸਤਿ ਗੁਣੀ ਪਰਮ ਸ਼ਕਤੀਆਂ ਦਾ ਪੂਰਨ ਗਿਆਨ ਹੁੰਦਾ ਹੈ। ਇਸ ਲਈ 'ਗੁਰਮੁਖਿ' ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀਆਂ ਪਰਮ ਸ਼ਕਤੀਆਂ ਦੇ ਆਧਾਰ 'ਤੇ ਗੁਰਬਾਣੀ ਗੁਰਸ਼ਬਦ ਦੇ ਵਿੱਚ ਪ੍ਰਗਟ ਕੀਤੇ ਗਏ ਸਾਰੇ ਦਰਗਾਹੀ ਹੁਕਮਾਂ ਦਾ ਸਾਰ ਤੱਤ ਜਾਣਦਾ ਹੈ। 'ਗੁਰਮੁਖਿ' ਗੁਰਬਾਣੀ ਵਿੱਚ ਸਥਿਤ ਸਾਰੇ ਪਰਮ ਸਤਿ ਦੇ ਤੱਤਾਂ, ਗਿਆਨ ਰੂਪੀ ਪਰਮ ਸ਼ਕਤੀਸ਼ਾਲੀ ਹੀਰਿਆਂ ਅਤੇ ਅਨਮੋਲ ਰਤਨਾਂ ਦੇ ਗੁਰਪ੍ਰਸਾਦਿ ਦਾ ਧਾਰਨੀ ਹੁੰਦਾ ਹੈ। ਇਸ ਲਈ 'ਗੁਰਮੁਖਿ' ਸੰਗਤ ਨੂੰ ਪੂਰਨ ਬ੍ਰਹਮ ਗਿਆਨ ਦੇ ਇਸ ਅਨਮੋਲ ਖ਼ਜ਼ਾਨੇ ਨਾਲ ਅਵਗਤ ਕਰਵਾਉਣ ਦੀ ਸਮਰੱਥਾ ਰੱਖਦਾ ਹੈ। ਗੁਰਬਾਣੀ ਪੂਰਨ ਸਤਿ ਦੀ ਪਰਮ ਸ਼ਕਤੀਸ਼ਾਲੀ ਤੱਕੜੀ ਹੈ। 'ਗੁਰਮੁਖਿ' ਸੰਗਤ ਨੂੰ ਪੂਰਨ ਸਤਿ ਦੀ ਇਸ ਤੱਕੜੀ (ਗੁਰਬਾਣੀ) ਉੱਪਰ ਖਰਾ ਉਤਰਨ ਦਾ (ਰੋਜ਼ਾਨਾ ਦੀ ਕਰਨੀ ਵਿਚ) ਉਪਦੇਸ਼ ਦਿੰਦਾ ਹੈ ਅਤੇ ਸੰਗਤ ਦਾ

ਜੀਵਨ ਸਾਰਥਕ ਕਰਦਾ ਹੈ। ਗੁਰਬਾਣੀ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦਾ ਵਖਾਣ ਕਰ ਕੇ ਸੰਗਤ ਨੂੰ ਗੁਰਬਾਣੀ ਅਨੁਸਾਰ ਜੀਵਨ ਢਾਲਨ ਦਾ ਉਪਦੇਸ਼ ਦਿੰਦਾ ਹੈ ਅਤੇ ਸੰਗਤ ਦਾ ਮਨੁੱਖਾ ਜਨਮ ਸਫ਼ਲ ਕਰਨ ਵਿੱਚ ਸਹਾਈ ਹੁੰਦਾ ਹੈ।

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨)

ਪੂਰਨ ਬ੍ਰਹਮ ਗਿਆਨ ਦੇ ਇਨ੍ਹਾਂ ਬਚਨਾਂ ਵਿੱਚ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ 'ਗੁਰਮੁਖਿ' ਦੀ ਪਰਮ ਸ਼ਕਤੀਸ਼ਾਲੀ ਮਹਿਮਾ ਸਾਰੀ ਲੁਕਾਈ ਦੀ ਝੋਲੀ ਵਿੱਚ ਪਾ ਰਹੇ ਹਨ। ਸਾਰੀ ਲੁਕਾਈ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਪੂਰਨ ਬ੍ਰਹਮ ਗਿਆਨ ਦੇ ਇਹ ਪਰਮ ਸ਼ਕਤੀਸ਼ਾਲੀ ਮੋਤੀ ਅਤੇ ਰਤਨ ਆਪਣੇ ਹਿਰਦੇ ਵਿੱਚ ਜੜਾ ਕੇ ਇਸ ਹਿਰਦੇ ਨੂੰ ਇਨ੍ਹਾਂ ਪਰਮ ਗੁਣਾਂ ਅਤੇ ਇਨ੍ਹਾਂ ਪਰਮ ਸ਼ਕਤੀਆਂ ਨਾਲ ਭਰਪੂਰ ਕਰ ਲਵੋ ਜੀ। ਐਸਾ ਕਰਨ ਨਾਲ ਇਹ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਆ ਜਾਵੇਗਾ ਅਤੇ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੂੰ ਇਸ ਵਿੱਚ ਪ੍ਰਗਟ ਕਰ ਲਵੇਗਾ ਜੀ। ਇਨ੍ਹਾਂ ਬ੍ਰਹਮ ਸ਼ਬਦਾਂ ਵਿੱਚ ਬੜੇ ਹੀ ਡੂੰਘੇ ਭਾਵ ਨਾਲ ਇੱਕ ਗੁਰਮੁਖ ਰੂਹ ਦੀ ਮਹਿਮਾ ਗਾਈ ਹੈ। ਇਹ ਸ਼ਬਦ ਗੁਰਮੁਖ ਰੂਹ ਦੀ ਬਹੁਤ ਹੀ ਉੱਚ ਰੂਹਾਨੀ ਦਸ਼ਾ ਨੂੰ ਦਰਸਾ ਰਹੇ ਹਨ। "ਗੁਰਮੁਖਿ ਨਾਦੰ" ਤੋਂ ਭਾਵ ਹੈ ਗੁਰਮੁਖ ਐਸੀ ਰੂਹ ਹੈ ਜਿਹੜੀ ਨਾਮ ਦੇ ਸੰਗੀਤ ਵਿੱਚ ਡੁੱਬੀ ਰਹਿੰਦੀ ਹੈ। ਉਹ ਨਾਮ ਦੇ ਅਨਾਦਿ ਸੰਗੀਤ ਨਾਲ ਜੁੜਿਆ ਰਹਿੰਦਾ ਹੈ। ਪੰਚ ਸ਼ਬਦ ਅਨਹਦ ਨਾਦਿ ਦੀ ਧੁਨੀ ਉਸ ਦੀ ਜ਼ਿੰਦਗੀ ਦਾ ਸਦਾ-ਸਦਾ ਲਈ ਹਿੱਸਾ ਬਣ ਜਾਂਦੀ ਹੈ। ਉਹ ਆਪ ਦਸਮ ਦੁਆਰ ਵਿੱਚ ਇਸ ਬ੍ਰਹਮ ਸੰਗੀਤ ਨੂੰ ਨਿਰੰਤਰ ਸੁਣਦਾ ਰਹਿੰਦਾ ਹੈ। ਜਦ ਨਾਮ ਦਸਮ ਦੁਆਰ ਵਿੱਚ ਪ੍ਰਕਾਸ਼ਮਾਨ ਹੋ ਜਾਂਦਾ ਹੈ ਤਾਂ ਦਸਮ ਦੁਆਰ ਖੁੱਲ੍ਹ ਜਾਂਦਾ ਹੈ ਅਤੇ ਅਨਹਦ ਨਾਦ ਦੀ ਬਖ਼ਸ਼ਿਸ਼ ਪ੍ਰਾਪਤ ਹੋ ਜਾਂਦੀ ਹੈ —

ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੦੨)

ਅਨਹਦ ਨਾਦ ਸੰਗੀਤ ਅੰਮ੍ਰਿਤ ਦਾ ਸਦਾ-ਸਦਾ ਲਦੀ ਝਰਦਾ ਝਰਨਾ ਹੈ। ਦਸਮ ਦੁਆਰ ਦੇ ਖੁਲ੍ਹ ਜਾਣ ਨਾਲ ਅਕਾਲ ਪੁਰਖ ਨਾਲ ਪ੍ਰਤੱਖ ਸੰਬੰਧ ਕਾਇਮ ਹੋ ਜਾਂਦਾ ਹੈ ਅਤੇ ਨਿਰੰਤਰ ਅੰਮ੍ਰਿਤ ਦੀ ਬਰਖਾ ਹੋਣੀ ਸ਼ੁਰੂ ਹੋ ਜਾਂਦੀ ਹੈ। ਸਾਰੀ ਦੇਹੀ ਅੰਮ੍ਰਿਤ ਨਾਲ ਭਰਪੂਰ ਜੋ ਜਾਂਦੀ ਹੈ। ਸਾਰੀ ਦੇਹੀ ਵਿੱਚੋਂ ਨਾਮ ਦੀ ਧੜਕਣ ਸੁਣਨ ਲੱਗ ਪੈਂਦੀ ਹੈ। ਰੋਮ-ਰੋਮ ਨਾਮ ਸਿਮਰਨ ਵਿੱਚ ਚਲਾ ਜਾਂਦਾ ਹੈ।

ਦਸਮ ਦੁਆਰ ਐਸੀ ਜਗ੍ਹਾ ਹੈ ਜਿਥੇ ਪਰਮ ਜੋਤ ਗੁਰਮੁਖ ਦੀ ਰੂਹ ਵਿੱਚ ਰਹਿੰਦੀ ਹੈ

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੪)

ਅਨਹਦ ਨਾਦਿ ਸੱਚਾ ਅਤੇ ਅਸਲ ਦਰਗਾਹੀ ਸੰਗੀਤ ਹੈ ਜੋ ਦਸਮ ਦੁਆਰ ਵਿੱਚ ਨਿਰੰਤਰ ਗੂੰਜਦਾ ਹੈ। ਇਹ ਕਈ ਸੰਗੀਤਕ ਸਾਜ਼ਾਂ ਦੇ ਸੁਮੇਲ ਦੀ ਆਵਾਜ਼ ਵਾਂਗ ਹੈ। ਕਈ ਗੁਰਮੁਖਾਂ ਲਈ ਇਹ ਗੁਰਬਾਣੀ ਦਾ ਵੀ ਰੂਪ ਧਾਰਨ ਕਰ ਲੈਂਦੀ ਹੈ ਅਤੇ ਇਸ ਤਰੀਕੇ ਨਾਲ ਗੁਰੂਆਂ ਅਤੇ ਭਗਤਾਂ ਨੇ ਗੁਰਬਾਣੀ ਪ੍ਰਾਪਤ ਕੀਤੀ। ਇਹ ਅਕਾਲ ਪੁਰਖ ਪਰਮ ਜੋਤ ਨਾਲ

ਗੁਰਮੁਖ ਦਾ ਸਿੱਧਾ ਸੰਗੀਤਕ ਸੰਬੰਧ ਹੈ। ਇਹ ਅਵਸਥਾ ਕੇਵਲ ਦਸਮ ਦੁਆਰ ਖੁੱਲ੍ਹਣ ਨਾਲ ਆਉਂਦੀ ਹੈ। ਜਦ ਦਸਮ ਦੁਆਰ ਖੁੱਲ੍ਹਦਾ ਹੈ ਤਾਂ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਦਰਸ਼ਨ ਹੁੰਦੇ ਹਨ। ਸਰਗੁਣ ਸਰੂਪ ਵਿੱਚ ਨਿਰਗੁਣ ਦੇ ਦਰਸ਼ਨ ਹੁੰਦੇ ਹਨ। ਸਤਿ ਪਾਰਬ੍ਰਹਮ ਪਿਤਾ ਦੇ ਦਰਸ਼ਨਾਂ ਦੇ ਨਾਲ ਹੀ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਦਰਸ਼ਨਾਂ ਨਾਲ ਹੀ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਦਰਸ਼ਨਾਂ ਨਾਲ ਹੀ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ ਅਤੇ "ਗੁਰਮੁਖ ਵੇਦੰ" ਹੋ ਜਾਂਦਾ ਹੈ। "ਗੁਰਮੁਖ ਵੇਦੰ" ਤੋਂ ਭਾਵ ਹੈ ਕਿ ਪੂਰਨ ਬ੍ਰਹਮ ਗਿਆਨ ਐਸੀ ਗੁਰਮੁਖ ਰੂਹ ਵਿੱਚੋਂ ਰਿਸਣਾ ਸ਼ੁਰੂ ਹੋ ਜਾਂਦਾ ਹੈ। ਜੋ ਵੀ ਗੁਰਮੁਖ ਕਹਿੰਦਾ ਹੈ ਜਾਂ ਦੱਸਦਾ ਹੈ; ਪੂਰਨ ਹੁਕਮ ਅਤੇ ਬ੍ਰਹਮ ਗਿਆਨ ਹੁੰਦਾ ਹੈ। ਉਹ ਬ੍ਰਹਮ ਗਿਆਨ ਦਾ ਜੀਵਤ ਜਾਗਤ ਗ੍ਰੰਥ ਬਣ ਜਾਂਦਾ ਹੈ। ਐਸੀ ਰੂਹਾਨੀ ਅਵਸਥਾ ਵਿੱਚ ਉਹ ਪੂਰਨ ਸਚਿਆਰਾ ਬਣ ਜਾਂਦਾ ਹੈ ਅਤੇ ਸਤਿ ਦੀ ਸੇਵਾ ਸ਼ੁਰੂ ਕਰ ਦਿੰਦਾ ਹੈ। ਉਹ ਸਤਿ ਵਿੱਚ ਲੀਨ ਹੋ ਜਾਂਦਾ ਹੈ ਅਤੇ ਤਦ ਜੋ ਵਾਪਰਦਾ ਹੈ ਉਹ ਹੈ "ਗੁਰਮੁਖਿ ਰਹਿਆ ਸਮਾਇ"। ਇਸ ਦਾ ਭਾਵ ਹੈ ਕਿ ਉਹ ਪੂਰੀ ਤਰ੍ਹਾਂ ਅਕਾਲ ਪੁਰਖ ਵਿੱਚ ਲੀਨ ਹੋ ਜਾਂਦਾ ਹੈ। ਉਹ ਅਕਾਲ ਪੁਰਖ ਨਾਲ ਇੱਕ ਮਿੱਕ ਹੋ ਜਾਂਦਾ ਹੈ ਅਤੇ ਇਹ ਸਭ ਕੁਝ ਸੱਚ ਖੰਡ ਵਿੱਚ ਵਾਪਰਦਾ ਹੈ। ਐਸੀ ਉੱਚ ਰੂਹਾਨੀ ਅਵਸਥਾ ਵਿੱਚ ਉਹ ਇੱਕ ਪੂਰਨ ਸੰਤ, ਇੱਕ ਪੂਰਨ ਬ੍ਰਹਮ ਗਿਆਨੀ ਅਤੇ ਪ੍ਰਗਟਿਓ ਜੋਤ ਬਣ ਜਾਂਦਾ ਹੈ। ਪਰ ਮਨ ਵਿੱਚ ਕੇਵਲ ਇਹ ਵਿਚਾਰ ਦ੍ਰਿੜ੍ਹ ਕਰ ਰੱਖੋ ਕਿ ਐਸਾ ਵਿਅਕਤੀ ਗੁਰਮੁਖ ਬਣਦਾ ਹੈ ਜੋ ਪੂਰੀ ਤਰ੍ਹਾਂ ਆਪਣਾ ਆਪਾ ਗੁਰੂ ਅੱਗੇ ਸਮਰਪਣ ਕਰ ਦਿੰਦਾ ਹੈ। ਕੇਵਲ ਉਹ ਮਨੁੱਖ ਹੀ ਜੋ ਗੁਰੂ ਦੇ ਚਰਨਾਂ 'ਤੇ ਆਪਣਾ ਸੰਪੂਰਨ ਸਮਰਪਣ ਕਰਦੇ ਹਨ ਕੇਵਲ ਉਹ ਹੀ ਗੁਰ ਪ੍ਰਸਾਦਿ ਦੀ ਪ੍ਰਾਪਤੀ ਕਰਦੇ ਹਨ ਅਤੇ ਗੁਰ ਪ੍ਰਸਦਿ ਦੀ ਸੇਵਾ ਸੰਭਾਲਤਾ ਕਰਦੇ ਹੋਏ ਗੁਰਮੁਖ ਅਵਸਥਾ ਨੂੰ ਪ੍ਰਾਪਤ ਹੁੰਦੇ ਹਨ।

ਗੁਰਮੁਖਿ ਅਵਸਥਾ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦੇ ਬਾਰੇ ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਕੁਝ ਸਲੋਕਾਂ ਉੱਪਰ ਵਿਚਾਰ ਕੀਤੀ ਗਈ ਹੈ। 'ਗੁਰਮੁਖਿ' ਦੀ ਮਹਿਮਾ ਤਾਂ ਬੇਅੰਤ ਹੈ। ਉੱਪਰ ਕੀਤੀ ਗਈ ਵਿਚਾਰ ਵਿੱਚ 'ਗੁਰਮੁਖਿ' ਦੀ ਮਹਿਮਾ ਦੀ ਇੱਕ ਝਲਕ ਮਾਤਰ ਦੱਸਣ ਦਾ ਯਤਨ ਕੀਤਾ ਗਿਆ ਹੈ। ਗੁਰਬਾਣੀ ਵਿੱਚ ਹੋਰ ਬਹੁਤ ਸਲੋਕ ਹਨ ਜਿਨ੍ਹਾਂ ਵਿੱਚ 'ਗੁਰਮੁਖਿ' ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਪ੍ਰਗਟ ਕੀਤਾ ਗਿਆ ਹੈ। ਇਨ੍ਹਾਂ ਸਲੋਕਾਂ ਵਿੱਚੋਂ ਕੁਝ ਸਲੋਕ ਹਨ:

ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ॥ ਗੁਰਮੁਖਿ ਪਾਵੈ ਘਟਿ ਘਟਿ ਭੇਦ ॥
ਗੁਰਮੁਖਿ ਵੈਰ ਵਿਰੋਧ ਗਵਾਵੈ ॥ ਗੁਰਮੁਖਿ ਸਗਲੀ ਗਣਤ ਮਿਟਾਵੈ ॥
ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥ ਨਾਨਕ ਗੁਰਮੁਖਿ ਖਸਮੁ ਪਛਾਤਾ ॥੩੭॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੨)

ਗੁਰਮੁਖਿ ਰਤਨੁ ਲਹੈ ਲਿਵ ਲਾਇ ॥ ਗੁਰਮੁਖਿ ਪਰਖੈ ਰਤਨੁ ਸੁਭਾਇ ॥
ਗੁਰਮੁਖਿ ਸਾਚੀ ਕਾਰ ਕਮਾਇ ॥ ਗੁਰਮੁਖਿ ਸਾਚੇ ਮਨੁ ਪਤੀਆਇ ॥
ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ॥ ਨਾਨਕ ਗੁਰਮੁਖਿ ਚੋਟ ਨ ਖਾਵੈ ॥੩੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੨)

ਗੁਰਮੁਖਿ ਚੂਕੈ ਆਵਣ ਜਾਣੁ ॥ ਗੁਰਮੁਖਿ ਦਰਗਹ ਪਾਵੈ ਮਾਣੁ ॥
ਗੁਰਮੁਖਿ ਖੋਟੇ ਖਰੇ ਪਛਾਣੁ ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥
ਗੁਰਮੁਖਿ ਦਰਗਹ ਸਿਫਤਿ ਸਮਾਇ ॥ ਨਾਨਕ ਗੁਰਮੁਖਿ ਬੰਧੁ ਨ ਪਾਇ ॥੪੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੨)

ਗੁਰਮੁਖਿ ਨਾਮੁ ਨਿਰੰਜਨ ਪਾਏ ॥ ਗੁਰਮੁਖਿ ਹਉਮੈ ਸਬਦਿ ਜਲਾਏ ॥
ਗੁਰਮੁਖਿ ਸਾਚੇ ਕੇ ਗੁਣ ਗਾਏ ॥ ਗੁਰਮੁਖਿ ਸਾਚੈ ਰਹੈ ਸਮਾਏ ॥
ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ॥
ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥੪੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੨)

ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥ ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥
ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥ ਗੁਰਮੁਖਿ ਨਿਜ ਘਰਿ ਵਾਸਾ ਹੋਇ ॥
ਗੁਰਮੁਖਿ ਜੋਗੀ ਜੁਗਤਿ ਪਛਾਣੈ ॥ ਗੁਰਮੁਖਿ ਨਾਨਕ ਏਕੋ ਜਾਣੈ ॥੬੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੬)

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥
ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ ਗੁਰਮੁਖਿ ਦਰਗਹ ਨ ਆਵੈ ਹਾਰਿ ॥
ਗੁਰਮੁਖਿ ਮੇਲਿ ਮਿਲਾਏ ਸੁ ਜਾਣੈ ॥ ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੬)

ਗੁਰਮੁਖਿ ਸਾਚੈ ਕੀਆ ਅਕਾਰਾ ॥ ਗੁਰਮੁਖਿ ਪਸਰਿਆ ਸਭੁ ਪਾਸਾਰਾ ॥
ਗੁਰਮੁਖਿ ਹੋਵੈ ਸੋ ਸਚੁ ਬੂਝੈ ਸਬਦਿ ਸਚੈ ਸੁਖੁ ਤਾਹਾ ਹੇ ॥੯॥
ਗੁਰਮੁਖਿ ਜਾਤਾ ਕਰਮਿ ਬਿਧਾਤਾ ॥ ਜੁਗ ਚਾਰੇ ਗੁਰ ਸਬਦਿ ਪਛਾਤਾ ॥
ਗੁਰਮੁਖਿ ਮਰੈ ਨ ਜਨਮੈ ਗੁਰਮੁਖਿ ਗੁਰਮੁਖਿ ਸਬਦਿ ਸਮਾਹਾ ਹੇ ॥੧੦॥
ਗੁਰਮੁਖਿ ਨਾਮਿ ਸਬਦਿ ਸਾਲਾਹੇ ॥ ਅਗਮ ਅਗੋਚਰ ਵੇਪਰਵਾਹੇ ॥
ਏਕ ਨਾਮਿ ਜੁਗ ਚਾਰਿ ਉਧਾਰੇ ਸਬਦੇ ਨਾਮ ਵਿਸਾਹਾ ਹੇ ॥੧੧॥
ਗੁਰਮੁਖਿ ਸਾਂਤਿ ਸਦਾ ਸੁਖੁ ਪਾਏ ॥ ਗੁਰਮੁਖਿ ਹਿਰਦੈ ਨਾਮੁ ਵਸਾਏ ॥
ਗੁਰਮੁਖਿ ਹੋਵੈ ਸੋ ਨਾਮੁ ਬੂਝੈ ਕਾਟੇ ਦੁਰਮਤਿ ਫਾਹਾ ਹੇ ॥੧੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੫੪-੧੦੫੫)

ਇਨ੍ਹਾਂ ਸਲੋਕਾਂ ਦਾ ਸਾਰ ਭਾਵ ਇਹ ਹੀ ਹੈ ਕਿ 'ਗੁਰਮੁਖਿ' ਪੂਰਨ ਸੰਤ ਸਤਿਗੁਰੂ ਹੈ। 'ਗੁਰਮੁਖਿ' ਪੂਰਨ ਖ਼ਾਲਸਾ ਹੈ। 'ਗੁਰਮੁਖਿ' ਪੂਰਨ ਬ੍ਰਹਮ ਗਿਆਨੀ ਹੈ। 'ਗੁਰਮੁਖਿ' ਸਦਾ

ਸੁਹਾਗਣ ਹੈ। 'ਗੁਰਮੁਖਿ' ਪਰਮ ਪਦਵੀ ਨੂੰ ਪ੍ਰਾਪਤ ਹੈ। 'ਗੁਰਮੁਖਿ' ਨਿਰਭਉ ਹੈ। 'ਗੁਰਮੁਖਿ' ਨਿਰਵੈਰ ਹੈ। 'ਗੁਰਮੁਖਿ' ਇੱਕ ਦ੍ਰਿਸ਼ਟ ਹੈ। 'ਗੁਰਮੁਖਿ' ਨੇ ਮਾਇਆ ਨੂੰ ਜਿੱਤਿਆ ਹੁੰਦਾ ਹੈ। 'ਗੁਰਮੁਖਿ' ਨੇ ਮਨ ਨੂੰ ਜਿੱਤਿਆ ਹੁੰਦਾ ਹੈ। 'ਗੁਰਮੁਖਿ' ਦੇ ਹਿਰਦੇ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਹੈ। 'ਗੁਰਮੁਖਿ' ਦੇ ਰੋਮ-ਰੋਮ ਵਿੱਚ ਸਤਿਨਾਮ ਦਾ ਪ੍ਰਕਾਸ਼ ਹੈ। 'ਗੁਰਮੁਖਿ' ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। 'ਗੁਰਮੁਖਿ' ਦਾ ਦਸਮ ਦੁਆਰ ਖੁੱਲ੍ਹਾ ਹੁੰਦਾ ਹੈ। 'ਗੁਰਮੁਖਿ' ਦੇ ਸਤਿ ਸਰੋਵਰ ਪ੍ਰਕਾਸ਼ਮਾਨ ਹੈ। 'ਗੁਰਮੁਖਿ' ਦਸਮ ਦੁਆਰ ਵਿੱਚ ਨਿਰੰਤਰ ਅਨਹਦ ਸ਼ਬਦ ਸੁਣਦਾ ਹੈ। 'ਗੁਰਮੁਖਿ' ਦੇ ਹਿਰਦੇ ਵਿੱਚ ਸਾਰੇ ਸਤੋ ਗੁਣਾਂ ਦਾ ਪ੍ਰਕਾਸ਼ ਹੈ। 'ਗੁਰਮੁਖਿ' ਦੀ ਸਾਰੀ ਕਰਨੀ ਸਤਿ ਦੀ ਕਰਨੀ ਹੈ ਅਤੇ ਪੂਰਨ ਹੁਕਮ ਵਿੱਚ ਹੈ। 'ਗੁਰਮੁਖਿ' ਨੂੰ ਅਕਾਲ ਪੁਰਖ ਦੇ ਦਰਸ਼ਨ ਪ੍ਰਾਪਤ ਹਨ। 'ਗੁਰਮੁਖਿ' ਨੂੰ 'ਪਵਿਤ੍ਰ' ਅਵਸਥਾ ਪ੍ਰਾਪਤ ਹੈ। 'ਗੁਰਮੁਖਿ' ਨੂੰ ਦਰਗਾਹ ਤੋਂ ਸੇਵਾ ਕਰਨ ਦਾ ਹੁਕਮ ਪ੍ਰਾਪਤ ਹੈ। 'ਗੁਰਮੁਖਿ' ਮੁਕਤ ਜੁਗਤੀ ਜੀਅ ਦਾ ਦਾਤਾ ਹੈ। 'ਗੁਰਮੁਖਿ' ਅੰਮ੍ਰਿਤ ਦਾ ਦਾਤਾ ਹੈ। 'ਗੁਰਮੁਖਿ' ਗੁਰਪ੍ਰਸਾਦਿ ਦਾ ਦਾਤਾ ਹੈ। 'ਗੁਰਮੁਖਿ' ਜੀਵਨ ਮੁਕਤੀ ਦਾ ਦਾਤਾ ਹੈ। 'ਗੁਰਮੁਖਿ' ਆਪ ਤਾਂ ਤਰਦਾ ਹੀ ਹੈ ਆਪਣੇ ਨਾਲ ਆਪਣਾ ਸਾਰਾ ਪਿਛਲੇ ਜਨਮਾਂ ਦਾ ਵਿਛੜਿਆ ਹੋਇਆ ਪਰਿਵਾਰ ਵੀ ਤਾਰਦਾ ਹੈ। ਆਪਣੀ ਕੁਲ ਨੂੰ ਵੀ ਤਾਰਦਾ ਹੈ ਅਤੇ ਆਉਣ ਵਾਲੀਆਂ ੨੧ ਕੁਲਾਂ ਨੂੰ ਵੀ ਤਾਰਦਾ ਹੈ। 'ਗੁਰਮੁਖਿ' ਦੀ ਸੰਗਤ ਸਤਿਨਾਮ ਦਾ ਪਰਿਵਾਰ ਹੈ। 'ਗੁਰਮੁਖਿ' ਦੀ ਸੰਗਤ ਕਰਨ ਵਾਲੇ ਮਨੁੱਖ ਜੋ 'ਗੁਰਮੁਖਿ' ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਦੇ ਹਨ ਉਹ ਵੀ 'ਪਵਿਤ੍ਰ' ਹੋ ਜਾਂਦੇ ਹਨ। 'ਗੁਰਮੁਖਿ' ਦੇ ਸਤਿ ਬਚਨਾਂ ਨੂੰ ਸੁਣਨ ਅਤੇ ਕਮਾਉਣ ਵਾਲੇ ਵੀ 'ਪਵਿਤ੍ਰ' ਹੋ ਜਾਂਦੇ ਹਨ। 'ਗੁਰਮੁਖਿ' ਦੀ ਚਰਨ-ਸ਼ਰਨ ਵਿੱਚ ਆ ਕੇ ਜੋ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਧਿਆਉਂਦੇ ਹਨ ਉਹ ਵੀ 'ਪਵਿਤ੍ਰ' ਹੋ ਜਾਂਦੇ ਹਨ। ਇਸ ਲਈ ਸਾਰੀ ਸੰਗਤ ਦੇ ਚਰਨਾਂ ਵਿੱਚ ਸਨਿਮਰ ਬੇਨਤੀ ਹੈ ਕਿ ਸਤਿ ਦੀ ਕਰਨੀ ਦੇ ਧਾਰਨੀ ਬਣੋ ਤਾਂ ਜੋ 'ਗੁਰਮੁਖਿ' ਦੀ ਸੰਗਤ ਪ੍ਰਾਪਤ ਹੋ ਸਕੇ ਅਤੇ ਇਹ ਮਨੁੱਖਾ ਜਨਮ ਸਫ਼ਲ ਹੋ ਸਕੇ।

■

ਅਨੰਦੁ ਸਾਹਿਬ-ਪਉੜੀ ੧੮

ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ ॥
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਊਪਜੈ ਇਹੁ ਸਹਸਾ ਇਵ ਜਾਇ ॥੧੮॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੯)

ਇਹ ਪਰਮ ਸਤਿ ਹੈ ਕਿ ਸਾਰਾ ਸੰਸਾਰ ਕਰਮ-ਕਾਂਡ ਵਿੱਚ ਉਲਝਿਆ ਹੋਇਆ ਹੈ। ਕਰਮ ਦਾ ਦਰਗਾਹੀ ਵਿਧਾਨ ਅਟੱਲ ਸਤਿ ਹੈ। ਕਰਮ ਦੇ ਪਰਮ ਸ਼ਕਤੀਸ਼ਾਲੀ ਵਿਧਾਨ ਅਨੁਸਾਰ ਧਰਤੀ ਉੱਪਰ ਵਿਚਰਨ ਵਾਲਾ ਹਰ ਇੱਕ ਪ੍ਰਾਣੀ ਆਪਣੇ-ਆਪਣੇ ਪ੍ਰਾਲਬਧ ਅਨੁਸਾਰ ਕਰਮ-ਕਾਂਡ ਵਿੱਚ ਉਲਝਿਆ ਹੋਇਆ ਹੈ। ਇਸ ਲਈ ਇਹ ਪਰਮ ਸਤਿ ਹੈ ਕਿ ਮਨੁੱਖ ਆਪਣੇ ਰੋਜ਼ਾਨਾ ਜੀਵਨ ਨੂੰ ਕੇਵਲ ਕਰਮ-ਕਾਂਡ ਵਿੱਚ ਹੀ ਨਸ਼ਟ ਕਰ ਰਿਹਾ ਹੈ। ਆਪਣੀ ਰੋਜ਼ਾਨਾ ਦੀ ਦਿਨ-ਚਰਿਆ ਉੱਪਰ ਝਾਤੀ ਮਾਰੋ ਤਾਂ ਸਾਨੂੰ ਇਹ ਸਪਸ਼ਟ ਹੋ ਜਾਏਗਾ ਕਿ ਅਸੀਂ ਕਿਸ ਕਦਰ ਇਸ ਪਰਮ ਸਤਿ ਤੋਂ ਅਨਭਿਗ ਆਪਣਾ ਰੋਜ਼ਾਨਾ ਜੀਵਨ ਨਸ਼ਟ ਕਰ ਰਹੇ ਹਾਂ। ਕਰਮ-ਕਾਂਡ ਦੇ ਇਸ ਖੇਲ ਵਿੱਚ ਸੰਸਾਰ ਦਾ ਸਭ ਤੋਂ ਵੱਡਾ ਯੋਗਦਾਨ ਹੈ। ਮਨੁੱਖ ਕੇਵਲ ਇਸ ਸੰਸਾਰ ਨੂੰ ਸਤਿ ਮੰਨੀ ਬੈਠਾ ਹੈ। ਸੰਸਾਰ ਦੇ ਇਸ ਅਸਤਿ ਖੇਲ ਨੂੰ ਮਾਇਆ ਚਲਾਉਂਦੀ ਹੈ ਅਤੇ ਮਾਇਆ ਦੇ ਇਸ ਖੇਲ ਨੂੰ ਹੀ ਸੰਸਾਰੀ ਲੋਕ ਸਤਿ ਮੰਨੀ ਬੈਠੇ ਹਨ। ਜੋ ਜੋ ਕਰਮ ਇੱਕ ਆਮ ਮਨੁੱਖ ਇਸ ਸੰਸਾਰ ਵਿੱਚ ਵਿਚਰਦੇ ਹੋਏ ਕਰਦਾ ਹੈ ਉਹ ਸਾਰੇ ਕਰਮ ਹੀ ਕਰਮ-ਕਾਂਡ ਹਨ। ਇਹ ਪਰਮ ਸਤਿ ਹੈ ਕਿ ਮਨੁੱਖ ਦੇ ਇਹ ਸਾਰੇ ਕਰਮ ਕੇਵਲ ਮਾਇਆ ਦੇ ਅਧੀਨ ਹੀ ਕੀਤੇ ਜਾਂਦੇ ਹਨ। ਇਸ ਲਈ ਮਨੁੱਖ ਮਾਇਆ ਦਾ ਗ਼ੁਲਾਮ ਹੈ। ਮਾਇਆ ਦੀ ਗ਼ੁਲਾਮੀ ਤੋਂ ਭਾਵ ਹੈ ਆਪਣੀ ਤ੍ਰਿਸ਼ਣਾ ਬੁਝਾਉਣ ਵਾਸਤੇ ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ ਦੀ ਗ਼ੁਲਾਮੀ ਵਿੱਚ ਸਾਰੇ ਕਰਮ ਕਰਦਾ ਹੈ।

ਤ੍ਰਿਸ਼ਣਾ ਮਨੁੱਖ ਦੀ ਦੇਹੀ ਵਿੱਚ ਹੀ ਵਾਸ ਕਰਦੀ ਹੈ। ਤ੍ਰਿਸ਼ਣਾ ਤੋਂ ਭਾਵ ਹੈ: ਦੁਨਿਆਵੀ ਪਦਾਰਥਾਂ ਨੂੰ ਪ੍ਰਾਪਤ ਕਰਨ ਦੀ ਭੁੱਖ; ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਕਰਨ ਦੀ ਭੁੱਖ; ਦੁਨਿਆਵੀ ਰਿਸ਼ਤਿਆਂ ਨੂੰ ਕਾਇਮ ਰੱਖਣ ਦੀ ਭੁੱਖ; ਧਨ-ਸੰਪਦਾ ਅਤੇ ਜ਼ਮੀਨਾਂ-ਜਾਇਦਾਦਾਂ ਇਕੱਤਰ ਕਰਨ ਦੀ ਭੁੱਖ; ਦੁਨਿਆਵੀ ਅਹੁਦਿਆਂ ਨੂੰ ਪ੍ਰਾਪਤ ਕਰਨ ਦੀ ਭੁੱਖ; ਦੁਨੀਆਂ ਵਿੱਚ ਮਾਨ-ਸਨਮਾਨ ਪ੍ਰਾਪਤ ਕਰਨ ਦੀ ਭੁੱਖ। ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ ਮਨੁੱਖ ਦੀ ਦੇਹੀ ਵਿੱਚ ਹੀ ਵਾਸ ਕਰਦੇ ਹਨ।

ਤ੍ਰਿਸ਼ਣਾ ਇਨ੍ਹਾਂ ਪੰਜ ਚੰਡਾਲਾਂ ਵਿੱਚੋਂ ਜੰਮਦੀ ਹੈ। ਭਾਵ ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ ਤ੍ਰਿਸ਼ਣਾ ਨੂੰ ਜਨਮ ਦਿੰਦੇ ਹਨ। ਕਾਮ ਦਾ ਚੰਡਾਲ ਮਨੁੱਖ ਨੂੰ ਪਰ ਨਾਰੀ ਦੇ ਰੂਪ, ਰੰਗ ਅਤੇ ਸਪਰਸ਼ ਵੱਲ ਆਕਰਸ਼ਿਤ ਕਰਦਾ ਹੈ। ਪਰ ਨਾਰੀ ਦੇ ਰੂਪ, ਰੰਗ ਅਤੇ ਸਪਰਸ਼ ਦਾ ਆਕਰਸ਼ਣ ਹੀ ਮਨੁੱਖ ਵਿੱਚ ਕਾਮ ਦੀ ਭੁੱਖ ਨੂੰ ਜਨਮ ਦਿੰਦਾ ਹੈ। ਪਰ ਨਾਰੀ ਦੇ ਰੂਪ, ਰੰਗ ਅਤੇ ਸਪਰਸ਼ ਦੇ ਵਿਨਾਸ਼ਕਾਰੀ ਵਿਚਾਰ ਹੀ ਮਨੁੱਖ ਦੇ ਮਨ ਨੂੰ ਮੈਲਾ ਕਰ ਦਿੰਦੇ ਹਨ। ਮਨੁੱਖ ਦੇ ਮਨ ਵਿੱਚ ਉੱਠਦੇ ਹੋਏ ਇਹ ਵਿਨਾਸ਼ਕਾਰੀ ਵਿਚਾਰ ਹੀ ਮਨੁੱਖ ਦੀ ਬੁੱਧੀ ਨੂੰ ਭ੍ਰਿਸ਼ਟ ਕਰ ਦਿੰਦੇ ਹਨ ਅਤੇ ਮਨੁੱਖ ਤੋਂ ਕਾਮ ਚੰਡਾਲ ਦੀ ਭੁੱਖ ਨੂੰ ਸ਼ਾਂਤ ਕਰਨ ਲਈ ਅਸਤਿ ਕਰਮ ਕਰਨ ਲਈ ਮਜਬੂਰ ਕਰਦੇ ਹਨ। ਕਾਮ ਚੰਡਾਲ ਦੀ ਭੁੱਖ ਹੀ ਸੰਸਾਰ ਵਿੱਚ ਬਲਾਤਕਾਰ ਵਰਗੇ ਘਿਨਾਉਣੇ ਜੁਰਮਾਂ ਨੂੰ ਜਨਮ ਦਿੰਦੀ ਹੈ। ਕਾਮ ਚੰਡਾਲ ਦੀ ਭੁੱਖ ਹੀ ਧੀਆਂ ਅਤੇ ਭੈਣਾਂ ਦੀ ਪਤਿ ਲੁੱਟਣ ਵਰਗੇ ਵਿਨਾਸ਼ਕਾਰੀ ਕਰਮਾਂ ਨੂੰ ਜਨਮ ਦਿੰਦੀ ਹੈ। ਅੱਜ ਦੇ ਸਮਾਜ ਵਿੱਚ ਕਾਮ ਚੰਡਾਲ ਦਾ ਬਹੁਤ ਬੋਲ-ਬਾਲਾ ਹੈ। ਧੀਆਂ-ਭੈਣਾਂ ਦੇ ਨਾਲ ਸਮੂਹਿਕ ਬਲਾਤਕਾਰ ਦੀਆਂ ਖਬਰਾਂ ਨਿੱਤ ਸੁਣਨ ਅਤੇ ਦੇਖਣ ਵਿੱਚ ਆਉਂਦੀਆਂ ਹਨ। ਅੱਜ ਦੀ ਦੁਨੀਆਂ ਵਿੱਚ ਧੀਆਂ-ਭੈਣਾਂ ਦੀ ਇਨ੍ਹਾਂ ਕਾਮੀ ਭੇੜੀਆਂ ਤੋਂ ਸੁਰੱਖਿਆ ਇੱਕ ਅਹਿਮ ਸਮੱਸਿਆ ਹੈ। ਕਾਮ ਚੰਡਾਲ ਦਾ ਇਹ ਭਿਆਨਕ ਰੂਪ ਦੁਨੀਆਂ ਵਿੱਚ ਨਿੱਤ ਵੇਖਣ ਨੂੰ ਮਿਲ ਰਿਹਾ ਹੈ। ਇਸ ਤਰ੍ਹਾਂ ਮਨੁੱਖ ਕਾਮ ਚੰਡਾਲ ਦੀ ਗ਼ੁਲਾਮੀ ਕਰਦਾ ਹੈ ਅਤੇ ਆਪਣਾ ਮੰਦਾ ਅਤੇ ਦੁੱਖਦਾਈ ਭਵਿੱਖ ਆਪ ਹੀ ਲਿਖਦਾ ਹੈ। ਕਾਮ ਚੰਡਾਲ ਦੀ ਤ੍ਰਿਸ਼ਣਾ ਨੂੰ ਬੁਝਾਉਣ ਲਈ ਮਨੁੱਖ ਮਨ ਰਾਹੀਂ (ਮੰਦੇ ਵਿਚਾਰਾਂ ਰਾਹੀਂ) ਅਤੇ ਤਨ ਰਾਹੀਂ ਮੰਦੇ ਅਤੇ ਮਹਾ ਵਿਨਾਸ਼ਕਾਰੀ ਕਰਮਾਂ ਨੂੰ ਅੰਜਾਮ ਦੇ ਕੇ ਆਪਣੇ ਪ੍ਰਾਲਬਧ ਵਿੱਚ ਆਪਣਾ ਵਿਨਾਸ਼ ਖੁਦ ਲਿਖਦਾ ਹੈ। ਕਾਮ ਚੰਡਾਲ ਦੇ ਵੱਸ ਆ ਕੇ ਕੀਤੇ ਗਏ ਸਾਰੇ ਅਸਤਿ ਕਰਮ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਤੋਂ ਦੂਰ ਕਰਦੇ ਹਨ ਅਤੇ ਮਾਇਆ ਦੇ ਵਿਨਾਸ਼ਕਾਰੀ ਦਲਦਲ ਵਿੱਚ ਹੋਰ ਡੂੰਘਾ ਲੈ ਜਾਂਦੇ ਹਨ। ਜਿਸ ਦੇ ਫ਼ਲ਼ ਸਰੂਪ ਜਦ ਮਨੁੱਖ ਨੂੰ ਇਨ੍ਹਾਂ ਵਿਨਾਸ਼ਕਾਰੀ ਕਰਮਾਂ ਦੇ ਅੰਜਾਮ ਦੇ ਬਾਰੇ ਗਿਆਨ ਹੁੰਦਾ ਹੈ ਤਾਂ ਉਸ ਦੇ ਮਨ ਵਿੱਚ ਇੱਕ 'ਸਹਿਮ' ਪੈਦਾ ਹੁੰਦਾ ਹੈ। ਭਾਵ ਆਪਣੇ ਮੰਦੇ ਕਰਮਾਂ ਨੂੰ ਲੈ ਕੇ ਮਨੁੱਖ ਦੇ ਮਨ ਵਿੱਚ ਚਿੰਤਾ ਦਾ ਜਨਮ ਹੁੰਦਾ ਹੈ।

ਕ੍ਰੋਧ ਚੰਡਾਲ ਮਨੁੱਖ ਦੇ ਢਿੱਡ ਵਿੱਚ ਵਾਸ ਕਰਦਾ ਹੈ। ਅਹੰਕਾਰ ਚੰਡਾਲ ਮਨੁੱਖ ਦੇ ਸਿਰ ਵਿੱਚ ਵਾਸ ਕਰਦਾ ਹੈ। ਦੁਨੀਆਂ ਵਿੱਚ ਵਿਚਰਦੇ ਹੋਏ ਅਤੇ ਆਪਣੇ ਕਾਰ-ਵਿਹਾਰ ਕਰਦੇ ਹੋਏ ਕਿਸੇ ਕਾਰਨ ਵੱਸ ਜਦ ਮਨੁੱਖ ਦੇ ਅਹੰਕਾਰ 'ਤੇ ਸੱਟ ਵੱਜਦੀ ਹੈ ਤਾਂ ਮਨੁੱਖ ਕ੍ਰੋਧ ਨਾਲ ਤਿਲਮਿਲਾ ਉੱਠਦਾ ਹੈ। ਭਾਵ ਜਦ ਮਨੁੱਖ ਆਪਣੇ ਆਲੇ-ਦੁਆਲੇ ਵਿਚਰ ਰਹੇ ਲੋਕਾਂ ਨਾਲ ਆਪਣਾ ਰੋਜ਼ਾਨਾ ਕਾਰ-ਵਿਹਾਰ ਕਰਦਾ ਹੈ ਤਾਂ ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਬਹੁਤ ਵਾਰੀ ਇੱਕ ਐਸਾ ਮੌਕਾ ਆਉਂਦਾ ਹੈ ਜਦ ਉਸ ਦੇ ਵਿਚਾਰ ਦੂਜੇ ਮਨੁੱਖਾਂ ਨਾਲ ਮੇਲ ਨਹੀਂ ਖਾਂਦੇ ਹਨ। ਵਿਚਾਰਾਂ ਦਾ ਟਕਰਾਵ ਮਨੁੱਖ ਦੇ ਅਹੰਕਾਰ ਨੂੰ ਸੱਟ ਮਾਰਦਾ ਹੈ। ਭਾਵ ਜਿਵੇਂ ਮਨੁੱਖ ਚਾਹੁੰਦਾ ਹੈ ਉਵੇਂ ਨਹੀਂ ਹੁੰਦਾ ਹੈ। ਜਿਸ ਦੇ ਕਾਰਨ ਮਨੁੱਖ ਦੇ ਸਿਰ ਭਾਗ ਵਿੱਚ ਬੈਠੇ ਅਹੰਕਾਰ ਚੰਡਾਲ 'ਤੇ ਸੱਟ ਵੱਜਦੀ ਹੈ ਜੋ ਕਿ ਮਨੁੱਖ ਦੇ ਢਿੱਡ ਵਿੱਚ ਬੈਠੇ ਹੋਏ ਕ੍ਰੋਧ ਚੰਡਾਲ ਨੂੰ ਉਕਸਾਉਂਦਾ ਹੈ ਅਤੇ ਮਨੁੱਖ ਦਾ ਮਨ-ਤਨ ਕ੍ਰੋਧ ਨਾਲ ਤਿਲਮਿਲਾ ਉੱਠਦਾ ਹੈ। ਕ੍ਰੋਧ ਦੀ ਅਗਨ ਮਨੁੱਖ ਨੂੰ ਮੰਦਾ ਵਿਹਾਰ ਕਰਨ 'ਤੇ ਮਜਬੂਰ ਕਰ ਦਿੰਦੀ ਹੈ ਅਤੇ ਮਨੁੱਖ ਅਸਤਿ ਕਰਮਾਂ ਨੂੰ ਅੰਜਾਮ ਦਿੰਦਾ ਹੈ। ਕ੍ਰੋਧ ਦੀ ਅਗਨ ਵਿੱਚ ਸੜ੍ਹਦਾ-ਬਲਦਾ

ਹੋਇਆ ਮਨੁੱਖ ਕਈ ਵਾਰੀ ਕਤਲ ਵਰਗੇ ਵਿਨਾਸ਼ਕਾਰੀ ਜ਼ੁਰਮ ਨੂੰ ਅੰਜਾਮ ਦੇ ਦਿੰਦਾ ਹੈ। ਇਹ ਅਸਤਿ ਕਰਮ ਮਨੁੱਖ ਲਈ ਜ਼ਹਿਰ ਦਾ ਕੰਮ ਕਰਦੇ ਹਨ। ਭਾਵ ਅਸਤਿ ਕਰਮ ਮਨੁੱਖ ਦੇ ਭਵਿੱਖ ਵਿੱਚ ਆਉਣ ਵਾਲੇ ਜੀਵਨ ਨੂੰ ਦੁੱਖਾਂ, ਕਲੇਸ਼ਾਂ, ਸਮੱਸਿਆਵਾਂ ਅਤੇ ਮੁਸੀਬਤਾਂ ਨਾਲ ਭਰਪੂਰ ਕਰ ਦਿੰਦੇ ਹਨ। ਇਸ ਤਰ੍ਹਾਂ ਨਾਲ ਮਨੁੱਖ ਅਹੰਕਾਰ ਚੰਡਾਲ ਅਤੇ ਕ੍ਰੋਧ ਚੰਡਾਲ ਦੀ ਗ਼ੁਲਾਮੀ ਵਿੱਚ ਫਸ ਕੇ ਕ੍ਰੋਧ ਦੀ ਅਗਨ ਵਿੱਚ ਆਪਣਾ ਮਨ ਅਤੇ ਤਨ ਤਾਂ ਸਾੜ੍ਹਦਾ ਹੀ ਹੈ, ਨਾਲ ਹੀ ਆਪਣੇ ਆਉਣ ਵਾਲੇ ਭਵਿੱਖ ਨੂੰ ਅਤਿਅੰਤ ਦੁੱਖਦਾਈ ਬਣਾ ਲੈਂਦਾ ਹੈ। ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਲੜਾਈਆਂ, ਝਗੜਿਆਂ, ਖ਼ੂੰਖਾਰ ਵਾਰਦਾਤਾਂ ਆਦਿ ਦਾ ਕਾਰਨ ਕੇਵਲ ਕ੍ਰੋਧ ਦਾ ਚੰਡਾਲ ਹੀ ਹੈ। ਕੇਵਲ ਇਤਨਾ ਹੀ ਨਹੀਂ ਬਲਕਿ ਦੁਨੀਆਂ ਦੇ ਇਤਿਹਾਸ ਵਿੱਚ ਵੱਡੇ-ਵੱਡੇ ਰਾਜਿਆਂ-ਮਹਾਰਾਜਿਆਂ ਨੇ ਆਪਣੇ ਅਹੰਕਾਰ ਚੰਡਾਲ ਦੀ ਭੁੱਖ ਨੂੰ ਮਿਟਾਉਣ ਲਈ ਕ੍ਰੋਧ ਚੰਡਾਲ ਦੇ ਵੱਸ ਹੋ ਕੇ ਵੱਡੇ-ਵੱਡੇ ਮਹਾ ਵਿਨਾਸ਼ਕਾਰੀ ਯੁੱਧਾਂ, ਮਹਾ ਯੁੱਧਾਂ ਅਤੇ ਵਿਸ਼ਵ ਯੁੱਧਾਂ ਨੂੰ ਜਨਮ ਦਿੱਤਾ ਹੈ। ਇਸ ਲਈ ਮਨੁੱਖ ਦਾ ਅਹੰਕਾਰ ਦਾ ਮਹਾ ਵਿਨਾਸ਼ਕਾਰੀ ਨਸ਼ਾ ਕ੍ਰੋਧ ਦੀ ਮਹਾ ਵਿਨਾਸ਼ਕਾਰੀ ਅਗਨ ਨੂੰ ਜਨਮ ਦਿੰਦਾ ਹੈ। ਕ੍ਰੋਧ ਦੀ ਇਸ ਮਹਾ ਵਿਨਾਸ਼ਕਾਰੀ ਅਗਨ ਵਿੱਚ ਮਨੁੱਖ ਆਪ ਤਾਂ ਸੜ੍ਹਦਾ-ਬਲਦਾ ਹੀ ਹੈ ਅਤੇ ਆਪਣਾ ਸਰਵਨਾਸ਼ ਤਾਂ ਕਰਦਾ ਹੀ ਹੈ ਬਲਕਿ ਕਈ ਵਾਰ ਹੋਰ ਬਹੁਤ ਸਾਰੀ ਲੁਕਾਈ ਨੂੰ ਆਪਣੇ ਕ੍ਰੋਧ ਦੀ ਲਪੇਟ ਵਿੱਚ ਲੈ ਕੇ ਉਸ ਨੂੰ ਵੀ ਤਬਾਹ-ਬਰਬਾਦ ਕਰ ਕੇ ਬਹੁਤ ਵੱਡੇ ਮਹਾ ਵਿਨਾਸ਼ਕਾਰੀ ਅਸਤਿ ਕਰਮ ਨੂੰ ਅੰਜਾਮ ਦੇ ਕੇ ਆਪਣਾ ਭਵਿੱਖ ਵੀ ਨਸ਼ਟ ਕਰ ਦਿੰਦਾ ਹੈ। ਇਸ ਲਈ ਇਹ ਪਰਮ ਸਤਿ ਹੈ ਕਿ ਅਹੰਕਾਰ ਚੰਡਾਲ ਅਤੇ ਕ੍ਰੋਧ ਚੰਡਾਲ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਸੰਸਾਰ ਨੂੰ ਨਸ਼ਟ ਕਰਨ ਦੀ ਸਮਰੱਥਾ ਰੱਖਦੀਆਂ ਹਨ। ਪਰੰਤੂ ਮਨੁੱਖ ਕੋਲ ਇਨ੍ਹਾਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਉੱਪਰ ਜਿੱਤ ਪ੍ਰਾਪਤ ਕਰਨ ਦੀ ਸਮਰੱਥਾ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਬਖ਼ਸ਼ੀ ਹੈ।

ਲੋਭ ਚੰਡਾਲ ਮਨੁੱਖ ਦੀ ਛਾਤੀ ਵਿੱਚ ਵਾਸ ਕਰਦਾ ਹੈ। ਧਨ-ਸੰਪਦਾ, ਦੁਨਿਆਵੀ ਪਦਾਰਥਾਂ, ਜ਼ਮੀਨਾਂ-ਜਾਇਦਾਦਾਂ ਆਦਿ ਅਤੇ ਦੁਨਿਆਵੀ ਸੁੱਖਾਂ ਨੂੰ ਜ਼ਰੂਰਤ ਨਾਲੋਂ ਜ਼ਿਆਦਾ ਇਕੱਤਰ ਕਰਨ ਦੀ ਡੂੰਘੀ ਭੁੱਖ ਦਾ ਨਾਮ ਹੀ ਲੋਭ ਚੰਡਾਲ ਹੈ। ਜੀਵਨ ਦੇ ਨਿਰਬਾਹ ਲਈ ਧਨ-ਸੰਪਦਾ, ਦੁਨਿਆਵੀ ਪਦਾਰਥਾਂ, ਜ਼ਮੀਨਾਂ-ਜਾਇਦਾਦਾਂ ਆਦਿ ਵਸਤੂਆਂ ਅਤੇ ਦੁਨਿਆਵੀ ਸੁੱਖਾਂ ਨੂੰ ਇਕੱਤਰ ਕਰਨਾ ਕੋਈ ਗ਼ਲਤ ਗੱਲ ਨਹੀਂ ਹੈ, ਬਸ਼ਰਤੇ ਇਨ੍ਹਾਂ ਨੂੰ ਦਸਾਂ ਨਹੁੰਆਂ ਦੀ ਸੱਚੀ-ਸੁੱਚੀ ਕਿਰਤ ਨਾਲ ਕਮਾਇਆ ਜਾਏ ਅਤੇ ਇਸ ਕਮਾਈ ਵਿੱਚੋਂ ਦਸਵੰਧ ਕੱਢ ਕੇ ਸਤਿਗੁਰੂ ਦੇ ਸਤਿ ਚਰਨਾਂ 'ਤੇ ਅਰਪਣ ਕੀਤਾ ਜਾਏ। ਦਸਾਂ ਨਹੁੰਆਂ ਦੀ ਸੱਚੀ-ਸੁੱਚੀ ਕਿਰਤ ਕਮਾਈ ਵਿੱਚੋਂ ਦਸਵੰਧ ਦੇਣ ਨਾਲ ਮਨੁੱਖ ਨੂੰ ਮਇਆ ਨਹੀਂ ਖਾਂਦੀ। ਧਨ-ਸੰਪਦਾ, ਦੁਨਿਆਵੀ ਪਦਾਰਥਾਂ, ਜ਼ਮੀਨਾਂ-ਜਾਇਦਾਦਾਂ ਆਦਿ ਵਸਤੂਆਂ ਅਤੇ ਦੁਨਿਆਵੀ ਸੁੱਖਾਂ ਦਾ ਇਕੱਤਰ ਕਰਨਾ ਲੋਭ ਵਿੱਚ ਉਦੋਂ ਬਦਲਦਾ ਹੈ ਜਦ ਮਨੁੱਖ ਇਨ੍ਹਾਂ ਵਸਤੂਆਂ ਨੂੰ ਵਿਨਾਸ਼ਕਾਰੀ ਅਸਤਿ ਕਰਮਾਂ ਦੇ ਨਾਲ ਇਕੱਤਰ ਕਰਦਾ ਹੈ। ਮਨੁੱਖ ਦੀ ਛਾਤੀ ਵਿੱਚ ਬੈਠਾ ਲੋਭ ਚੰਡਾਲ ਉਸ ਨੂੰ ਅਸਤਿ ਕਰਮਾਂ ਦੇ ਜ਼ੋਰ ਨਾਲ ਧਨ-ਸੰਪਦਾ, ਦੁਨਿਆਵੀ ਪਦਾਰਥਾਂ, ਜ਼ਮੀਨਾਂ-ਜਾਇਦਾਦਾਂ ਆਦਿ ਅਤੇ ਦੁਨਿਆਵੀ ਸੁੱਖਾਂ ਨੂੰ ਇਕੱਤਰ ਕਰਨ ਲਈ ਉਕਸਾਉਂਦਾ ਹੈ। ਚੋਰੀ-ਚਕਾਰੀ, ਰਿਸ਼ਵਤਖ਼ੋਰੀ, ਜਮ੍ਹਾਂਖੋਰੀ, ਜ਼ੋਰ-ਜ਼ਬਰਦਸਤੀ ਅਤੇ ਆਪਣੇ ਅਹੁਦੇ ਦੀ ਸ਼ਕਤੀ ਦੀ ਦੁਰਵਰਤੋਂ ਨਾਲ ਇਕੱਤਰ ਕੀਤੇ ਗਏ ਧਨ-ਸੰਪਦਾ, ਦੁਨਿਆਵੀ ਪਦਾਰਥ, ਜ਼ਮੀਨ-ਜਾਇਦਾਦ ਆਦਿ ਲੋਭ ਚੰਡਾਲ ਦੀ ਵਿਨਾਸ਼ਕਾਰੀ ਸ਼ਕਤੀ ਦਾ

ਉਦਾਹਰਨ ਪ੍ਰਸਤੁਤ ਕਰਦੇ ਹਨ। ਚੋਰੀ-ਚਕਾਰੀ, ਰਿਸ਼ਵਤਖ਼ੋਰੀ, ਜਮ੍ਹਾਂਖੋਰੀ, ਜ਼ੋਰ-ਜ਼ਬਰਦਸਤੀ, ਆਪਣੇ ਅਹੁਦੇ ਦੀ ਸ਼ਕਤੀ ਦੀ ਦੁਰਵਰਤੋਂ ਨਾਲ ਇਕੱਤਰ ਕੀਤੇ ਗਏ ਧਨ-ਸੰਪਦਾ, ਦੁਨਿਆਵੀ ਪਦਾਰਥ, ਜ਼ਮੀਨ-ਜਾਇਦਾਦ ਆਦਿ ਮਨੁੱਖ ਲਈ ਜ਼ਹਿਰ ਦਾ ਕੰਮ ਕਰਦੇ ਹਨ। ਚੋਰੀ-ਚਕਾਰੀ, ਰਿਸ਼ਵਤਖ਼ੋਰੀ, ਜਮ੍ਹਾਂਖੋਰੀ, ਜ਼ੋਰ-ਜ਼ਬਰਦਸਤੀ, ਆਪਣੇ ਅਹੁਦੇ ਦੀ ਸ਼ਕਤੀ ਦੀ ਦੁਰਵਰਤੋਂ ਨਾਲ ਇਕੱਤਰ ਕੀਤੀ ਗਈ ਸੰਪਤੀ ਮਨੁੱਖ ਨੂੰ ਕਦੇ ਸੁੱਖ ਨਹੀਂ ਦੇ ਸਕਦੀ ਬਲਕਿ ਇਹ ਮਨੁੱਖ ਦੇ ਵਰਤਮਾਨ ਅਤੇ ਭਵਿੱਖ ਨੂੰ ਅਤਿਅੰਤ ਦੁੱਖਦਾਈ ਬਣਾਉਂਦੀ ਹੈ।

ਜਦ ਮਨੁੱਖ ਚੋਰੀ-ਚਕਾਰੀ, ਰਿਸ਼ਵਤਖ਼ੋਰੀ, ਜਮ੍ਹਾਂਖੋਰੀ, ਜ਼ੋਰ-ਜ਼ਬਰਦਸਤੀ ਅਤੇ ਆਪਣੇ ਅਹੁਦੇ ਦੀ ਸ਼ਕਤੀ ਦੀ ਦੁਰਵਰਤੋਂ ਨਾਲ ਸੰਪਤੀ ਇਕੱਤਰ ਕਰਨ ਦੇ ਅਸਤਿ ਕਰਮਾਂ ਨੂੰ ਅੰਜਾਮ ਦਿੰਦਾ ਹੈ ਤਾਂ ਉਹ ਲੋਭ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਦਾ ਸ਼ਿਕਾਰ ਹੋ ਕੇ ਆਪਣੇ ਭਵਿੱਖ ਨੂੰ ਨਰਕਮਈ ਬਣਾਉਂਦਾ ਹੈ। ਐਸੇ ਮਹਾ ਵਿਨਾਸ਼ਕਾਰੀ ਅਸਤਿ ਕਰਮਾਂ ਨੂੰ ਅੰਜਾਮ ਦੇ ਕੇ ਇਕੱਤਰ ਕੀਤੀ ਗਈ ਸੰਪਤੀ ਵਿੱਚ ਦੂਸਰੇ ਲੋਕਾਂ ਦੇ ਮਾਰੇ ਹੋਏ ਹੱਕ ਦਾ ਲਹੂ ਹੁੰਦਾ ਹੈ ਇਸ ਲਈ ਐਸੀ ਸੰਪਤੀ ਦੀ ਵਰਤੋਂ ਦੇ ਨਾਲ ਮਨੁੱਖ ਪ੍ਰਾਣ ਘਾਤਕ ਮਾਨਸਿਕ ਅਤੇ ਸਰੀਰਕ ਰੋਗਾਂ ਦਾ ਸ਼ਿਕਾਰ ਹੁੰਦਾ ਹੈ। ਸਦਾ ਸਮਰਣ ਰੱਖੋ ਕਿ ਦੂਸਰੇ ਲੋਕਾਂ ਦਾ ਹੱਕ ਮਾਰ ਕੇ ਕੀਤੀ ਗਈ ਕਮਾਈ ਦੀ ਵਰਤੋਂ ਉਨ੍ਹਾਂ ਲੋਕਾਂ ਦਾ ਲਹੂ ਪੀਣ ਦੇ ਸਮਾਨ ਹੈ। ਇਸ ਪਰਮ ਸਤਿ ਨੂੰ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਮਲਿਕ ਭਾਗੋ ਦੇ ਘਰ ਬਣੇ ਛੱਤੀ ਪ੍ਰਕਾਰ ਦੇ ਭੋਜਨ ਪਦਾਰਥਾਂ ਨੂੰ ਠੁਕਰਾ ਕੇ ਭਾਈ ਲਾਲੋ ਜੀ ਦੇ ਕੋਧਰੇ ਦੀ ਰੋਟੀ ਨੂੰ ਖਾ ਕੇ ਪ੍ਰਤੱਖ ਪ੍ਰਗਟ ਕੀਤਾ ਹੈ। ਭਾਈ ਲਾਲੋ ਜੀ ਦੀ ਕੋਧਰੇ ਦੀ ਰੋਟੀ ਵਿੱਚੋਂ ਦੁੱਧ ਕੱਢ ਕੇ ਅਤੇ ਮਲਿਕ ਭਾਗੋ ਦੀ ਰੋਟੀ ਵਿੱਚੋਂ ਲਹੂ ਕੱਢ ਕੇ ਇਸ ਪਰਮ ਸ਼ਕਤੀਸ਼ਾਲੀ ਸਤਿ ਨੂੰ ਸਤਿਗੁਰ ਪਾਤਸ਼ਾਹ ਜੀ ਨੇ ਪ੍ਰਤੱਖ ਪ੍ਰਗਟ ਕਰ ਦਿੱਤਾ ਹੈ। ਇਸ ਲਈ ਜੋ ਮਨੁੱਖ ਚੋਰੀ-ਚਕਾਰੀ, ਰਿਸ਼ਵਤਖ਼ੋਰੀ, ਜਮ੍ਹਾਂਖੋਰੀ, ਜ਼ੋਰ-ਜ਼ਬਰਦਸਤੀ ਅਤੇ ਆਪਣੇ ਅਹੁਦੇ ਦੀ ਸ਼ਕਤੀ ਦੀ ਦੁਰਵਰਤੋਂ ਨਾਲ ਕਮਾਈ ਗਈ ਸੰਪਤੀ ਨੂੰ ਖਾਂਦੇ ਹਨ ਤਾਂ ਉਹ ਗਰੀਬਾਂ ਦਾ ਜਾਂ ਉਨ੍ਹਾਂ ਲੋਕਾਂ ਦਾ; ਜਿਨ੍ਹਾਂ ਦਾ ਹੱਕ ਮਾਰ ਕੇ ਉਹ ਇਸ ਸੰਪਤੀ ਨੂੰ ਇਕੱਤਰ ਕਰਦੇ ਹਨ; ਉਨ੍ਹਾਂ ਦਾ ਲਹੂ ਪੀਂਦੇ ਹਨ ਅਤੇ ਆਪਣੇ ਸਾਰੇ ਪਰਿਵਾਰ ਨੂੰ ਵੀ ਇਸ ਮਹਾ ਪਾਪ ਦਾ ਭਾਗੀਦਾਰ ਬਣਾ ਕੇ ਆਪਣਾ ਜਨਮ ਗਵਾਉਂਦੇ ਹਨ ਅਤੇ ਆਪਣੇ ਭਵਿੱਖ ਨੂੰ ਵੀ ਘੋਰ ਅੰਧਕਾਰ ਵਿੱਚ ਧਕੇਲ ਦਿੰਦੇ ਹਨ। ਇਸ ਤਰ੍ਹਾਂ ਨਾਲ ਲੋਭ ਚੰਡਾਲ ਦੀ ਅਧੀਨਤਾ ਵਿੱਚ ਕੀਤੇ ਗਏ ਸਾਰੇ ਕਰਮ ਅਸਤਿ ਕਰਮ ਹੁੰਦੇ ਹਨ ਅਤੇ ਮਨੁੱਖ ਦੇ ਵਰਤਮਾਨ ਅਤੇ ਭਵਿੱਖ ਨੂੰ ਦੁੱਖਦਾਈ ਬਣਾਉਂਦੇ ਹਨ।

ਮੋਹ ਚੰਡਾਲ ਵੀ ਮਨੁੱਖ ਦੀ ਛਾਤੀ ਵਿੱਚ ਵਾਸ ਕਰਦਾ ਹੈ। ਭਾਵ ਮੋਹ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਦੇ ਛਾਤੀ ਵਾਲੇ ਹਿੱਸੇ ਵਿੱਚ ਵਾਸ ਕਰਦੀ ਹੈ। ਮੋਹ ਚੰਡਾਲ ਮਨੁੱਖ ਨੂੰ ਹਰ ਪਲ ਕੋਈ ਨਾ ਕੋਈ ਵਸਤੂ ਖੋਹੇ ਜਾਣ ਦੇ ਭਉ ਵਿੱਚ ਰੱਖਦਾ ਹੈ। ਪਰਿਵਾਰਕ ਸੰਬੰਧਾਂ ਦੇ ਵਿਗੜਨ ਦਾ ਭਉ ਮਨੁੱਖ ਨੂੰ ਹਰ ਪਲ ਘੇਰੀ ਰੱਖਦਾ ਹੈ। ਦੁਨਿਆਵੀ ਪਦਾਰਥਾਂ, ਧਨ-ਸੰਪਦਾ, ਜ਼ਮੀਨਾਂ-ਜਾਇਦਾਦਾਂ, ਕਾਰੋਬਾਰ, ਨੌਕਰੀ ਆਦਿ ਦੇ ਨਾਲ ਲੱਗਾਉ ਅਤੇ ਇਨ੍ਹਾਂ ਦਾ ਖੋਹੇ ਜਾਣ ਦਾ ਭਉ ਮਨੁੱਖ ਨੂੰ ਨਿਰੰਤਰ ਸਤਾਉਂਦਾ ਹੈ। ਇਨ੍ਹਾਂ ਦੁਨਿਆਵੀ ਉਪਲਭਧੀਆਂ ਨਾਲ ਲੱਗਾਉ ਹੀ ਇਸ ਭਉ ਦਾ ਕਾਰਨ ਹੈ। ਕਿਉਂਕਿ ਇੱਕ ਆਮ ਮਨੁੱਖ ਇਨ੍ਹਾਂ ਸੰਸਾਰਿਕ ਉਪਲਭਧੀਆਂ ਨੂੰ ਹੀ ਆਪਣੇ ਜੀਵਨ ਦਾ ਮੰਤਵ ਸਮਝੀ ਬੈਠਾ ਹੈ। ਇਸ ਲਈ ਇਨ੍ਹਾਂ ਉਪਲਭਧੀਆਂ ਨਾਲ ਮਨੁੱਖ ਦਾ ਲੱਗਾਉ ਸੁਭਾਵਿਕ ਹੈ।

ਸੰਸਾਰਿਕ ਉਪਲਭਧੀਆਂ ਨਾਲ ਮਨੁੱਖ ਦਾ ਇਹ ਲੱਗਾਉ ਹੀ ਮੋਹ ਹੈ। ਇਨ੍ਹਾਂ ਸੰਸਾਰਿਕ ਵਸਤੂਆਂ ਦੇ ਖੋਹੇ ਜਾਣ ਦਾ ਭਉ ਹੀ ਮੋਹ ਹੈ। ਸਾਰੇ ਪਰਿਵਾਰਕ ਦੁੱਖਾਂ, ਕਲੇਸ਼ਾਂ ਅਤੇ ਝਗੜਿਆਂ ਦਾ ਕਾਰਨ ਕੇਵਲ ਮੋਹ ਚੰਡਾਲ ਦੀ ਇਹ ਵਿਨਾਸ਼ਕਾਰੀ ਸ਼ਕਤੀ ਹੀ ਹੈ। ਮਨੁੱਖ ਦਾ ਹਰ ਇੱਕ ਦੁਨਿਆਵੀ ਸੰਬੰਧ ਅਤੇ ਪਦਾਰਥ ਲਈ ਮੇਰਾ-ਮੇਰਾ ਕਰਨਾ ਹੀ ਮੋਹ ਹੈ। ਜਦ ਕਿ ਇਸ ਪਰਮ ਸਤਿ ਤੋਂ ਸਾਰੀ ਲੁਕਾਈ ਜਾਣੂ ਹੈ ਕਿ ਜਦ ਮਨੁੱਖੀ ਜੀਵਨ ਦਾ ਅੰਤ ਹੁੰਦਾ ਹੈ ਤਾਂ ਸਾਰੀਆਂ ਸੰਸਾਰਿਕ ਉਪਲਭਧੀਆਂ ਅਤੇ ਇਕੱਤਰ ਕੀਤੀਆਂ ਹੋਈਆਂ ਸੰਸਾਰਿਕ ਵਸਤੂਆਂ, ਧਨ-ਸੰਪਦਾ, ਜ਼ਮੀਨ-ਜਾਇਦਾਦ, ਕਾਰੋਬਾਰ, ਪਰਿਵਾਰਕ ਸੰਬੰਧ ਆਦਿ ਮਨੁੱਖ ਦੇ ਨਾਲ ਨਹੀਂ ਜਾਂਦੇ ਹਨ। ਫਿਰ ਵੀ ਮਨੁੱਖ ਇਨ੍ਹਾਂ ਸਾਰੀਆਂ ਸੰਸਾਰਿਕ ਵਸਤੂਆਂ, ਧਨ-ਸੰਪਦਾ, ਜ਼ਮੀਨ-ਜਾਇਦਾਦ, ਕਾਰੋਬਾਰ, ਪਰਿਵਾਰਕ ਸੰਬੰਧਾਂ ਆਦਿ ਨੂੰ ਸਤਿ ਮੰਨੀ ਬੈਠਾ ਹੈ ਅਤੇ ਇਨ੍ਹਾਂ ਦੇ ਮੋਹ ਵਿੱਚ ਉਲਝ ਕੇ ਆਪਣਾ ਜਨਮ ਨਸ਼ਟ ਕਰਨ ਵਿੱਚ ਵਿਅਸਤ ਹੈ। ਮੋਹ ਚੰਡਾਲ ਦੇ ਅਧੀਨ ਕੀਤੇ ਗਏ ਸਾਰੇ ਕਰਮ ਅਸਤਿ ਕਰਮ ਹੁੰਦੇ ਹਨ ਅਤੇ ਮਨੁੱਖ ਦੇ ਵਰਤਮਾਨ ਅਤੇ ਭਵਿੱਖ ਨੂੰ ਅਤਿਅੰਤ ਦੁੱਖਦਾਈ ਬਣਾਉਂਦੇ ਹਨ।

ਮਨੁੱਖ ਦੀ ਤ੍ਰਿਸ਼ਣਾ ਦਾ ਕਦੇ ਅੰਤ ਨਹੀਂ ਹੁੰਦਾ ਹੈ। ਤ੍ਰਿਸ਼ਣਾ ਇੱਕ ਨਿਰੰਤਰ ਵਗਦੀ ਨਦੀ ਦੇ ਸਮਾਨ ਹੈ। ਜੋ ਕਦੇ ਰੁਕਦੀ ਨਹੀਂ ਹੈ। ਤ੍ਰਿਸ਼ਣਾ ਤੋਂ ਭਾਵ ਹੈ ਮਨੁੱਖ ਦੀਆਂ ਤੀਬਰ ਇੱਛਾਵਾਂ। ਵਗਦੀ ਨਦੀ ਦੀ ਨਿਆਈਂ ਮਨੁੱਖ ਦੀਆਂ ਇੱਛਾਵਾਂ ਦਾ ਕੋਈ ਅੰਤ ਨਹੀਂ ਹੁੰਦਾ ਹੈ। ਇੱਕ ਇੱਛਾ ਜੇਕਰ ਪੂਰੀ ਹੋ ਜਾਏ ਤਾਂ ਦਸ ਇੱਛਾਵਾਂ ਹੋਰ ਪੈਦਾ ਹੋ ਜਾਂਦੀਆਂ ਹਨ। ਮਨੁੱਖ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਨਿਰੰਤਰ ਕੋਸ਼ਿਸ਼ ਕਰਦਾ ਹੈ। ਮਨੁੱਖ ਦੀ ਸਾਰੀ ਉਮਰ ਕੇਵਲ ਇੱਛਾਵਾਂ ਦੀ ਪੂਰਤੀ ਵਿੱਚ ਹੀ ਗੁਜ਼ਰ ਜਾਂਦੀ ਹੈ। ਮਨੁੱਖ ਦੀਆਂ ਇੱਛਾਵਾਂ ਦੀ ਪੂਰਤੀ ਕਰਨ ਦਾ ਭਾਵ ਮਨੁੱਖ ਦੀ ਦੇਹੀ ਵਿੱਚ ਸਥਿਤ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੂਪੀ ਚੰਡਾਲਾਂ ਦੀ ਭੁੱਖ ਨੂੰ ਸ਼ਾਂਤ ਕਰਨਾ ਹੈ। ਇਸ ਲਈ ਆਪੋ-ਆਪਣੀ ਭੁੱਖ ਨੂੰ ਸ਼ਾਂਤ ਕਰਨ ਲਈ ਇਹ ਪੰਜ ਚੰਡਾਲ ਮਨੁੱਖ ਦੇ ਅਸਤਿ ਕਰਮਾਂ ਨੂੰ ਅੰਜਾਮ ਦਿੰਦੇ ਹਨ। ਇਸ ਤਰ੍ਹਾਂ ਦੇ ਨਾਲ ਮਨੁੱਖ ਦਾ ਸਾਰਾ ਜੀਵਨ ਇਨ੍ਹਾਂ ਪੰਜ ਚੰਡਾਲਾਂ ਦੀ ਤ੍ਰਿਸ਼ਣਾ ਨੂੰ ਬੁਝਾਉਣ ਵਿੱਚ ਬਤੀਤ ਹੋ ਜਾਂਦਾ ਹੈ। ਪਰੰਤੂ ਮਨੁੱਖ ਦੀ ਤ੍ਰਿਸ਼ਣਾ ਫਿਰ ਵੀ ਨਹੀਂ ਬੁਝਦੀ ਹੈ। ਜਿਵੇਂ-ਜਿਵੇਂ ਮਨੁੱਖ ਇਨ੍ਹਾਂ ਪੰਜ ਚੰਡਾਲਾਂ ਦੀ ਚਪੇਟ ਵਿੱਚ ਡੂੰਘਾ ਉਤਰਦਾ ਜਾਂਦਾ ਹੈ ਤਿਵੇਂ-ਤਿਵੇਂ ਉਸ ਦੀ ਤ੍ਰਿਸ਼ਣਾ ਹੋਰ ਪ੍ਰਬਲ ਹੋ ਜਾਂਦੀ ਹੈ। ਜਿਵੇਂ-ਜਿਵੇਂ ਮਨੁੱਖ ਦੀ ਤ੍ਰਿਸ਼ਣਾ ਹੋਰ ਪ੍ਰਬਲ ਹੁੰਦੀ ਜਾਂਦੀ ਹੈ ਤਿਵੇਂ-ਤਿਵੇਂ ਮਨੁੱਖ ਦੇ ਅਸਤਿ ਕਰਮ ਹੋਰ ਜ਼ਿਆਦਾ ਵਿਨਾਸ਼ਕਾਰੀ ਰੂਪ ਧਾਰਨ ਕਰ ਲੈਂਦੇ ਹਨ। ਸਦਾ ਸਮਰਣ ਰੱਖੋ ਕਿ ਤੁਹਾਡੇ ਪ੍ਰਾਲਬਧ ਅਨੁਸਾਰ ਹੀ ਤੁਹਾਡੀਆਂ ਜ਼ਰੂਰਤਾਂ ਜ਼ਰੂਰ ਪੂਰੀਆਂ ਹੋ ਜਾਣਗੀਆਂ ਪਰੰਤੂ ਤੁਹਾਡੀਆਂ ਸਾਰੀਆਂ ਇੱਛਾਵਾਂ ਕਦੇ ਪੂਰੀਆਂ ਨਹੀਂ ਹੋਣਗੀਆਂ। ਤੁਹਾਡੇ ਪ੍ਰਾਲਬਧ ਅਨੁਸਾਰ ਜੋ ਕੁਝ ਤੁਹਾਡੇ ਭਾਗਾਂ ਵਿੱਚ ਲਿਖਿਆ ਹੋਇਆ ਹੈ ਤੁਹਾਨੂੰ ਮਿਲਨਾ ਕੇਵਲ ਉਹ ਹੀ ਹੈ। ਸੰਸਾਰਿਕ ਵਸਤੂਆਂ ਦੀ ਮੰਗਾਂ ਲਈ ਕੀਤੀਆਂ ਗਈਆਂ ਸਾਰੀਆਂ ਅਰਦਾਸਾਂ ਝੂਠੀਆਂ ਗਿਣੀਆਂ ਜਾਂਦੀਆਂ ਹਨ। ਇਸ ਲਈ ਉਹ ਕਦੇ ਪੂਰੀਆਂ ਨਹੀਂ ਹੁੰਦੀਆਂ। ਇਨ੍ਹਾਂ ਝੂਠੀਆਂ ਅਰਦਾਸਾਂ ਦੇ ਕਰਨ ਨਾਲ ਤੁਹਾਡੇ ਭਾਗ ਕਦੇ ਨਹੀਂ ਬਦਲਦੇ ਹਨ। ਮਨੁੱਖ ਦੇ ਭਾਗ ਬਦਲਦੇ ਜ਼ਰੂਰ ਹਨ ਪਰੰਤੂ ਉਹ ਉਦੋਂ ਬਦਲਦੇ ਹਨ ਜਦ 'ਸਤਿਨਾਮ' ਮਨੁੱਖ ਦੇ ਹਿਰਦੇ ਕਮਲ ਨੂੰ ਪ੍ਰਕਾਸ਼ਮਾਨ ਕਰ ਦਿੰਦਾ ਹੈ ਅਤੇ ਮਨੁੱਖ ਦੇ ਸਾਰੇ ਪਿਛਲੇ ਕਰਮਾਂ ਦਾ ਪਰਚਾ ਦਰਗਾਹ ਵੱਲੋਂ ਫਾੜ ਦਿੱਤਾ ਜਾਂਦਾ ਹੈ।

ਮਾਇਆ ਦੀਆਂ ਰਜੋ (ਤ੍ਰਿਸ਼ਣਾ) ਅਤੇ ਤਮੋ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਗੁਣਾਂ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਮਨੁੱਖ ਦੇ ਕਰਮ-ਕਾਂਡ ਦੁਆਰਾ ਮਨੁੱਖ ਦੇ ਵਿਨਾਸ਼ ਵਿੱਚ ਕਾਰਗਰ ਸਿੱਧ ਹੁੰਦੀਆਂ ਹਨ। ਮਾਇਆ ਦੀਆਂ ਇਨ੍ਹਾਂ ਵਿਨਾਸ਼ਕਾਰੀ ਸ਼ਕਤੀਆਂ ਦਾ ਗਿਆਨ ਜਦ ਮਨੁੱਖ ਨੂੰ ਹੋ ਜਾਂਦਾ ਹੈ ਤਾਂ ਮਨੁੱਖ ਦੇ ਅੰਦਰ ਇੱਕ ਸਹਿਮ ਪੈਦਾ ਹੁੰਦਾ ਹੈ। ਜਦ ਮਨੁੱਖ ਨੂੰ ਆਪਣੇ ਕੀਤੇ ਗਏ ਵਿਨਾਸ਼ਕਾਰੀ ਅਸਤਿ ਕਰਮਾਂ ਦਾ ਗਿਆਨ ਹੁੰਦਾ ਹੈ ਤਾਂ ਮਨੁੱਖ ਦਾ ਮਨ ਇਨ੍ਹਾਂ ਵਿਨਾਸ਼ਕਾਰੀ ਕਰਮਾਂ ਦੇ ਸਤਿ ਨੂੰ ਜਾਣ ਕੇ ਚਿੰਤਿਤ ਹੋ ਉੱਠਦਾ ਹੈ। ਮਨੁੱਖ ਜਦ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਕੋਈ ਵੀ ਵਿਨਾਸ਼ਕਾਰੀ ਅਸਤਿ ਕਰਮ ਕਰਦਾ ਹੈ ਤਾਂ ਉਸ ਦੀ ਬਿਬੇਕ ਬੁੱਧੀ ਅਤੇ ਅੰਤਰ-ਆਤਮਾ ਉਸ ਨੂੰ ਐਸਾ ਕਰਮ ਕਰਨ ਤੋਂ ਜ਼ਰੂਰ ਰੋਕਦੀ ਹੈ। ਪਰੰਤੂ ਮਨੁੱਖ ਦਾ ਮਨ ਇਤਨਾ ਕਮਜ਼ੋਰ ਹੁੰਦਾ ਹੈ ਕਿ ਉਸ ਨੂੰ ਪੰਜ ਚੰਡਾਲ ਬੜੀ ਸੁਗਮਤਾ ਨਾਲ ਵਿਕਰਿਤ ਕਰਨ ਵਿੱਚ ਸਫ਼ਲ ਹੋ ਜਾਂਦੇ ਹਨ। ਇਸ ਤਰ੍ਹਾਂ ਮਾਇਆ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ (ਰਜੋ ਅਤੇ ਤਮੋ) ਮਨੁੱਖ ਦੇ ਮਨ ਨੂੰ ਬੇਅੰਤ ਮੈਲਾ ਕਰਨ ਵਿੱਚ ਸਫ਼ਲ ਹੋ ਜਾਂਦੀਆਂ ਹਨ। ਜਿਸ ਦੇ ਕਾਰਨ ਮਨੁੱਖ ਨਿਰੰਤਰ ਆਪਣੇ ਕਰਮ ਲਿਖਦਾ ਜਾਂਦਾ ਹੈ ਅਤੇ ਇਨ੍ਹਾਂ ਕਰਮਾਂ ਦੇ ਭੁਗਤਾਨ ਲਈ ਨਿਰੰਤਰ ਜਨਮ-ਮਰਨ ਦੇ ਚੱਕਰ ਅਤੇ ਜੂਨਾਂ ਵਿੱਚ ਭਟਕਦਾ ਰਹਿੰਦਾ ਹੈ।

ਮਾਇਆ ਦੀ ਤੀਸਰੀ ਸ਼ਕਤੀ ਜੋ ਕਿ ਸਤੋ (ਦਇਆ, ਧਰਮ, ਸੰਤੋਖ, ਸੰਜਮ) ਗੁਣ ਕਰ ਕੇ ਜਾਣੀ ਜਾਂਦੀ ਹੈ ਉਹ ਸ਼ਕਤੀ ਮਨੁੱਖ ਦੇ ਉਧਾਰ ਦਾ ਮਾਰਗ ਦਰਸ਼ਨ ਕਰਦੀ ਹੈ। ਸਤੋ ਦੀ ਸ਼ਕਤੀ ਮਨੁੱਖ ਨੂੰ ਸਤਿ ਕਰਮ ਕਰਨ ਲਈ ਪ੍ਰੇਰਿਤ ਕਰਦੀ ਹੈ। ਦਇਆ ਵਿੱਚੋਂ ਧਰਮ ਦਾ ਜਨਮ ਹੁੰਦਾ ਹੈ। ਧਰਮ ਦਾ ਭਾਵ ਹੈ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਵਿੱਚ ਲੀਨ ਹੋ ਕੇ, ਮਾਇਆ ਨੂੰ ਜਿੱਤ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਣਾ। ਸਤਿ ਸੰਤੋਖ ਦਾ ਭਾਵ ਹੈ ਜੋ ਕੁਝ ਸਾਡੇ ਪਾਸ ਹੈ ਉਸ ਵਿੱਚ ਸੰਤੁਸ਼ਟ ਰਹਿਣਾ, ਲਭ-ਲੋਭ ਤੋਂ ਦੂਰ ਰਹਿਣਾ। ਸੰਜਮ ਤੋਂ ਭਾਵ ਹੈ ਮਨ ਨੂੰ ਸ਼ਾਂਤ ਕਰਨ ਦੀ ਜੁਗਤੀ। ਸੰਜਮ ਤੋਂ ਭਾਵ ਹੈ ਮਾਇਆ ਨੂੰ ਜਿੱਤਣ ਦੀ ਜੁਗਤੀ। ਸੰਜਮ ਤੋਂ ਭਾਵ ਹੈ ਤ੍ਰਿਸ਼ਣਾ ਨੂੰ ਬੁਝਾਉਣ ਦੀ ਜੁਗਤੀ। ਸੰਜਮ ਤੋਂ ਭਾਵ ਹੈ ਪੰਜ ਚੰਡਾਲਾਂ ਨੂੰ ਜਿੱਤਣ ਦੀ ਜੁਗਤੀ। ਦਇਆ, ਧਰਮ, ਸੰਤੋਖ ਅਤੇ ਸੰਜਮ ਵਿੱਚੋਂ ਮਨੁੱਖ ਦੀ ਮੁਕਤੀ ਦਾ ਮਾਰਗ ਖੁੱਲ੍ਹਦਾ ਹੈ। ਦਇਆ, ਧਰਮ, ਸੰਤੋਖ ਅਤੇ ਸੰਜਮ ਦੇ ਅਧੀਨ ਕੀਤੇ ਗਏ ਸਤਿ ਕਰਮਾਂ ਉੱਪਰ ਧਿਆਨ ਕੇਂਦਰਿਤ ਕਰਨ ਵਾਲਾ ਮਨੁੱਖ ਸਤੋ ਬਿਰਤੀ ਦਾ ਧਾਰਨੀ ਬਣ ਜਾਂਦਾ ਹੈ। ਸਤੋ ਬਿਰਤੀ ਦੀ ਕਮਾਈ ਕਰਦੇ-ਕਰਦੇ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਪਾਸੋਂ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਭਾਵ ਸਤਿ ਕਰਮ ਇਕੱਤਰ ਕਰਦੇ ਹੋਏ ਹੀ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਨਾਲ ਪੂਰਨ ਸੰਤ ਸਤਿਗੁਰੂ ਦੀ ਸੰਗਤ ਪ੍ਰਾਪਤ ਹੁੰਦੀ ਹੈ। ਜੋ ਮਨੁੱਖ ਪੂਰਨ ਸੰਤ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਦੇ ਹਨ ਉਨ੍ਹਾਂ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਜੋ ਮਨੁੱਖ ਗੁਰਪ੍ਰਸਾਦਿ ਦੀ ਸੇਵਾ-ਸੰਭਾਲਤਾ ਕਰਦੇ ਹਨ ਉਹ ਮਨੁੱਖ ਮਾਇਆ ਨੂੰ ਜਿੱਤ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਂਦੇ ਹਨ।

ਗੁਰਪ੍ਰਸਾਦਿ ਦੀ ਪ੍ਰਾਪਤੀ ਅਤੇ ਇਸ ਪਰਮ ਸ਼ਕਤੀ ਦੀ ਸੇਵਾ-ਸੰਭਾਲਤਾ ਕਰ ਕੇ ਜੀਵਨ ਮੁਕਤੀ ਦੀ ਪ੍ਰਾਪਤੀ ਤੋਂ ਪਹਿਲਾਂ ਜੋ ਜੋ ਕਰਮ ਮਨੁੱਖ ਕਰਦਾ ਹੈ ਉਹ ਸਾਰੇ ਕਰਮ ਕੇਵਲ ਕਰਮ-ਕਾਂਡ ਦੇ ਅਧੀਨ ਹੀ ਆਉਂਦੇ ਹਨ। ਜੇਕਰ ਅੱਜ ਦੀ ਦੁਨੀਆਂ ਦੇ ਸਤੋ ਬਿਰਤੀ ਦੇ

ਕਰਮਾਂ ਉੱਪਰ ਝਾਤੀ ਮਾਰੀ ਜਾਏ ਤਾਂ ਸਤਿਗੁਰੂ ਅਵਤਾਰ ਧੰਨ ਧੰਨ ਦਸਮ ਪਾਤਸ਼ਾਹ ਜੀ ਦੇ ਧਰਤੀ ਤੋਂ ਰੁਖਸਤ ਹੋਣ ਤੋਂ ਬਾਅਦ ਦੇ ਸਮੇਂ (ਲਗਭਗ ਪਿਛਲੇ ੩੦੦ ਸਾਲਾਂ) ਵਿੱਚ ਸਤੋ ਬਿਰਤੀ ਦੀ ਦੁਨਿਆਵੀ ਪਰਿਭਾਸ਼ਾ ਵਿੱਚ ਬਹੁਤ ਪਰਿਵਰਤਨ ਆਇਆ ਹੈ। ਇਹ ਪਰਿਵਰਤਨ ਸਤੋ ਬਿਰਤੀ ਦੀ ਪਰਿਭਾਸ਼ਾ ਨੂੰ ਪੂਰਨ ਸਤਿ ਤੋਂ ਬਹੁਤ ਵਿਕਰਿਤ ਕਰ ਚੁੱਕਿਆ ਹੈ। ਭਾਵ ਪਿਛਲੇ ੩੦੦ ਸਾਲਾਂ ਵਿੱਚ ਸਤਿਗੁਰੂ ਅਵਤਾਰ ਧੰਨ ਧੰਨ ਗੋਬਿੰਦ ਸਿੰਘ ਪਾਤਸ਼ਾਹ ਜੀ ਤੋਂ ਬਾਅਦ ਦੇ ਧਰਮ ਪ੍ਰਚਾਰਕਾਂ ਨੇ ਹੌਲੀ-ਹੌਲੀ ਸਤੋ ਬਿਰਤੀ ਵਾਲੇ ਕਰਮਾਂ ਨੂੰ ਕੇਵਲ ਬਾਹਰਲੀਆਂ ਰਹਿਤਾਂ ਦੇ ਵਿੱਚ ਪਰਿਵਰਤਿਤ ਕਰ ਕੇ ਰੱਖ ਦਿੱਤਾ ਹੈ। ਇਸ ਪਰਿਵਰਤਨ ਦਾ ਆਰੰਭ ਨੌਵੀਂ ਪਾਤਸ਼ਾਹੀ ਸਤਿਗੁਰੂ ਅਵਤਾਰ ਧੰਨ ਧੰਨ ਸਤਿਗੁਰ ਤੇਗ ਬਹਾਦਰ ਸਾਹਿਬ ਜੀ ਦੇ ਸਮੇਂ ਹੀ ਹੋ ਚੁੱਕਾ ਸੀ ਜਦ ਸਤਿਗੁਰੂ ਸਾਹਿਬ ਨੂੰ ਉਸ ਸਮੇਂ ਦੇ ਮਹੰਤਾਂ ਨੇ ਹਰਿਮੰਦਰ ਸਾਹਿਬ ਵਿੱਚ ਪ੍ਰਵੇਸ਼ ਕਰਨ ਤੋਂ ਰੋਕ ਦਿੱਤਾ ਸੀ। ਅੱਜ ਦੇ ਸਮੇਂ ਵਿੱਚ ਗੁਰਦੁਆਰਿਆਂ ਦੀਆਂ ਕਮੇਟੀਆਂ ਪ੍ਰਧਾਨ ਹਨ। ਕਮੇਟੀਆਂ ਹੀ ਪੰਜ ਪਿਆਰੇ ਨਿਯੁਕਤ ਕਰਦੀਆਂ ਹਨ। ਸਤਿਗੁਰੂ ਅਵਤਾਰ ਧੰਨ ਧੰਨ ਦਸਮ ਪਾਤਸ਼ਾਹ ਜੀ ਦੇ ਸਾਜੇ ਹੋਏ ਪੰਜ ਪਿਆਰਿਆਂ ਵਿੱਚ, ਜੋ ਕਿ ਪੂਰਨ ਖ਼ਾਲਸੇ ਸੀ, ਜੋ ਕਿ ਪੂਰਨ ਬ੍ਰਹਮ ਗਿਆਨੀ ਸਨ, ਜੋ ਕਿ ਮਾਇਆ ਦੇ ਗ਼ੁਲਾਮ ਨਹੀਂ ਸਨ, ਜਿਨ੍ਹਾਂ ਦੀ ਮਾਇਆ ਗ਼ੁਲਾਮ ਸੀ। ਕਮੇਟੀਆਂ ਦੁਆਰਾ ਬਣਾਏ ਜਾਣ ਵਾਲੇ ਪੰਜ ਪਿਆਰਿਆਂ ਵਿੱਚ ਕੀ ਅੰਤਰ ਹੈ ਇਸ ਪਰਮ ਸਤਿ ਦਾ ਜਾਣਨਾ ਬੇਅੰਤ ਲਾਜ਼ਮੀ ਹੈ। ਕਮੇਟੀਆਂ ਹੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਧਾਰਮਿਕ ਤਖ਼ਤਾਂ ਦੇ ਜਥੇਦਾਰਾਂ ਨੂੰ ਨਿਯੁਕਤ ਕਰਦੀਆਂ ਹਨ। ਜੋ ਸਥਾਨ ਪੂਰਨ ਬ੍ਰਹਮ ਗਿਆਨੀਆਂ ਦੇ ਹਨ ਉਨ੍ਹਾਂ ਸਥਾਨਾਂ ’ਤੇ ਕਮੇਟੀਆਂ ਦੇ ਨਿਯੁਕਤ ਕੀਤੇ ਗਏ ਨੁਮਾਇੰਦੇ ਬੈਠਦੇ ਹਨ। ਜੋ ਜ਼ਿੰਮੇਵਾਰੀਆਂ ਸਤਿਗੁਰੂ ਸਾਹਿਬਾਨ ਨੇ ਨਿਭਾਈਆਂ ਉਹ ਜ਼ਿੰਮੇਵਾਰੀਆਂ ਹੁਣ ਗੁਰਦੁਆਰਿਆਂ ਨੂੰ ਚਲਾਉਣ ਵਾਲੀਆਂ ਕਮੇਟੀਆਂ ਨਿਭਾਉਂਦੀਆਂ ਹਨ। ਅੱਜ ਦੇ ਸਮੇਂ ਦਾ ਇਹ ਬਹੁਤ ਕੌੜਾ ਸਤਿ ਹੈ ਕਿ ਅੱਜ ਕਮੇਟੀਆਂ ਗੁਰੂ ਬਣੀ ਬੈਠੀਆਂ ਹਨ। ਕਮੇਟੀਆਂ ਦੇ ਮਾਇਆਧਾਰੀ ਪ੍ਰਬੰਧਕ ਸਤਿਗੁਰੂ ਸਾਹਿਬ ਦੀਆਂ ਜ਼ਿੰਮੇਵਾਰੀਆਂ ਨੂੰ ਕਿਵੇਂ ਨਿਭਾ ਸਕਦੇ ਹਨ? ਇਨ੍ਹਾਂ ਮਾਇਆਧਾਰੀ ਪ੍ਰਬੰਧਕਾਂ ਦੁਆਰਾ ਸਾਜੇ ਗਏ ਪੰਜ ਪਿਆਰਿਆਂ ਦੀ ਅਵਸਥਾ ਕੈਸੀ ਹੋ ਸਕਦੀ ਹੈ ? ਕਮੇਟੀਆਂ ਦੇ ਮਾਇਆਧਾਰੀ ਪ੍ਰਬੰਧਕ ਰੂਹਾਨੀਅਤ ਦੀ ਅਗਵਾਈ ਕਿਵੇਂ ਕਰ ਸਕਦੇ ਹਨ ? ਜਿਸ ਮਨੁੱਖ ਨੇ ਮਾਇਆ ਨੂੰ ਨਹੀਂ ਜਿੱਤਿਆ ਉਹ ਮਨੁੱਖ ਮਾਇਆਧਾਰੀ ਹੈ। ਭਾਵ ਜਿਸ ਮਨੁੱਖ ਨੇ ਮਾਇਆ ਨੂੰ ਨਹੀਂ ਜਿੱਤਿਆ ਹੈ ਉਹ ਮਾਇਆ ਦਾ ਗ਼ੁਲਾਮ ਹੈ। ਮਾਇਆ ਦੇ ਗ਼ੁਲਾਮ ਕਮੇਟੀਆਂ ਦੇ ਪ੍ਰਬੰਧਕ ਰੂਹਾਨੀਅਤ ਵਰਗੇ ਪੂਰਨ ਸਤਿ ਤੱਤ ਦੀ ਸੇਵਾ ਕਿਵੇਂ ਕਰ ਸਕਦੇ ਹਨ ? ਅੱਜ ਦੇ ਸਮੇਂ ਵਿੱਚ ਗੁਰਦੁਆਰੇ ਤਾਂ ਥਾਂ-ਥਾਂ ਉੱਪਰ ਉਸਾਰ ਦਿੱਤੇ ਗਏ ਹਨ ਪਰੰਤੂ ਇਹ ਬਹੁਤ ਕੌੜਾ ਸਤਿ ਹੈ ਕਿ ਇਨ੍ਹਾਂ ਸਾਰੇ ਸਥਾਨਾਂ ਉੱਪਰ ਰੂਹਾਨੀਅਤ ਵਰਤਣ ਦੀ ਬਜਾਏ ਮਾਇਆ ਵਰਤ ਰਹੀ ਹੈ। ਜਿੱਥੇ ਮਾਇਆ ਵਰਤਦੀ ਹੈ ਉੱਥੋਂ ਰੂਹਾਨੀਅਤ ਲੁਪਤ ਹੋ ਜਾਂਦੀ ਹੈ। ਗੁਰਬਾਣੀ ਨੂੰ ਖਰੀਦਿਆ ਅਤੇ ਵੇਚਿਆ ਜਾ ਰਿਹਾ ਹੈ। ਜੋ ਕਿ ਇੱਕ ਅਜ਼ੀਮ ਦਰਗਾਹੀ ਗੁਨਾਹ ਹੈ। ਜਿੱਥੇ ਗੁਰਬਾਣੀ ਗੁਰ-ਸ਼ਬਦ ਦਾ ਸੌਦਾ ਕੀਤੇ ਜਾਣ ਦਾ ਅਜ਼ੀਮ ਗੁਨਾਹ ਹੋ ਰਿਹਾ ਹੋਏ ਉਸ ਅਸਥਾਨ ਉੱਪਰ ਸਤਿ ਗੁਰਪ੍ਰਸਾਦਿ ਦੀ ਕਿਰਪਾ ਕਿਵੇਂ ਵਰਤ ਸਕਦੀ ਹੈ ? ਗੁਰਬਾਣੀ ਦੇ ਪਾਠ ਅਤੇ ਕੀਰਤਨ ਦੀ ਕੀਮਤ ਵਸੂਲ ਕੀਤੀ ਜਾ ਰਹੀ ਹੋਏ ਉਸ ਅਸਥਾਨ ਉੱਪਰ ਰੂਹਾਨੀਅਤ ਕਿਵੇਂ ਵਰਤ ਸਕਦੀ ਹੈ ? ਜਿੱਥੇ ਪੂਰਨ ਸਤਿ ਤੱਤ ਦੀ ਕੋਈ ਧਰਮ ਪ੍ਰਚਾਰਕ ਗੱਲ ਨਹੀਂ ਕਰਦਾ ਹੈ। ਜਿੱਥੇ ਲੱਗਭਗ ਸਾਰੇ

ਧਰਮ ਪ੍ਰਚਾਰਕ ਕੇਵਲ ਬਾਹਰਲੀਆਂ ਗੱਲਾਂ ਕਰਦੇ ਹਨ, ਕੋਈ ਰੂਹਾਨੀਅਤ ਦੀ ਡੂੰਘੀ ਕਮਾਈ ਦੇ ਪੂਰਨ ਸਤਿ ਤੱਤ ਦੀ ਗੱਲ ਨਹੀਂ ਕਰਦਾ ਹੈ, ਉੱਥੇ ਰੂਹਾਨੀਅਤ ਦਾ ਗੁਰਪ੍ਰਸਾਦਿ ਕਿਵੇਂ ਵਰਤ ਸਕਦਾ ਹੈ ? ਜਿੱਥੇ ਲੱਗਭਗ ਸਾਰੇ ਪ੍ਰਚਾਰਕ (ਜਿਨ੍ਹਾਂ ਦੀ ਆਪਣੀ ਕੋਈ ਕਮਾਈ ਨਹੀਂ ਹੈ) ਲੁਕਾਈ ਨੂੰ ਕੇਵਲ ਗੁਰਬਾਣੀ ਨੂੰ ਪੜ੍ਹਨ ਉੱਪਰ ਜ਼ੋਰ ਦਿੰਦੇ ਹਨ ਅਤੇ ਕੋਈ ਗੁਰਬਾਣੀ ਦੇ ਪਰਮ ਸ਼ਕਤੀਸ਼ਾਲੀ ਹੁਕਮ ਨੂੰ ਕਮਾਉਣ ਦੀ ਗੱਲ ਨਹੀਂ ਕਰਦੇ ਹਨ। ਐਸੇ ਖੋਖਲੇ ਪ੍ਰਚਾਰਕਾਂ ਦੁਆਰਾ ਰੂਹਾਨੀਅਤ ਦਾ ਪ੍ਰਚਾਰ ਇੱਕ ਕਿੱਤਾ ਬਣ ਕੇ ਰਹਿ ਗਿਆ ਹੈ।

ਰੂਹਾਨੀਅਤ ਦਾ ਪ੍ਰਚਾਰ ਕੋਈ ਕਿੱਤਾ ਨਹੀਂ ਹੈ। ਰੂਹਾਨੀਅਤ ਦਾ ਪ੍ਰਚਾਰ ਤਾਂ ਇੱਕ ਨਿਸ਼ਕਾਮ ਸੇਵਾ ਹੈ ਜਿਸ ਵਿੱਚ ਮਾਇਆ ਦਾ ਕੋਈ ਸਥਾਨ ਨਹੀਂ ਹੈ। ਰੂਹਾਨੀਅਤ ਕੋਈ ਖਰੀਦਣ ਜਾਂ ਵੇਚਣ ਵਾਲੀ ਵਸਤੂ ਨਹੀਂ ਹੈ। ਗੁਰਬਾਣੀ ਕੋਈ ਤਿਜ਼ਾਰਤ ਵਾਲੀ ਵਸਤੂ ਨਹੀਂ ਹੈ। ਗੁਰਬਾਣੀ ਤਾਂ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਕਮਾਉਣ ਵਾਲਾ ਦਰਗਾਹੀ ਹੁਕਮ ਹੈ। ਜਿਸ ਦੀ ਕਮਾਈ ਨਾਲ ਮਨੁੱਖ ਨੂੰ ਜੀਵਨ ਮੁਕਤੀ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। ਜਿਸ ਦੀ ਕਮਾਈ ਕਰਨ ਨਾਲ ਪਰਮ ਪਦਵੀ ਅਤੇ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਕੇਵਲ ਉਹ ਮਨੁੱਖ ਹੀ ਰੂਹਾਨੀਅਤ ਨੂੰ ਵੰਡਣ ਦਾ ਅਧਿਕਾਰੀ ਹੈ ਜਿਸ ਨੇ ਮਾਇਆ ਨੂੰ ਜਿੱਤ ਕੇ ਦਰਗਾਹ ਤੋਂ ਸੇਵਾ ਦਾ ਗੁਰਪ੍ਰਸਾਦਿ ਪ੍ਰਾਪਤ ਕੀਤਾ ਹੈ। ਇਸ ਤੋਂ ਇਲਾਵਾ ਸਾਰਾ ਨਿਰਾ ਪੂਰਾ ਕਰਮ-ਕਾਂਡ ਹੈ ਜਿਸ ਵਿੱਚ ਸਾਰਾ ਸੰਸਾਰ ਉਲਝ ਕੇ ਰਹਿ ਗਿਆ ਹੈ। ਗੁਰਬਾਣੀ ਵਿੱਚ ਇਸ ਕਰਮ-ਕਾਂਡ ਨੂੰ "ਕਰਮ ਧਰਮ ਪਖੰਡ" ਕਿਹਾ ਗਿਆ ਹੈ:

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੪੭)

ਇਸ "ਕਰਮ ਧਰਮ ਪਖੰਡ" ਦੀ ਦਰਗਾਹ ਵਿੱਚ ਕੋਈ ਪੁੱਛ ਨਹੀਂ ਹੈ। ਐਸੇ "ਕਰਮ ਧਰਮ ਪਖੰਡ" ਨੂੰ ਤਾਂ ਜਮਦੂਤਾਂ ਨੇ ਹੀ ਲੁੱਟ ਲੈਣਾ ਹੈ। ਇਸ "ਕਰਮ ਧਰਮ ਪਖੰਡ" ਨੂੰ ਦਰਗਾਹ ਵਿੱਚ ਕੋਈ ਪ੍ਰਵਾਨਗੀ ਨਹੀਂ ਹੈ। ਇਸ "ਕਰਮ ਧਰਮ ਪਖੰਡ" ਦੇ ਕਰਨ ਨਾਲ ਮਨੁੱਖ ਦੀ ਰੂਹਾਨੀਅਤ ਵਿੱਚ ਕੋਈ ਤਰੱਕੀ ਨਹੀਂ ਹੁੰਦੀ ਹੈ। ਇਹ ਹੀ ਕਾਰਨ ਹੈ ਕਿ ਜੋ ਮਨੁੱਖ ਇਸ "ਕਰਮ ਧਰਮ ਪਖੰਡ" ਵਿੱਚ ਲੰਬੇ ਸਮੇਂ ਤੋਂ ਉਲਝੇ ਹੋਏ ਹਨ ਉਨ੍ਹਾਂ ਦੀ ਰੂਹਾਨੀ ਤਰੱਕੀ ਨਹੀਂ ਹੋ ਰਹੀ ਹੈ। ਦੁਨੀਆਂ ਵਿੱਚ ਬਹੁ-ਗਿਣਤੀ ਲੋਕ ਐਸੇ ਹਨ ਜੋ ਇਸ "ਕਰਮ ਧਰਮ ਪਖੰਡ" ਵਿੱਚ ਫਸ ਕੇ ਰਹਿ ਗਏ ਹਨ ਅਤੇ ਜਿਨ੍ਹਾਂ ਨੂੰ ਪੂਰਨ ਸਤਿ ਦਾ ਗਿਆਨ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਦੀ ਅਗਵਾਈ ਕਰਨ ਵਾਲਾ ਕੋਈ ਐਸਾ ਪ੍ਰਚਾਰਕ ਹੈ ਜੋ ਕਿ ਪੂਰਨ ਸਤਿ ਦਾ ਧਾਰਨੀ ਹੋਏ ਅਤੇ ਪੂਰਨ ਸਤਿ ਵਰਤਾਉਣ ਦੀ ਸਮਰੱਥਾ ਰੱਖਦਾ ਹੋਏ। ਸਾਰੇ ਧਰਮ ਕਾਰਜ ਕੇਵਲ ਕਰਮ-ਕਾਂਡ ਬਣ ਕੇ ਰਹਿ ਗਏ ਹਨ। ਐਸੇ ਵਾਤਾਵਰਨ ਵਿੱਚ ਰੂਹਾਨੀਅਤ ਕਿਵੇਂ ਵਰਤ ਸਕਦੀ ਹੈ ? ਇਸ ਲਈ ਸਾਰੀ ਲੁਕਾਈ ਦੇ ਚਰਨਾਂ 'ਤੇ ਸਨਿਮਰ ਬੇਨਤੀ ਹੈ ਕਿ ਗੁਰਬਾਣੀ ਸਤਿਗੁਰੂ ਦੇ ਉਪਦੇਸ਼ ਨੂੰ ਕੇਵਲ ਪੜ੍ਹਨਾ ਹੀ ਕਾਫੀ ਨਹੀਂ ਹੈ। ਗੁਰਬਾਣੀ ਦੇ ਵਿੱਚ ਉਚਾਰਨ ਕੀਤੇ ਗਏ ਪੂਰਨ ਬ੍ਰਹਮ ਗਿਆਨ ਰੂਪੀ ਪੂਰਨ ਸਤਿ ਵਿੱਚ ਭਿੱਜੇ ਹੋਏ ਅਮੁੱਲੇ ਮਾਣਕ, ਰਤਨ ਅਤੇ ਜਵਾਹਰਾਂ ਦੀ ਕਮਾਈ ਕੀਤੀ ਜਾਏ ਅਤੇ ਇਨ੍ਹਾਂ ਨੂੰ ਆਪਣੇ ਹਿਰਦੇ ਵਿੱਚ ਡੂੰਘੇ ਕਰ ਕੇ ਪਰੋ ਲਿੱਤਾ ਜਾਏ।

ਜਿਵੇਂ ਕਿ ਉੱਪਰ ਵਿਚਾਰਿਆ ਅਤੇ ਲਿਖਿਆ ਗਿਆ ਹੈ, ਇਹ ਸਾਰਾ ਸੰਸਾਰ ਮਾਇਆ ਦੇ ਵਿਨਾਸ਼ਕਾਰੀ ਬੰਧਨਾਂ ਵਿੱਚ ਉਲਝਿਆ ਹੋਇਆ ਹੈ। ਮਾਇਆ ਦੁਆਰਾ ਬੁਣੇ ਗਏ ਭਰਮਾਂ

ਦੇ ਜਾਲ ਵਿੱਚ ਸਾਰੀ ਦੀ ਸਾਰੀ ਲੁਕਾਈ ਬੜੀ ਬੁਰੀ ਤਰ੍ਹਾਂ ਨਾਲ ਫਸ ਕੇ ਰਹਿ ਗਈ ਹੈ। ਤ੍ਰਿਸ਼ਣਾ ਦੀ ਅਗਨ ਵਿੱਚ ਨਿਰੰਤਰ ਸੜਦੇ-ਬਲਦੇ ਹੋਏ, ਪੰਜ ਚੰਡਾਲਾਂ ਦੀ ਗ਼ੁਲਾਮੀ ਵਿੱਚ ਫਸੇ ਹੋਏ, ਕਰਮ-ਧਰਮ ਪਖੰਡ ਵਿੱਚ ਉਲਝੇ ਹੋਏ ਮਨੁੱਖ ਦਾ ਅਮੁੱਲਾ ਮਨੁੱਖਾ ਜਨਮ ਇਸ ਤਰ੍ਹਾਂ ਦੇ ਨਾਲ ਨਸ਼ਟ ਹੋ ਰਿਹਾ ਹੈ। ਮਨੁੱਖ ਨੂੰ ਮਾਇਆ ਦੇ ਝੂਠੇ ਅਤੇ ਵਿਨਾਸ਼ਕਾਰੀ ਨਸ਼ਿਆਂ ਨੇ ਬੇਹੋਸ਼ ਕਰ ਕੇ ਛੱਡ ਦਿੱਤਾ ਹੈ। ਮਨੁੱਖ ਮਾਇਆ ਦੇ ਭਰਮ ਜਾਲ ਦੇ ਦਲਦਲ ਵਿੱਚ ਇਸ ਕਦਰ ਡੁੱਬ ਚੁੱਕਾ ਹੈ ਕਿ ਉਹ ਇਸੇ ਨੂੰ ਹੀ ਸੱਚ ਮੰਨੀ ਬੈਠਾ ਹੈ। ਇਹ ਪਰਮ ਸਤਿ ਹੈ ਕਿ ਮਾਇਆ ਵਿੱਚ ਵਿਚਰਦੇ ਹੋਏ ਅਤੇ ਮਾਇਆ ਦੀ ਗ਼ੁਲਾਮੀ ਵਿੱਚ ਜੀਵਨ ਜਿਉਂਦੇ ਹੋਏ ਕਦੇ ਸਦੀਵੀ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਮਾਇਆ ਕੇਵਲ ਦੁੱਖਾਂ ਦਾ ਕਾਰਨ ਬਣਦੀ ਹੈ। ਮਾਇਆ ਮੰਗਣਾ ਭਾਵ ਦੁੱਖ ਮੰਗਣਾ ਹੈ। ਮਾਇਆ ਦੀ ਗ਼ੁਲਾਮੀ ਕੇਵਲ ਦੁੱਖਾਂ ਦਾ ਭੰਡਾਰ ਹੈ। ਮਾਇਆ ਕੇਵਲ ਠੱਗਣੀ ਹੈ, ਜੋ ਕਿ ਮਨੁੱਖ ਨੂੰ ਇਸ ਭਰਮ ਵਿੱਚ ਪਾਈ ਰੱਖਦੀ ਹੈ ਕਿ ਸੰਸਾਰਿਕ ਸੁੱਖ ਹੀ ਮਨੁੱਖ ਦਾ ਜੀਵਨ ਹਨ। ਮਾਇਆ ਕੇਵਲ ਉਹ ਬੂਟੀ ਹੈ ਜੋ ਮਨੁੱਖ ਨੂੰ ਆਪਣੇ ਨਸ਼ੇ (ਦੁਨਿਆਵੀ ਸੁੱਖਾਂ ਦੇ ਨਸ਼ੇ) ਵਿੱਚ ਬੇਸੁੱਧ ਕਰ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਤੋਂ ਦੂਰ ਲੈ ਜਾਂਦੀ ਹੈ। ਮਾਇਆ ਦੇ ਇਸ ਭਰਮ ਜਾਲ ਵਿੱਚ ਫਸੇ ਹੋਏ ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਜਦ ਦੁੱਖ, ਕਲੇਸ਼, ਮੁਸੀਬਤਾਂ ਅਤੇ ਸਮੱਸਿਆਵਾਂ ਆਉਂਦੀਆਂ ਹਨ ਤਾਂ ਉਹ ਇਸ ਸੰਸਾਰ ਦੇ ਤੋਖ਼ਲੇ ਰੂਪ ਨੂੰ ਅਨੁਭਵ ਕਰਦਾ ਹੈ ਅਤੇ ਸੁਭਾਵਿਕ ਚਿੰਤਾਵਾਂ ਦਾ ਸ਼ਿਕਾਰ ਹੋ ਜਾਂਦਾ ਹੈ। ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਵਾਪਰ ਰਹੇ ਦੁੱਖ, ਕਲੇਸ਼, ਮੁਸੀਬਤਾਂ ਅਤੇ ਸਮੱਸਿਆਵਾਂ ਜਦ ਭਿਆਨਕ ਰੂਪ ਧਾਰਨ ਕਰਦੀਆਂ ਹਨ ਤਾਂ ਮਨੁੱਖ ਦਾ ਜੀਵਨ ਨਰਕ ਬਣ ਜਾਂਦਾ ਹੈ। ਐਸੇ ਹਾਲਾਤ ਮਨੁੱਖ ਨੂੰ ਸੰਸਾਰ ਦੇ ਤੋਖ਼ਲੇ ਰੂਪ ਦਾ ਅਨੁਭਵ ਕਰਵਾਉਂਦੇ ਹਨ ਅਤੇ ਉਸ ਦਾ ਜੀਵਨ ਡੂੰਘੇ ਸਹਿਮ ਅਤੇ ਚਿੰਤਾ ਵਿੱਚ ਡੁੱਬ ਜਾਂਦਾ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੮)

ਹਰਖ ਸੋਗ ਸਹਸਾ ਸੰਸਾਰੁ ਹਉ ਹਉ ਕਰਤ ਬਿਹਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੯੭)

ਮਾਇਆ ਦੀ ਗ਼ੁਲਾਮੀ ਵਿੱਚ ਮਨੁੱਖ ਨੂੰ ਕੇਵਲ ਚਿੰਤਾ ਦਾ ਅਨੁਭਵ ਹੁੰਦਾ ਹੈ। ਮਨੁੱਖ ਇਸ ਚਿੰਤਾ ਵਿੱਚ ਹਰ ਵਕਤ ਘਿਰਿਆ ਰਹਿੰਦਾ ਹੈ ਕਿ ਕਦੇ ਉਸ ਦੇ ਜੀਵਨ ਵਿੱਚ ਸੁੱਖ ਦਾ ਸਮਾਂ ਆਏਗਾ ਕਿ ਨਹੀਂ। ਭਾਵ ਹਰ ਇੱਕ ਮਨੁੱਖ ਨੂੰ ਰੋਜ਼ਾਨਾ ਜੀਵਨ ਵਿੱਚ ਹਰ ਪਲ ਹਰ ਛਿਣ ਕੋਈ ਨਾ ਕੋਈ ਚਿੰਤਾ ਖਾਈ ਜਾਂਦੀ ਹੈ। ਪਰਿਵਾਰਕ ਸੰਬੰਧਾਂ ਦੇ ਵਿਗੜਨ ਦੀ ਚਿੰਤਾ, ਪਰਿਵਾਰਕ ਸਮੱਸਿਆਵਾਂ ਦੀ ਚਿੰਤਾ, ਪਰਿਵਾਰਕ ਕਾਰਜਾਂ ਦੇ ਸਿੱਧ ਜਾਂ ਨਾ ਸਿੱਧ ਹੋਣ ਦੀ ਚਿੰਤਾ, ਪੜ੍ਹਾਈ-ਲਿਖਾਈ ਪੂਰੀ ਕਰਨ ਦੀ ਚਿੰਤਾ, ਸ਼ਾਦੀ-ਵਿਆਹ ਦੀ ਚਿੰਤਾ, ਧੀਆਂ-ਪੁੱਤਰਾਂ ਦੀ ਚਿੰਤਾ, ਦੋਹਤਿਆਂ-ਪੋਤਿਆਂ ਦੀ ਚਿੰਤਾ, ਪਤੀ ਨੂੰ ਪਤਨੀ ਦੀ ਚਿੰਤਾ, ਪਤਨੀ ਨੂੰ ਪਤੀ ਦੀ ਚਿੰਤਾ, ਕਾਰੋਬਾਰ ਦੀ ਚਿੰਤਾ, ਨੌਕਰੀ ਦੀ ਚਿੰਤਾ, ਸਰੀਰਕ ਰੋਗਾਂ ਦੀ ਚਿੰਤਾ, ਧਨ-ਸੰਪਦਾ ਦੀ ਚਿੰਤਾ, ਜ਼ਮੀਨਾਂ-ਜਾਇਦਾਦਾਂ ਦੀ ਚਿੰਤਾ ਆਦਿ ਮਨੁੱਖ ਦੇ ਜੀਵਨ ਨੂੰ ਨਰਕ ਬਣਾ ਦਿੰਦੀ ਹੈ। ਚਿੰਤਾ ਦੀ ਵਿਨਾਸ਼ਕਾਰੀ ਚਿਖਾ ਉੱਪਰ ਬੈਠ ਕੇ ਸੜਦੇ-ਬਲਦੇ ਮਨੁੱਖ ਦਾ ਮਨ ਕਦੇ ਸ਼ਾਂਤੀ ਦਾ ਅਨੁਭਵ ਨਹੀਂ ਕਰਦਾ ਹੈ। ਚਿੰਤਾ ਦੀ ਵਿਨਾਸ਼ਕਾਰੀ ਸ਼ਕਤੀ

ਮਨੁੱਖ ਨੂੰ ਅੰਦਰੋਂ ਖੋਖਲਾ ਕਰ ਦਿੰਦੀ ਹੈ। ਚਿੰਤਾ ਦੀ ਵਿਨਾਸ਼ਕਾਰੀ ਸ਼ਕਤੀ ਮਨੁੱਖ ਦੀ ਦੇਹੀ ਨੂੰ ਮਾਨਸਿਕ ਅਤੇ ਸ਼ਰੀਰਕ ਰੋਗੀ ਬਣਾ ਦਿੰਦੀ ਹੈ।

ਮਾਇਆ ਦੀਆਂ ਰਜੋ ਅਤੇ ਤਮੋ ਗੁਣਾਂ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਤੋਂ ਮੁਕਤੀ ਕੇਵਲ ਸਹਿਜ ਅਵਸਥਾ ਦੀ ਪ੍ਰਾਪਤੀ ਨਾਲ ਹੀ ਹੋ ਸਕਦੀ ਹੈ। ਤ੍ਰਿਸ਼ਣਾ ਅਗਨ ਨੂੰ ਕੇਵਲ ਸਹਿਜ ਅਵਸਥਾ ਦੀ ਪ੍ਰਾਪਤੀ ਨਾਲ ਹੀ ਬੁਝਾਇਆ ਜਾ ਸਕਦਾ ਹੈ। ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੂੰ ਕੇਵਲ ਸਹਿਜ ਅਵਸਥਾ ਦੀ ਪ੍ਰਾਪਤੀ ਕਰ ਕੇ ਹੀ ਜਿੱਤਿਆ ਜਾ ਸਕਦਾ ਹੈ। ਤ੍ਰੈ ਗੁਣ ਮਾਇਆ ਨੂੰ ਕੇਵਲ ਸਹਿਜ ਅਵਸਥਾ ਦੀ ਪ੍ਰਾਪਤੀ ਦੇ ਨਾਲ ਹੀ ਜਿੱਤਿਆ ਜਾ ਸਕਦਾ ਹੈ। ਮਾਇਆ ਦੀ ਗ਼ੁਲਾਮੀ ਵਿੱਚ ਸਹਿਜ ਅਵਸਥਾ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਮਨੁੱਖੀ ਮਨ-ਤਨ ਦੇ ਤ੍ਰਿਸ਼ਣਾ ਦੀ ਵਿਨਾਸ਼ਕਾਰੀ ਅਗਨ ਵਿੱਚ ਸੜਦੇ-ਬਲਦੇ ਰਹਿਣ ਨਾਲ ਸਹਿਜ ਅਵਸਥਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ ਦੀ ਭੁੱਖ ਦੇ ਸ਼ਾਂਤ ਹੋਏ ਬਿਨਾਂ ਸਹਿਜ ਅਵਸਥਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਮਾਨਸਿਕ ਅਤੇ ਸਰੀਰਕ ਰੋਗਾਂ ਨਾਲ ਘਿਰੇ ਹੋਏ ਮਨੁੱਖ ਨੂੰ ਸਹਿਜ ਅਵਸਥਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਚਿੰਤਾ ਵਿੱਚ ਡੁੱਬੇ ਹੋਏ ਮਨੁੱਖ ਨੂੰ ਸਹਿਜ ਅਵਸਥਾ ਦੀ ਪ੍ਰਾਪਤੀ ਕਦੇ ਨਹੀਂ ਹੋ ਸਕਦੀ ਹੈ। ਮਾਇਆ ਦੇ ਭਰਮ ਜਾਲ ਵਿੱਚ ਫਸੇ ਹੋਏ ਮਨੁੱਖ ਨੂੰ ਕਦੇ ਸਹਿਜ ਅਵਸਥਾ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਦੁਨਿਆਵੀ ਕਰਮ-ਕਾਂਡ ਕਰਦੇ-ਕਰਦੇ ਮਨੁੱਖ ਨੂੰ ਸਹਿਜ ਅਵਸਥਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਮਾਇਆ ਦੀ ਗ਼ੁਲਾਮੀ ਵਿੱਚ ਕਦੇ ਸਹਿਜ ਅਵਸਥਾ ਦੀ ਪ੍ਰਾਪਤੀ ਨਹੀਂ ਹੁੰਦੀ ਹੈ:

ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੮)

ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੮)

ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੮)

ਸਹਿਜ ਅਵਸਥਾ ਬੰਦਗੀ ਦੀ ਸਰਵ ਉੱਚੀ ਅਵਸਥਾ ਹੈ। ਸਹਿਜ ਸਮਾਧੀ ਨਿਰੰਤਰ ਸਮਾਧੀ ਦੀ ਅਵਸਥਾ ਹੈ। ਸਹਿਜ ਸਮਾਧੀ ਰੋਮ-ਰੋਮ ਸਿਮਰਨ ਦੀ ਅਵਸਥਾ ਹੈ। ਸਹਿਜ ਸਮਾਧੀ ਸਭ ਤੋਂ ਉੱਤਮ ਸਮਾਧੀ ਹੈ। ਸਹਿਜ ਅਵਸਥਾ ਦਾ ਭਾਵ ਹੈ ਹਿਰਦੇ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਹੋ ਜਾਣਾ ਹੈ। ਸਹਿਜ ਅਵਸਥਾ ਵਿੱਚ ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ ਅਤੇ ਦੇਹੀ ਅੰਮ੍ਰਿਤ ਨਾਲ ਭਰਪੂਰ ਹੋ ਜਾਂਦੀ ਹੈ। ਸਹਿਜ ਅਵਸਥਾ ਵਿੱਚ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਅਤੇ ਦਸਮ ਦੁਆਰ ਵਿੱਚ ਅਨਹਦ ਸ਼ਬਦ ਦੀ ਪ੍ਰਾਪਤੀ ਹੋ ਜਾਂਦੀ ਹੈ। ਸਹਿਜ ਅਵਸਥਾ ਵਿੱਚ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ। ਸਹਿਜ ਅਵਸਥਾ ਵਿੱਚ ਮਨੁੱਖ ਦਾ ਮਨ ਪੂਰਨ ਵਿਸ਼ਰਾਮ ਵਿੱਚ ਚਲਾ ਜਾਂਦਾ ਹੈ। ਮਨ ਪੂਰਨ ਆਤਮਿਕ ਅਡੋਲਤਾ ਵਿੱਚ ਸਦਾ-ਸਦਾ ਲਈ ਕਾਇਮ ਹੋ ਜਾਂਦਾ ਹੈ। ਮਨ ਜੋਤ ਵਿੱਚ ਪਰਿਵਰਤਿਤ ਹੋ ਜਾਂਦਾ ਹੈ। ਸਹਿਜ ਅਵਸਥਾ ਤੋਂ ਭਾਵ ਮਨ ਨੂੰ ਜਿੱਤ ਲੈਣਾ ਹੈ। ਸਹਿਜ ਅਵਸਥਾ ਤੋਂ ਭਾਵ ਹੈ ਮਾਇਆ ਨੂੰ ਜਿੱਤ ਲੈਣਾ। ਸਹਿਜ ਅਵਸਥਾ ਤੋਂ ਭਾਵ ਹੈ ਮਨੁੱਖ

ਦੀ ਤ੍ਰਿਸ਼ਨਾ ਅਗਨ ਦਾ ਬੁਝ ਜਾਣਾ ਅਤੇ ਸਾਰੀਆਂ ਇੱਛਾਵਾਂ ਦਾ ਅੰਤ ਹੋ ਜਾਣਾ। ਸਹਿਜ ਅਵਸਥਾ ਦਾ ਭਾਵ ਹੈ ਮਨੁੱਖ ਦਾ ਸਤਿ ਸੰਤੋਖ ਵਿੱਚ ਚਲੇ ਜਾਣਾ। ਸਹਿਜ ਅਵਸਥਾ ਦਾ ਭਾਵ ਹੈ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੂੰ ਜਿੱਤ ਲੈਣਾ। ਸਹਿਜ ਅਵਸਥਾ ਵਿੱਚ ਮਨੁੱਖ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਪਹੁੰਚ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਂਦਾ ਹੈ। ਪੂਰਨ ਬ੍ਰਹਮ ਗਿਆਨ ਦੀ ਅਤੇ ਤੱਤ ਗਿਆਨ ਦੀ ਪ੍ਰਾਪਤੀ ਕਰ ਕੇ ਮਨੁੱਖ ਇਸ ਅਵਸਥਾ ਵਿੱਚ ਪਰਮ ਪਦਵੀ ਪ੍ਰਾਪਤ ਕਰ ਲੈਂਦਾ ਹੈ। ਇਸ ਅਵਸਥਾ ਵਿੱਚ ਮਨੁੱਖ ਆਤਮ ਰਸ ਅੰਮ੍ਰਿਤ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੮)

'ਗੁਰਮੁਖਿ' ਅਵਸਥਾ ਸਹਿਜ ਅਵਸਥਾ ਹੈ। ਪੂਰਨ ਬ੍ਰਹਮ ਗਿਆਨੀ ਦੀ ਅਵਸਥਾ ਸਹਿਜ ਅਵਸਥਾ ਹੈ। ਸਤਿਗੁਰ ਦੀ ਅਵਸਥਾ ਸਹਿਜ ਅਵਸਥਾ ਹੈ। ਪੂਰਨ ਸੰਤ ਦੀ ਅਵਸਥਾ ਸਹਿਜ ਅਵਸਥਾ ਹੈ। ਪੂਰਨ ਖ਼ਾਲਸੇ ਦੀ ਅਵਸਥਾ ਸਹਿਜ ਅਵਸਥਾ ਹੈ। ਇਸ ਲਈ ਸਹਿਜ ਅਵਸਥਾ ਦੀ ਪ੍ਰਾਪਤੀ ਗੁਰਪ੍ਰਸਾਦਿ ਦੀ ਪ੍ਰਾਪਤੀ ਨਾਲ ਹੁੰਦੀ ਹੈ। ਮਨੁੱਖ ਦੇ ਵੱਸ ਵਿੱਚ ਇਹ ਨਹੀਂ ਹੈ ਕਿ ਉਹ ਆਪਣੇ ਜਨਮਾਂ-ਜਨਮਾਂਤਰਾਂ ਦੇ ਕਰਮਾਂ ਦੇ ਬੋਝ ਤੋਂ ਆਪਣੇ ਆਪ ਨੂੰ ਮੁਕਤ ਕਰ ਸਕੇ। ਮਾਇਆ ਦੀ ਗ਼ੁਲਾਮੀ ਕਾਰਨ ਮਨੁੱਖ ਦੇ ਮਨ ਨੂੰ ਚਿੰਬੜੀ ਹੋਈ ਜਨਮਾਂ-ਜਨਮਾਂਤਰਾਂ ਦੀ ਮੈਲ ਕੇਵਲ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਧੋ ਸਕਦੀ ਹੈ। ਮਨੁੱਖ ਦੇ ਵਿੱਚ ਆਪਣੇ ਤੌਰ 'ਤੇ ਇਹ ਸ਼ਕਤੀ ਨਹੀਂ ਹੈ ਕਿ ਉਹ ਆਪਣੇ ਜਨਮਾਂ-ਜਨਮਾਂਤਰਾਂ ਦੇ ਕਰਮਾਂ ਦੇ ਬੋਝ ਤੋਂ ਮੁਕਤ ਹੋ ਸਕੇ। ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਵਿੱਚ ਇਤਨੀ ਸ਼ਕਤੀ ਨਹੀਂ ਕਿ ਉਹ ਮਾਇਆ ਦੇ ਜਾਲ ਨੂੰ ਭੰਨ ਕੇ ਬਾਹਰ ਨਿਕਲ ਸਕੇ ਅਤੇ ਮਾਇਆ ਤੋਂ ਮੁਕਤ ਹੋ ਸਕੇ। ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਵਿੱਚ ਇਤਨੀ ਸ਼ਕਤੀ ਨਹੀਂ ਕਿ ਉਹ ਮਨੁੱਖ ਦੀ ਤ੍ਰਿਸ਼ਨਾ ਦੀ ਅਗਨ ਨੂੰ ਸ਼ਾਂਤ ਕਰ ਸਕੇ। ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਵਿੱਚ ਇਤਨੀ ਸ਼ਕਤੀ ਨਹੀਂ ਕਿ ਉਹ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੂੰ ਜਿੱਤ ਸਕੇ। ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਵਿੱਚ ਇਤਨੀ ਸ਼ਕਤੀ ਨਹੀਂ ਕਿ ਜਿਸ ਦੇ ਨਾਲ ਉਹ ਆਪਣੇ ਹੀ ਮਨ ਨੂੰ ਜਿੱਤ ਸਕੇ। ਮਨੁੱਖ ਦੀ ਮਨਮਤਿ ਅਤੇ ਸੰਸਾਰਿਕ ਮਤਿ ਵਿੱਚ ਇਤਨੀ ਸ਼ਕਤੀ ਨਹੀਂ ਕਿ ਜਿਸ ਦੇ ਨਾਲ ਮਨੁੱਖ ਆਪਣੇ ਕਰਮ-ਕਾਂਡ ਤੋਂ ਬਾਹਰ ਨਿਕਲ ਸਕੇ। ਮੁੱਕਦੀ ਗੱਲ ਕਿ ਮਨੁੱਖ ਕੋਲ ਇਤਨੀ ਸਮਰੱਥਾ ਨਹੀਂ ਕਿ ਉਹ: ਆਪਣੇ ਕਰਮਾਂ ਦੇ ਬੰਧਨਾਂ ਨੂੰ ਤੋੜ ਸਕੇ; ਤ੍ਰੈ ਗੁਣ ਮਾਇਆ ਤੋਂ ਮੁਕਤ ਹੋ ਸਕੇ; ਆਪਣੀ ਤ੍ਰਿਸ਼ਨਾ ਨੂੰ ਬੁਝਾ ਕੇ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੂੰ ਜਿੱਤ ਸਕੇ; ਆਪਣੇ ਕਰਮ-ਕਾਂਡ ਦੇ ਬੰਧਨਾਂ ਤੋਂ ਮੁਕਤ ਹੋ ਸਕੇ। ਇਸ ਲਈ ਇਹ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੈ ਜੋ ਕਿ ਮਨੁੱਖ ਨੂੰ ਮਾਇਆ ਦੇ ਬੰਧਨਾਂ ਤੋਂ ਮੁਕਤ ਕਰਦੀ ਹੈ।

ਗੁਰਪ੍ਰਸਾਦਿ ਤੋਂ ਭਾਵ ਹੈ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਉਹ ਬੇਅੰਤ ਪਰਮ ਸ਼ਕਤੀ ਜਿਸ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਇਸ ਬੇਅੰਤ ਪਰਮ ਸ਼ਕਤੀ ਨੇ ਹੀ ਮਾਇਆ ਦੀ ਰਚਨਾ ਕੀਤੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਇਸ ਬੇਅੰਤ

ਪਰਮ ਸ਼ਕਤੀ ਨੇ ਹੀ ਮਨੁੱਖ ਦੀ ਰਚਨਾ ਕੀਤੀ ਹੈ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਾਇਆ ਸੇਵਾ ਕਰਦੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਬਣਾਏ ਗਏ ਦਰਗਾਹੀ ਵਿਧਾਨ ਅਨੁਸਾਰ ਮਾਇਆ ਸੰਸਾਰ ਨੂੰ ਚਲਾਉਣ ਦਾ ਕਾਰਜ ਕਰਦੀ ਹੈ। ਇਸ ਲਈ ਜਦ ਤੱਕ ਮਨੁੱਖ 'ਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਨਹੀਂ ਹੁੰਦੀ ਮਨੁੱਖ ਮਾਇਆ ਨੂੰ ਨਹੀਂ ਜਿੱਤ ਸਕਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਦੀ ਪਰਮ ਸ਼ਕਤੀ ਦਾ ਨਾਮ ਹੀ 'ਗੁਰਪ੍ਰਸਾਦਿ' ਹੈ। 'ਗੁਰ' ਦਾ ਭਾਵ ਅਕਾਲ ਪੁਰਖ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ, 'ਪ੍ਰਸਾਦਿ' ਦਾ ਭਾਵ ਹੈ ਬਖ਼ਸ਼ਿਸ਼, ਰਹਿਮਤ, ਕ੍ਰਿਪਾ, ਬੇਅੰਤ ਪਰਮ ਸ਼ਕਤੀ। ਸਾਰੀ ਰੂਹਾਨੀਅਤ ਕੇਵਲ ਅਕਾਲ ਪੁਰਖ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕ੍ਰਿਪਾ, ਰਹਿਮਤ, ਪਰਮ ਸ਼ਕਤੀ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਇਸ ਪਰਮ ਸ਼ਕਤੀਸ਼ਾਲੀ ਸ਼ਬਦ 'ਗੁਰਪ੍ਰਸਾਦਿ' ਨੂੰ ਸਤਿਗੁਰ ਸਾਹਿਬਾਨ ਨੇ ਗੁਰਬਾਣੀ ਵਿੱਚ ਬਾਰੰਬਾਰ ਦ੍ਰਿੜ੍ਹ ਕਰਵਾਇਆ ਹੈ ਕਿਉਂਕਿ ਸਾਰੀ ਰੂਹਾਨੀਅਤ, ਸਾਰੇ ਦਰਗਾਹੀ ਖ਼ਜ਼ਾਨੇ, ਸਾਰੀ ਬੰਦਗੀ ਦੇ ਰਹੱਸ, ਸਾਰੀ ਬੰਦਗੀ, ਸਾਰੀ ਸ੍ਰਿਸ਼ਟੀ, ਸਾਰੇ ਅਨਮੋਲ ਰਤਨ ਹੀਰੇ, ਸਾਰਾ ਮਾਨਸਰੋਵਰ, ਸਾਰੀ ਦਰਗਾਹ, ਸਾਰੀਆਂ ਪਰਮ ਸ਼ਕਤੀਆਂ, ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਾਰੇ ਭੇਦ; ਪੂਰਨ ਬ੍ਰਹਮ ਗਿਆਨ, ਪੂਰਨ ਤੱਤ ਗਿਆਨ ਅਤੇ ਆਤਮ ਰਸ ਅੰਮ੍ਰਿਤ ਇਸ ਪਰਮ ਸ਼ਕਤੀਸ਼ਾਲੀ ਸ਼ਬਦ ਵਿੱਚ ਹੀ ਸਮਾਇਆ ਹੋਇਆ ਹੈ। ਇਸ ਦਾ ਭਾਵ ਇਹ ਹੈ ਕਿ: ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਮਨੁੱਖ ਵਿੱਚ ਗੁਰਪ੍ਰਸਾਦਿ ਨਾਲ ਪ੍ਰਗਟ ਹੁੰਦੀ ਹੈ; ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਦੀ ਪ੍ਰਾਪਤੀ ਕੇਵਲ ਗੁਰਪ੍ਰਸਾਦਿ ਨਾਲ ਹੀ ਹੁੰਦੀ ਹੈ; ਮਨੁੱਖ ਨੂੰ ਸਤਿਨਾਮ ਅਤੇ ਸਤਿਨਾਮ ਦੀ ਕਮਾਈ ਦੀ ਪ੍ਰਾਪਤੀ ਕੇਵਲ ਗੁਰ ਪ੍ਰਸਾਦਿ ਨਾਲ ਹੀ ਹੁੰਦੀ ਹੈ; ਮਨੁੱਖ ਨੂੰ ਸਮਾਧੀ, ਸੁੰਨ ਸਮਾਧੀ ਅਤੇ ਰੋਮ-ਰੋਮ ਸਿਮਰਨ ਦੀ ਦਾਤ ਕੇਵਲ ਗੁਰਪ੍ਰਸਾਦਿ ਨਾਲ ਹੀ ਪ੍ਰਾਪਤ ਹੁੰਦੀ ਹੈ; ਮਨੁੱਖ ਦੇ ਸਾਰੇ ਬਜਰ ਕਪਾਟ ਕੇਵਲ ਗੁਰਪ੍ਰਸਾਦਿ ਨਾਲ ਹੀ ਖੁੱਲ੍ਹਦੇ ਹਨ ਅਤੇ ੭ ਸਤਿ ਸਰੋਵਰ ਵੀ ਗੁਰਪ੍ਰਸਾਦਿ ਨਾਲ ਹੀ ਪ੍ਰਕਾਸ਼ਮਾਨ ਹੁੰਦੇ ਹਨ; ਮਨੁੱਖ ਦੀ ਤ੍ਰਿਸ਼ਣਾ ਵੀ ਗੁਰਪ੍ਰਸਾਦਿ ਨਾਲ ਹੀ ਬੁਝਦੀ ਹੈ ਅਤੇ ਪੰਜ ਦੂਤ ਵੀ ਗੁਰਪ੍ਰਸਾਦਿ ਨਾਲ ਹੀ ਵੱਸ ਵਿੱਚ ਆਉਂਦੇ ਹਨ; ਮਨੁੱਖ ਨੂੰ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਪ੍ਰਾਪਤੀ ਵੀ ਗੁਰਪ੍ਰਸਾਦਿ ਨਾਲ ਹੀ ਹੁੰਦੀ ਹੈ; ਮਨੁੱਖ ਸਤਿ ਰੂਪ ਕੇਵਲ ਗੁਰਪ੍ਰਸਾਦਿ ਨਾਲ ਹੀ ਹੋ ਸਕਦਾ ਹੈ; ਮਨੁੱਖ ਤ੍ਰੈ ਗੁਣ ਮਾਇਆ ਨੂੰ ਕੇਵਲ ਗੁਰਪ੍ਰਸਾਦਿ ਨਾਲ ਹੀ ਜਿੱਤ ਕੇ ਚਉਥੇ ਪਦਿ ਵਿੱਚ ਅਕਾਲ ਪੁਰਖ ਵਿੱਚ ਅਭੇਦ ਹੋ ਸਕਦਾ ਹੈ; ਮਨੁੱਖ ਨੂੰ ਅਕਾਲ ਪੁਰਖ ਦੇ ਦਰਸ਼ਨ ਕੇਵਲ ਗੁਰਪ੍ਰਸਾਦਿ ਨਾਲ ਹੀ ਹੋ ਸਕਦੇ ਹਨ; ਮਨੁੱਖ ਨੂੰ ਪੂਰਨ ਬ੍ਰਹਮ ਗਿਆਨ, ਤੱਤ ਗਿਆਨ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਕੇਵਲ ਗੁਰਪ੍ਰਸਾਦਿ ਨਾਲ ਹੀ ਹੁੰਦੀ ਹੈ; ਮਨੁੱਖ ਨੂੰ ਪਰਉਪਕਾਰ ਅਤੇ ਮਹਾ ਪਰਉਪਕਾਰ ਦੀ ਪ੍ਰਾਪਤੀ ਕੇਵਲ ਗੁਰਪ੍ਰਸਾਦਿ ਨਾਲ ਹੀ ਹੁੰਦੀ ਹੈ। ਇਸ ਲਈ 'ਗੁਰਪ੍ਰਸਾਦਿ' ਦੀ ਮਹਿਮਾ ਪਰਮ ਸ਼ਕਤੀਸ਼ਾਲੀ ਹੈ। ਇਸੇ ਲਈ ਸਤਿਗੁਰੂ ਸਾਹਿਬਾਨ ਨੇ 'ਗੁਰਪ੍ਰਸਾਦਿ' ਦੇ ਇਸ ਪਰਮ ਸ਼ਕਤੀਸ਼ਾਲੀ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰੰਬਾਰ ਪ੍ਰਗਟ ਕੀਤਾ ਹੈ ਅਤੇ ਦ੍ਰਿੜ੍ਹ ਕਰਵਾਇਆ ਹੈ।

ਸ੍ਰੀ ਸਤਿਗੁਰੂ ਅਵਤਾਰ ਧੰਨ ਧੰਨ ਅਮਰ ਦਾਸ ਜੀ ਸਾਨੂੰ ਬੇਅੰਤ ਦਿਆਲਤਾ ਨਾਲ ਗੁਰ ਕ੍ਰਿਪਾ ਅਤੇ ਗੁਰ ਪ੍ਰਸਾਦਿ ਦੀ ਮਹਿਮਾ ਬਾਰੇ ਪੂਰਨ ਬ੍ਰਹਮ ਗਿਆਨ ਦ੍ਰਿੜ੍ਹ ਕਰਵਾ ਰਹੇ ਹਨ। ਸਾਡੇ ਜੀਵਨ ਦਾ ਆਧਾਰ ਗੁਰਕਿਰਪਾ ਹੈ। ਸਾਡੀ ਜ਼ਿੰਦਗੀ ਵਿੱਚ ਹਰ ਚੀਜ਼ ਗੁਰਕਿਰਪਾ ਨਾਲ ਸਾਡੇ ਭਲੇ ਲਈ ਹੀ ਵਾਪਰਦੀ ਹੈ। ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ

ਇਸ ਮਹਾਨ ਪਰਮ ਸ਼ਕਤੀ ਨਾਲ ਹੀ ਅਸੀਂ ਪੰਜ ਚੰਡਾਲਾਂ: ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਤੇ ਜਿੱਤ ਪਾ ਸਕਦੇ ਹਾਂ ਅਤੇ ਤ੍ਰਿਸ਼ਣਾ ਦੀ ਵਿਨਾਸ਼ਕਾਰੀ ਅਗਨ ਨੂੰ ਬੁਝਾ ਸਕਦੇ ਹਾਂ। ਗੁਰਕਿਰਪਾ ਅਤੇ ਗੁਰਪ੍ਰਸਾਦਿ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਦਰਗਾਹੀ ਪਰਮ ਸ਼ਕਤੀ ਹੈ। ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਬੜੇ ਵੱਡੇ ਭਾਗਾਂ ਨਾਲ ਹੁੰਦੀ ਹੈ। ਇਸ ਬੇਅੰਤ ਪਰਮ ਸ਼ਕਤੀ ਦਾ ਸਦਕਾ ਹੀ ਅਸੀਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਆਸਾ, ਤ੍ਰਿਸ਼ਣਾ, ਮਨਸਾ ਉੱਪਰ ਜਿੱਤ ਪ੍ਰਾਪਤ ਕਰ ਜੀਵਨ ਮੁਕਤੀ ਹਾਸਲ ਕਰ ਸਕਦੇ ਹਾਂ। ਇਸ ਬੇਅੰਤ ਪਰਮ ਸ਼ਕਤੀ ਦਾ ਸਦਕਾ ਹੀ ਅਸੀਂ ਮਾਇਆ ਉੱਪਰ ਜਿੱਤ ਪ੍ਰਾਪਤ ਕਰ ਦਰਗਾਹ ਵਿੱਚ ਮਾਣ ਪ੍ਰਾਪਤ ਕਰ ਸਕਦੇ ਹਾਂ। ਇਸ ਬੇਅੰਤ ਪਰਮ ਸ਼ਕਤੀ ਦਾ ਸਦਕਾ ਹੀ ਅਸੀਂ ਆਪਣੇ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਪ੍ਰਾਪਤੀ ਕਰ ਕੇ ਪਰਮ ਪਦ ਦੀ ਪ੍ਰਾਪਤੀ ਕਰ ਸਕਦੇ ਹਾਂ। ਇਸ ਬੇਅੰਤ ਪਰਮ ਸ਼ਕਤੀ ਦਾ ਸਦਕਾ ਹੀ ਅਸੀਂ ਸਹਿਜ ਅਵਸਥਾ ਅਤੇ ਅਟੱਲ ਅਵਸਥਾ ਦੀ ਪ੍ਰਾਪਤੀ ਕਰ ਕੇ ਅਕਾਲ ਪੁਰਖ ਦੇ ਨਿਰਗੁਣ ਸਰੂਪ ਵਿੱਚ ਲੀਨ ਹੋ ਸਕਦੇ ਹਾਂ। ਇੱਥੇ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਬਹੁਤ ਸਾਰੇ ਲੋਕਾਂ ਨੂੰ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ, ਪਰੰਤੂ ਕੋਈ ਵਿਰਲਾ ਹੀ ਇਸ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਸੇਵਾ-ਸੰਭਾਲਤਾ ਕਰ ਕੇ ਦਰਗਾਹ ਵਿੱਚ ਮਾਣ ਪ੍ਰਾਪਤ ਕਰਦਾ ਹੈ। ਇਸ ਦਾ ਵੱਡਾ ਕਾਰਨ ਕੇਵਲ ਸੇਵਾ-ਸੰਭਾਲਤਾ ਦੀ ਕਮੀ ਹੈ, ਕੇਵਲ ਆਪਾ ਅਰਪਣ ਕਰਨ ਦੀ ਕਮੀ ਹੈ, ਕੇਵਲ ਆਪਣਾ ਤਨ, ਮਨ, ਧਨ ਸਤਿਗੁਰੂ ਦੇ ਸਤਿ ਚਰਨਾਂ ਵਿੱਚ ਅਰਪਣ ਕਰਨ ਦੀ ਘਾਟ ਹੈ, ਕੇਵਲ ਮਨਮਤਿ ਤਿਆਗ ਕਰ ਕੇ ਗੁਰਮਤਿ ਨੂੰ ਅਪਣਾਉਣ ਦੀ ਕਮੀ ਹੈ। ਦੂਜਾ ਵੱਡਾ ਕਾਰਨ ਹੈ ਮਾਇਆ ਦੇ ਹੱਥੋਂ ਹਾਰ ਜਾਣਾ। ਬੰਦਗੀ ਕੇਵਲ ਮਾਇਆ ਨਾਲ ਜੰਗ ਹੈ ਅਤੇ ਇਸ ਜੰਗ ਵਿੱਚ ਆਮ ਲੋਕ ਮਾਇਆ ਦੇ ਅੱਗੇ ਆਪਣੇ ਹਥਿਆਰ ਸੁੱਟ ਦਿੰਦੇ ਹਨ ਅਤੇ ਮਾਇਆ ਨਾਲ ਮੁਕਾਬਲਾ ਨਾ ਕਰ ਕੇ ਮਇਆ ਤੋਂ ਹਾਰ ਮੰਨ ਮੁੜ ਅਪਣੀ ਪਹਿਲਾਂ ਵਾਲੀ ਜ਼ਿੰਦਗੀ ਵਿੱਚ ਚਲੇ ਜਾਂਦੇ ਹਨ। ਕਈ ਲੋਕ ਤਾਂ ਸੁਹਾਗ ਦੀ ਪ੍ਰਾਪਤੀ ਕਰ ਕੇ ਕਰਮ ਖੰਡ ਤੋਂ ਮੁੜ ਫਿਰ ਧਰਮ ਖੰਡ ਵਿੱਚ ਜਾ ਡਿਗਦੇ ਹਨ। ਇਸ ਲਈ ਆਪ ਸਭਨਾਂ ਦੇ ਚਰਨਾਂ ਵਿੱਚ ਦੋਵੇਂ ਹੱਥ ਜੋੜ ਦਾਸ ਦੀ ਬੇਨਤੀ ਹੈ ਕਿ ਜੇਕਰ ਆਪ ਨੂੰ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੇ ਇਸ ਵਡਭਾਗ ਦੀ ਪ੍ਰਾਪਤੀ ਹੁੰਦੀ ਹੈ ਤਾਂ ਇਸ ਦੀ ਸੇਵਾ-ਸੰਭਾਲਤਾ ਕਰੋ ਜੀ। ਜਦ ਤੁਸੀਂ ਇਸ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਪੂਰਨ ਮਾਸੂਮੀਅਤ ਨਾਲ ਸੇਵਾ-ਸੰਭਾਲਤਾ ਕਰੋਗੇ, ਜਦ ਤੁਸੀਂ ਪੂਰਨ ਭਰੋਸੇ, ਸ਼ਰਧਾ ਅਤੇ ਪ੍ਰੀਤ ਨਾਲ ਅਪਣਾ ਆਪਾ ਸਤਿਗੁਰੂ ਦੇ ਸਤਿ ਚਰਨਾਂ ਵਿੱਚ ਅਰਪਣ ਕਰ ਤਨ, ਮਨ, ਧਨ ਨਾਲ ਸਤਿਗੁਰੂ ਦੀ ਸੇਵਾ ਵਿੱਚ ਲੀਨ ਹੋ ਜਾਵੋਗੇ ਤਾਂ ਸਤਿਗੁਰੂ ਤੁਹਾਡੀ ਬਾਂਹ ਫੜ ਤੁਹਾਡੀ ਮਾਇਆ ਦੇ ਚਪੇੜਿਆਂ ਤੋਂ ਪੂਰੀ ਤਰ੍ਹਾਂ ਨਾਲ ਰੱਖਿਆ ਕਰ ਮਾਇਆ ਦੇ ਇਸ ਭਵਜਲ ਤੋਂ ਪਾਰ ਲੈ ਜਾਵੇਗਾ ਅਤੇ ਦਰਗਾਹ ਵਿੱਚ ਮਾਣ ਦੁਆ ਕੇ ਆਪ ਨੂੰ ਆਪਣੇ ਵਰਗਾ ਬਣਾ ਕੇ ਅਕਾਲ ਪੁਰਖ ਦੇ ਦਰਸ਼ਨ ਕਰਵਾ ਕੇ ਉਸ ਦੇ ਸਤਿ ਚਰਨਾਂ ਵਿੱਚ ਪੂਰੀ ਤਰ੍ਹਾਂ ਲੀਨ ਕਰ ਦੇਵੇਗਾ।

■

ਅਨੰਦੁ ਸਾਹਿਬ-ਪਉੜੀ ੧੯-੨੦

ਜੀਅਹੁ ਮੈਲੇ ਬਾਹਰਹੁ ਨਿਰਮਲ ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ ॥੧੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੯)

ਜੀਅਹੁ ਨਿਰਮਲ ਬਾਹਰਹੁ ਨਿਰਮਲ ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥
ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥
ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੨੦॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੯)

ਅੰਦਰੂਨੀ ਰਹਿਤ ਦੀ ਕਮਾਈ ਹੀ ਅਸਲੀ ਕਮਾਈ ਹੈ। ਅੰਦਰੂਨੀ ਰਹਿਤ ਦੀ ਕਮਾਈ ਵਿੱਚ ਹੀ ਸਾਰੀਆਂ ਪਰਮ ਸਤਿ ਦੀਆਂ ਪਰਮ ਸ਼ਕਤੀਆਂ ਦੀ ਕਮਾਈ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਦੇ ਮਨ ਨੂੰ ਜਨਮਾਂ-ਜਨਮਾਂਤਰਾਂ ਤੋਂ ਚਿੰਬੜੀ ਹੋਈ ਮੈਲ ਧੁਪ ਜਾਂਦੀ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਦਾ ਚੰਚਲ ਅਤੇ ਅਡੀਅਲ ਮਨ ਚਿੰਦਿਆ ਜਾਂਦਾ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਦਾ ਬੇਅੰਤ ਮੈਲਾ ਮਨ ਨਿਰਮਲ ਹੋ ਜਾਂਦਾ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਦਾ ਕਦੇ ਚੁੱਪ ਨਾ ਹੋਣ ਵਾਲਾ ਮਨ ਪੂਰਨ ਵਿਸ਼ਰਾਮ ਵਿੱਚ ਚਲਾ ਜਾਂਦਾ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਾਇਆ ਦੇ ਦਲਦਲ ਵਿੱਚ ਡੁੱਬਿਆ ਹੋਇਆ ਮਨੁੱਖ ਦਾ ਮਨ ਪੂਰਨ ਸਚਿਆਰੀ ਰਹਿਤ ਵਿੱਚ ਜਾਂਦਾ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਦੀ ਤ੍ਰਿਸ਼ਣਾ ਅਗਨ ਬੁਝ ਜਾਂਦੀ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਮਾਇਆ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਜੋ ਕਿ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੇ ਰੂਪ ਵਿੱਚ ਮਨੁੱਖ ਨੂੰ ਖਾਂਦੀਆ ਹਨ, ਨੂੰ ਜਿੱਤ ਲੈਂਦਾ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਤ੍ਰੈ ਗੁਣ ਮਾਇਆ ਨੂੰ ਜਿੱਤਦਾ ਹੈ। ਅੰਦਰੂਨੀ ਰਹਿਤ ਦੀ ਕਮਾਈ ਹੀ ਮਨੁੱਖ ਦੇ ਮਨ ਨੂੰ ਮਾਇਆ

ਦੀ ਗ਼ੁਲਾਮੀ ਤੋਂ ਮੁਕਤ ਕਰਦੀ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਦਾ ਮਨ ਜੋਤ ਸਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਆਪਣੇ ਮਨ ਨੂੰ ਜਿੱਤਦਾ ਹੈ। ਅੰਦਰੂਨੀ ਰਹਿਤ ਦੀ ਕਮਾਈ ਹੀ ਦਰਗਾਹ ਵਿੱਚ ਪ੍ਰਵਾਨ ਹੁੰਦੀ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਚੌਥੇ ਪਦ ਵਿੱਚ ਅਕਾਲ ਪੁਰਖ ਦੇ ਨਿਰਗੁਣ ਸਰੂਪ ਦੇ ਦਰਸ਼ਨ ਕਰਦਾ ਹੈ ਅਤੇ ਇਸ ਪਰਮ ਸ਼ਕਤੀਸ਼ਾਲੀ ਸਰੂਪ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦਾ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਨੂੰ ਸਦਾ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਨੂੰ ਪੂਰਨ ਬ੍ਰਹਮ ਗਿਆਨ ਦੀ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਨੂੰ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਨੂੰ ਪਰਮ ਪਦਵੀ ਦੀ ਪ੍ਰਾਪਤੀ ਹੁੰਦੀ ਹੈ। ਅੰਦਰੂਨੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਨੂੰ ਸਹਿਜ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਬੰਦਗੀ ਕੇਵਲ ਅੰਦਰੂਨੀ ਰਹਿਤ ਦੀ ਕਮਾਈ ਹੀ ਹੈ ਅਤੇ ਬਾਹਰਲੀਆਂ ਰਹਿਤਾਂ ਕਮਾਉਣ ਨਾਲ ਬੰਦਗੀ ਨਹੀਂ ਹੁੰਦੀ ਹੈ।

ਮਨੁੱਖੀ ਮਨ ਦੇ ਵਿੱਚ ਤ੍ਰਿਸ਼ਣਾ ਦੇ ਭਿਆਨਕ ਰੋਗ ਦਾ ਵਾਸਾ ਹੁੰਦਾ ਹੈ। ਭਾਵ ਮਨੁੱਖੀ ਮਨ ਤ੍ਰਿਸ਼ਣਾ ਦੇ ਮਹਾ ਵਿਨਾਸ਼ਕਾਰੀ ਰੋਗ ਨਾਲ ਗ੍ਰਸਤ ਹੁੰਦਾ ਹੈ। ਕਿਉਂਕਿ ਤ੍ਰਿਸ਼ਣਾ ਦਾ ਸੰਬੰਧ ਸੰਸਾਰਿਕ ਸੁੱਖਾਂ ਅਤੇ ਪਦਾਰਥਾਂ ਦੀ ਪ੍ਰਾਪਤੀ ਦੇ ਨਾਲ ਹੈ। ਮਨੁੱਖੀ ਮਨ ਦੀ ਤ੍ਰਿਸ਼ਣਾ ਮਨੁੱਖ ਨੂੰ ਸੰਸਾਰਿਕ ਸੁੱਖਾਂ ਅਤੇ ਪਦਾਰਥਾਂ ਵਿੱਚ ਉਲਝਾਈ ਰੱਖਦੀ ਹੈ। ਮਨੁੱਖੀ ਮਨ ਦੀ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਦੇ ਕਾਰਨ ਹੀ ਮਨੁੱਖ ਸੰਸਾਰਿਕ ਪ੍ਰਾਪਤੀਆਂ ਨੂੰ ਸਤਿ ਮੰਨੀ ਬੈਠਾ ਹੈ। ਮਨੁੱਖੀ ਮਨ ਦੀ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਇਤਨੀ ਪ੍ਰਬਲ ਹੈ ਜੋ ਕਿ ਮਨੁੱਖ ਦੇ ਮਨ ਨੂੰ ਅੰਨ੍ਹਾ ਕਰ ਦਿੰਦੀ ਹੈ। ਜਿਸ ਦੇ ਫ਼ਲ਼ ਸਰੂਪ ਮਨੁੱਖ ਨੂੰ ਸਤਿ ਅਤੇ ਅਸਤਿ ਕਰਮਾਂ ਦੀ ਪਹਿਚਾਣ ਨਹੀਂ ਰਹਿੰਦੀ ਹੈ। ਮਨੁੱਖੀ ਮਨ ਦੀ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹੀ ਮਨੁੱਖੀ ਦੇਹੀ ਵਿੱਚ ਵੱਸ ਰਹੇ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੇ ਹੱਥੇ ਚੜ੍ਹ ਕੇ, ਇਨ੍ਹਾਂ ਚੰਡਾਲਾਂ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਦੁਆਰਾ ਸਾਰੇ ਅਸਤਿ ਅਤੇ ਮਹਾ ਵਿਨਾਸ਼ਕਾਰੀ ਕਰਮ ਕਰਵਾਉਂਦੀ ਹੈ। ਮਨੁੱਖੀ ਮਨ ਦੀ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਨੂੰ ਬਾਹਰਮੁਖੀ ਬਣਾ ਕੇ ਰੱਖਦੀ ਹੈ। ਮਨੁੱਖੀ ਮਨ ਦੀ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਨੂੰ ਬਾਹਰਲੇ ਸੰਸਾਰ ਨਾਲੋਂ ਟੁੱਟਣ ਨਹੀਂ ਦਿੰਦੀ ਹੈ। ਮਨੁੱਖੀ ਮਨ ਦੀ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਨੂੰ ਅੰਤਰ ਮੁਖ ਨਹੀਂ ਹੋਣ ਦਿੰਦੀ ਹੈ। ਭਾਵ ਮਨੁੱਖੀ ਮਨ ਦੀ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਇਤਨੀ ਪ੍ਰਬਲ ਹੁੰਦੀ ਹੈ ਕਿ ਉਹ ਮਨੁੱਖ ਨੂੰ ਆਪਣੇ ਮਨ ਵਿੱਚ ਝਾਂਕਣ ਹੀ ਨਹੀਂ ਦਿੰਦੀ ਹੈ। ਮਨੁੱਖੀ ਮਨ ਦੀ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਇਤਨੀ ਪ੍ਰਬਲ ਹੁੰਦੀ ਹੈ ਕਿ ਉਹ ਮਨੁੱਖ ਨੂੰ ਅੰਦਰਲੀ ਰਹਿਤ ਦੀ ਸੋਝੀ ਪੈਣ ਨਹੀਂ ਦਿੰਦੀ ਹੈ। ਮਨੁੱਖ ਆਪਣੀ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਅਗਨ ਨੂੰ ਬੁਝਾਉਣ ਦੇ ਚੱਕਰ ਵਿੱਚ ਬਾਰ-ਬਾਰ ਕੂੜ ਕਰਮ ਕਰਦਾ ਹੈ। ਜਿਸ ਦੇ ਫ਼ਲ਼ ਸਰੂਪ ਮਨੁੱਖ ਆਪਣੇ ਪ੍ਰਾਲਬਧ ਵਿੱਚ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਰੋਗਾਂ, ਝਗੜਿਆਂ ਅਤੇ ਆਪਣੇ ਨਰਕਮਈ ਭਵਿੱਖ ਨੂੰ ਆਪ ਲਿਖਦਾ ਹੈ। ਮਨੁੱਖੀ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਨੂੰ ਕਦੇ ਵੀ ਇੱਛਾ ਮੁਕਤ ਨਹੀਂ ਹੋਣ ਦਿੰਦੀ ਹੈ। ਜਿਸ ਦੇ ਕਾਰਨ ਮਨੁੱਖ ਆਪਣੇ ਨਰਕਮਈ ਭਵਿੱਖ ਨੂੰ ਕਦੇ ਖ਼ਤਮ ਨਹੀਂ ਹੋਣ ਦਿੰਦਾ

ਹੈ ਅਤੇ ਮਨੁੱਖ ਆਪਣੇ ਹੀ ਅਸਤਿ ਕਰਮਾਂ ਦੇ ਬੋਝ ਥੱਲੇ ਹੋਰ ਦੱਬੀ ਜਾਂਦਾ ਹੈ। ਜਿਸ ਦੇ ਕਾਰਨ ਮਨੁੱਖ ਦਾ ਜਨਮ-ਮਰਨ ਦੇ ਰੋਗ ਤੋਂ ਕਦੇ ਛੁਟਕਾਰਾ ਨਹੀਂ ਹੁੰਦਾ ਹੈ।

ਮਾਇਆ ਮੋਹ ਵਿੱਚ ਗ੍ਰਸਤ ਸਾਰੀ ਲੁਕਾਈ (ਸਾਰੇ ਫ਼ਿਰਕਿਆਂ ਦੇ ਲੋਕ) ਇਸ ਪਰਮ ਸਤਿ ਨੂੰ ਵਿਸਾਰ ਚੁੱਕੇ ਹਨ ਕਿ ਸਾਰੇ ਧਰਮ ਗ੍ਰੰਥਾਂ ਵਿੱਚ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ ਦੀ ਮਹਿਮਾ ਪ੍ਰਗਟ ਕੀਤੀ ਗਈ ਹੈ। ਸਿਮ੍ਰਿਤੀਆਂ, ਵੇਦ ਅਤੇ ਪੁਰਾਣ ਜੋ ਕਿ ਉੱਘੀਆਂ ਧਾਰਮਿਕ ਹਸਤੀਆਂ ਦੁਆਰਾ ਦੁਨੀਆਂ ਵਿੱਚ ਲਿਖੀਆਂ ਗਈਆਂ ਉਨ੍ਹਾਂ ਸਾਰੇ ਧਰਮ ਗ੍ਰੰਥਾਂ ਦਾ ਸਾਰ ਉਪਦੇਸ਼ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ ਨੂੰ ਜਪਣਾ ਹੈ। ਸਤਿਗੁਰੂਆਂ ਦੁਆਰਾ ਪ੍ਰਗਟ ਕੀਤੀ ਗਈ ਗੁਰਬਾਣੀ ਦਾ ਆਧਾਰ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਨਾਮ 'ਸਤਿਨਾਮ' ਹੈ। ਸਤਿਨਾਮ ਤੋਂ ਬਿਨਾਂ ਸਭ ਕੁਝ ਕੂੜ ਹੈ। ਭਾਵ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਨਾਮ 'ਸਤਿਨਾਮ' ਹੀ ਸਤਿ ਹੈ। (ਸਤਿਨਾਮ ਦੀ ਮਹਿਮਾ 'ਤੇ ਵਿਸਤਾਰ ਨਾਲ ਵਿਚਾਰ ਪਉੜੀ ੧ ਦੀ ਕਥਾ ਵਿੱਚ ਕੀਤੀ ਗਈ ਹੈ।) ਇਸ ਪਰਮ ਸਤਿ ਨੂੰ ਗੁਰਬਾਣੀ ਵਿੱਚ ਦ੍ਰਿੜ੍ਹ ਕਰਵਾਇਆ ਗਿਆ ਹੈ:

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥

ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੬੧)

ਅੱਜ ਦੀ ਦੁਨੀਆਂ ਵਿੱਚ ਲੱਗਭਗ ਸਾਰੀ ਲੁਕਾਈ ਜੋ ਕਿ ਧਰਮ ਦੇ ਮਾਰਗ ਉੱਪਰ ਚਲਣ ਦਾ ਯਤਨ ਕਰ ਰਹੀ ਹੈ, ਉਹ ਕੇਵਲ ਬਾਹਰਲੀਆਂ ਰਹਿਤਾਂ ਉੱਪਰ ਕੇਂਦਰਿਤ ਹੋ ਕੇ ਰਹਿ ਗਈ ਹੈ। ਜੋ ਮਨੁੱਖ ਸਤੋ ਬਿਰਤੀ ਦੀ ਕਮਾਈ ਕਰਨ ਦਾ ਯਤਨ ਕਰ ਰਹੇ ਹਨ ਉਹ ਵੀ ਸਾਰੇ ਦੇ ਸਾਰੇ ਕੇਵਲ ਬਾਹਰਲੇ ਕਰਮ-ਕਾਂਡ ਵਿੱਚ ਉਲਝ ਕੇ ਰਹਿ ਗਏ ਹਨ। ਲੱਗਭਗ ਸਾਰੀ ਲੁਕਾਈ ਬਾਹਰਲੀਆਂ ਰਹਿਤਾਂ ਦੀ ਕਮਾਈ ਨੂੰ ਸਤਿ ਮੰਨੀ ਬੈਠੀ ਹੈ। ਸਾਰੀ ਲੁਕਾਈ ਇਸ ਪਰਮ ਸਤਿ ਤੱਤ ਤੋਂ ਅਨਭਿਗ ਹੈ ਕਿ ਬਾਹਰਮੁਖੀ ਹੋ ਕੇ ਰੂਹਾਨੀਅਤ ਵਿੱਚ ਚੜ੍ਹਦੀ ਕਲਾ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਹੈ।

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥

ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੫)

ਪੂਰਨ ਸਤਿ ਦੇ ਇਸ ਸ਼ਬਦ ਵਿੱਚ ਧਰਤੀ ਉੱਪਰ ਵਿਚਰ ਰਹੇ ਹਰ ਇੱਕ ਆਮ ਇਨਸਾਨ ਦੇ ਪਰਮ ਸਤਿ ਨੂੰ ਪ੍ਰਗਟ ਕਰ ਦਿੱਤਾ ਹੈ। ਅੱਜ ਦੇ ਮਨੁੱਖ ਦੀ ਅੰਦਰਲੀ ਅਤੇ ਬਾਹਰਲੀ ਸੱਚਾਈ ਨੂੰ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਪ੍ਰਤੱਖ ਪ੍ਰਗਟ ਕਰ ਦਿੱਤਾ ਹੈ। ਕੇਵਲ ਗੱਲਾਂ ਕਰਨ ਨਾਲ ਜੋਗ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਕੇਵਲ ਗੱਲਾਂ ਕਰਨ ਨਾਲ ਮਨੁੱਖ ਦਾ ਅੰਦਰਲਾ ਆਚਰਨ ਨਹੀਂ ਬਦਲ ਸਕਦਾ ਹੈ। ਮਨੁੱਖ ਦੀ ਅਸਲੀ ਪਹਿਚਾਣ ਉਸ ਦੀ ਕਰਨੀ ਤੋਂ ਹੁੰਦੀ ਹੈ। ਮਨੁੱਖ ਦੀ ਕਰਨੀ ਉਸ ਦੇ ਆਚਰਨ ਦਾ ਪ੍ਰਮਾਣ ਪੇਸ਼ ਕਰਦੀ ਹੈ। ਕੇਵਲ ਗੱਲਾਂ ਕਰਨ ਨਾਲ ਸਾਰੇ ਜਨਮਾਂ-ਜਨਮਾਂਤਰਾਂ ਤੋਂ ਮਨ ਨੂੰ ਚਿੰਬੜੀ ਹੋਈ ਪਾਪ ਕਰਮਾਂ ਦੀ ਗੰਦਗੀ ਸਾਫ਼ ਨਹੀਂ ਹੁੰਦੀ ਹੈ। ਸਾਰੇ ਜਨਮਾਂ-ਜਨਮਾਂਤਰਾਂ ਤੋਂ ਮਨ ਨੂੰ ਚਿੰਬੜੀ ਹੋਈ ਦੁਸ਼ਕਰਮਾਂ ਦੀ ਡੂੰਘੀ ਕਾਲਖ ਬਾਹਰੋਂ ਚਿੱਟਾ ਬਾਣਾ ਪਾਉਣ ਨਾਲ ਨਹੀਂ ਧੁੱਪਦੀ ਹੈ। ਬਾਹਰੋ ਚਿੱਟਾ ਬਾਣਾ ਪਾਉਣ ਨਾਲ ਮਨੁੱਖ ਦੇ ਸ਼ੁੱਧ ਆਚਰਨ ਦਾ ਪ੍ਰਮਾਣ ਨਹੀਂ ਮਿਲ ਸਕਦਾ ਹੈ। ਮਨੁੱਖ ਦੀ ਅੰਦਰਲੀ ਸ਼ੁੱਧਤਾ ਮਨੁੱਖ ਦੀ ਰੋਜ਼ਾਨਾ ਦੀ ਕਰਨੀ ਵਿੱਚ ਪ੍ਰਤੱਖ ਪ੍ਰਗਟ ਹੁੰਦੀ ਹੈ।

ਸਾਰੀ ਲੁਕਾਈ ਉੱਪਰ ਨਜ਼ਰ ਮਾਰਦੇ ਹੋਏ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਨੇ ਕਿਹਾ ਹੈ:

ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥

ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੫੬)

ਕਲਜੁਗ ਦੇ ਸਮੇਂ ਵਿੱਚ ਅਵਤਰਿਤ ਹੋਏ ਸਤਿਗੁਰ ਨਾਨਕ ਸਾਹਿਬ ਨੇ ਜਿਧਰ ਵੀ ਨਜ਼ਰ ਮਾਰੀ ਉਨ੍ਹਾਂ ਨੂੰ ਸਾਰੇ ਕਲਜੁਗੀ ਮਨੁੱਖਾਂ ਵਿੱਚ ਕੇਵਲ ਜਿੰਨਾਂ ਅਤੇ ਭੂਤਾਂ ਦੇ ਵਿਕਰਿਤ ਚਿਹਰੇ ਨਜ਼ਰ ਆਏ। ਜਨਮਾਂ-ਜਨਮਾਂਤਰਾਂ ਤੋਂ ਮਾਇਆ ਦੀ ਗ਼ੁਲਾਮੀ ਵਿੱਚ ਵਿਚਰ ਰਹੀ ਲੁਕਾਈ ਦੀ ਹਾਲਤ ਬੇਤਾਲਾਂ (ਭੂਤਾਂ) ਵਰਗੀ ਹੋ ਗਈ ਸੀ। ਭਾਵ ਸਤਿਗੁਰ ਪਾਤਸ਼ਾਹ ਜੀ ਦੀ ਦਿੱਬ ਦ੍ਰਿਸ਼ਟ ਨੇ ਕਲਜੁਗ ਵਿੱਚ ਵਿਚਰ ਰਹੇ ਮਾਇਆ ਦੀ ਗ਼ੁਲਾਮੀ ਵਿੱਚ ਗ੍ਰਸਤ ਸਾਰੇ ਮਨੁੱਖਾਂ ਦੇ ਵਿਕਾਰਾਂ ਨਾਲ ਯੁਕਤ ਮਨ ਦੀ ਪ੍ਰੱਤਖ ਛਵੀ ਹਰ ਥਾਂ 'ਤੇ ਦੇਖੀ ਅਤੇ ਐਸਾ ਸਤਿ ਦੇਖ ਕੇ ਸਤਿਗੁਰੂ ਪਾਤਸ਼ਾਹ ਜੀ ਨੇ ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਸਦਾ-ਸਦਾ ਲਈ ਪ੍ਰਗਟ ਕਰ ਦਿੱਤਾ। ਧਰਤੀ ਉੱਪਰ ਉਦਾਸੀਆਂ ਕਰਦੇ ਹੋਏ ਸਾਰੇ ਪਾਸੇ ਜਿੱਥੇ-ਜਿੱਥੇ ਉਹ ਗਏ, ਸਤਿਗੁਰ ਪਾਤਸ਼ਾਹ ਜੀ ਦੀ ਦਿੱਬ ਦ੍ਰਿਸ਼ਟ ਨੇ ਕਲਜੁਗੀ ਮਨੁੱਖਾਂ ਦੇ ਮਨ ਅਤੇ ਸੁਰਤਿ ਨੂੰ ਬੇਅੰਤ ਅਸਤਿ ਕਰਮਾਂ ਦੀ ਮੈਲ ਨਾਲ ਕਾਲਾ ਹੋਇਆ ਦੇਖਿਆ। ਹਰ ਇੱਕ ਮਨੁੱਖ ਨੂੰ ਜੋ ਸਤਿਗੁਰੂ ਸਾਹਿਬ ਦੀ ਨਜ਼ਰ ਵਿੱਚ ਆਇਆ ਉਸ ਦੀ ਅੰਦਰੂਨੀ ਹਾਲਤ ਜੋ ਕਿ ਵਿਕਾਰਾਂ ਦੀ ਮੈਲ ਅਤੇ ਪਾਪਾਂ ਦੇ ਬੋਝ ਨਾਲ ਮਾਇਆ ਦੇ ਦਲਦਲ ਵਿੱਚ ਇਤਨੀ ਗਲਤਾਨ ਹੋ ਚੁੱਕੀ ਸੀ; ਜਿਸ ਨੂੰ ਦੇਖ ਕੇ ਸਤਿਗੁਰ ਸਾਹਿਬ ਨੂੰ ਇਹ ਸ਼ਬਦ ਉਚਾਰਨ ਕਰਨਾ ਪਿਆ ਤਾਂ ਜੋ ਉਹ ਸਾਰੀ ਲੁਕਾਈ ਨੂੰ ਇਸ ਪਰਮ ਸਤਿ ਤੋਂ ਜਾਣੂ ਕਰਵਾ ਸਕਣ। ਮਨੁੱਖਾਂ ਦੇ ਰੂਪ ਵਿੱਚ ਸਤਿਗੁਰੂ ਸਾਹਿਬ ਨੇ ਜਿੰਨਾਂ ਵਰਗੇ ਵਿਕਰਿਤ ਚਿਹਰਿਆਂ ਨੂੰ ਦੇਖਿਆ। ਮਨੁੱਖਾਂ ਦੇ ਰੂਪ ਵਿੱਚ ਜਿੰਨਾਂ ਵਰਗੇ ਕਰਮਾਂ ਵਿੱਚ ਗਲਤਾਨ ਹੋਈ ਲੁਕਾਈ ਨੂੰ ਸਤਿਗੁਰੂ ਸਾਹਿਬ ਨੇ ਸਾਰੇ ਪਾਸੇ ਅਨੁਭਵ ਕੀਤਾ। ਕਲਜੁਗੀ ਦੁਨੀਆਂ ਵਿੱਚ ਸਤਿਗੁਰੂ ਸਾਹਿਬ ਨੂੰ ਸਤੋ ਗੁਣੀ ਮਨੁੱਖਾਂ ਦਾ ਬਹੁਤ ਅਭਾਵ ਨਜ਼ਰ ਆਇਆ। ਸਾਰੇ ਪਾਸੇ ਸਤਿਗੁਰੂ ਪਾਤਸ਼ਾਹ ਜੀ ਨੇ ਮਾਇਆ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਦੇ ਜਾਲ ਵਿੱਚ ਫਸੇ ਹੋਏ ਮਨੁੱਖਾਂ ਨੂੰ ਹੀ ਦੇਖਿਆ। ਸਾਰੀ ਦੁਨੀਆਂ ਨੂੰ ਵੈਰ, ਵਿਰੋਧ, ਜ਼ਾਲਮ ਅਤੇ ਜ਼ੁਲਮ ਨਾਲ ਦਬਾਈ ਹੋਈ ਹਾਏ-ਹਾਏ ਕਰਦੇ, ਸੜ੍ਹਦੇ ਅਤੇ ਬਲਦੇ ਦੇਖਿਆ। ਐਸੀ ਵਿਨਾਸ਼ਕਾਰੀ ਦੁਰਦਸ਼ਾ ਵਿੱਚ ਝੁਲਸਦੀ ਹੋਈ ਸਾਰੀ ਲੁਕਾਈ ਨੂੰ ਇੱਕ ਪੂਰਨ ਸਤਿਗੁਰੂ ਦੀ ਲੋੜ ਸੀ, ਜੋ ਕਿ ਸਾਰੀ ਲੁਕਾਈ ਨੂੰ ਮਾਇਆ ਦੇ ਨਰਕ ਵਿੱਚੋਂ ਕੱਢਣ ਲਈ ਮਾਰਗ ਦਰਸ਼ਨ ਕਰ ਸਕੇ। ਜੋ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਕਿਰਪਾ ਦਾ ਸਦਕਾ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਧਰਤੀ ਉੱਪਰ ਅਵਤਾਰ ਧਾਰਨ ਕਰਨ ਨਾਲ ਪੂਰਨ ਹੋਈ।

ਜਦ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਸਾਰੀ ਲੁਕਾਈ ਨੂੰ ਮਾਇਆ ਦੇ ਭਰਮ ਜਾਲ ਵਿੱਚ ਗਲਤਾਨ ਹੋਏ ਦੇਖਿਆ ਤਾਂ ਉਨ੍ਹਾਂ ਨੇ ਸਾਰੀ ਲੁਕਾਈ ਨੂੰ ਮਾਇਆ ਦੇ ਇਸ ਵਿਨਾਸ਼ਕਾਰੀ ਭਰਮ ਜਾਲ ਤੋਂ ਕੱਢਣ ਲਈ ਪੂਰਨ ਸਤਿ ਵਰਤਾਉਣ ਦਾ ਨਿਸ਼ਚਾ ਕੀਤਾ। ਸਾਰੀ ਲੁਕਾਈ ਤਾਂ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੀ ਚਰਨ-ਸ਼ਰਨ ਵਿੱਚ ਤੁਰ ਕੇ ਆ ਨਹੀਂ ਸੀ ਸਕਦੀ। ਇਸ ਲਈ ਸਤਿਗੁਰੂ ਪਾਤਸ਼ਾਹ ਜੀ ਨੇ ਸਾਰੀ ਲੁਕਾਈ ਨੂੰ ਪੂਰਨ

ਸਤਿ ਵਰਤਾਉਣ ਲਈ ਉਦਾਸੀਆਂ ਨੂੰ ਜਨਮ ਦਿੱਤਾ। ਸਤਿਗੁਰੂ ਪਾਤਸ਼ਾਹ ਜੀ ਧਰਤੀ ਉੱਪਰ ਜਿੱਥੇ-ਜਿੱਥੇ ਲੁਕਾਈ ਦਾ ਵਾਸ ਸੀ ਉਨ੍ਹਾਂ ਸਾਰੀਆਂ ਥਾਵਾਂ 'ਤੇ ਪੈਦਲ ਯਾਤਰਾ ਕਰਦੇ ਹੋਏ ਗਏ ਅਤੇ ਸਾਰੀ ਲੁਕਾਈ ਨੂੰ ਮਾਇਆ ਤੋਂ ਮੁਕਤ ਹੋਣ ਦੇ ਮਾਰਗ 'ਤੇ ਚਲਣ ਲਈ ਪੂਰਨ ਸਤਿ ਵਰਤਾਇਆ।ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਸਤਿਗੁਰੂ ਪਾਤਸ਼ਾਹ ਜੀ ਦੀ ਇਸ ਬੇਅੰਤ ਕਰੜੀ ਘਾਲਣਾ ਅਤੇ ਕਮਾਈ ਦਾ ਸੁੰਦਰਤਾ ਦੇ ਨਾਲ ਵਰਣਨ ਕੀਤਾ ਹੈ। ਪਹਿਲੀ ਵਾਰ ਦੀ ਪਉੜੀ ੨੪ ਵਿੱਚ ਭਾਈ ਗੁਰਦਾਸ ਜੀ ਨੇ ਸਤਿਗੁਰੂ ਪਾਤਸ਼ਾਹ ਜੀ ਦੀ ਇਸ ਕਰੜੀ ਘਾਲਣਾ ਦਾ ਵਖਾਣ ਆਰੰਭ ਕੀਤਾ ਹੈ:

ਪਹਿਲਾਂ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਫਿਰਿ ਘਾਲ ਕਮਾਈ॥

ਰੇਤੁ ਅਕੁ ਆਹਾਰੁ ਕਰਿ ਰੋੜਾਂ ਕੀ ਗੁਰ ਕਰੀ ਵਿਛਾਈ॥

ਭਾਰੀ ਕਰੀ ਤਪਸਿਆ ਵਡੇ ਭਾਗੁ ਹਰਿ ਸਿਉ ਬਣਿ ਆਈ॥

ਬਾਬਾ ਪੈਧਾ ਸਚ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ॥

ਬਾਬਾ ਦੇਖੇ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ॥

ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ॥

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ॥

ਚੜਿਆ ਸੋਧਣਿ ਧਰਤਿ ਲੁਕਾਈ ॥੨੪॥

ਜਦ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਸਾਰੇ ਜਗਤ ਨੂੰ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਵਿੱਚ ਫਸੇ ਹੋਏ ਗਲਤਾਨ ਹੁੰਦੇ ਦੇਖਿਆ ਤਾਂ ਉਨ੍ਹਾਂ ਨੇ ਸਾਰੀ ਲੁਕਾਈ ਦਾ ਉਧਾਰ ਕਰਨ ਲਈ ਬਖ਼ਸ਼ਿਸ਼ ਪ੍ਰਾਪਤ ਕਰਨ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਚਰਨਾਂ 'ਤੇ ਅਰਦਾਸ ਜੋਦੜੀ ਬੇਨਤੀ ਕੀਤੀ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪੂਰਨ ਹੁਕਮ ਨੂੰ ਪ੍ਰਾਪਤ ਕਰ ਕੇ ਸਤਿਗੁਰੂ ਪਾਤਸ਼ਾਹ ਜੀ ਨੇ ਸਾਰੀ ਲੁਕਾਈ ਨੂੰ ਮਾਇਆ ਦੇ ਦਲਦਲ ਵਿੱਚੋਂ ਕੱਢਣ ਲਈ ਇਸ ਕਰੜੀ ਘਾਲਣਾ ਨੂੰ ਅੰਜਾਮ ਦਿੱਤਾ। ਸਤਿਗੁਰੂ ਪਾਤਸ਼ਾਹ ਜੀ ਨੇ ਇਨ੍ਹਾਂ ਲੰਬੀਆਂ ਉਦਾਸੀਆਂ ਦੇ ਦੌਰਾਨ ਸਾਰੀ ਲੁਕਾਈ ਦੀ ਭਲਾਈ ਕਰਨ ਲਈ ਰੇਤ ਵਿੱਚ ਉੱਗਦੇ ਹੋਏ ਅੱਕ ਦੇ ਬੂਟਿਆਂ ਨਾਲ ਲੱਗਦੇ ਫਲ ਖਾ ਕੇ ਅਤੇ ਰੋੜਾਂ ਦੇ ਬਿਛੌਣਿਆਂ 'ਤੇ ਅਰਾਮ ਕਰਦੇ ਹੋਏ ਇਸ ਕਰੜੀ ਘਾਲਣਾ ਨੂੰ ਪੂਰਾ ਕੀਤਾ। ਸਾਰੀ ਲੁਕਾਈ ਉੱਪਰ ਮਹਾ ਪਰਉਪਕਾਰ ਦੀ ਐਸੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਹੋਰ ਕੋਈ ਨਹੀਂ ਹੋ ਸਕਦੀ। ਸਤਿਗੁਰੂ ਦਾਤੇ ਨੇ ਇਨ੍ਹਾਂ ਲੰਬੀਆਂ ਉਦਾਸੀਆਂ ਦੇ ਦੌਰਾਨ ਸਾਰੀਆਂ ਤਕਲੀਫ਼ਾਂ ਅਤੇ ਮੁਸ਼ਕਿਲਾਂ ਨੂੰ ਖਿੜੇ ਮੱਥੇ ਨਾਲ ਝੱਲਿਆ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਦਰਗਾਹੀ ਹੁਕਮ ਜਾਣ ਕੇ ਸਵੀਕਾਰ ਕੀਤਾ। ਸਤਿਗੁਰੂ ਦਾਤੇ ਨੇ ਮਹਾ ਪਰਉਪਕਾਰੀ ਮੁਹਿੰਮ ਨੂੰ ਪੂਰਾ ਕਰ ਕੇ ਸਾਰੀ ਲੁਕਾਈ ਵਿੱਚ ਪੂਰਨ ਸਤਿ ਦੀ ਮਹਿਮਾ ਪ੍ਰਗਟ ਕੀਤੀ ਅਤੇ ਸਾਰੀ ਲੁਕਾਈ ਦਾ ਮਾਰਗ ਦਰਸ਼ਨ ਕੀਤਾ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦੀ ਇਸ ਪਰਮ ਸ਼ਕਤੀਸ਼ਾਲੀ 'ਸਰਬੱਤ ਦੇ ਭਲੇ' ਲਈ ਕੀਤੀ ਗਈ ਨਿਸ਼ਕਾਮ ਸੇਵਾ ਦੀ ਕਰੜੀ ਤਪੱਸਿਆ ਦਾ ਸਦਕਾ ਸਤਿਗੁਰੂ ਸਾਹਿਬ ਜੀ ਨੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਅਤੇ ਪਰਮ ਸ਼ਕਤੀਸ਼ਾਲੀ ਕਿਰਪਾ ਦੇ ਪਾਤਰ ਬਣੇ ਅਤੇ ਸਾਰੇ ਜਗਤ ਦੇ ਸਤਿਗੁਰੂ ਹੋਣ ਦਾ ਸਨਮਾਨ ਪ੍ਰਾਪਤ ਕੀਤਾ। ਸਤਿਗੁਰੂ ਪਾਤਸ਼ਾਹ ਜੀ ਨੇ ਹਿਰਦੇ ਦੀ ਗਰੀਬੀ ਦੀ ਕਮਾਈ ਕੀਤੀ ਅਤੇ ਸਾਰੀ ਦੁਨੀਆਂ ਨੂੰ ਇਸ ਦੀ

ਕਮਾਈ ਕਰਨ ਦਾ ਉਪਦੇਸ਼ ਦਿੱਤਾ। ਸਤਿਗੁਰੂ ਪਾਤਸ਼ਾਹ ਜੀ ਨੇ ਜਪੁ ਜੀ ਬਾਣੀ ਦਾ ਉਪਦੇਸ਼ ਸਾਰੀ ਲੁਕਾਈ ਦੀ ਝੋਲੀ ਵਿੱਚ ਪਾਇਆ। ਜਪੁ ਜੀ ਬਾਣੀ ਵਿੱਚ ਸਤਿਗੁਰੂ ਪਾਤਸ਼ਾਹ ਜੀ ਨੇ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰਪ੍ਰਸਾਦਿ ਵਰਤਾਇਆ। ਸਤਿਗੁਰੂ ਪਾਤਸ਼ਾਹ ਜੀ ਨੇ ਜਪੁ ਜੀ ਗੁਰਬਾਣੀ ਵਿੱਚ ਇੱਕ ਆਮ ਮਨੁੱਖ ਨੂੰ ਸੱਚਖੰਡ ਤੱਕ ਪਹੁੰਚਣ ਦੇ ਮਾਰਗ ਦਾ ਨਕਸ਼ਾ ਬਣਾ ਕੇ ਦਿੱਤਾ। ਸਤਿਗੁਰੂ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿੱਚ ਮਨੁੱਖੀ ਜਨਮ ਨੂੰ ਸਫ਼ਲ ਕਰਨ ਦੀਆਂ ਸਾਰੀਆ ਜੁਗਤੀਆਂ ਦਾ ਉਪਦੇਸ਼ ਸਾਰੀ ਲੁਕਾਈ ਦੀ ਝੋਲੀ ਵਿੱਚ ਪਾ ਦਿੱਤਾ।

ਅੱਜ ਦੀ ਕਲਜੁਗੀ ਦੁਨੀਆਂ ਵਿੱਚ ਬਾਹਰਲੇ ਕਰਮ-ਕਾਂਡਾਂ ਵਿੱਚ ਤੀਰਥ ਸਥਾਨਾਂ ਦੇ ਦਰਸ਼ਨ ਅਤੇ ਇਨ੍ਹਾਂ ਸਥਾਨਾਂ 'ਤੇ ਇਸ਼ਨਾਨ ਕਰਨ ਦੀ ਬਹੁਤ ਮਹੱਤਤਾ ਮੰਨੀ ਜਾ ਰਹੀ ਹੈ। ਅਠਾਹਠ (੬੮) ਤੀਰਥ ਸਥਾਨਾਂ 'ਤੇ ਜਾ ਕੇ ਸਰੋਵਰਾਂ ਅਤੇ ਨਦੀਆਂ ਦੇ ਪਾਣੀ ਨਾਲ ਇਸ਼ਨਾਨ ਕਰਨਾ ਬਾਹਰਲੀ ਰਹਿਤ ਹੈ। ਲੱਗਭਗ ਸਾਰੀ ਲੁਕਾਈ ਇਸ ਭਰਮ ਵਿੱਚ ਹੈ ਕਿ ਧਰਤੀ ਉੱਪਰ ਸਥਾਪਿਤ ਤੀਰਥ ਸਥਾਨਾਂ 'ਤੇ ਜਾ ਕੇ ਸਰੋਵਰਾਂ ਜਾਂ ਨਦੀਆਂ ਦੇ ਪਾਣੀ ਨਾਲ ਇਸ਼ਨਾਨ ਕਰਨ ਨਾਲ ਮਨੁੱਖ ਦੇ ਪਾਪ ਧੁੱਪ ਜਾਂਦੇ ਹਨ ਅਤੇ ਮਨੁੱਖ ਦਾ ਮਨ ਸਾਫ਼ ਹੋ ਜਾਂਦਾ ਹੈ। ਅਠਾਹਠ (੬੮) ਤੀਰਥਾਂ 'ਤੇ ਜਾ ਕੇ ਸਰੋਵਰਾਂ ਅਤੇ ਨਦੀਆਂ ਦੇ ਪਾਣੀ ਵਿੱਚ ਇਸ਼ਨਾਨ ਕਰਨ ਨਾਲ ਜਨਮਾਂ-ਜਨਮਾਂਤਰਾਂ ਤੋਂ ਚਿੰਬੜੀ ਹੋਈ ਮਨੁੱਖ ਦੇ ਮਨ ਦੀ ਮੈਲ ਨਹੀਂ ਧੁੱਪਦੀ ਹੈ, ਨਾ ਹੀ ਮਨੁੱਖ ਦੇ ਕੀਤੇ ਹੋਏ ਪਾਪ ਕਰਮਾਂ ਦਾ ਅੰਤ ਨਹੀਂ ਹੁੰਦਾ ਹੈ। ਭਾਵ ਤੀਰਥ ਸਥਾਨਾਂ 'ਤੇ ਜਾ ਕੇ ਜਾਂ ਇਨ੍ਹਾਂ ਸਥਾਨਾਂ 'ਤੇ ਸਰੋਵਰਾਂ ਜਾਂ ਨਦੀਆਂ ਦੇ ਪਾਣੀ ਵਿੱਚ ਇਸ਼ਨਾਨ ਕਰਨ ਨਾਲ ਮਨੁੱਖ ਦੀ ਰੂਹਾਨੀਅਤ ਵਿੱਚ ਤਰੱਕੀ ਨਹੀਂ ਹੁੰਦੀ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਦ੍ਰਿੜ੍ਹ ਕਰਵਾਇਆ ਗਿਆ ਹੈ:

ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੩)

ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੭)

ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੦੮-੧੦੦੯)

ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੧੨-੧੦੧੩)

ਬਾਹਰਲੇ ਭੇਖ ਧਾਰਨ ਕਰਨ ਨਾਲ ਮਨੁੱਖ ਦੇ ਮਨ ਦੀ ਮੈਲ ਨਹੀਂ ਧੁੱਪਦੀ ਹੈ। ਬਾਹਰਲੀ ਰਹਿਤ ਤੋਂ ਭਾਵ ਹੈ ਬਾਹਰਲੇ ਧਰਮ ਚਿੰਨ੍ਹਾਂ ਦਾ ਪਾਲਣ ਕਰਨਾ। ਜਿਵੇਂ ਕਿ ਪੁਰਾਤਨ ਕਾਲ ਤੋਂ ਜੋਗੀਆਂ ਦੁਆਰਾ ਬਾਹਰਲੇ ਭੇਖ ਧਾਰਨ ਦੀ ਕਥਾ ਪ੍ਰਚਲਿਤ ਹੈ। ਕੰਨਾਂ ਵਿੱਚ ਮੁੰਦਰਾਂ ਪਾ ਲੈਣੀਆਂ, ਗਲ ਵਿੱਚ ਖ਼ਫਨੀ ਪਾ ਲੈਣੀ, ਸਾਰੇ ਸਰੀਰ ਉੱਪਰ ਗੋਹਿਆਂ ਦੀ ਸੁਆਹ ਦੀ ਬਿਭੂਤ ਨੂੰ ਮਲ਼ ਲੈਣਾ, ਹੱਥ ਵਿੱਚ ਭਿਖਿਆ ਮੰਗਣ ਵਾਲਾ ਖੱਪਰ ਫੜ ਲੈਣਾ ਆਦਿ ਸਾਰੇ ਜੋਗੀ ਅਤੇ ਸਿੱਧ ਪੁਰਸ਼ਾਂ ਦੇ ਬਾਹਰੀ ਧਾਰਮਿਕ ਚਿੰਨ੍ਹ ਹਨ। ਜੋਗੀ ਕੱਚ ਦੇ ਮੁੰਦਰੇ ਕੰਨਾਂ ਵਿੱਚ

ਪਾਉਂਦੇ ਹਨ। ਹੱਥ ਵਿੱਚ ਖੱਪਰ (ਚਿੱਪੀ) ਫੜਦੇ ਹਨ ਜਿਸ ਵਿੱਚ ਭਿਖਿਆ ਲੈਂਦੇ ਹਨ ਅਤੇ ਗਲ ਵਿੱਚ ਬਗਲੀ (ਖਫਣੀ) ਪਾਉਂਦੇ ਹਨ ਜਿਸ ਵਿੱਚ ਭਿਖਿਆ ਇਕੱਠੀ ਕਰਦੇ ਹਨ। ਸਾਰੇ ਸਰੀਰ ਉੱਪਰ ਸੁਆਹ ਮਲਦੇ ਹਨ ਇਹ ਦਰਸਾਉਣ ਲਈ ਕਿ ਉਹ ਨਿਮਰਤਾ ਦਾ ਜੀਵਨ ਜਿਉਂਦੇ ਹਨ। ਬਿਭੂਤ ਜੋ ਕਿ ਗਊ ਦੇ ਗੋਹੇ ਦੀ ਸੁਆਹ ਹੁੰਦੀ ਹੈ ਜਿਸ ਨੂੰ ਜੋਗੀ ਲੋਕ ਦੇਹੀ ਦੀ ਹੰਗਤਾ ਨੂੰ ਦੂਰ ਕਰਨ ਲਈ ਦੇਹੀ ਉੱਪਰ ਮਲਦੇ ਹਨ। ਸ਼ਾਸਤਰਾਂ ਵਿੱਚ ਗਊ ਦੇ ਗੋਹੇ ਨੂੰ ਪਵਿੱਤਰ ਵਸਤੂ ਕਰ ਕੇ ਦਰਸਾਇਆ ਗਿਆ ਹੈ। ਗੋਹੇ ਦੀਆਂ ਪਾਥੀਆਂ ਨੂੰ ਸਾੜ ਕੇ ਅੱਗ ਸੇਕ ਲੈਣੀ ਅਤੇ ਸੁਆਹ ਸਰੀਰ ਉੱਪਰ ਮਲ ਲੈਣਾ ਅਤੇ ਆਪਣੇ ਆਪ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਰੂਪ ਮੰਨ ਲੈਣਾ ਜੋਗੀਆਂ ਦਾ ਕਿੱਤਾ ਹੈ। ਇਸ ਤਰ੍ਹਾਂ ਜੋਗੀ ਅਤੇ ਸਿੱਧ ਪੁਰਸ਼ ਬਾਹਰਲੇ ਧਾਰਮਿਕ ਚਿੰਨ੍ਹਾਂ ਨੂੰ ਧਾਰਨ ਕਰ ਕੇ ਪਖੰਡ ਦਾ ਜੀਵਨ ਜਿਉਂਦੇ ਹਨ ਅਤੇ ਪੂਰਨ ਸਤਿ ਤੋਂ ਅਨਭਿੱਗ ਅਤੇ ਅਣਜਾਣ ਜਨਮ-ਮਰਨ ਦੇ ਚੱਕਰ ਵਿੱਚ ਫਸੇ ਰਹਿੰਦੇ ਹਨ।

ਜਦ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਸਿੱਧਾਂ ਦਾ ਉਧਾਰ ਕਰਨ ਲਈ ਸੁਮੇਰ ਪਰਬਤ 'ਤੇ ਅੱਪੜੇ ਤਾਂ ਉਨ੍ਹਾਂ ਨੇ ਸਿੱਧਾਂ ਦੇ ਇਨ੍ਹਾਂ ਬਾਹਰਲੇ ਧਾਰਮਿਕ ਚਿੰਨ੍ਹਾਂ ਨੂੰ ਵੇਖ ਕੇ ਉਨ੍ਹਾਂ ਨੂੰ ਇਨ੍ਹਾਂ ਬਾਹਰਲੇ ਧਾਰਮਿਕ ਚਿੰਨ੍ਹਾਂ ਦੇ ਖੋਖਲੇਪਣ ਦੇ ਬਾਰੇ ਪੂਰਨ ਬ੍ਰਹਮ ਗਿਆਨ ਕਰਵਾਇਆ ਅਤੇ ਇਹ ਦੱਸਿਆ ਕਿ ਇਨ੍ਹਾਂ ਬਾਹਰਲੇ ਧਾਰਮਿਕ ਚਿੰਨ੍ਹਾਂ ਦੇ ਧਾਰਨ ਕਰ ਲੈਣ ਨਾਲ ਮਨੁੱਖ ਨੂੰ ਜੀਵਨ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ਹੈ। ਸਿੱਧਾਂ ਨੂੰ ਇਹ ਗਿਆਨ ਨਹੀਂ ਸੀ ਕਿ ਇਨ੍ਹਾਂ ਧਾਰਮਿਕ ਚਿੰਨ੍ਹਾਂ ਦੇ ਧਾਰਨ ਕਰ ਲੈਣ ਨਾਲ ਮਨ ਨੂੰ ਨਹੀਂ ਜਿੱਤਿਆ ਜਾ ਸਕਦਾ ਹੈ। ਸਿੱਧਾਂ ਨੂੰ ਇਹ ਗਿਆਨ ਨਹੀਂ ਸੀ ਕਿ ਮਨ ਨੂੰ ਜਿੱਤਣ ਨਾਲ ਹੀ ਉਨ੍ਹਾਂ ਨੂੰ ਜੀਵਨ ਮੁਕਤੀ ਮਿਲ ਸਕਦੀ ਹੈ। ਸਿੱਧਾਂ ਨੂੰ ਇਹ ਵੀ ਗਿਆਨ ਨਹੀਂ ਸੀ ਕਿ ਬੰਦਗੀ ਅੰਦਰਲੀ ਖੇਡ ਹੈ ਅਤੇ ਗੁਰਪ੍ਰਸਾਦਿ ਨਾਲ ਪ੍ਰਾਪਤ ਹੁੰਦੀ ਹੈ। ਸਿੱਧਾਂ ਨੂੰ ਇਹ ਵੀ ਗਿਆਨ ਨਹੀਂ ਸੀ ਕਿ ਬੰਦਗੀ ਕਰਨ ਦਾ ਭਾਵ ਅੰਦਰਲੀ ਰਹਿਤ ਨੂੰ ਕਮਾਉਣਾ ਹੈ। ਸਿੱਧਾਂ ਨੂੰ ਇਹ ਵੀ ਗਿਆਨ ਨਹੀਂ ਸੀ ਕਿ ਉਹ ਸਾਰੇ ਮਾਇਆ ਦੀ ਗ਼ੁਲਾਮੀ ਵਿੱਚ ਜੀਵਨ ਨਸ਼ਟ ਕਰ ਰਹੇ ਹਨ। ਸਿੱਧਾਂ ਨੂੰ ਇਹ ਵੀ ਗਿਆਨ ਨਹੀਂ ਸੀ ਕਿ ਰਿੱਧੀਆਂ-ਸਿੱਧੀਆਂ ਮਾਇਆ ਹਨ ਅਤੇ ਉਹ ਮਾਇਆ ਦੇ ਇਸ ਜਾਲ ਵਿੱਚ ਫਸ ਕੇ ਰਹਿ ਗਏ ਸਨ। ਸਿੱਧਾਂ ਨੂੰ ਇਹ ਵੀ ਗਿਆਨ ਨਹੀਂ ਸੀ ਕਿ ਮਾਇਆ ਨੂੰ ਜਿੱਤਣ ਨਾਲ ਹੀ ਅੰਦਰਲੀ ਰਹਿਤ ਸੰਪੂਰਨ ਹੁੰਦੀ ਹੈ ਅਤੇ ਜੀਵਨ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਜੋਗ ਅਭਿਆਸ ਅਤੇ ਪ੍ਰਾਣਾਯਾਮ ਦੇ ਬਲ ਉੱਪਰ ਆਪਣੀਆਂ ਉਮਰਾਂ ਲੰਬੀਆਂ ਕਰ ਕੇ ਅਤੇ ਰਿੱਧੀਆਂ-ਸਿੱਧੀਆਂ ਹਾਸਿਲ ਕਰ ਕੇ ਸਿੱਧ ਇਸ ਭਰਮ ਵਿੱਚ ਜੀ ਰਹੇ ਸਨ ਕਿ ਉਨ੍ਹਾਂ ਨੇ ਰੂਹਾਨੀਅਤ ਦੀ ਸਭ ਤੋਂ ਉੱਚ ਅਵਸਥਾ ਪ੍ਰਾਪਤ ਕਰ ਲਈ ਹੈ।

ਅੱਜ ਦੇ ਝੂਠੇ ਅਤੇ ਪਖੰਡੀ ਧਾਰਮਿਕ ਆਗੂਆਂ ਦੀ ਕਥਾ ਵੀ ਜੋਗੀਆਂ ਅਤੇ ਸਿੱਧਾਂ ਨਾਲੋਂ ਕੋਈ ਵੱਖਰੀ ਨਹੀਂ ਹੈ। ਆਦਿ ਕਾਲ ਤੋਂ ਸੰਸਾਰ ਵਿੱਚ ਪ੍ਰਚਲਿਤ ਸਾਰੇ ਧਰਮਾਂ ਵਿੱਚ ਐਸੇ ਧਾਰਮਿਕ ਚਿੰਨ੍ਹਾਂ ਦਾ ਬੋਲ-ਬਾਲਾ ਰਿਹਾ ਹੈ। ਅੱਜ ਦੀ ਦੁਨੀਆਂ ਵਿੱਚ ਵੀ ਸਾਰੇ ਧਰਮਾਂ ਦੇ ਝੂਠੇ ਅਤੇ ਪਖੰਡੀ ਧਾਰਮਿਕ ਆਗੂ ਇਨ੍ਹਾਂ ਧਾਰਮਿਕ ਚਿੰਨ੍ਹਾਂ ਨੂੰ ਬਹੁਤ ਵੱਧ-ਚੜ੍ਹ ਕੇ ਅਪਣਾਉਣ ਦਾ ਉਪਰਾਲਾ ਕਰਨ ਵਿੱਚ ਵਿਅਸਤ ਹਨ। ਐਸੇ ਝੂਠੇ ਅਤੇ ਪਖੰਡੀ ਧਾਰਮਿਕ ਆਗੂ ਕੇਵਲ ਬਾਹਰਲੀ ਰਹਿਤ ਦੀ ਪਰਪੱਕਤਾ ਦੀ ਗੱਲ ਹੀ ਕਰਦੇ ਹਨ। ਇਹ ਝੂਠੇ ਅਤੇ ਪਖੰਡੀ ਧਾਰਮਿਕ ਆਗੂ ਇਹ ਨਹੀਂ ਜਾਣਦੇ ਹਨ ਕਿ ਬਾਹਰਲੇ ਧਾਰਮਿਕ ਚਿੰਨ੍ਹਾਂ ਨੂੰ ਧਾਰਨ

ਕਰਨ ਨਾਲ ਮਨ ਨੂੰ ਨਹੀਂ ਜਿੱਤਿਆ ਜਾ ਸਕਦਾ ਹੈ। ਕੇਵਲ ਬਾਹਰਲੀ ਰਹਿਤ ਨੂੰ ਧਾਰਨ ਕਰ ਲੈਣ ਨਾਲ ਮਨੁੱਖ ਨੂੰ ਦਰਗਾਹ ਵਿੱਚ ਪ੍ਰਵਾਨਗੀ ਹਾਸਿਲ ਨਹੀਂ ਹੋ ਸਕਦੀ ਹੈ। ਇਨ੍ਹਾਂ ਧਾਰਮਿਕ ਚਿੰਨ੍ਹਾਂ ਨੂੰ ਧਾਰਨ ਕਰ ਲੈਣ ਨਾਲ ਲੁਕਾਈ ਦੀ ਨਜ਼ਰ ਵਿੱਚ ਤਾਂ ਤੁਸੀਂ ਸੰਤ ਨਜ਼ਰ ਆ ਸਕਦੇ ਹੋ ਪਰੰਤੂ ਇਹ ਧਾਰਮਿਕ ਚਿੰਨ੍ਹ ਤੁਹਾਨੂੰ ਦਰਗਾਹ ਵਿੱਚ ਮਾਣ ਨਹੀਂ ਪ੍ਰਾਪਤ ਕਰਵਾ ਸਕਦੇ ਹਨ। ਬਾਹਰਲਾ ਭੇਖ ਧਾਰਨ ਕਰਨ ਨਾਲ ਮਨੁੱਖ ਦੇ ਮਨ ਦੀ ਮੈਲ ਨਹੀਂ ਧੁੱਪਦੀ ਹੈ। ਬਾਹਰਲਾ ਭੇਖ ਧਾਰਨ ਕਰਨ ਨਾਲ ਮਨੁੱਖ ਆਪਣਾ ਮਨ ਜਿੱਤ ਨਹੀਂ ਸਕਦਾ ਹੈ। ਬਾਹਰਲਾ ਭੇਖ ਧਾਰਨ ਕਰਨ ਨਾਲ ਮਨੁੱਖ ਦਾ ਮਨ ਜੋਤ ਸਰੂਪ ਵਿੱਚ ਪ੍ਰਗਟ ਨਹੀਂ ਹੋ ਸਕਦਾ ਹੈ। ਬਾਹਰਲਾ ਭੇਖ ਧਾਰਨ ਕਰਨ ਨਾਲ ਮਨੁੱਖ 'ਗੁਰਮੁਖਿ' ਨਹੀਂ ਬਣ ਸਕਦਾ ਹੈ। ਬਾਹਰਲਾ ਭੇਖ ਧਾਰਨ ਕਰਨ ਨਾਲ ਮਨੁੱਖ ਮਾਇਆ ਨੂੰ ਨਹੀਂ ਜਿੱਤ ਸਕਦਾ ਹੈ। ਬਾਹਰਲਾ ਭੇਖ ਧਾਰਨ ਕਰਨ ਨਾਲ ਅੱਜ ਤੱਕ ਕੋਈ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਨਹੀਂ ਪ੍ਰਾਪਤ ਕਰ ਸਕਿਆ ਹੈ। ਬਾਹਰਲਾ ਭੇਖ ਧਾਰਨ ਕਰਨ ਨਾਲ ਅੱਜ ਤੱਕ ਕੋਈ ਮਨੁੱਖ ਜੀਵਨ ਮੁਕਤੀ ਪ੍ਰਾਪਤ ਨਹੀਂ ਕਰ ਸਕਿਆ ਹੈ। ਬਾਹਰਲਾ ਭੇਖ ਧਾਰਨ ਕਰਨ ਨਾਲ ਕੋਈ ਮਨੁੱਖ ਅੱਜ ਤੱਕ ਸੰਤ ਹਿਰਦਾ ਨਹੀਂ ਬਣ ਸਕਿਆ ਹੈ। ਇਸ ਪਰਮ ਸਤਿ ਤੱਤ ਦਾ ਸਾਰੀ ਲੁਕਾਈ ਨੂੰ ਸਮਝਣ ਦੀ ਬੇਅੰਤ ਲੋੜ ਹੈ। ਇਸ ਪਰਮ ਸਤਿ ਤੱਤ ਦੇ ਸਮਝਣ ਨਾਲ ਹੀ ਅਤੇ ਅੰਦਰਲੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਦੀ ਰੂਹਾਨੀ ਤਰੱਕੀ ਹੋ ਸਕਦੀ ਹੈ। ਬਾਹਰਲੇ ਭੇਖ ਦੇ ਬਾਰੇ ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ॥
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੪੪)

ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ ॥
ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫੦)

ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛੁਤਾਤਾ ਹੇ ॥੮॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੫੨)

ਪੰਡਿਤ ਪੜਿ੍ ਪੜਿ੍ ਮੋਨੀ ਸਭਿ ਥਾਕੇ ਭ੍ਰਮਿ ਭੇਖ ਥਕੇ ਭੇਖਧਾਰੀ ॥
ਗੁਰ ਪਰਸਾਦਿ ਨਿਰੰਜਨੁ ਪਾਇਆ ਸਾਚੈ ਸਬਦਿ ਵੀਚਾਰੀ ॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੩੪)

ਇਹ ਪੂਰਨ ਸਤਿ ਤੱਤ ਤੱਥ ਹੈ ਕਿ ਬਾਹਰਲੀ ਰਹਿਤ ਰੱਖਣ ਨਾਲ ਮਨੁੱਖ ਸੰਤ ਨਹੀਂ ਬਣ ਜਾਂਦਾ ਹੈ। ਬਾਹਰਲੀ ਰਹਿਤ ਰੱਖਣ ਨਾਲ ਮਨੁੱਖ ਖ਼ਾਲਸਾ ਨਹੀਂ ਬਣ ਜਾਂਦਾ ਹੈ। ਬਾਹਰਲੀ ਰਹਿਤ ਰੱਖਣ ਨਾਲ ਮਨੁੱਖ ਅੰਮ੍ਰਿਤਧਾਰੀ ਨਹੀਂ ਬਣ ਸਕਦਾ ਹੈ। ਕੇਵਲ ਚੋਲ਼ਾ ਪਹਿਨ ਕੇ ਮਨੁੱਖ ਖ਼ਾਲਸਾ, ਸੰਤ ਅਤੇ ਅੰਮ੍ਰਿਤਧਾਰੀ ਨਹੀਂ ਬਣ ਜਾਂਦਾ ਹੈ। ਬਾਹਰਲੀ ਰਹਿਤ ਰੱਖਣ ਵਾਲੇ ਮਨੁੱਖਾਂ ਨੂੰ ਸਮਾਜਿਕ ਮਾਣ ਤਾਂ ਮਿਲ ਸਕਦਾ ਹੈ ਪਰੰਤੂ ਦਰਗਾਹ ਵਿੱਚ ਮਾਣ ਨਹੀਂ ਮਿਲ ਸਕਦਾ ਹੈ। ਕਿਉਂਕਿ ਖ਼ਾਲਸਾ ਤਾਂ ਉਹ ਰੂਹ ਹੈ ਜਿਸ ਨੂੰ ਪੂਰਨ ਬ੍ਰਹਮ ਗਿਆਨ

ਅਤੇ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਸੰਤ ਤਾਂ ਉਹ ਪੁਰਖ ਹੈ ਜਿਸ ਨੂੰ ਪੂਰਨ ਬ੍ਰਹਮ ਗਿਆਨ ਅਤੇ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਅੰਮ੍ਰਿਤਧਾਰੀ ਤਾਂ ਉਹ ਮਨੁੱਖ ਹੈ ਜੋ ਆਪ ਅੰਮ੍ਰਿਤ ਬਣ ਗਿਆ ਹੈ ਅਤੇ ਜਿਸ ਨੂੰ ਪੂਰਨ ਬ੍ਰਹਮ ਗਿਆਨ ਅਤੇ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਲਈ ਜੋ ਮਨੁੱਖ ਪੂਰਨ ਬ੍ਰਹਮ ਗਿਆਨੀ ਨਹੀਂ ਹੈ ਉਸ ਨੂੰ ਖ਼ਾਲਸਾ ਕਹਿਣਾ ਅਤੇ ਅੰਮ੍ਰਿਤਧਾਰੀ, ਗੁਰਮੁਖ ਜਾਂ ਸੰਤ ਕਹਿ ਕੇ ਸੰਬੋਧਨ ਕਰਨਾ ਸਰਾਸਰ ਝੂਠ ਹੈ ਅਤੇ ਦਰਗਾਹੀ ਵਿਧਾਨ ਦੀ ਉਲੰਘਣਾ ਹੈ, ਘੋਰ ਪਖੰਡ ਹੈ। ਕੇਵਲ ਉਹ ਮਨੁੱਖ ਜੋ ਕਿ ਇੱਕ ਖੰਡ 'ਸੱਚ ਖੰਡ' ਮਾਨਸਰੋਵਰ ਵਿੱਚ ਪੂਰਨ ਤੌਰ 'ਤੇ ਸਦਾ-ਸਦਾ ਲਈ ਲੀਨ ਹੋ ਗਿਆ ਹੈ ਕੇਵਲ ਉਹ ਮਨੁੱਖ ਹੀ ਖ਼ਾਲਸਾ ਹੈ, ਸੰਤ ਹੈ, ਗੁਰਮੁਖ ਹੈ ਅਤੇ ਅੰਮ੍ਰਿਤਧਾਰੀ ਹੈ।

ਅੰਦਰਲੀ ਰਹਿਤ ਮਨ ਨੂੰ ਨਿਰਮਲ ਕਰਨ ਦੀ ਰਹਿਤ ਹੈ। ਉਹ ਮਨ ਜਿਸ ਉੱਪਰ ਜਨਮਾਂ-ਜਨਮਾਂਤਰਾਂ ਦੀ ਮਹਾ ਵਿਨਾਸ਼ਕਾਰੀ ਅਸਤਿ ਕਰਮਾਂ ਦੀ ਮੈਲ ਚਿੰਬੜੀ ਹੋਈ ਹੈ; ਉਸ ਮਨ ਨੂੰ ਨਿਰਮਲ ਕਰਨ ਦੀ ਰਹਿਤ ਹੈ। ਅੰਦਰਲੀ ਰਹਿਤ ਮਨ ਨੂੰ ਜਿੱਤਣ ਦੀ ਰਹਿਤ ਹੈ। ਉਹ ਮਨ ਜੋ ਜਨਮਾਂ-ਜਨਮਾਂਤਰਾਂ ਤੋਂ ਮਾਇਆ ਦੀ ਗ਼ੁਲਾਮੀ ਕਰ ਕਰ ਕੇ ਮਾਇਆ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਦੇ ਸੰਸਕਾਰਾਂ ਨਾਲ ਪਤਿਤ ਹੋ ਚੁੱਕਾ ਹੈ; ਉਸ ਮਨ ਨੂੰ ਮਾਇਆ ਦੇ ਇਸ ਮਹਾ ਵਿਨਾਸ਼ਕਾਰੀ ਚੁੰਗਲ ਤੋਂ ਮੁਕਤ ਕਰਵਾਉਣ ਦੀ ਰਹਿਤ ਹੈ। ਅੰਦਰਲੀ ਰਹਿਤ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਅਗਨ ਨੂੰ ਬੁਝਾਉਣ ਦੀ ਰਹਿਤ ਹੈ। ਉਸ ਤ੍ਰਿਸ਼ਣਾ ਅਗਨ ਨੂੰ ਬੁਝਾਉਣ ਦੀ ਰਹਿਤ ਹੈ ਜਿਸ ਦੇ ਵਿੱਚ ਮਨੁੱਖ ਨਿਰੰਤਰ ਝੁਲ਼ਸਦਾ ਰਹਿੰਦਾ ਹੈ। ਅੰਦਰਲੀ ਰਹਿਤ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਨੂੰ ਜਿੱਤਣ ਦੀ ਰਹਿਤ ਹੈ। ਪੰਜ ਚੰਡਾਲਾਂ ਦੀਆਂ ਉਹ ਮਹਾ ਵਿਨਾਸ਼ਕਾਰੀ ਸ਼ਕਤੀਆਂ ਜਿਨ੍ਹਾਂ ਦੀ ਗ਼ੁਲਾਮੀ ਵਿੱਚ ਮਨੁੱਖ ਜਨਮਾਂ-ਜਨਮਾਂਤਰਾਂ ਤੋਂ ਰਹਿ ਕੇ ਆਪਣੇ ਇਤਨੇ ਮਨੁੱਖਾ ਜਨਮ ਗੁਆ ਚੁੱਕਾ ਹੈ। ਜਿਨ੍ਹਾਂ ਦੀ (ਪੰਜ ਚੰਡਾਲਾਂ ਦੀ) ਆਪਣੇ ਸਾਰੇ ਪਿਛਲੇ ਜਨਮਾਂ ਵਿੱਚ ਗ਼ੁਲਾਮੀ ਕਰ-ਕਰ ਕੇ ਆਪਣੇ ਸਿਰ 'ਤੇ ਬੇਅੰਤ ਅਸਤਿ ਕਰਮਾਂ ਦਾ ਬੋਝ ਲੱਦੀ ਬੈਠਾ ਹੈ। ਜਿਨ੍ਹਾਂ ਪੰਜ ਚੰਡਾਲਾਂ ਦੀ ਆਪਣੇ ਸਾਰੇ ਪਿਛਲੇ ਜਨਮਾਂ ਵਿੱਚ ਗ਼ੁਲਾਮੀ ਕਰ-ਕਰ ਕੇ ਆਪਣੇ ਜੀਵਨ ਨੂੰ ਨਰਕ ਸਮਾਨ ਬਣਾਈ ਬੈਠਾ ਹੈ। ਐਸੇ ਮਹਾ ਵਿਨਾਸ਼ਕਾਰੀ ਦੂਤਾਂ ਨੂੰ ਜਿੱਤਣ ਦੀ ਰਹਿਤ ਦੀ ਕਮਾਈ ਕਰਨ ਨਾਲ ਹੀ ਮਨੁੱਖ ਆਪਣੇ ਮਨ ਨੂੰ ਜਿੱਤ ਸਕਦਾ ਹੈ ਅਤੇ ਅੰਦਰਲੀ ਰਹਿਤ ਕਮਾ ਸਕਦਾ ਹੈ। ਇਸ ਲਈ ਅੰਦਰਲੀ ਰਹਿਤ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਸਮਾਉਣ ਦੀ ਰਹਿਤ ਹੈ। ਅੰਦਰਲੀ ਰਹਿਤ ਹਿਰਦੇ ਵਿੱਚ ਪਰਮ ਜੋਤ ਦੇ ਪੂਰਨ ਪ੍ਰਕਾਸ਼ ਦੇ ਪ੍ਰਗਟ ਹੋਣ ਦੀ ਰਹਿਤ ਹੈ। ਅੰਦਰਲੀ ਰਹਿਤ ਸਾਰੇ ਸਤਿ ਗੁਣਾਂ ਨੂੰ ਕਮਾਉਣ ਦੀ ਰਹਿਤ ਹੈ। ਉਹ ਸਤਿ ਗੁਣ ਜੋ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਦਾ ਰੂਪ ਹਨ। ਸ਼ਰਧਾ ਦੀ ਕਮਾਈ, ਪ੍ਰੀਤ ਦੀ ਕਮਾਈ, ਭਰੋਸੇ ਦੀ ਕਮਾਈ, ਨਿਮਰਤਾ ਦੀ ਕਮਾਈ, ਦਇਆਲਤਾ ਦੀ ਕਮਾਈ, ਪਰਉਪਕਾਰ ਦੀ ਕਮਾਈ, ਨਿਸ਼ਕਾਮ ਭਾਵਨਾ ਨਾਲ ਕੀਤੀ ਗਈ ਸੇਵਾ ਦੀ ਕਮਾਈ, ਆਦਿ ਸਤਿ ਗੁਣ ਇਕੱਤਰ ਕਰਨ ਨਾਲ ਅੰਦਰਲੀ ਰਹਿਤ ਦੀ ਕਮਾਈ ਪੂਰਨ ਹੁੰਦੀ ਹੈ। ਅੰਦਰਲੀ ਰਹਿਤ ਦੀ ਕਮਾਈ ਰੋਮ-ਰੋਮ ਸਿਮਰਨ ਦੀ ਪਰਮ ਸ਼ਕਤੀਸ਼ਾਲੀ ਕਮਾਈ ਹੈ। ਅੰਦਰਲੀ ਰਹਿਤ ਦੀ ਕਮਾਈ ਕਰਨ ਨਾਲ ਮਨੁੱਖ ਦੀ ਸੂਖਮ ਦੇਹੀ ਵਿੱਚ ਸਥਿਤ ੭ ਸਤਿ ਸਰੋਵਰ ਅਤੇ ਸਾਰੇ

ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਇਨ੍ਹਾਂ ੭ ਸਤਿ ਸਰੋਵਰਾਂ ਵਿੱਚ ਹੀ ਸਾਰੀਆਂ ਪਰਮ ਸ਼ਕਤੀਆਂ ਦਾ ਵਾਸ ਹੁੰਦਾ ਹੈ। ਅੰਦਰਲੀ ਰਹਿਤ ਦੀ ਕਮਾਈ ਜੀਵਨ ਮੁਕਤੀ ਹੈ। ਅੰਦਰਲੀ ਰਹਿਤ ਦੀ ਕਮਾਈ ਸਦਾ ਸੁਹਾਗ ਦੀ ਕਮਾਈ ਹੈ। ਅੰਦਰਲੀ ਰਹਿਤ ਦੀ ਕਮਾਈ ਪਰਮ ਪਦਵੀ ਦੀ ਕਮਾਈ ਹੈ। ਅੰਦਰਲੀ ਰਹਿਤ ਦੀ ਕਮਾਈ ਪੂਰਨ ਬ੍ਰਹਮ ਗਿਆਨ ਦੀ ਕਮਾਈ ਹੈ। ਅੰਦਰਲੀ ਰਹਿਤ ਦੀ ਕਮਾਈ ਤੱਤ ਗਿਆਨ ਦੀ ਕਮਾਈ ਹੈ। ਅੰਦਰਲੀ ਰਹਿਤ ਦੀ ਕਮਾਈ ਆਤਮ ਰਸ ਅੰਮ੍ਰਿਤ ਦੀ ਕਮਾਈ ਹੈ।

ਅੰਦਰਲੀ ਰਹਿਤ ਦੀ ਕਮਾਈ ਕਰਨ ਨਾਲ ਮਨੁੱਖ ਦੇ ਸਾਰੇ ਕਰਮ ਸਤਿ ਕਰਮ ਹੋ ਜਾਂਦੇ ਹਨ। ਅੰਦਰਲੀ ਰਹਿਤ ਦੀ ਕਮਾਈ ਕਰਨ ਨਾਲ ਮਨੁੱਖ ਦੇ ਸਾਰੇ ਕਰਮ ਪਰਉਪਕਾਰੀ ਕਰਮ ਹੋ ਜਾਂਦੇ ਹਨ। ਅੰਦਰਲੀ ਰਹਿਤ ਦੀ ਕਮਾਈ ਕਰਨ ਨਾਲ ਮਨੁੱਖ ਇੱਕ ਦ੍ਰਿਸ਼ਟ ਹੋ ਜਾਂਦਾ ਹੈ। ਅੰਦਰਲੀ ਰਹਿਤ ਦੀ ਕਮਾਈ ਕਰਨ ਨਾਲ ਮਨੁੱਖ ਨਿਰਵੈਰ ਹੋ ਜਾਂਦਾ ਹੈ। ਅੰਦਰਲੀ ਰਹਿਤ ਦੀ ਕਮਾਈ ਕਰਨ ਨਾਲ ਮਨੁੱਖ ਨਿਰਭਉ ਹੋ ਜਾਂਦਾ ਹੈ। ਅੰਦਰਲੀ ਰਹਿਤ ਦੀ ਕਮਾਈ ਕਰਨ ਨਾਲ ਮਨੁੱਖ ਅੰਦਰੋਂ ਅਤੇ ਬਾਹਰੋਂ ਇੱਕ ਸਾਰ ਅਤੇ ਨਿਰਮਲ ਹੋ ਜਾਂਦਾ ਹੈ। ਅੰਦਰਲੀ ਰਹਿਤ ਦੀ ਕਮਾਈ ਕਰਨ ਨਾਲ ਮਨੁੱਖ ਅੰਦਰੋਂ ਅਤੇ ਬਾਹਰੋਂ ਪਾਵਨ ਹੋ ਜਾਂਦਾ ਹੈ। ਅੰਦਰਲੀ ਰਹਿਤ ਦੀ ਕਮਾਈ ਕਰਨ ਨਾਲ ਮਨੁੱਖ ਅੰਦਰੋਂ ਅਤੇ ਬਾਹਰੋਂ ਪਵਿੱਤਰ ਹੋ ਜਾਂਦਾ ਹੈ। ਅੰਦਰਲੀ ਰਹਿਤ ਦੀ ਕਮਾਈ ਕਰਨ ਨਾਲ ਮਨੁੱਖ ਜੀਵਤ ਮਰਨ ਵਿੱਚ ਸਫ਼ਲ ਹੋ ਜਾਂਦਾ ਹੈ। ਜੀਵਤ ਮਰਨ ਤੋਂ ਭਾਵ ਹੈ ਕਿ ਮਨੁੱਖ ਦੀ ਹਉਮੈ ਦਾ ਅੰਤ ਹੋ ਜਾਂਦਾ ਹੈ ਅਤੇ ਮਨੁੱਖ ਮਾਇਆ ਤੋਂ ਮੁਕਤ ਹੋ ਜਾਂਦਾ ਹੈ। ਐਸੇ ਮਨੁੱਖ ਦੀ ਕਰਨੀ, ਆਚਾਰ, ਵਿਹਾਰ, ਮਿਲਣਾ, ਵਰਤਣਾ, ਬੋਲ, ਬਾਣੀ ਸਭ ਕੁਝ ਸਤਿ ਹੋ ਜਾਂਦਾ ਹੈ। ਐਸੇ ਮਹਾਂਪੁਰਖਾਂ ਦਾ ਜੀਵਨ ਕੇਵਲ ਮਹਾ ਪਰਉਪਕਾਰੀ ਹੁੰਦਾ ਹੈ। ਉਹ ਕੇਵਲ ਦੂਜਿਆਂ ਦੀ ਭਲਾਈ ਕਰਦੇ ਹਨ। ਉਨ੍ਹਾਂ ਨੂੰ ਹਰ ਇੱਕ ਰਚਨਾ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੁੰਦੇ ਹਨ। ਐਸੀ ਪਰਮ ਸ਼ਕਤੀਸ਼ਾਲੀ ਰਹਿਤ ਦੀ ਕਮਾਈ ਪੂਰੇ ਸਤਿਗੁਰੂ ਦੀ ਕਿਰਪਾ ਨਾਲ ਹੀ ਕੀਤੀ ਜਾ ਸਕਦੀ ਹੈ। ਜਿਸ ਮਨੁੱਖ ਦੇ ਪਿਛਲੇ ਜਨਮਾਂ ਦੇ ਬੀਜੇ ਹੋਏ ਸਤਿ ਕਰਮਾਂ ਅਨੁਸਾਰ ਅੰਕੁਰ ਫੁੱਟਦੇ ਹਨ ਤਾਂ ਉਸ ਮਨੁੱਖ ਨੂੰ ਪੂਰੇ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਦ੍ਰਿੜ੍ਹ ਕਰਵਾਇਆ ਗਿਆ ਹੈ:

ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ ॥
ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧)

ਜੋ ਮਨੁੱਖ ਪੂਰੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਚਲੇ ਜਾਂਦੇ ਹਨ ਉਨ੍ਹਾਂ 'ਤੇ ਪੂਰੇ ਸਤਿਗੁਰੂ ਦੀ ਕਿਰਪਾ ਦੀ ਪਰਮ ਸ਼ਕਤੀ ਵਰਤਦੀ ਹੈ। ਜੋ ਮਨੁੱਖ ਪੂਰੇ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਦੇ ਹਨ ਉਨ੍ਹਾਂ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਜਿਨ੍ਹਾਂ ਮਨੁੱਖਾਂ 'ਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤਦੀ ਹੈ ਉਨ੍ਹਾਂ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੀ ਪ੍ਰਾਪਤੀ ਹੁੰਦੀ ਹੈ। ਜਿਨ੍ਹਾਂ ਮਨੁੱਖਾਂ ਨੂੰ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੀ ਬਖ਼ਸ਼ਿਸ਼ ਪ੍ਰਾਪਤ ਹੁੰਦੀ ਹੈ ਉਹ ਪੂਰੇ ਸਤਿਗੁਰੂ ਦੇ ਛਤਰ ਹੇਠ ਬੈਠ ਕੇ ਅੰਦਰਲੀ ਰਹਿਤ ਦੀ ਕਮਾਈ ਕਰ ਲੈਂਦੇ ਹਨ। ਜੋ ਮਨੁੱਖ ਪੂਰੇ ਸਤਿਗੁਰੂ ਦੇ ਬਚਨਾਂ ਨੂੰ ਸਤਿ ਸਤਿ ਕਰ ਜਾਣਦੇ ਹਨ ਅਤੇ ਆਪਣੇ ਰੋਜ਼ਾਨਾ ਜੀਵਨ ਵਿੱਚ ਕਮਾਉਂਦੇ ਹਨ ਉਨ੍ਹਾਂ ਨੂੰ ਅੰਦਰਲੀ ਰਹਿਤ ਦੀ ਕਮਾਈ ਦੀ ਪ੍ਰਾਪਤੀ

ਹੋ ਜਾਂਦੀ ਹੈ। ਜੋ ਮਨੁੱਖ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰ ਦਿੰਦੇ ਹਨ ਉਨ੍ਹਾਂ ਨੂੰ ਸਤਿਗੁਰੂ ਦੀ ਸੇਵਾ ਪ੍ਰਾਪਤ ਹੋ ਜਾਂਦੀ ਹੈ। ਸਤਿਗੁਰੂ ਦੀ ਸੇਵਾ ਕਰਨ ਵਾਲੇ ਮਨੁੱਖਾਂ ਨੂੰ ਸਤਿਨਾਮ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਦੀ ਸੇਵਾ ਕਰਨ ਵਾਲੇ ਮਨੁੱਖਾਂ ਨੂੰ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਦੀ ਸੇਵਾ ਕਰਨ ਵਾਲੇ ਮਨੁੱਖਾਂ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਜਾਂਦਾ ਹੈ ਅਤੇ ਉਨ੍ਹਾਂ ਨੂੰ ਸਮਾਧੀ ਦੀ ਪ੍ਰਾਪਤੀ ਦੇ ਨਾਲ ਹੀ ਅਜਪਾ ਜਾਪ ਦੀ ਪ੍ਰਾਪਤੀ ਹੋ ਜਾਂਦੀ ਹੈ। ਸਤਿਗੁਰੂ ਦੀ ਸੇਵਾ ਕਰਨ ਵਾਲੇ ਮਨੁੱਖਾਂ ਨੂੰ ਸੁੰਨ ਸਮਾਧੀ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਸ ਦੇ ਨਾਲ ਉਨ੍ਹਾਂ ਦਾ ਮਨ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ। ਸਤਿਗੁਰੂ ਦੀ ਸੇਵਾ ਕਰਨ ਵਾਲੇ ਮਨੁੱਖਾਂ ਦੇ ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ ਅਤੇ ਉਨ੍ਹਾਂ ਦੇ ਰੋਮ-ਰੋਮ ਵਿੱਚ ਸਤਿਨਾਮ ਚਲਾ ਜਾਂਦਾ ਹੈ। ਸਤਿਗੁਰੂ ਦੀ ਸੇਵਾ ਕਰਨ ਵਾਲੇ ਮਨੁੱਖਾਂ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਸਤਿਗੁਰੂ ਦੀ ਸੇਵਾ ਕਰਨ ਵਾਲੇ ਮਨੁੱਖਾਂ ਦਾ ਦਸਮ ਦੁਆਰ ਖੁੱਲ੍ਹ ਜਾਂਦਾ ਹੈ ਅਤੇ ਉਨ੍ਹਾਂ ਨੂੰ ਅਨਹਦ ਸ਼ਬਦ ਦੀ ਪ੍ਰਾਪਤੀ ਹੋ ਜਾਂਦੀ ਹੈ। ਸਤਿਗੁਰੂ ਦੀ ਸੇਵਾ ਕਰਨ ਵਾਲੇ ਮਨੁੱਖਾਂ ਦੇ ਹਿਰਦੇ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ। ਸਤਿਗੁਰੂ ਦੀ ਸੇਵਾ ਕਰਨ ਵਾਲੇ ਮਨੁੱਖ ਮਨ ਨੂੰ ਜਿੱਤ ਲੈਂਦੇ ਹਨ। ਸਤਿਗੁਰੂ ਦੀ ਸੇਵਾ ਕਰਨ ਵਾਲੇ ਮਨੁੱਖ ਸਤਿ ਰੂਪ ਹੋ ਜਾਂਦੇ ਹਨ। ਸਤਿਗੁਰੂ ਦੀ ਸੇਵਾ ਕਰਨ ਵਾਲੇ ਮਨੁੱਖ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਸਥਿਤ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਂਦੇ ਹਨ। ਸਤਿਗੁਰੂ ਦੀ ਸੇਵਾ ਕਰਨ ਵਾਲੇ ਮਨੁੱਖਾਂ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਸਤਿਗੁਰੂ ਦੀ ਸੇਵਾ ਕਰਨ ਵਾਲੇ ਮਨੁੱਖਾਂ ਨੂੰ ਤੱਤ ਗਿਆਨ ਦੀ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਸਤਿਗੁਰੂ ਦੀ ਸੇਵਾ ਕਰਨ ਵਾਲੇ ਮਨੁੱਖਾਂ ਨੂੰ ਪਰਮ ਪਦਵੀ ਦੀ ਪ੍ਰਾਪਤੀ ਹੋ ਜਾਂਦੀ ਹੈ। ਇਨ੍ਹਾਂ ਸਾਰੇ ਪਰਮ ਸਤਿ ਦੇ ਤੱਤਾਂ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਸਤਗੁਰਿ ਮਿਲਿਐ ਧਨੁ ਪਾਇਆ ਹਰਿ ਨਾਮਾ ਰਿਦੈ ਸਮਾਲਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧-੩੨)

ਹਿਰਦੈ ਚਰਨ ਕਮਲ ਪ੍ਰਭ ਧਾਰੇ ॥ ਪੂਰੇ ਸਤਿਗੁਰ ਮਿਲਿ ਨਿਸਤਾਰੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੯੩)

ਸਤਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥ (ਪੰਨਾ ੩੧)

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰ ਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥ (ਪੰਨਾ ੨੮੬)

ਸਤਿਗੁਰੂ ਬੇਅੰਤ ਦਿਆਲਤਾ ਦਾ ਧਾਰਨੀ ਹੈ। ਜੋ ਸਿੱਖ ਆਪਣੇ ਸਤਿਗੁਰੂ ਦੀ ਸੇਵਾ ਕਰਦਾ ਹੈ ਉਸ ਦੇ ਉੱਪਰ ਉਸ ਦੇ ਸਤਿਗੁਰੂ ਦੀ ਬੇਅੰਤ ਦਿਆਲਤਾ ਦੀ ਪਰਮ ਸ਼ਕਤੀ ਵਰਤਦੀ ਹੈ। ਜੋ ਸਿੱਖ ਆਪਣੇ ਸਤਿਗੁਰੂ ਦੀ ਸੇਵਾ ਕਰਦਾ ਹੈ ਉਸ ਨੂੰ ਸਤਿਗੁਰੂ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਨਾਲ ਨਿਵਾਜਦਾ ਹੈ। ਸਤਿਗੁਰੂ ਦੇ ਸਤਿ ਤੱਤ ਦਾ ਅਤੇ ਸਿੱਖ ਦੇ ਸਤਿ ਤੱਤ ਦਾ ਮਿਲਾਪ ਹੋ ਜਾਂਦਾ ਹੈ ਅਤੇ ਸਿੱਖ ਦੀ ਲਿਵ ਲੱਗ ਜਾਂਦੀ ਹੈ, ਸਿੱਖ ਸਮਾਧੀ ਅਤੇ ਸੁੰਨ ਸਮਾਧੀ ਵਿੱਚ ਚਲਾ ਜਾਂਦਾ ਹੈ। ਸਤਿਗੁਰੂ ਆਪਣੇ ਸਿੱਖ ਦੀ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਤੋਂ ਰੱਖਿਆ ਕਰਦਾ ਹੈ। ਸਤਿਗੁਰੂ ਆਪਣੇ ਸਿੱਖ ਦੀ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਤੋਂ ਰੱਖਿਆ ਕਰਦਾ ਹੈ। ਪੂਰੇ ਸਤਿਗੁਰੂ ਦੀ ਮਾਇਆ ਸੇਵਾ ਕਰਦੀ ਹੈ ਇਸ ਲਈ ਮਾਇਆ ਸਤਿਗੁਰੂ ਦੇ ਛਤਰ ਹੇਠ ਫੜਕ ਨਹੀਂ ਸਕਦੀ। ਸਤਿਗੁਰੂ ਦੇ ਛਤਰ ਹੇਠ ਬੈਠ ਕੇ ਬੰਦਗੀ ਕਰ ਰਹੇ ਸਿੱਖ ਨੂੰ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਨੂੰ ਜਿੱਤਣ ਵਿੱਚ ਪੂਰੀ ਸਹਾਇਤਾ ਮਿਲਦੀ ਹੈ ਅਤੇ ਸਿੱਖ ਇਨ੍ਹਾਂ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੀਆਂ ਵਿਨਾਸ਼ਕਾਰੀ ਸ਼ਕਤੀਆਂ ਉੱਪਰ ਸਹਿਜੇ ਹੀ ਜਿੱਤ ਪ੍ਰਾਪਤ ਕਰ ਲੈਂਦਾ ਹੈ। ਸਤਿਗੁਰੂ ਸਿੱਖ ਦੀ ਬਾਂਹ ਫੜ ਕੇ ਸਿੱਖ ਨੂੰ ਬੰਦਗੀ ਦੇ ਮਾਰਗ 'ਤੇ ਤੋਰਦਾ ਹੈ। ਬੰਦਗੀ ਦੇ ਮਾਰਗ 'ਤੇ ਤੁਰਦਿਆਂ ਹੋਇਆਂ ਸਤਿਗੁਰੂ ਸਿੱਖ ਨੂੰ ਦੁਰਮਤਿ, ਸੰਸਾਰਿਕ ਮਤਿ ਅਤੇ ਮਨਮਤਿ ਉੱਪਰ ਤੁਰਨ ਤੋਂ ਬਚਾ ਕੇ ਰੱਖਦਾ ਹੈ। ਬੰਦਗੀ ਦੇ ਮਾਰਗ 'ਤੇ ਤੁਰਦਿਆਂ ਹੋਇਆਂ ਸਤਿਗੁਰੂ ਸਿੱਖ ਦੇ ਮਨ ਦੀ ਮੈਲ ਨੂੰ ਧੋਂਦਾ ਹੈ। ਬੰਦਗੀ ਦੇ ਮਾਰਗ 'ਤੇ ਤੁਰਦਿਆਂ ਹੋਇਆਂ ਸਤਿਗੁਰੂ ਸਿੱਖ ਦੀ ਦੁਰਮਤਿ ਨੂੰ ਨਸ਼ਟ ਕਰ ਦਿੰਦਾ ਹੈ ਅਤੇ ਉਸ ਦਾ ਹਿਰਦਾ ਸਾਰੇ ਇਲਾਹੀ ਸਤਿ ਗੁਣਾਂ ਨਾਲ ਭਰਪੂਰ ਕਰ ਦਿੰਦਾ ਹੈ। ਬੰਦਗੀ ਦੇ ਮਾਰਗ 'ਤੇ ਤੁਰਦਿਆਂ ਹੋਇਆਂ ਸਤਿਗੁਰੂ ਦੀ ਕਿਰਪਾ ਦੀ ਪਰਮ ਸ਼ਕਤੀ ਨਾਲ ਸਿੱਖ ਦੇ ਪਿਛਲੇ ਸਾਰੇ ਜਨਮਾਂ ਦੇ ਕਰਮਾਂ ਦੇ ਬੰਧਨ ਕੱਟੇ ਜਾਂਦੇ ਹਨ ਅਤੇ ਸਿੱਖ ਨੂੰ ਜੀਵਨ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਬੰਦਗੀ ਦੇ ਮਾਰਗ 'ਤੇ ਤੁਰਦਿਆਂ ਹੋਇਆਂ ਸਤਿਗੁਰੂ ਸਿੱਖ ਦੇ ਸਾਰੇ ਵਿਨਾਸ਼ਕਾਰੀ ਵਿਕਾਰਾਂ ਨੂੰ ਦੂਰ ਕਰ ਦਿੰਦਾ ਹੈ ਅਤੇ ਸਿੱਖ ਸਾਰੇ ਅਵਗੁਣਾਂ ਤੋਂ ਮੁਕਤ ਹੋ ਜਾਂਦਾ ਹੈ। ਬੰਦਗੀ ਦੇ ਮਾਰਗ 'ਤੇ ਤੁਰਦਿਆਂ ਹੋਇਆਂ ਸਤਿਗੁਰੂ ਦੀ ਕਿਰਪਾ ਦੀ ਪਰਮ ਸ਼ਕਤੀ ਨਾਲ ਸਿੱਖ ਦੇ ਸਾਰੇ ਕਰਮ ਸਤਿ ਕਰਮ ਹੋ ਜਾਂਦੇ ਹਨ। ਬੰਦਗੀ ਦੇ ਮਾਰਗ 'ਤੇ ਤੁਰਦਿਆਂ ਹੋਇਆਂ ਸਤਿਗੁਰੂ ਦੀ ਕਿਰਪਾ ਦੀ ਪਰਮ ਸ਼ਕਤੀ ਨਾਲ: ਸਿੱਖ ਦੇ ਰੋਮ-ਰੋਮ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ; ਹਿਰਦੇ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਹੋ ਜਾਂਦਾ ਹੈ; ੭ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ; ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ; ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਅੱਪੜ ਕੇ ਸਿੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦਾ ਹੈ; ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ; ਤੱਤ ਗਿਆਨ ਸਿੱਖ ਦੇ ਦਸਮ ਦੁਆਰ ਵਿੱਚ ਪ੍ਰਗਟ ਹੋ ਜਾਂਦਾ ਹੈ; ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ; ਪਰਮ ਪਦਵੀ ਦੀ ਪ੍ਰਾਪਤੀ ਹੋ ਜਾਂਦੀ ਹੈ; ਸਿੱਖ ਦਾ ਵਰਤਮਾਨ ਅਤੇ ਭਵਿੱਖ ਸਵਾਰਿਆ ਜਾਂਦਾ ਹੈ ਅਤੇ ਸਿੱਖ ਵੱਡੇ ਭਾਗਾਂ ਵਾਲਾ ਹੋ ਜਾਂਦਾ ਹੈ; ਸਿੱਖ ਪੂਰਨ ਬ੍ਰਹਮ ਗਿਆਨੀ ਬਣ ਜਾਂਦਾ ਹੈ; ਸਤਿਗੁਰੂ ਸਿੱਖ ਨੂੰ ਆਪਣੇ ਵਰਗਾ ਬਣਾ ਲੈਂਦਾ ਹੈ।

ਅਨੰਦ ਸਾਹਿਬ ਦੀ ਇਸ ਪਰਮ ਸ਼ਕਤੀਸ਼ਾਲੀ ਪਉੜੀ ਦੇ ਵਿੱਚ ਪ੍ਰਗਟ ਕੀਤੇ ਗਏ ਪੂਰਨ ਬ੍ਰਹਮ ਗਿਆਨ ਦੀ ਡੂੰਘੀ ਵਿਚਾਰ ਵਿੱਚ ਉਤਰਦੇ ਹੋਏ ਇਹ ਅਨੁਭਵ ਹੁੰਦਾ ਹੈ ਕਿ ਕੇਵਲ

ਉਹ ਮਨੁੱਖ ਹੀ ਨਿਰਮਲ, ਪਾਵਨ, ਪਵਿੱਤਰ ਹੁੰਦਾ ਹੈ ਜੋ ਅੰਦਰਲੀ ਰਹਿਤ ਦੀ ਕਮਾਈ ਕਰਦਾ ਹੈ। ਬੰਦਗੀ ਅੰਦਰਲੀ ਖੇਡ ਹੈ ਅਤੇ ਬਾਹਰਲੀ ਖੇਡ ਨਹੀਂ ਹੈ। ਬਾਹਰਮੁਖ ਹੋਣਾ ਬੰਦਗੀ ਨਹੀਂ ਹੈ। ਅੰਤਰਮੁਖ ਹੋਣਾ ਬੰਦਗੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਮਨੁੱਖ ਦੇ ਹਿਰਦੇ ਵਿੱਚ ਪ੍ਰਗਟ ਹੁੰਦਾ ਹੈ। ਨਿਰਮਲਤਾ ਅਤੇ ਪਵਿੱਤਰਤਾ ਦਾ ਸੰਬੰਧ ਮਨੁੱਖ ਦੇ ਮਨ ਅਤੇ ਹਿਰਦੇ ਨਾਲ ਹੈ। ਨਿਰਮਲਤਾ ਅਤੇ ਪਵਿੱਤਰਤਾ ਦਾ ਸੰਬੰਧ ਕੇਵਲ ਮਨੁੱਖ ਦੇ ਮਨ ਦੀ ਮੈਲ ਧੁੱਪਣ ਦੇ ਨਾਲ ਹੈ ਨਾ ਕਿ ਬਾਹਰੀ ਪਹਿਰਾਵੇ ਜਾਂ ਬਾਹਰੀ ਵਿਵਹਾਰ ਨਾਲ। ਨਿਰਮਲਤਾ ਅਤੇ ਪਵਿੱਤਰਤਾ ਦਾ ਸੰਬੰਧ ਮਨੁੱਖ ਦੇ ਆਚਾਰ ਨਾਲ ਹੈ। ਜਿਸ ਮਨੁੱਖ ਦਾ ਆਚਾਰ ਸ਼ੁੱਧ ਹੋ ਜਾਂਦਾ ਹੈ ਉਸ ਮਨੁੱਖ ਦਾ ਆਚਰਨ ਆਪਣੇ ਆਪ ਸ਼ੁੱਧ ਹੋ ਜਾਂਦਾ ਹੈ। ਜਿਸ ਮਨੁੱਖ ਦਾ ਮਨ ਸ਼ੁੱਧ ਹੋ ਜਾਂਦਾ ਹੈ ਉਸ ਦਾ ਮਨ ਵਿਸ਼ਰਾਮ ਵਿੱਚ ਚਲਾ ਜਾਂਦਾ ਹੈ। ਭਾਵ ਜਿਸ ਮਨੁੱਖ ਦਾ ਮਨ ਸ਼ੁੱਧ ਹੋ ਜਾਂਦਾ ਹੈ ਉਸ ਮਨੁੱਖ ਦਾ ਮਨ ਪੂਰਨ ਸ਼ਾਂਤੀ ਵਿੱਚ ਸਥਿਤ ਹੋ ਜਾਂਦਾ ਹੈ। ਐਸੇ ਮਨੁੱਖ ਦੇ ਮਨ ਦੇ ਸਾਰੇ ਵਿਨਾਸ਼ਕਾਰੀ ਫੁਰਨਿਆਂ ਦਾ ਅੰਤ ਹੋ ਜਾਂਦਾ ਹੈ। ਐਸੇ ਮਨੁੱਖ ਦਾ ਮਨ, ਜੋ ਕਿ ਜੋਤ ਸਰੂਪ ਹੋ ਕੇ ਪ੍ਰਗਟ ਹੋ ਜਾਂਦਾ ਹੈ ਉਸ ਨੂੰ ਮਾਇਆ ਦਾ ਕੂੜ ਪੋਹ ਨਹੀਂ ਸਕਦਾ। ਭਾਵ ਐਸੇ ਮਨੁੱਖ ਦਾ ਮਨ ਜੋ ਕਿ ਜੋਤ ਸਰੂਪ ਹੋ ਕੇ ਪ੍ਰਗਟ ਹੋ ਜਾਂਦਾ ਹੈ ਅਤੇ ਵਿਸ਼ਰਾਮ ਵਿੱਚ ਚਲਾ ਜਾਂਦਾ ਹੈ ਉਸ ਮਨੁੱਖ ਦੇ ਮਨ ਦੇ ਨੇੜੇ ਮਾਇਆ ਦੇ ਵਿਨਾਸ਼ਕਾਰੀ ਵਿਚਾਰ ਫੜਕ ਨਹੀਂ ਸਕਦੇ ਹਨ। ਐਸੇ ਮਨੁੱਖ ਦੀ ਦੇਹੀ ਦਾ ਰੋਮ-ਰੋਮ ਨਿਰੰਤਰ ਸਤਿਨਾਮ ਦੇ ਅੰਮ੍ਰਿਤ ਵਿੱਚ ਸਦਾ-ਸਦਾ ਲਈ ਭਿੱਜ ਜਾਂਦਾ ਹੈ। ਇਸ ਲਈ ਐਸੇ ਮਨੁੱਖ ਨੂੰ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਵੀ ਨਮਸਕਾਰ ਕਰ ਕੇ ਉਸ ਦੇ ਚਰਨਾਂ ਦੇ ਹੇਠ ਸਥਿਤ ਹੋ ਜਾਂਦੀਆਂ ਹਨ।

ਜੋ ਮਨੁੱਖ ਅੰਦਰਲੀ ਰਹਿਤ ਦੀ ਕਮਾਈ ਕਰ ਲੈਂਦੇ ਹਨ ਉਨ੍ਹਾਂ ਦਾ ਅਨਮੋਲ ਰਤਨ ਰੂਪੀ ਮਨੁੱਖਾ ਜਨਮ ਸਫ਼ਲ ਹੋ ਜਾਂਦਾ ਹੈ। ਉਹ ਜੀਵਨ ਮੁਕਤੀ ਪ੍ਰਾਪਤ ਕਰ ਸਦਾ-ਸਦਾ ਲਈ ਸਤਿ ਚਿੱਤ ਆਨੰਦ ਦੀ ਅਵਸਥਾ ਵਿੱਚ ਚਲੇ ਜਾਂਦੇ ਹਨ। ਐਸੇ ਮਹਾਂਪੁਰਖ ਪੂਰਨ ਬ੍ਰਹਮ ਗਿਆਨ, ਤੱਤ ਗਿਆਨ, ਆਤਮਰਸ ਅੰਮ੍ਰਿਤ, ਤੁਰੀਆ ਅਵਸਥਾ, ਸਹਿਜ ਸਮਾਧੀ ਅਤੇ ਪਰਮ ਪਦਵੀ ਪ੍ਰਾਪਤ ਕਰ ਕੇ ਦਰਗਾਹ ਵੱਲੋਂ ਸੰਗਤ ਦੀ ਸੇਵਾ ਕਰਨ ਦਾ ਗੁਰਪ੍ਰਸਾਦਿ ਪ੍ਰਾਪਤ ਕਰਦੇ ਹਨ। ਇਸ ਗੁਰਪ੍ਰਸਾਦੀ ਪਰਮ ਸ਼ਕਤੀਸ਼ਾਲੀ ਸੇਵਾ ਦੀ ਪ੍ਰਾਪਤੀ ਕਰ ਕੇ ਉਹ ਸਤਿਨਾਮ ਦੇ ਵਣਜਾਰੇ ਬਣ ਜਾਂਦੇ ਹਨ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤਾਉਣ ਦਾ ਮਾਣ ਪ੍ਰਾਪਤ ਕਰ ਕੇ ਉਹ ਸਤਿਨਾਮ ਦੇ ਵਪਾਰੀ ਬਣ ਜਾਂਦੇ ਹਨ ਅਤੇ ਆਜੀਵਨ ਦੁਨੀਆਂ ਦੇ ਲੋਕਾਂ ਨੂੰ ਪੂਰਨ ਸਤਿ ਵਰਤਾਉਂਦੇ ਹੋਏ ਤਾਰਦੇ ਹਨ। ਐਸੇ ਮਨੁੱਖ ਪੂਰਨ ਸਤਿ ਦੀ ਸੇਵਾ ਕਰਦੇ ਹਨ ਅਤੇ ਪੂਰਨ ਸਤਿ ਹੀ ਵਰਤਾਉਂਦੇ ਹਨ। ਜੋ ਮਨੁੱਖ ਅੰਦਰਲੀ ਰਹਿਤ ਦੀ ਕਮਾਈ ਕਰ ਲੈਂਦੇ ਹਨ ਉਹ ਸਦਾ-ਸਦਾ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਮਾ ਜਾਂਦੇ ਹਨ। ਐਸੇ ਮਹਾਂਪੁਰਖਾਂ ਦੇ ਰੂਪ ਵਿੱਚ ਧਰਤੀ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਪ੍ਰਗਟ ਹੋ ਕੇ ਦੁਨੀਆਂ ਦੇ ਲੋਕਾਂ ਦਾ ਪੂਰਨ ਸਤਿ ਦੇ ਮਾਰਗ ਉੱਪਰ ਚਲਣ ਲਈ ਮਾਰਗ ਦਰਸ਼ਨ ਕਰਦਾ ਹੈ। ਐਸੇ ਮਹਾਂਪੁਰਖਾਂ ਦੇ ਬਚਨ ਦਰਗਾਹੀ ਹੁਕਮ ਹੁੰਦੇ ਹਨ। ਐਸੇ ਮਹਾਂਪੁਰਖਾਂ ਦੀ ਸੇਵਾ ਪੂਰਨ ਸਤਿ ਦੀ ਸੇਵਾ ਹੁੰਦੀ ਹੈ। ਐਸੇ ਮਹਾਂਪੁਰਖਾਂ ਦੀ ਚਰਨ-ਸ਼ਰਨ ਵਿੱਚ ਸਾਰੀਆਂ ਪਰਮ ਸ਼ਕਤੀਆਂ ਵਾਸ ਕਰਦੀਆਂ ਹਨ। ਐਸੇ ਮਹਾਂਪੁਰਖਾਂ ਦੇ ਚਰਨ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਚਰਨ ਹੁੰਦੇ ਹਨ। ਐਸੇ ਮਹਾਂਪੁਰਖਾਂ ਦੀ ਚਰਨ-ਸ਼ਰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਚਰਨ-ਸ਼ਰਨ ਹੁੰਦੀ ਹੈ। ਐਸੇ ਮਹਾਂਪੁਰਖਾਂ ਦੀ ਮਾਇਆ ਸੇਵਾ ਕਰਦੀ ਹੈ। ਐਸੇ ਮਹਾਂਪੁਰਖਾਂ

ਦੀ ਸੇਵਾ ਸਾਰੀਆਂ ਰਿੱਧੀਆਂ-ਸਿੱਧੀਆਂ ਵੀ ਕਰਦੀਆਂ ਹਨ। ਮਾਇਆ ਦਾ ਵਾਸਾ ਐਸੇ ਮਹਾਂਪੁਰਖਾਂ ਦੇ ਚਰਨਾਂ ਹੇਠ ਹੁੰਦਾ ਹੈ। ਰਿੱਧੀਆਂ-ਸਿੱਧੀਆਂ ਦਾ ਵਾਸਾ ਐਸੇ ਮਹਾਂਪੁਰਖਾਂ ਦੇ ਚਰਨਾਂ ਹੇਠ ਹੁੰਦਾ ਹੈ। ਐਸੇ ਮਹਾਂਪੁਰਖਾਂ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਵਿੱਚ ਕੋਈ ਭੇਦ ਨਹੀਂ ਹੁੰਦਾ ਹੈ। ਐਸੇ ਮਹਾਂਪੁਰਖਾਂ ਨੂੰ ਗੁਰਬਾਣੀ ਪਰਮੇਸ਼ਰ ਅਤੇ ਨਿਰੰਕਾਰ ਕਹਿ ਕੇ ਸਨਮਾਨਿਤ ਕਰਦੀ ਹੈ।

ਇਸ ਲਈ ਸਾਰੀ ਲੁਕਾਈ ਦੇ ਚਰਨਾਂ 'ਤੇ ਸਨਿਮਰ ਬੇਨਤੀ ਹੈ ਕਿ ਅੰਦਰਲੀ ਰਹਿਤ ਦੀ ਕਮਾਈ ਵੱਲ ਧਿਆਨ ਦਿੱਤਾ ਜਾਵੇ। ਸਤਿ ਦੀ ਕਰਨੀ 'ਤੇ ਧਿਆਨ ਦਿੱਤਾ ਜਾਏ ਤਾਂ ਜੋ ਗੁਰਪ੍ਰਸਾਦਿ ਨੂੰ ਪ੍ਰਾਪਤ ਕਰਨ ਦੇ ਯੋਗ ਬਣਿਆ ਜਾ ਸਕੇ। ਸਤਿਨਾਮ ਸਿਮਰਨ ਦਾ ਵੱਡਾ ਪੁੰਨ ਕਰਮ ਕੀਤਾ ਜਾਏ ਤਾਂ ਜੋ ਅੰਦਰਲੀ ਰਹਿਤ ਦੀ ਕਮਾਈ ਵੱਲ ਨੂੰ ਤੁਰਨ ਦਾ ਸਫਰ ਸ਼ੁਰੂ ਹੋ ਜਾਏ। ਗੁਰਬਾਣੀ ਦੇ ਉਪਦੇਸ਼ ਨੂੰ ਕਮਾਉਣ 'ਤੇ ਧਿਆਨ ਦਿੱਤਾ ਜਾਏ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦੀ ਕਰੜੀ ਘਾਲਣਾ ਨੂੰ ਨਿੱਤ ਯਾਦ ਰਖਿਆ ਜਾਏ ਅਤੇ ਉਨ੍ਹਾਂ ਦੇ ਪਰਮ ਸ਼ਕਤੀਸ਼ਾਲੀ ਉਪਦੇਸ਼ ਦੀ ਕਮਾਈ ਕਰਨ ਦੀ ਸੇਵਾ ਕੀਤੀ ਜਾਏ। ਸਤਿ ਦੀ ਨਿਸ਼ਕਾਮ ਸੇਵਾ ਨੂੰ ਆਪਣੀ ਰੋਜ਼ਾਨਾ ਦੀ ਕਰਨੀ ਦਾ ਮੁੱਖ ਕਰਮ ਬਣਾਇਆ ਜਾਏ। ਸਤਿਗੁਰੂਆਂ ਦੇ ਉਪਦੇਸ਼ ਨੂੰ ਮੁੱਖ ਰੱਖ ਕੇ 'ਗੁਰਮੁਖਿ' ਬਣਨ ਦੇ ਸਤਿ ਮਾਰਗ ਉੱਪਰ ਤੁਰਨਾ ਸ਼ੁਰੂ ਕੀਤਾ ਜਾਏ। ਗੁਰਬਾਣੀ ਦੇ ਉਪਦੇਸ਼ ਨੂੰ ਆਪਣੀ ਰੋਜ਼ਾਨਾ ਦੀ ਕਰਨੀ ਵਿੱਚ ਪਰਪੱਕ ਕਰ ਕੇ ਗੁਰਮਤਿ ਦੇ ਧਾਰਨੀ ਬਣ ਕੇ ਅੰਦਰਲੀ ਰਹਿਤ ਦੀ ਕਮਾਈ ਕੀਤੀ ਜਾਏ।

■

ਅਨੰਦੁ ਸਾਹਿਬ-ਪਉੜੀ ੨੧

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥੨੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੯-੯੨੦)

ਅਨੰਦੁ ਸਾਹਿਬ ਦੀ ਇਸ ਪਾਵਨ ਪਵਿੱਤਰ ਪਰਮ ਸ਼ਕਤੀਸ਼ਾਲੀ ਇਲਾਹੀ ਦਰਗਾਹੀ ਗੁਰਬਾਣੀ ਵਿੱਚ ਧੰਨ ਧੰਨ ਸਤਿਗੁਰੂ ਅਵਤਾਰ ਅਮਰ ਦਾਸ ਜੀ ਬੇਅੰਤ ਦਿਆਲਤਾ ਦੇ ਨਾਲ ਪੂਰਨ ਬੰਦਗੀ ਦੇ ਭੇਦ ਸਾਰੀ ਲੁਕਾਈ ਦੀ ਝੋਲੀ ਵਿੱਚ ਪਾ ਰਹੇ ਹਨ। ਇਨ੍ਹਾਂ ਪਉੜੀਆਂ ਵਿੱਚ ਸਤਿਗੁਰ ਸਾਹਿਬ ਜੀ ਇਸ ਪਰਮ ਸਤਿ ਤੱਤ ਨੂੰ ਪ੍ਰਗਟ ਕਰ ਰਹੇ ਹਨ ਕਿ ਜੋ ਸਿੱਖ ਸਤਿਗੁਰੂ ਦੇ ਸਨਮੁਖ ਹੁੰਦਾ ਹੈ ਕੇਵਲ ਉਹ ਸਿੱਖ ਹੀ ਸਤਿਗੁਰੂ ਦੀ ਪਰਮ ਸ਼ਕਤੀਸ਼ਾਲੀ ਗੁਰਕਿਰਪਾ ਦਾ ਪਾਤਰ ਬਣਦਾ ਹੈ। ਇਸ ਲਈ ਬੰਦਗੀ ਦੇ ਮਾਰਗ ਉੱਪਰ ਚਲਣ ਦਾ ਯਤਨ ਕਰ ਰਹੇ ਮਨੁੱਖਾਂ ਲਈ 'ਸਿੱਖ' ਸ਼ਬਦ ਦਾ ਅਸਲੀ ਦਰਗਾਹੀ ਭਾਵ, ਜੋ ਕਿ ਸਤਿਗੁਰੂ ਸਾਹਿਬ ਜੀ ਨੇ ਗੁਰਬਾਣੀ ਵਿੱਚ ਪ੍ਰਗਟ ਕੀਤਾ ਹੈ, ਉਸ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ। ਅੱਜ ਦੀ ਦੁਨੀਆਂ ਵਿੱਚ 'ਸਿੱਖ' ਸ਼ਬਦ ਦਾ ਭਾਵ ਜੋ ਸੰਸਾਰਿਕ ਲੋਕ ਸਮਝਦੇ ਹਨ ਅਤੇ ਜੋ ਅੱਜ ਦੇ ਆਮ ਧਰਮ ਪ੍ਰਚਾਰਕ (ਜਿਨ੍ਹਾਂ ਨੂੰ ਇਸ ਪਰਮ ਸਤਿ ਤੱਤ ਦਾ ਗਿਆਨ ਨਹੀਂ ਹੈ) ਬਿਆਨ ਕਰਦੇ ਹਨ ਉਹ ਕੇਵਲ ਧਰਤੀ ਉੱਪਰ ਵਿਚਰ ਰਹੇ ਸਮਾਜ ਦੇ ਇੱਕ ਫ਼ਿਰਕੇ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਸਮਾਜ ਦੇ ਇਸ ਫ਼ਿਰਕੇ ਦੇ ਲੋਕਾਂ ਦਾ 'ਸਿੱਖ' ਹੋਣਾ ਕੇਵਲ ਉਨ੍ਹਾਂ ਦੇ ਧਾਰਮਿਕ ਕਰਮ-ਕਾਂਡ ਅਤੇ ਬਾਹਰਲੇ ਪਹਿਰਾਵੇ ਦੇ ਆਧਾਰ ਉੱਪਰ ਕੀਤਾ ਜਾ ਰਿਹਾ ਹੈ। ਦੁਨੀਆਂ ਇਹ ਸਮਝਦੀ ਹੈ ਕਿ ਜੋ ਪਹਿਰਾਵੇ ਕਰ ਕੇ 'ਸਿੱਖ' ਦਿੱਸਦੇ ਹਨ ਅਤੇ ਜੋ ਦਸ ਪਾਤਸ਼ਾਹੀਆਂ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਕਹਿੰਦੇ ਹਨ ਕੇਵਲ ਉਹ ਮਨੁੱਖ ਹੀ ਸਿੱਖ ਹਨ। ਸਿੱਖ ਦੀ ਇਹ ਪਰਿਭਾਸ਼ਾ ਕੇਵਲ ਇੱਥੋਂ ਤੱਕ ਹੀ ਸੀਮਿਤ ਨਹੀਂ ਹੈ। ਇਨ੍ਹਾਂ ਧਾਰਮਿਕ ਪ੍ਰਚਾਰਕਾਂ ਨੇ 'ਸਿੱਖ' ਸ਼ਬਦ ਦੇ ਨਾਲ 'ਧਰਮ' ਸ਼ਬਦ ਜੋੜ ਕੇ ਇਸ ਨੂੰ 'ਸਿੱਖ ਧਰਮ' ਦਾ ਵੀ ਨਾਂ ਦੇ ਦਿੱਤਾ ਹੈ। ਇੱਥੇ ਇਸ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ ਕਿ ਧੰਨ ਧੰਨ ਦਸ ਸਤਿਗੁਰੂ ਸਾਹਿਬਾਨ ਨੂੰ ਗੁਰੂ ਕਹਿਣ ਅਤੇ ਮੰਨਣ ਵਿੱਚ ਬਹੁਤ ਵੱਡਾ ਅੰਤਰ ਹੈ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਕਹਿਣ ਅਤੇ ਮੰਨਣ ਵਿੱਚ ਬਹੁਤ ਵੱਡਾ ਅੰਤਰ ਹੈ। ਕੇਵਲ ਸਤਿਗੁਰੂ ਸਾਹਿਬਾਨ ਨੂੰ ਗੁਰੂ ਕਹਿਣ ਨਾਲ ਉਹ ਸਾਡੇ ਸਤਿਗੁਰੂ ਨਹੀਂ ਬਣ ਜਾਂਦੇ ਹਨ। ਕੇਵਲ ਸ੍ਰੀ

ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਕਹਿਣ ਨਾਲ ਉਹ ਸਾਡੇ ਸਤਿਗੁਰੂ ਨਹੀਂ ਬਣ ਜਾਂਦੇ ਹਨ। ਉਹ ਮਨੁੱਖ ਜੋ ਸਤਿਗੁਰੂ ਸਾਹਿਬਾਨ ਦੇ ਦਰਸਾਏ ਗਏ ਮਾਰਗ ਉੱਪਰ ਪੂਰਨ ਭਰੋਸੇ, ਸ਼ਰਧਾ ਅਤੇ ਪ੍ਰੀਤ ਨਾਲ ਤੁਰਦੇ ਹਨ ਕੇਵਲ ਉਹ ਮਨੁੱਖ ਹੀ ਸਤਿਗੁਰੂ ਸਾਹਿਬਾਨ ਨੂੰ ਗੁਰੂ ਮੰਨਣ ਦੇ ਹੱਕਦਾਰ ਬਣਦੇ ਹਨ। ਉਹ ਮਨੁੱਖ ਜੋ ਸਤਿਗੁਰੂ ਸਾਹਿਬਾਨ ਦੇ ਸਤਿ ਬਚਨ ਪੂਰਨ ਭਰੋਸੇ, ਸ਼ਰਧਾ ਅਤੇ ਪ੍ਰੀਤ ਨਾਲ ਕਮਾਉਂਦੇ ਹਨ, ਕੇਵਲ ਉਹ ਮਨੁੱਖ ਹੀ ਸਤਿਗੁਰੂ ਸਾਹਿਬਾਨ ਨੂੰ ਆਪਣਾ ਗੁਰੂ ਧਾਰਨ ਕਰਦੇ ਹਨ। ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿੱਚ ਦਰਜ ਗੁਰਬਾਣੀ ਦੇ ਉਪਦੇਸ਼ ਦੀ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਪਾਲਣਾ ਕਰਦੇ ਹਨ ਅਤੇ ਆਪਣੇ ਜੀਵਨ ਵਿੱਚ ਗੁਰਬਾਣੀ ਦੇ ਉਪਦੇਸ਼ ਦੀ ਕਮਾਈ ਕਰਦੇ ਹਨ, ਕੇਵਲ ਉਹ ਮਨੁੱਖ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਣ ਦੇ ਹੱਕਦਾਰ ਹੁੰਦੇ ਹਨ। ਜੋ ਮਨੁੱਖ ਸਤਿਗੁਰੂ ਨੂੰ ਮੁੱਖ ਰੱਖਦੇ ਹਨ ਅਤੇ ਉਸ ਦੇ ਸਤਿ ਬਚਨ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਕਮਾਉਂਦੇ ਹਨ ਕੇਵਲ ਉਹ ਮਨੁੱਖ ਹੀ ਸਤਿਗੁਰੂ ਨੂੰ ਆਪਣਾ ਗੁਰੂ ਕਹਿਣ ਦੇ ਹੱਕਦਾਰ ਬਣਦੇ ਹਨ। ਇਸ ਲਈ ਜੋ ਗੁਰਬਾਣੀ ਦੀ ਕਮਾਈ ਕਰਦਾ ਹੈ ਕੇਵਲ ਉਹ ਮਨੁੱਖ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਕਹਿਣ ਦਾ ਹੱਕ ਰੱਖਦਾ ਹੈ।

ਜਿੱਥੇ ਧੰਨ ਧੰਨ ਸਤਿਗੁਰੂ ਅਵਤਾਰ ਸਾਹਿਬਾਨ ਨੇ ਸਮਾਜ ਦੇ ਸਾਰੇ ਕਰਮ-ਕਾਂਡ 'ਤੇ ਆਧਾਰਿਤ ਫ਼ਿਰਕਿਆਂ ਵਿੱਚ ਜੰਮੇ ਸੰਤਾਂ, ਭਗਤਾਂ ਅਤੇ ਬ੍ਰਹਮ ਗਿਆਨੀਆਂ ਦੀ ਕਮਾਈ ਹੋਈ ਅਤੇ ਉਚਾਰਨ ਕੀਤੀ ਗਈ ਗੁਰਬਾਣੀ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰ ਕੇ ਇਨ੍ਹਾਂ ਝੂਠੇ ਕਰਮ-ਕਾਂਡ 'ਤੇ ਆਧਾਰਿਤ ਧਾਰਮਿਕ ਫ਼ਿਰਕਿਆਂ ਦਾ ਖੰਡਨ ਕੀਤਾ ਹੈ। ਉੱਥੇ ਅੱਜ ਦੇ ਅੰਧ ਅਗਿਆਨੀ ਧਰਮ ਪ੍ਰਚਾਰਕਾਂ ਨੇ ਇਸ ਪਰਮ ਸਤਿ ਤੱਤ ਨੂੰ ਨਕਾਰਦੇ ਹੋਏ; ਧੰਨ ਧੰਨ ਸਤਿਗੁਰੂ ਸਾਹਿਬਾਨ ਦੇ ਪਰਮ ਸ਼ਕਤੀਸ਼ਾਲੀ ਉਪਦੇਸ਼ ਦੇ ਖ਼ਿਲਾਫ਼ ਕਰਮ-ਕਾਂਡ 'ਤੇ ਆਧਾਰਿਤ 'ਸਿੱਖ ਧਰਮ' ਦਾ ਨਿਰਮਾਣ ਕਰ ਦਿੱਤਾ ਹੈ। ਜ਼ਰਾ ਸੋਚੋ ਕਿ ਧੰਨ ਧੰਨ ਸਤਿਗੁਰੂ ਸਾਹਿਬ ਜੀ ਨੇ ਧੰਨ ਧੰਨ ਬਾਬਾ ਫਰੀਦ ਜੀ, ਜਿਨ੍ਹਾਂ ਦਾ ਜਨਮ ਮੁਸਲਮਾਨ ਪਰਿਵਾਰ ਵਿੱਚ ਹੋਇਆ ਸੀ, ਉਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਉਂ ਦਰਜ ਕੀਤਾ ਹੈ ? ਧੰਨ ਧੰਨ ਬਾਬਾ ਨਾਮਦੇਵ ਜੀ, ਜਿਨ੍ਹਾਂ ਦਾ ਜਨਮ ਛੀਂਬੇ ਪਰਿਵਾਰ ਵਿੱਚ ਹੋਇਆ ਸੀ, ਉਨ੍ਹਾਂ ਦੀ ਕਮਾਈ ਗਈ ਗੁਰਬਾਣੀ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਉਂ ਦਰਜ ਕੀਤਾ ਗਿਆ ਹੈ ? ਧੰਨ ਧੰਨ ਭਗਤ ਰਵਿਦਾਸ ਜੀ ਜਿਨ੍ਹਾਂ ਦਾ ਜਨਮ ਚਮਾਰਾਂ ਦੀ ਕੁਲ ਵਿੱਚ ਹੋਇਆ ਸੀ ਉਨ੍ਹਾਂ ਦੀ ਕਮਾਈ ਗਈ ਗੁਰਬਾਣੀ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਉਂ ਦਰਜ ਕੀਤਾ ਗਿਆ ਹੈ ? ਧੰਨ ਧੰਨ ਸੰਤ ਕਬੀਰ ਸਾਹਿਬ ਜੀ ਜੋ ਕਿ ਜਾਤ ਦੇ ਜੁਲਾਹੇ ਸੀ ਉਨ੍ਹਾਂ ਦੀ ਕਮਾਈ ਹੋਈ ਗੁਰਬਾਣੀ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਉਂ ਦਰਜ ਕੀਤਾ ਗਿਆ ਹੈ ? ਸਤਿਗੁਰੂ ਸਾਹਿਬਾਨ ਨੇ ੧੫ ਭਗਤਾਂ (ਭਗਤ ਬੇਣੀ ਜੀ, ਭਗਤ ਭੀਖਣ ਜੀ, ਭਗਤ ਧੰਨਾ ਜੀ, ਬਾਬਾ ਫ਼ਰੀਦ ਜੀ, ਭਗਤ ਜੈ ਦੇਵ ਜੀ, ਸੰਤ ਕਬੀਰ ਜੀ, ਭਗਤ ਨਾਮ ਦੇਵ ਜੀ, ਭਗਤ ਪਰਮਾਨੰਦ ਜੀ, ਭਗਤ ਪੀਪਾ ਜੀ, ਭਗਤ ਰਾਮਾਨੰਦ ਜੀ, ਭਗਤ ਰਵੀਦਾਸ ਜੀ, ਭਗਤ ਸੈਣ ਜੀ, ਭਗਤ ਸੂਰਦਾਸ ਜੀ ਅਤੇ ਭਗਤ ਤ੍ਰਿਲੋਚਨ ਜੀ), ਜਿਨ੍ਹਾਂ ਦਾ ਜਨਮ ਸੰਸਾਰ ਦੇ ਵਿੱਚ ਵਿਚਰ ਰਹੇ ਭਿੰਨ-ਭਿੰਨ (ਕਰਮ-ਕਾਂਡ 'ਤੇ ਆਧਾਰਿਤ) ਸਮਾਜਿਕ ਫ਼ਿਰਕਿਆਂ ਵਿੱਚ ਹੋਇਆ, ਉਨ੍ਹਾਂ ਦੀ ਕਮਾਈ ਗਈ ਗੁਰਬਾਣੀ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰ ਕੇ ਇਨ੍ਹਾਂ ਸਾਰੇ ਕਰਮ-ਕਾਂਡਾਂ 'ਤੇ

ਆਧਾਰਿਤ ਖੜ੍ਹੇ ਕੀਤੇ ਗਏ ਧਾਰਮਿਕ ਫ਼ਿਰਕਿਆਂ ਦਾ ਖੰਡਨ ਕਰ ਕੇ ਸਾਰੀ ਲੁਕਾਈ ਨੂੰ ਇਸ ਪੂਰਨ ਸਤਿ ਨਾਲ ਨਿਵਾਜਿਆ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਦਰਗਾਹ ਵਿੱਚ ਇਨ੍ਹਾਂ ਮਨੁੱਖਾਂ ਦੁਆਰਾ ਖੜ੍ਹੇ ਕੀਤੇ ਗਏ ਝੂਠੇ ਕਰਮ-ਕਾਂਡੀ ਧਾਰਮਿਕ ਫ਼ਿਰਕਿਆਂ ਦਾ ਕੋਈ ਵਜੂਦ ਨਹੀਂ ਹੈ। ਦੁਨਿਆਵੀ ਮਨੁੱਖਾਂ ਦੁਆਰਾ ਨਿਰਮਿਤ ਇਨ੍ਹਾਂ ਝੂਠੇ ਕਰਮ-ਕਾਂਡੀ ਫ਼ਿਰਕਿਆਂ ਦੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਦਰਗਾਹ ਵਿੱਚ ਕੋਈ ਹਸਤੀ ਨਹੀਂ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਦਰਗਾਹ ਵਿੱਚ ਕੇਵਲ ਉਹ ਪ੍ਰਵਾਨ ਹੈ ਜੋ ਸਤਿ ਦੀ ਕਮਾਈ ਕਰਦਾ ਹੈ ਅਤੇ ਸਤਿ ਰੂਪ ਹੋ ਜਾਂਦਾ ਹੈ। ਅੱਜ ਤੱਕ ਦੁਨੀਆਂ ਵਿੱਚ ਜਿਨ੍ਹਾਂ ਅਵਤਾਰਾਂ, ਸੰਤਾਂ, ਭਗਤਾਂ, ਬ੍ਰਹਮ ਗਿਆਨੀਆਂ, ਸਤਿਗੁਰੂਆਂ, ਗੁਰਮੁਖਾਂ, ਖ਼ਾਲਸਿਆਂ ਅਤੇ ਪੀਰਾਂ ਨੇ ਸਤਿ ਦੀ ਕਮਾਈ ਕੀਤੀ ਹੈ ਅਤੇ ਸਤਿ ਰੂਪ ਹੋ ਗਏ ਹਨ ਉਹ ਸਾਰੇ ਦੇ ਸਾਰੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਦਰਗਾਹ ਵਿੱਚ ਇਕੱਠੇ ਬੈਠੇ ਹੋਏ ਹਨ। ਇਹ ਹੀ ਕਾਰਨ ਹੈ ਕਿ ਸਤਿਨਾਮ ਸਤਿ ਸੰਗਤ ਵਿੱਚ ਜੋ ਸਤਿਸੰਗੀ ਜਨ ਸਤਿਨਾਮ ਦਾ ਗੁਰਪ੍ਰਸਾਦਿ ਪ੍ਰਾਪਤ ਕਰ ਕੇ ਸਤਿਨਾਮ ਸਿਮਰਨ ਵਿੱਚ ਡੂੰਘੇ ਉਤਰ ਜਾਂਦੇ ਹਨ; ਉਨ੍ਹਾਂ ਨੂੰ ਧੰਨ ਧੰਨ ਸਤਿਗੁਰੂ ਅਵਤਾਰਾਂ ਦੇ ਨਾਲ ਨਾਲ ਧੰਨ ਧੰਨ ਜੀਸਸ ਕ੍ਰਾਈਸਟ ਸਾਹਿਬ, ਧੰਨ ਧੰਨ ਮੁਹੰਮਦ ਸਾਹਿਬ, ਧੰਨ ਧੰਨ ਕਬੀਰ ਸਾਹਿਬ, ਅਤੇ ਹੋਰ ਕਈ ਧੰਨ ਧੰਨ ਸੰਤਾਂ ਭਗਤਾਂ ਦੇ ਦਰਸ਼ਨ ਹੁੰਦੇ ਹਨ।

ਸਾਰੀ ਗੁਰਬਾਣੀ ਵਿੱਚ 'ਸਿੱਖ ਧਰਮ' ਸ਼ਬਦ ਸਤਿਗੁਰੂ ਸਾਹਿਬਾਨ ਨੇ ਕਿਤੇ ਵੀ ਪ੍ਰਗਟ ਨਹੀਂ ਕੀਤਾ ਹੈ। 'ਧਰਮ' ਸ਼ਬਦ ਦਾ ਦਰਗਾਹੀ ਭਾਵ ਦੁਨੀਆਂ ਦੇ ਲੋਕਾਂ ਨੂੰ ਉਨ੍ਹਾਂ ਦੇ ਪਹਿਰਾਵੇ, ਰਹਿਣ-ਸਹਿਣ ਅਤੇ ਧਾਰਮਿਕ ਕਰਮ-ਕਾਂਡ ਦੇ ਅਨੁਸਾਰ ਵੰਡਣਾ ਨਹੀਂ ਹੈ। 'ਧਰਮ' ਸ਼ਬਦ ਦਾ ਅਸਲੀ ਦਰਗਾਹੀ ਭਾਵ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋਣਾ ਹੈ। 'ਧਰਮ' ਸ਼ਬਦ ਦਾ ਅਸਲੀ ਦਰਗਾਹੀ ਭਾਵ ਜੀਵਤ ਮਰਨਾ ਹੈ। 'ਧਰਮ' ਸ਼ਬਦ ਦਾ ਅਸਲੀ ਦਰਗਾਹੀ ਭਾਵ ਹੈ ਮਨੁੱਖ ਦੀ ਹਉਮੈ ਦੀ ਮੌਤ ਅਤੇ ਮਾਇਆ ਨੂੰ ਜਿੱਤ ਕੇ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਚੌਥੇ ਪਦ ਵਿੱਚ ਅਕਾਲ ਪੁਰਖ ਵਿੱਚ ਅਭੇਦ ਹੋ ਜਾਣਾ ਹੈ। 'ਧਰਮ' ਸ਼ਬਦ ਦਾ ਅਸਲੀ ਦਰਗਾਹੀ ਭਾਵ ਹੈ ਜੀਵਨ ਮੁਕਤੀ ਪ੍ਰਾਪਤ ਕਰਨਾ ਹੈ। 'ਧਰਮ' ਸ਼ਬਦ ਦਾ ਅਸਲੀ ਦਰਗਾਹੀ ਭਾਵ ਹੈ ਸਹਿਜ ਅਵਸਥਾ ਦੀ ਅਤੇ ਪਰਮ ਪਦਵੀ ਦੀ ਪ੍ਰਾਪਤੀ ਕਰਨਾ ਹੈ। 'ਧਰਮ' ਸ਼ਬਦ ਦਾ ਅਸਲੀ ਦਰਗਾਹੀ ਭਾਵ ਹੈ ਪੂਰਨ ਬ੍ਰਹਮ ਗਿਆਨ, ਤੱਤ ਗਿਆਨ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਕਰਨਾ ਹੈ। 'ਧਰਮ' ਸ਼ਬਦ ਦਾ ਅਸਲੀ ਦਰਗਾਹੀ ਭਾਵ ਮਨੁੱਖ ਦੇ ਜੀਵਨ ਵਿੱਚ ਉਸ ਸਮੇਂ ਪ੍ਰਗਟ ਹੁੰਦਾ ਹੈ ਜਦ ਮਨੁੱਖ ਬੰਦਗੀ ਪੂਰਨ ਕਰ ਕੇ ਪੂਰਨ ਅਵਸਥਾ ਵਿੱਚ ਅੱਪੜਦਾ ਹੈ ਅਤੇ ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ ਬਣ ਜਾਂਦਾ ਹੈ।

ਨਾ ਹੀ 'ਸਿੱਖ' ਸ਼ਬਦ ਦਾ ਭਾਵ ਉਹ ਹੈ ਜੋ ਕਿ ਅੱਜ ਦੀ ਦੁਨੀਆਂ ਵਿੱਚ ਪ੍ਰਚਲਿਤ ਹੈ। ਕਰਮ-ਕਾਂਡ, ਰਹਿਣ-ਸਹਿਣ ਅਤੇ ਪਹਿਰਾਵੇ ਦੇ ਆਧਾਰ 'ਤੇ ਕਿਸੇ ਮਨੁੱਖ ਨੂੰ 'ਸਿੱਖ' ਸਮਝਣਾ ਜਾਂ ਕਹਿਣਾ ਨਿਰੀ ਪੂਰੀ ਮੂਰਖਤਾਈ ਹੈ। ਸਤਿਗੁਰੂ ਸਾਹਿਬ ਨੇ ਗੁਰਬਾਣੀ ਵਿੱਚ ਜੋ 'ਸਿੱਖ' ਸ਼ਬਦ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਪ੍ਰਗਟ ਕੀਤਾ ਹੈ, ਉਸ ਨੂੰ ਵਿਚਾਰਨਾ, ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ। ਗੁਰਬਾਣੀ ਪੂਰਨ ਸਤਿ ਦੀ ਤੱਕੜੀ ਹੈ। ਇਸ ਲਈ ਸ਼ਬਦ 'ਸਿੱਖ' ਨੂੰ ਪੂਰਨ ਸਤਿ ਦੀ ਤੱਕੜੀ 'ਤੇ ਤੋਲਣ ਨਾਲ ਹੀ ਇਸ ਪਰਮ ਸਤਿ ਤੱਤ ਨੂੰ ਜਾਣਿਆ, ਸਮਝਿਆ ਅਤੇ ਮੰਨਿਆ ਜਾ ਸਕਦਾ ਹੈ। ਧੰਨ ਧੰਨ ਸਤਿਗੁਰੂ ਸਾਹਿਬ ਨੇ ਸਿੱਖ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਗੁਰਬਾਣੀ ਵਿੱਚ ਪ੍ਰਤੱਖ ਪ੍ਰਗਟ ਕਰ ਕੇ ਇਸ ਪਰਮ ਸਤਿ ਤੱਤ ਨੂੰ ਸਪਸ਼ਟ ਕੀਤਾ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੦੫)

ਧੰਨ ਧੰਨ ਸਤਿਗੁਰੂ ਦੇ ਇਸ ਦਰਗਾਹੀ ਹੁਕਮ ਦੇ ਅਨੁਸਾਰ 'ਸਿੱਖ' ਕੇਵਲ ਉਹ ਮਨੁੱਖ ਹੈ ਜੋ ਕਿ 'ਧਿਆਨ' ਦੀ ਸ਼ਕਤੀਸ਼ਾਲੀ ਅਵਸਥਾ ਨੂੰ ਮਾਣਦਾ ਹੈ। ਉਹ ਮਨੁੱਖ 'ਸਿੱਖ' ਹੈ ਜੋ ਨਿਤਾਪ੍ਰਤਿ ਆਪਣੇ ਸਤਿਗੁਰੂ ਦੇ ਹੁਕਮ ਅਨੁਸਾਰ ਸਤਿਨਾਮ ਸਿਮਰਨ ਦੇ ਲੰਬੇ ਸਿਮਰਨ ਅਭਿਆਸ ਵਿੱਚ ਬੈਠਦਾ ਹੈ ਅਤੇ ਸਮਾਧੀ ਅਤੇ ਸੁੰਨ ਸਮਾਧੀ ਨੂੰ ਮਾਣਦਾ ਹੈ। ਕਿਉਂਕਿ ਸਮਾਧੀ - ਅਜਪਾ ਜਾਪ ਦੀ ਅਵਸਥਾ ਅਤੇ ਮਨ ਦੇ ਪੂਰਨ ਵਿਸ਼ਰਾਮ ਦੀ ਅਵਸਥਾ ਹੀ 'ਧਿਆਨ' ਦੀ ਪਰਮ ਸ਼ਕਤੀਸ਼ਾਲੀ ਅਵਸਥਾ ਹੈ। ਉਹ ਮਨੁੱਖ ਜੋ 'ਧਿਆਨ' ਦੀ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਨੂੰ ਮਾਣਦਾ ਹੈ, ਕੇਵਲ ਉਹ ਮਨੁੱਖ ਹੀ ਸਤਿਗੁਰੂ ਦਾ 'ਸਿੱਖ' ਕਹਾਉਣ ਦਾ ਹੱਕਦਾਰ ਬਣਦਾ ਹੈ। ਉਹ ਮਨੁੱਖ 'ਸਿੱਖ' ਹੈ ਜੋ ਨਿਤਾਪ੍ਰਤਿ ਆਪਣਾ ਅੰਮ੍ਰਿਤ ਵੇਲਾ ਸੰਭਾਲਦਾ ਹੈ। ਜੋ ਮਨੁੱਖ ਨੀਂਦ ਦਾ ਤਿਆਗ ਕਰਦਾ ਹੈ ਅਤੇ ਨਿਤਾਪ੍ਰਤਿ ਅੰਮ੍ਰਿਤ ਵੇਲੇ ਉੱਠਦਾ ਹੈ ਅਤੇ ਸਤਿਨਾਮ ਦੇ ਲੰਬੇ ਅਭਿਆਸ ਵਿੱਚ ਲੀਨ ਹੋ ਕੇ ਮਾਨਸਰੋਵਰ ਵਿੱਚ ਅੰਮ੍ਰਿਤ ਇਸ਼ਨਾਨ ਕਰਦਾ ਹੈ, ਕੇਵਲ ਉਹ ਮਨੁੱਖ ਸਤਿਗੁਰੂ ਦਾ 'ਸਿੱਖ' ਅਖਵਾਉਣ ਦਾ ਹੱਕਦਾਰ ਹੈ।

ਜਿਨ੍ਹਾਂ ਸਤਿਨਾਮ ਜਪਣ ਵਾਲਿਆਂ ਜਿਗਿਆਸੂਆਂ ਨੂੰ ਇਹ ਗਿਆਨ ਨਹੀਂ ਹੈ ਕਿ ਅੰਮ੍ਰਿਤ ਵੇਲਾ ਕਦੋਂ ਸ਼ੁਰੂ ਹੋ ਜਾਂਦਾ ਹੈ ਉਨ੍ਹਾਂ ਦੀ ਸੂਚਨਾ ਲਈ ਇਹ ਗਿਆਤ ਹੋਣਾ ਲਾਜ਼ਮੀ ਹੈ ਕਿ ਰਾਤ ਦੇ ੧੨ ਵਜੇ ਤੋਂ ਅੰਮ੍ਰਿਤ ਵੇਲਾ ਸ਼ੁਰੂ ਹੋ ਜਾਂਦਾ ਹੈ। ਰਾਤ ਦੇ ੧੨ ਵਜੇ ਤੋਂ ਸਾਰੀਆਂ ਰਾਕਸ਼ਸੀ ਬਿਰਤੀ ਵਾਲੀਆਂ ਸ਼ਕਤੀਆਂ ਥੱਕ-ਟੁੱਟ ਜਾਂਦੀਆਂ ਹਨ ਅਤੇ ਉਨ੍ਹਾਂ ਦਾ ਵਾਤਾਵਰਨ ਉੱਪਰ ਵਿਨਾਸ਼ਕਾਰੀ ਅਤੇ ਵਿਕਾਰੀ ਪ੍ਰਭਾਵ ਵੀ ਸ਼ਾਂਤ ਹੋ ਜਾਂਦਾ ਹੈ। ਇਸ ਦੇ ਨਾਲ ਹੀ ਰਾਤ ਦੇ ੧੨ ਵਜੇ ਤੋਂ ਬਾਅਦ ਸਾਰੀਆਂ ਰੂਹਾਨੀ ਸ਼ਕਤੀਆਂ ਆਪਣੇ ਪੂਰਨ ਪ੍ਰਕਾਸ਼ ਵਿੱਚ ਪ੍ਰਗਟ ਹੋ ਜਾਂਦੀਆਂ ਹਨ ਅਤੇ ਅੰਮ੍ਰਿਤ ਦੀ ਬੇਅੰਤ ਬਰਖਾ ਸ਼ੁਰੂ ਹੋ ਜਾਂਦੀ ਹੈ। ਇਸ ਲਈ ਰਾਤ ਦੇ ੧੨ ਵਜੇ ਤੋਂ ਸਤਿਨਾਮ ਸਿਮਰਨ ਦਾ ਬੇਅੰਤ ਅੰਮ੍ਰਿਤਮਈ ਸਮਾਂ ਸ਼ੁਰੂ ਹੋ ਜਾਂਦਾ ਹੈ। ਰਾਤ ਦੇ ੧੨ ਵਜੇ ਨੀਂਦ ਤੋਂ ਜਾਗ ਕੇ ਪਾਣੀ ਪਿਤਾ ਦੇ ਨਾਲ ਇਸ਼ਨਾਨ ਕਰ ਕੇ ਸਤਿਨਾਮ ਧਿਆਨ ਕਰਨ ਵਾਲੇ ਮਨੁੱਖ ਆਪਣੇ ਉੱਪਰ ਪਰਮ ਉਪਕਾਰ ਅਤੇ ਪੁੰਨ ਦਾ ਕਰਮ ਕਮਾਉਂਦੇ ਹਨ। ਰਾਤ ਦੇ ੧ ਵਜੇ ਤੋਂ ੨ ਵਜੇ ਤੱਕ ਸਿਮਰਨ ਅਭਿਆਸ ਕਰਨਾ ਇੰਨਾਂ ਵੱਡਾ ਪੁੰਨ ਕਰਮ ਹੈ ਕਿ ਜਿਤਨਾ ਪੁੰਨ ਇੱਕ ਮਣ (੪੦ ਕਿੱਲੋ) ਹੀਰੇ ਦਾਨ ਕਰਨ ਨਾਲ ਵੀ ਪ੍ਰਾਪਤ ਨਹੀਂ ਹੁੰਦਾ ਹੈ। ਸਵੇਰ ਦੇ ੨ ਵਜੇ ਤੋਂ ੩ ਵਜੇ ਤੱਕ ਸਿਮਰਨ ਅਭਿਆਸ ਕਰਨਾ ਇੱਕ ਮਣ (੪੦ ਕਿੱਲੋ) ਸੋਨਾ ਦਾਨ ਕਰਨ ਨਾਲੋਂ ਵੀ ਵੱਡਾ ਪੁੰਨ ਕਰਮ ਹੈ। ਸਵੇਰ ਦੇ ੩ ਵਜੇ ਤੋਂ ੪ ਵਜੇ ਤੱਕ ਸਿਮਰਨ ਅਭਿਆਸ ਕਰਨਾ ਇੱਕ ਮਣ (੪੦ ਕਿੱਲੋ) ਚਾਂਦੀ ਦਾਨ ਕਰਨ ਨਾਲੋਂ ਵੀ ਵੱਡਾ ਪੁੰਨ ਕਰਮ ਹੈ। ਸਵੇਰ ਦੇ ੪ ਵਜੇ ਤੋਂ ੫ ਵਜੇ ਤੱਕ ਸਿਮਰਨ ਅਭਿਆਸ ਕਰਨਾ

ਇੱਕ ਮਣ (੪੦ ਕਿੱਲੋ) ਤਾਂਬਾ ਦਾਨ ਕਰਨ ਨਾਲੋਂ ਵੀ ਵੱਡਾ ਪੁੰਨ ਕਰਮ ਹੈ। ਸਵੇਰ ਦੇ ੫ ਵਜੇ ਤੋਂ ੬ ਵਜੇ ਤੱਕ ਸਿਮਰਨ ਅਭਿਆਸ ਕਰਨਾ ਇੱਕ ਮਣ (੪੦ ਕਿੱਲੋ) ਲੋਹਾ ਦਾਨ ਕਰਨ ਦੇ ਬਰਾਬਰ ਪੁੰਨ ਕਰਮ ਹੈ। ਇਸ ਲਈ ਰਾਤ ਦੇ ੧੨ ਵਜੇ ਤੋਂ ਬਾਅਦ ਸੌਣਾ ਅਤੇ ਸਤਿਨਾਮ ਸਿਮਰਨ ਨਾ ਕਰਨ ਨਾਲ ਕਿਤਨਾ ਵੱਡਾ ਨੁਕਸਾਨ ਹੁੰਦਾ ਹੈ ਇਸ ਦਾ ਅੰਦਾਜ਼ਾ ਆਪ ਲੱਗਾ ਸਕਦੇ ਹੋ। ਇਸ ਦੇ ਨਾਲ ਹੀ ਜੋ ਮਨੁੱਖ ਆਪਣਾ ਅੰਮ੍ਰਿਤ ਵੇਲਾ ਨਹੀਂ ਖੁੰਝਾਦੇ ਹਨ ਉਹ ਮਨੁੱਖ ਧੰਨ ਧੰਨ 'ਸਿੱਖ' ਬਣ ਜਾਂਦੇ ਹਨ। ਸਤਿਨਾਮ ਸਿਮਰਨ ਦੇ ਮਹਾਤਮ ਨੂੰ ਗੁਰਬਾਣੀ ਵਿੱਚ ਬਾਰ-ਬਾਰ ਸਤਿਗੁਰੂ ਸਾਹਿਬਾਨ ਨੇ ਦ੍ਰਿੜ੍ਹ ਕਰਵਾਇਆ ਹੈ।

ਸਤਿਨਾਮ ਸਿਮਰਨ ਨਾ ਕਰਨ ਵਾਲੇ ਮਨੁੱਖਾਂ ਨੂੰ ਗੁਰਬਾਣੀ ਵਿੱਚ 'ਆਤਮ ਘਾਤੀ' ਕਿਹਾ ਗਿਆ ਹੈ:

ਦੁਲਭ ਦੇਹ ਪਾਈ ਵਡਭਾਗੀ ॥ ਨਾਮੁ ਨ ਜਪਹਿ ਤੇ ਆਤਮ ਘਾਤੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੮੮)

ਬਿਨੁ ਸਿਮਰਨ ਹੈ ਆਤਮ ਘਾਤੀ ॥ ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੩੯)

ਬਿਨੁ ਸਿਮਰਨ ਭਏ ਕੂਕਰ ਕਾਮ ॥ ਸਾਕਤ ਬੇਸੁਆ ਪੂਤ ਨਿਨਾਮ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੩੯)

ਬਿਨੁ ਸਿਮਰਨ ਕੂਕਰ ਹਰਕਾਇਆ ॥ ਸਾਕਤ ਲੋਭੀ ਬੰਧੁ ਨ ਪਾਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੩੯)

ਬਿਨੁ ਸਿਮਰਨ ਗਰਧਭ ਕੀ ਨਿਆਈ ॥ ਸਾਕਤ ਥਾਨ ਭਰਿਸਟ ਫਿਰਾਹੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੩੯)

ਬਿਨੁ ਸਿਮਰਨ ਜੈਸੇ ਸਰਪ ਆਰਜਾਗੀ ॥ ਤਿਉ ਜੀਵਹਿ ਸਾਕਤ ਨਾਮੁ ਬਿਸਾਗੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੩੯)

ਮਨੁੱਖਾ ਜਨਮ 'ਦੁਲਭ' ਹੈ। ਭਾਵ ਮਨੁੱਖਾ ਜਨਮ ਦਾ ਮਹਾਤਮ ਬਹੁਤ ਉੱਚਾ ਹੈ। ਪਿਛਲੇ ਜਨਮਾਂ ਵਿੱਚ ਜੋ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਕਰਦੇ ਹਨ ਕੇਵਲ ਉਨ੍ਹਾਂ ਨੂੰ ਹੀ ਮਨੁੱਖਾ ਦੇਹੀ ਦੀ ਪ੍ਰਾਪਤੀ ਹੋਈ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥
ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੫੯)

ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਦਾਤ ਕੇਵਲ ਮਨੁੱਖਾ ਜਨਮ ਵਿੱਚ ਹੀ ਪ੍ਰਾਪਤ

ਹੁੰਦੀ ਹੈ। ਕੇਵਲ ਮਨੁੱਖਾ ਜਨਮ ਵਿੱਚ ਹੀ ਬੰਦਗੀ ਪੂਰਨ ਕਰ ਕੇ ਜੀਵਨ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਲਈ ਦੇਵੀ-ਦੇਵਤੇ ਵੀ ਮਨੁੱਖਾ ਜਨਮ ਦੀ ਪ੍ਰਾਪਤੀ ਕਰਨ ਲਈ ਸਿਮਰਨ ਕਰਦੇ ਹਨ। ਕਿਉਂਕਿ ਦੇਵੀ-ਦੇਵਤਿਆਂ ਨੂੰ ਜੀਵਨ ਮੁਕਤੀ ਪ੍ਰਾਪਤ ਨਹੀਂ ਹੈ। ਦੇਵੀ-ਦੇਵਤਿਆਂ ਨੂੰ ਸਵਰਗ ਵਿੱਚ ਰਾਜ ਤਾਂ ਮਿਲ ਜਾਂਦਾ ਹੈ ਪਰੰਤੂ ਜੀਵਨ ਮੁਕਤੀ ਪ੍ਰਾਪਤ ਨਹੀਂ ਹੁੰਦੀ ਹੈ। ਇਸ ਲਈ ਆਉਣ ਵਾਲੇ ਜਨਮਾਂ ਵਿੱਚ ਵੀ ਮਨੁੱਖਾ ਦੇਹੀ ਦੀ ਪ੍ਰਾਪਤੀ ਤਾਂ ਹੀ ਹੋਣੀ ਹੈ ਜੇਕਰ ਸਤਿਨਾਮ ਸਿਮਰਨ ਕੀਤਾ ਜਾਏ। ਨਹੀਂ ਤਾਂ ੮੪ ਲੱਖ ਜੂਨਾਂ ਦੇ ਵਿੱਚ ਅਣਮਿੱਥੇ ਸਮੇਂ ਲਈ ਭਟਕਣਾ ਪਏਗਾ। ਇਸੇ ਲਈ ਇਨ੍ਹਾਂ ਪਰਮ ਸ਼ਕਤੀਸ਼ਾਲੀ ਸਲੋਕਾਂ ਵਿੱਚ ਸਤਿਗੁਰੂ ਸਾਹਿਬ ਨੇ ਸਤਿਨਾਮ ਸਿਮਰਨ ਨਾ ਕਰਨ ਵਾਲੇ ਮਨੁੱਖ ਨੂੰ 'ਆਤਮ ਘਾਤੀ' ਕਿਹਾ ਗਿਆ ਹੈ। ਸਤਿਨਾਮ ਸਿਮਰਨ ਨਾ ਕਰ ਕੇ ਅਗਲੇ ਜਨਮ ਵਿੱਚ ੮੪ ਲੱਖ ਜੂਨਾਂ ਵਿੱਚ ਜਾਣਾ ਆਤਮ ਘਾਤ ਕਰਨਾ ਹੀ ਹੈ। ਇਸ ਲਈ ਜੇਕਰ ਆਉਣ ਵਾਲੇ ਜਨਮ ਵਿੱਚ ੮੪ ਲੱਖ ਜੂਨਾਂ, ਜਾਂ ਨਰਕ ਵਿੱਚ ਨਹੀਂ ਜਾਣਾ ਚਾਹੁੰਦੇ ਹੋ ਤਾਂ ਸਤਿਨਾਮ ਸਿਮਰਨ ਵਿੱਚ ਆਪਣੇ ਆਪ ਨੂੰ ਅਰਪਣ ਕਰੋ। ਐਸਾ ਮਨੁੱਖ ਜੋ ਸਤਿਨਾਮ ਸਿਮਰਨ ਨਹੀਂ ਕਰਦਾ ਹੈ ਉਸ ਨੂੰ 'ਸਾਕਤ' ਕਿਹਾ ਗਿਆ ਹੈ। ਸਾਕਤ ਉਹ ਮਨੁੱਖ ਹੈ ਜੋ ਸਤਿ ਪਾਰਬ੍ਰਹਮ ਪਰਮੇਸ਼ਰ ਨਾਲੋਂ ਪੂਰਨ ਤੌਰ 'ਤੇ ਟੁੱਟਿਆ ਹਇਆ ਹੈ। ਸਾਕਤ ਉਹ ਮਨੁੱਖ ਹੈ ਜੋ ਮਾਇਆ ਦੇ ਦਲਦਲ ਵਿੱਚ ਪੂਰਨ ਤੌਰ 'ਤੇ ਧੱਸਿਆ ਹੋਇਆ ਹੈ। ਸਾਕਤ ਮਨੁੱਖ ਦਾ ਜਨਮ ਜੀਵਨ ਵੇਸਵਾ ਇਸਤ੍ਰੀ ਦੇ ਪੁੱਤ ਦੀ ਨਿਆਈਂ ਹੈ। ਭਾਵ ਜਿਵੇਂ ਇੱਕ ਵੇਸਵਾ ਇਸਤ੍ਰੀ ਦੀ ਸੰਤਾਨ ਦਾ ਜੀਵਨ ਪਿਤਾ ਤੋਂ ਹੀਣਾ ਨਿਲੱਜ ਅਤੇ ਅਰਥਹੀਨ ਹੋ ਕੇ ਬੀਤਦਾ ਹੈ। ਠੀਕ ਉਸੇ ਤਰ੍ਹਾਂ ਨਾਲ ਸਾਕਤ ਮਨੁੱਖ ਸਤਿਨਾਮ ਸਿਮਰਨ ਤੋਂ ਬਿਨਾਂ ਅਰਥਹੀਨ ਹੋ ਕੇ ਨਰਕ ਦਾ ਜਾਂ ੮੪ ਲੱਖ ਜੂਨਾਂ ਦਾ ਭਾਗੀਦਾਰ ਬਣ ਜਾਂਦਾ ਹੈ। ਸਾਕਤ ਮਨੁੱਖ ਸਤਿਨਾਮ ਸਿਮਰਨ ਨਾ ਕਰ ਕੇ ਆਪਣਾ ਤਾਂ ਸਰਵਨਾਸ਼ ਕਰਦਾ ਹੀ ਹੈ ਨਾਲ ਹੀ ਆਪਣੀ ਸਾਰੀ ਕੁਲ ਦਾ ਵੀ ਬੁਰਾ ਕਰਦਾ ਹੈ। ਸਾਕਤ ਮਨੁੱਖ ਦਾ ਜੀਵਨ ਇੱਕ ਸਰਪ ਦੀ ਨਿਆਈਂ ਹੈ, ਜਿਸ ਦੀ ਉਮਰ ਤਾਂ ਬਹੁਤ ਲੰਮੀ ਹੁੰਦੀ ਹੈ ਪਰ ਉਸ ਦੇ ਸਾਰੇ ਕਰਮ ਸਰਪ ਦੇ ਡੰਗ ਮਾਰਨ ਤੇ ਤੁੱਲ ਹੁੰਦੇ ਹਨ। ਭਾਵ ਸਾਕਤ ਮਨੁੱਖ ਆਪ ਤਾਂ ਡੁੱਬਦਾ ਹੀ ਹੈ, ਆਪਣੇ ਨਾਲ ਉਨ੍ਹਾਂ ਸਾਰੇ ਮਨੁੱਖਾਂ ਨੂੰ ਵੀ ਡੋਬਦਾ ਹੈ ਜੋ ਉਸ ਦੀ ਸੰਗਤ ਕਰਦੇ ਹਨ। ਸਾਕਤ ਮਨੁੱਖ ਦਾ ਜੀਵਨ ਗਲੀਆਂ ਵਿੱਚ ਫਿਰਦੇ ਹੋਏ ਅਤੇ ਥਾਂ-ਥਾਂ 'ਤੇ ਗੰਦਗੀ ਵਿੱਚ ਆਪਣਾ ਮੂੰਹ ਮਾਰਦੇ ਹੋਏ ਕੂਕਰਾਂ ਦੀ ਭਾਂਤ ਹੈ। ਸਾਕਤ ਮਨੁੱਖ ਦੇ ਕਰਮ ਇੱਕ ਹਲਕਾਏ ਹੋਏ ਕੁੱਤੇ ਦੀ ਨਿਆਈਂ ਹਨ। ਭਾਵ ਸਾਕਤ ਮਨੁੱਖ ਦੇ ਕਰਮ ਇਤਨੇ ਵਿਨਾਸ਼ਕਾਰੀ ਹੁੰਦੇ ਹਨ ਕਿ ਜੋ ਮਨੁੱਖ ਸਾਕਤ ਦੀ ਸੰਗਤ ਕਰਦੇ ਹਨ ਉਹ ਵੀ ਸਾਕਤ ਹੀ ਬਣ ਜਾਂਦੇ ਹਨ। ਸਾਕਤ ਮਨੁੱਖ ਦਾ ਜੀਵਨ ਇੱਕ ਖੋਤੇ ਦੀ ਨਿਆਈਂ ਹੈ। ਭਾਵ ਜਿਵੇਂ ਕਿ ਇੱਕ ਖੋਤੇ ਦਾ ਸਾਰਾ ਜੀਵਨ ਮਿੱਟੀ-ਇੱਟਾਂ ਦਾ ਭਾਰ ਚੁੱਕਦੇ ਹੋਏ ਨਿਕਲ ਜਾਂਦਾ ਹੈ ਠੀਕ ਉਸੇ ਤਰ੍ਹਾਂ ਹੀ ਸਾਕਤ ਮਨੁੱਖ ਦਾ ਸਾਰਾ ਜੀਵਨ ਆਪਣੇ ਵਿਨਾਸ਼ਕਾਰੀ ਕਰਮਾਂ ਦਾ ਭਾਰ ਚੁੱਕੀ ਫਿਰਦੇ ਹੋਏ ਬੀਤ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ ਉਹ ਆਪਣਾ ਅਨਮੋਲ ਰਤਨ ਹੀਰਾ ਜਨਮ ਗੁਆ ਬੈਠਦਾ ਹੈ ਅਤੇ ੮੪ ਲੱਖ ਜੂਨਾਂ ਭੋਗਣ ਦਾ ਪਾਤਰ ਬਣ ਜਾਂਦਾ ਹੈ।

ਇਸ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ ਕਿ ਜੋ ਮਨੁੱਖ ਸਾਕਤ ਹੈ ਉਹ 'ਸਿੱਖ' ਨਹੀਂ ਹੋ ਸਕਦਾ ਹੈ। 'ਸਿੱਖ' ਉਹ ਮਨੁੱਖ ਹੈ ਜੋ ਆਪਣੇ ਸਤਿਗੁਰੂ ਦੇ ਬਚਨ ਕਮਾਉਂਦਾ ਹੈ। 'ਸਿੱਖ' ਉਹ ਮਨੁੱਖ ਹੈ ਜੋ ਆਪਣੇ ਸਤਿਗੁਰੂ ਦੇ ਸਤਿ ਚਰਨਾਂ 'ਤੇ ਆਪਣਾ ਪੂਰਨ ਸਮਰਪਣ ਕਰਦਾ ਹੈ। 'ਸਿੱਖ' ਉਹ ਮਨੁੱਖ ਹੈ ਜੋ ਪੂਰਨ ਸ਼ਰਧਾ,

ਭਰੋਸੇ ਅਤੇ ਪਿਆਰ ਨਾਲ ਆਪਣੇ ਸਤਿਗੁਰੂ ਦੇ ਸਤਿ ਚਰਨਾਂ 'ਤੇ ਆਪਣਾ ਤਨ-ਮਨ-ਧਨ ਅਰਪਣ ਕਰਦਾ ਹੈ। 'ਸਿੱਖ' ਉਹ ਮਨੁੱਖ ਹੈ ਜੋ ਆਪਣੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਵਾਸ ਕਰਦਾ ਹੈ। 'ਸਿੱਖ' ਉਹ ਮਨੁੱਖ ਹੈ ਜੋ ਆਪਣੇ ਸਤਿਗੁਰੂ ਦੇ ਛਤਰ ਹੇਠ ਬੈਠ ਕੇ ਸਤਿਨਾਮ ਸਿਮਰਨ ਦੀ ਕਮਾਈ ਕਰਦਾ ਹੈ। 'ਸਿੱਖ' ਉਹ ਮਨੁੱਖ ਹੈ ਜੋ ਗੁਰਬਾਣੀ ਗੁਰਮਤਿ ਦਾ ਧਾਰਨੀ ਬਣ ਕੇ ਗੁਰਬਾਣੀ ਦੇ ਬਚਨ ਕਮਾਉਂਦਾ ਹੈ। 'ਸਿੱਖ' ਉਹ ਮਨੁੱਖ ਹੈ ਜਿਸ ਦਾ ਜੀਵਨ ਸਤਿਨਾਮ ਬਣ ਜਾਂਦਾ ਹੈ, ਜੋ ਹਰ ਵੇਲੇ ਸਤਿਨਾਮ ਜਪਦਾ ਹੈ, ਜਿਸ ਦੇ ਰੋਮ-ਰੋਮ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ। 'ਸਿੱਖ' ਉਹ ਮਨੁੱਖ ਹੈ ਜਿਸ ਦੇ ਸਤਿਨਾਮ ਜਪਦੇ-ਜਪਦੇ ਹੋਏ ਸਾਰੇ ਵਿਕਾਰ ਨਸ਼ਟ ਹੋ ਜਾਂਦੇ ਹਨ, ਜਿਸ ਦੇ ਹਿਰਦੇ ਵਿੱਚ ਸਾਰੇ ਸਤਿ ਗੁਣ ਪ੍ਰਗਟ ਹੋ ਜਾਂਦੇ ਹਨ, ਜਿਸ ਦੇ ਸਾਰੇ ਦੁੱਖਾਂ-ਕਲੇਸ਼ਾਂ ਦਾ ਅੰਤ ਹੋ ਜਾਂਦਾ ਹੈ ਅਤੇ ਜਿਸ ਦਾ ਮਨ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ। 'ਸਿੱਖ' ਉਹ ਮਨੁੱਖ ਹੈ ਜੋ ਆਪਣੀ ਸੇਵਾ, ਸਿਮਰਨ ਅਤੇ ਸਮਰਪਣ ਦੇ ਕਾਰਨ ਆਪਣੇ ਸਤਿਗੁਰੂ ਨੂੰ ਭਾ ਜਾਂਦਾ ਹੈ। 'ਸਿੱਖ' ਉਹ ਮਨੁੱਖ ਹੈ ਜੋ ਸਤਿਗੁਰੂ ਦੇ 'ਸਨਮੁਖ' ਹੋ ਕੇ ਆਪਣੀ ਬੰਦਗੀ ਪੂਰਨ ਕਰਦਾ ਹੈ, ਮਾਇਆ ਨੂੰ ਜਿੱਤ ਕੇ ਦਰਗਾਹ ਵਿੱਚ ਮਾਣ ਪ੍ਰਾਪਤ ਕਰ ਕੇ ਗੁਰਮੁਖ ਬਣ ਜਾਂਦਾ ਹੈ।

ਬੰਦਗੀ ਕੇਵਲ ਸ਼ਰਨਾਗਤ ਹੈ। ਸ਼ਰਨਾਗਤ ਤੋਂ ਭਾਵ ਹੈ ਕਿ ਮਨੁੱਖ ਨੂੰ ਬੰਦਗੀ ਕੇਵਲ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਪ੍ਰਾਪਤ ਹੁੰਦੀ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਬੰਦਗੀ ਦਾ ਸੋਮਾ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਅੰਮ੍ਰਿਤ ਦਾ ਸੋਮਾ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਪਰਮ ਸ਼ਕਤੀਸ਼ਾਲੀ ਗੁਰਪ੍ਰਸਾਦਿ ਦਾ ਸੋਮਾ ਹੁੰਦਾ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਹਜ਼ਾਰਾਂ ਸੂਰਜਾਂ ਦਾ ਪ੍ਰਕਾਸ਼ ਹੁੰਦਾ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਪਰਮ ਸ਼ਕਤੀਸ਼ਾਲੀ ਮਾਨਸਰੋਵਰ ਹੁੰਦਾ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਦਰਗਾਹ ਪ੍ਰਗਟ ਹੁੰਦੀ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਮਾਇਆ ਦਾ ਪ੍ਰਭਾਵ ਨਹੀਂ ਹੁੰਦਾ ਹੈ। ਇਸ ਲਈ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਬੈਠ ਕੇ ਮਨੁੱਖ ਦੀ ਬੰਦਗੀ ਸੌਖੀ ਹੋ ਜਾਂਦੀ ਹੈ। ਸਤਿਗੁਰੂ ਦੇ ਛਤਰ ਹੇਠ ਮਾਇਆ ਫੜਕ ਨਹੀਂ ਸਕਦੀ। ਇਸ ਲਈ ਸਤਿਗੁਰੂ ਦੇ ਛਤਰ ਹੇਠ ਬੈਠ ਕੇ ਬੰਦਗੀ ਸਹਿਜੇ ਹੀ ਪ੍ਰਵਾਨ ਹੋ ਜਾਂਦੀ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਨ ਨਾਲ ਹੀ ਮਨੁੱਖ ਨੂੰ ਸਤਿਗੁਰੂ ਦੇ ਪਰਮ ਸ਼ਕਤੀਸ਼ਾਲੀ ਛਤਰ ਹੇਠ ਬੈਠਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਸਾਰੀਆਂ ਪਰਮ ਸ਼ਕਤੀਆਂ ਦਾ ਵਾਸ ਹੁੰਦਾ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਸਾਰੀਆਂ ਪਰਮ ਸ਼ਕਤੀਆਂ ਵਰਤਦੀਆਂ ਹਨ। ਇਸ ਲਈ ਸਤਿਗੁਰੂ ਦੀ ਚਰਨ-ਸ਼ਰਨ ਦੀ ਮਹਿਮਾ ਬੇਅੰਤ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਬੈਠਣ ਦਾ ਸੁਭਾਗ ਉਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ ਜੋ ਮਨੁੱਖ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਦਾ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਬੈਠਣ ਦਾ ਸੁਭਾਗ ਉਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ ਜੋ ਮਨੁੱਖ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸ਼ਰਧਾ ਪ੍ਰੀਤ ਅਤੇ ਭਰੋਸੇ ਦੇ ਨਾਲ ਆਪਣਾ ਤਨ-ਮਨ-ਧਨ ਅਰਪਣ ਕਰਦਾ ਹੈ। ਸਤਿਗੁਰੂ ਦੇ ਛਤਰ ਹੇਠ ਬੈਠਣ ਦਾ ਸੁਭਾਗ ਉਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ ਜੋ ਮਨੁੱਖ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਪੂਰਨ ਸਮਰਪਣ ਕਰਦਾ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਬੈਠਣ ਦਾ ਸੁਭਾਗ ਉਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ ਜੋ ਮਨੁੱਖ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਆਪਣਾ ਸੀਸ ਅਰਪਣ ਕਰ ਦਿੰਦਾ ਹੈ। ਕੇਵਲ ਐਸਾ ਮਨੁੱਖ ਹੀ 'ਗੁਰਮੁਖਿ' ਦੀ ਪਰਮ

ਸ਼ਕਤੀਸ਼ਾਲੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ ਜੋ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਂਦਾ ਹੈ ਅਤੇ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਪੂਰਨ ਸਮਰਪਣ ਕਰਦਾ ਹੈ।

ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਉਹ ਮਨੁੱਖ ਜਾਂਦਾ ਹੈ ਜੋ ਸਤਿਗੁਰੂ ਦੇ ਸਨਮੁਖ ਹੁੰਦਾ ਹੈ। ਸਤਿਗੁਰੂ ਦੀ ਸੰਗਤ ਕੇਵਲ ਉਸ ਮਨੁੱਖ ਨੂੰ ਮਿਲਦੀ ਹੈ ਜੋ ਸਤਿਗੁਰੂ ਦੇ ਸਨਮੁਖ ਹੋਣ ਦੇ ਯੋਗ ਹੁੰਦਾ ਹੈ। ਸਤਿਗੁਰੂ ਦੀ ਸੰਗਤ ਕੇਵਲ ਉਸ ਪੁਰਖ ਨੂੰ ਪ੍ਰਾਪਤ ਹੁੰਦੀ ਹੈ ਜੋ ਸਤਿ ਦੀ ਕਰਨੀ ਕਰਦਾ ਹੋਇਆ ਸਤੋ ਬਿਰਤੀ ਦੀ ਕਮਾਈ ਕਰਦਾ ਹੈ। ਕੇਵਲ ਉਹ ਮਨੁੱਖ ਜਿਸ ਦੀ ਸਤੋ ਬਿਰਤੀ ਹੋ ਜਾਂਦੀ ਹੈ ਉਹ ਮਨੁੱਖ ਹੀ ਸਤਿਗੁਰੂ ਦੇ ਸਨਮੁਖ ਹੋਣ ਦੇ ਯੋਗ ਬਣਦਾ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੋਣ ਦੇ ਯੋਗ ਹੁੰਦਾ ਹੈ ਕੇਵਲ ਉਸ ਮਨੁੱਖ ਨੂੰ ਹੀ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੁੰਦਾ ਹੈ ਕੇਵਲ ਉਸ ਮਨੁੱਖ ਦੇ ਹੀ ਭਾਗ ਜਾਗਦੇ ਹਨ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੁੰਦਾ ਹੈ ਕੇਵਲ ਉਸ ਮਨੁੱਖ ਉੱਪਰ ਹੀ 'ਸਤਿ ਗੁਰਪ੍ਰਸਾਦਿ' ਦੀ ਪਰਮ ਸ਼ਕਤੀ ਵਰਤਦੀ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੁੰਦਾ ਹੈ ਕੇਵਲ ਉਸ ਮਨੁੱਖ ਨੂੰ ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰਪ੍ਰਸਾਦਿ ਪ੍ਰਾਪਤ ਹੁੰਦਾ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੁੰਦਾ ਹੈ ਕੇਵਲ ਉਹ ਮਨੁੱਖ ਹੀ ਸਤਿਨਾਮ ਜਪਦਾ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੁੰਦਾ ਹੈ ਕੇਵਲ ਉਸ ਮਨੁੱਖ ਦੀ ਸੁਰਤਿ ਦਾ ਹੀ ਸ਼ਬਦ ਨਾਲ ਮੇਲ ਹੁੰਦਾ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੁੰਦਾ ਹੈ ਕੇਵਲ ਉਸ ਮਨੁੱਖ ਦੀ ਸੁਰਤਿ ਵਿੱਚ ਸਤਿਨਾਮ ਦਾ ਪ੍ਰਕਾਸ਼ ਹੁੰਦਾ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੁੰਦਾ ਹੈ ਕੇਵਲ ਉਸ ਮਨੁੱਖ ਉੱਪਰ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਮਹਿਰਾਮਤ ਬਰਸਦੀ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੁੰਦਾ ਹੈ ਕੇਵਲ ਉਸ ਮਨੁੱਖ ਉੱਪਰ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਕਰਮ ਅਤੇ ਗੁਰਕਿਰਪਾ ਦੀ ਪਰਮ ਸ਼ਕਤੀ ਵਰਤਦੀ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੁੰਦਾ ਹੈ ਕੇਵਲ ਉਹ ਮਨੁੱਖ ਹੀ ਦਰਗਾਹ ਵਿੱਚ ਸੁਹਾਗਣ ਦੇ ਰੂਪ ਵਿੱਚ ਪ੍ਰਵਾਨ ਹੁੰਦਾ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੁੰਦਾ ਹੈ ਕੇਵਲ ਉਸ ਮਨੁੱਖ ਦੀ ਹੀ ਸਮਾਧੀ ਲੱਗ ਜਾਂਦੀ ਹੈ ਅਤੇ ਅਜਪਾ ਜਾਪ ਸ਼ੁਰੂ ਹੋ ਜਾਂਦਾ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੁੰਦਾ ਹੈ ਕੇਵਲ ਉਸ ਮਨੁੱਖ ਦੀ ਬੰਦਗੀ ਕਰਮ ਖੰਡ ਵਿੱਚ ਸਥਾਪਿਤ ਹੋ ਜਾਂਦੀ ਹੈ। (ਕਰਮ ਖੰਡ ਵਿੱਚ ਸਥਾਪਿਤ ਮਨੁੱਖ ਦੀ ਮਹਿਮਾ ਪਹਿਲਾਂ ਵੀ ਵਿਚਾਰੀ ਗਈ ਹੈ ਅਤੇ ਫਿਰ ਦੋਬਾਰਾ ਇਸ ਪਰਮ ਸਤਿ ਨੂੰ ਦ੍ਰਿੜ੍ਹ ਕਰਵਾਉਣ ਵਾਸਤੇ ਦੋਹਰਾਈ ਜਾ ਰਹੀ ਹੈ। ਬੰਦਗੀ ਕਰਨ ਵਾਲੇ ਮਨੁੱਖਾਂ ਲਈ ਕਰਮ ਖੰਡ ਦੀ ਇਸ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਜਾਣਨਾ ਅਤੇ ਸਮਝਣਾ ਬੇਅੰਤ ਲਾਜ਼ਮੀ ਹੈ)। ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਕਰਮ ਖੰਡ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਜਪੁ ਜੀ ਬਾਣੀ ਵਿੱਚ ਪ੍ਰਗਟ ਕੀਤੀ ਹੈ:

ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥

ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥

ਕਰਮ ਖੰਡ ਦੀ ਪਰਮ ਸ਼ਕਤੀਸ਼ਾਲੀ ਮਹਿਮਾ:

ਪੂਰਨ ਸਮਰਪਣ ਕਰਦੇ ਹੋਏ ਜਦ ਤਨ, ਮਨ, ਧਨ ਸਤਿਗੁਰੂ ਦੇ ਸਤਿ ਚਰਨਾਂ 'ਤੇ ਅਰਪਣ ਕਰ ਕੇ ਜਦ ਤੁਸੀਂ ਗੁਰਪ੍ਰਸਾਦਿ ਪ੍ਰਾਪਤ ਕਰਦੇ ਹੋ ਤਾਂ ਦਰਗਾਹੀ ਬਖ਼ਸ਼ੀਸ਼ ਅਤੇ ਇਲਾਹੀ

ਮਹਿਰਾਮਤ ਦਾ ਸਦਕਾ ਗੁਰਪ੍ਰਸਾਦਿ ਦੀ ਪ੍ਰਾਪਤੀ ਨਾਲ ਤੁਹਾਡੇ ਸਾਰੇ ਬਜਰ-ਕਪਾਟ ਖੁੱਲ੍ਹ ਜਾਂਦੇ ਹਨ। ਗੁਰਕਿਰਪਾ ਦੀ ਪਰਮ ਸ਼ਕਤੀ ਵਰਤ ਜਾਂਦੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਮਹਿਰਾਮਤ ਵਰਤ ਜਾਂਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤ ਜਾਂਦੀ ਹੈ। ਕੁੰਡਲ਼ਨੀ ਸ਼ਕਤੀ ਜਾਗਰਿਤ ਹੋ ਜਾਂਦੀ ਹੈ। ਸਤਿ ਸਰੋਵਰਾਂ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ। ਜਿਸ ਦੇ ਨਾਲ ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ। ਸਤਿਨਾਮ ਸਿਮਰਨ ਸੁਰਤਿ ਵਿੱਚ ਟਿਕ ਜਾਂਦਾ ਹੈ। ਅਜਪਾ ਜਾਪ ਸ਼ੁਰੂ ਹੋ ਜਾਂਦਾ ਹੈ। ਮਨੁੱਖ ਦੇ ਅੰਦਰ ਨਿਰੰਤਰ ਸਿਮਰਨ ਹੋਣਾ ਸ਼ੁਰੂ ਹੋ ਜਾਂਦਾ ਹੈ। ਦੇਹੀ ਰੂਪੀ ਭਾਂਡਾ ਅੰਮ੍ਰਿਤ ਨਾਲ ਭਰਨਾ ਸ਼ੁਰੂ ਹੋ ਜਾਂਦਾ ਹੈ। ਤੁਸੀਂ ਸਮਾਧੀ ਵਿੱਚ ਚਲੇ ਜਾਂਦੇ ਹੋ। ਜਦ ਮਨੁੱਖ ਸਤਿਨਾਮ ਸਿਮਰਨ ਅਭਿਆਸ ਵਿੱਚ ਬੈਠਦਾ ਹੈ ਤਾਂ ਬੈਠਦੇ ਹੀ ਮਨੁੱਖ ਦੀ ਸੁਰਤਿ ਵਿੱਚ ਸਤਿਨਾਮ ਸਿਮਰਨ ਸੁਣਨਾ ਸ਼ੁਰੂ ਹੋ ਜਾਂਦਾ ਹੈ। ਮਨੁੱਖ ਜਦ ਕੀਰਤਨ, ਕਥਾ ਅਤੇ ਗੁਰਬਾਣੀ ਸੁਣਦਾ ਹੈ ਤਾਂ ਸੁਣਦੇ ਹੀ ਮਨੁੱਖ ਸਮਾਧੀ ਵਿੱਚ ਚਲਾ ਜਾਂਦਾ ਹੈ। ਮਨੁੱਖ ਦੀ ਸੁਰਤਿ ਇੱਕ ਦਮ ਕੀਰਤਨ, ਕਥਾ ਅਤੇ ਗੁਰਬਾਣੀ ਵਿੱਚ ਖਿੱਚੀ ਜਾਂਦੀ ਹੈ। ਸੁਰਤਿ ਅਤੇ ਸ਼ਬਦ ਦਾ ਸੁਮੇਲ ਹੋ ਜਾਂਦਾ ਹੈ। ਸੁਰਤਿ ਸ਼ਬਦ ਵਿੱਚ ਸਥਿਰ ਹੋ ਜਾਂਦੀ ਹੈ। ਨਿਰੰਤਰ ਸਿਮਰਨ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇੜਾ, ਪਿੰਗਲਾ ਅਤੇ ਸੁਖਮਨਾ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ। ਗਿਆਨ ਨੇਤਰ ਖੁੱਲ੍ਹ ਜਾਂਦਾ ਹੈ। ਸਤਿਨਾਮ ਸਿਮਰਨ ਦੇ ਗੁਰਪ੍ਰਸਾਦਿ ਨਾਲ ਇੜਾ, ਪਿੰਗਲਾ ਅਤੇ ਸੁਖਮਨਾ ਨਾੜਾਂ ਵੀ ਸਹਿਜੇ ਹੀ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ। ਇਨ੍ਹਾਂ ਨਾੜਾਂ ਦੇ ਪ੍ਰਕਾਸ਼ਮਾਨ ਹੋਣ ਨਾਲ ਗਿਆਨ ਨੇਤਰ ਖੁੱਲ੍ਹ ਜਾਂਦਾ ਹੈ ਅਤੇ ਮਨੁੱਖ ਸਮਾਧੀ ਵਿੱਚ ਚਲਾ ਜਾਂਦਾ ਹੈ।

ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥
ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥੬੦॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੪)

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥
ਸੰਤਹੁ ਤਹਾ ਨਿਰੰਜਨ ਰਾਮੁ ਹੈ ॥ ਗੁਰ ਗਮਿ ਚੀਨੈ ਬਿਰਲਾ ਕੋਇ ॥
ਤਹਾਂ ਨਿਰੰਜਨੁ ਰਮਈਆ ਹੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੪)

ਇੜਾ, ਪਿੰਗਲਾ ਅਤੇ ਸੁਖਮਨਾ ਦੀਆਂ ਨਾੜਾਂ ਸੂਖਮ ਦੇਹੀ ਦਾ ਇੱਕ ਅਹਿਮ ਅੰਗ ਹਨ, ਜੋ ਮਨੁੱਖ ਦੇ ਸਾਰੇ ਸਤਿ ਸਰੋਵਰਾਂ ਨੂੰ ਜੋੜਦੀਆਂ ਹਨ। ਜੋ ਰੀੜ੍ਹ ਦੇ ਮੂੱਢ ਤੋਂ ਸ਼ੁਰੂ ਹੋ ਕੇ ਤ੍ਰਿਕੁਟੀ 'ਤੇ ਮਿਲਦੀਆਂ ਹਨ। ਇਨ੍ਹਾਂ ਤਿੰਨਾਂ ਨਾੜਾਂ ਵਿੱਚ ਮਨੁੱਖ ਦੇ ਪ੍ਰਾਣ ਵੱਸਦੇ ਹਨ। ਭਾਵ ਮਨੁੱਖ ਦੀ ਪ੍ਰਾਣ ਸ਼ਕਤੀ ਅਤੇ ਹੋਰ ਸਾਰੀਆਂ ਕਲਾਵਾਂ ਇਨ੍ਹਾਂ ਨਾੜਾਂ ਅਤੇ ਸਤਿ ਸਰੋਵਰਾਂ ਵਿੱਚੋਂ ਹੀ ਕਿਰਿਆਸ਼ੀਲ ਹੁੰਦੀਆਂ ਹਨ। ਮਨੁੱਖ ਨੂੰ ਸਾਰੀਆਂ ਸ਼ਕਤੀਆਂ ਇਨ੍ਹਾਂ ਤਿੰਨਾਂ ਨਾੜਾਂ ਅਤੇ ਸਤਿ ਸਰੋਵਰਾਂ ਤੋਂ ਹੀ ਪ੍ਰਾਪਤ ਹੁੰਦੀਆਂ ਹਨ। ਇਹ ਤਿੰਨੋਂ ਨਾੜਾਂ ਅਤੇ ਸਤਿ ਸਰੋਵਰ ਹੀ ਮਨੁੱਖ ਦੀ ਦੇਹੀ ਅਤੇ ਜੀਵਨ ਦਾ ਆਧਾਰ ਹਨ। ਇਹ ਤਿੰਨੋਂ ਨਾੜਾਂ ਅਤੇ ਸਤਿ ਸਰੋਵਰ ਸਤਿਨਾਮ ਦੇ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਨਾਲ ਹੀ ਪ੍ਰਕਾਸ਼ਮਾਨ ਹੁੰਦੇ ਹਨ। ਮਨੁੱਖ ਦੀ ਸੁਰਤਿ ਦਾ ਆਧਾਰ ਵੀ ਇਹ ਤਿੰਨੋਂ ਨਾੜਾਂ ਅਤੇ ਸਤਿ ਸਰੋਵਰ ਹੀ ਹਨ। ਜਿਵੇਂ-

ਜਿਵੇਂ ਇਹ ਤਿੰਨੋਂ ਨਾੜਾਂ ਅਤੇ ਸਤਿ ਸਰੋਵਰ ਪ੍ਰਕਾਸ਼ਮਾਨ ਹੁੰਦੇ ਹਨ ਤਿਵੇਂ-ਤਿਵੇਂ ਮਨੁੱਖ ਦੀ ਸੁਰਤਿ ਵੀ ਉੱਚੀਆਂ ਅਵਸਥਾਵਾਂ ਵਿੱਚ ਪੁੱਜਦੀ ਜਾਂਦੀ ਹੈ।

ਜਦ ਇਹ ਤਿੰਨੋਂ ਨਾੜਾਂ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ ਤਾਂ ਤ੍ਰਿਕੁਟੀ ਖੁੱਲ੍ਹ ਜਾਂਦੀ ਹੈ ਅਤੇ ਗਿਆਨ ਨੇਤਰ ਪ੍ਰਕਾਸ਼ਮਾਨ ਹੋ ਜਾਂਦਾ ਹੈ। ਸਤਿਨਾਮ ਦੇ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਇਨ੍ਹਾਂ ਨਾੜਾਂ ਵਿੱਚ ਵਰਤਦੀ ਹੈ ਤਾਂ ਇਹ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ। ਜਦ ਸਤਿਨਾਮ ਦਾ ਗੁਰ ਪ੍ਰਸਾਦਿ ਇਨ੍ਹਾਂ ਨਾੜਾਂ ਵਿੱਚੋਂ ਹੁੰਦਾ ਹੋਇਆ ਸਤਿ ਸਰੋਵਰਾਂ ਵਿੱਚੋਂ ਨਿਕਲਦਾ ਹੈ ਤਾਂ ਇਹ ਸਾਰੇ ਸਤਿ ਸਰੋਵਰ ਵੀ ਪ੍ਰਕਾਸ਼ਮਾਨ ਹੋ ਜਾਂਦੇ ਹਨ। ਇਸ ਤਰ੍ਹਾਂ ਨਾਲ ਮਨੁੱਖ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਅਤੇ ਸਮਾਧੀ ਲੱਗ ਜਾਂਦੀ ਹੈ। ਸਤਿਨਾਮ ਰੋਮ-ਰੋਮ ਵਿੱਚ ਪ੍ਰਕਾਸ਼ਮਾਨ ਹੋ ਜਾਂਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਨਾਲ ਇਹ ਸਾਰੀਆਂ ਰੂਹਾਨੀ ਪ੍ਰਾਪਤੀਆਂ ਸਹਿਜੇ ਹੀ ਹੋ ਜਾਂਦੀਆਂ ਹਨ।

ਜੋਗੀ ਲੋਕ ਪ੍ਰਾਣਾਯਾਮ ਦੀ ਸਾਧਨਾ ਨਾਲ ਇੜਾ, ਪਿੰਗਲਾ ਅਤੇ ਸੁਖਮਨਾ ਨੂੰ ਜਾਗਰਿਤ ਕਰਨ ਦਾ ਅਭਿਆਸ ਕਰਦੇ ਹਨ। ਇੜਾ ਵਿੱਚ ਪ੍ਰਾਣ ਉੱਪਰ ਨੂੰ ਖਿੱਚਦੇ ਹਨ, ਪਿੰਗਲਾ ਵਿੱਚ ਪ੍ਰਾਣ ਹੇਠਾਂ ਉਤਾਰਦੇ ਹਨ ਅਤੇ ਸੁਖਮਨਾ ਵਿੱਚ ਪ੍ਰਾਣ ਟਿਕਾਉਂਦੇ ਹਨ। ਇਹ ਜੋਗ ਦੇ ਅਭਿਆਸ ਵਿੱਚ ਜੋਗੀ ਪ੍ਰਾਣਾਯਾਮ ਸਾਧਨਾ ਨਾਲ ਇੜਾ, ਪਿੰਗਲਾ ਅਤੇ ਸੁਖਮਨਾ ਨਾੜਾਂ ਨੂੰ ਜਾਗਰਿਤ ਕਰਨ ਲਈ ਕਰਦੇ ਹਨ। ਇਸ ਦੇ ਨਾਲ ਹੀ ਜੋਗੀ ਲੋਕ ੭ ਸਤਿ ਸਰੋਵਰਾਂ ਨੂੰ ਵੀ ਜੋਗ ਸਾਧਨਾ ਕਰ ਕੇ ਜਾਗਰਿਤ ਕਰਨ ਦਾ ਅਭਿਆਸ ਕਰਦੇ ਹਨ। ਜੋਗੀ ਲੋਕ ਇਕੱਲੇ-ਇਕੱਲੇ ਸਤਿ ਸਰੋਵਰ ਨੂੰ ਜਾਗਰਿਤ ਕਰਨ ਦਾ ਅਭਿਆਸ ਕਰਦੇ ਹਨ। ਇਹ ਸਾਰੇ ਅਭਿਆਸ ਬਹੁਤ ਕਠਿਨ ਹੁੰਦੇ ਹਨ ਅਤੇ ਬਹੁਤ ਸਮੇਂ ਲਈ ਕਰਨੇ ਪੈਂਦੇ ਹਨ; ਜਿਸ ਦੇ ਨਾਲ ਇਨ੍ਹਾਂ ਸਤਿ ਸਰੋਵਰਾਂ ਅਤੇ ਇੜਾ, ਪਿੰਗਲਾ ਤੇ ਸੁਖਮਨਾ ਦੇ ਜਾਗਰਿਤ ਹੋਣ ਦੀ ਸੰਭਾਵਨਾ ਹੁੰਦੀ ਹੈ। ਸੁਣਨ ਵਿੱਚ ਆਉਂਦਾ ਹੈ ਕਿ ਜੋਗੀ ਲੋਕ ਕਈ-ਕਈ ਸਾਲਾਂ ਤੱਕ ਇਕੱਲੇ-ਇਕੱਲੇ ਸਤਿ ਸਰੋਵਰ ਉੱਪਰ ਧਿਆਨ ਕੇਂਦਰਿਤ ਕਰਦੇ ਹਨ। ਇਸੇ ਤਰ੍ਹਾਂ ਨਾਲ ਇੜਾ, ਪਿੰਗਲਾ ਅਤੇ ਸੁਖਮਨਾ ਨੂੰ ਜਾਗਰਿਤ ਕਰਨ ਲਈ ਕਈ-ਕਈ ਸਾਲਾਂ ਦਾ ਅਭਿਆਸ ਕਰਦੇ ਹਨ। ਇਸ ਤਰ੍ਹਾਂ ਨਾਲ ਜੋਗ ਅਭਿਆਸ ਦੀ ਕਿਰਿਆ ਬਹੁਤ ਕਠਿਨ ਹੁੰਦੀ ਹੈ ਅਤੇ ਲੰਮੇ ਸਮੇਂ ਲਈ ਕਰਨੀ ਪੈਂਦੀ ਹੈ। ਪਰੰਤੂ ਪ੍ਰੇਮਾ ਭਗਤੀ ਵਿੱਚ ਇਹ ਸਾਰੀਆਂ ਪ੍ਰਾਪਤੀਆਂ ਗੁਰਪ੍ਰਸਾਦੀ ਗੁਰ ਕਿਰਪਾ ਨਾਲ, ਸਤਿਨਾਮ ਦੀ ਕਮਾਈ ਨਾਲ ਸਹਿਜੇ ਹੀ ਹੋ ਜਾਂਦੀਆਂ ਹਨ।

ਇਸ ਅਵਸਥਾ ਵਿੱਚ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਤੁਸੀਂ ਅਕਾਲ ਪੁਰਖ ਦੀ ਦਰਗਾਹ ਵਿੱਚ ਸੁਹਾਗਣ ਦੇ ਤੌਰ ਤੇ ਸਵੀਕਾਰ ਕੀਤੇ ਜਾਂਦੇ ਹੋ। ਤੁਹਾਡਾ ਅਕਾਲ ਪੁਰਖ ਦੀ ਦਰਗਾਹ ਵਿੱਚ ਸਤਿਨਾਮ ਦਾ ਖ਼ਾਤਾ ਖੁੱਲ੍ਹ ਜਾਂਦਾ ਹੈ। ਮਨੁੱਖ ਦੀ ਅਸਲੀ ਦਰਗਾਹੀ ਬੰਦਗੀ ਸ਼ੁਰੂ ਹੋ ਜਾਂਦੀ ਹੈ। ਨਿਰੰਤਰ ਸਿਮਰਨ ਅਜਪਾ ਜਾਪ ਸਿੱਧਾ ਦਰਗਾਹ ਵਿੱਚ ਤੁਹਾਡੇ ਨਾਮ ਦੇ ਖਾਤੇ ਵਿੱਚ ਜਮਾ ਹੋਣਾ ਸ਼ੁਰੂ ਹੋ ਜਾਂਦਾ ਹੈ। ਸਤਿਨਾਮ ਧਨ ਇਕੱਤਰ ਹੋਣਾ ਸ਼ੁਰੂ ਹੋ ਜਾਂਦਾ ਹੈ। ਜਦ ਮਨੁੱਖ ਲੰਮੇ ਸਮੇਂ ਲਈ ਸਤਿਨਾਮ ਅਭਿਆਸ ਵਿੱਚ ਬੈਠਦਾ ਹੈ ਤਾਂ ਉਹ ਸੁੰਨ ਸਮਾਧੀ ਵਿੱਚ ਚਲਾ ਜਾਂਦਾ ਹੈ। ਸੁੰਨ ਦੀ ਅਵਸਥਾ ਪ੍ਰਾਪਤ ਹੋਣੀ ਸ਼ੁਰੂ ਹੋ ਜਾਂਦੀ ਹੈ। ਮਨ ਅਤੇ ਹਿਰਦਾ ਪੂਰਨ ਵਿਸ਼ਰਾਮ ਵਿੱਚ ਚਲਾ ਜਾਂਦਾ ਹੈ। ਮਨ ਦੇ ਫੁਰਨੇ ਖਤਮ ਹੋ ਜਾਂਦੇ ਹਨ। ਮਨ ਵਿੱਚ ਕੋਈ ਫੁਰਨਾ ਨਹੀਂ ਰਹਿ ਜਾਂਦਾ ਹੈ। ਮਨ ਦਾ ਅੰਤ ਹੋ ਜਾਂਦਾ ਹੈ। ਮਨ

ਪਰਮ ਜੋਤ ਵਿੱਚ ਬਦਲ ਜਾਂਦਾ ਹੈ। ਹਿਰਦੇ ਵਿੱਚ ਪੂਰਨ ਜੋਤ ਦਾ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ। ਦੇਹੀ ਕੰਚਨ ਹੋ ਜਾਂਦੀ ਹੈ। ਭਾਵ ਦੇਹੀ ਵਿਕਾਰਾਂ ਤੋਂ ਰਹਿਤ ਹੋ ਜਾਂਦੀ ਹੈ। ਪੰਜ ਚੰਡਾਲ: ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਮਨੁੱਖ ਦੇ ਵੱਸ ਵਿੱਚ ਆ ਜਾਂਦੇ ਹਨ। ਤ੍ਰਿਸ਼ਣਾ ਬੁਝ ਜਾਂਦੀ ਹੈ। ਹਿਰਦਾ ਸਤਿ ਸੰਤੋਖ ਵਿੱਚ ਚਲਾ ਜਾਂਦਾ ਹੈ। ਰਾਜ, ਜੋਬਨ, ਧਨ, ਮਾਲ, ਸ਼ਬਦ, ਸਪਰਸ਼, ਨਿਦਿੰਆ, ਚੁਗ਼ਲੀ, ਬਖ਼ੀਲੀ ਅਤੇ ਹੋਰ ਸਾਰੇ ਵਿਕਾਰਾਂ ਦਾ ਅੰਤ ਹੋ ਜਾਂਦਾ ਹੈ। ਦੇਹੀ ਰੂਪੀ ਭਾਂਡਾ ਨਿਰਮਲ ਹੋ ਕੇ ਕੰਚਨ ਹੋ ਜਾਂਦਾ ਹੈ। ਦੇਹੀ ਰੂਪੀ ਭਾਂਡੇ ਦੇ ਸਾਰੇ ਵਿਕਾਰਾਂ ਰੂਪੀ ਛੇਕ ਖ਼ਤਮ ਹੋ ਜਾਂਦੇ ਹਨ। ਭਾਂਡੇ ਵਿੱਚ ਅੰਮ੍ਰਿਤ ਭਰਪੂਰ ਹੋ ਜਾਂਦਾ ਹੈ। ਭਾਂਡੇ ਵਿੱਚੋਂ ਅੰਮ੍ਰਿਤ ਛਲਕਣ ਲੱਗ ਜਾਂਦਾ ਹੈ। ਭਾਂਡੇ ਵਿੱਚੋਂ ਅੰਮ੍ਰਿਤ ਬਾਹਰ ਵਗਣਾ ਸ਼ੁਰੂ ਹੋ ਜਾਂਦਾ ਹੈ। ਭਾਵ ਮਨੁੱਖਾ ਦੇਹੀ ਵਿੱਚੋਂ ਅੰਮ੍ਰਿਤ ਬਾਹਰ ਡੁੱਲ੍ਹਣਾ ਸ਼ੁਰੂ ਹੋ ਜਾਂਦਾ ਹੈ। ਕੰਚਨ ਹੋਈ ਦੇਹੀ ਦੀ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਨੂੰ ਗੁਰਬਾਣੀ ਵਿੱਚ ਬਹੁਤ ਸਾਰੇ ਸਲੋਕਾਂ ਵਿੱਚ ਪ੍ਰਗਟ ਕੀਤਾ ਗਿਆ ਹੈ:

ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੬)

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥ ਲਿਵ ਲਾਵਹੁ ਤਿਸੁ ਰਾਮ ਸਨੇਹੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੦)

ਕੰਚਨ ਕਾਇਆ ਜੋਤਿ ਅਨੂਪੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੧੩)

ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੪੯)

ਕਾਇਆ ਕੰਚਨੁ ਤਾਂ ਥੀਐ ਜਾਂ ਸਤਿਗੁਰੁ ਲਏ ਮਿਲਾਏ ॥
ਭ੍ਰਮੁ ਮਾਇਆ ਵਿਚਹੁ ਕਟੀਐ ਸਚੜੈ ਨਾਮਿ ਸਮਾਏ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੮੫)

ਦੇਹ ਕੰਚਨ ਵੇ ਵੰਨੀਆ ਇਨਿ ਹਉਮੈ ਮਾਰਿ ਵਿਗੁਤੀਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੭੬)

ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੩੨)

ਕੰਚਨ ਕਾਇਆ ਗੁਰਮੁਖਿ ਬੂਝੈ ਜਿਸੁ ਅੰਤਰਿ ਨਾਮੁ ਨਿਵਾਸੀ ਹੇ ॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੪੯)

ਕਾਇਆ ਕੰਚਨ ਕੋਟੁ ਅਪਾਰਾ ॥ ਜਿਸੁ ਵਿਚਿ ਰਵਿਆ ਸਬਦੁ ਅਪਾਰਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੫੯)

ਕਹੁ ਕਬੀਰ ਕੰਚਨੁ ਭਇਆ ਭ੍ਰਮੁ ਗਇਆ ਸਮੁਦ੍ਰੈ ਪਾਰਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੩)

ਜਦ ਮਨੁੱਖ ਦੀ ਦੇਹੀ ਕੰਚਨ ਹੋ ਜਾਂਦੀ ਹੈ ਤਾਂ ਮਨੁੱਖ ਦੀ ਦੁਬਿਧਾ ਦਾ ਅੰਤ ਹੋ ਜਾਂਦਾ ਹੈ। ਸਾਰੇ ਭਰਮਾਂ ਦਾ ਨਾਸ ਹੋ ਜਾਂਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਕੰਚਨ ਹੋਈ ਦੇਹੀ ਵਿੱਚ ਹੀ ਪ੍ਰਗਟ ਹੁੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦਾ ਨਿਰਗੁਣ ਸਰੂਪ ਕੰਚਨ ਹੋ ਗਈ ਦੇਹੀ ਵਿੱਚ ਹੀ ਪ੍ਰਗਟ ਹੁੰਦਾ ਹੈ। ਮਨੁੱਖ ਦੀ ਸੂਖਮ ਦੇਹੀ ਨਿਰੰਤਰ ਅੰਮ੍ਰਿਤ ਇਸ਼ਨਾਨ ਕਰਦੀ ਹੈ। ਸਾਰੇ ਪਾਸੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਜਾਂਦਾ ਹੈ। ਪਰਮ ਜੋਤ ਪੂਰਨ ਪ੍ਰਕਾਸ਼ ਦੀ ਬਖ਼ਸ਼ਿਸ਼ ਕੰਚਨ ਹੋਈ ਦੇਹੀ ਨੂੰ ਹੀ ਪ੍ਰਾਪਤ ਹੁੰਦੀ ਹੈ। ਜਿਗਿਆਸੂ ਦੀ ਨਿਰੰਤਰ ਸਹਿਜ ਸਮਾਧੀ ਵੀ ਕੰਚਨ ਹੋਈ ਦੇਹੀ ਨੂੰ ਹੀ ਪ੍ਰਾਪਤ ਹੁੰਦੀ ਹੈ। ਸਾਰੇ ਮਾਨਸਿਕ ਰੋਗਾਂ ਤੋਂ ਮੁਕਤੀ ਕੰਚਨ ਦੇਹੀ ਬਣਨ ’ਤੇ ਹੀ ਮਿਲਦੀ ਹੈ। ਮਨੁੱਖ ਦੀ ਸੁਰਤਿ, ਮਤਿ ਅਤੇ ਬੁੱਧ ਉੱਤਮ ਅਵਸਥਾ ਵਿੱਚ ਪਹੁੰਚ ਜਾਂਦੀ ਹੈ ਅਤੇ ਦੇਵਤਿਆਂ ਵਾਲੀ ਅਤੇ ਸਿੱਧਾਂ ਵਾਲੀ ਅਵਸਥਾ ਬਣ ਜਾਂਦੀ ਹੈ। ਮਨੁੱਖ ਦੀ ਸੁਰਤਿ, ਮਤਿ ਅਤੇ ਬੁੱਧ ਪੂਰਨ ਗੁਰਮਤਿ ਵਿੱਚ ਚਲੀ ਜਾਂਦੀ ਹੈ।

ਇਹ ਬਹੁਤ ਉੱਚੀ ਰੂਹਾਨੀ ਅਵਸਥਾ ਹੈ। ਇਹ ਉਹ ਅਵਸਥਾ ਹੈ ਜਦ ਮਨੁੱਖ ਦੀ ਬੰਦਗੀ ਬਹੁਤ ਉੱਚੀ ਅਵਸਥਾ ਵਿੱਚ ਚਲੀ ਜਾਂਦੀ ਹੈ। ਪੰਜ ਚੰਡਾਲ: ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਤੁਹਾਡੇ ਕਾਬੂ ਵਿੱਚ ਆ ਜਾਣੀਆਂ ਸ਼ੁਰੂ ਹੋ ਜਾਂਦੀਆਂ ਹਨ। ਮਾਇਆ ਨਾਲ ਅਸਲ ਲੜਾਈ ਪੂਰੇ ਜ਼ੋਰਾਂ ਨਾਲ ਹੁੰਦੀ ਹੈ ਅਤੇ ਗੁਰਪ੍ਰਸਾਦਿ ਦੇ ਫਲਸਰੂਪ ਤੁਸੀਂ ਮਾਇਆ ਅਤੇ ਮਨ ’ਤੇ ਜਿੱਤ ਪਾ ਲੈਂਦੇ ਹੋ। ਸਤਿਨਾਮ ਤੁਹਾਡੇ ਰੋਮ-ਰੋਮ ਵਿੱਚ ਚਲਾ ਜਾਂਦਾ ਹੈ। ਮਨੁੱਖ ਦਾ ਰੋਮ-ਰੋਮ ਭਾਵ ਦੇਹੀ ਦੀ ਹਰ ਇੱਕ ਕੌਸ਼ਿਕਾ ਸਤਿਨਾਮ ਦੇ ਨਾਲ ਧੜਕਣ ਲੱਗ ਪੈਂਦੀ ਹੈ। ਮਨੁੱਖ ਦੇ ਰੋਮ-ਰੋਮ ਵਿੱਚੋਂ ਇਲਾਹੀ ਪ੍ਰਕਾਸ਼ ਨਿਕਲਣ ਲੱਗ ਪੈਂਦਾ ਹੈ। ਮਨੁੱਖ ਦੇ ਨੇਤਰਾਂ ਵਿੱਚੋਂ ਵੀ ਪ੍ਰਕਾਸ਼ ਨਿਕਲਣ ਲੱਗ ਪੈਂਦਾ ਹੈ। ਦਸਮ ਦੁਆਰ ਖੁੱਲ੍ਹ ਜਾਂਦਾ ਹੈ ਅਤੇ ਅਕਾਲ ਪੁਰਖ ਨਾਲ ਤੁਹਾਡਾ ਸਿੱਧਾ ਸੰਪਰਕ ਕਾਇਮ ਹੋ ਜਾਂਦਾ ਹੈ। ਦਸਮ ਦੁਆਰ ਦੇ ਖੁੱਲ੍ਹਣ ਨਾਲ ਆਪਣੀ ਹੀ ਕੰਚਨ ਹੋਈ ਸੂਖਮ ਦੇਹੀ ਦੇ ਦਰਸ਼ਨ ਹੋ ਜਾਂਦੇ ਹਨ। ਦਸਮ ਦੁਆਰ ਦੇ ਖੁੱਲ੍ਹਣ ਨਾਲ ਮਨੁੱਖ ਨੂੰ ਅਨਹਦ ਸ਼ਬਦ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਅਨਹਦ ਸ਼ਬਦ ਨਿਰੰਤਰ ਮਨੁੱਖ ਦੇ ਦਸਮ ਦੁਆਰ ਵਿੱਚ ਵੱਜਣ ਲੱਗ ਪੈਂਦਾ ਹੈ। ਅਨਹਦ ਸ਼ਬਦ ਜੋ ਮਨੁੱਖ ਦੇ ਦਸਮ ਦੁਆਰ ਵਿੱਚ ਵੱਜਦਾ ਹੈ ਉਹ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਧੁਨਾਤਮਕ ਨਾਮ ਅੰਮ੍ਰਿਤ ਹੈ। ਦਸਮ ਦੁਆਰ ਵਿੱਚ ਵੱਜਦੇ ਹੋਏ ਇਸ ਅਨਹਦ ਸ਼ਬਦ ਦੇ ਬਾਰੇ ਪਰਮ ਸਤਿ ਤੱਤ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥੩॥
ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥
ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥੪॥੩॥੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੯੦)

ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੦੨)

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੪)

ਨਿਰੰਤਰ ਦਸਮ ਦੁਆਰ ਵਿੱਚ ਵੱਜਣ ਵਾਲਾ ਇਹ ਅਨਹਦ ਸ਼ਬਦ ਧੁਨਾਤਮਕ ਨਾਮ

ਅੰਮ੍ਰਿਤ ਹੀ ਦਰਗਾਹੀ ਅਖੰਡ ਕੀਰਤਨ ਹੈ। ਅਨਹਦ ਤੋਂ ਭਾਵ ਹੈ ਜਿਸ ਦਾ ਕੋਈ ਹੱਦ-ਬੰਨਾ ਨਹੀਂ ਹੈ। ਜੋ ਕਦੇ ਖ਼ਤਮ ਨਹੀਂ ਹੁੰਦਾ ਹੈ। ਜੋ ਬੇਅੰਤ ਹੈ ਅਤੇ ਨਿਰੰਤਰ ਵੱਜਦਾ ਹੈ। ਇਹ ਅਨਹਦ ਸ਼ਬਦ ਮਨੁੱਖ ਦੇ ਕੰਨਾਂ ਵਿੱਚ ਨਹੀਂ ਸੁਣਦਾ ਹੈ। ਇਹ ਅਨਹਦ ਸ਼ਬਦ ਬੇਅੰਤ ਸ਼ਕਤੀਸ਼ਾਲੀ ਹੈ ਅਤੇ ਇਹ ਮਨੁੱਖ ਦੇ ਕੇਵਲ ਦਸਮ ਦੁਆਰ ਵਿੱਚ ਹੀ ਵੱਜਦਾ ਅਤੇ ਸੁਣਦਾ ਹੈ। ਇਸ ਪਰਮ ਸ਼ਕਤੀਸ਼ਾਲੀ ਅਨਹਦ ਸ਼ਬਦ ਧੁਨਾਤਮਕ ਨਾਮ ਅੰਮ੍ਰਿਤ ਵਿੱਚ ਸਾਰੀ ਕੁਦਰਤ ਦਾ ਇਲਾਹੀ ਸੰਗੀਤ ਅਤੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਅੰਮ੍ਰਿਤ ਬਾਣੀ ਗੂੰਜਦੀ ਹੈ। ਜਦ ਇਹ ਅਨਹਦ ਸ਼ਬਦ ਪ੍ਰਗਟ ਹੁੰਦਾ ਹੈ ਤਾਂ ਇਸ ਦੇ ਸਨਮੁਖ ਸਾਰੇ ਸੰਗੀਤਾਂ ਦੀਆਂ ਧੁਨਾਂ ਫਿੱਕੀਆਂ ਪੈ ਜਾਂਦੀਆਂ ਹਨ। ਜਦ ਮਨੁੱਖ ਇਸ ਅਨਹਦ ਸ਼ਬਦ ਦੇ ਸੰਗੀਤ 'ਤੇ ਆਪਣਾ ਧਿਆਨ ਕੇਂਦਰਿਤ ਕਰਦਾ ਹੈ ਤਾਂ ਉਸ ਦਾ ਹਿਰਦਾ ਅਤੇ ਮਨ ਇੱਕ ਦਮ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ ਅਤੇ ਮਨੁੱਖ ਸੁੰਨ ਸਮਾਧੀ ਵਿੱਚ ਸਥਿਤ ਹੋ ਜਾਂਦਾ ਹੈ।

ਐਸੀ ਸੁੰਦਰ ਅਤੇ ਪਰਮ ਸ਼ਕਤੀਸ਼ਾਲੀ ਕਰਮ ਖੰਡ ਦੀ ਅਵਸਥਾ ਵਿੱਚ ਜੋ ਮਨੁੱਖ ਪਹੁੰਚ ਜਾਂਦੇ ਹਨ; ਉਨ੍ਹਾਂ ਉੱਪਰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਬੇਅੰਤ ਅਪਾਰ ਕਿਰਪਾ ਬਰਸਦੀ ਹੈ। ਉਨ੍ਹਾਂ ਦੀ ਸੁਰਤਿ, ਮਤਿ, ਮਨ, ਬੁੱਧ ਬਹੁਤ ਰੂਹਾਨੀ ਉੱਚਾਈਆਂ 'ਤੇ ਚਲੀਆਂ ਜਾਂਦੀਆਂ ਹਨ। ਐਸੀ ਪਰਮ ਸ਼ਕਤੀਸ਼ਾਲੀ ਅਵਸਥਾ ਵਿੱਚ ਜੋ ਜਿਗਿਆਸੂ ਪਹੁੰਚ ਜਾਂਦੇ ਹਨ; ਉਨ੍ਹਾਂ ਦੀ ਅਵਸਥਾ ਦਾ ਵਰਣਨ ਨਹੀਂ ਕੀਤਾ ਜਾ ਸਕਦਾ ਹੈ। ਇਹ ਗੁਰਪ੍ਰਸਾਦੀ ਕਥਾ ਐਸੇ ਮਹਾਂਪੁਰਖਾਂ ਦੀ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਦੀ ਕੇਵਲ ਇੱਕ ਝਲਕ ਮਾਤਰ ਹੀ ਹੈ। ਜੋ ਮਨੁੱਖ ਇਹ ਦਾਅਵਾ ਕਰਦੇ ਹਨ ਕਿ ਉਹ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਦਾ ਵਰਣਨ ਕਰ ਸਕਦੇ ਹਨ; ਉਹ ਕੇਵਲ ਆਪਣੇ ਅਹੰਕਾਰ ਵੱਸ ਹੋ ਕੇ ਐਸਾ ਕਰਦੇ ਹਨ। ਜਿਸ ਕਾਰਨ ਉਨ੍ਹਾਂ ਨੂੰ ਪਸ਼ਚਾਤਾਪ ਕਰਨਾ ਪੈਂਦਾ ਹੈ। ਜੋ ਮਨੁੱਖ ਐਸੀ ਅਵਸਥਾ ਵਿੱਚ ਪਹੁੰਚ ਜਾਂਦੇ ਹਨ; ਉਨ੍ਹਾਂ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਬੇਅੰਤ ਪਰਮ ਸ਼ਕਤੀਆਂ ਦਾ ਅਨੁਭਵ ਹੋ ਜਾਂਦਾ ਹੈ। ਇਸ ਲਈ ਉਹ ਆਪਣੇ ਆਪ ਨੂੰ ਮਹਾ ਕੰਗਾਲ ਕਹਿਣ ਲੱਗ ਜਾਂਦੇ ਹਨ। ਉਹ ਇਹ ਕਹਿਣ ਲੱਗ ਜਾਂਦੇ ਹਨ ਕਿ ਉਨ੍ਹਾਂ ਨੂੰ ਕੋਈ ਗਿਆਨ ਨਹੀਂ ਹੈ। ਇਹ ਸਭ ਕੁਝ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਹੀ ਮਹਿਮਾ ਹੈ। ਉਹ ਇਲਾਹੀ ਇਸ਼ਕ ਵਿੱਚ ਆਪਣੇ ਆਪ ਨੂੰ ਮਿਟਾ ਦਿੰਦੇ ਹਨ। ਉਹ ਆਪਣੀ ਹਸਤੀ ਨੂੰ ਮਿਟਾ ਕੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ।

■

ਅਨੰਦੁ ਸਾਹਿਬ-ਪਉੜੀ ੨੨

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥
ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੦)

ਪਿਛਲੀ ਪਉੜੀ ਵਿੱਚ ਧੰਨ ਧੰਨ ਸਤਿਗੁਰੂ ਸਾਹਿਬ ਨੇ "ਸਨਮੁਖ" ਮਨੁੱਖ ਦੀ ਅਤਿ ਸੁੰਦਰ ਮਹਿਮਾ ਨੂੰ ਪ੍ਰਗਟ ਕੀਤਾ ਹੈ। ਇਸ ਪਉੜੀ ਵਿੱਚ ਸਤਿਗੁਰੂ ਸਾਹਿਬ ਨੇ ਸਤਿਗੁਰੂ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਪ੍ਰਗਟ ਕੀਤਾ ਹੈ। ਇਸ ਦੇ ਨਾਲ ਹੀ ਇਸ ਪਉੜੀ ਵਿੱਚ ਧੰਨ ਧੰਨ ਸਤਿਗੁਰੂ ਸਾਹਿਬ ਜੀ "ਵੇਮੁਖ" ਮਨੁੱਖ ਦਾ ਕੀ ਹਸ਼ਰ ਹੁੰਦਾ ਹੈ, ਇਸ ਪਰਮ ਸਤਿ ਤੱਤ ਨੂੰ ਪ੍ਰਗਟ ਕਰ ਰਹੇ ਹਨ। ਸਾਕਤ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਤੋਂ "ਵੇਮੁਖ" ਹੁੰਦਾ ਹੈ। ਜਿਸ ਮਨੁੱਖ ਦਾ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਹਸਤੀ ਵਿੱਚ ਕੋਈ ਭਰੋਸਾ ਨਹੀਂ ਹੁੰਦਾ ਹੈ ਉਹ ਮਨੁੱਖ "ਵੇਮੁਖ" ਹੁੰਦਾ ਹੈ। ਜੋ ਮਨੁੱਖ ਇਹ ਵਿਸ਼ਵਾਸ ਨਹੀਂ ਕਰਦਾ ਹੈ ਕਿ ਸਤਿ ਪਾਬ੍ਰਹਮ ਪਰਮੇਸ਼ਰ ਦੀ ਵੀ ਕੋਈ ਹਸਤੀ ਹੈ ਉਹ ਮਨੁੱਖ "ਵੇਮੁਖ" ਹੁੰਦਾ ਹੈ। ਜੋ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਨਾਲ ਪਿਆਰ ਤੋਂ ਸੱਖਣਾ ਹੁੰਦਾ ਹੈ ਉਹ ਮਨੁੱਖ "ਵੇਮੁਖ" ਹੁੰਦਾ ਹੈ। ਜਿਸ ਮਨੁੱਖ ਦੇ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਲਈ ਕੋਈ ਸ਼ਰਧਾ ਨਹੀਂ ਹੁੰਦੀ ਹੈ ਉਹ ਮਨੁੱਖ "ਵੇਮੁਖ" ਹੁੰਦਾ ਹੈ। ਜੋ ਮਨੁੱਖ ਨਾਸਤਿਕ ਬਿਰਤੀ ਰੱਖਦਾ ਹੈ ਉਹ ਮਨੁੱਖ "ਵੇਮੁਖ" ਹੁੰਦਾ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਨਹੀਂ ਹੁੰਦਾ ਹੈ ਉਹ ਮਨੁੱਖ "ਵੇਮੁਖ" ਹੁੰਦਾ ਹੈ। ਜੋ ਮਨੁੱਖ ਕੇਵਲ ਆਪਣੀ ਮਤਿ ਦਾ ਧਾਰਨੀ ਹੁੰਦਾ ਹੈ ਉਹ ਮਨੁੱਖ "ਵੇਮੁਖ" ਹੁੰਦਾ ਹੈ। ਜੋ ਮਨੁੱਖ ਸੰਸਾਰਿਕ ਮਤਿ ਦਾ ਧਾਰਨੀ ਹੁੰਦਾ ਹੈ ਉਹ ਮਨੁੱਖ "ਵੇਮੁਖ" ਹੁੰਦਾ ਹੈ। ਜੋ ਮਨੁੱਖ ਦੁਰਮਤਿ ਦਾ ਧਾਰਨੀ ਹੁੰਦਾ ਹੈ ਉਹ ਮਨੁੱਖ "ਵੇਮੁਖ" ਹੁੰਦਾ ਹੈ। ਜੋ ਮਨੁੱਖ ਗੁਰਮਤਿ ਦਾ ਧਾਰਨੀ ਨਹੀਂ ਹੁੰਦਾ ਹੈ ਉਹ ਮਨੁੱਖ "ਵੇਮੁਖ" ਹੁੰਦਾ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਨਹੀਂ ਹੁੰਦਾ ਹੈ ਉਹ ਮਨੁੱਖ "ਵੇਮੁਖ" ਹੁੰਦਾ ਹੈ। ਜੋ ਮਨੁੱਖ ਮਨਮੁਖ ਹੁੰਦਾ ਹੈ ਉਹ ਮਨੁੱਖ "ਵੇਮੁਖ" ਹੁੰਦਾ ਹੈ। "ਵੇਮੁਖ" ਮਨੁੱਖ ਹੀ ਮਨਮੁਖ ਹੁੰਦਾ ਹੈ। ਜੋ ਮਨੁੱਖ ਆਪਣੇ ਮਨ ਨੂੰ ਮੁੱਖ ਰੱਖਦਾ ਹੈ ਉਹ ਮਨੁੱਖ "ਵੇਮੁਖ" ਅਤੇ "ਮਨਮੁਖ" ਹੁੰਦਾ ਹੈ। ਭਾਵ ਜੋ ਮਨੁੱਖ ਆਪਣੀ ਮਨਮਤਿ, ਸੰਸਾਰਿਕ ਮਤਿ ਅਤੇ ਦੁਰਮਤਿ ਨੂੰ ਧਾਰਨ ਕਰਦਾ ਹੈ ਅਤੇ ਗੁਰਮਤਿ ਨੂੰ ਧਾਰਨ ਨਹੀਂ ਕਰਦਾ ਹੈ ਉਹ ਮਨੁੱਖ "ਵੇਮੁਖ" ਅਤੇ "ਮਨਮੁਖ" ਹੁੰਦਾ ਹੈ। ਇਹ ਪਰਮ ਸਤਿ ਹੈ ਕਿ ਜੋ ਮਨੁੱਖ ਮਾਇਆ ਦੀ ਗ਼ੁਲਾਮੀ ਵਿੱਚ ਰੱਤਾ ਹੋਇਆ ਹੈ ਉਹ ਮਨੁੱਖ "ਵੇਮੁਖ" ਅਤੇ "ਮਨਮੁਖ" ਹੈ। ਇਹ ਪਰਮ ਸਤਿ ਹੈ ਕਿ ਜੋ ਮਨੁੱਖ ਆਪਣੀ ਸੰਸਾਰਿਕ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ

ਅਹੰਕਾਰ) ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦੀ ਗ਼ੁਲਾਮੀ ਵਿੱਚ ਵਿਨਾਸ਼ਕਾਰੀ ਕਰਮ ਕਰਦਾ ਹੈ ਉਹ ਮਨੁੱਖ ''ਵੇਮੁਖੁ'' ਅਤੇ ''ਮਨਮੁਖ'' ਹੁੰਦਾ ਹੈ। ਇਹ ਪਰਮ ਸਤਿ ਹੈ ਕਿ ਮਾਇਆਧਾਰੀ ਮਨੁੱਖ ''ਵੇਮੁਖੁ'' ਅਤੇ ''ਮਨਮੁਖ'' ਹੁੰਦਾ ਹੈ। ਮਨਮੁਖ ਮਨੁੱਖ ''ਵੇਮੁਖੁ'' ਹੁੰਦਾ ਹੈ ਅਤੇ ਸਨਮੁਖ ਮਨੁੱਖ ਗੁਰਮੁਖ ਬਣਦਾ ਹੈ। ਮਨਮੁਖ ਮਨੁੱਖ ਅਸਤਿ ਕਰਮ ਇਕੱਤਰ ਕਰਦਾ ਹੈ ਅਤੇ ਸਨਮੁਖ ਮਨੁੱਖ ਸਤਿ ਕਰਮ ਇਕੱਤਰ ਕਰਦਾ ਹੈ। ਮਨਮੁਖ ਮਨੁੱਖ ਪਾਪ ਕਰਮ ਇਕੱਤਰ ਕਰਦਾ ਹੈ ਅਤੇ ਸਨਮੁਖ ਮਨੁੱਖ ਪੁੰਨ ਕਰਮ ਇਕੱਤਰ ਕਰਦਾ ਹੈ। ਇਸ ਲਈ ''ਮਨਮੁਖ'' ਅਤੇ ''ਵੇਮੁਖੁ'' ਮਨੁੱਖ ਦੁੱਖਾਂ-ਕਲੇਸ਼ਾਂ ਮੁਸੀਬਤਾਂ ਸਮੱਸਿਆਵਾਂ ਨੂੰ ਆਪਣੇ ਪ੍ਰਾਲਬਧ ਵਿੱਚ ਆਪ ਲਿਖਦਾ ਹੈ ਅਤੇ ਸਨਮੁਖ ਮਨੁੱਖ ਪੁੰਨ ਖੱਟਦਾ ਹੈ ਜਿਸ ਦੇ ਕਾਰਨ ਉਸ ਦੇ ਪ੍ਰਾਲਬਧ ਵਿੱਚ ਸੁੱਖਾਂ ਦਾ ਅਭਾਵ ਨਹੀਂ ਹੁੰਦਾ ਹੈ। ਮਨਮੁਖ ਦਾ ਜੀਵਨ ਦੁੱਖਾਂ ਵਿੱਚ ਬੀਤਦਾ ਹੈ ਅਤੇ ਸਨਮੁਖ ਮਨੁੱਖ ਜੋ ਕਿ ਆਪਣੀ ਬੰਦਗੀ ਪੂਰਨ ਕਰ ਕੇ ਗੁਰਮੁਖ ਬਣ ਜਾਂਦਾ ਹੈ ਉਹ ਆਪਣੇ ਭਾਗਾਂ ਵਿੱਚ ਸਦਾ ਸੁੱਖ ਲਿਖ ਦਿੰਦਾ ਹੈ। ਗੁਰਮੁਖ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਕੇ ਸਦਾ ਸੁੱਖ ਦੀ ਪ੍ਰਾਪਤੀ ਕਰ ਲੈਂਦਾ ਹੈ ਅਤੇ ਮਨਮੁਖ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਤੋਂ ਸਦਾ ਵਿਛੜਿਆ ਰਹਿੰਦਾ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥ ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥
ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੧)

ਜੋ ਮਨੁੱਖ ਸਤਿਗੁਰੂ ਦੇ ਸਨਮੁਖ ਹੋ ਕੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਰਦੇ ਹਨ ਅਤੇ ਬੰਦਗੀ ਦੇ ਮਾਰਗ ਉੱਪਰ ਚਲਦੇ ਹਨ ਉਹ ਮਨੁੱਖ 'ਵੇਮੁਖਤਾ' ਦਾ ਤਿਆਗ ਕਰਨ ਦਾ ਅਭਿਆਸ ਕਰਦੇ ਹਨ। ਭਾਵ ਜੋ ਮਨੁੱਖ ਸਤਿਗੁਰੂ ਦੀ ਪਰਮ ਸ਼ਕਤੀਸ਼ਾਲੀ ਗੁਰਕਿਰਪਾ ਦੇ ਪਾਤਰ ਬਣ ਕੇ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦਾ ਗੁਰਪ੍ਰਸਾਦਿ ਪ੍ਰਾਪਤ ਕਰਦੇ ਹਨ ਅਤੇ ਬੰਦਗੀ ਦੇ ਮਾਰਗ ਉੱਪਰ ਚਲਣ ਦਾ ਯਤਨ ਕਰਦੇ ਹਨ ਉਹ ਮਨੁੱਖ 'ਵੇਮੁਖਤਾ' ਦਾ ਤਿਆਗ ਕਰਨ ਦਾ ਅਭਿਆਸ ਕਰਦੇ ਹਨ। ਜੋ ਮਨੁੱਖ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਦਾ ਯਤਨ ਕਰਦੇ ਹੋਏ ਸਤਿਨਾਮ ਸਿਮਰਨ ਦਾ ਅਭਿਆਸ ਕਰਦੇ ਹਨ ਉਹ ਮਨੁੱਖ ਮਨਮਤਿ, ਸੰਸਾਰਿਕ ਮਤਿ ਅਤੇ ਦੁਰਮਤਿ ਦਾ ਤਿਆਗ ਕਰਨ ਦਾ ਯਤਨ ਕਰਦੇ ਹਨ। ਜੋ ਮਨੁੱਖ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਭਗਤੀ ਵਿੱਚ ਲੀਨ ਹੁੰਦੇ ਹਨ ਉਹ ਮਨੁੱਖ ਆਪਣੇ ਰੋਜ਼ਾਨਾ ਜੀਵਨ ਵਿੱਚ ਗੁਰਮਤਿ ਦਾ ਅਭਿਆਸ ਕਰਨ ਦਾ ਯਤਨ ਕਰਦੇ ਹਨ। ਇਹ ਪਰਮ ਸਤਿ ਹੈ ਕਿ ਮਾਇਆ ਦੀ ਗ਼ੁਲਾਮੀ ਵਿੱਚ ਵਿਚਰ ਰਿਹਾ ਮਨੁੱਖ ਮਨਮਤਿ, ਸੰਸਾਰਿਕ ਮਤਿ ਅਤੇ ਦੁਰਮਤਿ ਦਾ ਧਾਰਨੀ ਹੁੰਦਾ ਹੈ। ਮਨਮਤਿ, ਸੰਸਾਰਿਕ ਮਤਿ ਅਤੇ ਦੁਰਮਤਿ ਦਾ ਤਿਆਗ ਕਰਨਾ ਅਤੇ ਗੁਰਮਤਿ ਦੇ ਧਾਰਨੀ ਹੋਣਾ ਹੀ ਬੰਦਗੀ ਹੈ। ਮਾਇਆ ਨੂੰ ਜਿੱਤਣਾ ਹੀ ਗੁਰਮਤਿ ਦਾ ਧਾਰਨੀ ਹੋਣਾ ਹੈ। ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋਣਾ ਹੀ ਸੰਪੂਰਨ ਗੁਰਮਤਿ ਦਾ ਧਾਰਨੀ ਹੋਣਾ ਹੈ। ਗੁਰਪ੍ਰਸਾਦੀ ਸਤਿਨਾਮ ਸਿਮਰਨ ਅਤੇ ਸਤਿਨਾਮ ਦੀ ਕਮਾਈ ਕਰਨ ਨਾਲ ਮਨੁੱਖ ਦਾ ਮਨ ਚਿੰਦਿਆ ਜਾਂਦਾ ਹੈ ਅਤੇ ਮਨਮਤਿ, ਦੁਰਮਤਿ ਅਤੇ ਸੰਸਾਰਿਕ ਮਤਿ ਦਾ ਤਿਆਗ ਕਰਨਾ ਸੰਭਵ ਹੋ ਜਾਂਦਾ ਹੈ। ਪੂਰਨ ਸਮਰਪਣ ਕੇਵਲ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ

ਹੀ ਹੁੰਦਾ ਹੈ। ਇਸ ਲਈ ਬੰਦਗੀ ਕੇਵਲ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਕੀਤੇ ਗਏ ਸਮਰਪਣ ਨਾਲ ਹੀ ਦਰਗਾਹ ਵਿੱਚ ਪ੍ਰਵਾਨ ਚੜ੍ਹਦੀ ਹੈ। ਜਿਉਂ-ਜਿਉਂ ਮਨੁੱਖ ਦੀ ਸ਼ਰਧਾ, ਪ੍ਰੀਤ ਅਤੇ ਭਰੋਸਾ ਵੱਧਦਾ ਜਾਂਦਾ ਹੈ ਤਿਉਂ-ਤਿਉਂ ਮਨੁੱਖ ਦਾ ਸਮਰਪਣ ਹੋਰ ਡੂੰਘਾ ਹੁੰਦਾ ਜਾਂਦਾ ਹੈ। ਜਿਉਂ-ਜਿਉਂ ਮਨੁੱਖ ਦੀ ਸ਼ਰਧਾ, ਪ੍ਰੀਤ ਅਤੇ ਭਰੋਸਾ ਵੱਧਦਾ ਜਾਂਦਾ ਹੈ ਤਿਉਂ-ਤਿਉਂ ਮਨੁੱਖ ਮਾਨਸਰੋਵਰ ਵਿੱਚ ਹੋਰ ਗਹਿਰਾ ਉਤਰਦਾ ਜਾਂਦਾ ਹੈ ਜਿਸ ਦੇ ਨਾਲ ਉਸ ਦੀ ਮਨਮੁਖਤਾ ਦਾ ਅੰਤ ਹੋ ਜਾਂਦਾ ਹੈ।

ਜਦ ਤੱਕ ਮਨੁੱਖ ਦਾ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਨਹੀਂ ਹੁੰਦਾ ਹੈ ਤਦ ਤੱਕ ਮਨੁੱਖ ਵਿੱਚ ਮਨਮੁਖਤਾ ਦਾ ਅੰਸ਼ ਪੂਰਨ ਤੌਰ 'ਤੇ ਨਸ਼ਟ ਨਹੀਂ ਹੁੰਦਾ ਹੈ। ਜਦ ਤੱਕ ਮਨੁੱਖ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਅੱਪੜ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਨਹੀਂ ਹੋ ਜਾਂਦਾ ਤਦ ਤੱਕ ਮਨੁੱਖ ਦੇ ਅੰਦਰ ਮਨਮੁਖਤਾ ਦਾ ਅੰਸ਼ ਪੂਰਨ ਤੌਰ 'ਤੇ ਨਸ਼ਟ ਨਹੀਂ ਹੁੰਦਾ ਹੈ। ਜਦ ਤੱਕ ਮਨੁੱਖ ਗੁਰਮੁਖ ਨਹੀਂ ਬਣ ਜਾਂਦਾ ਹੈ ਤਦ ਤੱਕ ਮਨੁੱਖ ਦੇ ਅੰਦਰੋਂ ਮਨਮੁਖਤਾ ਦਾ ਪੂਰਨ ਨਾਸ਼ ਨਹੀਂ ਹੁੰਦਾ ਹੈ। ਇਸ ਲਈ ਕਈ ਬੰਦਗੀ ਵਿੱਚ ਲੀਨ ਹੋਏ ਮਨੁੱਖ ਬਹੁਤ ਉੱਚੀ ਅਵਸਥਾ ਪ੍ਰਾਪਤ ਕਰਨ ਦੇ ਉਪਰੰਤ ਵੀ ਬੰਦਗੀ ਪੂਰਨ ਕਰਨ ਵਿੱਚ ਅਸਫਲ ਹੋ ਜਾਂਦੇ ਹਨ। ਬੰਦਗੀ ਵਿੱਚ ਲੀਨ ਹੋਏ ਅਤੇ ਬਹੁਤ ਉੱਚੀ (ਕਰਮ ਖੰਡ ਅਤੇ ਸੱਚ ਖੰਡ) ਅਵਸਥਾ ਵਿੱਚ ਪਹੁੰਚੇ ਹੋਏ ਮਨੁੱਖਾਂ ਵਿੱਚ ਵੀ ਮਨਮੁਖਤਾ ਦਾ ਅੰਸ਼ ਪੂਰਨ ਤੌਰ 'ਤੇ ਨਸ਼ਟ ਨਾ ਹੋਣ ਦੇ ਕਾਰਨ ਉਹ ਅਸਫਲ ਹੋ ਜਾਂਦੇ ਹਨ ਕਿਉਂਕਿ ਐਸੀ ਉੱਚੀ ਅਤੇ ਪਰਮ ਸ਼ਕਤੀਸ਼ਾਲੀ ਅਵਸਥਾ ਵਿੱਚ ਪਹੁੰਚ ਕੇ ਜਦ ਮਨੁੱਖ ਨੂੰ ਸੇਵਾ ਕਰਨ ਦੀ ਬਖ਼ਸ਼ਿਸ਼ ਪ੍ਰਾਪਤ ਹੁੰਦੀ ਹੈ ਤਾਂ ਉਸ ਨੂੰ ਇਲਾਹੀ ਦਰਗਾਹੀ ਪਰਮ ਸ਼ਕਤੀਆਂ ਦਾ ਅਨੁਭਵ ਹੁੰਦਾ ਹੈ। ਕਰਮ ਖੰਡ ਅਤੇ ਸੱਚ ਖੰਡ ਦੀ ਉੱਚੀ ਅਤੇ ਪਰਮ ਸ਼ਕਤੀਸ਼ਾਲੀ ਅਵਸਥਾ ਵਿੱਚ ਪਹੁੰਚੇ ਹੋਏ ਮਨੁੱਖਾਂ ਨੂੰ ਜਦ ਸਤਿ ਪਾਰਬ੍ਰਹਮ ਦੁਆਰਾ ਬਖ਼ਸ਼ੀਆਂ ਗਈਆਂ ਪਰਮ ਸ਼ਕਤੀਆਂ ਦਾ ਅਨੁਭਵ ਹੁੰਦਾ ਹੈ ਤਾਂ ਇਨ੍ਹਾਂ ਪਰਮ ਸ਼ਕਤੀਆਂ ਦੇ ਨਸ਼ੇ ਵਿੱਚ ਕਈ ਮਨੁੱਖ ਇਹ ਭੁੱਲ ਜਾਂਦੇ ਹਨ ਕਿ ਇਹ ਸਾਰੀ ਸਤਿਗੁਰੂ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਰਹਿਮਤ ਅਤੇ ਗੁਰਪ੍ਰਸਾਦਿ ਹੈ। ਇਸ ਕਾਰਨ ਉਨ੍ਹਾਂ ਮਨੁੱਖਾਂ ਦੇ ਅੰਦਰ ਸਥਿਤ ਮਨਮੁਖਤਾ ਦੇ ਅੰਸ਼ ਕਾਰਨ ਉਹ ਕੋਈ ਨਾ ਕੋਈ ਭੁੱਲ ਕਰ ਬੈਠਦੇ ਹਨ। ਮਨਮੁਖਤਾ ਦੇ ਕਾਰਨ ਕਈ ਵਾਰ ਉਹ ਇਹ ਸਮਝ ਲੈਂਦੇ ਹਨ ਕਿ ਹੁਣ ਉਨ੍ਹਾਂ ਨੂੰ ਸਭ ਕੁਝ ਪ੍ਰਾਪਤ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਹੁਣ ਸਤਿਗੁਰੂ ਦੀ ਕੋਈ ਲੋੜ ਨਹੀਂ ਹੈ। ਆਪਣੀ ਮਨਮੁਖਤਾ ਦੇ ਅੰਸ਼ ਦੇ ਨਾ ਨਸ਼ਟ ਹੋਣ ਕਾਰਨ ਉਹ ਮਨੁੱਖ ਇਹ ਸਮਝ ਲੈਂਦੇ ਹਨ ਕਿ ਹੁਣ ਉਹ ਸਭ ਕੁਝ ਕਰਨ ਵਿੱਚ ਸਮਰੱਥ ਹੋ ਗਏ ਹਨ। ਇਸ ਲਈ ਹੁਣ ਉਨ੍ਹਾਂ ਨੂੰ ਸਤਿਗੁਰੂ ਦੀ ਕੋਈ ਜ਼ਰੂਰਤ ਨਹੀਂ ਹੈ। ਜਾਂ ਪੂਰਨ ਸਮਰਪਣ ਦੇ ਅਭਾਵ ਹੋਣ ਕਾਰਨ ਅਤੇ ਉਨ੍ਹਾਂ ਦੇ ਅੰਦਰ ਮੌਜੂਦ ਮਨਮੁਖਤਾ ਦੇ ਅੰਸ਼ ਦਾ ਨਾਸ਼ ਨਾ ਹੋਣ ਕਾਰਨ ਉਹ ਮਨੁੱਖ ਹੋਰ ਕਈ ਇਸ ਤਰ੍ਹਾਂ ਦੀਆਂ ਦਲੀਲਾਂ ਵਿੱਚ ਫਸ ਕੇ ਕੋਈ ਨਾ ਕੋਈ ਗਲਤੀ ਕਰ ਬੈਠਦੇ ਹਨ ਜੋ ਉਨ੍ਹਾਂ ਦੀ ਵੇਮੁਖਤਾ ਦਾ ਕਾਰਨ ਬਣ ਜਾਂਦੀ ਹੈ। ਐਸੀਆਂ ਭੁੱਲਾਂ ਕਰਨ ਵਾਲੇ ਮਨੁੱਖ ਵੀ ਸਤਿਗੁਰੂ ਤੋਂ "ਵੇਮੁਖ" ਹੋ ਜਾਂਦੇ ਹਨ। ਐਸੇ ਮਨੁੱਖ ਜਿਸ ਸਤਿਗੁਰੂ ਤੋਂ ਗੁਰਪ੍ਰਸਾਦਿ ਪ੍ਰਾਪਤ ਕਰਦੇ ਹਨ, ਉਸ ਸਤਿਗੁਰੂ ਨੂੰ ਵਿਸਾਰ ਦੇਣ ਨਾਲ ਉਹ "ਵੇਮੁਖ" ਹੋ ਜਾਂਦੇ ਹਨ ਅਤੇ ਆਪਣਾ ਜਨਮ ਗੁਆ ਲੈਂਦੇ ਹਨ।

ਬੰਦਗੀ ਕਰਨ ਵਾਲੇ ਗੁਰਪ੍ਰਸਾਦੀ ਸਤਿਨਾਮ ਦੇ ਅਭਿਆਸੀ ਮਨੁੱਖਾਂ ਨੂੰ ਇਸ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ ਕਿ ਬੰਦਗੀ ਵਿੱਚ ਖਰੇ

ਅਤੇ ਖੋਟੇ ਦੀ ਪਰਖ ਸਤਿ ਦੀ ਕਸੌਟੀ ਉੱਪਰ ਲਾਜ਼ਮੀ ਹੁੰਦੀ ਹੈ। ਬੰਦਗੀ ਦੇ ਦੌਰਾਨ ਮਨੁੱਖ ਨੂੰ ਆਪਣੀ ਸ਼ਰਧਾ, ਪ੍ਰੀਤ ਅਤੇ ਭਰੋਸੇ ਨੂੰ ਸਿੱਧ ਕਰਨ ਲਈ ਕਈ ਔਖੀਆਂ ਪ੍ਰੀਖਿਆਵਾਂ ਵਿੱਚੋਂ ਨਿਕਲਣਾ ਪੈਂਦਾ ਹੈ। ਬੰਦਗੀ ਕਰਦੇ ਹੋਏ ਮਨੁੱਖ ਦੇ ਭਰੋਸੇ, ਪ੍ਰੀਤ ਅਤੇ ਸ਼ਰਧਾ ਵਿੱਚ ਕਿਤਨਾ ਸਤਿ ਹੈ ਇਸ ਦੀ ਪ੍ਰੀਖਿਆ ਤਾਂ ਸਤਿਗੁਰੂ ਸਤਿ ਪਾਰਬ੍ਰਹਮ ਪਰਮੇਸ਼ਰ ਲੈਂਦਾ ਹੀ ਹੈ। ਬੰਦਗੀ ਕਰਦੇ ਹੋਏ ਮਨੁੱਖ ਦੇ ਅੰਦਰ ਕਿਤਨੀ ਕੁ ਮਨਮੁਖਤਾ ਹੈ ਅਤੇ ਕਿਤਨੀ ਕੁ ਗੁਰਮੁਖਤਾ ਹੈ ਇਸ ਨੂੰ ਤਾਂ ਸਤਿਗੁਰੂ ਸਤਿ ਪਾਰਬ੍ਰਹਮ ਪਰਮੇਸ਼ਰ ਸਤਿ ਦੀ ਕਸੌਟੀ 'ਤੇ ਪਰਖਦਾ ਹੀ ਹੈ। ਬੰਦਗੀ ਕਰਦੇ ਹੋਏ ਮਨੁੱਖ ਦਾ ਅੰਦਰ ਕਿਤਨਾ ਕੁ ਸਾਫ਼ ਹੈ ਅਤੇ ਕਿਤਨਾ ਕੁ ਮਲੀਨ ਹੈ ਇਸ ਦੀ ਪਰਖ ਤਾਂ ਸਤਿ ਪਾਰਬ੍ਰਹਮ ਪਰਮੇਸ਼ਰ ਕਰਦਾ ਹੀ ਹੈ। ਜਦ ਤੱਕ ਮਨੁੱਖ ਦਾ ਅੰਦਰ ਪੂਰਨ ਤੌਰ 'ਤੇ ਸ਼ੁੱਧ ਨਹੀਂ ਹੋ ਜਾਂਦਾ ਤਦ ਤੱਕ ਸਤਿ ਪਾਰਬ੍ਰਹਮ ਪਰਮੇਸ਼ਰ ਮਨੁੱਖ ਦੀ ਬੰਦਗੀ ਪੂਰਨ ਤੌਰ 'ਤੇ ਪ੍ਰਵਾਨ ਨਹੀਂ ਕਰਦਾ ਹੈ। ਜਦ ਤੱਕ ਮਨੁੱਖ ਦੇ ਅੰਦਰ ਦੀ ਸਾਰੀ ਮਨਮੁਖਤਾ ਦਾ ਨਾਸ਼ ਨਹੀਂ ਹੁੰਦਾ ਹੈ ਤਦ ਤੱਕ ਉਸ ਦੀ ਬੰਦਗੀ ਪੂਰਨ ਹੋ ਕੇ ਦਰਗਾਹ ਵਿੱਚ ਪ੍ਰਵਾਨ ਨਹੀਂ ਹੁੰਦੀ ਹੈ। ਜਦ ਤੱਕ ਮਨੁੱਖ ਦਾ ਅੰਦਰ ਪੂਰਨ ਗੁਰਮਤਿ ਵਿੱਚ ਨਹੀਂ ਸਿੱਧ ਹੋ ਜਾਂਦਾ ਤਦ ਤੱਕ ਉਸ ਦੀ ਬੰਦਗੀ ਪੂਰਨ ਨਹੀਂ ਹੁੰਦੀ ਹੈ। ਇਸ ਲਈ ਮਨੁੱਖ ਦੇ ਅੰਦਰ ਕਿਤਨਾ ਖੋਟ ਹੈ ਅਤੇ ਕਿਤਨਾ ਖਰਾਪਨ ਹੈ ਇਸ ਨੂੰ ਜਾਂਚਣ ਲਈ ਤਾਂ ਸਤਿਗੁਰੂ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਮਨੁੱਖ ਨੂੰ ਸਤਿ ਦੀ ਕਸੌਟੀ 'ਤੇ ਜ਼ਰੂਰ ਪਰਖਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਕੇਵਲ ਪੂਰਨ ਤੌਰ 'ਤੇ ਖਰੇ ਹੋ ਗਏ ਮਨੁੱਖਾਂ ਨੂੰ ਹੀ ਸਦਾ ਸੁਹਾਗਣ ਦੇ ਰੂਪ ਵਿੱਚ ਸਵੀਕਾਰ ਕਰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਕੇਵਲ ਉਸ ਮਨੁੱਖ ਨੂੰ ਆਪਣੇ ਵਿੱਚ ਅਭੇਦ ਕਰਦਾ ਹੈ ਜੋ ਪੂਰਨ ਸਚਿਆਰੀ ਰਹਿਤ ਦਾ ਧਾਰਨੀ ਬਣ ਜਾਂਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਕੇਵਲ ਉਸ ਮਨੁੱਖ ਨੂੰ ਆਪਣੇ ਵਿੱਚ ਅਭੇਦ ਕਰਦਾ ਹੈ ਜੋ ਮਨੁੱਖ ਮਾਇਆ ਨੂੰ ਜਿੱਤ ਲੈਂਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਕੇਵਲ ਉਸ ਮਨੁੱਖ ਨੂੰ ਸਦਾ ਸੁਹਾਗਣ ਦੇ ਰੂਪ ਵਿੱਚ ਸਵੀਕਾਰ ਕਰਦਾ ਹੈ ਜੋ ਸਤਿ ਦੀ ਕਸੌਟੀ ਉੱਪਰ ਖਰਾ ਉਤਰਦਾ ਹੈ। ਜੋ ਮਨੁੱਖ ਸਤਿ ਦੀ ਕਸੌਟੀ 'ਤੇ ਖਰਾ ਨਹੀਂ ਉਤਰਦਾ ਉਸ ਨੂੰ ਸਦਾ ਸੁਹਾਗ ਨਹੀਂ ਪ੍ਰਾਪਤ ਹੁੰਦਾ ਹੈ। ਜੋ ਮਨੁੱਖ ਆਪਣੀ ਮਨਮੁਖਤਾ ਦੇ ਕਾਰਨ ਸਤਿਗੁਰੂ ਤੋਂ "ਵੇਮੁਖ" ਹੋ ਜਾਂਦਾ ਹੈ ਉਸ ਦੀ ਬੰਦਗੀ ਦਰਗਾਹ ਵਿੱਚ ਪ੍ਰਵਾਨ ਨਹੀਂ ਹੁੰਦੀ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੮-੧੧੯)

ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥
ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥
ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥
ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥
ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੩)

ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥

ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੯੨)

ਜਿਨ੍ਹਾਂ ਮਨੁੱਖਾਂ ਦਾ ਸਤਿਗੁਰੂ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਲਈ ਸ਼ਰਧਾ, ਪ੍ਰੀਤ ਅਤੇ ਭਰੋਸਾ ਪੂਰਨ ਹੁੰਦਾ ਹੈ ਉਹ ਮਨੁੱਖ ਸਤਿ ਦੀ ਕਸੌਟੀ 'ਤੇ ਸਹਿਜੇ ਹੀ ਆਪਣਾ ਖਰਾਪਨ ਸਿੱਧ ਕਰਨ ਵਿੱਚ ਸਫ਼ਲ ਹੋ ਜਾਂਦੇ ਹਨ। ਜੋ ਮਨੁੱਖ ਅੰਦਰੋਂ ਭੋਲੇ ਹੁੰਦੇ ਹਨ ਉਨ੍ਹਾਂ ਦੀ ਸ਼ਰਧਾ, ਪ੍ਰੀਤ ਅਤੇ ਭਰੋਸਾ ਕਦੇ ਨਿਸ਼ਫਲ ਨਹੀਂ ਹੁੰਦਾ ਹੈ। ਮਨੁੱਖ ਜਿਤਨਾ ਭੋਲਾ ਹੋਏ ਉਤਨੀ ਹੀ ਉਸ ਦੀ ਬੰਦਗੀ ਸੌਖੀ ਪ੍ਰਵਾਨ ਚੜ੍ਹ ਜਾਂਦੀ ਹੈ। ਮਨੁੱਖ ਜਿਤਨਾ ਭੋਲਾ ਹੋਵੇ ਉਤਨਾ ਹੀ ਛੇਤੀ ਉਹ ਗੁਰਮਤਿ ਦਾ ਧਾਰਨੀ ਹੋ ਜਾਂਦਾ ਹੈ ਅਤੇ ਉਤਨੀ ਹੀ ਛੇਤੀ ਉਸ ਦੀ ਮਨਮੁਖਤਾ ਨਸ਼ਟ ਹੋ ਜਾਂਦੀ ਹੈ। ਜਿਸ ਮਨੁੱਖ ਦੇ ਅੰਦਰ ਚਤੁਰ-ਚਲਾਕੀਆਂ ਦਾ ਸੁਭਾਅ ਜ਼ਿਆਦਾ ਹੁੰਦਾ ਹੈ ਉਸ ਮਨੁੱਖ ਦੀ ਬੰਦਗੀ ਉਤਨੀ ਹੀ ਔਖੀ ਹੋ ਜਾਂਦੀ ਹੈ। ਜਿਸ ਮਨੁੱਖ ਦੇ ਅੰਦਰ ਚਤੁਰ-ਚਲਾਕੀਆਂ ਦਾ ਸੁਭਾਅ ਜ਼ਿਆਦਾ ਹੁੰਦਾ ਹੈ ਉਸ ਮਨੁੱਖ ਦੀ ਸਤਿ ਦੀ ਕਸੌਟੀ ਦੀ ਪਰੀਖਿਆ ਉਤਨੀ ਹੀ ਔਖੀ ਹੁੰਦੀ ਹੈ। ਇਸ ਲਈ ਜਿਸ ਮਨੁੱਖ ਦੇ ਅੰਦਰ ਚਤੁਰ-ਚਲਾਕੀਆਂ ਦਾ ਸੁਭਾਅ ਜ਼ਿਆਦਾ ਹੁੰਦਾ ਹੈ ਉਸ ਮਨੁੱਖ ਦੇ "ਵੇਮੁਖੁ" ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਇਸ ਲਈ ਬੰਦਗੀ ਵਿੱਚ ਆਪਣੇ ਸਤਿਗੁਰੂ ਦੇ ਸਤਿ ਚਰਨਾਂ ਤੋਂ ਕਦੇ ਵੀ ਆਪਣਾ ਸੀਸ ਉੱਤੇ ਨਾ ਚੁੱਕੋ। ਸਾਰੀ ਵਡਿਆਈ ਸਤਿਗੁਰੂ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਚਰਨਾਂ ਵਿੱਚ ਸਦਾ ਅਰਪਣ ਕਰਦੇ ਰਹੋ। ਸਦਾ ਨਿਮਰਤਾ ਦੀ ਕਮਾਈ ਕਰੋ ਅਤੇ ਆਪਣੇ ਆਪ ਨੂੰ ਨੀਵੇਂ ਥਾਂ 'ਤੇ ਰੱਖੋ। ਹਿਰਦੇ ਦੀ ਗਰੀਬੀ ਦੀ ਕਮਾਈ ਕਰੋ। ਕਦੇ ਵੀ ਆਪਣੀ ਰੂਹਾਨੀ ਤਰੱਕੀ ਦਾ ਅਭਿਮਾਨ ਹਿਰਦੇ ਵਿੱਚ ਨਾ ਆਉਣ ਦਿਓ। ਆਪਣੀ ਵਡਿਆਈ ਦੀ ਲੋਚਣਾ ਕਦੇ ਭੁੱਲ ਕੇ ਵੀ ਨਾ ਕਰੋ। ਸਦਾ ਸਤਿਗੁਰੂ ਅਤੇ ਸਤਿ ਪਾਰਬ੍ਰਹਮ ਦੀ ਕਿਰਪਾ ਦਾ ਸਤਿਕਾਰ ਕਰੋ। ਇਹ ਕਦੇ ਨਾ ਭੁੱਲੋ ਕਿ ਤੁਹਾਡੀ ਸਾਰੀ ਰੂਹਾਨੀ ਤਰੱਕੀ ਕੇਵਲ ਸਤਿਗੁਰੂ ਦੇ ਗੁਰਪ੍ਰਸਾਦਿ ਨਾਲ ਹੀ ਹੋਈ ਹੈ। ਸਤਿਗੁਰੂ ਵਿੱਚ ਸਥਿਤ ਪਰਮ ਸ਼ਕਤੀਆਂ ਨੂੰ ਕਦੇ ਘੱਟ ਸਮਝਣ ਦੀ ਭੁੱਲ ਨਾ ਕਰੋ। ਜਦ ਤੁਹਾਡੀ ਬੰਦਗੀ ਪੂਰਨ ਹੋ ਜਾਏਗੀ ਤਾਂ ਹੀ ਦਰਗਾਹ ਤੋਂ ਪਰਉਪਕਾਰੀ ਸੇਵਾ ਦਾ ਗੁਰਪ੍ਰਸਾਦਿ ਪ੍ਰਾਪਤ ਹੋਏਗਾ। ਜਦ ਤੁਹਾਡੀ ਬੰਦਗੀ ਪੂਰਨ ਹੋ ਜਾਏਗੀ ਤਾਂ ਪੂਰਾ ਸਤਿਗੁਰੂ ਆਪਣੇ ਆਪ ਹੀ ਤੁਹਾਨੂੰ ਡੰਡਉਤ ਕਰ ਕੇ ਆਪਣੀ ਸ਼ਿਸ਼ਤਾ ਤੋਂ ਅਜ਼ਾਦ ਕਰ ਦੇਵੇਗਾ। ਜਿਵੇਂ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਨੇ ਭਾਈ ਲਹਿਣਾ ਜੀ ਨੂੰ ਪੂਰਨ ਸਤਿਗੁਰੂ ਦੇ ਰੂਪ ਵਿੱਚ ਸੁਸ਼ੋਭਿਤ ਕੀਤਾ; ਸਤਿਗੁਰੂ ਤੁਹਾਨੂੰ ਸਦਾ ਸੁਹਾਗਣ ਬਣਾਉਣ ਲਈ ਵਿਚੋਲੇ ਦੀ ਭੂਮਿਕਾ ਨਿਭਾਉਂਦਾ ਹੈ ਅਤੇ ਸਦਾ ਸੁਹਾਗ ਦੀ ਪ੍ਰਾਪਤੀ ਤੋਂ ਉਪਰੰਤ ਸਤਿਗੁਰੂ ਦਾ ਕਾਰਜ ਪੂਰਨ ਹੋ ਜਾਂਦਾ ਹੈ। ਐਸੀ ਅਵਸਥਾ ਵਿੱਚ ਅੱਪੜਣ ਤੋਂ ਬਾਅਦ ਸਤਿ ਪਾਰਬ੍ਰਹਮ ਪਰਮੇਸ਼ਰ ਤੁਹਾਡਾ ਸਤਿਗੁਰੂ ਹੋ ਜਾਂਦਾ ਹੈ। ਇਸ ਅਵਸਥਾ (ਸਦਾ ਸੁਹਾਗਣ) 'ਤੇ ਅੱਪੜ ਕੇ ਹੀ ਮਨੁੱਖਤਾ ਦੀ ਸੇਵਾ ਕੀਤੀ ਜਾਂਦੀ ਹੈ। ਇਸ ਅਵਸਥਾ (ਸਦਾ ਸੁਹਾਗਣ) 'ਤੇ ਅੱਪੜ ਕੇ ਹੀ ਮਨੁੱਖ ਗੁਰਪ੍ਰਸਾਦਿ ਵਰਤਾਉਣ ਦੀ ਸੇਵਾ ਪ੍ਰਾਪਤ ਕਰਦਾ ਹੈ ਅਤੇ ਸਤਿਨਾਮ ਦੇ ਅੰਮ੍ਰਿਤ ਦਾ ਵਪਾਰੀ ਬਣਦਾ ਹੈ।

ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਦੀ ਬੰਦਗੀ ਸ਼ੁਰੂ ਨਹੀਂ ਹੁੰਦੀ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਨੂੰ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਬਿਨਾਂ ਸਤਿਗੁਰੂ

ਦੀ ਪ੍ਰਾਪਤੀ ਤੋਂ ਮਨੁੱਖ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਨੂੰ ਸੁਹਾਗ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਦੀ ਸੁਰਤਿ ਵਿੱਚ ਸ਼ਬਦ ਦਾ ਸੁਮੇਲ ਨਹੀਂ ਹੁੰਦਾ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਦਾ ਸਿਮਰਨ ਸੁਰਤਿ ਵਿੱਚ ਨਹੀਂ ਉੱਕਰਦਾ ਹੈ ਅਤੇ ਨਾ ਹੀ ਮਨੁੱਖ ਦੀ ਸਮਾਧੀ ਲੱਗਦੀ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਦੇ ਰੋਮ-ਰੋਮ ਵਿੱਚ ਸਿਮਰਨ ਨਹੀਂ ਜਾ ਸਕਦਾ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਦੇ ਬਜਰ ਕਪਾਟ ਨਹੀਂ ਖੁੱਲ੍ਹ ਸਕਦੇ ਹਨ ਅਤੇ ਨਾ ਹੀ ਸੁੰਨ ਸਮਾਧੀ ਦੀ ਪ੍ਰਾਪਤੀ ਹੁੰਦੀ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਦਾ ਮਨ ਚਿੰਦਿਆ ਨਹੀਂ ਜਾ ਸਕਦਾ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਦੀ ਮਨਮੁਖਤਾ ਦਾ ਅੰਤ ਨਹੀਂ ਹੁੰਦਾ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਪੂਰਨ ਗੁਰਮਤਿ ਦਾ ਧਾਰਨੀ ਨਹੀਂ ਬਣ ਸਕਦਾ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਦੇ ਮਨ ਦੀ ਮੈਲ ਨਹੀਂ ਧੁਪਦੀ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਦੀ ਹਉਮੈ ਦਾ ਅੰਤ ਨਹੀਂ ਹੁੰਦਾ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਦੇ ਵਿਕਾਰਾਂ ਦਾ ਨਾਸ਼ ਨਹੀਂ ਹੋ ਸਕਦਾ ਹੈ ਅਤੇ ਨਾ ਹੀ ਮਨੁੱਖ ਦੇ ਸਤਿ ਗੁਣਾਂ ਦਾ ਵਿਕਾਸ ਹੋ ਸਕਦਾ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਦੇ ਮੋਹ ਦਾ ਨਾਸ਼ ਨਹੀਂ ਹੁੰਦਾ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਦੀ ਤ੍ਰਿਸ਼ਣਾ ਨਹੀਂ ਬੁਝਦੀ ਹੈ ਅਤੇ ਨਾ ਹੀ ਪੰਜ ਚੰਡਾਲ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਜਿੱਤੇ ਜਾ ਸਕਦੇ ਹਨ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਮਾਇਆ ਦੀ ਗ਼ੁਲਾਮੀ ਤੋਂ ਅਜ਼ਾਦੀ ਨਹੀਂ ਪ੍ਰਾਪਤ ਕਰ ਸਕਦਾ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਮਾਇਆ ਨੂੰ ਜਿੱਤ ਨਹੀਂ ਸਕਦਾ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਗੁਰਮੁਖ ਨਹੀਂ ਬਣ ਸਕਦਾ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਸੰਤ ਨਹੀਂ ਬਣ ਸਕਦਾ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਨਹੀਂ ਹੋ ਸਕਦੇ ਹਨ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਨਹੀਂ ਪਹੁੰਚ ਸਕਦਾ ਹੈ; ਨਾ ਹੀ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਸਕਦਾ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਨੂੰ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਨੂੰ ਸਦਾ ਸੁਹਾਗ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਨੂੰ ਪਰਮ ਪਦਵੀ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਮਨੁੱਖ ਨੂੰ ਜੀਵਨ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਸਤਿਗੁਰੂ ਸਾਹਿਬਾਨ ਨੇ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ:

ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੭)

ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥
ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੮-੩੯)

ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥
ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੮)

ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥
ਗੁਰ ਪਰਸਾਦੀ ਮਿਲੈ ਹਰਿ ਸੋਈ ॥ ਗੁਰੁ ਦਾਤਾ ਜੁਗ ਚਾਰੇ ਹੋਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੩੦)

ਪਉੜੀ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥
ਜਗਜੀਵਨੁ ਦਾਤਾ ਪਾਇਆ ॥੬॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੬)

ਸੰਸਾਰ ਵਿੱਚ ਸਮੇਂ-ਸਮੇਂ ਸਿਰ ਪ੍ਰਗਟ ਹੋਏ ਪ੍ਰਗਟਿਓ ਜੋਤ ਪੂਰਨ ਬ੍ਰਹਮ ਗਿਆਨੀਆਂ, ਸੰਤਾਂ, ਭਗਤਾਂ, ਸਤਿਗੁਰੂਆਂ, ਅਵਤਾਰਾਂ, ਪੀਰਾਂ ਅਤੇ ਪੈਗੰਬਰਾਂ ਨੇ ਆਪਣੇ ਉਪਦੇਸ਼ ਵਿੱਚ ਇਸ ਪਰਮ ਸਤਿ ਤੱਤ ਨੂੰ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ ਕਿ ਬਿਨਾਂ ਸਤਿਗੁਰੂ ਦੇ ਬੰਦਗੀ ਨਹੀਂ ਹੋ ਸਕਦੀ ਹੈ। ਜੋ ਮਨੁੱਖ ਇਸ ਪਰਮ ਸਤਿ 'ਤੇ ਭਰੋਸਾ ਨਹੀਂ ਕਰਦੇ ਹਨ ਉਨ੍ਹਾਂ ਨੂੰ ਸਤਿਗੁਰੂ ਅਮਰ ਦਾਸ ਜੀ ਇਹ ਉਪਦੇਸ਼ ਦੇ ਰਹੇ ਹਨ ਕਿ ਬੇਸ਼ਕ ਤੁਸੀਂ ਇਸ ਪਰਮ ਸਤਿ ਤੱਤ ਦੀ ਪੁਸ਼ਟੀ ਇਸ ਸਮੇਂ ਧਰਤੀ ਉੱਪਰ ਵਿਚਰ ਰਹੇ "ਬਿਬੇਕਿਆ" ਤੋਂ ਕਰ ਸਕਦੇ ਹੋ। ਭਾਵ ਇਸ ਸਮੇਂ ਧਰਤੀ ਉੱਪਰ ਵਿਚਰ ਰਹੇ ਪੂਰਨ ਸੰਤਾਂ ਅਤੇ ਪੂਰਨ ਬ੍ਰਹਮ ਗਿਆਨੀਆਂ ਤੋਂ ਇਸ ਪਰਮ ਸਤਿ ਤੱਤ ਦੀ ਪੁਸ਼ਟੀ ਕਰ ਸਕਦੇ ਹੋ ਕਿ ਬਿਨਾਂ ਸਤਿਗੁਰੂ ਦੀ ਪ੍ਰਾਪਤੀ ਦੇ ਬੰਦਗੀ ਨਹੀਂ ਹੋ ਸਕਦੀ ਹੈ। ਕਿਉਂਕਿ ਸਤਿਗੁਰੂ ਦੇ ਵਿੱਚ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਪ੍ਰਗਟਿਓ ਜੋਤ ਰੂਪ ਵਿੱਚ, ਪਰਮ ਜੋਤ ਰੂਪ ਵਿੱਚ ਧਰਤੀ ਉੱਪਰ ਪ੍ਰਗਟ ਹੁੰਦਾ ਹੈ। ਸਤਿਗੁਰੂ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਕੋਈ ਅੰਤਰ ਜਾਂ ਭੇਦ ਨਹੀਂ ਹੁੰਦਾ ਹੈ। ਸਤਿਗੁਰੂ ਨਿਰੰਕਾਰ ਜੋਤ ਰੂਪ ਵਿੱਚ ਆਪ ਪ੍ਰਗਟ ਹੋ ਕੇ ਸੰਗਤ ਦਾ ਮਾਰਗ ਦਰਸ਼ਨ ਕਰਦਾ ਹੈ ਅਤੇ ਸਤਿ ਗੁਰਪ੍ਰਸਾਦਿ ਵਰਤਾਉਂਦਾ ਹੈ। ਜਿਸ ਮਨੁੱਖ ਦੇ ਭਾਗ ਉੱਤਮ ਹੁੰਦੇ ਹਨ ਉਸ ਨੂੰ ਹੀ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਜੋ ਮਨੁੱਖ ਸਤਿ ਕਰਮ ਕਰਦੇ-ਕਰਦੇ ਸਤੋ ਬਿਰਤੀ ਵਿੱਚ ਰੱਤੇ ਜਾਂਦੇ ਹਨ ਉਨ੍ਹਾਂ ਦੇ ਭਾਗ ਜ਼ਰੂਰ ਜਾਗਦੇ ਹਨ ਅਤੇ ਉਨ੍ਹਾਂ ਨੂੰ ਸਤਿਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ। ਸਤਿਗੁਰੂ ਦੀ ਸੇਵਾ ਤੋਂ ਬਿਨਾਂ ਸਾਰੇ ਕਰਮ ਵਿਫਲ ਹਨ। ਸਤਿਨਾਮ ਦਾ ਗੁਰਪ੍ਰਸਾਦਿ ਕੇਵਲ ਸਤਿਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ। ਸਤਿਗੁਰੂ ਹੀ ਸਿੱਖ ਨੂੰ ਸਤਿਨਾਮ ਜਪਾਉਂਦਾ ਹੈ। ਭਾਵ ਸਤਿਗੁਰੂ ਹੀ ਮਨੁੱਖ ਦੀ ਸੁਰਤਿ ਵਿੱਚ ਸਤਿਨਾਮ ਦੇ ਗੁਰਪ੍ਰਸਾਦਿ ਨੂੰ ਉੱਕਰ ਦਿੰਦਾ ਹੈ ਅਤੇ ਮਨੁੱਖ ਦੀ ਸੁਰਤਿ ਦਾ ਸ਼ਬਦ ਨਾਲ ਮੇਲ ਕਰਵਾ ਦਿੰਦਾ ਹੈ। ਸਤਿਗੁਰੂ ਆਪਣੇ ਵਿੱਚ ਸਥਿਤ ਸਤਿ ਤੱਤ ਅਤੇ ਉਸ ਦੀ ਚਰਨ-ਸ਼ਰਨ ਵਿੱਚ ਆਏ ਹੋਏ ਜਿਗਿਆਸੂ ਦੇ ਵਿੱਚ ਸਥਿਤ ਸਤਿ ਤੱਤ ਦਾ ਮਿਲਾਪ ਕਰ ਕੇ ਸਤਿਨਾਮ ਜਿਗਿਆਸੂ ਦੀ ਸੁਰਤਿ ਵਿੱਚ

ਟਿਕਾ ਦਿੰਦਾ ਹੈ। ਸਤਿਗੁਰੂ ਆਪਣੇ ਵਿੱਚ ਪ੍ਰਗਟ ਹੋਈ ਪਰਮ ਜੋਤ ਦੀ ਪਰਮ ਸ਼ਕਤੀ ਨਾਲ ਉਸ ਦੀ ਚਰਨ-ਸ਼ਰਨ ਵਿੱਚ ਆਏ ਹੋਏ ਜਿਗਿਆਸੂ ਦੇ ਵਿੱਚ ਮੌਜੂਦ ਜੋਤ ਨੂੰ ਪ੍ਰਕਾਸ਼ਮਾਨ ਕਰ ਕੇ ਪ੍ਰਗਟ ਕਰਵਾ ਦਿੰਦਾ ਹੈ। ਜਿਸ ਦੇ ਫ਼ਲ ਸਰੂਪ ਜਿਗਿਆਸੂ ਦੀ ਸੁਰਤਿ ਵਿੱਚ ਸਤਿਨਾਮ ਉੱਕਰਿਆ ਜਾਂਦਾ ਹੈ। ਜਿਗਿਆਸੂ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਜਾਂਦਾ ਹੈ। ਉਸ ਦੀ ਸਮਾਧੀ ਲੱਗ ਜਾਂਦੀ ਹੈ ਅਤੇ ਉਸ ਨੂੰ ਸੁਹਾਗ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਜਿਗਿਆਸੂ ਨੂੰ ਕਰਮ ਖੰਡ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਅਤੇ ਉਸ ਦੀ ਬੰਦਗੀ ਸ਼ੁਰੂ ਹੋ ਜਾਂਦੀ ਹੈ। ਜਿਗਿਆਸੂ ਦਾ ਦਰਗਾਹ ਵਿੱਚ ਬੰਦਗੀ ਦਾ ਖ਼ਾਤਾ ਖੁੱਲ੍ਹ ਜਾਂਦਾ ਹੈ। ਉਸ ਦਾ ਸਤਿਨਾਮ ਧਨ ਦਰਗਾਹ ਵਿੱਚ ਇਕੱਤਰ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਸਤਿਗੁਰੂ ਸਾਹਿਬਾਨ ਨੇ ਦ੍ਰਿੜ੍ਹ ਕਰਵਾਇਆ ਹੈ:

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥੨॥
ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੦)

ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥
ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥
ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥
ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੦)

ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥
ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੦)

ਸਤਿਗੁਰੂ ਹੀ ਅੰਮ੍ਰਿਤ ਦਾ ਦਾਤਾ ਹੈ। ਸਤਿਗੁਰੂ ਹੀ ਅੰਮ੍ਰਿਤ ਦਾ ਸਰੋਵਰ ਹੈ। ਸਤਿਗੁਰੂ ਹੀ ਮਾਨਸਰੋਵਰ ਵਿੱਚ ਬੈਠਾ ਹੈ। ਸਤਿਗੁਰੂ ਹੀ ਅੰਮ੍ਰਿਤ ਦਾ ਵਪਾਰੀ ਹੈ। ਸਤਿਗੁਰੂ ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦਾ ਦਾਤਾ ਹੈ। ਸਤਿਗੁਰੂ ਇੱਕ ਜਹਾਜ (‘ਬੋਹਿਥੁ’) ਦੀ ਨਿਆਈਂ ਹੈ ਜਿਸ ਦੇ ਵਿੱਚ ਬੈਠ ਕੇ ਹੀ ਮਨੁੱਖ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਲੰਘ ਸਕਦਾ ਹੈ। ਸਤਿਗੁਰੂ ਰੂਪੀ ਜਹਾਜ ਵਿੱਚ ਚੜ੍ਹਣ ਦੀ ਜੁਗਤੀ ਸਤਿਗੁਰੂ ਦੇ ਭਾਣੇ ਵਿੱਚ ਕਾਇਮ ਰਹਿਣਾ ਹੈ। ਸਤਿਗੁਰੂ ਦੇ ਬਚਨ ਕਮਾਉਣਾ, ਸਤਿਗੁਰੂ ਦੇ ਸਤਿ ਚਰਨਾਂ ’ਤੇ ਪੂਰਨ ਸਮਰਪਣ ਕਰਨਾ, ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਸਤਿਗੁਰੂ ਦੇ ਸਤਿ ਚਰਨਾਂ ’ਤੇ ਤਨ, ਮਨ, ਧਨ ਅਰਪਣ ਕਰਨਾ ਹੀ ਸਤਿਗੁਰੂ ਰੂਪੀ ਜਹਾਜ ਵਿੱਚ ਚੜ੍ਹਣ ਦੀ ਜੁਗਤੀ ਹੈ। ਬਿਨਾਂ ਸਤਿਗੁਰੂ ਦੀ ਕਿਰਪਾ ਅਤੇ ਗੁਰਪ੍ਰਸਾਦਿ ਦੇ ਮਨੁੱਖ ਦੀ ਦੇਹੀ ਕੰਚਨ ਨਹੀਂ ਹੋ ਸਕਦੀ ਹੈ। ਭਾਵ ਕੇਵਲ ਸਤਿਗੁਰੂ ਦੀ ਕਿਰਪਾ ਨਾਲ ਹੀ ਮਨੁੱਖ ਦੇ ਮਨ ਦੀ ਮੈਲ ਧੁਪਦੀ ਹੈ, ਮਨੁੱਖ ਦੀ ਮਨਮੁਖਤਾ ਅਤੇ ਸਾਰੇ ਵਿਕਾਰਾਂ ਦਾ ਨਾਸ਼ ਹੁੰਦਾ ਹੈ, ਮਨੁੱਖ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਜਾਂਦਾ

ਹੈ ਅਤੇ ਮਨੁੱਖ ਮਾਇਆ ਨੂੰ ਜਿੱਤਣ ਵਿੱਚ ਸਫ਼ਲ ਹੁੰਦਾ ਹੈ। ਭਾਵ ਜੋ ਮਨੁੱਖ ਸਤਿਗੁਰੂ ਤੋਂ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਬੈਠ ਕੇ ਬੰਦਗੀ ਕਰਦੇ ਹਨ ਉਹ ਮਨੁੱਖ ਜੀਵਨ ਮੁਕਤੀ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਜਾਂਦੇ ਹਨ। ਸਤਿਗੁਰੂ ਦੇ ਛਤਰ ਹੇਠ ਬੈਠ ਕੇ ਬੰਦਗੀ ਸਹਿਜੇ ਹੀ ਪੂਰਨ ਹੋ ਜਾਂਦੀ ਹੈ। ਜੋ ਮਨੁੱਖ ਸਤਿਗੁਰੂ ਦੇ ਭਾਣੇ ਵਿੱਚ ਰਹਿੰਦੇ ਹਨ ਉਨ੍ਹਾਂ ਦੀ ਬੰਦਗੀ ਸਰਲਤਾ ਨਾਲ ਹੀ ਦਰਗਾਹ ਵਿੱਚ ਪ੍ਰਵਾਨ ਹੋ ਜਾਂਦੀ ਹੈ। ਜੋ ਮਨੁੱਖ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਸਤਿਗੁਰੂ ਦੇ ਸਤਿ ਚਰਨਾਂ 'ਤੇ ਆਪਣਾ ਤਨ, ਮਨ ਅਤੇ ਧਨ ਅਰਪਣ ਕਰ ਦਿੰਦੇ ਹਨ ਉਨ੍ਹਾਂ ਦੀ ਬੰਦਗੀ ਸਹਿਜੇ ਹੀ ਦਰਗਾਹ ਵਿੱਚ ਪ੍ਰਵਾਨ ਚੜ੍ਹ ਜਾਂਦੀ ਹੈ।

ਧਰਤੀ ਉੱਪਰ ਵਿਚਰ ਰਿਹਾ ਹਰ ਇੱਕ ਮਨੁੱਖ ਬਹੁਤ ਲੰਮੇ ਸਮੇਂ ਤੋਂ ਮਾਇਆ ਦੇ ਜਾਲ ਵਿੱਚ ਭ੍ਰਮਿਤ ਹੋ ਕੇ ਭਟਕ ਰਿਹਾ ਹੈ। ਮਾਇਆ ਦੇ ਭਰਮ ਜਾਲ ਵਿੱਚ ਹਰ ਇੱਕ ਮਨੁੱਖ ਦੀ ਭਟਕਣਾ ਕੇਵਲ ਇਸ ਜਨਮ ਦਾ ਖੇਲ ਨਹੀਂ ਹੈ। ਭਾਵ ਧਰਤੀ ਉੱਪਰ ਵਿਚਰ ਰਿਹਾ ਹਰ ਇੱਕ ਮਨੁੱਖ ਕਈ ਸੌ (੧੦੦, ੨੦੦, ੩੦੦, ੪੦੦) ਜਨਮਾਂ ਤੋਂ ਮਾਇਆ ਦੇ ਵਿਨਾਸ਼ਕਾਰੀ ਭਰਮ ਜਾਲ ਵਿੱਚ ਭਟਕ ਰਿਹਾ ਹੈ। ਇਸ ਸਮੇਂ ਧਰਤੀ ਉੱਪਰ ਵਿਚਰ ਰਿਹਾ ਕੋਈ ਵੀ ਮਨੁੱਖ ਐਸਾ ਦੇਖਣ ਵਿੱਚ ਨਹੀਂ ਆਉਂਦਾ ਹੈ ਜਿਸ ਦੇ ਮਨੁੱਖਾ ਜਨਮ ਸੈਂਕੜਿਆਂ ਵਿੱਚ ਨਾ ਹੋਣ। ਇਨ੍ਹਾਂ ਮਨੁੱਖਾ ਜਨਮਾਂ ਦੇ ਵਿਚਕਾਰ ਹਰ ਇੱਕ ਮਨੁੱਖ ਪਤਾ ਨਹੀਂ ਕਿਤਨੀ ਵਾਰੀ ੮੪ ਲੱਖ ਜੂਨਾਂ ਵਿੱਚ ਵੀ ਭਟਕ ਚੁੱਕਿਆ ਹੈ। ਜਿਸ ਦਾ ਕਿਸੇ ਮਨੁੱਖ ਨੂੰ ਕੋਈ ਗਿਆਨ ਨਹੀਂ ਹੈ। ਮਾਇਆ ਦਾ ਝੂਠਾ ਭਰਮ ਜਾਲ ਇਤਨਾ ਸ਼ਕਤੀਸ਼ਾਲੀ ਹੈ ਕਿ ਇਹ ਮਨੁੱਖ ਨੂੰ ਆਪਣੇ ਚੁੰਗਲ ਵਿੱਚੋਂ ਨਿਕਲਣ ਨਹੀਂ ਦਿੰਦਾ ਹੈ। ਮਾਇਆ ਦਾ ਇਹ ਝੂਠਾ ਭਰਮ ਜਾਲ ਮਨੁੱਖ ਨੂੰ ਜਨਮਾਂ-ਜਨਮਾਂਤਰਾਂ ਤੋਂ ਆਪਣਾ ਗ਼ੁਲਾਮ ਬਣਾਉਣ ਵਿੱਚ ਸਫ਼ਲ ਹੁੰਦਾ ਆ ਰਿਹਾ ਹੈ। ਭਾਵ ਜਨਮਾਂ-ਜਨਮਾਂਤਰਾਂ ਤੋਂ ਮਨੁੱਖ ਦੀ ਤ੍ਰਿਸ਼ਨਾ ਮਨੁੱਖ ਨੂੰ ਆਪਣਾ ਗ਼ੁਲਾਮ ਬਣਾ ਕੇ ਰੱਖਦੀ ਆ ਰਹੀ ਹੈ। ਮਨੁੱਖ ਦੀ ਦੇਹੀ ਵਿੱਚ ਸਥਿਤ ਪੰਜ ਚੰਡਾਲ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਉਸ ਨੂੰ ਜਨਮਾਂ-ਜਨਮਾਂਤਰਾਂ ਤੋਂ ਆਪਣਾ ਗ਼ੁਲਾਮ ਬਣਾਈ ਬੈਠੇ ਹਨ। ਜੇਕਰ ਇਨ੍ਹਾਂ ਮਨੁੱਖਾ ਜਨਮਾਂ ਵਿੱਚ ਮਨੁੱਖ ਕੋਈ ਧਰਮ-ਕਰਮ ਵੀ ਕਰਦਾ ਹੈ ਤਾਂ ਉਹ ਕੇਵਲ ਆਪਣੀ ਤ੍ਰਿਸ਼ਨਾ ਨੂੰ ਬੁਝਾਉਣ ਦੀ ਮਨਸ਼ਾ ਨਾਲ ਹੀ ਕਰਦਾ ਹੈ। ਜੇਕਰ ਮਨੁੱਖ ਗੁਰਬਾਣੀ ਦਾ ਪਠਨ ਵੀ ਕਰਦਾ ਹੈ ਤਾਂ ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਲਈ ਕਰਦਾ ਹੈ। ਜੇਕਰ ਮਨੁੱਖ ਗੁਰਦੁਆਰੇ ਜਾ ਕੇ ਆਪਣਾ ਸੀਸ ਨਿਵਾਉਂਦਾ ਹੈ ਤਾਂ ਉਹ ਕੇਵਲ ਆਪਣੀਆਂ ਸੰਸਾਰਿਕ ਮੰਗਾਂ ਦੀ ਪੂਰਤੀ ਲਈ ਹੀ ਕਰਦਾ ਹੈ। ਜੇਕਰ ਮਨੁੱਖ ਸਿਮਰਨ ਕਰਦਾ ਹੈ ਤਾਂ ਕੇਵਲ ਆਪਣੇ ਸੰਸਾਰਿਕ ਅਤੇ ਪਰਿਵਾਰਕ ਸੁੱਖਾਂ ਦੀ ਪੂਰਤੀ ਲਈ ਕਰਦਾ ਹੈ। ਜੇਕਰ ਮਨੁੱਖ ਗੁਰਦੁਆਰੇ ਵਿੱਚ ਜਾ ਕੇ ਸੰਗਤ ਲਈ ਲੰਗਰ ਦਾ ਪ੍ਰਬੰਧ ਕਰਦਾ ਹੈ ਤਾਂ ਉਹ ਕੇਵਲ ਆਪਣੇ ਜੀਵਨ ਵਿੱਚ ਵਾਪਰ ਰਹੇ ਦੁੱਖਾਂ-ਕਲੇਸ਼ਾਂ ਦੇ ਖ਼ਾਤਮੇ ਨੂੰ ਲੈ ਕੇ ਹੀ ਕਰਦਾ ਹੈ। ਇਸ ਤਰ੍ਹਾਂ ਨਾਲ ਮਨੁੱਖ ਦੇ ਸਾਰੇ ਕਰਮ ਮਾਇਆ ਵਿੱਚ ਭ੍ਰਮਿਤ ਹੋ ਕੇ ਹੀ ਹੁੰਦੇ ਹਨ ਅਤੇ ਉਨ੍ਹਾਂ ਨੂੰ ਸਤਿ ਕਰਮ ਨਹੀਂ ਕਿਹਾ ਜਾ ਸਕਦਾ ਹੈ। ਮਾਇਆ ਦੀ ਗ਼ੁਲਾਮੀ ਵਿੱਚ ਕੀਤੇ ਗਏ ਸਾਰੇ ਅਸਤਿ ਕਰਮ ਹੀ ਮਨੁੱਖ ਦੇ ਜਨਮ-ਮਰਨ ਦਾ ਕਾਰਨ ਬਣਦੇ ਹਨ ਜਾਂ ਮਨੁੱਖ ਨੂੰ ੮੪ ਲੱਖ ਜੂਨਾਂ ਵਿੱਚ ਭਟਕਾਉਣ ਦਾ ਸਬੱਬ ਬਣਦੇ ਹਨ। ਮਾਇਆ ਦੇ ਇਸ ਭਰਮ ਜਾਲ ਵਿੱਚੋਂ ਮਨੁੱਖ ਨੂੰ ਕੇਵਲ ਸਤਿਗੁਰੂ ਹੀ ਕੱਢ ਸਕਦਾ ਹੈ। ਕਿਉਂਕਿ ਸਤਿਗੁਰੂ ਨੇ ਮਾਇਆ ਉੱਪਰ ਜਿੱਤ ਹਾਸਿਲ ਕੀਤੀ ਹੁੰਦੀ ਹੈ ਅਤੇ ਉਸ ਨੂੰ ਸਾਰੀ ਸ੍ਰਿਸ਼ਟੀ ਅਤੇ ਇਸ ਦੇ ਸਿਰਜਣਹਾਰੇ ਸਤਿ

ਪਾਰਬ੍ਰਹਮ ਪਰਮੇਸ਼ਰ ਦੇ ਬਾਰੇ ਪੂਰਨ ਬ੍ਰਹਮ ਗਿਆਨ ਦੀ ਸੋਝੀ ਹੁੰਦੀ ਹੈ। ਮਾਇਆ ਸਤਿਗੁਰੂ ਦੇ ਸਤਿ ਚਰਨਾਂ ਦੇ ਥੱਲੇ ਵਾਸ ਕਰਦੀ ਹੈ। ਮਾਇਆ ਸਤਿਗੁਰੂ ਦੀ ਸੇਵਾ ਕਰਦੀ ਹੈ। ਮਾਇਆ ਸਤਿਗੁਰੂ ਦੀ ਗ਼ੁਲਾਮ ਹੁੰਦੀ ਹੈ। ਇਹ ਹੀ ਅੰਤਰ ਹੈ ਇੱਕ ਆਮ ਮਨੁੱਖ ਵਿੱਚ ਅਤੇ ਸਤਿਗੁਰੂ ਵਿੱਚ ਕਿ ਇੱਕ ਆਮ ਮਨੁੱਖ ਮਾਇਆ ਦਾ ਗ਼ੁਲਾਮ ਹੈ ਅਤੇ ਮਾਇਆ ਸਤਿਗੁਰੂ ਦੀ ਗ਼ੁਲਾਮ ਹੈ। ਇਸ ਲਈ ਇੱਕ ਆਮ ਮਨੁੱਖ ਨੂੰ ਮਾਇਆ ਦੀ ਗ਼ੁਲਾਮੀ ਵਿੱਚੋਂ ਕੇਵਲ ਸਤਿਗੁਰੂ ਹੀ ਮੁਕਤ ਕਰਵਾ ਸਕਦਾ ਹੈ।

ਧਰਤੀ ਉੱਪਰ ਵਿਚਰ ਰਹੇ ਹਰ ਇੱਕ ਮਨੁੱਖ ਲਈ, ਸਾਰੀ ਮਨੁੱਖ ਜਾਤ ਲਈ, ਸਾਰੀ ਲੁਕਾਈ ਲਈ, ਸਤਿਗੁਰੂ ਦੀ ਮਹਿਮਾ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ। ਬੰਦਗੀ ਕਰਨ ਵਾਲਿਆਂ ਮਨੁੱਖਾਂ ਨੂੰ ਤਾਂ ਸਤਿਗੁਰੂ ਦੀ ਮਹਿਮਾ ਨੂੰ ਜਾਣਨਾ, ਸਮਝਣਾ ਅਤ ਮੰਨਣਾ ਬੇਅੰਤ ਲਾਜ਼ਮੀ ਹੈ। ਕਿਉਂਕਿ ਬੰਦਗੀ ਸਤਿਗੁਰੂ ਦੀ ਮਹਿਮਾ ਨੂੰ ਜਾਣਨ, ਮੰਨਣ ਅਤੇ ਸਮਝਣ ਤੋਂ ਬਿਨਾਂ ਹੋ ਹੀ ਨਹੀਂ ਸਕਦੀ ਹੈ। ਸਤਿਗੁਰੂ ਦੀ ਮਹਿਮਾ ਬੇਅੰਤ ਹੈ। ਸਤਿਗੁਰੂ ਦੀ ਮਹਿਮਾ ਪਰਮ ਸ਼ਕਤੀਸ਼ਾਲੀ ਹੈ। ਸਤਿਗੁਰੂ ਕੌਣ ਹੈ ਅਤੇ ਇਸ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਜਾਣਨ, ਸਮਝਣ ਅਤੇ ਮੰਨਣ ਲਈ ਸਾਨੂੰ ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਇਸ ਪਰਮ ਸਤਿ ਤੱਤ ਨੂੰ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਵਿਚਾਰਨ ਦੀ ਲਾਜ਼ਮੀ ਤੌਰ 'ਤੇ ਜ਼ਰੂਰਤ ਹੈ।

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੮੬)

ਸੁਖਮਨੀ ਸਾਹਿਬ ਦੀ ਪਰਮ ਸ਼ਕਤੀਸ਼ਾਲੀ ਗੁਰਬਾਣੀ ਵਿੱਚ ਧੰਨ ਧੰਨ ਸਤਿਗੁਰੂ ਅਵਤਾਰ ਗੁਰੂ ਅਰਜਨ ਦੇਵ ਜੀ ਨੇ ਸਾਰੀ ਲੁਕਾਈ ਉੱਪਰ ਬੇਅੰਤ ਦਿਆਲਤਾ ਪ੍ਰਗਟ ਕਰਦੇ ਹੋਏ ਪੂਰਨ ਬ੍ਰਹਮ ਗਿਆਨ ਦੇ ਇਸ ਅਮੋਲਕ ਰਤਨ ਸ਼ਬਦ ਸਲੋਕ (ਅਤੇ ੧੮ਵੀਂ ਅਸ਼ਟਪਦੀ) ਵਿੱਚ ਸਤਿਗੁਰੂ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦੇ ਬਾਰੇ ਪੂਰਨ ਬ੍ਰਹਮ ਗਿਆਨ ਦੇਣ ਦੀ ਬੇਅੰਤ ਬਖ਼ਸ਼ਿਸ਼ ਕੀਤੀ ਹੈ। ਜੀਵਨ ਮੁਕਤ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਸਤਿਗੁਰੂ, ਪੂਰਨ ਖ਼ਾਲਸਾ ਇਹ ਸਾਰੀਆਂ ਪਰਮ ਸ਼ਕਤੀਸ਼ਾਲੀ ਹਸਤੀਆਂ ਇੱਕ ਹੀ ਰੂਹ ਨੂੰ ਦਿੱਤੇ ਗਏ ਵੱਖ-ਵੱਖ ਨਾਮ ਹਨ, ਇਨ੍ਹਾਂ ਵਿੱਚ ਕੋਈ ਵੀ ਅੰਤਰ ਨਹੀਂ ਹੈ, ਇਹ ਸਾਰੇ ਰੂਹਾਨੀ ਤੌਰ 'ਤੇ ਇੱਕ ਹੀ ਹਨ। ਸੁਖਮਨੀ ਗੁਰਬਾਣੀ ਵਿੱਚ ਧੰਨ ਧੰਨ ਸਤਿਗੁਰੂ ਅਵਤਾਰ ਪੰਚਮ ਪਾਤਸ਼ਾਹ ਜੀ ਬੇਅੰਤ ਦਿਆਲਤਾ ਨਾਲ ਇਸ ਪਰਮ ਸਤਿ ਤੱਤ ਦੇ ਬਾਰੇ ਪੂਰਨ ਬ੍ਰਹਮ ਗਿਆਨ ਦੀ ਬਖ਼ਸ਼ਿਸ਼ ਕਰ ਰਹੇ ਹਨ ਕਿ 'ਸਤਿਗੁਰੂ' ਕੌਣ ਹੈ।

ਅੱਜ ਦੀ ਦੁਨੀਆਂ ਵਿੱਚ ਸਾਰਾ ਸਿੱਖ ਜਗਤ ਇਸ ਦੁਬਿਧਾ ਵਿੱਚ ਹੈ ਕਿ ਦਸਮ ਪਾਤਸ਼ਾਹ ਜੀ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਕੋਈ ਸਤਿਗੁਰੂ ਧਰਤੀ ਉੱਪਰ ਪ੍ਰਗਟ ਨਹੀਂ ਹੋਇਆ ਹੈ ਅਤੇ ਨਾ ਹੀ ਹੋ ਸਕਦਾ ਹੈ। ਅੱਜ ਦੇ ਧਰਮ ਪ੍ਰਚਾਰਕਾਂ ਨੇ ਵਰਤਮਾਨ ਸੰਗਤ ਨੂੰ ਇਹ ਵਿਸ਼ਵਾਸ ਦੁਆਇਆ ਹੈ ਕਿ ਧੰਨ ਧੰਨ ਸਤਿਗੁਰੂ ਦਸਮ ਪਾਤਸ਼ਾਹ ਜੀ ਨੇ ਆਪਣੇ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਗੁਰੂ ਉਚਾਰਿਆ ਹੈ ਅਤੇ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦਾ ਹੁਕਮ ਦਿੱਤਾ ਹੈ। ਇਸ ਪਰਮ ਸਤਿ ਵਿੱਚ

ਕੋਈ ਸ਼ੱਕ ਨਹੀਂ ਹੈ ਕਿ ਗੁਰਬਾਣੀ ਗੁਰੂ ਹੈ। ਇਸ ਪਰਮ ਸਤਿ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਗੁਰਬਾਣੀ ਸਤਿ ਹੈ। ਇਸ ਪਰਮ ਸਤਿ 'ਚ ਕੋਈ ਸ਼ੱਕ ਨਹੀਂ ਹੈ ਕਿ ਗੁਰਬਾਣੀ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਗਿਆਨ ਸਰੂਪ ਹੈ। ਇਸ ਪਰਮ ਸਤਿ ਦੇ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਗੁਰਬਾਣੀ ਦਰਗਾਹ ਵਿੱਚੋਂ ਪ੍ਰਗਟ ਹੋਈ ਹੈ। ਭਾਵ ਸਤਿਗੁਰੂ ਸਾਹਿਬਾਨ ਅਤੇ ਸਾਰੇ ਸੰਤ-ਭਗਤ ਜਿਨ੍ਹਾਂ ਨੇ ਗੁਰਬਾਣੀ ਦਾ ਉਚਾਰਨ ਕੀਤਾ ਹੈ ਉਨ੍ਹਾਂ ਨੇ ਦਰਗਾਹ ਵਿੱਚ ਬੈਠ ਕੇ ਹੀ ਗੁਰਬਾਣੀ ਦਾ ਉਚਾਰਨ ਕੀਤਾ ਹੈ। ਭਾਵ ਸਤਿਗੁਰੂ ਸਾਹਿਬਾਨ ਅਤੇ ਸਾਰੇ ਸੰਤ-ਭਗਤ ਜਿਨ੍ਹਾਂ ਨੇ ਗੁਰਬਾਣੀ ਦਾ ਉਚਾਰਨ ਕੀਤਾ ਹੈ ਉਨ੍ਹਾਂ ਵਿੱਚ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਕੋਈ ਭੇਦ ਨਹੀਂ ਹੈ ਅਤੇ ਉਹ ਸਾਰੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਸਨ। ਇਸ ਲਈ ਇਸ ਪਰਮ ਸਤਿ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਗੁਰੂ ਹਨ ਕਿਉਂਕਿ ਗੁਰਬਾਣੀ ਧੰਨ ਧੰਨ ਪੰਚਮ ਪਾਤਸ਼ਾਹ ਜੀ, ਸਤਿਗੁਰੂ ਅਰਜਨ ਦੇਵ ਜੀ ਦੀ ਬਖ਼ਸ਼ਿਸ਼ ਨਾਲ ਸਾਰੇ ਸੰਸਾਰ ਦੇ ਸਨਮੁਖ ਪ੍ਰਗਟ ਹੋਈ ਹੈ।

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਦਾ ਹੀ ਧੰਨ ਧੰਨ ਅਕਾਲ ਪੁਰਖ ਜੀ ਦਾ ਗਿਆਨ ਸਰੂਪ ਗਿਆਨ ਗੁਰੂ — ਗੁਰਸ਼ਬਦ — ਸ਼ਬਦ ਗੁਰੂ ਹਨ। ਭਾਵ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੂਰਨ ਬ੍ਰਹਮ ਗਿਆਨ ਹਨ। ਸਤਿਗੁਰੂ ਸਾਹਿਬਾਨ, ਸੰਤਾਂ ਅਤੇ ਭਗਤਾਂ ਦੀ ਬੇਅੰਤ ਦਿਆਲਤਾ ਨਾਲ ਗੁਰਬਾਣੀ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਗਿਆਨ ਸਰੂਪ ਵਿੱਚ ਧਰਤੀ 'ਤੇ ਬਖ਼ਸ਼ੀ ਗਈ ਹੈ। ਗੁਰਬਾਣੀ ਦੀ ਰਚਨਾ ਅਤੇ ਇਕੱਤਰਤਾ ਕਰ ਕੇ ਬੇਅੰਤ ਦਿਆਲਤਾ ਨਾਲ ਧੰਨ ਧੰਨ ਪੰਚਮ ਪਾਤਸ਼ਾਹ ਜੀ ਨੇ ਬਖ਼ਸ਼ੀਸ਼ ਕੀਤੀ ਹੈ। ਇਸ ਦੇ ਨਾਲ ਹੀ ਇੱਕ ਹੋਰ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ ਕਿ ਗੁਰਬਾਣੀ ਵਿੱਚ ਪ੍ਰਗਟ ਹੋਏ ਪੂਰਨ ਬ੍ਰਹਮ ਗਿਆਨ ਦੀ ਵੀ ਕੋਈ ਸੀਮਾ ਨਹੀਂ ਹੈ। ਜਿਸ ਤਰ੍ਹਾਂ ਸਤਿ ਪਾਰਬ੍ਰਹਮ ਪਰਮੇਸ਼ਰ ਬੇਅੰਤ ਹੈ ਠੀਕ ਉਸੇ ਤਰ੍ਹਾਂ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਪੂਰਨ ਬ੍ਰਹਮ ਗਿਆਨ ਵੀ ਬੇਅੰਤ ਹੈ। ਗੁਰਬਾਣੀ ਵਿੱਚ ਪ੍ਰਗਟ ਹੋਏ ਹਰ ਇੱਕ ਸ਼ਬਦ ਦੀ ਮਹਿਮਾ ਬੇਅੰਤ ਹੈ। ਕਿਉਂਕਿ ਗੁਰਬਾਣੀ ਵਿੱਚ ਪ੍ਰਗਟ ਹੋਏ ਇੱਕ ਸ਼ਬਦ ਦੀ ਕਮਾਈ ਕਰਨ ਦੇ ਨਾਲ ਹੀ ਮਨੁੱਖ ਬੇਅੰਤ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਜਾਂਦਾ ਹੈ। ਗੁਰਬਾਣੀ ਦੇ ਇੱਕ ਸ਼ਬਦ ਦੀ ਕਮਾਈ ਹੀ ਮਨੁੱਖ ਨੂੰ ਦਰਗਾਹ ਵਿੱਚ ਮਾਣ ਪ੍ਰਾਪਤ ਕਰਵਾ ਕੇ ਜੀਵਨ ਮੁਕਤੀ ਦੇ ਸਕਦੀ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਕਾਰ ਵੱਲ ਧਿਆਨ ਨਾ ਦੇ ਕੇ ਇਸ ਵਿੱਚ ਲਿਖੇ ਗਏ ਕਈ ਹਜ਼ਾਰਾਂ ਸ਼ਬਦਾਂ ਦੀ ਬੇਅੰਤਤਾ ਵੱਲ ਝਾਤੀ ਮਾਰੀ ਜਾਏ ਤਾਂ ਇਹ ਭਰਮ ਨਹੀਂ ਰਹੇਗਾ ਕਿ ਗੁਰਬਾਣੀ ਸ਼ਬਦ ਗੁਰੂ ਬੇਅੰਤ ਹੈ। ਸਤਿਗੁਰੂ ਤਾਂ ਸਰਬ ਵਿਆਪਕ ਹੈ। ਜੋ ਸੀਮਾ ਵਿੱਚ ਹੈ ਉਹ ਸਤਿਗੁਰੂ ਨਹੀਂ ਹੋ ਸਕਦਾ ਹੈ। ਸਤਿਗੁਰੂ ਨੂੰ ਇੱਕ ਸੀਮਿਤ ਆਕਾਰ ਰੂਪ ਵਿੱਚ ਨਹੀਂ ਜਾਣਿਆ ਜਾ ਸਕਦਾ ਹੈ। ਇਸ ਲਈ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਡੰਡਉਤ ਕਰਦੇ ਹੋ ਤਾਂ ਗੁਰਬਾਣੀ ਗੁਰੂ, ਸ਼ਬਦ ਗੁਰੂ, ਬੇਅੰਤ ਗੁਰੂ, ਸਰਬ ਵਿਆਪਕ ਗੁਰੂ, ਸਤਿ ਪਾਰਬ੍ਰਹਮ ਪਰਮੇਸ਼ਰ ਦਾ ਗਿਆਨ ਸਰੂਪ ਗੁਰੂ ਜਾਣ ਕੇ ਅਤੇ ਸਮਝ ਕੇ ਕਰੋ। ਕਿਉਂਕਿ ਗੁਰਬਾਣੀ ਗੁਰੂ, ਸ਼ਬਦ ਗੁਰੂ, ਬੇਅੰਤ ਗੁਰੂ, ਸਰਬ ਵਿਆਪਕ ਗੁਰੂ, ਸਤਿ ਪਾਰਬ੍ਰਹਮ ਪਰਮੇਸ਼ਰ ਦਾ ਗਿਆਨ ਸਰੂਪ ਗੁਰੂ ਦੀ ਮਹਿਮਾ ਬੇਅੰਤ ਹੈ। ਬੰਦਗੀ ਵਿੱਚ ਲੀਨ ਹੋਏ ਪੂਰਨ ਬ੍ਰਹਮ ਗਿਆਨੀ ਮਹਾਂਪੁਰਖਾਂ ਦੇ ਪੂਰਨ ਬ੍ਰਹਮ ਗਿਆਨ ਦਾ ਵੀ ਕੋਈ ਅੰਤ ਨਹੀਂ ਹੁੰਦਾ ਹੈ। ਪ੍ਰਕਿਰਤੀ-ਸ੍ਰਿਸ਼ਟੀ ਦੇ ਗੁੱਝੇ ਭੇਦਾਂ ਨੂੰ ਐਸੇ ਮਹਾਂਪੁਰਖ ਨਿਤ ਨਵੇਂ ਬ੍ਰਹਮ ਗਿਆਨ ਦੇ ਨਾਲ ਬਿਆਨ ਕਰਦੇ ਹਨ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਧਰਤੀ

ਉੱਪਰ ਪ੍ਰਗਟ ਕਰਦੇ ਹਨ। ਸ੍ਰਿਸ਼ਟੀ ਦੀ ਹਰ ਇੱਕ ਰਚਨਾ ਪੂਰਨ ਬ੍ਰਹਮ ਗਿਆਨ ਦੇ ਅਨੁਸਾਰ ਹੀ ਹੋਂਦ ਵਿੱਚ ਆਉਂਦੀ ਹੈ, ਵਧਦੀ-ਫੁੱਲਦੀ ਹੈ ਅਤੇ ਅੰਤ ਨੂੰ ਪ੍ਰਾਪਤ ਹੁੰਦੀ ਹੈ।

ਜਦ ਅਸੀਂ ਗੁਰਬਾਣੀ (ਪੂਰਨ ਬ੍ਰਹਮ ਗਿਆਨ, ਸ਼ਬਦ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਿੱਚ ਪ੍ਰਗਟ ਕੀਤੇ ਗਏ ਪਰਮ ਸਤਿ ਦੇ ਤੱਤਾਂ ਨੂੰ ਮੰਨਣ ਤੋਂ ਇਨਕਾਰ ਕਰਦੇ ਹਾਂ ਤਾਂ ਅਸੀਂ ਗੁਰਬਾਣੀ ਨੂੰ ਗੁਰੂ ਮੰਨਣ ਤੋਂ ਇਨਕਾਰ ਕਰਦੇ ਹਾਂ। ਗੁਰਬਾਣੀ ਪੂਰਨ ਬ੍ਰਹਮ ਗਿਆਨ ਹੈ ਜੋ ਸਤਿਨਾਮ ਦੀ ਮਹਿਮਾ ਨੂੰ ਪ੍ਰਤੱਖ ਪ੍ਰਗਟ ਕਰਦੀ ਹੈ। ਗੁਰਬਾਣੀ ਪੂਰਨ ਬ੍ਰਹਮ ਗਿਆਨ ਹੈ ਜੋ ਅਕਾਲ ਪੁਰਖ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਨੂੰ ਪ੍ਰਤੱਖ ਪ੍ਰਗਟ ਕਰਦੀ ਹੈ। ਗੁਰਬਾਣੀ ਪੂਰਨ ਬ੍ਰਹਮ ਗਿਆਨ ਹੈ ਜੋ ਪੂਰਨ ਸੰਤ, ਪੂਰਨ ਭਗਤ, ਪੂਰਨ ਬ੍ਰਹਮ ਗਿਆਨੀ, ਪੂਰਨ ਖ਼ਾਲਸਾ, ਸਤਿਗੁਰੂ, ਗੁਰਮੁਖ ਜਨ, ਗੁਰਸਿੱਖ, ਪੂਰਨ ਪੁਰਖ ਅਤੇ ਐਸੀਆਂ ਹਸਤੀਆਂ ਦੀ ਮਹਿਮਾ ਨੂੰ ਪ੍ਰਤੱਖ ਪ੍ਰਗਟ ਕਰਦੀ ਹੈ। ਗੁਰਬਾਣੀ ਐਸੀਆਂ ਮਹਾਨ ਹਸਤੀਆਂ ਦੀ ਮਹਿਮਾ ਪ੍ਰਗਟ ਕਰਦੀ ਹੈ ਜੋ ਪਰਮ ਪਦਵੀ ਦੀ ਬਖ਼ਸ਼ੀਸ਼ ਵਿੱਚ ਵਿਰਾਜਮਾਨ ਹਨ ਅਤੇ ਜਿਹੜੇ ਸਰਬ ਕਲਾ ਭਰਪੂਰ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਗਏ ਹਨ। ਗੁਰਬਾਣੀ ਸਾਨੂੰ ਪੂਰਨ ਸੰਤ ਦੀ ਸੇਵਾ ਕਰਨ ਲਈ ਉਪਦੇਸ਼ ਦਿੰਦੀ ਹੈ। ਗੁਰਬਾਣੀ ਪੂਰਨ ਬ੍ਰਹਮ ਗਿਆਨੀ ਦੀ ਸੇਵਾ ਕਰਨ ਲਈ ਉਪਦੇਸ਼ ਦਿੰਦੀ ਹੈ। ਗੁਰਬਾਣੀ ਪੂਰਨ ਖ਼ਾਲਸੇ ਨੂੰ ਮੰਨਣ ਦੀ ਅਤੇ ਸੇਵਾ ਕਰਨ ਲਈ ਪ੍ਰੇਰਣਾ ਦਾ ਸੋਮਾ ਹੈ। ਗੁਰਬਾਣੀ ਸਤਿਗੁਰੂ ਦੀ ਸੇਵਾ ਕਰਨ ਲਈ ਉਪਦੇਸ਼ ਦਿੰਦੀ ਹੈ। ਗੁਰਬਾਣੀ ਪੂਰਨ ਸੰਤ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਲਈ ਉਪਦੇਸ਼ ਦਿੰਦੀ ਹੈ। ਗੁਰਬਾਣੀ ਪੂਰਨ ਬ੍ਰਹਮ ਗਿਆਨੀ ਦੇ ਸਤਿ ਚਰਨਾਂ 'ਤੇ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ, ਤਨ-ਮਨ-ਧਨ ਨਾਲ ਪੂਰਨ ਸਮਰਪਣ ਕਰਨ ਲਈ ਉਪਦੇਸ਼ ਦਿੰਦੀ ਹੈ। ਗੁਰਬਾਣੀ ਵਿੱਚ ਸਤਿਗੁਰੂ ਅਤੇ ਪੂਰਨ ਖ਼ਾਲਸੇ ਦੇ ਚਰਨਾਂ ਵਿੱਚ ਪੂਰਨ ਸਮਰਪਣ ਕਰਨ ਨੂੰ ਰੂਹਾਨੀ ਸਫਲਤਾ ਦੀ ਕੁੰਜੀ ਦੱਸਿਆ ਹੈ। ਇਸ ਤਰ੍ਹਾਂ ਗੁਰਬਾਣੀ ਵਿੱਚ ਇਸ ਪਰਮ ਸਤਿ ਨੂੰ ਪ੍ਰਗਟ ਕੀਤਾ ਗਿਆ ਹੈ ਕਿ ਸਾਡੀ ਰੂਹਾਨੀ ਸਫਲਤਾ ਪੂਰਨ ਸੰਤ, ਪੂਰਨ ਖ਼ਾਲਸਾ, ਸਤਿਗੁਰੂ ਦੇ ਸਤਿ ਚਰਨਾਂ 'ਤੇ ਸਮਰਪਣ ਕਰਨ 'ਤੇ ਨਿਰਭਰ ਕਰਦੀ ਹੈ। ਜਿਤਨਾ ਜ਼ਿਆਦਾ ਸਮਰਪਣ ਉਤਨੀ ਹੀ ਚੜ੍ਹਦੀ ਕਲਾ ਦੀ ਪ੍ਰਾਪਤੀ ਹੁੰਦੀ ਹੈ।

ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਦੇ ਗੁਰ ਪ੍ਰਸਾਦਿ ਦਾ ਸੋਮਾ ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਪੂਰਨ ਸਤਿਗੁਰੂ, ਪੂਰਨ ਖ਼ਾਲਸਾ ਹੈ ਅਤੇ ਬਿਨਾਂ ਕਿਸੇ ਐਸੀ ਹਸਤੀ ਦੀ ਚਰਨ-ਸ਼ਰਨ ਵਿੱਚ ਆਪਣੇ ਆਪ ਨੂੰ ਸਮਰਪਣ ਕਰਨ ਤੋਂ ਅਸੀਂ ਬੰਦਗੀ ਵਿੱਚ ਸਫ਼ਲ ਨਹੀਂ ਹੋ ਸਕਦੇ। ਇਸ ਪਰਮ ਸਤਿ ਤੱਤ ਨੂੰ ਉੱਪਰ ਲਿਖੀ ਗਈ ਕਥਾ ਵਿੱਚ ਪ੍ਰਗਟ ਕੀਤਾ ਗਿਆ ਹੈ। ਇਸ ਲਈ ਇਹ ਕਹਿਣਾ ਗ਼ਲਤ ਹੋਵੇਗਾ ਕਿ ਸਾਨੂੰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਹੀ ਝੁਕਣਾ ਚਾਹੀਦਾ ਹੈ। ਸਭ ਤੋਂ ਵੱਡੀ ਦੁਬਿਧਾ ਜੋ ਬਹੁਤੀ ਸੰਗਤ ਵਿੱਚ ਫੈਲੀ ਹੋਈ ਹੈ ਕਿ ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਸਤਿਗੁਰੂ, ਪੂਰਨ ਖ਼ਾਲਸੇ ਨੂੰ ਮੰਨਣ ਦੀ ਕੋਈ ਜ਼ਰੂਰਤ ਨਹੀਂ ਹੈ। ਐਸੀਆਂ ਮਹਾਨ ਹਸਤੀਆਂ ਨੂੰ ਦੇਹਧਾਰੀ ਗੁਰੂ ਕਹਿ ਕੇ ਨਕਾਰਿਆ ਜਾਂਦਾ ਹੈ। ਜੋ ਕਿ ਪੂਰਨ ਅਸਤਿ ਹੈ ਅਤੇ ਗੁਰਬਾਣੀ ਦੀ ਕਸੌਟੀ ਉੱਪਰ ਸਤਿ ਸਾਬਿਤ ਨਹੀਂ ਹੁੰਦਾ ਹੈ। ਇਹ ਪੂਰਨ ਸਤਿ ਹੈ ਕਿ ਦੇਹੀ ਗੁਰੂ ਨਹੀਂ ਹੈ, ਦੇਹੀ ਪੰਜ ਤੱਤਾਂ ਦੀ ਬਣੀ ਹੈ ਅਤੇ ਨਸ਼ਵਰ ਹੈ। ਦੇਹੀ ਮਾਇਆ ਹੈ ਇਸ ਲਈ ਦੇਹੀ ਅਸਤਿ ਹੈ ਅਤੇ ਅਸਤਿ ਗੁਰੂ ਨਹੀਂ ਹੈ। ਪਰੰਤੂ 'ਸਤਿ' ਤੱਤ ਜੋ ਗੁਰੂ ਤੱਤ ਹੈ ਉਹ ਮਨੁੱਖਾ ਦੇਹੀ ਵਿੱਚ ਹੀ ਪ੍ਰਗਟ ਹੁੰਦਾ ਹੈ। ਮਨੁੱਖਾ ਦੇਹੀ ਵੀ ਇਸ ਸਤਿ ਤੱਤ ਜਿਸ ਨੂੰ ਗੁਰਬਾਣੀ

ਵਿੱਚ ਜੋਤ ਕਿਹਾ ਗਿਆ ਹੈ; ਉਸ ਸਤਿ ਤੱਤ ਨੂੰ ਦੇਹੀ ਵਿੱਚ ਹੀ ਪ੍ਰਗਟ ਹੋਣਾ ਪੈਂਦਾ ਹੈ। ਇਸ ਲਈ ਪ੍ਰਗਟਿਓ ਜੋਤ ਪੂਰਨ ਬ੍ਰਹਮ ਗਿਆਨੀ ਵਿੱਚ ਇਹ ਸਤਿ ਤੱਤ ਪਰਮ ਜੋਤ ਪ੍ਰਗਟ ਹੁੰਦੀ ਹੈ। ਜੋ ਮਨੁੱਖ ਬੰਦਗੀ ਵਿੱਚ ਪੂਰਨ ਅਵਸਥਾ ਵਿੱਚ ਪਹੁੰਚ ਜਾਂਦੇ ਹਨ ਉਨ੍ਹਾਂ ਵਿੱਚ ਪਰਮ ਜੋਤ ਪ੍ਰਗਟ ਹੋ ਜਾਂਦੀ ਹੈ। ਜੋ ਮਨੁੱਖ ਬੰਦਗੀ ਵਿੱਚ ਲੀਨ ਹੋ ਕੇ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਅੱਪੜ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਵਿੱਚ ਅਭੇਦ ਹੋ ਜਾਂਦੇ ਹਨ; ਗੁਰਬਾਣੀ ਐਸੇ ਮਨੁੱਖਾਂ ਨੂੰ ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਪੂਰਨ ਸਤਿਗੁਰੂ, ਪੂਰਨ ਖ਼ਾਲਸਾ ਕਹਿ ਕੇ ਸਨਮਾਨਿਤ ਕਰਦੀ ਹੈ।

ਇਨ੍ਹਾਂ ਸਾਰੇ ਪਰਮ ਸਤਿ ਤੱਤਾਂ ਦੇ ਆਧਾਰ 'ਤੇ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਇਹ ਦੁਬਿਧਾ ਹੀ ਹੈ ਕਿ ਧਰਤੀ ਉੱਪਰ ਦਸਮ ਪਾਤਸ਼ਾਹ ਜੀ ਦੇ ਬਾਅਦ ਕੋਈ ਸਤਿਗੁਰੂ ਪ੍ਰਗਟ ਨਹੀਂ ਹੋਇਆ ਅਤੇ ਨਾ ਹੀ ਕੋਈ ਹੋ ਸਕਦਾ ਹੈ। ਇਹ ਪਰਮ ਬ੍ਰਹਮ ਸਤਿ ਹੈ ਕਿ ਦਸ ਸਤਿਗੁਰੂ ਸਾਹਿਬਾਨ ਧਰਤੀ ਉੱਪਰ ਪ੍ਰਗਟ ਹੋਏ ਅਵਤਾਰ ਹਨ ਅਤੇ ਉਨ੍ਹਾਂ ਦਾ ਰੂਹਾਨੀ ਪੱਧਰ ਬੇਮਿਸਾਲ ਹੈ ਅਤੇ ਕੋਈ ਵੀ ਮਨੁੱਖ ਉਨ੍ਹਾਂ ਦੇ ਰੂਹਾਨੀ ਪੱਧਰ ਤੱਕ ਪਹੁੰਚਣ ਦਾ ਦਾਅਵਾ ਨਹੀਂ ਕਰ ਸਕਦਾ ਹੈ। ਨਾ ਹੀ ਕੋਈ ਮਨੁੱਖ ਦਸਾਂ ਸਤਿਗੁਰੂ ਅਵਤਾਰਾਂ ਦੀ ਬਰਾਬਰੀ ਕਰਨ ਦਾ ਦਾਅਵਾ ਕਰ ਸਕਦਾ ਹੈ। ਜੇ ਕੋਈ ਮਨੁੱਖ ਐਸੀ ਮੂਰਖਤਾ ਕਰਦਾ ਹੈ ਤਾਂ ਉਹ ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਪੂਰਨ ਸਤਿਗੁਰੂ, ਪੂਰਨ ਖ਼ਾਲਸਾ ਨਹੀਂ ਹੋ ਸਕਦਾ ਹੈ। ਅਸਲ ਵਿੱਚ ਇਨ੍ਹਾਂ ਮਹਾਨ ਅਤੇ ਪਰਮ ਸ਼ਕਤੀਸ਼ਾਲੀ ਦਸ ਹਸਤੀਆਂ, ਜਿਨ੍ਹਾਂ ਨੂੰ ਸਾਰੀ ਦੁਨੀਆਂ ਦਸ ਗੁਰੂ ਕਰ ਕੇ ਜਾਣਦੀ ਹੈ ਉਨ੍ਹਾਂ ਨੂੰ ਕੇਵਲ ਗੁਰੂ ਕਹਿਣਾ ਕਾਫੀ ਨਹੀਂ ਹੈ, ਕਿਉਂਕਿ ਉਹ ਤਾਂ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਅਵਤਾਰ ਹਨ ਜੋ ਧਰਤੀ ਉੱਪਰ ਪ੍ਰਗਟ ਹੋਏ ਹਨ। ਸਤਿ ਪਾਰਬ੍ਰਹਮ ਪਰਮੇਸ਼ਰ ਨੇ ਇਨ੍ਹਾਂ ਪਰਮ ਸ਼ਕਤੀਸ਼ਾਲੀ ਹਸਤੀਆਂ ਵਿੱਚ ਆਪ ਪ੍ਰਗਟ ਹੋ ਕੇ ਧਰਤੀ ਨੂੰ ਠੰਢਾ ਕੀਤਾ ਹੈ ਅਤੇ ਲੁਕਾਈ ਦਾ ਮਹਾ ਪਰਉਪਕਾਰ ਕੀਤਾ ਹੈ। ਸਤਿਗੁਰੂ ਅਵਤਾਰ ਧੰਨ ਧੰਨ ਦਸਮ ਪਾਤਸ਼ਾਹ ਜੀ ਨੇ ਪੂਰਨ ਖ਼ਾਲਸੇ ਨੂੰ ਸਤਿਗੁਰੂ ਪੂਰਾ ਕਹਿ ਕੇ ਸਨਮਾਨਿਤ ਕੀਤਾ ਹੈ ਅਤੇ ਬੇਅੰਤ ਦਿਆਲਤਾ ਨਾਲ ਪੂਰਨ ਖ਼ਾਲਸੇ ਨੂੰ ਆਪਣਾ ਰੂਪ ਕਿਹਾ ਹੈ। ਉਨ੍ਹਾਂ ਨੇ ਅਤਿ ਦਿਆਲਤਾ ਨਾਲ ਪੰਜ ਪੂਰਨ ਖ਼ਾਲਸੇ — ਪੂਰਨ ਬ੍ਰਹਮ ਗਿਆਨੀ ਸਾਜੇ; ਜਿਨ੍ਹਾਂ ਨੂੰ ਪੰਜ ਪਿਆਰੇ ਕਿਹਾ ਗਿਆ ਹੈ। ਉਹ ਪੰਜ ਪੂਰਨ ਖ਼ਾਲਸੇ, ਪੂਰਨ ਬ੍ਰਹਮ ਗਿਆਨੀ, ਪੂਰਨ ਸਤਿਗੁਰੂ ਹਨ। ਇਨ੍ਹਾਂ ਪੰਜ ਪਿਆਰੇ ਪੂਰਨ ਬ੍ਰਹਮ ਗਿਆਨੀਆਂ ਦੀਆਂ ਲੜੀਆਂ ਅੱਜ ਤੱਕ ਚਲੀਆਂ ਆ ਰਹੀਆਂ ਹਨ ਅਤੇ ਇਨ੍ਹਾਂ ਦੀਆਂ ਲੜੀਆਂ ਵਿੱਚ ਬਹੁਤ ਸਾਰੇ ਪੂਰਨ ਬ੍ਰਹਮ ਗਿਆਨੀ, ਪੂਰਨ ਸੰਤ ਧਰਤੀ ਉੱਪਰ ਪ੍ਰਗਟ ਹੋਏ ਹਨ ਅਤੇ ਪ੍ਰਗਟ ਹੁੰਦੇ ਆ ਰਹੇ ਹਨ। ਧੰਨ ਧੰਨ ਸਤਿਗੁਰੂ ਪੰਚਮ ਪਾਤਸ਼ਾਹ ਜੀ ਨੇ ਸੁਖਮਨੀ ਬਾਣੀ ਵਿੱਚ ਪੂਰਨ ਬ੍ਰਹਮ ਗਿਆਨੀ, ਸਾਧ, ਅਪਰਸ ਪਾਰਸ ਦੀ ਮਹਿਮਾ ਨੂੰ ਪ੍ਰਗਟ ਕਰਦੇ ਹੋਏ ਐਸੀਆਂ ਪਰਮ ਸ਼ਕਤੀਸ਼ਾਲੀ ਹਸਤੀਆਂ ਨੂੰ ਨਿਰੰਕਾਰ, ਪਰਮੇਸ਼ਰ, ਪੂਰਨ ਪੁਰਖ ਵਿਧਾਤਾ, ਸਰਬ ਸ੍ਰਿਸ਼ਟੀ ਕਾ ਕਰਤਾ ਦੇ ਰੂਪ ਵਿੱਚ ਪ੍ਰਗਟ ਕੀਤਾ ਹੈ। ਧੰਨ ਧੰਨ ਸਤਿਗੁਰੂ ਪੰਚਮ ਪਾਤਸ਼ਾਹ ਜੀ ਨੇ ਇਸ ਪਰਮ ਸਤਿ ਨੂੰ ਵੀ ਪ੍ਰਗਟ ਕੀਤਾ ਹੈ ਕਿ ਇੱਕ ਸਾਧੂ ਅਤੇ ਪਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ। ਜਿਸ ਮਨੁੱਖ ਦੇ ਹਿਰਦੇ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ ਉਸ ਮਨੁੱਖ ਨੂੰ ਸੁਖਮਨੀ ਬਾਣੀ ਵਿੱਚ ਸਤਿਗੁਰੂ ਦੇ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। ਭਾਵ ਬੰਦਗੀ ਵਿੱਚ ਲੀਨ ਮਨੁੱਖ ਦੇ ਹਿਰਦੇ ਵਿੱਚ ਜਦ ਸਤਿਨਾਮ ਦੇ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੀ ਕਿਰਪਾ ਦੇ ਨਾਲ ਪਰਮ ਜੋਤ ਪ੍ਰਗਟ ਹੋ ਜਾਂਦੀ ਹੈ ਤਾਂ ਉਸ ਮਨੁੱਖ ਦੇ ਕਰਮਾਂ ਦੇ ਸਾਰੇ ਬੰਧਨ

ਟੁੱਟ ਜਾਂਦੇ ਹਨ ਅਤੇ ਉਸ ਨੂੰ ਜੀਵਨ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਐਸੀ ਮਹਾਨ ਹਸਤੀ ਨੂੰ ਗੁਰਬਾਣੀ ਨੇ ਸਤਿਗੁਰੂ ਦੇ ਰੂਪ ਵਿੱਚ ਸਤਿਕਾਰਿਆ ਹੈ:

ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ ਅਨਿਕ ਬਾਰ ਗੁਰ ਕਉ ਬਲਿ ਜਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੮੭)

ਧੰਨ ਧੰਨ ਸਤਿਗੁਰੂ ਅਵਤਾਰਾਂ ਨੇ ਗੁਰਬਾਣੀ ਵਿੱਚ ਗੁਰਸਿੱਖ, ਗੁਰਮੁਖ, ਹਰਿ ਜਨ, ਭਗਤ, ਸੰਤ, ਬ੍ਰਹਮ ਗਿਆਨੀ ਦੀ ਮਹਿਮਾ ਨੂੰ ਪਰਮ ਸ਼ਕਤੀ ਦਾ ਸੋਮਾ ਕਹਿ ਕੇ ਪ੍ਰਗਟ ਕੀਤਾ ਹੈ। ਧੰਨ ਧੰਨ ਸਤਿਗੁਰੂ ਸਾਹਿਬਾਨ ਨੇ ਸਾਨੂੰ ਬਾਰ-ਬਾਰ ਐਸੀ ਰੂਹ ਦੀ ਚਰਨ-ਸ਼ਰਨ ਵਿੱਚ ਜਾਣ ਲਈ ਕਿਹਾ ਹੈ ਜੋ ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਸਤਿਗੁਰੂ ਹੈ। ਧੰਨ ਧੰਨ ਸੰਤ ਕਬੀਰ ਜੀ ਨੇ ਕਿਹਾ ਹੈ ਕਿ ਇੱਕ ਸੰਤ ਅਤੇ ਪਰਮਾਤਮਾ ਵਿੱਚ ਕੋਈ ਅੰਤਰ ਨਹੀਂ ਹੈ। (ਸੁਖਮਨੀ ਬਾਣੀ ਦੀ ਅਸਟਪਦੀ ਛੇਵੀਂ, ਸਤਵੀਂ ਅਤੇ ਅਠਵੀਂ ਵਿੱਚ ਸਾਧ ਦੀ ਮਹਿਮਾ, ਬ੍ਰਹਮ ਗਿਆਨੀ ਦੀ ਮਹਿਮਾ ਅਤੇ ਇੱਕ ਅਪਰਸ ਦੀ ਮਹਿਮਾ ਨੂੰ ਪ੍ਰਗਟ ਕੀਤਾ ਗਿਆ ਹੈ।) ਸੰਪੂਰਨ ਸਮਰਪਣ ਹੈ ਜੋ ਪੰਜ ਪੂਰਨ ਖ਼ਾਲਸਿਆਂ ਦੁਆਰਾ ਸਤਿਗੁਰੂ ਅਵਤਾਰ ਧੰਨ ਧੰਨ ਦਸਮ ਪਾਤਸ਼ਾਹ ਦੇ ਸਤਿ ਚਰਨਾਂ 'ਤੇ ਕੀਤਾ ਗਿਆ ਹੈ। ਇਨ੍ਹਾਂ ਪੰਜ ਪਿਆਰਿਆਂ ਨੇ ਆਪਣਾ ਸੀਸ ਭੇਟ ਕਰ ਦਿੱਤਾ। ਇਨ੍ਹਾਂ ਪੰਜ ਪਿਆਰਿਆਂ ਨੇ ਆਪਣਾ ਸਭ ਕੁਝ ਸਤਿਗੁਰੂ ਦੇ ਸਤਿ ਚਰਨਾਂ 'ਤੇ ਸੌਂਪ ਦਿੱਤਾ। ਇਨ੍ਹਾਂ ਪੰਜ ਪਿਆਰਿਆਂ ਨੇ ਆਪਣੇ ਆਪ ਨੂੰ ਪੂਰਨ ਰੂਪ ਵਿੱਚ ਸਤਿਗੁਰੂ ਨੂੰ ਸੌਂਪ ਦਿੱਤਾ। ਇਸ ਲਈ ਇਹ ਪੰਜ ਪਿਆਰੇ ਉਸੇ ਵੇਲੇ ਗੁਰ ਪ੍ਰਸਾਦਿ ਦੀ ਪਰਮ ਸ਼ਕਤੀ ਦੀ ਕਿਰਪਾ ਨਾਲ ਧੰਨ ਧੰਨ ਹੋ ਗਏ ਅਤੇ ਪੂਰਨ ਬ੍ਰਹਮ ਗਿਆਨ ਪ੍ਰਾਪਤ ਕਰ ਕੇ ਧੰਨ ਧੰਨ ਹੋ ਕੇ ਉਹ ਪੰਜੋਂ ਪੂਰਨ ਖ਼ਾਲਸਾ ਬਣੇ। ਉਸ ਸਮੇਂ ਮੌਜੂਦ ਸੰਗਤ ਦਾ ਇਹ ਮੰਦ ਭਾਗ ਸੀ ਕਿ ਕੇਵਲ ਪੰਜ ਹੀ ਉਸ ਸਮੇਂ ਸੱਚੇ ਪਾਤਸ਼ਾਹ ਜੀ ਦੇ ਸਤਿ ਚਰਨਾਂ 'ਤੇ ਆਪਣੇ ਆਪ ਨੂੰ ਪੂਰਨ ਸਮਰਪਣ ਕਰਨ ਲਈ ਪ੍ਰਗਟ ਹੋਏ। ਪਰੰਤੂ ਉਨ੍ਹਾਂ ਪੰਜਾਂ ਲਈ ਬਹੁਤ ਵੱਡੇ ਭਾਗਾਂ ਵਾਲੀ ਗੱਲ ਸੀ ਜਿਨ੍ਹਾਂ ਨੇ ਸੱਚੇ ਪਾਤਸ਼ਾਹ ਜੀ ਗੋਬਿੰਦ ਸਿੰਘ ਜੀ ਦੇ ਬਚਨ ਬਿਨਾਂ ਕਿਸੇ ਸ਼ੰਕੇ ਦੇ ਤਤਕਾਲ ਕਮਾਏ ਅਤੇ ਬੇਅੰਤ ਕਿਰਪਾ ਦੇ ਪਾਤਰ ਬਣ ਕੇ ਆਪਣਾ ਜਨਮ ਸਫ਼ਲ ਕਰ ਗਏ। ਇਹ ਸਮਾਂ ਬਾਕੀ ਬਚੇ ਹਜ਼ਾਰਾਂ ਸਿੱਖਾਂ ਵਾਸਤੇ ਮੰਦੀ ਕਿਸਮਤ ਵਾਲੀ ਗੱਲ ਸੀ ਕਿਉਂਕਿ ਉਨ੍ਹਾਂ ਦਾ ਉਸ ਸਮੇਂ ਪੂਰਨ ਖ਼ਾਲਸਾ ਬਣਨ ਦਾ ਬ੍ਰਹਮ ਮੌਕਾ ਖੁੰਝ ਗਿਆ। ਜੇਕਰ ਉਸ ਸਮੇਂ ਹੋਰ ਸਿੱਖ ਵੀ ਅੱਗੇ ਆ ਕੇ ਸਤਿਗੁਰੂ ਜੀ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰ ਦਿੰਦੇ ਤਾਂ ਉਨ੍ਹਾਂ ਵੀ ਪੂਰਨ ਖ਼ਾਲਸਾ ਬਣ ਜਾਣਾ ਸੀ। ਸਤਿਗੁਰੂ ਅਵਤਾਰ ਸੱਚੇ ਪਾਤਸ਼ਾਹ ਜੀ ਦੀ ਪਰਮ ਦਿਆਲਤਾ ਵੱਲ ਵੇਖੋ ਉਨ੍ਹਾਂ ਉਸ ਸਮੇਂ ਸਤਿ ਸੰਗਤ ਵਿੱਚ ਬੈਠੇ ਹਜ਼ਾਰਾਂ ਸਿੱਖਾਂ ਨੂੰ ਇਹ ਬ੍ਰਹਮ ਮੌਕਾ ਦਿੱਤਾ, ਪਰੰਤੂ ਕੇਵਲ ਪੰਜ ਭਾਗਾਂ ਵਾਲੇ ਹੀ ਖ਼ਾਲਸਾ ਬਣੇ। ਜੇਕਰ ਸਾਰੀ ਸੰਗਤ ਵਿੱਚ ਬੈਠੇ ਸਿੰਘ ਪੂਰਨ ਸਮਰਪਣ ਕਰ ਦਿੰਦੇ ਤਾਂ ਸਾਰੇ ਹੀ ਪੂਰਨ ਖ਼ਾਲਸੇ, ਪੂਰਨ ਬ੍ਰਹਮ ਗਿਆਨੀ ਬਣ ਜਾਣੇ ਸਨ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੂਰਨ ਬ੍ਰਹਮ ਗਿਆਨ ਦੀ ਰੋਸ਼ਨੀ ਵਿੱਚ ਅਤੇ ਪੂਰਨ ਸਤਿ ਦੀ ਕਸੌਟੀ 'ਤੇ ਜੇਕਰ ਪਰਖਿਆ ਜਾਏ ਤਾਂ ਇਹ ਸਿਰਫ਼ ਇੱਕ ਵਿਨਾਸ਼ਕਾਰੀ ਦੁਬਿਧਾ ਹੈ ਕਿ ਐਸੀਆਂ ਮਹਾ ਪਰਉਪਕਾਰੀ ਰੂਹਾਂ ਦੀ ਸੇਵਾ ਨਹੀਂ ਕਰਨੀ; ਜਿਨ੍ਹਾਂ ਰੂਹਾਂ ਨੂੰ ਗੁਰਬਾਣੀ ਵਿੱਚ ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਸਤਿਗੁਰੂ ਅਤੇ ਪੂਰਨ ਖ਼ਾਲਸਾ ਕਹਿ ਕੇ ਸਨਮਾਨਿਤ ਕੀਤਾ ਗਿਆ ਹੈ।

ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਸਤਿਗੁਰੂ ਅਤੇ ਪੂਰਨ ਖ਼ਾਲਸਾ ਵਰਗੀਆਂ ਪਰਮ

ਸ਼ਕਤੀਸ਼ਾਲੀ ਮਹਾਨ ਰੂਹਾਂ ਦੀ ਸੇਵਾ ਨਾ ਕਰ ਕੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਗਟ ਕੀਤੀ ਗਈ ਗੁਰਬਾਣੀ ਨੂੰ ਗੁਰੂ ਮੰਨਣ ਤੋਂ ਇਨਕਾਰ ਕਰਨ ਦਾ ਗੁਨਾਹ ਕਰ ਰਹੇ ਹਾਂ। ਐਸਾ ਕਰ ਕੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਗਟ ਕੀਤੀ ਗਈ ਗੁਰਬਾਣੀ ਦੀ ਨਿਰਾਦਰੀ ਕਰਨ ਦਾ ਗੁਨਾਹ ਕਰ ਰਹੇ ਹਾਂ। ਇਸ ਲਈ ਇਹ ਪਰਮ ਸਤਿ ਹੈ ਕਿ ਅਸਲ ਬ੍ਰਹਮ ਭਾਵ ਵਿੱਚ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਗਟ ਕੀਤੀ ਗਈ ਗੁਰਬਾਣੀ ਨੂੰ ਆਪਣਾ ਗੁਰੂ ਤਾਂ ਹੀ ਸਵੀਕਾਰ ਕਰਦੇ ਹਾਂ ਜੇਕਰ ਅਸੀਂ ਗੁਰਬਾਣੀ 'ਤੇ ਆਪਣੇ ਰੋਜ਼ਾਨਾ ਜੀਵਨ ਵਿੱਚ ਅਮਲ ਕਰੀਏ। ਕ੍ਰਿਪਾ ਕਰ ਕੇ ਇਸ ਪਰਮ ਸਤਿ ਨੂੰ ਆਪਣੇ ਹਿਰਦੇ ਵਿੱਚ ਦ੍ਰਿੜ੍ਹ ਕਰ ਰੱਖੋ ਕਿ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਨਾਲ ਹੀ ਅਸੀਂ ਸਿੱਖ ਕਰ ਕੇ ਸਵੀਕਾਰੇ ਨਹੀਂ ਜਾਂਦੇ ਹਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਗੁਰੂ ਕਹਿਣ ਦਾ ਅਧਿਕਾਰ ਨਹੀਂ ਦਿੰਦੇ ਹਨ। ਇਹ ਪਰਮ ਸਤਿ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਗੁਰੂ ਤਾਂ ਹੀ ਬਣ ਸਕਦੇ ਹਨ ਜੇਕਰ ਅਸੀਂ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਗੁਰਬਾਣੀ ਉੱਪਰ ਅਮਲ ਕਰੀਏ ਅਤੇ ਆਪਣੀ ਜ਼ਿੰਦਗੀ ਗੁਰਮਤਿ ਅਨੁਸਾਰ ਜੀਵੀਏ। ਜੇਕਰ ਅਸੀਂ ਗੁਰਬਾਣੀ ਗੁਰਮਤਿ ਅਨੁਸਾਰ ਆਪਣੇ ਰੋਜ਼ਾਨਾ ਜੀਵਨ ਨੂੰ ਢਾਲਣ ਦਾ ਯਤਨ ਨਹੀਂ ਕਰਦੇ ਹਾਂ ਤਾਂ ਅਸੀਂ ਗੁਰਬਾਣੀ ਨੂੰ ਗੁਰੂ ਨਹੀਂ ਮੰਨਣ ਦਾ ਗੁਨਾਹ ਜ਼ਰੂਰ ਕਰਦੇ ਹਾਂ। ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਗੁਰਬਾਣੀ ਦੇ ਉਪਦੇਸ਼ ਨੂੰ ਕਮਾਉਣਾ ਹੀ ਸਾਨੂੰ ਸੱਚੇ ਸਿੱਖ ਬਣਾਉਂਦਾ ਹੈ ਅਤੇ ਕੇਵਲ ਮੱਥਾ ਟੇਕਣ ਜਾਂ ਗੁਰਬਾਣੀ ਨੂੰ ਪੜ੍ਹਨਾ-ਸੁਣਨਾ ਹੀ ਸਾਨੂੰ ਸੱਚੇ ਸਿੱਖ ਨਹੀਂ ਬਣਾਉਂਦਾ ਹੈ। ਆਪਣੇ ਰੋਜ਼ਾਨਾ ਜੀਵਨ ਵਿੱਚ ਗੁਰਬਾਣੀ ਦੇ ਉਪਦੇਸ਼ ਉੱਪਰ ਅਮਲ ਕਰਨਾ ਹੀ ਸਫਲਤਾ ਦੀ ਕੁੰਜੀ ਹੈ। ਆਪਣੇ ਰੋਜ਼ਾਨਾ ਜੀਵਨ ਵਿੱਚ ਗੁਰਬਾਣੀ ਦੇ ਧਾਰਨੀ ਬਣਨਾ ਹੀ ਕੇਵਲ ਇੱਕੋ ਇੱਕ ਰਸਤਾ ਹੈ ਜਿਸ ਉੱਪਰ ਚਲਦੇ ਹੋਏ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰੂ ਦੇ ਤੌਰ 'ਤੇ ਆਦਰ ਸਤਿਕਾਰ ਸਨਮਾਨ ਕਰ ਸਕਦੇ ਹਾਂ।

ਸਤਿਗੁਰੂ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਗੁਰਬਾਣੀ ਵਿੱਚ ਬਹੁਤ ਸਾਰੇ ਸ਼ਲੋਕਾ ਵਿੱਚ ਪ੍ਰਗਟ ਕੀਤਾ ਗਿਆ ਹੈ। ਜੋ ਸਿੱਖ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਂਦੇ ਹਨ ਅਤੇ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਦੇ ਹਨ ਉਨ੍ਹਾਂ ਸਿੱਖਾਂ ਦੀ ਸਤਿਗੁਰੂ ਕਿਵੇਂ ਸੇਵਾ-ਸੰਭਾਲਤਾ ਕਰਦਾ ਹੈ, ਇਸ ਪਰਮ ਸਤਿ ਨੂੰ ਗੁਰਬਾਣੀ ਦੇ ਵਿੱਚ ਪ੍ਰਗਟ ਕੀਤਾ ਗਿਆ ਹੈ:

ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰ ਬਚਨੀ ਹਰਿ ਨਾਮੁ ਉਚਰੈ ॥
ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥
ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੮੬)

ਪਉੜੀ ॥
ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥
ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੯੪)

ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ
ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥
ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ
ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੯੪)

ਧਨੁ ਧਨੁ ਸਤਿਗੁਰੂ ਮਿਤ੍ਰ ਹਮਾਰਾ
ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੯੪)

ਇਸ ਲਈ ਇਸ ਪਰਮ ਸਤਿ ਤੱਤ ਨੂੰ ਮੰਨਣ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਹੈ ਕਿ ਪ੍ਰਗਟਿਓ ਜੋਤ ਪੂਰਨ ਸੰਤ ਸਤਿਗੁਰੂ ਪੂਰਨ ਬ੍ਰਹਮ ਗਿਆਨੀ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਨ ਤੋਂ ਬਿਨਾਂ ਜੀਵਨ ਮੁਕਤੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਹੈ। ਜਨਮ-ਮਰਨ ਦੇ ਬੰਧਨਾਂ ਤੋਂ ਮੁਕਤੀ ਕੇਵਲ ਸਤਿਗੁਰੂ ਪੂਰਾ ਹੀ ਦੁਆ ਸਕਦਾ ਹੈ। ਜਨਮਾਂ-ਜਨਮਾਂਤਰਾਂ ਤੋਂ ਮਨੁੱਖ ਦੇ ਮਨ ਨੂੰ ਚਿੰਬੜੀ ਹੋਈ ਮੈਲ ਕੇਵਲ ਸਤਿਗੁਰੂ ਪੂਰੇ ਦੀ ਕਿਰਪਾ ਨਾਲ ਹੀ ਧੁਪ ਸਕਦੀ ਹੈ। ਮਨੁੱਖ ਦਾ ਮਨ ਕੇਵਲ ਸਤਿਗੁਰੂ ਪੂਰੇ ਦੀ ਕਿਰਪਾ ਨਾਲ ਹੀ ਚਿੰਦਿਆ ਜਾ ਸਕਦਾ ਹੈ। ਜਨਮਾਂ-ਜਨਮਾਂਤਰਾਂ ਤੋਂ ਇਕੱਤਰ ਕੀਤੇ ਗਏ ਅਸਤਿ ਕਰਮਾਂ ਦੇ ਬੰਧਨਾਂ ਨੂੰ ਕੇਵਲ ਸਤਿਗੁਰੂ ਪੂਰਾ ਹੀ ਕੱਟ ਸਕਦਾ ਹੈ। ਮਨੁੱਖ ਦੇ ਸਾਰੇ ਵਿਕਾਰਾਂ ਦਾ ਨਾਸ਼ ਕੇਵਲ ਸਤਿਗੁਰੂ ਪੂਰਾ ਹੀ ਕਰ ਸਕਦਾ ਹੈ। ਮਨੁੱਖ ਦਾ ਜੀਵਨ ਕੇਵਲ ਸਤਿਗੁਰੂ ਹੀ ਸਵਾਰ ਸਕਦਾ ਹੈ। ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕੇਵਲ ਸਤਿਗੁਰੂ ਪੂਰੇ ਦੀ ਚਰਨ-ਸ਼ਰਨ ਵਿੱਚੋਂ ਹੀ ਪ੍ਰਾਪਤ ਹੋ ਸਕਦੀ ਹੈ। ਇਸ ਲਈ ਸਾਰੀ ਲੁਕਾਈ ਦੇ ਚਰਨਾਂ 'ਤੇ ਸਨਿਮਰ ਬੇਨਤੀ ਹੈ ਕਿ ਇਸ ਪਰਮ ਸਤਿ ਤੱਤ ਨੂੰ ਆਪਣੇ ਹਿਰਦੇ ਵਿੱਚ ਉੱਕਰ ਲਵੋ ਕਿ ਬਿਨਾਂ ਸਤਿਗੁਰੂ ਪੂਰੇ ਦੀ ਪ੍ਰਾਪਤੀ ਤੋਂ ਰੂਹਾਨੀਅਤ ਦੀ ਪ੍ਰਾਪਤੀ ਅਸੰਭਵ ਹੈ। ਇਸ ਲਈ ਸਤਿਗੁਰੂ ਪੂਰੇ ਦੀ ਪ੍ਰਾਪਤੀ ਲਈ ਅਰਦਾਸ ਕਰੋ ਅਤੇ ਸਤਿ ਦੀ ਕਰਨੀ ਉੱਪਰ ਆਪਣਾ ਧਿਆਨ ਕੇਂਦਰਿਤ ਕਰੋ ਤਾਂ ਜੋ ਆਪ ਨੂੰ ਸਤਿਗੁਰੂ ਪੂਰੇ ਦੀ ਚਰਨ-ਸ਼ਰਨ ਦੀ ਪ੍ਰਾਪਤੀ ਹੋ ਸਕੇ ਅਤੇ ਆਪ ਦਾ ਜਨਮ ਸਫ਼ਲ ਹੋ ਸਕੇ।

■

ਅਨੰਦੁ ਸਾਹਿਬ-ਪਉੜੀ ੨੩-੨੪

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੦)

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੦)

ਧੰਨ ਧੰਨ ਸਤਿਗੁਰੂ ਅਵਤਾਰ ਅਮਰ ਦਾਸ ਜੀ ਗੁਰਬਾਣੀ ਦੀ ਮਹਿਮਾ ਬਾਰੇ ਪੂਰਨ ਬ੍ਰਹਮ ਗਿਆਨ ਸਾਰੀ ਲੁਕਾਈ ਦੀ ਝੋਲੀ ਵਿੱਚ ਪਾ ਰਹੇ ਹਨ। ਗੁਰਬਾਣੀ ਇੱਕ ਆਮ ਮਨੁੱਖ ਨੂੰ ਮਨੁੱਖਾ ਜਨਮ ਦਾ ਮਹਾਤਮ ਸਮਝਾਉਂਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਨੂੰ ਜੀਵਨ ਜਿਊਣ ਦੀ ਜਾਚ ਦਰਸਾਉਂਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਦਾ ਜਨਮ ਸਾਰਥਕ ਕਰਨ ਦੀ ਜੁਗਤੀ ਦੱਸਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਦੇ ਜਨਮ ਨੂੰ ਸਫ਼ਲ ਬਣਾਉਣ ਦੀ ਜੁਗਤੀ ਦੱਸਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਦੇ ਜੀਵਨ ਵਿੱਚ ਵਾਪਰ ਰਹੇ ਦੁੱਖਾਂ, ਕਲੇਸ਼ਾਂ, ਮੁਸੀਬਤਾਂ ਅਤੇ ਸਮੱਸਿਆਵਾਂ ਦੇ ਨਿਵਾਰਨ ਦੀ ਜੁਗਤੀ ਦੱਸਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਦੇ ਜੀਵਨ ਨੂੰ ਸੁਖੀ ਅਤੇ ਸੰਪੰਨ ਕਰਨ ਦੀ ਜੁਗਤੀ ਦੱਸਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਨੂੰ ਜਨਮ-ਮਰਨ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਦੀ ਜੁਗਤੀ ਦਰਸਾਉਂਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਨੂੰ ਤ੍ਰੈ ਗੁਣੀ ਮਾਇਆ ਨੂੰ ਜਿੱਤਣ ਦੀ ਜੁਗਤੀ ਦੱਸਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਨੂੰ ਆਪਣੀ ਤ੍ਰਿਸ਼ਣਾ ਦੀ ਵਿਨਾਸ਼ਕਾਰੀ ਅਗਨ ਨੂੰ ਬੁਝਾਉਣ ਦੀ ਜੁਗਤੀ ਦਰਸਾਉਂਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਨੂੰ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਉੱਪਰ ਜਿੱਤ ਪ੍ਰਾਪਤ ਕਰਨ ਦੀ ਜੁਗਤੀ ਦੱਸਦੀ

ਹੈ। ਇਹ ਪੰਜ ਚੰਡਾਲ, ਜੋ ਕਿ ਮਨੁੱਖ ਦੀ ਦੇਹੀ ਵਿੱਚ ਵਾਸ ਕਰਦੇ ਹਨ ਅਤੇ ਆਪਣੀਆਂ ਵਿਨਾਸ਼ਕਾਰੀ ਸ਼ਕਤੀਆਂ ਦੇ ਨਾਲ ਮਨੁੱਖ ਦਾ ਜੀਵਨ ਨਰਕਮਈ ਬਣਾ ਦਿੰਦੇ ਹਨ, ਐਸੇ ਵਿਨਾਸ਼ਕਾਰੀ ਚੰਡਾਲਾਂ ਨੂੰ ਜਿੱਤਣ ਦੀ ਜੁਗਤੀ ਗੁਰਬਾਣੀ ਦਰਸਾਉਂਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਨੂੰ ਸਤਿ ਪਾਰਬ੍ਰਹਮ ਦੇ ਦਰਸ਼ਨ ਕਰ ਕੇ ਆਪਣਾ ਜਨਮ ਸਾਰਥਕ ਕਰਨ ਦੀ ਜੁਗਤੀ ਦੱਸਦੀ ਹੈ। ਗੁਰਬਾਣੀ ਤ੍ਰੈ ਗੁਣ ਮਾਇਆ ਤੋਂ ਪਰੇ ਅੱਪੜ ਕੇ ਚੌਥੇ ਪਦ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਵਿੱਚ ਸਦਾ-ਸਦਾ ਲਈ ਅਭੇਦ ਹੋਣ ਦੀ ਜੁਗਤੀ ਦੱਸਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਨੂੰ ਸੰਤ ਹਿਰਦਾ ਬਣਨ ਦੀ ਜੁਗਤੀ ਦੱਸਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਨੂੰ ਪੂਰਨ ਬ੍ਰਹਮ ਗਿਆਨ, ਤੱਤ ਗਿਆਨ ਅਤੇ ਆਤਮ ਰਸ ਅੰਮ੍ਰਿਤ ਪ੍ਰਾਪਤ ਕਰਨ ਦੀ ਜੁਗਤੀ ਦੱਸਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਸਾਰੇ ਭੇਦ ਦੱਸਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਨੂੰ ਜੀਵਨ ਮੁਕਤੀ ਦੀ ਜੁਗਤੀ ਅਤੇ ਮਾਰਗ ਨੂੰ ਦਰਸਾਉਂਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਨੂੰ ਪਰਮ ਪਦਵੀ ਪ੍ਰਾਪਤ ਕਰਨ ਦੀ ਜੁਗਤੀ ਦੱਸਦੀ ਹੈ। ਗੁਰਬਾਣੀ ਇੱਕ ਆਮ ਮਨੁੱਖ ਨੂੰ ਸਹਿਜ ਅਵਸਥਾ ਅਤੇ ਅਟੱਲ ਅਵਸਥਾ ਨੂੰ ਪ੍ਰਾਪਤ ਕਰਨ ਦੀ ਜੁਗਤੀ ਦੱਸਦੀ ਹੈ। ਇਸ ਲਈ ਆਪਣਾ ਜੀਵਨ ਸੁਖੀ ਅਤੇ ਸੰਪੰਨ ਬਣਾਉਣ ਦੀ ਖਾਤਰ ਇੱਕ ਆਮ ਮਨੁੱਖ ਲਈ ਗੁਰਬਾਣੀ ਦਾ ਪਰਮ ਸ਼ਕਤੀਸ਼ਾਲੀ ਮਹਾਤਮ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ।

ਗੁਰਬਾਣੀ ਸਤਿਗੁਰੂ ਸਾਹਿਬਾਨ, ਸੰਤਾਂ ਅਤੇ ਭਗਤਾਂ ਦੇ ਆਪੋ ਆਪਣੀ ਬੰਦਗੀ ਦੇ ਆਧਾਰ 'ਤੇ ਇਕੱਤਰ ਕੀਤੇ ਗਏ ਨਿਜੀ ਅਨੁਭਵਾਂ ਦਾ ਭੰਡਾਰ ਹੈ। ਗੁਰਬਾਣੀ ਸਤਿਗੁਰੂ ਸਾਹਿਬਾਨ, ਸੰਤਾਂ ਅਤੇ ਭਗਤਾਂ ਦੇ ਆਪੋ ਆਪਣੀ ਬੰਦਗੀ ਦੇ ਦੌਰਾਨ ਵਾਪਰੇ ਪ੍ਰਤੱਖ ਅਨੁਭਵਾਂ ਦੀ ਪਰਮ ਸ਼ਕਤੀਸ਼ਾਲੀ ਕਥਾ ਹੈ। ਇਨ੍ਹਾਂ ਮਹਾਨ ਹਸਤੀਆਂ ਨੇ ਆਪੋ ਆਪਣੀ ਬੰਦਗੀ ਦੇ ਦੌਰਾਨ ਜੋ ਪੂਰਨ ਬ੍ਰਹਮ ਗਿਆਨ ਦਾ ਅਨੁਭਵ ਕੀਤਾ ਹੈ; ਉਨ੍ਹਾਂ ਪੂਰਨ ਬ੍ਰਹਮ ਗਿਆਨ ਦੇ ਮੋਤੀਆਂ ਅਤੇ ਅਨਮੋਲ ਰਤਨਾਂ ਦਾ ਸੰਗ੍ਰਹਿ ਹੈ ਗੁਰਬਾਣੀ। ਇਨ੍ਹਾਂ ਮਹਾਨ ਪਰਮ ਸ਼ਕਤੀਸ਼ਾਲੀ ਹਸਤੀਆਂ ਦੀ ਬੰਦਗੀ ਦੇ ਦੌਰਾਨ ਧਰਤੀ 'ਤੇ ਪ੍ਰਗਟ ਹੋਈ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਦੀ ਪਰਮ ਸ਼ਕਤੀਸ਼ਾਲੀ ਕਥਾ ਹੈ ਗੁਰਬਾਣੀ। ਇਹ ਪਰਮ ਸਤਿ ਹੈ ਕਿ ਸਤਿ ਪਾਰਬ੍ਰਹਮ ਦੀ ਕਥਾ ਅਕੱਥ ਹੈ ਅਤੇ ਕਥੀ ਨਹੀਂ ਜਾ ਸਕਦੀ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਥਾ ਕਥੀ ਨਹੀਂ ਜਾਂਦੀ ਬਲਕਿ ਧਰਤੀ ਉੱਪਰ ਪ੍ਰਗਟ ਹੁੰਦੀ ਹੈ। ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਦੇ ਨਾਲ ਇਨ੍ਹਾਂ ਮਹਾਨ ਪਰਮ ਸ਼ਕਤੀਸ਼ਾਲੀ ਹਸਤੀਆਂ ਦੀ ਕਥਾ ਧਰਤੀ 'ਤੇ ਪ੍ਰਗਟ ਹੋਈ। ਸਤਿ ਪਾਰਬ੍ਰਹਮ ਦੀ ਕਥਾ ਉਸ ਸਮੇਂ ਧਰਤੀ 'ਤੇ ਪ੍ਰਗਟ ਹੁੰਦੀ ਹੈ ਜਦ ਕਿਸੇ ਸੁਹਾਗਣ ਦਾ ਜਨਮ ਹੁੰਦਾ ਹੈ। ਸਤਿ ਪਾਰਬ੍ਰਹਮ ਦੀ ਕਥਾ ਉਸ ਸਮੇਂ ਧਰਤੀ 'ਤੇ ਪ੍ਰਗਟ ਹੁੰਦੀ ਹੈ ਜਦ ਕੋਈ ਸਦਾ ਸੁਹਾਗਣ ਧਰਤੀ 'ਤੇ ਪ੍ਰਗਟ ਹੁੰਦੀ ਹੈ। ਸਤਿ ਪਾਰਬ੍ਰਹਮ ਦੀ ਕਥਾ ਉਸ ਸਮੇਂ ਧਰਤੀ 'ਤੇ ਪ੍ਰਗਟ ਹੁੰਦੀ ਹੈ ਜਦ ਕੋਈ ਮਨੁੱਖ ਬੰਦਗੀ ਵਿੱਚ ਲੀਨ ਹੋ ਕੇ ਪੂਰਨ ਅਵਸਥਾ ਨੂੰ ਪ੍ਰਾਪਤ ਕਰਦਾ ਹੈ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਕੇ ਪ੍ਰਗਟਿਓ ਜੋਤ ਰੂਪ ਵਿੱਚ ਧਰਤੀ 'ਤੇ ਪ੍ਰਗਟ ਹੁੰਦਾ ਹੈ। ਸਤਿ ਪਾਰਬ੍ਰਹਮ ਦੀ ਕਥਾ ਉਸ ਸਮੇਂ ਧਰਤੀ 'ਤੇ ਪ੍ਰਗਟ ਹੁੰਦੀ ਹੈ ਜਦ ਕੋਈ ਸਤਿਗੁਰੂ ਨਾਨਕ ਪਾਤਸ਼ਾਹ ਵਰਗਾ ਅਵਤਾਰ ਧਰਤੀ 'ਤੇ ਪ੍ਰਗਟ ਹੁੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਸਭ ਤੋਂ ਵੱਡੀ ਮਹਿਮਾ ਜੋ ਧਰਤੀ ਉੱਪਰ ਪ੍ਰਗਟ ਹੁੰਦੀ ਹੈ ਉਹ ਹੈ: ਸਤਿ ਪਾਰਬ੍ਰਹਮ ਪਰਮੇਸ਼ਰ ਦਾ ਅਵਤਾਰ, ਪੂਰਨ

ਸੰਤ, ਪੂਰਨ ਬ੍ਰਹਮ ਗਿਆਨੀ, ਸਤਿਗੁਰੂ ਪੂਰਾ, ਪੂਰਨ ਖ਼ਾਲਸਾ ਜਾਂ ਗੁਰਮੁਖ। ਇਨ੍ਹਾਂ ਮਹਾਨ ਅਤੇ ਪਰਮ ਸ਼ਕਤੀਸ਼ਾਲੀ ਹਸਤੀਆਂ ਨੇ ਸਤਿ ਪਰਬ੍ਰਹਮ ਪਰਮੇਸ਼ਰ ਲਈ ਆਪਣੀ ਬੇਅੰਤ ਸ਼ਰਧਾ, ਪ੍ਰੀਤ ਅਤੇ ਭਰੋਸੇ ਦੀਆਂ ਪਰਮ ਸ਼ਕਤੀਆਂ ਦੇ ਬਲ 'ਤੇ ਕਮਾਈ ਗਈ ਬੇਅੰਤ ਬੰਦਗੀ ਦੇ ਆਧਾਰ 'ਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਧਰਤੀ ਉੱਪਰ ਪ੍ਰਗਟ ਕੀਤਾ ਹੈ। ਇਨ੍ਹਾਂ ਮਹਾਨ ਅਤੇ ਪਰਮ ਸ਼ਕਤੀਸ਼ਾਲੀ ਹਸਤੀਆਂ ਨੇ ਗੁਰਬਾਣੀ ਨੂੰ ਧਰਤੀ ਉੱਪਰ ਪ੍ਰਗਟ ਕੀਤਾ ਹੈ।

ਗੁਰਬਾਣੀ ਬੰਦਗੀ ਕਰਨ ਵਾਲੇ ਮਨੁੱਖ ਦਾ ਸੂਖਮਤਾ ਦੇ ਨਾਲ ਮਾਰਗ ਦਰਸ਼ਨ ਕਰਦੀ ਹੈ। ਗੁਰਬਾਣੀ ਬੰਦਗੀ ਦੇ ਸਾਰੇ ਸੂਖਮ ਅਤੇ ਗੁੱਝੇ ਭੇਦ ਦੱਸਦੀ ਹੈ। ਗੁਰਬਾਣੀ ਬੰਦਗੀ ਕਰਨ ਵਾਲੇ ਮਨੁੱਖ ਦੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿੰਦੀ ਹੈ। ਗੁਰਬਾਣੀ ਦਾ ਮਹਾਤਮ ਬੇਅੰਤ ਹੈ। ਗੁਰਬਾਣੀ ਦੀ ਮਹਿਮਾ ਬੇਅੰਤ ਹੈ। ਗੁਰਬਾਣੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਹੈ। ਗੁਰਬਾਣੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ 'ਸਤਿ' ਨਾਮ ਦੀ ਮਹਿਮਾ ਹੈ। ਗੁਰਬਾਣੀ ਸੰਤਾਂ, ਭਗਤਾਂ, ਬ੍ਰਹਮ ਗਿਆਨੀਆਂ, ਸਤਿਗੁਰੂਆਂ, ਖ਼ਾਲਸਿਆਂ, ਗੁਰਮੁਖਾਂ, ਗੁਰਸਿੱਖਾਂ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਅਵਤਾਰਾਂ ਦੀ ਮਹਿਮਾ ਹੈ। ਗੁਰਬਾਣੀ 'ਸਤਿ' ਸਰੂਪ ਹੈ ਇਸ ਲਈ ਗੁਰਬਾਣੀ ਦੀ ਮਹਿਮਾ ਬੇਅੰਤ ਹੈ। ਗੁਰਬਾਣੀ 'ਸਤਿ' ਸਰੂਪ ਹੈ ਇਸ ਲਈ ਗੁਰਬਾਣੀ ਗੁਰੂ ਹੈ। ਗੁਰਬਾਣੀ 'ਸਤਿ' ਸਰੂਪ ਹੈ ਇਸ ਲਈ ਗੁਰਬਾਣੀ ਨਿਰੰਕਾਰ ਹੈ। ਭਾਵ ਗੁਰਬਾਣੀ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਗਿਆਨ ਸਰੂਪ ਹੈ ਜਿਸ ਨੂੰ ਸਤਿਗੁਰੂ ਸਾਹਿਬਾਨ ਅਤੇ ਸੰਤਾਂ ਭਗਤਾਂ ਨੇ ਧਰਤੀ ਉੱਪਰ ਪ੍ਰਗਟ ਕੀਤਾ ਹੈ। ਗੁਰਬਾਣੀ ਵਿੱਚ ਪਰਮ ਸ਼ਕਤੀ ਹੈ। ਗੁਰਬਾਣੀ ਆਪਣੇ ਆਪ ਵਿੱਚ ਹੀ ਪਰਮ ਸ਼ਕਤੀ ਹੈ। ਇਸ ਲਈ ਗੁਰਬਾਣੀ ਦੇ ਪਰਮ ਸ਼ਕਤੀਸ਼ਾਲੀ ਮਹਾਤਮ 'ਤੇ ਵਿਚਾਰ ਕਰਨਾ ਬੇਅੰਤ ਲਾਜ਼ਮੀ ਹੈ। ਇਸ ਲਈ ਕਿਸੇ ਵੀ ਬੰਦਗੀ ਕਰਨ ਵਾਲੇ ਮਨੁੱਖ ਲਈ ਗੁਰਬਾਣੀ ਦਾ ਮਹਾਤਮ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੋ ਜਾਂਦਾ ਹੈ। ਧੰਨ ਧੰਨ ਸਤਿਗੁਰੂ ਸਾਹਿਬ ਨੇ ਗੁਰਬਾਣੀ ਨੂੰ "ਨਿਰੰਕਾਰ" ਕਹਿ ਕੇ ਗੁਰਬਾਣੀ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਪ੍ਰਗਟ ਕੀਤਾ ਹੈ:

ਸਲੋਕੁ ਮਃ ੩ ॥
ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥
ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ ॥
ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ ॥
ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ ॥
ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੧੫)

ਇਹ ਪਰਮ ਸਤਿ ਹੈ ਕਿ ਗੁਰਬਾਣੀ ਵਿੱਚ ਪਰਮ ਸ਼ਕਤੀ ਹੈ ਇਸ ਲਈ ਗੁਰਬਾਣੀ ਸ੍ਰੇਸ਼ਠ ਹੈ। ਇਹ ਪਰਮ ਸਤਿ ਹੈ ਕਿ ਗੁਰਬਾਣੀ ਵਿੱਚ ਪਰਮ ਸ਼ਕਤੀ ਹੈ ਇਸ ਲਈ ਗੁਰਬਾਣੀ ਸਿਰਮੌਰ ਹੈ। ਇਹ ਪਰਮ ਸਤਿ ਹੈ ਕਿ ਗੁਰਬਾਣੀ 'ਸਤਿ' ਸਰੂਪ ਹੈ ਇਸ ਲਈ ਗੁਰਬਾਣੀ ਵਿੱਚ ਪਰਮ ਸ਼ਕਤੀ ਹੈ। ਇਹ ਪਰਮ ਸਤਿ ਹੈ ਕਿ ਗੁਰਬਾਣੀ 'ਸਤਿ' ਸਰੂਪ ਹੈ ਇਸ ਲਈ ਗੁਰਬਾਣੀ ਸਿਰਮੌਰ ਹੈ। ਇਸ ਪਰਮ ਸਤਿ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ ਬੂਝੈ ਕੋਇ ॥
ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੭੬)

ਇਨ੍ਹਾਂ ਸਾਰੇ ਪਰਮ ਸਤਿ ਤੱਤਾਂ ਦਾ ਕੀ ਭਾਵ ਹੈ ਇਹ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ। ਗੁਰਬਾਣੀ ਸੱਚ ਖੰਡ ਤੋਂ ਪ੍ਰਗਟ ਹੋਈ ਹੈ। ਗੁਰਬਾਣੀ ਸੱਚ ਖੰਡ ਦੀ ਭਾਸ਼ਾ ਹੈ। ਭਾਵ ਗੁਰਬਾਣੀ ਮਾਨਸਰੋਵਰ ਵਿੱਚ ਡੁੰਘੇ ਉਤਰ ਗਏ ਹੋਏ ਉਨ੍ਹਾਂ ਮਹਾਨ ਅਤੇ ਪਰਮ ਸ਼ਕਤੀਸ਼ਾਲੀ ਹਸਤੀਆਂ ਦੇ ਹਿਰਦੇ ਵਿੱਚੋਂ ਪ੍ਰਗਟ ਹੋਈ ਹੈ ਜੋ ਸੱਚ ਖੰਡ ਦੇ ਵਾਸੀ ਹਨ। ਇਸ ਲਈ ਧਰਤੀ 'ਤੇ ਵਿਚਰ ਰਹੇ ਇੱਕ ਆਮ ਮਨੁੱਖ ਲਈ, ਜੋ ਕਿ ਧਰਮ ਖੰਡ (ਬੰਦਗੀ ਦੀ ਪਹਿਲੀ ਅਵਸਥਾ, ਬਾਕੀ ਚਾਰ ਅਵਸਥਾਵਾਂ ਹਨ: ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ) ਤੋਂ ਵੀ ਥੱਲੇ ਦੀ ਅਵਸਥਾ ਵਿੱਚ ਬੈਠਾ ਹੈ, ਉਸ ਲਈ ਬਾਣੀ ਨੂੰ ਜਾਣਨਾ ਅਤੇ ਸਮਝਣਾ ਬਹੁਤ ਔਖਾ ਕਾਰਜ ਹੈ। ਇੱਕ ਆਮ ਮਨੁੱਖ ਜਦੋਂ ਗੁਰਬਾਣੀ ਪੜ੍ਹਦਾ ਜਾਂ ਸੁਣਦਾ ਹੈ ਤਾਂ ਉਸ ਦਾ ਮਨ ਗੁਰਬਾਣੀ ਵਿੱਚ ਇਕਾਗਰ ਨਹੀਂ ਹੁੰਦਾ ਹੈ। ਇੱਕ ਆਮ ਮਨੁੱਖ ਦਾ ਗੁਰਬਾਣੀ ਪੜ੍ਹਨ ਸਮੇਂ ਇਹ ਅਨੁਭਵ ਹੁੰਦਾ ਹੈ ਕਿ ਮੁਖੋਂ ਤਾਂ ਗੁਰਬਾਣੀ ਉਚਾਰਨ ਕਰ ਰਿਹਾ ਹੁੰਦਾ ਹੈ ਪਰੰਤੂ ਮਨੁੱਖ ਦਾ ਮਨ ਹੋਰ ਦੁਨਿਆਵੀ ਝੰਜਟਾਂ ਵਿੱਚ ਉਲਝਿਆ ਹੁੰਦਾ ਹੈ। ਗੁਰਬਾਣੀ ਤਾਂ ਮਨੁੱਖ ਦੇ ਕੰਨਾਂ ਵਿੱਚ ਪੈ ਰਹੀ ਹੁੰਦੀ ਹੈ ਪਰੰਤੂ ਮਨੁੱਖ ਦਾ ਮਨ ਆਪਣੇ ਹੀ ਕੋਈ ਮਸਲਿਆਂ ਵਿੱਚ ਭਟਕ ਰਿਹਾ ਹੁੰਦਾ ਹੈ। ਗੁਰਬਾਣੀ ਦਾ ਉਚਾਰਨ ਅਤੇ ਕੰਨਾਂ ਵਿੱਚ ਪੈਣਾ ਤਾਂ ਚਲ ਰਿਹਾ ਹੁੰਦਾ ਹੈ ਪਰੰਤੂ ਮਨੁੱਖ ਦੇ ਮਨ ਵਿੱਚ ਗੁਰਬਾਣੀ ਤੋਂ ਇਲਾਵਾ ਹੋਰ ਸਾਰੇ ਦੁਨਿਆਵੀ ਫੁਰਨਿਆਂ ਦਾ ਤਾਣਾ-ਬਾਣਾ ਚਲਦਾ ਰਹਿੰਦਾ ਹੈ। ਗੁਰਬਾਣੀ ਪੜ੍ਹਨ ਵਾਲੇ ਨਿਤਨੇਮੀ ਮਨੁੱਖ ਇਸ ਪਰਮ ਸਤਿ ਦਾ ਅਨੁਭਵ ਰੋਜ਼ ਕਰਦੇ ਹਨ। ਇਸ ਲਈ ਮਨੁੱਖ ਦਾ ਮਨ ਤਾਂ ਚੁੱਪ ਕਰ ਕੇ ਗੁਰਬਾਣੀ ਸੁਣਦਾ ਹੀ ਨਹੀਂ ਹੈ ਪਰੰਤੂ ਨਿਰੰਤਰ ਦੁਨਿਆਵੀ ਸ਼ੋਰ-ਸ਼ਰਾਬੇ ਵਿੱਚ ਉਲਝਿਆ ਰਹਿੰਦਾ ਹੈ। ਮਨੁੱਖ ਦਾ ਮਨ ਚੁੱਪ ਕਰੇ ਤਾਂ ਗੁਰਬਾਣੀ ਸੁਣੇ। ਨਿਰੰਤਰ ਦੁਨਿਆਵੀ ਫੁਰਨਿਆਂ ਦੇ ਸ਼ੋਰ-ਸ਼ਰਾਬੇ ਵਿੱਚ ਭਟਕ ਰਿਹਾ ਮਨ ਗੁਰਬਾਣੀ ਕਿਵੇਂ ਸੁਣ ਸਕਦਾ ਹੈ। ਇਸ ਲਈ ਗੁਰਬਾਣੀ ਸੁਣਨ ਦੀ ਸਮੱਸਿਆ ਸਾਰੇ ਗੁਰਬਾਣੀ ਪੜ੍ਹਨ ਅਤੇ ਸੁਣਨ ਵਾਲੇ ਮਨੁੱਖਾਂ ਲਈ ਇੱਕ ਬਹੁਤ ਵੱਡੀ ਸਮੱਸਿਆ ਹੈ। ਬੰਦਗੀ ਦੇ ਮਾਰਗ ਉੱਪਰ ਚਲਣ ਲਈ ਅਤੇ ਗੁਰਬਾਣੀ ਪੜ੍ਹਨ ਅਤੇ ਸੁਣਨ ਦੇ ਚਾਹਵਾਨ ਮਨੁੱਖਾਂ ਦੀ ਇਹ ਬਹੁਤ ਵੱਡੀ ਸਮੱਸਿਆ ਹੈ। ਕਿਉਂਕਿ ਗੁਰਬਾਣੀ ਸੁਣਦੇ ਅਤੇ ਪੜ੍ਹਦੇ ਸਮੇਂ ਜੇਕਰ ਮਨੁੱਖ ਦੀ ਸੁਰਤਿ ਅਤੇ ਮਨ ਵਿੱਚ ਗੁਰਬਾਣੀ ਨਹੀਂ ਉੱਕਰੀ ਗਈ ਤਾਂ ਗੁਰਬਾਣੀ ਪੜ੍ਹਨਾ ਅਤੇ ਸੁਣਨਾ ਕਿਸੇ ਅਰਥ ਨਹੀਂ ਹੁੰਦਾ ਹੈ। ਇਹ ਪਰਮ ਸਤਿ ਹੈ ਕਿ ਗੁਰਬਾਣੀ ਨੂੰ ਪੜ੍ਹਨ ਅਤੇ ਸੁਣਨ ਦਾ ਅਸਲ ਮੰਤਵ ਤਾਂ ਗੁਰਬਾਣੀ ਨੂੰ ਸੁਰਤਿ ਅਤੇ ਮਨ ਵਿੱਚ ਉੱਕਰਨਾ ਹੈ ਤਾਂ ਕਿ ਮਨੁੱਖ ਦੀ ਸੁਰਤਿ ਅਤੇ ਮਨ ਪਵਿੱਤਰ ਹੋ ਸਕਣ। ਇਸ ਤੋਂ ਵੀ ਵੱਡਾ ਪਰਮ ਸਤਿ ਇਹ ਹੈ ਕਿ ਗੁਰਬਾਣੀ ਪੜ੍ਹਨ ਅਤੇ ਸੁਣਨ ਦਾ ਦਰਗਾਹੀ ਭਾਵ ਹੈ ਗੁਰਬਾਣੀ ਦਾ ਮਨੁੱਖ ਦੇ ਹਿਰਦੇ ਵਿੱਚ ਉੱਕਰ ਜਾਣਾ। ਇਸ ਤੋਂ ਵੀ ਵੱਡਾ ਪਰਮ ਸਤਿ ਇਹ ਹੈ ਕਿ ਗੁਰਬਾਣੀ ਦਾ ਮਨੁੱਖ ਦੇ ਰੋਮ-ਰੋਮ ਵਿੱਚ ਵੱਜਣਾ। ਭਾਵ ਜਦੋਂ ਗੁਰਬਾਣੀ ਕੀਰਤਨ ਦੀਆਂ ਧੁਨਾਂ ਵੱਜਦੀਆਂ ਹੋਣ ਤਾਂ ਮਨੁੱਖ ਦੀ ਸੁਰਤਿ ਅਤੇ ਮਨ ਗੁਰਬਾਣੀ ਵਿੱਚ ਇੱਕ ਦਮ ਖਿੱਚੇ ਜਾਣ ਅਤੇ ਮਨੁੱਖ ਸਮਾਧੀ ਸਥਿਤ ਹੋ ਜਾਏ ਅਤੇ ਉਸ ਦਾ ਰੋਮ-ਰੋਮ ਗੁਰਬਾਣੀ ਦੇ ਸ਼ਬਦਾਂ ਦੇ ਨਾਲ ਖਿੱਲ ਜਾਏ। ਜਦੋਂ ਮਨੁੱਖ ਗੁਰਬਾਣੀ ਪੜ੍ਹੇ ਤਾਂ ਉਸ ਦੇ ਰੋਮ-ਰੋਮ ਵਿੱਚੋਂ ਗੁਰਬਾਣੀ ਦੇ ਸ਼ਬਦਾਂ ਦਾ ਅੰਮ੍ਰਿਤ ਛਲਕੇ। ਜਦੋਂ ਮਨੁੱਖ ਗੁਰਬਾਣੀ

ਸੁਣੇ ਤਾਂ ਉਸ ਦੇ ਰੋਮ-ਰੋਮ ਵਿੱਚ ਬਾਣੀ ਸੁਣੀ ਜਾਏ ਅਤੇ ਉਸ ਦਾ ਰੋਮ-ਰੋਮ ਗੁਰਬਾਣੀ ਦੇ ਅੰਮ੍ਰਿਤ ਦੇ ਨਾਲ ਖਿੱਲ ਜਾਏ। ਜਦੋਂ ਮਨੁੱਖ ਗੁਰਬਾਣੀ ਪੜ੍ਹਨ ਦਾ ਯਤਨ ਕਰੇ ਤਾਂ ਉਸ ਦੀ ਦੇਹੀ ਵਿੱਚ ਸਥਿਤ ਸਤਿ ਸਰੋਵਰਾਂ ਵਿੱਚੋਂ ਅੰਮ੍ਰਿਤ ਦੀਆਂ ਧਾਰਾਂ ਵਗਣੀਆਂ ਸ਼ੁਰੂ ਹੋ ਜਾਣ ਅਤੇ ਉਸ ਦੀ ਸਮਾਧੀ ਲੱਗ ਜਾਏ। ਜਦੋਂ ਮਨੁੱਖ ਗੁਰਬਾਣੀ ਸੁਣੇ ਤਾਂ ਮਨੁੱਖ ਦੀ ਦੇਹੀ ਵਿੱਚੋਂ ਅੰਮ੍ਰਿਤ ਦੇ ਝਰਨੇ ਫੁੱਟਣ ਲੱਗ ਪੈਣ। ਐਸਾ ਪਰਮ ਸ਼ਕਤੀਸ਼ਾਲੀ ਮਹਾਤਮ ਹੈ ਗੁਰਬਾਣੀ ਪੜ੍ਹਨ ਅਤੇ ਸੁਣਨ ਦਾ। ਇਸੇ ਲਈ ਗੁਰਬਾਣੀ ਨੂੰ ਸਤਿਗੁਰੂ ਸਾਹਿਬਾਨ ਨੇ ਸਿਰਮੌਰ ਕਿਹਾ ਹੈ। ਇਸੇ ਲਈ ਗੁਰਬਾਣੀ ਨੂੰ ਅੰਮ੍ਰਿਤ ਕਿਹਾ ਗਿਆ ਹੈ। ਇਸੇ ਲਈ ਗੁਰਬਾਣੀ ਨੂੰ ਗੁਰੂ ਕਿਹਾ ਗਿਆ ਹੈ। ਇਸੇ ਲਈ ਗੁਰਬਾਣੀ ਨੂੰ ਨਿਰੰਕਾਰ ਕਿਹਾ ਗਿਆ ਹੈ। ਇਸ ਲਈ ਜੋ ਮਨੁੱਖ ਗੁਰਬਾਣੀ ਪੜ੍ਹਨ-ਸੁਣਨ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦੇ ਇਨ੍ਹਾਂ ਪਰਮ ਸਤਿ ਦੇ ਤੱਤਾਂ ਦਾ ਅਨੁਭਵ ਨਹੀਂ ਕਰਦੇ ਹਨ ਉਨ੍ਹਾਂ ਦੇ ਗੁਰਬਾਣੀ ਪੜ੍ਹਨ-ਸੁਣਨ ਦਾ ਕੋਈ ਅਰਥ ਨਹੀਂ ਹੈ।

ਗੁਰਬਾਣੀ ਸੁਣਨ ਅਤੇ ਪੜ੍ਹਨ ਦੀ ਸਮੱਸਿਆ ਦਾ ਮੂਲ ਕਾਰਨ ਮਨ, ਸੁਰਤਿ ਅਤੇ ਚਿੱਤ ਦੀ ਇਕਾਗਰਤਾ ਦਾ ਅਭਾਵ ਹੈ। ਮਨ ਸੁਰਤਿ ਚਿੱਤ ਦੀ ਇਕਾਗਰਤਾ ਦਾ ਅਭਾਵ ਵੱਡੇ-ਵੱਡੇ ਕਹਾਉਣ ਵਾਲੇ ਨਿਤਨੇਮੀ ਮਨੁੱਖਾਂ ਅਤੇ ਗੁਰਬਾਣੀ ਦੇ ਪਾਠਕਾਂ ਨੂੰ ਨਿਰਾਸ਼ ਕਰ ਦਿੰਦਾ ਹੈ। ਇੱਕ ਆਮ ਮਨੁੱਖ ਜੋ ਕਿ ਬੰਦਗੀ ਦੇ ਪਹਿਲੇ ਪੜਾਉ ਧਰਮ ਖੰਡ ਵਿੱਚ ਸਥਿਤ ਹੈ ਉਸ ਦਾ ਮਨ, ਸੁਰਤਿ ਅਤੇ ਚਿੱਤ ਇਕਾਗਰ ਨਹੀਂ ਹੁੰਦਾ ਹੈ। ਇੱਕ ਆਮ ਮਨੁੱਖ ਜੋ ਕਿ ਬੰਦਗੀ ਦੀ ਪਹਿਲੀ ਅਵਸਥਾ (ਧਰਮ ਖੰਡ) ਵਿੱਚ ਸਥਿਤ ਹੈ ਉਸ ਦਾ ਮਨ, ਸੁਰਤਿ ਅਤੇ ਚਿੱਤ ਕਿਵੇਂ ਇਕਾਗਰ ਹੋ ਸਕਦਾ ਹੈ ? ਇੱਕ ਆਮ ਮਨੁੱਖ ਜੋ ਕਿ ਮਾਇਆ ਦੀ ਗ਼ੁਲਾਮੀ ਵਿੱਚ ਰੱਤਿਆ ਹੋਇਆ ਹੈ ਉਸ ਦਾ ਮਨ, ਸੁਰਤਿ ਅਤੇ ਚਿੱਤ ਕਿਵੇਂ ਇਕਾਗਰ ਹੋ ਸਕਦਾ ਹੈ। ਇੱਕ ਆਮ ਮਨੁੱਖ ਜੋ ਕਿ ਦਿਨ-ਰਾਤ ਆਪਣੀ ਤ੍ਰਿਸ਼ਣਾ ਦੀ ਅਗਨ ਨੂੰ ਬੁਝਾਉਣ ਲਈ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਦੀ ਗ਼ੁਲਾਮੀ ਅਧੀਨ ਕੂੜ ਕਰਮ ਕਰਨ ਵਿੱਚ ਰੱਤਿਆ ਹੋਇਆ ਹੈ ਉਸ ਮਨੁੱਖ ਦਾ ਮਨ, ਸੁਰਤਿ ਅਤੇ ਚਿੱਤ ਇਕਾਗਰ ਕਿਵੇਂ ਹੋ ਸਕਦਾ ਹੈ। ਇਸ ਲਈ ਇਹ ਪ੍ਰਸ਼ਨ ਸੁਭਾਵਿਕ ਹਨ ਕਿ: ਮਨੁੱਖ ਦਾ ਮਨ, ਸੁਰਤਿ ਅਤੇ ਚਿੱਤ ਕਿਵੇਂ ਇਕਾਗਰ ਹੋ ਸਕਦਾ ਹੈ; ਮਨੁੱਖ ਦਾ ਮਨ, ਸੁਰਤਿ ਅਤੇ ਚਿੱਤ ਗੁਰਬਾਣੀ ਕਿਵੇਂ ਸੁਣ ਸਕਦਾ ਹੈ; ਮਨੁੱਖ ਗੁਰਬਾਣੀ ਦੇ ਸੁਣਨ ਦਾ ਅਤੇ ਪੜ੍ਹਨ ਦਾ ਪੂਰਨ ਆਨੰਦ ਕਿਵੇਂ ਲੈ ਸਕਦਾ ਹੈ ਅਤੇ ਮਨੁੱਖ ਗੁਰਬਾਣੀ ਨੂੰ ਪੜ੍ਹਨ ਅਤੇ ਸੁਣਨ ਦਾ ਪਰਮ ਸੁੱਖ ਕਿਵੇਂ ਪ੍ਰਾਪਤ ਕਰ ਸਕਦਾ ਹੈ। ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਇਸ ਪਰਮ ਸਤਿ ਤੱਤ ਵਿੱਚ ਮਿਲਦਾ ਹੈ: ਕੇਵਲ ਉਸ ਮਨੁੱਖ ਦਾ ਮਨ, ਸੁਰਤਿ ਅਤੇ ਚਿੱਤ ਗੁਰਬਾਣੀ ਸੁਣ ਸਕਦਾ ਹੈ ਜਿਸ ਮਨੁੱਖ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਗਿਆ ਹੈ; ਕੇਵਲ ਉਸ ਮਨੁੱਖ ਦਾ ਮਨ, ਸੁਰਤਿ ਅਤੇ ਚਿੱਤ ਗੁਰਬਾਣੀ ਦਾ ਪੂਰਨ ਆਨੰਦ ਮਾਣ ਸਕਦਾ ਹੈ ਜਿਸ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਗਿਆ ਹੈ; ਗੁਰਬਾਣੀ ਕੇਵਲ ਉਸ ਮਨੁੱਖ ਦੇ ਘਰ ਵਿੱਚ ਪ੍ਰਵੇਸ਼ ਕਰਦੀ ਹੈ ਜਿਸ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਗਿਆ ਹੈ; ਗੁਰਬਾਣੀ ਕੇਵਲ ਉਸ ਮਨੁੱਖ ਨੂੰ ਸਮਝ ਆਉਂਦੀ ਹੈ ਜਿਸ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਗਿਆ ਹੈ; ਗੁਰਬਾਣੀ ਕੇਵਲ ਉਸ ਮਨੁੱਖ ਦਾ ਹਿਰਦਾ ਭੇਦਦੀ ਹੈ ਜਿਸ ਮਨੁੱਖ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਗਿਆ ਹੈ।

ਜਿਨ੍ਹਾਂ ਮਨੁੱਖਾਂ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਨਹੀਂ ਹੋਇਆ ਉਨ੍ਹਾਂ ਦਾ ਮਨ, ਸੁਰਤਿ ਅਤੇ ਚਿੱਤ ਇਕਾਗਰ ਨਹੀਂ ਹੁੰਦਾ ਹੈ ਅਤੇ ਨਾ ਹੀ ਹੋ ਸਕਦਾ ਹੈ। ਇਸ ਲਈ ਇਸ ਪਰਮ ਸਤਿ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਲਾਜ਼ਮੀ ਹੈ ਕਿ ਸ਼ਬਦ ਅਤੇ ਸੁਰਤਿ ਦਾ ਸੁਮੇਲ ਜਦ ਤੱਕ ਨਹੀਂ ਹੋ ਜਾਂਦਾ ਹੈ ਤਦ ਤੱਕ ਮਨੁੱਖ ਦਾ ਮਨ, ਚਿੱਤ ਅਤੇ ਸੁਰਤਿ ਇਕਾਗਰਤਾ ਵਿੱਚ ਸਥਿਰ ਨਹੀਂ ਹੁੰਦੇ ਹਨ। ਸ਼ਬਦ ਅਤੇ ਸੁਰਤਿ ਦਾ ਸੁਮੇਲ ਗੁਰਪ੍ਰਸਾਦੀ ਖੇਲ ਹੈ। ਭਾਵ ਸ਼ਬਦ ਅਤੇ ਸੁਰਤਿ ਦਾ ਸੁਮੇਲ ਕੇਵਲ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੀ ਪ੍ਰਾਪਤੀ ਦੇ ਨਾਲ ਹੀ ਹੋ ਸਕਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਕੇਵਲ ਉਸ ਮਨੁੱਖ ਉੱਪਰ ਵਰਤਦੀ ਹੈ ਜਿਸ ਨੂੰ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਦੀ ਸੰਗਤ ਅਤੇ ਚਰਨ-ਸ਼ਰਨ ਕੇਵਲ ਉਸ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ ਜਿਸ ਦੇ ਭਾਗਾਂ ਵਿੱਚ ਲਿਖਿਆ ਹੋਏ। ਸਤਿਗੁਰੂ ਦੀ ਸੰਗਤ ਕੇਵਲ ਉਸ ਮਨੁੱਖ ਦੇ ਭਾਗਾਂ ਵਿੱਚ ਲਿਖੀ ਜਾਂਦੀ ਹੈ ਜੋ ਸਤਿ ਕਰਮ ਇਕੱਤਰ ਕਰਦਾ ਹੈ। ਸਤਿਗੁਰੂ ਦੀ ਸੰਗਤ ਕੇਵਲ ਉਸ ਮਨੁੱਖ ਦੇ ਭਾਗਾਂ ਵਿੱਚ ਲਿਖੀ ਜਾਂਦੀ ਹੈ ਜਿਸ ਦੀ ਬਿਰਤੀ ਸਤਿ ਕਰਮ ਕਰਦੇ-ਕਰਦੇ ਸਤੋ ਬਿਰਤੀ ਬਣ ਜਾਂਦੀ ਹੈ। ਜਿਸ ਮਨੁੱਖ ਦੀ ਸਤੋ ਬਿਰਤੀ ਬਣ ਜਾਂਦੀ ਹੈ ਉਸ ਮਨੁੱਖ 'ਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਨਦਰ ਹੋ ਜਾਂਦੀ ਹੈ ਅਤੇ ਉਸ ਦੇ ਭਾਗ ਜਾਗ ਪੈਂਦੇ ਹਨ ਜਿਸ ਦੇ ਨਾਲ ਉਸ ਮਨੁੱਖ ਨੂੰ ਪੂਰੇ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੋ ਜਾਂਦੀ ਹੈ। ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਉਪਰੰਤ ਗੁਰਪ੍ਰਸਾਦਿ ਦੀ ਪ੍ਰਾਪਤੀ ਕੇਵਲ ਉਸ ਮਨੁੱਖ ਨੂੰ ਹੁੰਦੀ ਹੈ ਜੋ ਮਨੁੱਖ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਂਦਾ ਹੈ ਅਤੇ ਸਤਿਗੁਰੂ ਦੀ ਸੇਵਾ ਕਰਦਾ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਕੇਵਲ ਉਸ ਮਨੁੱਖ ਨੂੰ ਹੁੰਦੀ ਹੈ ਜੋ ਮਨੁੱਖ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਦਾ ਹੈ। ਕੇਵਲ ਉਹ ਮਨੁੱਖ ਹੀ ਸਤਿਗੁਰੂ ਦਾ ਪਿਆਰਾ ਬਣਦਾ ਹੈ ਜੋ ਮਨੁੱਖ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਂਦਾ ਹੈ ਅਤੇ ਪੂਰਨ ਸਮਰਪਣ ਕਰਦਾ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਕੇਵਲ ਉਸ ਮਨੁੱਖ ਨੂੰ ਹੁੰਦੀ ਹੈ ਜੋ ਮਨੁੱਖ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਦੇ ਨਾਲ ਆਪਣਾ ਤਨ, ਮਨ, ਧਨ ਅਰਪਣ ਕਰਦਾ ਹੈ।

ਜਿਸ ਮਨੁੱਖ 'ਤੇ ਸਤਿਗੁਰੂ ਦੇ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤਦੀ ਹੈ ਉਸ ਮਨੁੱਖ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਜਾਂਦਾ ਹੈ। ਜਿਸ ਮਨੁੱਖ 'ਤੇ ਸਤਿਗੁਰੂ ਦੇ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤਦੀ ਹੈ ਉਸ ਮਨੁੱਖ ਦੇ ਸਤਿ ਤੱਤ ਦਾ ਸਤਿਗੁਰੂ ਦੇ ਸਤਿ ਤੱਤ ਨਾਲ ਸੁਮੇਲ ਹੋ ਜਾਂਦਾ ਹੈ ਅਤੇ ਉਸ ਮਨੁੱਖ ਦੀ ਸੁਰਤਿ ਵਿੱਚ ਸ਼ਬਦ ਟਿਕ ਜਾਂਦਾ ਹੈ। ਸੁਰਤਿ ਦੇ ਵਿੱਚ ਸ਼ਬਦ ਦਾ ਸੁਮੇਲ ਹੋ ਜਾਂਦਾ ਹੈ ਅਤੇ ਉਸ ਦੀ ਸੁਰਤਿ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ। ਉਸ ਮਨੁੱਖ ਦੀ ਸੁਰਤਿ ਵਿੱਚ ਸਤਿਨਾਮ ਚਲਣਾ ਸ਼ੁਰੂ ਹੋ ਜਾਂਦਾ ਹੈ। ਸ਼ਬਦ ਸੁਰਤਿ ਦੇ ਸੁਮੇਲ ਦੇ ਨਾਲ ਹੀ ਮਨੁੱਖ ਦੀ ਸਮਾਧੀ ਲੱਗ ਜਾਂਦੀ ਹੈ। ਸੁਰਤਿ ਅਤੇ ਸ਼ਬਦ ਦਾ ਸੁਮੇਲ ਹੀ ਗੁਰਪ੍ਰਸਾਦੀ ਗੁਰਕਿਰਪਾ ਹੈ। ਸੁਰਤਿ ਅਤੇ ਸ਼ਬਦ ਦਾ ਸੁਮੇਲ ਹੀ ਬੰਦਗੀ ਦਾ ਆਰੰਭ ਹੈ। ਸੁਰਤਿ ਅਤੇ ਸ਼ਬਦ ਦਾ ਸੁਮੇਲ ਹੀ ਬੰਦਗੀ ਦੀ ਪ੍ਰਾਪਤੀ ਹੈ। ਸੁਰਤਿ ਸ਼ਬਦ ਦੇ ਸੁਮੇਲ ਦੀ ਪਰਮ ਸ਼ਕਤੀਸ਼ਾਲੀ ਕਥਾ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਈ ਗਈ ਹੈ:

ਖਟੁ ਮਟੁ ਦੇਹੀ ਮਨੁ ਬੈਰਾਗੀ ॥ ਸੁਰਤਿ ਸਬਦੁ ਧੁਨਿ ਅੰਤਰਿ ਜਾਗੀ ॥
ਵਾਜੈ ਅਨਹਦੁ ਮੇਰਾ ਮਨੁ ਲੀਣਾ ॥ ਗੁਰ ਬਚਨੀ ਸਚਿ ਨਾਮਿ ਪਤੀਣਾ ॥੧॥

ਪ੍ਰਾਣੀ ਰਾਮ ਭਗਤਿ ਸੁਖੁ ਪਾਈਐ ॥
ਗੁਰਮੁਖਿ ਹਰਿ ਹਰਿ ਮੀਠਾ ਲਾਗੈ ਹਰਿ ਹਰਿ ਨਾਮਿ ਸਮਾਈਐ ॥੧॥ ਰਹਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੦੩-੯੦੪)

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੩੮)

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥
ਏਕੁ ਸਬਦੁ ਜਿਤੁ ਕਥਾ ਵੀਚਾਰੀ ॥ ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੩)

ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੧-੧੦੩੨)

ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥
ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥
ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੫੦)

ਸ਼ਬਦ-ਸੁਰਤਿ ਦੇ ਸੁਮੇਲ ਦੇ ਨਾਲ ਹੀ ਮਨੁੱਖ ਨੂੰ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਸੁਹਾਗ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦੀ ਬੰਦਗੀ ਕਰਮ ਖੰਡ ਵਿੱਚ ਸਥਾਪਿਤ ਹੋ ਜਾਂਦੀ ਹੈ। ਦਰਗਾਹ ਵਿੱਚ ਬੰਦਗੀ ਦਾ ਖ਼ਾਤਾ ਖੁੱਲ੍ਹ ਜਾਂਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਹੀ ਮਨੁੱਖ ਦਾ ਮਨ, ਚਿੱਤ ਅਤੇ ਸੁਰਤਿ ਗੁਰਬਾਣੀ ਨੂੰ ਸੁਣਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਹੀ ਮਨੁੱਖ ਨੂੰ ਗੁਰਬਾਣੀ ਸਮਝ ਆਉਣੀ ਸ਼ੁਰੂ ਹੁੰਦੀ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਹੀ ਮਨੁੱਖ ਗੁਰਬਾਣੀ ਦੀ ਗਹਿਰਾਈ ਨੂੰ ਅਨੁਭਵ ਕਰਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਹੀ ਮਨੁੱਖ ਨੂੰ ਗੁਰਬਾਣੀ ਦੇ ਗੁੱਝੇ ਭੇਦਾਂ ਦਾ ਗਿਆਨ ਹੋਣਾ ਸ਼ੁਰੂ ਹੁੰਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਹੀ ਮਨੁੱਖ ਨੂੰ ਗੁਰਬਾਣੀ ਦੇ ਵਿੱਚ ਰੱਖੇ ਹੋਏ ਪੂਰਨ ਬ੍ਰਹਮ ਗਿਆਨ ਦੇ ਅਨਮੋਲ ਰਤਨਾਂ ਦਾ ਬੋਧ ਹੋਣਾ ਸ਼ੁਰੂ ਹੁੰਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਹੀ ਮਨੁੱਖ ਨੂੰ ਗੁਰਬਾਣੀ ਦੇ ਵਿੱਚ ਪ੍ਰਗਟ ਕੀਤੇ ਗਏ ਪਰਮ ਸਤਿ ਤੱਤਾਂ ਦਾ ਅਨੁਭਵ ਸ਼ੁਰੂ ਹੁੰਦਾ ਹੈ। ਭਾਵ ਜੋ ਕੁਝ ਗੁਰਬਾਣੀ ਵਿੱਚ ਲਿਖਿਆ ਹੈ ਉਹ ਮਨੁੱਖ ਨੂੰ ਆਪਣੇ ਅੰਦਰ ਅਤੇ ਜੀਵਨ ਵਿੱਚ ਅਨੁਭਵ ਹੋਣਾ ਸ਼ੁਰੂ ਹੋ ਜਾਂਦਾ ਹੈ। ਮਨੁੱਖ ਦਾ ਜੀਵਨ ਬਦਲਣਾ ਸ਼ੁਰੂ ਹੋ ਜਾਂਦਾ ਹੈ। ਸਮਾਧੀ ਵਿੱਚ ਬੈਠ ਕੇ ਸਿਮਰਨ ਦੇ ਦੌਰਾਨ ਮਨੁੱਖ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ

ਪਰਮ ਸਤਿ ਤੱਤਾਂ ਦਾ ਅਨੁਭਵ ਹੁੰਦਾ ਹੈ। ਮਨੁੱਖ ਦਾ ਜੀਵਨ ਗੁਰਮਤਿ ਦਾ ਧਾਰਨੀ ਬਣਨਾ ਸ਼ੁਰੂ ਹੋ ਜਾਂਦਾ ਹੈ। ਮਨੁੱਖ ਦਾ ਜੀਵਨ ਗੁਰਬਾਣੀ ਬਣਨਾ ਸ਼ੁਰੂ ਹੋ ਜਾਂਦਾ ਹੈ। ਮਨੁੱਖ ਦੀ ਮਨਮੁਖਤਾ ਦਾ ਅੰਤ ਹੋਣਾ ਸ਼ੁਰੂ ਹੋ ਜਾਂਦਾ ਹੈ। ਮਨੁੱਖ ਦੇ ਅੰਦਰ ਗੁਰਮੁਖਤਾ ਵਧਣੀ ਸ਼ੁਰੂ ਹੋ ਜਾਂਦੀ ਹੈ। ਜਿਉਂ-ਜਿਉਂ ਮਨੁੱਖ ਮਾਨਸਰੋਵਰ ਵਿੱਚ ਗਹਿਰਾ ਉਤਰਦਾ ਜਾਂਦਾ ਹੈ ਤਿਉਂ-ਤਿਉਂ ਮਨੁੱਖ ਦੀ ਮਾਇਆ ਦੀ ਪਕੜ ਢਿੱਲੀ ਪੈਂਦੀ ਜਾਂਦੀ ਹੈ ਅਤੇ ਤ੍ਰਿਸ਼ਣਾ ਸ਼ਾਂਤ ਹੋਣੀ ਸ਼ੁਰੂ ਹੋ ਜਾਂਦੀ ਹੈ। ਪੰਜ ਦੂਤ ਵੱਸ ਆਉਣੇ ਸ਼ੁਰੂ ਹੋ ਜਾਂਦੇ ਹਨ। ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਜਾਣਾ ਸ਼ੁਰੂ ਹੋ ਜਾਂਦਾ ਹੈ। ਚੰਚਲ ਮਨ ਸ਼ਾਂਤ ਹੋ ਜਾਂਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਗੁਰਬਾਣੀ ਮਨੁੱਖ ਦਾ ਬੰਦਗੀ ਦੇ ਮਾਰਗ 'ਤੇ ਚਲਦੇ ਰਹਿਣ ਲਈ ਸੂਖਮਤਾ ਨਾਲ ਮਾਰਗ ਦਰਸ਼ਨ ਕਰਦੀ ਹੈ। ਇਸ ਕਰ ਕੇ ਸਤਿਗੁਰੂ ਸਾਹਿਬ ਅਨੰਦ ਸਾਹਿਬ ਦੀ ਇਸ ਪਉੜੀ ਵਿੱਚ ਗੁਰਬਾਣੀ ਨੂੰ ਸੁਣਨ ਅਤੇ ਗਾਉਣ ਦੇ ਮਹਾਤਮ ਦੀ ਮਹਿਮਾ ਦੱਸ ਰਹੇ ਹਨ। ਜਿਨ੍ਹਾਂ ਮਨੁੱਖਾਂ 'ਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਕਰਮ ਦੀ ਪਰਮ ਸ਼ਕਤੀ ਵਰਤਦੀ ਹੈ ਕੇਵਲ ਉਹ ਮਨੁੱਖ ਹੀ ਗੁਰਬਾਣੀ ਨੂੰ ਸੁਣਨ ਅਤੇ ਗਾਉਣ ਦੇ ਯੋਗ ਹੁੰਦੇ ਹਨ। ਜਿਨ੍ਹਾਂ ਮਨੁੱਖਾਂ 'ਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਕਰਮ ਦੀ ਪਰਮ ਸ਼ਕਤੀ ਵਰਤਦੀ ਹੈ ਕੇਵਲ ਉਨ੍ਹਾਂ ਮਨੁੱਖਾਂ ਦੇ ਹਿਰਦੇ ਵਿੱਚ ਹੀ ਗੁਰਬਾਣੀ ਸਮਾਉਂਦੀ ਹੈ। ਭਾਵ ਜਿਨ੍ਹਾਂ ਮਨੁੱਖਾਂ 'ਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਕਰਮ ਦੀ ਪਰਮ ਸ਼ਕਤੀ ਵਰਤਦੀ ਹੈ ਕੇਵਲ ਉਨ੍ਹਾਂ ਮਨੁੱਖਾਂ ਦਾ ਜੀਵਨ ਹੀ ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਪੂਰਨ ਸਤਿ ਦੇ ਤੱਤਾਂ ਨੂੰ ਅਨੁਭਵ ਕਰਦਾ ਹੈ। ਇਸ ਦਾ ਇਹ ਵੀ ਭਾਵ ਹੈ ਕਿ ਸਤਿਗੁਰੂ ਦੀ ਐਸੀ ਪਰਮ ਸ਼ਕਤੀਸ਼ਾਲੀ ਕਿਰਪਾ ਕੇਵਲ ਉਨ੍ਹਾਂ ਮਨੁੱਖਾਂ 'ਤੇ ਵਰਤਦੀ ਹੈ ਜਿਨ੍ਹਾਂ ਦੀ ਬੰਦਗੀ ਚੌਥੇ ਖੰਡ — ਕਰਮ ਖੰਡ ਵਿੱਚ ਅੱਪੜਦੀ ਹੈ।

ਜਿੱਥੇ ਇਹ ਪਰਮ ਸਤਿ ਹੈ ਕਿ ਕੇਵਲ ਸਤਿਗੁਰੂ 'ਪੂਰੇ' ਦੀ ਬਾਣੀ ਦੀ ਮਹਿਮਾ ਤਾਂ ਬੇਅੰਤ ਹੈ (ਜਿਵੇਂ ਕਿ ਉੱਪਰ ਲਿਖੀ ਗਈ ਕਥਾ ਵਿੱਚ ਵਿਚਾਰਿਆ ਗਿਆ ਹੈ); ਕੇਵਲ ਸਤਿਗੁਰੂ ਪੂਰੇ ਦੀ ਬਾਣੀ ਹੀ ਪੂਰਨ ਸਤਿ ਹੈ; ਕੇਵਲ ਸਤਿਗੁਰੂ ਪੂਰੇ ਦੀ ਬਾਣੀ ਹੀ ਪੂਰਨ ਦਰਗਾਹੀ ਹੁਕਮ ਹੈ। ਉੱਥੇ ਹੀ ਇਹ ਵੀ ਪਰਮ ਸਤਿ ਹੈ ਕਿ ਜਿਸ ਮਨੁੱਖ ਦੀ ਬੰਦਗੀ ਪੂਰਨ ਨਹੀਂ ਹੈ ਉਸ ਵਿੱਚ 'ਸਤਿ' ਗੁਰੂ ਪ੍ਰਗਟ ਨਹੀਂ ਹੁੰਦਾ ਹੈ ਅਤੇ ਨਾ ਹੀ ਹੋ ਸਕਦਾ ਹੈ। ਜੋ ਮਨੁੱਖ ਤ੍ਰੈ ਗੁਣ ਮਾਇਆ ਦੀ ਗ਼ੁਲਾਮੀ ਵਿੱਚ ਵਿਚਰ ਰਿਹਾ ਹੈ ਉਸ ਮਨੁੱਖ ਵਿੱਚ 'ਸਤਿ' ਗੁਰੂ ਤੱਤ ਪ੍ਰਗਟ ਨਹੀਂ ਹੁੰਦਾ ਹੈ ਅਤੇ ਨਾ ਹੀ ਹੋ ਸਕਦਾ ਹੈ। ਜਿਸ ਮਨੁੱਖ ਦੀ ਤ੍ਰਿਸ਼ਣਾ ਨਹੀਂ ਬੁਝੀ ਹੈ ਉਸ ਮਨੁੱਖ ਵਿੱਚ 'ਸਤਿ' ਤੱਤ ਪ੍ਰਗਟ ਨਹੀਂ ਹੁੰਦਾ ਹੈ ਅਤੇ ਨਾ ਹੀ ਹੋ ਸਕਦਾ ਹੈ। ਜਿਸ ਮਨੁੱਖ ਨੇ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੂੰ ਨਹੀਂ ਵੱਸ ਵਿੱਚ ਕੀਤਾ ਉਹ ਮਨੁੱਖ ਇਨ੍ਹਾਂ ਚੰਡਾਲਾਂ ਦਾ ਗ਼ੁਲਾਮ ਹੈ ਅਤੇ ਐਸੇ ਮਨੁੱਖ ਵਿੱਚ 'ਸਤਿ' ਤੱਤ ਜੋ ਕਿ ਗੁਰੂ ਤੱਤ ਹੈ ਉਹ ਪ੍ਰਗਟ ਨਹੀਂ ਹੁੰਦਾ ਹੈ ਅਤੇ ਨਾ ਹੀ ਹੋ ਸਕਦਾ ਹੈ। ਜਿਸ ਮਨੁੱਖ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਨਹੀਂ ਹੈ ਉਸ ਮਨੁੱਖ ਵਿੱਚ 'ਸਤਿ' ਤੱਤ ਪ੍ਰਗਟ ਨਹੀਂ ਹੁੰਦਾ ਹੈ ਅਤੇ ਨਾ ਹੀ ਹੋ ਸਕਦਾ ਹੈ। ਜਿਸ ਮਨੁੱਖ ਦਾ ਹਿਰਦਾ ਸੰਤ ਹਿਰਦਾ ਨਹੀਂ ਬਣਿਆ ਹੈ ਉਸ ਮਨੁੱਖ ਵਿੱਚ 'ਸਤਿ' ਗੁਰੂ ਤੱਤ ਪ੍ਰਗਟ ਨਹੀਂ ਹੁੰਦਾ ਹੈ ਅਤੇ ਨਾ ਹੀ ਹੋ ਸਕਦਾ ਹੈ। ਜਿਸ ਮਨੁੱਖ ਦੇ ਸਾਰੇ ਵਿਕਾਰਾਂ ਦਾ ਅੰਤ ਨਹੀਂ ਹੁੰਦਾ ਹੈ ਅਤੇ ਜਿਸ ਮਨੁੱਖ ਦੇ ਹਿਰਦੇ ਵਿੱਚ ਸਾਰੇ ਸਤਿ ਗੁਣ ਪ੍ਰਗਟ ਨਹੀਂ ਹੁੰਦੇ ਹਨ ਉਸ ਮਨੁੱਖ ਵਿੱਚ 'ਸਤਿ' ਤੱਤ ਪ੍ਰਗਟ ਨਹੀਂ ਹੁੰਦਾ ਹੈ ਅਤੇ ਨਾ ਹੀ ਹੋ ਸਕਦਾ ਹੈ। ਜਿਸ ਮਨੁੱਖ ਦੇ ਰੋਮ-ਰੋਮ ਵਿੱਚ ਸਤਿਨਾਮ ਸਿਮਰਨ ਦਾ ਪ੍ਰਕਾਸ਼ ਨਹੀਂ ਹੁੰਦਾ, ਜਿਸ ਦੇ ਸਾਰੇ ਬਜਰ ਕਪਾਟ ਨਹੀਂ ਖੁੱਲ੍ਹੇ ਹਨ ਅਤੇ ਜਿਸ

ਦੇ ਸਤਿ ਸਰੋਵਰ ਜਾਗਰਿਤ ਨਹੀਂ ਹਨ ਉਸ ਮਨੁੱਖ ਵਿੱਚ 'ਸਤਿ' ਗੁਰੂ ਤੱਤ ਪ੍ਰਗਟ ਨਹੀਂ ਹੁੰਦਾ ਹੈ ਅਤੇ ਨਾ ਹੀ ਹੋ ਸਕਦਾ ਹੈ।

ਇਸ ਲਈ ਜਿਸ ਮਨੁੱਖ ਵਿੱਚ 'ਸਤਿ' ਗੁਰੂ ਤੱਤ ਪ੍ਰਗਟ ਨਹੀਂ ਹੁੰਦਾ ਹੈ ਉਸ ਮਨੁੱਖ ਦੀ ਬਾਣੀ 'ਕੱਚੀ ਬਾਣੀ' ਹੁੰਦੀ ਹੈ। ਭਾਵ ਜੋ ਮਨੁੱਖ ਮਾਇਆ ਦੀ ਗ਼ੁਲਾਮੀ ਵਿੱਚ ਹੈ ਉਸ ਦੀ ਬਾਣੀ ਵਿੱਚ ਮਾਇਕੀ ਸ਼ਕਤੀਆਂ ਦਾ ਅਸਰ ਹੁੰਦਾ ਹੈ ਅਤੇ ਉਸ ਮਨੁੱਖ ਦੀ ਬਾਣੀ ਵਿੱਚ ਮਾਇਆ ਵਰਤਦੀ ਹੈ। ਜਿਸ ਮਨੁੱਖ ਦੀ ਬਾਣੀ ਵਿੱਚ ਮਾਇਆ ਵਰਤਦੀ ਹੋਏ ਉਸ ਦੀ ਬਾਣੀ ਵਿੱਚ ਰੂਹਾਨੀਅਤ ਨਹੀਂ ਵਰਤਦੀ ਨਾ ਹੀ ਵਰਤ ਸਕਦੀ ਹੈ। ਜਿਸ ਮਨੁੱਖ ਵਿੱਚ 'ਸਤਿ' ਗੁਰੂ ਤੱਤ ਪ੍ਰਗਟ ਨਹੀਂ ਹੁੰਦਾ ਹੈ ਉਸ ਦੀ ਬਾਣੀ 'ਸਤਿ' ਨਹੀਂ ਹੁੰਦੀ ਹੈ। ਐਸੇ ਮਨੁੱਖ ਦੀ ਬਾਣੀ ਅਸਤਿ ਹੁੰਦੀ ਹੈ। ਜਿਸ ਮਨੁੱਖ ਵਿੱਚ 'ਸਤਿ' ਗੁਰੂ ਤੱਤ ਪ੍ਰਗਟ ਨਹੀਂ ਹੁੰਦਾ ਹੈ ਉਸ ਦੀ ਬਾਣੀ ਵਿੱਚ ਪਰਮ ਸ਼ਕਤੀ ਨਹੀਂ ਵਰਤਦੀ ਨਾ ਹੀ ਵਰਤ ਸਕਦੀ ਹੈ। ਜਿਸ ਮਨੁੱਖ ਵਿੱਚ 'ਸਤਿ' ਗੁਰੂ ਤੱਤ ਪ੍ਰਗਟ ਨਹੀਂ ਹੁੰਦਾ ਹੈ ਉਸ ਦੀ ਬਾਣੀ ਗੁਰਮਤਿ ਨਹੀਂ ਹੁੰਦੀ ਨਾ ਹੀ ਹੋ ਸਕਦੀ ਹੈ। ਭਾਵ ਜਿਸ ਮਨੁੱਖ ਦੇ ਵਿੱਚ 'ਸਤਿ' ਗੁਰੂ ਤੱਤ ਪ੍ਰਗਟ ਨਹੀਂ ਹੁੰਦਾ ਉਹ ਮਨੁੱਖ ਮਨਮੁਖ ਹੁੰਦਾ ਹੈ ਅਤੇ ਮਨਮੁਖ ਦੀ ਬਾਣੀ ਅਸਤਿ ਹੁੰਦੀ ਹੈ। ਮਨਮੁਖ ਦੀ ਬਾਣੀ ਮਨਮਤਿ ਹੁੰਦੀ ਹੈ ਅਤੇ ਗੁਰਮਤਿ ਨਹੀਂ ਹੁੰਦੀ ਨਾ ਹੀ ਹੋ ਸਕਦੀ ਹੈ। ਐਸੇ ਧਰਮ ਦੇ (ਝੂਠੇ) ਪ੍ਰਚਾਰਕ ਜਿਨ੍ਹਾਂ ਵਿੱਚ 'ਸਤਿ' ਗੁਰੂ ਤੱਤ ਪ੍ਰਗਟ ਨਹੀਂ ਹੁੰਦਾ ਹੈ ਉਨ੍ਹਾਂ ਦੀ ਬਾਣੀ 'ਕੱਚੀ ਬਾਣੀ' ਕਹਿ ਕੇ ਸਤਿਗੁਰੂ ਸਾਹਿਬ ਨੇ ਇਸ ਪਰਮ ਸਤਿ ਨੂੰ ਪ੍ਰਗਟ ਕੀਤਾ ਹੈ। ਐਸੇ ਧਰਮ ਦੇ (ਝੂਠੇ) ਪ੍ਰਚਾਰਕ ਜਿਨ੍ਹਾਂ ਵਿੱਚ 'ਸਤਿ' ਗੁਰੂ ਤੱਤ ਪ੍ਰਗਟ ਨਹੀਂ ਹੁੰਦਾ ਹੈ ਉਨ੍ਹਾਂ ਦੀ ਕੀਤੀ ਗਈ ਕਥਾ ਨੂੰ 'ਕੱਚੀ ਬਾਣੀ' ਕਹਿ ਕੇ ਸਤਿਗੁਰੂ ਸਾਹਿਬ ਨੇ ਇਸ ਭਰਮ ਨੂੰ ਨਸ਼ਟ ਕੀਤਾ ਹੈ ਤੇ ਪ੍ਰਗਟ ਕੀਤਾ ਹੈ ਕਿ ਐਸੇ ਝੂਠੇ ਧਰਮ ਪ੍ਰਚਾਰਕਾਂ ਦੇ ਬਚਨ ਅਸਤਿ ਹੁੰਦੇ ਹਨ। ਇਹ ਪਰਮ ਸਤਿ ਹੈ ਕਿ ਜੋ ਧਰਮ ਦੇ ਪ੍ਰਚਾਰਕ ਮਾਇਆ ਦੇ ਗ਼ੁਲਾਮ ਹਨ ਉਨ੍ਹਾਂ ਦੀ ਕੀਤੀ ਗਈ ਕਥਾ ਵਿੱਚ ਪਰਮ ਸ਼ਕਤੀ ਨਹੀਂ ਵਰਤਦੀ ਹੈ ਤੇ ਨਾ ਹੀ ਵਰਤ ਸਕਦੀ ਹੈ। ਇਹ ਪਰਮ ਸਤਿ ਹੈ ਕਿ ਜਿਨ੍ਹਾਂ ਧਰਮ ਦੇ ਪ੍ਰਚਾਰਕਾਂ ਨੇ ਰੂਹਾਨੀਅਤ ਦਾ ਪ੍ਰਚਾਰ ਆਪਣਾ ਕਿੱਤਾ ਬਣਾਇਆ ਹੋਇਆ ਹੈ ਅਤੇ ਜੋ ਇਸ ਦੀ ਕਮਾਈ ਆਪਣੇ ਦੁਨਿਆਵੀ ਸੁੱਖਾਂ ਨੂੰ ਪ੍ਰਾਪਤ ਕਰਨ ਲਈ ਕਰਦੇ ਹਨ ਉਨ੍ਹਾਂ ਦੁਆਰਾ ਕੀਤੇ ਗਏ ਧਰਮ ਪ੍ਰਚਾਰ ਵਿੱਚ ਮਾਇਆ ਵਰਤਦੀ ਹੈ। ਇਹ ਪਰਮ ਸਤਿ ਹੈ ਕਿ ਧਰਮ ਪ੍ਰਚਾਰ ਕੋਈ ਕਿੱਤਾ ਨਹੀਂ ਹੈ। ਇਹ ਪਰਮ ਸਤਿ ਹੈ ਕਿ ਧਰਮ ਪ੍ਰਚਾਰ ਤਾਂ ਦਰਗਾਹ ਤੋਂ ਪ੍ਰਾਪਤ ਪੂਰਨ ਹੁਕਮ ਵਿੱਚ ਹੋਈ ਨਿਸ਼ਕਾਮ ਸੇਵਾ ਹੈ। ਇਹ ਪਰਮ ਸਤਿ ਹੈ ਕਿ ਮਾਇਆ ਵਿੱਚ ਗਲਤਾਨ ਐਸੇ ਝੂਠੇ ਕਥਾਵਾਚਕਾਂ ਦੁਆਰਾ ਕੀਤੀ ਗਈ ਕਥਾ ਵਿੱਚ ਰੂਹਾਨੀਅਤ ਨਹੀਂ ਵਰਤਦੀ ਨਾ ਹੀ ਵਰਤ ਸਕਦੀ ਹੈ। 'ਕੱਚੀ ਬਾਣੀ' ਤੋਂ ਭਾਵ ਹੈ ਉਹ ਬਾਣੀ ਜੋ ਇੱਕ ਅਧੂਰਾ ਮਨੁੱਖ ਬੋਲਦਾ ਹੈ। ਅਧੂਰਾ ਉਹ ਮਨੁੱਖ ਹੈ ਜਿਸ ਦੀ ਬੰਦਗੀ ਪੂਰਨ ਨਹੀਂ ਹੋਈ ਹੈ ਅਤੇ ਜਿਸ ਮਨੁੱਖ ਨੂੰ ਸਤਿਗੁਰੂ ਪੂਰੇ ਜਾਂ ਦਰਗਾਹ ਵੱਲੋਂ ਸੇਵਾ ਕਰਨ ਦਾ ਹੁਕਮ ਨਹੀਂ ਪ੍ਰਾਪਤ ਹੋਇਆ ਹੈ। 'ਕੱਚੀ ਬਾਣੀ' ਤੋਂ ਭਾਵ ਉਹ ਕਥਨ ਹੈ ਜੋ ਮਨੁੱਖ ਨੂੰ ਭਰਮਾਂ ਵਿੱਚ ਪਾਉਂਦਾ ਹੈ। 'ਕੱਚੀ ਬਾਣੀ' ਤੋਂ ਭਾਵ ਉਹ ਕਥਨ ਹੈ ਜੋ ਕਿ ਝੂਠ ਹੈ, ਅਸਤਿ ਹੈ ਅਤੇ ਮਨੁੱਖ ਦਾ ਮਾਰਗ ਦਰਸ਼ਨ ਕਰਨ ਦੀ ਬਜਾਏ ਉਸ ਨੂੰ ਦੁਬਿਧਾ ਵਿੱਚ ਪਾਉਣ ਦਾ ਕੰਮ ਕਰਦਾ ਹੈ। 'ਕੱਚੀ ਬਾਣੀ' ਤੋਂ ਭਾਵ ਉਹ ਕਥਨ ਜਿਸ ਦਾ ਦਰਗਾਹ ਵਿੱਚ ਕੋਈ ਵਜੂਦ ਨਹੀਂ ਹੈ। 'ਕੱਚੀ ਬਾਣੀ' ਤੋਂ ਭਾਵ ਉਹ ਕਥਨ ਹੈ ਜਿਸ ਦੇ ਸੁਣਨ ਦੇ ਨਾਲ ਮਨੁੱਖ ਦੀ ਰੂਹਾਨੀਅਤ ਪੱਧਰ ਦੀ ਕੋਈ ਤਰੱਕੀ ਨਹੀਂ ਹੁੰਦੀ ਹੈ। ਇਸ ਲਈ ਜੋ ਮਨੁੱਖ 'ਕੱਚੀ ਬਾਣੀ'

ਕਹਿੰਦੇ ਹਨ ਉਹ ਮਨੁੱਖ 'ਕੱਚੇ' ਹਨ ਅਤੇ ਜੋ ਮਨੁੱਖ 'ਕੱਚੀ ਬਾਣੀ' ਸੁਣਦੇ ਹਨ ਉਹ ਮਨੁੱਖ ਵੀ 'ਕੱਚੇ' ਹੀ ਹਨ। ਭਾਵ 'ਕੱਚੀ ਬਾਣੀ' ਕਥਨ ਕਰਨ ਵਾਲੇ ਅਤੇ ਸੁਣਨ ਵਾਲੇ ਦੋਨਾਂ ਦਾ ਹੀ ਕੋਈ ਭਲਾ ਨਹੀਂ ਹੁੰਦਾ ਹੈ। ਇਸ ਲਈ ਇਹ ਪਰਮ ਸਤਿ ਹੈ ਕਿ 'ਕੱਚੀ ਬਾਣੀ' ਦਾ ਕਥਨ ਕਰ ਕੇ ਸੰਗਤ ਨੂੰ ਗੁਮਰਾਹ ਕਰਨਾ ਬਹੁਤ ਵੱਡਾ ਦਰਗਾਹੀ ਗੁਨਾਹ ਹੈ। ਐਸਾ ਵਿਨਾਸ਼ਕਾਰੀ ਗੁਨਾਹ ਕਿ ਜਿਸ ਦਾ ਕੋਈ ਤੋੜ ਨਹੀਂ ਹੈ। 'ਕੱਚੀ ਬਾਣੀ' ਦਾ ਕਥਨ ਕਰਨਾ ਸਤਿ ਪਾਰਬ੍ਰਹਮ ਪਰਮੇਸ਼ਰ ਅਤੇ ਉਸ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦੀ ਨਿੰਦਿਆ ਕਰਨ ਦੇ ਤੁੱਲ ਹੈ। 'ਕੱਚੀ ਬਾਣੀ' ਦਾ ਕਥਨ ਕਰਨਾ ਸਤਿਗੁਰੂ ਸਾਹਿਬਾਨ ਦੀ ਨਿੰਦਿਆ ਕਰਨ ਦੇ ਤੁੱਲ ਹੈ। 'ਕੱਚੀ ਬਾਣੀ' ਦਾ ਕਥਨ ਕਰਨਾ ਸਤਿਗੁਰੂਆਂ ਦੀ ਸਤਿ ਸਰੂਪ ਗੁਰਬਾਣੀ ਦੀ ਨਿੰਦਿਆ ਕਰਨ ਦੇ ਤੁੱਲ ਹੈ। ਜੋ ਕਿ ਇੱਕ ਸੰਗੀਨ ਦਰਗਾਹੀ ਗੁਨਾਹ ਹੈ ਜਿਸ ਦੀ ਕੋਈ ਮੁਆਫੀ ਨਹੀਂ ਹੈ। ਮੁੱਕਦੀ ਗੱਲ ਇਹ ਹੈ ਕਿ ਜਿਸ ਮਨੁੱਖ ਦੀ ਬੰਦਗੀ ਪੂਰਨ ਨਹੀਂ ਹੈ ਅਤੇ ਜਿਸ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਗਾਹੀ ਹੁਕਮ ਅਨੁਸਾਰ ਗੁਰਪ੍ਰਸਾਦਿ ਵਰਤਾਉਣ ਦੀ ਸੇਵਾ ਪ੍ਰਾਪਤ ਨਹੀਂ ਹੈ ਉਸ ਦੀ ਬਾਣੀ ਅਤੇ ਬੋਲੇ ਗਏ ਬਚਨਾਂ ਵਿੱਚ ਪਰਮ ਸ਼ਕਤੀ ਨਹੀਂ ਵਰਤਦੀ ਹੈ ਨਾ ਹੀ ਵਰਤ ਸਕਦੀ ਹੈ। ਐਸੇ ਮਨੁੱਖ ਦੇ ਬਚਨ, ਬੋਲ, ਲਿਖੇ ਗਏ ਲੇਖ ਅਤੇ ਬਾਣੀ 'ਕੱਚੀ ਬਾਣੀ' ਹੈ। 'ਕੱਚੀ ਬਾਣੀ' ਬੋਲਣ ਅਤੇ ਲਿਖਣ ਵਾਲੇ ਵੀ ਕੱਚੇ ਹੁੰਦੇ ਹਨ ਅਤੇ 'ਕੱਚੀ ਬਾਣੀ' ਸੁਣਨ ਅਤੇ ਪੜ੍ਹਨ ਵਾਲੇ ਮਨੁੱਖ ਵੀ ਕੱਚੇ ਹੁੰਦੇ ਹਨ। ਭਾਵ 'ਕੱਚੀ ਬਾਣੀ' ਬੋਲਣ-ਲਿਖਣ ਵਾਲੇ ਅਤੇ ਪੜ੍ਹਨ-ਸੁਣਨ ਵਾਲੇ ਮਨੁੱਖਾਂ ਦੀ ਕਦੇ ਚੜ੍ਹਦੀ ਕਲਾ ਨਹੀਂ ਹੁੰਦੀ ਹੈ। ਬਲਕਿ 'ਕੱਚੀ ਬਾਣੀ' ਬੋਲਣ ਅਤੇ ਲਿਖਣ ਵਾਲੇ ਮਨੁੱਖ ਦਰਗਾਹੀ ਗੁਨਾਹਗਾਰ ਬਣ ਕੇ ਰਹਿ ਜਾਂਦੇ ਹਨ, ਜਿਨ੍ਹਾਂ ਦੇ ਗੁਨਾਹ ਦਾ ਕੋਈ ਤੋੜ ਨਹੀਂ ਹੁੰਦਾ ਹੈ। ਇਹ ਹੀ ਕਾਰਨ ਹੈ ਕਿ ਅੱਜ ਦੀ ਦੁਨੀਆਂ ਵਿੱਚ ਵਿਚਰ ਰਹੇ 'ਕੱਚੀ ਬਾਣੀ' ਬੋਲਣ ਅਤੇ ਲਿਖਣ ਵਾਲੇ ਕਥਾਵਾਚਕਾਂ ਅਤੇ ਬਾਬਿਆਂ ਦੀ ਕਥਾ ਵਿੱਚ ਕੋਈ ਇਲਾਹੀ ਸ਼ਕਤੀ ਨਹੀਂ ਵਰਤਦੀ ਹੈ। ਨਾ ਹੀ ਪੜ੍ਹਨ-ਸੁਣਨ ਵਾਲਿਆਂ ਦਾ ਕੋਈ ਭਲਾ ਹੁੰਦਾ ਹੈ। ਇਸ ਪਰਮ ਸਤਿ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਪਉੜੀ ॥ ਤੂ ਵੇਪਰਵਾਹੁ ਅਥਾਹੁ ਹੈ ਅਤੁਲੁ ਕਿਉ ਤੁਲੀਐ ॥
ਸੇ ਵਡਭਾਗੀ ਜਿ ਤੁਧੁ ਧਿਆਇਦੇ ਜਿਨ ਸਤਿਗੁਰੁ ਮਿਲੀਐ ॥
ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥
ਸਤਿਗੁਰ ਕੀ ਗੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥
ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੦੪)

'ਸਤਿ' ਤੱਤ ਜੋ ਕਿ ਗੁਰੂ ਤੱਤ ਹੈ ਕੇਵਲ ਉਸ ਮਨੁੱਖ ਵਿੱਚ ਪ੍ਰਗਟ ਹੁੰਦਾ ਹੈ ਜੋ ਮਨੁੱਖ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਅੱਪੜ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਜਾਂਦਾ ਹੈ। 'ਸਤਿ' ਤੱਤ ਕੇਵਲ ਉਸ ਮਨੁੱਖ ਵਿੱਚ ਪ੍ਰਗਟ ਹੁੰਦਾ ਹੈ ਜਿਸ ਮਨੁੱਖ ਦੀ ਤ੍ਰਿਸ਼ਣਾ ਬੁਝ ਜਾਂਦੀ ਹੈ। 'ਸਤਿ' ਤੱਤ ਕੇਵਲ ਉਸ ਮਨੁੱਖ ਵਿੱਚ ਪ੍ਰਗਟ ਹੁੰਦਾ ਹੈ ਜੋ ਮਨੁੱਖ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੂੰ ਵੱਸ ਕਰ ਲੈਂਦਾ ਹੈ। 'ਸਤਿ' ਤੱਤ ਜੋ ਕਿ ਗੁਰੂ ਤੱਤ ਹੈ ਕੇਵਲ ਉਸ ਮਨੁੱਖ ਵਿੱਚ ਪ੍ਰਗਟ ਹੁੰਦਾ ਹੈ ਜੋ ਮਨੁੱਖ ਹਿਰਦੇ ਦੀ

ਪੂਰਨ ਸਚਿਆਰੀ ਰਹਿਤ ਦੀ ਕਮਾਈ ਕਰਦਾ ਹੈ। 'ਸਤਿ' ਤੱਤ ਜੋ ਕਿ ਗੁਰੂ ਤੱਤ ਹੈ ਕੇਵਲ ਉਸ ਮਨੁੱਖ ਵਿੱਚ ਪ੍ਰਗਟ ਹੁੰਦਾ ਹੈ ਜਿਸ ਮਨੁੱਖ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ, ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ ਅਤੇ ਰੋਮ-ਰੋਮ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ। 'ਸਤਿ' ਤੱਤ ਜੋ ਕਿ ਗੁਰੂ ਤੱਤ ਹੈ ਕੇਵਲ ਉਸ ਮਨੁੱਖ ਵਿੱਚ ਪ੍ਰਗਟ ਹੁੰਦਾ ਹੈ ਜਿਸ ਮਨੁੱਖ ਦਾ ਹਿਰਦਾ ਸੰਤ ਹਿਰਦਾ ਬਣ ਜਾਂਦਾ ਹੈ। 'ਸਤਿ' ਤੱਤ ਜੋ ਕਿ ਗੁਰੂ ਤੱਤ ਹੈ ਕੇਵਲ ਉਸ ਮਨੁੱਖ ਵਿੱਚ ਪ੍ਰਗਟ ਹੁੰਦਾ ਹੈ ਜੋ ਮਨੁੱਖ ਪੂਰਨ ਬ੍ਰਹਮ ਗਿਆਨ, ਤੱਤ ਗਿਆਨ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਕਰਦਾ ਹੈ। 'ਸਤਿ' ਗੁਰੂ ਤੱਤ ਕੇਵਲ ਉਸ ਮਨੁੱਖ ਵਿੱਚ ਪ੍ਰਗਟ ਹੁੰਦਾ ਹੈ ਜਿਸ ਮਨੁੱਖ ਦੀ ਬੰਦਗੀ ਪੂਰਨ ਹੁੰਦੀ ਹੈ ਅਤੇ ਜਿਸ ਦੀ ਪੂਰਨ ਬੰਦਗੀ ਦਰਗਾਹ ਵਿੱਚ ਪ੍ਰਵਾਨ ਹੁੰਦੀ ਹੈ। 'ਸਤਿ' ਤੱਤ ਜੋ ਕਿ ਗੁਰੂ ਤੱਤ ਹੈ ਕੇਵਲ ਉਸ ਮਨੁੱਖ ਵਿੱਚ ਪ੍ਰਗਟ ਹੁੰਦਾ ਹੈ ਜੋ ਮਨੁੱਖ ਪਰਮ ਪਦਵੀ ਅਤੇ ਸਹਿਜ ਅਵਸਥਾ ਦੀ ਪ੍ਰਾਪਤੀ ਕਰ ਲੈਂਦਾ ਹੈ।

ਕੇਵਲ ਐਸੇ ਮਹਾਂਪੁਰਖ ਜਿਨ੍ਹਾਂ ਵਿੱਚ 'ਸਤਿ' ਗੁਰੂ ਤੱਤ ਪ੍ਰਗਟ ਹੁੰਦਾ ਹੈ ਉਨ੍ਹਾਂ ਦੀ ਬਾਣੀ ਹੀ 'ਸਤਿ' ਹੁੰਦੀ ਹੈ। ਜੋ ਮਨੁੱਖ ਸਤਿ ਸਰੂਪ ਹੋ ਜਾਂਦਾ ਹੈ ਕੇਵਲ ਉਸ ਮਨੁੱਖ ਦੀ ਬਾਣੀ ਪੂਰਨ ਸਤਿ ਹੁੰਦੀ ਹੈ। ਜੋ ਮਨੁੱਖ ਸਤਿ ਸਰੂਪ ਹੋ ਜਾਂਦਾ ਹੈ ਕੇਵਲ ਉਸ ਮਨੁੱਖ ਦੀ ਬਾਣੀ ਵਿੱਚ ਪਰਮ ਸ਼ਕਤੀ ਵਰਤਦੀ ਹੈ। ਜੋ ਮਨੁੱਖ ਸਤਿ ਸਰੂਪ ਹੋ ਜਾਂਦਾ ਹੈ ਕੇਵਲ ਉਸ ਮਨੁੱਖ ਦੀ ਬਾਣੀ ਹੀ ਗੁਰਪ੍ਰਸਾਦਿ ਹੁੰਦੀ ਹੈ। ਜੋ ਮਨੁੱਖ ਸਤਿ ਸਰੂਪ ਹੋ ਜਾਂਦਾ ਹੈ ਕੇਵਲ ਉਸ ਮਨੁੱਖ ਦੀ ਬਾਣੀ ਵਿੱਚ ਹੀ ਗੁਰਕਿਰਪਾ ਵਰਤਦੀ ਹੈ। ਜੋ ਮਨੁੱਖ ਸਤਿ ਸਰੂਪ ਹੋ ਜਾਂਦਾ ਹੈ ਕੇਵਲ ਉਸ ਮਨੁੱਖ ਦੀ ਬਾਣੀ ਹੀ ਸੰਗਤ ਦਾ ਜੀਵਨ ਬਦਲਣ ਦੀ ਪਰਮ ਸ਼ਕਤੀ ਰੱਖਦੀ ਹੈ। ਜੋ ਮਨੁੱਖ ਸਤਿ ਸਰੂਪ ਹੋ ਜਾਂਦਾ ਹੈ ਕੇਵਲ ਉਸ ਮਨੁੱਖ ਦੀ ਬਾਣੀ ਵਿੱਚ ਦਰਗਾਹੀ ਹੁਕਮ ਦੀ ਪਰਮ ਸ਼ਕਤੀ ਵਰਤਦੀ ਹੈ। ਐਸਾ ਮਨੁੱਖ ਕੇਵਲ ਸਤਿਗੁਰੂ ਪੂਰਾ ਹੀ ਹੈ। ਜੋ ਮਨੁੱਖ ਸਤਿ ਸਰੂਪ ਹੋ ਜਾਂਦਾ ਹੈ ਕੇਵਲ ਉਸ ਮਨੁੱਖ ਦੀ ਬਾਣੀ ਅਤੇ ਬਚਨਾਂ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਸੁਣਦਾ ਹੈ, ਵਰਤਾਉਂਦਾ ਹੈ ਅਤੇ ਪੂਰਨ ਮਾਣ ਰੱਖਦਾ ਹੈ। ਇਸ ਲਈ ਜੋ ਸਤਿਗੁਰੂ ਪੂਰਾ ਬੋਲਦਾ ਹੈ ਉਹ ਜੱਗ ਵਿੱਚ ਪੂਰਨ ਤੌਰ 'ਤੇ ਵਰਤਦਾ ਹੈ। ਸਤਿਗੁਰੂ ਦੇ ਕੀਤੇ ਗਏ ਬਚਨ ਧਰਤੀ ਉੱਪਰ ਪ੍ਰਗਟ ਹੁੰਦੇ ਹਨ। ਕੇਵਲ ਇਤਨਾ ਹੀ ਨਹੀਂ ਸਤਿਗੁਰੂ ਪੂਰੇ ਨੂੰ ਗੁਰਬਾਣੀ ਵਿੱਚ "ਨਿਰੰਕਾਰ" ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। ਸਤਿਗੁਰੂ ਪੂਰੇ ਨੂੰ ਗੁਰਬਾਣੀ ਵਿੱਚ "ਪਰਮੇਸ਼ਰ" ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। ਸਤਿਗੁਰੂ ਪੂਰੇ ਨੂੰ ਗੁਰਬਾਣੀ ਵਿੱਚ "ਸਤਿ ਪੁਰਖ" ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। ਇਨ੍ਹਾਂ ਪਰਮ ਸਤਿ ਤੱਤਾਂ ਨੂੰ ਗੁਰਬਾਣੀ ਵਿੱਚ ਸਤਿਗੁਰੂ ਅਵਤਾਰਾਂ ਨੇ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ:

ਪਉੜੀ ॥ ਜੋ ਬੋਲੇ ਪੂਰਾ ਸਤਿਗੁਰੂ ਸੋ ਪਰਮੇਸਰਿ ਸੁਣਿਆ ॥
ਸੋਈ ਵਰਤਿਆ ਜਗਤ ਮਹਿ ਘਟਿ ਘਟਿ ਮੁਖਿ ਭਣਿਆ ॥
ਬਹੁਤੁ ਵਡਿਆਈਆ ਸਾਹਿਬੈ ਨਹ ਜਾਹੀ ਗਣੀਆ ॥
ਸਚੁ ਸਹਜੁ ਅਨਦੁ ਸਤਿਗੁਰੂ ਪਾਸਿ ਸਚੀ ਗੁਰ ਮਣੀਆ ॥
ਨਾਨਕ ਸੰਤ ਸਵਾਰੇ ਪਾਰਬ੍ਰਹਮਿ ਸਚੇ ਜਿਉ ਬਣਿਆ ॥੧੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੫੪)

ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ ॥

ਜਿਤੁ ਮਿਲਿਐ ਤ੍ਰਿਖ ਉਤਰੈ ਤਨੁ ਮਨੁ ਸੀਤਲੁ ਹੋਇ ॥
ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ ॥
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥
ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥
ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ ॥
ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੨੧)

ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥
ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੦੬)

ਇਸ ਲਈ ਸਤਿਗੁਰੂ ਪੂਰੇ ਦੀ ਬਾਣੀ ਅਤੇ ਬਚਨਾਂ ਵਿੱਚ ਪਰਮ ਸ਼ਕਤੀ ਵਰਤਦੀ ਹੈ। ਸਤਿਗੁਰੂ ਪੂਰੇ ਦੀ ਬਾਣੀ ਅਤੇ ਬਚਨਾਂ ਵਿੱਚ ਗੁਰਪ੍ਰਸਾਦਿ ਵਰਤਦਾ ਹੈ। ਸਤਿਗੁਰੂ ਪੂਰੇ ਦੀ ਚਰਨ-ਸ਼ਰਨ ਵਿੱਚ ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਇਨ੍ਹਾਂ ਪਰਮ ਸਤਿ ਤੱਤਾਂ 'ਤੇ ਪੂਰਨ ਭਰੋਸਾ ਕਰ ਕੇ ਹੀ ਪੂਰਨ ਸ਼ਰਧਾ ਅਤੇ ਪ੍ਰੀਤ ਦੇ ਨਾਲ ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰ ਕੇ ਹੀ ਗੁਰਪ੍ਰਸਾਦਿ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਲਈ ਸਤਿਗੁਰੂ ਪੂਰੇ ਦੀ ਸੰਗਤ ਦੀ ਕਾਮਨਾ ਕੀਤੀ ਜਾਣੀ ਚਾਹੀਦੀ ਹੈ। ਸਤਿਗੁਰੂ ਪੂਰੇ ਦੀ ਸੰਗਤ ਦੀ ਪ੍ਰਾਪਤੀ ਲਈ ਅਰਦਾਸ ਕਰਨੀ ਲਾਜ਼ਮੀ ਹੈ। ਸਤਿਗੁਰੂ ਪੂਰੇ ਨੂੰ ਮਿਲਣ ਦੀ ਤੜਪ ਦੇ ਨਾਲ ਹੀ ਮਨੁੱਖ ਦੀ ਕਰਨੀ ਸਤਿ ਦੀ ਕਰਨੀ ਵਿੱਚ ਬਦਲਦੀ ਹੈ। ਸਤਿਗੁਰੂ ਪੂਰੇ ਨੂੰ ਮਿਲਣ ਦੀ ਤੜਪ ਹੀ ਮਨੁੱਖ ਦੀ ਬਿਰਤੀ ਸਤੋ ਬਿਰਤੀ ਵਿੱਚ ਬਦਲਦੀ ਹੈ। ਸਤਿਗੁਰੂ ਪੂਰੇ ਨੂੰ ਮਿਲਣ ਦੀ ਤੜਪ ਹੀ ਮਨੁੱਖ ਨੂੰ ਸਤਿਗੁਰੂ ਪੂਰੇ ਦੀ ਚਰਨ-ਸ਼ਰਨ ਵਿੱਚ ਲੈ ਕੇ ਜਾਂਦੀ ਹੈ। ਸਤਿਗੁਰੂ ਪੂਰੇ ਦੇ ਦਰਸ਼ਨ-ਪਰਸਣ ਦੀ ਤੜਪ ਹੀ ਮਨੁੱਖ ਦੇ ਭਾਗਾਂ ਨੂੰ ਜਗਾਉਂਦੀ ਹੈ। ਸਤਿਗੁਰੂ ਪੂਰੇ ਦੇ ਦਰਸ਼ਨ-ਪਰਸਣ ਦੀ ਤੜਪ ਦੇ ਨਾਲ ਹੀ ਮਨੁੱਖ ਦੇ ਹਿਰਦੇ ਵਿੱਚ ਸ਼ਰਧਾ, ਪ੍ਰੀਤ ਅਤੇ ਭਰੋਸੇ ਦਾ ਅੰਕੁਰ ਫੁੱਟਦਾ ਹੈ। ਸਤਿਗੁਰੂ ਪੂਰੇ ਦੇ ਦਰਸ਼ਨ-ਪਰਸਣ ਦੀ ਤੜਪ ਦੇ ਨਾਲ ਹੀ ਮਨੁੱਖ ਦੇ ਹਿਰਦੇ ਵਿੱਚ ਸ਼ਰਧਾ, ਪ੍ਰੀਤ ਅਤੇ ਭਰੋਸੇ ਦਾ ਵਿਕਾਸ ਹੁੰਦਾ ਹੈ।

■

ਅਨੰਦੁ ਸਾਹਿਬ-ਪਉੜੀ ੨੫-੨੬

ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥
ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ ॥
ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ ॥੨੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੦)

ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ ॥
ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ ॥
ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ ॥੨੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੦)

ਧੰਨ ਧੰਨ ਸਤਿਗੁਰੂ ਸਾਹਿਬ ਜੀ ਬੇਅੰਤ ਦਿਆਲਤਾ ਦੇ ਨਾਲ ਅਨੰਦ ਸਾਹਿਬ ਦੀ ਬਾਣੀ ਦੇ ਇਨ੍ਹਾਂ ਪਰਮ ਸ਼ਕਤੀਸ਼ਾਲੀ ਸਲੋਕਾਂ ਵਿੱਚ 'ਗੁਰ ਕਾ ਸ਼ਬਦੁ' ਅਤੇ ਦਰਗਾਹੀ ਇਲਾਹੀ 'ਹੁਕਮ' ਦੀ ਬੇਅੰਤ ਮਹਿਮਾ ਬਾਰੇ ਪੂਰਨ ਬ੍ਰਹਮ ਗਿਆਨ ਸਾਰੀ ਲੁਕਾਈ ਦੀ ਝੋਲੀ ਵਿੱਚ ਪਾਇਆ ਹੈ। ਇਹ ਪਰਮ ਸਤਿ ਹੈ ਕਿ "ਗੁਰ ਕਾ ਸਬਦੁ" ਹੀ "ਹੁਕਮੁ" ਹੈ। "ਗੁਰ ਕਾ ਸਬਦੁ" ਅਤੇ "ਹੁਕਮੁ" ਵਿੱਚ ਕੋਈ ਅੰਤਰ ਨਹੀਂ ਹੈ। ਸਾਰੀ ਗੁਰਬਾਣੀ "ਗੁਰ ਕਾ ਸਬਦੁ" ਹੈ ਇਸ ਲਈ ਸਾਰੀ ਗੁਰਬਾਣੀ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦਾ "ਹੁਕਮੁ" ਹੈ। "ਗੁਰ ਕਾ ਸਬਦੁ" ਦਰਗਾਹੀ ਬਚਨ ਹੈ। "ਗੁਰ ਕਾ ਸਬਦੁ" ਪੂਰਨ ਸਤਿ ਹੈ। ਗੁਰਬਾਣੀ ਦਾ ਹਰ ਇੱਕ ਸ਼ਬਦ ਸ਼ਲੋਕ ਪੂਰਨ ਦਰਗਾਹੀ ਹੁਕਮ ਹੈ। "ਗੁਰ ਕਾ ਸਬਦੁ" ਸਾਰੀ ਸ੍ਰਿਸ਼ਟੀ ਵਿੱਚ ਪੂਰਨ ਸਤਿ ਦੇ ਰੂਪ ਵਿੱਚ ਸ੍ਰਿਸ਼ਟੀ ਦੇ ਆਦਿ ਵਿੱਚ ਪ੍ਰਗਟ ਹੋਇਆ ਹੈ, ਸਦਾ ਤੋਂ ਪ੍ਰਗਟ ਹੋ ਰਿਹਾ ਹੈ ਅਤੇ ਸਦਾ ਪ੍ਰਗਟ ਹੁੰਦਾ ਰਹੇਗਾ। "ਗੁਰ ਕਾ ਸਬਦੁ" ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੀ ਪਰਮ ਸ਼ਕਤੀ ਦੇ ਰੂਪ ਵਿੱਚ ਸ੍ਰਿਸ਼ਟੀ ਦੇ ਆਦਿ ਵਿੱਚ ਪ੍ਰਗਟ ਹੋਇਆ ਹੈ, ਸਦਾ ਤੋਂ ਪ੍ਰਗਟ ਹੋ ਰਿਹਾ ਹੈ ਅਤੇ ਸਦਾ ਪ੍ਰਗਟ ਹੁੰਦਾ ਰਹੇਗਾ।

ਸਾਰੀ ਸ੍ਰਿਸ਼ਟੀ ਦੀ ਸਿਰਜਣਾ, ਸੰਚਾਲਨ ਅਤੇ ਅੰਤ ਕੇਵਲ "ਗੁਰ ਕਾ ਸਬਦੁ" ਦੀ ਪਰਮ ਸ਼ਕਤੀ ਦੇ ਸੂਖਮ ਰੂਪ ਦੁਆਰਾ ਹੀ ਸ੍ਰਿਸ਼ਟੀ ਦੇ ਆਦਿ ਤੋਂ ਹੋਇਆ ਹੈ, ਹੋ ਰਿਹਾ ਹੈ ਅਤੇ ਸਦਾ ਹੁੰਦਾ ਰਹੇਗਾ। ਭਾਵ "ਗੁਰ ਕਾ ਸਬਦੁ" ਹੀ ਪਰਮ ਸ਼ਕਤੀ ਹੈ। "ਗੁਰ ਕਾ ਸਬਦੁ" ਵਿੱਚ

ਹੀ ਸਾਰੀਆਂ ਇਲਾਹੀ ਦਰਗਾਹੀ ਪਰਮ ਸ਼ਕਤੀਆਂ ਸਮਾਈਆਂ ਹੋਈਆਂ ਹਨ। "ਗੁਰ ਕਾ ਸਬਦੁ" ਹੀ ਦਰਗਾਹੀ ਸੰਵਿਧਾਨ ਹੈ। ਇਸ ਦਰਗਾਹੀ ਸੰਵਿਧਾਨ ਦੇ ਅਨੁਸਾਰ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਉਤਪੰਨ ਹੁੰਦੀ ਹੈ। ਦਰਗਾਹੀ ਸੰਵਿਧਾਨ ਦੇ ਅਨੁਸਾਰ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਦੀ ਪਾਲਣਾ ਸੰਭਾਲਤਾ ਹੁੰਦੀ ਹੈ। ਦਰਗਾਹੀ ਸੰਵਿਧਾਨ ਦੇ ਅਨੁਸਾਰ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਆਪਣੇ ਅੰਤ ਨੂੰ ਪ੍ਰਾਪਤ ਹੋ ਜਾਂਦੀ ਹੈ। ਜਿਵੇਂ ਕਿਸੇ ਰਾਜ ਜਾਂ ਮੁਲਖ ਦਾ ਕਾਰ-ਵਿਹਾਰ ਉਸ ਮੁਲਖ ਦੇ ਸੰਵਿਧਾਨ ਦੇ ਅਨੁਸਾਰ ਸਾਰੀ ਸਰਕਾਰੀ ਸ਼ਕਤੀਆਂ ਦੁਆਰਾ ਚਲਾਇਆ ਜਾਂਦਾ ਹੈ ਠੀਕ ਉਸੇ ਤਰ੍ਹਾਂ ਹੀ "ਗੁਰ ਕਾ ਸਬਦੁ" ਹੀ ਦਰਗਾਹੀ ਸੰਵਿਧਾਨ ਹੈ ਜਿਸ ਦੇ ਵਿੱਚ ਸਮਾਈਆਂ ਹੋਈਆਂ ਪਰਮ ਸ਼ਕਤੀਆਂ ਦੁਆਰਾ ਸਾਰੀ ਸ੍ਰਿਸ਼ਟੀ ਦਾ ਕਾਰ-ਵਿਹਾਰ ਚਲਾਇਆ ਜਾ ਰਿਹਾ ਹੈ। ਦੁਨਿਆਵੀ ਮੁਲਖਾਂ ਦੇ ਸੰਵਿਧਾਨ ਵਿੱਚ ਤਾਂ ਬਦਲਾਵ ਹੁੰਦੇ ਹਨ, ਰਾਜ-ਕਾਜ ਨੂੰ ਹੋਰ ਸੁਚੱਜੇ ਢੰਗ ਨਾਲ ਚਲਾਉਣ ਲਈ ਸਮੇਂ-ਸਮੇਂ ਸਿਰ ਨਵੇਂ ਕਾਨੂੰਨ ਵੀ ਬਣਾਏ ਜਾਂਦੇ ਹਨ ਅਤੇ ਪੁਰਾਣੇ ਕਾਨੂੰਨਾਂ ਵਿੱਚ ਪਰਿਵਰਤਨ ਕੀਤੇ ਜਾਂਦੇ ਹਨ। ਪਰੰਤੂ ਦਰਗਾਹੀ ਸੰਵਿਧਾਨ ਵਿੱਚ ਕੋਈ ਬਦਲਾਵ ਨਾ ਕਦੀ ਹੋਇਆ ਹੈ, ਨਾ ਹੀ ਹੁੰਦਾ ਹੈ ਅਤੇ ਨਾ ਹੀ ਕਦੇ ਹੋ ਸਕਦਾ ਹੈ। ਦਰਗਾਹੀ ਵਿਧਾਨ ਦੀ ਸਥਾਪਨਾ ਸ੍ਰਿਸ਼ਟੀ ਦੀ ਸਿਰਜਣਾ ਦੇ ਆਦਿ ਵਿੱਚ ਹੀ ਹੋਈ ਹੈ ਅਤੇ ਉਸ ਤੋਂ ਉਪਰੰਤ ਕੇਵਲ ਇਸ ਦੀ ਪਾਲਣਾ ਹੋ ਰਹੀ ਹੈ। ਦਰਗਾਹੀ ਸੰਵਿਧਾਨ ਸਦੀਵੀ ਹੈ। ਦਰਗਾਹੀ ਸੰਵਿਧਾਨ ਸਦਾ ਕਾਇਮ-ਦਾਇਮ ਹੈ। ਦਰਗਾਹੀ ਸੰਵਿਧਾਨ ਅਟੱਲ ਹੈ। ਦਰਗਾਹੀ ਸੰਵਿਧਾਨ ਪੂਰਨ ਸਤਿ ਹੈ। ਦਰਗਾਹੀ ਸੰਵਿਧਾਨ ਨੂੰ ਕੋਈ ਸ਼ਕਤੀ ਚੁਣੌਤੀ ਨਹੀਂ ਦੇ ਸਕਦੀ ਹੈ। ਦਰਗਾਹੀ ਸੰਵਿਧਾਨ ਪਰਮ ਬ੍ਰਹਮ ਸ਼ਕਤੀ ਹੈ। ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਗੁਰਬਾਣੀ ਦੇ ਮੁੱਢ ਵਿੱਚ ਹੀ ਜਪੁ ਜੀ ਬਾਣੀ ਵਿੱਚ ਦਰਗਾਹੀ ਹੁਕਮ ਦੇ ਇਸ ਪਰਮ ਸ਼ਕਤੀਸ਼ਾਲੀ ਸਤਿ ਤੱਤ ਨੂੰ ਪ੍ਰਗਟ ਕੀਤਾ ਹੈ:

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲ ॥
ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁੱਖ ਸੁੱਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧)

ਪੂਰਨ ਬੰਦਗੀ ਲਈ ਦਰਗਾਹੀ ਇਲਾਹੀ ਹੁਕਮ ਦੇ ਪਰਮ ਸ਼ਕਤੀਸ਼ਾਲੀ ਸਤਿ ਤੱਤਾਂ ਨੂੰ ਜਾਣਨ, ਸਮਝਣ ਅਤੇ ਇਨ੍ਹਾਂ ਦਾ ਚਿੰਤਨ ਕਰਨ ਲਈ ਇਨ੍ਹਾਂ ਦਾ ਮੰਨਣ ਕਰਨਾ ਬੇਅੰਤ ਲਾਜ਼ਮੀ ਹੈ। ਦਰਗਾਹੀ ਇਲਾਹੀ ਹੁਕਮ ਕੇਵਲ ਦਰਗਾਹੀ ਕਾਨੂੰਨਾਂ ਦਾ ਸੰਗ੍ਰਹਿ ਹੈ ਜੋ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਸ੍ਰਿਸ਼ਟੀ ਦੀ ਸਿਰਜਣਾ ਕਰਨ ਦੇ ਸਮੇਂ ਸਿਰਜੇ ਹਨ। ਇਹ ਇਲਾਹੀ ਦਰਗਾਹੀ ਨਿਯਮ ਹਨ ਜੋ ਅਕਾਲ ਪੁਰਖ ਨੇ ਸਾਰੀ ਸਿਰਜਣਾ ਦੇ ਸੰਚਾਲਨ ਕਰਨ ਲਈ ਹੀ ਸਿਰਜੇ ਹਨ। ਸਾਰੀ ਗੁਰਮਤਿ ਕੇਵਲ ਇਹ ਇਲਾਹੀ ਦਰਗਾਹੀ ਨਿਯਮ ਹੀ ਵਖਾਣ

ਕਰਦੀ ਹੈ। ਸਾਰੀ ਗੁਰਬਾਣੀ ਕੇਵਲ ਇਹ ਦਰਗਾਹੀ ਇਲਾਹੀ ਨਿਯਮ ਹੀ ਵਖਾਣ ਕਰਦੀ ਹੈ। ਇਸ ਲਈ ਇਸ ਮਹਾਨ ਸ਼ਕਤੀਸ਼ਾਲੀ ਬਾਣੀ ਵਿੱਚ ਇਨ੍ਹਾਂ ਮਹਾਨ ਅਤੇ ਪਰਮ ਸ਼ਕਤੀਸ਼ਾਲੀ ਦਰਗਾਹੀ ਕਾਨੂੰਨਾਂ ਦੀ ਮਹਿਮਾ ਦਾ ਵਖਾਣ ਕੀਤਾ ਗਿਆ ਹੈ। ਸਾਰੀ ਸ੍ਰਿਸ਼ਟੀ ਦੀ ਰਚਨਾ ਇਨ੍ਹਾਂ ਦਰਗਾਹੀ ਇਲਾਹੀ ਨਿਯਮਾਂ ਦੇ ਅਨੁਸਾਰ ਹੀ ਹੋਈ ਹੈ, ਹੁੰਦੀ ਹੈ, ਹੋ ਰਹੀ ਹੈ ਅਤੇ ਹੁੰਦੀ ਰਹੇਗੀ। ਸ਼ਬਦ "ਆਕਾਰ" ਤੋਂ ਭਾਵ ਹੈ ਸਾਰੀ ਸ੍ਰਿਸ਼ਟੀ ਦੀ ਰਚਨਾ। ਕੇਵਲ ਇਤਨਾ ਹੀ ਨਹੀਂ ਕਿ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਇਨ੍ਹਾਂ ਦਰਗਾਹੀ ਨਿਯਮਾਂ ਅਨੁਸਾਰ ਹੀ ਹੋਈ ਹੈ, ਹੁੰਦੀ ਹੈ, ਹੋ ਰਹੀ ਹੈ ਅਤੇ ਹੁੰਦੀ ਰਹੇਗੀ, ਬਲਕਿ ਇਸ ਸਾਰੀ ਸਿਰਜਣਾ ਦਾ ਪਾਲਣ, ਸੰਚਾਲਨ ਅਤੇ ਸੰਘਾਰ ਵੀ ਇਨ੍ਹਾਂ ਦਰਗਾਹੀ ਨਿਯਮਾਂ ਅਨੁਸਾਰ ਹੀ ਹੋਇਆ ਹੈ, ਹੋ ਰਿਹਾ ਹੈ ਅਤੇ ਹੁੰਦਾ ਰਹੇਗਾ। ਹੁਕਮੀ ਤੋਂ ਭਾਵ ਹੈ 'ਹੁਕਮ' ਦਾ ਸਿਰਜਣਹਾਰਾ, ਵਿਧਾਤਾ, ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਅਤੇ 'ਹੁਕਮ' ਦਾ ਭਾਵ ਹੈ ਵਿਧਾਤਾ ਦਾ ਸਿਰਜਿਆ ਗਿਆ ਇਹ ਸੰਵਿਧਾਨ।

ਜਿਸ ਸਮੇਂ (ਸ੍ਰਿਸ਼ਟੀ ਦੇ ਆਦਿ) ਅਕਾਲ ਪੁਰਖ, ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ, ਵਿਧਾਤਾ ਨੇ ਸ੍ਰਿਸ਼ਟੀ ਦੀ ਸਿਰਜਣਾ ਕੀਤੀ ਤਾਂ ਠੀਕ ਉਸੇ ਸਮੇਂ ਹੀ ਉਸ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਇਨ੍ਹਾਂ ਦਰਗਾਹੀ ਨਿਯਮਾਂ ਦੀ ਵੀ ਸਿਰਜਣਾ ਕੀਤੀ ਜਿਸ ਅਨੁਸਾਰ ਸ੍ਰਿਸ਼ਟੀ ਦੀ ਉਤਪਤੀ, ਪਾਲਣਾ ਅਤੇ ਸੰਘਾਰ ਹੋਇਆ, ਹੋ ਰਿਹਾ ਹੈ ਅਤੇ ਹੁੰਦਾ ਰਹੇਗਾ। ਇਸ ਦਾ ਭਾਵ ਇਹ ਹੈ ਕਿ ਜਿਸ ਸਮੇਂ ਸ੍ਰਿਸ਼ਟੀ ਦੀ ਸਿਰਜਣਾ ਹੋਈ ਤਾਂ ਠੀਕ ਉਸੇ ਸਮੇਂ ਹੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਸ੍ਰਿਸ਼ਟੀ ਦੀ ਉਤਪਤੀ, ਪਾਲਣਾ, ਸੰਘਾਰ ਨੂੰ ਇਨ੍ਹਾਂ ਦਰਗਾਹੀ ਨਿਯਮਾਂ ਅਨੁਸਾਰ ਸੰਚਾਲਨ ਕਰਨ ਦਾ ਹੁਕਮ ਵੀ ਦਰਗਾਹ ਵਿੱਚ ਲਿਖ ਦਿੱਤਾ। ਜਿਵੇਂ ਕਿ ਇੱਕ ਦੇਸ਼, ਪ੍ਰਾਂਤ ਜਾਂ ਨਗਰ ਦੇ ਸੰਚਾਲਨ ਲਈ ਉੱਥੋਂ ਦੀ ਸਰਕਾਰ ਨਿਯਮ ਅਤੇ ਕਾਨੂੰਨ ਬਣਾਉਂਦੀ ਹੈ ਜਿਸ ਨੂੰ ਸੰਵਿਧਾਨ ਕਿਹਾ ਜਾਂਦਾ ਹੈ ਅਤੇ ਇਸ ਸੰਵਿਧਾਨ ਵਿੱਚ ਦਰਜ ਨਿਯਮਾਂ ਅਤੇ ਕਾਨੂੰਨਾਂ ਅਨੁਸਾਰ ਸ਼ਾਸਨ ਕਰਦੀ ਹੈ, ਠੀਕ ਉਸੇ ਤਰ੍ਹਾਂ ਹੀ ਦਰਗਾਹ ਨੇ ਸਾਰੀ ਸ੍ਰਿਸ਼ਟੀ ਦੀ ਉਤਪਤੀ, ਪਾਲਣਾ ਅਤੇ ਸੰਘਾਰ ਦੇ ਸੰਚਾਲਨ ਲਈ ਇਨ੍ਹਾਂ ਦਰਗਾਹੀ ਕਾਨੂੰਨਾਂ ਅਤੇ ਨਿਯਮਾਂ ਦੀ ਸਿਰਜਣਾ ਕੀਤੀ ਹੈ। ਦਰਗਾਹ ਦੇ ਇਸ ਸੰਵਿਧਾਨ ਨੂੰ ਵਿਧੀ ਦਾ ਵਿਧਾਨ ਕਿਹਾ ਜਾਂਦਾ ਹੈ। ਦਰਗਾਹ ਦੇ ਇਨ੍ਹਾਂ ਕਾਨੂੰਨਾ ਅਤੇ ਨਿਯਮਾਂ ਨੂੰ ਵਿਧੀ ਦਾ ਵਿਧਾਨ ਕਿਹਾ ਜਾਂਦਾ ਹੈ। ਇਸ ਲਈ ਸਾਰੀ ਸ੍ਰਿਸ਼ਟੀ ਦੀ ਉਤਪਤੀ, ਪਾਲਣਾ ਅਤੇ ਸੰਘਾਰ ਇਨ੍ਹਾਂ ਦਰਗਾਹੀ ਨਿਯਮਾਂ ਅਤੇ ਕਾਨੂੰਨਾਂ ਅਨੁਸਾਰ ਅਦਿ ਜੁਗਾਦਿ ਤੋਂ ਹੋ ਰਿਹਾ ਹੈ ਅਤੇ ਆਉਣ ਵਾਲੇ ਸਾਰੇ ਯੁਗਾਂ ਵਿੱਚ ਵੀ ਹੁੰਦਾ ਰਹੇਗਾ। ਜਿਵੇਂ ਅਕਾਲ ਪੁਰਖ ਆਪ "ਆਦਿ ਸਚੁ ਜੁਗਾਦਿ ਸਚੁ ਹੈ ਵੀ ਸਚੁ ਨਾਨਕ ਹੋਸੀ ਵੀ ਸਚੁ ॥" ਹੈ ਠੀਕ ਉਸੇ ਤਰ੍ਹਾਂ ਉਸ ਦੇ ਬਣਾਏ ਗਏ ਇਹ ਦਰਗਾਹੀ ਨਿਯਮ ਅਤੇ ਕਾਨੂੰਨ ਵੀ "ਆਦਿ ਸਚੁ ਜੁਗਾਦਿ ਸਚੁ ਹੈ ਵੀ ਸਚੁ ਨਾਨਕ ਹੋਸੀ ਵੀ ਸਚੁ ॥" ਹਨ।

ਜਿਵੇਂ ਅਕਾਲ ਪੁਰਖ ਆਪ ਅਨੰਤ ਹੈ ਬੇਅੰਤ ਹੈ ਅਤੇ ਸਰਬ ਕਲਾ ਭਰਪੂਰ ਹੈ ਠੀਕ ਉਸੇ ਤਰ੍ਹਾਂ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਬਣਾਇਆ ਸੰਵਿਧਾਨ ਵੀ ਬੇਅੰਤ ਸ਼ਕਤੀਆਂ ਦਾ ਸੋਮਾ ਹੈ। ਜਿਵੇਂ ਅਨੰਤ ਬੇਅੰਤ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕਥਾ ਅਕੱਥ ਹੈ ਠੀਕ ਉਸੇ ਤਰ੍ਹਾਂ ਉਸ ਦੇ ਇਸ ਹੁਕਮ ਦੀ ਕਥਾ ਭਾਵ ਉਸ ਦੇ ਇਸ ਵਿਧਾਨ ਦੀ ਕਥਾ ਵੀ ਕਥੀ ਨਹੀਂ ਜਾ ਸਕਦੀ ਹੈ। ਭਾਵ ਜੋ ਮਨੁੱਖ ਇਸ ਦਰਗਾਹੀ ਵਿਧਾਨ ਅਨੁਸਾਰ ਆਪਣਾ ਜੀਵਨ ਜਿਉਂਦੇ ਹਨ ਉਹ ਇਸ ਬੇਅੰਤ ਅਨੰਤ ਪਰਮ ਸ਼ਕਤੀ ਵਿੱਚ

ਅਭੇਦ ਹੋ ਕੇ ਬੇਅੰਤ ਹੋ ਜਾਂਦੇ ਹਨ ਅਤੇ ਇਸ ਪਰਮ ਸ਼ਕਤੀ ਦਾ ਸੋਮਾ ਬਣ ਜਾਂਦੇ ਹਨ। ਐਸੇ ਮਹਾਂਪੁਰਖਾਂ ਦੇ ਵਿੱਚ ਦਰਗਾਹੀ ਵਿਧਾਨ ਦੀ ਕਥਾ ਧਰਤੀ ਉੱਪਰ ਪ੍ਰਤੱਖ ਪ੍ਰਗਟ ਹੁੰਦੀ ਹੈ। ਐਸੇ ਮਹਾਂਪੁਰਖ ਜਿੱਥੇ ਬੈਠਦੇ ਹਨ ਅਤੇ ਪੂਰਨ ਸਤਿ ਵਰਤਾਉਂਦੇ ਹਨ ਉੱਥੇ ਧਰਤੀ ਉੱਪਰ ਦਰਗਾਹ ਪ੍ਰਗਟ ਹੁੰਦੀ ਹੈ। ਐਸੇ ਮਹਾਂਪੁਰਖਾਂ ਦੀ ਸੰਗਤ ਵਿੱਚ ਇਹ ਦਰਗਾਹੀ ਵਿਧਾਨ ਪ੍ਰਤੱਖ ਪ੍ਰਗਟ ਹੁੰਦਾ ਹੈ ਅਤੇ ਸੁਹਾਗਣਾਂ ਅਤੇ ਸਦਾ ਸੁਹਾਗਣਾਂ ਦਾ ਜਨਮ ਹੁੰਦਾ ਹੈ। ਇਹ ਦਰਗਾਹੀ ਕਾਨੂੰਨ ਅਤੇ ਨਿਯਮ ਜਿਸ ਨੂੰ ਵਿਧੀ ਦਾ ਵਿਧਾਨ ਕਿਹਾ ਗਿਆ ਹੈ, ਹੀ ਪੂਰਨ ਗੁਰਮਤਿ ਹੈ। ਗੁਰਬਾਣੀ ਇਸ ਵਿਧਾਨ ਦਾ ਹੀ ਵਖਾਣ ਕਰਦੀ ਹੈ। ਸਾਰੀ ਗੁਰਬਾਣੀ ਹੀ ਗੁਰਮਤਿ ਹੈ। ਸਾਰੀ ਗੁਰਬਾਣੀ ਹੀ ਇਸ ਵਿਧਾਨ ਦੀ ਮਹਿਮਾ ਹੈ। ਅਵਤਾਰ, ਸਤਿਗੁਰੂ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਪੂਰਨ ਖ਼ਾਲਸਾ ਇਸ ਵਿਧਾਨ ਦੇ ਅਨੁਸਾਰ ਆਪਣਾ ਜੀਵਨ ਜਿਉਂਦੇ ਹਨ ਅਤੇ ਸਾਰੀ ਲੁਕਾਈ ਨੂੰ ਇਸ ਦਰਗਾਹੀ ਵਿਧਾਨ ਦਾ ਮਾਰਗ ਦਰਸ਼ਨ ਕਰਦੇ ਹਨ ਅਤੇ ਇਸ ਮਹਾਨ ਪਰਮ ਸ਼ਕਤੀਸ਼ਾਲੀ ਵਿਧਾਨ ਉੱਪਰ ਚਲਣ ਲਈ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀਆਂ ਪਰਮ ਸ਼ਕਤੀਆਂ ਦੀਆਂ ਬਖ਼ਸ਼ਿਸ਼ਾਂ ਦਿੰਦੇ ਹਨ। ਸਤਿਗੁਰੂ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ, ਪੂਰਨ ਖ਼ਾਲਸਾ ਇਸ ਵਿਧਾਨ ਦੇ ਵਰਤਾਉਣਹਾਰੇ ਹੁੰਦੇ ਹਨ ਅਤੇ ਉਹ ਇਸ ਪਰਮ ਸ਼ਕਤੀਸ਼ਾਲੀ ਵਿਧਾਨ ਦੇ ਅੰਮ੍ਰਿਤ ਨੂੰ ਸਾਰੀ ਲੁਕਾਈ ਨੂੰ ਵਰਤਾਉਂਦੇ ਹਨ। ਦਰਗਾਹੀ ਅਵਤਾਰਾਂ, ਸਤਿਗੁਰੂ ਪਾਤਸ਼ਾਹੀਆਂ, ਪੂਰਨ ਬ੍ਰਹਮ ਗਿਆਨੀਆਂ, ਪੂਰਨ ਸੰਤਾਂ ਅਤੇ ਪੂਰਨ ਖ਼ਾਲਸਿਆਂ ਨੇ ਇਸ ਪਰਮ ਸ਼ਕਤੀਸ਼ਾਲੀ ਦਰਗਾਹੀ ਵਿਧਾਨ ਦੀ ਕਮਾਈ ਕਰ ਕੇ ਇਸ ਬੇਅੰਤ ਸ਼ਕਤੀ ਨੂੰ ਗੁਰਬਾਣੀ ਦੇ ਰੂਪ ਵਿੱਚ ਸਾਡੀ ਸਾਰੀ ਲੁਕਾਈ ਦੀ ਝੋਲੀ ਵਿੱਚ ਪਾ ਦਿੱਤਾ ਹੈ। ਇਸ ਲਈ ਜੋ ਮਨੁੱਖ ਇਸ ਦਰਗਾਹੀ ਵਿਧਾਨ ਦੀ ਕਮਾਈ ਕਰਦੇ ਹਨ ਉਹ ਮਨੁੱਖ ਮਾਇਆ ਦੇ ਚੁੰਗਲ ਤੋਂ ਆਜ਼ਾਦ ਹੋ ਜਾਂਦੇ ਹਨ ਅਤੇ ਇਸ ਦਰਗਾਹੀ ਵਿਧਾਨ ਦੇ ਰਖਵਾਲੇ ਬਣ ਜਾਂਦੇ ਹਨ, ਇਸ ਦਰਗਾਹੀ ਵਿਧਾਨ ਦੇ ਅਧਿਕਾਰੀ ਬਣ ਜਾਂਦੇ ਹਨ, ਇਸ ਦਰਗਾਹੀ ਵਿਧਾਨ ਨੂੰ ਵਰਤਾਉਣ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਅਕਾਲ ਪੁਰਖ ਵਿੱਚ ਇੱਕ ਮਿੱਕ ਹੋ ਜਾਂਦੇ ਹਨ ਅਤੇ ਆਪਣਾ ਮਨੁੱਖਾ ਜਨਮ ਸਫ਼ਲ ਕਰ ਕੇ ਸਾਰੇ ਜੱਗ ਦੇ ਲੋਕਾਂ ਨੂੰ ਤਾਰਦੇ ਹਨ।

ਇਸ ਦਰਗਾਹੀ ਵਿਧਾਨ ਵਿੱਚ ਵਿਚਰਨਾ ਹੀ ਅਸਲੀ ਜੀਵਨ ਹੈ। ਜੀਵਨ ਦਾ ਸਹੀ ਆਨੰਦ ਕੇਵਲ ਇਸ ਵਿਧਾਨ ਅਨੁਸਾਰ ਜੀਵਨ ਜੀ ਕੇ ਹੀ ਮਾਣਿਆ ਜਾ ਸਕਦਾ ਹੈ। ਸਾਡੇ ਸਾਰੇ ਜੀਵਨ ਦੇ ਸੁੱਖ-ਦੁੱਖ ਇਸ ਵਿਧਾਨ ਦੇ ਅਨੁਸਾਰ ਹੀ ਸਾਡੇ ਜੀਵਨ ਵਿੱਚ ਪ੍ਰਗਟ ਹੁੰਦੇ ਹਨ। ਕਰਮ ਦਾ ਵਿਧਾਨ ਇਸ ਦਰਗਾਹੀ ਵਿਧਾਨ ਦਾ ਹੀ ਬੇਅੰਤ ਮਹਤੱਵਪੂਰਨ ਹਿੱਸਾ ਹੈ। ਕਰਮ ਦਾ ਵਿਧਾਨ ਇੱਕ ਪਰਮ ਸ਼ਕਤੀਸ਼ਾਲੀ ਵਿਧਾਨ ਹੈ ਜੋ ਧਰਤੀ ਉੱਪਰ ਵੱਸਦੀ ੮੪ ਲੱਖ ਮੇਦਨੀ ਦੇ ਜੀਵਨ ਦਾ ਸੰਚਾਲਨ ਕਰਦਾ ਹੈ। ਕਰਮ ਦੇ ਇਸ ਵਿਧਾਨ ਦੇ ਅਨੁਸਾਰ ਹੀ ਸਾਡੇ ਸਾਰੇ ਜੀਵਨ ਦਾ ਸੰਚਾਲਨ ਹੁੰਦਾ ਹੈ। ਸਾਡਾ ਹਰ ਪਲ ਹਰ ਸੁਆਸ ਇਸ ਕਰਮ ਦੇ ਪਰਮ ਸ਼ਕਤੀਸ਼ਾਲੀ ਵਿਧਾਨ ਦੇ ਅਨੁਸਾਰ ਹੀ ਪ੍ਰਗਟ ਹੁੰਦਾ ਹੈ। ਸਾਡੇ ਭਾਗ ਇਸ ਪਰਮ ਸ਼ਕਤੀਸ਼ਾਲੀ ਵਿਧਾਨ ਦੇ ਅਨੁਸਾਰ ਹੀ ਲਿਖੇ ਜਾਂਦੇ ਹਨ ਜੋ ਭਵਿੱਖ ਵਿੱਚ ਸਾਡੇ ਜਨਮਾਂ ਦੇ ਜੀਵਨ ਵਿੱਚ ਪ੍ਰਗਟ ਹੁੰਦੇ ਹਨ। ਪਰਮ ਮਹੱਤਵਪੂਰਨ ਤੱਥ ਜੋ ਸਾਨੂੰ ਸਮਝਣ ਦੀ ਜ਼ਰੂਰਤ ਹੈ ਉਹ ਇਹ ਹੈ ਕਿ: ਸਾਡੇ ਰੋਜ਼ਾਨਾ ਜੀਵਨ ਦੇ ਸਾਰੇ ਕਰਮ; ਸਾਰੇ ਦੁੱਖ ਅਤੇ ਸੁੱਖ; ਚੰਗੇ ਅਤੇ ਮਾੜੇ ਖਿਣ; ਖ਼ੁਸ਼ੀ ਅਤੇ ਗ਼ਮੀ; ਸੰਜੋਗ ਅਤੇ ਵਿਜੋਗ - ਮਿਲਾਪ ਅਤੇ ਵਿਛੋੜਾ; ਰਿਸ਼ਤੇ-ਨਾਤੇ; ਚੰਗੇ-ਮਾੜੇ ਸੰਸਾਰਿਕ ਸੰਬੰਧ; ਚੰਗੇ-ਮਾੜੇ ਪਰਿਵਾਰਕ ਸੰਬੰਧ; ਪਰਿਵਾਰਕ ਖ਼ੁਸ਼ੀਆਂ

ਅਤੇ ਦੁੱਖ-ਕਲੇਸ਼; ਧਨ-ਸੰਪਦਾ ਦੀ ਪ੍ਰਾਪਤੀ ਅਤੇ ਨਿਰਧਨਤਾ; ਅਮੀਰੀ ਅਤੇ ਗਰੀਬੀ; ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਅਤੇ ਅਭਾਵ; ਸਾਡਾ ਆਚਾਰ ਵਿਹਾਰ; ਸਾਡੇ ਸੰਸਕਾਰ ਅਤੇ ਆਦਤਾਂ; ਮਨ ਦੀ ਬਿਰਤੀ ਦਾ ਮਾਇਆਧਾਰੀ ਹੋਣਾ - ਰਜੋ ਗੁਣੀ ਜਾਂ ਤਮੋ ਗੁਣੀ ਹੋਣਾ ਭਾਵ ਮਨੋਬਿਰਤੀ ਦਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਅਤੇ ਤ੍ਰਿਸ਼ਣਾ ਦਾ ਗ਼ੁਲਾਮ ਹੋਣਾ; ਮਨ ਦੀ ਬਿਰਤੀ ਦਾ ਸਤੋ ਗੁਣੀ ਹੋਣਾ ਭਾਵ ਮਨੋ ਬਿਰਤੀ ਦਾ ਦਇਆ, ਧਰਮ, ਸੰਤੋਖ, ਸੰਜਮ ਵਾਲਾ ਹੋਣਾ; ਸਾਡੀ ਸੰਸਾਰਿਕ ਸਿੱਖਿਆ ਦਾ ਪੱਧਰ; ਸਾਡੀ ਰੋਜ਼ੀ-ਰੋਟੀ ਕਮਾਉਣ ਦੇ ਸਾਧਨ ਅਤੇ ਸਾਡੀ ਸਫਲਤਾ ਅਤੇ ਵਿਫਲਤਾ; ਸਾਡੀ ਬੰਦਗੀ ਅਤੇ ਸੇਵਾ; ਮਾਣ-ਅਪਮਾਨ; ਮੁੱਕਦੀ ਗੱਲ ਕਿ ਸਾਡੇ ਰੋਜ਼ਾਨਾ ਜੀਵਨ ਵਿੱਚ ਜੋ ਕੁਝ ਵੀ ਵਾਪਰਦਾ ਹੈ ਉਹ ਇਸ ਪਰਮ ਸ਼ਕਤੀਸ਼ਾਲੀ ਕਰਮ ਦੇ ਵਿਧਾਨ ਦੇ ਅਨੁਸਾਰ ਵਾਪਰਦਾ ਹੈ।

ਜੋ ਮਨੁੱਖ ਕਰਮ ਦੇ ਪਰਮ ਸ਼ਕਤੀਸ਼ਾਲੀ ਵਿਧਾਨ ਨੂੰ ਸਮਝ ਲੈਂਦੇ ਹਨ ਅਤੇ ਇਸ ਦੇ ਅੱਗੇ ਨਤਮਸਤਕ ਹੋ ਜਾਂਦੇ ਹਨ, ਉਹ ਮਨੁੱਖ ਆਪਣਾ ਜੀਵਨ ਇਸ ਵਿਧਾਨ ਦੇ ਅਨੁਸਾਰ ਜਿਉਂਦੇ ਹਨ ਅਤੇ ਐਸਾ ਕਰਨ ਨਾਲ ਉਹ ਆਪਣੀ ਹਸਤੀ ਨੂੰ ਮਿਟਾ ਕੇ, ਆਪਣੀ ਹਉਮੈ ਦਾ ਅੰਤ ਕਰ ਕੇ ਮਾਇਆ ਤੋਂ ਮੁਕਤੀ ਪ੍ਰਾਪਤ ਕਰ ਜੀਵਨ ਸਫ਼ਲ ਕਰ ਲੈਂਦੇ ਹਨ। ਜੋ ਮਨੁੱਖ ਇਸ ਵਿਧਾਨ ਨੂੰ ਸਮਝ ਲੈਂਦੇ ਹਨ ਉਨ੍ਹਾਂ ਨੂੰ ਮਾਇਆ ਦਾ ਖੇਲ ਸਮਝ ਆ ਜਾਂਦਾ ਹੈ। ਉਹ ਮਨੁੱਖ ਤਮੋ ਬਿਰਤੀ ਅਤੇ ਰਜੋ ਬਿਰਤੀ ਦਾ ਤਿਆਗ ਕਰ ਕੇ ਆਪਣੀ ਰੋਜ਼ਾਨਾ ਕਰਨੀ ਨੂੰ ਸਤੋ ਬਿਰਤੀ ਵਿੱਚ ਲੈ ਜਾਂਦੇ ਹਨ ਅਤੇ ਆਪਣੇ ਸਾਰੇ ਕਰਮ ਸਤਿ ਕਰਮਾਂ ਵਿੱਚ ਪਰਿਵਰਤਿਤ ਕਰ ਲੈਂਦੇ ਹਨ। ਇਸ ਤਰ੍ਹਾਂ ਦੇ ਸਤਿ ਕਰਮਾਂ ਵਾਲੇ ਜੀਵਨ ਜਿਉਂਦੇ ਹੋਏ ਸਾਡੇ ਸਤਿ ਕਰਮ ਇਕੱਤਰ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਇੱਕ ਸਮਾਂ ਐਸਾ ਆਉਂਦਾ ਹੈ ਜਦ ਸਾਡੇ ਇਤਨੇ ਕੁ ਸਤਿ ਕਰਮ ਇਕੱਤਰ ਹੋ ਜਾਂਦੇ ਹਨ ਜਿਨ੍ਹਾਂ ਨਾਲ ਅਕਾਲ ਪੁਰਖ ਦੀ ਨਦਰ ਸਾਡੇ 'ਤੇ ਪੈ ਜਾਂਦੀ ਹੈ ਅਤੇ ਇਸ ਬਖ਼ਸ਼ਿਸ ਦਾ ਸਦਕਾ ਅਸੀਂ ਗੁਰ ਪ੍ਰਸਾਦਿ ਦੀ ਪ੍ਰਾਪਤੀ ਦੇ ਹੱਕਦਾਰ ਬਣ ਜਾਂਦੇ ਹਾਂ। ਗੁਰ ਪ੍ਰਸਾਦਿ ਦੀ ਪ੍ਰਾਪਤੀ ਸਾਡਾ ਜੀਵਨ ਬਦਲ ਦਿੰਦੀ ਹੈ। ਕਰਮ ਦੇ ਇਸ ਪਰਮ ਸ਼ਕਤੀਸ਼ਾਲੀ ਵਿਧਾਨ ਵਿੱਚੋਂ ਨਿਕਲ ਕੇ ਆਪਣੇ ਜੀਵਨ ਨੂੰ ਸਦਾ-ਸਦਾ ਲਈ ਪਰਮ ਆਨੰਦ ਵਿੱਚ ਪ੍ਰਗਟ ਕਰਨ ਦਾ ਕੇਵਲ ਇੱਕ ਹੀ ਵਿਧਾਨ ਹੈ ਅਤੇ ਇਹ ਵਿਧਾਨ ਹੈ ਗੁਰ ਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਨਾਮ-ਸਿਮਰਨ ਕਰਦਿਆਂ, ਨਾਮ ਦੀ ਕਮਾਈ ਕਰਦਿਆਂ, ਹਿਰਦੇ ਵਿੱਚ ਨਾਮ ਦਾ ਪ੍ਰਕਾਸ਼ ਕਰ ਕੇ, ਰੋਮ-ਰੋਮ ਵਿੱਚ ਨਾਮ ਦਾ ਪ੍ਰਕਾਸ਼ ਕਰ ਕੇ, ਮਾਇਆ ਨੂੰ ਜਿੱਤ ਕੇ, ਬੰਦਗੀ ਪੂਰਨ ਕਰਦਿਆਂ ਹੀ ਸਾਰੇ ਪਿਛਲੇ ਜਨਮ-ਜਨਮਾਂਤਰਾਂ ਦੇ ਕਰਮਾਂ ਦਾ ਲੇਖਾ-ਜੋਖਾ ਪੂਰਾ ਹੋ ਜਾਂਦਾ ਹੈ ਅਤੇ ਪਰਮ ਆਨੰਦ ਸਤਿ ਚਿੱਤ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਇਸ ਤਰ੍ਹਾਂ ਜੋ ਮਨੁੱਖ ਸਤੋ ਬਿਰਤੀ ਵਿੱਚ ਵਿਚਰਦੇ ਹਨ ਉਹ ਗੁਰ ਪ੍ਰਸਾਦਿ ਦੀ ਪ੍ਰਾਪਤੀ ਅਤੇ ਗੁਰ ਪ੍ਰਸਾਦਿ ਦੀ ਸੇਵਾ-ਸੰਭਾਲਤਾ ਕਰ ਕੇ ਕਰਮਾਂ ਦੇ ਬੰਧਨਾਂ ਤੋਂ ਮੁਕਤੀ ਪ੍ਰਾਪਤ ਕਰਦੇ ਹਨ। ਜੀਵਨ ਮੁਕਤ ਮਨੁੱਖ ਦੇ ਸਾਰੇ ਕਰਮ ਫਿਰ ਸਤਿ ਕਰਮ ਹੋ ਜਾਂਦੇ ਹਨ। ਐਸੇ ਮਨੁੱਖ ਜੀਵਨ ਮੁਕਤ ਹੋ ਕੇ ਸਹੀ ਢੰਗ ਨਾਲ ਆਨੰਦਮਈ ਜੀਵਨ ਜਿਉਂਦੇ ਹਨ ਅਤੇ ਸਾਰੀ ਲੁਕਾਈ ਦਾ ਪਰਉਪਕਾਰ ਅਤੇ ਮਹਾ ਪਰਉਪਕਾਰ ਕਰਦੇ ਹਨ।

ਇੱਥੇ ਇੱਕ ਪ੍ਰਸ਼ਨ 'ਤੇ ਵਿਚਾਰ ਕਰਨਾ ਲਾਜ਼ਮੀ ਹੈ ਕਿ ਐਸੇ ਮਹਾਂਪੁਰਖਾਂ ਦਾ ਜੀਵਨ ਅਤੇ ਸਾਰੇ ਕਰਮ ਕਿਵੇਂ ਹੁਕਮ ਵਿੱਚ ਚਲੇ ਜਾਂਦੇ ਹਨ ? ਇਸ ਪਰਮ ਸਤਿ ਤੱਤ ਨੂੰ ਸਮਝ ਕੇ ਜਾਣਿਆ ਜਾ ਸਕਦਾ ਹੈ: ਮਨੁੱਖ ਦੀਆਂ ਪੰਜ ਕਰਮ ਇੰਦਰੀਆਂ ਹਨ (ਦੋ ਹੱਥ, ਦੋ ਪੈਰ ਅਤੇ ਮੁਖ) ਜਿਨ੍ਹਾਂ ਦਾ ਆਧਾਰ ਪੰਜ ਗਿਆਨ ਇੰਦਰੀਆਂ ਹਨ (ਨਾਸਿਕਾ, ਕੰਨ, ਅੱਖਾਂ,

ਰਸਨਾ ਅਤੇ ਚਮੜੀ)। ਇਨ੍ਹਾਂ ਪੰਜ ਗਿਆਨ ਇੰਦਰੀਆਂ ਦਾ ਆਧਾਰ ਹੈ ਮਨੁੱਖ ਦਾ ਮਨ ਅਤੇ ਮਨ ਦਾ ਆਧਾਰ ਹੈ ਮਨੁੱਖ ਦੀ ਬੁੱਧੀ। ਇਸ ਦਾ ਭਾਵ ਇਹ ਹੈ ਕਿ ਜੋ ਪੰਜ ਗਿਆਨ ਇੰਦਰੀਆਂ ਅਨੁਭਵ ਕਰਦੀਆਂ ਹਨ ਉਸ ਗਿਆਨ ਦੇ ਆਧਾਰ 'ਤੇ ਮਨ ਆਪਣੀ ਬੁੱਧੀ ਅਨੁਸਾਰ ਕਰਮ ਇੰਦਰੀਆਂ ਨੂੰ ਆਦੇਸ਼ ਦਿੰਦਾ ਹੈ ਅਤੇ ਪੰਜ ਕਰਮ ਇੰਦਰੀਆਂ ਕਰਮ ਕਰਦੀਆਂ ਹਨ। ਆਪਣੀ ਬੁੱਧੀ ਨੂੰ ਮਨਮਤਿ ਕਿਹਾ ਗਿਆ ਹੈ। ਇਸ ਦਾ ਭਾਵ ਹੈ ਕਿ ਇੱਕ ਆਮ ਮਨੁੱਖ ਦੇ ਸਾਰੇ ਕਰਮ ਮਨਮਤਿ ਦੇ ਅਨੁਸਾਰ ਹੁੰਦੇ ਹਨ। ਇਹ ਮਨਮਤਿ ਮਾਇਆ ਦੀ ਗ਼ੁਲਾਮ ਹੈ। ਇਹ ਮਨਮਤਿ ਹੀ ਮਾਇਆ ਹੈ। ਇਸ ਲਈ ਸਾਡੇ ਸਾਰੇ ਕਰਮ ਮਾਇਆ ਦੇ ਪ੍ਰਭਾਵ ਹੇਠ ਹੁੰਦੇ ਹਨ।

ਅਗਲਾ ਸਤਿ ਤੱਤ ਜੋ ਕਿ ਸਮਝਣਾ ਪਰਮ ਲਾਜ਼ਮੀ ਹੈ ਉਹ ਇਹ ਹੈ ਕਿ ਮਨ ਤੋਂ ਵੀ ਉੱਪਰ ਬੈਠੀ ਹੋਈ ਹੈ ਪਰਮ ਜੋਤ ਜਿਸ ਦੀ ਹੋਂਦ ਕਾਰਨ ਹੀ ਮਨੁੱਖ ਜੱਗ ਵਿੱਚ ਜਨਮ ਲੈਂਦਾ ਹੈ। ਇਸ ਪਰਮ ਜੋਤ ਵਿੱਚ ਹੀ ਸਮਾਇਆ ਹੋਇਆ ਹੈ ਬੇਅੰਤ ਗਿਆਨ ਦਾ ਭੰਡਾਰ ਜਿਸ ਨੂੰ ਅਸੀਂ ਪੂਰਨ ਬ੍ਰਹਮ ਗਿਆਨ ਪੂਰਨ ਤੱਤ ਗਿਆਨ ਕਹਿੰਦੇ ਹਾਂ। ਇਸ ਗਿਆਨ ਦੇ ਭੰਡਾਰ ਨੂੰ ਅਸੀਂ ਗੁਰਮਤਿ ਵੀ ਕਹਿੰਦੇ ਹਾਂ ਅਤੇ ਆਤਮ ਰਸ ਅੰਮ੍ਰਿਤ ਵੀ ਕਹਿੰਦੇ ਹਾਂ। ਇਹ ਪਰਮ ਜੋਤ ਹੀ ਬੇਅੰਤ ਅਨੰਤ ਦਰਗਾਹੀ ਇਲਾਹੀ ਪਰਮ ਸ਼ਕਤੀਆਂ ਦਾ ਭੰਡਾਰ ਹੈ। ਇਹ ਪਰਮ ਜੋਤ ਹੀ ਸਾਰੇ ਦਰਗਾਹੀ ਖ਼ਜ਼ਾਨਿਆਂ ਦਾ ਬੇਅੰਤ ਭੰਡਾਰ ਹੈ। ਇਹ ਪਰਮ ਜੋਤ ਹੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪ ਹੈ ਜੋ ਸਾਡੀ ਦੇਹੀ ਵਿੱਚ ਆਪ ਬੈਠਾ ਹੋਇਆ ਹੈ। ਜਦ ਸਤੋ ਬਿਰਤੀ 'ਤੇ ਚਲਣ ਵਾਲਾ ਮਨੁੱਖ ਸਤਿ ਕਰਮ ਇਕੱਤਰ ਕਰਦੇ-ਕਰਦੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਇਸ ਮਹਾਨ ਪਰਮ ਸ਼ਕਤੀ ਦੀ ਸੇਵਾ-ਸੰਭਾਲਤਾ ਕਰਦਾ ਹੋਇਆ ਮਾਇਆ ਨੂੰ ਜਿੱਤ ਕੇ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦਾ ਗੁਰ ਪ੍ਰਸਾਦਿ ਪ੍ਰਾਪਤ ਕਰ ਕੇ ਪੂਰਨ ਬੰਦਗੀ ਦੇ ਪੜਾਅ ਪਾਰ ਕਰ ਕੇ ਦਰਗਾਹ ਪ੍ਰਵਾਨ ਚੜ੍ਹਦਾ ਹੈ ਤਾਂ ਉਸ ਨੂੰ ਅਕਾਲ ਪੁਰਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਦਰਸ਼ਨ ਹੁੰਦੇ ਹਨ ਅਤੇ ਉਹ ਅਕਾਲ ਪੁਰਖ ਵਿੱਚ ਅਭੇਦ ਹੋ ਜਾਂਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਉਸ ਨੂੰ ਗੁਰਮਤਿ ਦੀ ਪ੍ਰਾਪਤੀ ਹੁੰਦੀ ਹੈ ਭਾਵ ਪੂਰਨ ਬ੍ਰਹਮ ਗਿਆਨ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਬ੍ਰਹਮ ਗਿਆਨ ਅਤੇ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਹੋਣ ਦੇ ਨਾਲ ਹੀ ਉਸ ਦੀ ਮਨਮਤਿ ਦਾ ਅੰਤ ਹੋ ਜਾਂਦਾ ਹੈ। ਭਾਵ ਮਾਇਆ ਦੀ ਗ਼ੁਲਾਮੀ ਖ਼ਤਮ ਹੋ ਜਾਂਦੀ ਹੈ, ਮਨ ਦਾ ਅੰਤ ਹੋ ਜਾਂਦਾ ਹੈ, ਮਾਇਆ ਉਸ ਦੀ ਸੇਵਾ ਵਿੱਚ ਆ ਜਾਂਦੀ ਹੈ। ਜਦ ਐਸੀ ਕਿਰਪਾ ਅਤੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ ਤਾਂ ਪੰਜੇ ਗਿਆਨ ਇੰਦਰੀਆਂ ਗੁਰਮਤਿ ਵਿੱਚ ਆ ਜਾਂਦੀਆਂ ਹਨ। ਪੰਜੇ ਗਿਆਨ ਇੰਦਰੀਆਂ ਪੂਰਨ ਬ੍ਰਹਮ ਗਿਆਨ ਦੇ ਅਧੀਨ ਹੋ ਜਾਂਦੀਆਂ ਹਨ। ਭਾਵ ਪੰਜੇ ਗਿਆਨ ਇੰਦਰੀਆਂ ਬ੍ਰਹਮ ਦੇ ਵਿਧਾਨ ਅਧੀਨ ਆ ਜਾਂਦੀਆਂ ਹਨ, ਪੂਰਨ ਹੁਕਮ ਵਿੱਚ ਆ ਜਾਂਦੀਆਂ ਹਨ। ਇਸ ਲਈ ਪੰਜੇ ਕਰਮ ਇੰਦਰੀਆਂ ਪੂਰਨ ਹੁਕਮ ਵਿੱਚ ਆ ਜਾਂਦੀਆਂ ਹਨ। ਇਸ ਲਈ ਐਸਾ ਮਨੁੱਖ ਜੋ ਜੋ ਕਰਮ ਕਰਦਾ ਹੈ ਉਹ ਪੂਰਨ ਹੁਕਮ ਵਿੱਚ ਹੁੰਦੇ ਹਨ ਅਤੇ ਸਤਿ ਕਰਮ ਹੁੰਦੇ ਹਨ। ਐਸੇ ਮਨੁੱਖ ਦੇ ਸਾਰੇ ਕਰਮ ਸਾਰੀ ਲੁਕਾਈ ਲਈ ਪਰਉਪਕਾਰ ਅਤੇ ਮਹਾ ਪਰਉਪਕਾਰ ਨਾਲ ਭਰਪੂਰ ਹੁੰਦੇ ਹਨ।

ਜੋ ਮਨੁੱਖ ਮਾਇਆ ਦੀ ਰਜੋ ਅਤੇ ਤਮੋ ਬਿਰਤੀ ਦੇ ਗ਼ੁਲਾਮ ਬਣ ਕੇ ਜੀਵਨ ਜਿਉਂਦੇ ਹਨ ਉਹ ਜਨਮ ਜਨਮਾਂਤਰਾਂ ਤੱਕ ਜੂਨਾਂ ਵਿੱਚ ਭਟਕਦੇ ਰਹਿੰਦੇ ਹਨ। ਉਨ੍ਹਾਂ ਮਨੁੱਖਾਂ ਦੇ ਸਾਰੇ ਕਰਮ ਅਸਤਿ ਕਰਮ ਹੁੰਦੇ ਹਨ ਅਤੇ ਇਹ ਅਸਤਿ ਕਰਮ ਹੀ ਉਨ੍ਹਾਂ ਦੇ ਮਾੜੇ ਸੰਸਕਾਰ,

ਦੁਰਵਿਹਾਰ, ਦੁਰਚਰਿਤ੍ਰ, ਦੁੱਖਾਂ, ਕਲੇਸ਼ਾਂ, ਕਸ਼ਟਾਂ, ਗੰਦਗੀ ਨਾਲ ਭਰਪੂਰ ਜੀਵਨ, ਨਿਰਧਨਤਾ ਅਤੇ ਗਰੀਬੀ ਦਾ ਕਾਰਨ ਬਣਦੇ ਹਨ। ਇਹ ਅਸਤਿ ਕਰਮ ਹੀ ਸਾਡੀ ਜ਼ਿੰਦਗੀ ਦੀਆਂ ਸਾਰੀਆਂ ਸਮੱਸਿਆਵਾਂ ਦਾ ਕਾਰਨ ਬਣਦੇ ਹਨ। ਕਰਮ ਦੇ ਇਸ ਵਿਧਾਨ ਦੇ ਅਨੁਸਾਰ ਜੈਸਾ ਅਸੀਂ ਬੀਜਦੇ ਹਾਂ ਵੈਸਾ ਹੀ ਸਾਨੂੰ ਫੱਲ ਪ੍ਰਾਪਤ ਹੁੰਦਾ ਹੈ। ਭਾਵ ਜੈਸੇ ਅਸੀਂ ਕਰਮ ਕਰਾਂਗੇ ਸਾਨੂੰ ਆਉਣ ਵਾਲੇ ਸਮੇਂ ਵਿੱਚ ਵੈਸਾ ਹੀ ਜੀਵਨ ਮਿਲੇਗਾ। ਜੋ ਮਨੁੱਖ ਇਸ ਦਰਗਾਹੀ ਵਿਧਾਨ, ਜਿਸ ਨੂੰ ਹੁਕਮ ਕਿਹਾ ਗਿਆ ਹੈ, ਦੇ ਖ਼ਿਲਾਫ਼ ਚਲਦੇ ਹਨ ਉਹ ਮੁਖ ਚੋਟਾਂ ਖਾਂਦੇ ਹਨ।

ਇਸ ਲਈ ਇਸ ਪੂਰਨ ਬ੍ਰਹਮ ਗਿਆਨ ਨੂੰ ਸਮਝਣ ਨਾਲ ਕਿ ਸਭ ਕੁਝ ਅਕਾਲ ਪੁਰਖ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਬਣਾਏ ਗਏ ਦਰਗਾਹੀ ਵਿਧਾਨ, ਜਿਸ ਨੂੰ ਗੁਰਬਾਣੀ ਵਿੱਚ ਹੁਕਮ ਕਿਹਾ ਗਿਆ ਹੈ, ਦੇ ਅਨੁਸਾਰ ਹੁੰਦਾ ਹੈ, ਸਾਨੂੰ ਹਉਮੈ ਦੀ ਸੂਝ ਪੈ ਜਾਂਦੀ ਹੈ। ਹਉਮੈ ਨੂੰ ਗੁਰਬਾਣੀ ਵਿੱਚ ਦੀਰਘ ਮਾਨਸਿਕ ਰੋਗ ਕਿਹਾ ਗਿਆ ਹੈ। ਹਉਮੈ ਦੀ ਸੂਝ ਅਤੇ ਗਿਆਨ ਦੇ ਪ੍ਰਕਾਸ਼ ਹੋ ਜਾਣ ਨਾਲ ਅਸੀਂ ਨਿਮਰਤਾ ਵਿੱਚ ਚਲੇ ਜਾਂਦੇ ਹਾਂ। ਭਰਪੂਰ ਨਿਮਰਤਾ ਹੀ ਦਰਗਾਹ ਦੀ ਕੁੰਜੀ ਹੈ। ਹਉਮੈ ਦੀ ਮੌਤ ਹੀ ਜੀਵਨ ਮੁਕਤੀ ਹੈ। ਹਉਮੈ ਦੀ ਮੌਤ ਗੁਰੂ ਚਰਨਾਂ ਉੱਪਰ ਪੂਰਨ ਸਮਰਪਣ ਕਰਨ ਨਾਲ ਹੁੰਦੀ ਹੈ। ਪੂਰਨ ਸਮਰਪਣ ਕਰਨ ਨਾਲ ਆਪਣੀ ਹਸਤੀ ਮਿੱਟ ਜਾਂਦੀ ਹੈ ਅਤੇ ਕੇਵਲ ਪਰਮ ਜੋਤ ਰਹਿ ਜਾਂਦੀ ਹੈ ਅਤੇ ਇਹ ਪਰਮ ਜੋਤ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਸਮਾ ਜਾਂਦੀ ਹੈ।

ਇਕ ਆਮ ਮਨੁੱਖ ਨੂੰ ਤਾਂ ਇਹ ਸਮਝ ਨਹੀਂ ਕਿ ਹੁਕਮ ਕੀ ਹੈ। ਇੱਕ ਆਮ ਮਨੁੱਖ ਨੂੰ ਤਾਂ ਇਹ ਸੋਝੀ ਨਹੀਂ ਹੈ ਕਿ ਭਾਣਾ ਕੀ ਹੈ ਅਤੇ ਭਾਣੇ ਵਿੱਚ ਕਿਵੇਂ ਰਿਹਾ ਜਾਂਦਾ ਹੈ। ਭਾਣਾ ਅਤੇ ਹੁਕਮ ਇੱਕੋ ਹੀ ਪਰਮ ਸ਼ਕਤੀ ਦਾ ਨਾਮ ਹੈ। ਇੱਕ ਆਮ ਮਨੁੱਖ ਦੁਆਰਾ ਹੁਕਮ ਕਿਵੇਂ ਪਛਾਣਿਆ ਜਾ ਸਕਦਾ ਹੈ ? ਇੱਕ ਆਮ ਮਨੁੱਖ ਲਈ ਹੁਕਮ ਵਿੱਚ ਕਿਵੇਂ ਰਿਹਾ ਜਾ ਸਕਦਾ ਹੈ ? ਇੱਕ ਆਮ ਮਨੁੱਖ ਦੀ ਸੁਰਤਿ ਤਾਂ ਉਸ ਅਵਸਥਾ ਵਿੱਚ ਨਹੀਂ ਹੈ ਕਿ ਉਹ ਦਰਗਾਹੀ ਹੁਕਮ ਨੂੰ ਜਾਣ ਸਕੇ ਜਾਂ ਪਛਾਣ ਸਕੇ ਤੇ ਉਸ ਦੀ ਪਾਲਣਾ ਕਰ ਸਕੇ। ਇੱਕ ਆਮ ਮਨੁੱਖ ਦੀ ਸੁਰਤਿ ਤਾਂ ਉਸ ਅਵਸਥਾ 'ਤੇ ਨਹੀਂ ਹੁੰਦੀ ਹੈ ਕਿ ਉਸ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਸਤਿ ਤੱਤਾਂ ਦਾ ਗਿਆਨ ਹੋ ਸਕੇ ਅਤੇ ਉਹ ਸ਼ਬਦ ਦੀ ਕਮਾਈ ਕਰ ਸਕੇ, ਦਰਗਾਹੀ ਹੁਕਮ ਦੀ ਪਾਲਣਾ ਕਰ ਸਕੇ। ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਦੇ ਰੂਪ ਵਿੱਚ ਦਾਸਨ ਦਾਸ ਸਾਰੀ ਲੁਕਾਈ ਦੇ ਚਰਨਾਂ 'ਤੇ ਸਨਿਮਰ ਬੇਨਤੀ ਕਰਦਾ ਹੈ ਕਿ:

੧. ਆਪਣੇ ਦੁੱਖਾਂ, ਤਕਲੀਫ਼ਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ, ਦੁਰਦਸ਼ਾ, ਰੋਗਾਂ, ਸੋਗਾਂ ਆਦਿ ਲਈ ਕਿਸੇ ਹੋਰ ਨੂੰ ਦੋਸ਼ ਨਾ ਦਿਓ। ਬਹੁਤ ਸਾਰੀ ਲੁਕਾਈ ਦੁੱਖਾਂ, ਤਕਲੀਫ਼ਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ, ਦੁਰਦਸ਼ਾ, ਰੋਗਾਂ, ਸੋਗਾਂ ਆਦਿ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਦੋਸ਼ੀ ਮੰਨਣ ਲੱਗ ਜਾਂਦੇ ਹਨ ਜਾਂ ਆਪਣੇ ਇਲਾਵਾ ਦੂਜਿਆਂ ਨੂੰ ਦੋਸ਼ ਦੇਣ ਲੱਗ ਜਾਂਦੇ ਹਨ। ਐਸਾ ਕਰਨਾ ਸਰਾਸਰ ਗ਼ਲਤ ਹੈ। ਮਨੁੱਖ ਦੇ ਦੁੱਖਾਂ, ਤਕਲੀਫ਼ਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ, ਦੁਰਦਸ਼ਾ, ਰੋਗਾਂ, ਸੋਗਾਂ ਆਦਿ ਲਈ ਮਨੁੱਖ ਆਪ ਜ਼ੁੰਮੇਵਾਰ ਹੁੰਦਾ ਹੈ। ਮਨੁੱਖ ਦੇ ਦੁੱਖਾਂ, ਤਕਲੀਫ਼ਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ, ਦੁਰਦਸ਼ਾ, ਰੋਗਾਂ, ਸੋਗਾਂ ਆਦਿ ਦਾ ਕਾਰਨ ਕੇਵਲ ਉਸ ਦੇ ਆਪਣੇ ਕਰਮ ਹੀ ਹੁੰਦੇ ਹਨ। ਇਸ ਪਰਮ ਸਤਿ ਨੂੰ

ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੩੩)

੨. ਇਸ ਲਈ ਆਪਣੇ ਕਰਮਾਂ ਦੇ ਦੋਸ਼ਾਂ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਜਾਂ ਹੋਰ ਕਿਸੇ ਉੱਪਰ ਨਾ ਥੋਪੋ। ਆਪਣੇ ਕਰਮਾਂ ਦੇ ਦੋਸ਼ਾਂ ਨੂੰ ਕਬੂਲ ਕਰੋ। ਆਪਣੇ ਕਰਮਾਂ ਦੇ ਦੋਸ਼ਾਂ ਨੂੰ ਸਤਿ ਕਰ ਕੇ ਜਾਣੋ ਅਤੇ ਖਿੜੇ ਮੱਥੇ ਕਬੂਲ ਕਰੋ। ਇਸ ਪਰਮ ਸਤਿ ਨੂੰ ਮੰਨਣ ਨਾਲ ਅਸੀਂ ਭਾਣਾ ਮੰਨਣ ਦੀ ਕਮਾਈ ਕਰ ਸਕਦੇ ਹਾਂ। ਇਸ ਪਰਮ ਸਤਿ ਨੂੰ ਮੰਨਣ ਦੇ ਨਾਲ ਅਸੀਂ ਦਰਗਾਹੀ ਹੁਕਮ ਦੀ ਪਾਲਣਾ ਕਰਨ ਦਾ ਵੱਡਾ ਪੁੰਨ ਕਰਮ ਕਮਾ ਸਕਦੇ ਹਾਂ। ਇਸ ਪਰਮ ਸਤਿ ਨੂੰ ਮੰਨਣ ਨਾਲ ਅਸੀਂ ਆਪਣੇ ਦੁੱਖਾਂ, ਤਕਲੀਫ਼ਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ, ਦੁਰਦਸ਼ਾ, ਰੋਗਾਂ, ਸੋਗਾਂ ਆਦਿ ਦਾ ਅੰਤ ਕਰ ਸਕਦੇ ਹਾਂ ਅਤੇ ਪਰਮ ਸੁੱਖ, ਸਤਿ ਚਿੱਤ ਆਨੰਦ ਦੀ ਪ੍ਰਾਪਤੀ ਕਰ ਸਕਦੇ ਹਾਂ। ਇਸ ਪਰਮ ਸਤਿ ਨੂੰ ਅਪਣਾਉਣ ਨਾਲ ਸਾਡੇ ਨਵੇਂ ਕਰਮ ਬਣਨੇ ਬੰਦ ਹੋ ਜਾਣਗੇ ਅਤੇ ਸਤਿ ਕਰਮ ਇਕੱਤਰ ਹੋਣੇ ਸ਼ੁਰੂ ਹੋ ਜਾਣਗੇ। ਸਾਡੀ ਬਿਰਤੀ ਸਤੋ ਬਿਰਤੀ ਵਿੱਚ ਪਰਿਵਰਤਿਤ ਹੋ ਜਾਏਗੀ। ਜਿਸ ਦੇ ਫਲਸਰੂਪ ਸਾਨੂੰ ਸਤਿਗੁਰੂ ਦੀ ਸੰਗਤ ਅਤੇ ਚਰਨ-ਸ਼ਰਨ ਪ੍ਰਾਪਤ ਹੋ ਜਾਏਗੀ। ਇਸੇ ਲਈ ਭਾਣੇ ਦੀ ਦਾਤ ਦੀ ਮਹਿਮਾ ਨੂੰ ਬੇਅੰਤ ਕਹਿ ਕੇ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਪਉੜੀ ॥
ਭਾਣੈ ਹੁਕਮੁ ਮਨਾਇਓਨੁ ਭਾਣੈ ਸੁਖੁ ਪਾਇਆ ॥
ਭਾਣੈ ਸਤਿਗੁਰੁ ਮੇਲਿਓਨੁ ਭਾਣੈ ਸਚੁ ਧਿਆਇਆ ॥
ਭਾਣੇ ਜੇਵਡ ਹੋਰ ਦਾਤਿ ਨਾਹੀ ਸਚੁ ਆਖਿ ਸੁਣਾਇਆ ॥
ਜਿਨ ਕਉ ਪੂਰਬਿ ਲਿਖਿਆ ਤਿਨ ਸਚੁ ਕਮਾਇਆ ॥
ਨਾਨਕ ਤਿਸੁ ਸਰਣਾਗਤੀ ਜਿਨਿ ਜਗਤੁ ਉਪਾਇਆ ॥੨੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੯੩)

੩. ਜਦ ਕੋਈ ਦੁੱਖ, ਤਕਲੀਫ਼, ਕਲੇਸ਼, ਮੁਸੀਬਤ, ਸਮੱਸਿਆ, ਰੋਗ, ਸੋਗ ਆਦਿ ਜੀਵਨ ਵਿੱਚ ਆਉਂਦਾ ਹੈ ਤਾਂ ਆਪਣੇ ਆਪ ਵਿੱਚ ਸਥਿਤ ਧੀਰਜ ਦੀ ਪਰਮ ਸ਼ਕਤੀ ਨੂੰ ਵਰਤੋ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਸ਼ੁਕਰਾਨਾ ਕਰ ਕੇ ਹਾਲਾਤ ਨੂੰ ਹੱਸ ਕੇ ਕਬੂਲ ਕਰੋ। ਐਸਾ ਕਰਨ ਨਾਲ ਤੁਸੀਂ ਭਾਣਾ ਮੰਨਣ ਵਿੱਚ ਸਫ਼ਲ ਹੋ ਜਾਓਗੇ ਜਿਸ ਦੇ ਫਲ਼ ਸਰੂਪ ਆਪਣੇ ਆਪ ਉੱਪਰ ਬਹੁਤ ਵੱਡਾ ਪੁੰਨ ਕਰੋਗੇ। ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਧਿਆਨ ਧਾਰਨ ਕਰੋ ਅਤੇ ਐਸੇ ਵਿਪਰੀਤ ਹਾਲਾਤ ਵਿੱਚੋਂ ਨਿਕਲਣ ਲਈ ਉਪਾਓ ਲੱਭਣ ਉੱਪਰ ਆਪਣਾ ਧਿਆਨ ਕੇਂਦਰਿਤ ਕਰੋ। ਇਸ ਤਰ੍ਹਾਂ ਭਾਣਾ ਮੰਨਣ ਦੇ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਵਰਤੇਗੀ ਅਤੇ ਵਿਪਰੀਤ ਹਾਲਾਤ ਵਿੱਚੋਂ ਨਿਕਲਣ ਦਾ ਮਾਰਗ ਦਰਸ਼ਨ ਆਪਣੇ ਆਪ ਹੋ ਜਾਏਗਾ। ਆਪਣੇ ਰੋਜ਼ਾਨਾ

ਜੀਵਨ ਵਿੱਚ ਐਸਾ ਅਭਿਆਸ ਕਰਨ ਦੇ ਨਾਲ ਸਾਡੇ ਪੁੰਨ ਕਰਮ ਵੱਧਣੇ ਸ਼ੁਰੂ ਹੋ ਜਾਣਗੇ ਅਤੇ ਕੂੜ ਕਰਮ ਘੱਟਣੇ ਸ਼ੁਰੂ ਹੋ ਜਾਣਗੇ। ਸਾਡਾ ਦੁੱਖ ਦਾਰੂ ਬਣ ਜਾਏਗਾ। ਸਤਿ ਦੀ ਸੇਵਾ ਵੱਧਣੀ ਸ਼ੁਰੂ ਹੋ ਜਾਏਗੀ। ਸਤਿ ਦੀ ਸੇਵਾ ਕਰਨ ਨਾਲ ਸਾਡੀ ਬਿਰਤੀ ਸਤੋ ਬਿਰਤੀ ਬਣ ਜਾਏਗੀ। ਸਤਿਗੁਰੂ ਦੀ ਪਰਮ ਸ਼ਕਤੀਸ਼ਾਲੀ ਚਰਨ-ਸ਼ਰਨ ਪ੍ਰਾਪਤ ਹੋ ਜਾਏਗੀ। ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਏਗੀ। ਜੀਵਨ ਬਦਲ ਜਾਏਗਾ। ਬੰਦਗੀ ਸ਼ੁਰੂ ਹੋ ਜਾਏਗੀ। ਸਾਰੇ ਦੁੱਖਾਂ, ਤਕਲੀਫ਼ਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ, ਦੁਰਦਸ਼ਾ, ਰੋਗਾਂ, ਸੋਗਾਂ ਆਦਿ ਦਾ ਅੰਤ ਆਪਣੇ ਆਪ ਹੋ ਜਾਏਗਾ।

ਇਸ ਲਈ ਇਲਾਹੀ ਦਰਗਾਹੀ ਹੁਕਮ ਦੀ ਪਰਮ ਸ਼ਕਤੀਸ਼ਾਲੀ ਕਥਾ ਸਤਿਗੁਰੂ ਸਾਹਿਬਾਨ ਨੇ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਉਣ ਦਾ ਉਪਰਾਲਾ ਕੀਤਾ ਹੈ:

ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨)

ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮)

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੧-੭੨)

ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ
ਜੋ ਸਭਨਾ ਉਪਰਿ ਹੁਕਮੁ ਚਲਾਏ ॥
ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੋ ਅੰਤੀ ਅਉਸਰਿ ਲਏ ਛਡਾਏ ॥
ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ ਤ੍ਰਿਧ
ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ ॥
ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਵਾਏ ॥੧੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੯)

ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੬)

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੨)

ਗੁਰਬਾਣੀ ਵਿੱਚ ਸਭ ਤੋਂ ਵੱਡਾ ਅਤੇ ਪਰਮ ਸ਼ਕਤੀਸ਼ਾਲੀ ਹੁਕਮ 'ਨਾਮ' ਹੁਕਮ ਦੇ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। ਇਹ 'ਨਾਮ' ਹੁਕਮ ਸਤਿਨਾਮ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਇਸ ਪਰਮ ਸ਼ਕਤੀਸ਼ਾਲੀ ਹੁਕਮ 'ਸਤਿਨਾਮ' ਦੀ ਬੇਅੰਤ ਮਹਿਮਾ ਦੀ ਵਿਚਾਰ (ਗੁਰਬਾਣੀ 'ਤੇ ਆਧਾਰਿਤ ਪ੍ਰਮਾਣਾਂ ਸਹਿਤ) 'ਅਨੰਦੁ ਸਾਹਿਬ ਪਉੜੀ ੧' ਦੀ ਕਥਾ ਵਿੱਚ ਕੀਤੀ ਗਈ ਹੈ। ਜਿਗਿਆਸੂ ਮਨੁੱਖਾਂ ਲਈ ਇਸ ਪਰਮ ਸ਼ਕਤੀਸ਼ਾਲੀ "ਗੁਰ ਕਾ ਸਬਦੁ" ਜੋ ਕਿ 'ਸਤਿਨਾਮ'

ਹੈ, ਇਸ ਦੀ ਬੇਅੰਤ ਮਹਿਮਾ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ। ਉਂਝ ਤਾਂ ਗੁਰਬਾਣੀ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਬਹੁਤ ਸਾਰੇ ਨਾਮ ਪ੍ਰਗਟ ਕੀਤੇ ਗਏ ਹਨ, ਪਰੰਤੂ 'ਸਤਿ' ਨਾਮ ਉਸ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀ ਦਾ ਨਾਮ ਹੈ ਜਿਸ ਨੇ ਆਪਣੇ ਆਪ ਨੂੰ ਕੇਵਲ ਇਸ 'ਸਤਿ' ਨਾਮ ਵਿੱਚ ਪੂਰਨ ਤੌਰ 'ਤੇ ਸਮਾ ਕੇ ਰੱਖਿਆ ਹੋਇਆ ਹੈ। ਇਸੇ ਲਈ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ 'ਸਤਿ' ਨਾਮ ਨੂੰ ਗੁਰਬਾਣੀ ਉਚਾਰਨ ਕਰਦੇ ਹੀ ਸਭ ਤੋਂ ਪਹਿਲਾਂ ਮੂਲ ਮੰਤਰ ਵਿੱਚ ਪ੍ਰਗਟ ਕੀਤਾ ਹੈ। ਉਸ ਤੋਂ ਉਪਰੰਤ 'ਸਤਿ' ਨਾਮ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ। 'ਸਤਿ' ਨੂੰ ਕਦੇ ਨਾਮ ਦੇ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ, ਕਦੇ "ਮੂਲ ਸਤਿ" ਦੇ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ ਅਤੇ ਬੇਸ਼ੁਮਾਰ ਵਾਰੀ 'ਸਤਿ' ਗੁਰਪ੍ਰਸਾਦਿ ਦੇ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। 'ਸਤਿ' ਨਾਮ ਉਹ ਪਰਮ ਸ਼ਕਤੀ ਹੈ ਜਿਸ ਦਾ ਸਾਰੀ ਸ੍ਰਿਸ਼ਟੀ ਉੱਪਰ ਹੁਕਮ ਵਰਤਦਾ ਹੈ। 'ਸਤਿ' ਨਾਮ ਉਹ ਪਰਮ ਸ਼ਕਤੀ ਹੈ ਜਿਸ ਵਿੱਚੋਂ ਹੀ ਸਾਰੀ ਸ੍ਰਿਸ਼ਟੀ ਦੀ ਰਚਨਾ, ਸੇਵਾ ਸੰਭਾਲਤਾ ਅਤੇ ਅੰਤ ਹੁੰਦਾ ਹੈ। 'ਸਤਿ' ਨਾਮ ਤੋਂ ਵੱਡੀ ਕੋਈ ਸ਼ਕਤੀ ਨਹੀਂ ਹੈ। 'ਸਤਿ' ਨਾਮ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਆਪਣੀਆਂ ਸਰਬ ਕਲਾਵਾਂ ਸਹਿਤ ਵਾਸ ਕਰਦਾ ਹੈ। ਇਸ ਲਈ 'ਸਤਿ' ਨਾਮ ਹੀ ਅਨਮੋਲ "ਗੁਰ ਕਾ ਸਬਦੁ ਰਤੰਨੁ" ਹੈ ਜਿਸ ਦੀ ਪਰਮ ਸ਼ਕਤੀਸ਼ਾਲੀ ਕਥਾ ਸਤਿਗੁਰੂ ਅਵਤਾਰ ਧੰਨ ਧੰਨ ਅਮਰ ਦਾਸ ਜੀ ਨੇ ਅਨੰਦ ਸਾਹਿਬ ਦੀਆਂ ਇਨ੍ਹਾਂ ਪਉੜੀਆਂ (੨੫-੨੬) ਵਿੱਚ ਪ੍ਰਗਟ ਕੀਤੀ ਹੈ। ਸਾਰੇ ਸਤਿਗੁਰੂ ਸਾਹਿਬਾਨ ਦੀ ਬੰਦਗੀ ਵੀ ਇਸੇ ਅਨਮੋਲ ਰਤਨ 'ਸਤਿ' ਨਾਮ ਵਿੱਚੋਂ ਹੀ ਪ੍ਰਗਟ ਹੋਈ ਹੈ। ਸਾਰੇ ਅਵਤਾਰਾਂ, ਸੰਤਾਂ, ਬ੍ਰਹਮ ਗਿਆਨੀਆਂ, ਭਗਤਾਂ ਅਤੇ ਖ਼ਾਲਸਿਆਂ ਦੀ ਬੰਦਗੀ ਇਸੇ ਅਨਮੋਲ ਰਤਨ 'ਸਤਿ' ਨਾਮ ਵਿੱਚੋਂ ਹੀ ਪ੍ਰਗਟ ਹੋਈ ਹੈ। ਸਾਰੀ ਗੁਰਬਾਣੀ ਇਸੇ ਅਨਮੋਲ ਰਤਨ 'ਸਤਿ' ਨਾਮ ਵਿੱਚੋਂ ਹੀ ਪ੍ਰਗਟ ਹੋਈ ਹੈ। ਇਸ ਪਰਮ ਸ਼ਕਤੀਸ਼ਾਲੀ ਨਾਮ 'ਸਤਿ' ਦੀ ਪ੍ਰਾਪਤੀ ਪੂਰੇ ਸਤਿਗੁਰੂ ਦੀ ਸੰਗਤ ਵਿੱਚੋਂ ਹੁੰਦੀ ਹੈ। ਪੂਰੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਆਪਾ ਅਰਪਣ ਕਰਨ ਨਾਲ ਹੀ 'ਸਤਿ' ਨਾਮ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ।

ਸਾਰੀ ਗੁਰਬਾਣੀ 'ਸਤਿ' ਹੈ ਅਤੇ ਇਸ ਦੀ ਉਤਪਤੀ ਵੀ 'ਸਤਿ' ਵਿੱਚੋਂ ਹੀ ਹੋਈ ਹੈ। ਗੁਰਬਾਣੀ ਦਾ ਹਰ ਇੱਕ ਸ਼ਬਦ ਪੂਰਨ ਸਤਿ ਹੈ। ਗੁਰਬਾਣੀ ਦੇ ਕਿਸੇ ਸ਼ਬਦ ਵਿੱਚ ਕੋਈ ਲੇਸ ਮਾਤਰ ਵੀ ਖੋਟ ਨਹੀਂ ਹੈ। ਗੁਰਬਾਣੀ ਪਾਵਨ ਪਵਿੱਤਰ ਪੂਰਨ ਸਤਿ ਹੈ। ਗੁਰਬਾਣੀ ਨੂੰ ਸਤਿ ਸਤਿ ਕਰ ਕੇ ਜਾਣਨਾ, ਸਮਝਣਾ, ਮੰਨਣਾ ਅਤੇ ਇਸ ਦਾ ਆਪਣੇ ਰੋਜ਼ਾਨਾ ਜੀਵਨ ਵਿੱਚ ਅਭਿਆਸ ਕਰਨਾ ਪੂਰਨ ਸਤਿ ਦੀ ਪੂਰਨ ਸੇਵਾ ਹੈ। ਗੁਰਬਾਣੀ ਪੂਰਨ ਸਤਿ ਹੈ ਇਸੇ ਲਈ ਗੁਰਬਾਣੀ ਨੂੰ ਨਿਰੰਕਾਰ ਕਹਿ ਕੇ ਪ੍ਰਗਟ ਕੀਤਾ ਗਿਆ ਹੈ। ਇਸ ਲਈ ਗੁਰਬਾਣੀ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਪੂਰਨ ਬ੍ਰਹਮ ਗਿਆਨ ਸਰੂਪ ਹੈ। ਇਸ ਲਈ "ਗੁਰ ਕਾ ਸਬਦੁ" ਦੀ ਮਹਿਮਾ ਬੇਅੰਤ ਹੈ। "ਗੁਰ ਕਾ ਸਬਦੁ" ਦੀ ਬੇਅੰਤ ਮਹਿਮਾ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਈ ਗਈ ਹੈ:

ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧)

ਗੁਰ ਕਾ ਸਬਦੁ ਮਨਿ ਵਸੈ ਮਨੁ ਤਨੁ ਨਿਰਮਲੁ ਹੋਇ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੨)

ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੫)

ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥
ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥
ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੩)

ਲਖ ਚਉਰਾਸੀਹ ਭਰਮਦੇ ਮਨਹਠਿ ਆਵੈ ਜਾਇ ॥
ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੬੨)

ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥
ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥
ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੮੯)

ਗੁਰ ਕੀ ਕੀਰਤਿ ਜਪੀਐ ਹਰਿ ਨਾਉ ॥
ਗੁਰ ਕੀ ਭਗਤਿ ਸਦਾ ਗੁਣ ਗਾਉ ॥
ਗੁਰ ਕੀ ਸੁਰਤਿ ਨਿਕਟਿ ਕਰਿ ਜਾਨੁ ॥
ਗੁਰ ਕਾ ਸਬਦੁ ਸਤਿ ਕਰਿ ਮਾਨੁ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੯੭)

ਗੁਰ ਸੇਵਾ ਤੇ ਸਭੁ ਕਿਛੁ ਪਾਏ ॥ ਹਉਮੈ ਮੇਰਾ ਆਪੁ ਗਵਾਏ ॥
ਆਪੇ ਕ੍ਰਿਪਾ ਕਰੇ ਸੁਖਦਾਤਾ ਗੁਰ ਕੈ ਸਬਦੇ ਸੋਹਾ ਹੇ ॥੯॥
ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥
ਅਨਦਿਨੁ ਹਰਿ ਕਾ ਨਾਮੁ ਵਖਾਣੀ ॥
ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ ॥੧੦॥
ਸੇਵਕ ਸੇਵਹਿ ਸਬਦਿ ਸਲਾਹਹਿ ॥
ਸਦਾ ਰੰਗਿ ਰਾਤੇ ਹਰਿ ਗੁਣ ਗਾਵਹਿ ॥
ਆਪੇ ਬਖਸੇ ਸਬਦਿ ਮਿਲਾਏ ਪਰਮਲ ਵਾਸੁ ਮਨਿ ਤਾਹਾ ਹੇ ॥੧੧॥
ਸਬਦੇ ਅਕਥੁ ਕਥੇ ਸਾਲਾਹੇ ॥ ਮੇਰੇ ਪ੍ਰਭ ਸਾਚੇ ਵੇਪਰਵਾਹੇ ॥
ਆਪੇ ਗੁਣਦਾਤਾ ਸਬਦਿ ਮਿਲਾਏ ਸਬਦੈ ਕਾ ਰਸੁ ਤਾਹਾ ਹੇ ॥੧੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੫੭)

ਗੁਰ ਕਾ ਸਬਦੁ ਸਭਿ ਰੋਗ ਗਵਾਏ ਜਿਸ ਨੋ ਹਰਿ ਜੀਉ ਲਾਏ ॥
ਨਾਮੇ ਨਾਮਿ ਮਿਲੈ ਵਡਿਆਈ ਜਿਸ ਨੋ ਮੰਨਿ ਵਸਾਏ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੩੦-੧੧੩੧)

‘ਗੁਰ ਕਾ ਸਬਦੁ’ ਦੀ ਕਮਾਈ ਕਰਨ ਨਾਲ ਹੀ ਮਨੁੱਖ ਦਾ ਮਨ ਟਿਕ ਜਾਂਦਾ ਹੈ, ਇਕਾਗਰ

ਹੋ ਜਾਂਦਾ ਹੈ ਅਤੇ ਸ਼ਾਂਤ ਹੋ ਜਾਂਦਾ ਹੈ। 'ਗੁਰ ਕਾ ਸਬਦੁ' ਦੀ ਕਮਾਈ ਕਰਨ ਨਾਲ ਹੀ ਮਨੁੱਖ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨੁੱਖ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੁੰਦਾ ਹੈ। 'ਗੁਰ ਕਾ ਸਬਦੁ' ਦੀ ਕਮਾਈ ਕਰਨ ਨਾਲ ਹੀ ਮਨੁੱਖ ਦੀ ਸੁਰਤਿ ਵਿੱਚ ਸਤਿਨਾਮ ਉੱਕਰਿਆ ਜਾਂਦਾ ਹੈ ਅਤੇ ਮਨੁੱਖ ਦੀ ਸਮਾਧੀ ਲੱਗ ਜਾਂਦੀ ਹੈ ਅਤੇ ਮਨੁੱਖ ਦੇ ਸਾਰੇ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ। ਜਿਸ ਦੇ ਨਾਲ ਹੀ ਮਨੁੱਖ ਦੇ ਰੋਮ-ਰੋਮ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਮਨੁੱਖ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਸਮਾਧੀ ਵਿੱਚ ਬੈਠ ਕੇ ਕੀਤੇ ਗਏ ਸਤਿਨਾਮ ਦੇ ਅਭਿਆਸ ਦੇ ਨਾਲ ਹੀ ਮਨੁੱਖ ਨੂੰ ਸੁੰਨ ਸਮਾਧੀ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਮਨੁੱਖ ਦਾ ਮਨ ਚਿੰਦਿਆ ਜਾਂਦਾ ਹੈ। 'ਗੁਰ ਕਾ ਸਬਦੁ' ਦੀ ਕਮਾਈ ਕਰਨ ਨਾਲ ਹੀ ਮਨੁੱਖ ਦਾ ਮਨ ਨਿਰਮਲ ਹੁੰਦਾ ਹੈ। ਭਾਵ 'ਗੁਰ ਕਾ ਸਬਦੁ' ਦੀ ਕਮਾਈ ਕਰਨ ਨਾਲ ਹੀ ਜਨਮਾਂ-ਜਨਮਾਂਤਰਾਂ ਤੋਂ ਮਨੁੱਖ ਦੇ ਮਨ ਨੂੰ ਚਿੰਬੜੀ ਹੋਈ ਮੈਲ ਉਤਰ ਜਾਂਦੀ ਹੈ। 'ਗੁਰ ਕਾ ਸਬਦੁ' ਦੀ ਕਮਾਈ ਕਰਨ ਨਾਲ ਹੀ ਮਨੁੱਖ ਦੇ ਜਨਮਾਂ-ਜਨਮਾਂਤਰਾਂ ਦੇ ਕਰਮਾਂ ਦੇ ਬੰਧਨ ਟੁੱਟ ਜਾਂਦੇ ਹਨ ਅਤੇ ਮਨੁੱਖ ਦੀ ਰੂਹ ਇਨ੍ਹਾਂ ਬੇਅੰਤ ਕਰਮਾਂ ਦੇ ਭਾਰ ਤੋਂ ਮੁਕਤ ਹੋ ਜਾਂਦੀ ਹੈ। ਕਰਮਾਂ ਦੇ ਬੰਧਨ ਟੁੱਟਣ ਨਾਲ ਮਨੁੱਖ ਦੇ ਮਾਨਸਿਕ ਰੋਗਾਂ, ਦੁੱਖਾਂ, ਕਲੇਸ਼ਾਂ, ਸਮੱਸਿਆਵਾਂ, ਮੁਸੀਬਤਾਂ ਦਾ ਅੰਤ ਹੋ ਜਾਂਦਾ ਹੈ। 'ਗੁਰ ਕਾ ਸਬਦੁ' ਦੀ ਕਮਾਈ ਕਰਨ ਨਾਲ ਹੀ ਮਨੁੱਖ ਦੀ ਤ੍ਰਿਸ਼ਣਾ ਬੁਝ ਜਾਂਦੀ ਹੈ ਅਤੇ ਪੰਜ ਚੰਡਾਲ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਮਨੁੱਖ ਦੇ ਵੱਸ ਵਿੱਚ ਆ ਜਾਂਦੇ ਹਨ। 'ਗੁਰ ਕਾ ਸਬਦੁ' ਦੀ ਕਮਾਈ ਕਰਨ ਨਾਲ ਹੀ ਮਨੁੱਖ ਮਾਇਆ ਨੂੰ ਜਿੱਤ ਲੈਂਦਾ ਹੈ। 'ਗੁਰ ਕਾ ਸਬਦੁ' ਦੀ ਕਮਾਈ ਕਰਨ ਨਾਲ ਹੀ ਮਨੁੱਖ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਆ ਜਾਂਦਾ ਹੈ ਅਤੇ ਸਾਰੇ ਸਤਿ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ। 'ਗੁਰ ਕਾ ਸਬਦੁ' ਦੀ ਕਮਾਈ ਹੀ ਬੰਦਗੀ ਹੈ ਅਤੇ ਮਨੁੱਖ ਨੂੰ ਦਰਗਾਹ ਪ੍ਰਵਾਨ ਕਰਵਾਉਣ ਦੀ ਸਮਰੱਥਾ ਰੱਖਦੀ ਹੈ। ਅੰਮ੍ਰਿਤ ਨਾਮ 'ਗੁਰ ਕਾ ਸਬਦੁ' ਹੈ ਜਿਸ ਦੀ ਕਮਾਈ ਕਰਨ ਨਾਲ ਹੀ ਮਨੁੱਖ ਨੂੰ ਜੀਵਨ ਮੁਕਤੀ ਪ੍ਰਾਪਤ ਹੁੰਦੀ ਹੈ। 'ਗੁਰ ਕਾ ਸਬਦੁ' ਦੀ ਕਮਾਈ ਕਰਨ ਨਾਲ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੁੰਦੇ ਹਨ ਅਤੇ ਗੁਰਪ੍ਰਸਾਦਿ ਵਰਤਾਉਣ ਦੀ ਸੇਵਾ ਦੀ ਪ੍ਰਾਪਤੀ ਹੁੰਦੀ ਹੈ। ਅੰਮ੍ਰਿਤ ਨਾਮ 'ਗੁਰ ਕਾ ਸਬਦੁ' ਹੈ ਜਿਸ ਦੀ ਕਮਾਈ ਕਰਨ ਨਾਲ ਹੀ ਮਨੁੱਖ ਨੂੰ ਜੀਵਨ ਮੁਕਤੀ ਪ੍ਰਾਪਤ ਹੁੰਦੀ ਹੈ। 'ਗੁਰ ਕਾ ਸਬਦੁ' ਦੀ ਕਮਾਈ ਕਰਨ ਨਾਲ ਹੀ ਪਰਮ ਪਦਵੀ ਦੀ ਪ੍ਰਾਪਤੀ ਹੁੰਦੀ ਹੈ। 'ਗੁਰ ਕਾ ਸਬਦੁ' ਦੀ ਕਮਾਈ ਕਰਨ ਨਾਲ ਹੀ ਪੂਰਨ ਬ੍ਰਹਮ ਗਿਆਨ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ।

ਤ੍ਰੈ ਗੁਣ (ਰਜ ਗੁਣ, ਤਮ ਗੁਣ ਅਤੇ ਸਤਿ ਗੁਣ) ਮਾਇਆ ਦੀ ਰਚਨਾ ਵੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪੂਰਨ ਹੁਕਮ ਵਿੱਚ ਹੋਈ ਹੈ। ਜੀਵ ਆਤਮਾ ਦੀ ਰਚਨਾ ਵੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪੂਰਨ ਹੁਕਮ ਵਿੱਚ ਹੋਈ ਹੈ। ਜੀਵ ਆਤਮਾ ਤੱਤ ਸਤਿ ਤੱਤ ਹੈ। ਇਹ ਉਹ ਇਲਾਹੀ ਜੋਤ ਹੈ ਜਿਸ ਦੀ ਪਰਮ ਸ਼ਕਤੀ ਦੇ ਨਾਲ ਮਨੁੱਖ ਹੋਂਦ ਵਿੱਚ ਪ੍ਰਗਟ ਹੁੰਦਾ ਹੈ। ਇਹ ਉਹ ਸਤਿ ਤੱਤ ਹੈ ਜਿਸ ਵਿੱਚ ਸਾਰੀਆਂ ਇਲਾਹੀ ਪਰਮ ਸ਼ਕਤੀਆਂ ਸਮਾਈਆਂ ਹੋਈਆਂ ਹਨ। ਇਸ ਲਈ ਮਾਇਆ ਦਾ ਖੇਲ ਜੋ ਸੰਸਾਰ ਵਿੱਚ ਵਾਪਰ ਰਿਹਾ ਹੈ ਉਹ ਵੀ ਸਾਰਾ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪੂਰਨ ਹੁਕਮ ਵਿੱਚ ਵਾਪਰ ਰਿਹਾ ਹੈ। ਮਨੁੱਖ ਦੀ ਰਚਨਾ ਕਰਦੇ ਹੋਏ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖ ਵਿੱਚ ਸਾਰੀਆਂ ਸਤੋ ਗੁਣੀ ਸ਼ਕਤੀਆਂ ਨੂੰ ਮਨੁੱਖ ਵਿੱਚ ਸਥਾਪਿਤ ਕਰ ਦਿੱਤਾ ਹੈ। ਇਹ ਪਰਮ ਸਤਿ ਹੈ ਕਿ: ਦਇਆ, ਧਰਮ, ਸੰਤੋਖ, ਸੰਜਮ, ਜਪ, ਤਪ, ਪੂਜਾ, ਨਿਮਰਤਾ, ਸ਼ਰਧਾ, ਪ੍ਰੀਤ, ਭਰੋਸਾ, ਦਾਨ, ਪੁੰਨ,

ਨਿਰਭੈਤਾ, ਨਿਰਵੈਰਤਾ, ਸਿਮਰਨ, ਬੰਦਗੀ, ਸੇਵਾ, ਜਤ, ਸਤਿ ਆਦਿ ਸਤਿ ਗੁਣਾਂ ਦੀ ਕਮਾਈ ਕਰਨ ਦੀਆਂ ਸਾਰੀਆਂ ਸ਼ਕਤੀਆਂ ਮਨੁੱਖ ਦੇ ਵਿੱਚ ਸਥਾਪਿਤ ਹਨ।

ਇਸ ਦੇ ਨਾਲ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ (ਰਜੋ: ਤ੍ਰਿਸ਼ਣਾ ਅਤੇ ਤਮੋ: ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੂੰ ਵੀ ਮਨੁੱਖ ਦੇ ਵਿੱਚ ਸਥਾਪਿਤ ਕਰ ਦਿੱਤਾ ਹੈ। ਭਾਵ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖ ਵਿੱਚ ਤ੍ਰਿਸ਼ਣਾ ਦੀ ਪ੍ਰਬਲ ਵਿਨਾਸ਼ਕਾਰੀ ਅਗਨ ਵੀ ਪ੍ਰਜ੍ਵਲਿਤ ਕਰ ਦਿੱਤੀ ਹੈ। ਤ੍ਰਿਸ਼ਣਾ ਦੀ ਵਿਨਾਸ਼ਕਾਰੀ ਅਗਨ ਨੂੰ ਬੁਝਾਉਣ ਵਾਸਤੇ ਮਨੁੱਖ ਦੇ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਪੰਜ ਚੰਡਾਲ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਵੀ ਸਥਾਪਿਤ ਕਰ ਦਿੱਤੇ ਹਨ। ਇਹ ਪੰਜੇ ਚੰਡਾਲਾਂ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਵੀ ਮਨੁੱਖ ਦੇ ਵਿੱਚ ਸਥਾਪਿਤ ਹਨ ਜੋ ਕਿ ਮਨੁੱਖ ਦੀ ਤ੍ਰਿਸ਼ਣਾ ਅਗਨ ਨੂੰ ਬੁਝਾਉਣ ਦੇ ਬਜਾਏ ਉਸ ਨੂੰ ਹੋਰ ਭਿਆਨਕ ਰੂਪ ਇਖਤਿਆਰ ਕਰਨ ਵਿੱਚ ਸਮਰੱਥ ਹਨ। ਇਸ ਲਈ ਇਹ ਪਰਮ ਸਤਿ ਹੈ ਕਿ ਮਨੁੱਖ ਵਿੱਚ ਸਤਿ ਤੱਤ ਦੇ ਰੂਪ ਵਿੱਚ ਸਾਰੀਆਂ ਪਰਮ ਸ਼ਕਤੀਆਂ ਵੀ ਸਥਾਪਿਤ ਹਨ ਅਤੇ ਇਸ ਦੇ ਨਾਲ ਹੀ ਸਾਰੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਵੀ ਸਥਾਪਿਤ ਹਨ।

ਇਹ ਮਨੁੱਖ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਮਾਰਗ ਉੱਪਰ ਚਲਣ ਦਾ ਯਤਨ ਕਰਦਾ ਹੈ। ਭਾਵ ਇਹ ਮਨੁੱਖ ਉੱਪਰ ਨਿਰਭਰ ਕਰਦਾ ਹੈ ਕਿ ਉਹ ਮਹਾ ਵਿਨਾਸ਼ਕਾਰੀ ਸ਼ਕਤੀਆਂ ਦਾ ਚਿੰਤਨ ਕਰਨ ਦਾ ਮਹਾ ਵਿਨਾਸ਼ਕਾਰੀ ਮਾਰਗ ਚੁਣਦਾ ਹੈ ਜਾਂ ਮਹਾ ਕਲਿਆਣਕਾਰੀ ਸਤੋ ਗੁਣੀ ਤੱਤਾਂ ਦੇ ਚਿੰਤਨ ਵਿੱਚ ਆਪਣਾ ਜੀਵਨ ਜਿਊਣ ਦਾ ਅਭਿਆਸ ਚੁਣਦਾ ਹੈ। ਇਹ ਪਰਮ ਸਤਿ ਹੈ ਕਿ ਮਨੁੱਖ ਦਾ ਮਨ ਜੈਸਾ ਚਿੰਤਨ ਕਰੇਗਾ ਉਸ ਦਾ ਚਿੱਤ ਉਸੇ ਤਰ੍ਹਾਂ ਦੇ ਰੰਗ ਵਿੱਚ ਰੰਗਿਆ ਜਾਏਗਾ। ਰਜੋ ਗੁਣੀ ਅਤੇ ਤਮੋ ਗੁਣੀ ਮਹਾ ਵਿਨਾਸ਼ਕਾਰੀ ਸ਼ਕਤੀਆਂ ਦੇ ਚਿੰਤਨ ਕਰਨ ਵਾਲੇ ਮਨੁੱਖ ਦਾ ਚਿੱਤ ਕਠੋਰ, ਕੁਗਿਆਨੀ, ਕੁਲੱਛਣੀ, ਕਾਮੀ, ਕ੍ਰੋਧੀ, ਲੋਭੀ, ਮੋਹੀ, ਅਹੰਕਾਰੀ, ਦੁਰਾਚਾਰੀ, ਭ੍ਰਿਸ਼ਟਾਚਾਰੀ, ਮਨਮੁਖੀ, ਦੁਰਮੁਖੀ, ਕੂੜ ਕਰਮੀ, ਅਪਰਾਧੀ, ਚੋਰ, ਜੁਆਰੀ ਆਦਿ ਅਤੇ ਹੋਰ ਸਾਰੇ ਕਿਸਮ ਦੇ ਵਿਕਾਰਾਂ ਅਤੇ ਮਾਨਸਿਕ ਰੋਗਾਂ ਨਾਲ ਗ੍ਰਸਤ ਹੋ ਜਾਏਗਾ। ਮਾਇਆ ਦੇ ਰਜੋ ਗੁਣੀ ਅਤੇ ਤਮੋ ਗੁਣੀ ਬਿਰਤੀ ਦਾ ਚਿੰਤਨ ਕਰਨ ਵਾਲਾ ਮਨੁੱਖ ਮਾਇਆ ਦੇ ਦਲਦਲ ਵਿੱਚ ਡੁੱਬਦਾ ਚਲਾ ਜਾਏਗਾ। ਜਿਸ ਮਨੁੱਖ ਦੀ ਤ੍ਰਿਸ਼ਣਾ ਨਹੀਂ ਬੁਝਦੀ ਹੈ ਅਤੇ ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਉਹ ਨਿਰੰਤਰ ਪੰਜ ਚੰਡਾਲਾਂ ਦੀ ਗ਼ੁਲਾਮੀ ਅਧੀਨ ਇਨ੍ਹਾਂ ਸਾਰੇ ਵਿਕਾਰਾਂ ਦਾ ਧਾਰਨੀ ਬਣਦਾ ਜਾਏਗਾ। ਇਸ ਲਈ ਜੋ ਮਨੁੱਖ ਤ੍ਰਿਸ਼ਣਾ ਦਾ ਚਿੰਤਨ ਕਰਦਾ ਰਹੇਗਾ ਉਹ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਅਗਨ ਵਿੱਚ ਝੁਲ਼ਸਦਾ ਹੋਇਆ ਦਮ ਤੋੜ ਦੇਵੇਗਾ ਅਤੇ ਆਪਣਾ ਮਨੁੱਖਾ ਜਨਮ ਗੁਆ ਲਵੇਗਾ। ਜੋ ਮਨੁੱਖ ਪੰਜ ਚੰਡਾਲਾਂ ਦਾ ਚਿੰਤਨ ਕਰਦਾ ਰਹੇਗਾ ਉਹ ਮਨੁੱਖ ਇਨ੍ਹਾਂ ਚੰਡਾਲਾਂ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਦੀ ਗ਼ੁਲਾਮੀ ਅਧੀਨ ਸਾਰੇ ਵਿਕਾਰਾਂ ਦਾ ਸ਼ਿਕਾਰ ਹੋ ਕੇ ਦਮ ਤੋੜ ਦੇਵੇਗਾ ਅਤੇ ਆਪਣਾ ਮਨੁੱਖਾ ਜਨਮ ਗੁਆ ਲਵੇਗਾ।

ਇਹ ਵੀ ਪਰਮ ਸਤਿ ਹੈ ਕਿ ਜੋ ਮਨੁੱਖ ਦਇਆ, ਧਰਮ, ਸੰਤੋਖ, ਸੰਜਮ, ਜਪ, ਤਪ, ਪੂਜਾ, ਨਿਮਰਤਾ, ਸ਼ਰਧਾ, ਪ੍ਰੀਤ, ਭਰੋਸਾ, ਦਾਨ, ਪੁੰਨ, ਨਿਰਭੈਤਾ, ਨਿਰਵੈਰਤਾ, ਸਿਮਰਨ, ਬੰਦਗੀ, ਸੇਵਾ, ਜਤ, ਸਤਿ ਆਦਿ ਸਤਿ ਗੁਣਾਂ ਦਾ ਚਿੰਤਨ ਕਰੇਗਾ ਉਸ ਮਨੁੱਖ ਦਾ ਮਨ ਚਿੱਤ ਸਤੋ ਬਿਰਤੀ ਵਿੱਚ ਰੱਤਿਆ ਜਾਏਗਾ। ਐਸਾ ਮਨੁੱਖ ਸਤੋ ਗੁਣੀ ਬਣ ਜਾਏਗਾ। ਐਸੇ

ਮਨੁੱਖ ਉੱਪਰ ਸਤੋ ਗੁਣੀ ਪਰਮ ਸ਼ਕਤੀ ਵਰਤ ਜਾਂਦੀ ਹੈ ਅਤੇ ਉਸ ਦੇ ਭਾਗ ਜਾਗ ਪੈਂਦੇ ਹਨ। ਜਿਸ ਦੇ ਫਲ਼ ਸਰੂਪ ਉਸ ਨੂੰ ਸਤਿਗੁਰੂ ਪੂਰੇ ਦੀ ਸੰਗਤ ਦੀ ਪ੍ਰਾਪਤੀ ਹੋ ਜਾਏਗੀ। ਸਤਿਗੁਰੂ ਪੂਰੇ ਦੇ ਸਨਮੁਖ ਹੋ ਜਾਏਗਾ। ਗੁਰਮੁਖ ਬਣਨ ਦੇ ਮਾਰਗ ਦੀ ਪ੍ਰਾਪਤੀ ਹੋ ਜਾਏਗੀ। ਸਤਿਗੁਰੂ ਪੂਰੇ ਦੀ ਸੇਵਾ ਕਰਨ ਨਾਲ "ਗੁਰ ਕਾ ਸਬਦੁ" ਦੀ ਪ੍ਰਾਪਤੀ ਹੋ ਜਾਏਗੀ। ਸਤਿਗੁਰੂ ਪੂਰੇ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਉਸ ਨੂੰ ਸਤਿਨਾਮ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਏਗੀ। ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਏਗੀ। ਸ਼ਬਦ ਸੁਰਤਿ ਦਾ ਸੁਮੇਲ ਹੋ ਜਏਗਾ। ਅਜਪਾ ਜਾਪ ਸ਼ੁਰੂ ਹੋ ਜਾਏਗਾ ਅਤੇ ਸਤਿਨਾਮ ਸ਼ਬਦ ਸੁਰਤਿ ਵਿੱਚ ਉੱਕਰਿਆ ਜਾਏਗਾ। ਸੁਹਾਗ ਦੀ ਪ੍ਰਾਪਤੀ ਹੋ ਜਾਏਗੀ। ਸਮਾਧੀ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਹੋ ਜਾਏਗੀ। ਸਮਾਧੀ ਅਭਿਆਸ ਕਰਦੇ-ਕਰਦੇ ਮਨ ਚਿੰਦਿਆ ਜਾਏਗਾ। ਰੋਮ-ਰੋਮ ਵਿੱਚ ਸਤਿਨਾਮ ਸਿਮਰਨ ਉੱਕਰਿਆ ਜਾਏਗਾ। ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਅੱਪੜ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੋ ਜਾਣਗੇ। ਮਨਮੁਖਤਾ ਦਾ ਨਾਸ਼ ਹੋ ਜਾਏਗਾ। ਗੁਰਮਤਿ ਦਾ ਧਾਰਨੀ ਬਣ ਜਾਏਗਾ। ਗੁਰਮੁਖ ਬਣ ਜਾਏਗਾ। ਹਿਰਦੇ ਵਿੱਚ ਪਰਮ ਜੋਤ ਪ੍ਰਗਟ ਹੋ ਜਾਏਗੀ। ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਏਗੀ। ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਏਗੀ। ਪਰਮ ਪਦਵੀ ਦੀ ਪ੍ਰਾਪਤੀ ਹੋ ਜਾਏਗੀ। ਪੂਰਨ ਅਵਸਥਾ, ਸਹਿਜ ਅਵਸਥਾ ਅਤੇ ਅਟੱਲ ਅਵਸਥਾ ਦੀ ਪ੍ਰਾਪਤੀ ਹੋ ਜਾਏਗੀ। ਜੀਵਨ ਮੁਕਤੀ ਦੀ ਪ੍ਰਾਪਤੀ ਹੋ ਜਾਏਗੀ।

ਇਸ ਲਈ ਸਾਰੀ ਲੁਕਾਈ ਦੇ ਚਰਨਾਂ 'ਤੇ ਸਨਿਮਰ ਬੇਨਤੀ ਹੈ ਕਿ ਮਾਇਆ (ਰਜੋ ਅਤੇ ਤਮੋ) ਦੇ ਵਿਨਾਸ਼ਕਾਰੀ ਖੇਲ ਨੂੰ ਸਮਝੋ ਅਤੇ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦਾ ਚਿੰਤਨ ਕਰਨਾ ਬੰਦ ਕਰੋ। ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦੀ ਗ਼ੁਲਾਮੀ ਵਿੱਚੋਂ ਨਿਕਲਣ ਦਾ ਯਤਨ ਕਰੋ। ਮਾਇਆ ਦੀਆਂ ਵਿਕਾਰੀ ਸ਼ਕਤੀਆਂ ਦੇ ਪ੍ਰਯੋਗ ਦਾ ਤਿਆਗ ਕਰੋ। ਸਤੋ ਗੁਣੀ ਰੂਹਾਨੀਅਤ ਦੇ ਖੇਲ ਨੂੰ ਸਮਝੋ ਅਤੇ ਸਤੋ ਗੁਣਾਂ ਦੇ ਧਾਰਨੀ ਬਣੋ। ਸਤੋ ਗੁਣਾਂ ਦਾ ਚਿੰਤਨ ਕਰਨ ਦਾ ਅਭਿਆਸ ਕਰੋ। ਸਤੋ ਬਿਰਤੀ ਦੇ ਧਾਰਨੀ ਬਣਨ ਨਾਲ ਸਾਰੇ ਦੁੱਖਾਂ, ਕਲੇਸ਼ਾਂ, ਵਿਕਾਰਾਂ, ਮਾਨਸਿਕ ਰੋਗਾਂ ਆਦਿ ਵਿੱਚੋਂ ਨਿਕਲਣ ਦਾ ਮਾਰਗ ਖੁੱਲ੍ਹ ਜਾਏਗਾ। ਸਦਾ ਸੁੱਖ ਦੀ ਪ੍ਰਾਪਤੀ ਦਾ ਮਾਰਗ ਖੁੱਲ੍ਹ ਜਾਏਗਾ। ਜੀਵਨ ਮੁਕਤੀ ਦਾ ਮਾਰਗ ਖੁੱਲ੍ਹ ਜਾਏਗਾ।

■

ਅਨੰਦੁ ਸਾਹਿਬ-ਪਉੜੀ ੨੭

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ॥
ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥
ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ ॥
ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ ਹਰਿ ਲਿਵ ਲਾਗੈ
ਜਾਗਤ ਰੈਣਿ ਵਿਹਾਣੀ ॥੨੭॥

(ਪੰਨਾ ੯੨੦)

ਸ਼ਾਸਤਰ, ਸਿਮ੍ਰਿਤੀਆਂ, ਵੇਦ, ਪੁਰਾਣ ਅਤੇ ਉਪਨਿਸ਼ਦਾਂ ਦੇ ਨਾਵਾਂ ਨਾਲ ਜਾਣੇ ਜਾਣ ਵਾਲੇ, ਪੁਰਾਤਨ ਰਿਸ਼ੀਆਂ ਅਤੇ ਮੁਨੀਆਂ ਦੁਆਰਾ ਰਚਿਤ, ਧਰਤੀ 'ਤੇ ਬਹੁਤ ਸਾਰੇ ਧਾਰਮਿਕ ਗ੍ਰੰਥ ਉਪਲਬਧ ਹਨ। (੬ ਸ਼ਾਸਤਰ: ਅਰਥ ਸ਼ਾਸਤਰ; ਭੌਤਿਕ ਸ਼ਾਸਤਰ: ਜੀਵਾ ਸ਼ਾਸਤਰ; ਨਾਗਾ (ਯੋਗ) ਸ਼ਾਸਤਰ; ਰਸਾਇਣ ਸ਼ਾਸਤਰ; ਨੀਤੀ ਸ਼ਾਸਤਰ; ਸ਼ਿਲਪ ਸ਼ਾਸਤਰ; ਵਾਸਤੂ ਸ਼ਾਸਤਰ, ੩ ਸਿਮਰਤੀਆਂ: ਭਗਵਤ ਗੀਤਾ; ਰਾਮਾਇਣ; ਮਹਾਭਾਰਤ, ੪ ਵੇਦ: ਸਾਮ ਵੇਦ; ਯਜੁਰ ਵੇਦ; ਰਿਗ ਵੇਦ; ਅਥਰਵ ਵੇਦ, ੧੮ ਪੁਰਾਣ: ਬ੍ਰਹਮਾ ਪੁਰਾਣ; ਪਦਮ ਪੁਰਾਣ; ਵਿਸ਼ਨੂ ਪੁਰਾਣ; ਸ਼ਿਵ ਪੁਰਾਣ: ਭਗਵਤ ਪੁਰਾਣ; ਪੁਰਾਣ ਪੁਰਾਣ; ਨਾਰਾਇਣ ਪੁਰਾਣ; ਮਾਰਕੰਡਾ ਪੁਰਾਣ; ਅਗਨੀ ਪੁਰਾਣ; ਭਵਿਸ਼ਯ ਪੁਰਾਣ; ਬ੍ਰਹਮਾ ਵੇਵਰਤਾ ਪੁਰਾਣ; ਲਿੰਗ ਪੁਰਾਣ; ਵਰਾਹ ਪੁਰਾਣ; ਸਿਕੰਦ ਪੁਰਾਣ; ਵਾਮਨ ਪੁਰਾਣ; ਕੂਰਮ ਪੁਰਾਣ; ਮਤੱਸਿਆ ਪੁਰਾਣ; ਗਰੁੜ ਪੁਰਾਣ; ਬ੍ਰਹਿਮੰਦ ਪੁਰਾਣ, ਅਤੇ ੧੮ ਉਪਨਿਸ਼ਦ: ਬ੍ਰਿਹਦਾਰਨਯਕ ਉਪਨਿਸ਼ਦ; ਛਾਂਦੋਗਯ ਉਪਨਿਸ਼ਦ; ਏਤਰੇਯ ਉਪਨਿਸ਼ਦ; ਤੈੱਤਿਰੀਯ ਉਪਨਿਸ਼ਦ; ਈਸ਼ ਉਪਨਿਸ਼ਦ; ਕੇਨ ਉਪਨਿਸ਼ਦ; ਕਠ ਉਪਨਿਸ਼ਦ; ਪ੍ਰਸ਼ਨ ਉਪਨਿਸ਼ਦ; ਮੁੰਡਕ ਉਪਨਿਸ਼ਦ; ਮਾਂਡੂਕਯ ਉਪਨਿਸ਼ਦ; ਸ਼ੂਵੇਤਾਸ਼ੂਤਰ ਉਪਨਿਸ਼ਦ; ਕੌਸ਼ੀਤਕਿ ਬ੍ਰਹਮਾ ਉਪਨਿਸ਼ਦ; ਮੈਤ੍ਰਾਯਣੀ ਉਪਨਿਸ਼ਦ; ਸੁਬਾਲਾ ਉਪਨਿਸ਼ਦ; ਜਬਾਲਾ ਉਪਨਿਸ਼ਦ; ਪੈਂਗਾਲਾ ਉਪਨਿਸ਼ਦ; ਕੈਵਾਲਾ ਉਪਨਿਸ਼ਦ; ਵਜਰਾਸੁਸਿਕਾ ਉਪਨਿਸ਼ਦ) ਇਹ ਸਭ ਧਾਰਮਿਕ ਗ੍ਰੰਥ ਹਿੰਦੂ ਧਰਮ ਦਾ ਹਿੱਸਾ ਕਰ ਕੇ ਜਾਣੇ ਜਾਂਦੇ ਹਨ। ਇਹ ਸਾਰੀਆਂ ਧਾਰਮਿਕ ਪੁਸਤਕਾਂ ਮਨੁੱਖੀ ਜੀਵਨ ਨੂੰ ਜਿਊਣ ਦੀ ਕਲਾ ਦਾ ਗਿਆਨ ਦਿੰਦੀਆਂ ਹਨ। ਇਹ ਮਨੁੱਖ ਦੇ ਜੀਵਨ ਨੂੰ ਸੁੰਦਰ ਅਤੇ ਸੁਖਾਲ਼ਾ ਬਣਾਉਣ ਦੀਆਂ ਵਿਧੀਆਂ, ਮੰਤਰਾਂ ਅਤੇ ਵਿਦਿਆ ਦੇ ਨਾਲ ਭਰਪੂਰ ਹਨ। ਇਹ ਸਾਰੇ ਧਰਮ ਗ੍ਰੰਥ ਮਨੁੱਖ ਦੇ ਜੀਵਨ ਨੂੰ ਸੁਖਾਲ਼ਾ ਬਣਾਉਣ ਅਤੇ ਇੱਕ ਉੱਚੀ ਅਤੇ ਸੁੱਚੀ ਜ਼ਿੰਦਗੀ ਜਿਊਣ ਵਿੱਚ ਸਹਾਇਕ ਸਿੱਧ ਹੁੰਦੇ ਹਨ। ਇਹ ਧਾਰਮਿਕ ਗ੍ਰੰਥ ਪੁਰਾਤਨ ਸਮੇਂ ਵਿੱਚ ਹੋਏ ਰਿਸ਼ੀਆਂ ਅਤੇ ਮੁਨੀਆਂ ਦੀਆਂ ਜੀਵਨ ਕਹਾਣੀਆਂ ਵੀ ਦੱਸਦੀਆਂ ਹਨ।

ਇਹ ਧਾਰਮਿਕ ਪੁਸਤਕਾਂ ਇਹ ਵੀ ਬਿਆਨ ਕਰਦੀਆਂ ਹਨ ਕਿ ਪੁਰਾਤਨ ਸਮੇਂ ਅੰਦਰ ਰਿਸ਼ੀਆਂ ਅਤੇ ਮੁਨੀਆਂ ਦੀ ਰੋਜ਼ਾਨਾ ਜ਼ਿੰਦਗੀ ਕਿਵੇਂ ਹੁੰਦੀ ਸੀ ਅਤੇ ਉਨ੍ਹਾਂ ਦੀਆਂ ਵਿਦਿਅਕ ਅਤੇ ਧਾਰਮਿਕ ਪ੍ਰਾਪਤੀਆਂ ਕੀ ਸਨ। ਪੁਰਾਤਨ ਸਮੇਂ ਵਿੱਚ ਰਿਸ਼ੀਆਂ-ਮੁਨੀਆਂ ਦੁਆਰਾ ਚਲਾਏ ਜਾਣ ਵਾਲੇ ਗੁਰੂਕੁਲਾਂ ਵਿੱਚ ਇਨ੍ਹਾਂ ਧਰਮ ਗ੍ਰੰਥਾਂ ਵਿੱਚ ਦਰਸਾਏ ਗਏ ਗਿਆਨ ਦੇ ਆਧਾਰ 'ਤੇ ਹੀ ਵਿਦਿਆਰਥੀਆਂ ਨੂੰ ਸਿੱਖਿਆ-ਦੀਖਿਆ ਦਿੱਤੀ ਜਾਂਦੀ ਸੀ। ਇਨ੍ਹਾਂ ਗੁਰੂਕੁਲਾਂ ਵਿੱਚ ਸਿੱਖਿਆ ਪ੍ਰਾਪਤ ਕਰ ਕੇ ਵਿਦਿਆਰਥੀ ਆਪਣਾ ਜੀਵਨ ਸੁਚੱਜੇ ਢੰਗ ਨਾਲ ਜਿਊਣ ਵਿੱਚ ਪਰਪੱਕ ਹੋ ਜਾਂਦੇ ਸਨ। ਇਹ ਧਰਮ ਗ੍ਰੰਥ ਮਨੁੱਖ ਦੇ ਧਰਮ-ਕਰਮਾਂ ਅਤੇ ਸੰਸਾਰਿਕ ਕਰਮਾਂ ਦਾ ਗਿਆਨ ਅਤੇ ਬਿਓਰਾ ਦਿੰਦੇ ਹਨ। ਇਨ੍ਹਾਂ ਧਰਮ ਗ੍ਰੰਥਾਂ ਵਿੱਚ ਪਾਪ ਕਰਮ ਅਤੇ ਪੁੰਨ ਕਰਮਾਂ ਦਾ ਗਿਆਨ ਅਤੇ ਬਿਓਰਾ ਦਿੱਤਾ ਗਿਆ ਹੈ। ਪਾਪ ਅਤੇ ਪੁੰਨ ਕਰਮਾਂ ਦੇ ਵਿੱਚ ਫਰਕ ਦੱਸਿਆ ਗਿਆ ਹੈ। ਪਾਪ ਕਰਮ ਕਰਨ ਦੇ ਕੀ ਵਿਨਾਸ਼ਕਾਰੀ ਨਤੀਜੇ ਨਿਕਲਦੇ ਹਨ ਅਤੇ ਪੁੰਨ ਕਰਮਾਂ ਦੇ ਨਾਲ ਮਨੁੱਖ ਦਾ ਜੀਵਨ ਕਿਵੇਂ ਸੁਖੀ ਹੁੰਦਾ ਹੈ, ਇਨ੍ਹਾਂ ਸੱਚਾਈਆਂ ਨੂੰ ਦਰਸਾਇਆ ਗਿਆ ਹੈ। ਪਾਪ ਕਰਮਾਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ ਅਤੇ ਪੁੰਨ ਕਰਮਾਂ ਨੂੰ ਕਿਵੇਂ ਕੀਤਾ ਜਾਂਦਾ ਹੈ, ਇਨ੍ਹਾਂ ਦਾ ਗਿਆਨ ਅਤੇ ਬਿਓਰਾ ਦਰਸਾਇਆ ਗਿਆ ਹੈ। ਇਨ੍ਹਾਂ ਧਰਮ ਗ੍ਰੰਥਾਂ ਵਿੱਚ ਯੋਗ ਸਾਧਨਾ ਅਤੇ ਹੋਰ ਹਠ ਯੋਗ ਸਾਧਨਾ ਆਦਿ ਦੇ ਮਾਰਗ ਦਰਸਾਏ ਗਏ ਹਨ। ਯੋਗ ਸਾਧਨਾ ਦੇ ਤੱਪ ਕਰਨ ਨਾਲ ਰਿੱਧੀਆਂ-ਸਿੱਧੀਆਂ ਦੀਆਂ ਸ਼ਕਤੀਆਂ ਤਾਂ ਪ੍ਰਾਪਤ ਹੋ ਜਾਂਦੀਆਂ ਹਨ ਪਰੰਤੂ ਜੀਵਨ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਇਸ ਪਰਮ ਸਤਿ ਤੱਤ ਨੂੰ ਸਤਿਗੁਰੂ ਸਾਹਿਬ ਨੇ ਸਿੱਧ ਗੋਸ਼ਟ ਗੁਰਬਾਣੀ ਵਿੱਚ ਪ੍ਰਤੱਖ ਪ੍ਰਗਟ ਕੀਤਾ ਹੈ। ਸਿੱਧਾਂ ਨੇ ਯੋਗ ਸਾਧਨਾ ਦੇ ਤੱਪ ਨਾਲ ਰਿੱਧੀਆਂ-ਸਿੱਧੀਆਂ ਪ੍ਰਾਪਤ ਕਰ ਕੇ ਆਪਣੀਆਂ ਉਮਰਾਂ ਤਾਂ ਲੰਬੀਆਂ ਕਰ ਲਈਆਂ ਸਨ ਪਰੰਤੂ ਜੀਵਨ ਮੁਕਤੀ ਦਾ ਗਿਆਨ ਉਨ੍ਹਾਂ ਨੂੰ ਪ੍ਰਾਪਤ ਨਹੀਂ ਸੀ ਹੋ ਸਕਿਆ। ਸਿੱਧ ਉਦੋਂ ਤੱਕ ਰਿੱਧੀਆਂ-ਸਿੱਧੀਆਂ ਵਿੱਚ ਹੀ ਉਲਝ ਕੇ ਰਹਿ ਗਏ ਸੀ ਅਤੇ ਆਪਣੇ ਆਪ ਨੂੰ ਸ੍ਰੇਸ਼ਠ ਸਮਝੀ ਬੈਠੇ ਸਨ, ਜਦੋਂ ਤੱਕ ਧੰਨ ਧੰਨ ਸਤਿਗੁਰੂ ਨਾਨਕ ਪਾਤਸ਼ਾਹ ਨੇ ਉਨ੍ਹਾਂ ਦੇ ਇਨ੍ਹਾਂ ਭਰਮਾਂ ਦਾ ਖੰਡਨ ਨਹੀਂ ਕੀਤਾ ਅਤੇ ਉਨ੍ਹਾਂ ਨੂੰ ਪੂਰਨ ਸਤਿ ਤੱਤ ਦਾ ਪੂਰਨ ਬ੍ਰਹਮ ਗਿਆਨ ਦੇ ਕੇ ਉਨ੍ਹਾਂ ਉੱਪਰ ਗੁਰਪ੍ਰਸਾਦਿ ਦੀ ਬਖ਼ਸ਼ੀਸ਼ ਨਹੀਂ ਕੀਤੀ ਅਤੇ ਜੀਵਨ ਮੁਕਤੀ ਦਾ ਦਾਨ ਨਹੀਂ ਦਿੱਤਾ। ਠੀਕ ਇਸੇ ਤਰ੍ਹਾਂ ਇਨ੍ਹਾਂ ਧਰਮ ਗ੍ਰੰਥਾਂ ਦੇ ਰਚਣਹਾਰ ਜੋ ਸਨ ਉਨ੍ਹਾਂ ਨੇ ਰਿੱਧੀਆਂ-ਸਿੱਧੀਆਂ ਦੀਆਂ ਸ਼ਕਤੀਆਂ ਤਾਂ ਪ੍ਰਾਪਤ ਕਰ ਲਈਆਂ ਸਨ ਪਰੰਤੂ ਉਹ ਜੀਵਨ ਮੁਕਤ ਨਹੀਂ ਹੋ ਸਕੇ ਸਨ। ਠੀਕ ਇਸੇ ਤਰ੍ਹਾਂ ਨਾਲ ਇਨ੍ਹਾਂ ਧਰਮ ਗ੍ਰੰਥਾਂ ਦੇ ਆਧਾਰ 'ਤੇ ਯੋਗ ਸਾਧਨਾ ਕਰਨ ਵਾਲੇ ਸਾਰੇ ਰਿਸ਼ੀਆਂ-ਮੁਨੀਆਂ ਆਦਿ ਨੇ ਰਿੱਧੀਆਂ-ਸਿੱਧੀਆਂ ਤਾਂ ਪ੍ਰਾਪਤ ਕਰ ਲਈਆਂ ਹੋਣਗੀਆਂ ਪਰੰਤੂ ਜੀਵਨ ਮੁਕਤੀ ਦਾ ਗਿਆਨ ਉਨ੍ਹਾਂ ਨੂੰ ਪ੍ਰਾਪਤ ਨਹੀਂ ਸੀ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਦਾ ਮਾਰਗ ਇਨ੍ਹਾਂ ਧਾਰਮਿਕ ਗ੍ਰੰਥਾਂ ਵਿੱਚ ਪ੍ਰਗਟ ਨਹੀਂ ਕੀਤਾ ਗਿਆ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪੂਰਨ ਬੰਦਗੀ ਕੇਵਲ ਇਨ੍ਹਾਂ ਧਾਰਮਿਕ ਗ੍ਰੰਥਾਂ ਵਿੱਚ ਦਰਸਾਏ ਗਏ ਗਿਆਨ ਨੂੰ ਕਰਨੀ ਵਿੱਚ ਲੈ ਆਉਣ ਨਾਲ ਨਹੀਂ ਹੋ ਸਕਦੀ ਹੈ। ਸਤਿਗੁਰੂ ਪਾਤਸ਼ਾਹ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਵਿੱਚ ਇਸ ਪਰਮ ਸਤਿ ਤੱਤ ਨੂੰ ਪ੍ਰਗਟ ਕੀਤਾ ਹੈ ਕਿ ਇਨ੍ਹਾਂ ਸਾਰਿਆਂ ਧਰਮ ਗ੍ਰੰਥਾਂ ਨੂੰ ਖੋਜਣ ਅਤੇ ਵਿਚਾਰਨ 'ਤੇ ਕੇਵਲ ਇਹ ਹੀ ਸਤਿ ਪ੍ਰਗਟ ਹੋਇਆ ਹੈ ਕਿ ਇਨ੍ਹਾਂ ਧਾਰਮਿਕ ਗ੍ਰੰਥਾਂ ਨੂੰ ਪੜ੍ਹਨ, ਜਾਣਨ ਅਤੇ ਸਮਝਣ ਨਾਲ ਗੁਰ ਪ੍ਰਸਾਦਿ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੈ:

ਸਲੋਕੁ ॥ ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੬੫)

ਇਨ੍ਹਾਂ ਧਰਮ ਗ੍ਰੰਥਾਂ ਦਾ ਅਧਿਐਨ ਕਰਨ ਨਾਲ ਗੁਰਪ੍ਰਸਾਦਿ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਕਿਉਂਕਿ ਇਨ੍ਹਾਂ ਧਰਮ ਗ੍ਰੰਥਾਂ ਵਿੱਚ ਪੂਰਨ ਸਤਿ ਤੱਤ ਨੂੰ ਪ੍ਰਗਟ ਨਹੀਂ ਕੀਤਾ ਗਿਆ ਹੈ। ਇਨ੍ਹਾਂ ਧਰਮ ਗ੍ਰੰਥਾਂ ਵਿੱਚ ਗੁਰਪ੍ਰਸਾਦਿ ਦੇ ਪਰਮ ਤੱਤ ਦੀ ਮਹਿਮਾ ਨੂੰ ਪ੍ਰਗਟ ਨਹੀਂ ਕੀਤਾ ਗਿਆ ਹੈ। ਇਨ੍ਹਾਂ ਧਰਮ ਗ੍ਰੰਥਾਂ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਨੂੰ ਪੂਰਨ ਸਤਿ ਤੱਤ ਰੂਪ ਵਿੱਚ ਪ੍ਰਗਟ ਨਹੀਂ ਕੀਤਾ ਗਿਆ ਹੈ। ਇਨ੍ਹਾਂ ਧਰਮ ਗ੍ਰੰਥਾਂ ਵਿੱਚ ਪਰਮ ਸਤਿ ਤੱਤ ਨੂੰ ਪ੍ਰਗਟ ਨਹੀਂ ਕੀਤਾ ਗਿਆ ਹੈ। ਇਨ੍ਹਾਂ ਧਰਮ ਗ੍ਰੰਥਾਂ ਵਿੱਚ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਮਹਿਮਾ ਨੂੰ ਪ੍ਰਗਟ ਨਹੀਂ ਕੀਤਾ ਗਿਆ ਹੈ। ਇਨ੍ਹਾਂ ਧਰਮ ਗ੍ਰੰਥਾਂ ਵਿੱਚ ਤ੍ਰੈ ਗੁਣ ਮਾਇਆ ਨੂੰ ਜਿੱਤਣ ਬਾਰੇ ਤੱਤ ਗਿਆਨ ਨੂੰ ਪ੍ਰਗਟ ਨਹੀਂ ਕੀਤਾ ਗਿਆ ਹੈ। ਇਨ੍ਹਾਂ ਧਰਮ ਗ੍ਰੰਥਾਂ ਵਿੱਚ ਪੂਰਨ ਬ੍ਰਹਮ ਗਿਆਨੀ, ਪੂਰਨ ਸੰਤ, ਪੂਰਨ ਸਤਿਗੁਰੂ ਦੇ ਪਰਮ ਸਤਿ ਤੱਤਾਂ ਨੂੰ ਪ੍ਰਗਟ ਨਹੀਂ ਕੀਤਾ ਗਿਆ ਹੈ। ਇਨ੍ਹਾਂ ਧਰਮ ਗ੍ਰੰਥਾਂ ਵਿੱਚ 'ਸਤਿ' ਨਾਮ ਦੇ ਗੁਰਪ੍ਰਸਾਦੀ ਤੱਤ ਦੀ ਮਹਿਮਾ ਨੂੰ ਪ੍ਰਗਟ ਨਹੀਂ ਕੀਤਾ ਗਿਆ ਹੈ। ਇਨ੍ਹਾਂ ਧਰਮ ਗ੍ਰੰਥਾਂ ਵਿੱਚ ਜੀਵਨ ਮੁਕਤੀ ਪ੍ਰਾਪਤ ਕਰਨ ਦਾ ਗਿਆਨ ਵੀ ਪ੍ਰਗਟ ਨਹੀਂ ਕੀਤਾ ਗਿਆ ਹੈ। ਇਨ੍ਹਾਂ ਧਰਮ ਗ੍ਰੰਥਾਂ ਦੀ ਰਚਨਾ ਕਿਸੇ ਪੂਰਨ ਬ੍ਰਹਮ ਗਿਆਨੀ ਜਾਂ ਕਿਸੇ ਪੂਰਨ ਸਤਿਗੁਰੂ ਅਵਤਾਰ ਨੇ ਨਹੀਂ ਕੀਤੀ ਹੈ। ਇਸ ਲਈ ਇਨ੍ਹਾਂ ਧਰਮ ਗ੍ਰੰਥਾਂ ਵਿੱਚ ਪੂਰਨ ਬ੍ਰਹਮ ਗਿਆਨ ਨੂੰ ਪ੍ਰਗਟ ਨਹੀਂ ਕੀਤਾ ਗਿਆ ਹੈ। ਇਨ੍ਹਾਂ ਧਰਮ ਗ੍ਰੰਥਾਂ ਦੀ ਰਚਨਾ ਕਰਨ ਵਾਲਿਆਂ ਨੂੰ ਪੂਰਨ ਬ੍ਰਹਮ ਗਿਆਨ ਪ੍ਰਾਪਤ ਨਹੀਂ ਸੀ। ਇਨ੍ਹਾਂ ਧਰਮ ਗ੍ਰੰਥਾਂ ਦੀ ਰਚਨਾ ਕਰਨ ਵਾਲੇ ਜੀਵਨ ਮੁਕਤ ਨਹੀਂ ਸਨ। (ਹਿੰਦੂ ਮਤ ਅਨੁਸਾਰ ਵੇਦਾਂ ਦੀ ਰਚਨਾ ਬ੍ਰਹਮਾ ਦੇਵਤਾ ਨੇ ਕੀਤੀ ਹੈ। ਪੁਰਾਣਾਂ ਦੀ ਰਚਨਾ ਮਹਾਰਿਸ਼ੀ ਵਿਆਸ ਜੀ ਨੇ ਕੀਤੀ ਹੈ। ਗੀਤਾ ਦਾ ਉਪਦੇਸ਼ ਸ੍ਰੀ ਕ੍ਰਿਸ਼ਨ ਜੀ ਨੇ ਦਿੱਤਾ ਹੈ। ਗੀਤਾ ਨੂੰ ਲਿਖਤ ਰੂਪ ਮਹਾਰਿਸ਼ੀ ਵਿਆਸ ਜੀ ਨੇ ਦਿੱਤਾ ਹੈ। ਮਹਾਭਾਰਤ ਨੂੰ ਲਿਖਤ ਰੂਪ ਵੀ ਮਹਾਰਿਸ਼ੀ ਵਿਆਸ ਜੀ ਨੇ ਦਿੱਤਾ ਹੈ। ਰਾਮਾਇਣ ਨੂੰ ਲਿਖਤ ਰੂਪ ਮਹਾਰਿਸ਼ੀ ਬਾਲਮੀਕਿ ਜੀ ਨੇ ਦਿੱਤਾ ਹੈ। ਬਾਕੀ ਧਰਮ ਸ਼ਾਸਤਰਾਂ ਨੂੰ ਵੀ ਲਿਖਤ ਰੂਪ ਰਿਸ਼ੀਆਂ-ਮੁਨੀਆਂ ਨੇ ਦਿੱਤਾ ਹੈ।) ਇਨ੍ਹਾਂ ਧਰਮ ਗ੍ਰੰਥਾਂ ਦੇ ਅਨੁਸਾਰ ਬੰਦਗੀ ਕਰਨ ਵਾਲਿਆਂ ਨੂੰ ਚੌਥੇ ਖੰਡ (ਕਰਮ ਖੰਡ) ਤੱਕ ਦੀ ਪ੍ਰਾਪਤੀ ਹੋ ਸਕਦੀ ਹੈ ਪਰੰਤੂ ਪੰਜਵੇਂ ਖੰਡ (ਸੱਚ ਖੰਡ) ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਜਿਸ ਦੇ ਫ਼ਲ਼ ਸਰੂਪ ਯੋਗ ਸਾਧਨਾ ਦੇ ਨਾਲ ਰਿੱਧੀਆਂ-ਸਿੱਧੀਆਂ ਅਤੇ ਸਵਰਗ ਦੇ ਰਾਜ ਦੀ ਤਾਂ ਪ੍ਰਾਪਤੀ ਹੋ ਸਕਦੀ ਹੈ, ਪਰੰਤੂ ਜੀਵਨ ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਰਿੱਧੀਆਂ-ਸਿੱਧੀਆਂ ਮਾਇਆ ਦਾ ਹੀ ਰੂਪ ਹਨ। ਯੋਗ ਸਾਧਨਾ ਦੇ ਨਾਲ ਦੇਵੀਆਂ-ਦੇਵਤਿਆਂ ਦੀਆਂ ਸ਼ਕਤੀਆਂ, ਅਵਸਥਾ ਅਤੇ ਸਵਰਗ ਤਾਂ ਪ੍ਰਾਪਤ ਹੋ ਸਕਦਾ ਹੈ ਪਰੰਤੂ ਪਰਮ ਪਦਵੀ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਇਹ ਪਰਮ ਸਤਿ ਹੈ ਕਿ ਯੋਗ ਸਾਧਨਾ ਦੇ ਨਾਲ ਪਰਮ ਤੱਤ, ਸਤਿ ਤੱਤ, ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦਤਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਗੁਰਬਾਣੀ ਵਿੱਚ ਇਸ ਪਰਮ ਸਤਿ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ:

ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥ ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੮੫)

ਪਉੜੀ ॥
ਸਿਮ੍ਰਿਤਿ ਸਾਸਤ੍ਰ ਸੋਧਿ ਸਭਿ ਕਿਨੈ ਕੀਮ ਨ ਜਾਣੀ ॥
ਜੋ ਜਨੁ ਭੇਟੈ ਸਾਧਸੰਗਿ ਸੋ ਹਰਿ ਰੰਗੁ ਮਾਣੀ ॥
ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ ॥
ਮਸਤਕਿ ਹੋਵੈ ਲਿਖਿਆ ਹਰਿ ਸਿਮਰਿ ਪਰਾਣੀ ॥
ਤੋਸਾ ਦਿਚੈ ਸਚੁ ਨਾਮੁ ਨਾਨਕ ਮਿਹਮਾਣੀ ॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧੯)

ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੮੧)

ਇਹ ਪਰਮ ਸਤਿ ਹੈ ਕਿ ਸ੍ਰਿਸ਼ਟੀ ਦੀ ਹਰ ਇੱਕ ਰਚਨਾ ਦੀ ਉਤਪਤੀ 'ਸਤਿ' ਤੱਤ ਵਿੱਚੋਂ ਹੀ ਹੁੰਦੀ ਹੈ। ਇਨ੍ਹਾਂ ਧਰਮ ਗ੍ਰੰਥਾਂ ਦਾ ਅਸਲ ਆਧਾਰ 'ਸਤਿ' ਨਾਮ ਹੀ ਹੈ: **"ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥"** ਬੰਦਗੀ ਕੇਵਲ ਗੁਰਪ੍ਰਸਾਦਿ ਪ੍ਰਾਪਤ ਕਰਨ ਨਾਲ ਹੁੰਦੀ ਹੈ। ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੀ ਬੰਦਗੀ ਹੈ ਜਿਹੜੀ ਕਿ ਕੇਵਲ ਇਨ੍ਹਾਂ ਧਾਰਮਿਕ ਗ੍ਰੰਥਾਂ ਜਾਂ ਗੁਰਬਾਣੀ ਪੜ੍ਹਨ ਨਾਲ ਹੀ ਨਹੀਂ ਹੁੰਦੀ। ਬੰਦਗੀ ਇਨ੍ਹਾਂ ਧਰਮ ਗ੍ਰੰਥਾਂ ਜਾਂ ਗੁਰਬਾਣੀ ਅਨੁਸਾਰ ਦੱਸੇ ਗਏ ਰਸਤੇ ਦੀ ਪਾਲਣਾ ਕਰਨ ਨਾਲ ਹੁੰਦੀ ਹੈ। ਜੇਕਰ 'ਸਤਿ' ਨਾਮ ਆਧਾਰ ਹੈ ਤਾਂ ਕੇਵਲ 'ਸਤਿ' ਨਾਮ ਦੇ ਗੁਰਪ੍ਰਸਾਦਿ ਨਾਲ ਹੀ ਪੂਰਨ ਬ੍ਰਹਮ ਗਿਆਨ ਅਤੇ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਇਸ ਲਈ 'ਸਤਿ' ਨਾਮ ਆਧਾਰ ਵਿੱਚ ਲੀਨ ਹੋਣ ਲਈ 'ਸਤਿ' ਨਾਮ ਆਧਾਰ ਦੀ ਪ੍ਰਾਪਤੀ ਦਰਗਾਹੀ ਵਿਧਾਨ ਹੈ ਜੋ ਕਿ ਅਟੱਲ ਦਰਗਾਹੀ ਹੁਕਮ ਹੈ। ਅਕਾਲ ਪੁਰਖ ਦੇ ਨਿਰਗੁਣ ਸਰੂਪ, ਜੋ ਕਿ ਆਧਾਰ ਹੈ, ਅਸੀਮ ਹੈ, ਅਕਾਲ ਪੁਰਖ ਦਾ ਗੁਰਪ੍ਰਸਾਦੀ 'ਸਤਿ' ਨਾਮ ਜੋ ਕਿ ਆਧਾਰ ਹੈ, ਮਾਨਸਰੋਵਰ ਗੁਰਸਾਗਰ ਜੋ ਕਿ ਆਧਾਰ ਹੈ, ਜਿਥੋਂ ਉਤਪਤੀ ਹੋਈ ਹੈ। ਉਹ ਹੀ ਆਧਾਰ ਹੈ ਅਤੇ ਉਸੇ ਹੀ ਆਧਾਰ ਵਿੱਚ ਲੀਨ ਹੋਣ ਲਈ, ਆਧਾਰ ਦੀ ਪ੍ਰਾਪਤੀ ਕੇਵਲ ਆਧਾਰ ਦੁਆਰਾ ਹੀ ਕੀਤੀ ਜਾ ਸਕਦੀ ਹੈ ਅਤੇ ਇਹ ਅਮੁੱਲਾ ਹੀਰਾ ਸਤਿਨਾਮ ਹੈ। 'ਸਤਿ' ਨਾਮ ਦਾ ਗੁਰ ਪ੍ਰਸਾਦਿ, ਜੋ ਕਿ ਧੰਨ ਧੰਨ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਮੂਲ ਮੰਤਰ ਵਿੱਚ ਸਪਸ਼ਟ ਰੂਪ ਵਿੱਚ ਦਰਗਾਹੀ ਹੁਕਮ ਦੇ ਰੂਪ ਵਿੱਚ ਪ੍ਰਗਟ ਕੀਤਾ ਹੈ। ਤਥਾਨੁਸਾਰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿੱਚ ਸਤਿਨਾਮ ਮੰਤਰ ਦੀ ਮਹਿਮਾ ਦੀ ਇੱਕ ਝਲਕ ਪ੍ਰਕਾਸ਼ਮਾਨ ਕੀਤੀ ਹੈ। ਸਤਿਨਾਮ ਦਾ ਭਾਵ ਸੱਚਾ ਨਾਮ ਨਹੀਂ ਹੈ, ਸਤਿਨਾਮ ਦਾ ਭਾਵ ਹੈ ੧ਓ 'ਸਤਿ' ਹੈ ਅਤੇ ਇਹ 'ਸਤਿ' ਅਕਾਲ ਪੁਰਖ ਦਾ ਨਾਮ ਹੈ। ਇਸੇ ਤਰ੍ਹਾਂ ਨਾਲ ਸਤਿਗੁਰੂ ਦਾ ਭਾਵ ਇਹ ਹੈ ਕਿ 'ਸਤਿ' ਤੱਤ ਹੀ ਗੁਰੂ ਤੱਤ ਹੈ, ਇਸ ਦਾ ਭਾਵ ਇਹ ਨਹੀਂ ਹੈ ਕਿ ਮਨੁੱਖ ਦੀ ਦੇਹੀ ਗੁਰੂ ਹੈ, ਬਲਕਿ ਦੇਹੀ ਵਿੱਚ ਜੋ ਜੋਤ ਪ੍ਰਗਟ ਹੁੰਦੀ ਹੈ ਜਿਸ ਨੂੰ ਗੁਰਬਾਣੀ ਵਿੱਚ 'ਪ੍ਰਗਟਿਓ ਜੋਤ' ਦੀ ਸੰਗਿਆ ਦਿੱਤੀ ਗਈ ਹੈ, ਉਹ ਇਲਾਹੀ ਜੋਤ ਪਰਮ ਜੋਤ ਹੈ ਜੋ ਕਿ 'ਸਤਿ' ਹੈ ਅਤੇ ਇਹ 'ਸਤਿ' ਤੱਤ ਹੀ ਗੁਰੂ ਤੱਤ ਹੈ।

ਇਸ ਦਾ ਭਾਵ ਇਹ ਹੈ ਕਿ ਸਤਿਨਾਮ ਦਾ ਗੁਰ ਪ੍ਰਸਾਦਿ ਹੀ ਸਾਨੂੰ ਸਰਵ ਸ਼ਕਤੀਮਾਨ

ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਲੀਨ ਕਰ ਸਕਦਾ ਹੈ। ਕੋਈ ਵੀ ਹੋਰ ਧਰਮ ਕਰਮ ਸਾਨੂੰ ਉਸ ਮਹਾਨ ਸ਼ਕਤੀ ਤੱਕ ਪਹੁੰਚਣ ਅਤੇ ਉਸ ਪਰਮ ਸ਼ਕਤੀ ਵਿੱਚ ਸਮਾਉਣ ਦੇ ਯੋਗ ਨਹੀਂ ਬਣਾ ਸਕਦਾ ਹੈ। ਇਹ ਪਰਮ ਸਤਿ ਹੈ ਕਿ ਜਿੰਨਾ ਚਿਰ ਅਸੀਂ ਨਾਮ ਦੇ ਗੁਰ ਪ੍ਰਸਾਦਿ ਨੂੰ ਪ੍ਰਾਪਤ ਨਹੀਂ ਕਰਦੇ ਹਾਂ ਤਦ ਤੱਕ ਅਸੀਂ ਗੁਰਪ੍ਰਸਾਦਿ ਵਿੱਚ ਸਮਾਉਣ ਦੇ ਯੋਗ ਨਹੀਂ ਹੋ ਸਕਦੇ ਹਾਂ। ਕੇਵਲ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਸਾਡੀ ਅੰਦਰੂਨੀ ਮਨ ਦੀ ਮੈਲ ਦੀ ਸਫ਼ਾਈ ਕਰਨ ਵਿੱਚ ਸਮਰੱਥ ਹੈ। ਕੇਵਲ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਸਾਡੇ ਸਾਰੇ ਪਿਛਲੇ ਜਨਮ-ਜਨਮਾਂਤਰਾਂ ਦੇ ਪਾਪਾਂ ਦੀ ਮੈਲ ਧੋ ਕੇ ਸਾਨੂੰ ਅਣਗਿਣਤ ਕਰਮਾਂ ਦੇ ਬੰਧਨਾਂ ਤੋਂ ਮੁਕਤੀ ਦੁਆ ਸਕਦੀ ਹੈ। ਕੇਵਲ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਸਾਡੇ ਹਿਰਦੇ ਨੂੰ ਪੂਰਨ ਸਚਿਆਰੀ ਰਹਿਤ ਦੀ ਬਖ਼ਸ਼ਿਸ ਨਾਲ ਭਰਪੂਰ ਕਰ ਸਕਣ ਦੀ ਸਮਰੱਥਾ ਰੱਖਦੀ ਹੈ। ਕੇਵਲ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਸਾਡੇ ਹਿਰਦੇ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਪ੍ਰਗਟ ਕਰ ਸਕਦੀ ਹੈ। ਕੇਵਲ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਸਾਡੇ ਹਿਰਦੇ ਨੂੰ ਸਾਰੇ ਸਤਿ ਗੁਣਾਂ ਨਾਲ ਭਰਪੂਰ ਕਰ ਸਕਦੀ ਹੈ। ਕੇਵਲ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਸਾਡੇ ਅੰਦਰ ਪੂਰਨ ਬ੍ਰਹਮ ਗਿਆਨ ਦਾ ਪ੍ਰਕਾਸ਼ ਕਰ ਸਕਦੀ ਹੈ। ਕੇਵਲ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਸਾਡੇ ਅੰਦਰ ਤੱਤ ਗਿਆਨ ਪ੍ਰਗਟ ਕਰ ਸਕਦੀ ਹੈ। ਕੇਵਲ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਸਾਨੂੰ ਜੀਵਨ ਮੁਕਤੀ ਦਿਵਾ ਸਕਦੀ ਹੈ। ਕੇਵਲ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਸਾਨੂੰ ਮਾਇਆ ਦੇ ਬੰਧਨਾਂ ਤੋਂ ਮੁਕਤ ਕਰ ਸਕਦੀ ਹੈ। ਕੇਵਲ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਸਾਡੀ ਸੂਖਮ ਦੇਹੀ ਨੂੰ ਸੋਨੇ ਦੀ ਤਰ੍ਹਾਂ ਸ਼ੁੱਧ ਬਣਾ ਕੇ ਸਾਨੂੰ ਸੁਹਾਗਣ ਅਤੇ ਸਦਾ ਸੁਹਾਗਣ ਦੇ ਸਾਰੇ ਹੀ ਸਤਿ ਗੁਣਾਂ ਨਾਲ ਭਰਪੂਰ ਕਰ ਸਕਦੀ ਹੈ। ਕੇਵਲ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੂੰ ਸਾਡੇ ਹਿਰਦੇ ਵਿੱਚ ਪ੍ਰਗਟ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਲਈ ਸਾਰੀ ਸੰਗਤ ਦੇ ਚਰਨਾਂ ਵਿੱਚ ਦਾਸ ਦੀ ਸਨਿਮਰ ਬੇਨਤੀ ਹੈ ਕਿ ਗੁਰਪ੍ਰਸਾਦਿ ਦੀ ਇਸ ਪਰਮ ਸ਼ਕਤੀ ਦੀ ਪ੍ਰਾਪਤੀ ਲਈ ਦਿਨ-ਰਾਤ ਪਰਮ ਸ਼ਕਤੀਸ਼ਾਲੀ ਸਰਬ ਕਲਾ ਭਰਪੂਰ ਧੰਨ ਧੰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਪਾਵਨ ਚਰਨਾਂ ਵਿੱਚ ਬੇਨਤੀ ਕੀਤੀ ਜਾਵੇ। ਜਿਨ੍ਹਾਂ ਪ੍ਰੇਮਿਆਂ ਨੂੰ ਗੁਰਪ੍ਰਸਾਦਿ ਦੀ ਬਖ਼ਸ਼ੀਸ਼ ਹੁੰਦੀ ਹੈ, ਉਨ੍ਹਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਉਹ ਤਨ, ਮਨ, ਧਨ ਨਾਲ ਇਸ ਗੁਰਪ੍ਰਸਾਦਿ ਦੀ ਭਰਪੂਰ ਸੇਵਾ ਕਰਨ ਅਤੇ ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ - ਪਰਉਪਕਾਰ ਅਤੇ ਮਹਾ ਪਰਉਪਕਾਰ ਵਿੱਚ ਅਪਣਾ ਆਪਾ ਅਰਪਣ ਕਰ ਦੇਣ।

ਇਸ ਲਈ ਗੁਰਬਾਣੀ ਵਿੱਚ ਪ੍ਰਤੱਖ ਪ੍ਰਗਟ ਕੀਤੇ ਗਏ ਸਤਿ ਤੱਤਾਂ ਨੂੰ ਸ਼ਾਸਤਰ, ਸਿਮ੍ਰਿਤੀਆਂ, ਵੇਦ, ਪੁਰਾਣ ਅਤੇ ਉਪਨਿਸ਼ਦਾਂ ਵਿੱਚ ਪ੍ਰਗਟ ਨਹੀਂ ਕੀਤਾ ਗਿਆ ਹੈ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਪੂਰਨ ਬ੍ਰਹਮ ਗਿਆਨ ਦੇ ਅਨਮੋਲ ਪੂਰਨ ਸਤਿ ਦੇ ਰਤਨ, ਪੂਰਨ ਬ੍ਰਹਮ ਗਿਆਨ ਦੇ ਹੀਰੇ ਮੋਤੀ ਜਵਾਹਰ ਆਦਿ ਸ਼ਾਸਤਰ, ਸਿਮ੍ਰਿਤੀਆਂ, ਵੇਦ, ਪੁਰਾਣ ਅਤੇ ਉਪਨਿਸ਼ਦਾਂ ਵਿੱਚ ਪ੍ਰਗਟ ਨਹੀਂ ਕੀਤਾ ਗਿਆ ਹੈ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਪੂਰਨ ਤੱਤ ਗਿਆਨ ਨੂੰ ਸ਼ਾਸਤਰ, ਸਿਮ੍ਰਿਤੀਆਂ, ਵੇਦ, ਪੁਰਾਣ ਅਤੇ ਉਪਨਿਸ਼ਦਾਂ ਵਿੱਚ ਪ੍ਰਗਟ ਨਹੀਂ ਕੀਤਾ ਗਿਆ ਹੈ। ਪੂਰਨ ਸਤਿਗੁਰੂ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ ਅਤੇ ਪੂਰਨ ਖ਼ਾਲਸੇ ਦੀ ਅਵਸਥਾ ਹੀ ਜੀਵਨ ਮੁਕਤੀ ਦੀ ਅਵਸਥਾ ਹੈ। ਪੂਰਨ ਸਤਿਗੁਰੂ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ ਅਤੇ ਪੂਰਨ ਖ਼ਾਲਸੇ ਦੀ ਅਵਸਥਾ ਸੱਚ ਖੰਡ ਦੀ ਅਵਸਥਾ ਹੈ ਅਤੇ ਪਰਮ ਪਦਵੀ ਦੀ ਅਵਸਥਾ ਹੈ ਜੋ ਕਿ ਸ਼ਾਸਤਰਾਂ, ਸਿਮ੍ਰਿਤੀਆਂ, ਵੇਦਾਂ, ਪੁਰਾਣਾਂ

ਅਤੇ ਉਪਨਿਸ਼ਦਾਂ ਦੇ ਗਿਆਤਾਵਾਂ ਨੂੰ ਪ੍ਰਾਪਤ ਨਹੀਂ ਹੈ। ਪੂਰਨ ਸਤਿਗੁਰੂ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ ਅਤੇ ਪੂਰਨ ਖ਼ਾਲਸੇ ਦੀ ਅਵਸਥਾ ਰਿਸ਼ੀਆਂ, ਮੁਨੀਆਂ, ਬ੍ਰਹਮਾ, ਵਿਸ਼ਨੂ, ਮਹੇਸ਼ ਅਤੇ ਸਾਰੇ ਦੇਵੀਆਂ-ਦੇਵਤਿਆਂ ਦੀ ਅਵਸਥਾ ਨਾਲੋਂ ਉੱਚੀ ਅਤੇ ਉੱਤਮ ਅਵਸਥਾ ਹੈ। ਪੂਰਨ ਸਤਿਗੁਰੂ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ ਅਤੇ ਪੂਰਨ ਖ਼ਾਲਸੇ ਦੀ ਅਵਸਥਾ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦਤਾ ਦੀ ਅਵਸਥਾ ਹੈ ਜੋ ਕਿ ਰਿਸ਼ੀਆਂ, ਮੁਨੀਆਂ, ਬ੍ਰਹਮਾ, ਵਿਸ਼ਨੂ, ਮਹੇਸ਼ ਅਤੇ ਸਾਰੇ ਦੇਵੀਆਂ-ਦੇਵਤਿਆਂ ਨੂੰ ਪ੍ਰਾਪਤ ਨਹੀਂ ਹੈ। ਬ੍ਰਹਮਾ, ਵਿਸ਼ਨੂ ਅਤੇ ਮਹੇਸ਼ ਜੋ ਕਿ ਸਭ ਤੋਂ ਵੱਡੇ ਦੇਵਤੇ ਹਨ ਉਨ੍ਹਾਂ ਨੂੰ ਗੁਰਬਾਣੀ ਵਿੱਚ ਮਾਇਆ ਦੇ ਅਧੀਨ ਪ੍ਰਗਟ ਕੀਤਾ ਗਿਆ ਹੈ:

ਤ੍ਰੈ ਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥
ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥
ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥੧੮॥
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਹਹਿ ਕਿਸੁ ਭਾਈ ॥੧੯॥
ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ ॥੨੦॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੦੯)

ਆਸਾ ਸ੍ਰੀ ਕਬੀਰ ਜੀਉ ਕੇ ਚਉਪਦੇ ਇਕਤੁਕੇ ॥
ਸਨਕ ਸਨੰਦ ਅੰਤੁ ਨਹੀ ਪਾਇਆ ॥
ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥੧॥
ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥
ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥੧॥ ਰਹਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੮)

ਵਡਹੰਸੁ ਮਹਲਾ ੩ ॥
ਅੰਮ੍ਰਿਤ ਨਾਮੁ ਸਦ ਮੀਠਾ ਲਾਗਾ ਗੁਰ ਸਬਦੀ ਸਾਦੁ ਆਇਆ ॥
ਸਚੀ ਬਾਣੀ ਸਹਜਿ ਸਮਾਣੀ ਹਰਿ ਜੀਉ ਮਨਿ ਵਸਾਇਆ ॥੧॥
ਹਰਿ ਕਰਿ ਕਿਰਪਾ ਸਤਗੁਰੂ ਮਿਲਾਇਆ ॥
ਪੂਰੈ ਸਤਗੁਰਿ ਹਰਿ ਨਾਮੁ ਧਿਆਇਆ ॥੧॥ ਰਹਾਉ ॥
ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ॥
ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ ॥੨॥
ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ ॥
ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ ॥੩॥
ਸਤਗੁਰ ਸੇਵਾ ਤੇ ਨਿਸਤਾਰਾ ਗੁਰਮੁਖਿ ਤਰੈ ਸੰਸਾਰਾ ॥

ਸਾਚੈ ਨਾਇ ਰਤੇ ਬੈਰਾਗੀ ਪਾਇਨਿ ਮੋਖ ਦੁਆਰਾ ॥੪॥
ਏਕੋ ਸਚੁ ਵਰਤੈ ਸਭ ਅੰਤਰਿ ਸਭਨਾ ਕਰੇ ਪ੍ਰਤਿਪਾਲਾ ॥
ਨਾਨਕ ਇਕਸੁ ਬਿਨੁ ਮੈ ਅਵਰੁ ਨ ਜਾਣਾ ਸਭਨਾ ਦੀਵਾਨੁ ਦਇਆਲਾ ॥੫॥੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੫੯)

ਧੰਨ ਧੰਨ ਸੰਤ ਕਬੀਰ ਸਾਹਿਬ ਨੇ ਆਪਣੀ ਬਾਣੀ ਵਿੱਚ ਸੰਸਾਰ ਵਿੱਚ ਵਿਚਰ ਰਹੀ ਲੁਕਾਈ ਦੀ ਦੁਰਦਸ਼ਾ ਦਾ ਵਰਣਨ ਕੀਤਾ ਹੈ। ਸਤਿ ਤੱਤ ਦੇ ਗਿਆਨ ਤੋਂ ਵਿਹੂਣੀ ਸਾਰੀ ਲੁਕਾਈ ਕਿਵੇਂ ਮਾਇਕੀ ਭਰਮ ਜਾਲ ਵਿੱਚ ਫਸੀ ਹੋਈ ਹੈ ਇਸ ਪਰਮ ਸਤਿ ਦਾ ਵਖਾਣ ਸੰਤ ਕਬੀਰ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿੱਚ ਕੀਤਾ ਹੈ:

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥੧॥
ਮਨ ਰੇ ਸੰਸਾਰੁ ਅੰਧ ਗਹੇਰਾ ॥
ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥੧॥ ਰਹਾਉ ॥
ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ ॥
ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ ॥੨॥
ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ ॥
ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ ॥੩॥
ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ ॥
ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ ਕਹਿ ਉਪਦੇਸੁ ਕਬੀਰਾ ॥੪॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫੪)

ਸਤਿ ਤੱਤ ਦੇ ਗਿਆਨ ਤੋਂ ਵਿਹੂਣਾ ਸਾਰਾ ਸੰਸਾਰ ਅਗਿਆਨਤਾ ਦੇ ਅੰਧਕਾਰ ਵਿੱਚ ਡੁੱਬਿਆ ਹੋਇਆ ਹੈ। ਸਾਰੀ ਲੁਕਾਈ ਐਸੇ ਵਿਨਾਸ਼ਕਾਰੀ ਅਸਤਿ ਕਰਮਾਂ ਵਿੱਚ ਹੋਰ ਉਲਝੀ ਜਾ ਰਹੀ ਹੈ ਜਿਸ ਦੇ ਨਾਲ ਅਗਿਆਨਤਾ ਦਾ ਹਨੇਰਾ ਹੋਰ ਡੂੰਘਾਈ ਵਿੱਚ ਜਾਈ ਜਾ ਰਿਹਾ ਹੈ। ਸਾਰੀ ਲੁਕਾਈ (ਹਿੰਦੂ) ਦੇਵੀ-ਦੇਵਤਿਆਂ ਦੇ ਬੁੱਤਾਂ ਦੀ ਪੂਜਾ ਕਰ-ਕਰ ਕੇ ਆਪਣਾ ਜੀਵਨ ਖੁਆਰ ਕਰ ਰਹੇ ਹਨ। ਮੁਸਲਮਾਨ ਮੱਕੇ ਨੂੰ ਸਿਜਦੇ ਕਰ-ਕਰ ਕੇ ਖੁਆਰ ਹੋ ਰਹੇ ਹਨ। ਹਿੰਦੂ ਮੁਰਦਿਆਂ ਨੂੰ ਸਾੜਨ ਅਤੇ ਮੁਸਲਮਾਨ ਮੁਰਦਿਆਂ ਨੂੰ ਧਰਤੀ ਵਿੱਚ ਦਫ਼ਨ ਕਰਨ ਨੂੰ ਸਤਿ ਦੱਸ ਕੇ ਇਸੇ ਵਿਸ਼ੇ 'ਤੇ ਆਪਸ ਵਿੱਚ ਝਗੜਦੇ ਹਨ। ਮਰੇ ਹੋਏ ਮਨੁੱਖਾਂ ਦੀਆਂ ਦੇਹੀਆਂ ਨੂੰ ਲੈ ਕੇ ਝਗੜਨ ਵਾਲੇ ਇਹ ਦੋਨੋਂ ਧਿਰ ਸਤਿ ਤੱਤ ਤੋਂ ਅਣਜਾਣ ਅਗਿਆਨਤਾ ਦੇ ਹਨੇਰੇ ਵਿੱਚ ਭਟਕੀ ਜਾ ਰਹੇ ਹਨ। ਕਵੀ ਆਪਣੀ ਕਵਿਤਾ ਦੇ ਅਹੰਕਾਰ ਵਿੱਚ ਆਪਣਾ ਜਨਮ ਗੁਆ ਰਹੇ ਹਨ। ਜੋਗੀ ਜਟਾਧਾਰੀ ਬਾਹਰਲੇ ਧਾਰਮਿਕ ਚਿੰਨ੍ਹਾਂ ਦੇ ਧਾਰਨ ਉੱਪਰ ਜ਼ੋਰ ਦੇ-ਦੇ ਕੇ ਆਪਣਾ ਜਨਮ ਗੁਆ ਰਹੇ ਹਨ। ਸਿਆਸੀ ਤਬਕੇ ਦੇ ਲੋਕ ਅਤੇ ਰਾਜੇ ਮਹਾਰਾਜੇ ਧਨ-ਸੰਪਦਾ ਨੂੰ ਇਕੱਤਰ ਕਰਨ ਨੂੰ ਹੀ ਆਪਣੇ ਜੀਵਨ ਦਾ ਟੀਕਾ ਬਣਾ ਕੇ ਜਨਮ ਗੁਆ

ਰਹੇ ਹਨ। ਪੰਡਤ ਲੋਕ ਵੇਦ ਪੜ੍ਹ-ਪੜ੍ਹ ਕੇ ਆਪਣਾ ਜਨਮ ਗੁਆ ਰਹੇ ਹਨ। ਨਾਰੀ ਦਰਪਣ ਵਿੱਚ ਆਪਣੀ ਸੁੰਦਰਤਾ ਵੇਖ-ਵੇਖ ਕੇ ਹੀ ਆਪਣਾ ਜਨਮ ਵਿਅਰਥ ਗੁਆ ਰਹੀ ਹੈ। ਭਾਵ ਸਾਰੇ ਸੰਸਾਰ ਦੇ ਲੋਕ ਅਸਤਿ ਕਰਮਾਂ ਵਿੱਚ ਉਲਝੇ ਹੋਏ ਆਪਣਾ ਜਨਮ ਗੁਆ ਰਹੇ ਹਨ। ਮਾਇਆ ਦੇ ਭਰਮ ਜਾਲ ਵਿੱਚ ਫਸੀ ਹੋਈ ਸਾਰੀ ਲੁਕਾਈ ਅਗਿਆਨਤਾ ਦੇ ਡੂੰਘੇ ਹਨੇਰੇ ਵਿੱਚ ਗਰਕ ਰਹੀ ਹੈ। ਕਿਸੇ ਨੂੰ ਪਰਮ ਸਤਿ ਤੱਤ ਦਾ ਗਿਆਨ ਨਹੀਂ ਹੈ। ਕਿਸੇ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ ਸਤਿਨਾਮ ਦਾ ਗਿਆਨ ਨਹੀਂ ਹੈ। ਕਿਸੇ ਨੂੰ ਸਤਿ ਤੱਤ ਦੀ ਸਾਰ ਨਹੀਂ ਹੈ। ਇਸੇ ਕਾਰਨ ਸਾਰੀ ਲੁਕਾਈ ਮਾਇਆ ਦੇ ਮਹਾ ਵਿਨਾਸ਼ਕਾਰੀ ਜਾਲ ਵਿੱਚ ਉਲਝ ਕੇ ਆਪਣਾ ਜੀਵਨ ਨਸ਼ਟ ਕਰ ਰਹੀ ਹੈ।

ਇਹ ਪਰਮ ਸਤਿ ਹੈ ਕਿ ਬ੍ਰਹਮਾ, ਵਿਸ਼ਨੂ ਅਤੇ ਸ਼ਿਵਾ ਨੇ ਤ੍ਰੈ ਗੁਣ ਮਾਇਆ ਨੂੰ ਨਹੀਂ ਜਿੱਤਿਆ ਹੈ। ਇਹ ਪਰਮ ਸਤਿ ਹੈ ਕਿ ਬੇਦਾਂ ਦਾ ਗਿਆਤਾ ਬ੍ਰਹਮਾ ਦੇਵਤਾ ਨੇ ਵੀ ਆਪਣਾ ਜਨਮ ਗੁਆਇਆ ਹੈ। ਸਨਕ ਅਤੇ ਸਨੰਦ ਬ੍ਰਹਮਾ ਦੇਵਤਾ ਦੇ ਪੁੱਤਰ ਹਨ ਜਿਨ੍ਹਾਂ ਨੇ ਵੀ ਆਪਣਾ ਜਨਮ ਗੁਆਇਆ ਹੈ। ਭਾਵ ਬ੍ਰਹਮਾ, ਵਿਸ਼ਨੂ, ਮਹੇਸ਼ ਦੇਵਤਿਆਂ ਨੂੰ ਵੀ ਤ੍ਰੈ ਗੁਣ ਮਾਇਆ ਨੇ ਆਪਣੇ ਮੋਹ ਮਾਇਆ ਦੇ ਜਾਲ ਵਿੱਚੋਂ ਮੁਕਤ ਨਹੀਂ ਹੋਣ ਦਿੱਤਾ ਹੈ ਜਿਸ ਕਾਰਨ ਉਨ੍ਹਾਂ ਦਾ ਜਨਮ ਵੀ ਬਿਰਥਾ ਹੀ ਚਲਾ ਗਿਆ। ਮਹੇਸ਼ ਦੇਵਤਾ ਜਿਸ ਨੂੰ ਮਹਾਦੇਉ, ਸ਼ਿਵ ਅਤੇ ਸ਼ੰਕਰ ਕਰ ਕੇ ਜਾਣਿਆ ਜਾਂਦਾ ਹੈ। ਉਸ ਨੂੰ ਤਮੋ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਬਿਰਤੀ ਦੇ ਰੋਗੀ ਅਤੇ ਅਹੰਕਾਰ ਚੰਡਾਲ ਦੇ ਰੋਗੀ ਦੇ ਰੂਪ ਵਿੱਚ ਗੁਰਬਾਣੀ ਪ੍ਰਗਟ ਕਰ ਰਹੀ ਹੈ। ਵਿਸ਼ਨੂ ਦੇਵਤਾ ਮੁੜ-ਮੁੜ ਕੇ ਵਿਸ਼ਨੂ ਰੂਪ ਵਿੱਚ ਅਵਤਰਿਤ ਹੋਣ ਵਿੱਚ ਰੁੱਝਾ ਰਹਿੰਦਾ ਹੈ। ਭਾਵ ਇਹ ਹੈ ਕਿ ਬ੍ਰਹਮਾ, ਵਿਸ਼ਨੂ ਅਤੇ ਮਹੇਸ਼ ਦੇਵਤਿਆਂ ਨੂੰ ਸ਼ਕਤੀਆਂ ਦੀ ਪ੍ਰਾਪਤੀ ਤਾਂ ਹੋ ਜਾਂਦੀ ਹੈ ਅਤੇ ਆਪਣੇ-ਆਪਣੇ ਲੋਕ ਦਾ ਰਾਜ (ਬ੍ਰਹਮਾ ਨੂੰ ਬ੍ਰਹਮ ਲੋਕ ਦਾ, ਵਿਸ਼ਨੂ ਨੂੰ ਵਿਸ਼ਨੂ ਲੋਕ ਦਾ ਅਤੇ ਮਹੇਸ਼ ਨੂੰ ਸ਼ਿਵ ਲੋਕ ਦਾ) ਤਾਂ ਮਿਲ ਜਾਂਦਾ ਹੈ ਪਰੰਤੂ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦਤਾ ਦੀ ਅਵਸਥਾ ਪ੍ਰਾਪਤ ਨਹੀਂ ਹੁੰਦੀ ਹੈ। ਜਿਸ ਕਾਰਨ ਮਿੱਥੇ ਸਮੇਂ ਤੱਕ ਆਪੋ ਆਪਣੇ ਲੋਕਾਂ 'ਤੇ ਰਾਜ ਕਰਨ ਤੋਂ ਉਪਰੰਤ ਇਨ੍ਹਾਂ ਦੇਵਤਿਆਂ ਨੂੰ ਵੀ ਜਨਮ-ਮਰਨ ਦੇ ਬੰਧਨਾਂ ਵਿੱਚ ਮੁੜ ਆਉਣਾ ਪੈਂਦਾ ਹੈ। ਕਿਉਂਕਿ ਇਨ੍ਹਾਂ ਦੇਵਤਿਆਂ ਨੂੰ ਪੂਰਨ ਸਤਿਗੁਰੂ ਦੀ ਪ੍ਰਾਪਤੀ ਨਹੀਂ ਹੈ। ਇਸ ਲਈ ਇਨ੍ਹਾਂ ਦੀ ਬੰਦਗੀ ਪੂਰਨ ਅਵਸਥਾ ਵਿੱਚ ਨਹੀਂ ਅੱਪੜਦੀ ਹੈ ਅਤੇ ਇਨ੍ਹਾਂ ਨੂੰ ਜੀਵਨ ਮੁਕਤੀ ਪ੍ਰਾਪਤ ਨਹੀਂ ਹੁੰਦੀ ਹੈ। ਇਹ ਪਰਮ ਸਤਿ ਹੈ ਕਿ ਇਨ੍ਹਾਂ ਦੇਵਤਿਆਂ ਦੀ ਬੰਦਗੀ ਕੇਵਲ ਚੌਥੇ ਖੰਡ (ਕਰਮ ਖੰਡ) ਵਿੱਚ ਹੀ ਰੁਕ ਜਾਂਦੀ ਹੈ। ਕਿਉਂਕਿ ਇਹ ਦੇਵਤੇ ਇਸ ਅਵਸਥਾ ਵਿੱਚ ਅੱਪੜ ਕੇ ਪ੍ਰਾਪਤ ਹੋਈਆਂ ਸ਼ਕਤੀਆਂ ਅਤੇ ਰਿੱਧੀਆਂ-ਸਿੱਧੀਆਂ ਵਿੱਚ ਹੀ ਉਲਝ ਕੇ ਰਹਿ ਜਾਂਦੇ ਹਨ। ਇਹ ਦੇਵਤੇ ਕੇਵਲ ਆਪੋ ਆਪਣੇ ਲੋਕ ਦੇ ਰਾਜ ਨੂੰ ਪ੍ਰਾਪਤ ਕਰ ਕੇ ਇਨ੍ਹਾਂ ਲੋਕਾਂ (ਬ੍ਰਹਮਾ ਨੂੰ ਬ੍ਰਹਮ ਲੋਕ ਦਾ, ਵਿਸ਼ਨੂ ਨੂੰ ਵਿਸ਼ਨੂ ਲੋਕ ਦਾ ਅਤੇ ਮਹੇਸ਼ ਨੂੰ ਸ਼ਿਵ ਲੋਕ ਦਾ) ਦੇ ਰਾਜ ਵਿੱਚ ਹੀ ਉਲਝ ਕੇ ਰਹਿ ਜਾਂਦੇ ਹਨ। ਇਸ ਲਈ ਇਨ੍ਹਾਂ ਦੇਵਤਿਆਂ ਨੂੰ ਜਨਮ-ਮਰਨ ਦੇ ਬੰਧਨਾਂ ਵਿੱਚ ਮੁੜ-ਮੁੜ ਕੇ ਜਾਣਾ ਪੈਂਦਾ ਹੈ।

ਕਿਉਂਕਿ ਸਾਰੇ ਦੇਵੀ-ਦੇਵਤੇ ਮਾਇਆਧਾਰੀ ਹਨ, ਇਸ ਲਈ ਸਾਰੀ ਲੁਕਾਈ ਜੋ ਦੇਵੀ-ਦੇਵਤਿਆਂ ਦੀ ਪੂਜਾ ਅਰਚਨਾ ਕਰਦੀ ਹੈ ਉਹ ਸਾਰੀ ਲੁਕਾਈ ਵੀ ਮਾਇਆ ਦੇ ਤ੍ਰੈ ਗੁਣਾਂ ਵਿੱਚ ਭ੍ਰਮਿਤ ਹੋ ਕੇ ਮਾਇਆ ਦੇ ਝੂਠੇ ਭਰਮ ਜਾਲ ਵਿੱਚ ਫਸੀ ਹੋਈ ਹੈ। ਕੇਵਲ ਇਤਨਾ ਹੀ ਨਹੀਂ ਬਾਕੀ ਦੀ ਸਾਰੀ ਲੁਕਾਈ ਵੀ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦੇ ਭਰਮ

ਜਾਲ ਵਿੱਚ ਫਸ ਕੇ ਰਹਿ ਗਈ ਹੈ। ਮਾਇਆ ਦੇ ਮਿੱਠੇ ਜ਼ਹਿਰ ਦੇ ਭਰਮ ਜਾਲ ਵਿੱਚ ਫਸੀ ਹੋਈ ਸਾਰੀ ਲੁਕਾਈ ਇਸੇ ਨੂੰ ਹੀ ਸੱਚ ਮੰਨੀ ਬੈਠੀ ਹੈ। ਮਾਇਆ ਦੇ ਤ੍ਰੈ ਗੁਣਾਂ ਦੀਆਂ ਸ਼ਕਤੀਆਂ ਦੇ ਨਸ਼ੇ ਵਿੱਚ ਸਾਰਾ ਸੰਸਾਰ ਬੇਹੋਸ਼ ਹੈ। ਆਪਣੀ ਤ੍ਰਿਸ਼ਣਾ ਦੀ ਪ੍ਰਬਲ ਅਗਨ ਨੂੰ ਬੁਝਾਉਣ ਵਾਸਤੇ ਕੋਈ ਕਾਮ ਦੇ (ਵਿਨਾਸ਼ਕਾਰੀ) ਨਸ਼ੇ ਵਿੱਚ ਚੂਰ ਹੈ, ਤਾਂ ਕੋਈ ਲੋਭ ਅਤੇ ਮੋਹ ਦੇ (ਵਿਨਾਸ਼ਕਾਰੀ) ਨਸ਼ੇ ਵਿੱਚ ਚੂਰ ਹੈ। ਕੋਈ ਆਪਣੇ ਅਹੰਕਾਰ ਦੇ (ਵਿਨਾਸ਼ਕਾਰੀ) ਨਸ਼ੇ ਵਿੱਚ ਧੁੱਤ ਹੈ ਅਤੇ ਇਸੇ ਨੂੰ ਆਪਣਾ ਗੁਰੂ ਬਣਾਈ ਬੈਠਾ ਹੈ ਅਤੇ ਕੋਈ ਆਪਣੇ ਕ੍ਰੋਧ ਦੀ ਅਗਨ ਵਿੱਚ ਸੜ੍ਹਦਾ-ਬਲਦਾ ਹੋਇਆ ਵੀ ਇਹ ਸਮਝਣ ਵਿੱਚ ਅਸਮਰਥ ਹੈ ਕਿ ਇਸ ਕ੍ਰੋਧ ਦਾ ਨਸ਼ਾ ਹੀ ਉਸ ਦੇ ਪਤਨ ਦਾ ਕਾਰਨ ਬਣ ਰਿਹਾ ਹੈ। ਇਸ ਤਰ੍ਹਾਂ ਸਾਰਾ ਸੰਸਾਰ ਮਾਇਆ ਦੇ ਇਸ 'ਸਤਿ' ਤੱਤ ਤੋਂ ਅਣਜਾਣ ਇਸ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦੇ ਚਿੰਤਨ ਵਿੱਚ ਸੁੱਤਾ ਪਿਆ ਹੈ। ਇਹ ਪਰਮ ਸਤਿ ਹੈ ਕਿ ਜਿਸ ਸ਼ਕਤੀ ਦਾ ਅਸੀਂ ਚਿੰਤਨ ਕਰਾਂਗੇ ਉਹ ਸ਼ਕਤੀ ਸਾਡੇ ਵਿੱਚ ਪ੍ਰਗਟ ਹੋ ਜਾਏਗੀ। ਜੇਕਰ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦਾ ਚਿੰਤਨ ਕਰਦੇ ਹਾਂ ਤਾਂ ਇਹ ਵਿਨਾਸ਼ਕਾਰੀ ਸ਼ਕਤੀਆਂ ਸਾਡੇ ਅੰਦਰ ਪ੍ਰਬਲ ਹੋ ਜਾਂਦੀਆਂ ਹਨ। ਜੇਕਰ ਅਸੀਂ 'ਸਤਿ' ਤੱਤ ਦਾ ਚਿੰਤਨ ਕਰਾਂਗੇ ਤਾਂ ਸਾਡੇ ਅੰਦਰ ਸਾਰੀਆਂ ਸਤਿ ਗੁਣੀ ਸ਼ਕਤੀਆਂ ਦਾ ਵਿਕਾਸ ਹੋਏਗਾ ਅਤੇ ਇਸ ਦੇ ਫ਼ਲ਼ ਸਰੂਪ ਸਾਡੇ ਅੰਦਰੋਂ ਸਾਰੀਆਂ ਸਤਿ ਗੁਣੀ ਸ਼ਕਤੀਆਂ ਹੀ ਪ੍ਰਗਟ ਹੋ ਜਾਣਗੀਆਂ।

ਇਹ ਪਰਮ ਸਤਿ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖ ਦੀ ਰਚਨਾ ਕਰਦੇ ਹੋਏ ਸਾਰੀਆਂ ਵਿਨਾਸ਼ਕਾਰੀ ਸ਼ਕਤੀਆਂ ਅਤੇ ਸਾਰੀਆਂ ਸਤਿ ਗੁਣੀ ਸ਼ਕਤੀਆਂ ਮਨੁੱਖ ਦੇ ਅੰਦਰ ਹੀ ਰੱਖ ਦਿੱਤੀਆਂ ਹਨ। ਉਦਾਹਰਨ ਦੇ ਤੌਰ 'ਤੇ ਮਨੁੱਖ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦਾ ਪ੍ਰਯੋਗ ਨਿਰੰਤਰ ਕਰਦਾ ਹੈ। ਇਹ ਪਰਮ ਸਤਿ ਹੈ ਕਿ ਤ੍ਰਿਸ਼ਣਾ ਅਗਨ ਦੀ ਵਿਨਾਸ਼ਕਾਰੀ ਸ਼ਕਤੀ ਹਰ ਇੱਕ ਮਨੁੱਖ ਵਿੱਚ ਮੌਜੂਦ ਹੈ। ਤ੍ਰਿਸ਼ਣਾ ਦੀ ਅਗਨ ਨੂੰ ਬੁਝਾਉਣ ਦਾ ਮਨੁੱਖ ਨਿਰੰਤਰ ਯਤਨ ਕਰਦਾ ਹੈ। ਕਾਮ ਦੀ ਤ੍ਰਿਸ਼ਣਾ ਅਗਨ ਨੂੰ ਬੁਝਾਉਣ ਵਾਸਤੇ ਮਨੁੱਖ ਕਾਮ ਚੰਡਾਲ ਦੀ ਵਿਨਾਸ਼ਕਾਰੀ ਸ਼ਕਤੀ ਦੀ ਵਰਤੋਂ ਕਰਦਾ ਹੈ। ਜਦ ਮਨੁੱਖ ਪਰਾਈਆਂ ਧੀਆਂ-ਭੈਣਾਂ ਨੂੰ ਕਾਮ ਦੀ ਬੁਰੀ ਦ੍ਰਿਸ਼ਟੀ ਨਾਲ ਦੇਖਦਾ ਹੈ ਤਾਂ ਉਹ ਕਾਮ ਚੰਡਾਲ ਦੀ ਵਿਨਾਸ਼ਕਾਰੀ ਸ਼ਕਤੀ ਨੂੰ ਬੇਸ਼ਰਮ ਹੋ ਕੇ ਵਰਤਦਾ ਹੈ। ਸੰਸਾਰ ਵਿੱਚ ਨਿੱਤ ਪ੍ਰਤੀ ਦਿਨ ਵਾਪਰ ਰਹੀਆਂ ਅਣਗਿਣਤ ਬਲਾਤਕਾਰੀ ਘਟਨਾਵਾਂ ਕਾਮ ਚੰਡਾਲ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦੀ ਵਰਤੋਂ ਦਾ ਪ੍ਰਤੱਖ ਪ੍ਰਮਾਣ ਹਨ। ਧੀਆਂ-ਭੈਣਾਂ ਦੀ ਪੱਤ ਲੁੱਟਣ ਵਰਗੇ ਘਿਨਾਉਣੇ ਅਤੇ ਵਿਨਾਸ਼ਕਾਰੀ ਅਪਰਾਧਾਂ ਦੀ ਸੰਸਾਰ ਵਿੱਚ ਕੋਈ ਕਮੀ ਨਹੀਂ ਹੈ। ਅੱਜ ਦੇ ਘੋਰ ਕਲਜੁਗੀ ਸਮੇਂ ਅੰਦਰ ਧੀਆਂ-ਭੈਣਾਂ ਦੇ ਮਾਣ ਅਤੇ ਪੱਤ ਦੀ ਸੁਰੱਖਿਆ ਸਮੇਂ ਦੀਆਂ ਸਰਕਾਰਾਂ ਲਈ ਬਹੁਤ ਵੱਡੀ ਚੁਣੌਤੀ ਬਣੀ ਹੋਈ ਹੈ। ਜਿਸ ਮੁੱਦੇ ਦਾ ਇਨ੍ਹਾਂ ਸਰਕਾਰਾਂ ਕੋਲ ਕੋਈ ਹੱਲ ਨਹੀਂ ਹੈ। ਇਹ ਸਰਕਾਰਾਂ ਮਨੁੱਖ ਦੇ ਅੰਦਰ ਬੈਠੇ ਹੋਏ ਕਾਮ ਦੇ ਇਸ ਵਿਨਾਸ਼ਕਾਰੀ ਚੰਡਾਲ ਦਾ ਨਾਸ਼ ਕਿਵੇਂ ਕਰ ਸਕਦੀਆਂ ਹਨ। ਕਿਉਂਕਿ ਕਾਮ ਦੇ ਚੰਡਾਲ ਨੂੰ ਸੋਧਣ ਦਾ ਇਨ੍ਹਾਂ ਸਰਕਾਰਾਂ ਕੋਲ ਕੋਈ ਸਾਧਨ ਨਹੀਂ ਹੈ। ਇਸ ਲਈ ਇਸ ਮੁੱਦੇ ਦਾ ਇਨ੍ਹਾਂ ਸਰਕਾਰਾਂ ਕੋਲ ਕੋਈ ਹੱਲ ਨਹੀਂ ਹੈ।

ਇਹ ਪਰਮ ਸਤਿ ਹੈ ਕਿ ਲੋਭ ਦੀ ਤ੍ਰਿਸ਼ਣਾ ਅਗਨ ਨੂੰ ਬੁਝਾਉਣ ਦੇ ਵਾਸਤੇ ਮਨੁੱਖ ਲੋਭ ਚੰਡਾਲ ਦੀ ਵਿਨਾਸ਼ਕਾਰੀ ਸ਼ਕਤੀ ਦੀ ਵਰਤੋਂ ਕਰਦਾ ਹੋਇਆ ਕਦੇ ਡਰਦਾ ਨਹੀਂ ਹੈ। ਧਨ-ਸੰਪਦਾ, ਜਮੀਨਾਂ-ਜਾਇਦਾਦਾਂ ਅਤੇ ਸੰਸਾਰਿਕ ਸੁੱਖ-ਸੁਵਿਧਾਵਾਂ ਨੂੰ ਇਕੱਤਰ ਕਰਨ

ਲਈ ਮਨੁੱਖ ਭ੍ਰਿਸ਼ਟਾਚਾਰ ਦਾ ਸ਼ਿਕਾਰ ਸਹਿਜੇ ਹੀ ਹੋ ਜਾਂਦਾ ਹੈ। ਰਿਸ਼ਵਤਖ਼ੋਰੀ, ਦੂਜੇ ਦਾ ਹੱਕ ਮਾਰਨਾ, ਚੋਰੀ-ਚਕਾਰੀ ਵਰਗੇ ਭ੍ਰਿਸ਼ਟਾਚਾਰ ਦਾ ਅੱਜ ਦੀ ਦੁਨੀਆਂ ਵਿੱਚ ਬੋਲ-ਬਾਲਾ ਹੈ। ਸੰਸਾਰਿਕ ਸਰਕਾਰੀ ਅਹੁਦਿਆਂ ਦੀ ਦੁਰਵਰਤੋਂ ਕਰ ਕੇ ਧਨ-ਸੰਪਦਾ, ਜਮੀਨਾਂ-ਜਾਇਦਾਦਾਂ ਅਤੇ ਸੰਸਾਰਿਕ ਸੁੱਖ-ਸੁਵਿਧਾਵਾਂ ਨੂੰ ਇਕੱਤਰ ਕਰਨ ਵਰਗੇ ਭ੍ਰਿਸ਼ਟਾਚਾਰੀ ਕਰਮ ਕਰਨ ਵਾਲੇ ਮਨੁੱਖਾਂ ਦਾ ਧਰਤੀ 'ਤੇ ਬੋਲ-ਬਾਲਾ ਹੈ। ਅੱਜ ਹਿੰਦੁਸਤਾਨ ਦਾ ਬੱਚਾ-ਬੱਚਾ ਇਸ ਸਤਿ ਤੋਂ ਜਾਣੂ ਹੈ ਕਿ ਇਸ ਮੁਲਖ ਦੇ ਭ੍ਰਿਸ਼ਟਾਚਾਰੀ ਸਿਆਸੀ ਅਤੇ ਵਪਾਰੀ ਤਬਕੇ ਦੇ ਮਨੁੱਖਾਂ ਨੇ ਮੁਲਖ ਦੀ ੪੮੦ ਲੱਖ ਕਰੋੜ ਰੁਪਈਏ ਦੀ ਧਨ-ਸੰਪਦਾ ਨੂੰ ਸਵਿਟਜ਼ਰਲੈਂਡ ਦੇ ਬੈਂਕਾਂ ਵਿੱਚ ਜਮ੍ਹਾਂ ਕੀਤਾ ਹੋਇਆ ਹੈ। ਲੋਭ ਚੰਡਾਲ ਦੀ ਵਿਨਾਸ਼ਕਾਰੀ ਸ਼ਕਤੀ ਦੀ ਵਰਤੋਂ ਦਾ ਇਸ ਤੋਂ ਵੱਡਾ ਪ੍ਰਮਾਣ ਹੋਰ ਕੀ ਹੋ ਸਕਦਾ ਹੈ। ਸਮੇਂ ਦੀਆਂ ਸਰਕਾਰਾਂ ਇਸ ਸਤਿ ਤੋਂ ਜਾਣੂ ਹੋਣ ਦੇ ਬਾਵਜੂਦ ਵੀ ਮੁਲਖ ਦੀ ਇਸ ਧਨ-ਸੰਪਦਾ ਨੂੰ ਵਾਪਸ ਲਿਆਉਣ ਵਿੱਚ ਕਾਰਗਰ ਸਿੱਧ ਨਹੀਂ ਹੋ ਰਹੀਆਂ ਹਨ ਕਿਉਂਕਿ ਇਨ੍ਹਾਂ ਸਰਕਾਰਾਂ ਨੂੰ ਚਲਾਉਣ ਵਾਲੇ ਹੀ ਤਾਂ ਇਸ ਵਿਨਾਸ਼ਕਾਰੀ ਭ੍ਰਿਸ਼ਟਾਚਾਰ ਦੇ ਆਪ ਵੀ ਸ਼ਿਕਾਰ ਬਣੇ ਬੈਠੇ ਹਨ। ਲਭ ਅਤੇ ਲੋਭ ਦਾ ਵਿਨਾਸ਼ਕਾਰੀ ਚੰਡਾਲ ਇਨ੍ਹਾਂ ਸਾਰੀਆਂ ਸਰਕਾਰਾਂ ਨੂੰ ਵੀ ਬੁਰੀ ਤਰ੍ਹਾਂ ਨਾਲ ਆਪਣਾ ਗ਼ੁਲਾਮ ਬਣਾਈ ਬੈਠਾ ਹੈ। ਇਨ੍ਹਾਂ ਸਾਰੇ ਸਰਕਾਰੀ ਅਹੁਦੇਦਾਰਾਂ ਮੰਤਰੀਆਂ ਆਦਿ ਦੀ ਮਤ (ਮਾਇਆ ਦੀ ਗ਼ੁਲਾਮੀ ਵਿੱਚ ਗਲਤਾਨ) ਇਤਨੀ ਭ੍ਰਿਸ਼ਟ ਹੋ ਚੁੱਕੀ ਹੈ ਕਿ ਉਹ ਇਹ ਨਹੀਂ ਸਮਝ ਪਾ ਰਹੇ ਹਨ ਕਿ ਜੇਕਰ ਸਵਿਟਜ਼ਰਲੈਂਡ ਦੇ ਬੈਂਕਾਂ ਵਿੱਚ ਜਮ੍ਹਾਂ ਇਸ ਧਨ-ਸੰਪਦਾ ਨੂੰ ਵਾਪਸ ਮੁਲਖ ਵਿੱਚ ਲਿਆਂਦਾ ਜਾਏ ਤਾਂ ਇਸ ਧਨ-ਸੰਪਦਾ ਨਾਲ ਮੁਲਖ ਦੀ ਪਰਜਾ ਦਾ ਕਿਤਨਾ ਭਲਾ ਹੋ ਸਕਦਾ ਹੈ। ਵਰਤਮਾਨ ਕਲਜੁਗ ਦੇ ਸਮੇਂ ਦੀਆਂ ਮੌਜੂਦਾ ਸਰਕਾਰਾਂ ਚਲਾਉਣ ਵਾਲੇ ਹੁਕਮਰਾਨ ਪਰਜਾ ਅਤੇ ਉਸ ਦੇ ਅਧਿਕਾਰਾਂ ਦੇ ਰੱਖਿਅਕ ਬਣਨ ਦੀ ਬਜਾਏ ਲਭ ਲੋਭ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਦੇ ਸ਼ਿਕਾਰ ਹੋ ਕੇ ਆਪਣੇ ਹੀ ਮੁਲਖ ਦੀ ਧਨ-ਸੰਪਦਾ ਅਤੇ ਪਰਜਾ ਦੇ ਅਧਿਕਾਰਾਂ ਦੇ ਭੱਖਿਅਕ ਬਣ ਬੈਠੇ ਹਨ। ਵਰਤਮਾਨ ਘੋਰ ਕਲਜੁਗ ਦੇ ਸ਼ਾਸਕਾਂ ਦੇ ਅੰਦਰੋਂ ਧਰਮ-ਕਰਮ ਕਰਨ ਦੀ ਬਿਰਤੀ ਦਾ ਅੰਤ ਹੋ ਗਿਆ ਹੈ ਅਤੇ ਉਨ੍ਹਾਂ ਸਾਰੇ ਸ਼ਾਸਕਾਂ ਨੇ ਕਸਾਈਆਂ ਦਾ ਰੂਪ ਧਾਰਨ ਕਰ ਲਿਆ ਹੈ। ਕਲਜੁਗੀ ਮਾਇਕੀ ਬਿਰਤੀ ਵਿੱਚ ਰੱਤੇ ਹੋਏ ਵਰਤਮਾਨ ਹੁਕਮਰਾਨ ਪਰਜਾ ਦੀ ਰੱਖਿਆ ਕਰਨ ਦੀ ਬਜਾਏ ਪਰਜਾ ਦੇ ਅਧਿਕਾਰਾਂ ਦਾ ਕਤਲ ਕਰਨ ਲੱਗੇ ਹੋਏ ਹਨ। ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਦੇ ਇਹ ਬਚਨ ਅੱਜ ਦੀ ਕਲਜੁਗੀ ਮਾਇਆ ਨਗਰੀ ਸੰਸਾਰ ਵਿੱਚ ਪੂਰਨ ਪ੍ਰਤੱਖ ਰੂਪ ਵਿੱਚ ਪ੍ਰਗਟ ਹੋ ਰਹੇ ਹਨ:

ਸਲੋਕੁ ਮਃ ੧ ॥

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥

ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥

ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੫)

ਮੱਸਿਆ ਦੀ ਕਾਲੀ ਰਾਤ ਦੀ ਨਿਆਈਂ ਸਾਰੇ ਪਾਸੇ ਅਗਿਆਨਤਾ ਦਾ ਡੂੰਘਾ ਹਨੇਰਾ

ਹੈ। ਸਾਰੇ ਸੰਸਾਰ 'ਚ ਝੂਠੇ ਅਤੇ ਮਹਾ ਵਿਨਾਸ਼ਕਾਰੀ ਮਾਇਕੀ ਤੱਤਾਂ ਦੇ ਪਸਾਰੇ ਦਾ ਬੋਲ-ਬਾਲਾ ਹੈ। ਵਿਨਾਸ਼ਕਾਰੀ ਮਾਇਕੀ ਤੱਤਾਂ ਦਾ ਚਿੰਤਨ ਕਰਦੇ-ਕਰਦੇ ਕਲਜੁਗੀ ਜੀਵਾਂ ਦਾ ਜੀਵਨ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ ਦੇ ਵਿੱਚ ਡੁੱਬ-ਡੁੱਬ ਕੇ ਵਿਆਕੁਲਤਾ ਦੀ ਚਰਮ ਸੀਮਾ 'ਤੇ ਪਹੁੰਚ ਰਿਹਾ ਹੈ। ਵਿਨਾਸ਼ਕਾਰੀ ਮਾਇਕੀ ਤੱਤਾਂ ਦੇ ਝੂਠੇ ਭਰਮ ਜਾਲ ਵਿੱਚੋਂ ਨਿਕਲਣ ਦਾ ਲੁਕਾਈ ਨੂੰ ਕੋਈ ਰਾਹ ਨਹੀਂ ਸੁੱਝ ਰਿਹਾ ਹੈ। ਹੁਕਮਰਾਨ ਅਤੇ ਸਾਰੀ ਲੁਕਾਈ ਅਹੰਕਾਰ ਚੰਡਾਲ ਦੀ ਮਹਾ ਵਿਨਾਸ਼ਕਾਰੀ ਬਿਰਤੀ ਦੀ ਗ਼ੁਲਾਮੀ ਵਿੱਚ ਰੱਤੀ ਹੋਈ ਕਰਮ ਕਰਦੇ ਹੋਏ ਆਪਣੇ ਦੁੱਖਾਂ, ਕਲੇਸ਼ਾਂ, ਮੁਸੀਬਤਾਂ ਅਤੇ ਸਮੱਸਿਆਵਾਂ ਨੂੰ ਸਹੇੜ ਰਹੀ ਹੈ। ਮਹਾ ਵਿਨਾਸ਼ਕਾਰੀ ਮਾਇਕੀ ਤੱਤਾਂ ਦੇ ਵਿੱਚ ਗਲਤਾਨ ਕਲਜੁਗੀ ਲੁਕਾਈ ਦਾ ਉਧਾਰ ਕਿਵੇਂ ਹੋ ਸਕਦਾ ਹੈ।

ਮਹਾ ਵਿਨਾਸ਼ਕਾਰੀ ਮਾਇਕੀ ਤੱਤਾਂ ਦੇ ਵਿੱਚ ਗਲਤਾਨ ਕਲਜੁਗੀ ਲੁਕਾਈ ਦੇ ਕਰਮ ਝੂਠ ਅਤੇ ਖੋਹ ਕੇ ਖਾਣਾ ਪ੍ਰਧਾਨ ਹੋ ਗਏ ਹਨ। ਮਹਾ ਵਿਨਾਸ਼ਕਾਰੀ ਮਾਇਕੀ ਤੱਤਾਂ ਦੇ ਵਿੱਚ ਗਲਤਾਨ ਕਲਜੁਗੀ ਹੁਕਮਰਾਨਾਂ ਦੀਆਂ ਸਰਕਾਰਾਂ ਵਿੱਚ ਅਨਿਆਈ ਦਾ ਬੋਲ-ਬਾਲਾ ਹੈ। ਮਹਾ ਵਿਨਾਸ਼ਕਾਰੀ ਮਾਇਕੀ ਤੱਤਾਂ ਦੇ ਵਿੱਚ ਗਲਤਾਨ ਕਲਜੁਗੀ ਹੁਕਮਰਾਨਾਂ ਦੀਆਂ ਸਰਕਾਰਾਂ ਨੇ ਪਰਜਾ ਦੇ ਦੁੱਖਾਂ-ਤਕਲੀਫ਼ਾਂ ਨੂੰ ਤਾਂ ਦੂਰ ਕੀ ਕਰਨਾ ਹੈ ਉਹ ਉਲਟੇ ਪਰਜਾ ਦੇ ਦੁੱਖਾਂ, ਤਕਲੀਫ਼ਾਂ, ਸਮੱਸਿਆਵਾਂ ਆਦਿ ਨੂੰ ਹੋਰ ਵਧਾਉਣ ਵਿੱਚ ਵਿਅਸਤ ਹਨ। ਮਹਾ ਵਿਨਾਸ਼ਕਾਰੀ ਤੱਤਾਂ ਦੇ ਗ਼ੁਲਾਮ ਹੁਕਮਰਾਨ ਪਾਪਾਂ ਦੀ ਕਮਾਈ ਕਰਦੇ ਹੋਏ ਆਪਣੇ ਹੀ ਘਰ ਨੂੰ ਖਾਉਣ ਦੇ ਸੰਗੀਨ ਗੁਨਾਹ ਨੂੰ ਅੰਜਾਮ ਦੇ ਰਹੇ ਹਨ। ਮਹਾ ਵਿਨਾਸ਼ਕਾਰੀ ਮਾਇਕੀ ਤੱਤਾਂ ਦੇ ਵਿੱਚ ਗਲਤਾਨ ਕਲਜੁਗੀ ਲੁਕਾਈ ਵੀ ਗਿਆਨ ਤੋਂ ਅੰਨ੍ਹੀ ਹੈ ਅਤੇ ਅਗਿਆਨਤਾ ਦੇ ਕਾਰਨ ਝੂਠ ਦੀ ਕਮਾਈ ਖਾਣ ਦਾ ਸੰਗੀਨ ਗੁਨਾਹ ਕਰ ਰਹੀ ਹੈ। ਧੰਨ ਧੰਨ ਭਾਈ ਗੁਰਦਾਸ ਜੀ ਨੇ ਕਲਜੁਗੀ ਸੰਸਾਰਿਕ ਜੀਵਨ ਦੇ ਇਨ੍ਹਾਂ ਪਰਮ ਸਤਿ ਤੱਤਾਂ ਨੂੰ ਆਪਣੀਆਂ ਵਾਰਾਂ ਵਿੱਚ ਪ੍ਰਗਟ ਕੀਤਾ ਹੈ:

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਸੇਵਕ ਬੈਠਨਿ ਘਰਾ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕ ਗਵਾਈ।
ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪ ਸਭਸ ਜਗ ਮਾਂਹੀ ॥੩੦॥

(ਭਾਈ ਗੁਰਦਾਸ ਜੀ ਵਾਰ ੧ ਪਉੜੀ ੩੦)

ਮਹਾ ਵਿਨਾਸ਼ਕਾਰੀ ਮਾਇਕੀ ਤੱਤਾਂ ਦੇ ਵਿੱਚ ਗਲਤਾਨ ਕਲਜੁਗੀ ਗੁਰੂ ਅਤੇ ਚੇਲੇ ਵੀ ਅਸਤਿ ਕਰਮਾਂ ਵਿੱਚ ਰੱਤੇ ਹੋਏ ਹਨ। ਝੂਠੇ ਧਰਮ ਪ੍ਰਚਾਰਕਾਂ ਦਾ ਬੋਲ-ਬਾਲਾ ਹੈ। ਪੂਰਨ ਸਤਿ ਤੱਤਾਂ ਤੋਂ ਰਹਿਤ ਧਰਮ ਦਾ ਝੂਠਾ ਪ੍ਰਚਾਰ ਕਲਜੁਗੀ ਲੁਕਾਈ ਨੂੰ ਹੋਰ ਅੰਧਕਾਰ ਵਿੱਚ

ਧਕੇਲ ਰਿਹਾ ਹੈ। ਮਾਇਕੀ ਬਿਰਤੀਆਂ ਦੀ ਪੂਰਤੀ ਲਈ ਅੱਜ ਦੇ ਝੂਠੇ ਧਰਮ ਪ੍ਰਚਾਰਕ ਰੂਹਾਨੀਅਤ ਦੀ ਸੇਵਾ ਨੂੰ ਆਪਣਾ ਕਿੱਤਾ ਬਣਾਉਣ ਦਾ ਸੰਗੀਨ ਦਰਗਾਹੀ ਗੁਨਾਹ ਕਰ ਰਹੇ ਹਨ। ਪਤੀ-ਪਤਨੀ ਦਾ ਪਵਿੱਤਰ ਸੰਬੰਧ ਕੇਵਲ ਸੰਸਾਰਿਕ ਪਦਾਰਥਾਂ ਅਤੇ ਸੁੱਖ-ਸੁਵਿਧਾਵਾਂ ਦੀ ਪ੍ਰਾਪਤੀ ਤੱਕ ਹੀ ਹੋ ਕੇ ਰਹਿ ਗਿਆ ਹੈ। ਮਹਾ ਵਿਨਾਸ਼ਕਾਰੀ ਮਾਇਕੀ ਤੱਤਾਂ ਦੇ ਵਿੱਚ ਗਲਤਾਨ ਕਲਜੁਗੀ ਲੁਕਾਈ ਦਾ ਜੀਵਨ ਕੇਵਲ ਪਾਪਾਂ ਦੀ ਕਮਾਈ ਯੋਗ ਹੀ ਰਹਿ ਗਿਆ ਹੈ।

ਇਸੇ ਤਰ੍ਹਾਂ ਦੇ ਨਾਲ ਸਾਰੇ ਕਲਜੁਗੀ ਜੀਵ ਕ੍ਰੋਧ ਅਤੇ ਅਹੰਕਾਰ ਚੰਡਾਲਾਂ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦੇ ਸ਼ਿਕਾਰ ਦਿਨ-ਰਾਤ ਹੋ ਰਹੇ ਹਨ। ਜਦੋਂ ਮਨੁੱਖ ਦੇ ਅਹੰਕਾਰ ’ਤੇ ਸੱਟ ਵੱਜਦੀ ਹੈ ਤਾਂ ਮਨੁੱਖ ਕ੍ਰੋਧ ਨਾਲ ਤਿਲਮਿਲਾ ਉੱਠਦਾ ਹੈ। ਜਦ ਮਨੁੱਖ ਨੂੰ ਕ੍ਰੋਧ ਆਉਂਦਾ ਹੈ ਤਾਂ ਉਸ ਦੇ ਅਹੰਕਾਰ ਦੇ ਦੂਤ ’ਤੇ ਵਾਰ ਹੁੰਦਾ ਹੈ। ਇਸ ਤਰ੍ਹਾਂ ਦੇ ਨਾਲ ਮਨੁੱਖ ਕ੍ਰੋਧ ਦੇ ਦੂਤ ਅਤੇ ਅਹੰਕਾਰ ਚੰਡਾਲ ਦੇ ਦੂਤ ਦੀ ਗ਼ੁਲਾਮੀ ਵਿੱਚ ਗ੍ਰਸਿਆ ਜਾਂਦਾ ਹੈ। ਸੰਸਾਰ ਵਿੱਚ ਕੋਈ ਐਸਾ ਮਨੁੱਖ ਨਹੀਂ ਜਿਸ ਨੂੰ ਕ੍ਰੋਧ ਨਹੀਂ ਆਉਂਦਾ ਹੈ। ਕ੍ਰੋਧ ਦਾ ਅਨੁਭਵ ਹਰ ਇੱਕ ਮਨੁੱਖ ਆਪਣੇ ਰੋਜ਼ਾਨਾ ਜੀਵਨ ਵਿੱਚ ਕਰਦਾ ਹੈ। ਕਿਉਂਕਿ ਕ੍ਰੋਧ ਮਨੁੱਖ ਨੂੰ ਉਸ ਸਮੇਂ ਆਉਂਦਾ ਹੈ ਜਦ ਉਸ ਦੇ ਅਹੰਕਾਰ ’ਤੇ ਸੱਟ ਵੱਜਦੀ ਹੈ ਇਸ ਲਈ ਕ੍ਰੋਧ ਦੇ ਦੂਤ ਅਤੇ ਅਹੰਕਾਰ ਦੇ ਦੂਤ ਮਨੁੱਖ ਨੂੰ ਇਕੱਠੇ ਹੋ ਕੇ ਘੇਰਦੇ ਹਨ। ਆਪਣੇ ਆਪ ਅਤੇ ਸਾਰੇ ਪਰਿਵਾਰਕ ਜੀਵਨ ’ਤੇ ਝਾਤੀ ਮਾਰੀਏ ਤਾਂ ਸਾਡਾ ਰੋਜ਼ਾਨਾ ਜੀਵਨ ਕ੍ਰੋਧ ਅਤੇ ਅਹੰਕਾਰ ਚੰਡਾਲ ਦੇ ਵਿਨਾਸ਼ਕਾਰੀ ਪ੍ਰਮਾਣਾਂ ਨਾਲ ਜ਼ਰੂਰ ਭਰਪੂਰ ਨਜ਼ਰ ਆਏਗਾ। ਧਰਤੀ ਉੱਪਰ ਕ੍ਰੋਧ ਅਤੇ ਅਹੰਕਾਰ ਦੇ ਦੂਤਾਂ ਦੇ ਵਿਨਾਸ਼ਕਾਰੀ ਪ੍ਰਮਾਣਾਂ ਨਾਲ ਮਨੁੱਖਾ ਇਤਿਹਾਸ ਭਰਿਆ ਪਿਆ ਹੈ। ਪੰਚਾਲੀ ਮਹਾਰਾਣੀ ਦਾ ਵਸਤਰ ਹਰਨ ਦੁਰਯੋਧਨ ਦੇ ਅਹੰਕਾਰ ਤੋਂ ਜੰਮੇ ਕ੍ਰੋਧ ਕਾਰਨ ਹੀ ਹੋਇਆ। ਮਹਾਭਾਰਤ ਵਰਗੇ ਮਹਾ ਵਿਨਾਸ਼ਕਾਰੀ ਮਹਾ ਯੁੱਧ ਦਾ ਆਗਾਸ ਦੁਰਯੋਧਨ ਦੇ ਅਹੰਕਾਰ ਦੁਆਰਾ ਜੰਮੇ ਕ੍ਰੋਧ ਨਾਲ ਹੋਇਆ। ਪੁਰਾਤਨ ਰਾਜੇ-ਮਹਾਰਾਜਿਆਂ ਦੀਆਂ ਐਸੀਆਂ ਬੇਸ਼ੁਮਾਰ ਕਥਾਵਾਂ ਇਤਿਹਾਸ ਵਿੱਚ ਦਰਜ ਹਨ ਜੋ ਕਿ ਅਹੰਕਾਰ ਅਤੇ ਕ੍ਰੋਧ ਚੰਡਾਲਾਂ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਦੀ ਗ਼ੁਲਾਮੀ ਵਿੱਚ ਰੱਤੇ ਹੋਏ ਇਨ੍ਹਾਂ ਰਾਜਿਆਂ-ਮਹਾਰਾਜਿਆਂ ਨੇ ਅੰਜਾਮ ਦਿੱਤੀਆਂ। ਜਿਨ੍ਹਾਂ ਦੇ ਫ਼ਲ਼ ਸਰੂਪ ਧਰਤੀ ਉੱਪਰ ਭਿਆਨਕ ਕਤਲੇਆਮ ਵਾਪਰਿਆ ਹੈ। ਪਿਛਲੀ ਸਦੀ ਵਿੱਚ ਵਾਪਰੇ ਦੋ ਵਿਸ਼ਵ ਮਹਾ ਯੁੱਧ ਵੀ ਅਹੰਕਾਰ ਅਤੇ ਕ੍ਰੋਧ ਚੰਡਾਲਾਂ ਦੇ ਮਹਾ ਵਿਨਾਸ਼ਕਾਰੀ ਖੇਲ ਦਾ ਹੀ ਪ੍ਰਮਾਣ ਹਨ। ਇਸ ਲਈ ਇਹ ਪਰਮ ਸਤਿ ਹੈ ਕਿ ਕ੍ਰੋਧ ਅਤੇ ਅਹੰਕਾਰ ਚੰਡਾਲਾਂ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਸਾਰੇ ਸੰਸਾਰ ਦੀ ਲੁਕਾਈ ਨੂੰ ਆਪਣਾ ਗ਼ੁਲਾਮ ਬਣਾਈ ਬੈਠੀਆਂ ਹਨ।

ਮੋਹ ਚੰਡਾਲ ਦੀ ਵਿਨਾਸ਼ਕਾਰੀ ਸ਼ਕਤੀ ਵੀ ਹਰ ਇੱਕ ਮਨੁੱਖ ਦੇ ਰੋਜ਼ਾਨਾ ਜੀਵਨ ਨੂੰ ਦੀਮਕ ਦੀ ਨਿਆਈਂ ਖਾ ਰਹੀ ਹੈ। ਇਹ ਪਰਮ ਸਤਿ ਹੈ ਕਿ ਧਰਤੀ ਉੱਪਰ ਵਿਚਰ ਰਿਹਾ ਹਰ ਇੱਕ ਮਨੁੱਖ ਮੋਹ ਚੰਡਾਲ ਦੀ ਗ਼ੁਲਾਮੀ ਤੋਂ ਵਾਂਝਾ ਨਹੀਂ ਹੈ। ਹਰ ਇੱਕ ਮਨੁੱਖ ਦੇ ਜੀਵਨ ਵਿੱਚ ਕਿਸੇ ਨਾ ਕਿਸੇ ਵਸਤੂ ਦੇ ਖੋਹੇ ਜਾਣ ਦਾ ਡਰ ਹਰ ਇੱਕ ਮਨੁੱਖ ਨੂੰ ਨਿਰੰਤਰ ਸਤਾ ਰਿਹਾ ਹੈ। ਕਿਸੇ ਨੂੰ ਧਨ-ਸੰਪਦਾ ਖੋਹੇ ਜਾਣ ਦਾ ਭਉ ਹੈ ਤਾਂ ਕਿਸੇ ਨੂੰ ਜ਼ਮੀਨ-ਜਾਇਦਾਦ ਖੋਹੇ ਜਾਣ ਦਾ ਭਉ ਸਤਾ ਰਿਹਾ ਹੈ। ਕਿਸੇ ਨੂੰ ਪਰਿਵਾਰਕ ਸੰਬੰਧਾਂ ਦੇ ਨਸ਼ਟ ਹੋਣ ਦਾ ਭਉ ਹੈ ਤਾਂ ਕਿਸੇ ਨੂੰ ਆਪਣੇ ਪਰਿਵਾਰਕ ਰਿਸ਼ਤਿਆਂ ਦੇ ਵਿਗੜ ਜਾਣ ਦਾ ਭਉ ਹੈ। ਕਿਸੇ ਨੂੰ ਆਪਣੇ ਵਪਾਰ ਵਿੱਚ ਘਾਟਾ ਹੋਣ ਦਾ ਭਉ ਹੈ ਤਾਂ ਕਿਸੇ ਨੂੰ ਆਪਣੀ ਨੌਕਰੀ ਅਤੇ ਅਹੁਦੇ

ਦੇ ਖੋਹੇ ਜਾਣ ਦਾ ਭਉ ਹੈ। ਇਹ ਖੋਹੇ ਜਾਣ ਦੇ ਭਉ ਦਾ ਨਾਮ ਹੀ ਮੋਹ ਦਾ ਚੰਡਾਲ ਹੈ। ਮੋਹ ਦਾ ਇਹ ਚੰਡਾਲ ਇਤਨਾ ਵਿਨਾਸ਼ਕਾਰੀ ਹੈ ਕਿ ਇਹ ਮਨੁੱਖ ਦੇ ਜੀਵਨ ਨੂੰ ਦੁੱਖਾਂ, ਕਲੇਸ਼ਾਂ, ਰੋਗਾਂ ਆਦਿ ਨਾਲ ਭਰਪੂਰ ਕਰ ਕੇ ਰੱਖਦਾ ਹੈ। ਮੋਹ ਦਾ ਇਹ ਵਿਨਾਸ਼ਕਾਰੀ ਚੰਡਾਲ ਮਨੁੱਖ ਦੇ ਜੀਵਨ ਨੂੰ ਨਰਕ ਸਮਾਨ ਬਣਾ ਕੇ ਰੱਖਦਾ ਹੈ। ਮੋਹ ਦਾ ਇਹ ਵਿਨਾਸ਼ਕਾਰੀ ਚੰਡਾਲ ਮਨੁੱਖ ਨੂੰ ਸਤਿ ਦੇ ਮਾਰਗ ਉੱਪਰ ਚਲਣ ਨਹੀਂ ਦਿੰਦਾ ਹੈ। ਕਿਉਂਕਿ ਕਿਸੇ ਵੀ ਭਉ ਦੇ ਵਿੱਚ ਵਿਚਰ ਰਿਹਾ ਮਨੁੱਖ ਕਦੇ ਵੀ ਪੂਰਾ ਸਤਿ ਨਹੀਂ ਬੋਲ ਸਕਦਾ ਹੈ ਤੇ ਨਾ ਹੀ ਪੂਰਨ ਸਤਿ ਦੀ ਸੇਵਾ ਕਰ ਸਕਦਾ ਹੈ। ਮੋਹ ਦਾ ਚੰਡਾਲ ਮਨੁੱਖ ਨੂੰ ਇਸ ਭਰਮ ਵਿੱਚ ਰੱਖਦਾ ਹੈ ਕਿ ਉਸ ਦਾ ਸਤਿ ਬੋਲਣਾ ਜਾਂ ਸਤਿ ਦੀ ਸੇਵਾ ਕਰਨਾ ਉਸ ਦਾ ਨੁਕਸਾਨ ਕਰ ਸਕਦਾ ਹੈ। ਇਸ ਲਈ ਮੋਹ ਦਾ ਚੰਡਾਲ ਮਨੁੱਖ ਨੂੰ ਅਸਤਿ ਦੇ ਮਾਰਗ ਉੱਪਰ ਚਲਣ ਲਈ ਮਜਬੂਰ ਕਰ ਕੇ ਰੱਖਦਾ ਹੈ। ਇਸ ਲਈ ਇਹ ਪਰਮ ਸਤਿ ਹੈ ਕਿ ਕੇਵਲ ਨਿਰਭਉ ਮਨੁੱਖ ਹੀ ਪੂਰਨ ਸਤਿ ਦੀ ਸੇਵਾ ਕਰ ਸਕਦਾ ਹੈ ਅਤੇ ਪੂਰਨ ਸਤਿ ਵਰਤਾ ਸਕਦਾ ਹੈ।

ਕਲਯੁਗੀ ਜੀਵਾਂ ਦੀ ਇਸ ਮਹਾ ਵਿਨਾਸ਼ਕਾਰੀ ਮਾਇਕੀ ਬਿਰਤੀ ਦੇ ਸਤਿ ਤੱਤਾਂ ਨੂੰ ਜਾਣਨ, ਸਮਝਣ ਅਤੇ ਮੰਨਣ ਤੋਂ ਉਪਰੰਤ; ਆਓ ! ਇਸ ਗੁਰਪ੍ਰਸਾਦੀ ਕਥਾ ਰਾਹੀਂ ਇਹ ਜਾਣਨ, ਸਮਝਣ ਅਤੇ ਮੰਨਣ ਦਾ ਯਤਨ ਕਰੀਏ ਕਿ ਬੰਦਗੀ ਵਿੱਚ ਲੀਨ ਮਨੁੱਖ ਵੀ ਕਿਵੇਂ ਰਿੱਧੀਆਂ-ਸਿੱਧੀਆਂ ਦੇ ਚਮਤਕਾਰਾਂ ਤੋਂ ਭ੍ਰਮਿਤ ਹੋ ਕੇ ਮਇਆ ਦੇ ਜਾਲ ਵਿੱਚੋਂ ਨਿਕਲ ਨਹੀਂ ਪਾਉਂਦੇ ਹਨ। ਬੰਦਗੀ ਵਿੱਚ ਲੀਨ ਪੂਰਨ ਬ੍ਰਹਮ ਗਿਆਨੀ ਮਹਾਂਪੁਰਖ ਇਸ ਪਰਮ ਸਤਿ ਦੇ ਗੁਆਹ ਹਨ ਕਿ ਜਦੋਂ ਮਨੁੱਖ ਬੰਦਗੀ ਸਿਮਰਨ ਵਿੱਚ ਡੂੰਘਾ ਉਤਰ ਜਾਂਦਾ ਹੈ ਤਾਂ ਕਰਮ ਖੰਡ ਦੀ ਅਵਸਥਾ ਵਿੱਚ ਪਹੁੰਚ ਕੇ ਇੱਕ ਸਮਾਂ ਐਸਾ ਆਉਂਦਾ ਹੈ ਜਦ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਹੁਕਮ ਅਨੁਸਾਰ ਮਨੁੱਖ ਦੇ ਸਨਮੁਖ ਮਾਇਆ ਰਿੱਧੀਆਂ-ਸਿੱਧੀਆਂ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ। ਮਾਇਆ ਰਿੱਧੀਆਂ-ਸਿੱਧੀਆਂ ਦੇ ਰੂਪ ਵਿੱਚ ਪ੍ਰਗਟ ਹੋ ਕੇ ਆਪਣੇ ਚਮਤਕਾਰਾਂ ਦੁਆਰਾ ਮਨੁੱਖ ਨੂੰ ਭਰਮਾਉਣ ਦਾ ਯਤਨ ਕਰਦੀ ਹੈ। ਇਸ ਅਵਸਥਾ ਵਿੱਚ ਰਿੱਧੀਆਂ-ਸਿੱਧੀਆਂ ਮਨੁੱਖ ਦੇ ਸਨਮੁਖ ਆਪਣੇ ਚਮਤਕਾਰੀ ਰੂਪ ਨੂੰ ਪ੍ਰਗਟ ਕਰਦੀਆਂ ਹਨ ਅਤੇ ਮਨੁੱਖ ਨੂੰ ਇਨ੍ਹਾਂ ਚਮਤਕਾਰੀ ਸ਼ਕਤੀਆਂ ਦੇ ਰੂਪਾਂ ਨੂੰ ਅੰਗੀਕਾਰ ਕਰਨ ਲਈ ਬੇਨਤੀ ਕਰਦੀਆਂ ਹਨ। ਜੋ ਮਨੁੱਖ ਰਿੱਧੀਆਂ-ਸਿੱਧੀਆਂ ਦੀਆਂ ਚਮਤਕਾਰੀ ਸ਼ਕਤੀਆਂ ਨੂੰ ਅੰਗੀਕਾਰ ਕਰ ਲੈਂਦੇ ਹਨ ਉਨ੍ਹਾਂ ਦੀ ਬੰਦਗੀ ਨੂੰ ਤਾਲਾ ਲੱਗ ਜਾਂਦਾ ਹੈ। ਭਾਵ ਜੋ ਮਨੁੱਖ ਰਿੱਧੀਆਂ-ਸਿੱਧੀਆਂ ਦੀਆਂ ਚਮਤਕਾਰੀ ਸ਼ਕਤੀਆਂ ਨੂੰ ਸਵੀਕਾਰ ਕਰ ਲੈਂਦੇ ਹਨ ਉਨ੍ਹਾਂ ਦੀ ਬੰਦਗੀ ਉਸੇ ਥਾਂ 'ਤੇ ਰੁਕ ਜਾਂਦੀ ਹੈ ਅਤੇ ਅਗਾਂਹ ਨਹੀਂ ਵੱਧਦੀ ਹੈ। ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਲਈ ਪ੍ਰੀਤ, ਸ਼ਰਧਾ ਅਤੇ ਭਰੋਸਾ ਡੂੰਘਾਈ ਵਿੱਚ ਨਹੀਂ ਉਤਰਦਾ ਉਹ ਮਨੁੱਖ ਰਿੱਧੀਆਂ-ਸਿੱਧੀਆਂ ਦੀਆਂ ਚਮਤਕਾਰੀ ਸ਼ਕਤੀਆਂ ਵਿੱਚ ਉਲਝ ਕੇ ਆਪਣੀ ਬੰਦਗੀ ਦਾ ਨੁਕਸਾਨ ਕਰ ਬੈਠਦੇ ਹਨ। ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਲਈ ਪ੍ਰੀਤ, ਸ਼ਰਧਾ ਅਤੇ ਭਰੋਸਾ ਡੂੰਘਾਈ ਵਿੱਚ ਉਤਰ ਜਾਂਦਾ ਹੈ ਉਹ ਮਨੁੱਖ ਰਿੱਧੀਆਂ-ਸਿੱਧੀਆਂ ਦੀਆਂ ਚਮਤਕਾਰੀ ਸ਼ਕਤੀਆਂ ਨੂੰ ਅਸਵੀਕਾਰ ਕਰ ਕੇ ਅਤੇ ਇਨ੍ਹਾਂ ਸ਼ਕਤੀਆਂ ਨੂੰ ਠੋਕਰ ਮਾਰ ਕੇ ਸੱਚ ਖੰਡ ਵਿੱਚ ਅੱਪੜ ਕੇ ਜੀਵਨ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਇਸ ਦੇ ਨਾਲ ਹੀ ਬੰਦਗੀ ਵਿੱਚ ਲੀਨ ਮਨੁੱਖਾਂ ਲਈ ਇੱਕ ਹੋਰ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ: (ਉਦਾਹਰਨ ਦੇ ਤੌਰ 'ਤੇ) ਕਿ ਜੇ ਕਰ ਬੰਦਗੀ ਵਿੱਚ ਲੀਨ ਮਨੁੱਖ ਦੇ ਮਨ ਵਿੱਚ ਕੋਈ ਐਸੀ ਪ੍ਰਬਲ ਇੱਛਾ ਜਨਮ

ਲੈ ਲਏ ਕਿ ਉਸ ਨੂੰ ਸਵਰਗ ਦਾ ਰਾਜ ਮਿਲ ਜਾਏ, ਵਿਸ਼ਨੂ ਲੋਕ ਦਾ ਰਾਜ ਮਿਲ ਜਾਏ, ਬ੍ਰਹਮ ਲੋਕ ਦਾ ਰਾਜ ਮਿਲ ਜਾਏ ਜਾਂ ਸ਼ਿਵ ਲੋਕ ਦਾ ਰਾਜ ਮਿਲ ਜਾਏ ਜਾਂ ਧਰਤੀ ਉੱਪਰ ਰਾਜ ਮਿਲ ਜਾਏ ਤਾਂ ਉਸ ਦੀ ਇਹ ਇੱਛਾ ਪੂਰਨ ਹੋਣ ਦੀ ਪੂਰੀ-ਪੂਰੀ ਸੰਭਾਵਨਾ ਹੁੰਦੀ ਹੈ। ਬੰਦਗੀ ਵਿੱਚ ਲੀਨ ਮਨੁੱਖ ਨੂੰ ਇਸ ਤਰ੍ਹਾਂ ਦੇ ਵਰਦਾਨਾਂ ਦੇ ਮਿਲਣ ਦੀ ਪੂਰਨ ਸੰਭਾਵਨਾ ਹੁੰਦੀ ਹੈ। ਜੋ ਮਨੁੱਖ ਇਨ੍ਹਾਂ ਵਰਦਾਨਾਂ ਦੇ ਲਾਲਚ ਵਿੱਚ ਉਲਝ ਜਾਂਦੇ ਹਨ ਉਨ੍ਹਾਂ ਦੀ ਬੰਦਗੀ ਨੂੰ ਤਾਲਾ ਲੱਗ ਜਾਂਦਾ ਹੈ। ਸਾਰੇ ਦੇਵੀ-ਦੇਵਤੇ ਇਨ੍ਹਾਂ ਵਰਦਾਨਾਂ ਦੇ ਲਾਲਚ ਵਿੱਚ ਉਲਝ ਕੇ ਹੀ ਆਪਣਾ ਜਨਮ ਗੁਆ ਲੈਂਦੇ ਹਨ ਅਤੇ ਜੀਵਨ ਮੁਕਤੀ ਪ੍ਰਾਪਤ ਕਰਨ ਵਿੱਚ ਅਸਫਲ ਹੋ ਜਾਂਦੇ ਹਨ। ਜੋ ਮਨੁੱਖ ਇਨ੍ਹਾਂ ਵਰਦਾਨਾਂ ਦੇ ਲਾਲਚ ਵਿੱਚ ਨਹੀਂ ਫਸਦੇ ਹਨ ਉਨ੍ਹਾਂ ਦੀ ਬੰਦਗੀ ਪੂਰਨ ਹੋ ਜਾਂਦੀ ਹੈ। ਇਸ ਲਈ ਬੰਦਗੀ ਵਿੱਚ ਲੀਨ ਮਨੁੱਖਾਂ ਨੂੰ ਇਨ੍ਹਾਂ ਵਰਦਾਨਾਂ ਦੇ ਲਾਲਚ ਅਤੇ ਰਿੱਧੀਆਂ-ਸਿੱਧੀਆਂ ਦੀਆਂ ਚਮਤਕਾਰੀ ਸ਼ਕਤੀਆਂ ਦੀ ਪ੍ਰਾਪਤੀ ਤੋਂ ਸੁਚੇਤ ਰਹਿਣ ਦੀ ਪੂਰੀ ਲੋੜ ਹੈ।

ਜੇਕਰ ਮਨੁੱਖ ਦੀ ਬੰਦਗੀ ਦੇ ਦੌਰਾਨ ਉਸ ਨੂੰ ਕੋਈ ਵਰਦਾਨ ਲੈਣ ਦਾ ਹੁਕਮ ਹੋਏ ਤਾਂ ਉਸ ਨੂੰ ਕੇਵਲ ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਮਹਾ ਪਰਉਪਕਾਰੀ ਸੇਵਾ ਦੇ ਗੁਰਪ੍ਰਸਾਦਿ ਦਾ ਵਰਦਾਨ ਹੀ ਮੰਗਣਾ ਚਾਹੀਦਾ ਹੈ। ਜੇਕਰ ਮਨੁੱਖ ਦੀ ਬੰਦਗੀ ਦੇ ਦੌਰਾਨ ਉਸ ਨੂੰ ਕੋਈ ਵਰਦਾਨ ਲੈਣ ਦਾ ਹੁਕਮ ਹੋਏ ਤਾਂ ਉਸ ਨੂੰ ਰਿੱਧੀਆਂ-ਸਿੱਧੀਆਂ ਅਤੇ ਮਾਇਆ ਦੇ ਹੋਰ ਰੂਪਾਂ ਦਾ ਵਰਦਾਨ ਅਸਵੀਕਾਰ ਕਰ ਦੇਣਾ ਚਾਹੀਦਾ ਹੈ। ਐਸਾ ਕਰਨ ਦੇ ਨਾਲ ਮਨੁੱਖ ਮਾਇਆ ਦੀ ਇਸ ਕਰੜੀ ਪਰੀਖਿਆ ਵਿੱਚੋਂ ਸਫ਼ਲ ਹੋ ਜਾਏਗਾ ਅਤੇ ਉਸ ਦੀ ਬੰਦਗੀ ਪੂਰਨ ਹੋ ਜਾਏਗੀ। ਜਿਸ ਦੇ ਫ਼ਲ਼ ਸਰੂਪ ਉਸ ਨੂੰ ਜੀਵਨ ਮੁਕਤੀ ਪ੍ਰਾਪਤ ਹੋ ਜਾਏਗੀ। ਇਹ ਪਰਮ ਸਤਿ ਹੈ ਕਿ ਜੋ ਮਨੁੱਖ ਮਾਇਆ ਦੀ ਇਸ ਪਰੀਖਿਆ ਵਿੱਚ ਸਫ਼ਲ ਨਹੀਂ ਹੁੰਦੇ ਅਤੇ ਰਿੱਧੀਆਂ-ਸਿੱਧੀਆਂ ਦੀਆਂ ਚਮਤਕਾਰੀ ਸ਼ਕਤੀਆਂ ਅਤੇ ਮਇਆ ਦੇ ਹੋਰ ਰੂਪਾਂ ਵਿੱਚ ਭ੍ਰਮਿਤ ਹੋ ਕੇ ਜੀਵਨ ਮੁਕਤੀ ਪ੍ਰਾਪਤ ਕਰਨ ਦਾ ਸੁਨਿਹਰੀ ਮੌਕਾ ਗੁਆ ਬੈਠਦੇ ਹਨ। ਪਰੰਤੂ ਜੋ ਮਨੁੱਖ ਆਪਣੀ ਬੰਦਗੀ ਪੂਰਨ ਕਰਨ ਵਿੱਚ ਸਫ਼ਲ ਹੋ ਜਾਂਦੇ ਹਨ ਉਨ੍ਹਾਂ ਨੂੰ ਤਾਂ ਜੀਵਨ ਮੁਕਤੀ ਦੇ ਨਾਲ ਹੀ ੧੪ ਲੋਕ-ਪਰਲੋਕ ਦਾ ਰਾਜ ਵੀ ਪ੍ਰਾਪਤ ਹੋ ਜਾਂਦਾ ਹੈ। ਜੀਵਨ ਮੁਕਤੀ ਦੇ ਨਾਲ ਐਸਾ ਮਨੁੱਖ ਪੂਰਨ ਸਤਿਗੁਰੂ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ ਅਤੇ ਪੂਰਨ ਖ਼ਾਲਸੇ ਦੀ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ। ਇਹ ਪਰਮ ਸਤਿ ਹੈ ਕਿ ਪੂਰਨ ਸਤਿਗੁਰੂ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ ਅਤੇ ਪੂਰਨ ਖ਼ਾਲਸੇ ਦੀ ਅਵਸਥਾ ਵਿੱਚ ਅੱਪੜੇ ਹੋਏ ਮਨੁੱਖ ਦੀ ਮਾਇਆ ਗ਼ੁਲਾਮ ਬਣ ਜਾਂਦੀ ਹੈ ਅਤੇ ਉਸ ਦੇ ਚਰਨਾਂ ਵਿੱਚ ਆ ਜਾਂਦੀ ਹੈ। ਪੂਰਨ ਸਤਿਗੁਰੂ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ ਅਤੇ ਪੂਰਨ ਖ਼ਾਲਸੇ ਦੀ ਮਾਇਆ ਦਾਸੀ ਬਣ ਜਾਂਦੀ ਹੈ ਅਤੇ ਸੇਵਾ ਕਰਦੀ ਹੈ। ਇਸ ਲਈ ਸਵਰਗ ਲੋਕ ਦੇ ਰਾਜ, ਵਿਸ਼ਨੂ ਲੋਕ ਦੇ ਰਾਜ, ਬ੍ਰਹਮ ਲੋਕ ਦੇ ਰਾਜ ਜਾਂ ਸ਼ਿਵ ਲੋਕ ਦੇ ਰਾਜ ਨਾਲੋਂ ਜੀਵਨ ਮੁਕਤੀ ਦਾ ਮਹਾਤਮ ਬਹੁਤ ਵੱਡਾ ਹੈ। ਕਿਉਂਕਿ ਸਾਰੇ ਦੇਵੀ-ਦੇਵਤਿਆਂ ਨੂੰ ਪੂਰਨ ਸਤਿਗੁਰੂ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ ਅਤੇ ਪੂਰਨ ਖ਼ਾਲਸੇ ਦੇ ਚਰਨਾਂ 'ਤੇ ਸੀਸ ਝੁਕਾਉਣਾ ਪੈਂਦਾ ਹੈ। ਪੂਰਨ ਸਤਿਗੁਰੂ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ ਅਤੇ ਪੂਰਨ ਖ਼ਾਲਸੇ ਦਾ ਹੁਕਮ ਦਰਗਾਹ ਵਿੱਚ ਵੀ ਪ੍ਰਵਾਨ ਹੁੰਦਾ ਹੈ। ਪੂਰਨ ਸਤਿਗੁਰੂ, ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ ਅਤੇ ਪੂਰਨ ਖ਼ਾਲਸੇ ਦੇ ਸਤਿ ਬਚਨਾਂ ਦੇ ਅੱਗੇ ਸਤਿ ਪਾਰਬ੍ਰਹਮ ਪਰਮੇਸ਼ਰ ਵੀ ਸੀਸ ਝੁਕਾਉਂਦਾ ਹੈ ਅਤੇ ਇਨ੍ਹਾਂ ਸਤਿ ਬਚਨਾਂ ਨੂੰ ਪੂਰਾ ਕਰਦਾ ਹੈ। ਇਸੇ ਲਈ ਪੂਰਨ ਸਤਿਗੁਰੂ, ਪੂਰਨ ਸੰਤ,

ਪੂਰਨ ਬ੍ਰਹਮ ਗਿਆਨੀ ਅਤੇ ਪੂਰਨ ਖ਼ਾਲਸੇ ਨੂੰ ਗੁਰਬਾਣੀ ਵਿੱਚ ਪਰਮੇਸ਼ਰ, ਵਿਧਾਤਾ ਅਤੇ ਨਿਰੰਕਾਰ ਦਾ ਦਰਜਾ ਦਿੱਤਾ ਗਿਆ ਹੈ।

ਜੀਵਨ ਮੁਕਤੀ ਦੀ ਜੁਗਤੀ ਕੇਵਲ ਸਤਿਗੁਰੂ ਪੂਰੇ ਕੋਲੋਂ ਹੀ ਪ੍ਰਾਪਤ ਹੋ ਸਕਦੀ ਹੈ। ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕੇਵਲ ਸਤਿਗੁਰੂ ਪੂਰੇ ਦੀ ਪ੍ਰਾਪਤੀ ਅਤੇ ਉਸ ਦੀ ਸਤਿ ਸੰਗਤ ਕਰਨ ਨਾਲ ਹੀ ਹੁੰਦੀ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਕੇਵਲ ਸਤਿਗੁਰੂ ਪੂਰੇ ਦੀ ਚਰਨ-ਸ਼ਰਨ ਵਿੱਚੋਂ ਹੀ ਹੁੰਦੀ ਹੈ। ਪੂਰਨ ਬੰਦਗੀ ਦਾ ਗੁਰਪ੍ਰਸਾਦਿ ਕੇਵਲ ਸਤਿਗੁਰੂ ਪੂਰੇ ਦੇ ਸਤਿ ਚਰਨਾਂ ’ਤੇ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਕੀਤੇ ਗਏ ਪੂਰਨ ਸਮਰਪਣ ਨਾਲ ਹੀ ਹੁੰਦਾ ਹੈ। ਸਤਿ ਤੱਤ ਦੀ ਪ੍ਰਾਪਤੀ ਕੇਵਲ ਸਤਿਗੁਰੂ ਪੂਰੇ ਦੀ ਕਿਰਪਾ ਸ਼ਕਤੀ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਜਦ ਸਤਿਗੁਰੂ ਪੂਰੇ ਵਿੱਚ ਪ੍ਰਗਟ ਹੋਏ ਸਤਿ ਤੱਤ ਦਾ ਉਸ ਦੀ ਚਰਨ-ਸ਼ਰਨ ਵਿੱਚ ਆਏ ਮਨੁੱਖ ਦੇ ਸਤਿ ਤੱਤ ਨਾਲ ਸੁਮੇਲ ਹੁੰਦਾ ਹੈ ਤਾਂ ਸੁਹਾਗਣ ਦਾ ਜਨਮ ਹੁੰਦਾ ਹੈ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਇਸ ਤਰ੍ਹਾਂ ਨਾਲ ਸਤਿਗੁਰੂ ਪੂਰੇ ਵਿੱਚ ਪ੍ਰਗਟ ਹੋਈ ਜੋਤ ਉਸ ਦੀ ਚਰਨ-ਸ਼ਰਨ ਵਿੱਚ ਆਏ ਮਨੁੱਖ ਵਿੱਚ ਸਥਿਤ ਜੋਤ ਨੂੰ ਪ੍ਰਕਾਸ਼ਮਾਨ ਕਰ ਦਿੰਦੀ ਹੈ ਅਤੇ ਨਵੀਂ ਸੁਹਾਗਣ ਧਰਤੀ ਉੱਪਰ ਪ੍ਰਗਟ ਹੁੰਦੀ ਹੈ। ਸ਼ਬਦ-ਸੁਰਤਿ ਦਾ ਸੁਮੇਲ ਕੇਵਲ ਪੂਰੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਹੁੰਦਾ ਹੈ। ਸਤਿਨਾਮ, ਸਤਿਨਾਮ ਸਿਮਰਨ, ਸਮਾਧੀ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਕੇਵਲ ਸਤਿਗੁਰੂ ਪੂਰੇ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਹੁੰਦੀ ਹੈ। ਸਤਿ ਸਰੋਵਰ ਕੇਵਲ ਪੂਰੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਪ੍ਰਕਾਸ਼ਮਾਨ ਹੁੰਦੇ ਹਨ। ਬਜਰ ਕਪਾਟ ਕੇਵਲ ਸਤਿਗੁਰੂ ਪੂਰੇ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਖੁੱਲ੍ਹਦੇ ਹਨ। ਰੋਮ-ਰੋਮ ਸਿਮਰਨ ਕੇਵਲ ਸਤਿਗੁਰੂ ਪੂਰੇ ਦੀ ਚਰਨ-ਸ਼ਰਨ ਵਿੱਚੋਂ ਹੀ ਪ੍ਰਗਟ ਹੁੰਦਾ ਹੈ। ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਪਹੁੰਚ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕੇਵਲ ਸਤਿਗੁਰੂ ਪੂਰੇ ਦੇ ਸਤਿ ਚਰਨਾਂ ’ਤੇ ਪੂਰਨ ਸਮਰਪਣ ਕਰਨ ਨਾਲ ਹੀ ਹੁੰਦੇ ਹਨ। ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਕੇਵਲ ਪੂਰੇ ਸਤਿਗੁਰੂ ਦੇ ਸਤਿ ਚਰਨਾਂ ’ਤੇ ਪੂਰਨ ਸਮਰਪਣ ਕਰਨ ਨਾਲ ਹੀ ਹੁੰਦੀ ਹੈ। ਸਦਾ ਸੁਹਾਗ ਦੀ ਪ੍ਰਾਪਤੀ ਕੇਵਲ ਪੂਰੇ ਸਤਿਗੁਰੂ ਦੇ ਸਤਿ ਚਰਨਾਂ ’ਤੇ ਪੂਰਨ ਸਮਰਪਣ ਕਰਨ ਨਾਲ ਹੀ ਹੁੰਦੀ ਹੈ।

■

ਅਨੰਦੁ ਸਾਹਿਬ-ਪਉੜੀ ੨੮-੨੯

ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥
ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥
ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ ॥
ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ ॥
ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ ॥੨੮॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੦-੯੨੧)

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥
ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥
ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ
ਤਿਨੀ ਵਿਚੇ ਮਾਇਆ ਪਾਇਆ ॥੨੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੧)

ਗੁਰਬਾਣੀ ਅਨੁਸਾਰ ਮਨੁੱਖੀ ਜੀਵਨ ਨੂੰ ਵਣਜਾਰਾ ਕਿਹਾ ਗਿਆ ਹੈ। ਇਸ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ ਕਿ ਮਨੁੱਖਾ ਜਨਮ ਅਤੇ ਜੀਵਨ ਦੀ ਸਿਰਜਣਾ ਕਿਸ ਵਸਤੂ ਦਾ ਵਣਜ ਕਰਨ ਲਈ ਹੋਈ ਹੈ ? ਮਨੁੱਖਾ ਜਨਮ ਅਤੇ ਜੀਵਨ ਦਾ ਕੀ ਮੰਤਵ ਹੈ ? ਮਨੁੱਖਾ ਜਨਮ ਅਤੇ ਜੀਵਨ ਦਾ ਕੀ ਉਦੇਸ਼ ਹੈ ? ਮਨੁੱਖਾ ਜਨਮ ਅਤੇ ਜੀਵਨ ਕਿਉਂ ਮਿਲਿਆ ਹੈ ? ਮਨੁੱਖਾ ਜਨਮ ਵਿੱਚ ਆ ਕੇ ਮਨੁੱਖ ਨੇ ਕਿਹੜਾ ਕਾਰਜ ਸਿੱਧ ਕਰਨਾ ਹੈ ? ਗੁਰਬਾਣੀ ਅਨੁਸਾਰ ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਕੇਵਲ ਇੱਕੋ ਹੀ ਹੈ: ਮਨੁੱਖਾ ਜਨਮ ਦੀ ਸਿਰਜਣਾ ਸੰਸਾਰ ਵਿੱਚ ਵਿਚਰਦੇ ਹੋਏ ਪੂਰਨ ਸਤਿ ਦਾ ਵਣਜ ਕਰਨ ਲਈ ਹੋਈ ਹੈ। ਭਾਵ ਮਨੁੱਖਾ ਜਨਮ ਅਤੇ ਜੀਵਨ ਦੀ ਸਿਰਜਣਾ ਕੇਵਲ ਪੂਰਨ ਸਤਿ ਨੂੰ ਸੁਣਨ, ਸਮਝਣ, ਮੰਨਣ ਅਤੇ ਪੂਰਨ ਸਤਿ ਦੀ ਸੇਵਾ-ਸੰਭਾਲਤਾ ਲਈ ਹੀ ਹੋਈ ਹੈ। ਮਨੁੱਖਾ ਜਨਮ ਅਤੇ ਜੀਵਨ ਦੀ ਸਿਰਜਣਾ ਕੇਵਲ ਪੂਰਨ ਸਤਿ ਨੂੰ ਕਮਾਉਣ ਲਈ ਹੀ ਹੋਈ ਹੈ। ਮਨੁੱਖਾ ਜਨਮ ਅਤੇ ਜੀਵਨ ਦੀ ਸਿਰਜਣਾ ਕੇਵਲ ਪੂਰਨ ਸਤਿ ਵਿੱਚ ਸਮਾਉਣ ਲਈ ਹੀ ਹੋਈ ਹੈ। ਮਨੁੱਖਾ ਜਨਮ ਅਤੇ ਜੀਵਨ ਦੀ ਸਿਰਜਣਾ ਕੇਵਲ ਪੂਰਨ ਸਤਿ ਵਿੱਚ ਸਮਾ ਕੇ ਪੂਰਨ ਸਤਿ ਨੂੰ ਵਰਤਾਉਣ ਲਈ ਹੀ ਹੋਈ ਹੈ। ਭਾਵ ਜੋ ਮਨੁੱਖ ਆਪਣੇ ਜੀਵਨ ਵਿੱਚ ਪੂਰਨ ਸਤਿ ਦੀ ਸੇਵਾ ਕਰਦੇ ਹੋਏ ਪੂਰਨ ਸਤਿ ਵਿੱਚ ਸਮਾ ਜਾਂਦੇ ਹਨ ਉਨ੍ਹਾਂ ਨੂੰ ਪੂਰਨ ਸਤਿ ਲੁਕਾਈ ਨੂੰ ਵਰਤਾਉਣ ਦੀ

ਮਹਾ ਪਰਉਪਕਾਰੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਇਸ ਲਈ ਮਨੁੱਖਾ ਜਨਮ ਅਤੇ ਜੀਵਨ ਦਾ ਕੇਵਲ ਇੱਕੋ ਇੱਕ ਹੀ ਮੰਤਵ ਹੈ: ਪੂਰਨ ਸਤਿ ਦਾ ਵਣਜ ਵਪਾਰ ਕਰਨਾ। ਪੂਰਨ ਸਤਿ ਦਾ ਵਣਜ ਵਪਾਰ ਕਰਨਾ ਹੀ ਮਨੁੱਖਾ ਜਨਮ ਅਤੇ ਜੀਵਨ ਦਾ ਇੱਕ ਮਾਤਰ ਲਕਸ਼ ਹੈ। ਪੂਰਨ ਸਤਿ ਨੂੰ ਕਮਾਉਣਾ, ਪੂਰਨ ਸਤਿ ਵਿੱਚ ਸਮਾਉਣਾ ਅਤੇ ਪੂਰਨ ਸਤਿ ਨੂੰ ਵਰਤਾਉਣਾ ਹੀ ਮਨੁੱਖਾ ਜਨਮ ਅਤੇ ਜੀਵਨ ਦਾ ਇੱਕ ਮਾਤਰ ਉਦੇਸ਼ ਹੈ।

ਗੁਰਬਾਣੀ ਅਨੁਸਾਰ ਮਨੁੱਖਾ ਜੀਵਨ ਨੂੰ ਚਾਰ ਪਹਿਰ (ਸਮੇਂ ਦੀ ਇਕਾਈ ਦੇ ਅਨੁਸਾਰ ਦਿਨ ਅਤੇ ਰਾਤ) ਦੇ ਤੁੱਲ ਕਿਹਾ ਗਿਆ ਹੈ। ਮਨੁੱਖੀ ਜੀਵਨ ਦਾ ਪਹਿਲਾ ਪਹਿਰ ਮਾਤਾ ਦੇ ਗਰਭ ਵਿੱਚ ਆਰੰਭ ਹੁੰਦਾ ਹੈ। ਜਦ ਮਨੁੱਖੀ ਰੂਹ ਦੀ ਸਥਾਪਨਾ ਮਾਤਾ ਦੇ ਗਰਭ ਵਿੱਚ ਹੋ ਜਾਂਦੀ ਹੈ ਤਾਂ ਮਨੁੱਖ ਦੇ ਜੀਵਨ ਦੇ ਪਹਿਲੇ ਪਹਿਰ ਦਾ ਆਰੰਭ ਹੋ ਜਾਂਦਾ ਹੈ। ਜਨਮ ਤੋਂ ਪਹਿਲਾਂ ਮਨੁੱਖ ਦੀ ਰੂਹ ਨੂੰ ਆਪਣੇ ਆਪ ਬਾਰੇ ਪੂਰਨ ਗਿਆਨ ਹੁੰਦਾ ਹੈ। ਭਾਵ ਰੂਹ ਨੂੰ ਆਪਣੇ ਪਿਛਲੇ ਜਨਮਾਂ-ਜਨਮਾਂਤਰਾਂ ਦੇ ਬਾਰੇ ਪੂਰਨ ਗਿਆਨ ਹੁੰਦਾ ਹੈ। ਪਿਛਲੇ ਜਨਮਾਂ ਵਿੱਚ ਆਪਣੇ ਮਾੜੇ-ਚੰਗੇ ਸਾਰੇ ਕਰਮਾਂ ਦਾ ਪੂਰਾ-ਪੂਰਾ ਗਿਆਨ ਹੁੰਦਾ ਹੈ। ਆਪਣੇ ਪਿਛਲੇ ਜਨਮ ਦੇ ਕਰਮਾਂ ਅਨੁਸਾਰ ਨਰਕ ਦੇ ਦੁੱਖਾਂ, ਤਕਲੀਫ਼ਾਂ, ਕਸ਼ਟਾਂ ਅਤੇ ਜਮਾਂ ਦੀ ਮਾਰ ਸਹਾਰਨ ਅਤੇ ਸਵਰਗ ਦੇ ਸੁੱਖਾਂ ਦਾ ਭੋਗ ਕਰਨ ਤੋਂ ਉਪਰੰਤ ਹੀ ਮਨੁੱਖਾ ਜਨਮ ਵਿੱਚ ਮੁੜ ਕੇ ਆਉਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਆਪਣੇ ਪਿਛਲੇ ਜਨਮਾਂ ਵਿੱਚ ਕੀਤੇ ਗਏ ਮਾੜੇ ਕਰਮਾਂ ਦੇ ਅਨੁਸਾਰ ਨਰਕ ਵਿੱਚ ਜਦ ਜਮਾਂ ਦੀ ਅਸਹਿ ਮਾਰ ਪੈਂਦੀ ਹੈ ਤਾਂ ਮਨੁੱਖ ਦੀ ਰੂਹ ਕੰਬ ਉੱਠਦੀ ਹੈ ਅਤੇ ਉਹ ਰੋਂਦਾ-ਕੁਰਲਾਂਦਾ ਹੋਇਆ ਆਪਣੇ ਆਪ ਨਾਲ ਇਹ ਵਾਅਦਾ ਕਰਦਾ ਹੈ ਕਿ ਹੁਣ ਆਉਣ ਵਾਲੇ ਸਮੇਂ ਵਿੱਚ ਪ੍ਰਾਪਤ ਹੋਣ ਵਾਲੇ ਜਨਮ ਅਤੇ ਜੀਵਨ ਵਿੱਚ ਉਹ ਕਦੇ ਵੀ ਕੋਈ ਕੂੜ ਕਰਮ ਨਹੀਂ ਕਰੇਗਾ ਅਤੇ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਕਰੇਗਾ। ਕਾਲ ਦੇ ਚੱਕਰ ਵਿੱਚ ਬੁਰੀ ਤਰ੍ਹਾਂ ਨਾਲ ਫਸੀ ਹੋਈ ਮਨੁੱਖ ਦੀ ਰੂਹ ਨੂੰ ਸਾਰੇ ਮਾੜੇ-ਚੰਗੇ ਕਰਮਾਂ ਦਾ ਬੋਝ ਚੁੱਕਣਾ ਪੈਂਦਾ ਹੈ। ਮਨੁੱਖਾ ਜਨਮ ਵਿੱਚ ਮਨੁੱਖ ਕਈ ਐਸੇ ਵਿਨਾਸ਼ਕਾਰੀ ਕਰਮ ਕਰ ਬੈਠਦਾ ਹੈ ਜਿਨ੍ਹਾਂ ਕਰਮਾਂ ਦੀ ਧਰਤੀ ਉੱਪਰ ਸਜ਼ਾ ਉਪਲਬਧ ਨਹੀਂ ਹੈ। ਐਸੇ ਵਿਨਾਸ਼ਕਾਰੀ ਕਰਮਾਂ ਦੀ ਭਿਆਨਕ ਸਜ਼ਾ ਮਨੁੱਖ ਨੂੰ ਕੇਵਲ ਨਰਕ ਦੇ ਵਿੱਚ ਹੀ ਦਿੱਤੀ ਜਾ ਸਕਦੀ ਹੈ। ਇਸ ਲਈ ਇਨ੍ਹਾਂ ਮਹਾ ਵਿਨਾਸ਼ਕਾਰੀ ਕਰਮਾਂ ਦੀ ਅਤਿਅੰਤ ਕਸ਼ਟਦਾਈ ਸਜ਼ਾ ਨੂੰ ਭੁਗਤਣ ਲਈ ਮਨੁੱਖ ਨੂੰ ਨਰਕ ਦੀ ਯਾਤਰਾ ਕਰਨੀ ਪੈਂਦੀ ਹੈ। ਨਰਕ ਵਿੱਚ ਜਦ ਜਮਦੂਤਾਂ ਦੀ ਅਸਹਿ ਮਾਰ ਪੈਂਦੀ ਹੈ ਤਾਂ ਮਨੁੱਖ ਨੂੰ ਇਹ ਗਿਆਨ ਹੁੰਦਾ ਹੈ ਕਿ ਉਸ ਦੇ ਕਰਮ ਕਿਤਨੇ ਵਿਨਾਸ਼ਕਾਰੀ ਸਨ। ਨਰਕ ਦੀ ਯਾਤਰਾ ਕਰਦੇ ਹੋਏ ਅਤੇ ਇਹ ਸਭ ਮਹਾ ਕਸ਼ਟਦਾਈ ਸਜ਼ਾਵਾਂ ਨੂੰ ਭੁਗਤਣ ਅਤੇ ਸਹਿਣ 'ਤੇ ਮਨੁੱਖ ਨੂੰ ਇਹ ਸੋਝੀ ਪੈਂਦੀ ਹੈ ਕਿ ਉਸਨੇ ਆਪਣਾ ਅਮੁੱਲਾ ਮਨੁੱਖਾ ਜਨਮ ਕਿਵੇਂ ਗੁਆਇਆ ਹੈ। ਇਸੇ ਲਈ ਉਹ ਆਪਣੇ ਆਪ ਨਾਲ ਇਹ ਵਾਅਦਾ ਕਰਦਾ ਹੈ ਕਿ ਅਗਲੇ ਜਨਮ ਵਿੱਚ ਉਹ ਸਦਾ-ਸਦਾ ਕੇਵਲ ਸਤਿ ਦੀ ਕਰਨੀ ਹੀ ਕਰੇਗਾ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਹੀ ਕਰੇਗਾ। ਇਸ ਲਈ ਇਸ ਪਰਮ ਸਤਿ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ ਕਿ ਮਾਤਾ ਦੇ ਗਰਭ ਵਿੱਚ ਸਥਿਤ ਹੁੰਦੇ ਹੀ ਮਨੁੱਖ ਸਤਿ ਪਾਰਬ੍ਰਹਮ ਦੇ ਸਿਮਰਨ ਵਿੱਚ ਲੀਨ ਹੋ ਜਾਂਦਾ ਹੈ।

ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥
ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੧੩)

ਗੁਰਬਾਣੀ ਵਿੱਚ ਇਸ ਪਰਮ ਸਤਿ ਨੂੰ ਪ੍ਰਗਟ ਕੀਤਾ ਗਿਆ ਹੈ ਕਿ ਮਾਤਾ ਦੇ ਗਰਭ ਵਿੱਚ ਵਾਸ ਕੁੰਭੀ ਨਰਕ ਦੇ ਵਿੱਚ ਵਾਸ ਦੇ ਤੁੱਲ ਹੈ। ਮਾਤਾ ਦੇ ਗਰਭ ਵਿੱਚ ਵਾਸ ਬਿਸ਼ਟਾ ਦੇ ਵਿੱਚ ਵੱਸ ਰਹੇ ਕਿਰਮ ਜੰਤ ਦੇ ਸਮਾਨ ਹੈ। ਮਾਤਾ ਦਾ ਗਰਭ ਦੁੱਖਾਂ ਦਾ ਸਾਗਰ ਹੈ। ਮਾਤਾ ਦੇ ਗਰਭ ਵਿੱਚ ਮਨੁੱਖ ੯ ਮਹੀਨੇ ਤੱਕ ਜਿਵੇਂ ਕੁੰਭੀ ਨਰਕ ਬਿਸ਼ਟਾ ਦੇ ਵਿੱਚ ਪੁੱਠਾ ਲਟਕਿਆ ਰਹਿੰਦਾ ਹੈ। ਜਨਮ-ਮਰਨ ਦੇ ਗੇੜ ਵਿੱਚ ਫਸਿਆ ਹੋਇਆ ਮਨੁੱਖ ਇਲਾਹੀ ਦਰਗਾਹੀ ਹੁਕਮ ਅਨੁਸਾਰ ਮਾਤਾ ਦੇ ਗਰਭ ਵਿੱਚ ਆਉਂਦਾ ਹੈ। ਜਦ ਤੱਕ ਮਨੁੱਖ ਜਨਮ-ਮਰਨ ਦੇ ਚੱਕਰ ਤੋਂ ਮੁਕਤ ਨਹੀਂ ਹੁੰਦਾ ਉਦੋਂ ਤੱਕ ਉਸ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਗਾਹੀ ਵਿਧਾਨ (ਕਰਮ ਦਾ ਵਿਧਾਨ) ਦੇ ਅਨੁਸਾਰ ਇਸ ਕੁੰਭੀ ਨਰਕ ਵਿੱਚੋਂ ਬਾਰ-ਬਾਰ ਨਿਕਲਣਾ ਪੈਂਦਾ ਹੈ। ਮਾਤਾ ਦਾ ਗਰਭ ਇੱਕ ਕੁੰਭੀ ਨਰਕ ਦੇ ਸਮਾਨ ਹੈ, ਇਸ ਪਰਮ ਸਤਿ ਦਾ ਗਿਆਨ ਮਨੁੱਖ ਨੂੰ ਮਾਤਾ ਦੇ ਗਰਭ ਵਿੱਚ ਸਥਿਤ ਹੋਣ 'ਤੇ ਹੀ ਹੁੰਦਾ ਹੈ। ਇਸ ਲਈ ਕੁੰਭੀ ਨਰਕ ਸਮਾਨ ਮਾਤਾ ਦੇ ਗਰਭ ਵਿੱਚ ਪੁੱਠਾ ਲਟਕਿਆ ਹੋਇਆ ਮਨੁੱਖ ਤੌਬਾ ਕਰਦਾ ਹੈ ਅਤੇ ਸਤਿ ਪਾਰਬ੍ਰਹਮ ਦੇ ਸਤਿ ਚਰਨਾਂ 'ਤੇ ਅਰਦਾਸਾਂ, ਜੋਦੜੀਆਂ, ਬੇਨਤੀਆਂ ਕਰਦਾ ਹੈ ਕਿ ਹੁਣ ਉਹ ਆਪਣੇ ਮਨੁੱਖਾ ਜਨਮ ਜੀਵਨ ਵਿੱਚ ਕੇਵਲ ਪੂਰਨ ਸਤਿ ਦਾ ਹੀ ਵਣਜ ਕਰੇਗਾ। ਇਸ ਲਈ ਕੁੰਭੀ ਨਰਕ ਵਿੱਚ ਪੁੱਠਾ ਲਟਕਿਆ ਹੋਇਆ ਮਾਤਾ ਦੇ ਗਰਭ ਵਿੱਚ ਸਥਿਤ ਜਨਮ-ਮਰਨ ਦੇ ਦੁੱਖਾਂ ਤੋਂ ਨਿਵਿਰਤ ਹੋਣ ਲਈ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਿਮਰਨ ਵਿੱਚ ਨਿਰੰਤਰ ਲੀਨ ਰਹਿੰਦਾ ਹੈ। ਭਾਵ ਇਸ ਅਵਸਥਾ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਮਨੁੱਖ ਉੱਪਰ ਬੇਅੰਤ ਦਇਆ ਕਰਦਾ ਹੈ ਅਤੇ ਉਸ ਦੀਆਂ ਅਰਦਾਸਾਂ, ਜੋਦੜੀਆਂ, ਬੇਨਤੀਆਂ ਨੂੰ ਸੁਣ ਕੇ ਉਸ ਨੂੰ ਆਪਣੇ ਸਿਮਰਨ ਦੇ ਵਿੱਚ ਜੋੜੀ ਰੱਖਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਦਇਆ ਦਾ ਸਦਕਾ ਮਨੁੱਖ ਮਾਤਾ ਦੇ ਗਰਭ ਵਿੱਚ ਇਸ ਨਰਕ ਅਗਨ ਵਿੱਚ ਵੀ ਸੁਰੱਖਿਅਤ ਰਹਿੰਦਾ ਹੈ। ਇਸ ਤਰ੍ਹਾਂ ਦੇ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਿਮਰਨ ਵਿੱਚ ਲੀਨ ਮਾਤਾ ਦੇ ਗਰਭ (ਕੁੰਭੀ ਨਰਕ) ਵਿੱਚ ਪੁੱਠੇ ਲਟਕੇ ਹੋਏ ਮਨੁੱਖ ਦੇ ੯ ਮਹੀਨੇ ਬਤੀਤ ਹੋ ਜਾਂਦੇ ਹਨ। ਇਨ੍ਹਾਂ ਪਰਮ ਸਤਿ ਤੱਤਾਂ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥
ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੧੦)

ਮਨੁ ਚੰਚਲੁ ਬਹੁ ਚੋਟਾ ਖਾਇ ॥ ਏਥਹੁ ਛੁੜਕਿਆ ਠਉਰ ਨ ਪਾਇ ॥
ਗਰਭ ਜੋਨਿ ਵਿਸਟਾ ਕਾ ਵਾਸੁ ॥ ਤਿਤੁ ਘਰਿ ਮਨਮੁਖੁ ਕਰੇ ਨਿਵਾਸੁ ॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੬੨)

ਮਾਤ ਗਰਭ ਦੁਖ ਸਾਗਰੋ ਪਿਆਰੇ ਤਹ ਅਪਣਾ ਨਾਮੁ ਜਪਾਇਆ ॥
ਬਾਹਰਿ ਕਾਢਿ ਬਿਖੁ ਪਸਰੀਆ ਪਿਆਰੇ ਮਾਇਆ ਮੋਹੁ ਵਧਾਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੪੦)

ਨਵੇਂ ਜੰਮੇ ਬੱਚੇ ਦੀਆਂ ਅੱਖਾਂ ਭਾਵੇਂ ਖੁੱਲ੍ਹੀਆਂ ਹੋਣ ਪਰੰਤੂ ਉਸ ਨੂੰ ਸੰਸਾਰ ਨਜ਼ਰ ਨਹੀਂ ਆਉਂਦਾ ਹੈ। ਭਾਵ ਨਵੇਂ ਜੰਮੇ ਬੱਚੇ ਦੀਆਂ ਅੱਖਾਂ ਤੋਂ ਕੁਝ ਸਮੇਂ ਤੱਕ ਕੁਝ ਦਿੱਸਦਾ ਨਹੀਂ

ਹੈ। ਹੌਲੀ-ਹੌਲੀ ਕੁਝ ਹਫ਼ਤਿਆਂ ਤੋਂ ਉਪਰੰਤ ਉਸ ਦੀਆਂ ਅੱਖਾਂ ਵਿੱਚ ਸੂਰਜ ਦੀ ਰੋਸ਼ਨੀ ਦੇ ਨਾਲ ਦਿੱਸਣ ਦੀ ਸ਼ਕਤੀ ਆ ਜਾਂਦੀ ਹੈ। ਜਦ ਤੱਕ ਬੱਚੇ ਦੀਆਂ ਅੱਖਾਂ ਦੇਖ ਨਹੀਂ ਸਕਦੀਆਂ ਹਨ ਤਦ ਤੱਕ ਉਸ ਦੀ ਸਿਮਰਨ ਵਿੱਚ ਸੁਰਤਿ ਜੁੜੀ ਰਹਿੰਦੀ ਹੈ। ਇਸੇ ਲਈ ਨਵੇਂ ਜੰਮੇ ਬੱਚੇ ਨੂੰ ਨੀਂਦ ਬਹੁਤ ਆਉਂਦੀ ਹੈ। ਉਹ ੨੪ ਘੰਟੇ ਵਿੱਚੋਂ ਲੱਗਭਗ ੧੮ ਘੰਟੇ ਸੁੱਤਾ ਰਹਿੰਦਾ ਹੈ। ਜਦ ਨਵੇਂ ਜੰਮੇ ਬੱਚੇ ਦੀਆਂ ਅੱਖਾਂ ਵਿੱਚ ਦੇਖਣ ਦੀ ਸ਼ਕਤੀ ਪ੍ਰਗਟ ਹੋ ਜਾਂਦੀ ਹੈ ਤਾਂ ਉਸ ਨੂੰ ਮਾਇਆ ਦਾ ਰੂਪ ਸੰਸਾਰ ਦਿੱਸਣ ਲੱਗ ਜਾਂਦਾ ਹੈ। ਜਦ ਉਸ ਨੂੰ ਮਾਇਆ ਰੂਪ ਸੰਸਾਰ ਦਿੱਸਣ ਲੱਗ ਜਾਂਦਾ ਹੈ ਤਾਂ ਉਸ ਦਾ ਸਿਮਰਨ ਘਟਣ ਲੱਗ ਜਾਂਦਾ ਹੈ ਅਤੇ ਉਸ ਦਾ ਧਿਆਨ ਮਾਇਆ ਰੂਪ ਪਰਿਵਾਰ ਦੇ ਜਨਾਂ ਵਿੱਚ ਆਕਰਸ਼ਿਤ ਹੋਣਾ ਸ਼ੁਰੂ ਹੋ ਜਾਂਦਾ ਹੈ। ਜਦ ਉਹ ਮਾਇਆ ਦੇ ਇਸ ਮਿੱਠੇ ਜ਼ਹਿਰ ਦਾ ਪਾਨ ਕਰਨਾ ਸ਼ੁਰੂ ਕਰਦਾ ਹੈ ਤਾਂ ਉਸ ਦੀ ਸਤਿ ਪਾਰਬ੍ਰਹਮ ਪਰਮੇਸ਼ਰ ਨਾਲ ਲੱਗੀ ਹੋਈ ਲਿਵ ਉੱਖੜ ਜਾਂਦੀ ਹੈ। ਇਹ ਪਰਮ ਸਤਿ ਹੈ ਕਿ ਨਵੇਂ ਜੰਮੇ ਬੱਚੇ ਦੇ ਸਾਰੇ ਬਜਰ ਕਪਾਟ ਖੁੱਲ੍ਹੇ ਹੁੰਦੇ ਹਨ ਅਤੇ ਉਸ ਦੀ ਦੇਹੀ ਅੰਮ੍ਰਿਤ ਨਾਲ ਭਰਪੂਰ ਹੁੰਦੀ ਹੈ। ਨਵੇਂ ਜੰਮੇ ਬੱਚੇ ਨੂੰ ਕੇਵਲ ਬੋਲਣ ਦੀ ਸ਼ਕਤੀ ਨਹੀਂ ਪ੍ਰਾਪਤ ਹੁੰਦੀ ਹੈ। ਇਸ ਕਰ ਕੇ ਉਹ ਬੋਲ ਕੇ ਦੱਸ ਨਹੀਂ ਸਕਦਾ ਹੈ। ਉਸ ਦੇ ਸਾਰੇ ਬਜਰ ਕਪਾਟ ਖੁੱਲ੍ਹੇ ਹੋਣ ਕਾਰਨ ਉਸ ਨੂੰ ਬ੍ਰਹਮ ਗਿਆਨ ਜ਼ਰੂਰ ਹੁੰਦਾ ਹੈ। ਪਰੰਤੂ ਉਸ ਨੂੰ ਬੋਲਣ ਦੀ (ਗੱਲਾਂ ਕਰਨ ਦੀ) ਸ਼ਕਤੀ ਅਜੇ ਪ੍ਰਾਪਤ ਨਹੀਂ ਹੁੰਦੀ ਹੈ। ਇਸ ਲਈ ਉਹ ਕੀ ਮਹਿਸੂਸ ਕਰਦਾ ਹੈ, ਕੀ ਅਨੁਭਵ ਕਰਦਾ ਹੈ ਅਤੇ ਉਸ ਨੂੰ ਕੀ ਦਿੱਸਦਾ ਹੈ ਉਹ ਬੋਲ ਕੇ ਦੱਸ ਨਹੀਂ ਸਕਦਾ ਹੈ। ਇਸ ਨੂੰ ਜਨਮ ਤੋਂ ਪਹਿਲਾਂ ਆਪਣੇ ਬਾਰੇ ਸਾਰਾ ਗਿਆਨ ਹੁੰਦਾ ਹੈ ਅਤੇ ਇਸ ਗਿਆਨ ਦੇ ਆਧਾਰ 'ਤੇ ਉਹ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਿਮਰਨ ਵਿੱਚ ਲਿਵ ਲੀਨ ਹੁੰਦਾ ਹੈ, ਆਪਣੇ ਆਪ ਨਾਲ ਵਾਅਦੇ ਕਰਦਾ ਹੈ ਕਿ ਉਹ ਇਸ ਮਨੁੱਖਾ ਜਨਮ ਵਿੱਚ ਬੰਦਗੀ ਕਰੇਗਾ। ਜਨਮ ਤੋਂ ਉਪਰੰਤ ਜਦ ਉਹ ਮਾਇਆ ਰੂਪ ਸੰਸਾਰ ਵਿੱਚ ਆਉਂਦਾ ਹੈ ਤਾਂ ਉਸ ਦੀ ਸਿਮਰਨ ਵਿੱਚ ਲੱਗੀ ਹੋਈ ਲਿਵ ਟੁੱਟ ਜਾਂਦੀ ਹੈ ਅਤੇ ਹੌਲੀ-ਹੌਲੀ ਉਸ ਦੇ ਉੱਪਰ ਮਾਇਆ ਦੇ ਮਿੱਠੇ ਜ਼ਹਿਰ ਦਾ ਰੰਗ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਹੌਲੀ-ਹੌਲੀ ਉਸ ਦੇ ਸਾਰੇ ਬਜਰ ਕਪਾਟ ਬੰਦ ਹੋ ਜਾਂਦੇ ਹਨ ਅਤੇ ਉਸ ਦੀ ਸਤਿ ਮਤ ਉੱਪਰ ਮਾਇਆ ਦੀ ਮਨਮਤਿ ਦਾ ਪਰਦਾ ਪੈਣਾ ਸ਼ੁਰੂ ਜੋ ਜਾਂਦਾ ਹੈ। ਗਿਆਨ ਨੇਤਰ ਬੰਦ ਹੋ ਜਾਂਦਾ ਹੈ ਅਤੇ ਬ੍ਰਹਮ ਗਿਆਨ ਵਿਸਰ ਜਾਂਦਾ ਹੈ। ਮਾਇਆ ਦਾ ਪ੍ਰਭਾਵ ਉਸ ਦੇ ਵਿੱਚ ਸਥਿਤ ਸਾਰੀ ਰੂਹਾਨੀਅਤ ਨੂੰ ਆਪਣੇ ਰੰਗ ਵਿੱਚ ਢੱਕ ਦਿੰਦਾ ਹੈ। ਜਦੋਂ ਤੱਕ ਉਸ ਨੂੰ ਬੋਲਣ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ ਉਦੋਂ ਤੱਕ ਉਹ ਮਾਇਆ ਦੇ ਰੰਗਾਂ ਵਿੱਚ ਡੁੱਬ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ ਨਵੇਂ ਜੰਮੇ ਬੱਚੇ ਦਾ ਕਰਮ ਦੇ ਵਿਧਾਨ ਅਨੁਸਾਰ ਲਿਖੇ ਗਏ ਪ੍ਰਾਲਬਧ ਦਾ ਆਰੰਭ ਹੋ ਜਾਂਦਾ ਹੈ ਅਤੇ ਉਹ ਮਾਇਆ ਰੂਪੀ ਸੰਸਾਰਿਕ ਸ਼ਕਤੀਆਂ ਦੇ ਚੁੰਗਲ ਵਿੱਚ ਫੱਸਦਾ ਚਲਾ ਜਾਂਦਾ ਹੈ। ਇਸ ਲਈ ਜੇਕਰ ਨਵੇਂ ਜੰਮੇ ਬੱਚੇ ਨੂੰ ਹੀ ਸਤਿ ਦੀ ਸੰਗਤ ਮਿਲ ਜਾਏ ਤਾਂ ਉਸ ਦੀ ਬੰਦਗੀ ਵਿੱਚ ਬਹੁਤ ਸਹਾਇਤਾ ਹੋ ਜਾਂਦੀ ਹੈ। ਭਾਵ ਜੇਕਰ ਨਵੇਂ ਜੰਮੇ ਬੱਚੇ ਦੇ ਮਾਤਾ-ਪਿਤਾ ਦੋਵੇਂ ਸੰਤ ਹੋਣ ਜਾਂ ਕਿਸੇ ਪੂਰਨ ਸੰਤ ਦੀ ਸੰਗਤ ਕਰਦੇ ਹੋਣ ਅਤੇ ਸਤਿਨਾਮ ਸਿਮਰਨ ਦੀ ਕਮਾਈ ਕਰਦੇ ਹੋਣ ਤਾਂ ਇਸ ਬੱਚੇ ਦੀ ਬੰਦਗੀ ਵਿੱਚ ਬਹੁਤ ਸਹਾਇਤਾ ਹੋ ਜਾਂਦੀ ਹੈ। ਬਚਪਨ ਤੋਂ ਹੀ ਪੂਰਨ ਸੰਤ ਦੀ ਸੰਗਤ ਦੀ ਪ੍ਰਾਪਤੀ ਨਵੇਂ ਜੰਮੇ ਬੱਚੇ ਲਈ ਬਹੁਤ ਵੱਡਾ ਵਰਦਾਨ ਸਿੱਧ ਹੋ ਜਾਂਦੀ ਹੈ। ਕਿਉਂਕਿ ਪੂਰਨ ਸੰਤ ਦੀ ਸੰਗਤ ਵਿੱਚ ਵਿਚਰਨ ਨਾਲ ਬੱਚੇ ਉੱਪਰ ਮਾਇਆ ਦਾ ਪ੍ਰਭਾਵ ਨਹੀਂ ਪੈਂਦਾ ਅਤੇ ਉਸ ਦੇ ਸੰਸਕਾਰ ਸਤਿ ਦੀ ਸੇਵਾ ਵਾਲੇ ਬਣ ਜਾਂਦੇ ਹਨ। ਜਿਸ ਦੇ ਨਾਲ ਉਸ ਦੀ ਬੰਦਗੀ ਉੱਪਰ ਬਹਤ ਸੁੰਦਰ ਅਤੇ ਗਹਿਰਾ ਪ੍ਰਭਾਵ ਪੈਂਦਾ ਹੈ।

ਧੰਨ ਧੰਨ ਭਗਤ ਬੇਣੀ ਜੀ ਨੇ ਆਪਣੀ ਬਾਣੀ ਦੇ ਵਿੱਚ ਪਰਮ ਸਤਿ ਦੇ ਇਨ੍ਹਾਂ ਤੱਤਾਂ ਨੂੰ ਪ੍ਰਗਟ ਕੀਤਾ ਹੈ:

ੴ ਸਤਿ ਗੁਰਪ੍ਰਸਾਦਿ ॥
ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ ॥
ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ ॥
ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ ॥
ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ ॥੧॥
ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥
ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ ॥੧॥ ਰਹਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੩)

ਇਸ ਤਰ੍ਹਾਂ ਦੇ ਨਾਲ ਮਾਤਾ ਦੇ ਗਰਭ ਵਿੱਚ ਸਥਿਤ ਹੋਣ ਨਾਲ ਮਨੁੱਖਾ ਜਨਮ ਦਾ ਪਹਿਲਾ ਪਹਿਰ ਸ਼ੁਰੂ ਹੁੰਦਾ ਹੈ। ਇਸ ਪਰਮ ਸਤਿ ਅਤੇ ਉੱਪਰ ਵਿਚਾਰੇ ਗਏ ਸਾਰੇ ਪਰਮ ਸਤਿ ਦੇ ਤੱਤਾਂ ਨੂੰ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਗੁਰਬਾਣੀ ਵਿੱਚ ਬਾਰ-ਬਾਰ ਪ੍ਰਗਟ ਕੀਤਾ ਹੈ:

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥
ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥
ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੪)

ਸਿਰੀਰਾਗੁ ਮਹਲਾ ੧ ॥
ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਾਲਕ ਬੁਧਿ ਅਚੇਤੁ ॥
ਖੀਰੁ ਪੀਐ ਖੇਲਾਈਐ ਵਣਜਾਰਿਆ ਮਿਤ੍ਰਾ ਮਾਤ ਪਿਤਾ ਸੁਤ ਹੇਤੁ ॥
ਮਾਤ ਪਿਤਾ ਸੁਤ ਨੇਹੁ ਘਨੇਰਾ ਮਾਇਆ ਮੋਹੁ ਸਬਾਈ ॥
ਸੰਜੋਗੀ ਆਇਆ ਕਿਰਤੁ ਕਮਾਇਆ ਕਰਣੀ ਕਾਰ ਕਰਾਈ ॥
ਰਾਮ ਨਾਮ ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਛੂਟਹਿਗਾ ਹਰਿ ਚੇਤਿ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੫)

ਮਾਤਾ ਦੇ ਗਰਭ ਵਿੱਚ ਸਥਿਤ ਮਨੁੱਖ ਦੇ ਬੀਜ ਦੀ ਸੁਰਤਿ ਮਨੁੱਖਾ ਦੇਹੀ ਦਾ ਅਹੰਕਾਰ ਨਾ ਹੋਣ ਕਰ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਚਰਨਾਂ ਵਿੱਚ ਜੁੜੀ ਰਹਿੰਦੀ ਹੈ। ਮਾਇਆ

ਦਾ ਅਨੁਭਵ ਮਨੁੱਖ ਨੂੰ ਸੰਸਾਰ ਵਿੱਚ ਆਉਣ ਤੋਂ ਉਪਰੰਤ ਹੀ ਹੁੰਦਾ ਹੈ। ਪੰਜ ਦੂਤਾਂ ਦਾ ਪ੍ਰਭਾਵ ਮਨੁੱਖ ਦੇ ਜਨਮ ਤੋਂ ਉਪਰੰਤ ਹੀ ਸ਼ੁਰੂ ਹੁੰਦਾ ਹੈ। ਮਇਕੀ ਵਿਨਾਸ਼ਕਾਰੀ ਸ਼ਕਤੀਆਂ ਵੇਖਣ ਵਿੱਚ ਮਨੁੱਖ ਨੂੰ ਬਹੁਤ ਸੁੰਦਰ ਪ੍ਰਤੀਤ ਹੁੰਦੀਆਂ ਹਨ। ਇਸ ਲਈ ਬਚਪਨ ਵਿੱਚ ਮਨੁੱਖ ਉੱਪਰ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦੇ ਮਿੱਠੇ ਜ਼ਹਿਰ ਦਾ ਪ੍ਰਭਾਵ ਛੇਤੀ-ਛੇਤੀ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਸਭ ਤੋਂ ਪਹਿਲਾਂ ਬੱਚੇ ਉੱਪਰ ਮੇਰੀ-ਮੇਰੀ ਦਾ ਰੰਗ ਚੜ੍ਹਦਾ ਹੈ। ਮੇਰੀ ਮਾਂ, ਮੇਰਾ ਪਿਤਾ, ਮੇਰੇ ਖਿਡੌਣੇ, ਮੇਰੀ ਬੋਤਲ (ਜਿਸ ਦੇ ਨਾਲ ਦੁੱਧ ਪੀਂਦਾ ਹੈ) ਕਹਿਣਾ ਸਿੱਖਦਾ ਹੈ ਤਾਂ ਮੇਰੀ-ਮੇਰੀ ਦਾ ਚਿੰਤਨ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਜਿਵੇਂ-ਜਿਵੇਂ ਬੱਚਾ ਮਾਇਆ ਦੇ ਨਵੇਂ-ਨਵੇਂ ਰੰਗ ਦੇਖਦਾ ਹੈ ਤਿਵੇਂ-ਤਿਵੇਂ ਉਸ ਉੱਪਰ ਮਾਇਆ ਦੇ ਸਾਰੇ ਰੂਪਾਂ ਦਾ ਰੰਗ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਪਿਛਲੇ ਜਨਮਾਂ ਦੇ ਕਰਮਾਂ ਦੇ ਆਧਾਰ 'ਤੇ ਕਮਾਏ ਗਏ ਸੰਸਕਾਰ ਮਨੁੱਖ ਦਾ ਜਨਮ ਤੋਂ ਉਪਰੰਤ ਮਾਰਗ ਦਰਸ਼ਨ ਕਰਦੇ ਹਨ। ਜਿਨ੍ਹਾਂ ਮਨੁੱਖਾਂ ਦੇ ਪਿਛਲੇ ਜਨਮਾਂ ਦੇ ਸੰਸਕਾਰ ਮਾਇਕੀ ਬਿਰਤੀ (ਵਿਨਾਸ਼ਕਾਰੀ ਵਿਕਾਰੀ) ਵਾਲੇ ਹੁੰਦੇ ਹਨ ਉਨ੍ਹਾਂ ਉੱਪਰ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦਾ ਪ੍ਰਭਾਵ ਜ਼ਿਆਦਾ ਗਹਿਰਾ ਪੈਂਦਾ ਹੈ। ਜਿਨ੍ਹਾਂ ਮਨੁੱਖਾਂ ਦੇ ਸੰਸਕਾਰ ਸਤੋ ਬਿਰਤੀ (ਦਇਆ, ਧਰਮ, ਸੰਤੋਖ, ਸੰਜਮ) ਵਾਲੇ ਹੁੰਦੇ ਹਨ ਉਨ੍ਹਾਂ ਉੱਪਰ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦਾ ਪ੍ਰਭਾਵ ਘੱਟ ਪੈਂਦਾ ਹੈ। ਮਾਇਕੀ ਵਿਨਾਸ਼ਕਾਰੀ ਸ਼ਕਤੀਆਂ ਦਾ ਸੰਬੰਧ ਮਨੁੱਖਾ ਦੇਹੀ ਨਾਲ ਹੀ ਹੁੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਦਾ ਸੰਬੰਧ ਵੀ ਮਨੁੱਖਾ ਦੇਹੀ ਨਾਲ ਹੀ ਹੁੰਦਾ ਹੈ। ਭਾਵ ਮਨੁੱਖ ਨੂੰ ਮਾਇਕੀ ਵਿਨਾਸ਼ਕਾਰੀ ਸ਼ਕਤੀਆਂ ਗਰਕ ਵੀ ਕਰਦੀਆਂ ਹਨ ਅਤੇ ਇਲਾਹੀ ਸ਼ਕਤੀਆਂ ਸਤਿ ਪਾਰਬ੍ਰਹਮ ਵਿੱਚ ਅਭੇਦ ਵੀ ਕਰਦੀਆਂ ਹਨ। ਵਿਨਾਸ਼ਕਾਰੀ ਮਾਇਕੀ ਬਿਰਤੀ ਦੇ ਧਾਰਨੀ ਮਨੁੱਖ ਗਰਕ ਜਾਂਦੇ ਹਨ ਅਤੇ ਆਪਣਾ ਅਮੁੱਲਾ ਜਨਮ ਗੁਆ ਬੈਠਦੇ ਹਨ। ਇਲਾਹੀ ਦਰਗਾਹੀ ਸਤੋ ਗੁਣੀ ਸ਼ਕਤੀਆਂ ਦੇ ਧਾਰਨੀ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਸਮਾ ਕੇ ਆਪਣਾ ਜਨਮ ਸਫਲ ਕਰ ਲੈਂਦੇ ਹਨ। ਇਹ ਸਾਰਾ ਕੁਝ ਕੇਵਲ ਮਨੁੱਖਾ ਜਨਮ ਦੇ ਵਿੱਚ ਮਨੁੱਖਾ ਦੇਹੀ ਧਾਰਨ ਹੋਣ ਨਾਲ ਹੀ ਸੰਭਵ ਹੁੰਦਾ ਹੈ।

ਮਾਤਾ ਦੇ ਗਰਭ ਵਿੱਚ ਸਥਿਤ ਸਤਿਨਾਮ ਦਾ ਵਣਜ ਕਰਨ ਵਾਲਾ ਵਣਜਾਰਾ ਪ੍ਰਾਣੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਲਿਵ ਵਿੱਚ ਲੀਨ ਰਹਿੰਦਾ ਹੈ। ਮਾਤਾ ਦੇ ਗਰਭ ਵਿੱਚ ੯ ਮਹੀਨੇ ਨਿਰੰਤਰ ਸਮਾਧੀ ਸਥਿਤ ਰਹਿਣ ਤੋਂ ਉਪਰੰਤ ਜਦ ਮਨੁੱਖ ਦਾ ਬੱਚੇ ਦੇ ਰੂਪ ਵਿੱਚ ਜਨਮ ਹੁੰਦਾ ਹੈ ਤਾਂ ਉਸ ਦੇ ਜਨਮ ਜੀਵਨ ਦਾ ਦੂਜਾ ਪਹਿਰ ਸ਼ੁਰੂ ਹੋ ਜਾਂਦਾ ਹੈ। ਦੂਜੇ ਪਹਿਰ ਵਿੱਚ ਪਹੁੰਚਦੇ ਹੀ ਮਨੁੱਖ ਦਾ ਜੀਵਨ ਜਨਮ ਮਾਇਕੀ ਹਨੇਰੇ ਦਾ ਸ਼ਿਕਾਰ ਹੋਣਾ ਸ਼ੁਰੂ ਹੋ ਜਾਂਦਾ ਹੈ। ਮਨੁੱਖਾ ਦੇਹੀ ਦੇ ਮ੍ਰਿਤ ਮੰਡਲ (ਸੰਸਾਰ) ਵਿੱਚ ਪ੍ਰਵੇਸ਼ ਕਰਦੇ ਹੀ ਉਸ ਨੂੰ ਸਾਰਾ ਪਿਛਲਾ ਗਿਆਨ ਵਿਸਰਨਾ ਸ਼ੁਰੂ ਹੋ ਜਾਂਦਾ ਹੈ। ਮਾਇਆ ਦੇ ਰੰਗ ਦੇਖਦੇ ਹੀ ਸਤਿ ਪਾਰਬ੍ਰਹਮ ਦੇ ਵਿੱਚ ਜੁੜੀ ਹੋਈ ਲਿਵ ਟੁੱਟ ਜਾਂਦੀ ਹੈ। ਮਾਇਆ ਦੇ ਮਿੱਠੇ ਜ਼ਹਿਰ ਦਾ ਘੁੱਟ ਭਰਦੇ ਹੀ ਧਿਆਨ ਭੰਗ ਹੋ ਜਾਂਦਾ ਹੈ। ਮਾਤਾ, ਪਿਤਾ, ਭੈਣਾਂ, ਭਰਾਵਾਂ ਅਤੇ ਹੋਰ ਪਰਿਵਾਰ ਦੇ ਹੱਥਾਂ ਵਿੱਚ ਖੇਡਦੇ ਹੋਏ ਮਾਇਆ ਦਾ ਰੰਗ ਸਹਿਜੇ ਹੀ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਉਹ ਮਾਤਾ, ਪਿਤਾ, ਭੈਣਾਂ, ਭਰਾਵਾਂ ਅਤੇ ਹੋਰ ਪਰਿਵਾਰ ਦੇ ਲੋਕ, ਜੋ ਕਿ ਪਹਿਲਾਂ ਹੀ ਮਾਇਆਧਾਰੀ ਹੁੰਦੇ ਹਨ, ਉਨ੍ਹਾਂ ਦੇ ਹੱਥਾਂ ਵਿੱਚ ਨੱਚਦੇ ਹੋਏ ਬੱਚੇ ਉੱਪਰ ਮਾਇਆ ਦਾ ਰੰਗ ਸਹਿਜੇ ਹੀ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਜਦ ਉਹ ਮਾਤਾ, ਪਿਤਾ, ਭੈਣਾਂ, ਭਰਾਵਾਂ ਅਤੇ ਹੋਰ ਪਰਿਵਾਰ ਦੇ ਲੋਕਾਂ ਨੂੰ ਮੇਰੀ-ਮੇਰੀ ਕਰਦੇ ਹੋਏ ਦੇਖਦਾ ਹੈ ਤਾਂ ਉਹ ਵੀ ਮੇਰੀ-ਮੇਰੀ ਕਰਨਾ

ਸਹਿਜੇ ਹੀ ਸਿੱਖ ਜਾਂਦਾ ਹੈ। ਜਦ ਉਹ ਮਾਤਾ, ਪਿਤਾ, ਭੈਣਾਂ, ਭਰਾਵਾਂ ਅਤੇ ਹੋਰ ਪਰਿਵਾਰ ਦੇ ਲੋਕਾਂ ਨੂੰ ਮੇਰੀ-ਮੇਰੀ ਦਾ ਚਿੰਤਨ ਕਰਦੇ ਦੇਖਦਾ ਹੈ ਤਾਂ ਉਹ ਇਸੇ ਚਿੰਤਨ ਨੂੰ ਸਤਿ ਮੰਨ ਕੇ ਮੇਰੀ-ਮੇਰੀ ਦੇ ਚਿੰਤਨ ਵਿੱਚ ਸਹਿਜੇ ਹੀ ਡੁੱਬ ਜਾਂਦਾ ਹੈ। ਜਦ ਉਹ ਮਾਤਾ, ਪਿਤਾ, ਭੈਣਾਂ, ਭਰਾਵਾਂ ਅਤੇ ਹੋਰ ਪਰਿਵਾਰ ਦੇ ਲੋਕਾਂ ਨੂੰ ਮਾਇਆ ਦੇ ਚਿੰਤਨ ਵਿੱਚ ਰੱਤੇ ਹੋਏ ਉਨ੍ਹਾਂ ਦੇ ਵਿੱਚ ਵਿਚਰਦਾ ਹੈ ਤਾਂ ਉਹ ਮਾਇਆ ਨੂੰ ਹੀ ਸਤਿ ਮੰਨ ਕੇ ਮਾਇਆ ਦੇ ਵਿੱਚ ਸਹਿਜੇ ਹੀ ਰੱਤਿਆ ਜਾਂਦਾ ਹੈ। ਬੋਲਣ ਦੀ ਸ਼ਕਤੀ ਆਉਣ ਤੱਕ ਬੱਚਾ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਪੂਰੀ ਤਰ੍ਹਾਂ ਦੇ ਨਾਲ ਵਿਸਾਰ ਦਿੰਦਾ ਹੈ ਅਤੇ ਮਾਤ ਗਰਭ ਵਿੱਚ ਆਪਣੇ ਆਪ ਨਾਲ ਕੀਤੇ ਗਏ ਸਾਰੇ ਵਾਅਦੇ ਭੁੱਲ ਜਾਂਦਾ ਹੈ ਅਤੇ ਮਾਇਆ ਦੇ ਸੰਸਕਾਰਾਂ ਵਿੱਚ ਪੂਰਨ ਤੌਰ 'ਤੇ ਰੱਤਿਆ ਜਾਂਦਾ ਹੈ। ਇਸ ਪਰਮ ਸਤਿ ਨੂੰ ਧੰਨ ਧੰਨ ਅਵਤਾਰ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੀ ਪਰਮ ਸ਼ਕਤੀਸ਼ਾਲੀ ਬਾਣੀ ਵਿੱਚ ਦ੍ਰਿੜ੍ਹ ਕਰਵਾਇਆ ਹੈ:

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥
ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥
ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ॥
ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥
ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ॥
ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੫)

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੋਬਨਿ ਮੈ ਮਤਿ ॥
ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ ਅੰਧੁਲੇ ਨਾਮੁ ਨ ਚਿਤਿ ॥
ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ ॥
ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ ॥
ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ ॥
ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੫)

ਮਨੁੱਖਾ ਜਨਮ ਜੀਵਨ ਦਾ ਪਹਿਲਾ ਪਹਿਰ ਮਾਤਾ ਦੇ ਗਰਭ ਵਿੱਚ ਬੀਤਦਾ ਹੈ ਤਾਂ ਮਨੁੱਖ ਜਨਮ ਲੈ ਕੇ ਦੂਜੇ ਪਹਿਰ ਵਿੱਚ ਪ੍ਰਵੇਸ਼ ਕਰਦਾ ਹੈ। ਦੂਜੇ ਪਹਿਰ ਨੂੰ ਗੁਰਬਾਣੀ ਵਿੱਚ ਬਚਪਨ ਦੇ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। ਬਚਪਨ ਵਿੱਚ ਬੱਚਾ ਆਪਣੇ ਮਾਤਾ, ਪਿਤਾ, ਭੈਣਾਂ, ਭਰਾਵਾਂ, ਹੋਰ ਪਰਿਵਾਰ ਦੇ ਲੋਕਾਂ, ਮਿੱਤਰਾਂ, ਸਖੀਆਂ, ਸਹੇਲੀਆਂ ਅਤੇ ਅਧਿਆਪਕਾਂ ਦੀ ਸੰਗਤ ਕਰਦਾ ਹੈ ਅਤੇ ਇਸ ਸੰਗਤ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ। ਜੈਸੀ ਸੰਗਤ ਹੁੰਦੀ ਹੈ ਵੈਸਾ ਹੀ ਰੰਗ ਚੜ੍ਹਦਾ ਹੈ। ਚੰਗੀ ਸੰਗਤ ਹੋਵੇ ਤਾਂ ਚੰਗੇ ਸੰਸਕਾਰਾਂ ਦਾ ਰੰਗ ਚੜ੍ਹਦਾ ਹੈ। ਮਾੜੀ ਸੰਗਤ ਹੋਵੇ ਤਾਂ ਮਾੜੇ ਸੰਸਕਾਰਾਂ ਦਾ ਰੰਗ ਚੜ੍ਹਦਾ ਹੈ। ਇਸ ਲਈ ਬਚਪਨ ਵਿੱਚ ਪਰਿਵਾਰਕ ਵਾਤਾਵਰਨ ਅਤੇ ਸਕੂਲੀ ਵਾਤਾਵਰਨ ਦਾ ਬੱਚੇ ਦੇ ਜੀਵਨ ਉੱਪਰ ਬਹੁਤ ਗਹਿਰਾ ਅਸਰ ਹੁੰਦਾ ਹੈ ਜੋ ਕਿ ਮਨੁੱਖੀ ਜੀਵਨ ਦੇ ਸੰਸਕਾਰਾਂ ਦੇ ਨੀਂਹ ਪੱਥਰ ਦਾ ਕੰਮ ਕਰਦਾ

ਹੈ। ਸਤਿ ਦੀ ਸੰਗਤ ਮਿਲੇ ਤਾਂ ਸਤਿ ਦਾ ਰੰਗ ਚੜ੍ਹਦਾ ਹੈ। ਸਤਿ ਦੀ ਸੰਗਤ ਮਿਲੇ ਤਾਂ ਸਤੋ ਗੁਣਾਂ ਦਾ ਰੰਗ ਚੜ੍ਹ ਜਾਂਦਾ ਹੈ। ਸਤਿ ਦੀ ਸੰਗਤ ਮਿਲੇ ਤਾਂ ਦਇਆ, ਧਰਮ, ਸਤਿ ਸੰਤੋਖ, ਸੰਜਮ, ਨਿਮਰਤਾ, ਨਿਰਭੈਤਾ, ਨਿਰਵੈਰਤਾ, ਸਿਮਰਨ, ਸੇਵਾ ਅਤੇ ਪਰਉਪਕਾਰ ਦੀਆਂ ਇਲਾਹੀ ਸ਼ਕਤੀਆਂ ਦਾ ਰੰਗ ਚੜ੍ਹ ਜਾਂਦਾ ਹੈ। ਕੁਸੰਗਤ ਮਿਲੇ ਤਾਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਦਾ ਰੰਗ ਚੜ੍ਹ ਜਾਂਦਾ ਹੈ। ਕੁਸੰਗਤ ਮਿਲੇ ਤਾਂ ਤ੍ਰਿਸ਼ਨਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਦਾ ਰੰਗ ਚੜ੍ਹ ਜਾਂਦਾ ਹੈ। ਕੁਸੰਗਤ ਮਿਲੇ ਤਾਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਰੂਪੀ ਚੰਡਾਲਾਂ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਦਾ ਰੰਗ ਚੜ੍ਹ ਜਾਂਦਾ ਹੈ। ਕੁਸੰਗਤ ਮਿਲੇ ਤਾਂ ਰਾਜ, ਜੋਬਨ, ਧਨ, ਮਾਲ, ਸ਼ਬਦ, ਸਪਰਸ਼ ਦੀਆਂ ਮਹਾ ਵਿਨਾਸ਼ਕਾਰੀ ਵਿਕਾਰਾਂ ਦੇ ਵਿੱਚ ਰੱਤਿਆ ਜਾਂਦਾ ਹੈ।

ਦੂਜੇ ਪਹਿਰ ਵਿੱਚ ਮਨੁੱਖ ਜਵਾਨੀ ਦੇ ਨਸ਼ੇ ਵਿੱਚ ਕਾਮ ਵਾਸ਼ਨਾ ਦਾ ਬੁਰੀ ਤਰ੍ਹਾਂ ਨਾਲ ਸ਼ਿਕਾਰ ਹੁੰਦਾ ਹੈ। ਕਾਮ ਚੰਡਾਲ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦਾ ਮਨੁੱਖ ਦੇ ਜੀਵਨ ਉੱਪਰ ਬਹੁਤ ਗਹਿਰਾ ਅਸਰ ਹੁੰਦਾ ਹੈ। ਜਿਵੇਂ ਸ਼ਰਾਬ ਦੇ ਨਸ਼ੇ ਵਿੱਚ ਸ਼ਰਾਬੀ ਦੀ ਮੱਤ ਮਾਰੀ ਜਾਂਦੀ ਹੈ ਠੀਕ ਉਸੇ ਤਰ੍ਹਾਂ ਦੇ ਨਾਲ ਕਾਮ ਚੰਡਾਲ ਦੇ ਹੱਥੇ ਚੜ੍ਹ ਕੇ ਮਨੁੱਖ ਦੀ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ। ਕਾਮ ਦੇ ਵਿਨਾਸ਼ਕਾਰੀ ਨਸ਼ੇ ਵਿੱਚ ਚੂਰ ਮਨੁੱਖ (ਨਰ ਵਰਗ) ਦੀ ਬੁੱਧੀ ਇਤਨੀ ਭ੍ਰਿਸ਼ਟ ਹੋ ਜਾਂਦੀ ਹੈ ਕਿ ਉਸ ਨੂੰ ਮਾਂ, ਭੈਣ ਅਤੇ ਧੀ ਦਾ ਅਰਥ ਭੁੱਲ ਜਾਂਦਾ ਹੈ। ਨਾਰੀ ਵਰਗ ਵੀ ਕਾਮ ਚੰਡਾਲ ਦੀ ਵਿਨਾਸ਼ਕਾਰੀ ਸ਼ਕਤੀ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੈ। ਨਾਰੀ ਵੀ ਕਾਮ ਵਾਸ਼ਨਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਤੋਂ ਪ੍ਰਭਾਵਿਤ ਹੋ ਕੇ ਅਪਣੀ ਪੱਤ ਗੁਆਉਣ ਤੋਂ ਗੁਰੇਜ਼ ਨਹੀਂ ਕਰਦੀ ਹੈ। ਨਾਰੀ ਵੀ ਕਾਮ ਵਾਸ਼ਨਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਦੀ ਗ਼ੁਲਾਮੀ ਵਿੱਚ ਪੁੱਤਰ, ਭਰਾ ਅਤੇ ਪਿਤਾ ਦੇ ਪਾਵਨ ਸੰਬੰਧ ਦੀ ਸਾਰੀ ਮਰਿਆਦਾ ਨੂੰ ਭੰਗ ਕਰ ਕੇ ਆਪਣੀ ਪੱਤ ਗੁਆਉਣ ਤੋਂ ਨਹੀਂ ਸੰਕੋਚਦੀ ਹੈ। ਚੇਤੇ ਰਹੇ ਕਿ ਗੁਰਮਤਿ ਅਨੁਸਾਰ ਹਰ ਇੱਕ ਮਨੁੱਖ ਲਈ ਪਰ ਇਸਤਰੀ ਨਾਲ ਕੇਵਲ ਭੈਣ, ਧੀ ਅਤੇ ਮਾਂ ਦਾ ਪਾਵਨ ਸੰਬੰਧ ਹੈ ਅਤੇ ਇੱਕ ਇਸਤਰੀ ਲਈ ਪਰ ਪੁਰਖ ਨਾਲ ਕੇਵਲ ਪੁੱਤਰ, ਭਰਾ ਅਤੇ ਪਿਤਾ ਦਾ ਪਾਵਨ ਸੰਬੰਧ ਹੈ। ਪੂਰਨ ਸਤਿ ਦੇ ਇਸ ਪਰਮ ਸ਼ਕਤੀਸ਼ਾਲੀ ਗੁਰਮਤਿ ਸਿਧਾਂਤ ਦੀ ਪਾਲਣਾ ਕਰਨ ਨਾਲ ਹੀ ਕਾਮ ਵਾਸ਼ਨਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਨੂੰ ਪਰਾਸਤ ਕੀਤਾ ਜਾ ਸਕਦਾ ਹੈ।

ਮਨੁੱਖਾ ਜਨਮ ਜੀਵਨ ਦਾ ਦੂਜਾ ਪਹਿਰ ਬਚਪਨ ਬੀਤਦਾ ਹੈ ਤਾਂ ਮਨੁੱਖ ਆਪਣੇ ਜੀਵਨ ਜਨਮ ਦੇ ਤੀਸਰੇ ਪਹਿਰ ਵਿੱਚ ਪ੍ਰਵੇਸ਼ ਕਰਦਾ ਹੈ। ਤੀਸਰੇ ਪਹਿਰ ਨੂੰ ਗੁਰਬਾਣੀ ਵਿੱਚ ਜਵਾਨੀ ਦੇ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। ਜਵਾਨੀ ਵਿੱਚ ਮਨੁੱਖ ਦੇ ਬਚਪਨ ਵਿੱਚ ਮਿਲੇ ਸੰਸਕਾਰਾਂ ਦਾ ਵਿਕਾਸ ਹੁੰਦਾ ਹੈ। ਬਚਪਨ ਦੇ ਪਹਿਰ ਵਿੱਚ ਜੋ ਰੰਗ ਮਨੁੱਖ ਉੱਪਰ ਚੜ੍ਹਦਾ ਹੈ ਉਹ ਰੰਗ ਜਵਾਨੀ ਵਿੱਚ ਹੋਰ ਗਹਿਰਾ ਹੋ ਜਾਂਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ 'ਸਤਿਨਾਮ' ਦਾ ਵਣਜ ਕਰਨ ਲਈ ਪ੍ਰਾਪਤ ਮਨੁੱਖਾ ਜਨਮ ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ। ਸਤਿ ਸੰਗਤ ਤਾਂ ਕਿਸੇ ਭਾਗਾਂ ਵਾਲੇ ਨੂੰ ਪ੍ਰਾਪਤ ਹੁੰਦੀ ਹੈ। ਪਰੰਤੂ ਵਿਕਾਰੀ ਅਤੇ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੇ ਬੋਲ-ਬਾਲੇ ਨਾਲ ਭਰਪੂਰ ਸੰਸਾਰ ਵਿੱਚ ਕੁਸੰਗਤ ਦਾ ਕੋਈ ਘਾਟਾ ਨਹੀਂ ਹੈ। ਸਤੋ ਗੁਣੀ ਸੱਜਣ ਪੁਰਖਾਂ ਦੀ ਸੰਗਤ ਦਾ ਤਾਂ ਘਾਟਾ ਹੀ ਘਾਟਾ ਹੈ ਹੀ ਸਾਰੇ ਪਾਸੇ ਸੰਸਾਰ ਵਿਚ। ਪਰੰਤੂ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੀ ਸੰਗਤ ਤਾਂ ਸਾਰੇ ਪਾਸੇ ਹੀ ਪ੍ਰਾਪਤ ਹੋ ਜਾਂਦੀ ਹੈ। ਪੂਰਨ ਸੰਤ ਸਤਿਗੁਰੂ ਦੀ ਸੰਗਤ ਤਾਂ ਬਹੁਤ ਵੱਡੇ ਭਾਗਾਂ ਵਾਲਿਆਂ ਕੁਝ ਹੀ ਲੋਕਾਂ ਨੂੰ ਪ੍ਰਾਪਤ ਹੁੰਦੀ ਹੈ। ਪਰੰਤੂ

ਤ੍ਰਿਸ਼ਣਾ ਦੀ ਸੰਗਤ, ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੀ ਸੰਗਤ ਤਾਂ ਮਨੁੱਖ ਦੇ ਪਰਿਵਾਰਕ ਵਾਤਾਵਰਨ ਵਿੱਚ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ। ਸੰਸਾਰਿਕ ਵਿਕਾਰਾਂ ਦੀ ਸੰਗਤ ਤਾਂ ਹਰ ਇੱਕ ਮਨੁੱਖ ਨੂੰ ਹਰ ਥਾਂ 'ਤੇ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ। ਮਨੁੱਖ ਦੇ ਭਲੇ ਦੀ ਗੱਲ ਤਾਂ ਬੜੀ ਔਖੀ ਉਸ ਦੇ ਅੰਦਰ ਜਾਂਦੀ ਹੈ। ਪਰੰਤੂ ਮਨੁੱਖ ਦੇ ਬੁਰੇ ਦੀ ਗੱਲ ਤਾਂ ਇੱਕ ਦਮ ਉਸ ਉੱਪਰ ਅਸਰ ਕਰਦੀ ਹੈ। ਸਤੋ ਗੁਣਾਂ ਦੀ (ਮਨੁੱਖ ਦੇ ਭਲੇ ਲਈ) ਕਮਾਈ ਤਾਂ ਬਹੁਤ ਔਖੀ ਹੁੰਦੀ ਹੈ। ਪਰੰਤੂ ਅਵਗੁਣਾਂ ਅਤੇ ਵਿਕਾਰਾਂ ਦੀ (ਮਨੁੱਖ ਦੇ ਸੰਪੂਰਨ ਵਿਨਾਸ਼ ਲਈ) ਕਮਾਈ ਤਾਂ ਹਰ ਇੱਕ ਮਨੁੱਖ ਸਹਿਜੇ ਹੀ ਕਰ ਲੈਂਦਾ ਹੈ। ਭਰੇ ਜੋਬਨ ਵਿੱਚ ਮਨੁੱਖ ਜੋਬਨ ਦੇ ਨਸ਼ੇ ਵਿੱਚ ਅਵਗੁਣਾਂ ਅਤੇ ਵਿਕਾਰਾਂ ਦਾ ਸ਼ਿਕਾਰ ਸਹਿਜੇ ਹੀ ਹੋ ਜਾਂਦਾ ਹੈ। ਧਨ ਕਮਾਉਣ ਅਤੇ ਦੁਨਿਆਵੀ ਸੁੱਖ-ਸੁਵਿਧਾਵਾਂ ਜੁਟਾਣ ਦੇ ਚੱਕਰ ਵਿੱਚ ਹਰ ਇੱਕ ਮਨੁੱਖ ਚੰਗੇ-ਮਾੜੇ ਦੀ ਪਹਿਚਾਣ ਕਰਨ ਵਿੱਚ ਅਸਮਰਥ ਹੋ ਜਾਂਦਾ ਹੈ। ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਵਾਸਤੇ ਹਰ ਇੱਕ ਮਨੁੱਖ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੇ ਵੱਸ ਹੋ ਕੇ ਕਈ ਪੁੱਠੇ ਅਤੇ ਵਿਨਾਸ਼ਕਾਰੀ ਕਰਮਾਂ ਨੂੰ ਸਹਿਜੇ ਹੀ ਅੰਜਾਮ ਦੇ ਦਿੰਦਾ ਹੈ। ਜੋਬਨ ਦੇ ਨਸ਼ੇ ਨੂੰ ਹੋਰ ਗਹਿਰਾ ਕਰਨ ਵਾਸਤੇ ਕਾਮ ਚੰਡਾਲ ਦੇ ਹੱਥੇ ਚੜ੍ਹ ਕੇ ਮਨੁੱਖ ਸਹਿਜੇ ਹੀ ਕਈ ਸੰਗੀਨ ਗੁਨਾਹ ਕਰ ਬੈਠਦਾ ਹੈ। ਧਨ ਕਮਾਉਣ ਦੇ ਨਸ਼ੇ ਨੂੰ ਹੋਰ ਗਹਿਰਾ ਕਰਨ ਵਾਸਤੇ ਲੋਭ ਚੰਡਾਲ ਦੇ ਵੱਸ ਚੜ੍ਹ ਕੇ ਮਨੁੱਖ ਕਈ ਸੰਗੀਨ ਗੁਨਾਹ ਕਰ ਬੈਠਦਾ ਹੈ। ਜਵਾਨੀ ਨੂੰ ਭਰਪੂਰ ਮੰਨਣ ਵਾਸਤੇ ਧਨ ਦੀ ਲੋੜ ਹੁੰਦੀ ਹੈ। ਜਵਾਨੀ ਦੇ ਨਸ਼ੇ ਵਿੱਚ ਚੂਰ ਹੋਣ ਲਈ ਮਨੁੱਖ ਨੂੰ ਸੰਸਾਰਿਕ ਸੁੱਖ-ਸੁਵਿਧਾਵਾਂ ਜੁਟਾਣ ਲਈ ਧਨ ਦੀ ਲੋੜ ਪੈਂਦੀ ਹੈ। ਇਸ ਲਈ ਆਪਣੀ ਜਵਾਨੀ ਦੀ ਤ੍ਰਿਸ਼ਣਾ ਨੂੰ ਸ਼ਾਂਤ ਕਰਨ ਲਈ ਮਨੁੱਖ ਧਨ ਇਕੱਤਰ ਕਰਨ ਦੇ ਚੱਕਰ ਵਿੱਚ ਫਸ ਜਾਂਦਾ ਹੈ ਅਤੇ ਲੋਭ ਚੰਡਾਲ ਦੇ ਵੱਸ ਹੋ ਕੇ ਚੋਰੀ, ਚਕਾਰੀ, ਰਿਸ਼ਵਤ ਖ਼ੋਰੀ, ਦੂਜਿਆਂ ਦਾ ਹੱਕ ਮਾਰ ਕੇ ਧਨ ਇਕੱਤਰ ਕਰਨਾ, ਆਪਣੇ ਅਹੁਦੇ ਦਾ ਦੁਰਉਪਯੋਗ ਕਰ ਕੇ ਧਨ ਇਕੱਤਰ ਕਰਨ ਵਰਗੇ ਕਈ ਸੰਗੀਨ ਗੁਨਾਹ ਕਰ ਬੈਠਦਾ ਹੈ। ਧਨ ਅਤੇ ਜੋਬਨ ਦੇ ਮਾਇਕੀ ਨਸ਼ਿਆਂ ਵਿੱਚ ਚੂਰ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਵਿਸਰ ਜਾਂਦਾ ਹੈ। ਮਾਇਕੀ ਤੱਤਾਂ ਦਾ ਚਿੰਤਨ ਕਰਦੇ-ਕਰਦੇ ਮਨੁੱਖ ਮਾਇਆ ਦੇ ਦਲਦਲ ਵਿੱਚ ਡੂੰਘਾ ਉਤਰ ਜਾਂਦਾ ਹੈ ਅਤੇ ਇਸ ਨਸ਼ੇ ਵਿੱਚ ਬੇਹੋਸ਼ ਮਨੁੱਖ ਨੂੰ ਸਤਿ ਵਿਸਰ ਜਾਂਦਾ ਹੈ। ਸਤਿ ਤੱਤਾਂ ਦੀ ਮਹਿਮਾ ਤੋਂ ਮਨੁੱਖ ਖੋਖਲਾ ਹੋ ਜਾਂਦਾ ਹੈ ਅਤੇ ਮਾਇਕੀ ਦੁਨੀਆਂ ਵਿੱਚ ਗਰਕ ਕੇ ਆਪਣਾ ਅਨਮੋਲ ਰਤਨ ਹੀਰਾ ਜਨਮ ਗੁਆ ਬੈਠਦਾ ਹੈ। ਸਤਿ ਤੱਤਾਂ ਦਾ ਧਨ ਇਕੱਤਰ ਕਰਨ ਦੇ ਬਜਾਏ ਮਾਇਕੀ ਵਿਕਾਰਾਂ ਦੇ ਵਿਨਾਸ਼ਕਾਰੀ ਤੱਤਾਂ ਨੂੰ ਇਕੱਤਰ ਕਰ ਕੇ ਲੰਬੇ ਸਮੇਂ ਲਈ ਆਪਣੇ ਆਪ ਨੂੰ ਮਾਇਆ ਦੇ ਵਿੱਚ ਗਲਤਾਨ ਕਰ ਬੈਠਦਾ ਹੈ। ਸੰਸਾਰ ਵਿੱਚ ਸਤਿ ਗੁਣਾਂ ਅਤੇ ਸਤਿ ਤੱਤਾਂ ਦਾ ਵਣਜ ਕਰਨ ਆਇਆ ਹੋਇਆ ਮਨੁੱਖ ਮਾਇਆ ਦੇ ਕੂੜ ਵਿੱਚ ਫਸ ਕੇ ਰਹਿ ਜਾਂਦਾ ਹੈ ਅਤੇ ਆਪਣਾ ਜਨਮ ਗੁਆ ਬੈਠਦਾ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਦ੍ਰਿੜ੍ਹ ਕਰਵਾਇਆ ਹੈ:

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥
ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥
ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥

ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ॥
ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੫)

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਸਰਿ ਹੰਸ ਉਲਥੜੇ ਆਇ ॥
ਜੋਬਨੁ ਘਟੈ ਜਰੂਆ ਜਿਣੈ ਵਣਜਾਰਿਆ ਮਿਤ੍ਰਾ ਆਵ ਘਟੈ ਦਿਨੁ ਜਾਇ ॥
ਅੰਤਿ ਕਾਲਿ ਪਛੁਤਾਸੀ ਅੰਧੁਲੇ ਜਾ ਜਮਿ ਪਕੜਿ ਚਲਾਇਆ ॥
ਸਭੁ ਕਿਛੁ ਅਪੁਨਾ ਕਰਿ ਕਰਿ ਰਾਖਿਆ ਖਿਨ ਮਹਿ ਭਇਆ ਪਰਾਇਆ ॥
ਬੁਧਿ ਵਿਸਰਜੀ ਗਈ ਸਿਆਣਪ ਕਰਿ ਅਵਗਣ ਪਛੁਤਾਇ ॥
ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਪ੍ਰਭੁ ਚੇਤਹੁ ਲਿਵ ਲਾਇ ॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੬)

ਮਨੁੱਖੀ ਜਨਮ ਜੀਵਨ ਵਿੱਚ ਜਦ ਜਵਾਨੀ ਦਾ ਅੰਤ ਹੁੰਦਾ ਹੈ ਤਾਂ ਬੁਢੇਪਾ ਆ ਘੇਰਦਾ ਹੈ। ਪੰਜ ਗਿਆਨ ਇੰਦਰੀਆਂ ਦੀਆਂ ਸ਼ਕਤੀਆਂ ਦੁਰਬਲ ਹੋ ਜਾਂਦੀਆਂ ਹਨ। ਜਿਵੇਂ ਅੱਖਾਂ ਦੀ ਦੇਖਣ ਦੀ ਸ਼ਕਤੀ ਘੱਟ ਜਾਂਦੀ ਹੈ ਅਤੇ ਅੱਖਾਂ ਅੱਗੇ ਹਨੇਰਾ ਆਉਣ ਲੱਗ ਜਾਂਦਾ ਹੈ। ਰਸਨਾ ਵਿੱਚ ਸੁਆਦ ਲੈਣ ਦੀ ਸ਼ਕਤੀ ਦਾ ਲੱਗਭਗ ਅੰਤ ਹੋ ਜਾਂਦਾ ਹੈ। ਸੁਣਨ ਦੀ ਸ਼ਕਤੀ ਘੱਟ ਜਾਂਦੀ ਹੈ। ਬੋਲਣ ਦੀ ਸ਼ਕਤੀ ਦੁਰਬਲ ਹੋ ਜਾਂਦੀ ਹੈ। ਪੰਜ ਕਰਮ ਇੰਦਰੀਆਂ ਦੀਆਂ ਸ਼ਕਤੀਆਂ ਵੀ ਦੁਰਬਲਤਾ ਦਾ ਸ਼ਿਕਾਰ ਹੋ ਜਾਂਦੀਆਂ ਹਨ। ਦੇਹੀ ਬਹੁਤ ਦੁਰਬਲ ਹੋ ਜਾਂਦੀ ਹੈ। ਮਾਸ ਹੱਡਾਂ ਨਾਲੋਂ ਵੱਖਰਾ ਹੋ ਜਾਂਦਾ ਹੈ ਜਿਸ ਦੇ ਕਾਰਨ ਸਰੀਰਕ ਬਲ ਦਾ ਲੱਗਭਗ ਅੰਤ ਹੋ ਜਾਂਦਾ ਹੈ। ਸਾਰੀ ਉਮਰ ਆਪਣੇ ਹੀ ਮਨ ਦਾ ਮੁਰੀਦ ਬਣਿਆ ਰਹਿਣ ਕਾਰਨ ਮਾਇਆ ਦੀ ਗ਼ੁਲਾਮੀ ਵਿੱਚ ਇਤਨਾ ਰੱਤਿਆ ਜਾਂਦਾ ਹੈ ਕਿ ਸਤਿ ਪਾਰਬ੍ਰਹਮ ਨੂੰ ਪੂਰੀ ਤਰ੍ਹਾਂ ਨਾਲ ਵਿਸਾਰ ਦਿੰਦਾ ਹੈ। ਇਸ ਲਈ ਬੁਢੇਪੇ ਵਿੱਚ ਸੁੱਖ ਕਿਵੇਂ ਮਿਲੇ। ਬੁਢੇਪਾ ਰੋਗਾਂ ਦਾ ਘਰ ਬਣ ਜਾਂਦਾ ਹੈ। ਦੇਹੀ ਦਾ ਰੋਗਾਂ ਦੇ ਨਾਲ ਨਾਸ ਹੋ ਜਾਂਦਾ ਹੈ। ਸਾਰੀ ਉਮਰ ਦੇਹੀ ਦੇ ਸਵਾਦਾਂ ਅਤੇ ਇਨ੍ਹਾਂ ਸਵਾਦਾਂ ਨੂੰ ਜੁਟਾਉਂਦੇ ਅਤੇ ਭੋਗਦੇ ਹੋਏ ਇਸੇ ਦੇਹੀ ਦਾ ਨਾਸ ਕਰ ਬੈਠਦਾ ਹੈ। ਜਿਵੇਂ ਰਾਤ ਦਾ ਅੰਤ ਚੌਥੇ ਪਹਿਰ ਦੇ ਅੰਤ ਨਾਲ ਹੋ ਜਾਂਦਾ ਹੈ ਠੀਕ ਉਸੇ ਤਰ੍ਹਾਂ ਮਨੁੱਖੀ ਜਨਮ ਜੀਵਨ ਦਾ ਅੰਤ ਬੁਢੇਪੇ ਵਿੱਚ ਹੋ ਜਾਂਦਾ ਹੈ।

ਜਵਾਨੀ ਵਿੱਚ ਮਨੁੱਖ ਧਨ ਕਮਾਉਣ, ਪਰਿਵਾਰ ਪਾਲਣ, ਬੇਟੇ-ਬੇਟੀਆਂ ਦੀ ਪੜ੍ਹਾਈ-ਲਿਖਾਈ ਅਤੇ ਉਨ੍ਹਾਂ ਦੇ ਵਿਆਹ-ਸ਼ਾਦੀਆਂ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਆਦਿ ਦੀ ਸੇਵਾ ਕਰਨ ਵਿੱਚ ਬਤੀਤ ਕਰ ਦਿੰਦਾ ਹੈ। ਇਸੇ ਤਰ੍ਹਾਂ ਦੇ ਨਾਲ ਮਨੁੱਖਾ ਜੀਵਨ ਦਾ ਬੁਢੇਪੇ ਵਿੱਚ ਕਦੋਂ ਪ੍ਰਵੇਸ਼ ਹੋ ਜਾਂਦਾ ਹੈ ਪਤਾ ਹੀ ਨਹੀਂ ਚਲਦਾ ਹੈ। ਸਾਰੀ ਉਮਰ ਸੰਸਾਰੀ ਧੰਦਿਆਂ ਵਿੱਚ ਉਲਝੇ ਹੋਏ ਮਨੁੱਖ ਨੂੰ ਸਤਿ ਪਾਰਬ੍ਰਹਮ ਬਿਲਕੁਲ ਵਿਸਰਿਆ ਰਹਿੰਦਾ ਹੈ। ਕਈ ਮਨੁੱਖ ਇਹ ਇੰਤਜ਼ਾਰ ਕਰਦੇ ਹਨ ਕਿ ਉਹ ਸੰਸਾਰਿਕ ਧੰਦਿਆਂ ਤੋਂ ਮੁਕਤ ਹੋਣ 'ਤੇ ਭਜਨ ਬੰਦਗੀ ਕਰਨ ਦਾ ਯਤਨ ਕਰਨਗੇ। ਪਰੰਤੂ ਬਦਕਿਸਮਤੀ ਨਾਲ ਮਾਇਕੀ ਝਮੇਲਿਆਂ ਵਿੱਚ ਉਲਝੇ

ਹੋਏ ਮਨੁੱਖ ਦੇ ਜੀਵਨ ਵਿੱਚ ਕਦੇ ਵੀ ਐਸਾ ਸਮਾਂ ਨਹੀਂ ਆਉਂਦਾ ਹੈ। ਸਤਿ ਦਾ ਵਣਜ ਕਰਨ ਆਇਆ ਹੋਇਆ ਮਿੱਤਰ ਵਣਜਾਰਾ ਮਾਇਆ ਦਾ ਵਣਜਾਰਾ ਬਣ ਕੇ ਰਹਿ ਜਾਂਦਾ ਹੈ। ਦਇਆ, ਧਰਮ, ਸੰਤੋਖ, ਸੰਜਮ, ਨਿਮਰਤਾ, ਨਿਰਭੈਤਾ, ਨਿਰਵੈਰਤਾ, ਸਿਮਰਨ, ਸੇਵਾ, ਪਰਉਪਕਾਰ, ਮਹਾ ਪਰਉਪਕਾਰ ਦਾ ਵਣਜ ਕਰਨ ਦੁਨੀਆਂ 'ਤੇ ਆਇਆ ਮਿੱਤਰ ਵਣਜਾਰਾ (ਮਨੁੱਖ) ਮਇਆ ਦੇ ਵਿਨਾਸ਼ਕਾਰੀ ਤੱਤਾਂ ਦਾ ਵਣਜ ਕਰਦਾ ਹੋਇਆ ਆਪਣਾ ਅਮੁੱਲਾ ਜਨਮ ਜੀਵਨ ਮਾਇਆ ਦੇ ਲੇਖੇ ਲਾ ਕੇ ਇਸ ਨੂੰ ਗੁਆ ਬੈਠਦਾ ਹੈ। ਮਾਇਕੀ ਸ਼ਕਤੀਆਂ ਦੀ ਗ਼ੁਲਾਮੀ ਵਿੱਚ ਮਨੁੱਖ ਨੂੰ ਇਸ ਪਰਮ ਸਤਿ ਤੱਤ ਦੀ ਕੋਈ ਸੋਝੀ ਨਹੀਂ ਰਹਿੰਦੀ ਕਿ ਉਸ ਦੀ ਉਮਰ ਦਿਨੋ-ਦਿਨ ਘੱਟ ਰਹੀ ਹੈ ਅਤੇ ਉਸ ਦੀ ਸਵਾਸਾਂ ਦੀ ਪੂੰਜੀ ਨਸ਼ਟ ਹੋਈ ਜਾ ਰਹੀ ਹੈ।

ਮਾਇਆ ਦੇ ਮਿੱਠੇ ਜ਼ਹਿਰ ਨੂੰ ਪੀ-ਪੀ ਕੇ ਮਾਇਆ ਦੇ ਨਸ਼ੇ ਵਿੱਚ ਬੇਹੋਸ਼ ਮਨੁੱਖ ਨੂੰ ਇਹ ਚੇਤਾ ਭੁੱਲ ਜਾਂਦਾ ਹੈ ਕਿ ਉਸ ਦਾ ਜਨਮ ਕਿਸ ਮਨੋਰਥ ਦੀ ਪੂਰਤੀ ਕਰਨ ਲਈ ਹੋਇਆ ਸੀ। ਮਾਇਆ ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦੇ ਹੱਥੇ ਇਸ ਕਦਰ ਚੜ੍ਹ ਜਾਂਦਾ ਹੈ ਕਿ ਆਪਣੇ ਜੀਵਨ ਦੇ ਅਸਲੀ ਉਦੇਸ਼ ਦੀ ਸੋਝੀ ਪੈਂਦੀ ਹੀ ਨਹੀਂ ਹੈ। ਮੌਤ ਨੂੰ ਭੁੱਲੀ ਬੈਠੇ ਮਾਇਆ ਦੇ ਵਿੱਚ ਬੁਰੀ ਤਰ੍ਹਾਂ ਨਾਲ ਗਲਤਾਨ ਹੋਏ ਮਨੁੱਖ ਨੂੰ ਕਦੋਂ ਜਮ ਆ ਘੇਰਦੇ ਹਨ ਇਸ ਦਾ ਉਸ ਨੂੰ ਪਤਾ ਹੀ ਨਹੀਂ ਚਲਦਾ ਹੈ। ਮਾਇਆ ਵਿੱਚ ਗਲਤਾਨ ਮਨੁੱਖ ਦੇ ਜਦ ਜਮਦੂਤ ਪ੍ਰਾਣ ਹਰਨ ਲਈ ਆ ਜਾਂਦੇ ਹਨ ਤਾਂ ਜਮਦੂਤਾਂ ਦੇ ਅੱਗੇ ਕਿਸੇ ਦੀ ਨਹੀਂ ਚਲਦੀ ਹੈ। ਜਦ ਜਮਦੂਤ ਪ੍ਰਾਣ ਹਰਦੇ ਹਨ ਤਾਂ ਸਾਰੀ ਉਮਰ ਜਿਨ੍ਹਾਂ ਸਾਥਾਂ, ਸੰਬੰਧਾਂ, ਰਿਸ਼ਤਿਆਂ, ਜ਼ਮੀਨਾਂ-ਜਾਇਦਾਦਾਂ, ਧਨ-ਸੰਪਦਾ ਆਦਿ ਨੂੰ ਮੇਰਾ-ਮੇਰਾ ਕਰਦਾ ਰਿਹਾ ਉਨ੍ਹਾਂ ਵਿੱਚੋਂ ਕੋਈ ਸਾਥ ਨਹੀਂ ਦਿੰਦਾ ਹੈ। ਸਾਰੇ ਪਰਿਵਾਰ, ਸਾਥਾਂ, ਸੰਬੰਧਾਂ, ਰਿਸ਼ਤਿਆਂ, ਜ਼ਮੀਨਾਂ ਜਾਇਦਾਦਾਂ, ਧਨ-ਸੰਪਦਾ ਆਦਿ ਵਿੱਚੋਂ ਕੋਈ ਵਸਤੂ ਨਾਲ ਨਹੀਂ ਜਾਂਦੀ ਹੈ। ਸਾਰੇ ਪਰਿਵਾਰ ਨੂੰ ਰੋਂਦੇ ਕੁਰਲਾਂਦੇ ਛੱਡ ਕੇ ਜਮਦੂਤਾਂ ਦੇ ਨਾਲ ਤਾਂ ਇਕੱਲੇ ਹੀ ਜਾਣਾ ਪੈਂਦਾ ਹੈ।

ਮਇਆ ਵਿੱਚ ਗਲਤਾਨ ਮਨੁੱਖ ਦੀ ਮੌਤ ਬਹੁਤ ਭਿਆਨਕ ਹੁੰਦੀ ਹੈ। ਕਿਉਂਕਿ ਮਨੁੱਖ ਦੀ ਦੇਹੀ ਪ੍ਰਾਣ ਛੱਡਣਾ ਨਹੀਂ ਚਾਹੁੰਦੀ ਅਤੇ ਜਮਦੂਤ ਦੇਹੀ ਵਿੱਚੋਂ ਜਦ ਪ੍ਰਾਣ ਖਿੱਚਦੇ ਹਨ ਤਾਂ ਮਨੁੱਖ ਨੂੰ ਬਹੁਤ ਕਸ਼ਟ ਹੁੰਦਾ ਹੈ। ਮਾਇਆ ਵਿੱਚ ਗਲਤਾਨ ਮਨੁੱਖ ਦਾ ਦੇਹੀ ਦੇ ਨਾਲ ਇਤਨਾ ਗਹਿਰਾ ਮੋਹ ਹੁੰਦਾ ਹੈ ਕਿ ਉਹ ਦੇਹੀ ਨੂੰ ਛੱਡਣ ਲਈ ਕਦੇ ਵੀ ਤਿਆਰ ਨਹੀਂ ਹੁੰਦਾ ਹੈ। ਉਹ ਹੋਰ ਜਿਊਣਾ ਚਾਹੁੰਦਾ ਹੈ। ਜਿਵੇਂ ਕਿੱਕਰ ਦੀਆਂ ਸੂਲਾਂ ਵਾਲੀ ਝਾੜੀ ਉੱਪਰ ਜੇ ਕਰ ਇੱਕ ਚਾਦਰ ਵਿਛਾ ਦਿੱਤੀ ਜਾਵੇ ਅਤੇ ਫਿਰ ਉਸ ਨੂੰ ਬੇਦਰਦੀ ਨਾਲ ਖਿੱਚਿਆ ਜਾਵੇ ਤਾਂ ਉਸ ਦੀਆਂ ਲੀਰਾਂ-ਲੀਰਾਂ ਹੋ ਜਾਣਗੀਆਂ, ਠੀਕ ਇਸੇ ਤਰ੍ਹਾਂ ਦੇ ਨਾਲ ਹੀ ਮਨੁੱਖ ਦਾ ਹਾਲ ਹੁੰਦਾ ਹੈ ਜਦ ਜਮਦੂਤ ਉਸ ਦੀ ਦੇਹੀ ਵਿੱਚੋਂ ਪ੍ਰਾਣ ਖਿੱਚਦੇ ਹਨ। ਜਦ ਜਮਦੂਤ ਮਨੁੱਖ ਦੀ ਦੇਹੀ ਵਿੱਚੋਂ ਪ੍ਰਾਣ ਖਿੱਚਦੇ ਹਨ ਤਾਂ ਉਹ ਬਹੁਤ ਭੈਭੀਤ ਹੋ ਜਾਂਦਾ ਹੈ। ਮਰਦਾ ਹੋਇਆ ਮਨੁੱਖ ਬੋਲਣ ਦੀ ਬਹੁਤ ਕੋਸ਼ਿਸ਼ ਕਰਦਾ ਹੈ ਪਰੰਤੂ ਬੋਲਣ ਵਿੱਚ ਅਸਮਰਥ ਹੁੰਦਾ ਹੈ। ਰੌਲਾ ਪਾਉਣ ਦੀ ਕੋਸ਼ਿਸ਼ ਕਰਦਾ ਹੈ ਪਰੰਤੂ ਮੁਖ ਤੋਂ ਆਵਾਜ਼ ਨਹੀਂ ਨਿਕਲਦੀ ਹੈ। ਆਪਣੇ ਪਰਿਵਾਰ ਦੇ ਬੰਦਿਆਂ ਨੂੰ ਦੱਸਣਾ ਚਾਹੁੰਦਾ ਹੈ ਕਿ ਉਸ ਨਾਲ ਕੀ ਹੋ ਰਿਹਾ ਹੈ ਪਰੰਤੂ ਜਮਦੂਤਾਂ ਦੇ ਅੱਗੇ ਉਸ ਦੀ ਕੋਈ ਸ਼ਕਤੀ ਨਹੀਂ ਚਲਦੀ ਹੈ। ਜੋ ਮਨੁੱਖ ਆਪਣੇ ਜੀਵਨ ਵਿੱਚ ਬਹੁਤ ਸੰਗੀਨ ਕਿਸਮ ਦੇ ਗੁਨਾਹ ਕਰਦੇ ਰਹੇ ਹੋਣ, ਜਿਵੇਂ ਕਿ ਸੰਤ ਦੀ ਨਿੰਦਿਆ, ਸਮੂਹਿਕ ਹਾਨੀ ਕਰਨ ਵਾਲੇ ਗੁਨਾਹ ਆਦਿ, ਉਨ੍ਹਾਂ ਮਨੁੱਖਾਂ ਨੂੰ ਤਾਂ ਜਮਦੂਤਾਂ ਦੀ ਮਾਰ ਮੌਤ ਤੋਂ ਕਈ-ਕਈ ਦਿਨ ਪਹਿਲਾਂ ਹੀ ਪੈਣੀ ਸ਼ੁਰੂ ਹੋ ਜਾਂਦੀ ਹੈ। ਉਨ੍ਹਾਂ ਨੂੰ ਜਮਦੂਤਾਂ ਦੇ ਦਰਸ਼ਨ ਵੀ ਹੋਣ ਲੱਗ

ਜਾਂਦੇ ਹਨ। ਐਸੇ ਮਨੁੱਖ ਜਮਦੂਤਾਂ ਤੋਂ ਆਪਣੇ ਬਚਾਉ ਲਈ ਆਪਣੇ ਮੂਹੋਂ ਬਹੁਤ ਤਰਲੇ ਮਿੰਨਤਾਂ ਕਰਦੇ ਹਨ। ਪਰੰਤੂ ਉਸ ਸਮੇਂ ਉਨ੍ਹਾਂ ਦੇ ਤਰਲੇ ਮਿੰਨਤਾਂ ਦਾ ਜਮਦੂਤਾਂ ਉੱਪਰ ਕੋਈ ਅਸਰ ਨਹੀਂ ਹੁੰਦਾ ਹੈ। ਇਸ ਤਰ੍ਹਾਂ ਨਾਲ ਜਮਦੂਤ ਐਸੇ ਗੁਨਾਹਗਾਰਾਂ ਨੂੰ ਮਾਰ-ਮਾਰ ਕੇ ਲੈ ਜਾਂਦੇ ਹਨ। ਕਿਉਂਕਿ ਇਹ ਪਰਮ ਸਤਿ ਹੈ ਕਿ ਮਨੁੱਖ ਜਿਤਨੇ ਸੁਆਸ ਲਿਖਾ ਕੇ ਲਿਆਉਂਦਾ ਹੈ ਠੀਕ ਉਤਨੇ ਸੁਆਸ ਹੀ ਉਸ ਨੂੰ ਪ੍ਰਾਪਤ ਹੁੰਦੇ ਹਨ। ਮਨੁੱਖੀ ਸਵਾਸਾਂ ਦਾ ਲੇਖਾ-ਜੋਖਾ ਇਤਨਾ ਦਰਗਾਹੀ ਹੁਕਮ ਵਿੱਚ ਹੁੰਦਾ ਹੈ ਕਿ ਮਨੁੱਖ ਲਿਖੇ ਗਏ ਸਵਾਸਾਂ ਤੋਂ ਨਾ ਇੱਕ ਸੁਆਸ ਘੱਟ ਅਤੇ ਨਾ ਹੀ ਇੱਕ ਸੁਆਸ ਵੱਧ ਲੈ ਸਕਦਾ ਹੈ।

ਮਨੁੱਖ ਦੀ ਜਦ ਮੌਤ ਹੁੰਦੀ ਹੈ ਅਤੇ ਮਨੁੱਖ ਦੀ ਰੂਹ ਦੇਹੀ ਨੂੰ ਛੱਡਦੀ ਹੈ ਤਾਂ ਮਨੁੱਖ ਨੂੰ ਜਨਮ ਜੀਵਨ ਵਿੱਚ ਕੀਤੇ ਗਏ ਆਪਣੇ ਸਾਰੇ ਮਾੜੇ-ਚੰਗੇ ਕਰਮਾਂ ਦੇ ਫਲ ਦਾ ਗਿਆਨ ਹੁੰਦਾ ਹੈ। ਜਦ ਜਮਦੂਤ ਮਨੁੱਖ ਦੀ ਰੂਹ ਨੂੰ ਦੇਹੀ ਵਿੱਚੋਂ ਖਿੱਚ ਕੇ ਧਰਮ ਰਾਜ ਦੀ ਕਚਹਿਰੀ ਵਿੱਚ ਪੇਸ਼ ਕਰਦੇ ਹਨ ਅਤੇ ਜਦ ਉਸ ਦੇ ਸਾਰੇ ਕਰਮਾਂ ਦਾ ਲੇਖਾ-ਜੋਖਾ ਵਿਚਾਰਿਆ ਜਾਂਦਾ ਹੈ ਤਾਂ ਉਸ ਨੂੰ ਆਪਣੇ ਸਾਰੇ ਕੀਤੇ ਗਏ ਕਰਮਾਂ ਦਾ ਗਿਆਨ ਹੋ ਜਾਂਦਾ ਹੈ। ਜਦੋਂ ਜਮਦੂਤਾਂ ਦੀ ਮਾਰ ਪੈਂਦੀ ਹੈ ਅਤੇ ਉਸ ਦੇ ਕੀਤੇ ਗਏ ਸਾਰੇ ਕਰਮਾਂ ਅਨੁਸਾਰ ਉਸ ਨੂੰ ਸਜ਼ਾਵਾਂ ਲੱਗਦੀਆਂ ਹਨ ਤਾਂ ਉਸ ਨੂੰ ਆਪਣੇ ਕੀਤੇ ਕਰਮਾਂ ਦਾ ਪਛਤਾਵਾ ਹੁੰਦਾ ਹੈ। ਜਦ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੇ ਨਸ਼ੇ ਵਿੱਚ ਮਨੁੱਖ ਦੁਆਰਾ ਕੀਤੇ ਗਏ ਅਸਤਿ ਅਤੇ ਵਿਨਾਸ਼ਕਾਰੀ ਕਰਮਾਂ ਦੇ ਭਿਆਨਕ ਨਤੀਜੇ ਉਸ ਨੂੰ ਭੁਗਤਣੇ ਪੈਂਦੇ ਹਨ ਫਿਰ ਉਹ ਤੌਬਾ ਕਰਦਾ ਹੈ ਅਤੇ ਪਛਤਾਵੇ ਦੀ ਅਗਨ ਵਿੱਚ ਸੜ੍ਹਦਾ-ਬਲਦਾ ਹੈ। ਫਿਰ ਉਸ ਨੂੰ ਮਾਤਾ ਦੇ ਗਰਭ ਵਿੱਚ ਕੀਤੇ ਗਏ ਵਾਅਦੇ ਦੀ ਪ੍ਰਤੀਤ ਹੁੰਦੀ ਹੈ ਅਤੇ ਅਮੁੱਲਾ ਮਨੁੱਖਾ ਜਨਮ ਗੁਆਉਣ ਦਾ ਪਛਤਾਵਾ ਹੁੰਦਾ ਹੈ। ਇਸੇ ਤਰ੍ਹਾਂ ਦੇ ਨਾਲ ਉਸ ਦਾ ਜਨਮ-ਮਰਨ ਦਾ ਚੱਕਰ ਕਦੇ ਖ਼ਤਮ ਨਹੀਂ ਹੁੰਦਾ ਹੈ। ਮਨੁੱਖਾ ਜਨਮ ਜੀਵਨ ਦੇ ਚੌਥੇ ਪਹਿਰ ਦੇ ਵਿੱਚ ਵਾਪਰਦੇ ਇਨ੍ਹਾਂ ਪਰਮ ਸਤਿ ਤੱਤਾਂ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥
ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥
ਝੂਠਾ ਰੁਦਨੁ ਹੋਆ ਦੁਆਲੈ ਖਿਨ ਮਹਿ ਭਇਆ ਪਰਾਇਆ ॥
ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੫)

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ ॥
ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ ॥
ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ ॥
ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ ਮਨਮੁਖ ਆਵਣ ਜਾਣਾ ॥

ਖੜੁ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ ਮਾਣੁ ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਗੁਰਮੁਖਿ ਸਬਦੁ ਪਛਾਣੁ ॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੬)

ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਬੇਅੰਤ ਦਿਆਲਤਾ ਦੇ ਨਾਲ ਉੱਪਰ ਵਿਚਾਰੇ ਗਏ ਮਨੁੱਖਾ ਜਨਮ ਜੀਵਨ ਦੇ ਚਾਰ ਪਹਿਰਾਂ ਦਾ ਪਰਮ ਸਤਿ ਸਾਰੀ ਲੁਕਾਈ ਦੀ ਝੋਲੀ ਵਿੱਚ ਪਾ ਦਿੱਤਾ ਹੈ। ਮਾਇਆ ਰੂਪ ਸੰਸਾਰ ਵਿੱਚ ਜਨਮ ਉਪਰੰਤ ਵਿਚਰਦੇ ਹੋਏ ਮਨੁੱਖ ਦੀ ਕਥਾ ਦਾ ਪੂਰਨ ਸਤਿ ਵਰਤਾ ਦਿੱਤਾ ਹੈ। ਇਸ ਵਿਸ਼ੇ 'ਤੇ ਹੋਰ ਵਿਚਾਰ ਕਰਦੇ ਹੋਏ ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਨੇ ਮਨੁੱਖਾ ਜਨਮ ਦੀ ਕਥਾ ਦਾ ਪੂਰਨ ਸਤਿ ਹੋਰ ਸੌਖੇ ਸ਼ਬਦਾਂ ਵਿੱਚ ਇਸ ਪਰਮ ਸ਼ਕਤੀਸ਼ਾਲੀ ਸ਼ਲੋਕ ਵਿੱਚ ਵੀ ਪ੍ਰਗਟ ਕੀਤਾ ਹੈ:

ਮਃ ੧ ॥ ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥
ਤੀਜੈ ਭਯਾ ਭਾਭੀ ਬੇਬ ॥ ਚਉਥੈ ਪਿਆਰਿ ਉਪੰਨੀ ਖੇਡ ॥
ਪੰਜਵੈ ਖਾਣ ਪੀਅਣ ਕੀ ਧਾਤੁ ॥ ਛਿਵੈ ਕਾਮੁ ਨ ਪੁਛੈ ਜਾਤਿ ॥
ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥
ਨਾਵੈ ਧਉਲੇ ਉਭੇ ਸਾਹ ॥ ਦਸਵੈ ਦਧਾ ਹੋਆ ਸੁਆਹ ॥
ਗਏ ਸਿਗੀਤ ਪੁਕਾਰੀ ਧਾਹ ॥ ਉਡਿਆ ਹੰਸੁ ਦਸਾਏ ਰਾਹ ॥
ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੭)

ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਮਨੁੱਖਾ ਜੀਵਨ ਨੂੰ ਦੱਸ (੧੦) ਹਿੱਸਿਆਂ ਵਿੱਚ ਵੰਡਿਆ ਹੈ।

੧. ਜਨਮ ਉਪਰੰਤ ਬੱਚੇ ਨੂੰ ਮਾਂ ਦੀ ਮਮਤਾ ਮਿਲਦੀ ਹੈ ਅਤੇ ਉਹ ਮਾਂ ਦੇ ਥਣਾਂ ਵਿੱਚੋਂ ਪ੍ਰਾਪਤ ਦੁੱਧ ਵਿੱਚ ਰੁੱਝ ਜਾਂਦਾ ਹੈ। ਨਵਾਂ ਜੰਮਿਆ ਬੱਚਾ ਮਾਂ ਤੋਂ ਬਗੈਰ ਨਹੀਂ ਰਹਿ ਸਕਦਾ ਹੈ। ਨਾ ਹੀ ਮਾਂ ਆਪਣੇ ਬੱਚੇ ਨੂੰ ਆਪਣੇ ਤੋਂ ਦੂਰ ਕਰ ਸਕਦੀ ਹੈ। ਬੱਚੇ ਵਿੱਚ ਮਾਂ ਦੀ ਜਾਨ ਵਰਤਦੀ ਹੈ ਅਤੇ ਮਾਂ ਵਿੱਚ ਬੱਚੇ ਦੀ ਜਾਨ ਵਰਤਦੀ ਹੈ। ਮਾਂ ਦੇ ਮੋਹ ਦਾ ਆਰੰਭ ਹੋ ਜਾਂਦਾ ਹੈ।

੨. ਦੂਜੀ ਅਵਸਥਾ ਵਿੱਚ ਜਦੋਂ ਬੱਚਾ ਜ਼ਰਾ ਸਿਆਣਾ ਹੁੰਦਾ ਹੈ ਤਾਂ ਮਾਤਾ-ਪਿਤਾ ਦੀ ਸੋਝੀ ਪੈ ਜਾਂਦੀ ਹੈ। ਮਾਤਾ-ਪਿਤਾ ਦੀ ਪਹਿਚਾਣ ਹੋ ਜਾਂਦੀ ਹੈ। ਮਾਤਾ-ਪਿਤਾ ਦੀ ਪਹਿਚਾਣ ਹੋ ਜਾਣ 'ਤੇ ਮੇਰੀ-ਮੇਰੀ ਦਾ ਪਤਾ ਲੱਗਣਾ ਸ਼ੁਰੂ ਹੋ ਜਾਂਦਾ ਹੈ। ਮਾਤਾ-ਪਿਤਾ ਦੇ ਮੋਹ ਦਾ ਆਰੰਭ ਹੋ ਜਾਂਦਾ ਹੈ।

੩. ਤੀਜੀ ਅਵਸਥਾ ਵਿੱਚ ਭਰਾ ਅਤੇ ਭੈਣ ਦੀ ਪਹਿਚਾਣ ਹੋਣੀ ਸ਼ੁਰੂ ਹੋ ਜਾਂਦੀ ਹੈ। ਪਰਿਵਾਰ ਦੇ ਹੋਰ ਲੋਕਾਂ ਦੀ ਸੋਝੀ ਆਉਣੀ ਸ਼ੁਰੂ ਹੋ ਜਾਂਦੀ ਹੈ। ਭਾਵ ਬਾਕੀ ਦੇ

ਪਰਿਵਾਰਕ ਮੋਹ ਦਾ ਆਰੰਭ ਹੋ ਜਾਂਦਾ ਹੈ। ਮੇਰੀ-ਮੇਰੀ ਦ੍ਰਿੜ੍ਹ ਹੋਣੀ ਸ਼ੁਰੂ ਹੋ ਜਾਂਦੀ ਹੈ।

੪. ਚੌਥੀ ਅਵਸਥਾ ਵਿੱਚ ਖੇਡਣ ਦੀ ਸੋਝੀ ਪੈਂਦੀ ਹੈ। ਬਾਕੀ ਦੀਆਂ ਵਸਤੂਆਂ ਨਾਲ ਲੱਗਾਉ ਹੋਣਾ ਸ਼ੁਰੂ ਹੋ ਜਾਂਦਾ ਹੈ। ਖਿਡੌਣਿਆਂ ਨਾਲ ਅਤੇ ਹੋਰ ਸੰਸਾਰਿਕ ਵਸਤੂਆਂ ਨਾਲ ਲੱਗਾਉ ਹੋਣਾ ਸ਼ੁਰੂ ਹੋ ਜਾਂਦਾ ਹੈ। ਮੇਰੀ-ਮੇਰੀ ਹੋਰ ਦ੍ਰਿੜ੍ਹ ਹੋ ਜਾਂਦੀ ਹੈ।

੫. ਪੰਜਵੀਂ ਅਵਸਥਾ ਵਿੱਚ ਜੀਭ ਦਾ ਸੁਆਦ ਦ੍ਰਿੜ੍ਹ ਹੋਣਾ ਸ਼ੁਰੂ ਹੋ ਜਾਂਦਾ ਹੈ। ਖਾਣ-ਪੀਣ ਦੀਆਂ ਵਸਤੂਆਂ ਵਿੱਚ ਰੁਚੀ ਵੱਧ ਜਾਂਦੀ ਹੈ। ਖਾਣ-ਪੀਣ ਦੀ ਲਾਲਸਾ ਪ੍ਰਬਲ ਹੋ ਜਾਂਦੀ ਹੈ।

੬. ਛੇਵੀਂ ਅਵਸਥਾ ਵਿੱਚ ਜਦ ਜਵਾਨੀ ਵਿੱਚ ਪੈਰ ਰੱਖਦਾ ਹੈ ਤਾਂ ਕਾਮ ਦੀਆਂ ਇੱਛਾਵਾਂ ਜਾਗ ਉੱਠਦੀਆਂ ਹਨ। ਤ੍ਰਿਸ਼ਣਾ ਪ੍ਰਬਲ ਹੋ ਜਾਂਦੀ ਹੈ। ਕਾਮਨਾਵਾਂ ਵਿੱਚ ਉਤਰਨਾ ਸ਼ੁਰੂ ਹੋ ਜਾਂਦਾ ਹੈ। ਕਾਮ ਵਾਸ਼ਨਾ ਦਾ ਸ਼ਿਕਾਰ ਹੋਣਾ ਸ਼ੁਰੂ ਹੋ ਜਾਂਦਾ ਹੈ। ਕਾਮ ਦੇ ਨਸ਼ੇ ਵਿੱਚ ਜਾਤ-ਕੁਜਾਤ ਦੀ ਸੋਝੀ ਨਹੀਂ ਰਹਿੰਦੀ ਹੈ। ਭਾਵ ਮਾਇਆ ਦੇ ਜਾਲ ਵਿੱਚ ਹੋਰ ਗਹਿਰਾ ਫਸਣਾ ਸ਼ੁਰੂ ਹੋ ਜਾਂਦਾ ਹੈ। ਤ੍ਰਿਸ਼ਣਾ ਨੂੰ ਬੁਝਾਉਣ ਦੇ ਯਤਨ ਵਿੱਚ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੀਆਂ ਵਿਨਾਸ਼ਕਾਰੀ ਸ਼ਕਤੀਆਂ ਦੀ ਗ਼ੁਲਾਮੀ ਸ਼ੁਰੂ ਹੋ ਜਾਂਦੀ ਹੈ। ਵਿਹਾਰ ਵਿੱਚ ਮਨਮਤਿ ਜ਼ੋਰ ਫੜ ਲੈਂਦੀ ਹੈ। ਮਨਮਤਿ ਵਿੱਚ ਮਾੜੇ-ਚੰਗੇ ਕਰਮਾਂ ਦੀ ਪਹਿਚਾਣ ਕਰਨ ਦੀ ਸੂਝ-ਬੂਝ ਨਹੀਂ ਰਹਿੰਦੀ ਹੈ। ਕੂੜ ਕਰਮਾਂ ਦਾ ਬੋਲਬਾਲਾ ਹੋਣਾ ਸ਼ੁਰੂ ਹੋ ਜਾਂਦਾ ਹੈ। ਅਸਤਿ ਕਰਮਾਂ ਨੂੰ ਅੰਜਾਮ ਦੇਣਾ ਸ਼ੁਰੂ ਹੋ ਜਾਂਦਾ ਹੈ। ਮਾਇਆ ਦਾ ਰੰਗ ਗਹਿਰਾ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ।

੭. ਸਤਵੀਂ ਅਵਸਥਾ ਵਿੱਚ ਆਪਣਾ ਘਰ ਪਰਿਵਾਰ ਬਣਾਉਣ ਵਿੱਚ ਰੁੱਝ ਜਾਂਦਾ ਹੈ। ਧਨ-ਸੰਪਦਾ ਅਤੇ ਹੋਰ ਸੰਸਾਰਿਕ ਸੁਵਿਧਾਵਾਂ ਅਤੇ ਪਦਾਰਥਾਂ ਨੂੰ ਇਕੱਤਰ ਕਰਨ ਵਿੱਚ ਰੁੱਝ ਜਾਂਦਾ ਹੈ। ਗ੍ਰਹਿਸਤ ਜੀਵਨ ਵਿੱਚ ਡੂੰਘਾ ਖੁਭ ਜਾਂਦਾ ਹੈ। ਪਰਿਵਾਰਕ ਮੋਹ-ਮਾਇਆ ਦਾ ਰੰਗ ਚੜ੍ਹ ਜਾਂਦਾ ਹੈ। ਮਾਇਕੀ ਬਿਰਤੀਆਂ ਦਾ ਰੰਗ ਹੋਰ ਗਹਿਰਾ ਹੋ ਜਾਂਦਾ ਹੈ। ਪਤੀ, ਪਤਨੀ, ਪੁੱਤਰ, ਧੀਆਂ ਆਦਿ ਦੇ ਵਿੱਚ ਰੁੱਝ ਜਾਂਦਾ ਹੈ ਜਿਸ ਦੇ ਨਾਲ ਸੰਸਾਰਿਕ ਬਿਰਤੀਆਂ ਵਿੱਚ ਹੋਰ ਉਲਝ ਜਾਂਦਾ ਹੈ। ਦੁਨਿਆਵੀ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਪਰੇਸ਼ਾਨੀਆਂ, ਸਮੱਸਿਆਵਾਂ ਆਦਿ ਨਾਲ ਘਿਰ ਜਾਂਦਾ ਹੈ। ਮਾਇਕੀ ਜੰਜਾਲ ਵਿੱਚ ਡੂੰਘਾ ਫਸ ਜਾਂਦਾ ਹੈ।

੮. ਅਠਵੀਂ ਅਵਸਥਾ ਵਿੱਚ ਸੰਸਾਰਿਕ ਪਰਿਵਾਰਕ ਝਮੇਲਿਆਂ, ਝਗੜਿਆਂ, ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਪਰੇਸ਼ਾਨੀਆਂ, ਸਮੱਸਿਆਵਾਂ ਆਦਿ ਨਾਲ ਘਿਰ ਜਾਣ ਕਾਰਨ ਕ੍ਰੋਧ ਚੰਡਾਲ ਦੇ ਕੋਪ ਨਾਲ ਗ੍ਰਸਤ ਹੋ ਜਾਂਦਾ ਹੈ। ਅਹੰਕਾਰ ਚੰਡਾਲ ਅਤੇ ਕ੍ਰੋਧ ਚੰਡਾਲ ਹੋਰ ਪ੍ਰਬਲ ਹੋ ਜਾਂਦੇ ਹਨ। ਤ੍ਰਿਸ਼ਣਾ ਅਤੇ ਪੰਜ ਚੰਡਾਲਾਂ ਦੀ ਗ਼ੁਲਾਮੀ ਵਿੱਚ ਪੂਰੀ ਤਰ੍ਹਾਂ ਨਾਲ ਗ੍ਰਸਤ ਹੋ ਜਾਂਦਾ ਹੈ। ਮਾਇਆ ਦੇ ਦਲਦਲ ਵਿੱਚ ਪੂਰਨ ਤੌਰ 'ਤੇ ਖੁਭ ਜਾਂਦਾ ਹੈ। ਮਾਇਆ ਦੀ ਗ਼ੁਲਾਮੀ ਵਿੱਚ ਸਾਰੇ ਅਸਤਿ ਕਰਮ ਕਰਦਾ ਹੈ ਜਿਸ ਦੇ ਕਾਰਨ ਦੇਹੀ ਉੱਪਰ ਮਾਇਕੀ ਵਿਨਾਸ਼ਕਾਰੀ ਸ਼ਕਤੀਆਂ ਦਾ ਗਹਿਰਾ

ਅਸਰ ਪੈਂਦਾ ਹੈ। ਜਿਸ ਦੇ ਕਾਰਨ ਦੇਹੀ ਵਿੱਚ ਰੋਗਾਂ ਦੀ ਭਰਮਾਰ ਹੋਣੀ ਸ਼ੁਰੂ ਹੋ ਜਾਂਦੀ ਹੈ। ਮਾਇਆ ਦੇਹੀ ਦਾ ਨਾਸ ਕਰ ਦਿੰਦੀ ਹੈ।

੯. ਉਮਰ ਦੀ ਨੌਵੀਂ ਅਵਸਥਾ ਵਿੱਚ ਮਨੁੱਖ ਦੇ ਵਾਲ ਚਿੱਟੇ ਹੋ ਜਾਂਦੇ ਹਨ। ਦੰਦ ਟੁੱਟ ਜਾਂਦੇ ਹਨ। ਅੱਖਾਂ ਦੁਰਬਲ ਹੋ ਜਾਂਦੀਆਂ ਹਨ। ਅੱਖਾਂ ਤੋਂ ਦਿਸਣਾ ਘੱਟ ਜਾਂਦਾ ਹੈ। ਸੁਣਨ ਦੀ ਸ਼ਕਤੀ ਦੁਰਬਲ ਹੋ ਜਾਂਦੀ ਹੈ। ਸਾਹ ਲੈਣ ਵਿੱਚ ਕਸ਼ਟ ਹੋਣ ਲੱਗ ਪੈਂਦਾ ਹੈ। ਭਾਵ ਦੇਹੀ ਦੇ ਸਾਰੇ ਅੰਗ ਦੁਰਬਲ ਹੋ ਜਾਂਦੇ ਹਨ। ਪੰਜੇ ਗਿਆਨ ਇੰਦਰੀਆਂ ਦੀਆਂ ਸ਼ਕਤੀਆਂ ਦੁਰਬਲ ਹੋ ਜਾਂਦੀਆਂ ਹਨ। ਪੰਜੇ ਕਰਮ ਇੰਦਰੀਆਂ ਦੁਰਬਲ ਹੋ ਜਾਂਦੀਆਂ ਹਨ। ਦੇਹੀ ਰੋਗਾਂ ਨਾਲ ਗ੍ਰਸਤ ਹੋ ਜਾਂਦੀ ਹੈ। ਮਾਇਆ ਦੇਹੀ ਨੂੰ ਪੂਰੀ ਤਰ੍ਹਾਂ ਨਾਲ ਤਬਾਹ ਕਰ ਦਿੰਦੀ ਹੈ।

੧੦. ਦਸਵੀਂ ਅਵਸਥਾ ਵਿੱਚ ਦੇਹੀ ਦਾ ਅੰਤ ਹੁੰਦਾ ਹੈ। ਸੁਆਸ ਖ਼ਤਮ ਹੋ ਜਾਂਦੇ ਹਨ। ਪ੍ਰਾਣ ਪੰਖੇਰੂ ਉੱਡ ਜਾਂਦੇ ਹਨ। ਦੇਹੀ ਅਗਨ ਭੇਟ ਕਰ ਦਿੱਤੀ ਜਾਂਦੀ ਹੈ। ਜਿਸ ਦੇਹੀ ਦੀ ਸੇਵਾ ਲਈ ਸਾਰਾ ਜੀਵਨ ਉਪਰਾਲਿਆਂ ਵਿੱਚ ਜੁੱਟਿਆ ਰਹਿੰਦਾ ਹੈ ਉਹ ਦੇਹੀ ਸੜ੍ਹ ਕੇ ਸੁਆਹ ਹੋ ਜਾਂਦੀ ਹੈ। ਜੀਵ ਆਤਮਾ ਦੇਹੀ ਨੂੰ ਛੱਡ ਕੇ ਜਮਦੂਤਾਂ ਦੇ ਨਾਲ ਚਲੀ ਜਾਂਦੀ ਹੈ। ਸਾਰਾ ਪਰਿਵਾਰ, ਮਿੱਤਰ, ਸੰਬੰਧੀ ਢਾਹਾਂ ਮਾਰ-ਮਾਰ ਕੇ ਰੋਂਦੇ-ਕੁਰਲਾਂਦੇ ਹਨ।

ਇਸ ਤਰ੍ਹਾਂ ਦੇ ਨਾਲ ਮਨੁੱਖ ਸੰਸਾਰ ਵਿੱਚ ਆਉਂਦਾ ਹੈ ਅਤੇ ਤੁਰ ਜਾਂਦਾ ਹੈ। ਆਪਣੇ ਮਨੁੱਖਾ ਜਨਮ ਦੇ ਅਸਲੀ ਮੰਤਵ ਨੂੰ ਭੁਲਾ ਕੇ ਮਇਆ ਦੇ ਵਿੱਚ ਗਲਤਾਨ ਹੋ ਕੇ, ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਵਿਸਾਰ ਕੇ, ਆਪਣਾ ਅਮੁੱਲਾ ਹੀਰਾ ਜਨਮ ਗੁਆ ਕੇ ਚਲਾ ਜਾਂਦਾ ਹੈ। ਮਨਮਤਿ ਮਾਇਆ ਹੈ। ਮਨ ਮਾਇਆ ਹੈ। ਹਿਰਦਾ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਹੈ। ਹਿਰਦਾ ਜੋਤ ਹੈ। ਮਨਮਤਿ ਵਾਲਾ ਪਿਆਰ ਸੰਸਾਰਿਕ ਮੋਹ ਹੈ। ਮਨਮਤਿ ਵਾਲਾ ਪਿਆਰ ਸਤਿ ਪਾਰਬ੍ਰਹਮ ਨਾਲ ਸੱਚਾ ਪਿਆਰ ਨਹੀਂ ਹੁੰਦਾ ਹੈ। ਸੰਸਾਰ ਨੂੰ ਪਿਆਰ (ਮੋਹ) ਕਰਨ ਨਾਲ ਮਨੁੱਖ ਆਪਣਾ ਜਨਮ ਗੁਆ ਬੈਠਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦਾ ਪਿਆਰ ਪੂਰਨ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਪ੍ਰਾਪਤ ਹੁੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਕੇਵਲ ਪੂਰੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾ ਕੇ ਹੀ ਪ੍ਰਾਪਤ ਹੁੰਦੀ ਹੈ। ਮਨੁੱਖਾ ਜਨਮ ਨੂੰ ਸਫ਼ਲ ਕਰਨ ਦੀ ਜੁਗਤੀ ਕੇਵਲ ਪੂਰੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਪ੍ਰਾਪਤ ਹੁੰਦੀ ਹੈ। ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕੇਵਲ ਪੂਰੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਪ੍ਰਾਪਤ ਹੁੰਦੀ ਹੈ।

ਮਨੁੱਖਾ ਜਨਮ ਜੀਵਨ ਦੀ ਉਮਰ ਦੇ ਹਿਸਾਬ ਨਾਲ ਵੀ ਜੋ ਦਸ਼ਾ ਹੁੰਦੀ ਹੈ ਉਸ ਪਰਮ ਸਤਿ ਨੂੰ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਇਸ ਪਰਮ ਸ਼ਕਤੀਸ਼ਾਲੀ ਸ਼ਲੋਕ ਵਿੱਚ ਪ੍ਰਗਟ ਕੀਤਾ ਹੈ:

ਮਃ ੧ ॥ ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥
ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ ॥
ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥

ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥
ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥੩॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੮)

ਮਨੁੱਖਾ ਜਨਮ ਜੀਵਨ ਦਾ ਇਹ ਪਰਮ ਸਤਿ ਹੈ ਕਿ ਦਸ (੧੦) ਸਾਲਾਂ ਤੱਕ ਮਨੁੱਖ ਦਾ ਜੀਵਨ ਬਾਲਪਣ ਵਿੱਚ ਵਿਚਰਦਾ ਹੈ। ਬਾਲਪਣ ਵਿੱਚ ਮਾਇਆ ਦਾ ਰੰਗ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਵੀਹਾਂ (੨੦) ਸਾਲਾਂ ਦਾ ਹੋ ਕੇ ਜਵਾਨੀ ਦੀ ਅਵਸਥਾ ਵਿੱਚ ਵਿਚਰਦਾ ਹੈ। ਜਵਾਨੀ ਵਿੱਚ ਮਾਇਕੀ ਬਿਰਤੀਆਂ ਹੋਰ ਡੂੰਘੀਆਂ ਹੋ ਜਾਂਦੀਆਂ ਹਨ। ਕਾਮਨਾਵਾਂ ਦਾ ਸ਼ਿਕਾਰ ਹੋਣ ਲੱਗ ਪੈਂਦਾ ਹੈ। ਤ੍ਰਿਸ਼ਣਾ ਦੀ ਵਿਨਾਸ਼ਕਾਰੀ ਸ਼ਕਤੀ ਪ੍ਰਬਲ ਹੋ ਜਾਂਦੀ ਹੈ। ਕਾਮ ਚੰਡਾਲ ਦੀ ਵਿਨਾਸ਼ਕਾਰੀ ਸ਼ਕਤੀ ਦਾ ਗ਼ੁਲਾਮ ਬਣ ਜਾਂਦਾ ਹੈ। ਕਾਮ ਵਾਸ਼ਨਾ ਵਿੱਚ ਉਲਝ ਕੇ ਕਈ ਅਸਤਿ ਕਰਮ ਕਰਨ ਲੱਗ ਜਾਂਦਾ ਹੈ। ਤੀਹਾਂ (੩੦) ਸਾਲਾਂ ਵਿੱਚ ਸੋਹਣਾ ਅਖਵਾਉਂਦਾ ਹੈ। ਮਾਇਆ ਦਾ ਰੰਗ ਹੋਰ ਗਹਿਰਾ ਚੜ੍ਹ ਜਾਂਦਾ ਹੈ। ਚਾਲੀ (੪੦) ਸਾਲਾਂ ਤੱਕ ਭਰਪੂਰ ਜਵਾਨੀ ਦੀ ਅਵਸਥਾ ਵਿੱਚ ਅੱਪੜ ਜਾਂਦਾ ਹੈ। ਮਾਇਆ ਦੇ ਰੰਗ ਵਿੱਚ ਹੋਰ ਰੰਗਿਆ ਜਾਂਦਾ ਹੈ। ਮਾਇਆ ਦੇ ਵਿੱਚ ਗਲਤਾਨ ਹੋ ਜਾਂਦਾ ਹੈ। ਪੰਜਾਹ (੫੦) ਸਾਲਾਂ 'ਤੇ ਅੱਪੜ ਕੇ ਜਵਾਨੀ ਢਲ਼ਨੀ ਸ਼ੁਰੂ ਹੋ ਜਾਂਦੀ ਹੈ। ਮਾਇਆ ਵਿੱਚ ਪੂਰੀ ਤਰ੍ਹਾਂ ਨਾਲ ਗਲਤਾਨ ਹੋ ਜਾਂਦਾ ਹੈ। ਸੱਠ (੬੦) ਸਾਲਾਂ 'ਤੇ ਬੁਢੇਪਾ ਆ ਘੇਰਦਾ ਹੈ। ਸਰੀਰ ਦੁਰਬਲ ਹੋ ਜਾਂਦਾ ਹੈ। ਦੇਹੀ ਰੋਗਾਂ ਨਾਲ ਗ੍ਰਸਤ ਹੋ ਜਾਂਦੀ ਹੈ। ਜਿਸ ਦੇ ਨਾਲ ਸਰੀਰਕ ਬਲ ਨਾਲ ਕਰਮ ਕਰਨ ਦੀ ਸ਼ਕਤੀ ਕਮਜ਼ੋਰ ਪੈ ਜਾਂਦੀ ਹੈ। ਮਾਇਆ ਪੂਰਨ ਤੌਰ 'ਤੇ ਆਪਣਾ ਗ਼ੁਲਾਮ ਬਣਾ ਲੈਂਦੀ ਹੈ। ਸੱਤਰ (੭੦) ਸਾਲਾਂ ਦੀ ਉਮਰ ਵਿੱਚ ਅਕਲ ਤੋਂ ਹੀਣਾ ਹੋ ਜਾਂਦਾ ਹੈ। ਭਾਵ ਸੋਚਣ-ਸਮਝਣ ਦੀ ਸ਼ਕਤੀ ਚਲੀ ਜਾਂਦੀ ਹੈ। ਸਰੀਰਕ ਅਤੇ ਮਾਨਸਿਕ ਤੌਰ 'ਤੇ ਦੁਰਬਲ ਹੋ ਜਾਂਦਾ ਹੈ। ਦੂਜਿਆਂ 'ਤੇ ਨਿਰਭਰ ਹੋ ਜਾਂਦਾ ਹੈ। ਅੱਸੀ (੮੦) ਸਾਲਾਂ ਦਾ ਹੋ ਕੇ ਤਾਂ ਬਿਲਕੁਲ ਕਿਸੇ ਕੰਮ ਜੋਗਾ ਨਹੀਂ ਰਹਿੰਦਾ ਹੈ। ਨੱਬੇ (੯੦) ਸਾਲਾਂ ਤੱਕ ਤਾਂ ਮੰਜਾ ਮੱਲ ਬੈਠਦਾ ਹੈ। ਆਪਣਾ ਆਪ ਨਹੀਂ ਸੰਭਾਲ ਸਕਦਾ ਹੈ। ਇਹ ਸਾਰਾ ਪਰਮ ਸਤਿ ਦੇਖਣ, ਜਾਣਨ ਅਤੇ ਸਮਝਣ ਤੋਂ ਉਪਰੰਤ ਇਹ ਹੀ ਸਿੱਟਾ ਨਿਕਲਦਾ ਹੈ ਕਿ ਇਹ ਸੰਸਾਰ ਦੇਖਣ ਨੂੰ ਤਾਂ ਬਹਤ ਸੋਹਣਾ ਲੱਗਦਾ ਹੈ ਪਰੰਤੂ ਅਸਲੀਅਤ ਵਿੱਚ ਇਹ ਸੰਸਾਰ ਕੇਵਲ ਅਗਿਆਨਤਾ ਦਾ ਡੂੰਘਾ ਹਨੇਰਾ ਹੀ ਹਨੇਰਾ ਹੈ। ਭਾਵ ਸਾਰਾ ਸੰਸਾਰ, ਸੰਸਾਰਿਕ ਰਿਸ਼ਤੇ, ਪਰਿਵਾਰ, ਸੰਬੰਧ, ਪਦਾਰਥ, ਆਦਿ ਸਭ ਮਾਇਆ ਦੁਆਰਾ ਬੁਣਿਆ ਗਿਆ ਭਰਮਾਂ ਦਾ ਜਾਲ ਹੈ। ਇਹ ਸਭ ਕੁਝ ਬਿਨਸਣਹਾਰ ਹੈ। ਜਿਵੇਂ ਮਨੁੱਖ ਬਿਨਸ ਜਾਂਦਾ ਹੈ ਉਵੇਂ ਹੀ ਸਾਰਾ ਸੰਸਾਰ ਬਿਨਸ ਜਾਂਦਾ ਹੈ। ਕਾਲ ਵਿੱਚ ਉਤਪਤ ਹੋਈ ਹਰ ਇੱਕ ਰਚਨਾ ਕਾਲ ਵਿੱਚ ਹੀ ਬਿਨਸ ਜਾਂਦੀ ਹੈ। ਮਨੁੱਖ ਅਗਿਆਨਤਾ ਵੱਸ ਮਾਇਆ ਦੇ ਇਸ ਝੂਠੇ ਭਰਮ ਜਾਲ ਵਿੱਚ ਫਸ ਕੇ ਆਪਣਾ ਜਨਮ ਜੀਵਨ ਗੁਆ ਬੈਠਦਾ ਹੈ।

'ਜੈਸੀ ਅਗਨਿ ਉਦਰ' ਵਿੱਚ ਮਨੁੱਖ ਮਾਤਾ ਦੇ ਗਰਭ (ਕੁੰਭੀ ਨਰਕ ਵਿਸ਼ਟਾ ਤੁੱਲ) ਵਿੱਚ ਪੁੱਠਾ ਲਟਕਿਆ ਹੋਇਆ ੯ ਮਹੀਨੇ ਤੱਕ ਤੱਪ ਕਰਦਾ ਹੈ ਠੀਕ 'ਤੈਸੀ ਬਾਹਰਿ ਮਾਇਆ' ਅਗਨ ਵਿੱਚ ਮਨੁੱਖ ਜਨਮ ਤੋਂ ਉਪਰੰਤ ਵਿਚਰਦੇ ਹੋਏ ਸੜ੍ਹਦਾ-ਬਲਦਾ ਅਮੋਲਕ ਰਤਨ ਹੀਰਾ ਜਨਮ ਜੀਵਨ ਗੁਆ ਬੈਠਦਾ ਹੈ। ਤ੍ਰਿਸ਼ਣਾ ਦੀ ਅਗਨ ਵਿੱਚ ਝੁਲਸਦਾ ਹੋਇਆ ਮਨੁੱਖ ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ

ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਦੀ ਗ਼ੁਲਾਮੀ ਵਿੱਚ ਆਪਣਾ ਸਾਰਾ ਜੀਵਨ ਨਰਕ ਬਣਾ ਕੇ ਗੁਆ ਬੈਠਦਾ ਹੈ। ਮਾਇਆ ਦੀ ਗ਼ੁਲਾਮੀ ਵਿੱਚ ਦੁੱਖ ਹੀ ਦੁੱਖ ਹੈ। ਮਾਇਆ ਨੂੰ ਗ਼ੁਲਾਮ ਬਣਾ ਕੇ ਰੱਖਣ ਵਿੱਚ ਹੀ ਅਸਲੀ ਅਤੇ ਸਦਾ ਸੁੱਖ ਦੀ ਪ੍ਰਾਪਤੀ ਹੈ। ਮਾਤਾ ਦੇ ਗਰਭ ਵਿੱਚ ਤਾਂ ਸੋਝੀ ਹੁੰਦੀ ਹੈ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਚਰਨਾਂ ਵਿੱਚ ਲਿਵ ਲਾਈ ਰੱਖਦਾ ਹੈ। ਪਰੰਤੂ ਜਨਮ ਹੁੰਦੇ ਹੀ ਮਾਇਆ ਦੀ ਅਗਨ ਉਸ ਨੂੰ ਘੇਰ ਲੈਂਦੀ ਹੈ। ਕਰਮ ਦੇ ਦਰਗਾਹੀ ਵਿਧਾਨ ਅਨੁਸਾਰ ਮਨੁੱਖ ਦਾ ਜਨਮ ਅਤੇ ਮਰਨ ਨਿਸ਼ਚਿਤ ਹੁੰਦਾ ਹੈ। ਇਸ ਲਈ ਮਨੁੱਖਾ ਜਨਮ ਅਤੇ ਮਰਨ ਦਰਗਾਹੀ ਹੁਕਮ ਅਨੁਸਾਰ ਹੁੰਦਾ ਹੈ। ਜਨਮ ਤੋਂ ਉਪਰੰਤ ਮਨੁੱਖ ਨੂੰ ਪਰਿਵਾਰ ਦੀ ਪ੍ਰਾਪਤੀ ਹੁੰਦੀ ਹੈ। ਪਰਿਵਾਰ ਦੇ ਲੋਕ ਜਦ ਨਵੇਂ ਜੰਮੇ ਬੱਚੇ ਨੂੰ ਪਿਆਰ ਕਰਦੇ ਹਨ ਤਾਂ ਉਸ ਦੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਲ ਜੁੜੀ ਹੋਈ ਲਿਵ ਟੁੱਟ ਜਾਂਦੀ ਹੈ ਅਤੇ ਉਹ ਪਰਿਵਾਰਕ ਮੋਹ ਦੇ ਵਿੱਚ ਪੈ ਕੇ ਮਾਇਕੀ ਸ਼ਕਤੀਆਂ ਦੀ ਗ਼ੁਲਾਮੀ ਵਿੱਚ ਉਤਰ ਜਾਂਦਾ ਹੈ।

ਇਹ ਪਰਮ ਸਤਿ ਹੈ ਕਿ ਮਾਇਆ ਦੀ ਰਚਨਾ ਵੀ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਹੀ ਕੀਤੀ ਹੈ। ਮਾਇਆ ਦੀ ਰਚਨਾ ਸੰਸਾਰ ਨੂੰ ਸਥਾਪਿਤ ਕਰਨ ਵਾਸਤੇ ਹੋਈ ਹੈ। ਮਾਇਆ ਦੀ ਰਚਨਾ ਸੰਸਾਰ ਨੂੰ ਚਲਾਉਣ ਵਾਸਤੇ ਹੋਈ ਹੈ। ਪੰਜ ਦੂਤਾਂ ਦੀ ਰਚਨਾ ਦਾ ਅਸਲੀ ਮੰਤਵ ਮਨੁੱਖ ਦੀ ਸੇਵਾ ਕਰਨਾ ਹੈ। ਮਾਇਆ ਦਾ ਅਸਲੀ ਮੰਤਵ ਮਨੁੱਖ ਦੀ ਸੇਵਾ ਕਰਨਾ ਹੈ। ਲੇਕਿਨ ਮਨੁੱਖ ਮਾਇਆ ਨੂੰ ਆਪਣਾ ਦਾਸ ਬਣਾ ਕੇ ਰੱਖਣ ਦੀ ਬਜਾਏ ਆਪ ਮਾਇਆ ਦਾ ਦਾਸ ਬਣ ਜਾਂਦਾ ਹੈ। ਮਾਇਆ ਨੂੰ ਗ਼ੁਲਾਮ ਬਣਾ ਕੇ ਰੱਖਣ ਦੀ ਬਜਾਏ ਮਨੁੱਖ ਮਾਇਆ ਦਾ ਗ਼ੁਲਾਮ ਬਣ ਜਾਂਦਾ ਹੈ। ਸਤਿ ਵਿੱਚੋਂ ਜੰਮੇ ਮਨੁੱਖਾ ਜਨਮ ਦਾ ਮੰਤਵ ਹੈ ਮਾਇਆ ਵਿੱਚ ਵਿਚਰਦੇ ਹੋਏ, ਮਾਇਆ ਤੋਂ ਨਿਰਲੇਪ ਰਹਿ ਕੇ, ਸਤਿ ਦੀ ਕਰਨੀ ਅਤੇ ਸਤਿ ਦੀ ਸੇਵਾ ਕਰਦੇ ਹੋਏ, ਸਤਿ ਦੀ ਕਮਾਈ ਕਰਦੇ ਹੋਏ, ਆਪਣੇ ਆਪ ਨੂੰ ਨਿਰਦਾਗ਼ ਰੱਖਦੇ ਹੋਏ ਸਤਿ ਵਿੱਚ ਸਮਾ ਜਾਣਾ ਹੈ।

ਕਰਮ ਦਾ ਦਰਗਾਹੀ ਵਿਧਾਨ ਅਟੱਲ ਹੁਕਮ ਹੈ। ਕਰਮ ਦੇ ਵਿਧਾਨ ਅਨੁਸਾਰ ਆਪਣੇ ਮਨੁੱਖਾ ਜਨਮ ਜੀਵਨ ਵਿੱਚ ਮਨੁੱਖ ਜਿਸ ਤਰ੍ਹਾਂ ਦੇ ਕਰਮ ਕਰਦਾ ਹੈ ਉਸ ਨੂੰ ਦੇਹੀ ਛੱਡਣ (ਮੌਤ) ਤੋਂ ਬਾਅਦ ਉਸੇ ਤਰ੍ਹਾਂ ਦਾ ਫ਼ਲ਼ ਮਿਲਦਾ ਹੈ। ਮਨੁੱਖ ਦੀ ਰੂਹ ਜਦ ਦੇਹੀ ਛੱਡਦੀ ਹੈ ਤਾਂ ਰੂਹ ਨੂੰ ਮਨੁੱਖ ਦੇ ਸਾਰੇ ਮਾੜੇ-ਚੰਗੇ ਕਰਮਾਂ ਦਾ ਬੋਝ ਆਪਣੇ ਨਾਲ ਚੁੱਕਣਾ ਪੈਂਦਾ ਹੈ। ਜਦੋਂ ਤੱਕ ਮਨੁੱਖ ਦੀ ਰੂਹ ਆਪਣੇ ਕਰਮਾਂ ਦੇ ਬੋਝ ਤੋਂ ਮੁਕਤ ਨਹੀਂ ਹੁੰਦੀ ਹੈ ਤਦ ਤੱਕ ਮਨੁੱਖ ਨੂੰ ਜੀਵਨ ਮੁਕਤੀ ਨਹੀਂ ਮਿਲ ਸਕਦੀ ਹੈ। ਮਨੁੱਖ ਦੀ ਰੂਹ ਕਰਮਾਂ ਦੇ ਬੋਝ ਤੋਂ ਮੁਕਤ ਕੇਵਲ ਗੁਰਪ੍ਰਸਾਦਿ ਦੀ ਪ੍ਰਾਪਤੀ ਨਾਲ ਹੀ ਹੋ ਸਕਦੀ ਹੈ। ਸਤਿ ਪਾਰਬ੍ਰਹਮ ਦੀ ਬੰਦਗੀ, ਸਿਮਰਨ ਅਤੇ ਸੇਵਾ ਦਾ ਗੁਰਪ੍ਰਸਾਦਿ ਕੇਵਲ ਉਸ ਮਨੁੱਖ ਨੂੰ ਮਿਲਦਾ ਹੈ ਜੋ ਜਨਮ ਉਪਰੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਂਦਾ ਹੈ। ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦਾ ਗੁਰਪ੍ਰਸਾਦਿ ਉਸ ਮਨੁੱਖ ਨੂੰ ਮਿਲਦਾ ਹੈ ਜੋ ਸਤਿਗੁਰੂ ਦੇ ਸਤਿ ਚਰਨਾਂ 'ਤੇ ਆਪਣਾ ਪੂਰਨ ਆਪਾ ਅਰਪਣ ਕਰਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਮਨੁੱਖ ਦਾ ਜਨਮ ਜੀਵਨ ਸਫ਼ਲ ਕਰਵਾਉਂਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੀ ਮਹਿਮਾ ਪਹਿਲੀ ਪਉੜੀ ਦੀ ਕਥਾ ਵਿੱਚ ਵਿਚਾਰੀ ਗਈ ਹੈ।

ਜਿਨ੍ਹਾਂ ਮਨੁੱਖਾਂ ਦੇ ਪਿਛਲੇ ਜਨਮ ਦੇ ਸੰਸਕਾਰ ਸਤਿ ਕਰਮਾਂ ਵਾਲੇ ਹੁੰਦੇ ਹਨ ਉਨ੍ਹਾਂ

ਨੂੰ ਹੀ ਸਤਿ ਦੀ ਸੰਗਤ ਮਿਲਦੀ ਹੈ। ਭਾਵ ਜਿਨ੍ਹਾਂ ਮਨੁੱਖਾਂ ਦੇ ਪਿਛਲੇ ਜਨਮਾਂ ਦੇ ਆਧਾਰ 'ਤੇ ਸਤੋ ਬਿਰਤੀ ਹੁੰਦੀ ਹੈ ਅਤੇ ਜੋ ਮਨੁੱਖ ਸਤੋ ਗੁਣੀ ਬਿਰਤੀ ਦੇ ਧਾਰਨੀ ਹੁੰਦੇ ਹਨ ਕੇਵਲ ਉਨ੍ਹਾਂ ਨੂੰ ਹੀ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਬੰਦਗੀ ਕੇਵਲ ਪੂਰਨ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਬੈਠ ਕੇ ਹੀ ਹੁੰਦੀ ਹੈ। ਮਾਇਆ ਨੂੰ ਜਿੱਤੇ ਬਗੈਰ ਜੀਵਨ ਮੁਕਤੀ ਨਹੀਂ ਮਿਲ ਸਕਦੀ ਹੈ। ਮਾਇਆ ਨੂੰ ਕੇਵਲ ਸਤਿਗੁਰੂ ਦੀ ਕਿਰਪਾ ਅਤੇ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੇ ਨਾਲ ਹੀ ਜਿੱਤਿਆ ਜਾਂਦਾ ਹੈ। ਜੋ ਮਨੁੱਖ ਪੂਰਨ ਸਤਿਗੁਰੂ ਦੇ ਸਨਮੁਖ ਹੋ ਕੇ ਬੰਦਗੀ ਕਰਦੇ ਹਨ ਉਨ੍ਹਾਂ ਦੀ ਬੰਦਗੀ ਪੂਰਨ ਹੋ ਜਾਂਦੀ ਹੈ ਅਤੇ ਉਹ ਮਨੁੱਖ ਗੁਰਮੁਖ ਬਣ ਜਾਂਦੇ ਹਨ। ਭਾਵ ਜੋ ਮਨੁੱਖ ਪੂਰਨ ਸਤਿਗੁਰੂ ਦੇ ਸਤਿ ਬਚਨ ਕਮਾਉਂਦੇ ਹਨ ਉਹ ਮਾਇਆ ਨੂੰ ਸਹਿਜੇ ਹੀ ਜਿੱਤ ਕੇ ਚੌਥੇ ਪਦ ਵਿੱਚ ਅੱਪੜ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਵਿੱਚ ਅਭੇਦ ਹੋ ਜਾਂਦੇ ਹਨ। ਇਸ ਲਈ ਹਰ ਇੱਕ ਮਨੁੱਖ ਨੂੰ ਜਨਮ ਜੀਵਨ ਵਿੱਚ ਸਤੋ ਬਿਰਤੀ ਉੱਪਰ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਸਤਿ ਗੁਣਾਂ ਨੂੰ ਅਪਣਾਉਣ ਅਤੇ ਅਵਗੁਣਾਂ ਦੇ ਤਿਆਗ ਕਰਨ ਨਾਲ ਮਨੁੱਖ ਦਾ ਆਤਮਿਕ ਵਿਕਾਸ ਹੁੰਦਾ ਹੈ ਅਤੇ ਉਹ ਸਤੋ ਬਿਰਤੀ ਦਾ ਧਾਰਨੀ ਹੋ ਜਾਂਦਾ ਹੈ। ਜੋ ਮਨੁੱਖ ਸਤੋ ਬਿਰਤੀ ਦਾ ਧਾਰਨੀ ਹੋ ਜਾਂਦਾ ਹੈ ਉਸ ਮਨੁੱਖ ਉੱਪਰ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਲਾਜ਼ਮੀ ਵਰਤਦੀ ਹੈ। ਜਿਸ ਦੇ ਫਲ਼ ਸਰੂਪ ਉਸ ਨੂੰ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਉਸ ਦੀ ਜੀਵਨ ਮੁਕਤੀ ਦਾ ਮਾਰਗ ਖੁੱਲ੍ਹ ਜਾਂਦਾ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਮਾਇਆ ਦੇ ਸਾਰੇ ਭਰਮ ਜਾਲ ਨੂੰ ਤੋੜ ਕੇ ਮਾਇਆ ਵਿੱਚ ਵਿਚਰਦੇ ਹੋਏ ਹੀ ਮਾਇਆ ਤੋਂ ਨਿਰਲੇਪ ਹੋ ਜਾਂਦਾ ਹੈ ਅਤੇ ਜੀਵਨ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

■

ਅਨੰਦੁ ਸਾਹਿਬ-ਪਉੜੀ ੩੦

ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ ॥
ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ ॥
ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ ॥
ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ ॥
ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ ॥੩੦॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੧)

ਸਤਿ ਪਾਰਬ੍ਰਹਮ ਪਰਮੇਸ਼ਰ ਬੇਅੰਤ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਅਨੰਤ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਅਗੰਮ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਅਗੋਚਰ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਆਦਿ ਅਤੇ ਅੰਤ ਦਾ ਭੇਦ ਅੱਜ ਤੱਕ ਕਿਸੇ ਸੰਤ, ਭਗਤ, ਸਤਿਗੁਰੂ, ਅਵਤਾਰ, ਬ੍ਰਹਮ ਗਿਆਨੀ ਨੂੰ ਪ੍ਰਾਪਤ ਨਹੀਂ ਹੋ ਸਕਿਆ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦਾ ਪੂਰਾ ਭੇਦ ਅੱਜ ਤੱਕ ਹੋਏ ਕਿਸੇ ਅਵਤਾਰ, ਸਤਿਗੁਰੂ, ਸੰਤ, ਭਗਤ ਜਾਂ ਬ੍ਰਹਮ ਗਿਆਨੀ ਨੂੰ ਪ੍ਰਾਪਤ ਨਹੀਂ ਹੋ ਸਕਿਆ ਹੈ। ਜੋ ਸੰਤ, ਸਤਿਗੁਰੂ, ਬ੍ਰਹਮ ਗਿਆਨੀ, ਭਗਤ ਜਾਂ ਅਵਤਾਰ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਗਏ ਹਨ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਪੂਰਾ ਭੇਦ ਪ੍ਰਾਪਤ ਨਹੀਂ ਹੋ ਸਕਿਆ ਹੈ। ਇਸ ਲਈ ਅੱਜ ਤੱਕ ਧਰਤੀ ਉੱਪਰ ਪ੍ਰਗਟ ਹੋਏ ਸਾਰੇ ਸੰਤਾਂ, ਭਗਤਾਂ, ਅਵਤਾਰਾਂ, ਸਤਿਗੁਰੂਆਂ, ਬ੍ਰਹਮ ਗਿਆਨੀਆਂ, ਪੀਰਾਂ, ਪੈਗੰਬਰਾਂ ਆਦਿ ਨੇ ਜੋ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਗਏ ਹਨ; ਉਨ੍ਹਾਂ ਸਭ ਨੇ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਬੇਅੰਤ, ਅਨੰਤ, ਅਗੰਮ ਅਤੇ ਅਗੋਚਰ ਕਹਿ ਕੇ ਵਖਾਣਿਆ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤਤਾ ਇਤਨੀ ਹੈ ਕਿ ਉਸ ਨੂੰ ਆਪਣੇ ਆਪ ਨੂੰ ਵੀ ਪਤਾ ਨਹੀਂ ਕਿ ਉਹ ਕਿਤਨਾ ਬੇਅੰਤ ਹੈ।

ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਇਤਨੀਆਂ ਬੇਅੰਤ ਹਨ ਕਿ ਉਸ ਨੂੰ ਆਪਣੇ ਆਪ ਨੂੰ ਵੀ ਨਹੀਂ ਪਤਾ ਕਿ ਉਹ ਕਿਤਨਾ ਬੇਅੰਤ ਹੈ। ਸੰਤਾਂ, ਭਗਤਾਂ, ਅਵਤਾਰਾਂ, ਸਤਿਗੁਰੂਆਂ, ਬ੍ਰਹਮ ਗਿਆਨੀਆਂ, ਪੀਰਾਂ, ਪੈਗੰਬਰਾਂ ਆਦਿ ਨੇ ਜੋ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਗਏ ਹਨ; ਉਨ੍ਹਾਂ ਸਭ ਨੇ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤਤਾ, ਅਗੰਮਤਾ ਅਤੇ ਅਗੋਚਰਤਾ ਦਾ ਅਨੁਭਵ ਕੀਤਾ ਹੈ। ਸੰਤਾਂ, ਭਗਤਾਂ, ਅਵਤਾਰਾਂ, ਸਤਿਗੁਰੂਆਂ, ਬ੍ਰਹਮ ਗਿਆਨੀਆਂ, ਪੀਰਾਂ, ਪੈਗੰਬਰਾਂ ਆਦਿ ਨੇ ਜੋ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਗਏ ਹਨ ਉਨ੍ਹਾਂ ਸਭ ਨੇ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤਤਾ ਦੇ ਅੱਗੇ ਆਪਣੇ ਆਪ ਦੀ ਹਸਤੀ ਨੂੰ ਸਿਫਰ (੦) ਤੋਂ ਵੀ ਥੱਲੇ ਅਨੁਭਵ ਕਰ ਕੇ, ਉਸ ਦੀ ਬੇਅੰਤਤਾ ਦੀ ਮਹਿਮਾ ਵਿੱਚ ਮਸਤ ਹੋ ਕੇ, ਆਪਣੇ ਆਪ ਨੂੰ ਮਿਟਾ ਕੇ, ਉਸ ਵਿੱਚ ਅਭੇਦ ਹੋ ਗਏ। ਇਸ ਲਈ ਸੰਤਾਂ, ਭਗਤਾਂ, ਅਵਤਾਰਾਂ, ਸਤਿਗੁਰੂਆਂ, ਬ੍ਰਹਮ

ਗਿਆਨੀਆਂ, ਪੀਰਾਂ, ਪੈਗੰਬਰਾਂ ਆਦਿ ਨੇ ਜੋ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਗਏ ਹਨ ਉਨ੍ਹਾਂ ਸਭ ਨੇ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਦੱਸਿਆ ਹੈ ਕਿ ਉਹ ਬੇਅੰਤ ਹੈ ਅਤੇ ਉਸ ਦਾ ਕੋਈ ਅੰਤ ਨਹੀਂ ਹੈ। ਇਨ੍ਹਾਂ ਮਹਾਨ ਹਸਤੀਆਂ ਨੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤ ਪ੍ਰੀਤ ਅਤੇ ਭਰੋਸੇ ਵਿੱਚ ਓਤ ਪੋਤ ਹੋ ਕੇ ਹੀ ਉਸ ਨੂੰ ਦੱਸਿਆ ਹੈ ਕਿ ਉਹ ਅਗੰਮ ਹੈ, ਅਗੋਚਰ ਹੈ। ਇਨ੍ਹਾਂ ਮਹਾਨ ਹਸਤੀਆਂ ਨੇ ਹੀ ਸਤਿ ਪਾਰਬ੍ਰਹਮ ਦੀ ਮਹਿਮਾ ਦੇ ਰੂਪ ਵਿੱਚ ਧਰਤੀ ਉੱਪਰ ਪ੍ਰਗਟ ਹੋ ਕੇ ਉਸ ਨੂੰ ਦੱਸਿਆ ਹੈ ਕਿ ਉਸ ਦੀ ਮਹਿਮਾ ਦਾ ਵੀ ਕੋਈ ਅੰਤ ਨਹੀਂ ਹੈ। ਇਨ੍ਹਾਂ ਮਹਾਨ ਹਸਤੀਆਂ ਨੇ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਰਚੀ ਹੋਈ ਸ੍ਰਿਸ਼ਟੀ ਦੀ ਬੇਅੰਤਤਾ ਨੂੰ ਅਨੁਭਵ ਕਰ ਕੇ ਉਸ ਨੂੰ ਦੱਸਿਆ ਹੈ ਕਿ ਉਸ ਦੀ ਸਿਰਜੀ ਹੋਈ ਸ੍ਰਿਸ਼ਟੀ ਦਾ ਵੀ ਕੋਈ ਅੰਤ ਨਹੀਂ ਹੈ। ਐਸੇ ਮਹਾਂਪੁਰਖ ਜੋ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦੇ ਹਨ ਉਨ੍ਹਾਂ ਨੂੰ ਇਸ ਪਰਮ ਸ਼ਕਤੀ ਦਾ ਅਨੁਭਵ ਹੁੰਦਾ ਹੈ ਜਿਸ ਦੇ ਨਾਲ ਉਹ ਸਾਰੀ ਸ੍ਰਿਸ਼ਟੀ ਦੇ ਵਿੱਚ ਸਥਿਤ ਖੰਡਾਂ-ਬ੍ਰਹਿਮੰਡਾਂ ਦਾ ਭਰਮਣ ਕਰਦੇ ਹਨ, ਜਿਸ ਦੇ ਨਾਲ ਉਨ੍ਹਾਂ ਨੂੰ ਸ੍ਰਿਸ਼ਟੀ ਦੀ ਬੇਅੰਤਤਾ ਦਾ ਅਨੁਭਵ ਹੁੰਦਾ ਹੈ।

ਮਨੁੱਖਾ ਦੇਹੀ ਵਿੱਚ ਵੱਸਦੀ ਆਤਮਾ ਦੇ ਵਿੱਚ ਸਥਿਤ ੭ ਸਤਿ ਸਰੋਵਰਾਂ ਵਿੱਚੋਂ ਇੱਕ ਸਤਿ ਸਰੋਵਰ ਵਿੱਚ ਉਹ ਪਰਮ ਸ਼ਕਤੀ ਵਾਸ ਕਰਦੀ ਹੈ ਜਿਸ ਦੇ ਜਾਗਰਿਤ ਹੋਣ ਨਾਲ ਮਨੁੱਖ ਦੀ ਰੂਹ ਨੂੰ ਦੇਹੀ ਛੱਡ ਕੇ ਜਾਣ ਦੇ ਅਨੁਭਵ ਹੁੰਦੇ ਹਨ। ਇਨ੍ਹਾਂ ਅਨੁਭਵਾਂ ਦੇ ਨਾਲ ਹੀ ਮਨੁੱਖ ਨੂੰ ਇਹ ਪ੍ਰਤੱਖ ਹੁੰਦਾ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਰਚੀ ਹੋਈ ਸ੍ਰਿਸ਼ਟੀ ਬੇਅੰਤ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤਤਾ, ਅਨੰਤਤਾ, ਅਗੰਮਤਾ ਅਤੇ ਅਗੋਚਰਤਾ ਦੇ ਬਾਰੇ ਇਨ੍ਹਾਂ ਪਰਮ ਸਤਿ ਤੱਤਾਂ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧)

ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੮)

ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸਰਨ ॥੪॥੫॥੮॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੫੮)

ਬੇਅੰਤ ਗੁਣ ਅਨੇਕ ਮਹਿਮਾ ਕੀਮਤਿ ਕਛੂ ਨ ਜਾਇ ਕਹੀ ॥
ਪ੍ਰਭ ਏਕ ਅਨਿਕ ਅਲਖ ਠਾਕੁਰ ਓਟ ਨਾਨਕ ਤਿਸੁ ਗਹੀ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੫੮)

ਆਪਿ ਬੇਅੰਤੁ ਅੰਤੁ ਨਹੀ ਪਾਈਐ ਪੂਰਿ ਰਹਿਆ ਸਭ ਠਾਈ ਸੰਤਹੁ ॥੭॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੧੬)

ਅਗਮ ਅਗੋਚਰੁ ਬੇਅੰਤ ਅਤੋਲਾ ਹੈ ਨਾਹੀ ਕਿਛੁ ਆਹਾੜਾ ॥੧੦॥
ਕੀਮਤਿ ਕੋਇ ਨ ਜਾਣੈ ਦੂਜਾ ॥ ਆਪੇ ਆਪਿ ਨਿਰੰਜਨ ਪੂਜਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੮੧)

ਅਗਹ ਅਗਹ ਬੇਅੰਤ ਸੁਆਮੀ ਨਹ ਕੀਮ ਕੀਮ ਕੀਮਾਏ ॥
ਜਨ ਨਾਨਕ ਤਿਨ ਕੈ ਬਲਿ ਬਲਿ ਜਾਈਐ ਜਿਹ ਘਟਿ ਪਰਗਟੀਆਏ ॥੪॥੨॥੧੫॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੩੯)

ਕਿਉਂਕਿ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਬੇਅੰਤ ਹੈ ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਵੀ ਬੇਅੰਤ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਰਚਨਾ (ਸ੍ਰਿਸ਼ਟੀ) ਵੀ ਬੇਅੰਤ ਹੈ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਵੀ ਬੇਅੰਤ ਹੈ। ਕਿਉਂਕਿ ਸਤਿ ਪਾਰਬ੍ਰਹਮ ਦੇ ਸਤਿ ਗੁਣਾਂ ਦਾ ਵੀ ਕੋਈ ਅੰਤ ਨਹੀਂ ਹੈ ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਵੀ ਬੇਅੰਤ ਹਨ। ਸਤਿ ਪਾਰਬ੍ਰਹਮ ਦੀਆਂ ਪਰਮ ਸ਼ਕਤੀਆਂ ਦਾ ਕੋਈ ਅੰਤ ਨਹੀਂ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਦੀ ਕੋਈ ਸੀਮਾ ਨਹੀਂ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਗੁਣਾਂ ਦਾ ਵੀ ਕੋਈ ਅੰਤ ਨਹੀਂ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਸਤੋ ਗੁਣਾਂ ਦਾ ਖ਼ਜ਼ਾਨਾ ਹੈ। ਭਾਵ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਗੁਣ ਬੇਅੰਤ ਹਨ ਜਿਵੇਂ ਕਿ: ਨਿਰਾਕਾਰ ਹੈ; ਨਿਰਵਿਕਾਰ ਹੈ; ਕਰਤਾ ਪੁਰਖ ਹੈ; ਕਰਨਹਾਰ ਕਰਤਾਰ ਹੈ; ਦਾਤਾ ਹੈ; ਨਿਰਭਉ ਹੈ; ਨਿਰਵੈਰ ਹੈ; ਮਨੁੱਖ ਦੇ ਅਵਗੁਣ ਨਹੀਂ ਚਿਤਾਰਦਾ ਹੈ; ਮਨੁੱਖ ਦੇ ਅਵਗੁਣਾਂ ਨੂੰ ਵੇਖ ਕੇ ਅਣਡਿੱਠ ਕਰ ਦਿੰਦਾ ਹੈ; ਇੱਕ ਦ੍ਰਿਸ਼ਟ ਹੈ; ਸੈਭੰ ਹੈ; ਨਿਮਰਤਾ ਭਰਪੂਰ ਹੈ; ਦੀਨ ਦਇਆ ਨਿਧਾਨ ਹੈ; ਕਿਰਪਾ ਨਿਧਾਨ ਹੈ; ਬਖਸ਼ਿੰਦ ਹੈ; ਬਖਸ਼ਣਹਾਰ ਹੈ; ਮਨੁੱਖ ਦੇ ਸਾਰੇ ਪਾਪਾਂ ਦਾ ਹਰਨਹਾਰ ਹੈ; ਮਨੁੱਖ ਦੇ ਸਾਰੇ ਦੁੱਖਾਂ, ਕਲੇਸ਼ਾਂ, ਮੁਸੀਬਤਾਂ ਆਦਿ ਦਾ ਹਰਨਹਾਰ ਹੈ; ਸਾਰੇ ਦਰਗਾਹੀ ਖ਼ਜ਼ਾਨਿਆਂ ਦਾ ਵਰਤਾਉਣਹਾਰ ਹੈ; ਸਦਾ ਸੁੱਖ ਦਾ ਖ਼ਜ਼ਾਨਾ ਹੈ; ਪਰਉਪਕਾਰੀ ਹੈ; ਮਹਾ ਪਰਉਪਕਾਰੀ ਹੈ; ਮਹਾ ਦਾਨੀ ਹੈ; ਪ੍ਰੀਤ ਦੀ ਪਰਮ ਸ਼ਕਤੀ ਦਾ ਖ਼ਜ਼ਾਨਾ ਹੈ; ਸ਼ਰਧਾ ਦੀ ਪਰਮ ਸ਼ਕਤੀ ਦਾ ਖ਼ਜ਼ਾਨਾ ਹੈ; ਭਰੋਸੇ ਦੀ ਪਰਮ ਸ਼ਕਤੀ ਦਾ ਖ਼ਜ਼ਾਨਾ ਹੈ; ਆਪਣੀ ਕਿਰਤ ਵਿੱਚ ਆਪ ਸਮਾਇਆ ਹੋਇਆ ਹੈ; ਆਪਣੀ ਹਰ ਇੱਕ ਰਚਨਾ ਵਿੱਚ ਆਪ ਸਮਾਇਆ ਹੋਇਆ ਹੈ; ਸਰਬ ਵਿਆਪਕ ਹੈ; ਸਰਬ ਕਲਾ ਭਰਪੂਰ ਹੈ; ਸੰਤਾਂ-ਭਗਤਾਂ ਦੀ ਪੈਜ ਆਪ ਰੱਖਦਾ ਹੈ; ਸੰਤਾਂ-ਭਗਤਾਂ ਦੇ ਕਾਰਜ ਆਪ ਸਵਾਰਦਾ ਹੈ; ਸੰਤਾਂ-ਭਗਤਾਂ ਨੂੰ 'ਤਾਤੀ ਵਾਉ' ਨਹੀਂ ਲੱਗਣ ਦਿੰਦਾ ਹੈ; ਪੂਰਨ ਬ੍ਰਹਮ ਗਿਆਨ ਦਾ ਬੇਅੰਤ ਖ਼ਜ਼ਾਨਾ ਹੈ ਆਦਿ। ਸਤਿ ਪਾਰਬ੍ਰਹਮ ਦਾ ਪੂਰਾ ਭੇਦ ਕਿਸੇ ਸੰਤ, ਭਗਤ, ਬ੍ਰਹਮ ਗਿਆਨੀ, ਸਤਿਗੁਰੂ ਜਾਂ ਅਵਤਾਰ ਨੂੰ ਗਿਆਤ ਨਹੀਂ ਹੋ ਸਕਿਆ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਦਾ ਪੂਰਾ ਭੇਦ ਅੱਜ ਤੱਕ ਕਿਸੇ ਭਗਤ, ਬ੍ਰਹਮ ਗਿਆਨੀ, ਸਤਿਗੁਰੂ ਜਾਂ ਅਵਤਾਰ ਨੂੰ ਗਿਆਤ ਨਹੀਂ ਹੋ ਸਕਿਆ ਹੈ। ਇਸ ਲਈ ਸਤਿ ਪਾਰਬ੍ਰਹਮ ਦਾ ਕੋਈ ਮੁੱਲ ਨਹੀਂ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਅਮੁੱਲ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਅਨਮੋਲ ਹੈ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਨਾਮ 'ਸਤਿਨਾਮ' ਵੀ ਅਨਮੋਲ ਰਤਨ ਹੀਰਾ ਹੈ। ਕਿਉਂਕਿ ਸਤਿ ਪਾਰਬ੍ਰਹਮ ਦੀਆਂ ਸਾਰੀਆਂ ਬੇਅੰਤ ਪਰਮ ਸ਼ਕਤੀਆਂ ਸ਼ਬਦ 'ਸਤਿ' ਵਿੱਚ ਹੀ ਸਮਾਈਆਂ ਹੋਈਆਂ ਹਨ। ਇਸ ਲਈ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀ ਮਹਿਮਾ ਵੀ ਬੇਅੰਤ ਹੈ। ਕਿਉਂਕਿ ਗੁਰਕਿਰਪਾ ਅਤੇ ਗੁਰਪ੍ਰਸਾਦਿ ਦੀਆਂ ਪਰਮ ਸ਼ਕਤੀਆਂ ਵੀ ਬੇਅੰਤ ਹਨ ਜੋ ਕਿ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ 'ਸਤਿ' ਸਰੂਪ ਵਿੱਚ ਅਭੇਦ ਕਰ ਦਿੰਦੀਆਂ ਹਨ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਸਿਮਰਨ ਵੀ ਅਮੁੱਲ ਹੈ। ਸਤਿ ਪਾਰਬ੍ਰਹਮ ਦੇ ਸਿਮਰਨ ਵਿੱਚ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਪ੍ਰਗਟ ਹੋ ਜਾਂਦਾ ਹੈ। ਭਾਵ ਜੋ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਸਿਮਰਨ ਕਰਦੇ ਹਨ ਉਹ

ਵੀ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਸਮਾ ਜਾਂਦੇ ਹਨ ਅਤੇ ਉਨ੍ਹਾਂ ਦੇ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਪ੍ਰਗਟਿਓ ਜੋਤ ਦੇ ਰੂਪ ਵਿੱਚ ਪ੍ਰਗਟ ਹੋ ਜਾਂਦਾ ਹੈ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿਨਾਮ ਦੀ ਕਮਾਈ ਵੀ ਅਨਮੋਲ ਹੈ। ਸਤਿ ਪਾਰਬ੍ਰਹਮ ਦੀ ਬੰਦਗੀ ਵੀ ਅਨਮੋਲ ਹੈ। ਭਾਵ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਦੀ ਵੀ ਕੋਈ ਸੀਮਾ ਨਹੀਂ ਹੁੰਦੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋਣ ਤੋਂ ਬਾਅਦ ਪਰਉਪਕਾਰ ਦੀ ਸੇਵਾ ਮਨੁੱਖ ਦੀ ਬੰਦਗੀ ਬਣ ਜਾਂਦੀ ਹੈ। ਇਸ ਪਰਉਪਕਾਰੀ ਸੇਵਾ ਨੂੰ ਨਿਭਾਉਣ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਹੁਕਮ ਅਨੁਸਾਰ ਸੰਤ, ਸਤਿਗੁਰੂ ਅਵਤਾਰਾਂ ਦੇ ਰੂਪ ਵਿੱਚ ਧਰਤੀ 'ਤੇ ਪ੍ਰਗਟ ਹੁੰਦੇ ਰਹਿੰਦੇ ਹਨ ਅਤੇ ਦੁਨੀਆਂ ਨੂੰ ਤਾਰਦੇ ਰਹਿੰਦੇ ਹਨ। ਸਤਿ ਪਾਰਬ੍ਰਹਮ ਪਰਮੇਸ਼ਰ ਦਾ ਪੂਰਨ ਬ੍ਰਹਮ ਗਿਆਨ ਵੀ ਅਨਮੋਲ ਹੈ। ਕਿਉਂਕਿ ਪੂਰਨ ਬ੍ਰਹਮ ਗਿਆਨ ਦੀ ਵੀ ਕੋਈ ਸੀਮਾ ਨਹੀਂ ਹੁੰਦੀ ਹੈ। ਪੂਰਨ ਬ੍ਰਹਮ ਗਿਆਨ ਦੀ ਮਹਿਮਾ ਵੀ ਬੇਅੰਤ ਹੈ। ਗੁਰਬਾਣੀ ਪੂਰਨ ਬ੍ਰਹਮ ਗਿਆਨ ਹੈ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਹਰ ਇੱਕ ਸ਼ਬਦ ਦੀ ਮਹਿਮਾ ਬੇਅੰਤ ਹੈ। ਕਿਉਂਕਿ ਕੇਵਲ ਇੱਕ ਸ਼ਬਦ ਦੀ ਕਮਾਈ ਕਰਨ ਦੇ ਨਾਲ ਹੀ ਮਨੁੱਖ ਮਾਨਸਰੋਵਰ ਵਿੱਚ ਗਹਿਰਾ ਉਤਰ ਜਾਂਦਾ ਹੈ। ਹਰ ਇੱਕ ਸ਼ਬਦ ਵਿੱਚ ਉਹ ਪਰਮ ਸ਼ਕਤੀ ਹੈ ਜਿਸ ਦੀ ਕਮਾਈ ਕਰਨ ਨਾਲ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਜਾਂਦਾ ਹੈ।

ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤਤਾ ਇੱਕ ਆਮ ਮਨੁੱਖ ਆਪਣੀਆਂ ਪੰਜ ਗਿਆਨ ਇੰਦਰੀਆਂ ਦੇ ਨਾਲ ਨਹੀਂ ਦੇਖ ਸਕਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤਤਾ ਮਨੁੱਖ ਨੂੰ ਪ੍ਰਾਪਤ ਪੰਜ ਗਿਆਨ ਇੰਦਰੀਆਂ ਦੇ ਰੂਪ ਵਿੱਚ ਬਖ਼ਸ਼ੀਆਂ ਗਈਆਂ ਸ਼ਕਤੀਆਂ ਦੀ ਪਹੁੰਚ ਤੋਂ ਪਰੇ ਹੈ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਅਗੰਮ ਅਗੋਚਰ ਕਹਿ ਕੇ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ। ਇਸ ਲਈ ਸਤਿ ਪਾਰਬ੍ਰਹਮ ਦੀ ਬੇਅੰਤਤਾ ਨੂੰ ਜਾਣਨ, ਦੇਖਣ ਅਤੇ ਸਮਝਣ ਵਾਸਤੇ ਮਨੁੱਖ ਦੇ ਸਾਰੇ ਇਲਾਹੀ ਬਜਰ ਕਪਾਟਾਂ ਦਾ ਖੁੱਲ੍ਹਣਾ ਲਾਜ਼ਮੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤਤਾ ਨੂੰ ਜਾਣਨ, ਦੇਖਣ ਅਤੇ ਸਮਝਣ ਵਾਸਤੇ ਮਨੁੱਖ ਦੇ ੭ ਸਤਿ ਸਰੋਵਰਾਂ ਦਾ ਪ੍ਰਕਾਸ਼ਮਾਨ ਹੋਣਾ ਲਾਜ਼ਮੀ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਹੀ ਮਨੁੱਖ ਨੂੰ ਉਹ ਇਲਾਹੀ ਸ਼ਕਤੀਆਂ ਦਾ ਅਨੁਭਵ ਹੁੰਦਾ ਹੈ ਜਿਨ੍ਹਾਂ ਦੇ ਨਾਲ ਉਹ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਰਗੁਣ ਸਰੂਪ ਵਿੱਚ ਨਿਰਗੁਣ ਸਰੂਪ ਦੇ ਦਰਸ਼ਨ ਕਰ ਸਕਦਾ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਹੀ ਉਹ ਇਲਾਹੀ ਸ਼ਕਤੀਆਂ ਮਨੁੱਖ ਦੇ ਵਿੱਚੋਂ ਪ੍ਰਗਟ ਹੁੰਦੀਆਂ ਹਨ ਜਿਨ੍ਹਾਂ ਦੇ ਨਾਲ ਉਹ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਰਬ ਵਿਆਪਕ ਰੂਪ ਦਾ ਅਨੁਭਵ ਕਰ ਸਕਦਾ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਹੀ ਉਹ ਇਲਾਹੀ ਸ਼ਕਤੀਆਂ ਮਨੁੱਖ ਦੇ ਵਿੱਚੋਂ ਪ੍ਰਗਟ ਹੁੰਦੀਆਂ ਹਨ ਜਿਨ੍ਹਾਂ ਦੇ ਨਾਲ ਉਹ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤਤਾ ਦਾ ਅਨੁਭਵ ਕਰ ਸਕਦਾ ਹੈ।

ਸਾਰੀਆਂ ਇਲਾਹੀ ਪਰਮ ਸ਼ਕਤੀਆਂ ਮਨੁੱਖ ਦੀ ਦੇਹੀ ਦੇ ਵਿੱਚ ਸਥਿਤ ੭ ਸਤਿ ਸਰੋਵਰਾਂ ਵਿੱਚ ਹੀ ਰੱਖੀਆਂ ਹੋਈਆਂ ਹਨ। ਇਹ ੭ ਸਤਿ ਸਰੋਵਰ ਮਨੁੱਖ ਦੀ ਆਤਮਾ (ਰੂਹ) ਦੇ ਅਹਿਮ ਹਿੱਸੇ ਹਨ। ਬਾਹਰਲੇ ਬ੍ਰਹਿਮੰਡ ਵਿੱਚ ਸਥਿਤ ਸਾਰੀਆਂ ਪਰਮ ਸ਼ਕਤੀਆਂ ਦਾ ਅਤੇ ੭ ਸਤਿ ਸਰੋਵਰਾਂ ਵਿੱਚ ਸਥਿਤ ਸਾਰੀਆਂ ਪਰਮ ਸ਼ਕਤੀਆਂ ਦਾ ਸੁਮੇਲ ਬਜਰ ਕਪਾਟਾਂ ਦੇ ਰਾਹੀਂ ਸਥਾਪਿਤ ਹੋ ਜਾਂਦਾ ਹੈ। ਇਸ ਲਈ ਜਦ ਸਤਿਗੁਰੂ ਪੂਰੇ ਦੀ ਕਿਰਪਾ ਅਤੇ ਗੁਰਪ੍ਰਸਾਦਿ ਨਾਲ ਮਨੁੱਖ ਦੇ ਸਾਰੇ ਬਜਰ ਕਪਾਟ, ਸਮੇਤ ਦਸਮ ਦੁਆਰ ਦੇ, ਖੁੱਲ੍ਹ ਜਾਂਦੇ ਹਨ ਅਤੇ ੭

ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ ਤਾਂ 'ਬ੍ਰਹਿਮੰਡੇ ਪਿੰਡੇ' (ਮਨੁੱਖ ਦੇ ਅੰਦਰ ਸਥਿਤ ਅਤੇ ਬ੍ਰਹਿਮੰਡ ਵਿੱਚ ਸਥਿਤ) ਵਿੱਚ ਸਥਿਤ ਪਰਮ ਸ਼ਕਤੀਆਂ ਦਾ ਅਨੁਭਵ ਪ੍ਰਾਪਤ ਹੁੰਦਾ ਹੈ। ਇਨ੍ਹਾਂ ਪਰਮ ਸ਼ਕਤੀਆਂ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਨੂੰ ਸਤਿ ਪਾਰਬ੍ਰਹਮ ਦੀ ਅਗੰਮਤਾ ਅਤੇ ਅਗੋਚਰਤਾ ਦਾ ਅਨੁਭਵ ਹੁੰਦਾ ਹੈ। ਇਨ੍ਹਾਂ ਪਰਮ ਸ਼ਕਤੀਆਂ ਦੇ ਅਨੁਭਵ ਦੇ ਨਾਲ ਹੀ ਸੰਤਾਂ, ਭਗਤਾਂ, ਗੁਰਮੁਖਾਂ, ਸਤਿਗੁਰੂਆਂ, ਪੀਰਾਂ ਅਤੇ ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੇਅੰਤਤਾ ਦਾ ਅਨੁਭਵ ਹੁੰਦਾ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਹੀ ਮਨੁੱਖ ਨੂੰ ਮਾਇਆ ਨੂੰ ਜਿੱਤਣ ਵਾਲੀ ਪਰਮ ਸ਼ਕਤੀ ਦਾ ਅਨੁਭਵ ਹੁੰਦਾ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਹੀ ਮਨੁੱਖ ਨੂੰ ਤ੍ਰਿਸ਼ਨਾ ਬੁਝਾਉਣ ਵਾਲੀ ਪਰਮ ਸ਼ਕਤੀ ਦਾ ਅਨੁਭਵ ਹੁੰਦਾ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਮਨੁੱਖ ਨੂੰ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੂੰ ਜਿੱਤਣ ਵਾਲੀ ਪਰਮ ਸ਼ਕਤੀ ਦਾ ਅਨੁਭਵ ਹੁੰਦਾ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਮਨੁੱਖ ਦੇ ਰੋਮ-ਰੋਮ ਵਿੱਚ ਸਤਿਨਾਮ ਦਾ ਸਿਮਰਨ ਉੱਕਰਿਆ ਜਾਂਦਾ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਹੀ ਮਨੁੱਖ ਦੇ ਦਸਮ ਦੁਆਰ ਵਿੱਚ ਅਨਹਦ ਸ਼ਬਦ ਨਾਦ ਦੀ ਪ੍ਰਾਪਤੀ ਹੁੰਦੀ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਹੀ ਮਨੁੱਖ ਦਾ ਹਿਰਦਾ ਕਮਲ ਖਿੜਦਾ ਹੈ ਅਤੇ ਸਤਿਨਾਮ ਹਿਰਦੇ ਵਿੱਚ ਪ੍ਰਕਾਸ਼ਮਾਨ ਹੋ ਜਾਂਦਾ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਹੀ ਮਨੁੱਖ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਹੀ ਮਨੁੱਖ ਦੇ ਮਨ ਦਾ ਅੰਤ ਹੋ ਜਾਂਦਾ ਹੈ ਅਤੇ ਪਰਮ ਜੋਤ ਪੂਰਨ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ। ਭਾਵ ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਮਨੁੱਖ ਦੀ ਮਨਮਤਿ ਦਾ ਅੰਤ ਹੋ ਜਾਂਦਾ ਹੈ ਅਤੇ ਗੁਰਮਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਹੀ ਮਨੁੱਖ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਅਕਾਲ ਪੁਰਖ ਦੇ ਦਰਸ਼ਨ ਪ੍ਰਾਪਤ ਕਰਦਾ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਹੀ ਮਨੁੱਖ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦਾ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਹੀ ਮਨੁੱਖ ਨੂੰ ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟ ਖੁੱਲ੍ਹਣ ਨਾਲ ਮਨੁੱਖ ਦੇ ਅਸਤਿ ਕਰਮਾਂ ਦਾ ਅੰਤ ਹੋ ਜਾਂਦਾ ਹੈ ਅਤੇ ਸਾਰੇ ਕਰਮ ਸਤਿ ਕਰਮ ਹੋ ਜਾਂਦੇ ਹਨ। ਮਨੁੱਖ ਦੇ ਬਜਰ ਕਪਾਟਾਂ ਦੇ ਬਾਰੇ ਪੂਰਨ ਬ੍ਰਹਮ ਗਿਆਨ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਸੋਹੰਦੜੋ ਹਭ ਠਾਇ ਕੋਇ ਨ ਦਿਸੈ ਡੂਜੜੋ ॥
ਖੁਲ੍ਹੜੇ ਕਪਾਟ ਨਾਨਕ ਸਤਿਗੁਰ ਭੇਟਤੇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੦)

ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦)

ਨਾਮ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥
ਬਿਨੁ ਵਖਰ ਸੂਨੋ ਘਰੁ ਹਾਟੁ ॥ ਗੁਰ ਮਿਲਿ ਖੋਲੇ ਬਜਰ ਕਪਾਟ ॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੨-੧੫੩)

ਟਟਾ ਬਿਕਟ ਘਾਟ ਘਟ ਮਾਹੀ ॥ ਖੋਲਿ ਕਪਾਟ ਮਹਲਿ ਕਿ ਨ ਜਾਹੀ ॥
ਦੇਖਿ ਅਟਲ ਟਲਿ ਕਤਹਿ ਨ ਜਾਵਾ ॥ ਰਹੈ ਲਪਟਿ ਘਟ ਪਰਚਉ ਪਾਵਾ ॥੧੭॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੧)

ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥
ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੬)

ਮਨੁੱਖ ਦੇ ਬਜਰ ਕਪਾਟ ਪੂਰੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਖੁੱਲ੍ਹਦੇ ਹਨ। ਮਨੁੱਖ ਦੇ ਬਜਰ ਕਪਾਟ ਗੁਰਪ੍ਰਸਾਦਿ ਦੀ ਪ੍ਰਾਪਤੀ ਨਾਲ ਹੀ ਖੁੱਲ੍ਹਦੇ ਹਨ। ਬੰਦਗੀ ਸ਼ਰਨਾਗਤ ਹੈ। ਬੰਦਗੀ ਪੂਰਨ ਸਮਰਪਣ ਹੈ। ਬੰਦਗੀ ਵਿੱਚ ਮੰਗਣਾ ਨਹੀਂ ਹੁੰਦਾ ਹੈ। ਬੰਦਗੀ ਸ਼ਰਧਾ, ਪ੍ਰੀਤ ਅਤੇ ਭਰੋਸਾ ਹੈ। ਜਿੱਥੇ ਭਰੋਸਾ ਹੈ ਉੱਥੇ ਹੀ ਪ੍ਰੀਤ ਹੈ। ਪ੍ਰੀਤ ਭਰੋਸੇ ਵਿੱਚੋਂ ਜੰਮਦੀ ਹੈ। ਜਿੱਥੇ ਪ੍ਰੀਤ ਹੈ ਉੱਥੇ ਸ਼ਰਧਾ ਹੈ। ਸ਼ਰਧਾ ਪ੍ਰੀਤ ਵਿੱਚੋਂ ਜੰਮਦੀ ਹੈ। ਭਰੋਸਾ 'ਸਤਿ' ਵਿੱਚੋਂ ਜੰਮਦਾ ਹੈ। ਜੋ 'ਸਤਿ' ਬੋਲਦਾ ਹੈ ਉਸ ਉੱਪਰ ਹੀ ਭਰੋਸਾ ਕੀਤਾ ਜਾਂਦਾ ਹੈ। ਸ਼ਰਧਾ, ਪ੍ਰੀਤ ਅਤੇ ਭਰੋਸਾ ਸਤਿ ਪਾਰਬ੍ਰਹਮ ਦਾ ਹੀ ਸਰੂਪ ਹੈ। ਸਤਿ ਪਾਰਬ੍ਰਹਮ ਕੇਵਲ ਸ਼ਰਧਾ, ਪ੍ਰੀਤ ਅਤੇ ਭਰੋਸੇ ਦਾ ਹੀ ਭੁੱਖਾ ਹੁੰਦਾ ਹੈ। ਸਤਿ ਪਾਰਬ੍ਰਹਮ ਦੀ ਬੰਦਗੀ ਸੇਵਾ ਦਾ ਗੁਰਪ੍ਰਸਾਦਿ ਕੇਵਲ ਉਸ ਮਨੁੱਖ ਨੂੰ ਹੀ ਪ੍ਰਾਪਤ ਹੁੰਦਾ ਹੈ ਜਿਸ ਮਨੁੱਖ ਵਿੱਚ ਉਸ ਦੀ ਬੇਅੰਤ ਹਸਤੀ ਲਈ ਸ਼ਰਧਾ, ਪ੍ਰੀਤ ਅਤੇ ਭਰੋਸਾ ਜਾਗਦਾ ਹੈ। ਸ਼ਰਧਾ, ਪ੍ਰੀਤ ਅਤੇ ਭਰੋਸਾ ਸਤਿ ਪਾਰਬ੍ਰਹਮ ਦੀਆਂ ਪਰਮ ਸ਼ਕਤੀਆਂ ਹਨ। ਸ਼ਰਧਾ, ਪ੍ਰੀਤ ਅਤੇ ਭਰੋਸੇ ਦੀ ਵੀ ਕੋਈ ਸੀਮਾ ਨਹੀਂ ਹੁੰਦੀ ਹੈ। ਸ਼ਰਧਾ, ਪ੍ਰੀਤ ਅਤੇ ਭਰੋਸੇ ਨੂੰ ਨਾਪਿਆ ਤੋਲਿਆ ਨਹੀਂ ਜਾ ਸਕਦਾ ਹੈ। ਇਸ ਲਈ ਸ਼ਰਧਾ, ਪ੍ਰੀਤ ਅਤੇ ਭਰੋਸੇ ਦੀ ਕੋਈ ਕੀਮਤ ਨਹੀਂ ਹੁੰਦੀ ਹੈ। ਸ਼ਰਧਾ, ਪ੍ਰੀਤ ਅਤੇ ਭਰੋਸੇ ਦੀਆਂ ਪਰਮ ਸ਼ਕਤੀਆਂ ਹਰ ਇੱਕ ਮਨੁੱਖ ਵਿੱਚ ਸਥਿਤ ਹੁੰਦੀਆਂ ਹਨ। ਹਰ ਇੱਕ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਉੱਪਰ ਭਰੋਸਾ ਕਰਨ ਦੀ ਪਰਮ ਸ਼ਕਤੀ ਰੱਖਦਾ ਹੈ। ਹਰ ਇੱਕ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਲਈ ਆਪਣੇ ਹਿਰਦੇ ਦੇ ਅੰਦਰ ਸ਼ਰਧਾ ਧਾਰਨ ਕਰਨ ਦੀ ਸਮਰੱਥਾ ਰੱਖਦਾ ਹੈ। ਹਰ ਇੱਕ ਮਨੁੱਖ ਸਤਿ ਪਾਰਬ੍ਰਹਮ ਨਾਲ ਪ੍ਰੀਤ ਕਰਨ ਦੀ ਸਮਰੱਥਾ ਰੱਖਦਾ ਹੈ। ਸ਼ਰਧਾ, ਪ੍ਰੀਤ ਅਤੇ ਭਰੋਸੇ ਦੀਆਂ ਪਰਮ ਸ਼ਕਤੀਆਂ ਸਮਰਪਣ ਨਾਲ ਵੱਧਦੀਆਂ ਹੀ ਜਾਂਦੀਆਂ ਹਨ। ਜਿਉਂ-ਜਿਉਂ ਸ਼ਰਧਾ, ਪ੍ਰੀਤ ਅਤੇ ਭਰੋਸਾ ਵੱਧਦਾ ਹੈ ਤਿਉਂ-ਤਿਉਂ ਸਮਰਪਣ ਹੋਰ ਡੂੰਘਾ ਹੋਈ ਜਾਂਦਾ ਹੈ। ਸ਼ਰਧਾ ਅਤੇ ਪ੍ਰੀਤ ਵਿੱਚ ਮੰਗਣਾ ਨਹੀਂ ਹੁੰਦਾ ਹੈ। ਸ਼ਰਧਾ ਅਤੇ ਪ੍ਰੀਤ ਵਿੱਚ ਦੇਣਾ ਹੀ ਦੇਣਾ ਹੈ। ਦੁਨਿਆਵੀ ਸੁੱਖਾਂ ਦੀ ਕਾਮਨਾ ਵਿੱਚ ਸ਼ਰਧਾ ਅਤੇ ਪ੍ਰੀਤ ਨਹੀਂ ਹੁੰਦੀ ਹੈ। ਦੁਨਿਆਵੀ ਸੁੱਖਾਂ ਦੀ ਕਾਮਨਾ ਵਿੱਚ ਸਵਾਰਥ (ਖੁਦਗਰਜ਼ੀ) ਹੁੰਦਾ ਹੈ। ਜਿੱਥੇ ਸਵਾਰਥ (ਖੁਦਗਰਜ਼ੀ) ਹੈ ਉੱਥੇ ਸ਼ਰਧਾ ਅਤੇ ਪ੍ਰੀਤ ਲੁਪਤ ਹੋ ਜਾਂਦੀ ਹੈ। ਸ਼ਰਧਾ, ਪ੍ਰੀਤ ਅਤੇ ਭਰੋਸੇ ਵਿੱਚ ਤਨ, ਮਨ, ਧਨ ਸਤਿਗੁਰੂ ਦੇ ਸਤਿ ਚਰਨਾਂ 'ਤੇ ਸਮਰਪਣ ਕਰਨਾ ਹੁੰਦਾ ਹੈ। ਸਮਰਪਣ ਨਾਲ ਹੀ ਸ਼ਰਧਾ, ਪ੍ਰੀਤ ਅਤੇ ਭਰੋਸਾ ਨਿਖਰਦਾ ਹੈ ਅਤੇ ਡੂੰਘਾਈ ਵਿੱਚ ਚਲਾ

ਜਾਂਦਾ ਹੈ। ਪੂਰਨ ਸ਼ਰਧਾ, ਭਰੋਸੇ ਅਤੇ ਪ੍ਰੀਤ ਨਾਲ ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਹੀ ਪੂਰਨ ਬੰਦਗੀ ਦਾ ਸਭ ਤੋਂ ਵੱਡਾ ਰਹੱਸ ਹੈ। ਜੋ ਮਨੁੱਖ ਪੂਰਨ ਸਮਰਪਣ (ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ) ਕਰਦਾ ਹੈ ਉਸ ਮਨੁੱਖ ਦੇ ਸਤਿ ਸਰੋਵਰ ਸਤਿਗੁਰੂ ਪੂਰੇ ਦੀ ਕਿਰਪਾ ਅਤੇ ਗੁਰਪ੍ਰਸਾਦਿ ਨਾਲ ਜਾਗਰਿਤ ਹੁੰਦੇ ਹਨ। ਸਤਿਗੁਰੂ ਪੂਰੇ ਦੀ ਕਿਰਪਾ ਦੇ ਨਾਲ ਹੀ ਜਦ ਸਤਿਨਾਮ ਦਾ ਗੁਰਪ੍ਰਸਾਦਿ ੭ ਸਤਿ ਸਰੋਵਰਾਂ ਵਿੱਚ ਜਾਂਦਾ ਹੈ ਤਾਂ ਇਹ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ ਅਤੇ ਮਨੁੱਖ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਇਨ੍ਹਾਂ ਸਤਿ ਸਰੋਵਰਾਂ ਦੇ ਜਾਗਰਿਤ ਹੋਣ ਨਾਲ ਅਤੇ ਬਜਰ ਕਪਾਟਾਂ ਦੇ ਖੁੱਲ੍ਹ ਜਾਣ ਨਾਲ 'ਬ੍ਰਹਿਮੰਡੇ ਪਿੰਡੇ' (ਮਨੁੱਖ ਦੇ ਅੰਦਰ ਅਤੇ ਬਾਹਰ) ਦੇ ਵਿੱਚ ਸਥਿਤ ਪਰਮ ਸ਼ਕਤੀਆਂ ਦਾ ਸੁਮੇਲ ਹੋ ਜਾਂਦਾ ਹੈ ਅਤੇ ਸਰਗੁਣ ਨਿਰਗੁਣ ਇੱਕ ਹੋ ਜਾਂਦਾ ਹੈ। ਮਨੁੱਖ ਨੂੰ ਸਰਗੁਣ ਵਿੱਚ ਨਿਰਗੁਣ ਦੇ ਦਰਸ਼ਨ ਹੋ ਜਾਂਦੇ ਹਨ। ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਦੀ ਮਹਿਮਾ ਗੁਰਬਾਣੀ ਵਿੱਚ ਦ੍ਰਿੜ੍ਹ ਕਰਵਾਈ ਗਈ ਹੈ:

ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ ॥
ਜੋਤੀ ਜੋਤਿ ਮਿਲਾਇ ਕਾਇਆ ਗੜੁ ਸੋਹਿਆ ਰਾਮ ॥
ਕਾਇਆ ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ ਕਿਉ ਸਾਸਿ ਗਿਰਾਸਿ ਵਿਸਾਰੀਐ ॥
ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ ॥
ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥
ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ ॥੪॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੧੪)

ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਦੇ ਵਿੱਚ ਭਿੱਜ ਕੇ ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਸੀਸ ਭੇਟ ਕਰਨਾ ਹੀ ਪੂਰਨ ਸਮਰਪਣ ਹੈ। ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਦੇ ਵਿੱਚ ਡੁੱਬ ਕੇ ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਤਨ, ਮਨ ਅਤੇ ਧਨ ਅਰਪਣ ਕਰਨਾ ਹੀ ਪੂਰਨ ਸਮਰਪਣ ਹੈ। ਪਾਰਸ ਪੱਥਰ ਦੇ ਵਿੱਚ ਲੋਹੇ ਨੂੰ ਸੋਨਾ ਬਣਾਉਣ ਦੀ ਸਮਰੱਥਾ ਹੁੰਦੀ ਹੈ। ਪਾਰਸ ਪੱਥਰ ਦੇ ਨਾਲ ਛੋਹੇ ਜਾਣ 'ਤੇ ਲੋਹਾ ਸੋਨਾ ਬਣ ਜਾਂਦਾ ਹੈ। ਪਰੰਤੂ ਪਾਰਸ ਪੱਥਰ ਵਿੱਚ ਇਹ ਸਮਰੱਥਾ ਨਹੀਂ ਹੁੰਦੀ ਕਿ ਉਹ ਲੋਹੇ ਨੂੰ ਪਾਰਸ ਬਣਾ ਸਕੇ। ਪਰੰਤੂ ਸਤਿਗੁਰੂ ਪੂਰਾ ਤਾਂ ਅਪਰਸ ਪਾਰਸ ਹੈ। ਭਾਵ ਸਤਿਗੁਰੂ ਪੂਰੇ ਵਿੱਚ ਤਾਂ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਬਿਲਕੁਲ ਆਪਣੇ ਵਰਗਾ ਬਣਾ ਲੈਂਦੀ ਹੈ। ਸਤਿਗੁਰੂ ਪੂਰੇ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਅਤੇ ਉਸ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਨਾਲ ਮਨੁੱਖ ਉੱਪਰ ਸਤਿ ਗੁਰਪ੍ਰਸਾਦਿ ਦੀ ਪਰਮ ਸ਼ਕਤੀਸ਼ਾਲੀ ਕਿਰਪਾ ਵਰਤਦੀ ਹੈ ਜੋ ਕਿ ਮਨੁੱਖ ਦੇ ਹਿਰਦੇ ਵਿੱਚ ਪੂਰਨ ਪਰਮ ਜੋਤ ਪ੍ਰਗਟ ਕਰ ਦਿੰਦੀ ਹੈ ਅਤੇ ਉਸ ਨੂੰ ਆਪਣੇ ਵਰਗਾ ਬਣਾ ਲੈਂਦੀ ਹੈ। ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਦੇ ਨਾਲ ਜੋ ਮਨੁੱਖ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਦਾ ਹੈ ਤਾਂ ਉਸ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਪੂਰੇ ਦੇ ਵਿੱਚ ਪ੍ਰਗਟ ਹੋਏ ਪਰਮ ਸਤਿ ਤੱਤ (ਪ੍ਰਗਟਿਓ ਜੋਤ — ਪੂਰਨ ਪਰਮ ਜੋਤ ਪ੍ਰਕਾਸ਼) ਦਾ ਉਸ ਦੀ ਚਰਨ-ਸ਼ਰਨ ਵਿੱਚ ਸਮਰਪਿਤ ਮਨੁੱਖ ਦੇ ਸਤਿ ਤੱਤ ਨਾਲ ਸੁਮੇਲ ਹੋ ਜਾਂਦਾ ਹੈ। ਜਿਸ ਦੇ ਨਾਲ ਮਨੁੱਖ ਦੇ ਹਿਰਦੇ ਵਿੱਚ ਪੂਰਨ ਪਰਮ ਜੋਤ ਸਤਿ ਤੱਤ ਦਾ ਪ੍ਰਕਾਸ਼ ਹੋ ਜਾਂਦਾ ਹੈ। ਮਨੁੱਖ

ਨੂੰ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਸਤਿਨਾਮ ਸਿਮਰਨ, ਸਤਿਨਾਮ ਸਿਮਰਨ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਦਰਗਾਹ ਵਿੱਚ ਬੰਦਗੀ ਦਾ ਖ਼ਾਤਾ ਖੁੱਲ੍ਹ ਜਾਂਦਾ ਹੈ। ਸਮਾਧੀ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਹੋ ਜਾਂਦੀ ਹੈ। ਸਮਾਧੀ ਅਤੇ ਸੁੰਨ ਸਮਾਧੀ ਵਿੱਚ ਬੈਠ ਕੇ ਸਤਿਨਾਮ ਸਿਮਰਨ ਅਭਿਆਸ ਕਰਨ ਦੇ ਨਾਲ ਮਨ ਚਿੰਦਿਆ ਜਾਂਦਾ ਹੈ। ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਸਾਰੇ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ। ਦਸਮ ਦੁਆਰ ਵਿੱਚ ਅਨਹਦ ਸ਼ਬਦ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ। ਰੋਮ-ਰੋਮ ਵਿੱਚ ਸਤਿਨਾਮ ਸਿਮਰਨ ਚਲਾ ਜਾਂਦਾ ਹੈ। ਮਾਇਆ ਮਨੁੱਖ ਦੇ ਚਰਨਾਂ ’ਤੇ ਆਪਣੇ ਗੋਡੇ ਟੇਕ ਦਿੰਦੀ ਹੈ। ਤ੍ਰਿਸ਼ਨਾ ਬੁਝ ਜਾਂਦੀ ਹੈ। ਪੰਜ ਚੰਡਾਲ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਵੱਸ ਆ ਜਾਂਦੇ ਹਨ। ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਮਨੁੱਖ ਚੌਥੇ ਪਦ ਵਿੱਚ ਅੱਪੜ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰ ਕੇ ਉਸ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਂਦਾ ਹੈ। ਸਦਾ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਪਰਮ ਪਦਵੀ ਦੀ ਪ੍ਰਾਪਤੀ ਹੋ ਜਾਂਦੀ ਹੈ। ਜੀਵਨ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਪਰਉਪਕਾਰ ਦੀ ਸੇਵਾ ਪ੍ਰਾਪਤ ਹੋ ਜਾਂਦੀ ਹੈ। ਗੁਰਪ੍ਰਸਾਦਿ ਵਰਤਾਉਣ ਦਾ ਦਰਗਾਹੀ ਹੁਕਮ ਪ੍ਰਾਪਤ ਹੋ ਜਾਂਦਾ ਹੈ। ਅੰਮ੍ਰਿਤ ਦਾ ਗੁਰਪ੍ਰਸਾਦਿ ਵਰਤਾਉਣ ਦਾ ਦਰਗਾਹੀ ਹੁਕਮ ਪ੍ਰਾਪਤ ਹੋ ਜਾਂਦਾ ਹੈ। ਮਨੁੱਖ ਬੇਅੰਤ ਵਿੱਚ ਅਭੇਦ ਹੋ ਕੇ ਬੇਅੰਤ ਹੋ ਜਾਂਦਾ ਹੈ। ਐਸੇ ਮਨੁੱਖ ਦੇ ਭਾਗ ਵੀ ਅਮੁੱਲ ਹਨ ਜਿਨ੍ਹਾਂ ਉੱਪਰ ਸਤਿਗੁਰੂ ਪੂਰੇ ਦੀ ਗੁਰਪ੍ਰਸਾਦੀ ਗੁਰਕਿਰਪਾ ਦੀ ਪਰਮ ਸ਼ਕਤੀ ਵਰਤਦੀ ਹੈ। ਇਸ ਲਈ ਸਤਿਗੁਰੂ ਪੂਰੇ ਦੇ ਸਤਿ ਚਰਨਾਂ ’ਤੇ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਪੂਰਨ ਸਮਰਪਣ (ਤਨ, ਮਨ, ਧਨ ਦਾ ਸਮਰਪਣ) ਕਰਨਾ ਹੀ ਪੂਰਨ ਬੰਦਗੀ ਦਾ ਸਭ ਤੋਂ ਵੱਡਾ ਰਹੱਸ ਹੈ। ਸਤਿਗੁਰੂ ਪੂਰੇ ਦੇ ਸਤਿ ਚਰਨਾਂ ’ਤੇ ਸੀਸ ਭੇਟ ਕਰਨਾ ਹੀ ਸਤਿਗੁਰੂ ਪੂਰੇ ਦੀ ਸਭ ਤੋਂ ਉੱਤਮ ਸੇਵਾ ਹੈ। ਸਤਿਗੁਰੂ ਪੂਰੇ ਦੇ ਸਤਿ ਚਰਨਾਂ ’ਤੇ ਸੀਸ ਭੇਟ ਕਰਨਾ ਹੀ ਪੂਰਨ ਬੰਦਗੀ ਦਾ ਰਹੱਸ ਹੈ। ਇਸ ਲਈ ਜਿਗਿਆਸੂ ਲਈ ਸਤਿਗੁਰੂ ਪੂਰੇ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ। ਸਾਰੀ ਗੁਰਬਾਣੀ ਸਤਿਗੁਰੂ ਪੂਰੇ ਦੀ ਹੀ ਮਹਿਮਾ ਹੈ। ਇਸ ਲਈ ਹੀ ਸਾਰੀ ਗੁਰਬਾਣੀ ਵਿੱਚ ਸਤਿਗੁਰੂ ਪੂਰੇ ਦੀ ਮਹਿਮਾ ਨੂੰ ਬਾਰ-ਬਾਰ ਵਖਾਣਿਆ ਗਿਆ ਹੈ:

ਆਸਾ ਮਹਲਾ ੪ ॥
ਜਿਨ੍ ਭੇਟਿਆ ਮੇਰਾ ਪੂਰਾ ਸਤਿਗੁਰੂ ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥
ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥
ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ ॥
ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਨਿਤ ਜਪੈ ਹਰਿ ਨਾਮੁ ਹਰਿ ਨਾਮਿ ਤਰਾਵੈ ॥੧॥
ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥
ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ ॥
ਜਿਨ੍ੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਾ ਸੁਖੁ ਸਦ ਹੋਈ ॥
ਜਿਨ੍ ਨਾਨਕੁ ਸਤਿਗੁਰੁ ਭੇਟਿਆ ਤਿਨ੍ਾ ਮਿਲਿਆ ਹਰਿ ਸੋਈ ॥੨॥

ਪਉੜੀ ॥
ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ ॥
ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥
ਸਤਿਗੁਰੁ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥
ਕਰਿ ਕਿਰਪਾ ਪਾਰਿ ਉਤਾਰਿਆ ॥੧੩॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੭੦)

ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥
ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੯੪)

ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ
ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥
ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ
ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੯੪)

ਧਨੁ ਧਨੁ ਸਤਿਗੁਰੂ ਮਿਤ੍ਰ ਹਮਾਰਾ
ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੯੪)

ਸਤਿਗੁਰੂ ਪੂਰੇ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ। ਜਿਸ ਮਨੁੱਖ ਨੂੰ ਸਤਿਗੁਰੂ ਪੂਰੇ ਦੀ ਮਹਿਮਾ ਦਾ ਗਿਆਨ ਹੋ ਜਾਂਦਾ ਹੈ ਉਸ ਮਨੁੱਖ ਦੀ ਬੰਦਗੀ ਦਾ ਮਾਰਗ ਖੁੱਲ੍ਹ ਜਾਂਦਾ ਹੈ। ਜਿਸ ਮਨੁੱਖ ਨੂੰ ਸਤਿਗੁਰੂ ਪੂਰੇ ਦੇ ਵਿੱਚ ਪ੍ਰਗਟ ਪਰਮ ਸ਼ਕਤੀਆਂ ਦਾ ਗਿਆਨ ਹੋ ਜਾਂਦਾ ਹੈ ਉਸ ਮਨੁੱਖ ਦੀ ਬੰਦਗੀ ਦਾ ਮਾਰਗ ਖੁੱਲ੍ਹ ਜਾਂਦਾ ਹੈ। ਜਿਸ ਮਨੁੱਖ ਨੂੰ ਸਤਿਗੁਰੂ ਪੂਰੇ ਦੀ ਪਰਮ ਸ਼ਕਤੀਸ਼ਾਲੀ ਹਸਤੀ ਦਾ ਬੋਧ ਹੋ ਜਾਂਦਾ ਹੈ ਉਸ ਮਨੁੱਖ ਦੇ ਭਾਗ ਖੁੱਲ੍ਹ ਜਾਂਦੇ ਹਨ। ਜਿਸ ਮਨੁੱਖ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਸਤਿਗੁਰੂ ਪੂਰਾ ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦਾ ਦਾਤਾ ਹੈ ਉਸ ਮਨੁੱਖ ਦੀ ਬੰਦਗੀ ਦਾ ਮਾਰਗ ਖੁੱਲ੍ਹ ਜਾਂਦਾ ਹੈ। ਜਿਸ ਮਨੁੱਖ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਸਤਿਗੁਰੂ ਪੂਰਾ ਹੀ ਜੀਵਨ ਮੁਕਤੀ ਦੀ ਜੁਗਤੀ ਦਾ ਦਾਤਾ ਹੈ ਉਸ ਮਨੁੱਖ ਦੀ ਬੰਦਗੀ ਦਾ ਮਾਰਗ ਖੁੱਲ੍ਹ ਜਾਂਦਾ ਹੈ। ਜਿਸ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਬਿਨਾਂ ਸਤਿਗੁਰੂ ਪੂਰੇ ਦੀ ਕਿਰਪਾ ਦੇ ਸਿਮਰਨ, ਬੰਦਗੀ ਅਤੇ ਸੇਵਾ ਪ੍ਰਾਪਤ ਨਹੀਂ ਹੋ ਸਕਦੀ ਉਸ ਦੇ ਭਾਗ ਖੁੱਲ੍ਹਣ ਦਾ ਸਮਾਂ ਆ ਜਾਂਦਾ ਹੈ। ਜਿਸ ਮਨੁੱਖ ਨੂੰ ਸਤਿਗੁਰੂ ਪੂਰੇ ਦੀਆਂ ਵਡਿਆਈਆਂ ਦਾ ਗਿਆਨ ਹੋ ਜਾਂਦਾ ਹੈ ਉਸ ਮਨੁੱਖ ਲਈ ਬੰਦਗੀ ਦਾ ਮਾਰਗ ਖੁੱਲ੍ਹ ਜਾਂਦਾ ਹੈ। ਜਿਸ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਸਤਿਗੁਰੂ

ਪੂਰਾ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰਵਾਉਣ ਦੀ ਸਮਰੱਥਾ ਰੱਖਦਾ ਹੈ ਉਸ ਮਨੁੱਖ ਦੀ ਬੰਦਗੀ ਦਾ ਮਾਰਗ ਖੁੱਲ੍ਹ ਜਾਂਦਾ ਹੈ।

ਜਿਸ ਮਨੁੱਖ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਕੇਵਲ ਸਤਿਗੁਰੂ ਪੂਰਾ ਹੀ ਮਾਇਆ ਨੂੰ ਜਿੱਤਣ ਦੀ ਜੁਗਤੀ ਜਾਣਦਾ ਹੈ ਅਤੇ ਉਸ ਦੀ ਬਾਂਹ ਫੜ ਕੇ ਉਸ ਨੂੰ ਮਾਇਆ ਜਿੱਤਣ ਵਿੱਚ ਸਹਾਈ ਹੋ ਸਕਦਾ ਹੈ; ਉਸ ਮਨੁੱਖ ਦੇ ਭਾਗ ਜਾਗ ਜਾਂਦੇ ਹਨ। ਜਿਸ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਕੇਵਲ ਸਤਿਗੁਰੂ ਪੂਰਾ ਹੀ ਉਸ ਦੀ ਤ੍ਰਿਸ਼ਣਾ ਅਗਨ ਨੂੰ ਸ਼ਾਂਤ ਕਰਨ ਦੀ ਸਮਰੱਥਾ ਰੱਖਦਾ ਹੈ ਉਸ ਮਨੁੱਖ ਦੇ ਭਾਗ ਜਾਗਰਿਤ ਹੋ ਜਾਂਦੇ ਹਨ। ਜਿਸ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਕੇਵਲ ਸਤਿਗੁਰੂ ਪੂਰੇ ਦੀ ਕਿਰਪਾ ਦੀ ਪਰਮ ਸ਼ਕਤੀ ਨਾਲ ਹੀ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੂੰ ਜਿੱਤਿਆ ਜਾ ਸਕਦਾ ਹੈ; ਉਸ ਮਨੁੱਖ ਦੇ ਭਾਗ ਜਾਗ ਪੈਂਦੇ ਹਨ। ਜਿਸ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਕੇਵਲ ਸਤਿਗੁਰੂ ਪੂਰੇ ਦੀ ਗੁਰਕਿਰਪਾ ਦੀ ਪਰਮ ਸ਼ਕਤੀ ਨਾਲ ਹੀ ਸਤਿਨਾਮ ਉਸ ਦੀ ਸੁਰਤਿ ਵਿੱਚ ਉੱਕਰਿਆ ਜਾ ਸਕਦਾ ਹੈ; ਉਸ ਮਨੁੱਖ ਦੇ ਭਾਗ ਜਾਗ ਪੈਂਦੇ ਹਨ। ਜਿਸ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਕੇਵਲ ਸਤਿਗੁਰੂ ਪੂਰੇ ਦੀ ਗੁਰਕਿਰਪਾ ਦੀ ਪਰਮ ਸ਼ਕਤੀ ਦੇ ਨਾਲ ਹੀ ਉਸ ਦੀ ਸੁਰਤਿ ਦਾ ਸ਼ਬਦ ਦੇ ਨਾਲ ਸੁਮੇਲ ਹੋ ਸਕਦਾ ਹੈ; ਉਸ ਮਨੁੱਖ ਦੇ ਭਾਗ ਜਾਗ ਪੈਂਦੇ ਹਨ। ਜਿਸ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਕੇਵਲ ਸਤਿਗੁਰੂ ਪੂਰੇ ਦੀ ਗੁਰਕਿਰਪਾ ਦੀ ਪਰਮ ਸ਼ਕਤੀ ਦੇ ਨਾਲ ਹੀ ਉਸ ਦੇ ਬਜਰ ਕਪਾਟ ਖੁੱਲ੍ਹ ਸਕਦੇ ਹਨ; ਉਸ ਦੇ ਸਤਿ ਸਰੋਵਰ ਜਾਗਰਿਤ ਹੋ ਸਕਦੇ ਹਨ ਅਤੇ ਉਸ ਦਾ ਸਿਮਰਨ ਰੋਮ-ਰੋਮ ਵਿੱਚ ਜਾ ਸਕਦਾ ਹੈ; ਉਸ ਮਨੁੱਖ ਦੇ ਭਾਗ ਜਾਗ ਪੈਂਦੇ ਹਨ। ਜਿਸ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਕੇਵਲ ਸਤਿਗੁਰੂ ਪੂਰੇ ਦੀ ਸੇਵਾ ਕਰਨ ਨਾਲ ਹੀ ਉਸ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਦਰਗਾਹ ਵਿੱਚ ਮਾਣ ਪ੍ਰਾਪਤ ਹੋ ਸਕਦਾ ਹੈ; ਉਸ ਮਨੁੱਖ ਦੀ ਬੰਦਗੀ ਸੁਖਾਲੀ ਹੋਣ ਦੀ ਪੂਰੀ ਸੰਭਾਵਨਾ ਹੋ ਸਕਦੀ ਹੈ।

ਜਿਸ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਕੇਵਲ ਸਤਿਗੁਰੂ ਪੂਰੇ ਦੀ ਸੰਗਤ ਦੀ ਪ੍ਰਾਪਤੀ ਦੇ ਨਾਲ ਹੀ ਬੰਦਗੀ ਸ਼ੁਰੂ ਹੋ ਸਕਦੀ ਹੈ ਉਸ ਮਨੁੱਖ ਦੀ ਬੰਦਗੀ ਦਾ ਮਾਰਗ ਖੁੱਲ੍ਹ ਜਾਂਦਾ ਹੈ। ਜਿਸ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਕੇਵਲ ਸਤਿਗੁਰੂ ਪੂਰੇ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰਪ੍ਰਸਾਦਿ ਪ੍ਰਾਪਤ ਹੋ ਸਕਦਾ ਹੈ ਉਸ ਮਨੁੱਖ ਦੀ ਬੰਦਗੀ ਦਾ ਮਾਰਗ ਖੁੱਲ੍ਹ ਜਾਂਦਾ ਹੈ। ਜਿਸ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਕੇਵਲ ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਨਾਲ ਹੀ ਜੀਵਨ ਮੁਕਤੀ ਦਾ ਦੁਆਰ ਖੁੱਲ੍ਹਦਾ ਹੈ ਉਸ ਮਨੁੱਖ ਦੇ ਭਾਗ ਜਾਗਰਿਤ ਹੋ ਜਾਂਦੇ ਹਨ। ਜਿਸ ਮਨੁੱਖ ਨੂੰ ਇਹ ਸੋਝੀ ਪੈ ਜਾਂਦੀ ਹੈ ਕਿ ਕੇਵਲ ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਤਨ, ਮਨ, ਧਨ ਅਰਪਣ ਕਰਨ ਨਾਲ ਹੀ ਪੂਰਨ ਬੰਦਗੀ ਪ੍ਰਾਪਤ ਹੋ ਸਕਦੀ ਹੈ ਉਸ ਮਨੁੱਖ ਦੀ ਬੰਦਗੀ ਦਾ ਮਾਰਗ ਸੌਖਾ ਹੋ ਜਾਂਦਾ ਹੈ।

ਇਸ ਲਈ ਇਹ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ ਕਿ: ਸਤਿਗੁਰੂ ਪੂਰਾ ਹੀ ਅੰਮ੍ਰਿਤ ਦਾ ਸੋਮਾ ਹੈ; ਸਤਿਗੁਰੂ ਪੂਰਾ ਹੀ ਅੰਮ੍ਰਿਤ ਦਾ ਦਾਤਾ ਹੈ; ਸਤਿਗੁਰੂ ਪੂਰਾ ਹੀ ਗੁਰਪ੍ਰਸਾਦਿ ਦਾ ਦਾਤਾ ਹੈ; ਸਤਿਗੁਰੂ ਪੂਰਾ ਹੀ ਬੰਦਗੀ ਦਾ ਦਾਤਾ ਹੈ; ਸਤਿਗੁਰੂ ਪੂਰਾ ਹੀ ਸਤਿਨਾਮ ਸਿਮਰਨ ਅਤੇ ਸਤਿਨਾਮ ਦੀ ਕਮਾਈ ਦਾ ਦਾਤਾ ਹੈ;

ਸਤਿਗੁਰੂ ਪੂਰਾ ਹੀ ਰੋਮ-ਰੋਮ ਸਿਮਰਨ ਦਾ ਦਾਤਾ ਹੈ; ਸਤਿਗੁਰੂ ਪੂਰਾ ਹੀ ਸਮਾਧੀ ਅਤੇ ਸੁੰਨ ਸਮਾਧੀ ਦਾ ਦਾਤਾ ਹੈ; ਸਤਿਗੁਰੂ ਪੂਰੇ ਦੀ ਕਿਰਪਾ ਅਤੇ ਗੁਰਪ੍ਰਸਾਦਿ ਦੇ ਨਾਲ ਹੀ ਮਨੁੱਖ ਦੇ ਸਤਿ ਸਰੋਵਰ ਜਾਗਰਿਤ ਹੁੰਦੇ ਹਨ ਅਤੇ ਬਜਰ ਕਪਾਟ ਖੁੱਲ੍ਹਦੇ ਹਨ; ਸਤਿਗੁਰੂ ਪੂਰੇ ਦੀ ਕਿਰਪਾ ਅਤੇ ਗੁਰਪ੍ਰਸਾਦਿ ਦੇ ਨਾਲ ਹੀ ਮਨੁੱਖ ਦਾ ਦਸਮ ਦੁਆਰ ਖੁੱਲ੍ਹਦਾ ਹੈ; ਸਤਿਗੁਰੂ ਪੂਰਾ ਹੀ ਜੀਵਨ ਮੁਕਤੀ ਦਾ ਦਾਤਾ ਹੈ; ਸਤਿਗੁਰੂ ਪੂਰਾ ਹੀ ਪੂਰਨ ਬ੍ਰਹਮ ਗਿਆਨ ਦਾ ਦਾਤਾ ਹੈ; ਸਤਿਗੁਰੂ ਪੂਰਾ ਹੀ ਤੱਤ ਗਿਆਨ ਦਾ ਦਾਤਾ ਹੈ; ਸਤਿਗੁਰੂ ਪੂਰਾ ਹੀ ਪਰਮ ਪਦਵੀ ਦਾ ਦਾਤਾ ਹੈ।

ਇਹ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ ਕਿ: ਸਤਿਗੁਰੂ ਪੂਰੇ ਦੀ ਚਰਨ-ਸ਼ਰਨ ਵਿੱਚ ਜਾਣ ਤੋਂ ਬਗੈਰ ਬੰਦਗੀ ਪ੍ਰਾਪਤ ਨਹੀਂ ਹੋ ਸਕਦੀ ਹੈ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਗੁਰਪ੍ਰਸਾਦਿ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਸੁਹਾਗ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਤ੍ਰਿਸ਼ਣਾ ਦੀ ਅਗਨ ਨਹੀਂ ਬੁਝ ਸਕਦੀ ਹੈ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਪੰਜ ਚੰਡਾਲ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਵੱਸ ਵਿੱਚ ਨਹੀਂ ਆ ਸਕਦੇ ਹਨ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਮਾਇਆ ਨੂੰ ਜਿੱਤਿਆ ਨਹੀਂ ਜਾ ਸਕਦਾ ਹੈ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਮਨ ਨੂੰ ਚਿੰਦਿਆ ਨਹੀਂ ਜਾ ਸਕਦਾ ਹੈ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਸਤਿ ਸਰੋਵਰ ਜਾਗਰਿਤ ਨਹੀਂ ਹੋ ਸਕਦੇ ਹਨ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਬਜਰ ਕਪਾਟ ਨਹੀਂ ਖੁੱਲ੍ਹ ਸਕਦੇ ਹਨ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਨਹੀਂ ਜਾ ਸਕਦਾ ਹੈ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਹਿਰਦਾ ਸਤੋ ਗੁਣਾਂ ਨਾਲ ਭਰਪੂਰ ਨਹੀਂ ਹੋ ਸਕਦਾ ਹੈ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਪਰਮ ਜੋਤ ਪੂਰਨ ਪ੍ਰਕਾਸ਼ ਮਨੁੱਖ ਦੇ ਹਿਰਦੇ ਵਿੱਚ ਪ੍ਰਗਟ ਨਹੀਂ ਹੋ ਸਕਦਾ ਹੈ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਦਰਗਾਹ ਵਿੱਚ ਮਾਣ ਪ੍ਰਾਪਤ ਨਹੀਂ ਹੋ ਸਕਦਾ ਹੈ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਬੰਦਗੀ ਦਰਗਾਹ ਵਿੱਚ ਪ੍ਰਵਾਨ ਨਹੀਂ ਹੋ ਸਕਦੀ ਹੈ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਨਹੀਂ ਹੋ ਸਕਦਾ ਹੈ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਸਦਾ ਸੁਹਾਗ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਜੀਵਨ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ਹੈ; ਸਤਿਗੁਰੂ ਪੂਰੇ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਤੋਂ ਬਗੈਰ ਪਰਮ ਪਦਵੀ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ।

ਇਹ ਪਰਮ ਸਤਿ ਹੈ ਕਿ ਸਤਿਗੁਰੂ ਪੂਰਾ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਵਿੱਚ ਅਭੇਦ ਕਰਵਾਉਣ ਦਾ ਕਾਰਜ ਸਿੱਧ ਕਰਦਾ ਹੈ। ਇਹ ਪਰਮ ਸਤਿ ਹੈ ਕਿ ਜਦੋਂ ਮਨੁੱਖ ਦੀ ਬੰਦਗੀ ਦਰਗਾਹ ਵਿੱਚ ਪ੍ਰਵਾਨ ਹੋ ਜਾਂਦੀ ਹੈ ਅਤੇ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਹੋ ਜਾਂਦਾ ਹੈ ਤਾਂ ਉਸ ਸਮੇਂ ਸਤਿਗੁਰੂ ਪੂਰੇ ਦਾ ਕਾਰਜ ਸੰਪੰਨ ਹੋ ਜਾਂਦਾ ਹੈ।

ਪਰਮ ਪਦਵੀ, ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦਤਾ ਅਤੇ ਪੂਰਨ ਅਵਸਥਾ ਦੀ ਪ੍ਰਾਪਤੀ ਤੋਂ ਉਪਰੰਤ ਮਨੁੱਖ ਦਾ ਸਤਿਗੁਰੂ — 'ਸਤਿ ਪਾਰਬ੍ਰਹਮ ਪਰਮੇਸ਼ਰ' ਹੋ ਜਾਂਦਾ ਹੈ ਅਤੇ ਸਤਿਗੁਰੂ ਪੂਰੇ ਦੀ ਭੂਮਿਕਾ ਦਾ ਅੰਤ ਹੋ ਜਾਂਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਸਤਿਗੁਰੂ ਪੂਰਾ, ਜੋ ਕਿ ਵਿਚੋਲੇ ਦਾ ਕਾਰਜ ਕਰਦਾ ਹੈ, ਉਸ ਦਾ ਕਾਰਜ ਪੂਰਾ ਹੋ ਜਾਂਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਹੀ ਮਨੁੱਖ ਨੂੰ ਪਰਉਪਕਾਰੀ ਸੇਵਾ ਦਾ ਦਰਗਾਹੀ ਗੁਰਪ੍ਰਸਾਦਿ ਪ੍ਰਾਪਤ ਹੁੰਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਹੀ ਮਨੁੱਖ ਪੂਰਨ ਸੰਤ, ਪੂਰਨ ਬ੍ਰਹਮ ਗਿਆਨੀ ਬਣ ਜਾਂਦਾ ਹੈ ਅਤੇ ਉਸ ਨੂੰ ਦਰਗਾਹੀ ਹੁਕਮ ਅਨੁਸਾਰ ਅੰਮ੍ਰਿਤ ਵਰਤਾਉਣ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ।

■

ਅਨੰਦੁ ਸਾਹਿਬ-ਪਉੜੀ ੩੧

ਹਰਿ ਰਾਸਿ ਮੇਰੀ ਮਨੁ ਵਣਜਾਰਾ ॥
ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ ॥
ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ ॥
ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ ॥
ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥੩੧॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੧}

ਧੰਨ ਧੰਨ ਸਤਿਗੁਰੂ ਅਵਤਾਰ ਅਮਰਦਾਸ ਜੀ ਉਸ ਮਨੁੱਖ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਬਿਆਨ ਕਰ ਰਹੇ ਹਨ ਜਿਸ ਦੇ ਮਨ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਸਦਾ-ਸਦਾ ਲਈ ਵਾਸ ਹੋ ਜਾਂਦਾ ਹੈ। ਉਸ ਮਨੁੱਖ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਦਾ ਬਿਆਨ ਕਰ ਰਹੇ ਹਨ ਜਿਸ ਦੇ ਮਨ ਵਿੱਚ ਪਰਮ ਜੋਤ ਦਾ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਉਸ ਮਨੁੱਖ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਦਾ ਵਰਣਨ ਕਰ ਰਹੇ ਹਨ ਜਿਸ ਦਾ ਮਨ ਪਰਮ ਜੋਤ ਪੂਰਨ ਪ੍ਰਕਾਸ਼ ਵਿੱਚ ਤਬਦੀਲ ਹੋ ਜਾਂਦਾ ਹੈ। ਐਸੇ ਮਨੁੱਖ ਦੀ ਇਲਾਹੀ ਦਰਗਾਹੀ ਕਿਰਪਾ ਨਾਲ ਭਰਪੂਰ ਅਵਸਥਾ ਜਿਸ ਨੇ ਮਾਇਆ ਦਾ ਤਿਆਗ ਕਰ ਦਿੱਤਾ ਹੈ। ਐਸੇ ਜਨ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਜਿਸ ਨੇ ਆਪਣੇ ਮਾਇਆ ਰੂਪੀ ਮਨ (ਉਹ ਮਨ ਜੋ ਕਿ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦਾ ਗ਼ੁਲਾਮ ਹੈ। ਅਸਲ ਵਿੱਚ ਮਨੁੱਖੀ ਮਨ ਹੀ ਮਾਇਆ ਹੈ। ਇਸ ਲਈ ਮਨ ਨੂੰ ਜਿੱਤਣਾ ਹੀ ਮਾਇਆ ਨੂੰ ਜਿੱਤਣਾ ਹੈ।) ਨੂੰ ਜਿੱਤ ਲਿਆ ਹੈ। ਭਾਵ ਉਹ ਪੂਰਨ ਸੰਤ ਪੁਰਖ ਜਿਸ ਨੇ ਮਾਇਆ ਨੂੰ ਜਿੱਤ ਲਿਆ ਹੈ ਅਤੇ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਗਿਆ ਹੈ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਜਿੱਤਣ ਵਾਲਾ ਮਨੁੱਖੀ ਮਨ ਸਤਿ ਪਾਰਬ੍ਰਹਮ ਵਿੱਚ ਸਮਾ ਕੇ ਸਤਿ ਰੂਪ ਹੋ ਜਾਂਦਾ ਹੈ ਅਤੇ 'ਸਤਿਨਾਮ' ਦਾ ਵਪਾਰੀ ਬਣ ਜਾਂਦਾ ਹੈ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਜਿੱਤਣ ਵਾਲਾ ਮਨੁੱਖੀ ਮਨ ਮਾਇਆ ਤੋਂ ਨਿਰਲੇਪ ਹੋ ਜਾਂਦਾ ਹੈ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਜਿੱਤਣ ਵਾਲਾ ਮਨੁੱਖ ਸੰਸਾਰ ਤੋਂ ਨਿਰਲੇਪ ਹੋ ਜਾਂਦਾ ਹੈ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਜਿੱਤਣ ਵਾਲਾ ਮਨੁੱਖ ਸੰਸਾਰ ਨੂੰ ਜਿੱਤ ਲੈਂਦਾ ਹੈ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਜਿੱਤਣ ਵਾਲਾ ਮਨੁੱਖ ਨਿਰਭਉ ਅਤੇ ਨਿਰਵੈਰ ਹੋ ਜਾਂਦਾ ਹੈ।

ਐਸਾ ਪੂਰਨ ਸੰਤ ਪੁਰਖ ਜਿਸ ਨੇ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਹਾਸਿਲ ਕਰ ਲਈ ਹੋਵੇ; ਉਸ ਮਹਾਂਪੁਰਖ ਦਾ ਕਾਰ, ਵਿਹਾਰ ਅਤੇ ਕਰਨੀ ਕੇਵਲ 'ਸਤਿਨਾਮ' ਦਾ ਵਣਜ ਕਰਨਾ ਬਣ ਜਾਂਦੀ ਹੈ। ਐਸਾ ਪੂਰਨ ਸੰਤ ਪੁਰਖ ਜਿਸ ਨੇ ਮਹਾ ਵਿਨਾਸ਼ਕਾਰੀ

ਮਾਇਕੀ ਸ਼ਕਤੀਆਂ ਉੱਪਰ ਜਿੱਤ ਹਾਸਿਲ ਕਰ ਲਈ ਹੋਵੇ; ਉਸ ਮਹਾਂਪੁਰਖ ਦੀ ਕਰਨੀ ਕੇਵਲ ਸਤਿ ਦੀ ਕਰਨੀ ਬਣ ਜਾਂਦੀ ਹੈ। ਐਸਾ ਪੂਰਨ ਸੰਤ ਪੁਰਖ ਜਿਸ ਨੇ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਹਾਸਿਲ ਕਰ ਲਈ ਹੋਵੇ; ਉਸ ਮਹਾਂਪੁਰਖ ਦੀ ਕਰਨੀ ਕੇਵਲ ਪੂਰਨ ਸਤਿ ਦੀ ਸੇਵਾ ਬਣ ਜਾਂਦੀ ਹੈ ਅਤੇ ਉਹ ਮਹਾਂਪੁਰਖ ਕੇਵਲ ਪੂਰਨ ਸਤਿ ਵਰਤਾਉਂਦਾ ਹੈ। ਐਸਾ ਪੂਰਨ ਸੰਤ ਜਿਸ ਦਾ ਕਿੱਤਾ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ 'ਸਤਿਨਾਮ' ਦਾ ਵਣਜ ਬਣ ਜਾਂਦਾ ਹੈ। ਭਾਵ ਐਸਾ ਪੂਰਨ ਸੰਤ ਮਹਾਂਪੁਰਖ ਜਿਸ ਨੂੰ ਦਰਗਾਹੀ ਹੁਕਮ ਅਨੁਸਾਰ ਦਰਗਾਹੀ ਖ਼ਜ਼ਾਨੇ ਦੀ (ਸਤਿਨਾਮ ਧਨ) ਕੁੰਜੀ ਪ੍ਰਾਪਤ ਹੋ ਜਾਂਦੀ ਹੈ ਅਤੇ ਉਹ ਮਹਾਂਪੁਰਖ ਦਰਗਾਹੀ ਹੁਕਮ ਦੇ ਅਨੁਸਾਰ ਇਸ ਅਨਮੋਲ ਦਰਗਾਹੀ ਖ਼ਜ਼ਾਨੇ 'ਸਤਿਨਾਮ ਧਨ' ਦਾ ਵਣਜਾਰਾ ਬਣ ਜਾਂਦਾ ਹੈ। ਐਸੇ ਪੂਰਨ ਸੰਤ ਮਹਾਂਪੁਰਖ ਨੂੰ 'ਸਤਿਨਾਮ' ਧਨ ਦੇ ਗੁਰਪ੍ਰਸਾਦਿ ਨੂੰ ਵਰਤਾਉਣ ਦੀ ਮਹਾ ਪਰਉਪਕਾਰੀ ਸੇਵਾ ਪ੍ਰਾਪਤ ਹੋ ਜਾਂਦੀ ਹੈ ਅਤੇ ਉਹ 'ਸਤਿਨਾਮ' ਦੇ ਪਰਮ ਸ਼ਕਤੀਸ਼ਾਲੀ ਧਨ ਦਾ ਵਪਾਰੀ ਬਣ ਜਾਂਦਾ ਹੈ। ਐਸੇ ਮਹਾਂਪੁਰਖ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਧੰਨ ਧੰਨ ਸੰਤ ਕਬੀਰ ਜੀ ਨੇ ਆਪਣੀ ਬਾਣੀ ਵਿੱਚ ਪ੍ਰਗਟ ਕੀਤੀ ਹੈ:

ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ ॥
ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ ॥੧॥
ਹਰਿ ਕੇ ਨਾਮ ਕੇ ਬਿਆਪਾਰੀ ॥
ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ ॥੧॥ ਰਹਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੨੩)

ਐਸੇ ਪੂਰਨ ਸੰਤ ਮਹਾਂਪੁਰਖਾਂ ਦਾ ਜੀਵਨ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ 'ਸਤਿ' ਦੇ ਵਣਜ ਵਿੱਚ ਲੀਨ ਹੋ ਜਾਂਦਾ ਹੈ। ਜੋ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ 'ਸਤਿ' ਵਿੱਚ ਰੱਤੇ ਜਾਂਦੇ ਹਨ ਉਹ 'ਸਤਿ' ਰੂਪ ਹੋ ਜਾਂਦੇ ਹਨ ਅਤੇ ਉਨ੍ਹਾਂ ਦਾ ਰੂਪ, ਰੰਗ ਅਤੇ ਕਰਮ ਪੂਰਨ 'ਸਤਿ' ਦੀ ਸੇਵਾ ਬਣ ਜਾਂਦੀ ਹੈ। ਭਾਵ ਐਸੇ ਪੂਰਨ ਸੰਤ ਮਹਾਂਪੁਰਖ ਪੂਰਨ 'ਸਤਿ' ਦਾ ਵਣਜ ਕਰਦੇ ਹਨ। ਜੋ ਮਨੁੱਖ ਉਨ੍ਹਾਂ ਦੀ ਚਰਨ-ਸ਼ਰਨ ਵਿੱਚ ਜਾਂਦੇ ਹਨ ਉਹ ਐਸੇ ਵੱਡੇ ਭਾਗਾਂ ਵਾਲੇ ਮਨੁੱਖਾਂ ਨੂੰ ਪੂਰਨ 'ਸਤਿ' ਹੀ ਵਰਤਾਉਂਦੇ ਹਨ। ਐਸੇ ਵਡਭਾਗੇ ਮਨੁੱਖਾਂ ਨੂੰ ਉਹ ਮਹਾਂਪੁਰਖ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਨਾਲ ਨਿਵਾਜ ਦਿੰਦੇ ਹਨ। ਐਸੇ ਪੂਰਨ ਸੰਤ ਮਹਾਂਪੁਰਖ, ਜੋ ਅਕਾਲ ਪੁਰਖ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਂਦੇ ਹਨ ਉਨ੍ਹਾਂ ਦੀ ਪਰਮ ਸ਼ਕਤੀਸ਼ਾਲੀ ਅਤੇ ਅਤਿ ਸੁੰਦਰ ਮਹਿਮਾ ਧੰਨ ਧੰਨ ਸਤਿਗੁਰ ਅਵਤਾਰ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿੱਚ ਪ੍ਰਗਟ ਕੀਤੀ ਹੈ:

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੪੯)

ਇਹ ਹੀ ਅੰਤਰ ਹੈ ਇੱਕ ਆਮ ਮਨੁੱਖ ਵਿੱਚ ਅਤੇ ਇੱਕ ਪੂਰਨ ਸੰਤ ਮਹਾਂਪੁਰਖ ਵਿੱਚ

ਕਿ: ਪੂਰਨ ਸੰਤ ਮਹਾਂਪੁਰਖ ਦੀ ਮਾਇਆ ਗ਼ੁਲਾਮੀ ਕਰਦੀ ਹੈ ਅਤੇ ਉਹ ਮਹਾਂਪੁਰਖ ਸਤਿ ਪਾਰਬ੍ਰਹਮ ਦੀ ਦਰਗਾਹ ਵਿੱਚ ਬੈਠਾ ਪੂਰਨ ਪਰਮ ਆਨੰਦ ਵਿੱਚ ਵਿਚਰਦਾ ਹੈ ਅਤੇ ਦਰਗਾਹੀ ਖ਼ਜ਼ਾਨਿਆਂ ਦਾ ਵਪਾਰੀ ਬਣ ਜਾਂਦਾ ਹੈ, ਜਿੱਥੇ ਕਿ ਇੱਕ ਆਮ ਮਨੁੱਖ ਮਾਇਆ ਦੀ ਗ਼ੁਲਾਮੀ ਵਿੱਚ ਗ਼ਲਤਾਨ ਹੁੰਦਾ ਹੋਇਆ ਆਪਣਾ ਅਨਮੋਲ ਰਤਨ ਹੀਰਾ ਮਨੁੱਖਾ ਜਨਮ ਗੁਆ ਬੈਠਦਾ ਹੈ। ਇੱਕ ਪੂਰਨ ਸੰਤ ਮਹਾਂਪੁਰਖ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਸੇਵਾ ਵਿੱਚ ਰੱਤਿਆ ਹੋਇਆ ਪੂਰਨ ਸਤਿ ਚਿੱਤ ਆਨੰਦ ਵਿੱਚ ਵਿਚਰਦਾ ਹੈ ਅਤੇ ਇੱਕ ਆਮ ਮਨੁੱਖ ਮਾਇਆ ਦੀ ਗ਼ੁਲਾਮੀ ਵਿੱਚ ਵਿਚਰਦਾ ਹੋਇਆ ਦੁੱਖਾਂ, ਮੁਸੀਬਤਾਂ, ਕਸ਼ਟਾਂ ਨਾਲ ਜੂਝਦਾ ਹੋਇਆ ਦਮ ਤੋੜ ਦਿੰਦਾ ਹੈ। ਪੂਰਨ ਸੰਤ ਮਹਾਂਪੁਰਖ ਸਦਾ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਚਰਨਾਂ ਵਿੱਚ ਵਾਸ ਕਰਦਾ ਹੋਇਆ ਉਸ ਦੀਆਂ ਮਹਾਨ ਪਰਮ ਸ਼ਕਤੀਸ਼ਾਲੀ ਆਨੰਦਮਈ ਕਿਰਪਾ ਦ੍ਰਿਸ਼ਟ ਦੇ ਵਿੱਚ ਵਿਚਰਦਾ ਹੋਇਆ ਜਨਮ-ਮਰਨ ਦੇ ਬੰਧਨ ਤੋਂ ਮੁਕਤ ਹੋ ਕੇ ਆਪਣਾ ਮਨੁੱਖਾ ਜਨਮ ਸਫਲ ਕਰ ਲੈਂਦਾ ਹੈ। ਇੱਕ ਆਮ ਮਨੁੱਖ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੇ ਅਧੀਨ ਅਸਤਿ ਕਰਮ ਕਰਦਾ ਹੋਇਆ ਜਨਮ-ਮਰਨ ਦੇ ਬੰਧਨਾਂ ਵਿੱਚ ਅਣਮਿਥੇ ਸਮੇਂ ਲਈ ਫਸਿਆ ਰਹਿੰਦਾ ਹੈ।

ਇਸ ਪਰਮ ਸਤਿ ਤੱਤ ਨੂੰ ਸਦਾ ਆਪਣੇ ਚਿੱਤ ਵਿੱਚ ਵਸਾ ਲੈਣਾ ਬੇਅੰਤ ਲਾਜ਼ਮੀ ਹੈ ਕਿ ਮਨੁੱਖਾ ਜਨਮ ਦੇ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖ ਨੂੰ ਸਾਰੀਆਂ ਇਲਾਹੀ ਦਰਗਾਹੀ ਪਰਮ ਸ਼ਕਤੀਆਂ ਨਾਲ ਨਿਵਾਜਿਆ ਹੈ। ਜ਼ਰੂਰਤ ਹੈ ਕੇਵਲ ਇਨ੍ਹਾਂ ਇਲਾਹੀ ਦਰਗਾਹੀ ਪਰਮ ਸ਼ਕਤੀਆਂ ਨੂੰ ਵਰਤਣ ਦੀ। ਜੋ ਮਨੁੱਖ ਇਨ੍ਹਾਂ ਇਲਾਹੀ ਦਰਗਾਹੀ ਪਰਮ ਸ਼ਕਤੀਆਂ ਦਾ ਆਪਣੇ ਰੋਜ਼ਾਨਾ ਜੀਵਨ ਵਿੱਚ ਅਭਿਆਸ ਕਰਦੇ ਹਨ ਉਨ੍ਹਾਂ ਦੀ ਚੜ੍ਹਦੀ ਕਲਾ ਹੋ ਜਾਂਦੀ ਹੈ। ਜੋ ਮਨੁੱਖ ਇਨ੍ਹਾਂ ਇਲਾਹੀ ਦਰਗਾਹੀ ਪਰਮ ਸ਼ਕਤੀਆਂ ਦਾ ਆਪਣੇ ਰੋਜ਼ਾਨਾ ਜੀਵਨ ਵਿੱਚ ਅਭਿਆਸ ਕਰਦੇ ਹਨ ਉਹ ਮਨੁੱਖ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਬੰਦਗੀ ਵਿੱਚ ਚਲੇ ਜਾਂਦੇ ਹਨ ਅਤੇ ਬੰਦਗੀ ਪੂਰਨ ਕਰ ਕੇ ਧੰਨ ਧੰਨ ਪੂਰਨ ਅਵਸਥਾ ਨੂੰ ਪ੍ਰਾਪਤ ਹੋ ਜਾਂਦੇ ਹਨ। ਇਹ ਇਲਾਹੀ ਦਰਗਾਹੀ ਪਰਮ ਸ਼ਕਤੀਆਂ ਵਿੱਚੋਂ ਕੁਝ ਪਰਮ ਸ਼ਕਤੀਆਂ ਹਨ:

੧) ਇਹ ਪਰਮ ਸਤਿ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ 'ਸਤਿਨਾਮ' ਦਾ ਸਿਮਰਨ ਕਰਨ ਦੀ ਪਰਮ ਸ਼ਕਤੀ ਹਰ ਇੱਕ ਮਨੁੱਖ ਨੂੰ ਪ੍ਰਾਪਤ ਹੈ। ਹਰ ਇੱਕ ਮਨੁੱਖ ਨੂੰ ਇਹ ਪਰਮ ਸ਼ਕਤੀ ਪ੍ਰਾਪਤ ਹੈ ਕਿ ਉਹ ਅੰਮ੍ਰਿਤ ਵੇਲੇ ਉੱਠ ਸਕਦਾ ਹੈ ਅਤੇ ਇਸ਼ਨਾਨ ਕਰ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ 'ਸਤਿਨਾਮ' ਦਾ ਸਿਮਰਨ ਕਰ ਸਕਦਾ ਹੈ। ਜ਼ਰੂਰਤ ਹੈ ਕੇਵਲ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ ਤੋਂ ਉਪਰੰਤ ਸਤਿਨਾਮ ਸਿਮਰਨ ਕਰਨ ਦੀ; ਇਸ ਪਰਮ ਸ਼ਕਤੀ ਨੂੰ ਵਰਤਣ ਦੀ। ਜੋ ਮਨੁੱਖ ਅੰਮ੍ਰਿਤ ਵੇਲੇ ਉੱਠਦੇ ਹਨ ਅਤੇ ਇਸ਼ਨਾਨ ਕਰ ਕੇ ਸਤਿਨਾਮ ਸਿਮਰਨ ਕਰਨ ਦੀ ਇਸ ਪਰਮ ਸ਼ਕਤੀ ਨੂੰ ਵਰਤਦੇ ਹਨ ਉਨ੍ਹਾਂ ਦੀ ਚੜ੍ਹਦੀ ਕਲਾ ਹੋ ਜਾਂਦੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ ਸਿਮਰਨ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਧੰਨ ਧੰਨ ਸਤਿਗੁਰ ਅਵਤਾਰ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਦੀ ਪਹਿਲੀ ਅਸ਼ਟਪਦੀ ਵਿੱਚ ਪ੍ਰਗਟ ਕੀਤੀ ਹੈ। ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਸਤਿਨਾਮ ਸਿਮਰਨ ਕਰਨ ਨਾਲ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ ਅਤੇ ਐਸੇ ਮਹਾਂਪੁਰਖ ਦੀ ਚਰਨ-ਸ਼ਰਨ ਵਿੱਚੋਂ ਹੀ ਗੁਰਪ੍ਰਸਾਦਿ ਦੀ ਪ੍ਰਾਪਤੀ

ਹੁੰਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੇ ਨਾਲ ਹੀ ਸ਼ਬਦ-ਸੁਰਤਿ ਦਾ ਸੁਮੇਲ ਹੋ ਜਾਂਦਾ ਹੈ ਅਤੇ ਸਤਿਨਾਮ ਮਨੁੱਖ ਦੀ ਸੁਰਤਿ ਵਿੱਚ ਉੱਕਰਿਆ ਜਾਂਦਾ ਹੈ ਜਿਸ ਦੇ ਨਾਲ ਸਮਾਧੀ ਲੱਗ ਜਾਂਦੀ ਹੈ। ਇਸ ਅਵਸਥਾ ਵਿੱਚ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਸਤਿਨਾਮ ਸਿਮਰਨ ਦੇ ਲੰਬੇ ਅਭਿਆਸ ਕਰਨ ਨਾਲ ਸੁੰਨ ਸਮਾਧੀ ਲੱਗ ਜਾਂਦੀ ਹੈ ਅਤੇ ਸਾਰੇ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ, ਸਾਰੇ ਬੱਜਰ ਕਪਾਟ ਖੁੱਲ੍ਹ ਜਾਂਦੇ ਹਨ, ਰੋਮ-ਰੋਮ ਵਿੱਚ ਸਿਮਰਨ ਹੋਣ ਲੱਗ ਜਾਂਦਾ ਹੈ ਅਤੇ ਦਰਗਾਹ ਵਿੱਚ ਮਾਣ ਪ੍ਰਾਪਤ ਹੁੰਦਾ ਹੈ। ਬਿਨ ਮੰਗਾਂ ਅਤੇ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਸਤਿਨਾਮ ਸਿਮਰਨ ਕਰਨ ਨਾਲ ਸਾਰੇ ਕਾਰਜ ਸਿੱਧ ਹੁੰਦੇ ਹਨ ਅਤੇ ਕੋਈ ਵਿਘਨ ਨਹੀਂ ਪੈਂਦਾ ਹੈ। ਸਾਰੇ ਦੁੱਖਾਂ-ਕਲੇਸ਼ਾਂ ਦਾ ਅੰਤ ਹੋ ਜਾਂਦਾ ਹੈ। ਜਨਮਾਂ-ਜਨਮਾਂਤਰਾਂ ਤੋਂ ਚਿੰਬੜੀ ਹੋਈ ਮਨ ਦੀ ਮੈਲ ਧੁਪ ਜਾਂਦੀ ਹੈ। ਮਨ ਜੋਤ ਸਰੂਪ ਹੋ ਕੇ ਪ੍ਰਗਟ ਹੋ ਜਾਂਦਾ ਹੈ। ਮਨ ਜਿੱਤਿਆ ਜਾਂਦਾ ਹੈ। ਪੰਜ ਦੂਤ ਵੱਸ ਆ ਜਾਂਦੇ ਹਨ ਅਤੇ ਮਾਇਕੀ ਸ਼ਕਤੀਆਂ ਨੂੰ ਜਿੱਤ ਲਿਆ ਜਾਂਦਾ ਹੈ। ਜਨਮ-ਮਰਨ ਦੇ ਬੰਧਨਾਂ ਤੋਂ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਮਨੁੱਖ ਨਿਰਭਉ ਅਤੇ ਨਿਰਵੈਰ ਦੀਆਂ ਪਰਮ ਸ਼ਕਤੀਆਂ ਪ੍ਰਾਪਤ ਕਰ ਕੇ ਮੋਹ ਤੋਂ ਮੁਕਤ ਹੋ ਜਾਂਦਾ ਹੈ ਅਤੇ ਇੱਕ ਦ੍ਰਿਸ਼ਟ ਹੋ ਕੇ ਪੂਰਨ ਤੱਤ ਗਿਆਨ ਬ੍ਰਹਮ ਗਿਆਨ ਦਾ ਧਾਰਨੀ ਹੋ ਜਾਂਦਾ ਹੈ। (ਦਾਸ ਨੇ ਸੁਖਮਨੀ ਸਾਹਿਬ ਦੀ ਗੁਰਪ੍ਰਸਾਦੀ ਕਥਾ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ ਸਿਮਰਨ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਉੱਪਰ ਵਿਸਥਾਰ ਨਾਲ ਵਿਚਾਰ ਕੀਤਾ ਹੈ। ਜਿਗਿਆਸੂਆਂ ਨੂੰ ਸਨਿਮਰ ਬੇਨਤੀ ਹੈ ਕਿ ਉਹ ਨਾਮ ਸਿਮਰਨ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਬਾਰੇ ਪ੍ਰਗਟ ਹੋਏ ਪੂਰਨ ਬ੍ਰਹਮ ਗਿਆਨ ਦੇ ਵਿਚਾਰ ਲਈ ਜ਼ਰੂਰ ਪੜ੍ਹਨ ਦੀ ਕਿਰਪਾਲਤਾ ਕਰਨ।)

ਇਸ ਲਈ ਸਾਰੀ ਲੋਕਾਈ ਲਈ ਇਹ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ, ਅਤੇ ਮੰਨਣਾ ਬੇਅੰਤ ਲਾਜ਼ਮੀ ਹੈ ਕਿ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਨਾਮ 'ਸਤਿ' ਹੀ ਸਭ ਤੋਂ ਉੱਤਮ ਪੂੰਜੀ ਹੈ, ਜੋ ਕਿ ਸੰਸਾਰ ਵਿੱਚ ਵਿਚਰ ਰਿਹਾ ਮਨੁੱਖ ਇਕੱਤਰ ਕਰ ਸਕਦਾ ਹੈ। ਇਹ ਪਰਮ ਸਤਿ ਹੈ ਕਿ ਸਾਰੀ ਸ੍ਰਿਸ਼ਟੀ ਵਿੱਚ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਨਾਮ 'ਸਤਿ' ਹੀ ਸਭ ਤੋਂ ਵੱਡਾ ਧਨ ਹੈ, ਜੋ ਕਿ ਸੰਸਾਰ ਵਿੱਚ ਜੀਵ ਮਨੁੱਖਾ ਜਨਮ ਪ੍ਰਾਪਤ ਕਰ ਕੇ ਇਕੱਤਰ ਕਰ ਸਕਦਾ ਹੈ। ਇਸ ਸ੍ਰਿਸ਼ਟੀ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ 'ਸਤਿ' ਦੇ ਤੁੱਲ ਹੋਰ ਕੋਈ ਪਦਾਰਥ ਨਹੀਂ ਹੈ। ਕਿਉਂਕਿ 'ਸਤਿ' ਤੱਤ ਆਪ ਪਰਮੇਸ਼ਰ ਤੱਤ ਹੈ। 'ਸਤਿ' ਤੱਤ ਹੀ ਸਾਰੀ ਸ੍ਰਿਸ਼ਟੀ ਦਾ ਗਰਭ ਹੈ। ਸਾਰੀ ਸ੍ਰਿਸ਼ਟੀ ਦੀ ਉਤਪਤੀ, ਸਿਰਜਣਾ, ਪਾਲਣ ਅਤੇ ਸੰਘਾਰ ਕੇਵਲ 'ਸਤਿ' ਦੀ ਪਰਮ ਸ਼ਕਤੀ ਹੀ ਕਰਦੀ ਹੈ। ਇਸ ਲਈ ਮਨੁੱਖ ਵਾਸਤੇ ਇਸ ਪਰਮ 'ਸਤਿ' ਤੱਤ ਦੀ ਸੇਵਾ ਸੰਭਾਲਤਾ ਕਰਨਾ ਹੀ ਸਰਵ ਸ੍ਰੇਸ਼ਠ ਕਰਨੀ ਹੈ।

੨) ਸਤਿਨਾਮ ਸਿਮਰਨ ਕਰਨ ਦਾ ਲਾਭ ਮਨੁੱਖ ਨੂੰ ਤਾਂ ਹੁੰਦਾ ਹੈ ਜਦ ਉਹ ਬਿਨਾਂ ਮੰਗਾਂ ਦੇ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਸਤਿਨਾਮ ਸਿਮਰਨ ਕਰਦਾ ਹੈ। ਕਿਉਂਕਿ ਪ੍ਰੀਤ, ਸ਼ਰਧਾ ਅਤੇ ਭਰੋਸਾ ਸਤਿ ਪਾਰਬ੍ਰਹਮ ਪਰਮੇਸ਼ਰ ਦੁਆਰਾ ਮਨੁੱਖ ਨੂੰ ਬਖ਼ਸ਼ੀਆਂ ਗਈਆਂ ਪਰਮ ਸ਼ਕਤੀਆਂ ਹਨ। ਹਰ ਇੱਕ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ 'ਤੇ ਭਰੋਸਾ ਕਰਨ ਦੀ ਪਰਮ ਸ਼ਕਤੀ ਨਾਲ ਨਿਵਾਜਿਆ ਗਿਆ ਹੈ। ਭਰੋਸੇ ਦੀ ਪਰਮ ਸ਼ਕਤੀ ਵਿੱਚੋਂ ਹੀ ਪ੍ਰੀਤ ਦੀ ਪਰਮ ਸ਼ਕਤੀ ਦਾ ਜਨਮ ਹੁੰਦਾ ਹੈ

ਅਤੇ ਪ੍ਰੀਤ ਵਿੱਚੋਂ ਸ਼ਰਧਾ ਦੀ ਪਰਮ ਸ਼ਕਤੀ ਜਨਮ ਲੈਂਦੀ ਹੈ। ਇਹ ਪਰਮ ਸਤਿ ਹੈ ਕਿ ਮੰਗਾਂ ਦੇ ਨਾਲ ਜੁੜੇ ਹੋਏ ਸਿਮਰਨ ਵਿੱਚ ਭਰੋਸੇ ਦੀ ਪਰਮ ਸ਼ਕਤੀ ਨਹੀਂ ਵਾਪਰਦੀ ਹੈ; ਨਾ ਹੀ ਪ੍ਰੀਤ ਅਤੇ ਸ਼ਰਧਾ ਦੀਆਂ ਪਰਮ ਸ਼ਕਤੀਆਂ ਵਰਤਦੀਆਂ ਹਨ। ਮੰਗਾਂ ਦੇ ਨਾਲ ਜੁੜੇ ਹੋਏ ਸਿਮਰਨ ਵਿੱਚ ਸਵਾਰਥ ਦੀ ਵਿਨਾਸ਼ਕਾਰੀ ਭਾਵਨਾ ਪ੍ਰਧਾਨ ਹੁੰਦੀ ਹੈ। ਜਿੱਥੇ ਸਵਾਰਥ ਦੀ ਵਿਨਾਸ਼ਕਾਰੀ ਭਾਵਨਾ ਹੋਵੇ ਉੱਥੇ ਪ੍ਰੀਤ ਦੀ ਪਰਮ ਸ਼ਕਤੀ ਨਹੀਂ ਵਾਪਰ ਸਕਦੀ ਹੈ। ਇਸ ਲਈ ਮੰਗਾਂ ਦੇ ਨਾਲ ਜੁੜਿਆ ਹੋਇਆ ਸਿਮਰਨ ਭਰੋਸੇ, ਪ੍ਰੀਤ ਅਤੇ ਸ਼ਰਧਾ ਦੀਆਂ ਪਰਮ ਸ਼ਕਤੀਆਂ ਤੋਂ ਵਿਹੂਣਾ ਹੁੰਦਾ ਹੈ। ਜਿਸ ਮਨੁੱਖ ਦੀ ਬੰਦਗੀ ਵਿੱਚ ਭਰੋਸਾ, ਪ੍ਰੀਤ ਅਤੇ ਸ਼ਰਧਾ ਨਹੀਂ ਉਹ ਬੰਦਗੀ ਨਹੀਂ ਹੁੰਦੀ ਹੈ ਬਲਕਿ ਉਹ ਸਵਾਰਥ ਦੀ ਵਿਨਾਸ਼ਕਾਰੀ ਸ਼ਕਤੀ ਨਾਲ ਭਰਪੂਰ ਸਤਿ ਪਾਰਬ੍ਰਹਮ ਪਰਮੇਸ਼ਰ ਨਾਲ ਇੱਕ ਕਿਸਮ ਦਾ ਵਪਾਰ ਹੋ ਜਾਂਦਾ ਹੈ। ਜਿੱਥੇ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਕੇਵਲ ਮਨੁੱਖ ਦੇ ਭਰੋਸੇ, ਸ਼ਰਧਾ ਅਤੇ ਪ੍ਰੀਤ ਦਾ ਭੁੱਖਾ ਹੁੰਦਾ ਹੈ। ਇਸ ਲਈ ਜੋ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਅਰਾਧਣਾ ਬਿਨਾਂ ਮੰਗਾਂ ਦੇ ਕਰਦੇ ਹਨ ਉਨ੍ਹਾਂ ਦੀ ਬੰਦਗੀ ਵਿੱਚ ਭਰੋਸੇ, ਪ੍ਰੀਤ ਅਤੇ ਸ਼ਰਧਾ ਦੀਆਂ ਪਰਮ ਸ਼ਕਤੀਆਂ ਵਰਤਦੀਆਂ ਹਨ ਅਤੇ ਇਨ੍ਹਾਂ ਇਲਾਹੀ ਦਰਗਾਹੀ ਪਰਮ ਸ਼ਕਤੀਆਂ ਦੇ ਨਾਲ ਮਨੁੱਖ ਨੂੰ ਉਹ ਸਾਰੀਆਂ ਉਪਲਭਦੀਆਂ ਪ੍ਰਾਪਤ ਹੁੰਦੀਆਂ ਹਨ ਜੋ ਧੰਨ ਧੰਨ ਸਤਿਗੁਰੂ ਅਵਤਾਰ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਦੀ ਪਹਿਲੀ ਅਸ਼ਟਪਦੀ ਵਿੱਚ ਪ੍ਰਗਟ ਕੀਤੀਆਂ ਹਨ। ਮਨੁੱਖ ਦਾ ਜੀਵਨ ਬਦਲ ਜਾਂਦਾ ਹੈ ਅਤੇ ਚੜ੍ਹਦੀ ਕਲਾ ਵਿੱਚ ਚਲਾ ਜਾਂਦਾ ਹੈ। ਮਨੁੱਖ ਦੇ ਕਾਰਜ ਆਪਣੇ ਆਪ ਸਿੱਧ ਹੋਣ ਲੱਗ ਜਾਂਦੇ ਹਨ ਅਤੇ ਜੀਵਨ ਸ਼ਾਂਤਮਈ ਹੋ ਜਾਂਦਾ ਹੈ।

੩) ਇਹ ਪਰਮ ਸਤਿ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖ ਨੂੰ ਨਿਮਰਤਾ ਦੀ ਕਮਾਈ ਕਰਨ ਦੀ ਪਰਮ ਸ਼ਕਤੀ ਨਾਲ ਵੀ ਨਿਵਾਜਿਆ ਹੈ। ਹਰ ਇੱਕ ਮਨੁੱਖ ਨਿਮਰਤਾ ਦੀ ਪਰਮ ਸ਼ਕਤੀ ਦੀ ਕਮਾਈ ਕਰਨ ਦੇ ਯੋਗ ਹੁੰਦਾ ਹੈ। ਹਰ ਇੱਕ ਮਨੁੱਖ ਨਿਮਰਤਾ ਦੀ ਕਮਾਈ ਕਰ ਸਕਦਾ ਹੈ। ਨਿਮਰਤਾ ਦੀ ਪਰਮ ਸ਼ਕਤੀ ਦੀ ਕਮਾਈ ਕਰਨ ਨਾਲ ਮਨੁੱਖ ਦੀ ਹਉਮੈ ਦਾ ਅੰਤ ਹੋ ਜਾਂਦਾ ਹੈ। ਮਨੁੱਖੀ ਹਉਮੈ ਦੀ ਮੌਤ ਹੀ ਜੀਵਨ ਮੁਕਤੀ ਹੈ। ਹਉਮੈ ਦੀ ਮੌਤ ਨਾਲ ਹੀ ਮਨੁੱਖ ਦੇ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਪ੍ਰਗਟ ਹੁੰਦਾ ਹੈ। ਹਉਮੈ ਦੀ ਮੌਤ ਦੇ ਨਾਲ ਹੀ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਹੁੰਦੇ ਹਨ। ਹਉਮੈ ਦੀ ਮੌਤ ਦੇ ਨਾਲ ਹੀ ਮਨੁੱਖ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਹਾਸਿਲ ਕਰ ਕੇ ਤ੍ਰੈ ਗੁਣ ਮਾਇਆ ਤੋਂ ਪਰੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲੀਨ ਹੋ ਜਾਂਦਾ ਹੈ।

੪) ਇਹ ਪਰਮ ਸਤਿ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖ ਨੂੰ ਦੂਜੇ ਪ੍ਰਾਣੀਆਂ ਉੱਪਰ ਦਇਆ ਕਰਨ ਦੀ ਪਰਮ ਸ਼ਕਤੀ ਨਾਲ ਨਿਵਾਜਿਆ ਹੈ। ਹਰ ਇੱਕ ਮਨੁੱਖ ਦਇਆ ਕਰਨ ਦੀ ਪਰਮ ਸ਼ਕਤੀ ਦੀ ਕਮਾਈ ਕਰਨ ਦੇ ਯੋਗ ਹੁੰਦਾ ਹੈ। ਹਰ ਇੱਕ ਮਨੁੱਖ ਦਇਆ ਦੀ ਕਮਾਈ ਕਰ ਸਕਦਾ ਹੈ। ਦਇਆ ਧਰਮ ਦੀ ਮਾਂ ਹੈ। ਭਾਵ ਦਇਆ ਦੀ ਪਰਮ ਸ਼ਕਤੀ ਵਿੱਚੋਂ ਹੀ ਧਰਮ ਦੀ ਪਰਮ ਸ਼ਕਤੀ ਦਾ ਜਨਮ ਹੁੰਦਾ ਹੈ। ਧਰਮ ਦਾ ਭਾਵ ਹੈ ਸਤਿ ਪਾਰਬ੍ਰਹਮ ਪਰਮੇਸ਼ਰ ਨਾਲ ਅਭੇਦਤਾ। ਧਰਮ ਦਾ

ਭਾਵ ਹੈ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਸਦਾ-ਸਦਾ ਲਈ ਸਮਾ ਜਾਣਾ। ਧਰਮ ਦਾ ਭਾਵ ਹੈ ਜੀਵਨ ਮੁਕਤੀ ਦੀ ਪ੍ਰਾਪਤੀ। ਦਇਆ ਵਿੱਚੋਂ ਹੀ ਖਿਮਾ ਕਰਨ ਦੀ ਪਰਮ ਸ਼ਕਤੀ ਦਾ ਜਨਮ ਹੁੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਨੇ ਹਰ ਇੱਕ ਮਨੁੱਖ ਨੂੰ ਖਿਮਾ ਕਰਨ ਦੀ ਪਰਮ ਸ਼ਕਤੀ ਨਾਲ ਵੀ ਨਿਵਾਜਿਆ ਹੈ। ਦਇਆ ਵਿੱਚੋਂ ਹੀ ਪਰਉਪਕਾਰ ਕਰਨ ਦੀ ਪਰਮ ਸ਼ਕਤੀ ਦਾ ਜਨਮ ਹੁੰਦਾ ਹੈ। ਦਇਆ ਕਰਨ ਦੀ ਪਰਮ ਸ਼ਕਤੀ ਦੀ ਵਰਤੋਂ ਕਰਨ ਨਾਲ ਮਨੁੱਖ ਨਿਰਭਉ ਅਤੇ ਨਿਰਵੈਰ ਹੋ ਜਾਂਦਾ ਹੈ। ਭਾਵ ਮਨੁੱਖ ਸਾਰੀ ਸ੍ਰਿਸ਼ਟੀ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰਨ ਦੇ ਯੋਗ ਹੋ ਜਾਂਦਾ ਹੈ। ਇਸ ਲਈ ਦਇਆ ਕਰਨ ਦੀ ਪਰਮ ਸ਼ਕਤੀ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਕਰ ਦਿੰਦੀ ਹੈ। ਐਸੇ ਪੂਰਨ ਸੰਤ ਮਹਾਂਪੁਰਖ ਪਰਉਪਕਾਰ ਦੀ ਪਰਮ ਸ਼ਕਤੀ ਨਾਲ ਨਿਵਾਜੇ ਜਾਂਦੇ ਹਨ। ਪਰਉਪਕਾਰ ਕਰਨ ਦੀ ਪਰਮ ਸ਼ਕਤੀ ਦੀ ਵਰਤੋਂ ਕਰਦੇ ਹੋਏ ਐਸੇ ਮਹਾਂਪੁਰਖ ਦੂਜਿਆਂ ਦੇ ਦੁੱਖਾਂ-ਕਲੇਸ਼ਾਂ ਦਾ ਅੰਤ ਕਰਦੇ ਹਨ। ਪਰਉਪਕਾਰ ਕਰਨ ਦੀ ਪਰਮ ਸ਼ਕਤੀ ਦੀ ਵਰਤੋਂ ਕਰਦੇ ਹੋਏ ਐਸੇ ਮਹਾਂਪੁਰਖ ਦੂਜਿਆਂ ਦਾ ਜ਼ਹਿਰ ਪੀ ਕੇ ਉਨ੍ਹਾਂ ਨੂੰ ਅੰਮ੍ਰਿਤ ਦਿੰਦੇ ਹਨ ਅਤੇ ਉਨ੍ਹਾਂ ਦਾ ਮਨੁੱਖਾ ਜਨਮ ਸਾਰਥਕ ਕਰਦੇ ਹਨ। ਪਰਉਪਕਾਰ ਕਰਨ ਦੀ ਪਰਮ ਸ਼ਕਤੀ ਦੀ ਵਰਤੋਂ ਕਰਦੇ ਹੋਏ ਐਸੇ ਮਹਾਂਪੁਰਖ ਸੰਸਾਰ ਦੇ ਲੋਕਾਂ ਨੂੰ ਸਤਿ ਦਾ ਉਪਦੇਸ਼ ਦਿੰਦੇ ਹਨ ਅਤੇ ਲੋਕਾਈ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਲ ਜੋੜਨ ਦਾ ਮਹਾ ਪਰਉਪਕਾਰ ਕਰਦੇ ਹਨ।

੫) ਇਹ ਪਰਮ ਸਤਿ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖ ਨੂੰ ਸਤਿ ਸੰਤੋਖ ਦੀ ਕਮਾਈ ਕਰਨ ਦੀ ਪਰਮ ਸ਼ਕਤੀ ਨਾਲ ਨਿਵਾਜਿਆ ਹੈ। ਹਰ ਇੱਕ ਮਨੁੱਖ ਸਤਿ ਸੰਤੋਖ ਦੀ ਕਮਾਈ ਕਰਨ ਦੇ ਯੋਗ ਹੁੰਦਾ ਹੈ। ਸਤਿ ਸੰਤੋਖ ਦੀ ਕਮਾਈ ਤੋਂ ਭਾਵ ਮਨੁੱਖੀ ਤ੍ਰਿਸ਼ਣਾ ਨੂੰ ਬੁਝਾਉਣ ਦੇ ਨਾਲ ਹੈ। ਮਨੁੱਖ ਦੀ ਤ੍ਰਿਸ਼ਣਾ ਇੱਕ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀ ਹੈ ਜਿਸ ਦੀ ਗ਼ੁਲਾਮੀ ਵਿੱਚ ਹਰ ਇੱਕ ਮਨੁੱਖ ਨਿਰੰਤਰ ਝੁਲਸ ਰਿਹਾ ਹੈ। ਮਨੁੱਖ ਆਪਣੀ ਤ੍ਰਿਸ਼ਣਾ ਦੀ ਅਗਨ ਨੂੰ ਬੁਝਾਉਣ ਲਈ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੇ ਅਧੀਨ ਨਿਰੰਤਰ ਅਸਤਿ ਕਰਮ ਕਰਦਾ ਜਾ ਰਿਹਾ ਹੈ। ਇਹ ਅਸਤਿ ਕਰਮ ਹੀ ਜਨਮਾਂ-ਜਨਮਾਂਤਰਾਂ ਤੋਂ ਮਨੁੱਖੀ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ, ਰੋਗਾਂ ਅਤੇ ਸੋਗਾਂ ਦਾ ਕਾਰਨ ਬਣਦੇ ਆ ਰਹੇ ਹਨ। ਕਈ ਸੈਂਕੜੇ ਜਨਮਾਂ ਤੋਂ ਚੱਲ ਰਹੇ ਹਰ ਇੱਕ ਮਨੁੱਖ ਦੇ ਇਸ ਯਤਨ (ਪੰਜ ਚੰਡਾਲਾਂ ਦੇ ਅਧੀਨ ਅਸਤਿ ਕਰਮ ਕਰਦੇ ਹੋਏ ਤ੍ਰਿਸ਼ਣਾ ਅਗਨ ਨੂੰ ਬੁਝਾਉਣ ਦੇ) ਤੋਂ ਉਪਰੰਤ ਵੀ ਉਹ ਤ੍ਰਿਸ਼ਣਾ ਦੀ ਇਸ ਮਹਾ ਵਿਨਾਸ਼ਕਾਰੀ ਅਗਨ ਨੂੰ ਬੁਝਾਉਣ ਵਿੱਚ ਅਸਮਰਥ ਹੈ। ਇਹ ਪਰਮ ਸਤਿ ਹੈ ਕਿ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੀ ਗ਼ੁਲਾਮੀ ਵਿੱਚ ਵਿਚਰ ਰਹੇ ਮਨੁੱਖ ਦੀ ਤ੍ਰਿਸ਼ਣਾ ਦਾ ਕਦੇ ਅੰਤ ਨਹੀਂ ਹੁੰਦਾ ਹੈ। ਇਹ ਹੀ ਕਾਰਨ ਹੈ ਮਨੁੱਖ ਦੇ ਜਨਮ-ਮਰਨ ਦੇ ਬੰਧਨ ਤੋਂ ਨਾ ਮੁਕਤ ਹੋਣ ਦਾ। ਇਸ ਲਈ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਵਿੱਚ ਉਲਝਿਆ ਹੋਇਆ ਮਨੁੱਖ ਕਈ ਸੈਂਕੜੇ ਜਨਮਾਂ ਤੋਂ ਇਸ ਭਵਸਾਗਰ ਵਿੱਚ ਫਸਿਆ ਹੋਇਆ ਹੈ ਕਿਉਂਕਿ ਉਸ ਨੂੰ ਇਹ ਸੋਝੀ ਨਹੀਂ ਪੈਂਦੀ ਕਿ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਨੂੰ ਜਿੱਤਣ ਦੀ ਪਰਮ ਸ਼ਕਤੀ ਵੀ

ਉਸ ਦੇ ਵਿੱਚ ਹੀ ਵਾਸ ਕਰ ਰਹੀ ਹੈ। ਇਸ ਲਈ ਹਰ ਇੱਕ ਮਨੁੱਖ ਨੂੰ ਇਸ ਪਰਮ ਸਤਿ ਦਾ ਬੋਧ ਹੋਣਾ ਬੇਅੰਤ ਲਾਜ਼ਮੀ ਹੈ ਕਿ ਤ੍ਰਿਸ਼ਣਾ ਅਗਨ ਦਾ ਅੰਤ ਕਰਨ ਵਾਲੀ 'ਸਤਿ ਸੰਤੋਖ' ਦੀ ਪਰਮ ਸ਼ਕਤੀ ਵੀ ਉਸ ਦੇ ਅੰਦਰ ਹੀ ਵਾਸ ਕਰ ਰਹੀ ਹੈ। ਜ਼ਰੂਰਤ ਹੈ ਕੇਵਲ ਸਤਿ ਸੰਤੋਖ ਦੀ ਪਰਮ ਸ਼ਕਤੀ ਦੀ ਵਰਤੋਂ ਕਰਨ ਦੀ। ਜੋ ਮਨੁੱਖ ਸਤਿ ਸੰਤੋਖ ਦੀ ਪਰਮ ਸ਼ਕਤੀ ਦੀ ਵਰਤੋਂ ਕਰਦੇ ਹਨ ਉਨ੍ਹਾਂ ਦੀ ਤ੍ਰਿਸ਼ਣਾ ਅਗਨ ਸ਼ਾਂਤ ਹੋ ਜਾਂਦੀ ਹੈ ਅਤੇ ਉਹ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਨੂੰ ਵੱਸ ਵਿੱਚ ਕਰ ਲੈਂਦੇ ਹਨ। ਉਨ੍ਹਾਂ ਦੇ ਅਸਤਿ ਕਰਮਾਂ ਦਾ ਅੰਤ ਹੋ ਜਾਂਦਾ ਹੈ ਅਤੇ ਉਹ ਸਤਿ ਦੀ ਕਮਾਈ ਕਰਦੇ ਹੋਏ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੀ ਗ਼ੁਲਾਮੀ ਤੋਂ ਮੁਕਤ ਹੋ ਜਾਂਦੇ ਹਨ।

ਐਸੇ ਪਰਮ ਸ਼ਕਤੀਸ਼ਾਲੀ ਸਤਿ ਗੁਣਾਂ ਦੀ ਕਮਾਈ ਹੀ ਬੰਦਗੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਉੱਪਰ ਪੂਰਨ ਭਰੋਸਾ, ਪ੍ਰੀਤ ਅਤੇ ਸ਼ਰਧਾ ਹੀ ਬੰਦਗੀ ਹੈ। ਦਇਆ ਦੀ ਕਮਾਈ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਹੈ। ਨਿਮਰਤਾ ਦੀ ਕਮਾਈ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਹੈ। ਖਿਮਾ ਦੀ ਕਮਾਈ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਹੈ। ਸਤਿ ਸੰਤੋਖ ਦੀ ਕਮਾਈ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਹੈ। ਸਤਿਨਾਮ ਸਿਮਰਨ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਅਤੇ ਸਭ ਤੋਂ ਉੱਤਮ ਸੇਵਾ ਹੈ। ਸਤਿਨਾਮ ਸਿਮਰਨ ਕਰਨ ਦੇ ਨਾਲ ਹੀ ਇਹ ਸਾਰੀਆਂ ਪਰਮ ਸ਼ਕਤੀਆਂ ਮਨੁੱਖ ਵਿੱਚ ਪ੍ਰਗਟ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸਤਿਨਾਮ ਸਿਮਰਨ ਕਰਨ ਦੇ ਨਾਲ ਹੀ ਇਨ੍ਹਾਂ ਪਰਮ ਸ਼ਕਤੀਆਂ ਦੀ ਕਮਾਈ ਕਰਨ ਦੀ ਪ੍ਰੇਰਣਾ ਜੰਮਦੀ ਹੈ ਅਤੇ ਮਨੁੱਖ ਇਨ੍ਹਾਂ ਪਰਮ ਸ਼ਕਤੀਆਂ ਦੀ ਕਮਾਈ ਕਰਨ ਵਿੱਚ ਸਫਲ ਹੁੰਦਾ ਹੈ। ਇਨ੍ਹਾਂ ਪਰਮ ਸ਼ਕਤੀਆਂ ਦੀ ਕਮਾਈ ਕਰਨ ਦੇ ਨਾਲ ਹੀ ਮਨੁੱਖ ਨੂੰ ਸਾਰੇ ਇਲਾਹੀ ਦਰਗਾਹੀ ਖ਼ਜ਼ਾਨਿਆਂ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਮਨੁੱਖ ਸਤਿਨਾਮ ਦਾ ਵਣਜਾਰਾ ਬਣ ਜਾਂਦਾ ਹੈ।

ਜਿਸ ਤਰ੍ਹਾਂ ਦੇ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਉੱਪਰ ਵਿਚਾਰੀਆਂ ਗਈਆਂ ਪਰਮ ਸ਼ਕਤੀਆਂ ਮਨੁੱਖ ਵਿੱਚ ਸਥਾਪਿਤ ਕੀਤੀਆਂ ਹਨ। ਠੀਕ ਉਸੇ ਤਰ੍ਹਾਂ ਦੇ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖ ਵਿੱਚ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਵੀ ਸਥਾਪਿਤ ਕੀਤੀਆਂ ਹਨ। ਇਨ੍ਹਾਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੀ ਵਰਤੋਂ ਕਰਨ ਨਾਲ ਮਨੁੱਖ ਦਾ ਜੀਵਨ ਗ਼ਰਕ ਜਾਂਦਾ ਹੈ। ਇਨ੍ਹਾਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੀ ਵਰਤੋਂ ਕਰਨ ਨਾਲ ਮਨੁੱਖ ਦਾ ਜੀਵਨ ਨਸ਼ਟ ਹੋ ਜਾਂਦਾ ਹੈ ਅਤੇ ਮਨੁੱਖ ਨਿਰਮੋਲਕ ਰਤਨ ਹੀਰਾ ਜਨਮ ਗੁਆ ਬੈਠਦਾ ਹੈ। ਕੇਵਲ ਇਤਨਾ ਹੀ ਨਹੀਂ ਬਲਕਿ ਮਨੁੱਖ ੮੪ ਲੱਖ ਮੇਦਨੀ ਦੀ ਜੂਨਾਂ ਵਿੱਚ ਯੁੱਗੋਂ-ਯੁੱਗ ਭਟਕਦਾ ਰਹਿੰਦਾ ਹੈ। ਇਨ੍ਹਾਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੀ ਵਰਤੋਂ ਕਰਨ ਨਾਲ ਮਨੁੱਖ ਦਾ ਜੀਵਨ ਦੁੱਖਾਂ, ਕਸ਼ਟਾਂ, ਮੁਸੀਬਤਾਂ, ਸਮੱਸਿਆਵਾਂ ਅਤੇ ਕਲੇਸ਼ਾਂ ਨਾਲ ਭਰਪੂਰ ਹੋ ਜਾਂਦਾ ਹੈ। ਇਨ੍ਹਾਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਜਿੱਤਣਾ ਹੀ ਬੰਦਗੀ ਹੈ। ਇਨ੍ਹਾਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਉੱਪਰ ਵਿਚਾਰੀਆਂ ਗਈਆਂ ਇਲਾਹੀ ਦਰਗਾਹੀ ਪਰਮ ਸ਼ਕਤੀਆਂ ਦੀ ਕਮਾਈ ਕਰ ਕੇ ਹੀ ਜਿੱਤਿਆ ਜਾ ਸਕਦਾ ਹੈ। ਇਸ ਲਈ ਹਰ ਇੱਕ ਮਨੁੱਖ ਨੂੰ ਇਨ੍ਹਾਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੀ ਸੋਝੀ ਦੀ ਪ੍ਰਾਪਤੀ ਬੇਅੰਤ ਲਾਜ਼ਮੀ ਹੈ। ਇਹ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਹਨ:

੧) **ਤ੍ਰਿਸ਼ਣਾ**: ਮਨੁੱਖੀ ਮਨ ਵਿੱਚ ਵਾਸ ਕਰ ਰਹੀ ਤ੍ਰਿਸ਼ਣਾ ਦੀ ਅਗਨ ਰੂਪੀ ਮਹਾ ਵਿਨਾਸ਼ਕਾਰੀ ਸ਼ਕਤੀ ਹੀ ਸਾਰੀ ਮਨੁੱਖੀ ਵਿਅਥਾ ਦਾ ਮੂਲ ਕਾਰਨ ਹੈ। ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹੀ ਸਾਰੇ ਮਨੁੱਖੀ ਦੁੱਖਾਂ, ਕਲੇਸ਼ਾਂ, ਸਮੱਸਿਆਵਾਂ, ਮੁਸੀਬਤਾਂ ਆਦਿ ਦਾ ਮੂਲ ਕਾਰਨ ਹੈ। ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹੀ ਮਨੁੱਖ ਤੋਂ ਸਾਰੇ ਅਸਤਿ ਕਰਮ ਕਰਵਾਉਂਦੀ ਹੈ। ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹੀ ਮਨੁੱਖ ਤੋਂ ਸਾਰੇ ਝੂਠ ਕਰਮ ਕਰਵਾਉਂਦੀ ਹੈ। ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹੀ ਮਨੁੱਖੀ ਮਨ ਉੱਪਰ ਹਾਵੀ ਹੋ ਕੇ ਉਸ ਨੂੰ ਸਤਿ ਦਾ ਬੋਧ ਨਹੀਂ ਹੋਣ ਦਿੰਦੀ ਹੈ। ਮਨੁੱਖ ਤ੍ਰਿਸ਼ਣਾ ਦੀ ਅਗਨ ਬੁਝਾਉਣ ਲਈ ਸਾਰੇ ਗ਼ਲਤ ਕਰਮਾਂ ਨੂੰ ਅੰਜਾਮ ਦਿੰਦਾ ਹੈ। ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹੀ ਮਨੁੱਖ ਦੀ ਮਤਿ ਮਾਰ ਦਿੰਦੀ ਹੈ ਅਤੇ ਉਸ ਨੂੰ ਅਸਤਿ ਕਰਮ ਕਰਨ ਲਈ ਮਜਬੂਰ ਕਰ ਦਿੰਦੀ ਹੈ। ਆਪਣੀ ਤ੍ਰਿਸ਼ਣਾ ਨੂੰ ਬੁਝਾਉਣ ਲਈ ਮਨੁੱਖ ਬਾਕੀ ਦੀਆਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦਾ ਸ਼ਿਕਾਰ ਹੁੰਦਾ ਹੈ ਅਤੇ ਆਪਣੇ ਪ੍ਰਾਲਬਧ ਨੂੰ ਕਲੇਸ਼ਾਂ ਨਾਲ ਭਰਪੂਰ ਕਰ ਲੈਂਦਾ ਹੈ। ਢਲ਼ਦੀ ਉਮਰ ਨਾਲ ਮਨੁੱਖ ਦੇ ਅੰਦਰ ਬਲਦੀ ਹੋਈ ਤ੍ਰਿਸ਼ਣਾ ਅਗਨ ਘੱਟ ਨਹੀਂ ਹੁੰਦੀ ਹੈ ਬਲਕਿ ਜਿਉਂ-ਜਿਉਂ ਮਨੁੱਖ ਆਪਣੇ ਅੰਤ ਵੱਲ ਨੂੰ ਵਧਦਾ ਹੈ ਤਾਂ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਅਗਨ ਹੋਰ ਪ੍ਰਚੰਡ ਰੂਪ ਧਾਰਨ ਕਰ ਲੈਂਦੀ ਹੈ। ਜਿਨ੍ਹਾਂ ਮਨੁੱਖਾਂ ਦੀ ਸੁਰਤਿ ਮੌਤ ਦੇ ਸਮੇਂ ਦੁਨਿਆਵੀ ਪਦਾਰਥਾਂ ਜਾਂ ਰਿਸ਼ਤਿਆਂ ਸੰਬੰਧਾਂ ਵਿੱਚ ਹੁੰਦੀ ਹੈ ਉਨ੍ਹਾਂ ਦੀ ਰੂਹ ਦੇਹੀ ਛੱਡਣ ਤੋਂ ਉਪਰੰਤ ਅਗਲੇ ਜਨਮ ਵੱਲ ਨੂੰ ਨਾ ਜਾ ਕੇ ਉੱਥੇ ਹੀ ਫਸ ਕੇ ਰਹਿ ਜਾਂਦੀ ਹੈ। ਇਹ ਹੀ ਕਾਰਨ ਹੈ ਕਿ ਸੰਸਾਰਿਕ ਵਾਤਾਵਰਨ ਐਸੀਆਂ ਫਸੀਆਂ ਹੋਈਆਂ ਰੂਹਾਂ ਦੇ ਨਾਲ ਭਰਿਆ ਪਿਆ ਹੈ। ਜਿਤਨੀ ਲੋਕਾਈ ਇਸ ਧਰਤੀ ਉੱਪਰ ਵਾਸ ਕਰ ਰਹੀ ਹੈ ਉਸ ਨਾਲੋਂ ਕਈ ਗੁਣਾ ਵੱਧ ਐਸੀਆਂ ਰੂਹਾਂ ਹਨ ਜੋ ਕਿ ਮੌਤ ਉਪਰੰਤ ਇਸ ਧਰਤੀ ਉੱਪਰ ਫਸੀਆਂ ਪਈਆਂ ਹਨ। ਐਸੀਆਂ ਰੂਹਾਂ ਦਾ ਧਰਤੀ ਉੱਪਰ ਰਹਿਣ ਵਾਲੇ ਮਨੁੱਖਾਂ ਦੇ ਰੋਜ਼ਾਨਾ ਜੀਵਨ ਉੱਪਰ ਬਹੁਤ ਬੁਰਾ ਅਸਰ ਹੁੰਦਾ ਹੈ। ਜਿਨ੍ਹਾਂ ਮਨੁੱਖਾਂ ਨਾਲ ਐਸੀਆਂ ਰੂਹਾਂ ਦਾ ਲੈਣ-ਦੇਣ ਦਾ ਸੰਬੰਧ ਹੁੰਦਾ ਹੈ ਉਨ੍ਹਾਂ ਮਨੁੱਖਾਂ ਦੇ ਜੀਵਨ ਵਿੱਚ ਇਹ ਰੂਹਾਂ ਹਰ ਕਿਸਮ ਦੀਆਂ ਔਕੜਾਂ, ਮੁਸੀਬਤਾਂ ਅਤੇ ਵਿਘਨ ਉਤਪੰਨ ਕਰਦੀਆਂ ਹਨ। ਐਸੀਆਂ ਵਿਨਾਸ਼ਕਾਰੀ ਰੂਹਾਂ ਦੇ ਕਾਰਨ ਹੀ ਸੰਸਾਰ ਵਿੱਚ ਸਾਰੇ ਹਾਦਸੇ ਹੁੰਦੇ ਹਨ। ਐਸੀਆਂ ਰੂਹਾਂ ਸਾਰੇ ਸੰਸਾਰ ਦਾ ਵਾਤਾਵਰਨ ਪੂਰਨ ਰੂਪ ਵਿੱਚ ਦੂਸ਼ਿਤ ਕਰ ਕੇ ਰੱਖਦੀਆਂ ਹਨ ਅਤੇ ਧਰਤੀ ਉੱਪਰ ਵਿਨਾਸ਼ ਦਾ ਸਬੱਬ ਬਣਦੀਆਂ ਹਨ। ਐਸੀਆਂ ਰੂਹਾਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੇ ਅਧੀਨ ਹੀ ਵਿਚਰਦੀਆਂ ਹਨ ਅਤੇ ਇਨ੍ਹਾਂ ਹਾਦਸਿਆਂ ਨੂੰ ਅੰਜਾਮ ਦਿੰਦੀਆਂ ਹਨ। ਇਸ ਲਈ ਮੌਤ ਉਪਰੰਤ ਮਨੁੱਖ ਦੀ ਰੂਹ ਦਾ ਅਗਲੇ ਜਨਮ ਦੀ ਯਾਤਰਾ ਉੱਪਰ ਤੁਰਦੇ ਰਹਿਣਾ ਬੇਅੰਤ ਲਾਜ਼ਮੀ ਹੈ।

੨) **ਕਾਮ**: ਕਾਮ ਵਾਸ਼ਨਾ ਦੀ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀ ਮਨੁੱਖ ਦੀ ਦੇਹੀ ਵਿੱਚ ਹੀ ਵਾਸ ਕਰਦੀ ਹੈ। ਅੱਜ ਦੀ ਦੁਨੀਆਂ ਵਿੱਚ ਨਿੱਤ ਨਵੇਂ ਵਾਪਰ ਰਹੇ ਬਲਾਤਕਾਰੀ ਕਾਰਨਾਮਿਆਂ ਕਰ ਕੇ ਕਾਮ ਵਾਸ਼ਨਾ ਦੇ ਸ਼ਿਕਾਰ ਹੋ ਰਹੇ ਨੌਜਵਾਨ ਮਨੁੱਖਾਂ ਦੇ ਵਿਨਾਸ਼ ਦੀ ਪ੍ਰਤੱਖ ਕਥਾ ਪ੍ਰਗਟ ਹੋ ਰਹੀ ਹੈ। ਕਾਮ ਚੰਡਾਲ ਐਸਾ ਮਹਾ

ਵਿਨਾਸ਼ਕਾਰੀ ਦੂਤ ਹੈ ਕਿ ਇਹ ਛੋਟੀ ਉਮਰ ਤੋਂ ਹੀ ਮਨੁੱਖ ਨੂੰ ਘੇਰ ਲੈਂਦਾ ਹੈ। (ਮਨੁੱਖ ਤੋਂ ਭਾਵ ਹੈ ਨਰ ਅਤੇ ਨਾਰੀ ਦੋਨੋਂ ਲਿੰਗ — ਇਸਤ੍ਰੀ ਲਿੰਗ ਅਤੇ ਪੁਲਿੰਗ।) ਇਸਤ੍ਰੀ ਹੋਵੇ ਜਾਂ ਪੁਰਸ਼; ਦੋਨੋਂ ਹੀ ਕਾਮ ਚੰਡਾਲ ਦੀ ਭਿਆਨਕ ਮਾਰ ਤੋਂ ਨਹੀਂ ਬਚ ਸਕਦੇ ਹਨ। ਕਾਮ ਵਾਸ਼ਨਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਨੂੰ ਛੋਟੀ ਉਮਰ ਤੋਂ ਹੀ ਤੰਗ ਕਰਨਾ ਸ਼ੁਰੂ ਕਰ ਦਿੰਦੀ ਹੈ ਅਤੇ ਉਮਰ ਦੇ ਵਧਣ ਨਾਲ ਕਾਮ ਵਾਸ਼ਨਾ ਦੀ ਇਹ ਮਹਾ ਵਿਨਾਸ਼ਕਾਰੀ ਸ਼ਕਤੀ ਹੋਰ ਪ੍ਰਬਲ ਹੁੰਦੀ ਜਾਂਦੀ ਹੈ। ਕਾਮ ਵਾਸ਼ਨਾ ਦੀ ਸ਼ਕਤੀ ਮਨੁੱਖ ਦੀ ਜਵਾਨੀ ਵਿੱਚ ਮਹਾ ਵਿਨਾਸ਼ਕਾਰੀ ਰੂਪ ਧਾਰਨ ਕਰ ਲੈਂਦੀ ਹੈ। ਕਾਮ ਵਾਸ਼ਨਾ ਦੀ ਇਹ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਦੀ ਜਵਾਨੀ ਦੇ ਢਲ਼ਣ ਨਾਲ ਨਹੀਂ ਢਲ਼ਦੀ ਹੈ ਬਲਕਿ ਹੋਰ ਜ਼ਿਆਦਾ ਪ੍ਰਚੰਡ ਰੂਪ ਧਾਰਨ ਕਰ ਲੈਂਦੀ ਹੈ। ਬੁੜ੍ਹਾਪੇ ਵਿੱਚ ਮਨੁੱਖ ਦਾ ਸਰੀਰ ਦੁਰਬਲ ਜ਼ਰੂਰ ਹੋ ਜਾਂਦਾ ਹੈ ਅਤੇ ਉਸ ਦੀ ਸਰੀਰਕ ਸ਼ਕਤੀਆਂ ਬਹੁਤ ਨਿਰਬਲ ਹੋ ਜਾਂਦੀਆਂ ਹਨ, ਪਰੰਤੂ ਮਨੁੱਖ ਦੀ ਕਾਮ ਵਾਸ਼ਨਾ ਕਦੇ ਸ਼ਾਂਤ ਨਹੀਂ ਹੁੰਦੀ ਹੈ ਬਲਕਿ ਹੋਰ ਜ਼ਿਆਦਾ ਪ੍ਰਬਲ ਹੋ ਜਾਂਦੀ ਹੈ। ਇਸ ਲਈ ਇਹ ਪਰਮ ਸਤਿ ਹੈ ਕਿ ਹਰ ਇੱਕ ਮਨੁੱਖ ਵਿੱਚ ਕਾਮ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਵਾਸ ਕਰਦੀ ਹੈ। ਮਨੁੱਖ ਦੀ ਕਾਮ ਵਾਸ਼ਨਾ ਦੀ ਤ੍ਰਿਸ਼ਣਾ ਕਦੇ ਨਹੀਂ ਬੁਝਦੀ ਹੈ ਅਤੇ ਕਾਮ ਵਾਸ਼ਨਾ ਦੀ ਵਿਨਾਸ਼ਕਾਰੀ ਸ਼ਕਤੀ ਮਨੁੱਖ ਦੀ ਦੇਹੀ ਨੂੰ ਗਾਲ ਦਿੰਦੀ ਹੈ।

੩) **ਕ੍ਰੋਧ:** ਕ੍ਰੋਧ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਦੇ ਢਿੱਡ ਵਿੱਚ ਵਾਸ ਕਰਦੀ ਹੈ। ਹਰ ਇੱਕ ਮਨੁੱਖ ਨੂੰ ਕ੍ਰੋਧ ਆਉਂਦਾ ਹੈ। ਜਦੋਂ ਮਨੁੱਖ ਦੇ ਅਹੰਕਾਰ ਉੱਪਰ ਸੱਟ ਵੱਜਦੀ ਹੈ ਤਾਂ ਉਸ ਨੂੰ ਕ੍ਰੋਧ ਆਉਂਦਾ ਹੈ। ਰੋਜ਼ਾਨਾ ਜੀਵਨ ਵਿੱਚ ਕੋਈ ਮਨੁੱਖ ਕ੍ਰੋਧ ਦੀ ਇਸ ਮਹਾ ਵਿਨਾਸ਼ਕਾਰੀ ਸ਼ਕਤੀ ਤੋਂ ਨਹੀਂ ਬਚ ਸਕਦਾ ਹੈ। ਕ੍ਰੋਧ ਚੰਡਾਲ ਮਨੁੱਖ ਨੂੰ ਛੋਟੀ ਉਮਰ ਤੋਂ ਹੀ ਆਣ ਘੇਰਦਾ ਹੈ। ਨਵੇਂ ਜੰਮੇ ਬੱਚੇ ਨੂੰ ਜਦੋਂ ਦੁਨੀਆਂ ਦਾ ਗਿਆਨ ਹੋਣ ਲੱਗਦਾ ਹੈ ਤਾਂ ਉਸ ਨੂੰ ਮਾਇਕੀ ਸ਼ਕਤੀਆਂ ਆ ਘੇਰਦੀਆਂ ਹਨ। ਇਹ ਪਰਮ ਸਤਿ ਹੈ ਕਿ ਕ੍ਰੋਧ ਚੰਡਾਲ ਨਵੇਂ ਜੰਮੇ ਬੱਚੇ ਨੂੰ ਉਸ ਸਮੇਂ ਆ ਘੇਰਦਾ ਹੈ ਜਦੋਂ ਉਸ ਨੂੰ ਆਪਣੇ ਆਪ ਦੀ ਸੰਭਾਲ ਅਤੇ ਆਪਣੀ ਹਸਤੀ ਦਾ ਗਿਆਨ ਹੁੰਦਾ ਹੈ ਅਤੇ ਇਹ ਮਨੁੱਖ ਦੇ ਦੇਹੀ ਤਿਆਗਣ ਤੱਕ ਨਹੀਂ ਛੱਡਦਾ ਹੈ। ਕ੍ਰੋਧ ਚੰਡਾਲ ਇਤਨਾ ਭਿਆਨਕ ਅਤੇ ਮਹਾ ਵਿਨਾਸ਼ਕਾਰੀ ਹੈ ਕਿ ਇਹ ਮਨੁੱਖ ਦੁਆਰਾ ਸਾਰੇ ਸੰਸਾਰ ਨੂੰ ਨਸ਼ਟ ਕਰਨ ਦੀ ਸਮਰੱਥਾ ਰੱਖਦਾ ਹੈ। ਸਮੇਂ-ਸਮੇਂ ਸਿਰ ਸੰਸਾਰ ਵਿੱਚ ਹੋਏ ਘੱਲੂਘਾਰੇ ਅਤੇ ਮਹਾ ਯੁੱਧ ਮਨੁੱਖੀ ਅਹੰਕਾਰ ਅਤੇ ਕ੍ਰੋਧ ਦਾ ਪ੍ਰਤੱਖ ਪ੍ਰਮਾਣ ਹਨ। ਇਹ ਪਰਮ ਸਤਿ ਹੈ ਕਿ ਕ੍ਰੋਧ ਚੰਡਾਲ ਦੀ ਅਗਨ ਵਿੱਚ ਜਦ ਮਨੁੱਖ ਸੜ੍ਹਦਾ-ਬਲਦਾ ਹੈ ਤਾਂ ਉਹ ਮਨੁੱਖ ਆਪਣੀ ਬੁੱਧੀ ਗੁਆ ਬੈਠਦਾ ਹੈ ਅਤੇ ਉਸ ਦੀ ਮਤਿ ਭ੍ਰਿਸ਼ਟ ਹੋ ਜਾਂਦੀ ਹੈ। ਕ੍ਰੋਧ ਚੰਡਾਲ ਦੇ ਅਧੀਨ ਮਨੁੱਖ ਦਾਨਵ ਬਣ ਜਾਂਦਾ ਹੈ। ਐਸੀ ਅਵਸਥਾ ਵਿੱਚ ਮਨੁੱਖ ਆਪਣਾ ਅਤੇ ਆਪਣੇ ਪਰਿਵਾਰ ਅਤੇ ਸਮਾਜ ਦਾ ਹੀ ਵਿਨਾਸ਼ ਕਰ ਬੈਠਦਾ ਹੈ। ਢਲ਼ਦੀ ਉਮਰ ਦੇ ਨਾਲ ਉਸ ਦੇ ਅੰਦਰ ਨੂੰ ਝੁਲ਼ਸਦੀ ਹੋਈ ਕ੍ਰੋਧ ਦੀ ਅਗਨ ਹੋਰ ਪ੍ਰਚੰਡ ਰੂਪ ਧਾਰਨ ਕਰ ਲੈਂਦੀ ਹੈ। ਕ੍ਰੋਧ ਚੰਡਾਲ ਦੀ ਗ਼ੁਲਾਮੀ ਕਰਦਾ ਹੋਇਆ ਮਨੁੱਖ ਦਮ ਤੋੜ ਦਿੰਦਾ ਹੈ ਪਰੰਤੂ ਉਸ ਦਾ ਕ੍ਰੋਧ ਸ਼ਾਂਤ ਨਹੀਂ ਹੁੰਦਾ ਹੈ।

੪) **ਲੋਭ**: ਲੋਭ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹਰ ਇੱਕ ਮਨੁੱਖ ਦੀ ਦੇਹੀ ਵਿੱਚ ਵਾਸ ਕਰਦੀ ਹੈ। ਲੋਭ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਦੀ ਛਾਤੀ ਵਿੱਚ ਵਾਸ ਕਰਦੀ ਹੈ। ਲੋਭ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਨੂੰ ਅਸਤਿ ਕਰਮਾਂ ਦੇ ਦੁਆਰਾ ਧਨ-ਸੰਪਦਾ, ਜ਼ਮੀਨ, ਜਾਇਦਾਦ ਅਤੇ ਹੋਰ ਦੁਨਿਆਵੀ ਪਦਾਰਥਾਂ ਨੂੰ ਇਕੱਤਰ ਕਰਨ ਦਾ ਕੰਮ ਕਰਦੀ ਹੈ। ਧਨ-ਸੰਪਦਾ, ਜ਼ਮੀਨ, ਜਾਇਦਾਦ ਅਤੇ ਹੋਰ ਦੁਨਿਆਵੀ ਪਦਾਰਥਾਂ ਨੂੰ ਇਕੱਤਰ ਕਰਨ ਦੀ ਮਨੁੱਖੀ ਤ੍ਰਿਸ਼ਨਾ ਦੀ ਅਗਨ ਨੂੰ ਬੁਝਾਉਣ ਦੇ ਲਈ ਲੋਭ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਤੋਂ ਬੇਅੰਤ ਪਾਪ ਕਰਮ ਕਰਵਾਉਂਦੀ ਹੈ। ਲੋਭ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਦੀ ਗ਼ੁਲਾਮੀ ਕਰਦਾ ਹੋਇਆ ਮਨੁੱਖ ਧਨ-ਸੰਪਦਾ, ਜ਼ਮੀਨ, ਜਾਇਦਾਦ ਅਤੇ ਹੋਰ ਦੁਨਿਆਵੀ ਪਦਾਰਥਾਂ ਨੂੰ ਇਕੱਤਰ ਕਰਨਾ ਹੀ ਆਪਣੇ ਜੀਵਨ ਦਾ ਟੀਚਾ ਬਣਾ ਬੈਠਦਾ ਹੈ ਅਤੇ ਸਾਰੀ ਉਮਰ ਲੋਭ ਚੰਡਾਲ ਦੀ ਗ਼ੁਲਾਮੀ ਵਿੱਚ ਬਰਬਾਦ ਕਰ ਦਿੰਦਾ ਹੈ। ਧਨ-ਸੰਪਦਾ, ਜ਼ਮੀਨ, ਜਾਇਦਾਦ ਅਤੇ ਹੋਰ ਦੁਨਿਆਵੀ ਪਦਾਰਥਾਂ ਨੂੰ ਇਕੱਤਰ ਕਰਦੇ-ਕਰਦੇ ਮਨੁੱਖ ਦੀ ਉਮਰ ਬੀਤ ਜਾਂਦੀ ਹੈ ਪਰੰਤੂ ਉਸ ਦੀ ਤ੍ਰਿਸ਼ਨਾ ਦੀ ਅਗਨ ਫਿਰ ਵੀ ਸ਼ਾਂਤ ਨਹੀਂ ਹੁੰਦੀ ਹੈ ਬਲਕਿ ਹੋਰ ਪ੍ਰਚੰਡਤਾ ਦਾ ਰੂਪ ਧਾਰਨ ਕਰ ਲੈਂਦੀ ਹੈ।

੫) **ਮੋਹ**: ਮੋਹ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹਰ ਇੱਕ ਮਨੁੱਖ ਦੀ ਦੇਹੀ ਵਿੱਚ ਵਾਸ ਕਰਦੀ ਹੈ। ਮੋਹ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਦੀ ਛਾਤੀ ਵਿੱਚ ਵਾਸ ਕਰਦੀ ਹੈ। ਮੋਹ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਦੇ ਮਨ ਵਿੱਚ ਦਵੈਸ਼, ਈਰਖਾ, ਨਫ਼ਰਤ, ਨਿੰਦਿਆ, ਚੁਗ਼ਲੀ, ਬਖ਼ੀਲੀ ਆਦਿ ਨੂੰ ਜਨਮ ਦਿੰਦੀ ਹੈ ਅਤੇ ਮਨੁੱਖੀ ਜੀਵਨ ਨੂੰ ਨਰਕ ਬਣਾ ਦਿੰਦੀ ਹੈ। ਸੰਸਾਰ ਵਿੱਚ ਵਿਚਰਦਾ ਹੋਇਆ ਮਨੁੱਖ ਮੇਰੀ-ਮੇਰੀ ਕਰਦਾ ਹੋਇਆ ਮਨ ਵਿੱਚ ਦਵੈਸ਼, ਈਰਖਾ, ਨਫ਼ਰਤ, ਨਿੰਦਿਆ, ਚੁਗ਼ਲੀ, ਬਖ਼ੀਲੀ ਆਦਿ ਅਸਤਿ ਕਰਮ ਕਰਦਾ ਹੋਇਆ ਆਪਣਾ ਜੀਵਨ ਜਨਮ ਗੁਆ ਬੈਠਦਾ ਹੈ। ਝੂਠੇ ਦੁਨਿਆਵੀ ਰਿਸ਼ਤਿਆਂ ਅਤੇ ਸੰਬੰਧਾਂ ਨਾਲ ਜੁੜਨਾ ਅਤੇ ਇਨ੍ਹਾਂ ਦੇ ਵਿਗੜਨ ਦਾ ਭਉ ਹੀ ਮੋਹ ਚੰਡਾਲ ਹੈ। ਧਨ-ਸੰਪਦਾ, ਜ਼ਮੀਨ, ਜਾਇਦਾਦ, ਕਾਰੋਬਾਰ ਅਤੇ ਹੋਰ ਦੁਨਿਆਵੀ ਪਦਾਰਥਾਂ ਅਤੇ ਸੁੱਖ-ਸੁਵਿਧਾਵਾਂ ਦੇ ਸਾਧਨਾਂ ਨਾਲ ਜੁੜਨਾ ਅਤੇ ਇਨ੍ਹਾਂ ਦੁਨਿਆਵੀ ਉਪਲਭਧੀਆਂ ਦੇ ਖੋਹੇ ਜਾਣ ਦਾ ਭਉ ਹੀ ਮੋਹ ਚੰਡਾਲ ਹੈ। ਸੰਸਾਰ ਦਾ ਹਰ ਇੱਕ ਮਨੁੱਖ ਮੋਹ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਦੀ ਗ਼ੁਲਾਮੀ ਕਰਦਾ ਹੋਇਆ ਝੂਠੇ ਦੁਨਿਆਵੀ ਰਿਸ਼ਤਿਆਂ ਅਤੇ ਸੰਬੰਧਾਂ ਨੂੰ ਹੀ ਸਤਿ ਮੰਨੀ ਬੈਠਾ ਹੈ। ਮੋਹ ਚੰਡਾਲ ਦਾ ਗ਼ੁਲਾਮ ਮਨੁੱਖ ਧਨ-ਸੰਪਦਾ, ਜ਼ਮੀਨ, ਜਾਇਦਾਦ, ਕਾਰੋਬਾਰ ਅਤੇ ਹੋਰ ਦੁਨਿਆਵੀ ਪਦਾਰਥਾਂ ਅਤੇ ਸੁੱਖ-ਸੁਵਿਧਾਵਾਂ ਦੇ ਸਾਧਨਾਂ ਨੂੰ ਹੀ ਆਪਣੇ ਜੀਵਨ ਦਾ ਸਤਿ ਮੰਨੀ ਬੈਠਾ ਹੈ। ਸੰਸਾਰ ਵਿੱਚ ਵਿਚਰਦਾ ਹੋਇਆ ਮਨੁੱਖ ਮੋਹ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਨੂੰ ਹੀ ਸਤਿ ਮੰਨੀ ਬੈਠਾ ਹੈ। ਉਹ ਸੰਸਾਰੀ ਸੰਬੰਧ ਅਤੇ ਪਦਾਰਥ ਜੋ ਬਿਨਸਣਹਾਰ ਹਨ ਉਨ੍ਹਾਂ ਨੂੰ ਹੀ ਸਤਿ ਮੰਨੀ ਬੈਠਾ ਹੈ। ਇਹ ਪਰਮ ਸਤਿ ਹੈ ਕਿ ਹਰ ਇੱਕ ਮਨੁੱਖ ਮੋਹ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਦਾ ਗ਼ੁਲਾਮ ਬਣਿਆ ਹੋਇਆ ਇਨ੍ਹਾਂ ਸੰਸਾਰਿਕ ਸੰਬੰਧਾਂ ਅਤੇ ਪਦਾਰਥਾਂ ਦੀ ਸੇਵਾ

ਕਰਦਾ ਹੋਇਆ ਹੀ ਦਮ ਤੋੜ ਦਿੰਦਾ ਹੈ। ਢਲ਼ਦੀ ਹੋਈ ਉਮਰ ਦੇ ਨਾਲ ਮੋਹ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਕਦੇ ਨਹੀਂ ਢਲ਼ਦੀ ਹੈ ਬਲਕਿ ਹੋਰ ਪ੍ਰਚੰਡ ਰੂਪ ਧਾਰਨ ਕਰ ਲੈਂਦੀ ਹੈ।

੬) **ਅਹੰਕਾਰ**: ਅਹੰਕਾਰ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹਰ ਇੱਕ ਮਨੁੱਖ ਦੀ ਦੇਹੀ ਵਿੱਚ ਵਾਸ ਕਰਦੀ ਹੈ। ਅਹੰਕਾਰ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਮਨੁੱਖ ਦੇ ਸਿਰ ਵਿੱਚ ਵਾਸ ਕਰਦੀ ਹੈ। ਜਦ ਮਨੁੱਖ ਦੇ ਅਹੰ (ਹਉਮੈ) ਉੱਪਰ ਸੱਟ ਵੱਜਦੀ ਹੈ ਤਾਂ ਉਸ ਨੂੰ ਕ੍ਰੋਧ ਆਉਂਦਾ ਹੈ। ਹਰ ਇੱਕ ਮਨੁੱਖ ਦਾ ਸਾਰਾ ਜੀਵਨ ਮੈਂ ਅਤੇ ਮੇਰੀ-ਮੇਰੀ ਕਰਦਿਆਂ ਅੰਤ ਨੂੰ ਪ੍ਰਾਪਤ ਹੋ ਜਾਂਦਾ ਹੈ। ਨਾਸ਼ਵਾਨ ਬਿਨਸਣਹਾਰ ਦੇਹੀ ਨੂੰ ਸਤਿ ਮੰਨੀ ਬੈਠਾ ਮਨੁੱਖ ਕੇਵਲ ਇਸ ਦੀ ਸੇਵਾ-ਸੰਭਾਲਤਾ ਕਰਦਾ ਹੋਇਆ ਸਾਰੀ ਉਮਰ ਕੱਢ ਦਿੰਦਾ ਹੈ। ਢਲ਼ਦੀ ਉਮਰ ਦੇ ਨਾਲ ਮਨੁੱਖ ਦਾ ਅਹੰਕਾਰ ਘੱਟ ਨਹੀਂ ਹੁੰਦਾ ਹੈ। ਢਲ਼ਦੀ ਉਮਰ ਦੇ ਨਾਲ ਮਨੁੱਖ ਦੀ ਮੈਂ ਅਤੇ ਮੇਰੀ-ਮੇਰੀ ਹੋਰ ਵੱਧਦੀ ਰਹਿੰਦੀ ਹੈ। ਪੰਜ ਚੰਡਾਲਾਂ ਵਿੱਚੋਂ ਅਹੰਕਾਰ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹੀ ਸਭ ਤੋਂ ਵੱਧ ਘਾਤਕ ਹੈ। ਕਿਉਂਕਿ ਅਹੰਕਾਰ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹੀ ਹੈ ਜੋ ਕਿ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਨਾਲੋਂ ਵੱਖਰੀ ਹਸਤੀ ਬਣਾ ਕੇ ਰੱਖਦੀ ਹੈ। ਅਹੰਕਾਰ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹੀ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਹਸਤੀ ਦਾ ਮੰਨਣ ਕਰਨ ਤੋਂ ਵਰਜਦੀ ਹੈ। ਅਹੰਕਾਰ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹੀ ਮਨੁੱਖ ਦੀ ਜੀਵਨ ਮੁਕਤੀ ਦੇ ਮਾਰਗ ਵਿੱਚ ਸਭ ਤੋਂ ਵੱਡੀ ਅੜਚਣ ਹੈ। ਸਾਰੀਆਂ ਸੰਸਾਰਿਕ ਰਚਨਾਵਾਂ ਦਾ ਕਾਰਨ ਅਤੇ ਵਿਸਥਾਰ ਕੇਵਲ ਮਨੁੱਖ ਦਾ ਅਹੰਕਾਰ (ਹਉਮੈ) ਹੀ ਹੈ। ਕਿਉਂਕਿ ਜਦੋਂ ਤੱਕ ਮਨੁੱਖ ਦੀ ਹਉਮੈ ਦੀ ਮੌਤ ਨਹੀਂ ਹੁੰਦੀ ਹੈ ਉਸ ਸਮੇਂ ਤੱਕ ਮਨੁੱਖ ਦੀ ਮੁਕਤੀ ਨਹੀਂ ਹੁੰਦੀ ਹੈ। ਜਦੋਂ ਤੱਕ ਮਨੁੱਖ ਦੀ ਹਉਮੈ ਦੀ ਮੌਤ ਨਹੀਂ ਹੁੰਦੀ ਹੈ ਉਸ ਸਮੇਂ ਤੱਕ ਮਨੁੱਖ ਦੀ ਬੰਦਗੀ ਪੂਰਨ ਨਹੀਂ ਹੁੰਦੀ ਹੈ ਅਤੇ ਨਾ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਪ੍ਰਾਪਤ ਕਰ ਕੇ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਸਮਾ ਸਕਦਾ ਹੈ।

੭) ਪੰਜ ਚੰਡਾਲਾਂ ਦੇ ਨਾਲ ਹੀ ਹਰ ਇੱਕ ਮਨੁੱਖ ਵਿੱਚ ਹੋਰ ਕਈ ਵਿਕਾਰੀ ਸ਼ਕਤੀਆਂ ਵਾਸ ਕਰਦੀਆਂ ਹਨ। ਇਹ ਵਿਕਾਰੀ ਸ਼ਕਤੀਆਂ ਹਨ: ਰਾਜ, ਜੋਬਨ, ਧਨ, ਮਾਲ, ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ। ਰਾਜ ਤੋਂ ਭਾਵ ਹੈ ਮਨੁੱਖ ਦੇ ਸੰਸਾਰਿਕ ਅਹੁਦੇ ਦੇ ਨਾਲ ਪ੍ਰਾਪਤ ਹੋਈਆਂ ਸ਼ਕਤੀਆਂ ਦੀ ਦੁਰਵਰਤੋਂ ਕਰਨੀ। ਰਾਜਨੀਤਕ, ਸਮਾਜਿਕ ਅਤੇ ਪ੍ਰਸ਼ਾਸਨੀ ਅਹੁਦਿਆਂ ਦੇ ਅਧਿਕਾਰਾਂ ਦਾ ਦੁਰਉਪਯੋਗ ਕਰਨਾ ਮਨੁੱਖ ਦੇ ਪਤਨ ਦਾ ਕਾਰਨ ਬਣਦਾ ਹੈ। ਰਾਜਸੀ ਅਧਿਕਾਰਾਂ ਦਾ ਦੁਰਉਪਯੋਗ ਕਰਦਾ ਹੋਇਆ ਮਨੁੱਖ ਕਈ ਵਿਨਾਸ਼ਕਾਰੀ ਪਾਪ ਕਰਮਾਂ ਨੂੰ ਅੰਜਾਮ ਦਿੰਦਾ ਹੈ। ਇਸ ਕਾਰਨ ਮਨੁੱਖ ਰਾਜ ਮੱਦ ਅਤੇ ਰਾਜ ਅਭਿਮਾਨ ਵਰਗੇ ਘਾਤਕ ਰੋਗਾਂ ਦਾ ਸ਼ਿਕਾਰ ਹੁੰਦਾ ਹੈ। ਜੋਬਨ ਤੋਂ ਭਾਵ ਹੈ ਜਵਾਨੀ ਦਾ ਨਸ਼ਾ। ਜਵਾਨੀ ਦੇ ਨਸ਼ੇ ਵਿੱਚ ਚੂਰ ਮਨੁੱਖ ਕਈ ਭਿਆਨਕ ਪਾਪ ਕਰਮਾਂ ਨੂੰ ਅੰਜਾਮ ਦਿੰਦਾ ਹੈ। ਜਵਾਨੀ ਵਿੱਚ ਮਨੁੱਖ ਦੀ ਸ਼ਕਤੀ ਨੂੰ ਸਹੀ ਮਾਰਗ ਦਰਸ਼ਨ ਨਾ ਮਿਲੇ ਤਾਂ ਇਹ ਸ਼ਕਤੀ ਵਿਕਰਾਲ

ਰੂਪ ਧਾਰਨ ਕਰ ਲੈਂਦੀ ਹੈ ਜਿਸ ਦੇ ਕਾਰਨ ਮਨੁੱਖ ਕਈ ਮਹਾ ਵਿਨਾਸ਼ਕਾਰੀ ਪਾਪ ਕਰਮਾਂ ਨੂੰ ਅੰਜਾਮ ਦਿੰਦਾ ਹੈ। ਧਨ ਅਤੇ ਮਾਲ ਤੋਂ ਭਾਵ ਹੈ ਇਕੱਤਰ ਕੀਤੀ ਗਈ ਧਨ-ਸੰਪਦਾ ਅਤੇ ਸੰਸਾਰਿਕ ਪਦਾਰਥਾਂ, ਜ਼ਮੀਨ-ਜਾਇਦਾਦਾਂ, ਸੁੱਖ ਅਤੇ ਸੁਵਿਧਾਵਾਂ ਦਾ ਨਸ਼ਾ। ਇਸ ਨਸ਼ੇ ਵਿੱਚ ਚੂਰ ਹੋਇਆ ਮਨੁੱਖ ਡੂੰਘੀ ਅਹੰਕਾਰੀ ਬਿਰਤੀ ਦਾ ਧਾਰਨੀ ਬਣ ਜਾਂਦਾ ਹੈ ਜਿਸ ਦੇ ਕਾਰਨ ਉਹ ਮਜ਼ਲੂਮਾਂ ਉੱਪਰ ਜ਼ੁਲਮ ਕਰਨ ਵਰਗੇ ਮਹਾ ਵਿਨਾਸ਼ਕਾਰੀ ਪਾਪ ਕਰਮਾਂ ਨੂੰ ਅੰਜਾਮ ਦਿੰਦਾ ਹੈ। ਸ਼ਬਦ ਤੋਂ ਭਾਵ ਹੈ ਮਨੁੱਖ ਦੀ ਬੋਲ-ਬਾਣੀ। ਦੂਜਿਆਂ ਨੂੰ ਬੁਰਾ ਬੋਲਣ ਦੀ ਵਿਨਾਸ਼ਕਾਰੀ ਸ਼ਕਤੀ। ਇਸ ਵਿਕਾਰੀ ਸ਼ਕਤੀ ਦੀ ਵਰਤੋਂ ਕਰ ਕੇ ਮਨੁੱਖ ਗਾਲ਼ੀ-ਗਲੋਚ, ਨਿੰਦਿਆ, ਚੁਗ਼ਲੀ, ਬਖ਼ੀਲੀ ਆਦਿ ਮਹਾ ਵਿਨਾਸ਼ਕਾਰੀ ਪਾਪ ਕਰਮਾਂ ਨੂੰ ਜਨਮ ਦਿੰਦਾ ਹੈ। ਸਪਰਸ਼ ਤੋਂ ਭਾਵ ਹੈ ਦੂਜਿਆਂ (ਵਿਪਰੀਤ ਲਿੰਗ) ਨੂੰ ਸਪਰਸ਼ ਕਰਨ ਦੀ ਲਾਲਸਾ ਅਤੇ ਇਸ ਦੇ ਨਾਲ ਜੋ ਮਨੁੱਖ ਦੇ ਮਨੋਭਾਵਾਂ ਦੀ ਦਸ਼ਾ ਹੁੰਦੀ ਹੈ ਉਹ ਮਨੁੱਖ ਵਿੱਚ ਕਈ ਵਿਕਾਰ ਉਤਪੰਨ ਕਰਦੀ ਹੈ। ਐਸੇ ਵਿਕਾਰ ਮਨੁੱਖ ਨੂੰ ਕਈ ਵਿਨਾਸ਼ਕਾਰੀ ਪਾਪ ਕਰਮ ਕਰਨ ਲਈ ਮਜਬੂਰ ਕਰ ਦਿੰਦੇ ਹਨ। ਰੂਪ ਤੋਂ ਭਾਵ ਹੈ ਵਿਪਰੀਤ ਲਿੰਗ ਦੀ ਸਰੀਰਕ ਸੁੰਦਰਤਾ ਵੱਲ ਆਕਰਸ਼ਿਤ ਹੋਣਾ, ਪਰਾਈ ਸਰੀਰਕ ਸੁੰਦਰਤਾ ਉੱਪਰ ਮੋਹਿਤ ਹੋਣਾ। ਐਸੇ ਮੋਹ ਅਤੇ ਆਕਰਸ਼ਣ ਨਾਲ ਮਨੁੱਖੀ ਮਨ ਵਿਚਲਿਤ ਹੁੰਦਾ ਹੈ ਅਤੇ ਪਰਾਈ ਸਰੀਰਕ ਸੁੰਦਰਤਾ ਦਾ ਰਸ ਲੈਣ ਲਈ ਆਤਰ ਹੋ ਉੱਠਦਾ ਹੈ। ਐਸੀ ਵਿਨਾਸ਼ਕਾਰੀ ਲਾਲਸਾ ਮਨੁੱਖ ਨੂੰ ਕਈ ਪਾਪ ਕਰਮ ਕਰਨ ਲਈ ਮਜਬੂਰ ਕਰ ਦਿੰਦੀ ਹੈ। ਇਸੇ ਤਰ੍ਹਾਂ ਨਾਲ ਪਰਾਈ ਸਰੀਰਕ ਸੁੰਦਰਤਾ ਦੇ ਨਾਲ-ਨਾਲ ਉਸ ਵਿੱਚੋਂ ਉਤਪੰਨ ਹੋ ਰਹੀ ਮਨ ਮੋਹਕ ਗੰਧ ਦਾ ਵੀ ਸ਼ਿਕਾਰ ਹੁੰਦਾ ਹੈ ਅਤੇ ਇਸ ਗੰਧ ਦੇ ਰਸ ਨੂੰ ਮਾਣਨ ਦੀ ਲਾਲਸਾ ਕਾਰਨ ਮਨੁੱਖ ਕਈ ਵਿਨਾਸ਼ਕਾਰੀ ਪਾਪ ਕਰਮਾਂ ਨੂੰ ਅੰਜਾਮ ਦਿੰਦਾ ਹੈ।

ਇਨ੍ਹਾਂ ਪਰਮ ਸਤਿ ਤੱਤਾਂ (ਉੱਪਰ ਵਿਚਾਰੇ ਗਏ) ਦੇ ਪੂਰਨ ਬ੍ਰਹਮ ਗਿਆਨ ਵਿੱਚੋਂ ਇਹ ਸਿੱਟਾ ਨਿਕਲਦਾ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖ ਦੀ ਰਚਨਾ ਕਰਨ ਸਮੇਂ ਮਨੁੱਖ ਦੇ ਵਿੱਚ ਹੀ ਸਾਰੀਆਂ ਪਰਮ ਕਲਿਆਣਕਾਰੀ ਪਰਮ ਬ੍ਰਹਮ ਸ਼ਕਤੀਆਂ ਅਤੇ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਸਥਾਪਿਤ ਕਰ ਦਿੱਤੀਆਂ ਹਨ। ਇਨ੍ਹਾਂ ਪਰਮ ਬ੍ਰਹਮ ਸ਼ਕਤੀਆਂ ਅਤੇ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦਾ ਪੂਰਨ ਬ੍ਰਹਮ ਗਿਆਨ ਹੋਣਾ ਹੀ ਬੰਦਗੀ ਹੈ। ਅੰਤਰ ਮੁਖੀ ਮਨੁੱਖ ਨੂੰ ਆਪਣੀਆਂ ਇਨ੍ਹਾਂ ਮਹਾ ਕਲਿਆਣਕਾਰੀ ਪਰਮ ਸ਼ਕਤੀਆਂ ਅਤੇ ਮਾਇਕੀ ਸ਼ਕਤੀਆਂ ਦਾ ਪੂਰਨ ਗਿਆਨ ਹੋ ਜਾਂਦਾ ਹੈ। ਬਾਹਰਮੁਖੀ ਮਨੁੱਖ ਨੂੰ ਇਨ੍ਹਾਂ ਮਹਾ ਕਲਿਆਣਕਾਰੀ ਪਰਮ ਸ਼ਕਤੀਆਂ ਅਤੇ ਮਾਇਕੀ ਸ਼ਕਤੀਆਂ ਦਾ ਬੋਧ ਨਹੀਂ ਹੁੰਦਾ ਹੈ। ਇਸ ਲਈ ਇੱਕ ਆਮ ਮਨੁੱਖ ਹੋਸ਼ ਸੰਭਾਲਦੇ ਹੀ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੀ ਗ਼ੁਲਾਮੀ ਵਿੱਚ ਚਲਾ ਜਾਂਦਾ ਹੈ। ਇਹ ਮਨੁੱਖ ਦੇ ਉੱਪਰ ਨਿਰਭਰ ਹੈ ਕਿ ਉਹ ਕਿਹੜਾ ਮਾਰਗ ਚੁਣਦਾ ਹੈ। ਅੰਤਰ ਮੁਖੀ ਮਨੁੱਖ ਸਤੋ ਬਿਰਤੀ ਧਾਰਨ ਕਰਦਾ ਹੈ ਅਤੇ ਬਾਹਰ ਮੁਖੀ ਮਨੁੱਖ ਰਜੋ ਅਤੇ ਤਮੋ ਬਿਰਤੀ ਦਾ ਧਾਰਨੀ ਬਣਦਾ ਹੈ। ਅੰਤਰ ਮੁਖੀ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਪਰਮ ਕਲਿਆਣਕਾਰੀ ਪਰਮ ਬ੍ਰਹਮ ਸ਼ਕਤੀਆਂ ਨੂੰ ਆਪਣਾ ਗੁਰੂ ਧਾਰਨ ਕਰਦਾ ਹੈ ਅਤੇ ਪਰਮ ਬ੍ਰਹਮ ਸ਼ਕਤੀਆਂ ਦਾ ਅਨੁਸਰਨ ਕਰਦਾ ਹੋਇਆ ਆਪਣਾ ਮਨੁੱਖਾ ਜੀਵਨ ਜਨਮ ਸਫਲ ਕਰਦਾ ਹੈ। ਬਾਹਰ ਮੁਖੀ ਮਨੁੱਖ ਮਹਾ

ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਆਪਣਾ ਗੁਰੂ ਧਾਰਨ ਕਰਦਾ ਹੈ ਅਤੇ ਇਨ੍ਹਾਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਦੀ ਗ਼ੁਲਾਮੀ ਕਰਦਾ ਹੋਇਆ ਆਪਣਾ ਮਨੁੱਖਾ ਜੀਵਨ ਜਨਮ ਵਿਅਰਥ ਗੁਆ ਬੈਠਦਾ ਹੈ। ਸਤਿ ਗੁਣਾਂ ਨੂੰ ਅਪਣਾਉਣ ਵਾਲਾ ਮਨੁੱਖ 'ਸਤਿ' ਨੂੰ ਆਪਣਾ ਗੁਰੂ ਧਾਰਨ ਕਰਦਾ ਹੈ ਅਤੇ ਮਾਇਕੀ ਸ਼ਕਤੀਆਂ ਨੂੰ ਧਾਰਨ ਕਰਨ ਵਾਲਾ ਮਨੁੱਖ ਤ੍ਰਿਸ਼ਣਾ ਅਤੇ ਪੰਜ ਚੰਡਾਲਾਂ ਨੂੰ ਆਪਣਾ ਗੁਰੂ ਧਾਰਨ ਕਰਦਾ ਹੈ। 'ਸਤਿ' ਨੂੰ ਗੁਰੂ ਧਾਰਨ ਵਾਲੇ ਮਨੁੱਖ ਨੂੰ ਸਾਰੇ ਦਰਗਾਹੀ ਖ਼ਜ਼ਾਨਿਆਂ ਦੀ ਪ੍ਰਾਪਤੀ ਹੁੰਦੀ ਹੈ ਅਤੇ ਐਸਾ ਮਨੁੱਖ 'ਸਤਿਨਾਮ' ਦਾ ਵਣਜਾਰਾ ਬਣ ਜਾਂਦਾ ਹੈ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਗੁਰੂ ਧਾਰਨ ਕਰਨ ਵਾਲਾ ਮਨੁੱਖ ਵਿਨਾਸ਼ ਨੂੰ ਪ੍ਰਾਪਤ ਕਰਦਾ ਹੈ। 'ਸਤਿ' ਨੂੰ ਗੁਰੂ ਧਾਰਨ ਕਰਨ ਵਾਲਾ ਮਨੁੱਖ ਸਾਰੀਆਂ ਮਾਇਕੀ ਸ਼ਕਤੀਆਂ ਉੱਪਰ ਜਿੱਤ ਪ੍ਰਾਪਤ ਕਰ ਕੇ ਸਤਿ ਪਾਰਬ੍ਰਹਮ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦਾ ਹੈ।

ਇਹ ਪਰਮ ਸਤਿ ਹੈ ਕਿ ਜੋ ਮਨੁੱਖ ਸਤੋ ਕਰਮ ਕਰਦੇ ਹਨ ਉਨ੍ਹਾਂ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਰੂਪੀ ਪਰਮ ਸ਼ਕਤੀ ਵਰਤਦੀ ਹੈ। ਇਸ ਲਈ ਐਸੇ ਸਤੋ ਬਿਰਤੀ ਵਾਲੇ ਮਨੁੱਖ ਦੇ ਭਾਗ ਜਾਗ ਪੈਂਦੇ ਹਨ ਅਤੇ ਉਸ ਨੂੰ ਪੂਰਨ ਸੰਤ ਸਤਿਗੁਰੂ ਦੀ ਸੰਗਤ ਪ੍ਰਾਪਤ ਹੁੰਦੀ ਹੈ। ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜੋ ਮਨੁੱਖ ਪੂਰਨ ਸਮਰਪਣ ਕਰਦੇ ਹਨ ਉਨ੍ਹਾਂ ਮਨੁੱਖਾਂ ਉੱਪਰ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤਦੀ ਹੈ। ਐਸੇ ਪੂਰਨ ਸੰਤ ਮਹਾਂਪੁਰਖਾਂ ਦੇ ਛਤਰ ਹੇਠ ਬੈਠ ਕੇ ਮਨੁੱਖ ਦੀ ਬੰਦਗੀ ਸੌਖੀ ਹੋ ਜਾਂਦੀ ਹੈ। ਐਸੇ ਅੰਤਰ ਮੁਖੀ ਮਨੁੱਖਾਂ ਨੂੰ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਸਤਿਨਾਮ ਸਿਮਰਨ ਵਿੱਚ ਲੈ ਜਾਂਦੀ ਹੈ। ਐਸੇ ਅੰਤਰ ਮੁਖੀ ਸਤੋ ਬਿਰਤੀ ਵਾਲੇ ਮਨੁੱਖਾਂ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਜਾਂਦਾ ਹੈ। ਐਸੇ ਅੰਤਰ ਮੁਖੀ ਮਨੁੱਖਾਂ ਨੂੰ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੁਆਰਾ ਸਮਾਧੀ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਉਨ੍ਹਾਂ ਦੀ ਸੁਰਤਿ ਵਿੱਚ ਸਤਿਨਾਮ ਉੱਕਰਿਆ ਜਾਂਦਾ ਹੈ। ਉਨ੍ਹਾਂ ਦੇ ਮਨ ਦੀ ਭਟਕਣਾ ਮਿਟ ਜਾਂਦੀ ਹੈ। ਮਨ ਸ਼ਾਂਤ ਹੋ ਜਾਂਦਾ ਹੈ। ਮਨ ਸਤਿਨਾਮ ਸਿਮਰਨ ਵਿੱਚ ਇਕਾਗਰ ਹੋ ਜਾਂਦਾ ਹੈ। ਅੰਮ੍ਰਿਤ ਪ੍ਰਾਪਤ ਹੋ ਜਾਂਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਨਾਲ ਐਸੇ ਅੰਤਰ ਮੁਖੀ ਮਨੁੱਖ ਸਤਿਨਾਮ ਸਿਮਰਨ ਦੇ ਲੰਬੇ ਅਭਿਆਸ ਵਿੱਚ ਚਲੇ ਜਾਂਦੇ ਹਨ। ਸਾਰੇ ਬੱਜਰ ਕਪਾਟ ਖੁੱਲ੍ਹ ਜਾਂਦੇ ਹਨ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਅਭਿਆਸ ਨਾਲ ਮਨ ਚਿੰਦਿਆ ਜਾਂਦਾ ਹੈ। ਸਾਰੀਆਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਪਰਾਸਤ ਹੋ ਜਾਂਦੀਆਂ ਹਨ। ਮਾਇਆ ਚਰਨਾਂ ਵਿੱਚ ਆ ਕੇ ਡਿਗ ਜਾਂਦੀ ਹੈ। ਮਾਇਕੀ ਗ਼ੁਲਾਮੀ ਦਾ ਅੰਤ ਹੋ ਜਾਂਦਾ ਹੈ। ਰੋਮ-ਰੋਮ ਵਿੱਚ ਸਤਿਨਾਮ ਸਿਮਰਨ ਉੱਕਰਿਆ ਜਾਂਦਾ ਹੈ। ਸਾਰੇ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ। ਬੰਦਗੀ ਦਰਗਾਹ ਵਿੱਚ ਪ੍ਰਵਾਨ ਹੋ ਜਾਂਦੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੋ ਜਾਂਦੇ ਹਨ। ਮਨੁੱਖ ਦੀ ਰੂਹ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਸਮਾ ਜਾਂਦੀ ਹੈ। ਐਸੇ ਪੂਰਨ ਸੰਤ ਮਹਾਂਪੁਰਖਾਂ ਦੇ ਸਾਰੇ ਕਰਮ ਪੂਰਨ ਹੁਕਮ ਵਿੱਚ ਚਲੇ ਜਾਂਦੇ ਹਨ। ਐਸੀ ਅਵਸਥਾ ਵਿੱਚ ਅੱਪੜ ਕੇ ਪੂਰਨ ਸੰਤ ਮਹਾਂਪੁਰਖਾਂ ਦਾ ਜੀਵਨ ਅਕਾਲ ਪੁਰਖ ਦੇ ਪੂਰਨ ਭਾਣੇ ਵਿੱਚ ਚਲਾ ਜਾਂਦਾ ਹੈ। ਐਸੀ ਅਵਸਥਾ ਵਿੱਚ ਅੱਪੜ ਕੇ ਪੂਰਨ ਸੰਤ ਮਹਾਂਪੁਰਖਾਂ ਦਾ ਜੀਵਨ ਪੂਰਨ ਹੁਕਮ ਵਰਤਾਉਣ ਦੀ ਪਰਮ ਸ਼ਕਤੀ ਨਾਲ ਨਿਵਾਜਿਆ ਜਾਂਦਾ ਹੈ। ਐਸੇ ਪੂਰਨ ਸੰਤ ਮਹਾਂਪੁਰਖਾਂ ਨੂੰ ਗੁਰਪ੍ਰਸਾਦਿ ਵਰਤਾਉਣ ਦੀ ਪਰਮ ਸ਼ਕਤੀ ਦੀ ਪ੍ਰਾਪਤੀ ਹੁੰਦੀ ਹੈ। ਐਸੇ ਪੂਰਨ ਸੰਤ ਮਹਾਂਪੁਰਖਾਂ ਦਾ ਜੀਵਨ ਮਹਾ ਪਰਉਪਕਾਰੀ ਬਣ ਜਾਂਦਾ ਹੈ।

ਇਸ ਲਈ ਸਾਰੀ ਲੋਕਾਈ ਦੇ ਚਰਨਾਂ 'ਤੇ ਸਨਿਮਰ ਬੇਨਤੀ ਹੈ ਕਿ 'ਸਤਿ' ਗੁਰੂ ਦੇ ਧਾਰਨੀ ਬਣੋ। ਸਤਿਨਾਮ ਸਿਮਰਨ ਨੂੰ ਆਪਣਾ ਨਿਤਨੇਮ ਬਣਾਓ। ਅੰਮ੍ਰਿਤ ਵੇਲੇ ਉੱਠ ਕੇ ਸਤਿਨਾਮ ਸਿਮਰਨ ਦੇ ਲੰਬੇ ਅਭਿਆਸ ਦਾ ਲਾਹਾ ਖੱਟੋ। ਸਤੋ ਬਿਰਤੀ ਦੇ ਧਾਰਨੀ ਬਣੋ। ਸਤਿ ਕਰਮਾਂ ਨੂੰ ਆਪਣਾ ਜੀਵਨ ਬਣਾਓ। ਸਤੋ ਗੁਣਾਂ ਦੀਆਂ ਪਰਮ ਸ਼ਕਤੀਆਂ ਜੋ ਕਿ ਆਪ ਸਭ ਦੇ ਅੰਦਰ ਸਥਾਪਿਤ ਹਨ, ਉਨ੍ਹਾਂ ਪਰਮ ਸ਼ਕਤੀਆਂ ਦੀ ਕਮਾਈ ਕਰੋ। ਗੁਰਪ੍ਰਸਾਦਿ ਦੀ ਪਰਮ ਬ੍ਰਹਮ ਸ਼ਕਤੀ ਨੂੰ ਪ੍ਰਾਪਤ ਕਰਨ ਦਾ ਜਤਨ ਕਰੋ। ਗੁਰਪ੍ਰਸਾਦਿ ਦੀ ਪਰਮ ਬ੍ਰਹਮ ਸ਼ਕਤੀ ਨੂੰ ਪ੍ਰਾਪਤ ਕਰਨ ਲਈ ਅਰਦਾਸ ਕਰੋ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦਾ ਚਿੰਤਨ ਨਾ ਕਰੋ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਆਪਣਾ ਗੁਰੂ ਧਾਰਨ ਨਾ ਕਰੋ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦਾ ਤਿਆਗ ਕਰੋ। ਅੰਤਰ ਮੁਖੀ ਬਣੋ। ਬਾਹਰ ਮੁਖੀ ਨਾ ਬਣੋ। ਆਪਣੇ ਅੰਦਰ ਸਥਾਪਿਤ ਹੋਈ ਪਰਮ ਜੋਤ ਪੂਰਨ ਪ੍ਰਕਾਸ਼ ਦੀ ਪਰਮ ਬ੍ਰਹਮ ਸ਼ਕਤੀ ਉੱਪਰ ਭਰੋਸਾ ਕਰੋ ਅਤੇ ਇਸ ਪਰਮ ਸ਼ਕਤੀ ਨੂੰ ਪਹਿਚਾਣੋ। ਆਪਣੇ ਅੰਦਰ ਸਥਾਪਿਤ ਹੋਈ ਪਰਮ ਜੋਤ ਪੂਰਨ ਪ੍ਰਕਾਸ਼ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਪਹਿਚਾਣੋ। ਆਪਣੇ ਅੰਦਰ ਸਥਾਪਿਤ ੭ ਸਤਿ ਸਰੋਵਰਾਂ ਅਤੇ ਸਾਰੇ ਬੱਜਰ ਕਪਾਟਾਂ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਪਹਿਚਾਣੋ। ਸਤਿ ਬੋਲੋ, ਸਤਿ ਸੁਣੋ, ਸਤਿ ਕਰੋ, ਸਤਿ ਦੀ ਸੇਵਾ ਕਰੋ ਅਤੇ ਸਤਿ ਵਰਤਾਉਣ ਦੀ ਪਰਮ ਸ਼ਕਤੀ ਦੀ ਕਮਾਈ ਕਰੋ।

■

ਅਨੰਦੁ ਸਾਹਿਬ-ਪਉੜੀ ੩੨

ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ ॥
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ ॥
ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ ॥੩੨॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੧}

ਇਹ ਪਰਮ ਸਤਿ ਹੈ ਕਿ ਸੰਸਾਰਿਕ ਸੁੱਖਾਂ, ਸੁਵਿਧਾਵਾਂ, ਪਦਾਰਥਾਂ ਆਦਿ ਦੇ ਸੁਆਦ ਮਾਣਨ ਦੀ ਦੌੜ ਵਿੱਚ ਸਾਰੀ ਲੋਕਾਈ ਉਲਝੀ ਹੋਈ ਹੈ। ਹਰ ਇੱਕ ਮਨੁੱਖ ਦਾ ਟੀਚਾ ਕੇਵਲ ਸੰਸਾਰਿਕ ਸੁੱਖਾਂ, ਸੁਵਿਧਾਵਾਂ, ਪਦਾਰਥਾਂ ਆਦਿ ਦੀ ਪ੍ਰਾਪਤੀ ਹੀ ਹੈ। ਸੰਸਾਰਿਕ ਪਦਾਰਥਾਂ ਦੀ ਪ੍ਰਾਪਤੀ ਨੂੰ ਹੀ ਮਨੁੱਖ ਆਪਣੇ ਮਨੁੱਖਾ ਜਨਮ ਜੀਵਨ ਦਾ ਮੁੱਖ ਤੌਰ 'ਤੇ ਉਦੇਸ਼ ਮੰਨੀ ਬੈਠਾ ਹੈ। ਸੰਸਾਰਿਕ ਪਦਾਰਥਾਂ ਦੇ ਸੁਆਦ ਮਾਣਨ ਨੂੰ ਹੀ ਆਪਣਾ ਜੀਵਨ ਮੰਨੀ ਬੈਠਾ ਹੈ। ਸੰਸਾਰਿਕ ਪਦਾਰਥਾਂ ਦਾ ਸੇਵਨ ਕਰਨ ਨਾਲ ਜੋ ਰਸ ਰਸਨਾ ਨੂੰ ਮਿਲਦਾ ਹੈ ਕੇਵਲ ਉਸ ਰਸ ਨੂੰ ਹੀ ਪ੍ਰਾਪਤ ਕਰਨਾ ਆਪਣਾ ਜੀਵਨ ਸਮਝੀ ਬੈਠਾ ਹੈ। ਸੰਸਾਰਿਕ ਸੁੱਖ, ਸੁਵਿਧਾਵਾਂ, ਜ਼ਮੀਨਾਂ, ਜਾਇਦਾਦਾਂ, ਘਰ-ਬਾਰ, ਕਾਰੋਬਾਰ, ਧਨ-ਸੰਪਦਾ ਆਦਿ ਦਾ ਨਸ਼ਾ ਮਾਣਨਾ ਹੀ ਮਨੁੱਖੀ ਜਨਮ ਜੀਵਨ ਦਾ ਟੀਚਾ ਬਣ ਕੇ ਰਹਿ ਗਿਆ ਹੈ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੇ ਮਨੁੱਖ ਦੀ ਬੁੱਧੀ ਭ੍ਰਿਸ਼ਟ ਕੀਤੀ ਹੋਈ ਹੈ। ਸਾਰੀ ਕਲਜੁਗੀ ਮਨੁੱਖਤਾ ਵਿਨਾਸ਼ਕਾਰੀ ਮਾਇਕੀ ਵਾਸ਼ਨਾਵਾਂ ਦੇ ਰਸ ਭੋਗਣ ਵਿੱਚ ਵਿਅਸਤ ਹੈ। ਕੋਈ ਮਨੁੱਖ ਕਾਮ ਵਾਸ਼ਨਾ ਦੇ ਰਸ ਨੂੰ ਭੋਗਣ ਵਿੱਚ ਆਪਣਾ ਜਨਮ ਜੀਵਨ ਨਸ਼ਟ ਕਰ ਰਿਹਾ ਹੈ ਅਤੇ ਕੋਈ ਮਨੁੱਖ ਲਬ-ਲੋਭ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਦੀ ਗ਼ੁਲਾਮੀ ਕਰਦਾ ਹੋਇਆ ਧਨ-ਸੰਪਦਾ, ਜ਼ਮੀਨਾਂ, ਜਾਇਦਾਦਾਂ ਅਤੇ ਸੰਸਾਰਿਕ ਸੁੱਖ-ਸੁਵਿਧਾਵਾਂ ਇਕੱਤਰ ਕਰਨ ਦੀ ਵਿਨਾਸ਼ਕਾਰੀ ਵਾਸ਼ਨਾ ਨਾਲ ਗ੍ਰਸਤ ਹੋ ਕੇ ਆਪਣਾ ਮਨੁੱਖਾ ਜਨਮ ਜੀਵਨ ਨਸ਼ਟ ਕਰ ਰਿਹਾ ਹੈ। ਕਿਸੇ ਮਨੁੱਖ ਨੂੰ ਸੰਸਾਰਿਕ ਰਾਜਸੀ ਸ਼ਕਤੀਆਂ ਰੂਪੀ ਰਾਜ ਅਭਿਮਾਨ ਦੀ ਮਹਾ ਵਿਨਾਸ਼ਕਾਰੀ ਵਾਸ਼ਨਾ ਘੇਰੀ ਬੈਠੀ ਹੈ। ਰਾਜ ਮੱਦ ਦੇ ਨਸ਼ੇ ਵਿੱਚ ਆਪਣੀ ਬੁੱਧੀ ਭ੍ਰਿਸ਼ਟ ਕਰ ਕੇ ਲੋਕ-ਭਲਾਈ ਕਰਨ ਦੀ ਬਜਾਏ ਆਪਣੀਆਂ ਹੀ ਜੇਬਾਂ ਭਰਨ ਵਰਗੇ ਵਿਨਾਸ਼ਕਾਰੀ ਕਰਮ ਕਰਨ ਵਿੱਚ ਵਿਅਸਤ ਹੈ। ਕੋਈ ਮਨੁੱਖ ਸੰਸਾਰਿਕ ਅਹੁਦਿਆਂ ਦੇ ਅਧਿਕਾਰਾਂ ਦੇ ਨਸ਼ੇ ਵਿੱਚ ਆਪਣੀ ਬੁੱਧੀ ਭ੍ਰਿਸ਼ਟ ਕਰੀ ਬੈਠਾ ਵਿਨਾਸ਼ਕਾਰੀ ਅਸਤਿ ਕਰਮਾਂ (ਰਿਸ਼ਵਤਖੋਰੀ ਆਦਿ) ਨੂੰ ਅੰਜਾਮ ਦੇ ਰਿਹਾ ਹੈ। ਕੋਈ ਮਨੁੱਖ ਅਹੰਕਾਰ ਦੇ ਵਿਨਾਸ਼ਕਾਰੀ ਨਸ਼ੇ ਵਿੱਚ ਮਸਤ

ਹੋ ਕੇ ਦੂਜਿਆਂ ਦਾ ਅਹਿੱਤ ਕਰਨ ਵਿੱਚ ਵਿਅਸਤ ਹੈ। ਕੋਈ ਮਨੁੱਖ ਕ੍ਰੋਧ ਚੰਡਾਲ ਨੂੰ ਗੁਰੂ ਧਾਰਨ ਕਰੀ ਬੈਠਾ ਆਪਣੇ ਹੀ ਕ੍ਰੋਧ ਦੀ ਵਿਨਾਸ਼ਕਾਰੀ ਵਾਸ਼ਨਾ ਦਾ ਸ਼ਿਕਾਰ ਹੋ ਕੇ ਆਪਣਾ ਆਪ ਹੀ ਨਸ਼ਟ ਕਰੀ ਜਾ ਰਿਹਾ ਹੈ। ਕੋਈ ਮਨੁੱਖ ਮੋਹ ਦੀ ਵਿਨਾਸ਼ਕਾਰੀ ਸ਼ਕਤੀ ਦੀ ਗ਼ੁਲਾਮੀ ਵਿੱਚ ਮਸਤ ਸੰਸਾਰਿਕ ਰਿਸ਼ਤਿਆਂ ਅਤੇ ਸੰਬੰਧਾਂ ਨੂੰ ਮਾਣਨ ਦੇ ਰਸ ਵਿੱਚ ਉਲਝਿਆ ਹੋਇਆ ਹੈ। ਇਸ ਤਰ੍ਹਾਂ ਦੇ ਨਾਲ ਸਾਰੀ ਲੋਕਾਈ ਆਪਣੀ ਤ੍ਰਿਸ਼ਨਾ ਦੀ ਅਗਨ ਨੂੰ ਬੁਝਾਉਣ ਲਈ ਮਹਾ ਵਿਨਾਸ਼ਕਾਰੀ ਮਾਇਕੀ (ਰਜੋ ਅਤੇ ਤਮੋ) ਸ਼ਕਤੀਆਂ ਦੇ ਨਸ਼ੇ ਵਿੱਚ ਚੂਰ ਆਪਣਾ ਮਨੁੱਖਾ ਜਨਮ ਜੀਵਨ ਨਸ਼ਟ ਕਰਨ ਵਿੱਚ ਵਿਅਸਤ ਹੈ।

ਮਾਇਕੀ ਸ਼ਕਤੀਆਂ (ਰਜੋ ਅਤੇ ਤਮੋ) ਦੀ ਇੱਕ ਬਹੁਤ ਵੱਡੀ ਵਿਸ਼ੇਸ਼ਤਾਈ ਹੈ ਕਿ ਮਾਇਕੀ ਸ਼ਕਤੀਆਂ ਮਨੁੱਖ ਨੂੰ ਬੇਅੰਤ ਮਿੱਠੀਆਂ ਲੱਗਦੀਆਂ ਹਨ। ਮਾਇਕੀ ਸ਼ਕਤੀਆਂ ਮਨੁੱਖ ਦੇ ਮਨ ਨੂੰ ਮੋਹ ਲੈਂਦੀਆਂ ਹਨ। ਮਾਇਕੀ ਸ਼ਕਤੀਆਂ ਇੱਕ ਮਿੱਠੇ ਜ਼ਹਿਰ ਵਾਂਗ ਹਨ। ਜਿਸ ਦਾ ਸੇਵਨ ਕਰਨਾ ਹਰ ਇੱਕ ਮਨੁੱਖ ਨੂੰ ਚੰਗਾ ਲੱਗਦਾ ਹੈ। ਮਾਇਕੀ ਸ਼ਕਤੀਆਂ ਦੀ ਬਾਹਰੀ ਸੁੰਦਰਤਾ ਮਾਇਕੀ ਸ਼ਕਤੀਆਂ ਦੇ ਮਹਾ ਵਿਨਾਸ਼ਕਾਰੀ ਰੂਪ ਨੂੰ ਢੱਕ ਲੈਂਦੀ ਹੈ। ਮਾਇਕੀ ਸ਼ਕਤੀਆਂ ਦੀ ਬਾਹਰੀ ਸੁੰਦਰਤਾ ਮਨੁੱਖ ਨੂੰ ਭਰਮ ਵਿੱਚ ਰੱਖਦੀ ਹੈ। ਇਸ ਲਈ ਮਨੁੱਖ ਮਾਇਕੀ ਸ਼ਕਤੀਆਂ ਦੇ ਮਹਾ ਵਿਨਾਸ਼ਕਾਰੀ ਰੂਪ ਨੂੰ ਪਹਿਚਾਣਨ ਵਿੱਚ ਅਸਮਰਥ ਹੋ ਜਾਂਦਾ ਹੈ। ਜਿਸ ਕਾਰਨ ਮਾਇਆ ਮਨੁੱਖ ਨੂੰ ਭਰਮਾਉਣ ਵਿੱਚ ਸਹਿਜੇ ਹੀ ਸਫਲ ਹੋ ਜਾਂਦੀ ਹੈ ਅਤੇ ਮਨੁੱਖ ਨੂੰ ਮਾਇਕੀ ਮਿੱਠੇ ਜ਼ਹਿਰ ਦਾ ਸੇਵਨ ਕਰਨ ਲਈ ਮਜਬੂਰ ਕਰ ਦਿੰਦੀ ਹੈ। ਇਸ ਤਰ੍ਹਾਂ ਦੇ ਨਾਲ ਮਨੁੱਖ ਮਾਇਕੀ ਸ਼ਕਤੀਆਂ ਦੇ ਮਹਾ ਵਿਨਾਸ਼ਕਾਰੀ ਰੂਪ ਤੋਂ ਅਣਜਾਣ ਇਸ ਦੀ ਬਾਹਰੀ ਸੁੰਦਰਤਾ ਤੋਂ ਭਰਮਾ ਕੇ ਇਸ ਦੇ ਮੋਹ ਪਾਸ਼ ਵਿੱਚ ਜਕੜਿਆ ਜਾਂਦਾ ਹੈ। ਮਾਇਕੀ ਸ਼ਕਤੀਆਂ ਦੇ ਮੋਹ ਪਾਸ਼ ਵਿੱਚ ਜਕੜਿਆ ਹੋਇਆ ਮਨੁੱਖ ਇਨ੍ਹਾਂ ਸ਼ਕਤੀਆਂ ਦੇ ਮਿੱਠੇ ਜ਼ਹਿਰ ਦੇ ਨਸ਼ੇ ਦਾ ਗ਼ੁਲਾਮ ਹੋ ਜਾਂਦਾ ਹੈ ਅਤੇ ਇਸ ਨਸ਼ੇ ਨੂੰ ਆਪਣਾ ਜੀਵਨ ਬਣਾ ਲੈਂਦਾ ਹੈ। ਫਿਰ ਇਸ ਮਿੱਠੇ ਜ਼ਹਿਰ ਦੇ ਨਸ਼ੇ ਵਿੱਚ ਵਿਚਰਦਾ ਹੋਇਆ ਆਪਣੇ ਜਨਮ ਜੀਵਨ ਨੂੰ ਨਸ਼ਟ ਕਰ ਲੈਂਦਾ ਹੈ।

ਮਾਇਕੀ ਸ਼ਕਤੀਆਂ ਦੀ ਵਰਤੋਂ ਕਰਨ ਦੇ ਨਾਲ ਮਨੁੱਖ ਨੂੰ ਸਰੀਰਕ ਆਨੰਦ ਮਿਲਦਾ ਹੈ। ਮਾਇਕੀ ਸ਼ਕਤੀਆਂ ਦੀ ਵਰਤੋਂ ਕਰਨ ਨਾਲ ਮਨੁੱਖ ਨੂੰ ਸੰਸਾਰਿਕ ਸੁੱਖ ਦਾ ਆਨੰਦ ਮਿਲਦਾ ਹੈ। ਉਦਾਹਰਣ ਦੇ ਤੌਰ 'ਤੇ ਧਨ-ਸੰਪਦਾ ਇਕੱਤਰ ਕਰਨ ਦੇ ਨਾਲ ਮਨੁੱਖ ਨੂੰ ਸੰਸਾਰ ਵਿੱਚ ਵਿਚਰਨ ਲਈ ਸੰਸਾਰਿਕ ਪਦਾਰਥਾਂ ਨੂੰ ਖਰੀਦਣ ਦੀ ਸ਼ਕਤੀ ਦੀ ਪ੍ਰਾਪਤੀ ਹੁੰਦੀ ਹੈ। ਜਿਸ ਦੇ ਨਾਲ ਉਸ ਨੂੰ ਸੰਸਾਰਿਕ ਪਦਾਰਥਾਂ ਦਾ ਆਨੰਦ ਹਾਸਿਲ ਕਰਨ ਦੀ ਸ਼ਕਤੀ ਪ੍ਰਾਪਤ ਹੁੰਦੀ ਹੈ। ਧਨ-ਸੰਪਦਾ ਦੀ ਪ੍ਰਾਪਤੀ ਦੇ ਨਾਲ ਮਨੁੱਖ ਨੂੰ ਸੰਸਾਰ ਵਿੱਚ ਸੁਰੱਖਿਅਤ ਮਹਿਸੂਸ ਕਰਨ ਦਾ ਆਨੰਦ ਪ੍ਰਾਪਤ ਹੁੰਦਾ ਹੈ। ਇਸੇ ਤਰ੍ਹਾਂ ਦੇ ਨਾਲ ਜ਼ਮੀਨ-ਜਾਇਦਾਦ ਦੀ ਪ੍ਰਾਪਤੀ ਦੇ ਨਾਲ ਮਨੁੱਖ ਨੂੰ ਸੰਸਾਰਿਕ ਸੁਰੱਖਿਆ ਦਾ ਆਨੰਦ ਪ੍ਰਾਪਤ ਹੁੰਦਾ ਹੈ। ਇੱਕ ਅਮੀਰ ਮਨੁੱਖ ਸੰਸਾਰਿਕ ਪਦਾਰਥਾਂ, ਸੰਸਾਰਿਕ ਸੁੱਖ ਅਤੇ ਸੰਸਾਰਿਕ ਸੁਵਿਧਾਵਾਂ ਨੂੰ ਸੁਖਾਲ਼ਾ ਹਾਸਿਲ ਕਰਨ ਦੀ ਸ਼ੱਮਤਾ ਹੋਣ ਕਰ ਕੇ ਸੁਰੱਖਿਅਤ ਮਹਿਸੂਸ ਕਰਨ ਦਾ ਆਨੰਦ ਮਾਣਦਾ ਹੈ। ਇੱਕ ਅਮੀਰ ਮਨੁੱਖ ਸੰਸਾਰਿਕ ਪਦਾਰਥਾਂ, ਸੰਸਾਰਿਕ ਸੁੱਖ ਅਤੇ ਸੰਸਾਰਿਕ ਸੁਵਿਧਾਵਾਂ ਨੂੰ ਸੁਖਾਲ਼ਾ ਹਾਸਿਲ ਕਰਨ ਦੀ ਸ਼ੱਮਤਾ ਹੋਣ ਕਰ ਕੇ ਸਮਾਜ ਵਿੱਚ ਵੀ ਵੱਡਾ ਹੋਣ ਦੇ ਮਾਣ-ਸਨਮਾਨ ਦਾ ਆਨੰਦ ਹਾਸਿਲ ਕਰਦਾ ਹੈ। ਸੰਸਾਰ ਵਿੱਚ ਵਿਚਰ ਰਿਹਾ ਹਰ ਇੱਕ ਮਨੁੱਖ ਸੰਸਾਰ ਵਿੱਚ ਅਤੇ ਸਮਾਜ ਵਿੱਚ ਮਾਣ ਪ੍ਰਾਪਤ ਕਰਨ ਦੀ ਅਭਿਲਾਸ਼ਾ ਰੱਖਦਾ ਹੈ। ਸੰਸਾਰ ਵਿੱਚ ਵਿਚਰ ਰਿਹਾ ਹਰ

ਇੱਕ ਮਨੁੱਖ ਸੰਸਾਰਿਕ ਅਤੇ ਸਮਾਜਿਕ ਖੇਤਰ ਵਿੱਚ ਆਪਣੀ ਪਹਿਚਾਣ ਬਣਾਉਣਾ ਚਾਹੁੰਦਾ ਹੈ ਅਤੇ ਆਪਣਾ ਨਾਮ ਰੋਸ਼ਨ ਕਰਨ ਦਾ ਅਭਿਲਾਸ਼ੀ ਹੁੰਦਾ ਹੈ। ਹਰ ਇੱਕ ਮਨੁੱਖ ਦੀ ਇਹ ਅਭਿਲਾਸ਼ਾ ਹੁੰਦੀ ਹੈ ਕਿ ਉਹ ਸੰਸਾਰ ਵਿਚ: ਨਾਮ (ਸੰਸਾਰਿਕ ਸ਼ੁਹਰਤ ਅਤੇ ਧਨ ਸੰਪਦਾ) ਕਮਾਏ; ਆਪਣੇ ਮਾਤ-ਪਿਤਾ ਦਾ ਨਾਮ ਰੋਸ਼ਨ ਕਰੇ ਅਤੇ ਆਪਣੀ ਕੁਲ ਦਾ ਮਾਣ-ਸਨਮਾਨ ਵਧਾਉਣ ਵਿੱਚ ਸਹਾਇਕ ਸਿੱਧ ਹੋਵੇ। ਇਸ ਲਈ ਸੰਸਾਰਿਕ ਰੁਤਬਿਆਂ ਅਤੇ ਅਹੁਦਿਆਂ ਦੀ ਪ੍ਰਾਪਤੀ ਕਰਨ ਦੇ ਨਾਲ ਮਨੁੱਖ ਨੂੰ ਸੰਸਾਰਿਕ ਮਾਣ-ਸਨਮਾਨ ਦੀ ਪ੍ਰਾਪਤੀ ਦਾ ਆਨੰਦ ਹਾਸਿਲ ਹੁੰਦਾ ਹੈ। ਧਨ-ਸੰਪਦਾ, ਜ਼ਮੀਨ-ਜਾਇਦਾਦ, ਕਾਰੋਬਾਰ ਆਦਿ ਨੂੰ ਅਰਜਿਤ ਕਰਨਾ ਮਨੁੱਖ ਨੂੰ ਸੰਸਾਰ ਅਤੇ ਸਮਾਜ ਵਿੱਚ ਮਾਣ-ਸਨਮਾਨ ਪ੍ਰਾਪਤ ਕਰਵਾਉਣ ਦਾ ਵਸੀਲਾ ਬਣਦਾ ਹੈ। ਸੰਸਾਰਿਕ ਪਦਾਰਥਾਂ, ਸੁੱਖ-ਸੁਵਿਧਾਵਾਂ, ਜ਼ਮੀਨ-ਜਾਇਦਾਦ, ਧਨ-ਸੰਪਦਾ ਨੂੰ ਇਕੱਤਰ ਕਰਨ (ਅਸਤਿ ਕਰਮਾਂ ਦੇ ਦੁਆਰਾ) ਦੇ ਚੱਕਰ ਵਿੱਚ ਫਸਿਆ ਹੋਇਆ ਮਨੁੱਖ ਲਬ-ਲੋਭ ਦੀ ਮਾਇਕੀ ਸ਼ਕਤੀ ਦਾ ਸ਼ਿਕਾਰ ਹੁੰਦਾ ਹੈ। ਸੰਸਾਰਿਕ ਪਦਾਰਥਾਂ, ਸੁੱਖ-ਸੁਵਿਧਾਵਾਂ, ਜ਼ਮੀਨ-ਜਾਇਦਾਦ, ਧਨ-ਸੰਪਦਾ ਨੂੰ ਇਕੱਤਰ ਕਰ ਕੇ (ਅਸਤਿ ਕਰਮਾਂ ਦੁਆਰਾ) ਇਨ੍ਹਾਂ ਦੇ ਮੋਹ-ਬੰਧਨਾਂ ਵਿੱਚ ਫਸ ਜਾਂਦਾ ਹੈ। ਸੰਸਾਰਿਕ ਮਾਣ-ਸਨਮਾਨ ਹਾਸਿਲ ਕਰਨ ਦੇ ਚੱਕਰ ਵਿੱਚ ਫਸ ਕੇ ਮਨੁੱਖ ਅਹੰਕਾਰ ਦੇ ਮਹਾ ਵਿਨਾਸ਼ਕਾਰੀ ਬੰਧਨ ਵਿੱਚ ਗਲਤਾਨ ਹੋਣ ਦਾ ਅਪਰਾਧੀ ਬਣ ਜਾਂਦਾ ਹੈ। ਇਹ ਪਰਮ ਸਤਿ ਹੈ ਕਿ ਸੰਸਾਰਿਕ ਪਦਾਰਥਾਂ, ਸੁੱਖ-ਸੁਵਿਧਾਵਾਂ, ਜ਼ਮੀਨਾਂ-ਜਾਇਦਾਦਾਂ, ਧਨ-ਸੰਪਦਾ, ਸੰਸਾਰਿਕ ਅਹੁਦਿਆਂ ਅਤੇ ਰੁਤਬਿਆਂ ਦੇ ਨਸ਼ੇ ਵਿੱਚ ਮਨੁੱਖ ਲਭ, ਲੋਭ, ਮੋਹ ਅਤੇ ਅਹੰਕਾਰ ਦੀਆਂ ਮਾਇਕੀ ਸ਼ਕਤੀਆਂ ਦੁਆਰਾ ਬੁਣੇ ਗਏ ਸੁੰਦਰ ਜਾਲ ਵਿੱਚ ਫਸ ਜਾਂਦਾ ਹੈ।

ਸੰਸਾਰ ਵਿੱਚ ਵਿਚਰ ਰਿਹਾ ਹਰ ਇੱਕ ਮਨੁੱਖ ਦੁਨਿਆਵੀ ਕਰਮ-ਕਾਂਡੀ ਰਿਸ਼ਤਿਆਂ ਅਤੇ ਸੰਬੰਧਾਂ ਦਾ ਰਸ ਮਾਣਨ ਵਿੱਚ ਵਿਅਸਤ ਹੈ। ਦੁਨਿਆਵੀ ਕਰਮ-ਕਾਂਡ 'ਤੇ ਆਧਾਰਿਤ ਰਿਸ਼ਤਿਆਂ ਅਤੇ ਸੰਬੰਧਾਂ ਦੇ ਰਸ ਹਨ: ਪਤੀ-ਪਤਨੀ ਦੇ ਆਪਸੀ ਸੰਬੰਧ ਦਾ ਰਸ; ਮਾਤਾ-ਪਿਤਾ ਅਤੇ ਧੀਆਂ-ਪੁੱਤਰਾਂ ਦੇ ਆਪਸੀ ਸੰਬੰਧਾਂ ਦਾ ਰਸ; ਭੈਣਾਂ ਅਤੇ ਭਰਾਵਾਂ ਦੇ ਆਪਸੀ ਸੰਬੰਧਾਂ ਦਾ ਰਸ; ਦਾਦਾ ਦਾਦੀ ਅਤੇ ਪੋਤੇ-ਪੋਤੀਆਂ ਦੇ ਆਪਸੀ ਸੰਬੰਧਾਂ ਦਾ ਰਸ; ਨਾਨਾ-ਨਾਨੀ ਅਤੇ ਦੋਹਤੇ-ਦੋਹਤੀਆਂ ਦੇ ਆਪਸੀ ਸੰਬੰਧਾਂ ਦਾ ਰਸ ਅਤੇ ਹੋਰ ਸਾਰੇ ਸੰਸਾਰਿਕ ਸੰਬੰਧਾਂ ਅਤੇ ਰਿਸ਼ਤਿਆਂ ਦਾ ਰਸ ਆਦਿ। ਇਹ ਸਾਰੇ ਮਾਇਕੀ ਰਸਾਂ ਨੂੰ ਹੀ ਮੋਹ ਕਹਿੰਦੇ ਹਨ। ਦੁਨਿਆਵੀ ਕਰਮ-ਕਾਂਡੀ ਰਿਸ਼ਤਿਆਂ ਅਤੇ ਸੰਬੰਧਾਂ ਦੀ ਹੋਂਦ ਕੇਵਲ ਮਨੁੱਖੀ ਕਰਮਾਂ ਦਾ ਲੇਖਾ-ਜੋਖਾ ਪੂਰਾ ਕਰਨ ਤੱਕ ਹੀ ਹੈ। ਸੰਸਾਰਿਕ ਰਿਸ਼ਤੇ ਅਤੇ ਸੰਬੰਧ ਕਰਮ-ਕਾਂਡੀ ਹੋਣ ਕਾਰਨ ਇਨ੍ਹਾਂ ਰਿਸ਼ਤਿਆਂ ਅਤੇ ਸੰਬੰਧਾਂ ਦਾ ਵਿਨਾਸ਼ ਨਿਸ਼ਚਿਤ ਹੈ। ਮਨੁੱਖ ਦੀ ਮੌਤ ਦੇ ਨਾਲ ਇਸ ਜਨਮ ਦੇ ਕਰਮ-ਕਾਂਡੀ ਰਿਸ਼ਤਿਆਂ ਅਤੇ ਸੰਬੰਧਾਂ ਦਾ ਅੰਤ ਹੋ ਜਾਂਦਾ ਹੈ। ਅਗਲੇ ਨਵੇਂ ਜਨਮ ਵਿੱਚ ਫਿਰ ਨਵੇਂ ਰਿਸ਼ਤੇ ਅਤੇ ਸੰਬੰਧ ਬਣਦੇ ਹਨ ਅਤੇ ਫਿਰ ਮਿਟ ਜਾਂਦੇ ਹਨ। ਇਸ ਲਈ ਮਨੁੱਖ ਨੂੰ ਇਸ ਪਰਮ ਸਤਿ ਦਾ ਗਿਆਨ ਹੋਣਾ ਲਾਜ਼ਮੀ ਹੈ ਕਿ ਸਾਰੇ ਸੰਸਾਰਿਕ ਰਿਸ਼ਤੇ ਅਤੇ ਸੰਬੰਧ ਝੂਠੇ ਹਨ ਅਤੇ ਬਿਨਸਣਹਾਰ ਹਨ। ਫਿਰ ਭੀ ਮਨੁੱਖ ਇਨ੍ਹਾਂ ਰਿਸ਼ਤਿਆਂ ਅਤੇ ਸੰਬੰਧਾਂ ਦੇ ਝੂਠੇ ਮੋਹ ਜਾਲ ਵਿੱਚ ਫਸਿਆ ਰਹਿ ਜਾਂਦਾ ਹੈ। ਸੰਸਾਰਿਕ ਰਿਸ਼ਤਿਆਂ ਅਤੇ ਸੰਬੰਧਾਂ ਦੇ ਮੋਹ ਜਾਲ ਵਿੱਚ ਫਸ ਕੇ ਮਨੁੱਖ ਬੇਅੰਤ ਕਰਮ-ਕਾਂਡੀ ਲੜੀਆਂ ਨੂੰ ਜਨਮ ਦਿੰਦਾ ਹੈ। ਜਿਸ ਕਾਰਨ ਨਵੀਆਂ ਸਥਾਪਿਤ ਹੋਈਆਂ ਕਰਮ-ਕਾਂਡੀ ਲੜੀਆਂ ਦਾ ਲੇਖਾ-ਜੋਖਾ ਭੁਗਤਣ ਲਈ ਮਨੁੱਖ ਨੂੰ ਬਾਰ-ਬਾਰ ਜਨਮ-ਮਰਨ ਦੇ ਗੇੜ ਵਿੱਚੋਂ ਨਿਕਲਨਾ ਪੈਂਦਾ ਹੈ।

ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਜਦ ਮਨੁੱਖ ਦੀ ਰਚਨਾ ਕੀਤੀ ਤਾਂ ਉਸ ਨੇ ਧਰਮ ਦੀ ਮਰਿਯਾਦਾ ਅਨੁਸਾਰ ਜੋ ਨਰ ਅਤੇ ਨਾਰੀ (ਵਿਵਾਹਿਤ ਪਤੀ ਪਤਨੀ) ਦਾ ਪਵਿੱਤਰ ਮਿਲਣ ਹੁੰਦਾ ਹੈ ਉਸ ਨੂੰ ਸ੍ਰਿਸ਼ਟੀ ਵਿੱਚ ਮਨੁੱਖ ਜਾਤ ਦੀ ਰਚਨਾ ਦਾ ਆਧਾਰ ਬਣਾਇਆ ਹੈ। ਪਤੀ-ਪਤਨੀ ਦੇ ਇੱਕ ਦੂਜੇ ਲਈ ਇਲਾਹੀ ਪ੍ਰੀਤ, ਪ੍ਰੇਮ, ਭਰੋਸੇ ਨੂੰ ਇਸ ਪਾਵਨ ਸੰਬੰਧ (ਪਤੀ-ਪਤਨੀ) ਦਾ ਆਧਾਰ ਬਣਾਇਆ ਹੈ। ਪਤੀ ਅਤੇ ਪਤਨੀ ਦੇ ਇੱਕ ਦੂਜੇ ਲਈ ਇਲਾਹੀ ਹੁਕਮ ਅਨੁਸਾਰ ਕੀਤੇ ਗਏ ਸਮਰਪਣ ਦਾ ਆਧਾਰ ਭਰੋਸਾ, ਪ੍ਰੇਮ ਅਤੇ ਪ੍ਰੀਤ ਹੁੰਦਾ ਹੈ, ਜੋ ਪਤੀ-ਪਤਨੀ ਦੇ ਸੰਬੰਧ ਨੂੰ ਪਾਵਨ-ਪਵਿੱਤਰ ਬਣਾਉਂਦਾ ਹੈ। ਪ੍ਰੀਤ, ਪ੍ਰੇਮ ਅਤੇ ਭਰੋਸੇ ਉੱਪਰ ਆਧਾਰਿਤ ਪਤੀ-ਪਤਨੀ ਦੇ ਪਾਵਨ ਸੰਬੰਧ ਨੂੰ ਸ੍ਰਿਸ਼ਟੀ ਵਿੱਚ ਮਨੁੱਖ ਜਾਤ ਦੀ ਰਚਨਾ ਦਾ ਆਧਾਰ ਬਣਾਇਆ ਹੈ। ਭਾਵ ਪਤੀ-ਪਤਨੀ ਦੇ ਸੰਬੰਧ ਦਾ ਆਧਾਰ ਇੱਕ ਦੂਜੇ ਲਈ ਸਮਰਪਣ ਹੈ। ਸਮਰਪਣ ਵਿੱਚੋਂ ਭਰੋਸੇ ਦਾ ਜਨਮ ਹੁੰਦਾ ਹੈ। ਭਰੋਸੇ ਵਿੱਚੋਂ ਹੀ ਪ੍ਰੀਤ ਪ੍ਰੇਮ ਦਾ ਜਨਮ ਹੁੰਦਾ ਹੈ। ਭਰੋਸਾ, ਪ੍ਰੀਤ ਅਤੇ ਪ੍ਰੇਮ ਸਤਿ ਪਾਰਬ੍ਰਹਮ ਦਾ ਹੀ ਰੂਪ ਹੁੰਦਾ ਹੈ। ਇਸ ਲਈ ਪਤੀ-ਪਤਨੀ ਦਾ ਭਰੋਸੇ, ਪ੍ਰੀਤ ਅਤੇ ਪ੍ਰੇਮ ਨਾਲ ਭਰਪੂਰ ਸੰਬੰਧ ਪਾਵਨ ਪਵਿੱਤਰ ਹੁੰਦਾ ਹੈ। ਸ੍ਰਿਸ਼ਟੀ ਦੀ ਰਚਨਾ ਵਿੱਚ ਮਨੁੱਖ ਜਾਤ ਦੀ ਰਚਨਾ ਨੂੰ ਕਾਇਮ ਰੱਖਣ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖੀ ਰਚਨਾ ਕਰਨ ਦੀ ਇਸ ਪਰਮ ਸ਼ਕਤੀ ਨੂੰ ਪਤੀ-ਪਤਨੀ ਦੇ ਪਾਵਨ (ਇਲਾਹੀ ਪ੍ਰੀਤ, ਪ੍ਰੇਮ ਅਤੇ ਭਰੋਸੇ ਤੋਂ ਜਨਮੇ) ਮਿਲਣ ਵਿੱਚ ਰੱਖਿਆ ਹੈ।

ਇਲਾਹੀ ਹੁਕਮ ਅਨੁਸਾਰ ਮਨੁੱਖ ਵਿੱਚ ਸਥਾਪਿਤ ਮਨੁੱਖੀ ਰਚਨਾ ਦੀ ਇਸ ਪਰਮ ਸ਼ਕਤੀ ਦਾ ਪੂਰਨ ਆਦਰ ਅਤੇ ਸਨਮਾਨ ਕਰਨਾ ਹਰ ਇੱਕ ਮਨੁੱਖ (ਨਰ ਅਤੇ ਨਾਰੀ) ਦੀ ਆਤਮਿਕ ਅਤੇ ਨੈਤਿਕ ਜ਼ੁੰਮੇਵਾਰੀ ਹੈ। ਮਨੁੱਖ (ਨਰ-ਨਾਰੀ) ਵਿੱਚ ਸਥਾਪਿਤ ਰਚਨਾ ਦੀ ਇਸ ਪਰਮ ਸ਼ਕਤੀ ਦੀ ਨਿਰਾਦਰੀ ਹੀ ਕਾਮ ਵਾਸ਼ਨਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਨੂੰ ਜਨਮ ਦਿੰਦੀ ਹੈ। ਇਲਾਹੀ ਹੁਕਮ ਅਨੁਸਾਰ ਮਨੁੱਖੀ ਰਚਨਾ ਕਰਨ ਦੀ ਇਹ ਪਰਮ ਸ਼ਕਤੀ ਜੋ ਨਰ-ਨਾਰੀ (ਪਤੀ-ਪਤਨੀ ਦੇ ਪਾਵਨ ਸੰਬੰਧ ਦੁਆਰਾ) ਵਿੱਚ ਸਥਾਪਿਤ ਹੈ; ਉਸ ਪਾਵਨ ਹੁਕਮ ਦੀ ਅਦੂਲੀ ਹੀ ਕਾਮ ਚੰਡਾਲ ਨੂੰ ਜਨਮ ਦਿੰਦੀ ਹੈ। ਕਾਮ ਚੰਡਾਲ ਦੀ ਗ਼ੁਲਾਮੀ ਵਿੱਚ ਇਸ ਇਲਾਹੀ ਹੁਕਮ ਦੀ ਅਦੂਲੀ ਮਨੁੱਖ ਦੇ ਵਿਨਾਸ਼ ਦਾ ਕਾਰਨ ਬਣ ਜਾਂਦੀ ਹੈ। ਅੱਜ ਦੇ ਘੋਰ ਕਲਜੁਗੀ ਸਮੇਂ ਅੰਦਰ ਹਰ ਇੱਕ ਮਨੁੱਖ ਇਸ ਪਾਵਨ ਹੁਕਮ ਦੀ ਨਾਫ਼ਰਮਾਨੀ ਦਾ ਮਹਾ ਵਿਨਾਸ਼ਕਾਰੀ ਗੁਨਾਹ ਕਰਨ ਵਿੱਚ ਵਿਅਸਤ ਹੈ। ਧਰਤੀ ਉੱਪਰ ਵਿਚਰ ਰਿਹਾ ਹਰ ਇੱਕ ਮਨੁੱਖ ਕਾਮ ਵਾਸ਼ਨਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਦਾ ਗੁਲਾਮ ਬਣੀ ਬੈਠਾ ਹੈ।

ਅੱਜ ਦੇ ਘੋਰ ਕਲਜੁਗ ਦੇ ਸਮੇਂ ਅੰਦਰ ਕਾਮ ਵਾਸ਼ਨਾ ਨੂੰ ਸ਼ਾਂਤ ਕਰਨ ਦੀ ਤਿੱਖੀ ਅਭਿਲਾਸ਼ਾ ਹਰ ਇੱਕ ਮਨੁੱਖ (ਨਰ ਅਤੇ ਨਾਰੀ) ਦੇ ਅੰਦਰ ਵਰਤ ਰਹੀ ਹੈ। ਅੱਜ ਦੇ ਘੋਰ ਕਲਜੁਗ ਦੇ ਸਮੇਂ ਅੰਦਰ ਕਾਮ ਚੰਡਾਲ ਦਾ ਬੋਲ-ਬਾਲਾ ਹੈ। ਛੋਟੇ ਬਾਲਕ ਤੋਂ ਲੈ ਕੇ ਵੱਡੇ ਬਜ਼ੁਰਗਾਂ ਤੱਕ (ਨਰ ਅਤੇ ਨਾਰੀ ਦੋਨੋਂ) ਕਾਮ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਦੇ ਸ਼ਿਕਾਰ ਹਨ। ਸਰੀਰਕ ਸਪਰਸ਼ (ਨਰ ਅਤੇ ਨਾਰੀ ਵਿੱਚ) ਨਾਲ ਮਨੁੱਖ ਨੂੰ ਸਰੀਰਕ ਆਨੰਦ ਦਾ ਅਨੁਭਵ ਹੁੰਦਾ ਹੈ। ਸਰੀਰਕ ਸਪਰਸ਼ ਦੀ ਵਿਕਾਰੀ ਸ਼ਕਤੀ ਹੀ ਮਨੁੱਖ ਵਿੱਚ ਕਾਮ ਵਾਸ਼ਨਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਨੂੰ ਜਨਮ ਦਿੰਦੀ ਹੈ। ਇਸ ਲਈ ਕਾਮ ਦੀ ਕਿਰਿਆ ਮਨੁੱਖ (ਨਰ ਅਤੇ ਨਾਰੀ) ਨੂੰ ਸਰੀਰਕ ਆਨੰਦ ਦਾ ਅਨੁਭਵ ਕਰਵਾਉਂਦੀ ਹੈ। ਕਾਮ ਦੁਆਰਾ ਇਸ ਸਰੀਰਕ ਆਨੰਦ ਮਾਣਨ ਦੀ ਭੁੱਖ ਹਰ ਇੱਕ ਮਨੁੱਖ ਦੇ ਜੀਵਨ ਨੂੰ ਪ੍ਰਭਾਵਿਤ ਕਰਦੀ ਹੈ। ਸਰੀਰਕ ਰੂਪ ਅਤੇ ਇਸ ਦੀ ਭੌਤਿਕ ਸੁੰਦਰਤਾ ਹਰ ਇੱਕ ਮਨੁੱਖ ਵਿੱਚ (ਨਰ ਅਤੇ ਨਾਰੀ

ਵਿੱਚ) ਇੱਕ ਦੂਜੇ ਲਈ ਆਕਰਸ਼ਨ ਪੈਦਾ ਕਰਦੀ ਹੈ। ਸਰੀਰਕ ਰੂਪ ਅਤੇ ਇਸ ਦੀ ਭੌਤਿਕ ਸੁੰਦਰਤਾ ਕਾਰਨ ਪੈਦਾ ਹੋਇਆ ਆਕਰਸ਼ਨ ਹੀ ਮਨੁੱਖ ਵਿੱਚ ਸਪਰਸ਼ ਕਰਨ ਦੀ ਲਾਲਸਾ ਦੀ ਵਿਕਾਰੀ ਸ਼ਕਤੀ ਨੂੰ ਜਨਮ ਦਿੰਦਾ ਹੈ। ਨਰ ਅਤੇ ਨਾਰੀ ਵਿੱਚ ਪੈਦਾ ਹੁੰਦੀ ਇੱਕ ਦੂਜੇ ਨੂੰ ਸਪਰਸ਼ ਕਰਨ ਦੀ ਲਾਲਸਾ ਹੀ ਕਾਮ ਵਾਸ਼ਨਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਨੂੰ ਜਨਮ ਦਿੰਦੀ ਹੈ। ਇਸ ਤਰ੍ਹਾਂ ਕਾਮ ਵਾਸ਼ਨਾ ਦੀ ਵਿਨਾਸ਼ਕਾਰੀ ਸ਼ਕਤੀ ਹੀ ਮਨੁੱਖ ਵਿੱਚ ਵਿਪਰੀਤ ਲਿੰਗ ਨਾਲ ਸਰੀਰਕ ਸੰਬੰਧ ਬਣਾਉਣ ਦੀ ਵਿਨਾਸ਼ਕਾਰੀ ਤ੍ਰਿਸ਼ਣਾ ਪੈਦਾ ਕਰਦੀ ਹੈ। ਕਾਮ ਵਾਸ਼ਨਾ ਦੀ ਮਹਾ ਵਿਨਾਸ਼ਕਾਰੀ ਤ੍ਰਿਸ਼ਣਾ ਬੁਝਾਉਣ ਦੇ ਚੱਕਰ ਵਿੱਚ ਸਾਰਾ ਸੰਸਾਰ ਗਲਤਾਨ ਹੋ ਰਿਹਾ ਹੈ। ਇਹ ਪਰਮ ਸਤਿ ਹੈ ਕਿ ਮਨੁੱਖੀ ਰਚਨਾ ਦੀ ਪਰਮ ਸ਼ਕਤੀ ਜੋ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖ (ਨਰ ਅਤੇ ਨਾਰੀ) ਵਿੱਚ ਦਰਗਾਹੀ ਹੁਕਮ ਅਨੁਸਾਰ ਸਥਾਪਿਤ ਕੀਤੀ ਹੈ; ਉਸ ਪਰਮ ਸ਼ਕਤੀ ਦਾ ਸਨਮਾਨ ਕਰਨ ਦੀ ਬਜਾਏ ਸਾਰੀ ਲੋਕਾਈ ਇਸ ਪਰਮ ਸ਼ਕਤੀ ਦੀ ਦੁਰਵਰਤੋਂ ਕਰਨ ਵਿੱਚ ਵਿਅਸਤ ਹੈ। ਇਲਾਹੀ ਦਰਗਾਹੀ ਹੁਕਮ ਦੀ ਅਦੂਲੀ ਕਰਨਾ ਇੱਕ ਮਹਾ ਵਿਨਾਸ਼ਕਾਰੀ ਗੁਨਾਹ ਹੈ ਅਤੇ ਸਾਰੀ ਲੋਕਾਈ ਇਸ ਇਲਾਹੀ ਹੁਕਮ (ਇਲਾਹੀ ਦਰਗਾਹੀ ਹੁਕਮ ਜਿਸ ਦੇ ਨਾਲ ਮਨੁੱਖੀ ਰਚਨਾ ਕਰਨ ਦੀ ਪਰਮ ਸ਼ਕਤੀ ਮਨੁੱਖ ਵਿੱਚ ਸਥਾਪਿਤ ਕੀਤੀ ਗਈ ਹੈ) ਦੀ ਅਦੂਲੀ ਕਰਨ ਵਿੱਚ ਵਿਅਸਤ ਹੈ।

ਨਿੰਦਿਆ, ਚੁਗ਼ਲੀ ਅਤੇ ਬਖ਼ੀਲੀ ਕਰਨਾ ਹਰ ਇੱਕ ਮਨੁੱਖ ਦਾ ਸੁਭਾਅ ਹੈ। ਨਿੰਦਿਆ, ਚੁਗ਼ਲੀ ਅਤੇ ਬਖੀਲੀ ਕਰਨ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹਰ ਇੱਕ ਮਨੁੱਖ ਵਿੱਚ ਸਥਾਪਿਤ ਹੁੰਦੀ ਹੈ। ਨਿੰਦਿਆ, ਚੁਗ਼ਲੀ ਅਤੇ ਬਖ਼ੀਲੀ ਕਰਨ ਦਾ ਰਸ ਮਨੁੱਖ ਨੂੰ ਮਿੱਠਾ ਲੱਗਦਾ ਹੈ। ਦੂਜਿਆਂ ਦੀ ਬੁਰਾਈ ਸੁਣਨ ਅਤੇ ਕਰਨ ਵਿੱਚ ਮਨੁੱਖ ਨੂੰ ਆਨੰਦ ਦਾ ਅਨੁਭਵ ਹੁੰਦਾ ਹੈ। ਨਿੰਦਿਆ, ਚੁਗ਼ਲੀ ਅਤੇ ਬਖ਼ੀਲੀ ਕਰਨਾ ਵੀ ਇੱਕ ਮਿੱਠਾ ਜ਼ਹਿਰ ਪੀਣ ਦੇ ਸਮਾਨ ਹੈ। ਜਿੱਥੇ ਕਿ ਇਹ ਪਰਮ ਸਤਿ ਹੈ ਕਿ ਦੂਜਿਆਂ ਦੀ ਨਿੰਦਿਆ, ਚੁਗ਼ਲੀ ਅਤੇ ਬਖ਼ੀਲੀ ਮਨੁੱਖ ਦੇ ਵਿਨਾਸ਼ ਦਾ ਕਾਰਨ ਬਣਦੀ ਹੈ। ਕਿਉਂਕਿ ਇਹ ਦਰਗਾਹੀ ਵਿਧਾਨ ਹੈ ਕਿ ਨਿੰਦਿਆ, ਚੁਗ਼ਲੀ ਅਤੇ ਬਖ਼ੀਲੀ ਕਰਨ ਵਾਲਾ ਮਨੁੱਖ (ਆਪਣੀ ਰਸਨਾ ਨਾਲ) ਜਿਸ ਮਨੁੱਖ ਦੀ ਨਿੰਦਿਆ ਕਰਦਾ ਹੈ; ਉਸ ਮਨੁੱਖ ਦੀ ਮੈਲ ਆਪਣੀ ਰਸਨਾ ਨਾਲ ਚੱਟ-ਚੱਟ ਕੇ ਸਾਫ਼ ਕਰਦਾ ਹੈ। ਨਿੰਦਿਆ, ਚੁਗ਼ਲੀ ਅਤੇ ਬਖ਼ੀਲੀ ਕਰਨ ਵਾਲਾ ਮਨੁੱਖ ਆਪਣੀ ਰਸਨਾ ਦੇ ਨਾਲ ਜ਼ਹਿਰ ਦਾ ਹੀ ਸੇਵਨ ਕਰਦਾ ਹੈ। ਨਿੰਦਿਆ ਕਰਨ ਵਾਲਾ ਮਨੁੱਖ ਆਪਣੀ ਸਤੋ ਬਿਰਤੀ ਗੁਆ ਬੈਠਦਾ ਹੈ। ਨਿੰਦਿਆ, ਚੁਗ਼ਲੀ ਅਤੇ ਬਖ਼ੀਲੀ ਕਰਨ ਵਾਲਾ ਮਨੁੱਖ ਆਪਣੀ ਪਿਛਲੀ ਕੀਤੀ ਬੰਦਗੀ ਦੀ ਕਮਾਈ ਗੁਆ ਬੈਠਦਾ ਹੈ। ਨਿੰਦਿਆ ਕਰਨ ਵਾਲੇ ਮਨੁੱਖ ਦੀ ਪਿਛਲੀ ਕੀਤੀ ਬੰਦਗੀ ਦੀ ਕਮਾਈ ਉਸ ਮਨੁੱਖ ਦੇ ਖਾਤੇ ਵਿੱਚ ਚਲੀ ਜਾਂਦੀ ਹੈ ਜਿਸ ਮਨੁੱਖ ਦੀ ਉਹ ਨਿੰਦਿਆ ਕਰਦਾ ਹੈ। ਨਿੰਦਿਆ ਕਰਨ ਵਾਲੇ ਮਨੁੱਖ ਨੂੰ ਇਸ ਪਰਮ ਸਤਿ ਦਾ ਗਿਆਨ ਨਾ ਹੋਣ ਕਾਰਨ ਉਹ ਨਿੰਦਿਆ ਕਰਨ ਵਿੱਚ ਆਨੰਦ ਦਾ ਅਨੁਭਵ ਕਰਦਾ ਹੈ। ਆਪਣਾ ਪਿਛਲਾ ਇਕੱਤਰ ਕੀਤਾ ਹੋਇਆ ਅੰਮ੍ਰਿਤ ਗੁਆ ਕੇ ਜ਼ਹਿਰ ਇਕੱਤਰ ਕਰਦਾ ਹੈ। ਨਿੰਦਿਆ, ਚੁਗ਼ਲੀ ਅਤੇ ਬਖ਼ੀਲੀ ਮਨੁੱਖ ਦਾ ਵਿਨਾਸ਼ ਕਰ ਦਿੰਦੀ ਹੈ। ਇਸ ਲਈ ਨਿੰਦਿਆ ਕਰਨ ਵਾਲੇ ਮਨੁੱਖ ਨੂੰ ਜ਼ਹਿਰ ਦੇਣ ਦੀ ਲੋੜ ਨਹੀਂ ਹੁੰਦੀ ਹੈ। ਇਸ ਲਈ ਨਿੰਦਿਆ ਦਾ ਰਸ ਲੈਣ ਵਾਲਾ ਮਨੁੱਖ ਆਪ ਹੀ ਆਪਣਾ ਵਿਨਾਸ਼ ਕਰਦਾ ਹੈ। ਨਿੰਦਿਆ ਕਰਨ ਵਾਲਾ ਮਨੁੱਖ ਨਰਕ ਦਾ ਭਾਗੀ ਬਣਦਾ ਹੈ। ਨਿੰਦਿਆ ਬਾਰੇ ਕਹੇ ਗਏ ਇਨ੍ਹਾਂ ਪਰਮ ਸਤਿ ਤੱਤਾਂ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥
ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫}

ਮੁਖਿ ਨਿੰਦਾ ਆਖਾ ਦਿਨੁ ਰਾਤਿ ॥ ਪਰ ਘਰੁ ਜੋਹੀ ਨੀਚ ਸਨਾਤਿ ॥
ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ ਧਾਣਕ ਰੂਪਿ ਰਹਾ ਕਰਤਾਰ ॥੨॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੪}

ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੮}

ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲਭਖੁ ਮਾਇਆਧਾਰੀ ॥
ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਵਾਰਿ ਨ ਪਾਰੀ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੦੬-੫੦੭}

ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥
ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥੫॥
ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੫੫}

ਮਨਮੁਖ ਹਉਮੈ ਮਾਇਆ ਸੂਤੇ ॥
ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ ॥
ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੪੮-੧੦੪੯}

ਗਉੜੀ ॥ ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥
ਨਿੰਦਾ ਜਨ ਕਉ ਖਰੀ ਪਿਆਰੀ ॥
ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ ਰਹਾਉ ॥
ਨਿੰਦਾ ਹੋਇ ਤ ਬੈਕੁੰਠਿ ਜਾਈਐ ॥
ਨਾਮੁ ਪਦਾਰਥੁ ਮਨਹਿ ਬਸਾਈਐ ॥
ਰਿਦੈ ਸੁਧ ਜਉ ਨਿੰਦਾ ਹੋਇ ॥
ਹਮਰੇ ਕਪਰੇ ਨਿੰਦਕੁ ਧੋਇ ॥੧॥
ਨਿੰਦਾ ਕਰੈ ਸੁ ਹਮਰਾ ਮੀਤੁ ॥
ਨਿੰਦਕ ਮਾਹਿ ਹਮਾਰਾ ਚੀਤੁ ॥
ਨਿੰਦਕੁ ਸੋ ਜੋ ਨਿੰਦਾ ਹੋਰੈ ॥

ਹਮਰਾ ਜੀਵਨੁ ਨਿੰਦਕੁ ਲੋਰੈ ॥੨॥
ਨਿੰਦਾ ਹਮਰੀ ਪ੍ਰੇਮ ਪਿਆਰੁ ॥
ਨਿੰਦਾ ਹਮਰਾ ਕਰੈ ਉਧਾਰੁ ॥
ਜਨ ਕਬੀਰ ਕਉ ਨਿੰਦਾ ਸਾਰੁ ॥
ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੩੯}

ਧੰਨ ਧੰਨ ਸੰਤ ਕਬੀਰ ਪਾਤਸ਼ਾਹ ਜੀ ਨੇ ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਹੈ ਕਿ ਨਿੰਦਕ ਡੁੱਬਦਾ ਹੈ ਅਤੇ ਜਿਸ ਮਨੁੱਖ ਦੀ ਨਿੰਦਕ ਨਿੰਦਿਆ ਕਰਦਾ ਹੈ, ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ। ਸੰਤ ਕਬੀਰ ਜੀ ਨੇ ਲੋਕਾਈ ਤੋਂ ਨਿੰਦਿਆ ਕਰਵਾਉਣ ਵਿੱਚ ਆਪਣਾ ਭਲਾ ਹੁੰਦਾ ਦੇਖਿਆ ਹੈ। ਉਨ੍ਹਾਂ ਨੇ ਆਪਣੀ ਨਿੰਦਿਆ ਨੂੰ ਪ੍ਰੀਤ ਕੀਤੀ ਹੈ। ਉਨ੍ਹਾਂ ਨੇ ਆਪਣੇ ਨਿੰਦਕ ਨਾਲ ਪ੍ਰੀਤ ਕੀਤੀ ਹੈ ਅਤੇ ਨਿੰਦਕ ਨੂੰ ਆਪਣਾ ਮਿੱਤਰ ਕਿਹਾ ਹੈ। ਸੰਤ ਕਬੀਰ ਜੀ ਨੇ ਆਪਣੀ ਹੀ ਨਿੰਦਿਆ ਨੂੰ ਇਤਨੀ ਪ੍ਰੀਤ ਕੀਤੀ ਹੈ ਕਿ ਨਿੰਦਿਆ ਨੂੰ ਆਪਣਾ ਮਾਤ-ਪਿਤਾ ਕਿਹਾ ਹੈ। ਕਿਉਂਕਿ ਨਿੰਦਕ ਜਿਸ ਮਨੁੱਖ ਦੀ ਨਿੰਦਿਆ ਕਰਦਾ ਹੈ ਉਹ ਉਸ ਮਨੁੱਖ ਦੇ ਅੰਦਰ ਦੀ ਮੈਲ ਧੋਂਦਾ ਹੈ। ਜਿਸ ਦੇ ਨਾਲ ਮਨੁੱਖ (ਜਿਸ ਦੀ ਨਿੰਦਿਆ ਹੁੰਦੀ ਹੈ) ਦੇ ਮਨ ਦੀ ਮੈਲ ਧੁਪਦੀ ਹੈ ਅਤੇ ਹਿਰਦਾ ਸ਼ੁੱਧ ਹੁੰਦਾ ਹੈ। ਐਸਾ ਹੋਣ ਨਾਲ ਮਨੁੱਖ ਦੇ ਮਨ-ਹਿਰਦੇ ਵਿੱਚ ਨਾਮ-ਬੰਦਗੀ ਹੋਰ ਗਹਿਰੀ ਉਤਰ ਜਾਂਦੀ ਹੈ। ਮਨੁੱਖ ਦੀ ਬੰਦਗੀ ਸੌਖੀ ਹੋ ਜਾਂਦੀ ਹੈ। ਜਿਸ ਮਨੁੱਖ ਦੀ ਨਿੰਦਿਆ ਹੁੰਦੀ ਹੈ ਉਸ ਨੂੰ ਦਰਗਾਹ ਦੀ ਪ੍ਰਾਪਤੀ ਹੁੰਦੀ ਹੈ। ਨਿੰਦਿਆ ਹੋਣ ਦੇ ਨਾਲ ਨਾਮ ਪਦਾਰਥ ਮਨ ਵਿੱਚ ਵੱਸ ਜਾਂਦਾ ਹੈ। ਨਿੰਦਿਆ ਹੋਣ ਨਾਲ ਮਨੁੱਖ ਦਾ ਹਿਰਦਾ ਸ਼ੁੱਧ ਹੋ ਜਾਂਦਾ ਹੈ। ਨਿੰਦਿਆ ਹੋਣ ਨਾਲ ਮਨੁੱਖ ਦਾ ਉਧਾਰ ਹੁੰਦਾ ਹੈ। ਕਿਸੇ ਵੀ ਭਗਤ ਦੀ ਬੰਦਗੀ ਨਿੰਦਿਆ ਹੋਣ ਤੋਂ ਬਗੈਰ ਪੂਰਨ ਨਹੀਂ ਹੁੰਦੀ ਹੈ। ਭਗਤ ਦੀ ਭਗਤੀ ਦਾ ਸਾਰ ਹੀ ਨਿੰਦਿਆ ਹੈ। ਹਰ ਇੱਕ ਭਗਤ ਦੀ ਨਿੰਦਿਆ ਹੋਣਾ ਲਾਜ਼ਮੀ ਹੈ। ਇਸ ਲਈ ਬੰਦਗੀ ਦੇ ਮਾਰਗ ਉੱਪਰ ਚਲ ਰਹੇ ਭਗਤ ਜਨਾਂ ਨੂੰ ਸੰਤ ਕਬੀਰ ਜੀ ਦੇ ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਇਸ ਪੂਰਨ ਬ੍ਰਹਮ ਗਿਆਨ ਦੇ ਸਤਿ ਤੱਤਾਂ ਨੂੰ ਅਪਣਾਉਣਾ ਬੇਅੰਤ ਲਾਜ਼ਮੀ ਹੈ।

ਹਰ ਇੱਕ ਮਨੁੱਖ ਦੇ ਮਨ ਵਿੱਚ ਤ੍ਰਿਸ਼ਣਾ ਦਾ ਵਾਸ ਹੁੰਦਾ ਹੈ। ਮਨੁੱਖੀ ਮਨ ਦੀ ਤ੍ਰਿਸ਼ਣਾ ਇੱਕ ਮਹਾ ਵਿਨਾਸ਼ਕਾਰੀ ਮਾਇਕੀ (ਰਜੋ ਗੁਣੀ) ਸ਼ਕਤੀ ਹੈ ਜੋ ਕਿ ਮਨੁੱਖ ਨੂੰ ਬਾਕੀ ਦੀਆਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਤਮੋ ਗੁਣੀ) ਵਿੱਚ ਉਲਝਾ ਕੇ ਰੱਖਦੀ ਹੈ। ਉੱਪਰ ਵਿਚਾਰੇ ਗਏ ਅਤੇ ਹੋਰ ਸਾਰੇ ਸੰਸਾਰਿਕ ਮਾਇਕੀ ਰਸਾਂ ਨੂੰ ਭੋਗਣ ਦੀ ਤ੍ਰਿਸ਼ਣਾ ਹੀ ਮਨੁੱਖ ਨੂੰ ਸਾਰੇ ਝੂਠ ਕਰਮ ਕਰਨ ਲਈ ਮਜਬੂਰ ਕਰਦੀ ਹੈ। ਤ੍ਰਿਸ਼ਣਾ ਦਾ ਭਾਵ ਸਾਰੇ ਸੰਸਾਰਿਕ ਮਾਇਕੀ ਰਸਾਂ ਨੂੰ ਭੋਗਣ ਦੇ ਸਾਧਨਾਂ ਦੀ ਪ੍ਰਾਪਤੀ ਕਰਨ ਦੀ ਤੀਬਰ ਇੱਛਾ ਹੈ। ਤ੍ਰਿਸ਼ਣਾ ਦਾ ਭਾਵ ਸਾਰੇ ਸੰਸਾਰਿਕ ਮਾਇਕੀ ਰਸਾਂ ਨੂੰ ਭੋਗਣ ਦੀ ਤੀਬਰ ਇੱਛਾ ਹੈ। ਜਦੋਂ ਮਨੁੱਖ ਉੱਪਰ ਵਿਚਾਰੇ ਗਏ ਅਤੇ ਹੋਰ ਸਾਰੇ ਸੰਸਾਰਿਕ ਮਾਇਕੀ ਰਸਾਂ ਨੂੰ ਸੰਸਾਰ ਵਿੱਚ ਦੇਖਦਾ ਹੈ ਤਾਂ ਉਸ ਦੇ ਮਨ ਵਿੱਚ ਇਨ੍ਹਾਂ ਮਾਇਕੀ ਰਸਾਂ ਨੂੰ ਭੋਗਣ ਦੀ ਇੱਛਾ ਪੈਦਾ ਹੁੰਦੀ ਹੈ। ਜਦੋਂ ਸੰਸਾਰ ਵਿੱਚ ਵਿਚਰਦਾ ਹੋਇਆ ਮਨੁੱਖ ਆਪਣੇ ਰੋਜ਼ਾਨਾ ਜੀਵਨ ਵਿੱਚ ਬਾਰ-ਬਾਰ ਇਨ੍ਹਾਂ ਮਾਇਕੀ ਰਸਾਂ ਨੂੰ ਦੇਖਦਾ ਹੈ ਤਾਂ ਉਸ ਦੇ ਮਨ ਅੰਦਰ ਪੈਦਾ ਹੁੰਦੀ ਇਹ ਇੱਛਾ (ਮਾਇਕ ਰਸਾਂ ਨੂੰ ਪ੍ਰਾਪਤ ਕਰਨ ਦੀ) ਹੋਰ ਪ੍ਰਬਲ ਹੁੰਦੀ ਜਾਂਦੀ ਹੈ। ਜਦੋਂ ਮਨੁੱਖ ਨੂੰ ਆਪਣੇ ਪ੍ਰਾਪਤ

ਸਾਧਨਾਂ ਦੇ ਦੁਆਰਾ ਇਨ੍ਹਾਂ ਮਾਇਕੀ ਰਸਾਂ ਦੀ ਪ੍ਰਾਪਤੀ ਨਹੀਂ ਹੁੰਦੀ ਤਾਂ ਉਹ ਮਾਨਸਿਕ ਤੌਰ 'ਤੇ ਇਨ੍ਹਾਂ ਮਾਇਕੀ ਰਸਾਂ ਦੀ ਪ੍ਰਾਪਤੀ ਕਰਨ ਵਾਸਤੇ ਪਾਗਲ ਹੋਣ ਲੱਗਦਾ ਹੈ ਅਤੇ ਉਸ ਦੀ ਸੁੱਧ-ਬੁੱਧ ਨਸ਼ਟ ਹੋ ਜਾਂਦੀ ਹੈ। ਇਨ੍ਹਾਂ ਮਾਇਕੀ ਰਸਾਂ ਨੂੰ ਪ੍ਰਾਪਤ ਕਰਨ ਦਾ ਇਹ ਮਨੁੱਖੀ ਮਨ ਦਾ ਪਾਗਲਪਣ ਹੀ ਤ੍ਰਿਸ਼ਣਾ ਹੈ। ਤ੍ਰਿਸ਼ਣਾ ਨੂੰ ਬੁਝਾਉਣ ਲਈ ਹੀ ਮਨੁੱਖ (ਮਹਾ ਵਿਨਾਸ਼ਕਾਰੀ ਤਮੋ ਗੁਣੀ ਸ਼ਕਤੀਆਂ ਦੇ ਅਧੀਨ) ਕਈ ਮਹਾ ਵਿਨਾਸ਼ਕਾਰੀ ਅਸਤਿ ਕਰਮ ਕਰਦਾ ਹੈ। ਇਨ੍ਹਾਂ ਅਸਤਿ ਕਰਮਾਂ ਦੁਆਰਾ ਜਦ ਮਨੁੱਖ ਦੀ ਇੱਕ ਇੱਛਾ ਪੂਰਨ ਹੁੰਦੀ ਹੈ ਤਾਂ ਉਸ ਦਾ ਹੌਸਲਾ ਵੱਧ ਜਾਂਦਾ ਹੈ। ਫਿਰ ਉਹ ਬਾਰ-ਬਾਰ ਪਾਪ ਕਰਮ ਕਰਦਾ ਹੈ ਤਾਂ ਕਿ ਉਹ ਆਪਣੀਆਂ ਸਾਰੀਆਂ ਇੱਛਾਵਾਂ ਦੀ ਪੂਰਤੀ ਕਰ ਸਕੇ। ਪਰੰਤੂ ਮਨੁੱਖ ਦੀਆਂ ਇੱਛਾਵਾਂ ਦਾ ਕਦੇ ਅੰਤ ਨਹੀਂ ਹੁੰਦਾ ਹੈ। ਇੱਕ ਇੱਛਾ ਪੂਰੀ ਹੁੰਦੀ ਹੈ ਤਾਂ ਦਸ ਹੋਰ ਨਵੀਆਂ ਇੱਛਾਵਾਂ ਜਨਮ ਲੈਂਦੀਆਂ ਹਨ। ਇਸ ਤਰ੍ਹਾਂ ਮਨੁੱਖੀ ਮਨ ਦੀ ਤ੍ਰਿਸ਼ਣਾ ਵੱਧਦੀ ਜਾਂਦੀ ਹੈ। ਮਨੁੱਖੀ ਮਨ ਦੀ ਤ੍ਰਿਸ਼ਣਾ ਦਾ ਕਦੇ ਅੰਤ ਨਹੀਂ ਹੁੰਦਾ ਹੈ। ਮਨੁੱਖੀ ਮਨ ਦੀ ਤ੍ਰਿਸ਼ਣਾ ਮਨੁੱਖ ਨੂੰ ਸਦਾ-ਸਦਾ ਲਈ ਮਾਇਕੀ ਜਾਲ ਵਿੱਚ ਉਲਝਾ ਕੇ ਰੱਖਦੀ ਹੈ ਅਤੇ ਮਨੁੱਖੀ ਜਨਮ ਜੀਵਨ ਨੂੰ ਨਸ਼ਟ ਕਰ ਦਿੰਦੀ ਹੈ।

ਇਸ ਲਈ ਇਹ ਪਰਮ ਸਤਿ ਹੈ ਕਿ ਤ੍ਰਿਸ਼ਣਾ (ਰਜੋ ਗੁਣੀ) ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ (ਤਮੋ ਗੁਣੀ) ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੇ ਮਿੱਠੇ ਜ਼ਹਿਰ ਦਾ ਸੇਵਨ ਸਮੁੱਚਾ ਸੰਸਾਰ ਕਰਨ ਵਿੱਚ ਵਿਅਸਤ ਹੈ। ਸਾਰੀ ਲੋਕਾਈ ਮਾਇਕੀ ਰਸਾਂ ਦਾ ਆਨੰਦ ਪ੍ਰਾਪਤ ਕਰਨ ਵਿੱਚ ਜੁੱਟੀ ਹੋਈ ਹੈ। ਸਾਰੀ ਲੋਕਾਈ ਮਾਇਕੀ ਰਸਾਂ ਦੇ ਮੋਹ ਜਾਲ ਵਿੱਚ ਫਸੀ ਹੋਈ ਹੈ। ਸਾਰੀ ਲੋਕਾਈ ਆਪਣੀ ਤ੍ਰਿਸ਼ਣਾ ਬੁਝਾਉਣ ਦੇ ਵਿੱਚ ਵਿਅਸਤ ਹੈ। ਮਾਇਕੀ ਰਸਾਂ ਦਾ ਭੋਗ ਸਾਰੀ ਲੋਕਾਈ ਦਾ ਜੀਵਨ ਬਣ ਗਿਆ ਹੈ। ਸਾਰੀ ਲੋਕਾਈ ਰਜੋ ਅਤੇ ਤਮੋ ਬਿਰਤੀ ਨੂੰ ਧਾਰਨ ਕਰੀ ਬੈਠੀ ਹੈ। ਮਾਇਕੀ ਰਸਾਂ ਨੇ ਸਾਰੀ ਲੋਕਾਈ ਦੀ ਬੁੱਧੀ ਨੂੰ ਭ੍ਰਿਸ਼ਟ ਕਰ ਦਿੱਤਾ ਹੈ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦਾ ਸਾਰੇ ਸੰਸਾਰ ਵਿੱਚ ਬੋਲ-ਬਾਲਾ ਹੈ। ਸਾਰਾ ਸੰਸਾਰ ਤ੍ਰਿਸ਼ਣਾ ਦੀ ਅਗਨ ਵਿੱਚ ਝੁਲਸ ਰਿਹਾ ਹੈ। ਮਾਇਕੀ ਰਸਾਂ ਦੀ ਪ੍ਰਾਪਤੀ ਹੀ ਸਾਰੀ ਮਨੁੱਖਤਾ ਦਾ ਇੱਕ ਮਾਤਰ ਟੀਚਾ ਬਣ ਕੇ ਰਹਿ ਗਿਆ ਹੈ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੀ ਗ਼ੁਲਾਮੀ ਵਿੱਚ ਸਾਰਾ ਸੰਸਾਰ ਗਲਤਾਨ ਹੋ ਰਿਹਾ ਹੈ। ਮਹਾ ਵਿਨਾਸ਼ਕਾਰੀ ਮਾਇਕੀ ਰਸਾਂ ਦਾ ਸੇਵਨ ਹੀ ਸਾਰੀ ਮਨੁੱਖਤਾ ਦਾ ਰੋਜ਼ਾਨਾ ਜੀਵਨ ਬਣ ਗਿਆ ਹੈ। ਮਹਾ ਵਿਨਾਸ਼ਕਾਰੀ ਮਾਇਕੀ ਰਸਾਂ ਅਤੇ ਸ਼ਕਤੀਆਂ ਦੀ ਕਥਾ ਗੁਰਬਾਣੀ ਵਿੱਚ ਸਤਿਗੁਰੂ ਸਾਹਿਬਾਨ ਨੇ ਬਾਰ-ਬਾਰ ਦ੍ਰਿੜ੍ਹ ਕਰਵਾਈ ਹੈ। ਰਜੋ ਬਿਰਤੀ (ਤ੍ਰਿਸ਼ਣਾ) ਅਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ (ਤਮੋ ਬਿਰਤੀ) ਦੀਆਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਅਤੇ ਰਸਾਂ ਦੀ ਕਥਾ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ। ਮਹਾ ਵਿਨਾਸ਼ਕਾਰੀ ਮਾਇਕੀ ਰਸਾਂ ਅਤੇ ਸ਼ਕਤੀਆਂ ਕਿਸ ਤਰ੍ਹਾਂ ਦੇ ਨਾਲ ਸਮੁੱਚੇ ਸੰਸਾਰ ਨੂੰ ਆਪਣਾ ਗ਼ੁਲਾਮ ਬਣਾਈ ਬੈਠੀਆਂ ਹਨ, ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹਾਇਆ ਗਿਆ ਹੈ। ਮਹਾ ਵਿਨਾਸ਼ਕਾਰੀ ਮਾਇਕੀ ਰਸਾਂ ਅਤੇ ਸ਼ਕਤੀਆਂ ਕਿਸ ਤਰ੍ਹਾਂ ਦੇ ਨਾਲ ਸਮੁੱਚੀ ਲੋਕਾਈ ਨੂੰ ਤਬਾਹ ਕਰ ਰਹੀਆਂ ਹਨ ਇਸ ਪਰਮ ਸਤਿ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਪਉੜੀ ॥ ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥
ਏਹ ਜਮ ਕੀ ਸਿਰਕਾਰ ਹੈ ਏਨ੍ਹ ਉਪਰਿ ਜਮ ਕਾ ਡੰਡੁ ਕਰਾਰਾ ॥
ਮਨਮੁਖ ਜਮ ਮਗਿ ਪਾਈਅਨਿ੍ ਜਿਨ੍ ਦੂਜਾ ਭਾਉ ਪਿਆਰਾ ॥
ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ ॥
ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਗੁਰਮੁਖਿ ਨਿਸਤਾਰਾ ॥੧੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੧੩)

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥
ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥
ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੧-੬੨)

ਸਲੋਕ ਮ:੩ ॥ ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ॥
ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥
ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੂਕਾਰ ॥
ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ ॥੧॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੯}

ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥
ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥੨॥
ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੦}

ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ ॥
ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥੨॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੧}

ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥੨॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੯}

ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥
ਝੂਠ ਵਿਕਾਰਿ ਜਾਗੈ ਹਿਤ ਚੀਤੁ ॥
ਪੂੰਜੀ ਪਾਪ ਲੋਭ ਕੀ ਕੀਤੁ ॥
ਤਰੁ ਤਾਰੀ ਮਨਿ ਨਾਮੁ ਸੁਚੀਤੁ ॥੧॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੩}

ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ ॥
ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੧੦}

ਜੋ ਦੀਸੈ ਸੋ ਆਸ ਨਿਰਾਸਾ ॥
ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥
ਨਾਨਕ ਬਿਰਲੇ ਮਿਲਹਿ ਉਦਾਸਾ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੨੪}

ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ ਮਹਾ ਲੋਭ ਧ੍ਰੋਹ॥
ਇਆਹੂ ਜੁਗਤਿ ਬਿਹਾਨੇ ਕਈ ਜਨਮ ॥
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥੭॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੬੭-੨੬੮}

ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੭੬}

ਗੁਰਬਾਣੀ ਦੇ ਅਨੁਸਾਰ ਮਾਇਆ ਜ਼ਹਿਰ ਹੈ। ਗੁਰਬਾਣੀ ਦੇ ਅਨੁਸਾਰ ਮਾਇਆ ਠੱਗਣੀ ਹੈ। ਗੁਰਬਾਣੀ ਦੇ ਅਨੁਸਾਰ ਮਾਇਆ ਮਨੁੱਖ ਨੂੰ ਬਦਹੋਸ਼ ਕਰ ਦਿੰਦੀ ਹੈ। ਗੁਰਬਾਣੀ ਦੇ ਅਨੁਸਾਰ ਮਾਇਆ ਮੋਹਣੀ ਹੈ। ਗੁਰਬਾਣੀ ਦੇ ਅਨੁਸਾਰ ਮਾਇਆ ਦਾ ਖੇਲ ਜੂਆ ਖੇਲਣ ਦੇ ਤੁੱਲ ਹੈ। ਗੁਰਬਾਣੀ ਦੇ ਅਨੁਸਾਰ ਮਾਇਕੀ ਸ਼ਕਤੀਆਂ ਦੀ ਗ਼ੁਲਾਮੀ ਵਿੱਚ ਕੀਤੇ ਗਏ ਸਾਰੇ ਕਰਮ ਅਸਤਿ ਕਰਮ ਹਨ। ਗੁਰਬਾਣੀ ਦੇ ਅਨੁਸਾਰ ਮਾਇਆ ਦੁੱਖਾਂ ਦਾ ਭੰਡਾਰ ਹੈ। ਗੁਰਬਾਣੀ ਦੇ ਅਨੁਸਾਰ ਪੰਜ ਦੂਤ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਪ੍ਰੇਤ ਹਨ। ਇਸ ਲਈ ਸਾਰੀਆਂ ਮਾਇਕੀ ਸ਼ਕਤੀਆਂ (ਰਜੋ ਅਤੇ ਤਮੋ) ਮਹਾ ਵਿਨਾਸ਼ਕਾਰੀ ਹਨ।

ਮਨੁੱਖੀ ਮਨ ਨੂੰ ਮਾਇਆ ਦੀ ਗ਼ੁਲਾਮ ਬਣਾਉਣ ਵਾਲੀ ਮਹਾ ਵਿਨਾਸ਼ਕਾਰੀ ਸ਼ਕਤੀ ਤ੍ਰਿਸ਼ਣਾ ਹੀ ਹੈ। ਇਸ ਲਈ ਮਾਇਆ ਦੀ ਗ਼ੁਲਾਮੀ ਤੋਂ ਮੁਕਤ ਹੋਣ ਲਈ ਮਨੁੱਖ ਦੀ ਤ੍ਰਿਸ਼ਣਾ ਦਾ ਬੁਝਣਾ ਬੇਅੰਤ ਲਾਜ਼ਮੀ ਹੈ। ਮਨੁੱਖ ਦੀ ਤ੍ਰਿਸ਼ਣਾ ਦੇ ਅੰਤ ਬਿਨਾਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਨਹੀਂ ਜਿੱਤਿਆ ਜਾ ਸਕਦਾ ਹੈ। ਮਨੁੱਖੀ ਮਨ ਦੀ ਤ੍ਰਿਸ਼ਣਾ ਨੂੰ ਜਿੱਤਣਾ ਹੀ ਸਾਰੀਆਂ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਹਾਸਿਲ ਕਰਨਾ ਹੈ। ਮਨੁੱਖੀ ਮਨ ਦੀ ਤ੍ਰਿਸ਼ਣਾ ਨੂੰ ਜਿੱਤਣਾ ਹੀ ਸਾਰੀਆਂ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਤੋਂ ਮੁਕਤੀ ਹੈ। ਮਨੁੱਖੀ ਮਨ ਦੀ ਤ੍ਰਿਸ਼ਣਾ ਨੂੰ ਜਿੱਤਣਾ ਹੀ ਜੀਵਨ ਮੁਕਤੀ ਹੈ। ਇਸ ਲਈ ਪ੍ਰਸ਼ਨ ਉੱਠਦਾ ਹੈ ਕਿ ਮਨੁੱਖੀ ਮਨ ਦੀ ਤ੍ਰਿਸ਼ਣਾ ਦਾ ਅੰਤ ਕਿਵੇਂ ਹੋਏਗਾ ? ਮਨੁੱਖੀ ਮਨ ਦੀ ਤ੍ਰਿਸ਼ਣਾ ਕਿਵੇਂ ਬੁਝੇਗੀ ? ਮਨੁੱਖੀ ਮਨ ਦੀ ਤ੍ਰਿਸ਼ਣਾ ਨੂੰ ਬੁਝਾਉਣ ਦੀ ਕੀ ਜੁਗਤੀ ਹੈ ? ਉਹ ਕਿਹੜੀ ਪਰਮ ਸ਼ਕਤੀ ਹੈ ਜੋ ਮਨੁੱਖੀ ਮਨ ਦੀ ਤ੍ਰਿਸ਼ਣਾ ਦਾ ਅੰਤ ਕਰਨ ਵਿੱਚ ਸਕਸ਼ਮ ਹੈ ? ਉਹ ਕਿਹੜੀ ਪਰਮ ਸ਼ਕਤੀ ਹੈ ਜੋ ਮਨੁੱਖੀ ਮਨ ਨੂੰ ਸ਼ਾਂਤ ਕਰਨ ਵਿੱਚ ਸਕਸ਼ਮ ਹੈ ?

ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਇੱਕੋ ਉੱਤਰ ਹੈ: 'ਸਤਿ' ਨਾਮ ਦੇ ਪਰਮ ਸ਼ਕਤੀਸ਼ਾਲੀ ਅੰਮ੍ਰਿਤ ਦੀ ਪਰਮ ਸ਼ਕਤੀ ਹੈ ਜੋ ਮਨੁੱਖੀ ਮਨ ਦੀ ਤ੍ਰਿਸ਼ਣਾ ਨੂੰ ਸ਼ਾਂਤ ਕਰ ਦਿੰਦੀ ਹੈ। 'ਸਤਿ' ਨਾਮ

ਦੇ ਸਿਮਰਨ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖੀ ਮਨ ਦੀ ਤ੍ਰਿਸ਼ਣਾ ਦਾ ਅੰਤ ਕਰ ਦਿੰਦੀ ਹੈ। 'ਸਤਿ' ਨਾਮ ਸਿਮਰਨ ਦੇ ਗੁਰਪ੍ਰਸਾਦਿ ਵਿੱਚ ਉਹ ਪਰਮ ਸ਼ਕਤੀ ਵਰਤਦੀ ਹੈ ਜਿਸ ਦੇ ਅੱਗੇ ਸਾਰੀਆਂ ਮਾਇਕੀ ਸ਼ਕਤੀਆਂ ਗੋਡੇ ਟੇਕ ਦਿੰਦੀਆਂ ਹਨ। 'ਸਤਿ' ਨਾਮ ਸਿਮਰਨ ਦੇ ਗੁਰਪ੍ਰਸਾਦਿ ਵਿੱਚ ਉਹ ਪਰਮ ਸ਼ਕਤੀ ਵਰਤਦੀ ਹੈ ਜਿਸ ਦੇ ਨਾਲ ਮਨੁੱਖੀ ਮਨ ਦੇ ਸਾਰੇ ਸੰਸਾਰਿਕ ਮਾਇਕੀ ਰਸਾਂ ਨੂੰ ਭੋਗਣ ਦੀ ਭੁੱਖ ਮਿਟ ਜਾਂਦੀ ਹੈ। 'ਸਤਿ' ਨਾਮ ਸਿਮਰਨ ਦੇ ਗੁਰਪ੍ਰਸਾਦਿ ਦੇ ਰਸ ਵਿੱਚ ਉਹ ਪਰਮ ਸ਼ਕਤੀ ਵਰਤਦੀ ਹੈ ਜਿਸ ਦੇ ਵਰਤਣ ਦੇ ਨਾਲ ਮਨੁੱਖ ਦੇ ਮਨ ਤੋਂ ਸਾਰੇ ਸੰਸਾਰਿਕ ਮਾਇਕੀ ਰਸ ਵਿਸਰ ਜਾਂਦੇ ਹਨ। 'ਸਤਿ' ਨਾਮ ਸਿਮਰਨ ਦੇ ਗੁਰਪ੍ਰਸਾਦਿ ਦੇ ਰਸ ਵਿੱਚ ਉਹ ਪਰਮ ਸ਼ਕਤੀ ਵਰਤਦੀ ਹੈ ਜਿਸ ਦੇ ਵਰਤਣ ਦੇ ਨਾਲ ਮਨੁੱਖ ਦੇ ਮਨ ਤੋਂ ਸਾਰੇ ਸੰਸਾਰਿਕ ਮਾਇਕੀ ਰਸਾਂ ਦਾ ਰੰਗ ਉਤਰ ਜਾਂਦਾ ਹੈ। ਜਿਸ ਮਨੁੱਖ ਦੇ ਮਨ ਵਿੱਚ 'ਸਤਿ' ਨਾਮ ਉੱਕਰਿਆ ਜਾਂਦਾ ਹੈ ਅਤੇ ਜਿਸ ਮਨੁੱਖ ਦੇ ਮਨ 'ਤੇ 'ਸਤਿ' ਨਾਮ ਦੇ ਰਸ ਦਾ ਰੰਗ ਚੜ੍ਹ ਜਾਂਦਾ ਹੈ ਉਸ ਮਨ ਤੋਂ ਸਾਰੇ ਸੰਸਾਰਿਕ ਮਾਇਕੀ ਰਸਾਂ ਦਾ ਰੰਗ ਉਤਰ ਜਾਂਦਾ ਹੈ। ਇਸ ਪਰਮ ਸਤਿ ਨੂੰ ਹੀ ਧੰਨ ਧੰਨ ਸਤਿਗੁਰੂ ਅਵਤਾਰ ਰਾਮਦਾਸ ਜੀ ਆਨੰਦ ਸਾਹਿਬ ਦੀ ਇਸ ਪਰਮ ਸ਼ਕਤੀਸ਼ਾਲੀ ਸਲੋਕ (ਪਉੜੀ ੩੨) ਵਿੱਚ ਪ੍ਰਗਟ ਕਰ ਰਹੇ ਹਨ। ਗੁਰਬਾਣੀ ਵਿੱਚ ਇਸ ਪਰਮ ਸਤਿ ਤੱਤ ਨੂੰ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਆਸਾ ਮਹਲਾ ੫ ਤਿਪਦੇ ੨ ॥
ਹਰਿ ਰਸੁ ਪੀਵਤ ਸਦ ਹੀ ਰਾਤਾ ॥ ਆਨ ਰਸਾ ਖਿਨ ਮਹਿ ਲਹਿ ਜਾਤਾ ॥
ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥ ਆਨ ਰਸਾ ਮਹਿ ਵਿਆਪੈ ਚਿੰਦ ॥੧॥
ਹਰਿ ਰਸੁ ਪੀਵੈ ਅਲਮਸਤੁ ਮਤਵਾਰਾ ॥ ਆਨ ਰਸਾ ਸਭਿ ਹੋਛੇ ਰੇ ॥੧॥ ਰਹਾਉ ॥
ਹਰਿ ਰਸ ਕੀ ਕੀਮਤਿ ਕਹੀ ਨ ਜਾਇ ॥ ਹਰਿ ਰਸੁ ਸਾਧੂ ਹਾਟਿ ਸਮਾਇ ॥
ਲਾਖ ਕਰੋਰੀ ਮਿਲੈ ਨ ਕੇਹ ॥ ਜਿਸਹਿ ਪਰਾਪਤਿ ਤਿਸ ਹੀ ਦੇਹਿ ॥੨॥
ਨਾਨਕ ਚਾਖਿ ਭਏ ਬਿਸਮਾਦੁ ॥ ਨਾਨਕ ਗੁਰ ਤੇ ਆਇਆ ਸਾਦੁ ॥
ਈਤ ਊਤ ਕਤ ਛੋਡਿ ਨ ਜਾਇ ॥ ਨਾਨਕ ਗੀਧਾ ਹਰਿ ਰਸ ਮਾਹਿ ॥੩॥੨੭॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੭੭}

ਗਉੜੀ ॥ ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ ॥
ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ ॥੧॥ ਰਾਮ ਰਸੁ ਪੀਆ ਰੇ ॥
ਜਿਹ ਰਸ ਬਿਸਰਿ ਗਏ ਰਸ ਅਉਰ ॥੧॥ ਰਹਾਉ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੩੭}

'ਸਤਿ' ਨਾਮ ਦੇ ਅੰਮ੍ਰਿਤ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖੀ ਮਨ ਵਿੱਚ ਸਥਿਤ ਮਾਇਕੀ ਜ਼ਹਿਰ ਦਾ ਭਾਂਡਾ ਫੋੜ ਦਿੰਦੀ ਹੈ ਅਤੇ ਮਨੁੱਖ ਦੇ ਤਨ ਮਨ ਨੂੰ ਆਪਣੇ ਇਲਾਹੀ ਰੰਗ ਵਿੱਚ ਰੰਗ ਲੈਂਦੀ ਹੈ। 'ਸਤਿ' ਨਾਮ ਦੇ ਅੰਮ੍ਰਿਤ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖੀ ਮਨ ਨੂੰ ਸਤਿ ਸੰਤੋਖ ਦੇ ਰਸ ਨਾਲ ਭਰਪੂਰ ਕਰ ਦਿੰਦਾ ਹੈ ਜਿਸ ਦੇ ਨਾਲ ਮਨੁੱਖੀ ਮਨ ਦੀ ਤ੍ਰਿਸ਼ਣਾ ਅਗਨ ਬੁਝ ਜਾਂਦੀ ਹੈ। 'ਸਤਿ' ਨਾਮ ਦੇ ਅੰਮ੍ਰਿਤ ਵਿੱਚ ਉਹ ਪਰਮ ਸ਼ਕਤੀ ਹੈ ਜਿਸ ਦੇ ਰਸ ਅੱਗੇ ਸਾਰੇ ਮਾਇਕੀ ਰਸਾਂ ਅਤੇ ਭੋਗਾਂ ਦੇ ਰਸ ਫਿੱਕੇ ਪੈ ਜਾਂਦੇ ਹਨ। 'ਸਤਿ' ਨਾਮ

ਦੇ ਅੰਮ੍ਰਿਤ ਵਿੱਚ ਉਹ ਪਰਮ ਸ਼ਕਤੀ ਹੈ ਜੋ ਸਾਰੀਆਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਰਜੋ ਅਤੇ ਤਮੋ) ਨੂੰ ਜਿੱਤ ਕੇ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਕਰਵਾ ਦਿੰਦੀ ਹੈ। 'ਸਤਿ' ਨਾਮ ਦੇ ਅੰਮ੍ਰਿਤ ਵਿੱਚ ਉਹ ਪਰਮ ਸ਼ਕਤੀ ਹੈ ਜੋ ਸਾਰੀਆਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਰਜੋ ਅਤੇ ਤਮੋ) ਨੂੰ ਜਿੱਤ ਕੇ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਅਭੇਦ ਕਰ ਦਿੰਦੀ ਹੈ। 'ਸਤਿ' ਨਾਮ ਦੇ ਅੰਮ੍ਰਿਤ ਵਿੱਚ ਉਹ ਪਰਮ ਸ਼ਕਤੀ ਹੈ ਜੋ ਸਾਰੀਆਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਰਜੋ ਅਤੇ ਤਮੋ) ਨੂੰ ਜਿੱਤ ਕੇ ਮਨੁੱਖ ਨੂੰ ਪੂਰਨ ਸੰਤ ਬਣਾ ਦਿੰਦੀ ਹੈ। 'ਸਤਿ' ਨਾਮ ਦੇ ਅੰਮ੍ਰਿਤ ਵਿੱਚ ਉਹ ਪਰਮ ਸ਼ਕਤੀ ਹੈ ਜੋ ਸਾਰੀਆਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਜਿੱਤ ਕੇ ਮਨੁੱਖ ਨੂੰ ਪੂਰਨ ਬ੍ਰਹਮ ਗਿਆਨੀ ਬਣਾ ਦਿੰਦੀ ਹੈ। 'ਸਤਿ' ਨਾਮ ਦੇ ਅੰਮ੍ਰਿਤ ਵਿੱਚ ਉਹ ਪਰਮ ਸ਼ਕਤੀ ਹੈ ਜੋ ਸਾਰੀਆਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਰਜੋ ਅਤੇ ਤਮੋ) ਨੂੰ ਜਿੱਤ ਕੇ ਮਨੁੱਖ ਨੂੰ ਪੂਰਨ ਅਵਸਥਾ, ਅਟੱਲ ਅਵਸਥਾ ਅਤੇ ਪਰਮ ਪਦਵੀ ਦੀ ਪ੍ਰਾਪਤੀ ਕਰਵਾ ਦਿੰਦੀ ਹੈ। ਗੁਰਬਾਣੀ ਵਿੱਚ ਇਸ ਪਰਮ ਸਤਿ ਤੱਤ ਨੂੰ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੬}

ਅੰਮ੍ਰਿਤੁ ਵਰਸੈ ਸਹਜਿ ਸੁਭਾਏ ॥ ਗੁਰਮੁਖਿ ਵਿਰਲਾ ਕੋਈ ਜਨੁ ਪਾਏ ॥
ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ ॥੧॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੬}

ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੬੩}

ਸਤਿਗੁਰਿ ਨਾਮੁ ਬੁਝਾਇਆ ਵਿਣੁ ਨਾਵੈ ਭੁਖ ਨ ਜਾਈ ॥
ਨਾਮੇ ਤ੍ਰਿਸਨਾ ਅਗਨਿ ਬੁਝੈ ਨਾਮੁ ਮਿਲੈ ਤਿਸੈ ਰਜਾਈ ॥੧॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੨੩-੪੨੪}

ਨਾਮ ਸੰਜੋਗੀ ਗੋਇਲਿ ਥਾਟੁ ॥ ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥
ਬਿਨੁ ਵਖਰ ਸੂਨੋ ਘਰੁ ਹਾਟੁ ॥ ਗੁਰ ਮਿਲਿ ਖੋਲੇ ਬਜਰ ਕਪਾਟ ॥੪॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੨-੧੫੩}

ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਕਿਰਪਾ ਦਾ ਸਦਕਾ 'ਸਤਿ' ਨਾਮ ਅੰਮ੍ਰਿਤ ਦੀ ਪਰਮ ਸ਼ਕਤੀਸ਼ਾਲੀ ਕਥਾ ਅਨੰਦ ਸਾਹਿਬ ਦੀ ਪਹਿਲੀ ਪਉੜੀ ਵਿੱਚ ਵਿਚਾਰੀ ਅਤੇ ਲਿਖੀ ਗਈ ਹੈ। ਸਾਰੇ ਪਾਠਕਾਂ ਅਤੇ ਬੰਦਗੀ ਕਰਨ ਵਾਲਿਆਂ ਦੇ ਚਰਨਾਂ 'ਤੇ ਸਨਿਮਰ ਬੇਨਤੀ ਹੈ ਕਿ 'ਸਤਿ' ਨਾਮ ਦੇ ਪਰਮ ਸ਼ਕਤੀਸ਼ਾਲੀ ਰਸ ਦੀ ਮਹਿਮਾ ਨੂੰ ਜਾਣਨ ਅਤੇ ਸਮਝਣ ਲਈ ਅਨੰਦ ਸਾਹਿਬ ਦੀ ਪਹਿਲੀ ਪਉੜੀ ਦੀ ਕਥਾ ਨੂੰ ਪੜ੍ਹਨ ਅਤੇ ਇਸ ਪਰਮ ਸ਼ਕਤੀ ਦੇ ਪਰਮ ਸਤਿ ਨੂੰ ਜਾਣਨ ਦਾ ਯਤਨ ਕਰਨ। 'ਸਤਿ' ਨਾਮ ਅੰਮ੍ਰਿਤ ਦੇ ਪਰਮ ਸ਼ਕਤੀਸ਼ਾਲੀ ਰਸ ਦੀ ਪ੍ਰਾਪਤੀ ਦੇ ਨਾਲ ਹੀ ਸਾਰੇ ਮਾਇਕੀ ਰਸ ਫਿੱਕੇ ਪੈ ਜਾਂਦੇ ਹਨ। 'ਸਤਿ'

ਨਾਮ ਅੰਮ੍ਰਿਤ ਦੇ ਪਰਮ ਸ਼ਕਤੀਸ਼ਾਲੀ ਰਸ ਦੀ ਪ੍ਰਾਪਤੀ ਦੇ ਨਾਲ ਹੀ ਸਾਰੇ ਮਾਇਕੀ ਰਸ ਵਿਸਰ ਜਾਂਦੇ ਹਨ। ਮਨੁੱਖੀ ਮਨ ਉੱਪਰ 'ਸਤਿ' ਨਾਮ ਅੰਮ੍ਰਿਤ ਦੇ ਪਰਮ ਸ਼ਕਤੀਸ਼ਾਲੀ ਰਸ ਦੇ ਰੰਗ ਦੇ ਚੜ੍ਹਨ ਨਾਲ ਸਾਰੇ ਸੰਸਾਰਿਕ ਮਾਇਕੀ ਰਸਾਂ ਦਾ ਰੰਗ ਫਿੱਕਾ ਪੈ ਜਾਂਦਾ ਹੈ। 'ਸਤਿ' ਨਾਮ ਅੰਮ੍ਰਿਤ ਦੇ ਪਰਮ ਸ਼ਕਤੀਸ਼ਾਲੀ ਰਸ ਦਾ ਸੁਆਦ ਚੱਖਣ ਦੇ ਨਾਲ ਹੀ ਸਾਰੇ ਸੰਸਾਰਿਕ ਮਾਇਕੀ ਰਸਾਂ ਦਾ ਸੁਆਦ ਫਿੱਕਾ ਪੈ ਜਾਂਦਾ ਹੈ। 'ਸਤਿ' ਨਾਮ ਅੰਮ੍ਰਿਤ ਦੇ ਪਰਮ ਸ਼ਕਤੀਸ਼ਾਲੀ ਰਸ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦਾ ਮਨ ਸ਼ਾਂਤ ਹੋ ਜਾਂਦਾ ਹੈ ਅਤੇ ਮਨੁੱਖੀ ਮਨ ਦੀ ਤ੍ਰਿਸ਼ਣਾ ਬੁਝ ਜਾਂਦੀ ਹੈ। ਜਦ ਮਨੁੱਖ ਨੂੰ 'ਸਤਿ' ਨਾਮ ਅੰਮ੍ਰਿਤ ਦੇ ਪਰਮ ਸ਼ਕਤੀਸ਼ਾਲੀ ਰਸ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ ਤਾਂ ਮਨੁੱਖ ਦੀ ਸੁਰਤਿ ਵਿੱਚ 'ਸਤਿ' ਨਾਮ ਉੱਕਰਿਆ ਜਾਂਦਾ ਹੈ। ਸ਼ਬਦ-ਸੁਰਤਿ ਦਾ ਸੁਮੇਲ ਹੋ ਜਾਂਦਾ ਹੈ। ਸੁਰਤਿ ਵਿੱਚ ਸ਼ਬਦ ਉੱਕਰਿਆ ਜਾਂਦਾ ਹੈ। ਸਮਾਧੀ ਲੱਗ ਜਾਂਦੀ ਹੈ। ਅਜਪਾ ਜਾਪ ਸ਼ੁਰੂ ਹੋ ਜਾਂਦਾ ਹੈ। ਮਨੁੱਖ ਦੀ ਸੁਰਤਿ ਵਿੱਚ ਹਰ ਵੇਲੇ ਕੇਵਲ 'ਸਤਿ' ਨਾਮ ਵੱਜਣ ਲੱਗ ਜਾਂਦਾ ਹੈ। ਸਮਾਧੀ ਵਿੱਚ ਬੈਠ ਕੇ ਕੀਤੇ ਲੰਬੇ 'ਸਤਿ' ਨਾਮ ਸਿਮਰਨ ਅਭਿਆਸ ਦੇ ਨਾਲ ਸੁੰਨ ਸਮਾਧੀ ਦੀ ਪ੍ਰਾਪਤੀ ਹੋ ਜਾਂਦੀ ਹੈ। ਸਾਰੇ ਬੱਜਰ ਕਪਾਟ ਖੁੱਲ੍ਹ ਜਾਂਦੇ ਹਨ। ੭ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ। ਰੋਮ-ਰੋਮ ਵਿੱਚ 'ਸਤਿ' ਨਾਮ ਚਲਾ ਜਾਂਦਾ ਹੈ। ਮਨ ਚਿੰਦਿਆ ਜਾਂਦਾ ਹੈ। ਮਨ ਪਰਮ ਜੋਤ ਵਿੱਚ ਬਦਲ ਜਾਂਦਾ ਹੈ। ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ। ਤ੍ਰੈ ਗੁਣ ਮਾਇਕੀ ਸ਼ਕਤੀਆਂ ਮਨੁੱਖ ਦੇ ਚਰਨਾਂ ਉੱਪਰ ਸੀਸ ਨਿਵਾ ਦਿੰਦੀਆਂ ਹਨ। ਤ੍ਰੈ ਗੁਣ ਮਾਇਕੀ ਸ਼ਕਤੀਆਂ ਗ਼ੁਲਾਮ ਬਣ ਜਾਂਦੀਆਂ ਹਨ। ਤ੍ਰੈ ਗੁਣ ਮਾਇਕੀ ਸ਼ਕਤੀਆਂ ਨੂੰ ਜਿੱਤ ਕੇ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰ ਕੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਂਦਾ ਹੈ। ਬੰਦਗੀ ਦਰਗਾਹ ਵਿੱਚ ਪ੍ਰਵਾਨ ਹੋ ਜਾਂਦੀ ਹੈ। ਪੂਰਨ ਅਵਸਥਾ, ਅਟੱਲ ਅਵਸਥਾ ਅਤੇ ਪਰਮ ਪਦਵੀ ਦੀ ਪ੍ਰਾਪਤੀ ਹੋ ਜਾਂਦੀ ਹੈ। ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਸੰਗਤ ਦੀ ਸੇਵਾ ਦਾ ਪਰਮ ਸ਼ਕਤੀਸ਼ਾਲੀ ਹੁਕਮ ਪ੍ਰਾਪਤ ਹੋ ਜਾਂਦਾ ਹੈ। ਸੰਗਤ ਨੂੰ ਗੁਰਪ੍ਰਸਾਦਿ ਵਰਤਾਉਣ ਦਾ ਪਰਮ ਸ਼ਕਤੀਸ਼ਾਲੀ ਹੁਕਮ ਪ੍ਰਾਪਤ ਹੋ ਜਾਂਦਾ ਹੈ।

'ਸਤਿ' ਨਾਮ ਦੇ ਪਰਮ ਸ਼ਕਤੀਸ਼ਾਲੀ ਗੁਰਪ੍ਰਸਾਦੀ ਰਸ ਦੀ ਪ੍ਰਾਪਤੀ ਕੇਵਲ ਪੂਰਨ ਸੰਤ, ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਹੁੰਦੀ ਹੈ। 'ਸਤਿ' ਨਾਮ ਸਿਮਰਨ ਅਤੇ 'ਸਤਿ' ਨਾਮ ਦੀ ਕਮਾਈ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਹੁੰਦੀ ਹੈ। ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕੇਵਲ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਹੁੰਦੀ ਹੈ। ਮਨੁੱਖ ਦੀ ਬੰਦਗੀ ਸ਼ੁਰੂ ਕੇਵਲ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਹੋ ਸਕਦੀ ਹੈ। ਮਨੁੱਖ ਬੰਦਗੀ ਕੇਵਲ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਬੈਠ ਕੇ ਹੀ ਕਰ ਸਕਦਾ ਹੈ। ਮਨੁੱਖ ਬੰਦਗੀ ਕੇਵਲ ਪੂਰਨ ਸੰਤ ਸਤਿਗੁਰੂ ਦੇ ਛਤਰ ਹੇਠ ਬੈਠ ਕੇ ਹੀ ਕਰ ਸਕਦਾ ਹੈ। ਜਦੋਂ ਤੱਕ ਮਨੁੱਖ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਨਹੀਂ ਹੁੰਦਾ ਹੈ ਉਦੋਂ ਤੱਕ ਮਨੁੱਖ ਦੀ ਬੰਦਗੀ ਸ਼ੁਰੂ ਨਹੀਂ ਹੁੰਦੀ ਹੈ। ਮਨੁੱਖ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਕੇਵਲ ਪੂਰਨ ਸੰਤ ਸਤਿਗੁਰੂ ਹੀ ਕਰਵਾ ਸਕਦਾ ਹੈ। ਮਨੁੱਖ ਦੀ ਸੁਰਤਿ ਵਿੱਚ 'ਸਤਿ' ਨਾਮ ਦਾ ਗੁਰਪ੍ਰਸਾਦਿ ਕੇਵਲ ਪੂਰਨ ਸੰਤ ਸਤਿਗੁਰੂ ਦੀ ਕਿਰਪਾ ਨਾਲ ਹੀ ਉੱਕਰਿਆ ਜਾ ਸਕਦਾ ਹੈ। ਮਨੁੱਖੀ ਮਨ ਦੀ ਭਟਕਣ ਉਦੋਂ ਤੱਕ ਸ਼ਾਂਤ ਨਹੀਂ ਹੁੰਦੀ ਹੈ ਜਦੋਂ ਤੱਕ ਮਨੁੱਖ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਨਹੀਂ ਹੋ ਜਾਂਦਾ ਹੈ। ਆਮ ਮਨੁੱਖ (ਜਿਨ੍ਹਾਂ ਦੀ ਸੁਰਤਿ

ਅਤੇ ਸ਼ਬਦ ਦਾ ਸੁਮੇਲ ਨਹੀਂ ਹੁੰਦਾ ਹੈ) ਜਦੋਂ ਸਿਮਰਨ ਵਿੱਚ ਬੈਠਦੇ ਹਨ ਤਾਂ ਉਹ ਇਹ ਸ਼ਿਕਾਇਤ ਕਰਦੇ ਹਨ ਕਿ ਜਦ ਉਹ ਸਿਮਰਨ ਕਰਨ ਦਾ ਯਤਨ ਕਰਦੇ ਹਨ ਤਾਂ ਉਨ੍ਹਾਂ ਦੇ ਮਨ ਦੀ ਭਟਕਣ ਸ਼ਾਂਤ ਨਹੀਂ ਹੁੰਦੀ ਹੈ। ਆਮ ਮਨੁੱਖ (ਜਿਨ੍ਹਾਂ ਦੀ ਸੁਰਤਿ ਅਤੇ ਸ਼ਬਦ ਦਾ ਸੁਮੇਲ ਨਹੀਂ ਹੁੰਦਾ ਹੈ) ਜਦੋਂ ਸਿਮਰਨ ਵਿੱਚ ਬੈਠਦੇ ਹਨ ਤਾਂ ਉਹ ਇਹ ਸ਼ਿਕਾਇਤ ਕਰਦੇ ਹਨ ਕਿ ਜਦ ਉਹ ਸਿਮਰਨ ਕਰਨ ਦਾ ਯਤਨ ਕਰਦੇ ਹਨ ਤਾਂ ਉਨ੍ਹਾਂ ਦਾ ਮਨ ਸਿਮਰਨ ਵਿੱਚ ਇਕਾਗਰ ਨਹੀਂ ਹੁੰਦਾ ਹੈ। ਐਸੇ ਮਨੁੱਖ ਜਿਨ੍ਹਾਂ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਨਹੀਂ ਹੁੰਦੀ ਹੈ ਉਨ੍ਹਾਂ ਦਾ ਮਨ ਕਦੇ ਇਕਾਗਰ ਨਹੀਂ ਹੁੰਦਾ ਹੈ। ਐਸੇ ਮਨੁੱਖ ਜਿਨ੍ਹਾਂ ਨੂੰ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਦੀ ਪ੍ਰਾਪਤੀ ਨਹੀਂ ਹੁੰਦੀ ਹੈ ਉਨ੍ਹਾਂ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਨਹੀਂ ਹੋ ਸਕਦਾ ਹੈ। ਇਸ ਲਈ ਐਸੇ ਮਨੁੱਖਾਂ ਦਾ ਮਨ ਸਿਮਰਨ ਵਿੱਚ ਇਕਾਗਰ ਨਹੀਂ ਹੁੰਦਾ ਹੈ ਅਤੇ ਨਾ ਹੀ ਉਨ੍ਹਾਂ ਦੇ ਮਨ ਦੀ ਭਟਕਣ ਸ਼ਾਂਤ ਹੁੰਦੀ ਹੈ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥
ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥
ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥
ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ ਜਨ ਨਾਨਕ ਨਾਮੁ ਪਰਗਾਸਿ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦}

ਐਸੇ ਮਨੁੱਖ ਜਿਨ੍ਹਾਂ ਨੂੰ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਪ੍ਰਾਪਤ ਨਹੀਂ ਹੁੰਦੀ ਹੈ ਉਨ੍ਹਾਂ ਮਨੁੱਖਾਂ ਦਾ ਜੀਵਨ ਫਿਟਕਾਰ ਯੋਗ ਹੁੰਦਾ ਹੈ। ਐਸੇ ਮਨੁੱਖਾਂ ਜਾ ਜੀਵਨ ਲਾਹਨਤਾਂ ਨਾਲ ਭਰਪੂਰ ਹੈ ਜਿਨ੍ਹਾਂ ਨੂੰ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਕਿਉਂਕਿ ਐਸੇ ਮਨੁੱਖਾਂ ਦਾ ਜੀਵਨ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੀ ਗ਼ੁਲਾਮੀ ਵਿੱਚ ਹੁੰਦਾ ਹੈ। ਜਿਨ੍ਹਾਂ ਮਨੁੱਖਾਂ ਨੂੰ 'ਸਤਿ' ਨਾਮ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਨਹੀਂ ਹੁੰਦੀ ਹੈ ਉਹ ਮਨੁੱਖ ਬਦ-ਕਿਸਮਤ ਹਨ। ਐਸੇ ਮਨੁੱਖ ਜਿਨ੍ਹਾਂ ਨੂੰ 'ਸਤਿ' ਨਾਮ ਦੇ ਪਰਮ ਸ਼ਕਤੀਸ਼ਾਲੀ ਰਸ ਦੀ ਪ੍ਰਾਪਤੀ ਨਹੀਂ ਹੁੰਦੀ ਹੈ ਉਨ੍ਹਾਂ ਦਾ ਜੀਵਨ ਵਿਅਰਥ ਹੈ ਅਤੇ ਉਨ੍ਹਾਂ ਨੂੰ ਜਮਾਂ ਦੀ ਮਾਰ ਪੈਂਦੀ ਹੈ। ਐਸੇ ਮਨੁੱਖ ਜਿਨ੍ਹਾਂ ਨੂੰ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਦੀ ਪ੍ਰਾਪਤੀ ਹੋ ਜਾਂਦੀ ਹੈ ਉਨ੍ਹਾਂ ਦਾ ਜੀਵਨ ਧੰਨ ਧੰਨ ਹੋ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਧੰਨ ਧੰਨ ਹੈ ਜਿਸ ਵਿੱਚ ਜਾ ਕੇ ਮਨੁੱਖ ਦੇ ਮਨ ਵਿੱਚ 'ਸਤਿ' ਨਾਮ ਦੇ ਮਹਾ ਰਸ (ਪਰਮ ਸ਼ਕਤੀਸ਼ਾਲੀ ਰਸ) ਦਾ ਪ੍ਰਕਾਸ਼ ਹੋ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਧੰਨ ਧੰਨ ਹੈ ਜਿਸ ਵਿੱਚ ਜਾ ਕੇ ਮਨੁੱਖ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਧੰਨ ਧੰਨ ਹੈ ਜਿਸ ਵਿੱਚ ਜਾ ਕੇ ਮਨੁੱਖ ਦੀ ਸੁਰਤਿ ਵਿੱਚ 'ਸਤਿ' ਨਾਮ ਦਾ ਸ਼ਬਦ ਉੱਕਰਿਆ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਧੰਨ ਧੰਨ ਹੈ ਜਿਸ ਵਿੱਚ ਜਾ ਕੇ ਮਨੁੱਖ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਐਸੇ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਧੰਨ ਧੰਨ ਹੈ ਜਿਸ ਵਿੱਚ ਜਾ ਕੇ ਮਨੁੱਖ ਨੂੰ ਬੰਦਗੀ ਦੀ ਪ੍ਰਾਪਤੀ ਹੁੰਦੀ ਹੈ। ਐਸੇ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਧੰਨ ਧੰਨ ਹੈ ਜਿਸ ਵਿੱਚ ਜਾ ਕੇ ਮਨੁੱਖ ਦੀ ਸੁਰਤਿ ਵਿੱਚ 'ਸਤਿ' ਨਾਮ ਉੱਕਰਿਆ ਜਾਂਦਾ

ਹੈ। ਐਸੇ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਧੰਨ ਧੰਨ ਹੈ ਜਿਸ ਵਿੱਚ ਜਾ ਕੇ ਮਨੁੱਖ ਦਾ ਮਨ 'ਸਤਿ' ਨਾਮ ਦੇ ਵਿੱਚ ਇਕਾਗਰ ਹੋ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਧੰਨ ਧੰਨ ਹੈ ਜਿਸ ਵਿੱਚ ਜਾ ਕੇ ਮਨੁੱਖੀ ਮਨ ਦੀ ਭਟਕਣਾ ਮਿਟ ਜਾਂਦੀ ਹੈ ਅਤੇ ਮਨ ਸ਼ਾਂਤ ਹੋ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਕੇਵਲ ਉਸ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ ਜਿਸ ਦੇ ਭਾਗ ਜਾਗ ਪੇਂਦੇ ਹਨ। ਐਸੇ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਕੇਵਲ ਉਸ ਮਨੁੱਖ ਨੂੰ ਪ੍ਰਾਪਤ ਹੁੰਦੀ ਹੈ ਜਿਸ ਦੇ ਪੂਰਬਲੇ ਜਨਮਾਂ ਦੇ ਅੰਕੁਰ ਪ੍ਰਗਟ ਹੋ ਜਾਂਦੇ ਹਨ। ਭਾਵ ਜਿਸ ਦੇ ਪੂਰਬਲੇ ਜਨਮਾਂ ਦੀ ਭਗਤੀ ਦੀ ਕਮਾਈ ਉਜਾਗਰ ਹੋ ਜਾਂਦੀ ਹੈ ਉਸ ਮਨੁੱਖ ਨੂੰ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਦੀ ਪ੍ਰਾਪਤੀ ਹੋ ਜਾਂਦੀ ਹੈ। ਇਹ ਪੂਰਨ ਸਤਿ ਹੈ ਕਿ ਪੂਰਨ ਸੰਤ ਸਤਿਗੁਰੂ ਅਤੇ ਪੂਰਨ ਬ੍ਰਹਮ ਗਿਆਨੀ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਕੋਈ ਅੰਤਰ ਨਹੀਂ ਹੁੰਦਾ ਹੈ। ਇਸ ਪਰਮ ਸਤਿ ਨੂੰ ਗੁਰਬਾਣੀ ਵਿੱਚ ਬਾਰ-ਬਾਰ ਪ੍ਰਗਟ ਕੀਤਾ ਗਿਆ ਹੈ। ਇਸ ਲਈ ਪੂਰਨ ਸੰਤ ਸਤਿਗੁਰੂ ਦੀ ਸੰਗਤ ਮਨੁੱਖ ਨੂੰ ਧੰਨ ਧੰਨ ਕਰ ਦਿੰਦੀ ਹੈ।

ਜਿਨ੍ਹਾਂ ਮਨੁੱਖਾਂ ਨੂੰ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਨਹੀਂ ਹੁੰਦੀ ਹੈ ਉਨ੍ਹਾਂ ਮਨੁੱਖਾਂ ਨੂੰ ਆਪਣਾ ਧਿਆਨ ਸਤਿ ਕਰਮਾਂ ਉੱਪਰ ਕੇਂਦਰਿਤ ਕਰਨਾ ਚਾਹੀਦਾ ਹੈ। ਐਸੇ ਮਨੁੱਖਾਂ ਨੂੰ ਨਿਮਰਤਾ ਦੀ ਕਮਾਈ ਉੱਪਰ ਆਪਣਾ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਲਈ ਨਿਮਰਤਾ ਭਾਵਨਾ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਚਰਨਾਂ ਉੱਪਰ ਅਰਦਾਸ ਕਰਨੀ ਚਾਹੀਦੀ ਹੈ। ਸਤੋ ਬਿਰਤੀ ਉੱਪਰ ਧਿਆਨ ਕੇਂਦਰਿਤ ਕਰਨ ਨਾਲ ਮਨੁੱਖ ਦੇ ਸਤਿ ਕਰਮ ਇਕੱਤਰ ਹੁੰਦੇ ਹਨ। ਸਤਿ ਕਰਮਾਂ ਦੇ ਇਕੱਤਰ ਹੋਣ ਨਾਲ ਮਨੁੱਖ ਦੀ ਬਿਰਤੀ ਸਤੋ ਬਿਰਤੀ ਬਣ ਜਾਂਦੀ ਹੈ। ਸਤੋ ਬਿਰਤੀ ਵਾਲੇ ਮਨੁੱਖਾਂ ਉੱਪਰ ਗੁਰ ਕਿਰਪਾ ਵਰਤਦੀ ਹੈ ਜਿਸ ਦੇ ਨਾਲ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਨਿਮਰਤਾ ਦੀ ਕਮਾਈ ਕਰਨ ਨਾਲ ਗੁਰ ਕਿਰਪਾ ਵਰਤਦੀ ਹੈ ਜਿਸ ਦੇ ਨਾਲ ਪੂਰਨ ਸੰਤ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਇਸ ਪਰਮ ਸਤਿ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦)

ਪੂਰਨ ਸੰਤ ਸਤਿਗੁਰੂ ਦੀ ਮਹਿਮਾ ਬੇਅੰਤ ਹੈ। ਪੂਰਨ ਸੰਤ ਸਤਿਗੁਰੂ ਦੀ ਮਹਿਮਾ ਪਰਮ ਸ਼ਕਤੀਸ਼ਾਲੀ ਹੈ। ਪੂਰਨ ਸੰਤ ਸਤਿਗੁਰੂ ਦੀ ਮਹਿਮਾ ਅਪਾਰ ਹੈ। ਪੂਰਨ ਸੰਤ ਸਤਿਗੁਰੂ ਦੀ ਮਹਿਮਾ ਦਾ ਕੋਈ ਅੰਤ ਨਹੀਂ ਹੈ। ਪੂਰਨ ਸੰਤ ਸਤਿਗੁਰੂ ਦੀ ਮਹਿਮਾ ਗੁਰਬਾਣੀ ਵਿੱਚ ਬਾਰ-ਬਾਰ ਪ੍ਰਗਟ ਕੀਤੀ ਗਈ ਹੈ। ਸਾਰੀ ਗੁਰਬਾਣੀ ਕੇਵਲ ਪੂਰਨ ਸੰਤਾਂ, ਸਤਿਗੁਰੂਆਂ, ਪੂਰਨ ਬ੍ਰਹਮ ਗਿਆਨੀਆਂ ਅਤੇ ਭਗਤਾਂ ਦੀ ਮਹਿਮਾ ਹੀ ਹੈ। ਪੂਰਨ ਸੰਤ, ਸਤਿਗੁਰੂ, ਬ੍ਰਹਮ ਗਿਆਨੀ ਅਤੇ ਪੂਰਨ ਖ਼ਾਲਸਾ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਸਭ ਤੋਂ ਵੱਡੀ ਮਹਿਮਾ ਹੈ। ਪੂਰਨ ਸੰਤ, ਸਤਿਗੁਰੂ, ਬ੍ਰਹਮ ਗਿਆਨੀ ਅਤੇ ਖ਼ਾਲਸਾ ਜਦ ਧਰਤੀ ਉੱਪਰ ਪ੍ਰਗਟ ਹੁੰਦਾ ਹੈ ਤਾਂ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਧਰਤੀ ਉੱਪਰ ਪ੍ਰਤੱਖ ਪ੍ਰਗਟ ਹੁੰਦੀ ਹੈ। ਪੂਰਨ ਸੰਤ, ਸਤਿਗੁਰੂ, ਬ੍ਰਹਮ ਗਿਆਨੀ ਅਤੇ ਖ਼ਾਲਸੇ ਦੀ ਸਤਿ ਸੰਗਤ

ਵਿੱਚ ਧਰਤੀ ਉੱਪਰ ਹੀ ਦਰਗਾਹ ਪ੍ਰਤੱਖ ਪ੍ਰਗਟ ਹੁੰਦੀ ਹੈ। ਪੂਰਨ ਸੰਤ, ਸਤਿਗੁਰੂ, ਬ੍ਰਹਮ ਗਿਆਨੀ ਅਤੇ ਖ਼ਾਲਸੇ ਦੀ ਸਤਿ ਸੰਗਤ ਵਿੱਚ ਜਦ ਸੁਹਾਗਣਾਂ ਦਾ ਜਨਮ ਹੁੰਦਾ ਹੈ ਤਾਂ ਧਰਤੀ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਪ੍ਰਤੱਖ ਪ੍ਰਗਟ ਹੁੰਦੀ ਹੈ। ਸੁਹਾਗਣਾਂ ਦਾ ਜਨਮ ਕੇਵਲ ਪੂਰਨ ਸੰਤ, ਸਤਿਗੁਰੂ, ਬ੍ਰਹਮ ਗਿਆਨੀ ਅਤੇ ਪੂਰਨ ਖ਼ਾਲਸੇ ਦੀ ਸਤਿ ਸੰਗਤ ਵਿੱਚ ਹੀ ਹੁੰਦਾ ਹੈ। ਸਾਰੀ ਗੁਰਬਾਣੀ ਵਿੱਚ ਲਗ ਭਗ ੨੫੦੦ ਤੋਂ ਵੱਧ ਸਲੋਕ ਹਨ ਜਿਨ੍ਹਾਂ ਵਿੱਚ ਪੂਰਨ ਸਤਿਗੁਰੂ ਦੀ ਮਹਿਮਾ ਨੂੰ ਪ੍ਰਗਟ ਕੀਤਾ ਗਿਆ ਹੈ:

ਸਿਰੀਰਾਗੁ ਮਹਲਾ ੩ ॥
ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥
ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥
ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥
ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੮}

ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥
ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ ॥
ਹਉ ਗੁਰ ਸਰਣਾਈ ਢਹਿ ਪਵਾ ਕਰਿ ਦਇਆ ਮੇਲੇ ਪ੍ਰਭੁ ਸੋਇ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੯}

ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥
ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥
ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥
ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ ॥੧॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬}

ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ ॥
ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ ॥
ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ ॥੧॥
ਮੇਰੇ ਮਨ ਪ੍ਰਭ ਸਰਣਾਈ ਪਾਇ ॥
ਹਰਿ ਬਿਨੁ ਦੂਜਾ ਕੋ ਨਹੀ ਏਕੋ ਨਾਮੁ ਧਿਆਇ ॥੧॥ ਰਹਾਉ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬}

ਸਲੋਕ ਮਃ ੩ ॥
ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥

ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥
ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥
ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥
ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੯}

ਬਿਨੁ ਸਤਿਗੁਰ ਦਾਤਾ ਕੋ ਨਹੀ ਜੋ ਹਰਿ ਨਾਮੁ ਦੇਇ ਆਧਾਰੁ ॥
ਗੁਰ ਕਿਰਪਾ ਤੇ ਨਾਉ ਮਨਿ ਵਸੈ ਸਦਾ ਰਹੈ ਉਰਿ ਧਾਰਿ ॥
ਤਿਸਨਾ ਬੁਝੈ ਤਿਪਤਿ ਹੋਇ ਹਰਿ ਕੈ ਨਾਇ ਪਿਆਰਿ ॥
ਨਾਨਕ ਗੁਰਮੁਖਿ ਪਾਈਐ ਹਰਿ ਅਪਨੀ ਕਿਰਪਾ ਧਾਰਿ ॥੩੫॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੧੭)

ਸਲੋਕੁ ਮਃ ੩ ॥
ਕਲਿਜੁਗ ਮਹਿ ਨਾਮੁ ਨਿਧਾਨੁ ਭਗਤੀ ਖਟਿਆ ਹਰਿ ਉਤਮ ਪਦੁ ਪਾਇਆ ॥
ਸਤਿਗੁਰ ਸੇਵਿ ਹਰਿ ਨਾਮੁ ਮਨਿ ਵਸਾਇਆ ਅਨਦਿਨੁ ਨਾਮੁ ਧਿਆਇਆ ॥
ਵਿਚੇ ਗ੍ਰਿਹ ਗੁਰ ਬਚਨਿ ਉਦਾਸੀ ਹਉਮੈ ਮੋਹੁ ਜਲਾਇਆ ॥
ਆਪਿ ਤਰਿਆ ਕੁਲ ਜਗਤੁ ਤਰਾਇਆ ਧੰਨੁ ਜਣੇਦੀ ਮਾਇਆ ॥
ਐਸਾ ਸਤਿਗੁਰੁ ਸੋਈ ਪਾਏ ਜਿਸੁ ਧੁਰਿ ਮਸਤਕਿ ਹਰਿ ਲਿਖਿ ਪਾਇਆ ॥
ਜਨ ਨਾਨਕ ਬਲਿਹਾਰੀ ਗੁਰ ਆਪਣੇ ਵਿਟਹੁ ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥੧॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੧੩}

ਬਿਨੁ ਸਤਿਗੁਰ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥
ਜਨ ਨਾਨਕ ਨਾਮੁ ਅਰਾਧਿਆ ਗੁਰ ਕੈ ਹੇਤਿ ਪਿਆਰਿ ॥੩੯॥ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੧੭}

ਇਸ ਲਈ ਇਸ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ ਕਿ ਪੂਰਨ ਸਤਿਗੁਰੂ ਦੀ ਸੰਗਤ ਤੋਂ ਬਿਨਾਂ ਗੁਰਪ੍ਰਸਾਦਿ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ। ਪੂਰਨ ਸਤਿਗੁਰੂ ਦੀ ਸੰਗਤ ਤੋਂ ਬਿਨਾਂ ਬੰਦਗੀ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਪੂਰਨ ਸਤਿਗੁਰੂ ਦੀ ਸੰਗਤ ਤੋਂ ਬਿਨਾਂ ਸੁਹਾਗ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਪੂਰਨ ਸਤਿਗੁਰੂ ਦੀ ਸੰਗਤ ਤੋਂ ਬਿਨਾਂ ਮਨੁੱਖ ਦੀ ਤ੍ਰਿਸ਼ਣਾ ਦਾ ਅੰਤ ਨਹੀਂ ਹੋ ਸਕਦਾ ਹੈ। ਪੂਰਨ ਸਤਿਗੁਰੂ ਦੀ ਸੰਗਤ ਤੋਂ ਬਿਨਾਂ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨੂੰ ਨਹੀਂ ਜਿੱਤਿਆ ਜਾ ਸਕਦਾ ਹੈ। ਪੂਰਨ ਸਤਿਗੁਰੂ ਦੀ ਸੰਗਤ ਤੋਂ ਬਿਨਾਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਹੈ। ਪੂਰਨ ਸਤਿਗੁਰੂ ਦੀ ਸੰਗਤ ਤੋਂ ਬਿਨਾਂ ਜੀਵਨ ਮੁਕਤੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਹੈ।

■

ਅਨੰਦੁ ਸਾਹਿਬ-ਪਉੜੀ ੩੩

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ ॥
ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥
ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥
ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥
ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ
ਤਾ ਤੂ ਜਗ ਮਹਿ ਆਇਆ ॥੩੩॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੧}

ਮਨੁੱਖੀ ਜਨਮ ਜੀਵਨ ਦਾ ਆਧਾਰ ਪਰਮ ਜੋਤ ਹੈ। ਮਨੁੱਖਾ ਜਨਮ ਜੀਵਨ ਦਾ ਸਾਰ ਪਰਮ ਜੋਤ ਦੀ ਪਰਮ ਸ਼ਕਤੀ ਹੀ ਹੈ। ਜਨਮ ਪਦਾਰਥ ਪਰਮ ਜੋਤ ਹੀ ਹੈ। ਜਨਮ ਪਦਾਰਥ ਦੀ ਪ੍ਰਾਪਤੀ ਪਰਮ ਜੋਤ ਦੀ ਪ੍ਰਾਪਤੀ ਹੀ ਹੈ। ਪਰਮ ਜੋਤ ਵਿੱਚ ਹੀ ਪਰਮ ਸ਼ਕਤੀ ਹੈ। ਪਰਮ ਜੋਤ ਵਿੱਚ ਹੀ ਸਤਿ ਪਾਰਬ੍ਰਹਮ ਦੇ ਨਿਰਗੁਣ ਸਰੂਪ ਦੀਆਂ ਸਾਰੀਆਂ ਪਰਮ ਸ਼ਕਤੀਆਂ ਹਨ। ਮਨੁੱਖਾ ਦੇਹੀ ਵਿੱਚ ਪਰਮ ਜੋਤ ਨੂੰ ਸਥਾਪਿਤ ਕਰ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਸਾਰੀਆਂ ਪਰਮ ਸ਼ਕਤੀਆਂ ਮਨੁੱਖਾ ਦੇਹੀ ਵਿੱਚ ਰੱਖ ਦਿੱਤੀਆਂ ਹਨ। ਪਰਮ ਜੋਤ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਪਰਮ ਸ਼ਕਤੀਸ਼ਾਲੀ ਹੁਕਮ ਹੈ ਜਿਸ ਹੁਕਮ ਦੇ ਅਨੁਸਾਰ ਮਨੁੱਖ ਦਾ ਜਨਮ ਹੁੰਦਾ ਹੈ। ਪਰਮ ਜੋਤ ਦੀ ਪਰਮ ਸ਼ਕਤੀ ਤੋਂ ਬਿਨਾਂ ਮਨੁੱਖ ਦਾ ਜਨਮ ਸੰਭਵ ਨਹੀਂ ਹੈ। ਮਨੁੱਖਾ ਦੇਹੀ ਦੀ ਰਚਨਾ ਪਰਮ ਜੋਤ ਦੇ ਪਰਮ ਸ਼ਕਤੀਸ਼ਾਲੀ ਹੁਕਮ ਤੋਂ ਬਿਨਾਂ ਸੰਭਵ ਨਹੀਂ ਹੈ। ਸਾਰੀਆਂ ਸੰਸਾਰਿਕ ਵਸਤੂਆਂ ਦੀ ਰਚਨਾ ਪੰਜ ਤੱਤਾਂ ਦੇ ਨਾਲ ਹੀ ਹੁੰਦੀ ਹੈ। ਮਨੁੱਖਾ ਦੇਹੀ ਵੀ ਪੰਚ ਭੂਤਕ ਹੈ। ਭਾਵ ਮਨੁੱਖਾ ਦੇਹੀ ਦੀ ਰਚਨਾ ਪੰਜ ਤੱਤਾਂ ਦੇ ਮੇਲ ਨਾਲ ਹੁੰਦੀ ਹੈ: ਹਵਾ, ਪਾਣੀ, ਧਰਤੀ, ਅਗਨੀ ਅਤੇ ਆਕਾਸ਼। ਇਹ ਪੰਜ ਤੱਤ ਇੱਕ ਦੂਜੇ ਦੇ ਵਿਰੋਧੀ ਤੱਤ ਹਨ। ਇਨ੍ਹਾਂ ਪੰਜ ਤੱਤਾਂ ਦਾ ਸੁਭਾਅ ਇੱਕ ਦੂਜੇ ਦਾ ਵਿਰੋਧੀ ਹੈ। ਉਦਾਹਰਣ ਦੇ ਤੌਰ 'ਤੇ: ਹਵਾ ਅਗਨੀ ਨੂੰ ਪ੍ਰਜ੍ਵਲਿਤ ਕਰਦੀ ਹੈ; ਪਾਣੀ ਅਗਨੀ ਨੂੰ ਬੁਝਾਉਂਦਾ ਹੈ; ਹਵਾ ਨਾਲ ਪਾਣੀ ਉੱਡ ਜਾਂਦਾ ਹੈ; ਧਰਤੀ (ਮਿੱਟੀ) ਪਾਣੀ ਵਿੱਚ ਆਪਣਾ ਰੂਪ ਬਦਲ ਲੈਂਦੀ ਹੈ; ਆਕਾਸ਼ ਸਦਾ ਧਰਤੀ ਦੇ ਉੱਪਰ ਜਾਂ ਅੰਦਰ ਹੁੰਦਾ ਹੈ। ਇਹ ਪਰਮ ਜੋਤ ਦਾ ਪਰਮ ਸ਼ਕਤੀਸ਼ਾਲੀ ਹੁਕਮ ਹੈ ਜੋ ਕਿ ਇਨ੍ਹਾਂ ਪੰਜ ਵਿਰੋਧੀ ਤੱਤਾਂ ਨੂੰ ਇਕੱਤਰ ਕਰ ਕੇ ਮਨੁੱਖਾ ਦੇਹੀ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ। ਇਹ ਪਰਮ ਜੋਤ ਦੀ ਪਰਮ ਸ਼ਕਤੀ ਹੈ ਜੋ ਕਿ ਇਨ੍ਹਾਂ ਪੰਜ ਵਿਰੋਧੀ ਤੱਤਾਂ ਨੂੰ ਮਨੁੱਖਾ ਦੇਹੀ ਦੇ ਰੂਪ ਵਿੱਚ ਪ੍ਰਗਟ ਕਰਦੀ ਹੈ।

ਇਹ ਪਰਮ ਸਤਿ ਹੈ ਕਿ ਮਨੁੱਖਾ ਦੇਹੀ ਵਿੱਚ ਸਥਾਪਿਤ ਪਰਮ ਜੋਤ ਹੀ ਮਨੁੱਖ ਦੇ ਪ੍ਰਾਣ ਹਨ। ਸੁਆਸ ਲੈਣ ਦੀ ਸ਼ਕਤੀ ਹੀ ਪ੍ਰਾਣ ਸ਼ਕਤੀ ਹੈ। ਭਾਵ ਮਨੁੱਖ ਸੁਆਸ ਲੈਂਦਾ ਹੈ ਤਾਂ ਮਨੁੱਖਾ

ਦੇਹੀ ਜੀਵਤ ਰਹਿੰਦੀ ਹੈ। ਮਨੁੱਖ ਦੀ ਸੁਆਸ ਲੈਣ ਦੀ ਸ਼ਕਤੀ ਦਾ ਆਧਾਰ ਕੇਵਲ ਪਰਮ ਜੋਤ ਹੀ ਹੈ। ਜਦ ਤੱਕ ਮਨੁੱਖਾ ਦੇਹੀ ਵਿੱਚ ਪਰਮ ਜੋਤ ਸਥਾਪਿਤ ਹੈ ਤਦ ਤੱਕ ਮਨੁੱਖਾ ਦੇਹੀ ਵਿੱਚ ਸੁਆਸ ਲੈਣ ਦੀ ਸ਼ਕਤੀ ਮੌਜੂਦ ਰਹਿੰਦੀ ਹੈ। ਜਦ ਪਰਮ ਜੋਤ ਮਨੁੱਖਾ ਦੇਹੀ ਦਾ ਤਿਆਗ ਕਰਦੀ ਹੈ ਤਾਂ ਮਨੁੱਖ ਦੀ ਸੁਆਸ ਲੈਣ ਦੀ ਸ਼ਕਤੀ ਦਾ ਅੰਤ ਹੋ ਜਾਂਦਾ ਹੈ। ਐਸਾ ਹੋਣ ਨਾਲ ਮਨੁੱਖਾ ਦੇਹੀ ਵਿੱਚੋਂ ਪ੍ਰਾਣ ਸ਼ਕਤੀ ਨਿਕਲ ਜਾਂਦੀ ਹੈ ਅਤੇ ਮਨੁੱਖ ਦੇ ਜਨਮ ਜੀਵਨ ਦਾ ਅੰਤ ਹੋ ਜਾਂਦਾ ਹੈ। ਇਸ ਲਈ ਮਨੁੱਖਾ ਦੇਹੀ ਵਿੱਚ ਜਦ ਤੱਕ ਪਰਮ ਜੋਤ ਹੈ ਤਦ ਤੱਕ ਜੀਵਨ ਹੈ ਜਦੋਂ ਪਰਮ ਜੋਤ ਮਨੁੱਖਾ ਦੇਹੀ ਦਾ ਤਿਆਗ ਕਰਦੀ ਹੈ ਤਾਂ ਮਨੁੱਖ ਦੇ ਜੀਵਨ ਜਨਮ ਦਾ ਅੰਤ ਹੋ ਜਾਂਦਾ ਹੈ। ਪੰਜ ਭੂਤਕ ਦੇਹੀ ਵਿੱਚੋਂ ਜੀਵਨ ਜੋਤ ਦੇ ਨਿਕਲ ਜਾਣ ਦੇ ਨਾਲ ਹੀ ਪੰਜ ਤੱਤ ਆਪਣੀ ਹੋਂਦ ਵਿੱਚ ਜਾ ਸਮਾਉਂਦੇ ਹਨ। ਇਹ ਪਰਮ ਸਤਿ ਹੈ ਕਿ ਪੰਜ ਤੱਤਾਂ ਦੇ ਨਾਲ ਹੋਈ ਹਰ ਇੱਕ ਰਚਨਾ ਦਾ ਅੰਤ ਨਿਸ਼ਚਿਤ ਹੈ। ਪੰਜ ਤੱਤਾਂ ਤੋਂ ਸਿਰਜੀ ਗਈ ਹਰ ਇੱਕ ਵਸਤੂ ਦਾ ਵਿਨਾਸ਼ ਨਿਸ਼ਚਿਤ ਹੈ। ਪੰਜ ਤੱਤਾਂ ਤੋਂ ਸਿਰਜੀ ਗਈ ਹਰ ਇੱਕ ਵਸਤੂ ਕਾਲ ਵਿੱਚ ਜਨਮ ਲੈਂਦੀ ਹੈ ਅਤੇ ਕਾਲ ਦੇ ਮੁਖ ਵਿੱਚ ਸਮਾ ਜਾਂਦੀ ਹੈ।

ਮਨੁੱਖਾ ਦੇਹੀ ਵਿੱਚ ਸਥਾਪਿਤ ਸਾਰੀਆਂ ਸ਼ਕਤੀਆਂ ਦਾ ਆਧਾਰ ਵੀ ਪਰਮ ਜੋਤ ਹੀ ਹੈ। ਮਨੁੱਖਾ ਦੇਹੀ ਨੂੰ ਬਖ਼ਸ਼ੀਆਂ ਗਈਆਂ ਪੰਜ ਕਲਾਵਾਂ, ਪੰਜ ਗਿਆਨ ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਦਾ ਆਧਾਰ ਪਰਮ ਜੋਤ ਹੀ ਹੈ। ਮਨੁੱਖਾ ਦੇਹੀ ਵਿੱਚ ਕਰਮ ਕਰਨ ਦੀ ਸ਼ਕਤੀ ਦਾ ਆਧਾਰ ਕੇਵਲ ਪਰਮ ਜੋਤ ਦੀ ਪਰਮ ਸ਼ਕਤੀ ਹੀ ਹੈ। ਪੰਜ ਕਲਾਵਾਂ ਹਨ: ਬੋਲਣ ਦੀ ਸ਼ਕਤੀ; ਦੇਖਣ ਦੀ ਸ਼ਕਤੀ; ਸੁਣਨ ਦੀ ਸ਼ਕਤੀ; ਸੁੰਘਣ ਦੀ ਸ਼ਕਤੀ ਅਤੇ ਮਹਿਸੂਸ ਕਰਨ ਦੀ ਸ਼ਕਤੀ ਹੈ। ਇਨ੍ਹਾਂ ਪੰਜ ਕਲਾਵਾਂ ਦੇ ਨਾਲ ਹੀ ਨਰ ਅਤੇ ਨਾਰੀ ਦੇ ਮਿਲਣ ਨਾਲ ਮਨੁੱਖਾ ਦੇਹੀ ਨੂੰ ਜਨਮ ਦੇਣ ਦੀ ਸ਼ਕਤੀ ਵੀ ਨਾਰੀ ਦੇ ਵਿੱਚ ਰੱਖੀ ਗਈ ਹੈ। ਪੰਜ ਗਿਆਨ ਇੰਦਰੀਆਂ ਹਨ: ਅੱਖਾਂ; ਕੰਨ; ਨਾਸਿਕਾ; ਰਸਨਾ ਅਤੇ ਤਵੱਚਾ। ਪੰਜ ਕਰਮ ਇੰਦਰੀਆਂ ਹਨ: ਦੋ ਹੱਥ, ਦੋ ਪੈਰ, ਮੁਖ, ਨਿਕਾਸ ਦੁਆਰ ਅਤੇ ਲਿੰਗ। ਪੰਜ ਕਲਾਵਾਂ ਦਾ ਆਧਾਰ ਕੇਵਲ ਪਰਮ ਜੋਤ ਹੀ ਹੈ। ਪੰਜ ਗਿਆਨ ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਦਾ ਆਧਾਰ ਵੀ ਕੇਵਲ ਪਰਮ ਜੋਤ ਹੀ ਹੈ। ਪੰਜ ਕਰਮ ਇੰਦਰੀਆਂ ਪੰਜ ਗਿਆਨ ਇੰਦਰੀਆਂ ਦੇ ਆਧਾਰ 'ਤੇ ਕਰਮ ਕਰਦੀਆਂ ਹਨ। ਪੰਜ ਗਿਆਨ ਇੰਦਰੀਆਂ ਦਾ ਆਧਾਰ ਪੰਜ ਕਲਾਵਾਂ ਦੀ ਸ਼ਕਤੀ ਹੈ। ਪੰਜ ਕਲਾਵਾਂ ਦੀਆਂ ਸ਼ਕਤੀਆਂ ਦਾ ਆਧਾਰ ਪਰਮ ਜੋਤ ਹੈ। ਪੰਜ ਕਲਾਵਾਂ, ਪੰਜ ਗਿਆਨ ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਦੇ ਨਾਲ ਮਨੁੱਖ ਦਾ ਸਾਰਾ ਜੀਵਨ ਚਲਦਾ ਹੈ। ਪੰਜ ਕਲਾਵਾਂ, ਪੰਜ ਗਿਆਨ ਇੰਦਰੀਆਂ ਅਤੇ ਪੰਜ ਕਰਮ ਇੰਦਰੀਆਂ ਦੇ ਨਾਲ ਮਨੁੱਖ ਸਾਰੇ ਮਾੜੇ-ਚੰਗੇ ਕਰਮਾਂ ਨੂੰ ਅੰਜਾਮ ਦਿੰਦਾ ਹੈ। ਭਾਵ ਮਨੁੱਖ ਦੀਆਂ ਸਾਰੀਆਂ ਸ਼ਕਤੀਆਂ ਦਾ ਆਧਾਰ ਕੇਵਲ ਮਨੁੱਖਾ ਦੇਹੀ ਵਿੱਚ ਸਥਾਪਿਤ ਪਰਮ ਜੋਤ ਹੀ ਹੈ।

ਮਨੁੱਖ ਦੀਆਂ ਅੱਖਾਂ ਵਿੱਚ ਸਥਾਪਿਤ, ਸੰਸਾਰ ਵਿੱਚ ਵਿਚਰ ਰਹੀ ਹਰ ਇੱਕ ਵਸਤੂ ਨੂੰ ਦੇਖਣ ਦੀ ਸ਼ਕਤੀ ਦਾ ਆਧਾਰ ਕੇਵਲ ਪਰਮ ਜੋਤ ਹੀ ਹੈ। ਅੱਖਾਂ ਦੇ ਡਾਕਟਰ ਤੋਂ ਪੁੱਛੋ ਤਾਂ ਕਹੇਗਾ ਕਿ ਅੱਖਾਂ ਔਪਟਿਕ ਨਰਵ (Optic Nerve) ਦੇ ਕਾਰਨ ਦੇਖਦੀਆਂ ਹਨ, ਔਪਟਿਕ ਨਰਵ (Optic Nerve) ਦਾ ਸੰਬੰਧ ਮਨੁੱਖੀ ਦਿਮਾਗ ਦੇ ਨਾਲ ਹੈ ਜਿੱਥੋਂ ਮਨੁੱਖ ਦੀਆਂ ਅੱਖਾਂ ਵਿੱਚ ਦੇਖਣ ਦੀ ਸ਼ਕਤੀ ਆਉਂਦੀ ਹੈ ਆਦਿ, ਪਰੰਤੂ ਜੇ ਕਰ ਤੁਸੀਂ ਡਾਕਟਰ ਤੋਂ ਇਹ ਸਵਾਲ ਕਰੋ ਕਿ ਦਿਮਾਗ ਵਿੱਚ ਜਿਹੜੀ ਦੇਖਣ ਦੀ ਸ਼ਕਤੀ ਹੈ ਉਸਦਾ ਕੀ ਆਧਾਰ ਹੈ ਤਾਂ ਉਸ ਕੋਲ ਇਸ ਦਾ ਕੋਈ ਜਵਾਬ ਨਹੀਂ ਹੈ। ਮਨੁੱਖ ਦੀ ਰਸਨਾ ਅਤੇ ਮੁਖ ਵਿੱਚ

ਸਥਾਪਿਤ ਬੋਲਣ ਦੀ ਸ਼ਕਤੀ ਦਾ ਆਧਾਰ ਕੇਵਲ ਪਰਮ ਜੋਤ ਹੀ ਹੈ। ਨਾਸਿਕਾ ਨਾਲ ਸੁੰਘਣ ਦੀ ਸ਼ਕਤੀ ਦਾ ਆਧਾਰ ਵੀ ਕੇਵਲ ਪਰਮ ਜੋਤ ਹੀ ਹੈ। ਤਵੱਚਾ ਦੇ ਸਪਰਸ਼ ਦੁਆਰਾ ਮਹਿਸੂਸ ਕਰਨ ਦੀ ਸ਼ਕਤੀ ਦਾ ਆਧਾਰ ਵੀ ਕੇਵਲ ਪਰਮ ਜੋਤ ਹੀ ਹੈ। ਕੰਨਾਂ ਦੇ ਨਾਲ ਸੁਣਨ ਦੀ ਸ਼ਕਤੀ ਦਾ ਆਧਾਰ ਵੀ ਕੇਵਲ ਪਰਮ ਜੋਤ ਹੀ ਹੈ। ਪੰਜ ਕਲਾਵਾਂ ਦੀਆਂ ਸ਼ਕਤੀਆਂ ਹੀ ਮਨੁੱਖੀ ਜੀਵਨ ਨੂੰ ਚਲਾਉਣ ਦਾ ਕੰਮ ਕਰਦੀਆਂ ਹਨ। ਮਨੁੱਖ ਵਿੱਚ ਸਥਾਪਿਤ ਕੀਤੀਆਂ ਗਈਆਂ ਪੰਜ ਕਲਾਵਾਂ ਦੀਆਂ ਸ਼ਕਤੀਆਂ ਨਾਲ ਹੀ ਸਾਰੇ ਸੰਸਾਰ ਦੀ ਲੋਕਾਈ ਦੇ ਕਾਰ-ਵਿਹਾਰ ਚਲਦੇ ਹਨ।

ਮਨੁੱਖ ਦੀਆਂ ਰਗਾਂ ਵਿੱਚ ਜੋ ਖੂਨ ਦੌੜਦਾ ਹੈ ਉਸ ਦੇ ਪਿੱਛੇ ਕਿਹੜੀ ਸ਼ਕਤੀ ਹੈ। ਮਨੁੱਖ ਦੇ ਦਿਲ ਦੀ ਧੜਕਣ (Heart Beat) ਕਿਹੜੀ ਸ਼ਕਤੀ ਦੇ ਨਾਲ ਚਲਦੀ ਹੈ। ਜੇ ਕਰ ਮਨੁੱਖੀ ਦਿਲ ਦੇ ਮਾਹਿਰ ਡਾਕਟਰ (Cardiologist) ਤੋਂ ਇਹ ਪ੍ਰਸ਼ਨ ਪੁੱਛਿਆ ਜਾਏ ਕਿ ਮਨੁੱਖ ਦੇ ਦਿਲ ਦੀ ਧੜਕਣ ਨੂੰ ਚਲਾਉਣ ਵਾਲੀ ਕਿਹੜੀ ਸ਼ਕਤੀ ਹੈ ਤਾਂ ਉਹ ਤਰਕ ਕਰੇਗਾ ਕਿ ਮਨੁੱਖ ਦੇ ਦਿਲ ਵਿੱਚ ਬਿਜਲੀ ਦੀ ਊਰਜਾ (Electrical Impulses) ਮੌਜੂਦ ਹੁੰਦੀ ਹੈ ਜੋ ਮਨੁੱਖ ਦੇ ਦਿਲ ਦੀ ਧੜਕਣ ਨੂੰ ਕਾਇਮ ਰੱਖਦੀ ਹੈ। ਇਸ ਸ਼ਕਤੀ ਦੇ ਨਾਲ ਮਨੁੱਖ ਦਾ ਦਿਲ ਖੂਨ ਨੂੰ ਸਾਰੀ ਦੇਹੀ ਵਿੱਚ ਭੇਜਦਾ ਹੈ। ਪਰੰਤੂ ਜੇਕਰ ਡਾਕਟਰ ਤੋਂ ਇਹ ਸਵਾਲ ਪੁੱਛਿਆ ਜਾਏ ਕਿ ਜੋ ਬਿਜਲੀ ਦੀ ਊਰਜਾ ਦਿਲ ਨੂੰ ਧੜਕਾਉਣ ਦਾ ਕਾਰਜ ਕਰਦੀ ਹੈ ਉਸ ਊਰਜਾ ਦਾ ਸਰੋਤ ਕੀ ਹੈ। ਇਹ ਬਿਜਲੀ ਦੀ ਊਰਜਾ ਮਨੁੱਖ ਦੇ ਦਿਲ ਵਿੱਚ ਕਿੱਥੋਂ ਆਉਂਦੀ ਹੈ। ਤਾਂ ਉਸ ਡਾਕਟਰ ਦੇ ਕੋਲ ਇਸ ਪ੍ਰਸ਼ਨ ਦਾ ਕੋਈ ਉੱਤਰ ਨਹੀਂ ਹੋਵੇਗਾ। ਕਿਉਂਕਿ ਉਹ ਸ਼ਕਤੀ ਜੋ ਕਿ ਦਿਲ ਦੀ ਧੜਕਣ ਕਾਇਮ ਰੱਖਦੀ ਹੈ ਉਹ ਪਰਮ ਸ਼ਕਤੀ ਪਰਮ ਜੋਤ ਹੈ ਅਤੇ ਡਾਕਟਰਾਂ ਨੂੰ ਪਰਮ ਜੋਤ ਦੀ ਪਰਮ ਸ਼ਕਤੀ ਦਾ ਗਿਆਨ ਅਨੁਭਵ ਨਹੀਂ ਹੈ। ਇਸ ਲਈ ਇਸ ਪਰਮ ਸਤਿ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਮਨੁੱਖੀ ਮਨਮਤਿ ਦੇ ਵਿੱਚੋਂ ਉਪਜ ਰਹੇ ਤਰਕ ਤੋਂ ਪਰੇ ਹਨ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪਰਮ ਸ਼ਕਤੀਸ਼ਾਲੀ ਹੁਕਮ ਦੇ ਅਨੁਸਾਰ ਮਨੁੱਖਾ ਦੇਹੀ ਵਿੱਚ ਸਥਾਪਿਤ ਸਾਰੀਆਂ ਪਰਮ ਸ਼ਕਤੀਆਂ ਨੂੰ ਉਹ ਮਨੁੱਖ ਹੀ ਅਨੁਭਵ ਕਰ ਸਕਦਾ ਹੈ ਜੋ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਅਦੁੱਤੀ ਹੋਂਦ ਉੱਪਰ ਪੂਰਨ ਭਰੋਸਾ ਕਰਦਾ ਹੈ। ਕੇਵਲ ਉਹ ਮਨੁੱਖ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ (ਜੋ ਮਨੁੱਖ ਦੀ ਦੇਹੀ ਦੇ ਅੰਦਰ ਹੀ ਸਥਾਪਿਤ ਹਨ) ਦਾ ਅਨੁਭਵ ਕਰਦਾ ਹੈ ਜੋ ਪੂਰਨ ਭਰੋਸੇ, ਪ੍ਰੀਤ ਅਤੇ ਸ਼ਰਧਾ ਦੇ ਨਾਲ ਉਸ ਦੀ ਸੇਵਾ ਕਰਦਾ ਹੈ। ਜਿੱਥੇ ਤੱਕ ਵਿਗਿਆਨ ਦੀ ਪਹੁੰਚ ਹੈ ਉੱਥੇ ਤੱਕ ਤਰਕ ਹੈ। ਬੰਦਗੀ ਤਰਕ ਤੋਂ ਪਰੇ ਹੈ। ਬੰਦਗੀ ਦਾ ਆਧਾਰ ਤਰਕ ਨਹੀਂ ਹੈ। ਬੰਦਗੀ ਦਾ ਆਧਾਰ ਕੇਵਲ ਭਰੋਸਾ, ਪ੍ਰੀਤ ਅਤੇ ਸ਼ਰਧਾ ਹੀ ਹੈ।

ਮਨੁੱਖ ਦੇ ਜਨਮ ਜੀਵਨ ਦਾ ਆਧਾਰ ਇਸ ਪਰਮ ਸ਼ਕਤੀਸ਼ਾਲੀ ਇਲਾਹੀ ਦਰਗਾਹੀ ਜੋਤ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਹੀ ਧੰਨ ਧੰਨ ਸਤਿਗੁਰੂ ਅਵਤਾਰ ਅਮਰ ਦਾਸ ਜੀ ਨੇ ਅਨੰਦ ਸਾਹਿਬ ਦੀ ਪਉੜੀ ੩੨ ਵਿੱਚ ਪ੍ਰਗਟ ਕੀਤੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੇ ਨਾਲ ਬੰਦਗੀ ਵਿੱਚ ਗਹਿਰੇ ਉਤਰ ਗਏ ਮਨੁੱਖ ਜੋ ਇਸ ਜੋਤ ਦਾ ਅਨੁਭਵ ਆਪਣੇ ਰੋਜ਼ਾਨਾ ਜੀਵਨ ਵਿੱਚ ਕਰਦੇ ਹਨ; ਉਨ੍ਹਾਂ ਮਹਾਂਪੁਰਖਾਂ ਲਈ ਇਹ ਜੋਤ ਪਰਮ ਜੋਤ ਬਣ ਕੇ ਪ੍ਰਗਟ ਹੋ ਜਾਂਦੀ ਹੈ। ਜਦੋਂ ਇਹ ਇਲਾਹੀ ਜੋਤ ਮਨੁੱਖ ਦੇ ਮਨ ਵਿੱਚ, ਹਿਰਦੇ ਵਿੱਚ ਪ੍ਰਗਟ ਹੋ ਜਾਂਦੀ ਹੈ ਤਾਂ ਇਹ ਪਰਮ ਜੋਤ ਦਾ ਰੂਪ ਧਾਰਨ ਕਰ ਲੈਂਦੀ ਹੈ। ਐਸੇ ਮਹਾਂਪੁਰਖ

ਜਿਨ੍ਹਾਂ ਵਿੱਚ ਇਹ ਪਰਮ ਜੋਤ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ; ਗੁਰਬਾਣੀ ਵਿੱਚ ਉਨ੍ਹਾਂ ਮਹਾਂਪੁਰਖਾਂ ਨੂੰ ਪ੍ਰਗਟਿਓ ਜੋਤ ਕਿਹਾ ਗਿਆ ਹੈ। ਇਹ ਜੋਤ ਹਰ ਇੱਕ ਮਨੁੱਖ ਦੇ ਹਿਰਦੇ ਵਿੱਚ ਸਥਾਪਿਤ ਹੈ। ਮਨੁੱਖ ਦਾ ਹਿਰਦਾ ਹੀ ਇਹ ਜੋਤ ਹੈ। ਇਹ ਜੋਤ ਕੇਵਲ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਨਾਲ ਹੀ ਪ੍ਰਗਟ ਕੀਤੀ ਜਾ ਸਕਦੀ ਹੈ। ਸਤਿਨਾਮ ਸਿਮਰਨ ਦੀ ਕਮਾਈ ਦੇ ਗੁਰਪ੍ਰਸਾਦਿ ਨਾਲ ਇਹ ਜੋਤ ਪ੍ਰਗਟ ਹੋ ਜਾਂਦੀ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਨ ਦੇ ਨਾਲ ਮਨੁੱਖ ਦੇ ਹਿਰਦੇ ਵਿੱਚ ਸਥਾਪਿਤ ਇਹ ਜੋਤ ਸਹਿਜੇ ਹੀ ਪ੍ਰਗਟ ਹੋ ਜਾਂਦੀ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਨ ਦੇ ਨਾਲ ਹੀ ਮਨੁੱਖ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਜਿੱਤ ਸਕਦਾ ਹੈ। ਮਾਇਆ ਨੂੰ ਜਿੱਤੇ ਬਗੈਰ ਇਹ ਇਲਾਹੀ ਜੋਤ ਮਨੁੱਖ ਦੇ ਹਿਰਦੇ ਵਿੱਚ ਪਰਮ ਜੋਤ ਦੇ ਪੂਰਨ ਰੂਪ ਵਿੱਚ ਪ੍ਰਗਟ ਨਹੀਂ ਹੋ ਸਕਦੀ ਹੈ। ਤ੍ਰੈ ਗੁਣ ਮਾਇਆ ਨੂੰ ਜਿੱਤੇ ਬਗੈਰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਪ੍ਰਾਪਤ ਨਹੀਂ ਹੁੰਦੇ ਹਨ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੋਣ ਨਾਲ ਹੀ ਪਰਮ ਜੋਤ ਮਨੁੱਖ ਦੇ ਹਿਰਦੇ ਵਿੱਚ ਪ੍ਰਤੱਖ ਪ੍ਰਗਟ ਹੋ ਜਾਂਦੀ ਹੈ। ਪਰਮ ਜੋਤ ਪੂਰਨ ਪ੍ਰਕਾਸ਼ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਸਤਿਗੁਰੂ ਅਵਤਾਰਾਂ ਨੇ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਈ ਹੈ:-

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩}

ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥
ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥
ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩}

ਏਕਾ ਜੋਤਿ ਜੋਤਿ ਹੈ ਸਗੀਰਾ ॥ ਸਬਦਿ ਦਿਖਾਏ ਸਤਿਗੁਰੁ ਪੂਰਾ ॥
ਆਪੇ ਫਰਕੁ ਕੀਤੋਨੁ ਘਟ ਅੰਤਰਿ ਆਪੇ ਬਣਤ ਬਣਾਵਣਿਆ ॥੧॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੫}

ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ
ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥
ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੮}

ਪਉੜੀ ॥
ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥
ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥

ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥
ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥੧੬॥

{ਪੰਨਾ ੩੦੬}

ਮਨੁੱਖ ਨੂੰ ਜਨਮ ਪਦਾਰਥ ਨਾਲ ਨਿਵਾਜਣ ਵਾਲਾ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਹੈ। ਇਲਾਹੀ ਜੋਤ ਨੂੰ ਮਨੁੱਖਾ ਦੇਹੀ ਵਿੱਚ ਸਥਾਪਿਤ ਕਰਨ ਵਾਲਾ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਹੈ। ਇਲਾਹੀ ਜੋਤ ਮਨੁੱਖ ਦੇ ਜਨਮ ਜੀਵਨ ਦਾ ਆਧਾਰ ਬਣਾਉਣ ਵਾਲਾ ਪਰਮ ਸ਼ਕਤੀਸ਼ਾਲੀ ਹੁਕਮ ਕੇਵਲ ਸਤਿ ਪਾਰਬ੍ਰਹਮ ਦਾ ਹੀ ਹੈ। ਸਤਿ ਪਾਰਬ੍ਰਹਮ ਦੁਆਰਾ ਸਿਰਜੇ ਗਏ ਇਲਾਹੀ ਦਰਗਾਹੀ ਨਿਯਮਾਂ ਦੇ ਹੁਕਮ ਅਨੁਸਾਰ ਹੀ ਮਨੁੱਖਾ ਜਨਮ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ। ਸੰਸਾਰਿਕ ਮਾਤਾ-ਪਿਤਾ ਦਾ ਸੰਬੰਧ ਅਸਥਾਈ ਸੰਬੰਧ ਹੈ। ਸੰਸਾਰਿਕ ਮਾਤਾ-ਪਿਤਾ ਦਾ ਸੰਬੰਧ ਕਰਮ-ਕਾਂਡ ਦਾ ਸੰਬੰਧ ਹੈ। ਸੰਸਾਰਿਕ ਮਾਤਾ-ਪਿਤਾ ਦਾ ਸੰਬੰਧ ਬਿਨਸਣਹਾਰ ਹੈ। ਕਰਮ-ਕਾਂਡ ਦਾ ਲੇਖਾ-ਜੋਖਾ ਭੁਗਤਣ ਲਈ ਸੰਸਾਰਿਕ ਮਾਤਾ-ਪਿਤਾ ਦਾ ਸੰਬੰਧ ਬਣਦਾ ਹੈ ਅਤੇ ਟੁੱਟਦਾ ਹੈ। ਇਸ ਲਈ ਸੰਸਾਰਿਕ ਮਾਤਾ-ਪਿਤਾ ਦਾ ਸੰਬੰਧ ਝੂਠਾ ਹੈ। ਇਲਾਹੀ ਜੋਤ ਦਾ ਸੰਬੰਧ ਸੱਚਾ ਸੰਬੰਧ ਹੈ। ਜੋਤ ਦਾ ਸੰਬੰਧ ਸਦਾ-ਸਦਾ ਦਾ ਸੰਬੰਧ ਹੈ। ਜੋਤ ਦਾ ਸੰਬੰਧ ਬਿਨਸਦਾ ਨਹੀਂ ਹੈ। ਜੋਤ ਦਾ ਸੰਬੰਧ ਸਦੀਵੀ ਹੈ। ਜੋਤ ਦਾ ਸੰਬੰਧ ਪੂਰਨ ਸਤਿ ਦਾ ਸੰਬੰਧ ਹੈ। ਜੋਤ ਦਾ ਸੰਬੰਧ ਆਦਿ ਤੋਂ ਅੰਤ ਦਾ ਸੰਬੰਧ ਹੈ। ਜੋਤ ਦਾ ਸੰਬੰਧ ਸਾਰੇ ਜਨਮਾਂ ਦਾ ਸੰਬੰਧ ਹੈ। ਜੋਤ ਹੈ ਤਾਂ ਮਨੁੱਖ ਦਾ ਜਨਮ ਜੀਵਨ ਹੈ। ਜੋਤ ਨਹੀਂ ਤਾਂ ਕੋਈ ਜਨਮ ਜੀਵਨ ਨਹੀਂ ਹੈ। ਇਸ ਲਈ ਹਰ ਇੱਕ ਮਨੁੱਖ ਕੇਵਲ ਜੋਤ ਹੀ ਹੈ। ਇਹ ਜੋਤ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਅੰਸ ਹੈ। ਜੋਤ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਤੱਤ ਹੈ ਜੋ ਕਿ ਹਰ ਇੱਕ ਜੀਵ ਵਿੱਚ ਵਰਤ ਰਿਹਾ ਹੈ। ਇਸ ਲਈ ਜੋਤ ਹੀ ਸੱਚੀ ਮਾਤਾ ਹੈ ਅਤੇ ਜੋਤ ਹੀ ਸੱਚਾ ਪਿਤਾ ਹੈ। ਕੇਵਲ ਇਤਨਾ ਹੀ ਨਹੀਂ ਬਲਕਿ ਸੰਸਾਰ ਵਿੱਚ ਵਿਚਰ ਰਹੇ ਹਰ ਇੱਕ ਪ੍ਰਾਣੀ ਦੇ ਜਨਮ ਜੀਵਨ ਦਾ ਆਧਾਰ ਇਹ ਇਲਾਹੀ ਜੋਤ ਹੀ ਹੈ। ਸਾਰੀ ਦੀ ਸਾਰੀ ੮੪ ਲੱਖ ਮੇਦਨੀ ਦੇ ਜਨਮ ਜੀਵਨ ਦਾ ਆਧਾਰ ਕੇਵਲ ਜੋਤ ਹੀ ਹੈ। ਸਾਰੇ ਸੰਸਾਰ ਨੂੰ ਦ੍ਰਿਸ਼ਟਮਾਨ ਕਰਨ ਵਾਲੀ ਇਲਾਹੀ ਜੋਤ ਹੀ ਹੈ। ਸਾਰੀ ਸ੍ਰਿਸ਼ਟੀ ਦੀ ਰਚਨਾ ਵੀ ਇਲਾਹੀ ਜੋਤ ਵਿੱਚੋਂ ਹੀ ਹੁੰਦੀ ਹੈ। ਜੋਤ ਹੀ ਸਰਬ ਕਲਾ ਭਰਪੂਰ ਹੈ। ਜੋਤ ਹੀ ਪਰਮ ਸ਼ਕਤੀਸ਼ਾਲੀ ਇਲਾਹੀ ਹਸਤੀ ਹੈ। ਜੋਤ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਹੈ।

ਗੁਰਪ੍ਰਸਾਦੀ ਗੁਰ-ਕਿਰਪਾ ਦੇ ਨਾਲ ਜਿਸ ਮਨੁੱਖ ਵਿੱਚ ਜੋਤ ਪ੍ਰਗਟ ਹੋ ਜਾਂਦੀ ਹੈ ਉਹ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਂਦਾ ਹੈ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਹੀ ਰੂਪ ਬਣ ਜਾਂਦਾ ਹੈ। ਗੁਰਪ੍ਰਸਾਦੀ ਗੁਰ-ਕਿਰਪਾ ਦੇ ਨਾਲ ਜਿਸ ਮਨੁੱਖ ਵਿੱਚ ਜੋਤ ਪ੍ਰਗਟ ਹੋ ਜਾਂਦੀ ਹੈ ਉਸ ਮਨੁੱਖ ਨੂੰ ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰਪ੍ਰਸਾਦੀ ਗੁਰ-ਕਿਰਪਾ ਦੇ ਨਾਲ ਜਿਸ ਮਨੁੱਖ ਵਿੱਚ ਜੋਤ ਪ੍ਰਗਟ ਹੋ ਜਾਂਦੀ ਹੈ ਉਸ ਨੂੰ ਪਰਮ ਪਦਵੀ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰਪ੍ਰਸਾਦੀ ਗੁਰ ਕਿਰਪਾ ਦੇ ਨਾਲ ਜਿਸ ਮਨੁੱਖ ਵਿੱਚ ਜੋਤ ਪ੍ਰਗਟ ਹੋ ਜਾਂਦੀ ਹੈ ਉਹ ਮਨੁੱਖ ਪੂਰਨ ਸੰਤ ਸਤਿਗੁਰੂ ਬਣ ਜਾਂਦਾ ਹੈ। ਐਸੀ ਪਰਮ ਸ਼ਕਤੀਸ਼ਾਲੀ ਅਵਸਥਾ ਵਿੱਚ ਪਹੁੰਚਣ ਵਾਲੇ ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ, ਪੂਰਨ ਖ਼ਾਲਸੇ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਕੋਈ ਅੰਤਰ ਜਾਂ ਭੇਦ ਨਹੀਂ ਰਹਿ ਜਾਂਦਾ ਹੈ। ਐਸੀ ਪਰਮ ਸ਼ਕਤੀਸ਼ਾਲੀ

ਅਵਸਥਾ ਵਿੱਚ ਪਹੁੰਚਣ ਵਾਲੇ ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ, ਪੂਰਨ ਖ਼ਾਲਸੇ ਜਦੋਂ ਇਸ ਪਰਮ ਜੋਤ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਅਨੁਭਵ ਕਰਦੇ ਹਨ ਤਾਂ ਉਹ ਇਸ ਪਰਮ ਸਤਿ ਨੂੰ ਉਜਾਗਰ ਕਰਦੇ ਹਨ ਕਿ ਉਨ੍ਹਾਂ ਦਾ ਮਾਤਾ-ਪਿਤਾ ਕੇਵਲ ਪੂਰਨ ਸਤਿਗੁਰੂ ਹੀ ਹੈ। ਐਸੀ ਪੂਰਨ ਅਵਸਥਾ ਵਿੱਚ ਪਹੁੰਚਣ ਵਾਲੇ ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ, ਪੂਰਨ ਖ਼ਾਲਸੇ ਜਦੋਂ ਪਰਮ ਜੋਤ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਅਨੁਭਵ ਕਰਦੇ ਹਨ ਤਾਂ ਉਹ ਇਸ ਪਰਮ ਸਤਿ ਨੂੰ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਦਾ ਮਾਤਾ-ਪਿਤਾ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਹੀ ਹੈ। ਐਸੀ ਪਰਮ ਸ਼ਕਤੀਸ਼ਾਲੀ ਅਵਸਥਾ ਵਿੱਚ ਪਹੁੰਚਣ ਵਾਲੇ ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ, ਪੂਰਨ ਖ਼ਾਲਸੇ ਜਦੋਂ ਇਸ ਪਰਮ ਜੋਤ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਅਨੁਭਵ ਕਰਦੇ ਹਨ ਤਾਂ ਉਹ ਇਸ ਪਰਮ ਸਤਿ ਨੂੰ ਪ੍ਰਗਟ ਕਰਦੇ ਹਨ ਕਿ ੮੪ ਲੱਖ ਮੇਦਨੀ ਦੇ ਪ੍ਰਾਣੀਆਂ ਦਾ ਜਨਮ ਜੀਵਨ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਜੋਤ ਹੀ ਹੈ। ਇਸ ਲਈ ਸਾਰੇ ਸਤਿਗੁਰੂਆਂ, ਅਵਤਾਰਾਂ, ਸੰਤਾਂ, ਭਗਤਾਂ ਨੇ ਇਸ ਪਰਮ ਸਤਿ ਨੂੰ ਅਨੁਭਵ ਕੀਤਾ ਹੈ ਅਤੇ ਸਾਰੀ ਗੁਰਬਾਣੀ ਵਿੱਚ ਬਾਰ-ਬਾਰ ਪ੍ਰਗਟ ਕੀਤਾ ਹੈ:

ਮੇਰਾ ਪਿਆਰਾ ਪ੍ਰੀਤਮੁ ਸਤਿਗੁਰੁ ਰਖਵਾਲਾ ॥
ਹਮ ਬਾਰਿਕ ਦੀਨ ਕਰਹੁ ਪ੍ਰਤਿਪਾਲਾ ॥
ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪}

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥ ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ ॥
ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੩}

ਮੇਰੈ ਹਰਿ ਪ੍ਰਭਿ ਲੇਖੁ ਲਿਖਾਇਆ ਧੁਰਿ ਮਸਤਕਿ ਪੂਰਾ ॥
ਹਰਿ ਹਰਿ ਨਾਮੁ ਧਿਆਇਆ ਭੇਟਿਆ ਗੁਰੁ ਸੂਰਾ ॥
ਮੇਰਾ ਪਿਤਾ ਮਾਤਾ ਹਰਿ ਨਾਮੁ ਹੈ ਹਰਿ ਬੰਧਪੁ ਬੀਰਾ ॥
ਹਰਿ ਹਰਿ ਬਖਸਿ ਮਿਲਾਇ ਪ੍ਰਭ ਜਨੁ ਨਾਨਕੁ ਕੀਰਾ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੬੨-੧੬੩}

ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ
ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ ॥
ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ
ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ ॥
ਤੂੰ ਗੁਰੁ ਪਿਤਾ ਤੂੰਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੬੭}

ਮਾਤ ਪਿਤਾ ਸੁਤ ਬੰਧਪੋ ਤੂੰ ਮੇਰੇ ਪ੍ਰਾਣ ਅਧਾਰ ॥
ਸਾਧਸੰਗਿ ਨਾਨਕੁ ਭਜੈ ਬਿਖੁ ਤਰਿਆ ਸੰਸਾਰੁ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੦੩}

ਆਸਾ ਮਹਲਾ ੫ ॥
ਪੁਰਖ ਪਤੇ ਭਗਵਾਨ ਤਾ ਕੀ ਸਰਣਿ ਗਹੀ ॥
ਨਿਰਭਉ ਭਏ ਪਰਾਨ ਚਿੰਤਾ ਸਗਲ ਲਹੀ ॥
ਮਾਤ ਪਿਤਾ ਸੁਤ ਮੀਤ ਸੁਰਿਜਨ ਇਸਟ ਬੰਧਪ ਜਾਣਿਆ ॥
ਗਹਿ ਕੰਠਿ ਲਾਇਆ ਗੁਰਿ ਮਿਲਾਇਆ ਜਸੁ ਬਿਮਲ ਸੰਤ ਵਖਾਣਿਆ ॥
ਬੇਅੰਤ ਗੁਣ ਅਨੇਕ ਮਹਿਮਾ ਕੀਮਤਿ ਕਛੂ ਨ ਜਾਇ ਕਹੀ ॥
ਪ੍ਰਭ ਏਕ ਅਨਿਕ ਅਲਖ ਠਾਕੁਰ ਓਟ ਨਾਨਕ ਤਿਸੁ ਗਹੀ ॥੧॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੫੮}

ਧੰਨ ਧੰਨ ਸਤਿਗੁਰੂਆਂ ਨੇ ਗੁਰਬਾਣੀ ਵਿੱਚ ਇਸ ਪਰਮ ਸਤਿ ਨੂੰ ਪ੍ਰਗਟ ਕੀਤਾ ਹੈ ਕਿ ੮੪ ਲੱਖ ਮੇਦਨੀ ਦੇ ਪ੍ਰਾਣੀਆਂ ਦਾ ਖਸਮ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਹੀ ਹੈ। ਸਾਰੀ ਸ੍ਰਿਸ਼ਟੀ ਦੇ ਪ੍ਰਾਣੀਆਂ ਦਾ ਪ੍ਰਾਣ ਆਧਾਰ, ਖਸਮ, ਮਾਤਾ, ਪਿਤਾ, ਬੰਧਪ, ਮੀਤ ਆਦਿ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਹੀ ਹੈ। ਜੋ ਇਸ ਪਰਮ ਸਤਿ ਨੂੰ ਮੰਨ ਲੈਂਦੇ ਹਨ ਕਿ ਉਨ੍ਹਾਂ ਦਾ ਖਸਮ, ਮਾਤਾ, ਪਿਤਾ, ਭਾਈ, ਬੰਧਪ, ਆਦਿ ਸਤਿਗੁਰੂ ਪੂਰਾ ਹੀ ਹੈ; ਉਨ੍ਹਾਂ ਦੀ ਬੰਦਗੀ ਸੌਖੀ ਹੋ ਜਾਂਦੀ ਹੈ। ਜੋ ਇਸ ਪਰਮ ਸਤਿ ਨੂੰ ਮੰਨ ਲੈਂਦੇ ਹਨ ਕਿ ਉਨ੍ਹਾਂ ਦਾ ਖਸਮ, ਮਾਤਾ, ਪਿਤਾ, ਭਾਈ, ਬੰਧਪ, ਆਦਿ ਸਤਿ ਪਾਰਬ੍ਰਹਮ ਪਰਮੇਸ਼ਰ ਹੀ ਹੈ ਉਨ੍ਹਾਂ ਦਾ ਸਤਿਗੁਰੂ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਉੱਪਰ ਭਰੋਸਾ ਬੱਝ ਜਾਂਦਾ ਹੈ ਜਿਸ ਦੇ ਨਾਲ ਉਨ੍ਹਾਂ ਦੇ ਹਿਰਦੇ ਵਿੱਚ ਸੱਚੀ ਪ੍ਰੀਤ ਅਤੇ ਸ਼ਰਧਾ ਜਨਮ ਲੈਂਦੀ ਹੈ। ਸਤਿਗੁਰੂ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਲਈ ਪੂਰਨ ਭਰੋਸੇ, ਪ੍ਰੀਤ ਅਤੇ ਸ਼ਰਧਾ ਦੇ ਨਾਲ ਉਨ੍ਹਾਂ ਦੀ ਬੰਦਗੀ ਸਹਿਜੇ ਹੀ ਪੂਰਨ ਹੋ ਜਾਂਦੀ ਹੈ। ਜੋ ਮਨੁੱਖ ਇਸ ਪਰਮ ਸਤਿ ਨੂੰ ਮੰਨ ਲੈਂਦੇ ਹਨ ਕਿ ਉਨ੍ਹਾਂ ਦੇ ਪ੍ਰਾਣਾਂ ਦਾ ਆਧਾਰ ਕੇਵਲ ਇਲਾਹੀ ਜੋਤ ਹੀ ਹੈ; ਉਨ੍ਹਾਂ ਦਾ ਸਤਿਗੁਰੂ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਉੱਪਰ ਭਰੋਸਾ ਬੱਝ ਜਾਂਦਾ ਹੈ ਅਤੇ ਉਨ੍ਹਾਂ ਦੇ ਹਿਰਦੇ ਵਿੱਚੋਂ ਸੱਚੀ ਪ੍ਰੀਤ ਅਤੇ ਸ਼ਰਧਾ ਫੁੱਟ ਪੈਂਦੀ ਹੈ ਜਿਸ ਦੇ ਨਾਲ ਉਨ੍ਹਾਂ ਦੀ ਬੰਦਗੀ ਸੌਖੀ ਹੋ ਜਾਂਦੀ ਹੈ।

ਸਤਿਗੁਰੂ ਉੱਪਰ ਪੂਰਨ ਭਰੋਸਾ, ਪ੍ਰੀਤ ਅਤੇ ਸ਼ਰਧਾ ਹੀ ਪੂਰਨ ਬੰਦਗੀ ਦਾ ਆਧਾਰ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਉੱਪਰ ਪੂਰਨ ਭਰੋਸਾ, ਪ੍ਰੀਤ ਅਤੇ ਸ਼ਰਧਾ ਹੀ ਪੂਰਨ ਬੰਦਗੀ ਦਾ ਆਧਾਰ ਹੈ। ਭਰੋਸੇ, ਪ੍ਰੀਤ ਅਤੇ ਸ਼ਰਧਾ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਸਤਿਨਾਮ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਪ੍ਰਾਪਤ ਕਰਵਾਉਣ ਦੀ ਸਮਰੱਥਾ ਰੱਖਦੀ ਹੈ। ਭਰੋਸੇ, ਪ੍ਰੀਤ ਅਤੇ ਸ਼ਰਧਾ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਦੀ ਬੰਦਗੀ ਨੂੰ ਸਹਿਜੇ ਹੀ ਸੰਪੂਰਨ ਕਰਵਾਉਣ ਦੀ ਸਮਰੱਥਾ ਰੱਖਦੀ ਹੈ। ਭਰੋਸੇ, ਪ੍ਰੀਤ ਅਤੇ ਸ਼ਰਧਾ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਦੇ ਸਾਰੇ ਬਜਰ ਕਪਾਟ ਖੋਲ੍ਹਣ, ਸਤਿ ਸਰੋਵਰਾਂ ਨੂੰ ਜਾਗਰਿਤ ਕਰ ਕੇ ਰੋਮ-ਰੋਮ ਵਿੱਚ ਸਤਿਨਾਮ ਦਾ ਪ੍ਰਕਾਸ਼ ਕਰ ਦਿੰਦੀ ਹੈ। ਭਰੋਸੇ, ਪ੍ਰੀਤ ਅਤੇ ਸ਼ਰਧਾ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਦਾ ਮਨ ਚਿੰਦ ਦਿੰਦੀ ਹੈ ਅਤੇ ਮਨੁੱਖ ਆਪਣਾ ਮਨ ਜਿੱਤਣ ਵਿੱਚ ਸਫਲ ਹੋ ਜਾਂਦਾ ਹੈ। ਭਰੋਸੇ, ਪ੍ਰੀਤ ਅਤੇ ਸ਼ਰਧਾ ਵਿੱਚ ਉਹ ਪਰਮ ਸ਼ਕਤੀ

ਹੈ ਜੋ ਮਨੁੱਖ ਨੂੰ ਤ੍ਰੈ ਗੁਣ ਮਾਇਆ ਉੱਪਰ ਜਿੱਤ ਪ੍ਰਾਪਤ ਕਰਵਾਉਣ ਦੀ ਸਮਰੱਥਾ ਰੱਖਦੀ ਹੈ। ਭਰੋਸੇ, ਪ੍ਰੀਤ ਅਤੇ ਸ਼ਰਧਾ ਵਿੱਚ ਉਹ ਪਰਮ ਸ਼ਕਤੀ ਹੈ ਜੋ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਮਨੁੱਖ ਦੇ ਹਿਰਦੇ ਵਿੱਚ ਪ੍ਰਗਟ ਹੋਣ ਲਈ ਮਜਬੂਰ ਕਰ ਦਿੰਦੀ ਹੈ। ਭਰੋਸੇ, ਪ੍ਰੀਤ ਅਤੇ ਸ਼ਰਧਾ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਸਾਰੇ ਦਰਗਾਹੀ ਖ਼ਜ਼ਾਨੇ ਪ੍ਰਾਪਤ ਕਰਵਾਉਣ ਦੀ ਸਮਰੱਥਾ ਰੱਖਦੀ ਹੈ। ਭਰੋਸੇ, ਪ੍ਰੀਤ ਅਤੇ ਸ਼ਰਧਾ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਮਹਾ ਪਰਉਪਕਾਰੀ ਜੀਵਨ ਬਖਸ਼ਣ ਦੀ ਸਮਰੱਥਾ ਰੱਖਦੀ ਹੈ। ਭਰੋਸੇ, ਪ੍ਰੀਤ ਅਤੇ ਸ਼ਰਧਾ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਸਤਿ ਪਾਰਬ੍ਰਹਮ ਵਿੱਚ ਅਭੇਦ ਕਰਾ ਦੇਣ ਦੀ ਸਮਰੱਥਾ ਰੱਖਦੀ ਹੈ। ਭਰੋਸੇ, ਪ੍ਰੀਤ ਅਤੇ ਸ਼ਰਧਾ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਜੀਵਨ ਮੁਕਤ ਕਰਵਾਉਣ ਦੀ ਸਮਰੱਥਾ ਰੱਖਦੀ ਹੈ। ਭਰੋਸੇ, ਪ੍ਰੀਤ ਅਤੇ ਸ਼ਰਧਾ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਪੂਰਨ ਬ੍ਰਹਮ ਗਿਆਨ ਪ੍ਰਾਪਤ ਕਰਵਾਉਣ ਦੀ ਸਮਰੱਥਾ ਰੱਖਦੀ ਹੈ।

ਬੰਦਗੀ ਇੱਕ ਗੁਰਪ੍ਰਸਾਦੀ ਖੇਲ ਹੈ। ਮਨੁੱਖ ਦੀ ਬੰਦਗੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਗਾਹੀ ਹੁਕਮ ਦੇ ਅਨੁਸਾਰ ਰਚਿਆ ਹੋਇਆ ਖੇਲ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਮਨੁੱਖ ਨੂੰ ਇਸ ਗੁਰਪ੍ਰਸਾਦੀ ਖੇਲ ਵਿੱਚ ਸ਼ਾਮਿਲ ਕਰਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਮਨੁੱਖ ਨੂੰ ਇਸ ਗੁਰਪ੍ਰਸਾਦੀ ਖੇਲ ਵਿੱਚ ਸਫਲ ਕਰਦੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਜਿਸ ਮਨੁੱਖ ਨੂੰ ਚਾਹੁੰਦਾ ਹੈ ਉਸ ਨੂੰ ਬੰਦਗੀ ਦੇ ਗੁਰਪ੍ਰਸਾਦੀ ਖੇਲ ਵਿੱਚ ਆਪ ਹੀ ਸ਼ਾਮਿਲ ਕਰਦਾ ਹੈ ਅਤੇ ਫਿਰ ਉਸ ਮਨੁੱਖ ਨੂੰ ਆਪਣੀ ਨਿਗਰਾਨੀ ਹੇਠ ਬੰਦਗੀ ਪੂਰਨ ਕਰਵਾਉਂਦਾ ਹੈ। ਜਿਸ ਮਨੁੱਖ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਤੁੱਠਦਾ ਹੈ ਉਸ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਆਪਣੀ ਬੰਦਗੀ ਦਿੰਦਾ ਹੈ। ਜਿਸ ਮਨੁੱਖ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਬਖਸ਼ਿਸ਼ ਕਰਦਾ ਹੈ ਉਸ ਮਨੁੱਖ ਨੂੰ ਆਪਣੀ ਚਰਨ-ਸ਼ਰਨ ਵਿੱਚ ਲੈ ਕੇ ਗੁਰਪ੍ਰਸਾਦਿ ਦਿੰਦਾ ਹੈ। ਜਿਸ ਮਨੁੱਖ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਨਦਰ ਕਰਦਾ ਹੈ ਉਸ ਮਨੁੱਖ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦਾ ਗੁਰਪ੍ਰਸਾਦਿ ਦਿੰਦਾ ਹੈ। ਜਿਸ ਮਨੁੱਖ ਉੱਪਰ ਸਤਿ ਪਾਰਬ੍ਰਹਮ ਪਰਮੇਸਰ ਮਹਿਰਾਮਤ ਕਰਦਾ ਹੈ ਉਸ ਨੂੰ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਲੈ ਜਾਂਦਾ ਹੈ। ਜਿਸ ਮਨੁੱਖ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਮਿਹਰਬਾਨ ਹੁੰਦਾ ਹੈ ਉਸ ਮਨੁੱਖ ਦੀ ਸੁਰਤਿ ਵਿੱਚ ਆਪਣਾ ਨਾਮ ਉੱਕਰਾ ਦਿੰਦਾ ਹੈ। ਐਸੇ ਭਾਗਾਂ ਵਾਲੇ ਮਨੁੱਖ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਜਾਂਦਾ ਹੈ। ਸ਼ਬਦ ਦਾ ਸੁਰਤਿ ਵਿੱਚ ਉੱਕਰਿਆ ਜਾਣਾ, ਸ਼ਬਦ ਦਾ ਸੁਰਤਿ ਵਿੱਚ ਉਤਰ ਜਾਣਾ, ਸੁਰਤਿ ਦਾ ਸ਼ਬਦ ਨਾਲ ਸੁਮੇਲ ਗੁਰਪ੍ਰਸਾਦਿ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੇ ਨਾਲ ਹੀ ਮਨੁੱਖ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਜਾਂਦਾ ਹੈ। ਭਾਵ ਸਤਿਨਾਮ ਮਨੁੱਖ ਦੀ ਸੁਰਤਿ ਵਿੱਚ ਟਿਕ ਜਾਂਦਾ ਹੈ ਅਤੇ ਮਨੁੱਖ ਦੀ ਸਮਾਧੀ ਲੱਗ ਜਾਂਦੀ ਹੈ। ਮਨੁੱਖੀ ਮਨ ਦੀ ਭਟਕਣਾ ਖ਼ਤਮ ਹੋ ਜਾਂਦੀ ਹੈ। ਮਨੁੱਖ ਦਾ ਮਨ ਸ਼ਾਂਤ ਹੋ ਜਾਂਦਾ ਹੈ। ਮਨੁੱਖ ਦੀ ਸੁਰਤਿ ਵਿੱਚ ਅਜਪਾ ਜਾਪ ਸ਼ੁਰੂ ਹੋ ਜਾਂਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੀ ਮਹਿਮਾ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹਾਇਆ ਹੈ:

ਸਚਾ ਸਾਹਿਬੁ ਸੇਵੀਐ ਸਚੁ ਵਡਿਆਈ ਦੇਇ ॥
ਗੁਰ ਪਰਸਾਦੀ ਮਨਿ ਵਸੈ ਹਉਮੈ ਦੂਰਿ ਕਰੇਇ ॥
ਇਹੁ ਮਨੁ ਧਾਵਤੁ ਤਾ ਰਹੈ ਜਾ ਆਪੇ ਨਦਰਿ ਕਰੇਇ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੦}

ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ ॥
ਗੁਰ ਪਰਸਾਦੀ ਮਨਿ ਵਸੈ ਨਾਮੇ ਰਹੈ ਸਮਾਇ ॥
ਗੁਰ ਸਬਦੀ ਹਰਿ ਪਾਈਐ ਬਿਨੁ ਸਬਦੈ ਭਰਮਿ ਭੁਲਾਇ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੬}

ਜੀਉ ਪਿੰਡੁ ਸਭੁ ਤਿਸ ਦਾ ਤਿਸੈ ਦਾ ਆਧਾਰੁ ॥
ਗੁਰ ਪਰਸਾਦੀ ਬੁਝੀਐ ਤਾ ਪਾਏ ਮੋਖ ਦੁਆਰੁ ॥
ਨਾਨਕ ਨਾਮੁ ਸਲਾਹਿ ਤੂੰ ਅੰਤੁ ਨ ਪਾਰਾਵਾਰੁ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੬}

ਗੁਰ ਪਰਸਾਦੀ ਜਿਨਿ ਬੁਝਿਆ ਤਿਨਿ ਪਾਇਆ ਮੋਖ ਦੁਆਰੁ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੦}

ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੨}

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ ॥
ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੭}

ਹਰਿ ਜੀਉ ਰਾਖਹੁ ਅਪਨੀ ਸਰਣਾਈ ॥
ਗੁਰ ਪਰਸਾਦੀ ਹਰਿ ਰਸੁ ਪਾਇਆ ਨਾਮੁ ਪਦਾਰਥੁ ਨਉ ਨਿਧਿ ਪਾਈ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੫੨-੩੫੩}

ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥
ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੩੨}

ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੫੨}

ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥
ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੦੯-੧੩੧੦}

ਮਨੁੱਖ ਦੇ ਆਪਣੇ ਹੱਥ ਵੱਸ ਵਿੱਚ ਕੁਝ ਨਹੀਂ ਹੈ। ਜੋ ਕੁਝ ਵੀ ਮਨੁੱਖੀ ਜੀਵਨ ਵਿੱਚ ਵਾਪਰਦਾ ਹੈ ਉਹ ਸਭ ਕੁਝ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਹੁਕਮ ਅਨੁਸਾਰ ਹੀ ਵਾਪਰਦਾ

ਹੈ। ਮਨੁੱਖ ਦਾ ਜੀਵਨ ਅਤੇ ਸਾਰੇ ਸੰਸਾਰਿਕ ਕਾਰ-ਵਿਹਾਰ ਦਰਗਾਹੀ ਹੁਕਮ ਅਨੁਸਾਰ ਹੀ ਚਲਦੇ ਹਨ। ਸਾਰੇ ਦਰਗਾਹੀ ਵਿਧਾਨਾਂ ਅਨੁਸਾਰ ਹੀ ਸਾਰੀ ਸ੍ਰਿਸ਼ਟੀ ਚਲਦੀ ਹੈ। ਮਨੁੱਖ ਦੇ ਸਾਰੇ ਕਰਮ ਵੀ ਕਰਮ ਦੇ ਵਿਧਾਨ ਅਨੁਸਾਰ ਹੀ ਵਾਪਰਦੇ ਹਨ। ਜਿਸ ਮਨੁੱਖ ਨੂੰ ਕਰਮ ਦੇ ਵਿਧਾਨ ਦਾ ਗਿਆਨ ਹੋ ਜਾਂਦਾ ਹੈ ਉਹ ਮਨੁੱਖ ਮਾੜੇ ਕਰਮ ਕਰਨਾ ਬੰਦ ਕਰ ਦਿੰਦਾ ਹੈ। ਜਿਸ ਮਨੁੱਖ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਜੋ ਕੁਝ ਉਸ ਦੇ ਜੀਵਨ ਵਿੱਚ ਵਾਪਰ ਰਿਹਾ ਹੈ ਉਹ ਸਭ ਕੁਝ ਉਸ ਦੇ ਆਪਣੇ ਹੀ ਕਰਮਾਂ ਦਾ ਫ਼ਲ਼ ਹੈ ਤਾਂ ਉਸ ਦੀ ਬਿਰਤੀ ਸਤਿ ਕਰਮਾਂ ਵਾਲੀ ਹੋਣੀ ਸ਼ੁਰੂ ਹੋ ਜਾਂਦੀ ਹੈ। ਮਨੁੱਖ ਦੇ ਜੀਵਨ ਵਿੱਚ ਵਾਪਰ ਰਹੇ ਸਾਰੇ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ ਦਾ ਕਾਰਨ ਕੇਵਲ ਉਸ ਦੇ ਆਪਣੇ ਕਰਮ ਹੀ ਹਨ। ਜਦੋਂ ਮਨੁੱਖ ਨੂੰ ਇਸ ਪਰਮ ਸਤਿ ਦੀ ਸੋਝੀ ਪੈ ਜਾਂਦੀ ਹੈ ਤਾਂ ਉਸ ਦੀ ਬਿਰਤੀ ਸਤਿ ਕਰਮਾਂ ਉੱਪਰ ਟਿਕਣੀ ਸ਼ੁਰੂ ਹੋ ਜਾਂਦੀ ਹੈ। ਸਤੋ ਬਿਰਤੀ ਉੱਪਰ ਕਾਇਮ ਹੋ ਰਹੇ ਮਨੁੱਖਾਂ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਨਦਰ ਵਰਤਦੀ ਹੈ। ਜਿਸ ਦੇ ਫ਼ਲ਼ ਸਰੂਪ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਲਈ ਸਾਰੀ ਲੋਕਾਈ ਦੇ ਚਰਨਾਂ 'ਤੇ ਸਨਿਮਰ ਬੇਨਤੀ ਹੈ ਕਿ ਆਪਣਾ ਧਿਆਨ ਸਤਿ ਕਰਮ ਕਰਨ 'ਤੇ ਕੇਂਦਰਿਤ ਕਰੋ। ਆਪਣੀ ਰੋਜ਼ਾਨਾ ਕਰਨੀ ਨੂੰ ਸਤਿ ਦੀ ਕਰਨੀ ਵਿੱਚ ਤਬਦੀਲ ਕਰਨ ਦਾ ਯਤਨ ਕਰੋ। ਸਤਿ ਕਰਮ ਮਨੁੱਖ ਦੀ ਬੰਦਗੀ ਦਾ ਆਧਾਰ ਬਣ ਜਾਂਦੇ ਹਨ ਅਤੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਸਤਿ ਦੀ ਕਰਨੀ ਵਿੱਚ ਉਹ ਪਰਮ ਸ਼ਕਤੀ ਹੈ ਜੋ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਤੁਹਾਡੇ ਉੱਪਰ ਆਪਣੀ ਮਹਿਰਾਮਤ ਦੀ ਨਦਰ ਕਰਨ ਲਈ ਮਜਬੂਰ ਕਰ ਦਿੰਦੀ ਹੈ। ਇਸ ਲਈ ਸਤਿ ਦੀ ਸੇਵਾ ਕਰੋ, ਸਤਿ ਬੋਲੋ, ਸਤਿ ਸੁਣੋ, ਸਤਿ ਦੀ ਕਰਨੀ ਕਰੋ ਅਤੇ ਸਤਿ ਦੀ ਕਮਾਈ ਕਰੋ। ਆਪਣੇ ਰੋਜ਼ਾਨਾ ਕਾਰ-ਵਿਹਾਰ ਵਿੱਚ ਸਤਿ ਦੀ ਸੇਵਾ ਕਰੋ ਤਾਂ ਜੋ ਤੁਹਾਡਾ ਹਰ ਇੱਕ ਕਰਮ ਤੁਹਾਡੀ ਬੰਦਗੀ ਦਾ ਆਧਾਰ ਬਣ ਜਾਏ। ਸਤਿ ਦੀ ਕਰਨੀ ਕਰੋ ਤਾਂ ਜੋ ਤੁਹਾਡਾ ਹਰ ਇੱਕ ਕਰਮ ਯੋਗ ਬਣ ਜਾਏ। ਝੂਠ ਕਰਮਾਂ ਦਾ ਤਿਆਗ ਕਰੋ। ਸਤਿ ਦੀ ਕਰਨੀ ਨੂੰ ਆਪਣਾ ਆਚਰਨ ਬਣਾਓ। ਸਤੋ ਬਿਰਤੀ ਨੂੰ ਧਾਰਨ ਕਰੋ ਜਿਸ ਦੇ ਨਾਲ ਤੁਹਾਡੇ ਸਤਿ ਕਰਮ ਇਕੱਤਰ ਹੋਣ ਅਤੇ ਤੁਹਾਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਏ ਅਤੇ ਤੁਹਾਡਾ ਮਨੁੱਖਾ ਜਨਮ ਜੀਵਨ ਸਫਲ ਹੋ ਜਾਏ।

ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦੀ ਬੰਦਗੀ ਸ਼ੁਰੂ ਹੁੰਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਹੀ ਮਨੁੱਖ ਨੂੰ ਸਿਮਰਨ ਵਿੱਚ ਲੈ ਜਾਂਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਉਸ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੀ ਪ੍ਰਾਪਤੀ ਹੁੰਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਉਸ ਦੀ ਸੁਰਤਿ ਵਿੱਚ ਸ਼ਬਦ ਉੱਕਰਿਆ ਜਾਂਦਾ ਹੈ ਅਤੇ ਅਜਪਾ ਜਾਪ ਸ਼ੁਰੂ ਹੋ ਜਾਂਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਉਸ ਨੂੰ ਸਮਾਧੀ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਹੁੰਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਉਸ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਸਤਿਨਾਮ ਸਿਮਰਨ ਉਸ ਦੇ ਰੋਮ-ਰੋਮ ਵਿੱਚ ਚਲਾ ਜਾਂਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਉਸ ਦੇ ੭ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਮਨ ਚਿੰਦਿਆ ਜਾਂਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਿਸ ਮਨੁੱਖ ਉੱਪਰ ਵਰਤਦੀ ਹੈ ਉਸ ਮਨੁੱਖ ਦਾ ਮਨ ਜੋਤ ਰੂਪ ਵਿੱਚ ਪ੍ਰਗਟ ਹੋ

ਜਾਂਦਾ ਹੈ ਅਤੇ ਮਨ ਜਿੱਤਿਆ ਜਾਂਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਿਸ ਮਨੁੱਖ ਉੱਪਰ ਵਰਤਦੀ ਹੈ ਉਸ ਮਨੁੱਖ ਦੀ ਤ੍ਰਿਸ਼ਣਾ ਬੁਝ ਜਾਂਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਿਸ ਮਨੁੱਖ ਉੱਪਰ ਵਰਤਦੀ ਹੈ ਉਹ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਜਿੱਤ ਲੈਂਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਿਸ ਮਨੁੱਖ ਉੱਪਰ ਵਰਤਦੀ ਹੈ ਉਹ ਮਨੁੱਖ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਪ੍ਰਾਪਤ ਕਰਦਾ ਹੈ ਅਤੇ ਉਸ ਦੀ ਹਉਮੈ ਦਾ ਅੰਤ ਹੋ ਜਾਂਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਉਹ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਉਹ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਉਸ ਮਨੁੱਖ ਨੂੰ ਜੀਵਨ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਉਸ ਮਨੁੱਖ ਨੂੰ ਪਰਮ ਪਦਵੀ ਦੀ ਪ੍ਰਾਪਤੀ ਹੁੰਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਉਸ ਨੂੰ ਪੂਰਨ ਬ੍ਰਹਮ ਗਿਆਨ ਦੀ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਉਸ ਨੂੰ ਦਰਗਾਹ ਤੋਂ ਗੁਰਪ੍ਰਸਾਦਿ ਵਰਤਾਉਣ ਦੀ ਸੇਵਾ ਪ੍ਰਾਪਤ ਹੁੰਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਉਸ ਮਨੁੱਖ ਨੂੰ ਸਤਿਨਾਮ ਦਾ ਵਪਾਰ ਕਰਨ ਦੀ ਪਰਮ ਸ਼ਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਉਸ ਮਨੁੱਖ ਨੂੰ ਮਹਾ ਪਰਉਪਕਾਰ ਕਰਨ ਦੀ ਪਰਮ ਸ਼ਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ।

ਇਹ ਪਰਮ ਸਤਿ ਹੈ ਕਿ ਸਾਰੀ ਸ੍ਰਿਸ਼ਟੀ ਦਾ ਮੂਲ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਜੋਤ ਹੈ। ੮੪ ਲੱਖ ਮੇਦਨੀ ਦੇ ਜਨਮ ਜੀਵਨ ਦਾ ਆਧਾਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਜੋਤ ਹੈ। ੮੪ ਲੱਖ ਮੇਦਨੀ ਦਾ ਜਨਮ ਦਾਤਾ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਜੋਤ ਹੀ ਹੈ। ੮੪ ਲੱਖ ਮੇਦਨੀ ਦੇ ਜੀਵਾਂ ਦਾ ਖਸਮ, ਮਾਤਾ, ਪਿਤਾ, ਭਾਈ ਅਤੇ ਬੰਧਪ ਕੇਵਲ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਹੀ ਹੈ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਜੋਤ ਦਾ ਸੰਬੰਧ ਹੀ ਸੱਚਾ ਸੰਬੰਧ ਹੈ। ਬਾਕੀ ਸਾਰੇ ਸੰਬੰਧ ਕਰਮ-ਕਾਂਡੀ ਹਨ ਅਤੇ ਬਿਨਸਣਹਾਰ ਹਨ। ਬਾਕੀ ਸਾਰੇ ਸੰਬੰਧ ਮਾਇਕੀ ਹਨ ਅਤੇ ਕਰਮ-ਕਾਂਡ ਦਾ ਲੇਖਾ-ਜੋਖਾ ਦੇਣ ਲਈ ਬਣਦੇ ਅਤੇ ਮਿਟਦੇ ਹਨ। ਜੋਤ ਦਾ ਸੰਬੰਧ ਕਦੇ ਮਿਟਦਾ ਨਹੀਂ ਹੈ ਅਤੇ ਸਦੀਵੀ ਹੈ। ਜੋਤ ਦਾ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਸਦਾ-ਸਦਾ ਲਈ ਸਮਾ ਜਾਣਾ ਹੀ ਮਨੁੱਖਾ ਜੀਵਨ ਜਨਮ ਦਾ ਟੀਚਾ ਹੈ। ਮਨੁੱਖ ਵਿੱਚ ਸਥਿਤ ਜੋਤ ਦਾ ਸਤਿ ਪਾਰਬ੍ਰਹਮ ਵਿੱਚ ਅਭੇਦ ਹੋਣਾ ਇੱਕ ਗੁਰਪ੍ਰਸਾਦੀ ਖੇਲ ਹੈ। ਜਿਸ ਮਨੁੱਖ ਉੱਪਰ ਸਤਿ ਪਾਰਬ੍ਰਹਮ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ ਉਸ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਜੋ ਮਨੁੱਖ ਸਤੋ ਬਿਰਤੀ ਦੇ ਧਾਰਨੀ ਬਣ ਜਾਂਦੇ ਹਨ ਉਨ੍ਹਾਂ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਨਦਰ ਹੋ ਜਾਂਦੀ ਹੈ।

■

ਅਨੰਦੁ ਸਾਹਿਬ-ਪਉੜੀ ੩੪

ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ ॥
ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ ॥
ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ ॥
ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ ॥
ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ ॥
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ ॥੩੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੧)

ਧੰਨ ਧੰਨ ਸਤਿਗੁਰੂ ਅਵਤਾਰ ਅਮਰਦਾਸ ਜੀ ਦੀ ਬੇਅੰਤ ਕਿਰਪਾ ਦਾ ਸਦਕਾ ਇਸ ਪਉੜੀ ਵਿੱਚ ਉਹ ਪਰਮ ਅਵਸਥਾ ਦੇ ਬਾਰੇ ਪੂਰਨ ਬ੍ਰਹਮ ਗਿਆਨ ਦੇ ਰਹੇ ਹਨ ਜਿਸ ਅਵਸਥਾ ਵਿੱਚ ਪਹੁੰਚ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੋ ਜਾਂਦੇ ਹਨ। ਜਿਸ ਅਵਸਥਾ ਵਿੱਚ ਮਨੁੱਖ ਦੇ ਹਿਰਦੇ ਵਿੱਚ ਪਰਮ ਜੋਤ ਪ੍ਰਗਟ ਹੋ ਜਾਂਦੀ ਹੈ। ਜਿਸ ਅਵਸਥਾ ਵਿੱਚ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਅਤੇ ਸਤਿਨਾਮ ਰੋਮ-ਰੋਮ ਵਿੱਚ ਪ੍ਰਕਾਸ਼ਮਾਨ ਹੋ ਜਾਂਦਾ ਹੈ। ਜਿਸ ਅਵਸਥਾ ਵਿੱਚ ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ। ਜਿਸ ਅਵਸਥਾ ਵਿੱਚ ਸਾਰੀਆਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਪ੍ਰਾਪਤ ਹੋ ਜਾਂਦੀ ਹੈ। ਜਿਸ ਅਵਸਥਾ ਵਿੱਚ ਪੰਜ ਚੰਡਾਲ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਵੱਸ ਵਿੱਚ ਆ ਜਾਂਦੇ ਹਨ ਅਤੇ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਅਗਨ ਬੁਝ ਜਾਂਦੀ ਹੈ। ਜਿਸ ਅਵਸਥਾ ਵਿੱਚ ਮਨ ਜਿੱਤਿਆ ਜਾਂਦਾ ਹੈ। ਜਿਸ ਅਵਸਥਾ ਵਿੱਚ ਮਨੁੱਖ ਨੂੰ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਹੋ ਜਾਂਦੇ ਹਨ ਅਤੇ ਮਨੁੱਖ ਸਦਾ-ਸਦਾ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਮਾ ਜਾਂਦਾ ਹੈ। ਜਿਸ ਅਵਸਥਾ ਵਿੱਚ ਪਹੁੰਚ ਕੇ ਬੰਦਗੀ ਦਰਗਾਹ ਵਿੱਚ ਪ੍ਰਵਾਨ ਹੋ ਜਾਂਦੀ ਹੈ। ਜਿਸ ਅਵਸਥਾ ਵਿੱਚ ਪਹੁੰਚ ਕੇ ਮਨੁੱਖ ਦੇ ਅੰਦਰੋਂ ਪੂਰਨ ਬ੍ਰਹਮ ਗਿਆਨ ਦਾ ਸੋਮਾ ਫੁੱਟ ਪੈਂਦਾ ਹੈ। ਜਿਸ ਅਵਸਥਾ ਵਿੱਚ ਤੱਤ ਗਿਆਨ ਪ੍ਰਗਟ ਹੋ ਜਾਂਦਾ ਹੈ। ਇਹ ਐਸੀ ਪਰਮ ਸ਼ਕਤੀਸ਼ਾਲੀ ਅਵਸਥਾ ਹੈ ਜਿਸ ਨੂੰ ਗੁਰਬਾਣੀ ਵਿੱਚ ਸੱਚ ਖੰਡ ਕਿਹਾ ਗਿਆ ਹੈ। ਇਹ ਅਵਸਥਾ ਕਰਮ ਖੰਡ ਵਿੱਚ ਸ਼ੁਰੂ ਹੁੰਦੀ ਹੈ ਅਤੇ ਮਨੁੱਖ ਦੀ ਬੰਦਗੀ ਪੂਰਨ ਹੋਣ 'ਤੇ ਸੱਚ ਖੰਡ ਵਿੱਚ ਪੂਰਨ ਹੋ ਜਾਂਦੀ ਹੈ। ਮਨੁੱਖ ਨੂੰ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਤੋਂ ਉਪਰੰਤ ਉਸ ਨੂੰ ਇਹ ਅਵਸਥਾ ਬਣਨੀ ਸ਼ੁਰੂ ਹੁੰਦੀ ਹੈ। ਬੰਦਗੀ ਦੀਆਂ ਪੰਜ ਅਵਸਥਾਵਾਂ ਹਨ: ਧਰਮ ਖੰਡ; ਗਿਆਨ ਖੰਡ; ਸਰਮ ਖੰਡ; ਕਰਮ ਖੰਡ ਅਤੇ ਸੱਚ ਖੰਡ। ਇਨ੍ਹਾਂ ਅਵਸਥਾਵਾਂ ਦੀ ਵਿਚਾਰ ਪਉੜੀ ੬ ਦੀ ਗੁਰਪ੍ਰਸਾਦੀ ਕਥਾ ਵਿੱਚ ਵੀ ਕੀਤੀ ਗਈ ਹੈ। ਇਸ ਪਉੜੀ ਵਿੱਚ ਪ੍ਰਗਟ ਕੀਤੀ ਗਈ ਅਵਸਥਾ ਕਰਮ ਖੰਡ ਅਤੇ ਸੱਚ ਖੰਡ ਦੀ ਅਵਸਥਾ ਹੈ। ਜਿਗਿਆਸੂਆਂ ਨੂੰ

ਇਨ੍ਹਾਂ ਅਵਸਥਾਵਾਂ ਦੇ ਬਾਰੇ ਪੂਰਨ ਬ੍ਰਹਮ ਗਿਆਨ ਦ੍ਰਿੜ੍ਹ ਕਰਵਾਉਣ ਲਈ ਇਨ੍ਹਾਂ ਪਰਮ ਸ਼ਕਤੀਸ਼ਾਲੀ ਅਵਸਥਾਵਾਂ ਦੀ ਵਿਚਾਰ ਦੁਬਾਰਾ ਪੇਸ਼ ਕੀਤੀ ਜਾ ਰਹੀ ਹੈ।

ਕਰਮ ਖੰਡ ਅਤੇ ਸੱਚ ਖੰਡ ਦੀ ਪਰਮ ਸ਼ਕਤੀਸ਼ਾਲੀ ਅਵਸਥਾ:

ਪੂਰਨ ਸਮਰਪਣ ਕਰਦੇ ਹੋਏ ਤਨ, ਮਨ ਅਤੇ ਧਨ ਸਤਿਗੁਰੂ ਦੇ ਸਤਿ ਚਰਨਾਂ 'ਤੇ ਅਰਪਣ ਕਰ ਕੇ ਜਦ ਮਨੁੱਖ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ ਤਾਂ ਉਸ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਗੁਰਕਿਰਪਾ ਹੋ ਜਾਂਦੀ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਮਹਿਰਾਮਤ ਹੋ ਜਾਂਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤ ਜਾਂਦੀ ਹੈ। ਕੁੰਡਲ਼ਨੀ ਸ਼ਕਤੀ ਜਾਗਰਿਤ ਹੋ ਜਾਂਦੀ ਹੈ। ੭ ਸਤਿ ਸਰੋਵਰਾਂ ਵਿੱਚ ਸਤਿਨਾਮ ਪ੍ਰਕਾਸ਼ਮਾਨ ਹੋ ਜਾਂਦਾ ਹੈ। ਜਿਸ ਦੇ ਨਾਲ ੭ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ। ਸਤਿਨਾਮ ਸਿਮਰਨ ਸੁਰਤਿ ਵਿੱਚ ਟਿਕ ਜਾਂਦਾ ਹੈ। ਅਜਪਾ ਜਾਪ ਸ਼ੁਰੂ ਹੋ ਜਾਂਦਾ ਹੈ। ਮਨੁੱਖ ਦੇ ਅੰਦਰ ਨਿਰੰਤਰ ਸਤਿਨਾਮ ਸਿਮਰਨ ਹੋਣਾ ਸ਼ੁਰੂ ਹੋ ਜਾਂਦਾ ਹੈ। ਭਾਂਡਾ (ਦੇਹੀ ਰੂਪੀ) ਅੰਮ੍ਰਿਤ ਨਾਲ ਭਰਨਾ ਸ਼ੁਰੂ ਹੋ ਜਾਂਦਾ ਹੈ। ਸਮਾਧੀ ਲੱਗ ਜਾਂਦੀ ਹੈ। ਜਦ ਮਨੁੱਖ ਸਤਿਨਾਮ ਸਿਮਰਨ ਅਭਿਆਸ ਵਿੱਚ ਬੈਠਦਾ ਹੈ ਤਾਂ ਬੈਠਦੇ ਸਾਰ ਹੀ ਮਨੁੱਖ ਦੀ ਸੁਰਤਿ ਵਿੱਚ ਸਤਿਨਾਮ ਸਿਮਰਨ ਸੁਣਨਾ ਸ਼ੁਰੂ ਹੋ ਜਾਂਦਾ ਹੈ। ਮਨੁੱਖ ਜਦ ਕੀਰਤਨ, ਕਥਾ ਅਤੇ ਗੁਰਬਾਣੀ ਸੁਣਦਾ ਹੈ ਤੇ ਸੁਣਦੇ ਸਾਰ ਹੀ ਮਨੁੱਖ ਸਮਾਧੀ ਵਿੱਚ ਚਲਾ ਜਾਂਦਾ ਹੈ। ਮਨੁੱਖ ਦੀ ਸੁਰਤਿ ਇੱਕ ਦਮ ਕੀਰਤਨ, ਕਥਾ ਅਤੇ ਗੁਰਬਾਣੀ ਵਿੱਚ ਖਿੱਚੀ ਜਾਂਦੀ ਹੈ। ਸੁਰਤਿ ਅਤੇ ਸ਼ਬਦ ਦਾ ਸੁਮੇਲ ਹੋ ਜਾਂਦਾ ਹੈ। ਸੁਰਤਿ ਸ਼ਬਦ ਵਿੱਚ ਸਥਿਰ ਹੋ ਜਾਂਦੀ ਹੈ। ਨਿਰੰਤਰ ਸਤਿਨਾਮ ਸਿਮਰਨ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਇੜਾ, ਪਿੰਗਲਾ ਅਤੇ ਸੁਖਮਨਾ (ਸੁਸ਼ਮਨਾ) ਪ੍ਰਕਾਸ਼ਮਾਨ ਹੋ ਜਾਂਦੀਆਂ ਹਨ। ਗਿਆਨ ਨੇਤਰ ਖੁੱਲ੍ਹ ਜਾਂਦਾ ਹੈ। ਸਤਿਨਾਮ ਸਿਮਰਨ ਦੇ ਗੁਰਪ੍ਰਸਾਦਿ ਨਾਲ ਇੜਾ, ਪਿੰਗਲਾ ਅਤੇ ਸੁਖਮਨਾ ਨਾੜਾਂ ਵੀ ਸਹਿਜੇ ਹੀ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ। ਇਨ੍ਹਾਂ ਨਾੜਾਂ ਦੇ ਪ੍ਰਕਾਸ਼ਮਾਨ ਹੋਣ ਨਾਲ ਗਿਆਨ ਨੇਤਰ ਖੁੱਲ੍ਹ ਜਾਂਦਾ ਹੈ ਅਤੇ ਮਨੁੱਖ ਸਮਾਧੀ ਵਿੱਚ ਚਲਾ ਜਾਂਦਾ ਹੈ।

ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ ॥
ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੨-੯੭੩)

ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ ॥
ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥
ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥
ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ ॥
ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥
ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥੬੦॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੪)

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥

ਸੰਤਹੁ ਤਹਾ ਨਿਰੰਜਨ ਰਾਮੁ ਹੈ ॥
ਗੁਰ ਗਮਿ ਚੀਨੈ ਬਿਰਲਾ ਕੋਇ ॥
ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੪)

ਇੜਾ, ਪਿੰਗਲਾ ਅਤੇ ਸੁਖਮਨਾ ਦੀਆਂ ਨਾੜਾਂ ਸੂਖਸ਼ਮ ਦੇਹੀ ਦਾ ਇੱਕ ਅਹਿਮ ਅੰਗ ਹਨ, ਜੋ ਮਨੁੱਖ ਦੇ ਸਾਰੇ (੭) ਸਤਿ ਸਰੋਵਰਾਂ ਨੂੰ ਜੋੜਦੀਆਂ ਹਨ, ਜੋ ਗੀੜ੍ਹ ਦੇ ਮੁੱਢ ਤੋਂ ਸ਼ੁਰੂ ਹੋ ਕੇ ਤ੍ਰਿਕੁਟੀ 'ਤੇ ਮਿਲਦੀਆਂ ਹਨ। ਇਨ੍ਹਾਂ ਤਿੰਨਾਂ ਨਾੜਾਂ ਵਿੱਚ ਮਨੁੱਖ ਦੇ ਪ੍ਰਾਣ ਵੱਸਦੇ ਹਨ। ਭਾਵ ਮਨੁੱਖ ਦੀ ਪ੍ਰਾਣ ਸ਼ਕਤੀ ਅਤੇ ਹੋਰ ਸਾਰੀਆਂ ਕਲਾਵਾਂ ਇਨ੍ਹਾਂ ਨਾੜਾਂ ਅਤੇ ਸਤਿ ਸਰੋਵਰਾਂ ਵਿੱਚੋਂ ਹੀ ਕ੍ਰਿਆਸ਼ੀਲ ਹੁੰਦੀਆਂ ਹਨ। ਮਨੁੱਖ ਨੂੰ ਸਾਰੀਆਂ ਇਲਾਹੀ ਸ਼ਕਤੀਆਂ ਇਨ੍ਹਾਂ ਤਿੰਨਾਂ ਨਾੜਾਂ ਅਤੇ ੭ ਸਤਿ ਸਰੋਵਰਾਂ ਤੋਂ ਹੀ ਪ੍ਰਾਪਤ ਹੁੰਦੀਆਂ ਹਨ। ਇਹ ਤਿੰਨੋਂ ਨਾੜਾਂ ਅਤੇ ੭ ਸਤਿ ਸਰੋਵਰ ਹੀ ਮਨੁੱਖ ਦੇ ਜੀਵਨ ਦਾ ਆਧਾਰ ਹਨ। ਇਹ ਤਿੰਨੋਂ ਨਾੜਾਂ ਅਤੇ ੭ ਸਤਿ ਸਰੋਵਰ ਸਤਿਨਾਮ ਦੇ ਗੁਰਪ੍ਰਸਾਦਿ ਨਾਲ ਹੀ ਪ੍ਰਕਾਸ਼ਮਾਨ ਹੁੰਦੇ ਹਨ। ਮਨੁੱਖ ਦੀ ਸੁਰਤਿ ਦਾ ਆਧਾਰ ਵੀ ਇਹ ਤਿੰਨੋਂ ਨਾੜਾਂ ਅਤੇ ੭ ਸਤਿ ਸਰੋਵਰ ਹੀ ਹਨ। ਜਿਵੇਂ-ਜਿਵੇਂ ਇਹ ਤਿੰਨੋਂ ਨਾੜਾਂ ਅਤੇ ੭ ਸਤਿ ਸਰੋਵਰ ਪ੍ਰਕਾਸ਼ਮਾਨ ਹੁੰਦੇ ਹਨ ਤਿਵੇਂ-ਤਿਵੇਂ ਮਨੁੱਖ ਦੀ ਸੁਰਤਿ ਵੀ ਉੱਚੀਆਂ ਅਵਸਥਾਵਾਂ ਵਿੱਚ ਪੁੱਜਦੀ ਜਾਂਦੀ ਹੈ।

ਜਦ ਇਹ ਤਿੰਨਾਂ ਨਾੜਾਂ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ ਤਾਂ ਤ੍ਰਿਕੁਟੀ ਖੁੱਲ੍ਹ ਜਾਂਦੀ ਹੈ ਅਤੇ ਗਿਆਨ ਨੇਤਰ ਪ੍ਰਕਾਸ਼ਮਾਨ ਹੋ ਜਾਂਦਾ ਹੈ। ਸਤਿਨਾਮ ਦਾ ਗੁਰ ਪ੍ਰਸਾਦਿ ਜਦ ਇਨ੍ਹਾਂ ਨਾੜਾਂ ਵਿੱਚ ਜਾਂਦਾ ਹੈ ਤਾਂ ਇਹ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ। ਜਦ ਸਤਿਨਾਮ ਦਾ ਗੁਰ ਪ੍ਰਸਾਦਿ ਇਨ੍ਹਾਂ ਨਾੜਾਂ ਵਿੱਚੋਂ ਹੁੰਦਾ ਹੋਇਆ ਸਤਿ ਸਰੋਵਰਾਂ ਵਿੱਚੋਂ ਨਿਕਲਦਾ ਹੈ ਤਾਂ ਇਹ ਸਾਰੇ (੭) ਸਤਿ ਸਰੋਵਰ ਵੀ ਪ੍ਰਕਾਸ਼ਮਾਨ ਹੋ ਜਾਂਦੇ ਹਨ। ਇਸ ਤਰ੍ਹਾਂ ਨਾਲ ਮਨੁੱਖ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਅਤੇ ਸਮਾਧੀ ਲੱਗ ਜਾਂਦੀ ਹੈ। ਸਤਿਨਾਮ ਰੋਮ-ਰੋਮ ਵਿੱਚ ਪ੍ਰਕਾਸ਼ਮਾਨ ਹੋ ਜਾਂਦਾ ਹੈ। ਗੁਰ ਪ੍ਰਸਾਦਿ ਨਾਲ ਇਹ ਸਾਰੀਆਂ ਰੂਹਾਨੀ ਪ੍ਰਾਪਤੀਆਂ ਸਹਿਜੇ ਹੀ ਹੋ ਜਾਂਦੀਆਂ ਹਨ ।

ਜੋਗੀ ਲੋਕ ਪ੍ਰਾਣਾਯਾਮ ਦੀ ਸਾਧਨਾ ਨਾਲ ਇੜਾ, ਪਿੰਗਲਾ ਅਤੇ ਸੁਖਮਨਾ ਨੂੰ ਜਾਗਰਿਤ ਕਰਨ ਦਾ ਅਭਿਆਸ ਕਰਦੇ ਹਨ। ਇੜਾ ਵਿੱਚ ਪ੍ਰਾਣ ਉੱਪਰ ਨੂੰ ਖਿੱਚਦੇ ਹਨ, ਪਿੰਗਲਾ ਵਿੱਚ ਪ੍ਰਾਣ ਨੀਚੇ ਉਤਾਰਦੇ ਹਨ ਅਤੇ ਸੁਖਮਨਾ ਵਿੱਚ ਪ੍ਰਾਣ ਟਿਕਾਉਂਦੇ ਹਨ। ਇਹ ਜੋਗ ਦੇ ਅਭਿਆਸ ਵਿੱਚ ਜੋਗੀ ਪ੍ਰਾਣਾਯਾਮ ਸਾਧਨਾ ਨਾਲ ਇੜਾ, ਪਿੰਗਲਾ ਅਤੇ ਸੁਖਮਨਾ ਨਾੜਾਂ ਨੂੰ ਜਾਗਰਿਤ ਕਰਨ ਲਈ ਕਰਦੇ ਹਨ। ਇਸ ਦੇ ਨਾਲ ਹੀ ਜੋਗੀ ਲੋਕ ੭ ਸਤਿ ਸਰੋਵਰਾਂ ਨੂੰ ਵੀ ਜੋਗ ਸਾਧਨਾ ਕਰ ਕੇ ਜਾਗਰਿਤ ਕਰਨ ਦਾ ਅਭਿਆਸ ਕਰਦੇ ਹਨ। ਜੋਗੀ ਲੋਕ ਇਕੱਲੇ-ਇਕੱਲੇ ਸਤਿ ਸਰੋਵਰ ਨੂੰ ਜਾਗਰਿਤ ਕਰਨ ਦਾ ਅਭਿਆਸ ਕਰਦੇ ਹਨ। ਇਹ ਸਾਰੇ ਅਭਿਆਸ ਬਹੁਤ ਕਠਿਨ ਹੁੰਦੇ ਹਨ ਅਤੇ ਬਹੁਤ ਸਮੇਂ ਲਈ ਕਰਨੇ ਪੈਂਦੇ ਹਨ ਜਿਸ ਦੇ ਨਾਲ ਇਨ੍ਹਾਂ ਸਤਿ ਸਰੋਵਰਾਂ ਅਤੇ ਇੜਾ, ਪਿੰਗਲਾ ਅਤੇ ਸੁਖਮਨਾ ਦੇ ਜਾਗਰਿਤ ਹੋਣ ਦੀ ਸੰਭਾਵਨਾ ਹੁੰਦੀ ਹੈ। ਸੁਣਨ ਵਿੱਚ ਆਉਂਦਾ ਹੈ ਕਿ ਜੋਗੀ ਲੋਕ ਕਈ-ਕਈ ਸਾਲਾਂ ਤੱਕ ਇਕੱਲੇ-ਇਕੱਲੇ ਸਤਿ ਸਰੋਵਰ ਉੱਪਰ ਧਿਆਨ ਕੇਂਦਰਿਤ ਕਰਦੇ ਹਨ। ਇਸੇ ਤਰ੍ਹਾਂ ਨਾਲ ਇੜਾ, ਪਿੰਗਲਾ ਅਤੇ ਸੁਖਮਨਾ ਨੂੰ ਜਾਗਰਿਤ ਕਰਨ ਲਈ ਕਈ-ਕਈ ਸਾਲਾਂ ਦਾ

ਅਭਿਆਸ ਕਰਦੇ ਹਨ। ਇਸ ਤਰ੍ਹਾਂ ਨਾਲ ਜੋਗ ਅਭਿਆਸ ਦੀ ਕ੍ਰਿਆ ਬਹੁਤ ਕਠਿਨ ਹੁੰਦੀ ਹੈ ਅਤੇ ਲੰਬੇ ਸਮੇਂ ਲਈ ਕਰਨੀ ਪੈਂਦੀ ਹੈ। ਪਰੰਤੂ ਪ੍ਰੇਮਾ ਭਗਤੀ ਵਿੱਚ ਇਹ ਸਾਰੀਆਂ ਪ੍ਰਾਪਤੀਆਂ ਗੁਰ ਪ੍ਰਸਾਦੀ ਗੁਰ ਕਿਰਪਾ ਨਾਲ ਸਤਿਨਾਮ ਦੀ ਕਮਾਈ ਨਾਲ ਸਹਿਜੇ ਹੀ ਹੋ ਜਾਂਦੀਆਂ ਹਨ।

ਇਸ ਅਵਸਥਾ ਵਿੱਚ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਮਨੁੱਖ ਅਕਾਲ ਪੁਰਖ ਦੀ ਦਰਗਾਹ ਵਿੱਚ ਸੁਹਾਗਣ ਦੇ ਤੌਰ 'ਤੇ ਸਵੀਕਾਰ ਕੀਤਾ ਜਾਂਦਾ ਹੈ ਅਤੇ ਅਕਾਲ ਪੁਰਖ ਦੀ ਦਰਗਾਹ ਵਿੱਚ ਸਤਿਨਾਮ ਦਾ ਖਾਤਾ ਖੁੱਲ੍ਹ ਜਾਂਦਾ ਹੈ। ਮਨੁੱਖ ਦੀ ਅਸਲੀ ਦਰਗਾਹੀ ਬੰਦਗੀ ਸ਼ੁਰੂ ਹੋ ਜਾਂਦੀ ਹੈ। ਨਿਰੰਤਰ ਸਤਿਨਾਮ ਸਿਮਰਨ ਅਜਪਾ ਜਾਪ ਸਿੱਧਾ ਦਰਗਾਹ ਵਿੱਚ ਮਨੁੱਖ ਦੇ ਨਾਮ ਦੇ ਖਾਤੇ ਵਿੱਚ ਜਮ੍ਹਾਂ ਹੋਣਾ ਸ਼ੁਰੂ ਹੋ ਜਾਂਦਾ ਹੈ। ਸਤਿਨਾਮ ਧਨ ਇਕੱਤਰ ਹੋਣਾ ਸ਼ੁਰੂ ਹੋ ਜਾਂਦਾ ਹੈ। ਜਦ ਮਨੁੱਖ ਲੰਬੇ ਸਮੇਂ ਲਈ ਸਤਿਨਾਮ ਅਭਿਆਸ ਵਿੱਚ ਬੈਠਦਾ ਹੈ ਤਾਂ ਉਹ ਸੁੰਨ ਸਮਾਧੀ ਵਿੱਚ ਚਲਾ ਜਾਂਦਾ ਹੈ। ਸੁੰਨ ਦੀ ਅਵਸਥਾ ਪ੍ਰਾਪਤ ਹੋਣੀ ਸ਼ੁਰੂ ਹੋ ਜਾਂਦੀ ਹੈ। ਮਨ ਅਤੇ ਹਿਰਦਾ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ। ਮਨ ਦੇ ਫੁਰਨੇ ਖ਼ਤਮ ਹੋ ਜਾਂਦੇ ਹਨ। ਮਨ ਵਿੱਚ ਕੋਈ ਵਿਕਲਪ ਨਹੀਂ ਰਹਿ ਜਾਂਦਾ ਹੈ। ਮਨ ਦਾ ਅੰਤ ਹੋ ਜਾਂਦਾ ਹੈ। ਮਨ ਪਰਮ ਜੋਤ ਵਿੱਚ ਬਦਲ ਜਾਂਦਾ ਹੈ। ਹਿਰਦੇ ਵਿੱਚ ਪੂਰਨ ਜੋਤ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ। ਦੇਹੀ ਕੰਚਨ ਹੋ ਜਾਂਦੀ ਹੈ। ਭਾਵ ਦੇਹੀ ਵਿਕਾਰਾਂ ਤੋਂ ਰਹਿਤ ਹੋ ਜਾਂਦੀ ਹੈ। ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ, ਅਹੰਕਾਰ ਚੰਡਾਲ ਮਨੁੱਖ ਦੇ ਵੱਸ ਵਿੱਚ ਆ ਜਾਂਦੇ ਹਨ। ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਅਗਨ ਬੁਝ ਜਾਂਦੀ ਹੈ । ਹਿਰਦਾ ਸਤਿ-ਸੰਤੋਖ ਵਿੱਚ ਚਲਾ ਜਾਂਦਾ ਹੈ। ਰਾਜ, ਜੋਬਨ, ਧਨ, ਮਾਲ, ਸ਼ਬਦ, ਸਪਰਸ਼, ਨਿੰਦਿਆ, ਚੁਗ਼ਲੀ, ਬਖੀਲੀ ਅਤੇ ਹੋਰ ਸਾਰੇ ਵਿਕਾਰਾਂ ਦਾ ਅੰਤ ਹੋ ਜਾਂਦਾ ਹੈ। ਭਾਂਡਾ (ਦੇਹੀ) ਨਿਰਮਲ ਹੋ ਕੇ ਕੰਚਨ ਹੋ ਜਾਂਦਾ ਹੈ। ਭਾਂਡੇ (ਦੇਹੀ) ਦੇ ਸਾਰੇ ਵਿਕਾਰਾਂ ਰੂਪੀ ਛੇਕ ਬੰਦ ਹੋ ਜਾਂਦੇ ਹਨ। ਭਾਂਡੇ ਵਿੱਚ ਅੰਮ੍ਰਿਤ ਭਰਪੂਰ ਹੋ ਜਾਂਦਾ ਹੈ। ਭਾਂਡੇ ਵਿੱਚੋਂ ਅੰਮ੍ਰਿਤ ਛਲਕਣ ਲੱਗ ਜਾਂਦਾ ਹੈ। ਭਾਂਡੇ ਵਿੱਚੋਂ ਅੰਮ੍ਰਿਤ ਬਾਹਰ ਵਗਣਾ ਸ਼ੁਰੂ ਹੋ ਜਾਂਦਾ ਹੈ। ਭਾਵ ਮਨੁੱਖਾ ਦੇਹੀ ਵਿੱਚੋਂ ਅੰਮ੍ਰਿਤ ਬਾਹਰ ਡੁੱਲ੍ਹਣਾ ਸ਼ੁਰੂ ਹੋ ਜਾਂਦਾ ਹੈ। ਕੰਚਨ ਹੋਈ ਦੇਹੀ ਦੀ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਨੂੰ ਗੁਰਬਾਣੀ ਵਿੱਚ ਬਹੁਤ ਸਾਰੇ ਸਲੋਕਾਂ ਵਿੱਚ ਪ੍ਰਗਟ ਕੀਤਾ ਗਿਆ ਹੈ:

ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ ॥ ਲਿਵ ਲਾਵਹੁ ਤਿਸੁ ਰਾਮ ਸਨੇਹੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੦)

ਕੰਚਨ ਕਾਇਆ ਜੋਤਿ ਅਨੂਪੁ ॥
ਤ੍ਰਿਭਵਣ ਦੇਵਾ ਸਗਲ ਸਰੂਪੁ ॥ ਮੈ ਸੋ ਧਨੁ ਪਲੈ ਸਾਚੁ ਅਖੂਟੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੧੩-੪੧੪)

ਗੁਰਮੁਖਿ ਢੂੰਢਿ ਢੁਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ ॥
ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ ॥
ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ ॥
ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੪੯)

ਦੇਹ ਕੰਚਨ ਜੀਨੁ ਸੁਵਿਨਾ ਰਾਮ ॥ ਜੜਿ ਹਰਿ ਹਰਿ ਨਾਮੁ ਰਤੰਨਾ ਰਾਮ ॥
ਜੜਿ ਨਾਮ ਰਤਨੁ ਗੋਵਿੰਦ ਪਾਇਆ ਹਰਿ ਮਿਲੇ ਹਰਿ ਗੁਣ ਸੁਖ ਘਣੇ ॥
ਗੁਰ ਸਬਦੁ ਪਾਇਆ ਹਰਿ ਨਾਮੁ ਧਿਆਇਆ ਵਡਭਾਗੀ ਹਰਿ ਰੰਗ ਹਰਿ ਬਣੇ ॥
ਹਰਿ ਮਿਲੇ ਸੁਆਮੀ ਅੰਤਰਜਾਮੀ ਹਰਿ ਨਵਤਨ ਹਰਿ ਨਵ ਰੰਗੀਆ ॥
ਨਾਨਕੁ ਵਖਾਣੈ ਨਾਮੁ ਜਾਣੈ ਹਰਿ ਨਾਮੁ ਹਰਿ ਪ੍ਰਭ ਮੰਗੀਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੭੬)

ਕੰਚਨ ਕਾਇਆ ਨਿਰਮਲੀ ਜੋ ਸਚਿ ਨਾਮਿ ਸਚਿ ਲਾਗੀ॥
ਨਿਰਮਲ ਜੋਤਿ ਨਿਰੰਜਨੁ ਪਾਇਆ ਗੁਰਮੁਖਿ ਭ੍ਰਮੁ ਭਉ ਭਾਗੀ ॥
ਨਾਨਕ ਗੁਰਮੁਖਿ ਸਦਾ ਸੁਖੁ ਪਾਵਹਿ ਅਨਦਿਨੁ ਹਰਿ ਬੈਰਾਗੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੯੦)

ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ ॥
ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੩੩)

ਰਾਮ ਨਾਮ ਰਸੁ ਚਾਖਿਆ ਹਰਿ ਨਾਮਾ ਹਰ ਤਾਰਿ ॥
ਕਹੁ ਕਬੀਰ ਕੰਚਨੁ ਭਇਆ ਭ੍ਰਮੁ ਗਇਆ ਸਮੁਦ੍ਰੈ ਪਾਰਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੩)

ਜਦ ਮਨੁੱਖ ਦੀ ਦੇਹੀ ਕੰਚਨ ਹੋ ਜਾਂਦੀ ਹੈ ਤਾਂ ਮਨੁੱਖ ਦੀ ਦੁਬਿਧਾ ਦਾ ਅੰਤ ਹੋ ਜਾਂਦਾ ਹੈ। ਸਾਰੇ ਭਰਮਾਂ ਦਾ ਨਾਸ ਹੋ ਜਾਂਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਕੰਚਨ ਹੋਈ ਦੇਹੀ ਵਿੱਚ ਹੀ ਪ੍ਰਗਟ ਹੁੰਦਾ ਹੈ। ਮਨੁੱਖ ਦੀ ਦੇਹੀ ਨਿਰੰਤਰ ਅੰਮ੍ਰਿਤ ਇਸ਼ਨਾਨ ਕਰਦੀ ਹੈ। ਸਾਰੇ ਪਾਸੇ ਪ੍ਰਕਾਸ਼ ਹੀ ਪ੍ਰਕਾਸ਼ ਹੋ ਜਾਂਦਾ ਹੈ। ਪਰਮ ਜੋਤ ਪੂਰਨ ਪ੍ਰਕਾਸ਼ ਦੀ ਬਖ਼ਸ਼ਿਸ਼ ਕੰਚਨ ਹੋਈ ਦੇਹੀ ਨੂੰ ਹੀ ਪ੍ਰਾਪਤ ਹੁੰਦੀ ਹੈ। ਜਿਗਿਆਸੂ ਦੀ ਨਿਰੰਤਰ ਸਹਿਜ ਸਮਾਧੀ ਵੀ ਕੰਚਨ ਹੋਈ ਦੇਹੀ ਨੂੰ ਹੀ ਪ੍ਰਾਪਤ ਹੁੰਦੀ ਹੈ। ਸਾਰੇ ਮਾਨਸਿਕ ਰੋਗਾਂ ਤੋਂ ਮੁਕਤੀ ਕੰਚਨ ਦੇਹੀ ਬਣਨ 'ਤੇ ਹੀ ਮਿਲਦੀ ਹੈ। ਮਨੁੱਖ ਦੀ ਸੁਰਤਿ, ਮਤਿ ਅਤੇ ਬੁੱਧ ਉੱਤਮ ਅਵਸਥਾ ਵਿੱਚ ਪਹੁੰਚ ਜਾਂਦੀ ਹੈ ਅਤੇ ਦੇਵਤਿਆਂ ਵਾਲੀ ਅਤੇ ਸਿੱਧਾਂ ਵਾਲੀ ਅਵਸਥਾ ਬਣ ਜਾਂਦੀ ਹੈ। ਮਨੁੱਖ ਦੀ ਸੁਰਤਿ, ਮਤਿ ਅਤੇ ਬੁੱਧ ਪੂਰਨ ਗੁਰਮਤਿ ਵਿੱਚ ਚਲੀ ਜਾਂਦੀ ਹੈ।

ਕਰਮ ਖੰਡ ਮਨੁੱਖ ਦੀ ਬਹੁਤ ਉੱਚੀ ਅਤੇ ਪਰਮ ਸ਼ਕਤੀਸ਼ਾਲੀ ਰੂਹਾਨੀ ਅਵਸਥਾ ਹੈ। ਮਨੁੱਖ ਦੀ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨਾਲ ਅਸਲ ਜੰਗ ਪੂਰੇ ਜ਼ੋਰਾਂ ਨਾਲ ਹੁੰਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੇ ਪ੍ਰਤਾਪ ਦੇ ਨਾਲ ਮਨੁੱਖ ਸਾਰੀਆਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਅਤੇ ਮਨ 'ਤੇ ਜਿੱਤ ਪਾ ਲੈਂਦਾ ਹੈ। ਸਤਿਨਾਮ ਮਨੁੱਖ ਦੇ ਰੋਮ-ਰੋਮ ਵਿੱਚ ਚਲਾ ਜਾਂਦਾ ਹੈ। ਮਨੁੱਖ ਦਾ ਰੋਮ-ਰੋਮ ਭਾਵ ਦੇਹੀ ਦੀ ਹਰ ਇੱਕ ਕੋਸ਼ਕਾ (Cell) ਨਾਮ ਦੇ ਨਾਲ ਧੜਕਣ (Vibrate) ਲੱਗ ਪੈਂਦੀ ਹੈ। ਮਨੁੱਖ ਦੇ ਰੋਮ-ਰੋਮ ਵਿੱਚੋਂ ਇਲਾਹੀ ਪ੍ਰਕਾਸ਼ ਨਿਕਲਣ ਲੱਗ ਪੈਂਦਾ ਹੈ। ਮਨੁੱਖ ਦੇ ਨੇਤਰਾਂ ਵਿੱਚੋਂ ਇਲਾਹੀ ਪ੍ਰਕਾਸ਼ ਨਿਕਲਣ ਲੱਗ ਪੈਂਦਾ ਹੈ। ਦਸਮ ਦੁਆਰ ਖੁੱਲ੍ਹ ਜਾਂਦਾ ਹੈ ਅਤੇ ਅਕਾਲ ਪੁਰਖ ਨਾਲ ਸਿੱਧਾ

ਸੰਪਰਕ ਕਾਇਮ ਹੋ ਜਾਂਦਾ ਹੈ। ਦਸਮ ਦੁਆਰ ਦੇ ਖੁੱਲ੍ਹਣ ਨਾਲ ਆਪਣੀ ਹੀ ਕੰਚਨ ਹੋਈ ਸੂਖਸ਼ਮ ਦੇਹੀ ਦੇ ਦਰਸ਼ਨ ਹੋ ਜਾਂਦੇ ਹਨ। ਦਸਮ ਦੁਆਰ ਦੇ ਖੁੱਲ੍ਹਣ ਨਾਲ ਮਨੁੱਖ ਨੂੰ ਅਨਹਦ ਸ਼ਬਦ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਅਨਹਦ ਸ਼ਬਦ ਨਿਰੰਤਰ ਮਨੁੱਖ ਦੇ ਦਸਮ ਦੁਆਰ ਵਿੱਚ ਵੱਜਣ ਲੱਗ ਪੈਂਦਾ ਹੈ। ਅਨਹਦ ਸ਼ਬਦ ਜੋ ਮਨੁੱਖ ਦੇ ਦਸਮ ਦੁਆਰ ਵਿੱਚ ਵੱਜਦਾ ਹੈ ਉਹ ਹੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਧੁਨਾਤਮਕ ਨਾਮ ਅੰਮ੍ਰਿਤ ਹੈ। ਦਸਮ ਦੁਆਰ ਵਿੱਚ ਵੱਜਦੇ ਹੋਏ ਇਸ ਅਨਹਦ ਸ਼ਬਦ ਦੇ ਬਾਰੇ ਪਰਮ ਸਤਿ ਤੱਤ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥ ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥
ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦)

ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੪)

ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੨)

ਗੁਰਮੁਖਿ ਏਕੋ ਏਕੁ ਪਛਾਤਾ ਗੁਰਮੁਖਿ ਹੋਇ ਲਖਾਵੈਗੋ ॥
ਗੁਰਮੁਖਿ ਜਾਇ ਮਿਲੈ ਨਿਜ ਮਹਲੀ ਅਨਹਦ ਸਬਦੁ ਬਜਾਵੈਗੋ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੧੦)

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੪)

ਨਿਰੰਤਰ ਦਸਮ ਦੁਆਰ ਵਿੱਚ ਵੱਜਣ ਵਾਲਾ ਇਹ ਅਨਹਦ ਸ਼ਬਦ ਧੁਨਾਤਮਕ ਨਾਮ ਅੰਮ੍ਰਿਤ ਹੀ ਦਰਗਾਹੀ ਅਖੰਡ ਕੀਰਤਨ ਹੈ। ਅਨਹਦ ਤੋਂ ਭਾਵ ਹੈ ਜਿਸ ਦਾ ਕੋਈ ਹੱਦ-ਬੰਨਾ ਨਹੀਂ ਹੈ। ਜੋ ਕਦੇ ਖ਼ਤਮ ਨਹੀਂ ਹੁੰਦਾ ਹੈ। ਜੋ ਬੇਅੰਤ ਹੈ ਅਤੇ ਨਿਰੰਤਰ ਵੱਜਦਾ ਹੈ। ਇਹ ਅਨਹਦ ਸ਼ਬਦ ਮਨੁੱਖ ਦੇ ਕੰਨਾਂ ਵਿੱਚ ਨਹੀਂ ਸੁਣਦਾ ਹੈ। ਇਹ ਅਨਹਦ ਸ਼ਬਦ ਬੇਅੰਤ ਸ਼ਕਤੀਸ਼ਾਲੀ ਹੈ ਅਤੇ ਇਹ ਮਨੁੱਖ ਦੇ ਕੇਵਲ ਦਸਮ ਦੁਆਰ ਵਿੱਚ ਹੀ ਵੱਜਦਾ ਅਤੇ ਸੁਣਦਾ

ਹੈ। ਇਸ ਪਰਮ ਸ਼ਕਤੀਸ਼ਾਲੀ ਅਨਹਦ ਸ਼ਬਦ ਧੁਨਾਤਮਕ ਨਾਮ ਅੰਮ੍ਰਿਤ ਵਿੱਚ ਸਾਰੀ ਕੁਦਰਤ ਦਾ ਇਲਾਹੀ ਸੰਗੀਤ ਅਤੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਅੰਮ੍ਰਿਤ ਬਾਣੀ ਗੂੰਜਦੀ ਹੈ। ਜਦ ਇਹ ਅਨਹਦ ਸ਼ਬਦ ਪ੍ਰਗਟ ਹੁੰਦਾ ਹੈ ਤਾਂ ਇਸ ਦੇ ਸਨਮੁਖ ਸਾਰੇ ਸੰਗੀਤਾਂ ਦੀਆਂ ਧੁਨਾਂ ਫਿੱਕੀਆਂ ਪੈ ਜਾਂਦੀਆਂ ਹਨ। ਜਦ ਮਨੁੱਖ ਇਸ ਅਨਹਦ ਸ਼ਬਦ ਦੇ ਸੰਗੀਤ 'ਤੇ ਆਪਣਾ ਧਿਆਨ ਕੇਂਦਰਿਤ ਕਰਦਾ ਹੈ ਤਾਂ ਉਸ ਦਾ ਹਿਰਦਾ ਅਤੇ ਮਨ ਇੱਕ ਦਮ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ।

ਐਸੀ ਸੁੰਦਰ ਅਤੇ ਪਰਮ ਸ਼ਕਤੀਸ਼ਾਲੀ ਕਰਮ ਖੰਡ ਦੀ ਅਵਸਥਾ ਵਿੱਚ ਜੋ ਮਨੁੱਖ ਪਹੁੰਚ ਜਾਂਦੇ ਹਨ ਉਨ੍ਹਾਂ ਉੱਪਰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਬੇਅੰਤ ਅਪਾਰ ਕਿਰਪਾ ਬਰਸਦੀ ਹੈ। ਉਨ੍ਹਾਂ ਦੀ ਸੁਰਤਿ, ਮਤਿ, ਮਨ, ਬੁੱਧ ਬਹੁਤ ਰੂਹਾਨੀ ਉੱਚਾਈਆਂ 'ਤੇ ਚਲੀਆਂ ਜਾਂਦੀਆਂ ਹਨ। ਐਸੀ ਪਰਮ ਸ਼ਕਤੀਸ਼ਾਲੀ ਅਵਸਥਾ ਵਿੱਚ ਜੋ ਜਿਗਿਆਸੂ ਪਹੁੰਚ ਜਾਂਦੇ ਹਨ ਉਨ੍ਹਾਂ ਦੀ ਅਵਸਥਾ ਦਾ ਵਰਨਨ ਨਹੀਂ ਕੀਤਾ ਜਾ ਸਕਦਾ ਹੈ। ਇਹ ਗੁਰਪ੍ਰਸਾਦੀ ਕਥਾ ਐਸੇ ਮਹਾਂਪੁਰਖਾਂ ਦੀ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਦੀ ਕੇਵਲ ਇੱਕ ਝਲਕ ਮਾਤਰ ਹੀ ਹੈ। ਜੋ ਮਨੁੱਖ ਇਹ ਦਾਅਵਾ ਕਰਦੇ ਹਨ ਕਿ ਉਹ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਦਾ ਵਰਨਨ ਕਰ ਸਕਦੇ ਹਨ ਉਹ ਕੇਵਲ ਆਪਣੇ ਅਹੰਕਾਰ ਵੱਸ ਹੋ ਕੇ ਐਸਾ ਕਰਦੇ ਹਨ। ਜਿਸ ਕਾਰਨ ਉਨ੍ਹਾਂ ਨੂੰ ਪਸ਼ਚਾਤਾਪ ਕਰਨਾ ਪੈਂਦਾ ਹੈ। ਜੋ ਮਨੁੱਖ ਐਸੀ ਅਵਸਥਾ ਵਿੱਚ ਪਹੁੰਚ ਜਾਂਦੇ ਹਨ ਉਨ੍ਹਾਂ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਬੇਅੰਤ ਪਰਮ ਸ਼ਕਤੀਆਂ ਦਾ ਅਨੁਭਵ ਹੋ ਜਾਂਦਾ ਹੈ ਇਸ ਲਈ ਉਹ ਆਪਣੇ ਆਪ ਨੂੰ ਮਹਾ ਕੰਗਾਲ ਕਹਿਣ ਲੱਗ ਜਾਂਦੇ ਹਨ। ਉਹ ਇਹ ਕਹਿਣ ਲੱਗ ਜਾਂਦੇ ਹਨ ਕਿ ਉਨ੍ਹਾਂ ਨੂੰ ਕੋਈ ਗਿਆਨ ਨਹੀਂ ਹੈ। ਇਹ ਸਭ ਕੁਝ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਹੀ ਮਹਿਮਾ ਹੈ। ਉਹ ਇਲਾਹੀ ਇਸ਼ਕ ਵਿੱਚ ਆਪਣੇ ਆਪ ਨੂੰ ਮਿਟਾ ਦਿੰਦੇ ਹਨ। ਉਹ ਆਪਣੀ ਹਸਤੀ ਨੂੰ ਮਿਟਾ ਕੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ।

ਕਰਮ ਖੰਡ ਵਿੱਚ ਜਿਗਿਆਸੂ ਉੱਪਰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਬੇਅੰਤ ਅਪਾਰ ਕਿਰਪਾ ਅਤੇ ਗੁਰ ਪ੍ਰਸਾਦਿ ਦੀ ਪਰਮ ਸ਼ਕਤੀ ਵਰਤਦੀ ਹੈ। ਕਰਮ ਖੰਡ ਵਿੱਚ ਮਨੁੱਖ ਦੀ ਬੰਦਗੀ ਦਰਗਾਹ ਵਿੱਚ ਗਿਣੀ ਜਾਂਦੀ ਹੈ। ਇੜਾ, ਪਿੰਗਲਾ ਅਤੇ ਸੁਖਮਨਾ ਨਾੜਾਂ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ ਅਤੇ ਤ੍ਰਿਕੁਟੀ ਵਿੱਚ ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਹੋਣ ਦੇ ਨਾਲ ਹੀ ਸਮਾਧੀ ਲੱਗ ਜਾਂਦੀ ਹੈ। ਏਕ ਬੂੰਦ ਅੰਮ੍ਰਿਤ ਦੀ ਮਹਿਮਾ ਗੁਰਬਾਣੀ ਵਿੱਚ ਪ੍ਰਗਟ ਕੀਤੀ ਗਈ ਹੈ।

ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ ॥
ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੧੨)

ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਹੀ ਗੁਰ ਪ੍ਰਸਾਦਿ ਦੀ ਪ੍ਰਾਪਤੀ ਦੀ ਨਿਸ਼ਾਨੀ ਹੈ। ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਹੀ ਅਜਪਾ ਜਾਪ ਸ਼ੁਰੂ ਹੁੰਦਾ ਹੈ। ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦੀ ਸਮਾਧੀ ਲੱਗ ਜਾਂਦੀ ਹੈ। ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ

ਦੇ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਹੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਦੇ ਨਾਲ ਹੀ ਸਤਿਨਾਮ ਸਿਮਰਨ ਦੇ ਲੰਬੇ ਸਮੇਂ ਦੇ ਅਭਿਆਸ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਿਮਰਨ ਅਭਿਆਸ ਵਿੱਚ ਜਿਗਿਆਸੂ ਨੂੰ ਬੇਅੰਤ ਆਨੰਦ ਪ੍ਰਾਪਤ ਹੋਣਾ ਸ਼ੁਰੂ ਹੋ ਜਾਂਦਾ ਹੈ। ਸਤਿਨਾਮ ਸਿਮਰਨ ਦੇ ਲੰਬੇ ਸਮੇਂ ਦੇ ਅਭਿਆਸ ਨਾਲ ਮਨ ਸ਼ਾਂਤ ਹੋ ਜਾਂਦਾ ਹੈ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਹੋ ਜਾਂਦੀ ਹੈ।

ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਮਨੁੱਖ ਦਾ ਮਨ ਚਿੰਦਿਆ ਜਾਂਦਾ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਨਾਮ ਅਭਿਆਸ ਨਾਲ ਮਨੁੱਖ ਦਾ ਮਨ ਜੋਤ ਸਰੂਪ ਹੋ ਜਾਂਦਾ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਦੇਹੀ ਕੰਚਨ ਹੋ ਜਾਂਦੀ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਪੰਜ ਦੂਤ ਵੱਸ ਵਿੱਚ ਆ ਜਾਂਦੇ ਹਨ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਤ੍ਰਿਸ਼ਣਾ ਬੁਝ ਜਾਂਦੀ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਮਨੁੱਖ ਤ੍ਰੈ ਗੁਣ ਮਾਇਆ ਨੂੰ ਜਿੱਤ ਲੈਂਦਾ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਹੀ ਮਾਇਆ ਦੀ ਗ਼ੁਲਾਮੀ ਦਾ ਅੰਤ ਹੋ ਜਾਂਦਾ ਹੈ ਅਤੇ ਮਾਇਆ ਮਨੁੱਖ ਦੀ ਸੇਵਕ ਬਣ ਜਾਂਦੀ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਮਨੁੱਖ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਜਾਂਦਾ ਹੈ ਕਿਉਂਕਿ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਵਾਸ ਸੁੰਨ ਮੰਡਲ ਵਿੱਚ ਹੀ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਸਭ ਤੋਂ ਉੱਤਮ ਅਤੇ ਪਰਮ ਸ਼ਕਤੀਸ਼ਾਲੀ ਕਲਾ ਸੁੰਨ ਕਲਾ ਹੈ। (ਸੁੰਨ ਕਲਾ ਦੀ ਗੁਰ ਪ੍ਰਸਾਦੀ ਕਥਾ ਜਪੁ ਜੀ ਸਾਹਿਬ ਪਉੜੀ ੫ ਦੀ ਗੁਰਪ੍ਰਸਾਦੀ ਕਥਾ ਵਿੱਚ ਵਿਚਾਰੀ ਗਈ ਹੈ। ਜੋ ਜਿਗਿਆਸੂ ਸੁੰਨ ਕਲਾ ਦੀ ਮਹਿਮਾ ਨੂੰ ਹੋਰ ਡੂੰਘਾਈ ਵਿੱਚ ਜਾਣਨਾ ਚਾਹੁੰਦੇ ਹਨ; ਉਹ ਪਉੜੀ ੫ ਦੀ ਗੁਰ ਪ੍ਰਸਾਦੀ ਕਥਾ ਦਾ ਦੁਬਾਰਾ ਅਧਿਐਨ ਕਰਨ।) ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਸੁੰਨ ਕਲਾ ਨਾਲ ਹੀ ਕੀਤੀ ਹੈ। ਜੋ ਮਨੁੱਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ ਉਨ੍ਹਾਂ ਮਹਾਂਪੁਰਖਾਂ ਦਾ ਵਾਸਾ ਵੀ ਸੁੰਨ ਮੰਡਲ ਵਿੱਚ ਹੀ ਸਥਾਪਿਤ ਹੋ ਜਾਂਦਾ ਹੈ। ਸੁੰਨ ਸਮਾਧੀ ਦੀ ਮਹਿਮਾ ਬੇਅੰਤ ਹੈ ਅਤੇ ਗੁਰਬਾਣੀ ਦੇ ਬਹੁਤ ਸਾਰੇ ਸਲੋਕਾਂ ਵਿੱਚ ਸੁੰਨ ਮੰਡਲ, ਸੁੰਨ ਕਲਾ ਅਤੇ ਸੁੰਨ ਸਮਾਧੀ ਦੀ ਮਹਿਮਾ ਪ੍ਰਗਟ ਕੀਤੀ ਗਈ ਹੈ:

ਓਤਿ ਪੋਤਿ ਜਨ ਹਰਿ ਰਸਿ ਰਾਤੇ ॥ ਸੁੰਨ ਸਮਾਧਿ ਨਾਮ ਰਸ ਮਾਤੇ ॥
ਆਠ ਪਹਰ ਜਨੁ ਹਰਿ ਹਰਿ ਜਪੈ ॥ ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੬੫)

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥
ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ ਬਿਸਮਾਦ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੬੩)

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੯੦)

ਅਨਹਦੋ ਅਨਹਦੁ ਵਾਜੈ ਰੁਣ ਝੁਣਕਾਰੇ ਰਾਮ ॥
ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ ॥
ਅਨਦਿਨੁ ਰਾਤਾ ਮਨੁ ਬੈਰਾਗੀ ਸੁੰਨ ਮੰਡਲਿ ਘਰੁ ਪਾਇਆ ॥
ਆਦਿ ਪੁਰਖੁ ਅਪਰੰਪਰੁ ਪਿਆਰਾ ਸਤਿਗੁਰਿ ਅਲਖੁ ਲਖਾਇਆ ॥
ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ ॥
ਨਾਨਕ ਨਾਮਿ ਰਤੇ ਬੈਰਾਗੀ ਅਨਹਦ ਰੁਣ ਝੁਣਕਾਰੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੩੬)

ਸੁੰਨ ਮੰਡਲ ਇਕੁ ਜੋਗੀ ਬੈਸੇ ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥
ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥ ਸੁਰਿ ਨਰ ਨਾਥ ਸਚੇ ਸਰਣਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੮੫-੬੮੭)

ਸੁੰਨ ਸਮਾਧਿ ਮਹਾ ਪਰਮਾਰਥੁ ਤੀਨਿ ਭਵਣ ਪਤਿ ਨਾਮੰ ॥
ਮਸਤਕਿ ਲੇਖੁ ਜੀਆ ਜਗਿ ਜੋਨੀ ਸਿਰਿ ਸਿਰਿ ਲੇਖੁ ਸਹਾਮੰ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੩੪)

ਪੰਚ ਸਹਾਈ ਜਨ ਕੀ ਸੋਭਾ ਭਲੋ ਭਲੋ ਨ ਕਹਾਵਉਗੋ ॥
ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ਸੁੰਨ ਸਮਾਧਿ ਸਮਾਉਗੋ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੨-੯੭੩)

ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ ॥
ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੩)

ਜੀਵਤ ਮਰਹੁ ਮਰਹੁ ਫੁਨਿ ਜੀਵਹੁ ਪੁਨਰਪਿ ਜਨਮੁ ਨ ਹੋਈ ॥
ਕਹੁ ਕਬੀਰ ਜੋ ਨਾਮਿ ਸਮਾਨੇ ਸੁੰਨ ਰਹਿਆ ਲਿਵ ਸੋਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੩)

ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਕਰਨ ਨਾਲ ਸਾਰੇ (੭) ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਸਾਰੀ ਦੇਹੀ ਵਿੱਚ, ਰੋਮ-ਰੋਮ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਦਸਮ ਦੁਆਰ ਖੁੱਲ੍ਹ ਜਾਂਦਾ

ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਅਨਹਦ ਸ਼ਬਦ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਸਤਿਨਾਮ ਅਭਿਆਸ ਨਾਲ ਨਿਰਗੁਣ ਸਰਗੁਣ ਇੱਕ ਹੋ ਜਾਂਦਾ ਹੈ ਭਾਵ ਸਰਗੁਣ ਵਿੱਚ ਨਿਰਗੁਣ ਦੇ ਦਰਸ਼ਨ ਹੋ ਜਾਂਦੇ ਹਨ। ਜਿਵੇਂ ਕਿ ਮਨੁੱਖ ਦੀ ਦੇਹੀ ਸਰਗੁਣ ਹੈ ਅਤੇ ਪਰਮ ਜੋਤ ਪੂਰਨ ਪ੍ਰਕਾਸ਼ ਨਿਰਗੁਣ ਸਰੂਪ ਹੈ। ਜਿਨ੍ਹਾਂ ਮਨੁੱਖਾਂ ਦਾ ਨਿਰਗੁਣ ਸਰਗੁਣ ਇੱਕ ਹੋ ਜਾਂਦਾ ਹੈ ਉਨ੍ਹਾਂ ਨੂੰ ਆਪਣੀ ਦੇਹੀ ਵਿੱਚ ਹੀ ਨਿਰਗੁਣ ਸਰੂਪ ਦੇ ਦਰਸ਼ਨ ਹੋ ਜਾਂਦੇ ਹਨ। ਭਾਵ ਸਰਗੁਣ ਦੇਹੀ ਦੇ ਪ੍ਰਕਾਸ਼ ਰੂਪ ਦੇ ਦਰਸ਼ਨ ਹੋ ਜਾਂਦੇ ਹਨ। ਮਨੁੱਖ ਨੂੰ ਸਾਰੇ ਰੂਹਾਨੀ ਅਨੁਭਵ ਵੀ ਸੁੰਨ ਸਮਾਧੀ ਵਿੱਚ ਹੀ ਹੁੰਦੇ ਹਨ। ਮਨੁੱਖ ਦੀ ਬੰਦਗੀ ਸੁੰਨ ਸਮਾਧੀ ਵਿੱਚ ਹੀ ਦਰਗਾਹ ਵਿੱਚ ਪ੍ਰਵਾਨ ਚੜ੍ਹਦੀ ਹੈ ਅਤੇ ਪੂਰਨ ਹੁੰਦੀ ਹੈ। ਮਨੁੱਖ ਨੂੰ ਅਕਾਲ ਪੁਰਖ ਦੇ ਦਰਸ਼ਨ ਵੀ ਸੁੰਨ ਸਮਾਧੀ ਵਿੱਚ ਹੀ ਹੁੰਦੇ ਹਨ। ਮਨੁੱਖ ਨੂੰ ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਵੀ ਸੁੰਨ ਸਮਾਧੀ ਵਿੱਚ ਹੀ ਹੁੰਦੀ ਹੈ। ਮਨੁੱਖ ਨੂੰ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਵੀ ਸੁੰਨ ਸਮਾਧੀ ਵਿੱਚ ਹੀ ਹੁੰਦੀ ਹੈ। ਮਨੁੱਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਵੀ ਸੁੰਨ ਸਮਾਧੀ ਵਿੱਚ ਹੀ ਹੁੰਦਾ ਹੈ। ਮਨੁੱਖ ਨੂੰ ਅਟੱਲ ਅਵਸਥਾ ਅਤੇ ਪਰਮ ਪਦਵੀ ਦੀ ਪ੍ਰਾਪਤੀ ਵੀ ਸੁੰਨ ਸਮਾਧੀ ਵਿੱਚ ਹੀ ਹੁੰਦੀ ਹੈ। ਜੀਵਨ ਮੁਕਤੀ ਵੀ ਸੁੰਨ ਸਮਾਧੀ ਵਿੱਚ ਹੀ ਪ੍ਰਾਪਤ ਹੁੰਦੀ ਹੈ। ਸੁੰਨ ਸਮਾਧੀ ਵਿੱਚ ਹੀ ਮਨੁੱਖ ਦੀਆਂ ਪੰਜੇ ਗਿਆਨ ਇੰਦਰੀਆਂ ਅਤੇ ਪੰਜੇ ਕਰਮ ਇੰਦਰੀਆਂ ਵੀ ਪੂਰਨ ਹੁਕਮ ਵਿੱਚ ਜਾਂਦੀਆਂ ਹਨ। ਸੁੰਨ ਸਮਾਧੀ ਵਿੱਚ ਹੀ ਰਿੱਧੀਆਂ-ਸਿੱਧੀਆਂ ਮਨੁੱਖ ਦੇ ਚਰਨਾਂ ਹੇਠ ਆ ਜਾਂਦੀਆਂ ਹਨ ਅਤੇ ਫਿਰ ਉਸ ਦੀ ਸੇਵਾ ਕਰਦੀਆਂ ਹਨ। ਸੁੰਨ ਸਮਾਧੀ ਵਿੱਚ ਹੀ ਮਨੁੱਖ ਨੂੰ ਅੰਮ੍ਰਿਤ ਦੀ ਦਾਤ ਵੰਡਣ ਦਾ ਗੁਰ ਪ੍ਰਸਾਦਿ ਪ੍ਰਾਪਤ ਹੁੰਦਾ ਹੈ ਅਤੇ ਮਹਾ ਪਰਉਪਕਾਰ ਦੀ ਸੇਵਾ ਮਿਲਦੀ ਹੈ। ਸੁੰਨ ਸਮਾਧੀ ਵਿੱਚੋਂ ਹੀ ਪੂਰਨ ਬ੍ਰਹਮ ਗਿਆਨੀ ਦਾ, ਪੂਰਨ ਖ਼ਾਲਸੇ ਦਾ, ਪੂਰਨ ਸੰਤ ਦਾ ਅਤੇ ਸਤਿਗੁਰੂ ਦਾ ਜਨਮ ਹੁੰਦਾ ਹੈ। ਇਸੇ ਕਰ ਕੇ ਸੁੰਨ ਸਮਾਧੀ ਨੂੰ ਗੁਰਬਾਣੀ ਵਿੱਚ ਮਹਾ ਪਰਮਾਰਥ ਕਿਹਾ ਗਿਆ ਹੈ। ਸੁੰਨ ਵਿੱਚ ਰੱਤੇ ਹੋਏ ਮਨ ਅਤੇ ਹਿਰਦੇ ਦੇ ਸਨਮੁਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੂੰ ਵੀ ਝੁਕਣਾ ਪੈਂਦਾ ਹੈ ਅਤੇ ਐਸੇ ਹਿਰਦੇ ਵਿੱਚ ਪ੍ਰਗਟ ਹੋਣਾ ਪੈਂਦਾ ਹੈ। ਸਮਾਧੀ ਅਤੇ ਸੁੰਨ ਸਮਾਧੀ ਦੀ ਅਵਸਥਾ ਹੀ 'ਲਿਵ' ਲੱਗਣ ਦੀ ਅਵਸਥਾ ਹੈ।

ਜਦ ਜਿਗਿਆਸੂ ਨੂੰ ਕਰਮ ਖੰਡ ਵਿੱਚ ਬੰਦਗੀ ਕਰਦੇ ਹੋਏ ਐਸੀ ਪਰਮ ਸ਼ਕਤੀਸ਼ਾਲੀ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਸ ਦੀ ਬਾਣੀ ਵਿੱਚ ਕ੍ਰਾਂਤੀ ਆ ਜਾਂਦੀ ਹੈ। ਉਸ ਦੇ ਬੋਲੇ ਸ਼ਬਦਾਂ ਵਿੱਚ ਪਰਮ ਸ਼ਕਤੀ ਵਰਤਦੀ ਹੈ। ਉਸ ਦੇ ਬਚਨ ਪੂਰਨ ਸਤਿ ਹੋ ਜਾਂਦੇ ਹਨ। ਉਸ ਦੇ ਕੀਤੇ ਬਚਨਾਂ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਸ਼ਕਤੀਆਂ ਸਤਿ ਸਿੱਧ ਕਰ ਦਿੰਦੀਆਂ ਹਨ। ਜੋ ਐਸੇ ਮਹਾਂਪੁਰਖ ਬਚਨ ਕਰਦੇ ਹਨ ਉਹ ਬਚਨ ਵਾਪਰ ਜਾਂਦੇ ਹਨ। ਐਸੇ ਮਹਾਂਪੁਰਖਾਂ ਨੂੰ ਗੁਰਬਾਣੀ ਵਿੱਚ ਸੂਰਬੀਰ, ਬਲੀ ਅਤੇ ਮਹਾਬਲੀ ਕਿਹਾ ਗਿਆ ਹੈ:

ਵਰਤਣਿ ਜਾ ਕੈ ਕੇਵਲ ਨਾਮ ॥ ਅਨਦ ਰੂਪ ਕੀਰਤਨੁ ਬਿਸ੍ਰਾਮ ॥
ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥
ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥

ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੯੨)

ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ ॥
ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ ॥੧॥
ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥੧॥ ਰਹਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੦੪)

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥
ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥
ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥
ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥
ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੯੩)

ਬੰਦਗੀ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੇ ਨਾਲ ਜੰਗ ਹੈ। ਬੰਦਗੀ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਪੰਜ ਚੰਡਾਲਾਂ ਨੂੰ ਜਿੱਤਣ ਦਾ ਗੁਰ ਪ੍ਰਸਾਦੀ ਖੇਲ ਹੈ। ਬੰਦਗੀ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਉੱਪਰ ਜਿੱਤ ਪ੍ਰਾਪਤ ਕਰਨ ਦਾ ਗੁਰ ਪ੍ਰਸਾਦੀ ਖੇਲ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਪੰਜ ਚੰਡਾਲਾਂ ਨੂੰ ਹਰਾਉਣਾ ਅਤੇ ਤ੍ਰਿਸ਼ਣਾ ਦੀ ਅਗਨ ਨੂੰ ਬੁਝਾਉਣਾ ਬਹੁਤ ਕਠਿਨ ਕੰਮ ਹੈ। ਪੰਜ ਦੂਤਾਂ ਨਾਲ ਲੜਨਾ ਅਤੇ ਉਨ੍ਹਾਂ ਉੱਪਰ ਕਾਬੂ ਪਾ ਕੇ ਉਨ੍ਹਾਂ ਨੂੰ ਸਦਾ-ਸਦਾ ਲਈ ਵੱਸ ਵਿੱਚ ਕਰਨਾ ਬਹੁਤ ਕਠਿਨ ਖੇਲ ਹੈ। ਆਪਣੇ ਮਨ ਉੱਪਰ ਜਿੱਤ ਪ੍ਰਾਪਤ ਕਰਨਾ ਬਹੁਤ ਕਠਿਨ ਕੰਮ ਹੈ। ਮਨ ਨੂੰ ਸ਼ਾਂਤ ਕਰਨਾ, ਵਿਕਲਪ ਰਹਿਤ ਕਰਨਾ, ਮਨ ਦੇ ਫੁਰਨਿਆਂ ਦਾ ਅੰਤ ਕਰਨਾ ਬਹੁਤ ਕਠਿਨ ਕੰਮ ਹੈ। ਮਨ ਅਤੇ ਹਿਰਦੇ ਨੂੰ ਸਾਰੇ ਵਿਕਾਰਾਂ ਤੋਂ ਰਹਿਤ ਕਰ ਕੇ ਪੂਰਨ ਸਚਿਆਰੀ ਰਹਿਤ ਦੀ ਕਮਾਈ ਕਰਨਾ ਬਹੁਤ ਕਠਿਨ ਕੰਮ ਹੈ। ਤ੍ਰੈ ਗੁਣ ਮਾਇਆ ਨੂੰ ਆਪਣੀ ਸੇਵਕ ਬਣਾ ਲੈਣਾ ਬਹੁਤ ਕਠਿਨ ਕੰਮ ਹੈ। ਇਸ ਲਈ ਜੋ ਮਨੁੱਖ ਮਾਇਆ ਦੇ ਖ਼ਿਲਾਫ਼ ਇਹ ਜੰਗ ਜਿੱਤ ਜਾਂਦੇ ਹਨ ਉਨ੍ਹਾਂ ਨੂੰ ਗੁਰਬਾਣੀ ਵਿੱਚ ਬਲੀ, ਮਹਾਬਲੀ ਅਤੇ ਸੂਰਬੀਰ ਕਹਿ ਕੇ ਪੁਕਾਰਿਆ ਗਿਆ ਹੈ। ਪੰਜ ਦੂਤ ਐਸੇ ਸੰਤ ਮਹਾਂਪੁਰਖਾਂ ਦੇ ਵੱਸ ਵਿੱਚ ਆ ਜਾਂਦੇ ਹਨ। ਐਸੇ ਸੰਤ ਮਹਾਂਪੁਰਖਾਂ ਦੀ ਤ੍ਰਿਸ਼ਣਾ ਬੁਝ ਜਾਂਦੀ ਹੈ ਅਤੇ ਉਨ੍ਹਾਂ ਦਾ ਹਿਰਦਾ ਸਤਿ ਸੰਤੋਖ ਵਿੱਚ ਚਲਾ ਜਾਂਦਾ ਹੈ। ਐਸੇ ਮਹਾਂਪੁਰਖਾਂ ਦੀ ਮਾਇਆ ਸੇਵਕ ਬਣ ਜਾਂਦੀ ਹੈ ਅਤੇ ਉਹ ਸਤਿ ਵਿੱਚ ਸਮਾ ਕੇ ਸਤਿ ਰੂਪ ਹੋ ਜਾਂਦੇ ਹਨ। ਸਤਿ ਰੂਪ ਹੋਏ ਮਹਾਂਪੁਰਖਾਂ ਦੇ ਬਚਨਾਂ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕਿਰਪਾ ਵਾਪਰਦੀ ਹੈ। ਐਸੇ ਮਹਾਂਪੁਰਖਾਂ ਦੇ ਬਚਨ ਦਰਗਾਹੀ ਹੁਕਮ ਹੁੰਦੇ ਹਨ। ਇਸ ਪਰਮ ਸਤਿ ਤੱਤ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ:

ਜਾ ਕਾ ਕਹਿਆ ਦਰਗਹ ਚਲੈ ॥ ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੮੬)

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥
ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੫੨)

ਐਸੇ ਮਹਾਬਲੀ ਸੂਰਬੀਰ ਮਹਾਂਪੁਰਖ ਜੋ ਪੂਰਨ ਸੰਤ ਬਣ ਜਾਂਦੇ ਹਨ ਉਨ੍ਹਾਂ ਦੇ ਬਚਨਾਂ ਵਿੱਚ ਦਰਗਾਹੀ ਹੁਕਮ ਵਾਪਰਦਾ ਹੈ। ਜਿਨ੍ਹਾਂ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਕਿਰਪਾ ਅਤੇ ਗੁਰ ਪ੍ਰਸਾਦਿ ਪ੍ਰਾਪਤ ਹੋ ਜਾਂਦਾ ਹੈ; ਉਨ੍ਹਾਂ ਨੂੰ ਫਿਰ ਹੋਰ ਕਿਸੇ ਸ਼ਕਤੀ ਜਾਂ ਵਿਅਕਤੀ ਦੀ ਮੁਥਾਜੀ ਨਹੀਂ ਕਰਨੀ ਪੈਂਦੀ ਹੈ। ਉਨ੍ਹਾਂ ਦੇ ਪਰਮ ਜੋਤ ਪੂਰਨ ਪ੍ਰਕਾਸ਼ ਨਾਲ ਭਰਪੂਰ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪ ਪ੍ਰਗਟ ਹੁੰਦਾ ਹੈ। ਇਸੇ ਕਰ ਕੇ ਗੁਰਬਾਣੀ ਵਿੱਚ ਬ੍ਰਹਮ ਗਿਆਨੀ ਨੂੰ ਪਰਮੇਸ਼ਰ, ਗੁਰ ਪਰਮੇਸ਼ਰ, ਨਿਰੰਕਾਰ, ਵਿਧਾਤਾ ਕਿਹਾ ਗਿਆ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਨੂੰ ਵੀ ਐਸੇ ਮਹਾਬਲੀ ਸੂਰਬੀਰ ਮਹਾਂਪੁਰਖਾਂ ਦੇ ਬਚਨਾਂ ਅੱਗੇ ਝੁਕਣਾ ਪੈਂਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪਣੇ ਭਗਤਾਂ ਦੇ ਵੱਸ ਵਿੱਚ ਹੁੰਦਾ ਹੈ। ਮਨੁੱਖ ਦੇ ਕਰਮਾਂ ਦੀਆਂ ਬੱਧੀਆਂ ਹੋਈਆਂ ਗੰਢਾਂ ਨੂੰ ਖੋਲ੍ਹਣ ਦੀ ਸਮਰੱਥਾ ਭਗਤ ਦੇ ਵੱਸ ਵਿੱਚ ਹੁੰਦੀ ਹੈ। ਪਰੰਤੂ ਐਸੇ ਮਹਾਬਲੀ ਸੂਰਬੀਰ ਮਹਾਂਪੁਰਖਾਂ ਦੇ ਬਚਨਾਂ ਨੂੰ ਠੁਕਰਾਉਣ ਦੀ ਸਮਰੱਥਾ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਵੀ ਨਹੀਂ ਹੈ। ਇਸ ਲਈ ਐਸੇ ਮਹਾਬਲੀ ਸੂਰਬੀਰ ਮਹਾਂਪੁਰਖਾਂ ਦੇ ਬਚਨਾਂ ਵਿੱਚ ਕ੍ਰਾਂਤੀ ਆ ਜਾਂਦੀ ਹੈ। ਉਨ੍ਹਾਂ ਦੇ ਬਚਨ ਪੂਰਨ ਸਤਿ ਹੁੰਦੇ ਹਨ ਅਤੇ ਦਰਗਾਹੀ ਹੁਕਮ ਹੁੰਦੇ ਹਨ। ਐਸੇ ਮਹਾਂਪੁਰਖਾਂ ਦੇ ਬਚਨ ਸਤਿ ਸਿੱਧ ਹੋ ਕੇ ਵਾਪਰਦੇ ਹਨ।

ਐਸੇ ਮਹਾਬਲੀ ਅਤੇ ਸੂਰਬੀਰ ਮਹਾਂਪੁਰਖਾਂ ਦੇ ਰੋਮ-ਰੋਮ ਵਿੱਚ ਸਤਿਨਾਮ ਚਲਦਾ ਹੈ ਅਤੇ ਉਨ੍ਹਾਂ ਦੇ ਰੋਮ-ਰੋਮ ਵਿੱਚ ਅਕਾਲ ਪੁਰਖ ਆਪ ਆਣ ਵੱਸਦਾ ਹੈ। ਉਨ੍ਹਾਂ ਦੇ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪ ਪ੍ਰਗਟ ਹੁੰਦਾ ਹੈ। ਐਸੇ ਮਹਾਂਪੁਰਖਾਂ ਨੂੰ ਪ੍ਰਗਟਿਓ ਜੋਤ ਬ੍ਰਹਮ ਗਿਆਨੀ ਵੀ ਕਿਹਾ ਜਾਂਦਾ ਹੈ। ਉਨ੍ਹਾਂ ਦੇ ਰੋਮ-ਰੋਮ ਵਿੱਚ ਰਾਮ ਰਮਿਆ ਰਹਿੰਦਾ ਹੈ।

ਐਸੇ ਸੂਰਬੀਰ, ਮਹਾਬਲੀ, ਬਚਨ ਕੇ ਬਲੀ ਮਹਾਂਪੁਰਖਾਂ ਨੂੰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਦਰਗਾਹ ਵਿੱਚੋਂ ਪਰਉਪਕਾਰ ਅਤੇ ਮਹਾ ਪਰਉਪਕਾਰ ਦੀ ਸੇਵਾ ਪ੍ਰਾਪਤ ਹੁੰਦੀ ਹੈ। ਜਦ ਉਹ ਇਸ ਸੇਵਾ ਵਿੱਚ ਆਪਣੇ ਆਪ ਨੂੰ ਅਰਪਣ ਕਰਦੇ ਹਨ ਤਾਂ ਉਨ੍ਹਾਂ ਦੀ ਇਸ ਸੇਵਾ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਪਰਮ ਸ਼ਕਤੀ ਵਰਤਦੀ ਹੈ। ਐਸੇ ਮਹਾਂਪੁਰਖਾਂ ਦੀ ਬੰਦਗੀ ਫਿਰ ਲੋਕਾਈ ਦਾ ਉਧਾਰ ਕਰਨਾ, ਨਾਮ ਜਪਾਉਣਾ, ਜੀਅ ਦਾਨ ਦੇ ਕੇ ਭਗਤੀ ਲਾਉਣਾ, ਗੁਰ ਪ੍ਰਸਾਦਿ ਵਰਤਾਉਣਾ, ਪੂਰਨ ਸਤਿ ਵਰਤਾਉਣਾ ਅਤੇ ਪੂਰਨ ਸਤਿ ਦੀ ਸੇਵਾ ਕਰਨਾ ਹੋ ਜਾਂਦੀ ਹੈ। ਇਸ ਅਵਸਥਾ ਵਿੱਚ ਸੇਵਾ ਕਰਦੇ ਹੋਏ ਉਹ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਦਾ ਅਨੁਭਵ ਕਰਦੇ ਹਨ। ਜੋ ਮਹਾਂਪੁਰਖ ਇਸ ਸੇਵਾ ਵਿੱਚ ਸਫਲ ਹੁੰਦੇ ਹਨ ਉਨ੍ਹਾਂ ਦੀ ਦਰਗਾਹ ਵਿੱਚ ਜੈ-ਜੈਕਾਰ ਹੁੰਦੀ ਹੈ। ਐਸੀ ਪਰਮ ਸ਼ਕਤੀਸ਼ਾਲੀ ਸੇਵਾ ਜਿਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ ਉਹ ਮਹਾਂਪੁਰਖ ਬਹੁਤ ਵੱਡੇ ਭਾਗਾਂ ਵਾਲੇ ਹੁੰਦੇ ਹਨ। ਸੇਵਾ ਕਰਨ ਨਾਲ ਸੂਖਸ਼ਮ ਹਉਮੈ ਦਾ ਨਾਸ ਹੋ ਜਾਂਦਾ ਹੈ। ਜੋ ਮਹਾਂਪੁਰਖ ਸੇਵਾ ਕਰਦੇ ਹੋਏ ਸਾਰੀ ਉਪਮਾ ਅਤੇ ਮਹਿਮਾ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਅਤੇ ਗੁਰੂ ਦੇ ਚਰਨਾਂ ਉੱਪਰ ਅਰਪਣ ਕਰ ਦਿੰਦੇ ਹਨ ਉਨ੍ਹਾਂ ਦੀ ਬੰਦਗੀ ਅੱਗੇ ਚਲੀ ਜਾਂਦੀ ਹੈ। ਜੋ ਮਨੁੱਖ ਸੇਵਾ ਕਰਦੇ ਹੋਏ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਤੋਂ ਬਹੁਤ

ਪ੍ਰਭਾਵਿਤ ਹੋ ਕੇ ਆਪਣੀ ਹਉਮੈ ਵਿੱਚ ਚਲੇ ਜਾਂਦੇ ਹਨ ਉਹ ਮਨੁੱਖ ਬੰਦਗੀ ਗੁਆ ਬੈਠਦੇ ਹਨ। ਉਨ੍ਹਾਂ ਦੀ ਹਉਮੈ ਉਨ੍ਹਾਂ ਦੀ ਬੰਦਗੀ ਨੂੰ ਅੱਗੇ ਜਾਣ ਤੋਂ ਰੋਕ ਦਿੰਦੀ ਹੈ। ਜੇਕਰ ਉਹ ਇਸ ਪਰਮ ਸਤਿ ਤੱਤ ਨੂੰ ਸਮਝ ਕੇ ਆਪਣੀ ਭੁੱਲ ਸਵੀਕਾਰ ਕਰ ਕੇ ਗੁਰੂ ਤੋਂ ਬਖ਼ਸ਼ਾ ਲੈਂਦੇ ਹਨ ਤਾਂ ਉਨ੍ਹਾਂ ਦੀ ਫਿਰ ਚੜ੍ਹਦੀ ਕਲਾ ਹੋ ਜਾਂਦੀ ਹੈ ਪਰੰਤੂ ਜੋ ਆਪਣੀ ਇਸ ਹਉਮੈ ਵਿੱਚ ਉਲਝ ਕੇ ਰਹਿ ਜਾਂਦੇ ਹਨ ਅਤੇ ਆਪਣੇ ਆਪ ਨੂੰ ਕੁਝ ਸਮਝਣ ਲੱਗ ਜਾਂਦੇ ਹਨ ਉਨ੍ਹਾਂ ਦੀ ਬੰਦਗੀ ਉੱਪਰ ਉੱਥੇ ਹੀ ਤਾਲਾ ਲੱਗ ਜਾਂਦਾ ਹੈ। ਬਲਕਿ ਉਹ ਇਸ ਪਰਮ ਸ਼ਕਤੀਸ਼ਾਲੀ ਅਵਸਥਾ ਨੂੰ ਗੁਆ ਬੈਠਦੇ ਹਨ। ਜੋ ਮਨੁੱਖ ਸੇਵਾ ਕਰਦੇ ਹੋਏ ਸਤਿ ਪਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਨੂੰ ਅਨੁਭਵ ਕਰਦੇ ਹੋਏ ਆਪਣੀ ਜਿੱਤ ਸਮਝ ਕੇ ਹਉਮੈ ਵਿੱਚ ਚਲੇ ਜਾਂਦੇ ਹਨ ਉਹ ਜਿੱਤੀ ਹੋਈ ਬਾਜ਼ੀ ਹਾਰ ਜਾਂਦੇ ਹਨ। ਜਿਨ੍ਹਾਂ ਮਹਾਂਪੁਰਖਾਂ ਵਿੱਚ ਸੇਵਾ ਕਰਦੇ ਹੋਏ ਹੋਰ ਨਿਮਰਤਾ ਆ ਜਾਂਦੀ ਹੈ ਅਤੇ ਉਨ੍ਹਾਂ ਦਾ ਹਿਰਦਾ ਗਰੀਬੀ ਨਾਲ ਭਰਪੂਰ ਹੋ ਜਾਂਦਾ ਹੈ ਉਹ ਜਿੱਤ ਜਾਂਦੇ ਹਨ। ਐਸੇ ਮਹਾਂਪੁਰਖ ਸਾਰੀ ਵਡਿਆਈ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਅਤੇ ਗੁਰੂ ਦੇ ਚਰਨਾਂ ਉੱਪਰ ਅਰਪਣ ਕਰ ਕੇ ਧੰਨ ਧੰਨ ਹੋ ਜਾਂਦੇ ਹਨ। ਐਸੇ ਮਹਾਂਪੁਰਖ ਸਾਰੀ ਸੇਵਾ ਦਾ ਸਿਹਰਾ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਅਤੇ ਗੁਰੂ ਦੇ ਚਰਨਾਂ ਨੂੰ ਦੇ ਦਿੰਦੇ ਹਨ ਅਤੇ ਆਪ ਨਿਰਮਾਣਤਾ ਦੀ ਭਾਵਨਾ ਵਿੱਚ ਹੋਰ ਹਲੀਮੀ ਵਿੱਚ ਚਲੇ ਜਾਂਦੇ ਹਨ ਅਤੇ ਹੋਰ ਮਿੱਠੇ ਬਣ ਜਾਂਦੇ ਹਨ। ਇਸ ਲਈ ਬੰਦਗੀ ਦੀ ਇਹ ਗੁਰ ਪ੍ਰਸਾਦੀ ਖੇਲ ਜਿੱਤ ਕੇ ਹਾਰਨ ਦੀ ਹੈ। ਜੋ ਜਿੱਤ ਕੇ ਹਾਰ ਜਾਂਦੇ ਹਨ ਭਾਵ ਜੋ ਸੇਵਾ ਕਰਦੇ ਹੋਏ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਦੀ ਮਾਣ, ਮਹੱਤਾ ਅਤੇ ਤੇਜ ਜਰ ਜਾਂਦੇ ਹਨ ਅਤੇ ਹੋਰ ਹਲੀਮੀ ਵਿੱਚ ਚਲੇ ਜਾਂਦੇ ਹਨ ਅਤੇ ਸਾਰੀ ਉਪਮਾ ਅਤੇ ਵਡਿਆਈ ਗੁਰ ਅਤੇ ਗੁਰੂ ਦੇ ਚਰਨਾਂ ਉੱਪਰ ਅਰਪਣ ਕਰ ਕੇ ਆਪਣੇ ਆਪ ਨੂੰ ਮਹਾ ਕੰਗਾਲ ਕਹਿੰਦੇ ਹਨ; ਉਨ੍ਹਾਂ ਮਹਾਂਪੁਰਖਾਂ ਦੀ ਸੇਵਾ ਰੰਗ ਲੈ ਆਉਂਦੀ ਹੈ ਅਤੇ ਉਹ ਧੰਨ ਧੰਨ ਹੋ ਜਾਂਦੇ ਹਨ। ਪਰੰਤੂ ਜੋ ਮਨੁੱਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਦੇ ਅਨੁਭਵ ਦਾ ਮਾਣ ਕਰ ਕੇ ਹਉਮੈ ਵਿੱਚ ਚਲੇ ਜਾਂਦੇ ਹਨ ਉਹ ਆਪਣਾ ਸਭ ਕੁਝ ਗੁਆ ਬੈਠਦੇ ਹਨ। ਇਸੇ ਲਈ ਗੁਰਬਾਣੀ ਵਿੱਚ ਇਸ ਪਰਮ ਸਤਿ ਤੱਤ ਨੂੰ ਪ੍ਰਗਟ ਕੀਤਾ ਗਿਆ ਹੈ:

ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ ਮਨ ਮੰਦਰ ਮਹਿ ਦੀਪਕੁ ਜਲਿਓ ॥
ਜੀਤ ਹਾਰ ਕੀ ਸੋਝੀ ਕਰੀ ॥ ਤਉ ਇਸੁ ਘਰ ਕੀ ਕੀਮਤਿ ਪਰੀ ॥੭॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੩੫)

ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥
ਘਟ ਭੀਤਰਿ ਤੂ ਦੇਖੁ ਬਿਚਾਰਿ ॥
ਕਹਤ ਕਬੀਰੁ ਜੀਤਿ ਕੈ ਹਾਰਿ ॥
ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੫੯)

ਇਸ ਲਈ ਜਿਨ੍ਹਾਂ ਬੰਦਗੀ ਕਰਨ ਵਾਲਿਆਂ ਉੱਪਰ ਸੇਵਾ ਕਰਨ ਦੀ ਬਖ਼ਸ਼ਿਸ਼ ਹੁੰਦੀ ਹੈ ਉਨ੍ਹਾਂ ਨੂੰ ਸੇਵਾ ਕਰਦੇ ਹੋਏ ਜਦ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ, ਮਾਣ, ਮਹੱਤਾ ਅਤੇ ਤੇਜ ਦਾ ਅਨੁਭਵ ਹੁੰਦਾ ਹੈ ਤਾਂ ਉਨ੍ਹਾਂ ਨੂੰ ਹੋਰ ਨਿਮਰਤਾ ਵਿੱਚ ਚਲੇ ਜਾਣਾ ਚਾਹੀਦਾ ਹੈ ਅਤੇ ਹਿਰਦੇ ਵਿੱਚ ਹੋਰ ਗਰੀਬੀ ਅਤੇ ਹਲੀਮੀ ਦੀ ਕਮਾਈ ਕਰਨੀ

ਚਾਹੀਦੀ ਹੈ। ਐਸੇ ਬੰਦਗੀ ਕਰਨ ਵਾਲਿਆਂ ਨੂੰ ਪੂਰਨ ਬ੍ਰਹਮ ਗਿਆਨ ਦੇ ਇਨ੍ਹਾਂ ਸ਼ਬਦਾਂ ਦੀ ਕਮਾਈ ਕਰਨੀ ਚਾਹੀਦੀ ਹੈ ਜਿਸ ਦੇ ਕਰਨ ਨਾਲ ਉਹ ਧੰਨ ਧੰਨ ਹੋ ਜਾਣਗੇ। ਜੋ ਮਨੁੱਖ ਐਸੀ ਅਵਸਥਾ ਵਿੱਚ ਪਹੁੰਚ ਕੇ ਆਪਣੇ ਸਤਿਗੁਰੂ ਦੇ ਚਰਨਾਂ ਤੋਂ ਆਪਣਾ ਸੀਸ ਨਹੀਂ ਚੁੱਕਦੇ ਹਨ, ਉਨ੍ਹਾਂ ਦੀ ਸੇਵਾ ਸਹਿਜੇ ਹੀ ਪ੍ਰਵਾਨ ਹੋ ਜਾਂਦੀ ਹੈ ਅਤੇ ਉਹ ਜਿੱਤ ਕੇ ਹਾਰ ਦੀ ਕਮਾਈ ਸਹਿਜੇ ਹੀ ਕਰ ਲੈਂਦੇ ਹਨ। ਉਨ੍ਹਾਂ ਦੇ ਸਤਿਗੁਰੂ ਦੀ ਬੇਅੰਤ ਅਪਾਰ ਕਿਰਪਾ ਨਾਲ ਬੰਦਗੀ ਸੱਚ ਖੰਡ ਪ੍ਰਵਾਨ ਹੋ ਜਾਂਦੀ ਹੈ।

ਐਸੀ ਅਵਸਥਾ ਵਿੱਚ ਪਹੁੰਚੇ ਹੋਏ ਮਹਾਂਪੁਰਖਾਂ ਦਾ ਭੋਜਨ ਗਿਆਨ ਹੁੰਦਾ ਹੈ। ਉਹ ਸਦਾ-ਸਦਾ ਲਈ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਮਹਿਮਾ ਵਿੱਚ ਰੱਤੇ ਜਾਂਦੇ ਹਨ। ਪਰਉਪਕਾਰ ਅਤੇ ਮਹਾ ਪਰਉਪਕਾਰ ਕਰਦੇ ਹੋਏ ਉਹ ਪੂਰਨ ਸਤਿ ਦੀ ਸੇਵਾ ਵਿੱਚ ਅਤੇ ਪੂਰਨ ਸਤਿ ਵਰਤਾਉਣ ਵਿੱਚ ਰੱਤੇ ਜਾਂਦੇ ਹਨ। ਉਹ ਅਕਾਲ ਪੁਰਖ ਦੀ ਮਹਿਮਾ ਵਿੱਚ ਆਪ ਪਰੋਏ ਜਾਂਦੇ ਹਨ। ਐਸੇ ਮਹਾਂਪੁਰਖ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਆਪ ਮਹਿਮਾ ਬਣ ਜਾਂਦੇ ਹਨ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਸਭ ਤੋਂ ਵੱਡੀ ਅਤੇ ਉੱਤਮ ਮਹਿਮਾ ਪੂਰਨ ਬ੍ਰਹਮ ਗਿਆਨੀ ਹੈ, ਸਤਿਗੁਰੂ ਹੈ, ਪੂਰਨ ਸੰਤ ਹੈ, ਪੂਰਨ ਖ਼ਾਲਸਾ ਹੈ, ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਅਵਤਾਰ ਹਨ, ਕਲਕੀ ਅਵਤਾਰ ਹਨ। ਐਸੇ ਮਹਾਂਪੁਰਖਾਂ ਦੀ ਮਹਿਮਾ ਬੇਅੰਤ ਹੁੰਦੀ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਮਹਿਮਾ ਧਰਤੀ ਉੱਪਰ ਇਨ੍ਹਾਂ ਮਹਾਂਪੁਰਖਾਂ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ। ਗੁਰਬਾਣੀ ਵਿੱਚ ਇਸ ਪਰਮ ਸਤਿ ਤੱਤ ਨੂੰ ਪ੍ਰਗਟ ਕੀਤਾ ਗਿਆ ਹੈ:

ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ ॥
ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੧}

ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥
ਸਾਧ ਕੀ ਉਪਮਾ ਰਹੀ ਭਰਪੂਰਿ ॥
ਸਾਧ ਕੀ ਸੋਭਾ ਕਾ ਨਾਹੀ ਅੰਤ ॥
ਸਾਧ ਕੀ ਸੋਭਾ ਸਦਾ ਬੇਅੰਤ ॥
ਸਾਧ ਕੀ ਸੋਭਾ ਊਚ ਤੇ ਊਚੀ ॥
ਸਾਧ ਕੀ ਸੋਭਾ ਮੂਚ ਤੇ ਮੂਚੀ ॥
ਸਾਧ ਕੀ ਸੋਭਾ ਸਾਧ ਬਨਿ ਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੨}

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩}

ਜਿਸ ਮਨੁੱਖ ਨੇ ਆਪਣੇ ਹਿਰਦੇ ਅਤੇ ਮਨ ਨੂੰ ਸਾਧ ਲਿਆ ਹੈ ਭਾਵ ਜਿਸ ਮਨੁੱਖ ਨੇ ਆਪਣੇ ਮਨ ਅਤੇ ਹਿਰਦੇ ਨੂੰ ਸਾਰੇ ਵਿਕਾਰਾਂ ਤੋਂ ਮੁਕਤ ਕਰ ਲਿਆ ਹੈ ਅਤੇ ਮਾਇਆ ਨੂੰ ਜਿੱਤ ਕੇ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਗਿਆ ਹੈ; ਉਸ ਮਹਾਂਪੁਰਖ ਦੀ ਮਹਿਮਾ

ਬੇਅੰਤ ਹੋ ਜਾਂਦੀ ਹੈ। ਐਸੇ ਮਹਾਂਪੁਰਖ ਤ੍ਰੈ ਗੁਣ ਮਾਇਆ ਤੋਂ ਪਰੇ ਜਾ ਕੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ ਅਤੇ ਬੇਅੰਤ ਹੋ ਜਾਂਦੇ ਹਨ। ਐਸੇ ਮਹਾਂਪੁਰਖਾਂ ਦੀ ਮਹਿਮਾ ਬਿਆਨ ਨਹੀਂ ਕੀਤੀ ਜਾ ਸਕਦੀ ਹੈ। ਐਸੇ ਮਹਾਂਪੁਰਖਾਂ ਦਾ ਰੂਪ-ਰੰਗ ਨਾਮ ਨਾਲ ਰੰਗਿਆ ਜਾਂਦਾ ਹੈ ਅਤੇ ਹਿਰਦਾ ਵਿਕਾਰਾਂ ਤੋਂ ਮੁਕਤ ਹੋ ਕੇ ਬੇਅੰਤ ਸੁੰਦਰ ਹੋ ਜਾਂਦਾ ਹੈ। ਐਸੇ ਮਹਾਂਪੁਰਖਾਂ ਦੇ ਹਿਰਦੇ ਵਿੱਚੋਂ ਸਾਰੇ ਅਵਗੁਣ ਨਿਕਲ ਜਾਂਦੇ ਹਨ ਅਤੇ ਸਾਰੇ ਸਤਿ ਗੁਣ ਪ੍ਰਗਟ ਹੋ ਜਾਂਦੇ ਹਨ। ਐਸੇ ਮਹਾਂਪੁਰਖਾਂ ਦੇ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀਆਂ ਸਾਰੀਆਂ ਪਰਮ ਸ਼ਕਤੀਆਂ ਪ੍ਰਗਟ ਹੋ ਜਾਂਦੀਆਂ ਹਨ। ਹਿਰਦੇ ਵਿੱਚ ਸਮਾ ਕੇ ਸਾਰੇ ਸਤਿ ਗੁਣ ਪਰਮ ਸ਼ਕਤੀਆਂ ਦਾ ਰੂਪ ਧਾਰਨ ਕਰ ਲੈਂਦੇ ਹਨ।

ਜੋ ਮਹਾਂਪੁਰਖ ਮਾਇਆ ਨੂੰ ਜਿੱਤ ਕੇ ਸਾਰੇ ਵਿਕਾਰਾਂ ਤੋਂ ਮੁਕਤ ਹੋ ਜਾਂਦੇ ਹਨ ਅਤੇ ਹਉਮੈ ਨੂੰ ਮਾਰ ਕੇ ਜੀਵਨ ਮੁਕਤੀ ਪ੍ਰਾਪਤ ਕਰ ਲੈਂਦੇ ਹਨ; ਉਨ੍ਹਾਂ ਨੂੰ ਸ੍ਰਿਸ਼ਟੀ ਦੀ ਹੋਰ ਕੋਈ ਸ਼ਕਤੀ ਨਹੀਂ ਮਾਰ ਸਕਦੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਨੁਕਸਾਨ ਪਹੁੰਚਾ ਸਕਦੀ ਹੈ ਕਿਉਂਕਿ ਉਹ ਆਪ ਸਾਰੀਆਂ ਪਰਮ ਸ਼ਕਤੀਆਂ ਦਾ ਸੋਮਾ ਬਣ ਜਾਂਦੇ ਹਨ। ਉਨ੍ਹਾਂ ਨੂੰ ਫਿਰ ਕੋਈ ਵੀ ਵਿਨਾਸ਼ਕਾਰੀ ਸ਼ਕਤੀ ਠੱਗ ਨਹੀਂ ਸਕਦੀ। ਉਹ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੇ ਚੁੰਗਲ ਤੋਂ ਮੁਕਤ ਹੋ ਜਾਂਦੇ ਹਨ ਇਸ ਲਈ ਮਾਇਆ ਉਨ੍ਹਾਂ ਨੂੰ ਠੱਗ ਨਹੀਂ ਸਕਦੀ। ਮਾਇਆ ਉਨ੍ਹਾਂ ਦੀ ਗ਼ੁਲਾਮ ਬਣ ਜਾਂਦੀ ਹੈ ਅਤੇ ਉਨ੍ਹਾਂ ਦੇ ਚਰਨਾਂ ਦੇ ਥੱਲੇ ਰਹਿ ਕੇ ਉਨ੍ਹਾਂ ਦੀ ਸੇਵਾ ਕਰਦੀ ਹੈ। ਸਾਰੀਆਂ ਰਿੱਧੀਆਂ ਅਤੇ ਸਿੱਧੀਆਂ ਉਨ੍ਹਾਂ ਦੇ ਚਰਨਾਂ ਦੇ ਥੱਲੇ ਰਹਿ ਕੇ ਉਨ੍ਹਾਂ ਦੀ ਸੇਵਾ ਵਿੱਚ ਹਾਜ਼ਰ ਰਹਿੰਦੀਆਂ ਹਨ। ਜਿਨ੍ਹਾਂ ਮਹਾਂਪੁਰਖਾਂ ਦੇ ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਹੋ ਜਾਂਦਾ ਹੈ ਅਤੇ ਰੋਮ-ਰੋਮ ਵਿੱਚ ਸਤਿਨਾਮ ਦਾ ਪ੍ਰਕਾਸ਼ ਹੋ ਜਾਂਦਾ ਹੈ ਉਨ੍ਹਾਂ ਦਾ ਕੋਈ ਵੀ ਵਿਨਾਸ਼ਕਾਰੀ ਸ਼ਕਤੀ ਕੁਝ ਵਿਗਾੜ ਨਹੀਂ ਸਕਦੀ ਹੈ। ਐਸੇ ਮਹਾਂਪੁਰਖ ਸਦੀਵੀ ਹੋ ਜਾਂਦੇ ਹਨ। ਉਨ੍ਹਾਂ ਦਾ ਕਦੇ ਵਿਨਾਸ਼ ਨਹੀਂ ਹੁੰਦਾ ਹੈ। ਉਹ ਅਵਿਨਾਸ਼ੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਕੇ ਅਵਿਨਾਸ਼ੀ ਬਣ ਜਾਂਦੇ ਹਨ:

ਬ੍ਰਹਮ ਗਿਆਨੀ ਏਕ ਊਪਰਿ ਆਸ ॥
ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩}

ਬ੍ਰਹਮ ਗਿਆਨੀ ਸੁਖ ਸਹਜ ਨਿਵਾਸ ॥
ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩}

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩}

ਬ੍ਰਹਮ ਗਿਆਨੀ ਮਹਾਂਪੁਰਖਾਂ ਦਾ ਸਹਿਜ ਸਮਾਧੀ ਵਿੱਚ ਨਿਵਾਸ ਹੁੰਦਾ ਹੈ। ਉਹ ਸਦਾ-ਸਦਾ ਲਈ ਸਹਿਜ ਸਮਾਧੀ ਅਵਸਥਾ ਵਿੱਚ ਸਥਾਪਿਤ ਹੋ ਜਾਂਦੇ ਹਨ। ਉਹ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਅਭੇਦ ਹੋ ਜਾਂਦੇ ਹਨ ਇਸ ਲਈ ਉਨ੍ਹਾਂ ਦਾ ਕਦੇ ਵਿਨਾਸ਼ ਨਹੀਂ

ਹੁੰਦਾ ਹੈ। ਉਹ ਸਦੀਵੀ ਅਮਰ ਹੋ ਜਾਂਦੇ ਹਨ। ਭਾਵ ਆਉਣ ਵਾਲੇ ਸਾਰੇ ਯੁਗਾਂ ਲਈ ਅਮਰ ਹੋ ਜਾਂਦੇ ਹਨ। ਐਸੇ ਮਹਾਂਪੁਰਖ ਜਿਨ੍ਹਾਂ ਦਾ ਮਨ ਜੋਤ ਬਣ ਜਾਂਦਾ ਹੈ ਅਤੇ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ, ਉਨ੍ਹਾਂ ਨੂੰ ਗੁਰਬਾਣੀ ਵਿੱਚ ਧੰਨ ਧੰਨ ਸਤਿਗੁਰ ਅਵਤਾਰ ਅਰਜਨ ਦੇਵ ਪਾਤਿਸ਼ਾਹ ਜੀ ਨੇ ਬ੍ਰਹਮ ਗਿਆਨੀ ਕਹਿ ਕੇ ਪ੍ਰਗਟ ਕੀਤਾ ਹੈ:

ਸਲੋਕੁ ॥
ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੨}

ਇੱਥੇ ਪੂਰਨ ਬ੍ਰਹਮ ਗਿਆਨੀ ਦੇ ਕੁਝ ਬ੍ਰਹਮ ਗੁਣਾਂ ਨੂੰ ਵਖਿਆਨ ਕੀਤਾ ਗਿਆ ਹੈ। ਉਹ ਐਸੀ ਸੁੰਦਰ ਅਤੇ ਮਹਾਨ ਸ਼ਖ਼ਸੀਅਤ ਹੈ: ਜਿਸ ਦੀ ਰੂਹ, ਹਿਰਦਾ ਅਤੇ ਮਨ ਪੂਰਨ ਸਤਿ ਵਿੱਚ ਰੱਤੇ ਗਏ ਹਨ; ਜੋ ਕੇਵਲ ਪੂਰਨ ਸਤਿ ਦੀ ਸੇਵਾ ਕਰ ਰਿਹਾ ਹੈ; ਜੋ ਸਤਿ ਨੂੰ ਵੇਖ ਰਿਹਾ ਹੈ, ਸਤਿ ਨੂੰ ਸੁਣ ਰਿਹਾ ਹੈ, ਸਤਿ ਬੋਲ ਰਿਹਾ ਹੈ, ਸਤਿ ਵਰਤਾ ਰਿਹਾ ਹੈ ਅਤੇ ਸਤਿ ਦੀ ਸੇਵਾ ਕਰ ਰਿਹਾ ਹੈ; ਜਿਸ ਦੀਆਂ ਸਾਰੀਆਂ ਕ੍ਰਿਆਵਾਂ ਅਤੇ ਪ੍ਰਤੀਕ੍ਰਿਆਵਾਂ ਸੱਚੀਆਂ ਹਨ; ਜਿਹੜਾ ਪੂਰਨ ਸਚਿਆਰੀ ਰਹਿਤ ਵਿੱਚ ਹੈ; ਮਾਇਆ ਉੱਪਰ ਜਿੱਤ ਦੀ ਅੰਦਰੂਨੀ ਰਹਿਤ ਨੂੰ ਪ੍ਰਾਪਤ ਕਰ ਚੁੱਕਾ ਹੈ; ਜਿਹੜਾ ਮਾਇਆ ਤੋਂ ਪਰੇ ਹੈ, ਕਿਉਂਕਿ ਮਾਇਆ ਅਸਤਿ ਹੈ; ਜਿਹੜਾ ਪੂਰਨ ਸ਼ੁੱਧ ਰੂਹ ਹੈ ਜਿਸ ਦੇ ਹਿਰਦੇ ਵਿੱਚ ਪੂਰਨ ਪ੍ਰਕਾਸ਼ ਹੈ। ਕੇਵਲ ਅਕਾਲ ਪੁਰਖ ਦੇ ਨਿਰਗੁਣ ਸਰੂਪ ਦੇ ਦਰਸ਼ਨਾਂ ਨਾਲ ਹਿਰਦੇ ਵਿੱਚ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਜੋ ਹਿਰਦੇ ਨੂੰ ਸ਼ੁੱਧ ਕਰ ਕੇ ਮਨੁੱਖ ਨੂੰ ਸਦਾ ਸੁਹਾਗਣ ਬਣਾਉਣ ਦੀ ਸਮਰੱਥਾ ਰੱਖਦਾ ਹੈ। ਅਜਿਹਾ ਹਿਰਦਾ ਜਿਹੜਾ ਪੂਰਨ ਪਰਮ ਜੋਤ ਪ੍ਰਕਾਸ਼ ਦੀ ਅਨਾਦਿ ਬਖ਼ਸ਼ਿਸ਼ ਵਿੱਚ ਹੈ, ਪੂਰਨ ਖ਼ਾਲਸਾ ਹੈ। ਕੇਵਲ ਇੱਕ ਅਜਿਹੀ ਰੂਹ ਤੱਤ ਗਿਆਨ ਦਾ ਗੁਰਪ੍ਰਸਾਦਿ ਪ੍ਰਾਪਤ ਕਰ ਸਕਦੀ ਹੈ, ਬ੍ਰਹਮ ਗਿਆਨ ਅਤੇ ਇੱਕ ਪੂਰਨ ਬ੍ਰਹਮ ਗਿਆਨੀ ਬਣ ਸਕਦੀ ਹੈ; ਜੋ ਅਕਾਲ ਪੁਰਖ ਪਾਰਬ੍ਰਹਮ ਪਰਮੇਸ਼ਰ ਦੀ ਲਗਾਤਾਰ ਆਧਾਰ 'ਤੇ ਸੇਵਾ ਕਰਦਾ ਹੈ; ਜੋ ਆਪਣੇ ਆਪ ਨੂੰ ਸਰਵ ਸ਼ਕਤੀਮਾਨ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਮਹਿਮਾ ਵਿੱਚ ਰੁਝਾ ਲੈਂਦਾ ਹੈ; ਜੋ ਪੂਰੀ ਤਰ੍ਹਾਂ ਸਰਵ ਸ਼ਕਤੀਮਾਨ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਸੇਵਾ ਵਿੱਚ ਹੈ; ਜੋ ਨਾਮ, ਨਾਮ ਸਿਮਰਨ, ਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰਪ੍ਰਸਾਦਿ ਦੇ ਰਿਹਾ ਹੈ; ਜਿਹੜਾ ਹਰ ਜਗ੍ਹਾ ਅਤੇ ਹਰ ਇੱਕ ਵਿੱਚ ਪਰਮਾਤਮਾ ਨੂੰ ਵੇਖਦਾ ਹੈ; ਜਿਹੜਾ ਨਿਰਵੈਰ ਹੈ; ਜਿਹੜਾ ਏਕ ਦ੍ਰਿਸ਼ਟ ਹੈ; ਜਿਹੜਾ ਨਿਰਭਉ ਹੈ; ਜਿਸ ਨੇ ਬ੍ਰਹਮ ਗਿਆਨ ਅਤੇ ਬ੍ਰਹਮਤਾ ਦਾ ਪੂਰੀ ਤਰ੍ਹਾਂ ਅਨੁਭਵ ਕਰ ਲਿਆ ਹੈ ਅਤੇ ਇਸ ਨੂੰ ਪ੍ਰਾਪਤ ਕਰ ਲਿਆ ਹੈ; ਜਿਸ ਨੇ ਪਰਮ ਪਦਵੀ ਦੀ ਪ੍ਰਾਪਤੀ ਕਰ ਲਈ ਹੈ; ਜਿਸ ਨੇ ਅਟੱਲ ਅਵਸਥਾ ਪ੍ਰਾਪਤ ਕਰ ਲਈ ਹੈ; ਜੋ ਸਦਾ ਸੁਹਾਗਣ ਹੈ; ਜੋ ਸਦਾ-ਸਦਾ ਲਈ ਮਾਨਸਰੋਵਰ ਵਿੱਚ ਨਿਵਾਸ ਕਰਦਾ ਹੈ। ਕੇਵਲ ਪੂਰਨ ਬ੍ਰਹਮ ਗਿਆਨੀ ਹੀ ਪੂਰਨ ਸਤਿ ਹੈ, ਬਾਕੀ ਹਰ ਚੀਜ਼ ਨਾਸ਼ਵਾਨ ਹੈ।

ਐਸੇ ਮਹਾਂਪੁਰਖਾਂ ਨੂੰ ਸਤਿ ਚਿੱਤ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਐਸੇ ਮਹਾਂਪੁਰਖਾਂ ਦੀ ਮਹਿਮਾ ਸੁਖਮਨੀ ਬਾਣੀ ਦੀ ਅਸਟਪਦੀ ੮ ਵਿੱਚ ਪ੍ਰਗਟ ਕੀਤੀ ਗਈ ਹੈ। ਜਿਨ੍ਹਾਂ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ; ਉਨ੍ਹਾਂ ਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ

ਹੁੰਦੀ ਹੈ, ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਆਤਮ ਰਸ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। ਐਸੇ ਮਹਾਂਪੁਰਖਾਂ ਨੂੰ ਸਦਾ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ। ਐਸੇ ਮਹਾਂਪੁਰਖਾਂ ਦਾ ਵਾਸਾ ਸੱਚ ਖੰਡ ਵਿੱਚ ਹੁੰਦਾ ਹੈ।

ਸੱਚ ਖੰਡ ਦੀ ਅਵਸਥਾ ਪਰਮ ਸ਼ਕਤੀਸ਼ਾਲੀ ਰੂਹਾਨੀਅਤ ਦੀ ਅਵਸਥਾ ਹੈ। ਸੱਚ ਖੰਡ ਦੀ ਅਵਸਥਾ ਦੀ ਮਹਿਮਾ ਬੇਅੰਤ ਹੈ। ਭਗਤ ਸੱਚ ਖੰਡ ਦੀ ਅਵਸਥਾ ਵਿੱਚ ਸਦਾ-ਸਦਾ ਲਈ ਸਥਾਪਿਤ ਹੋ ਜਾਂਦਾ ਹੈ; ਜਦੋਂ ਉਹ ਸਾਰੀਆਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਜਿੱਤ ਲੈਂਦਾ ਹੈ। ਭਗਤ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ ਅਤੇ ਜੀਵਨ ਮੁਕਤੀ ਦੀ ਅਵਸਥਾ ਵਿੱਚ ਪਹੁੰਚ ਜਾਂਦਾ ਹੈ। ਅਟੱਲ ਅਵਸਥਾ ਦੀ ਬਖ਼ਸ਼ਿਸ਼ ਪ੍ਰਾਪਤ ਕਰ ਲੈਂਦਾ ਹੈ। ਪਰਮ ਪਦਵੀ ਦੀ ਪ੍ਰਾਪਤੀ ਕਰ ਲੈਂਦਾ ਹੈ। ਤ੍ਰੈ ਗੁਣ ਮਾਇਆ 'ਤੇ ਜਿੱਤ ਪ੍ਰਾਪਤ ਕਰ ਕੇ ਪਰਮ ਜੋਤ ਪੂਰਨ ਪ੍ਰਕਾਸ਼, ਪੂਰਨ ਬ੍ਰਹਮ ਗਿਆਨ ਅਤੇ ਪੂਰਨ ਤੱਤ ਗਿਆਨ ਦੀ ਪ੍ਰਾਪਤੀ ਕਰ ਲੈਂਦਾ ਹੈ। ਨਿਰਭਉ ਅਤੇ ਨਿਰਵੈਰ ਬਣ ਜਾਂਦਾ ਹੈ। ਏਕ ਦ੍ਰਿਸ਼ਟ ਹੋ ਜਾਂਦਾ ਹੈ। ਜਦੋਂ ਭਗਤ ਪੂਰਨ ਸਤਿ ਨੂੰ ਵੇਖਣ, ਸੁਣਨ, ਬੋਲਣ ਅਤੇ ਵਰਤਾਉਣ ਦੀ ਸਮਰੱਥਾ ਪ੍ਰਾਪਤ ਕਰ ਲੈਂਦਾ ਹੈ। ਪੂਰਨ ਸਤਿ ਦੀ ਸੇਵਾ ਦਾ ਗੁਰਪ੍ਰਸਾਦਿ ਪ੍ਰਾਪਤ ਕਰ ਲੈਂਦਾ ਹੈ। ਬੰਦਗੀ ਅਕਾਲ ਪੁਰਖ ਦੀ ਦਰਗਾਹ ਵਿੱਚ ਪੂਰਨ ਅਤੇ ਪ੍ਰਵਾਨ ਮੰਨੀ ਜਾਂਦੀ ਹੈ ਅਤੇ ਭਗਤ ਨੂੰ ਸਦਾ ਸੁਹਾਗ ਦੇ ਗੁਰਪ੍ਰਸਾਦਿ ਦੀ ਬਖ਼ਸ਼ਿਸ਼ ਦੀ ਪ੍ਰਾਪਤੀ ਹੁੰਦੀ ਹੈ। ਭਗਤ ਸਦਾ ਸੁਹਾਗਣ ਦੇ ਗੁਰਪ੍ਰਸਾਦਿ ਨਾਲ ਨਿਵਾਜਿਆ ਜਾਂਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੇ ਦਰਸ਼ਨ ਪ੍ਰਾਪਤ ਹੋ ਜਾਂਦੇ ਹਨ। ਸਰਗੁਣ ਵਿੱਚ ਨਿਰਗੁਣ ਦੇ ਦਰਸ਼ਨ ਹੋ ਜਾਂਦੇ ਹਨ। ਸਰਗੁਣ ਨਿਰਗੁਣ ਇੱਕ ਹੋ ਜਾਂਦੇ ਹਨ। ਸੇਵਾ ਕਰਦੇ-ਕਰਦੇ ਹਉਮੈ ਮਿਟ ਜਾਂਦੀ ਹੈ। ਪਰਉਪਕਾਰ ਅਤੇ ਮਹਾ ਪਰਉਪਕਾਰ ਕਰਦੇ-ਕਰਦੇ ਹਿਰਦਾ ਗਰੀਬੀ ਨਾਲ ਭਰਪੂਰ ਹੋ ਜਾਂਦਾ ਹੈ ਅਤੇ ਹਉਮੈ ਦਾ ਨਾਸ਼ ਹੋ ਜਾਂਦਾ ਹੈ। ਭਗਤ ਅਕਾਲ ਪੁਰਖ ਦੇ ਨਿਰਗੁਣ ਸਰੂਪ ਵਿੱਚ ਅਭੇਦ ਹੋ ਜਾਂਦਾ ਹੈ। ਜੀਵਨ ਮੁਕਤੀ ਮਿਲ ਜਾਂਦੀ ਹੈ। ਸਾਰੇ ਪਾਸੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਪਰਮ ਸ਼ਕਤੀ ਵਰਤਦੀ ਪ੍ਰਤੱਖ ਪ੍ਰਗਟ ਹੋ ਜਾਂਦੀ ਹੈ। ਇਸ ਅਵਸਥਾ ਵਿੱਚ ਅਕਾਲ ਪੁਰਖ ਭਗਤ ਨੂੰ ਸਾਰੇ ਅਨਾਦਿ ਰੂਹਾਨੀ ਦਰਗਾਹੀ ਖ਼ਜ਼ਾਨਿਆਂ ਦੀ ਬਖ਼ਸ਼ਿਸ਼ ਕਰਦਾ ਹੈ। ਭਗਤ ਨੂੰ ਸਾਰੇ ਅਨਾਦਿ ਰੂਹਾਨੀ ਦਰਗਾਹੀ ਖ਼ਜ਼ਾਨਿਆਂ ਦੇ ਇਸ ਗੁਰਪ੍ਰਸਾਦਿ ਨੂੰ ਸੰਗਤ ਨੂੰ ਵਰਤਾਉਣ ਦੇ ਅਧਿਕਾਰ ਨਾਲ ਸੁਸ਼ੋਭਿਤ ਕਰ ਦਿੰਦਾ ਹੈ। ਭਗਤ ਅੰਮ੍ਰਿਤ ਦਾ ਦਾਤਾ ਬਣ ਜਾਂਦਾ ਹੈ। ਭਗਤ ਬੰਦਗੀ ਅਤੇ ਸੇਵਾ ਦਾ ਦਾਤਾ ਬਣ ਜਾਂਦਾ ਹੈ। ਭਗਤ ਗੁਰਪ੍ਰਸਾਦਿ ਦਾ ਦਾਤਾ ਬਣ ਜਾਂਦਾ ਹੈ। ਭਗਤ ਸੰਗਤ ਦੇ ਬੰਦਗੀ ਕਰਨ ਅਤੇ ਜੀਵਨ ਮੁਕਤੀ ਪ੍ਰਾਪਤ ਕਰਨ ਵਿੱਚ ਸਹਾਇਕ ਬਣ ਕੇ ਸਤਿ ਦੇ ਇਨ੍ਹਾਂ ਅਨਾਦਿ ਰੂਹਾਨੀ ਦਰਗਾਹੀ ਖ਼ਜ਼ਾਨਿਆਂ ਦੀ ਸਹਾਇਤਾ ਨਾਲ ਮਹਾ ਪਰਉਪਕਾਰ ਦੀਆਂ ਸੇਵਾਵਾਂ ਵਿੱਚ ਵਿਲੀਨ ਹੋ ਜਾਂਦੇ ਹਨ। ਐਸੇ ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ ਗੁਰਬਾਣੀ ਵਿੱਚ ਧੰਨ ਧੰਨ ਸਤਿਗੁਰੂ ਅਵਤਾਰ ਅਰਜਨ ਦੇਵ ਪਾਤਿਸ਼ਾਹ ਜੀ ਨੇ ਸੁਖਮਨੀ ਬਾਣੀ ਵਿੱਚ ਪਰਮੇਸ਼ਰ ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਹੈ:

ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ॥ ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥
ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥ ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥
ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥ ਬ੍ਰਹਮ ਗਿਆਨੀ ਕਾ ਬਡ ਪਰਤਾਪ ॥
ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥

ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ ॥
ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩}

ਬ੍ਰਹਮ ਗਿਆਨੀ ਕੀ ਕੀਮਤਿ ਨਾਹਿ ॥ ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ ॥
ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ ॥ ਬ੍ਰਹਮ ਗਿਆਨੀ ਕਉ ਸਦਾ ਅਦੇਸੁ ॥
ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਰੁ ॥
ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥
ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ ॥
ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ ॥
ਬ੍ਰਹਮ ਗਿਆਨੀ ਕਾ ਅੰਤੁ ਨ ਪਾਰੁ ॥
ਨਾਨਕ ਬ੍ਰਹਮ ਗਿਆਨੀ ਕਉ ਸਦਾ ਨਮਸਕਾਰੁ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩}

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩}

ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ "ਸਰਬ ਕਾ ਠਾਕੁਰ" ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਹੈ। ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ ਦਾਤਾ ਕਰਤਾ ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਹੈ। ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ ਮੁਕਤੀ ਦਾ ਦਾਤਾ ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ ਬੰਦਗੀ ਅਤੇ ਬੰਦਗੀ ਦੀ ਜੁਗਤ ਦਾ ਦਾਤਾ ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ "ਪੂਰਨ ਪੁਰਖੁ ਬਿਧਾਤਾ" ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਗਿਆ ਹੈ। ਬ੍ਰਹਮ ਗਿਆਨੀ ਮਹਾਂਪੁਰਖਾਂ ਨੂੰ "ਨਿਰੰਕਾਰ" ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਪ੍ਰਗਟ ਕੀਤਾ ਹੈ। ਬ੍ਰਹਮ ਗਿਆਨੀ ਦੀ ਮਹਿਮਾ, ਸਾਧ ਦੀ ਮਹਿਮਾ ਅਤੇ ਅਪਰਸ ਪਾਰਸ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਸਤਿਗੁਰ ਅਵਤਾਰ ਅਰਜਨ ਦੇਵ ਪਾਤਿਸ਼ਾਹ ਜੀ ਨੇ ਸੁਖਮਨੀ ਬਾਣੀ ਦੀ ੭,੮ ਅਤੇ ੯ ਅਸਟਪਦੀ ਵਿੱਚ ਪ੍ਰਗਟ ਕੀਤਾ ਹੈ ਅਤੇ ਸਤਿਗੁਰ ਦੀ ਪਰਮ ਸਕਤੀਸ਼ਾਲੀ ਮਹਿਮਾ ਨੂੰ ਅਸਟਪਦੀ ੧੮ ਵਿੱਚ ਪ੍ਰਗਟ ਕੀਤਾ

ਹੈ। ਜਿਗਿਆਸੂਆਂ ਦੇ ਚਰਨਾਂ ਉੱਪਰ ਸਨਿਮਰ ਬੇਨਤੀ ਹੈ ਕਿ ਉਹ ਇਨ੍ਹਾਂ ਅਸਟਪਦੀਆਂ ਉੱਪਰ ਆਪਣਾ ਧਿਆਨ ਕੇਂਦਰਿਤ ਕਰਨ ਤਾਂ ਉਨ੍ਹਾਂ ਦੀ ਬੰਦਗੀ ਬਹੁਤ ਸੌਖੀ ਹੋ ਜਾਏਗੀ। ਐਸੇ ਮਹਾਂਪੁਰਖਾਂ ਦੇ ਛਤਰ ਹੇਠ ਬੈਠ ਕੇ ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਐਸੇ ਮਹਾਂਪੁਰਖਾਂ ਦੇ ਛਤਰ ਹੇਠ ਬੈਠ ਕੇ ਹੀ ਸਤਿਨਾਮ ਦੀ ਕਮਾਈ ਸਹਿਜੇ ਹੀ ਕੀਤੀ ਜਾਂਦੀ ਹੈ। ਐਸੇ ਮਹਾਂਪੁਰਖਾਂ ਦੇ ਛਤਰ ਹੇਠ ਬੈਠ ਕੇ ਸਹਿਜੇ ਹੀ ਮਾਇਆ ਨੂੰ ਜਿੱਤਿਆ ਜਾਂਦਾ ਹੈ। ਐਸੇ ਮਹਾਂਪੁਰਖਾਂ ਦੇ ਛਤਰ ਹੇਠ ਬੈਠ ਕੇ ਸਹਿਜੇ ਹੀ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਦੀ ਕਮਾਈ ਹੋ ਜਾਂਦੀ ਹੈ। ਐਸੇ ਮਹਾਂਪੁਰਖਾਂ ਦੇ ਛਤਰ ਹੇਠ ਬੈਠ ਕੇ ਬੰਦਗੀ ਕਰਦੇ ਹੋਏ ਸਾਰੀਆਂ ਰੂਹਾਨੀ ਅਵਸਥਾਵਾਂ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ।

ਅਕਾਲ ਪੁਰਖ ਵਿੱਚ ਇੱਕ-ਮਿੱਕ ਹੋਣ ਵਾਲੀ ਇਹ ਅਵਸਥਾ ਹੀ ਸੱਚ ਖੰਡ ਦੀ ਅਵਸਥਾ ਹੈ। ਐਸੇ ਮਹਾਂਪੁਰਖਾਂ ਦੇ ਹਿਰਦੇ ਵਿੱਚ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਆਪ ਪ੍ਰਗਟ ਹੋ ਜਾਂਦਾ ਹੈ। ਜਿਸ ਸਥਾਨ 'ਤੇ ਇਹ ਮਹਾਂਪੁਰਖ ਬੈਠਦੇ ਹਨ ਉੱਥੇ ਦਰਗਾਹ ਧਰਤੀ ਉੱਪਰ ਪ੍ਰਗਟ ਹੁੰਦੀ ਹੈ। ਐਸੇ ਮਹਾਂਪੁਰਖਾਂ ਦੀ ਸੰਗਤ ਹੀ ਪਰਮ ਸ਼ਕਤੀਸ਼ਾਲੀ ਸਤਿ ਸੰਗਤ ਹੈ। ਐਸੇ ਮਹਾਂਪੁਰਖਾਂ ਦੀ ਸੰਗਤ ਹੀ ਸੱਚ ਖੰਡ ਦੀ ਪਰਮ ਸ਼ਕਤੀਸ਼ਾਲੀ ਸੰਗਤ ਹੈ। ਐਸੇ ਮਹਾਂਪੁਰਖਾਂ ਦੀ ਸੰਗਤ ਵਿੱਚ ਹੀ ਸੱਚ ਖੰਡ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਵਰਤਦੀ ਹੈ। ਐਸੇ ਮਹਾਂਪੁਰਖਾਂ ਦੀ ਸੰਗਤ ਵਿੱਚ ਮਾਇਆ ਫੜਕ ਨਹੀਂ ਸਕਦੀ ਹੈ। ਐਸੇ ਮਹਾਂਪੁਰਖਾਂ ਦੀ ਸਤਿਸੰਗਤ ਵਿੱਚ ਸਿਮਰਨ ਕਰਨ ਵਾਲਿਆਂ ਦੇ ਹਿਰਦੇ ਵਿੱਚ ਪਰਮ ਜੋਤ ਸਹਿਜੇ ਹੀ ਪ੍ਰਗਟ ਹੋ ਜਾਂਦੀ ਹੈ। ਐਸੇ ਮਹਾਂਪੁਰਖਾਂ ਦੇ ਚਰਨਾਂ ਉੱਪਰ ਆਪਾ ਅਰਪਣ ਕਰਨ ਵਾਲਿਆਂ ਦੀ ਸੁਰਤਿ ਅਤੇ ਹਿਰਦੇ ਵਿੱਚ ਸਤਿਨਾਮ ਸਹਿਜੇ ਹੀ ਪ੍ਰਕਾਸ਼ਮਾਨ ਹੋ ਜਾਂਦਾ ਹੈ। ਐਸੇ ਮਹਾਂਪੁਰਖਾਂ ਦੇ ਚਰਨਾਂ ਉੱਪਰ ਸੰਪੂਰਨ ਸਮਰਪਣ ਕਰਨ ਵਾਲਿਆਂ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਅਤੇ ਸਤਿ ਸਰੋਵਰ ਸਹਿਜੇ ਹੀ ਪ੍ਰਕਾਸ਼ਮਾਨ ਹੋ ਜਾਂਦੇ ਹਨ। ਐਸੇ ਮਹਾਂਪੁਰਖਾਂ ਦੇ ਚਰਨਾਂ ਉੱਪਰ ਸੰਪੂਰਨ ਸਮਰਪਣ ਕਰਨ ਵਾਲਿਆਂ ਨੂੰ ਏਕ ਬੂੰਦ ਅੰਮ੍ਰਿਤ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ। ਐਸੇ ਮਹਾਂਪੁਰਖਾਂ ਦੇ ਚਰਨਾਂ ਉੱਪਰ ਸੰਪੂਰਨ ਸਮਰਪਣ ਕਰਨ ਵਾਲਿਆਂ ਦੀ ਸਮਾਧੀ ਅਤੇ ਸੁੰਨ ਸਮਾਧੀ ਸਹਿਜੇ ਹੀ ਲੱਗ ਜਾਂਦੀ ਹੈ। ਐਸੇ ਮਹਾਂਪੁਰਖਾਂ ਦੇ ਚਰਨਾਂ ਉੱਪਰ ਸੰਪੂਰਨ ਸਮਰਪਣ ਕਰਨ ਵਾਲਿਆਂ ਨੂੰ ਕਰਮ ਖੰਡ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਸਹਿਜੇ ਹੀ ਪ੍ਰਾਪਤ ਹੋ ਜਾਂਦੀ ਹੈ।

■

ਅਨੰਦੁ ਸਾਹਿਬ-ਪਉੜੀ ੩੫

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ ॥
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ ॥
ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ ॥
ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥

ਕਰਮ ਦਾ ਦਰਗਾਹੀ ਵਿਧਾਨ ਅਟੱਲ ਸਤਿ ਹੈ। ਕਰਮ ਦੇ ਵਿਧਾਨ ਵਿੱਚ ਅਟੱਲ ਪਰਮ ਸ਼ਕਤੀ ਹੈ। ਇੱਕ ਆਮ ਮਨੁੱਖ ਦੇ ਜੀਵਨ ਵਿੱਚ ਕਰਮ ਦਾ ਵਿਧਾਨ ਟਲ਼ ਨਹੀਂ ਸਕਦਾ ਹੈ। ਕਰਮ ਦਾ ਵਿਧਾਨ ਮਨੁੱਖ ਦੇ ਰੋਜ਼ਾਨਾ ਜੀਵਨ ਦਾ ਆਧਾਰ ਹੈ। ਮਨੁੱਖੀ ਜਨਮ ਜੀਵਨ ਕਰਮ ਦੇ ਦਰਗਾਹੀ ਵਿਧਾਨ ਦੇ ਅਨੁਸਾਰ ਹੀ ਚਲਦਾ ਹੈ। ਕਰਮ ਦਾ ਵਿਧਾਨ ਸਾਰੇ ਸੰਸਾਰ ਦੇ ਕਾਰ-ਵਿਹਾਰ ਚਲਾਉਂਦਾ ਹੈ। ਕਰਮ ਦਾ ਵਿਧਾਨ ਮਨੁੱਖ ਦੇ ਰੋਜ਼ਾਨਾ ਸੰਸਾਰਿਕ ਜੀਵਨ ਨੂੰ ਚਲਾਉਂਦਾ ਹੈ। ਮਨੁੱਖੀ ਜੀਵਨ ਵਿੱਚ ਸਫ਼ਲਤਾ ਅਤੇ ਅਸਫ਼ਲਤਾ ਮਨੁੱਖ ਨੂੰ ਉਸ ਦੇ ਕਰਮਾਂ ਅਨੁਸਾਰ ਹੀ ਪ੍ਰਾਪਤ ਹੁੰਦੀ ਹੈ। ਮਨੁੱਖ ਦੇ ਜੀਵਨ ਵਿੱਚ ਸੰਸਾਰਿਕ ਸੁੱਖ-ਸੁਵਿਧਾਵਾਂ ਦੀ ਪ੍ਰਾਪਤੀ ਕਰਮ ਦੇ ਵਿਧਾਨ ਅਨੁਸਾਰ ਹੀ ਹੁੰਦੀ ਹੈ। ਮਨੁੱਖ ਦੇ ਜੀਵਨ ਵਿੱਚ ਸੰਸਾਰਿਕ ਪਦਾਰਥਾਂ, ਧਨ-ਸੰਪਦਾ, ਕਾਰੋਬਾਰ, ਨੌਕਰੀ, ਜ਼ਮੀਨ, ਜਾਇਦਾਦ ਆਦਿ ਦੀ ਪ੍ਰਾਪਤੀ ਕਰਮ ਦੇ ਵਿਧਾਨ ਅਨੁਸਾਰ ਹੀ ਹੁੰਦੀ ਹੈ। ਮਨੁੱਖ ਦੇ ਜੀਵਨ ਵਿੱਚ ਸੰਸਾਰਿਕ ਪਦ, ਅਹੁਦੇ ਆਦਿ ਦੀ ਪ੍ਰਾਪਤੀ ਕਰਮ ਦੇ ਵਿਧਾਨ ਅਨੁਸਾਰ ਹੀ ਹੁੰਦੀ ਹੈ। ਮਨੁੱਖ ਦੇ ਜੀਵਨ ਵਿੱਚ ਮਾਤਾ, ਪਿਤਾ, ਪਤੀ, ਪਤਨੀ, ਧੀਆਂ, ਪੁੱਤਰਾਂ, ਮਿੱਤਰਾਂ, ਸਖੀਆਂ, ਸਹੇਲੀਆਂ ਅਤੇ ਹੋਰ ਸਾਰੇ ਸੰਸਾਰਿਕ ਸੰਬੰਧਾਂ ਅਤੇ ਰਿਸ਼ਤਿਆਂ ਆਦਿ ਦੀ ਪ੍ਰਾਪਤੀ ਕੇਵਲ ਕਰਮ ਦੇ ਵਿਧਾਨ ਅਨੁਸਾਰ ਹੀ ਹੁੰਦੀ ਹੈ। ਮਨੁੱਖ ਦੇ ਜੀਵਨ ਵਿੱਚ ਵਾਪਰ ਰਹੇ ਸਾਰੇ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ ਆਦਿ ਦਾ ਆਧਾਰ ਵੀ ਕਰਮ ਦੇ ਵਿਧਾਨ ਦੀ ਪਰਮ ਸ਼ਕਤੀ ਹੀ ਹੈ। ਮਨੁੱਖ ਨੂੰ ਪ੍ਰਾਪਤ ਸਾਰੇ ਸਰੀਰਕ ਕਸ਼ਟ, ਰੋਗਾਂ, ਸੋਗਾਂ ਆਦਿ ਦਾ ਆਧਾਰ ਵੀ ਕਰਮ ਦਾ ਵਿਧਾਨ ਹੀ ਹੈ। ਮਨੁੱਖ ਦਾ ਜਨਮ ਵੀ ਕਰਮ ਦੇ ਵਿਧਾਨ ਅਨੁਸਾਰ ਹੀ ਹੁੰਦਾ ਹੈ। ਮਨੁੱਖ ਦਾ ਹਰ ਇੱਕ ਸੁਆਸ ਵੀ ਕਰਮ ਦੇ ਵਿਧਾਨ ਅਨੁਸਾਰ ਹੀ ਚਲਦਾ ਹੈ। ਮਨੁੱਖ ਦਾ ਹਰ ਇੱਕ ਛੋਟੇ ਤੋਂ ਛੋਟਾ ਕਰਮ ਵੀ ਕਰਮ ਦੇ ਵਿਧਾਨ ਅਨੁਸਾਰ ਹੀ ਹੁੰਦਾ ਹੈ। ਮਨੁੱਖ ਨੂੰ ਪ੍ਰਾਪਤ ਸਵਾਸਾਂ ਦੀ ਸੰਖਿਆ ਵੀ ਕਰਮ ਦੇ ਵਿਧਾਨ ਅਨੁਸਾਰ ਹੀ ਨਿਰਧਾਰਿਤ ਹੁੰਦੀ ਹੈ। ਮਨੁੱਖ ਦੀ ਮੌਤ ਵੀ ਕਰਮ ਦੇ ਵਿਧਾਨ ਅਨੁਸਾਰ ਪਹਿਲਾਂ ਤੋਂ ਹੀ ਨਿਸ਼ਚਿਤ ਹੁੰਦੀ ਹੈ। ਮਨੁੱਖ ਦੇ ਜਨਮ ਦਾ ਸਮਾਂ ਅਤੇ ਮੌਤ ਦਾ ਸਮਾਂ ਵੀ ਕਰਮ ਦੇ ਵਿਧਾਨ ਅਨੁਸਾਰ ਹੀ ਨਿਰਧਾਰਿਤ ਹੁੰਦਾ ਹੈ।

ਮਨੁੱਖ ਦੇ ਕਰਮਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ ਹੈ। ਮਨੁੱਖ ਲਈ ਆਪਣੇ ਹੀ ਕਰਮਾਂ ਦਾ ਲੇਖਾ ਰੱਖਣਾ ਅਸੰਭਵ ਹੈ। ਮਨੁੱਖ ਦੇ ਕੇਵਲ ਇਸ ਜਨਮ ਜੀਵਨ ਦੇ ਕਰਮਾਂ ਦੀ ਕਥਾ ਨਹੀਂ ਹੈ। ਮਨੁੱਖ ਦੇ ਸਾਰੇ ਜਨਮਾਂ-ਜਨਮਾਂਤਰਾਂ ਦੇ ਕਰਮਾਂ ਦੀ ਕਥਾ ਹੈ। ਇੱਕ ਦਿਨ ਦੇ ਕਰਮਾਂ ਦਾ ਲੇਖਾ ਰੱਖਣਾ ਔਖਾ ਹੈ ਤਾਂ ਇੱਕ ਜਨਮ ਦਾ ਲੇਖਾ ਰੱਖਣਾ ਕਿਵੇਂ ਸੰਭਵ ਹੋ ਸਕਦਾ ਹੈ। ਇੱਕ ਜਨਮ ਜੀਵਨ ਦੇ ਕਰਮਾਂ ਦਾ ਲੇਖਾ ਰੱਖਣਾ ਅਸੰਭਵ ਹੈ ਤਾਂ ਸਾਰੇ ਜਨਮਾਂ ਦਾ ਲੇਖਾ ਮਨੁੱਖ ਕਿਵੇਂ ਰੱਖ ਸਕਦਾ ਹੈ। ਧਰਤੀ ਉੱਪਰ ਵਿਚਰ ਰਹੇ ਮਨੁੱਖਾਂ ਦੇ ਕੇਵਲ ਮਨੁੱਖਾ ਜਨਮਾਂ ਵੱਲ ਜੇ ਝਾਤੀ ਮਾਰੀਏ ਤਾਂ ਐਸਾ ਪ੍ਰਤੀਤ ਹੁੰਦਾ ਹੈ ਕਿ ਮਨੁੱਖੇ ਜਨਮਾਂ ਦੀ ਗਿਣਤੀ ਹੀ ਕਈ-ਕਈ ਸੈਂਕੜੇ ਜਨਮਾਂ ਵਿੱਚ ਹੈ; ਤਾਂ ਇਨ੍ਹਾਂ ਸੈਂਕੜੇ ਮਨੁੱਖੇ ਜਨਮਾਂ ਦਾ ਲੇਖਾ ਕਿਵੇਂ ਰੱਖਿਆ ਜਾ ਸਕਦਾ ਹੈ। ਜੋ ਮਨੁੱਖ ਸਿਮਰਨ ਵਿੱਚ ਗਹਿਰੇ ਉਤਰ ਜਾਂਦੇ ਹਨ ਅਤੇ ਉਨ੍ਹਾਂ ਭਗਤਾਂ ਦਾ ਜਦ ਬ੍ਰਹਮ ਗਿਆਨ ਦਾ ਸੋਮਾ ਫੁੱਟਦਾ ਹੈ ਤਾਂ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਆਪਣੇ ਬਾਰੇ ਹੀ ਗਿਆਨ ਪ੍ਰਗਟ ਹੁੰਦਾ ਹੈ। ਉਨ੍ਹਾਂ ਨੂੰ ਇਸ ਪਰਮ ਸਤਿ ਦਾ ਗਿਆਨ ਹੋ ਜਾਂਦਾ ਹੈ ਕਿ ਉਹ ਪਿਛਲੇ ਕਿਤਨੇ ਜਨਮਾਂ ਤੋਂ ਬੰਦਗੀ ਦੇ ਮਾਰਗ ਉੱਪਰ ਚਲ ਰਹੇ ਹਨ। ਉਨ੍ਹਾਂ ਨੂੰ ਇਹ ਵੀ ਗਿਆਨ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਕਿਤਨੇ ਮਨੁੱਖਾ ਜਨਮ ਪ੍ਰਾਪਤ ਕੀਤੇ ਹਨ ਅਤੇ ਕਿਤਨੇ ਮਨੁੱਖਾ ਜਨਮ ਅਜਾਈਂ ਗੁਆ ਦਿੱਤੇ ਹਨ। ਮਨੁੱਖ ਦੀ ਬੰਦਗੀ ਇੱਕ ਜਨਮ ਵਿੱਚ ਪੂਰਨ ਨਹੀਂ ਹੁੰਦੀ ਹੈ। ਮਨੁੱਖ ਨੂੰ ਬੰਦਗੀ ਪੂਰਨ ਕਰਨ ਲਈ ਕਈ ਜਨਮ ਲੱਗ ਜਾਂਦੇ ਹਨ। ਮਨੁੱਖ ਦਾ ਮਨ ਇਤਨਾ ਚੰਚਲ ਹੈ ਕਿ ਉਹ ਇੱਕ ਜਨਮ ਦੀ ਬੰਦਗੀ ਵਿੱਚ ਨਹੀਂ ਚਿੰਦਿਆ ਜਾ ਸਕਦਾ ਹੈ। ਮਨੁੱਖ ਦਾ ਮਨ ਚਿੰਦਣ ਲਈ ਕਈ ਜਨਮ ਲੱਗ ਜਾਂਦੇ ਹਨ। ਮਨੁੱਖੀ ਮਨ ਨੂੰ ਸ਼ਾਂਤ ਕਰਨ ਵਿੱਚ ਕਈ ਜਨਮ ਲੱਗ ਜਾਂਦੇ ਹਨ। ਮਨੁੱਖੀ ਮਨ ਉੱਪਰ ਜਿੱਤ ਪ੍ਰਾਪਤ ਕਰਨ ਲਈ ਕਈ ਜਨਮ ਲੱਗ ਜਾਂਦੇ ਹਨ। ਜੋ ਮਨੁੱਖ ਬੰਦਗੀ ਦੇ ਮਾਰਗ ਉੱਪਰ ਚਲਦੇ ਹਨ ਅਤੇ ਸਤਿ ਕਰਮਾਂ ਉੱਪਰ ਆਪਣੀ ਬਿਰਤੀ ਨੂੰ ਕਾਇਮ ਕਰਦੇ ਹਨ; ਉਨ੍ਹਾਂ ਮਨੁੱਖਾਂ ਨੂੰ ਅਗਲੇ ਜਨਮ ਵਿੱਚ ਵੀ ਬੰਦਗੀ ਪ੍ਰਾਪਤ ਹੋ ਜਾਂਦੀ ਹੈ। ਜਿਸ ਦੇ ਕਾਰਨ ਉਨ੍ਹਾਂ ਦੀ ਬੰਦਗੀ ਅਗਾਂਹ ਵੱਧਦੀ ਰਹਿੰਦੀ ਹੈ। ਬੰਦਗੀ ਦੇ ਮਾਰਗ ਉੱਪਰ ਚਲਦੇ-ਚਲਦੇ, ਸਤਿ ਕਰਮ ਕਰਦੇ-ਕਰਦੇ, ਸਤੋ ਬਿਰਤੀ ਦੀ ਕਮਾਈ ਕਰਦੇ-ਕਰਦੇ ਹੀ ਮਨੁੱਖ ਦੇ ਭਾਗ ਜਾਗ ਪੈਂਦੇ ਹਨ ਅਤੇ ਪੂਰਨ ਸਤਿਗੁਰੂ ਦੀ ਸੰਗਤ ਮਿਲ ਜਾਂਦੀ ਹੈ। ਪੂਰਨ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਨ ਦੇ ਨਾਲ ਮਨੁੱਖ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦੀ ਬੰਦਗੀ ਕਰਮ ਖੰਡ ਵਿੱਚ ਸਥਾਪਿਤ ਹੋ ਜਾਂਦੀ ਹੈ।

ਕਰਮ ਦਾ ਦਰਗਾਹੀ ਵਿਧਾਨ ਇਤਨਾ ਸ਼ਕਤੀਸ਼ਾਲੀ ਹੈ ਕਿ ਇਸ ਵਿਧਾਨ ਦੇ ਅਨੁਸਾਰ ਹਰ ਇੱਕ ਮਨੁੱਖ ਦੇ ਚਿਤਰਗੁਪਤ ਉੱਪਰ ਮਨੁੱਖ ਦੇ ਸਾਰੇ ਜਨਮਾਂ ਦੇ ਇੱਕ-ਇੱਕ ਕਰਮ ਦਾ ਲੇਖਾ ਲਿਖਿਆ ਜਾਂਦਾ ਹੈ। ਆਪਣੇ ਰੋਜ਼ਾਨਾ ਜੀਵਨ ਵਿੱਚ ਮਨੁੱਖ ਜੋ-ਜੋ ਕਰਮ ਕਰਦਾ ਹੈ; ਉਨ੍ਹਾਂ ਕਰਮਾਂ ਦਾ ਲੇਖਾ ਉਸ ਦੇ ਚਿਤਰਗੁਪਤ ਉੱਪਰ ਲਿਖਿਆ ਜਾਂਦਾ ਹੈ। ਮਨੁੱਖ ਦੇ ਹਰ ਇੱਕ ਕਰਮ ਦਾ ਲੇਖਾ ਉਸੇ ਛਿਣ ਮਨੁੱਖ ਦੇ ਚਿਤਰਗੁਪਤ ਉੱਪਰ ਅੰਕਿਤ ਹੋ ਜਾਂਦਾ ਹੈ। ਮਨੁੱਖ ਦੇ ਛੋਟੇ ਤੋਂ ਛੋਟੇ ਕਰਮ ਤੋਂ ਲੈ ਕੇ ਵੱਡੇ ਤੋਂ ਵੱਡੇ ਕਰਮ ਦਾ ਲੇਖਾ ਉਸੇ ਵਕਤ ਹੀ ਮਨੁੱਖ ਦੇ ਚਿਤਰਗੁਪਤ ਉੱਪਰ ਲਿਖਿਆ ਜਾਂਦਾ ਹੈ; ਜਿਸ ਛਿਣ ਕਰਮ ਕੀਤਾ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਦੇ ਕਰਮਾਂ ਦੀਆਂ ਤੈਹਾਂ ਦਰ ਤੈਹਾਂ ਚਿਤਰਗੁਪਤ ਉੱਪਰ ਚੜ੍ਹਦੀਆਂ ਜਾਂਦੀਆ ਹਨ। ਕਰਮ ਦੇ ਵਿਧਾਨ ਅਨੁਸਾਰ ਮਨੁੱਖ ਦੇ ਚਿਤਰਗੁਪਤ ਰੂਪ ਵਿੱਚ ਸਤਿ

ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀ ਮਨੁੱਖੀ ਕਰਮਾਂ ਦੀਆਂ ਅਣਗਿਣਤ ਤੈਹਾਂ ਦਾ ਲੇਖਾ ਰੱਖਦੀ ਹੈ। ਮਨੁੱਖ ਦੇ ਚਿਤਰਗੁਪਤ ਉੱਪਰ ਅਕਿੰਤ ਬੇਅੰਤ ਮਨੁੱਖੀ ਕਰਮਾਂ ਦਾ ਬੋਝ ਮਨੁੱਖ ਦੇ ਅੰਦਰ ਸਥਾਪਿਤ ਜੋਤ (ਰੂਹ) ਚੁੱਕਦੀ ਹੈ। ਮਨੁੱਖ ਦੇ ਚਿਤਰਗੁਪਤ ਉੱਪਰ ਲਿਖੀਆਂ ਗਈਆਂ ਸਾਰੀਆਂ ਕਰਮਾਂ ਦੀ ਤੈਹਾਂ ਦਾ ਬੋਝ ਮਨੁੱਖ ਦੀ ਰੂਹ ਨੂੰ ਚੁੱਕਣਾ ਪੈਂਦਾ ਹੈ। ਮਨੁੱਖ ਦਾ ਚਿਤਰਗੁਪਤ ਮਨੁੱਖੀ ਰੂਹ ਦਾ ਹੀ ਹਿੱਸਾ ਹੁੰਦਾ ਹੈ। ਇਹ ਪਰਮ ਸਤਿ ਹੈ ਕਿ ਜਦ ਮਨੁੱਖ ਦੀ ਜੋਤ (ਰੂਹ) ਦੇਹੀ ਦਾ ਤਿਆਗ ਕਰਦੀ ਹੈ ਤਾਂ ਇਸ ਨੂੰ ਮਨੁੱਖ ਦੇ ਸਾਰੇ ਕਰਮਾਂ ਦਾ ਬੋਝ ਨਾਲ ਚੁੱਕਣਾ ਪੈਂਦਾ ਹੈ। ਭਾਵ ਮਨੁੱਖ ਦੇ ਸਾਰੇ ਕਰਮਾਂ ਦਾ ਲੇਖਾ-ਜੋਖਾ ਮਨੁੱਖ ਦੀ ਮੌਤ ਤੋਂ ਉਪਰੰਤ ਉਸ ਦੇ ਅਗਲੇ ਜਨਮ ਵਿੱਚ ਰੂਹ ਦੇ ਨਾਲ ਹੀ ਜਾਂਦਾ ਹੈ। ਮਨੁੱਖ ਦਾ ਅਗਲਾ ਜਨਮ ਕੇਵਲ ਇਨ੍ਹਾਂ ਕਰਮਾਂ ਦਾ ਲੇਖਾ-ਜੋਖਾ ਪੂਰਾ ਕਰਨ ਲਈ ਹੀ ਹੁੰਦਾ ਹੈ। ਪਰੰਤੂ ਪੂਰਨ ਸਤਿ ਦੇ ਗਿਆਨ ਦੇ ਅਭਾਵ ਕਾਰਨ ਮਨੁੱਖ ਰਜੋ ਅਤੇ ਤਮੋ ਬਿਰਤੀ ਦੇ ਅਧੀਨ ਮਿੱਠੇ ਮਾਇਕੀ ਜ਼ਹਿਰ ਦਾ ਸੇਵਨ ਕਰਦੇ-ਕਰਦੇ, ਆਪਣੇ ਚਿਤਰਗੁਪਤ ਉੱਪਰ ਨਿੱਤ ਨਵੇਂ ਕਰਮ ਲਿਖ-ਲਿਖ ਕੇ ਆਪਣੇ ਅਸਤਿ ਕਰਮਾਂ ਦੀਆਂ ਤੈਹਾਂ ਹੋਰ ਡੂੰਘੀਆਂ ਕਰ ਲੈਂਦਾ ਹੈ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਤ੍ਰਿਸ਼ਨਾ, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੀ ਗੁਲਾਮੀ ਵਿੱਚ ਵਿਚਰਦੇ ਹੋਏ ਮਨੁੱਖ ਆਪਣੇ ਰੋਜ਼ਾਨਾ ਜੀਵਨ ਵਿੱਚ ਅਸਤਿ ਕਰਮਾਂ ਦੀਆਂ ਤੈਹਾਂ ਦਰ ਤੈਹਾਂ ਚਿਤਰਗੁਪਤ ਉੱਪਰ ਅੰਕਿਤ ਕਰੀ ਜਾਂਦਾ ਹੈ। ਜਿਵੇਂ-ਜਿਵੇਂ ਮਨੁੱਖੀ ਕਰਮਾਂ ਦੀਆਂ ਤੈਹਾਂ ਦਰ ਤੈਹਾਂ ਚੜ੍ਹਦੀਆਂ ਜਾਂਦੀਆਂ ਹਨ ਤਿਵੇਂ-ਤਿਵੇਂ ਮਨੁੱਖ ਦੇ ਆਉਣ ਵਾਲੇ ਜਨਮਾਂ ਦੀ ਗਿਣਤੀ ਹੋਰ ਵੱਧਦੀ ਜਾਂਦੀ ਹੈ। ਇਸ ਤਰ੍ਹਾਂ ਦੇ ਨਾਲ ਮਾਇਕੀ ਬਿਰਤੀ ਉੱਪਰ ਚਲਣ ਵਾਲੇ ਮਨੁੱਖਾਂ ਦੇ ਜਨਮ-ਮਰਨ ਦਾ ਖੇਲ ਕਦੇ ਖ਼ਤਮ ਨਹੀਂ ਹੁੰਦਾ ਹੈ।

ਅੱਜ ਦੇ ਕਲਜੁਗੀ ਸਮੇਂ ਅੰਦਰ ਸੰਸਾਰ ਵਿੱਚ ਵਿਚਰ ਰਹੇ ਲਗਭਗ ਸਾਰੇ ਮਨੁੱਖਾਂ ਦੇ ਕਰਮ ਰਜੋ ਅਤੇ ਤਮੋ ਬਿਰਤੀ ਵਾਲੇ ਹਨ। ਅੱਜ ਦੇ ਘੋਰ ਕਲਜੁਗੀ ਸਮੇਂ ਅੰਦਰ ਵਿਚਰ ਰਹੇ ਮਨੁੱਖਾਂ ਵਿੱਚ ਰਜੋ ਅਤੇ ਤਮੋ ਦੀਆਂ ਮਾਇਕੀ ਬਿਰਤੀਆਂ ਦਾ ਬੋਲ-ਬਾਲਾ ਹੈ। ਸੰਸਾਰ ਵਿੱਚ ਵਿਚਰ ਰਿਹਾ ਹਰ ਇੱਕ ਮਨੁੱਖ ਆਪਣੀ ਤ੍ਰਿਸ਼ਨਾ ਦੀ ਅਗਨ ਨੂੰ ਬੁਝਾਉਣ ਵਾਸਤੇ ਨਿਰੰਤਰ ਅਸਤਿ ਕਰਮਾਂ ਨੂੰ ਅੰਜਾਮ ਦੇਣ ਵਿੱਚ ਰੁੱਝਿਆ ਹੋਇਆ ਹੈ। ਸੰਸਾਰ ਵਿੱਚ ਵਿਚਰ ਰਿਹਾ ਹਰ ਇੱਕ ਮਨੁੱਖ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੀ ਗ਼ੁਲਾਮੀ ਵਿੱਚ ਗਲਤਾਨ ਹੋ ਰਿਹਾ ਹੈ। ਸੰਸਾਰ ਵਿੱਚ ਵਿਚਰ ਰਿਹਾ ਹਰ ਇੱਕ ਮਨੁੱਖ ਤ੍ਰਿਸ਼ਨਾ ਦੇ ਮਹਾ ਵਿਨਾਸ਼ਕਾਰੀ ਰੋਗ ਨਾਲ ਗ੍ਰਸਤ ਹੈ। ਸੰਸਾਰ ਵਿੱਚ ਵਿਚਰ ਰਿਹਾ ਹਰ ਇੱਕ ਮਨੁੱਖ ਕਾਮ ਦਾ ਰੋਗੀ ਹੈ, ਕ੍ਰੋਧ ਦਾ ਰੋਗੀ ਹੈ, ਲੋਭ ਦਾ ਰੋਗੀ ਹੈ, ਮੋਹ ਦਾ ਰੋਗੀ ਹੈ ਅਤੇ ਅਹੰਕਾਰ ਦਾ ਰੋਗੀ ਹੈ। ਤ੍ਰਿਸ਼ਨਾ ਅਤੇ ਪੰਜ ਚੰਡਾਲਾਂ ਨੇ ਮਨੁੱਖੀ ਮਨ ਨੂੰ ਦੀਰਘ ਮਾਨਸਿਕ ਰੋਗੀ ਬਣਾਇਆ ਹੋਇਆ ਹੈ। ਮਹਾ ਵਿਨਾਸ਼ਕਾਰੀ ਮਾਇਕੀ ਬਿਰਤੀ ਦੇ ਅਧੀਨ ਕਮਾਇਆ ਹੋਇਆ ਹਰ ਇੱਕ ਕਰਮ ਮਨੁੱਖ ਲਈ ਕਰਮ ਰੋਗ ਬਣ ਜਾਂਦਾ ਹੈ। ਪਹਿਲਾਂ ਮਨੁੱਖ ਮਾਨਸਿਕ ਰੋਗੀ ਬਣਦਾ ਹੈ। ਫਿਰ ਹੌਲੀ-ਹੌਲੀ ਜਿਵੇਂ-ਜਿਵੇਂ ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਕੀਤੇ ਜਾ ਰਹੇ ਕਰਮ ਰੋਗ ਇਕੱਤਰ ਹੁੰਦੇ ਹਨ ਉਹ ਸਾਰੇ ਕਰਮ ਰੋਗਾਂ ਦਾ ਦੁਸ਼ਪ੍ਰਭਾਵ ਮਨੁੱਖ ਦੀ ਦੇਹੀ ਉੱਪਰ ਪੈਣਾ ਸ਼ੁਰੂ ਹੋ ਜਾਂਦਾ ਹੈ। ਜਿਸ ਦੇ ਨਾਲ ਮਨੁੱਖ ਦਾ ਸ਼ਰੀਰ ਰੋਗੀ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸੇ ਲਈ ਹਰ ਇੱਕ ਮਨੁੱਖ ਦਾ ਬੁਢੇਪਾ ਬੁਰੀ ਤਰ੍ਹਾਂ ਦੇ ਨਾਲ ਰੋਗ ਗ੍ਰਸਤ ਹੋ ਜਾਂਦਾ ਹੈ। ਇਸ ਲਈ ਇਹ ਪਰਮ ਸਤਿ ਹੈ ਕਿ ਸਾਰੇ ਮਨੁੱਖੀ ਸਰੀਰਕ ਰੋਗਾਂ ਦਾ ਕਾਰਨ ਵੀ ਮਨੁੱਖ ਦੇ ਆਪਣੇ ਕੀਤੇ ਕਰਮ ਹੀ ਹਨ।

ਰਜੋ ਅਤੇ ਤਮੋ ਦੀ ਮਹਾ ਵਿਨਾਸ਼ਕਾਰੀ ਮਾਇਕੀ ਬਿਰਤੀ ਦੇ ਧਾਰਨੀ ਮਨੁੱਖ ਸਦਾ-ਸਦਾ ਲਈ ਜਨਮ-ਮਰਨ ਦੇ ਚੱਕਰ ਵਿੱਚ ਭਟਕਦੇ ਰਹਿੰਦੇ ਹਨ। ਐਸੇ ਮਨੁੱਖਾਂ ਨੂੰ ਗੁਰਬਾਣੀ ਵਿੱਚ ਮਨਮੁਖ ਕਿਹਾ ਗਿਆ ਹੈ। ਰਜੋ ਅਤੇ ਤਮੋ ਦੀ ਮਹਾ ਵਿਨਾਸ਼ਕਾਰੀ ਮਾਇਕੀ ਬਿਰਤੀ ਦਾ ਧਾਰਨੀ ਮਨ ਮਾਇਆ ਦਾ ਗ਼ੁਲਾਮ ਹੁੰਦਾ ਹੈ। ਰਜੋ ਅਤੇ ਤਮੋ ਦੀ ਮਹਾ ਵਿਨਾਸ਼ਕਾਰੀ ਮਾਇਕੀ ਬਿਰਤੀ ਦਾ ਧਾਰਨੀ ਮਨੁੱਖ ਮਨਮਤਿ ਦਾ ਧਾਰਨੀ ਹੁੰਦਾ ਹੈ। ਮਨਮਤਿ ਦਾ ਧਾਰਨੀ ਮਨੁੱਖ ਮਨਮੁਖ ਹੁੰਦਾ ਹੈ। ਮਨਮਤਿ ਦਾ ਧਾਰਨੀ ਮਨੁੱਖ ਦੁਹਾਗਣ ਹੁੰਦਾ ਹੈ। ਮਨਮੁਖ ਮਨੁੱਖ ਨੂੰ ਗੁਰਬਾਣੀ ਵਿੱਚ ਦੁਹਾਗਣ ਕਿਹਾ ਗਿਆ ਹੈ। ਰਜੋ ਅਤੇ ਤਮੋ ਬਿਰਤੀ ਦਾ ਧਾਰਨੀ ਮਨੁੱਖ ਮਨਮੁਖ ਹੁੰਦਾ ਹੈ। ਸਤੋ ਬਿਰਤੀ ਦੇ ਧਾਰਨੀ ਮਨੁੱਖ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨੁੱਖ ਸੁਹਾਗਣ ਦੇ ਰੂਪ ਵਿੱਚ ਦਰਗਾਹ ਵਿੱਚ ਸਵੀਕਾਰਿਆ ਜਾਂਦਾ ਹੈ। ਜੋ ਮਨੁੱਖ ਸੁਹਾਗਣ ਨਹੀਂ ਹੈ ਉਹ ਮਨੁੱਖ ਦੁਹਾਗਣ ਹੈ। ਦੁਹਾਗਣ ਦੇ ਕਰਮ ਮਨਮਤਿ ਦੇ ਅਨੁਸਾਰ ਹੁੰਦੇ ਹਨ। ਸੁਹਾਗਣ ਦੇ ਕਰਮ ਗੁਰਮਤਿ ਦੇ ਅਨੁਸਾਰ ਹੁੰਦੇ ਹਨ। ਦੁਹਾਗਣ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਤ੍ਰਿਸ਼ਣਾ, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦਾ ਚਿੰਤਨ ਕਰਦੀ ਹੈ। ਇਸ ਲਈ ਦੁਹਾਗਣ ਦੀ ਗੁਰੂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਹੁੰਦੀਆਂ ਹਨ। ਦੁਹਾਗਣ ਦੇ ਗੁਰੂ ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ ਹੁੰਦੇ ਹਨ। ਸੁਹਾਗਣ 'ਸਤਿ' ਦੀ ਸੇਵਾ ਕਰਦੀ ਹੈ। ਸੁਹਾਗਣ 'ਸਤਿ' ਦਾ ਚਿੰਤਨ ਕਰਦੀ ਹੈ। ਇਸ ਲਈ ਸੁਹਾਗਣ ਦਾ ਗੁਰੂ 'ਸਤਿ' ਹੁੰਦਾ ਹੈ। ਜਦ ਮਨੁੱਖ ਕਾਮ ਚੰਡਾਲ ਦੇ ਵੱਸ ਆ ਕੇ ਆਪਣੀ ਕਾਮ ਵਾਸ਼ਨਾ ਨੂੰ ਬੁਝਾਉਣ ਲਈ ਅਸਤਿ ਕਰਮ ਕਰਦਾ ਹੈ ਤਾਂ ਕਾਮ ਚੰਡਾਲ ਉਸ ਦਾ ਗੁਰੂ ਬਣ ਜਾਂਦਾ ਹੈ। ਜਦ ਮਨੁੱਖ ਕ੍ਰੋਧ ਚੰਡਾਲ ਦੇ ਵੱਸ ਆ ਕੇ ਅਸਤਿ ਕਰਮ ਕਰਦਾ ਹੈ ਤਾਂ ਕ੍ਰੋਧ ਚੰਡਾਲ ਉਸ ਦਾ ਗੁਰੂ ਬਣ ਜਾਂਦਾ ਹੈ। ਜਦ ਮਨੁੱਖ ਲੋਭ ਚੰਡਾਲ ਦੇ ਵੱਸ ਆ ਕੇ ਅਸਤਿ ਕਰਮ ਕਰਦਾ ਹੈ ਤਾਂ ਕ੍ਰੋਧ ਚੰਡਾਲ ਉਸ ਦਾ ਗੁਰੂ ਬਣ ਜਾਂਦਾ ਹੈ। ਜਦ ਮਨੁੱਖ ਮੋਹ ਚੰਡਾਲ ਦੇ ਅਧੀਨ ਅਸਤਿ ਕਰਮ ਕਰਦਾ ਹੈ ਤਾਂ ਉਸ ਦਾ ਗੁਰੂ ਮੋਹ ਚੰਡਾਲ ਹੁੰਦਾ ਹੈ। ਜਦ ਮਨੁੱਖ ਅਹੰਕਾਰ ਚੰਡਾਲ ਦੀ ਗ਼ੁਲਾਮੀ ਵਿੱਚ ਅਸਤਿ ਕਰਮ ਕਰਦਾ ਹੈ ਤਾਂ ਉਸ ਦਾ ਗੁਰੂ ਅਹੰਕਾਰ ਚੰਡਾਲ ਹੁੰਦਾ ਹੈ। ਇਸ ਤਰ੍ਹਾਂ ਦੇ ਨਾਲ ਦੁਹਾਗਣ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦਾ ਚਿੰਤਨ ਕਰਦੀ ਹੈ ਅਤੇ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਨੂੰ ਆਪਣਾ ਗੁਰੂ ਧਾਰਨ ਕਰਦੀ ਹੈ।

ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦਾ ਚਿੰਤਨ ਕਰਨ ਵਾਲੇ ਮਨਮੁਖ ਨੂੰ ਕਦੇ ਸੁਹਾਗ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਸਤੋ ਬਿਰਤੀ ਨੂੰ ਧਾਰਨ ਕਰਨ ਵਾਲੇ ਮਨੁੱਖ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਦੀ ਪਰਮ ਸ਼ਕਤੀ ਵਰਤਦੀ ਹੈ। ਸਤੋ ਬਿਰਤੀ ਦਾ ਚਿੰਤਨ ਕਰਨ ਵਾਲੇ ਮਨੁੱਖ ਉੱਪਰ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਨਦਰ ਵਰਤਦੀ ਹੈ। ਸਤਿ ਕਰਮ ਕਰਨ ਵਾਲੇ ਮਨੁੱਖ ਉੱਪਰ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਰਾਮਤ ਦੀ ਪਰਮ ਸ਼ਕਤੀ ਵਰਤਦੀ ਹੈ। ਸਤਿ ਦਾ ਚਿੰਤਨ ਕਰਨ ਵਾਲੇ ਮਨੁੱਖ ਉੱਪਰ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀ ਵਰਤਦੀ ਹੈ ਅਤੇ ਉਸ ਮਨੁੱਖ ਨੂੰ ਪੂਰੇ ਸਤਿਗੁਰੂ ਦੀ ਸਤਿ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਪੂਰੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਭਰੋਸੇ, ਪ੍ਰੀਤ ਅਤੇ ਸ਼ਰਧਾ ਦੇ ਨਾਲ ਤਨ, ਮਨ ਅਤੇ ਧਨ ਅਰਪਣ ਕਰਨ ਵਾਲੇ ਮਨੁੱਖ ਨੂੰ ਹੀ 'ਸਤਿ' ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਪੂਰੇ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਬੈਠ ਕੇ 'ਸਤਿ' ਦੀ ਪਰਮ ਸ਼ਕਤੀ ਨੂੰ ਗੁਰੂ

ਧਾਰਨ ਕਰਨ ਵਾਲੇ ਮਨੁੱਖ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਸੁਹਾਗਣ ਦਾ ਜਨਮ ਹੁੰਦਾ ਹੈ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਜਦ ਮਨੁੱਖ ਉੱਪਰ ਵਰਤਦੀ ਹੈ ਤਾਂ ਧਰਤੀ ਉੱਪਰ ਪੂਰੇ ਸਤਿਗੁਰੂ ਦੀ ਸਤਿ ਸੰਗਤ ਵਿੱਚ ਸੁਹਾਗਣ ਪ੍ਰਗਟ ਹੁੰਦੀ ਹੈ।

ਉੱਪਰ ਵਿਚਾਰੇ ਗਏ ਸਾਰੇ ਪਰਮ ਸਤਿ ਦੇ ਤੱਤਾਂ ਤੋਂ ਇਹ ਹੀ ਸਿੱਟਾ ਨਿਕਲਦਾ ਹੈ ਕਿ ਕਰਮ ਦਾ ਵਿਧਾਨ ਅਟੱਲ ਸਤਿ ਹੈ। ਆਪਣੇ ਕਰਮਾਂ ਦੁਆਰਾ ਮਨੁੱਖ ਆਪਣਾ ਪ੍ਰਾਲਬਧ ਆਪ ਲਿਖਦਾ ਹੈ। ਮਨੁੱਖ ਜੈਸਾ ਕਰਮ ਕਰਦਾ ਹੈ ਉਸ ਨੂੰ ਵੈਸਾ ਹੀ ਫ਼ਲ਼ ਪ੍ਰਾਪਤ ਹੁੰਦਾ ਹੈ। ਆਪਣੇ ਕਰਮਾਂ ਦੁਆਰਾ ਮਨੁੱਖ ਆਪਣਾ ਮੁਕੱਦਰ ਆਪ ਲਿਖਦਾ ਹੈ। ਆਪਣੇ ਕਰਮਾਂ ਦੁਆਰਾ ਮਨੁੱਖ ਆਪਣੇ ਹੀ ਆਉਣ ਵਾਲੇ ਸਮੇਂ ਵਿੱਚ ਵਾਪਰਨ ਵਾਲੀ ਕਥਾ ਮਨੁੱਖ ਆਪ ਲਿਖਦਾ ਹੈ। ਮਨੁੱਖ ਦੇ ਜੀਵਨ ਵਿੱਚ ਵਾਪਰ ਰਹੇ ਸਾਰੇ ਰੋਗਾਂ, ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ ਆਦਿ ਦਾ ਜੁੰਮੇਵਾਰ ਮਨੁੱਖ ਆਪ ਹੀ ਹੈ। ਕਰਮ ਦੇ ਵਿਧਾਨ ਦੀ ਪਰਮ ਸ਼ਕਤੀਸ਼ਾਲੀ ਕਥਾ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਈ ਗਈ ਹੈ:

ਕਰਮਿ ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥
ਲਖ ਚਉਰਾਸੀਹ ਤਰਸਦੇ ਜਿਸੁ ਮੇਲੇ ਸੋ ਮਿਲੈ ਹਰਿ ਆਇ ॥
ਨਾਨਕ ਗੁਰਮੁਖਿ ਹਰਿ ਪਾਇਆ ਸਦਾ ਹਰਿ ਨਾਮਿ ਸਮਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੮-੨੯)

ਸਿਰੀਰਾਗੁ ਮਹਲਾ ੩ ॥
ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ ॥
ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ ॥
ਪਿਰ ਕਾ ਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧)

ਜਾ ਪਿਰੁ ਜਾਣੈ ਆਪਣਾ ਤਨੁ ਮਨੁ ਅਗੈ ਧਰੇਇ ॥
ਸੋਹਾਗਣੀ ਕਰਮ ਕਮਾਵਦੀਆ ਸੇਈ ਕਰਮ ਕਰੇਇ ॥
ਸਹਜੇ ਸਾਚਿ ਮਿਲਾਵੜਾ ਸਾਚੁ ਵਡਾਈ ਦੇਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧)
ਗੋਵਿਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ॥
ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥
ਸਤਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥
ਭਾਈ ਰੇ ਗੁਰਮੁਖਿ ਬੂਝੈ ਕੋਇ ॥
ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥੧॥ ਰਹਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੩)

ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ ਦੇਇ ਦ੍ਰਿੜਾਇ ॥
ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ ॥
ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੩)

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥
ਬਹੁ ਬਿਧਿ ਕਰਮ ਕਮਾਵਦੇ ਦੁਣੀ ਮਲੁ ਲਾਗੀ ਆਇ ॥
ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੯)

ਜਿਸੁ ਆਪਿ ਭੁਲਾਏ ਸੁ ਕਿਥੈ ਹਥੁ ਪਾਏ ॥
ਪੂਰਬਿ ਲਿਖਿਆ ਸੁ ਮੇਟਣਾ ਨ ਜਾਏ ॥
ਜਿਨ ਸਤਿਗੁਰੁ ਮਿਲਿਆ ਸੇ ਵਡਭਾਗੀ ਪੂਰੈ ਕਰਮਿ ਮਿਲਾਵਣਿਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦-੧੧੧)

ਇਸੁ ਜੁਗ ਮਹਿ ਗੁਰਮੁਖ ਨਿਰਮਲੇ ਸਚਿ ਨਾਮਿ ਰਹਹਿ ਲਿਵ ਲਾਇ ॥
ਵਿਣੁ ਕਰਮਾ ਕਿਛੁ ਪਾਈਐ ਨਹੀ ਕਿਆ ਕਰਿ ਕਹਿਆ ਜਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੩੦)

ਅਨਿਕ ਜਨਮ ਵਿਛੁੜੇ ਦੁਖੁ ਪਾਇਆ ਮਨਮੁਖਿ ਕਰਮ ਕਰੈ ਅਹੰਕਾਰੀ ॥
ਸਾਧੂ ਪਰਸਤ ਹੀ ਪ੍ਰਭੁ ਪਾਇਆ ਗੋਬਿਦ ਸਰਣਿ ਤੁਮਾਰੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੦੭)

ਸੋ ਸੋ ਕਰਮ ਕਰਤ ਹੈ ਪ੍ਰਾਣੀ ਜੈਸੀ ਤੁਮ ਲਿਖਿ ਪਾਈ ॥
ਸੇਵਕ ਕਉ ਤੁਮ ਸੇਵਾ ਦੀਨੀ ਦਰਸਨੁ ਦੇਖਿ ਅਘਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੧੦)

ਕਰਮ ਦੇ ਪਰਮ ਸ਼ਕਤੀਸ਼ਾਲੀ ਵਿਧਾਨ ਨੂੰ ਬਦਲਿਆ ਨਹੀਂ ਜਾ ਸਕਦਾ ਹੈ। ਭਾਵ ਮਨੁੱਖ ਦੇ ਮੁਕੱਦਰ ਨੂੰ ਬਦਲਿਆ ਨਹੀਂ ਜਾ ਸਕਦਾ ਹੈ। ਮਨੁੱਖ ਦੇ ਪ੍ਰਾਲਬਧ ਨੂੰ ਪਰਿਵਰਤਿਤ ਨਹੀਂ ਕੀਤਾ ਜਾ ਸਕਦਾ ਹੈ। ਜੋ ਕੁਝ ਮਨੁੱਖ ਦੇ ਚਿਤਰਗੁਪਤ ਉੱਪਰ ਅੰਕਿਤ ਹੋ ਜਾਂਦਾ ਹੈ ਉਸ ਨੂੰ ਮਿਟਾਇਆ ਨਹੀਂ ਜਾ ਸਕਦਾ ਹੈ। ਮਨੁੱਖ ਨੂੰ ਆਪਣੇ ਕਰਮਾਂ ਦਾ ਲੇਖਾ-ਜੋਖਾ ਦੇਣਾ ਹੀ ਪੈਂਦਾ ਹੈ। ਜਿਸ ਦੇ ਫ਼ਲ਼ ਸਰੂਪ ਮਨੁੱਖ ਜਿਤਨੇ ਵੀ ਦੁਨਿਆਵੀ ਕਰਮ ਕਮਾ ਲਏ ਉਸ ਦਾ ਵਰਤਮਾਨ ਅਤੇ ਭਵਿੱਖ ਬਦਲਿਆ ਨਹੀਂ ਜਾ ਸਕਦਾ ਹੈ। ਜੋ ਕੁਝ ਮਨੁੱਖ ਦੇ ਮੁਕੱਦਰ ਵਿੱਚ ਲਿਖਿਆ ਹੈ ਕੇਵਲ ਉਹ ਹੀ ਮਨੁੱਖ ਨੂੰ ਮਿਲਦਾ ਹੈ। ਜਨਮਾਂ-ਜਨਮਾਂਤਰਾਂ ਦੌਰਾਨ ਮਨੁੱਖ ਇਤਨੇ ਬੇਅੰਤ ਕਰਮਾਂ ਦਾ ਲੇਖਾ ਆਪਣੇ ਚਿਤਰਗੁਪਤ ਉੱਪਰ ਲਿਖ ਲੈਂਦਾ ਹੈ ਜਿਸ

ਦਾ ਉਸ ਨੂੰ ਕੋਈ ਗਿਆਨ ਨਹੀਂ ਹੁੰਦਾ ਹੈ। ਇਸ ਅਗਿਆਨਤਾ ਦੀ ਅਵਸਥਾ ਵਿੱਚ ਮਨੁੱਖ ਆਪਣੇ ਕਰਮਾਂ ਦਾ ਲੇਖਾ-ਜੋਖਾ ਕਿਵੇਂ ਰੱਖ ਸਕਦਾ ਹੈ ? ਜਿਨ੍ਹਾਂ ਕਰਮਾਂ ਦਾ ਉਸ ਨੂੰ ਕੋਈ ਗਿਆਨ ਨਹੀਂ ਹੈ ਉਹ ਕਿਵੇਂ ਉਨ੍ਹਾਂ ਬੇਅੰਤ ਕਰਮਾਂ ਦਾ ਲੇਖਾ ਪੂਰਾ ਕਰ ਸਕਦਾ ਹੈ। ਭਾਵ ਮਨੁੱਖ ਦੀ ਇਤਨੀ ਸਮਰੱਥਾ ਨਹੀਂ ਹੈ ਕਿ ਉਹ ਆਪ ਮੁਹਾਰੇ ਆਪਣੇ ਕਰਮਾਂ ਦਾ ਲੇਖਾ ਪੂਰਾ ਕਰ ਸਕੇ। ਨਾ ਹੀ ਮਨੁੱਖ ਨੂੰ ਇਹ ਜਾਣਨ ਦੀ ਸਮਰੱਥਾ ਹੈ ਕਿ ਉਹ ਇਹ ਜਾਣ ਸਕੇ ਕਿ ਉਸ ਦੇ ਪਿਛਲੇ ਕਿਤਨੇ ਮਨੁੱਖਾ ਜਨਮ ਹੋਏ ਹਨ ਅਤੇ ਇਨ੍ਹਾਂ ਮਨੁੱਖ ਜਨਮਾਂ ਵਿੱਚ ਉਸ ਨੇ ਕਿਤਨੇ ਕੁ ਕਰਮ ਕੀਤੇ ਹਨ ਅਤੇ ਕੀ-ਕੀ ਕਰਮ ਕੀਤੇ ਹਨ। ਭਾਵ ਮਨੁੱਖ ਪੂਰਨ ਤੌਰ 'ਤੇ ਇਸ ਸਤਿ ਤੋਂ ਅਨਭਿਗ ਹੈ ਕਿ ਉਸ ਦੇ ਕਰਮਾਂ ਦਾ ਲੇਖਾ-ਜੋਖਾ ਕਿਤਨਾ ਕੁ ਹੈ ਅਤੇ ਉਹ ਇਨ੍ਹਾਂ ਕਰਮਾਂ ਦਾ ਲੇਖਾ ਪੂਰਾ ਕਿਵੇਂ ਕਰ ਸਕਦਾ ਹੈ; ਕਿਵੇਂ ਉਹ ਆਪਣੀ ਰੂਹ ਨੂੰ ਇਨ੍ਹਾਂ ਕਰਮਾਂ ਦੇ ਬੋਝ ਤੋਂ ਮੁਕਤ ਕਰਵਾ ਸਕਦਾ ਹੈ। ਇਹ ਪਰਮ ਸਤਿ ਹੈ ਕਿ ਜਦੋਂ ਤੱਕ ਮਨੁੱਖ ਦੀ ਰੂਹ ਸਾਰੇ ਕਰਮਾਂ ਦੇ ਬੋਝ ਤੋਂ ਮੁਕਤ ਨਹੀਂ ਹੁੰਦੀ ਹੈ ਤਦ ਤੱਕ ਮਨੁੱਖ ਨੂੰ ਜੀਵਨ ਮੁਕਤੀ ਨਹੀਂ ਮਿਲ ਸਕਦੀ ਹੈ। ਜਦੋਂ ਤੱਕ ਮਨੁੱਖ ਦੇ ਕਰਮਾਂ ਦੇ ਬੰਧਨ ਨਹੀਂ ਟੁੱਟਦੇ ਹਨ ਤਦ ਤੱਕ ਮਨੁੱਖ ਜਨਮ-ਮਰਨ ਦੇ ਰੋਗ ਤੋਂ ਛੁਟਕਾਰਾ ਨਹੀਂ ਪ੍ਰਾਪਤ ਕਰ ਸਕਦਾ ਹੈ। ਭਾਵ ਮਨੁੱਖ ਵਿੱਚ ਇਹ ਸਮਰੱਥਾ ਨਹੀਂ ਹੁੰਦੀ ਕਿ ਉਹ ਆਪ ਮੁਹਾਰੇ ਜੀਵਨ ਮੁਕਤੀ ਪ੍ਰਾਪਤ ਕਰ ਸਕੇ ਅਤੇ ਆਪਣੇ ਜਨਮਾਂ-ਜਨਮਾਂਤਰਾਂ ਦੇ ਵਿੱਚ ਇਕੱਤਰ ਕੀਤੇ ਗਏ ਕਰਮਾਂ ਦੇ ਬੰਧਨਾਂ ਤੋਂ ਮੁਕਤ ਹੋ ਸਕੇ।

ਸੁਭਾਵਿਕ ਤੌਰ 'ਤੇ ਪ੍ਰਸ਼ਨ ਉੱਠਦਾ ਹੈ ਕਿ ਮਨੁੱਖ ਆਪਣੇ ਜਨਮਾਂ-ਜਨਮਾਂਤਰਾਂ ਦੇ ਵਿੱਚ ਇਕੱਤਰ ਕੀਤੇ ਗਏ ਕਰਮਾਂ ਦੇ ਬੰਧਨਾਂ ਤੋਂ ਕਿਵੇਂ ਮੁਕਤ ਹੋ ਸਕਦਾ ਹੈ ? ਕਿਹੜੀ ਜੁਗਤੀ ਹੈ ਜੋ ਮਨੁੱਖ ਦੀ ਰੂਹ ਨੂੰ ਜਨਮਾਂ-ਜਨਮਾਂਤਰਾਂ ਦੇ ਵਿੱਚ ਕੀਤੇ ਗਏ ਕਰਮਾਂ ਦੇ ਬੋਝ ਤੋਂ ਮੁਕਤ ਕਰਾ ਸਕਦੀ ਹੈ ? ਕਿਹੜੀ ਸ਼ਕਤੀ ਹੈ ਜੋ ਮਨੁੱਖ ਦੇ ਸਾਰੇ ਕਰਮਾਂ ਦੇ ਬੰਧਨ ਕੱਟ ਕੇ ਉਸ ਨੂੰ ਮੁਕਤ ਕਰ ਸਕਦੀ ਹੈ ? ਕਿਵੇਂ ਮਨੁੱਖ ਜਨਮ-ਮਰਨ ਦੇ ਚੱਕਰ ਤੋਂ ਨਿਕਲ ਕੇ ਜੀਵਨ ਮੁਕਤੀ ਪ੍ਰਾਪਤ ਕਰ ਸਕਦਾ ਹੈ ? ਮਨੁੱਖ ਕੈਸੇ ਕਰਮ ਕਰੇ ਜਿਸ ਦੇ ਨਾਲ ਉਸ ਦੀ ਮੁਕਤੀ ਦਾ ਮਾਰਗ ਖੁੱਲ੍ਹ ਸਕੇ ? ਮਨੁੱਖ ਕਿਹੜੀ ਜੁਗਤੀ ਦਾ ਅਨੁਸਰਨ ਕਰੇ ਜਿਸ ਦੇ ਨਾਲ ਉਸ ਦੇ ਸਾਰੇ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ ਦਾ ਅੰਤ ਹੋ ਸਕੇ ਅਤੇ ਉਹ ਸਦੀਵੀ ਪਰਮ ਆਨੰਦ ਦੀ ਪ੍ਰਾਪਤੀ ਕਰ ਕੇ ਜੀਵਨ ਮੁਕਤ ਹੋ ਸਕੇ ? ਉਹ ਕਿਹੜੀ ਸ਼ਕਤੀ ਹੈ ਜੋ ਕਰਮ ਦੇ ਵਿਧਾਨ ਨੂੰ ਭੇਦ ਸਕਦੀ ਹੈ ਅਤੇ ਮਨੁੱਖ ਨੂੰ ਜੀਵਨ ਮੁਕਤੀ ਦੇ ਮਾਰਗ ਉੱਪਰ ਲੈ ਜਾ ਸਕਦੀ ਹੈ ? ਉਹ ਕਿਹੜੀ ਸ਼ਕਤੀ ਹੈ ਜੋ ਮਨੁੱਖ ਦੇ ਸਾਰੇ ਕਰਮਾਂ ਦੇ ਬੰਧਨ ਤੋੜ ਸਕਦੀ ਹੈ ? ਉਹ ਕਿਹੜੀ ਸ਼ਕਤੀ ਹੈ ਜੋ ਮਨੁੱਖ ਨੂੰ ਜਨਮ-ਮਰਨ ਦੇ ਚੱਕਰ ਵਿੱਚੋਂ ਕੱਢ ਸਕਦੀ ਹੈ ਅਤੇ ਸਦੀਵੀ ਮੁਕਤੀ ਦੇ ਸਕਦੀ ਹੈ ? ਉਹ ਕਿਹੜੀ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਪੰਜ ਚੰਡਾਲ: ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਤੋਂ ਮੁਕਤ ਕਰਵਾ ਸਕਦੀ ਹੈ ? ਉਹ ਕਿਹੜੀ ਪਰਮ ਸ਼ਕਤੀ ਹੈ ਜੋ ਮਨੁੱਖ ਦੀ ਮਹਾ ਵਿਨਾਸ਼ਕਾਰੀ ਤ੍ਰਿਸ਼ਣਾ ਦੀ ਅਗਨ ਨੂੰ ਬੁਝਾ ਸਕਦੀ ਹੈ ? ਉਹ ਕਿਹੜੀ ਪਰਮ ਸ਼ਕਤੀ ਹੈ ਜੋ ਮਨੁੱਖ ਦੇ ਮਨ ਨੂੰ ਸ਼ਾਂਤ ਕਰ ਸਕਦੀ ਹੈ ? ਉਹ ਕਿਹੜੀ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਆਪਣਾ ਮਨ ਜਿੱਤਣ ਵਿੱਚ ਸਹਾਇਕ ਸਿੱਧ ਹੋ ਸਕਦੀ ਹੈ ?

ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਕੇਵਲ ਇੱਕ ਹੀ ਉੱਤਰ ਹੈ: ਉਸ ਪਰਮ ਸ਼ਕਤੀ ਦਾ ਨਾਮ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਨਾਮ 'ਸਤਿ' ਨਾਮ ਦਾ ਗੁਰਪ੍ਰਸਾਦਿ ਹੀ ਹੈ। 'ਸਤਿ' ਨਾਮ

ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਕਰਮ ਦੇ ਵਿਧਾਨ ਨੂੰ ਭੇਦ ਸਕਦੀ ਹੈ। 'ਸਤਿ' ਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਦੇ ਜਨਮਾਂ-ਜਨਮਾਂਤਰਾਂ ਦੇ ਵਿੱਚ ਇਕੱਤਰ ਕੀਤੇ ਗਏ ਬੇਅੰਤ ਕਰਮਾਂ ਦੇ ਬੰਧਨਾਂ ਨੂੰ ਤੋੜ ਸਕਦੀ ਹੈ। 'ਸਤਿ' ਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਦੇ ਸਾਰੇ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ ਆਦਿ ਦਾ ਅੰਤ ਕਰ ਸਕਦੀ ਹੈ ਅਤੇ ਮਨੁੱਖ ਨੂੰ ਸਦੀਵੀ ਸੁਖੀ ਕਰ ਸਕਦੀ ਹੈ। 'ਸਤਿ' ਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਦੀ ਸੁਰਤਿ ਵਿੱਚ ਸ਼ਬਦ ਦਾ ਸੁਮੇਲ ਕਰਵਾ ਸਕਦੀ ਹੈ ਜਿਸ ਦੇ ਨਾਲ ਮਨੁੱਖ ਦੀ ਬੰਦਗੀ ਕਰਮ ਖੰਡ ਵਿੱਚ ਸਥਾਪਿਤ ਹੋ ਜਾਂਦੀ ਹੈ। 'ਸਤਿ' ਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਦੇ ਸਾਰੇ ਬਜਰ ਕਪਾਟ ਖੋਲ੍ਹ ਦਿੰਦੀ ਹੈ ਅਤੇ ੭ ਸਤਿ ਸਰੋਵਰਾਂ ਨੂੰ ਜਾਗਰਿਤ ਕਰ ਦਿੰਦੀ ਹੈ। 'ਸਤਿ' ਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਸੁੰਨ ਸਮਾਧੀ ਵਿੱਚ ਲੈ ਜਾਂਦੀ ਹੈ ਜਿਸ ਦੇ ਨਾਲ ਉਸ ਦਾ ਮਨ ਚਿੰਦਿਆ ਜਾਂਦਾ ਹੈ। 'ਸਤਿ' ਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਦੇ ਰੋਮ-ਰੋਮ ਵਿੱਚ 'ਸਤਿ' ਨਾਮ ਦਾ ਪ੍ਰਕਾਸ਼ ਕਰ ਦਿੰਦੀ ਹੈ। 'ਸਤਿ' ਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਸਾਰੀਆਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਹਾਸਿਲ ਕਰਵਾ ਸਕਦੀ ਹੈ। 'ਸਤਿ' ਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਦੀ ਮਹਾ ਵਿਨਾਸ਼ਕਾਰੀ ਤ੍ਰਿਸ਼ਣਾ ਦੀ ਅਗਨ ਨੂੰ ਸ਼ਾਂਤ ਕਰ ਸਕਦੀ ਹੈ। 'ਸਤਿ' ਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਉੱਪਰ ਜਿੱਤ ਹਾਸਿਲ ਕਰਵਾ ਸਕਦੀ ਹੈ। 'ਸਤਿ' ਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਦੇ ਕਦੇ ਚੁੱਪ ਨਾ ਹੋਣ ਵਾਲੇ ਮਨ ਨੂੰ ਸ਼ਾਂਤ ਕਰ ਸਕਦੀ ਹੈ। 'ਸਤਿ' ਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਜੀਵਨ ਮੁਕਤੀ ਦੇ ਸਕਦੀ ਹੈ। 'ਸਤਿ' ਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜਿਸ ਦੇ ਨਾਲ ਮਨੁੱਖ ਸਾਰੀਆਂ ਮਾਇਕੀ ਸ਼ਕਤੀਆਂ ਨੂੰ ਜਿੱਤ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦਾ ਹੈ। 'ਸਤਿ' ਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜਿਸ ਦੇ ਨਾਲ ਮਨੁੱਖ ਨੂੰ ਤੱਤ ਗਿਆਨ ਅਤੇ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। 'ਸਤਿ' ਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਪਰਮ ਪਦਵੀ ਦੀ ਪ੍ਰਾਪਤੀ ਕਰਵਾ ਦਿੰਦੀ ਹੈ ਅਤੇ ਸਦਾ-ਸਦਾ ਲਈ ਦਰਗਾਹ ਵਿੱਚ ਸਥਾਪਿਤ ਕਰ ਦਿੰਦੀ ਹੈ। ('ਸਤਿ' ਨਾਮ ਅਤੇ ਸ਼ਬਦ 'ਸਤਿ' ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਬੜੇ ਵਿਸਥਾਰ ਨਾਲ ਪਹਿਲੀ ਪਉੜੀ ਦੀ ਗੁਰਪ੍ਰਸਾਦੀ ਕਥਾ ਵਿੱਚ ਪ੍ਰਗਟ ਕੀਤਾ ਗਿਆ ਹੈ। ਜਿਗਿਆਸੂਆਂ ਦੇ ਚਰਨਾਂ 'ਤੇ ਸਨਿਮਰ ਬੇਨਤੀ ਹੈ ਕਿ ਉਹ 'ਸਤਿ' ਸ਼ਬਦ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਦ੍ਰਿੜ੍ਹ ਕਰ ਲੈਣ। ਜਿਸ ਦੇ ਨਾਲ ਉਨ੍ਹਾਂ ਦੀ ਬੰਦਗੀ ਸਹਿਜੇ ਹੀ ਪੂਰਨ ਹੋ ਜਾਏਗੀ।)

ਅਗਲਾ ਪ੍ਰਸ਼ਨ ਉੱਠਦਾ ਹੈ ਕਿ ਮਨੁੱਖ ਨੂੰ 'ਸਤਿ' ਨਾਮ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਿਵੇਂ ਹੋਵੇਗੀ ? 'ਸਤਿ' ਨਾਮ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਿਸ ਪਾਸੋਂ ਹੋਵੇਗੀ ? 'ਸਤਿ' ਨਾਮ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਲਈ ਮਨੁੱਖ ਨੂੰ ਕਿਹੜੀ ਜੁਗਤ ਅਪਣਾਉਣੀ ਪਵੇਗੀ ? 'ਸਤਿ' ਨਾਮ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਲਈ ਮਨੁੱਖ ਨੂੰ ਕਿਸ ਤਰ੍ਹਾਂ ਦੇ ਕਰਮ ਕਰਨੇ ਪੈਣਗੇ ? ਕਿਸ ਵਿਧੀ ਨਾਲ ਮਨੁੱਖ ਨੂੰ 'ਸਤਿ' ਨਾਮ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋ ਸਕਦੀ

ਹੈ ? ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਹੈ: ਸਤੋ ਬਿਰਤੀ ਉੱਪਰ ਆਪਣਾ ਧਿਆਨ ਕੇਂਦਰਿਤ ਕਰੋ; ਸਤਿ ਕਰਮ ਕਰੋ; ਸਤਿ ਬੋਲੋ; ਸਤਿ ਸੁਣੋ; ਸਤਿ ਦੀ ਸੇਵਾ ਕਰੋ; ਸਤਿਨਾਮ ਜਪੋ; ਸਤਿਨਾਮ ਸਿਮਰਨ ਨੂੰ ਆਪਣਾ ਨਿਤਨੇਮ ਬਣਾਓ; ਗੁਰਬਾਣੀ ਦੇ ਉਪਦੇਸ਼ ਨੂੰ ਸੁਣੋ, ਸਮਝੋ, ਮੰਨੋ ਅਤੇ ਆਪਣੀ ਰੋਜ਼ਾਨਾ ਕਰਨੀ ਵਿੱਚ ਲੈ ਕੇ ਆਓ; ਸਤੋ ਬਿਰਤੀ ਦੇ ਧਾਰਨੀ ਬਣੋ; ਗੁਰਬਾਣੀ ਦੇ ਉਪਦੇਸ਼ ਉੱਪਰ ਆਪਣਾ ਭਰੋਸਾ, ਪ੍ਰੀਤ ਅਤੇ ਸ਼ਰਧਾ ਨੂੰ ਦ੍ਰਿੜ੍ਹ ਕਰੋ; ਗੁਰਬਾਣੀ ਦੇ ਉਪਦੇਸ਼ ਦੀ ਕਮਾਈ ਕਰੋ; ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਕੇ ਸਤਿਨਾਮ ਦੇ ਸਿਮਰਨ ਦਾ ਅਭਿਆਸ ਕਰੋ; ਦਇਆ, ਧਰਮ, ਸੰਤੋਖ, ਨਿਮਰਤਾ ਅਤੇ ਸੰਜਮ ਦੇ ਧਾਰਨੀ ਬਣੋ; 'ਸਤਿ' ਨਾਮ ਦੇ ਗੁਰਪ੍ਰਸਾਦਿ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੀ ਪ੍ਰਾਪਤੀ ਲਈ ਨਿਰੰਤਰ ਅਰਦਾਸ ਕਰੋ; ਸਤਿ ਸੰਤੋਖ ਦੇ ਧਾਰਨੀ ਬਣੋ ਅਤੇ ਤ੍ਰਿਸ਼ਣਾ ਦੇ ਮਗਰ ਨਾ ਭੱਜੋ; ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਤੋਂ ਬਚ ਕੇ ਰਹੋ; ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਤੋਂ ਸਜਗ ਰਹੋ; ਗੁਰਬਾਣੀ ਦੇ ਪੂਰਨ ਬ੍ਰਹਮ ਗਿਆਨ ਨੂੰ ਆਪਣਾ ਜੀਵਨ ਬਣਾਓ; ਗੁਰਮਤਿ ਦੇ ਧਾਰਨੀ ਬਣੋ; ਮਨਮਤਿ, ਦੁਰਮਤਿ ਅਤੇ ਸੰਸਾਰਿਕ ਮਤਿ ਦਾ ਤਿਆਗ ਕਰੋ।

ਇਹ ਸਾਰੇ ਸਤਿ ਕਰਮਾਂ ਦੇ ਕਰਨ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਨਦਰ ਦੀ ਪ੍ਰਾਪਤੀ ਹੋਏਗੀ। ਇਨ੍ਹਾਂ ਸਤਿ ਕਰਮਾਂ ਵਿੱਚ ਉਹ ਪਰਮ ਸ਼ਕਤੀ ਹੈ ਜਿਸ ਦੇ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਰਾਮਤ ਹੋ ਜਾਂਦੀ ਹੈ। ਇਨ੍ਹਾਂ ਸਤਿ ਕਰਮਾਂ ਦੇ ਇਕੱਤਰ ਹੋਣ ਨਾਲ ਮਨੁੱਖ ਦੇ ਭਾਗ ਜਾਗ ਪੈਂਦੇ ਹਨ ਅਤੇ ਗੁਰਕਿਰਪਾ ਦੀ ਪਰਮ ਸ਼ਕਤੀ ਵਰਤ ਜਾਂਦੀ ਹੈ। ਸਤਿ ਕਰਮਾਂ ਦੀ ਕਮਾਈ ਕਰਨ ਦੇ ਨਾਲ ਮਨੁੱਖ ਦੁਆਰਾ ਕੀਤੇ ਗਏ ਸਾਰੇ ਅਸਤਿ ਕਰਮਾਂ ਦਾ ਬੋਝ ਹੌਲ਼ਾ ਹੋ ਜਾਂਦਾ ਹੈ ਜਿਸ ਦੇ ਫਲ਼ ਸਰੂਪ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਪਾ ਦ੍ਰਿਸ਼ਟੀ ਦੀ ਪਰਮ ਸ਼ਕਤੀ ਵਰਤ ਜਾਂਦੀ ਹੈ ਅਤੇ ਮਨੁੱਖ ਨੂੰ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਦੀ ਪ੍ਰਾਪਤੀ ਹੋ ਜਾਂਦੀ ਹੈ। ਸਤੋ ਬਿਰਤੀ ਦੀ ਕਮਾਈ ਕਰਦੇ-ਕਰਦੇ ਮਨੁੱਖ ਦੇ ਭਾਗ ਪੂਰਨ ਹੋ ਜਾਂਦੇ ਹਨ ਜਿਸ ਦੇ ਫਲ਼ ਸਰੂਪ ਉਸ ਨੂੰ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰਮਤਿ ਦੇ ਧਾਰਨੀ ਬਣਨ ਨਾਲ ਮਨੁੱਖ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀ ਵਰਤ ਜਾਂਦੀ ਹੈ ਜਿਸ ਦੇ ਫਲ਼ ਸਰੂਪ ਉਸ ਨੂੰ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਦੀ ਪ੍ਰਾਪਤੀ ਹੋ ਜਾਂਦੀ ਹੈ। ਜੋ ਮਨੁੱਖ ਗੁਰਬਾਣੀ ਦੇ ਉਪਦੇਸ਼ ਦੀ ਸੇਵਾ-ਸੰਭਾਲਤਾ ਸ਼ਰਧਾ, ਪ੍ਰੀਤ ਅਤੇ ਭਰੋਸੇ ਦੇ ਨਾਲ ਕਰਦੇ ਹਨ; ਉਨ੍ਹਾਂ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਕਿਰਪਾ ਦ੍ਰਿਸ਼ਟੀ ਵਰਤ ਜਾਂਦੀ ਹੈ ਜਿਸ ਦੇ ਫਲ਼ ਸਰੂਪ ਉਨ੍ਹਾਂ ਨੂੰ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਦੀ ਪ੍ਰਾਪਤੀ ਹੋ ਜਾਂਦੀ ਹੈ। ਜੋ ਮਨੁੱਖ ਅੰਮ੍ਰਿਤ ਵੇਲਾ ਸੰਭਾਲਦੇ ਹਨ ਅਤੇ ਸਤਿਨਾਮ ਦਾ ਅਭਿਆਸ ਕਰਦੇ ਹਨ ਉਨ੍ਹਾਂ ਨੂੰ ਪੂਰਨ ਸੰਤ ਸਤਿਗੁਰੂ ਦੀ ਪਰਮ ਸ਼ਕਤੀਸ਼ਾਲੀ ਸਤਿ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਇਨ੍ਹਾਂ ਪਰਮ ਸਤਿ ਦੇ ਤੱਤਾਂ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੦੪)

ਆਵਹੁ ਸੰਤਹੁ ਮਿਲਿ ਨਾਮੁ ਜਪਾਹਾ ॥ ਵਿਚਿ ਸੰਗਤਿ ਨਾਮੁ ਸਦਾ ਲੈ ਲਾਹਾ ਜੀਉ ॥
ਕਰਿ ਸੇਵਾ ਸੰਤਾ ਅੰਮ੍ਰਿਤੁ ਮੁਖਿ ਪਾਹਾ ਜੀਉ ॥ ਮਿਲੁ ਪੂਰਬਿ ਲਿਖਿਅੜੇ ਧੁਰਿ ਕਰਮਾ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੭੨-੧੭੩)

ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥
ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ ॥
ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ ॥
ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੫)

ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ ॥
ਅੰਤਰਹੁ ਦੁਖੁ ਕ੍ਰੂਮੁ ਕਟੀਐ ਸੁਖੁ ਪਰਾਪਤਿ ਹੋਇ ॥
ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੧)

ਜਤੁ ਸਤੁ ਸੰਜਮੁ ਨਾਮੁ ਹੈ ਵਿਣੁ ਨਾਵੈ ਨਿਰਮਲੁ ਨ ਹੋਇ ॥
ਪੂਰੈ ਭਾਗਿ ਨਾਮੁ ਮਨਿ ਵਸੈ ਸਬਦਿ ਮਿਲਾਵਾ ਹੋਇ ॥
ਨਾਨਕ ਸਹਜੇ ਹੀ ਰੰਗਿ ਵਰਤਦਾ ਹਰਿ ਗੁਣ ਪਾਵੈ ਸੋਇ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੩)

ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥
ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ ॥
ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ ॥
ਪੂਰੈ ਭਾਗਿ ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੮)

ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥
ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੪੯)

ਇਹ ਪਰਮ ਸਤਿ ਹੈ ਕਿ ਕੇਵਲ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਸਤਿ ਦੀ ਸੰਗਤ ਹੁੰਦੀ ਹੈ। ਇਹ ਪਰਮ ਸਤਿ ਹੈ ਕਿ ਕੇਵਲ ਪੂਰਨ ਬ੍ਰਹਮ ਗਿਆਨੀ ਦੇ ਛਤਰ ਹੇਠ ਹੀ ਸਤਿ ਦੀ ਸੰਗਤ ਹੁੰਦੀ ਹੈ। ਇਹ ਪਰਮ ਸਤਿ ਹੈ ਕਿ ਕੇਵਲ ਪੂਰਨ ਸੰਤ ਸਤਿਗੁਰੂ ਦੀ ਸੰਗਤ ਵਿੱਚ ਹੀ ਪੂਰਨ ਸਤਿ ਵਰਤਦਾ ਹੈ। ਇਹ ਪਰਮ ਸਤਿ ਹੈ ਕਿ ਕੇਵਲ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਇਹ ਪਰਮ ਸਤਿ ਹੈ ਕਿ ਕੇਵਲ ਪੂਰਨ ਸੰਤ ਸਤਿਗੁਰੂ ਦੀ ਕਿਰਪਾ ਦੇ ਨਾਲ ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਇਹ

ਪਰਮ ਸਤਿ ਹੈ ਕਿ ਕੇਵਲ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਭਰੋਸੇ, ਪ੍ਰੀਤ ਅਤੇ ਸ਼ਰਧਾ ਨਾਲ ਪੂਰਨ ਸਮਰਪਣ ਕਰਨ ਵਾਲੇ ਮਨੁੱਖ ਨੂੰ ਹੀ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਇਹ ਪਰਮ ਸਤਿ ਹੈ ਕਿ ਮਨੁੱਖ ਦੀ ਬੰਦਗੀ ਪੂਰਨ ਸੰਤ ਸਤਿਗੁਰੂ ਦੇ ਛਤਰ ਹੇਠ ਬੈਠ ਕੇ ਹੀ ਪੂਰਨ ਹੁੰਦੀ ਹੈ। ਇਹ ਪਰਮ ਸਤਿ ਹੈ ਕਿ ਕੇਵਲ ਪੂਰਨ ਸੰਤ ਸਤਿਗੁਰੂ ਦੀ ਗੁਰ ਕਿਰਪਾ ਅਤੇ ਗੁਰਪ੍ਰਸਾਦਿ ਨਾਲ ਹੀ ਮਨੁੱਖ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੁੰਦਾ ਹੈ। ਇਹ ਪਰਮ ਸਤਿ ਹੈ ਕਿ ਕੇਵਲ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਹੀ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ। ਇਹ ਪਰਮ ਸਤਿ ਹੈ ਕਿ ਕੇਵਲ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਵਿੱਚ ਹੀ ਸੁਹਾਗਣਾਂ ਧਰਤੀ ਉੱਪਰ ਪ੍ਰਗਟ ਹੁੰਦੀਆਂ ਹਨ। ਇਹ ਪਰਮ ਸਤਿ ਹੈ ਕਿ ਕੇਵਲ ਪੂਰਨ ਸੰਤ ਸਤਿਗੁਰੂ ਦੀ ਗੁਰ ਕਿਰਪਾ ਅਤੇ ਗੁਰਪ੍ਰਸਾਦਿ ਨਾਲ ਹੀ ਮਨੁੱਖ ਦੀ ਸੁਰਤਿ ਵਿੱਚ ਸਤਿਨਾਮ ਟਿਕ ਜਾਂਦਾ ਹੈ, ਕੁੰਡਲ਼ਨੀ ਸ਼ਕਤੀ ਜਾਗਰਿਤ ਹੋ ਜਾਂਦੀ ਹੈ, ਇੜਾ, ਪਿੰਗਲਾ ਅਤੇ ਸੁਖਮਨਾ ਪ੍ਰਕਾਸ਼ਮਾਨ ਹੋ ਜਾਂਦੀਆਂ ਹਨ ਜਿਸ ਦੇ ਫਲ਼ ਸਰੂਪ ਸਮਾਧੀ ਦੀ ਪ੍ਰਾਪਤੀ ਹੁੰਦੀ ਹੈ।

ਇਹ ਪਰਮ ਸਤਿ ਹੈ ਕਿ ਕੇਵਲ ਪੂਰਨ ਸੰਤ ਸਤਿਗੁਰੂ ਦੀ ਗੁਰ ਕਿਰਪਾ ਅਤੇ ਗੁਰਪ੍ਰਸਾਦਿ ਨਾਲ ਹੀ ਜਦ ਮਨੁੱਖ ਸਮਾਧੀ ਵਿੱਚ ਬੈਠ ਕੇ ਲੰਬੇ ਸਮੇਂ ਲਈ ਸਤਿਨਾਮ ਸਿਮਰਨ ਦਾ ਅਭਿਆਸ ਕਰਦਾ ਹੈ ਤਾਂ ਉਸ ਨੂੰ ਸੁੰਨ ਸਮਾਧੀ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ। ਇਹ ਪਰਮ ਸਤਿ ਹੈ ਕਿ ਕੇਵਲ ਪੂਰਨ ਸੰਤ ਸਤਿਗੁਰੂ ਦੀ ਗੁਰ ਕਿਰਪਾ ਅਤੇ ਗੁਰਪ੍ਰਸਾਦਿ ਨਾਲ ਸੁੰਨ ਸਮਾਧੀ ਵਿੱਚ ਸਤਿਨਾਮ ਸਿਮਰਨ ਅਭਿਆਸ ਕਰਨ ਦੇ ਨਾਲ ਹੀ ਮਨੁੱਖ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਅਤੇ ੭ ਸਤਿ ਸਰੋਵਰ ਪ੍ਰਕਾਸ਼ਮਾਨ ਹੋ ਜਾਂਦੇ ਹਨ। ਸਤਿਨਾਮ ਸਿਮਰਨ ਰੋਮ-ਰੋਮ ਵਿੱਚ ਹੋਣ ਲੱਗ ਜਾਂਦਾ ਹੈ। ਇਹ ਪਰਮ ਸਤਿ ਹੈ ਕਿ ਕੇਵਲ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਸ਼ਰਧਾ, ਪ੍ਰੀਤ ਅਤੇ ਭਰੋਸੇ ਨਾਲ ਪੂਰਨ ਸਮਰਪਣ (ਤਨ, ਮਨ ਅਤੇ ਧਨ ਅਰਪਣ ਕਰਨ) ਕਰਨ ਨਾਲ ਹੀ ਮਨੁੱਖ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਹਾਸਿਲ ਕਰ ਸਕਦਾ ਹੈ। ਇਹ ਪਰਮ ਸਤਿ ਹੈ ਕਿ ਪੂਰਨ ਸੰਤ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਨਾਲ ਹੀ ਮਨੁੱਖ ਆਪਣੇ ਮਨ ਨੂੰ ਜਿੱਤ ਸਕਦਾ ਹੈ। ਇਹ ਪਰਮ ਸਤਿ ਹੈ ਕਿ ਪੂਰਨ ਸੰਤ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸਮਰਪਣ ਕਰਨ ਨਾਲ ਹੀ ਮਨੁੱਖ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਪ੍ਰਾਪਤ ਕਰ ਕੇ ਉਸ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਅਭੇਦ ਹੋ ਸਕਦਾ ਹੈ। ਜਿਸ ਦੇ ਫਲ਼ ਸਰੂਪ ਭਗਤ ਨੂੰ ਸਦਾ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਸ ਦੇ ਫਲ਼ ਸਰੂਪ ਭਗਤ ਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਸ ਦੇ ਫਲ਼ ਸਰੂਪ ਭਗਤ ਨੂੰ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਸ ਦੇ ਫਲ਼ ਸਰੂਪ ਭਗਤ ਨੂੰ ਪਰਮ ਪਦਵੀ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਭਗਤ ਪੂਰਨ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਭਗਤ ਪੂਰਨ ਸੰਤ ਬਣ ਜਾਂਦਾ ਹੈ। ਭਗਤ ਸਤਿਗੁਰੂ ਪੂਰਾ ਬਣ ਜਾਂਦਾ ਹੈ। ਭਗਤ ਪੂਰਨ ਬ੍ਰਹਮ ਗਿਆਨੀ ਬਣ ਜਾਂਦਾ ਹੈ। ਭਗਤ ਪੂਰਨ ਖ਼ਾਲਸਾ ਬਣ ਜਾਂਦਾ ਹੈ।

(ਇਹ ਪਰਮ ਸਤਿ ਹੈ ਕਿ ਕੇਵਲ ਪੂਰਨ ਬ੍ਰਹਮ ਗਿਆਨੀ ਹੀ ਪੂਰਨ ਖ਼ਾਲਸਾ ਹੈ। ਇਸ ਲਈ ਜੋ ਮਨੁੱਖ ਆਪਣੇ ਦੁਨਿਆਵੀ ਕਰਮ-ਕਾਂਡੀ ਨਾਮ ਦੇ ਨਾਲ ਸ਼ਬਦ ਖ਼ਾਲਸਾ ਜੋੜ ਲੈਂਦੇ ਹਨ; ਉਹ ਸਰਾਸਰ ਗਲਤ ਹੈ ਅਤੇ ਝੂਠ ਹੈ। ਜੋ ਮਨੁੱਖ ਪਰਮ ਪੂਰਨ ਅਵਸਥਾ ਵਿੱਚ ਪਹੁੰਚ ਜਾਂਦੇ ਹਨ ਉਹ ਨਿਮਰਤਾ ਦੇ ਪੁੰਜ ਬਣ ਜਾਂਦੇ ਹਨ।

ਉਹ ਆਪਣੇ ਆਪ ਨੂੰ ਨੀਚ ਕਹਿ ਕੇ ਸੰਬੋਧਨ ਕਰਦੇ ਹਨ। ਉਹ ਆਪਣੇ ਆਪ ਨੂੰ ਕਦੇ ਖ਼ਾਲਸਾ ਕਹਿ ਕੇ ਸੰਬੋਧਨ ਨਹੀਂ ਕਰਦੇ ਹਨ। ਉਹ ਆਪਣੇ ਆਪ ਨੂੰ ਕਦੇ ਸਤਿਗੁਰੂ ਕਹਿ ਕੇ ਸੰਬੋਧਨ ਨਹੀਂ ਕਰਦੇ ਹਨ। ਉਹ ਕਦੇ ਆਪਣੇ ਆਪ ਨੂੰ ਸੰਤ ਕਹਿ ਕੇ ਨਹੀਂ ਪੁਕਾਰਦੇ ਹਨ। ਇਸੇ ਲਈ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਆਪਣੇ ਆਪ ਨੂੰ ਗੁਰਬਾਣੀ ਵਿੱਚ ਬਾਰ-ਬਾਰ ਨੀਚ ਕਹਿ ਕੇ ਸੰਬੋਧਨ ਕੀਤਾ ਹੈ। ਦਾਸਨ ਦਾਸ ਅਤੇ ਲੂਣ ਹਰਾਮੀ ਕਹਿ ਕੇ ਸੰਬੋਧਨ ਕੀਤਾ ਹੈ। ਇਸ ਲਈ ਜੋ ਮਨੁੱਖ ਆਪਣੇ ਕਰਮ-ਕਾਂਡੀ ਨਾਮ ਦੇ ਨਾਲ ਖ਼ਾਲਸਾ ਦੀ ਉਪਾਧੀ ਜੋੜਦੇ ਹਨ; ਉਹ ਗ਼ੁਨਾਹ ਕਰਦੇ ਹਨ। ਆਪਣੇ ਕਰਮ-ਕਾਂਡੀ ਨਾਮ ਨਾਲ ਖ਼ਾਲਸਾ ਜੋੜਨਾ ਘੋਰ ਮਨਮਤਿ ਹੈ, ਗੁਰਮਤਿ ਨਹੀਂ ਹੈ।)

ਜਿਸ ਦੇ ਫ਼ਲ਼ ਸਰੂਪ ਭਗਤ ਨੂੰ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਨੂੰ ਵਰਤਾਉਣ ਦੇ ਦਰਗਾਹੀ ਹੁਕਮ ਅਤੇ ਸੇਵਾ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਸ ਦੇ ਫ਼ਲ਼ ਸਰੂਪ ਭਗਤ ਨੂੰ ਸਾਰੇ ਦਰਗਾਹੀ ਖ਼ਜ਼ਾਨੇ ਵਰਤਾਉਣ ਦੀ ਪਰਮ ਸ਼ਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਸ ਦੇ ਫ਼ਲ਼ ਸਰੂਪ ਭਗਤ ਨੂੰ ਪੂਰਨ ਬ੍ਰਹਮ ਗਿਆਨ ਵਰਤਾਉਣ ਦੀ ਪਰਮ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ। ਜਿਸ ਦੇ ਫ਼ਲ਼ ਸਰੂਪ ਭਗਤ ਨੂੰ ਅੰਮ੍ਰਿਤ ਦੇ ਗੁਰਪ੍ਰਸਾਦਿ ਨੂੰ ਵਰਤਾਉਣ ਦੀ ਸੇਵਾ ਪ੍ਰਾਪਤ ਹੋ ਜਾਂਦੀ ਹੈ। ਸਤਿ ਸੰਗਤ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਨੂੰ ਵਰਤਾਉਣ ਦੀ ਸੇਵਾ ਦੀ ਪ੍ਰਾਪਤੀ ਹੋ ਜਾਂਦੀ ਹੈ। ਸਾਰੀ ਗੁਰਬਾਣੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਮਾ ਹੈ, ਸਤਿਨਾਮ ਦੀ ਮਹਿਮਾ ਹੈ, ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਅਤੇ ਪੂਰਨ ਖ਼ਾਲਸੇ ਦੀ ਮਹਿਮਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਧਰਤੀ ਉੱਪਰ ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ, ਪੂਰਨ ਖ਼ਾਲਸੇ ਦੇ ਰੂਪ ਵਿੱਚ ਹੀ ਪ੍ਰਗਟ ਹੁੰਦੀ ਹੈ। ਇਨ੍ਹਾਂ ਪਰਮ ਸਤਿ ਤੱਤਾਂ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ ॥
ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥
ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੯)

ਮੇਰਾ ਪਿਆਰਾ ਪ੍ਰੀਤਮੁ ਸਤਿਗੁਰੁ ਰਖਵਾਲਾ ॥
ਹਮ ਬਾਰਿਕ ਦੀਨ ਕਰਹੁ ਪ੍ਰਤਿਪਾਲਾ ॥
ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪)

ਪਉੜੀ ॥ ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ॥
ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ॥
ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ ॥
ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ ॥
ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ ॥

ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ ॥
ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ ॥
ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੯)

ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮ ਰਾਜੇ ॥
ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ ॥
ਧਨੁ ਧੰਨੁ ਵਣਜਾਰਾ ਵਣਜੁ ਹੈ ਗੁਰੁ ਸਾਹੁ ਸਾਬਾਸੇ ॥
ਜਨੁ ਨਾਨਕੁ ਗੁਰੁ ਤਿਨ੍ਹੀ ਪਾਇਆ ਜਿਨ ਧੁਰਿ ਲਿਖਤੁ ਲਿਲਾਟਿ ਲਿਖਾਸੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੪੯-੪੫੦)

ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥
ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥
ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥
ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੫੦)

ਜਿਨ੍ਾ ਭੇਟਿਆ ਮੇਰਾ ਪੂਰਾ ਸਤਿਗੁਰੂ ਤਿਨ ਹਰਿ ਨਾਮੁ ਦ੍ਿੜਾਵੈ ਰਾਮ ਰਾਜੇ ॥
ਤਿਸ ਕੀ ਤ੍ਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥
ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ ॥
ਜਨ ਨਾਨਕ ਕਉ ਹਰਿ ਕ੍ਿਪਾ ਕਰਿ ਨਿਤ ਜਪੈ ਹਰਿ ਨਾਮੁ ਹਰਿ ਨਾਮਿ ਤਰਾਵੈ ॥੧॥
ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥
ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ ॥
ਜਿਨ੍ੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਾ ਸੁਖੁ ਸਦ ਹੋਈ ॥
ਜਿਨ੍ਾ ਨਾਨਕੁ ਸਤਿਗੁਰੁ ਭੇਟਿਆ ਤਿਨ੍ਾ ਮਿਲਿਆ ਹਰਿ ਸੋਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੫੧)

ਇਹ ਪਰਮ ਸਤਿ ਹੈ ਕਿ ਪੂਰਨ ਸੰਤ ਸਤਿਗੁਰੂ ਦੇ ਵਿੱਚ ਹੀ ਸਾਰੇ ਦਰਗਾਹੀ ਖ਼ਜ਼ਾਨਿਆਂ ਦਾ ਭੰਡਾਰ ਹੁੰਦਾ ਹੈ। ਭਾਵ ਪੂਰਨ ਸੰਤ ਸਤਿਗੁਰੂ ਦੀ ਮਹਿਮਾ ਬੇਅੰਤ ਹੈ। ਪੂਰਨ ਸੰਤ ਸਤਿਗੁਰੂ ਦੀ ਮਹਿਮਾ ਪਰਮ ਸ਼ਕਤੀਸ਼ਾਲੀ ਹੈ। ਪੂਰਨ ਸੰਤ ਸਤਿਗੁਰੂ ਦੇ ਹਿਰਦੇ, ਸੀਸ ਅਤੇ ਚਰਨਾਂ ਵਿੱਚ ਬੇਅੰਤ ਪ੍ਰਕਾਸ਼ ਹੁੰਦਾ ਹੈ। ਪੂਰਨ ਸੰਤ ਸਤਿਗੁਰੂ ਹੀ ਅੰਮ੍ਰਿਤ ਦਾ ਦਾਤਾ ਹੁੰਦਾ ਹੈ। ਪੂਰਨ ਸੰਤ ਸਤਿਗੁਰੂ ਹੀ ਗੁਰਪ੍ਰਸਾਦਿ ਦਾ ਦਾਤਾ ਹੈ। ਪੂਰਨ ਸੰਤ ਸਤਿਗੁਰੂ ਹੀ ਸੁਹਾਗ ਦਾ ਦਾਤਾ ਹੁੰਦਾ ਹੈ। ਪੂਰਨ ਸੰਤ ਸਤਿਗੁਰੂ ਹੀ ਸਮਾਧੀ ਅਤੇ ਸੁੰਨ ਸਮਾਧੀ ਦਾ ਦਾਤਾ ਹੁੰਦਾ ਹੈ। ਪੂਰਨ ਸੰਤ ਸਤਿਗੁਰੂ ਹੀ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦਾ ਦਾਤਾ ਹੁੰਦਾ ਹੈ। ਪੂਰਨ ਸੰਤ ਸਤਿਗੁਰੂ ਹੀ ਰੋਮ-ਰੋਮ ਸਿਮਰਨ ਦਾ ਦਾਤਾ ਹੁੰਦਾ ਹੈ। ਪੂਰਨ ਸੰਤ ਸਤਿਗੁਰੂ ਹੀ ਸਦਾ ਸੁਹਾਗ ਦਾ ਦਾਤਾ ਹੁੰਦਾ ਹੈ। ਪੂਰਨ ਸੰਤ ਸਤਿਗੁਰੂ ਹੀ ਜੀਵਨ ਮੁਕਤੀ ਦਾ ਦਾਤਾ ਹੁੰਦਾ ਹੈ। ਪੂਰਨ ਸੰਤ ਸਤਿਗੁਰੂ

ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਨੂੰ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ ਅਤੇ ਸਾਰੇ ਦਰਗਾਹੀ ਖ਼ਜ਼ਾਨਿਆਂ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਦੀ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੁੰਦਾ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਦੀ ਸੁਰਤਿ ਵਿੱਚ ਸਤਿਨਾਮ ਉੱਕਰਿਆ ਜਾਂਦਾ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਦੀ ਸਮਾਧੀ ਲੱਗ ਜਾਂਦੀ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਨੂੰ ਸੁੰਨ ਸਮਾਧੀ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਦੇ ੭ ਸਤਿ ਸਰੋਵਰ ਜਾਗਰਿਤ ਹੁੰਦੇ ਹਨ; ਕੁੰਡਲ਼ਨੀ ਸ਼ਕਤੀ ਜਾਗਰਿਤ ਹੁੰਦੀ ਹੈ; ਇੜਾ, ਪਿੰਗਲਾ ਅਤੇ ਸੁਖਮਨਾ (ਸੁਸ਼ੁਮਨਾ) ਨਾੜਾਂ ਪ੍ਰਕਾਸ਼ਮਾਨ ਹੁੰਦੀਆਂ ਹਨ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਦੇ ਰੋਮ-ਰੋਮ ਵਿੱਚ ਸਤਿਨਾਮ ਚਲਣ ਲੱਗ ਪੈਂਦਾ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਹਾਸਿਲ ਕਰਦਾ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਆਪਣੇ ਮਨ ਨੂੰ ਸ਼ਾਂਤ ਕਰ ਸਕਦਾ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਆਪਣੇ ਮਨ ਨੂੰ ਜਿੱਤ ਸਕਦਾ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਨੂੰ ਦਰਗਾਹ ਵਿੱਚ ਮਾਣ ਪ੍ਰਾਪਤ ਹੁੰਦਾ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਸਤਿ ਰੂਪ ਹੋ ਜਾਂਦਾ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਹਾਸਿਲ ਕਰ ਕੇ ਸਤਿ ਪਾਰਬ੍ਰਹਮ ਦੇ ਨਿਰਗੁਣ ਸਰੂਪ ਦੇ ਦਰਸ਼ਨ ਕਰਦਾ ਹੈ ਅਤੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦਾ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਨੂੰ ਪਰਮ ਪਦਵੀ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਨੂੰ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਨੂੰ ਗੁਰਪ੍ਰਸਾਦਿ ਵਰਤਾਉਣ ਦੇ ਦਰਗਾਹੀ ਹੁਕਮ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਮਨੁੱਖ ਪੂਰਨ ਸੰਤ ਸਤਿਗੁਰੂ ਬਣ ਜਾਂਦਾ ਹੈ।

■

ਅਨੰਦੁ ਸਾਹਿਬ-ਪਉੜੀ ੩੬-੩੭

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੨}

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥
ਸਾਚੈ ਸੁਨਣੈ ਨੋ ਪਠਾਏ ਸਗੀਰਿ ਲਾਏ ਸੁਣਹੁ ਸਤਿ ਬਾਣੀ ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥
ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥
ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ ॥੩੭॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੨}

ਮਨੁੱਖਾ ਜਨਮ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਲਈ ਪ੍ਰਾਪਤ ਹੁੰਦਾ ਹੈ। ਮਨੁੱਖਾ ਦੇਹੀ ਦੀ ਪ੍ਰਾਪਤੀ ਕੇਵਲ ਸਤਿ ਪਾਰ ਬ੍ਰਹਮ ਪਰਮੇਸ਼ਰ ਦੀ ਬੰਦਗੀ ਦੀ ਪ੍ਰਾਪਤੀ ਲਈ ਹੁੰਦੀ ਹੈ। ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਸਰਵ ਉੱਤਮ ਰਚਨਾ ਹੈ। ਕਿਉਂਕਿ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਦੀ ਪ੍ਰਾਪਤੀ ਕੇਵਲ ਮਨੁੱਖਾ ਜਨਮ ਵਿੱਚ ਹੀ ਹੁੰਦੀ ਹੈ। ਜੀਵਨ ਮੁਕਤੀ ਮਨੁੱਖਾ ਜਨਮ ਜੀਵਨ ਵਿੱਚ ਹੀ ਪ੍ਰਾਪਤ ਹੁੰਦੀ ਹੈ। ਕੇਵਲ ਮਨੁੱਖਾ ਜਨਮ ਜੀਵਨ ਵਿੱਚ ਹੀ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਕੇਵਲ ਮਨੁੱਖਾ ਜਨਮ ਜੀਵਨ ਵਿੱਚ ਹੀ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਕੇਵਲ ਮਨੁੱਖਾ ਜਨਮ ਜੀਵਨ ਵਿੱਚ ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਸਿਮਰਨ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਮਨੁੱਖੀ ਰੂਹ ਵਿੱਚ ਹੀ ਸਾਰੇ ਦਰਗਾਹੀ ਖ਼ਜ਼ਾਨੇ ਰੱਖੇ ਹੋਏ ਹਨ। ਮਨੁੱਖੀ ਰੂਹ ਵਿੱਚ ਹੀ ੭ ਸਤਿ ਸਰੋਵਰ ਰੱਖੇ ਹੋਏ ਹਨ। ਮਨੁੱਖੀ ਰੂਹ ਵਿੱਚ ਹੀ ਇੜਾ, ਪਿੰਗਲਾ ਅਤੇ ਸੁਖਮਨਾ (ਸੁਸ਼ਮਨਾ) ਨਾੜਾਂ ਰੱਖੀਆਂ ਹੋਈਆਂ ਹਨ। ਮਨੁੱਖੀ ਰੂਹ ਵਿੱਚ ਹੀ ਕੁੰਡਲ਼ਨੀ ਸ਼ਕਤੀ ਰੱਖੀ ਹੋਈ ਹੈ। ਮਨੁੱਖੀ ਰੂਹ ਵਿੱਚ ਹੀ ਦਸਮ ਦੁਆਰ ਸਥਾਪਿਤ ਕੀਤਾ ਗਿਆ ਹੈ। ਮਨੁੱਖੀ ਰੂਹ ਵਿੱਚ ਹੀ ਸਾਰੀਆਂ ਇਲਾਹੀ ਪਰਮ ਸ਼ਕਤੀਆਂ ਰੱਖੀਆਂ ਹੋਈਆਂ ਹਨ। ਮਨੁੱਖੀ ਰੂਹ ਦੇ ਵਿੱਚ ਹੀ ਪੂਰਨ ਬ੍ਰਹਮ ਗਿਆਨ ਰੱਖਿਆ ਹੋਇਆ ਹੈ। ਮਨੁੱਖੀ ਰੂਹ ਵਿੱਚ ਹੀ ਤੱਤ ਗਿਆਨ ਰੱਖਿਆ ਹੋਇਆ ਹੈ। ਮਨੁੱਖੀ ਰੂਹ ਹੀ ਅੰਮ੍ਰਿਤ ਦਾ ਸੋਮਾ ਹੈ। ਮਨੁੱਖੀ ਰੂਹ ਵਿੱਚ ਹੀ ਪੰਜ ਕਲਾਵਾਂ ਰੱਖੀਆਂ ਹੋਈਆਂ ਹਨ। ਮਨੁੱਖੀ ਰੂਹ ਵਿੱਚ ਹੀ

ਵੇਖਣ ਦੀ ਸ਼ਕਤੀ, ਬੋਲਣ ਦੀ ਸ਼ਕਤੀ, ਸੁਣਨ ਦੀ ਸ਼ਕਤੀ, ਸੁੰਘਣ ਦੀ ਸ਼ਕਤੀ, ਚੱਖਣ ਦੀ ਸ਼ਕਤੀ, ਛੂਹ ਕੇ ਅਨੁਭਵ ਕਰਨ ਦੀ ਸ਼ਕਤੀ ਆਦਿ ਸਾਰੀਆਂ ਸ਼ਕਤੀਆਂ ਰੱਖੀਆਂ ਹੋਈਆਂ ਹਨ।

ਇਹ ਪਰਮ ਸਤਿ ਹੈ ਕਿ ਮਨੁੱਖੀ ਰੂਹ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਜੋਤ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੀ ਜੋਤ ਹੀ ਸਾਰੀਆਂ ਪਰਮ ਸ਼ਕਤੀਆਂ ਦਾ ਸੋਮਾ ਹੈ। ਇਹ ਪਰਮ ਸਤਿ ਹੈ ਕਿ ਸਤਿ ਪਾਰਬ੍ਰਹਮ ਦੀ ਜੋਤ (ਰੂਹ ਦੇ ਰੂਪ ਵਿੱਚ), ਜਿਸ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਸਾਰੀਆਂ ਪਰਮ ਸ਼ਕਤੀਆਂ ਸਥਾਪਿਤ ਕੀਤੀਆਂ ਹੋਈਆਂ ਹਨ, ਉਹ ਕੇਵਲ ਮਨੁੱਖਾ ਦੇਹੀ ਵਿੱਚ ਹੀ ਪ੍ਰਗਟ ਹੁੰਦੀ ਹੈ। ਕੇਵਲ ਮਨੁੱਖਾ ਦੇਹੀ ਨੂੰ ਹੀ ਇਹ ਦਰਗਾਹੀ ਵਰਦਾਨ ਪ੍ਰਾਪਤ ਹੈ ਜਿਸ ਕਾਰਨ ਹੀ ਮਨੁੱਖ ਨੂੰ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਕੇਵਲ ਮਨੁੱਖਾ ਦੇਹੀ ਨੂੰ ਹੀ ਇਹ ਦਰਗਾਹੀ ਵਰਦਾਨ ਪ੍ਰਾਪਤ ਹੈ ਜਿਸ ਦੇ ਫ਼ਲ਼ ਸਰੂਪ ਮਨੁੱਖ ਨੂੰ ਸਤਿ ਪਾਰਬ੍ਰਹਮ ਦੀ ਬੰਦਗੀ ਪ੍ਰਾਪਤ ਹੁੰਦੀ ਹੈ। ਕੇਵਲ ਮਨੁੱਖਾ ਦੇਹੀ ਨੂੰ ਹੀ ਇਹ ਦਰਗਾਹੀ ਵਰਦਾਨ ਪ੍ਰਾਪਤ ਹੈ ਜਿਸ ਦੇ ਫ਼ਲ਼ ਸਰੂਪ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਕੇਵਲ ਮਨੁੱਖਾ ਦੇਹੀ ਨੂੰ ਹੀ ਇਹ ਦਰਗਾਹੀ ਵਰਦਾਨ ਪ੍ਰਾਪਤ ਹੈ ਜਿਸ ਦੇ ਫ਼ਲ਼ ਸਰੂਪ ਮਨੁੱਖ ਆਪਣੀ ਬੰਦਗੀ ਪੂਰਨ ਕਰਦਾ ਹੈ। ਕੇਵਲ ਮਨੁੱਖਾ ਦੇਹੀ ਨੂੰ ਹੀ ਇਹ ਦਰਗਾਹੀ ਵਰਦਾਨ ਪ੍ਰਾਪਤ ਹੈ ਜਿਸ ਦੇ ਕਾਰਨ ਮਨੁੱਖ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਹਾਸਿਲ ਕਰਦਾ ਹੈ। ਕੇਵਲ ਮਨੁੱਖਾ ਦੇਹੀ ਨੂੰ ਹੀ ਇਹ ਵਰਦਾਨ ਪ੍ਰਾਪਤ ਹੈ ਜਿਸ ਦੇ ਕਾਰਨ ਮਨੁੱਖ ਆਪਣੇ ਮਨ ਨੂੰ ਜਿੱਤ ਸਕਦਾ ਹੈ। ਕੇਵਲ ਮਨੁੱਖਾ ਦੇਹੀ ਨੂੰ ਹੀ ਇਹ ਦਰਗਾਹੀ ਵਰਦਾਨ ਹੈ ਕਿ ਇਸ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਪ੍ਰਗਟ ਹੁੰਦਾ ਹੈ। ਕੇਵਲ ਮਨੁੱਖਾ ਦੇਹੀ ਨੂੰ ਹੀ ਇਹ ਦਰਗਾਹੀ ਵਰਦਾਨ ਪ੍ਰਾਪਤ ਹੈ ਜਿਸ ਦੇ ਫ਼ਲ਼ ਸਰੂਪ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਪ੍ਰਾਪਤ ਹੁੰਦੇ ਹਨ। ਕੇਵਲ ਮਨੁੱਖਾ ਦੇਹੀ ਨੂੰ ਹੀ ਇਹ ਦਰਗਾਹੀ ਵਰਦਾਨ ਪ੍ਰਾਪਤ ਹੈ ਜਿਸ ਦੇ ਕਾਰਨ ਮਨੁੱਖ ਨੂੰ ਪੂਰਨ ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ। ਕੇਵਲ ਮਨੁੱਖਾ ਦੇਹੀ ਨੂੰ ਹੀ ਇਹ ਦਰਗਾਹੀ ਵਰਦਾਨ ਪ੍ਰਾਪਤ ਹੈ ਜਿਸ ਦੇ ਕਾਰਨ ਮਨੁੱਖ ਨੂੰ ਤੱਤ ਗਿਆਨ ਪ੍ਰਾਪਤ ਹੁੰਦਾ ਹੈ।

ਮਨੁੱਖਾ ਜੋਤ (ਰੂਹ) ਵਿੱਚ ਸਥਾਪਿਤ ਕੀਤੀਆਂ ਗਈਆਂ ਸ਼ਕਤੀਆਂ ਮਨੁੱਖਾ ਦੇਹੀ ਵਿੱਚ ਸਥਿਤ ਭਿੰਨ-ਭਿੰਨ ਅੰਗਾਂ ਵਿੱਚ ਪ੍ਰਗਟ ਕੀਤੀਆਂ ਗਈਆਂ ਹਨ। ਸੁਣਨ ਦੀ ਸ਼ਕਤੀ ਮਨੁੱਖ ਦੇ ਕੰਨਾਂ ਵਿੱਚ ਪ੍ਰਗਟ ਹੁੰਦੀ ਹੈ। ਬੋਲਣ ਦੀ ਸ਼ਕਤੀ ਮਨੁੱਖ ਦੇ ਮੁਖ ਅਤੇ ਰਸਨਾ ਵਿੱਚ ਪ੍ਰਗਟ ਹੁੰਦੀ ਹੈ। ਸੁੰਘਣ ਦੀ ਸ਼ਕਤੀ ਮਨੁੱਖ ਦੀ ਨਾਸਿਕਾ ਵਿੱਚ ਪ੍ਰਗਟ ਹੁੰਦੀ ਹੈ। ਭੋਜਨ ਦਾ ਸੁਆਦ ਚੱਖਣ ਦੀ ਸ਼ਕਤੀ ਮਨੁੱਖ ਦੀ ਰਸਨਾ ਵਿੱਚ ਪ੍ਰਗਟ ਹੁੰਦੀ ਹੈ। ਮਹਿਸੂਸ ਕਰਨ ਦੀ ਸ਼ਕਤੀ ਮਨੁੱਖ ਦੀ ਤਵੱਚਾ (ਚਮੜੀ) ਵਿੱਚ ਪ੍ਰਗਟ ਹੁੰਦੀ ਹੈ। ਇਸੇ ਤਰ੍ਹਾਂ ਦੇ ਨਾਲ ਸੋਚਣ ਦੀ ਸ਼ਕਤੀ ਮਨੁੱਖ ਦੇ ਦਿਮਾਗ ਵਿੱਚ ਸਥਾਪਿਤ ਕੀਤੀ ਗਈ ਹੈ। ਦੇਖਣ ਦੀ ਸ਼ਕਤੀ, ਸੁਣਨ ਦੀ ਸ਼ਕਤੀ, ਬੋਲਣ ਦੀ ਸ਼ਕਤੀ, ਸੁੰਘਣ ਦੀ ਸ਼ਕਤੀ, ਸੁਆਦ ਚੱਖਣ ਦੀ ਸ਼ਕਤੀ ਅਤੇ ਮਹਿਸੂਸ ਕਰਨ ਦੀ ਸ਼ਕਤੀ ਆਦਿ ਦੇ ਨਾਲ ਮਨੁੱਖ ਦਾ ਬਾਕੀ ਸੰਸਾਰ ਦੇ ਨਾਲ ਸੰਪਰਕ ਸਥਾਪਿਤ ਹੁੰਦਾ ਹੈ। ਇਨ੍ਹਾਂ ਸ਼ਕਤੀਆਂ ਦੇ ਨਾਲ ਹੀ ਮਨੁੱਖ ਦਾ ਰੋਜ਼ਾਨਾ ਜੀਵਨ ਚਲਦਾ ਹੈ। ਇਨ੍ਹਾਂ ਸ਼ਕਤੀਆਂ ਦੇ ਨਾਲ ਹੀ ਮਨੁੱਖ ਆਪਣੇ ਸਾਰੇ ਕਰਮਾਂ ਨੂੰ ਅੰਜਾਮ ਦਿੰਦਾ ਹੈ। ਇਨ੍ਹਾਂ ਸਾਰੀਆਂ ਸ਼ਕਤੀਆਂ ਦੇ ਨਾਲ ਹੀ ਮਨੁੱਖ ਰੋਜ਼ਾਨਾ ਜੀਵਨ ਦਾ ਆਨੰਦ ਮਾਣਦਾ ਹੈ। ਇਨ੍ਹਾਂ ਸਾਰੀਆਂ ਸ਼ਕਤੀਆਂ ਤੋਂ ਬਿਨਾਂ ਮਨੁੱਖੀ ਜੀਵਨ ਸੰਭਵ ਨਹੀਂ ਹੈ। ਸੰਸਾਰ ਵਿੱਚ ਵਿਚਰਦੇ ਹੋਏ ਮਨੁੱਖਾਂ ਵਿੱਚੋਂ ਸਾਨੂੰ

ਅੰਨ੍ਹੇ ਮਨੁੱਖ ਮਿਲਦੇ ਹਨ, ਗੁੰਗੇ ਮਨੁੱਖ ਵੀ ਮਿਲਦੇ ਹਨ। ਇਨ੍ਹਾਂ ਅੰਨ੍ਹੇ ਅਤੇ ਗੁੰਗੇ ਮਨੁੱਖਾਂ ਦੇ ਜੀਵਨ ਪਾਸੋਂ ਅਸੀਂ ਇਹ ਜਾਣ ਸਕਦੇ ਹਾਂ ਕਿ ਕੇਵਲ ਦੇਖਣ ਦੀ ਸ਼ਕਤੀ ਜਾਂ ਸੁਣਨ-ਬੋਲਣ ਦੀ ਸ਼ਕਤੀ ਦੇ ਅਭਾਵ ਦੇ ਕਾਰਨ ਉਨ੍ਹਾਂ ਦਾ ਜੀਵਨ ਕਿਤਨਾ ਕਠਿਨ ਹੁੰਦਾ ਹੈ। ਤਾਂ ਇਨ੍ਹਾਂ ਸਾਰੀਆਂ ਸ਼ਕਤੀਆਂ ਦੇ ਨਾ ਹੋਣ ਨਾਲ ਮਨੁੱਖਾ ਜੀਵਨ ਕਿਵੇਂ ਸੰਭਵ ਹੋ ਸਕਦਾ ਹੈ। ਇਸ ਲਈ ਇਹ ਸਾਰੀਆਂ ਸ਼ਕਤੀਆਂ (ਦੇਖਣ ਦੀ ਸ਼ਕਤੀ, ਸੁਣਨ ਦੀ ਸ਼ਕਤੀ, ਬੋਲਣ ਦੀ ਸ਼ਕਤੀ, ਸੁੰਘਣ ਦੀ ਸ਼ਕਤੀ, ਸੁਆਦ ਚੱਖਣ ਦੀ ਸ਼ਕਤੀ, ਸੋਚਣ ਦੀ ਸ਼ਕਤੀ ਅਤੇ ਮਹਿਸੂਸ ਕਰਨ ਦੀ ਸ਼ਕਤੀ ਆਦਿ) ਮਨੁੱਖਾ ਜਨਮ ਜੀਵਨ ਲਈ ਇੱਕ ਇਲਾਹੀ ਵਰਦਾਨ ਹਨ।

ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖ ਨੂੰ ਇਨ੍ਹਾਂ ਸਾਰੀਆਂ ਸ਼ਕਤੀਆਂ (ਦੇਖਣ ਦੀ ਸ਼ਕਤੀ, ਸੁਣਨ ਦੀ ਸ਼ਕਤੀ, ਬੋਲਣ ਦੀ ਸ਼ਕਤੀ, ਸੁੰਘਣ ਦੀ ਸ਼ਕਤੀ, ਸੁਆਦ ਚੱਖਣ ਦੀ ਸ਼ਕਤੀ, ਸੋਚਣ ਦੀ ਸ਼ਕਤੀ ਅਤੇ ਮਹਿਸੂਸ ਕਰਨ ਦੀ ਸ਼ਕਤੀ ਆਦਿ) ਦੀ ਵਰਤੋਂ ਸਤਿ ਕਰਮ ਕਰਨ ਲਈ ਬਖਸ਼ੀ ਹੈ। ਸਤਿ ਕਰਮ ਕਰਦੇ ਹੋਏ ਮਨੁੱਖਾ ਜਨਮ ਜੀਵਨ ਨੂੰ ਸਫਲ ਕਰਨਾ ਹੀ ਮਨੁੱਖਾ ਜਨਮ ਦਾ ਇੱਕ ਮਾਤਰ ਅਰਥ ਹੈ। ਸਤਿ ਦੀ ਕਰਨੀ ਕਰਦੇ ਹੋਏ ਜਨਮ ਜੀਵਨ ਨੂੰ ਸਦਾ ਸੁੱਖ ਦੀ ਪ੍ਰਾਪਤੀ ਲਈ ਅਗਾਂਹ ਨੂੰ ਲੈ ਕੇ ਜਾਣਾ ਹੀ ਮਨੁੱਖਾ ਜਨਮ ਦਾ ਇੱਕ ਮਾਤਰ ਉਦੇਸ਼ ਹੈ। ਸਤਿ ਦੀ ਕਰਨੀ ਦੇ ਨਾਲ ਹੀ ਮਨੁੱਖਾ ਜਨਮ ਜੀਵਨ ਸੁਖੀ ਹੋ ਸਕਦਾ ਹੈ। ਸਤਿ ਦੀ ਕਰਨੀ ਦੇ ਨਾਲ ਹੀ ਮਨੁੱਖ ਦੇ ਸਾਰੇ ਦੁੱਖਾਂ, ਕਲੇਸ਼ਾਂ, ਰੋਗਾਂ, ਸੋਗਾਂ, ਮੁਸੀਬਤਾਂ ਤੇ ਸਮੱਸਿਆਵਾਂ ਦਾ ਅੰਤ ਹੁੰਦਾ ਹੈ। ਸਤਿ ਦੀ ਕਰਨੀ ਦੇ ਨਾਲ ਹੀ ਮਨੁੱਖ ਨੂੰ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਸਤਿ ਦੀ ਕਰਨੀ ਦੇ ਨਾਲ ਹੀ ਮਨੁੱਖ ਨੂੰ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਦੀ ਪ੍ਰਾਪਤੀ ਹੁੰਦੀ ਹੈ। ਸਤਿ ਦੀ ਕਰਨੀ ਦੇ ਨਾਲ ਹੀ ਮਨੁੱਖ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਦਰਗਾਹੀ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਸਤਿ ਦੀ ਕਰਨੀ ਕੇਵਲ ਇਨ੍ਹਾਂ ਸਾਰੀਆਂ ਸ਼ਕਤੀਆਂ (ਦੇਖਣ ਦੀ ਸ਼ਕਤੀ, ਸੁਣਨ ਦੀ ਸ਼ਕਤੀ, ਬੋਲਣ ਦੀ ਸ਼ਕਤੀ, ਸੁੰਘਣ ਦੀ ਸ਼ਕਤੀ, ਸੁਆਦ ਚੱਖਣ ਦੀ ਸ਼ਕਤੀ, ਸੋਚਣ ਦੀ ਸ਼ਕਤੀ ਅਤੇ ਮਹਿਸੂਸ ਕਰਨ ਦੀ ਸ਼ਕਤੀ ਆਦਿ) ਦੀ ਵਰਤੋਂ ਸਤਿ ਦੀ ਸੇਵਾ 'ਚ ਕਰਨ ਨਾਲ ਹੀ ਸੰਭਵ ਹੁੰਦੀ ਹੈ। ਧਰਤੀ ਉੱਪਰ ਪ੍ਰਗਟ ਹੋਏ ਸਾਰੇ ਪੂਰਨ ਸੰਤ, ਪੂਰਨ ਸਤਿਗੁਰੂ ਅਤੇ ਪੂਰਨ ਬ੍ਰਹਮ ਗਿਆਨੀ ਮਹਾਂਪੁਰਖਾਂ ਨੇ ਮਨੁੱਖ ਨੂੰ ਕੇਵਲ ਸਤਿ ਕਰਮ ਕਰਨ ਲਈ ਉਪਦੇਸ਼ ਦਿੱਤਾ ਹੈ। ਸਾਰੇ ਸਤਿਗੁਰੂ ਅਵਤਾਰਾਂ ਨੇ ਗੁਰਬਾਣੀ ਵਿੱਚ ਸਤਿ ਦੀ ਕਰਨੀ ਦੀ ਮਹਿਮਾ ਨੂੰ ਦ੍ਰਿੜ੍ਹ ਕਰਵਾਇਆ ਹੈ। ਸਾਰੇ ਸੰਤਾਂ, ਭਗਤਾਂ ਅਤੇ ਬ੍ਰਹਮ ਗਿਆਨੀਆਂ ਨੇ ਗੁਰਬਾਣੀ ਵਿੱਚ ਸਤਿ ਦੀ ਕਰਨੀ ਦੇ ਪਰਮ ਸ਼ਕਤੀਸ਼ਾਲੀ ਮਹਾਤਮ ਨੂੰ ਪ੍ਰਗਟ ਕੀਤਾ ਹੈ।

ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥ ਪੁਰਖੁ ਸਤਿ ਕੇਵਲ ਪਰਧਾਨੁ ॥
ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥ ਸਤਿ ਪੁਰਖ ਸਭ ਮਾਹਿ ਸਮਾਣੀ ॥
ਸਤਿ ਕਰਮੁ ਜਾ ਕੀ ਰਚਨਾ ਸਤਿ ॥ ਮੂਲੁ ਸਤਿ ਸਤਿ ਉਤਪਤਿ ॥
ਸਤਿ ਕਰਣੀ ਨਿਰਮਲ ਨਿਰਮਲੀ ॥ ਜਿਸਹਿ ਬੁਝਾਏ ਤਿਸਹਿ ਸਭ ਭਲੀ ॥
ਸਤਿ ਨਾਮੁ ਪ੍ਰਭ ਕਾ ਸੁਖਦਾਈ ॥ ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੮੪}

ਅਸੀ ਬੋਲਵਿਗਾੜ ਵਿਗਾੜਹ ਬੋਲ ॥ ਤੂ ਨਦਰੀ ਅੰਦਰਿ ਤੋਲਹਿ ਤੋਲ ॥
ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥੩॥
ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥
ਗੁਰ ਪਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੫}

ਕਰਣੀ ਬਾਝਹੁ ਤਰੈ ਨ ਕੋਇ ॥
ਸਚੋ ਸਚੁ ਵਖਾਣੈ ਕੋਇ ॥
ਨਾਨਕ ਅਗੈ ਪੁਛ ਨ ਹੋਇ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੫੧}

ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥
ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥
ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੮}

ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥
ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥
ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੩॥
ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥
ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥
ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੧}

ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥੨॥
ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥
ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੧}

ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥
ਜਹ ਜਹ ਦੇਖਉ ਤਹ ਤਹ ਸਾਚਾ ॥ ਬਿਨੁ ਬੂਝੇ ਝਗਰਤ ਜਗੁ ਕਾਚਾ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੨੪}

ਸਚੁ ਕਰਣੀ ਗੁਰੁ ਭਰਮੁ ਚੁੱਕਾਵੈ ॥
ਨਿਰਭਉ ਕੈ ਘਰਿ ਤਾੜੀ ਲਾਵੈ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੨੬-੨੨੭}

ਰਹੈ ਨਿਰਾਲਮੁ ਏਕਾ ਸਚੁ ਕਰਣੀ ॥
ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥
ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥

ਇਨ ਬਿਧਿ ਕਉਨੁ ਕਉਨੁ ਨਹੀ ਤਾਰਿਆ ॥
ਹਰਿ ਜਸਿ ਸੰਤ ਭਗਤ ਨਿਸਤਾਰਿਆ ॥
ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੨੭-੨੨੮}

ਜਪਿ ਜਨ ਸਦਾ ਸਦਾ ਦਿਨੁ ਰੈਣੀ ॥
ਸਭ ਤੇ ਊਚ ਨਿਰਮਲ ਇਹ ਕਰਣੀ ॥
ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥
ਨਾਨਕ ਸੋ ਜਨੁ ਨਿਰਮਲੁ ਥੀਆ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੮੩}

ਮੇਰਾ ਪ੍ਰਭੁ ਅਤਿ ਅਗਮ ਅਗੋਚਰੁ ਗੁਰਮਤਿ ਦੇਇ ਬੁਝਾਈ ॥
ਸਚੁ ਸੰਜਮੁ ਕਰਣੀ ਹਰਿ ਕੀਰਤਿ ਹਰਿ ਸੇਤੀ ਲਿਵ ਲਾਈ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੬੦}

ਅਸਤਿ ਦੀ ਕਰਨੀ ਦਾ ਤਿਆਗ ਕਰਨਾ ਅਤੇ ਸਤਿ ਦੀ ਕਰਨੀ ਨੂੰ ਅਪਣਾਉਣ ਦਾ ਉਪਦੇਸ਼ ਆਨੰਦ ਸਾਹਿਬ ਦੀ ਪਉੜੀ ੩੬-੩੭ ਵਿੱਚ ਅਤੇ ਸਾਰੀ ਗੁਰਬਾਣੀ ਵਿੱਚ ਦ੍ਰਿੜ੍ਹ ਕਰਵਾਇਆ ਗਿਆ ਹੈ। ਇਨ੍ਹਾਂ ਸ਼ਕਤੀਆਂ (ਦੇਖਣ ਦੀ ਸ਼ਕਤੀ, ਸੁਣਨ ਦੀ ਸ਼ਕਤੀ, ਬੋਲਣ ਦੀ ਸ਼ਕਤੀ, ਸੁੰਘਣ ਦੀ ਸ਼ਕਤੀ, ਸੁਆਦ ਚੱਖਣ ਦੀ ਸ਼ਕਤੀ, ਸੋਚਣ ਦੀ ਸ਼ਕਤੀ ਅਤੇ ਮਹਿਸੂਸ ਕਰਨ ਦੀ ਸ਼ਕਤੀ ਆਦਿ) ਦੀ ਵਰਤੋਂ ਸਤਿ ਦੀ ਕਰਨੀ ਅਤੇ ਸੇਵਾ ਵਿੱਚ ਸਮਰਪਿਤ ਕਰਨ ਦਾ ਉਪਦੇਸ ਹੀ ਆਨੰਦ ਸਾਹਿਬ ਦੀ ਪਉੜੀ ੩੬-੩੭ ਵਿੱਚ ਦ੍ਰਿੜ੍ਹ ਕਰਵਾਇਆ ਗਿਆ ਹੈ। ਅਵਗੁਣਾਂ ਦਾ ਤਿਆਗ ਕਰਨਾ ਅਤੇ ਸਤਿ ਗੁਣਾਂ ਨੂੰ ਅਪਣਾਉਣ ਦਾ ਉਪਦੇਸ਼ ਗੁਰਬਾਣੀ ਵਿੱਚ ਦ੍ਰਿੜ੍ਹ ਕਰਵਾਇਆ ਗਿਆ ਹੈ। ਸਤਿ ਗੁਣਾਂ ਦੀ ਕਮਾਈ ਕਰਨ ਦਾ ਉਪਦੇਸ਼ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ। ਇਨ੍ਹਾਂ ਸ਼ਕਤੀਆਂ (ਦੇਖਣ ਦੀ ਸ਼ਕਤੀ, ਸੁਣਨ ਦੀ ਸ਼ਕਤੀ, ਬੋਲਣ ਦੀ ਸ਼ਕਤੀ, ਸੁੰਘਣ ਦੀ ਸ਼ਕਤੀ, ਸੁਆਦ ਚੱਖਣ ਦੀ ਸ਼ਕਤੀ, ਸੋਚਣ ਦੀ ਸ਼ਕਤੀ ਅਤੇ ਮਹਿਸੂਸ ਕਰਨ ਦੀ ਸ਼ਕਤੀ ਆਦਿ) ਦੀ ਵਰਤੋਂ 'ਸਤਿ ਦੀ ਕਰਨੀ' ਲਈ ਕਰ ਕੇ ਮਨੁੱਖ ਆਪਣੇ ਜਨਮ ਜੀਵਨ ਨੂੰ ਸਫਲ ਬਣਾ ਸਕਦਾ ਹੈ। ਇਨ੍ਹਾਂ ਸ਼ਕਤੀਆਂ ਦੀ ਵਰਤੋਂ 'ਸਤਿ ਦੀ ਕਰਨੀ' ਲਈ ਕਰ ਕੇ ਮਨੁੱਖ ਆਪਣੇ ਜਨਮ ਜੀਵਨ ਨੂੰ ਸੁੰਦਰ ਬਣਾ ਸਕਦਾ ਹੈ। ਇਨ੍ਹਾਂ ਸ਼ਕਤੀਆਂ ਦੀ ਵਰਤੋਂ 'ਸਤਿ ਦੀ ਕਰਨੀ' ਲਈ ਕਰ ਕੇ ਮਨੁੱਖ ਆਪਣੇ ਜਨਮ ਜੀਵਨ ਨੂੰ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ, ਰੋਗਾਂ ਆਦਿ ਤੋਂ ਮੁਕਤ ਕਰ ਸਕਦਾ ਹੈ। ਇਨ੍ਹਾਂ ਸ਼ਕਤੀਆਂ ਦੀ ਵਰਤੋਂ 'ਸਤਿ ਦੀ ਕਰਨੀ' ਲਈ ਕਰ ਕੇ ਮਨੁੱਖ ਸਤੋ ਬਿਰਤੀ ਦਾ ਧਾਰਨੀ ਬਣ ਜਾਂਦਾ ਹੈ। ਇਨ੍ਹਾਂ ਸ਼ਕਤੀਆਂ ਦੀ ਵਰਤੋਂ 'ਸਤਿ ਦੀ ਕਰਨੀ' ਲਈ ਕਰ ਕੇ ਮਨੁੱਖ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਦਰਗਾਹੀ ਸੇਵਾ ਦੇ ਗੁਰਪ੍ਰਸਾਦਿ ਨੂੰ ਪ੍ਰਾਪਤ ਕਰ ਸਕਦਾ ਹੈ। ਜਿਸ ਦੇ ਫ਼ਲ ਸਰੂਪ ਮਨੁੱਖ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਪ੍ਰਾਪਤ ਕਰ ਕੇ ਉਸ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਅਭੇਦ ਹੋ ਸਕਦਾ ਹੈ।

ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਦੋ ਨੇਤਰ ਦਿੱਤੇ ਹਨ। ਇਨ੍ਹਾਂ ਦੋ ਨੇਤਰਾਂ ਵਿੱਚ ਮਨੁੱਖ ਨੂੰ ਸਾਰੇ ਸੰਸਾਰ ਨੂੰ ਦੇਖਣ ਦੀ ਸ਼ਕਤੀ ਦਿੱਤੀ ਹੈ। ਮਨੁੱਖਾ ਦੇਹੀ ਵਿੱਚ ਮੌਜੂਦ ਦੋ

ਨੇਤਰਾਂ ਵਿੱਚ ਰੱਖੀ ਗਈ ਦੇਖਣ ਦੀ ਸ਼ਕਤੀ ਦੇ ਕਾਰਨ ਹੀ ਮਨੁੱਖ ਸੰਸਾਰ ਦੀ ਹਰ ਇੱਕ ਵਸਤੂ ਨੂੰ ਦੇਖ ਸਕਦਾ ਹੈ। ਮਨੁੱਖਾ ਦੇਹੀ ਵਿੱਚ ਸਥਾਪਿਤ ਕੀਤੇ ਗਏ ਦੋਨੋਂ ਨੇਤਰਾਂ ਅਤੇ ਇਨ੍ਹਾਂ ਵਿੱਚ ਰੱਖੀ ਗਈ ਦੇਖਣ ਦੀ ਸ਼ਕਤੀ ਦੇ ਨਾਲ ਹੀ ਮਨੁੱਖ ਦਾ ਜਨਮ ਜੀਵਨ ਸੌਖਾ ਹੁੰਦਾ ਹੈ। ਉਹ ਹਰ ਇੱਕ ਵਸਤੂ ਨੂੰ ਦੇਖਦਾ ਹੈ, ਸਮਝਦਾ ਹੈ ਅਤੇ ਆਪਣੇ ਜੀਵਨ ਨੂੰ ਮਾਣਨ ਦਾ ਅਨੁਭਵ ਕਰਦਾ ਹੈ। ਪਰੰਤੂ ਸਭ ਤੋਂ ਲਾਜ਼ਮੀ ਪਰਮ ਸਤਿ ਤੱਤ ਇਹ ਹੈ ਕਿ ਮਨੁੱਖੀ ਨੇਤਰਾਂ ਵਿੱਚ ਰੱਖੀ ਹੋਈ ਜੋਤ ਦੀ ਸ਼ਕਤੀ ਦੀ ਵਰਤੋਂ ਸਾਰੀ ਸ੍ਰਿਸ਼ਟੀ ਵਿੱਚ ਰਮੇ ਹੋਏ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਨੂੰ ਦੇਖਣ ਲਈ ਕੀਤੀ ਜਾਣੀ ਚਾਹੀਦੀ ਹੈ। ਐਸੀ ਪਰਮ ਸ਼ਕਤੀਸ਼ਾਲੀ ਆਤਮਿਕ ਅਵਸਥਾ ਜਿਸ ਵਿੱਚ ਪਹੁੰਚ ਕੇ ਮਨੁੱਖ ਨੂੰ ਹਰ ਇੱਕ ਰਚਨਾ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦਾ ਅਨੁਭਵ ਹੁੰਦਾ ਹੈ ਉਸ ਅਵਸਥਾ ਨੂੰ ਗੁਰਬਾਣੀ ਵਿੱਚ 'ਨਿਰਵੈਰ' ਕਿਹਾ ਗਿਆ ਹੈ। ਐਸੀ ਅਵਸਥਾ ਵਿੱਚ ਪਹੁੰਚ ਕੇ ਭਗਤ ਇੱਕ ਦ੍ਰਿਸ਼ਟ ਹੋ ਜਾਂਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਹੀ ਮਨੁੱਖ ਨੂੰ ਸਰਗੁਣ ਵਿੱਚ ਨਿਰਗੁਣ ਦੇ ਦਰਸ਼ਨ ਹੋ ਜਾਂਦੇ ਹਨ ਅਤੇ ਨਿਰਗੁਣ ਸਰਗੁਣ ਦਾ ਭੇਦ ਪ੍ਰਤੱਖ ਪ੍ਰਗਟ ਹੋ ਜਾਂਦਾ ਹੈ।

'ਨਿਰਵੈਰ' ਹੋਣ ਦੀ ਅਵਸਥਾ ਦੀ ਪ੍ਰਾਪਤੀ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਉਹ ਪਰਮ ਸ਼ਕਤੀ ਹੈ ਜਿਸ ਦੀ ਪ੍ਰਾਪਤੀ ਦੇ ਨਾਲ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਰਬ-ਵਿਆਪਕ ਰੂਪ ਦੇ ਦਰਸ਼ਨ ਹੁੰਦੇ ਹਨ। ਇਸ ਪਰਮ ਸ਼ਕਤੀ ਨੂੰ ਗੁਣੀ ਨਿਧਾਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਪਰਮ ਗੁਣ ਵੀ ਕਿਹਾ ਜਾਂਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ 'ਕਰਤਾ ਪੁਰਖ' ਹੈ ਅਤੇ ਸਾਰੀ ਰਚਨਾ ਵਿੱਚ ਆਪ ਸਮਾਇਆ ਹੋਇਆ ਹੈ। ਨਿਰਗੁਣ ਸਰੂਪ ਅਤੇ ਸਰਬ-ਵਿਆਪਕ ਦੇ ਰੂਪ ਵਿੱਚ ਸਾਰੀ ਸਿਰਜਣਾ ਦੀ ਆਪ ਸੇਵਾ ਸੰਭਾਲਤਾ ਕਰ ਰਿਹਾ ਹੈ। ਇਸ ਸਰਬ-ਵਿਆਪਕ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਕਿਸੇ ਰਚਨਾ ਦੇ ਨਾਲ ਵੈਰ ਨਹੀਂ ਹੈ। ਇਸ ਲਈ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ 'ਨਿਰਵੈਰ' ਹੈ। ਕਿਉਂਕਿ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ 'ਨਿਰਵੈਰ' ਹੈ ਇਸ ਲਈ ਉਹ 'ਇਕ ਦ੍ਰਿਸ਼ਟ' ਹੈ। 'ਇਕ ਦ੍ਰਿਸ਼ਟ' ਹੋਣ ਕਾਰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਸਾਰੀ ਸ੍ਰਿਸ਼ਟੀ ਨਾਲ ਇੱਕ ਸਾਰ ਪਿਆਰ ਹੈ ਅਤੇ ਉਸ ਦੇ ਦਰ 'ਤੇ ਕਿਸੇ ਨਾਲ ਵੀ ਕੋਈ ਭੇਦ-ਭਾਵ ਨਹੀਂ ਹੈ। ਉਹ ਕਿਸੇ ਦੇ ਵੀ ਅਵਗੁਣ ਨਹੀਂ ਚਿਤਾਰਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦਾ ਸਰਬੱਤ ਖੰਡਾਂ-ਬ੍ਰਹਿਮੰਡਾਂ, 'ਲਖ ਚਉਰਾਸੀਹ ਮੇਦਨੀ' ਦੇ ਨਾਲ ਵੀ ਵੈਰ ਨਹੀਂ ਹੈ। ਉਹ ਸਭ ਸ੍ਰਿਸ਼ਟੀ ਦਾ ਮਿੱਤਰ ਹੈ। ਉਹ ਸਭਨਾਂ ਦਾ ਮਾਂ-ਪਿਉ ਹੈ। ਮਹਾ ਪਰਉਪਕਾਰੀ ਹੈ ਅਤੇ ਸਭ ਦਾ ਭਲਾ ਮੰਗਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਦਰਗਾਹ ਦੇ ਦਰਵਾਜ਼ੇ ਸਾਰੀ ਸ੍ਰਿਸ਼ਟੀ (ਸਾਰੀ ਲੋਕਾਈ) ਲਈ ਸਦਾ-ਸਦਾ ਲਈ ਖੁਲ੍ਹੇ ਹਨ। 'ਇਕ ਦ੍ਰਿਸ਼ਟ' ਹੋਣ ਕਾਰਨ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਬੇਅੰਤ ਦਿਆਲੂ ਹੈ, ਬੇਅੰਤ ਕਿਰਪਾਲੂ ਹੈ, ਇਸ ਕਾਰਨ ਉਹ ਬੇਅੰਤ ਬਖਸ਼ਣਹਾਰਾ ਹੈ। ਸਾਡੇ ਸਾਰੇ ਜਨਮਾਂ-ਜਨਮਾਂਤਰਾਂ ਦੇ ਬੇਅੰਤ ਗੁਨਾਹ ਬਖ਼ਸ਼ਣ ਵਿੱਚ ਇੱਕ ਖਿਣ ਵੀ ਨਹੀਂ ਲਾਉਂਦਾ ਹੈ। ਇਨ੍ਹਾਂ ਸਾਰੇ ਪਰਮ ਸ਼ਕਤੀਸ਼ਾਲੀ ਸਤਿ ਗੁਣਾਂ ਦਾ ਭੰਡਾਰ ਹੋਣ ਕਾਰਨ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਬੇਅੰਤ ਪ੍ਰੀਤ ਦਾ ਸੋਮਾ ਹੈ। ਆਪਣੀ ਛੋਟੀ ਤੋਂ ਛੋਟੀ ਅਤੇ ਨੀਵੀਂ ਤੋਂ ਨੀਵੀਂ ਰਚਨਾ ਵਿੱਚ ਵੀ ਆਪ ਸਮਾਇਆ ਹੋਣ ਕਾਰਨ ਉਹ ਬੇਅੰਤ ਨਿਮਰਤਾ ਦਾ ਸੋਮਾ ਹੈ। ਬੇਅੰਤ ਨਿਮਰਤਾ ਦੀ ਇਸ ਪਰਮ ਸ਼ਕਤੀ ਦਾ ਮਾਲਕ ਹੋਣ ਕਾਰਨ ਉਸ ਦੀ ਪ੍ਰਾਪਤੀ ਦਾ ਮਾਰਗ ਅਤਿ ਹਲੀਮੀ ਦਾ ਮਾਰਗ ਹੈ। ਇਸੇ ਲਈ ਬੇਅੰਤ ਨਿਰਮਾਣਤਾ ਅਤੇ ਹਲੀਮੀ ਦਰਗਾਹ ਦੀ ਕੁੰਜੀ ਹੈ। ਇਸ ਲਈ 'ਨਿਰਵੈਰ' ਬਣਨ ਦੀ ਇਸ ਪਰਮ ਸ਼ਕਤੀ ਦੀ ਪ੍ਰਾਪਤੀ ਨਾਲ ਹੀ ਅਕਾਲ ਪੁਰਖ ਵਿੱਚ ਅਭੇਦ

ਹੋਇਆ ਜਾ ਸਕਦਾ ਹੈ। 'ਨਿਰਵੈਰ' ਹੋਣ ਦੀ ਪਰਮ ਸ਼ਕਤੀ ਦੀ ਪ੍ਰਾਪਤੀ ਦਾ ਅਰਥ ਹੈ: ਇੱਕ ਦ੍ਰਿਸ਼ਟ ਹੋ ਜਾਣ ਦੀ ਪਰਮ ਸ਼ਕਤੀ ਦੀ ਪ੍ਰਾਪਤੀ; ਪਰਮ ਦਿਆਲਤਾ ਦੀ ਪਰਮ ਸ਼ਕਤੀ ਦੀ ਪ੍ਰਾਪਤੀ; ਗੁਨਾਹਗਾਰਾਂ ਨੂੰ ਬਖ਼ਸ਼ਣ ਦੀ ਪਰਮ ਸ਼ਕਤੀ ਦੀ ਪ੍ਰਾਪਤੀ; ਬੇਅੰਤ ਨਿਰਮਾਣਤਾ ਅਤੇ ਹਲੀਮੀ ਦੀ ਪਰਮ ਸ਼ਕਤੀ ਦੀ ਪ੍ਰਾਪਤੀ; ਮਨੁੱਖਾਂ ਦੇ ਜ਼ਹਿਰ ਨੂੰ ਪੀਣਾ ਅਤੇ ਉਨ੍ਹਾਂ ਨੂੰ ਅੰਮ੍ਰਿਤ ਦੇਣ ਦੀ ਪਰਮ ਸ਼ਕਤੀ ਦੀ ਪ੍ਰਾਪਤੀ। 'ਨਿਰਵੈਰ' ਹੋਣ ਦਾ ਅਰਥ ਹੈ: ਇੱਕ ਦ੍ਰਿਸ਼ਟ ਹੋਣ ਦੇ ਪਰਮ ਸਤਿ ਗੁਣ ਦੀ ਪ੍ਰਾਪਤੀ; ਪਰਮ ਦਿਆਲੂ ਹੋਣ ਦੇ ਪਰਮ ਸਤਿ ਗੁਣ ਦੀ ਪ੍ਰਾਪਤੀ; ਗੁਨਾਹਗਾਰਾਂ ਨੂੰ ਬਖ਼ਸ਼ਣ ਦੇ ਪਰਮ ਸਤਿ ਗੁਣ ਦੀ ਪ੍ਰਾਪਤੀ; ਬੇਅੰਤ ਨਿਮਰਤਾ ਅਤੇ ਹਲੀਮੀ ਦੇ ਪਰਮ ਸਤਿ ਗੁਣ ਦੀ ਪ੍ਰਾਪਤੀ ਅਤੇ ਇਨ੍ਹਾਂ ਪਰਮ ਸਤਿ ਗੁਣਾਂ ਨਾਲ ਅਪਣੇ ਹਿਰਦੇ ਨੂੰ ਭਰਪੂਰ ਕਰ ਲੈਣ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ। ਮਨੁੱਖਾ ਜੀਵਨ ਲਈ ਆਪਣੀ ਬੰਦਗੀ ਨੂੰ ਪੂਰਨ ਅਵਸਥਾ ਵਿੱਚ ਵੇਖਣ ਲਈ 'ਨਿਰਵੈਰੁ' ਦਾ ਇਹ ਤੱਥ ਸਮਝਣਾ ਬੇਅੰਤ ਲਾਜ਼ਮੀ ਹੈ। ਕਿਉਂਕਿ ਕੇਵਲ 'ਨਿਰਵੈਰੁ' ਮਨੁੱਖ ਹੀ ਹਿਰਦੇ ਦੀ ਪੂਰਨ ਸਚਿਆਰੀ ਰਹਿਤ ਵਿੱਚ ਜਾ ਸਕਦਾ ਹੈ। ਕੇਵਲ 'ਨਿਰਵੈਰੁ' ਹੀ ਪੂਰਨ 'ਸਤਿ' ਵਿੱਚ ਸਮਾ ਸਕਦਾ ਹੈ। ਕੇਵਲ 'ਨਿਰਵੈਰੁ' ਮਨੁੱਖ ਹੀ ਮਾਇਆ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਨੂੰ ਜਿੱਤ ਕੇ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਵਿੱਚ ਸਦਾ-ਸਦਾ ਲਈ ਲੀਨ ਹੋ ਸਕਦਾ ਹੈ। ਕੇਵਲ 'ਨਿਰਵੈਰੁ' ਹੀ ਪੂਰਨ ਸਤਿ ਦੀ ਸੇਵਾ ਕਰ ਸਕਦਾ ਹੈ। ਕੇਵਲ 'ਨਿਰਵੈਰੁ' ਹੀ ਪੂਰਨ ਸਤਿ ਨੂੰ ਵਰਤਾ ਸਕਦਾ ਹੈ। ਇਸ ਲਈ ਮਨੁੱਖਾ ਜੀਵਨ ਨੂੰ ਅਕਾਲ ਪੁਰਖ ਵਿੱਚ ਅਭੇਦ ਕਰਨ ਲਈ ਅਤੇ ਪੂਰਨ ਬੰਦਗੀ ਲਈ 'ਨਿਰਵੈਰੁ' ਅਵਸਥਾ ਦੀ ਪ੍ਰਾਪਤੀ ਕਰਨਾ ਦਰਗਾਹੀ ਹੁਕਮ ਹੈ। ਕੇਵਲ 'ਨਿਰਵੈਰੁ' ਮਨੁੱਖ ਹੀ ਪਰਉਪਕਾਰ ਅਤੇ ਮਹਾ ਪਰਉਪਕਾਰ ਦੇ ਗੁਰਪ੍ਰਸਾਦਿ ਦੀ ਬਖ਼ਸ਼ਿਸ਼ ਪ੍ਰਾਪਤ ਕਰ ਸਕਦਾ ਹੈ। ਕੇਵਲ 'ਨਿਰਵੈਰੁ' ਮਨੁੱਖ ਹੀ ਪੂਰਨ ਬੰਦਗੀ ਅਤੇ ਸਦਾ ਸੁਹਾਗ ਪ੍ਰਾਪਤ ਕਰ ਸਕਦਾ ਹੈ।

ਸਤਿ ਦੀ ਕਰਨੀ ਅਤਿ ਸੁੰਦਰ ਕਰਨੀ ਹੈ। ਸਤਿ ਦੀ ਕਰਨੀ ਅਤਿ ਉੱਤਮ ਕਰਨੀ ਹੈ। ਸਤਿ ਦੀ ਕਰਨੀ ਅਤਿ ਨਿਰਮਲ ਕਰਨੀ ਹੈ। ਸਤਿ ਦੀ ਕਰਨੀ ਅਤਿ ਸ਼ਕਤੀਸ਼ਾਲੀ ਕਰਨੀ ਹੈ। ਸਤਿ ਦੀ ਕਰਨੀ ਵਿੱਚ ਉਹ ਇਲਾਹੀ ਸ਼ਕਤੀ ਹੈ ਜਿਸ ਦੇ ਨਾਲ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਨਦਰ ਦੀ ਪ੍ਰਾਪਤੀ ਹੁੰਦੀ ਹੈ। ਸਤਿ ਦੀ ਕਰਨੀ ਵਿੱਚ ਉਹ ਦਰਗਾਹੀ ਸ਼ਕਤੀ ਹੈ ਜਿਸ ਦੇ ਨਾਲ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਮਹਿਰਾਮਤ ਦੀ ਪ੍ਰਾਪਤੀ ਹੁੰਦੀ ਹੈ। ਸਤਿ ਦੀ ਕਰਨੀ ਵਿੱਚ ਉਹ ਰੂਹਾਨੀ ਸ਼ਕਤੀ ਹੈ ਜਿਸ ਦੇ ਨਾਲ ਮਨੁੱਖ ਨੂੰ ਦਰਗਾਹੀ ਕਰਮ ਦੀ ਪ੍ਰਾਪਤੀ ਹੁੰਦੀ ਹੈ। ਸਤਿ ਦੀ ਕਰਨੀ ਵਿੱਚ ਉਹ ਪਰਮ ਸ਼ਕਤੀ ਹੈ ਜਿਸ ਦੇ ਨਾਲ ਮਨੁੱਖ ਨੂੰ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਸਤਿ ਦੀ ਕਰਨੀ ਦੇ ਨਾਲ ਮਨੁੱਖ ਨੂੰ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ 'ਤੇ ਪੂਰਨ ਸਮਰਪਣ ਕਰਨ ਦੇ ਨਾਲ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦੀ ਸੁਰਤਿ ਅਤੇ ਸ਼ਬਦ ਦਾ ਸੁਮੇਲ ਹੁੰਦਾ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦੀ ਸੁਰਤਿ ਵਿੱਚ ਸਤਿਨਾਮ ਉੱਕਰਿਆ ਜਾਂਦਾ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦੀ ਸਮਾਧੀ ਲੱਗ ਜਾਂਦੀ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਦਾ ਮਨ ਸ਼ਾਂਤ ਹੋ ਜਾਂਦਾ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਭਗਤ ਨੂੰ ਸੁੰਨ ਸਮਾਧੀ ਦੀ ਪ੍ਰਾਪਤੀ ਹੁੰਦੀ ਹੈ। ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਭਗਤ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਗੁਰਪ੍ਰਸਾਦਿ ਦੀ ਪ੍ਰਾਪਤੀ

ਦੇ ਨਾਲ ਹੀ ਭਗਤ ਦੇ ੭ ਸਤਿ ਸਰੋਵਰ ਜਾਗਰਿਤ ਹੁੰਦੇ ਹਨ। ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਭਗਤ ਦੀ ਤ੍ਰਿਕੁਟੀ ਖੁੱਲ੍ਹ ਜਾਂਦੀ ਹੈ।

੭ ਸਤਿ ਸਰੋਵਰਾਂ ਦੇ ਜਾਗਰਿਤ ਹੋਣ ਦੇ ਨਾਲ ਅਤੇ ਦਸਮ ਦੁਆਰ ਦੇ ਖੁੱਲ੍ਹਣ ਦੇ ਨਾਲ ਹੀ ਭਗਤ ਨੂੰ ਦਿੱਬ ਦ੍ਰਿਸ਼ਟੀ ਦੀ ਪ੍ਰਾਪਤੀ ਹੋ ਜਾਂਦੀ ਹੈ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਦੇ ਨਾਲ ਹੀ ਅਗਿਆਨਤਾ ਦਾ ਸਾਰਾ ਹਨੇਰਾ ਮਿਟ ਜਾਂਦਾ ਹੈ ਅਤੇ ਬ੍ਰਹਮ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਦੇ ਨਾਲ ਹੀ ਭਗਤ ਨੂੰ ਸਤਿਗੁਰੂ ਅਵਤਾਰਾਂ ਦੇ ਦਰਸ਼ਨ ਹੁੰਦੇ ਹਨ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਦੇ ਨਾਲ ਹੀ ਮਨੁੱਖ ਨੂੰ ਸੰਤਾਂ, ਭਗਤਾਂ ਅਤੇ ਬ੍ਰਹਮ ਗਿਆਨੀ ਮਹਾਂਪੁਰਖਾਂ ਦੇ ਦਰਸ਼ਨ ਹੁੰਦੇ ਹਨ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਹੋਣ ਦੇ ਨਾਲ ਹੀ ਭਗਤ ਨੂੰ ਦੇਵੀ-ਦੇਵਤਿਆਂ ਦੇ ਸੂਖਸ਼ਮ ਰੂਪ ਦੇ ਦਰਸ਼ਨ ਹੁੰਦੇ ਹਨ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਦੇ ਨਾਲ ਹੀ ਭਗਤ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੁੰਦੇ ਹਨ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਦੇ ਨਾਲ ਹੀ ਭਗਤ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਹੁੰਦੇ ਹਨ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਦੇ ਨਾਲ ਹੀ ਭਗਤ ਨੂੰ ਪਰਮ ਜੋਤ ਪੂਰਨ ਪ੍ਰਕਾਸ਼ ਦੇ ਨਿਰੰਤਰ ਦਰਸ਼ਨ ਹੁੰਦੇ ਹਨ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਦੇ ਨਾਲ ਹੀ ਭਗਤ ਦੇ ਨੇਤਰਾਂ ਵਿੱਚ ਬੇਅੰਤ ਪ੍ਰਕਾਸ਼ ਦਿਸਣ ਲੱਗ ਪੈਂਦਾ ਹੈ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਦੇ ਨਾਲ ਹੀ ਭਗਤ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਰਬ-ਵਿਆਪਕ ਰੂਪ ਦੇ ਦਰਸ਼ਨ ਹੁੰਦੇ ਹਨ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਦੇ ਨਾਲ ਹੀ ਭਗਤ ਨੂੰ ਸਰਗੁਣ ਵਿੱਚ ਨਿਰਗੁਣ ਦੇ ਦਰਸ਼ਨ ਹੁੰਦੇ ਹਨ ਅਤੇ ਹਰ ਇੱਕ ਰਚਨਾ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਹੁੰਦੇ ਹਨ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਦੇ ਨਾਲ ਹੀ ਭਗਤ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਦਾ ਅਨੁਭਵ ਹੁੰਦਾ ਹੈ। ਦਿੱਬ ਦ੍ਰਿਸ਼ਟੀ ਦੀ ਪ੍ਰਾਪਤੀ ਦੇ ਨਾਲ ਹੀ ਭਗਤ ਨੂੰ ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜਿਸ ਦੇ ਫ਼ਲ ਸਰੂਪ ਸਾਰੇ ਭਰਮਾਂ ਦਾ ਅੰਤ ਹੋ ਜਾਂਦਾ ਹੈ। ਜਿਸ ਦੇ ਫ਼ਲ ਸਰੂਪ ਭਗਤ ਨੂੰ ਮਾਇਆ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਦਾ ਖੇਲ ਪੂਰਨ ਤੌਰ 'ਤੇ ਸਮਝ ਵਿੱਚ ਆਉਂਦਾ ਹੈ। ਜਿਸ ਦੇ ਫ਼ਲ ਸਰੂਪ ਭਗਤ ਨੂੰ ਮਾਇਆ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਉੱਪਰ ਜਿੱਤ ਹਾਸਿਲ ਹੁੰਦੀ ਹੈ। ਜਿਸ ਦੇ ਫ਼ਲ ਸਰੂਪ ਭਗਤ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਪਰਮ ਸ਼ਕਤੀਆਂ ਦੇ ਗੁੱਝੇ ਭੇਦਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਦੇ ਨਾਲ ਹੀ ਭਗਤ ਨੂੰ ਪਰਮ ਪਦਵੀ ਦੀ ਪ੍ਰਾਪਤੀ ਹੁੰਦੀ ਹੈ। ਆਨੰਦ ਸਾਹਿਬ ਦੀ ਪਉੜੀ ੩੬ ਵਿੱਚ ਦਿੱਬ ਦ੍ਰਿਸ਼ਟ ਦੀ ਬੇਅੰਤ ਮਹਿਮਾ ਨੂੰ ਪ੍ਰਗਟ ਕੀਤਾ ਗਿਆ ਹੈ। ਦਿੱਬ ਦ੍ਰਿਸ਼ਟ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਗੁਰਬਾਣੀ ਦੇ ਇਸ ਸਲੋਕ ਵਿੱਚ ਵੀ ਪ੍ਰਗਟ ਕੀਤੀ ਗਈ ਹੈ:

ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥
ਗੁਰ ਪਰਸਾਦਿ ਪਰਮ ਪਦੁ ਪਾਏ ॥
ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ ॥੨॥
ਸੰਜੋਗੀ ਧਨ ਪਿਰ ਮੇਲਾ ਹੋਵੈ ॥ ਗੁਰਮਤਿ ਵਿਚਹੁ ਦੁਰਮਤਿ ਖੋਵੈ ॥
ਰੰਗ ਸਿਉ ਨਿਤ ਰਲੀਆ ਮਾਣੈ ਅਪਣੇ ਕੰਤ ਪਿਆਰੀ ਜੀਉ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੨੬}

ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਪੂਰਨ ਸਤਿਗੁਰੂ ਦੀ ਸਤਿ ਸੰਗਤ ਵਿੱਚ ਹੁੰਦੀ ਹੈ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਸਤਿਗੁਰੂ ਦੀ ਗੁਰ ਕਿਰਪਾ ਅਤੇ ਗੁਰਪ੍ਰਸਾਦਿ ਦੇ ਨਾਲ ਹੀ ਹੁੰਦੀ ਹੈ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੁੰਦੀ ਹੈ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਸਤਿਗੁਰੂ ਦੇ ਬਚਨਾਂ ਦੀ ਕਮਾਈ ਕਰਨ ਦੇ ਨਾਲ ਹੁੰਦੀ ਹੈ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਸਤਿਗੁਰੂ ਦੀ ਕਿਰਪਾ ਅਤੇ ਗੁਰਪ੍ਰਸਾਦਿ ਦੀ ਸੇਵਾ-ਸੰਭਾਲਤਾ ਕਰਨ ਦੇ ਨਾਲ ਹੁੰਦੀ ਹੈ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਸਤਿਗੁਰੂ ਦੇ ਛਤਰ ਹੇਠ ਬੈਠ ਕੇ ਸਤਿਨਾਮ ਸਿਮਰਨ ਅਤੇ ਸਤਿਨਾਮ ਦੀ ਕਮਾਈ ਕਰਨ ਦੇ ਨਾਲ ਹੁੰਦੀ ਹੈ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਨ ਦੇ ਨਾਲ ਹੁੰਦੀ ਹੈ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਸਤਿਗੁਰੂ ਦੇ ਸਤਿ ਚਰਨਾਂ 'ਤੇ ਸੀਸ ਭੇਟ ਕਰਨ ਦੇ ਨਾਲ ਹੁੰਦੀ ਹੈ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਸਤਿਗੁਰੂ ਦੇ ਸਤਿ ਚਰਨਾਂ 'ਤੇ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਦੇ ਨਾਲ ਤਨ, ਮਨ ਅਤੇ ਧਨ ਅਰਪਣ ਕਰਨ ਦੇ ਨਾਲ ਹੁੰਦੀ ਹੈ।

ਸਤਿ ਪਾਰਬ੍ਰਹਮ ਪਰਮੇਸ਼ਰ ਦੀ ਅਦੁੱਤੀ ਹਸਤੀ ਸਰਬ-ਵਿਆਪਕ ਹੈ। ਸਾਰੀ ਸ੍ਰਿਸ਼ਟੀ ਵਿੱਚ ਕੋਈ ਥਾਂ ਐਸੀ ਨਹੀਂ ਹੈ ਜਿੱਥੇ ਸਤਿ ਪਾਰਬ੍ਰਹਮ ਨਹੀਂ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਸਾਰੀ ਸ੍ਰਿਸ਼ਟੀ ਵਿੱਚ ਆਪ ਸਮਾਇਆ ਹੋਇਆ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਹਰ ਇੱਕ ਰਚਨਾ ਵਿੱਚ ਆਪਣੇ ਨਿਰਗੁਣ ਸਰੂਪ ਵਿੱਚ ਆਪ ਸਮਾਇਆ ਹੋਇਆ ਹੈ। ਸਾਰਾ ਸੰਸਾਰ ਜੋ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਸਰਗੁਣ ਸਰੂਪ ਹੈ ਉਸ ਦੀ ਹਰ ਇੱਕ ਰਚਨਾ ਵਿੱਚ ਆਪਣੇ ਨਿਰਗੁਣ ਸਰੂਪ ਵਿੱਚ ਆਪ ਸਮਾਇਆ ਹੋਇਆ ਹੈ। ਇਸ ਪਰਮ ਸਤਿ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਪਉੜੀ ॥
ਸਭ ਆਪੇ ਤੁਧੁ ਉਪਾਇ ਕੈ ਆਪਿ ਕਾਰੈ ਲਾਈ ॥
ਤੂੰ ਆਪੇ ਵੇਖਿ ਵਿਗਸਦਾ ਆਪਣੀ ਵਡਿਆਈ ॥
ਹਰਿ ਤੁਧਹੁ ਬਾਹਰਿ ਕਿਛੁ ਨਾਹੀ ਤੂੰ ਸਚਾ ਸਾਈ ॥
ਤੂੰ ਆਪੇ ਆਪਿ ਵਰਤਦਾ ਸਭਨੀ ਹੀ ਥਾਈ ॥
ਹਰਿ ਤਿਸੈ ਧਿਆਵਹੁ ਸੰਤ ਜਨਹੁ ਜੋ ਲਏ ਛਡਾਈ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੩}

ਮੇਰਾ ਠਾਕੁਰੁ ਸਚੁ ਦ੍ਰਿੜਾਏ ॥ ਗੁਰ ਪਰਸਾਦੀ ਸਚਿ ਚਿਤੁ ਲਾਏ ॥
ਸਚੋ ਸਚੁ ਵਰਤੈ ਸਭਨੀ ਥਾਈ ਸਚੇ ਸਚਿ ਸਮਾਵਣਿਆ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੨}

ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥
ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ ॥
ਦੂਖ ਬਿਸਾਰਣਹਾਰੁ ਸੁਆਮੀ ਕੀਤਾ ਜਾ ਕਾ ਹੋਵੈ ॥
ਕੋਟ ਕੋਟੰਤਰ ਪਾਪਾ ਕੇਰੇ ਏਕ ਘੜੀ ਮਹਿ ਖੋਵੈ ॥
ਹੰਸ ਸਿ ਹੰਸਾ ਬਗ ਸਿ ਬਗਾ ਘਟ ਘਟ ਕਰੇ ਬੀਚਾਰੁ ਜੀਉ ॥

ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੩੮}

ਥਾਨਿ ਥਨੰਤਰਿ ਸਭਨੀ ਜਾਈ ਜੋ ਦੀਸੈ ਸੋ ਤੇਰਾ ॥
ਸੰਤਸੰਗਿ ਪਾਵੈ ਜੋ ਨਾਨਕ ਤਿਸੁ ਬਹੁਰਿ ਨ ਹੋਈ ਹੈ ਫੇਰਾ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੦੦}

ਜਹ ਦੇਖਾ ਤੂ ਸਭਨੀ ਥਾਈ ॥ ਪੂਰੈ ਗੁਰਿ ਸਭ ਸੋਝੀ ਪਾਈ ॥
ਨਾਮੋ ਨਾਮੁ ਧਿਆਈਐ ਸਦਾ ਸਦ ਇਹੁ ਮਨੁ ਨਾਮੇ ਰਾਤਾ ਹੇ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੫੧-੧੦੫੨}

ਮਾਝ ਮਹਲਾ ੫ ॥
ਤੂੰ ਪੇਡੁ ਸਾਖ ਤੇਰੀ ਫੂਲੀ ॥ ਤੂੰ ਸੂਖਮੁ ਹੋਆ ਅਸਥੂਲੀ ॥
ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥੧॥
ਤੂੰ ਸੂਤੁ ਮਣੀਏ ਭੀ ਤੂੰਹੈ ॥ ਤੂੰ ਗੰਠੀ ਮੇਰੁ ਸਿਰਿ ਤੂੰਹੈ ॥
ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ ॥੨॥
ਤੂੰ ਨਿਰਗੁਣੁ ਸਰਗੁਣੁ ਸੁਖਦਾਤਾ ॥ ਤੂੰ ਨਿਰਬਾਣੁ ਰਸੀਆ ਰੰਗਿ ਰਾਤਾ ॥
ਅਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ ॥੩॥
ਤੂੰ ਠਾਕੁਰੁ ਸੇਵਕੁ ਫੁਨਿ ਆਪੇ ॥ ਤੂੰ ਗੁਪਤੁ ਪਰਗਟੁ ਪ੍ਰਭ ਆਪੇ ॥
ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਉ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੨}

ਸੋਰਠਿ ਮਹਲਾ ੪ ॥
ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਥਾਪਿ ਉਥਾਪੈ ॥
ਆਪੇ ਵੇਖਿ ਵਿਗਸਦਾ ਪਿਆਰਾ ਕਰਿ ਚੋਜ ਵੇਖੈ ਪ੍ਰਭੁ ਆਪੈ ॥
ਆਪੇ ਵਣਿ ਤਿਣਿ ਸਭਤੁ ਹੈ ਪਿਆਰਾ ਆਪੇ ਗੁਰਮੁਖਿ ਜਾਪੈ ॥੧॥
ਜਪਿ ਮਨ ਹਰਿ ਹਰਿ ਨਾਮ ਰਸਿ ਧ੍ਰਾਪੈ ॥
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰ ਸਬਦੀ ਚਖਿ ਜਾਪੈ ॥ ਰਹਾਉ ॥
ਆਪੇ ਤੀਰਥੁ ਤੁਲਹੜਾ ਪਿਆਰਾ ਆਪਿ ਤਰੈ ਪ੍ਰਭੁ ਆਪੈ ॥
ਆਪੇ ਜਾਲੁ ਵਤਾਇਦਾ ਪਿਆਰਾ ਸਭੁ ਜਗੁ ਮਛੁਲੀ ਹਰਿ ਆਪੈ ॥
ਆਪਿ ਅਭੁਲੁ ਨ ਭੁਲਈ ਪਿਆਰਾ ਅਵਰੁ ਨ ਦੂਜਾ ਜਾਪੈ ॥੨॥
ਆਪੇ ਸਿੰਙੀ ਨਾਦੁ ਹੈ ਪਿਆਰਾ ਧੁਨਿ ਆਪਿ ਵਜਾਏ ਆਪੈ ॥
ਆਪੇ ਜੋਗੀ ਪੁਰਖੁ ਹੈ ਪਿਆਰਾ ਆਪੇ ਹੀ ਤਪੁ ਤਾਪੈ ॥
ਆਪੇ ਸਤਿਗੁਰੁ ਆਪਿ ਹੈ ਚੇਲਾ ਉਪਦੇਸੁ ਕਰੈ ਪ੍ਰਭੁ ਆਪੈ ॥੩॥
ਆਪੇ ਨਾਉ ਜਪਾਇਦਾ ਪਿਆਰਾ ਆਪੇ ਹੀ ਜਪੁ ਜਾਪੈ ॥
ਆਪੇ ਅੰਮ੍ਰਿਤੁ ਆਪਿ ਹੈ ਪਿਆਰਾ ਆਪੇ ਹੀ ਰਸੁ ਆਪੈ ॥

ਆਪੇ ਆਪਿ ਸਲਾਹਦਾ ਪਿਆਰਾ ਜਨ ਨਾਨਕ ਹਰਿ ਰਸਿ ਧ੍ਰਾਪੈ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੦੫}

ਸਾਰੇ ਸੰਸਾਰ ਵਿੱਚ ਸਤਿ ਪਾਰਬ੍ਰਹਮ ਆਪੇ ਆਪ ਹੀ ਵਰਤਦਾ ਹੈ। ਸਾਰੀ ਸਿਰਜਣਾ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਆਪੇ ਆਪ ਹੀ ਵਰਤਦਾ ਹੈ। ਹਰ ਇੱਕ ਰਚਨਾ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਹੀ ਵਰਤਦਾ ਹੈ। ਸਾਰਾ ਸੰਸਾਰ ਜੋ ਮਨੁੱਖੀ ਨੇਤਰਾਂ ਨੂੰ ਦਿਖਦਾ ਹੈ ਉਹ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਸਰਗੁਣ ਸਰੂਪ ਹੈ। ਜੋ ਪਰਮ ਸ਼ਕਤੀ ਸਰਗੁਣ ਸਰੂਪ ਨੂੰ ਚਲਾਉਂਦੀ ਹੈ ਉਹ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਨਿਰਗੁਣ ਸਰੂਪ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦਾ ਸਰਗੁਣ ਸਰੂਪ (ਸੰਸਾਰ) ਮਨੁੱਖੀ ਨੇਤਰਾਂ ਨੂੰ ਦਿਖਦਾ ਹੈ ਪਰੰਤੂ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਨਿਰਗੁਣ ਸਰੂਪ ਮਨੁੱਖੀ ਨੇਤਰਾਂ ਨੂੰ ਨਹੀਂ ਦਿਸਦਾ ਹੈ। ਨਿਰਗੁਣ ਸਰੂਪ ਜੋ ਕਿ ਰੂਪ, ਰੇਖ ਅਤੇ ਰੰਗ ਤੋਂ ਭਿੰਨ ਹੈ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀ ਹੈ ਉਹ ਆਮ ਮਨੁੱਖ ਦੇ ਨੇਤਰਾਂ ਨੂੰ ਨਹੀਂ ਦਿਖ ਸਕਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦਾ ਨਿਰਗੁਣ ਸਰੂਪ ਕੇਵਲ ਉਸ ਭਗਤ ਨੂੰ ਦਿਸਦਾ ਹੈ ਜਿਸ ਨੂੰ ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਹੁੰਦੀ ਹੈ। ਨਿਰਗੁਣ ਸਰੂਪ ਵਿੱਚ ਸਥਾਪਿਤ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀ ਕੇਵਲ ਉਸ ਭਗਤ ਨੂੰ ਅਨੁਭਵ ਹੁੰਦੀ ਹੈ ਜਿਸ ਨੂੰ ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਸ ਭਗਤ ਨੂੰ ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਹੋ ਜਾਂਦੀ ਹੈ ਉਸ ਨੂੰ ਸੂਖਸ਼ਮ ਰੂਪ ਵਿੱਚ ਵਰਤ ਰਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਨਿਰਗੁਣ ਸ਼ਕਤੀ ਦੇ ਨਾਲ ਹੀ:— ਸਤਿਗੁਰੂ ਅਵਤਾਰਾਂ ਦੇ ਦਰਸ਼ਨ ਹੁੰਦੇ ਹਨ; ਪੂਰਨ ਸੰਤ ਮਹਾਂਪੁਰਖਾਂ ਦੇ ਦਰਸ਼ਨ ਹੁੰਦੇ ਹਨ; ਪਰਮ ਜੋਤ ਪੂਰਨ ਪ੍ਰਕਾਸ਼ ਦੇ ਦਰਸ਼ਨ ਹੁੰਦੇ ਹਨ; ਆਪਣੀ ਕੰਚਨ ਹੋਈ ਦੇਹੀ ਦੇ ਦਰਸ਼ਨ ਹੁੰਦੇ ਹਨ; ਆਪਣਾ ਦਸਮ ਦੁਆਰ ਖੁੱਲ੍ਹਣ ਦੇ ਦਰਸ਼ਨ ਹੁੰਦੇ ਹਨ; ਆਪਣੀ ਹੀ ਦੇਹੀ ਵਿੱਚੋਂ ਇਲਾਹੀ ਪ੍ਰਕਾਸ਼ ਦੇ ਦਰਸ਼ਨ ਹੁੰਦੇ ਹਨ; ਆਪਣੇ ਰੋਮ-ਰੋਮ ਵਿੱਚੋਂ ਨਿਕਲ ਰਹੇ ਸਤਿਨਾਮ ਦੇ ਪ੍ਰਕਾਸ਼ ਦੇ ਦਰਸ਼ਨ ਹੁੰਦੇ ਹਨ; ਆਪਣੇ ਰੋਮ-ਰੋਮ ਵਿੱਚ ਸਤਿਨਾਮ ਸੁਣਦਾ ਹੈ; ਆਪਣੀ ਹੀ ਦੇਹੀ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਹੁੰਦੇ ਹਨ। ਇਨ੍ਹਾਂ ਪਰਮ ਸਤਿ ਤੱਤਾਂ ਦੇ ਪ੍ਰਕਾਸ਼ ਵਿੱਚ ਇਹ ਪਰਮ ਸਤਿ ਪ੍ਰਗਟ ਹੁੰਦਾ ਹੈ ਕਿ ਦਿੱਬ ਦ੍ਰਿਸ਼ਟ ਦੀ ਮਹਿਮਾ ਬਿਆਨ ਨਹੀਂ ਕੀਤੀ ਜਾ ਸਕਦੀ ਹੈ। ਦਿੱਬ ਦ੍ਰਿਸ਼ਟ ਦੀ ਮਹਿਮਾ ਬੇਅੰਤ ਹੈ। ਦਿੱਬ ਦ੍ਰਿਸ਼ਟ ਵਿੱਚ ਸਤਿ ਪਾਰਬ੍ਰਹਮ ਦੀ ਪਰਮ ਸ਼ਕਤੀ ਵਰਤਦੀ ਹੈ। ਇਹ ਪਰਮ ਸਤਿ ਹੈ ਕਿ ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਦੇ ਨਾਲ ਭਗਤ ਦੀ ਭਗਤੀ ਬਹੁਤ ਉੱਚੀ ਅਵਸਥਾ ਵਿੱਚ ਪਹੁੰਚ ਜਾਂਦੀ ਹੈ। ਇਸ ਸ਼ਕਤੀਸ਼ਾਲੀ ਅਵਸਥਾ ਵਿੱਚ ਪਹੁੰਚ ਕੇ ਭਗਤ ਦੀ ਬੰਦਗੀ ਵਿੱਚ ਗੁਰਬਾਣੀ ਵਿੱਚ ਦ੍ਰਿੜ੍ਹ ਕਰਵਾਏ ਗਏ ਸਾਰੇ ਪਰਮ ਸਤਿ ਦੇ ਤੱਤਾਂ ਦੀ ਮਹਿਮਾ ਪ੍ਰਤੱਖ ਪ੍ਰਗਟ ਹੁੰਦੀ ਹੈ।

ਮਨੁੱਖਾ ਦੇਹੀ ਨੂੰ ਪ੍ਰਾਪਤ ਸੁਣਨ ਦੀ ਸ਼ਕਤੀ ਦਰਗਾਹੀ ਹੁਕਮ ਦੇ ਅਨੁਸਾਰ ਦੋ ਕੰਨਾਂ ਵਿੱਚ ਸਥਾਪਿਤ ਕੀਤੀ ਗਈ ਹੈ। ਕੰਨਾਂ ਵਿੱਚ ਸਥਾਪਿਤ ਸੁਣਨ ਦੀ ਸ਼ਕਤੀ ਦੇ ਨਾਲ ਹੀ ਮਨੁੱਖ ਬਾਕੀ ਸਾਰੀ ਦੁਨੀਆਂ ਦੇ ਨਾਲ ਆਪਣਾ ਸੰਪਰਕ ਕਾਇਮ ਰੱਖ ਸਕਦਾ ਹੈ। ਸੁਣਨ ਦੀ ਸ਼ਕਤੀ ਦੇ ਨਾਲ ਹੀ ਮਨੁੱਖ ਬਾਕੀ ਦੀ ਦੁਨੀਆਂ ਦੇ ਲੋਕਾਂ ਦੇ ਵਿਚਾਰ ਸੁਣਦਾ ਹੈ ਅਤੇ ਆਪਣੀ ਭੂਮਿਕਾ ਨੂੰ ਨਿਭਾਉਣ ਲਈ ਕਰਮ ਕਰਦਾ ਹੈ। ਜਿਸ ਸਮਾਜ ਵਿੱਚ ਮਨੁੱਖ ਵਿਚਰਦਾ ਹੈ ਉਸ ਸਮਾਜ ਦੇ ਲੋਕਾਂ ਦੇ ਵਿਚਾਰ ਸੁਣਦਾ ਹੈ ਅਤੇ ਉਸ ਅਨੁਸਾਰ ਆਪਣੇ ਕਰਮਾਂ ਨੂੰ ਅੰਜਾਮ ਦਿੰਦਾ ਹੈ। ਆਪਣੇ ਪਰਿਵਾਰ ਦੇ ਵਿਚਾਰ ਸੁਣਦਾ ਹੈ। ਸੁਣਨ ਦੀ ਸ਼ਕਤੀ

ਦੀ ਮਹੱਤਤਾ ਮਨੁੱਖ ਦੇ ਜਨਮ ਤੋਂ ਹੀ ਕਾਇਮ ਹੋ ਜਾਂਦੀ ਹੈ। ਜਨਮ ਤੋਂ ਉਪਰੰਤ ਸਭ ਤੋਂ ਪਹਿਲੀ ਸ਼ਕਤੀ ਜੋ ਮਨੁੱਖਾ ਦੇਹੀ ਵਿੱਚ ਪ੍ਰਗਟ ਹੁੰਦੀ ਹੈ ਉਹ ਸ਼ਕਤੀ ਸੁਣਨ ਅਤੇ ਬੋਲਣ ਦੀ ਸ਼ਕਤੀ ਹੈ। ਸੁਣਨ ਦੀ ਸ਼ਕਤੀ ਦੇ ਨਾਲ ਜਦ ਬੱਚਾ ਸੁਣਦਾ ਹੈ ਤਾਂ ਹੀ ਬੱਚੇ ਵਿੱਚ ਬੋਲਣ ਦੀ ਸ਼ਕਤੀ ਵਿਕਸਿਤ ਹੁੰਦੀ ਹੈ ਅਤੇ ਉਹ ਬੋਲਣਾ ਸਿੱਖਦਾ ਹੈ। ਬੋਲਣ ਦੀ ਸ਼ਕਤੀ ਤੋਂ ਉਪਰੰਤ ਮਨੁੱਖਾ ਦੇਹੀ ਵਿੱਚ ਦੇਖਣ ਦੀ ਸ਼ਕਤੀ ਪ੍ਰਗਟ ਹੁੰਦੀ ਹੈ। ਕਿਉਂਕਿ ਨਵਾਂ ਜੰਮਿਆ ਬੱਚਾ ਦੇਖ ਨਹੀਂ ਸਕਦਾ ਹੈ। ਦੇਖਣ ਦੀ ਸ਼ਕਤੀ ਬੱਚੇ ਦੇ ਜਨਮ ਤੋਂ ਕੁਝ ਹਫਤਿਆਂ ਬਾਅਦ ਪ੍ਰਗਟ ਹੁੰਦੀ ਹੈ। ਸੁਣਨ, ਬੋਲਣ ਅਤੇ ਦੇਖਣ ਦੀ ਸ਼ਕਤੀ ਦੇ ਨਾਲ ਹੀ ਬੱਚੇ ਵਿੱਚ ਸੋਚਣ ਦੀ ਸ਼ਕਤੀ ਵਿਕਸਿਤ ਹੁੰਦੀ ਹੈ। ਸੁਣਨ, ਬੋਲਣ ਅਤੇ ਦੇਖਣ ਦੀਆਂ ਸ਼ਕਤੀਆਂ ਦੇ ਨਾਲ ਹੀ ਮਨੁੱਖ ਦਾ ਜੀਵਨ ਵਿਕਸਿਤ ਹੁੰਦਾ ਹੈ। ਸੁਣਨ, ਬੋਲਣ, ਦੇਖਣ ਅਤੇ ਸੋਚਣ ਦੀਆਂ ਸ਼ਕਤੀਆਂ ਦੇ ਨਾਲ ਹੀ ਬਚਪਨ ਤੋਂ ਮਨੁੱਖ ਜੀਵਨ ਵਿੱਚ ਸਭ ਕੁਝ ਸਿੱਖਦਾ ਹੈ। ਜਿਵੇਂ-ਜਿਵੇਂ ਮਨੁੱਖੀ ਜੀਵਨ ਅਗਾਂਹ ਨੂੰ ਵੱਧਦਾ ਹੈ ਤਿਵੇਂ-ਤਿਵੇਂ ਮਨੁੱਖਾ ਦੇਹੀ ਵਿੱਚ ਪ੍ਰਗਟ ਹੋਈਆਂ ਇਹ ਸ਼ਕਤੀਆਂ (ਦੇਖਣ ਦੀ ਸ਼ਕਤੀ, ਸੁਣਨ ਦੀ ਸ਼ਕਤੀ, ਬੋਲਣ ਦੀ ਸਕਤੀ, ਸੁੰਘਣ ਦੀ ਸ਼ਕਤੀ, ਸੁਆਦ ਚੱਖਣ ਦੀ ਸ਼ਕਤੀ, ਸੋਚਣ ਦੀ ਸ਼ਕਤੀ ਅਤੇ ਮਹਿਸੂਸ ਕਰਨ ਦੀ ਸ਼ਕਤੀ ਆਦਿ) ਵੀ ਵਿਕਸਿਤ ਹੁੰਦੀਆਂ ਹਨ; ਜਿਸ ਦੇ ਫਲ਼ ਸਰੂਪ ਮਨੁੱਖਾ ਜੀਵਨ ਵੀ ਵਿਕਸਿਤ ਹੁੰਦਾ ਹੈ। ਸੁਣੇ ਗਏ ਵਿਚਾਰਾਂ ਦੇ ਆਧਾਰ ਉੱਪਰ ਹੀ ਮਨੁੱਖ ਦਾ ਚਰਿੱਤਰ, ਵਿਵਹਾਰ, ਸੋਚ, ਕਰਮ ਆਦਿ ਵਿਕਸਿਤ ਹੁੰਦੇ ਹਨ। ਸੁਣੇ ਗਏ ਵਿਚਾਰਾਂ ਦੇ ਆਧਾਰ ਉੱਪਰ ਹੀ ਮਨੁੱਖ ਦੀ ਬੁੱਧੀ ਅਤੇ ਗਿਆਨ ਵਿਕਸਿਤ ਹੁੰਦਾ ਹੈ। ਸੁਣੇ ਗਏ ਵਿਚਾਰਾਂ ਦੇ ਆਧਾਰ ਉੱਪਰ ਹੀ ਮਨੁੱਖ ਦੀ ਬਿਰਤੀ ਵਿਕਸਿਤ ਹੁੰਦੀ ਹੈ। ਸੁਣੇ ਗਏ ਸਤਿ (ਸਤਿ ਗੁਣੀ) ਵਿਚਾਰਾਂ ਦੇ ਆਧਾਰ ਉੱਪਰ ਹੀ ਮਨੁੱਖ ਦੀ ਬਿਰਤੀ ਸਤੋ (ਸਤੋ ਗੁਣੀ) ਬਿਰਤੀ ਬਣਦੀ ਹੈ। ਸੁਣੇ ਗਏ ਅਸਤਿ (ਮਹਾ ਵਿਨਾਸ਼ਕਾਰੀ ਮਾਇਕੀ) ਵਿਚਾਰਾਂ ਦੇ ਆਧਾਰ ਉੱਪਰ ਹੀ ਮਨੁੱਖ ਦੀ ਬਿਰਤੀ ਮਾਇਕੀ (ਮਹਾ ਵਿਨਾਸ਼ਕਾਰੀ) ਬਿਰਤੀ ਬਣਦੀ ਹੈ। ਸੁਣੇ ਗਏ ਵਿਚਾਰਾਂ ਦੇ ਆਧਾਰ ਉੱਪਰ ਹੀ ਮਨੁੱਖ ਦਾ ਜੀਵਨ ਬਣਦਾ ਹੈ ਜਾਂ ਬਿਗੜਦਾ ਹੈ। ਸੁਣੇ ਗਏ ਵਿਚਾਰਾਂ ਦੇ ਆਧਾਰ ਉੱਪਰ ਹੀ ਮਨੁੱਖ ਦਾ ਜੀਵਨ ਸਫਲ ਹੁੰਦਾ ਹੈ ਜਾਂ ਅਸਫਲ ਹੁੰਦਾ ਹੈ। ਇਸ ਲਈ ਮਨੁੱਖਾ ਜਨਮ ਜੀਵਨ ਵਿੱਚ ਸੁਣਨ ਦੀ ਸ਼ਕਤੀ ਦਾ ਮਹਾਤਮ ਸਮਝਣਾ ਬੇਅੰਤ ਲਾਜ਼ਮੀ ਹੈ। ਕਿਉਂਕਿ ਸੁਣਨ ਦੀ ਸ਼ਕਤੀ ਦੇ ਨਾਲ ਮਨੁੱਖਾ ਜੀਵਨ ਦੇ ਵਿਕਾਸ ਦਾ ਮੁੱਢ ਜੁੜਿਆ ਹੋਇਆ ਹੈ। ਮਨੁੱਖ ਦੇ ਰੋਜ਼ਾਨਾ ਜੀਵਨ ਵਿੱਚ ਕੀਤੇ ਜਾ ਰਹੇ ਕਰਮਾਂ ਉੱਪਰ ਸੁਣਨ ਦਾ ਗਹਿਰਾ ਪ੍ਰਭਾਵ ਪੈਂਦਾ ਹੈ। ਜੋ-ਜੋ ਮਨੁੱਖ ਸੁਣਦਾ ਹੈ ਉਸ ਦੇ ਅਨੁਸਾਰ ਹੀ ਉਹ ਆਪਣੇ ਕਰਮਾਂ ਨੂੰ ਅੰਜਾਮ ਦਿੰਦਾ ਹੈ। ਸੁਣੇ ਗਏ ਵਿਚਾਰਾਂ ਦੇ ਅਨੁਸਾਰ ਹੀ ਮਨੁੱਖ ਦੇ ਕਰਮਾਂ ਵਿੱਚ ਉਸ ਦੀ ਪ੍ਰਤੀਕਿਰਿਆ ਪ੍ਰਗਟ ਹੁੰਦੀ ਹੈ। ਸੁਣੇ ਗਏ ਵਿਚਾਰਾਂ ਦੇ ਆਧਾਰ ਉੱਪਰ ਹੀ ਮਨੁੱਖ ਦੇ ਕਰਮ ਪ੍ਰਗਟ ਹੁੰਦੇ ਹਨ। ਸੁਣੇ ਗਏ ਵਿਚਾਰਾਂ ਦੇ ਆਧਾਰ ਉੱਪਰ ਹੀ ਮਨੁੱਖ ਦਾ ਜੀਵਨ ਸੁਖੀ ਜਾਂ ਦੁਖੀ ਹੁੰਦਾ ਹੈ। ਸੁਣੇ ਗਏ ਵਿਚਾਰਾਂ ਦੇ ਆਧਾਰ ਉੱਪਰ ਹੀ ਮਨੁੱਖ ਦਾ ਪ੍ਰਾਲਬਧ ਬਣਦਾ ਹੈ। ਸੁਣੇ ਗਏ ਵਿਚਾਰਾਂ ਦੇ ਆਧਾਰ ਉੱਪਰ ਹੀ ਮਨੁੱਖ ਦਾ ਭਵਿੱਖ ਬਣਦਾ ਜਾਂ ਬਿਗੜਦਾ ਹੈ।

ਸਤਿ ਬਚਨ ਸੁਣਨ ਨਾਲ ਮਨੁੱਖ ਦਾ ਜੀਵਨ ਜਨਮ ਸਫਲ ਹੁੰਦਾ ਹੈ। ਸਤਿ ਬਚਨ ਸੁਣਨ ਦੇ ਨਾਲ ਮਨੁੱਖ ਦੀ ਕਰਨੀ ਸਤਿ ਦੀ ਕਰਨੀ ਬਣਦੀ ਹੈ। ਸਤਿ ਬਚਨ ਸੁਣਨ ਦੇ ਨਾਲ ਮਨੁੱਖ ਦੀ ਬਿਰਤੀ ਸਤੋ ਬਿਰਤੀ ਬਣਦੀ ਹੈ। ਸਤਿ ਬਚਨ ਸੁਣਨ ਦੇ ਨਾਲ ਮਨੁੱਖ ਦੀ ਬਿਰਤੀ ਗੁਰਮਤਿ ਧਾਰਨ ਕਰਦੀ ਹੈ। ਸਤਿ ਬਚਨ ਸੁਣਨ ਦੇ ਨਾਲ ਮਨੁੱਖ ਦਾ ਪ੍ਰਾਲਬਧ

ਸੁੰਦਰ ਬਣਦਾ ਹੈ। ਜਿਸ ਦੇ ਫ਼ਲ਼ ਸਰੂਪ ਮਨੁੱਖ ਉੱਪਰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਨਦਰ, ਮਹਿਰਾਮਤ, ਗੁਰ ਕਿਰਪਾ ਵਰਤਦੀ ਹੈ ਅਤੇ ਉਸ ਨੂੰ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਮਿਲਦੀ ਹੈ। ਜਿਸ ਦੇ ਫ਼ਲ਼ ਸਰੂਪ ਮਨੁੱਖ ਨੂੰ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਸਤਿ ਬਚਨ ਸੁਣਨ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਜਪੁਜੀ ਬਾਣੀ ਦੀ ੮-੧੧ ਪਉੜੀਆਂ ਵਿੱਚ ਬਹੁਤ ਵਿਸਥਾਰ ਦੇ ਨਾਲ ਪ੍ਰਗਟ ਕੀਤੀ ਹੈ। (ਸਤਿ ਬਚਨ ਸੁਣਨ ਦੀ ਇਹ ਪਰਮ ਸ਼ਕਤੀਸ਼ਾਲੀ ਮਹਿਮਾ ਜਪੁ ਜੀ ਸਾਹਿਬ ਦੀ ਗੁਰਪ੍ਰਸਾਦੀ ਕਥਾ ਵਿੱਚ ਵਿਚਾਰੀ ਗਈ ਹੈ। ਜਿਗਿਆਸੂਆਂ ਨੂੰ ਸਨਿਮਰ ਬੇਨਤੀ ਹੇ ਕਿ ਉਹ ਸੁਣਨ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਜਪੁ ਜੀ ਸਾਹਿਬ ਦੀ ਗੁਰਪ੍ਰਸਾਦੀ ਕਥਾ ਵਿੱਚ ਜ਼ਰੂਰ ਪੜ੍ਹ ਕੇ ਲਾਹਾ ਖੱਟਣ।)

ਸੁਣਿਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ ਆਕਾਸ ॥
ਸੁਣਿਐ ਦੀਪ ਲੋਅ ਪਾਤਾਲ ॥ ਸੁਣਿਐ ਪੋਹਿ ਨ ਸਕੈ ਕਾਲੁ ॥
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥
ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥
ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤਿ ਵੇਦ ॥
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੯॥
ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥
ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਸੁਣਿਐ ਲਾਗੈ ਸਹਜਿ ਧਿਆਨੁ ॥
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੦॥
ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥
ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੧॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨-੩}

ਸਤਿਗੁਰੂ ਅਵਤਾਰ ਧੰਨ ਧੰਨ ਨਾਨਕ ਪਾਤਸ਼ਾਹ ਜੀ ਨੇ ਬੇਅੰਤ ਦਿਆਲਤਾ ਨਾਲ ਪੂਰਨ ਬ੍ਰਹਮ ਗਿਆਨ ਦੇ ਪਰਮ ਸ਼ਕਤੀਸ਼ਾਲੀ ਅੰਮ੍ਰਿਤ ਬਚਨਾਂ ਵਿੱਚ 'ਸੁਣਿਐ' ਦੀ ਮਹਿਮਾ ਸਾਰੀ ਲੋਕਾਈ ਦੀ ਝੋਲੀ ਵਿੱਚ ਪਾ ਦਿੱਤੀ ਹੈ। ਸ਼ਬਦ "ਸੁਣਿਐ" ਦਾ ਭਾਵ ਕੇਵਲ ਸ਼ਬਦ ਦਾ ਮੁਖ ਨਾਲ ਉਚਾਰਨ ਕਰਨਾ ਅਤੇ ਕਰਣਾਂ (ਕੰਨਾਂ) ਨਾਲ ਸੁਣਨਾ ਨਹੀਂ ਹੈ। ਸ਼ਬਦ "ਸੁਣਿਐ" ਦਾ ਭਾਵ ਕੇਵਲ ਸ਼ਬਦ ਕੀਰਤਨ ਦਾ ਕਰਣਾਂ (ਕੰਨਾਂ) ਨਾਲ ਸੁਣਨਾ ਨਹੀਂ ਹੈ। ਸ਼ਬਦ "ਸੁਣਿਐ" ਦਾ ਭਾਵ ਕੇਵਲ ਨਾਮ ਦਾ ਕਰਣਾਂ (ਕੰਨਾਂ) ਨਾਲ ਸੁਣਨਾ ਨਹੀਂ ਹੈ। ਸ਼ਬਦ "ਸੁਣਿਐ" ਦਾ ਭਾਵ ਕੇਵਲ ਕੰਨੀਂ ਰਸ ਲੈਣਾ ਨਹੀਂ ਹੈ। ਕਰਣਾਂ (ਕੰਨਾਂ) ਨਾਲ ਸੁਣਨਾ ਕੇਵਲ ਕੰਨ ਰਸ ਮਾਣਨਾ ਹੈ ਜੋ ਕਿ ਕੇਵਲ ਇੱਕ ਬਾਹਰਲੀ ਖੇਡ ਹੈ। ਕੀਰਤਨ ਅਤੇ ਗੁਰਬਾਣੀ ਦਾ ਕਰਣਾਂ (ਕੰਨਾਂ) ਨਾਲ ਸੁਣਨਾ ਕੇਵਲ ਕੰਨ ਰਸ ਹੈ ਅਤੇ ਬਾਹਰਲੀ ਖੇਡ ਹੈ। ਜਦ ਤੱਕ ਸਾਡੀ ਸੁਰਤਿ ਸ਼ਬਦ ਵਿੱਚ ਖਿੱਚੀ ਨਹੀਂ ਜਾਂਦੀ ਹੈ ਤਦ ਤੱਕ ਇਹ ਕੇਵਲ ਕੰਨ ਰਸ ਹੈ ਅਤੇ ਬਾਹਰਲੀ ਖੇਡ ਹੈ। ਜਦ ਤੱਕ ਗੁਰਬਾਣੀ ਅਤੇ ਸ਼ਬਦ ਕੀਰਤਨ ਸਾਡਾ ਰੋਮ-ਰੋਮ ਨਹੀਂ

ਸੁਣਨ ਲੱਗ ਪੈਂਦਾ ਹੈ ਤਦ ਤੱਕ ਇਹ ਕੇਵਲ ਕੰਨ ਰਸ ਹੈ ਅਤੇ ਬਾਹਰਲੀ ਖੇਡ ਹੈ। ਜਦ ਤੱਕ ਸਾਡਾ ਰੋਮ-ਰੋਮ ਸ਼ਬਦ ਵਿੱਚ ਸਮਾ ਨਹੀਂ ਜਾਂਦਾ ਹੈ ਤਦ ਤੱਕ ਇਹ ਬਾਹਰਲੀ ਖੇਡ ਹੈ, ਇਹ ਕੇਵਲ ਕੰਨ ਰਸ ਦੀ ਖੇਡ ਹੈ। ਗੁਰਬਾਣੀ ਅਤੇ ਸ਼ਬਦ-ਕੀਰਤਨ ਦੇ ਸਾਡੇ ਕੋਲ ਸ਼ੁਰੂ ਹੋਣ 'ਤੇ ਜਦ ਤੱਕ ਸਾਡਾ ਰੋਮ-ਰੋਮ ਆਨੰਦ ਨਾਲ ਨੱਚਣ ਨਹੀਂ ਲੱਗ ਪੈਂਦਾ ਹੈ ਤਦ ਤੱਕ ਇਹ ਕੇਵਲ ਕੰਨ ਰਸ ਹੈ ਅਤੇ ਬਾਹਰਲੀ ਖੇਡ ਹੈ। ਗੁਰਬਾਣੀ ਅਤੇ ਸ਼ਬਦ-ਕੀਰਤਨ ਦੇ ਸਾਡੇ ਕੋਲ ਸ਼ੁਰੂ ਹੋਣ 'ਤੇ ਜਦ ਤੱਕ ਅਸੀਂ ਸਮਾਧੀ ਲੀਨ ਨਹੀਂ ਹੋ ਜਾਂਦੇ ਹਾਂ ਤਦ ਤੱਕ ਇਹ ਕੇਵਲ ਕੰਨ ਰਸ ਹੈ ਅਤੇ ਬਾਹਰਲੀ ਖੇਡ ਹੈ। ਗੁਰਬਾਣੀ ਅਤੇ ਸ਼ਬਦ-ਕੀਰਤਨ ਦੇ ਸਾਡੇ ਕੋਲ ਸ਼ੁਰੂ ਹੋਣ 'ਤੇ ਜਦ ਤੱਕ ਸਾਡਾ ਰੋਮ-ਰੋਮ ਕੀਰਤਨ ਨਹੀਂ ਕਰਨ ਲੱਗ ਪੈਂਦਾ ਹੈ ਤਦ ਤੱਕ ਇਹ ਕੇਵਲ ਕੰਨ ਰਸ ਹੈ ਅਤੇ ਬਾਹਰਲੀ ਖੇਡ ਹੈ। ਇਸ ਲਈ ਇਸ ਪਰਮ ਸਤਿ ਤੱਤ ਤੱਥ ਨੂੰ ਸਮਝਾਉਣ ਲਈ ਸਤਿਗੁਰੂ ਅਵਤਾਰ ਸਤਿ ਨਾਨਕ ਪਾਤਸ਼ਾਹ ਜੀ ਨੇ ਇਹ ਕਿਰਪਾ ਕੀਤੀ ਹੈ ਅਤੇ ਇਨ੍ਹਾਂ ੪ ਪਉੜੀਆਂ ਵਿੱਚ ਸ਼ਬਦ "ਸੁਣਿਐ" ਦੀ ਪਰਮ ਸ਼ਕਤੀ ਦੇ ਬਾਰੇ ਪੂਰਨ ਬ੍ਰਹਮ ਗਿਆਨ ਸਾਰੀ ਲੋਕਾਈ ਦੀ ਝੋਲੀ ਵਿੱਚ ਪਾ ਦਿੱਤਾ ਹੈ।

ਸ਼ਬਦ "ਸੁਣਿਐ" ਦਾ ਦਰਗਾਹੀ ਭਾਵ ਹੈ ਸੁਰਤਿ ਦਾ ਨਾਮ ਨਾਲ ਜੁੜ ਜਾਣਾ। ਸ਼ਬਦ "ਸੁਣਿਐ" ਦਾ ਦਰਗਾਹੀ ਭਾਵ ਹੈ ਸੁਰਤਿ ਦਾ ਸ਼ਬਦ ਵਿੱਚ ਖਿੱਚੇ ਜਾਣਾ। ਭਾਵ ਸ਼ਬਦ ਸੁਣਦੇ ਹੀ ਸੁਰਤਿ ਦਾ ਸ਼ਬਦ ਵਿੱਚ ਲੀਨ ਹੋ ਜਾਣਾ। ਸ਼ਬਦ "ਸੁਣਿਐ" ਦਾ ਦਰਗਾਹੀ ਭਾਵ ਹੈ ਸ਼ਬਦ ਦੀ ਕਮਾਈ ਦਾ ਸ਼ੁਰੂ ਹੋ ਜਾਣਾ। ਸ਼ਬਦ "ਸੁਣਿਐ" ਦਾ ਦਰਗਾਹੀ ਭਾਵ ਹੈ ਜੋ ਸ਼ਬਦ ਕਹਿੰਦਾ ਹੈ ਉਸ ਨੂੰ ਆਪਣੀ ਰੋਜ਼ਾਨਾ ਦੀ ਕਰਨੀ ਵਿੱਚ ਲੈ ਆਉਣਾ। ਸ਼ਬਦ "ਸੁਣਿਐ" ਦਾ ਦਰਗਾਹੀ ਭਾਵ ਹੈ ਆਪਣੇ ਜੀਵਨ ਨੂੰ ਗੁਰਮਤਿ ਵਿੱਚ ਲੈ ਜਾਣਾ। ਇਸ ਲਈ ਸੁਣਦਾ ਕੇਵਲ ਉਹ ਮਨੁੱਖ ਹੈ ਜੋ ਸ਼ਬਦ ਨੂੰ ਆਪਣੀ ਰੋਜ਼ਾਨਾ ਦੀ ਕਰਨੀ ਵਿੱਚ ਲੈ ਆਉਂਦਾ ਹੈ। ਇਸ ਲਈ ਸੁਣਦਾ ਕੇਵਲ ਉਹ ਮਨੁੱਖ ਹੈ ਜੋ ਸ਼ਬਦ ਦੀ ਕਮਾਈ ਕਰਨੀ ਸ਼ੁਰੂ ਕਰ ਦਿੰਦਾ ਹੈ। ਇਸ ਲਈ ਸ਼ਬਦ "ਸੁਣਿਐ" ਦਾ ਦਰਗਾਹੀ ਭਾਵ ਹੈ ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਜਾਣਾ। ਸ਼ਬਦ "ਸੁਣਿਐ" ਦਾ ਦਰਗਾਹੀ ਭਾਵ ਹੈ ਸੁਰਤਿ ਦਾ ਸ਼ਬਦ ਦੀ ਗਹਿਰਾਈ ਵਿੱਚ ਉਤਰ ਜਾਣਾ। ਸ਼ਬਦ "ਸੁਣਿਐ" ਦਾ ਦਰਗਾਹੀ ਭਾਵ ਹੈ ਸੁਰਤਿ ਦਾ ਮਾਨਸਰੋਵਰ ਵਿੱਚ ਡੁੱਬ ਜਾਣਾ। ਸ਼ਬਦ "ਸੁਣਿਐ" ਦਾ ਦਰਗਾਹੀ ਭਾਵ ਹੈ ਸ਼ਬਦ ਦਾ ਸੁਰਤਿ ਵਿੱਚ ਉੱਕਰਿਆ ਜਾਣਾ। ਸ਼ਬਦ "ਸੁਣਿਐ" ਦਾ ਦਰਗਾਹੀ ਭਾਵ ਹੈ ਸੁਰਤਿ ਦਾ ਅਜਪਾ ਜਾਪ ਵਿੱਚ ਚਲੇ ਜਾਣਾ। ਜੋ ਮਨੁੱਖ ਇਸ ਅਵਸਥਾ ਵਿੱਚ ਚਲੇ ਜਾਂਦੇ ਹਨ ਉਨ੍ਹਾਂ ਦੀ ਬੰਦਗੀ ਸ਼ੁਰੂ ਹੋ ਜਾਂਦੀ ਹੈ। ਜੋ ਮਨੁੱਖ ਇਸ ਅਵਸਥਾ ਵਿੱਚ ਚਲੇ ਜਾਂਦੇ ਹਨ ਉਨ੍ਹਾਂ ਨੂੰ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਜੋ ਮਨੁੱਖ ਇਸ ਅਵਸਥਾ ਵਿੱਚ ਚਲੇ ਜਾਂਦੇ ਹਨ, ਗੁਰਬਾਣੀ ਉਨ੍ਹਾਂ ਦੇ ਅੰਦਰ ਆਉਣੀ ਸ਼ੁਰੂ ਹੋ ਜਾਂਦੀ ਹੈ ਭਾਵ ਉਹ ਮਨੁੱਖ ਗੁਰਬਾਣੀ ਦੀ ਗਹਿਰਾਈ ਵਿੱਚ ਉਤਰ ਜਾਂਦੇ ਹਨ ਅਤੇ ਗੁਰਬਾਣੀ ਦੀ ਕਮਾਈ ਵਿੱਚ ਪਰਪੱਕ ਹੋ ਜਾਂਦੇ ਹਨ। ਇਸ ਲਈ ਜਦ ਵੀ ਉਨ੍ਹਾਂ ਦੀ ਹਾਜ਼ਰੀ ਵਿੱਚ ਗੁਰਬਾਣੀ ਅਤੇ ਕੀਰਤਨ ਦਾ ਉਚਾਰਨ ਸ਼ੁਰੂ ਹੁੰਦਾ ਹੈ; ਉਨ੍ਹਾਂ ਦੀ ਸੁਰਤਿ ਸ਼ਬਦ ਵਿੱਚ ਇੱਕ ਦਮ ਖਿੱਚੀ ਜਾਂਦੀ ਹੈ ਅਤੇ ਉਹ ਉਸੇ ਪਲ ਹੀ ਸਮਾਧੀ ਲੀਨ ਹੋ ਜਾਂਦੇ ਹਨ। ਗੁਰਬਾਣੀ ਦਾ ਉਚਾਰਨ ਸ਼ੁਰੂ ਹੁੰਦਿਆਂ ਹੀ ਗੁਰਬਾਣੀ ਦਾ ਹਰ ਇੱਕ ਸ਼ਬਦ ਉਨ੍ਹਾਂ ਦਾ ਹਿਰਦਾ ਪਾੜ ਕੇ, ਚੀਰ ਕੇ, ਭੇਦ ਕੇ ਰੱਖ ਦਿੰਦਾ ਹੈ ਅਤੇ ਉਨ੍ਹਾਂ ਦੇ ਹਿਰਦੇ ਉੱਪਰ ਉੱਕਰ ਜਾਂਦਾ ਹੈ। ਨਾਮ ਦੀ ਕਮਾਈ ਕਰਦਿਆਂ-ਕਰਦਿਆਂ ਜਦ ਨਾਮ ਰੋਮ-ਰੋਮ ਵਿੱਚ ਚਲਾ ਜਾਂਦਾ ਹੈ ਅਤੇ ਦੇਹੀ ਵਿੱਚ ਸਾਰੇ ਹਿੱਸਿਆਂ ਵਿੱਚ ਨਾਮ ਦੀ ਕੰਪਨ

ਸੁਣਨ ਲੱਗ ਪੈਂਦੀ ਹੈ; ਐਸੀ ਅਵਸਥਾ ਵਿੱਚ ਗੁਰਬਾਣੀ ਜਾਂ ਕੀਰਤਨ ਦੇ ਸ਼ੁਰੂ ਹੁੰਦੇ ਹੀ ਰੋਮ-ਰੋਮ ਖਿੜ ਉੱਠਦਾ ਹੈ ਅਤੇ ਇੰਝ ਜਾਪਦਾ ਹੈ ਜਿਵੇਂ ਦੇਹੀ ਨੂੰ ਬੇਅੰਤ ਕੰਨ ਲੱਗ ਗਏ ਹਨ ਅਤੇ ਹਰ ਇੱਕ ਕੰਨ ਵਿੱਚ ਗੁਰਬਾਣੀ ਵੱਜ ਰਹੀ ਹੈ।

ਗੁਰਬਾਣੀ ਪੂਰਨ ਸਤਿ ਹੈ। ਇਸ ਲਈ ਗੁਰਬਾਣੀ ਗੁਰੂ ਹੈ। ਗੁਰਬਾਣੀ ਪੂਰਨ ਬ੍ਰਹਮ ਗਿਆਨ ਹੈ। ਇਸ ਲਈ ਗੁਰਬਾਣੀ ਅਕਾਲ ਪੁਰਖ ਦਾ ਗਿਆਨ ਸਰੂਪ ਹੈ। ਗੁਰਬਾਣੀ ਸਤਿ ਬਚਨ ਹਨ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਪਰਮ ਸਤਿ ਦੇ ਤੱਤਾਂ ਵਿੱਚ ਪਰਮ ਸ਼ਕਤੀ ਹੈ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਪਰਮ ਸਤਿ ਤੱਤਾਂ ਦੀ ਜੋ ਮਨੁੱਖ ਆਪਣੇ ਰੋਜ਼ਾਨਾ ਜੀਵਨ ਵਿੱਚ ਕਮਾਈ ਕਰਦੇ ਹਨ ਉਨ੍ਹਾਂ ਦੀ ਚੜ੍ਹਦੀ ਕਲਾ ਹੋ ਜਾਂਦੀ ਹੈ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਪਰਮ ਸਤਿ ਤੱਤਾਂ ਦੀ ਜੋ ਮਨੁੱਖ ਆਪਣੇ ਰੋਜ਼ਾਨਾ ਜੀਵਨ ਵਿੱਚ ਕਮਾਈ ਕਰਦੇ ਹਨ ਉਹ ਧੰਨ ਧੰਨ ਹੋ ਜਾਂਦੇ ਹਨ। ਇਸ ਲਈ ਜਿਨ੍ਹਾਂ ਮਨੁੱਖਾਂ ਨੂੰ ਇਹ ਸੋਝੀ ਪੈ ਜਾਂਦੀ ਹੈ ਉਹ ਮਨੁੱਖ "ਸੁਣਿਐ" ਦੀ ਅਵਸਥਾ ਵਿੱਚ ਚਲੇ ਜਾਂਦੇ ਹਨ। ਜਿਸ ਦੇ ਫ਼ਲ਼ ਸਰੂਪ ਉਹ ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਪਰਮ ਸਤਿ ਦੇ ਤੱਤਾਂ ਦੀ ਕਮਾਈ ਸ਼ੁਰੂ ਕਰ ਦਿੰਦੇ ਹਨ। ਐਸਾ ਹੋਣ 'ਤੇ ਉਨ੍ਹਾਂ ਦੇ ਸਾਰੇ ਕਰਮ ਸਤਿ ਕਰਮ ਹੋਣੇ ਸ਼ੁਰੂ ਹੋ ਜਾਂਦੇ ਹਨ ਅਤੇ ਜਦ ਉਨ੍ਹਾਂ ਦੀ ਸੁਰਤਿ ਬਿਰਤੀ ਪੂਰਨ ਸਤਿ ਵਿੱਚ ਉਤਰ ਜਾਂਦੀ ਹੈ ਤਾਂ ਉਨ੍ਹਾਂ ਨੂੰ ਗੁਰ ਪ੍ਰਸਾਦਿ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰ ਪ੍ਰਸਾਦਿ ਤੋਂ ਭਾਵ ਹੈ ਉਨ੍ਹਾਂ 'ਤੇ ਸਤਿਗੁਰ ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਨਦਰ ਹੋ ਜਾਂਦੀ ਹੈ ਅਤੇ ਉਨ੍ਹਾਂ ਦੇ ਭਾਗ ਖ਼ੁਲ੍ਹ ਜਾਂਦੇ ਹਨ। ਪੂਰਨ ਸੰਤ ਦੀ, ਪੂਰਨ ਬ੍ਰਹਮ ਗਿਆਨੀ ਦੀ ਸੰਗਤ ਮਿਲ ਜਾਂਦੀ ਹੈ। ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦਾ ਗੁਰ ਪ੍ਰਸਾਦਿ ਮਿਲ ਜਾਂਦਾ ਹੈ। ਸਤਿ ਪਾਰਬ੍ਰਹਮ ਪਿਤਾ ਪਰਮੇਸ਼ਰ ਦੀ ਨਦਰ ਗੁਰ ਪ੍ਰਸਾਦਿ ਵਿੱਚ ਬੇਅੰਤ ਪਰਮ ਸ਼ਕਤੀ ਹੁੰਦੀ ਹੈ ਜਿਸ ਕਾਰਨ ਉਨ੍ਹਾਂ ਦੀ ਸੁਰਤਿ ਵਿੱਚ ਨਾਮ ਚਲਾ ਜਾਂਦਾ ਹੈ। ਮਨ ਟਿਕਾਅ ਵਿੱਚ ਚਲਾ ਜਾਂਦਾ ਹੈ ਅਤੇ ਅਜਪਾ ਜਾਪ ਸ਼ੁਰੂ ਹੋ ਜਾਂਦਾ ਹੈ। ਸਮਾਧੀ ਲੱਗ ਜਾਂਦੀ ਹੈ। ਦਰਗਾਹ ਵਿੱਚ ਬੰਦਗੀ ਦਾ ਖ਼ਾਤਾ ਖੁੱਲ੍ਹ ਜਾਂਦਾ ਹੈ। ਬੰਦਗੀ ਕਰਮ ਖੰਡ ਵਿੱਚ ਚਲੀ ਜਾਂਦੀ ਹੈ। ਨਾਮ ਦੀ ਕਮਾਈ ਸ਼ੁਰੂ ਹੋ ਜਾਂਦੀ ਹੈ। ਅੰਦਰਲਾ ਤੀਰਥ ਸ਼ੁਰੂ ਹੋ ਜਾਂਦਾ ਹੈ। ਮਨ ਅਤੇ ਬਿਰਤੀ ਦਾ ਚਿੰਦਨਾ ਸ਼ੁਰੂ ਹੋ ਜਾਂਦਾ ਹੈ। ਪਰਮ ਜੋਤ ਹਿਰਦੇ ਵਿੱਚ ਜਾਗਰਿਤ ਹੋ ਜਾਂਦੀ ਹੈ। ਪਰਮ ਜੋਤ ਹਿਰਦੇ ਵਿੱਚ ਪ੍ਰਗਟ ਹੋ ਜਾਂਦੀ ਹੈ। ਅਵਗੁਣ ਭੱਜਣੇ ਸ਼ੁਰੂ ਹੋ ਜਾਂਦੇ ਹਨ ਅਤੇ ਹਿਰਦਾ ਸਾਰੇ ਸਤਿ ਗੁਣਾਂ ਨਾਲ ਭਰਪੂਰ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਜਦ ਬੰਦਗੀ ਉੱਪਰ ਜਾਂਦੀ ਹੈ ਤਾਂ ਬੰਦਗੀ ਕਰਦੇ-ਕਰਦੇ ਕਈ ਮਨੁੱਖਾਂ ਨੂੰ ਰਿੱਧੀਆਂ-ਸਿੱਧੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਉਹ ਸਿੱਧ ਬਣ ਜਾਂਦੇ ਹਨ। ਕਈ ਮਨੁੱਖਾਂ ਨੂੰ ਦੇਵੀ-ਦੇਵਤਿਆਂ ਵਾਲੀਆਂ ਸ਼ਕਤੀਆਂ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਉਹ ਦੇਵੀ-ਦੇਵਤੇ ਬਣ ਜਾਂਦੇ ਹਨ। ਕਈ ਮਨੁੱਖਾਂ ਦੀ ਬੰਦਗੀ ਹੋਰ ਅੱਗੇ ਚਲੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਫਕੀਰੀ ਪ੍ਰਾਪਤ ਹੋ ਜਾਂਦੀ ਹੈ। ਫਕੀਰ ਤੋਂ ਭਾਵ ਹੈ ਪੂਰਨ ਸੰਤ ਮਹਾਂਪੁਰਖ, ਪੂਰਨ ਬ੍ਰਹਮ ਗਿਆਨੀ ਮਹਾਂਪੁਰਖ, ਪੂਰਾ ਸਤਿਗੁਰੂ। ਇਹ ਪਰਮ ਸਤਿ ਹੈ ਕਿ ਸਤਿ ਬਚਨ ਸੁਣਨ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਪੂਰਨ ਸੰਤ ਬਣਾ ਦਿੰਦੀ ਹੈ। ਇਹ ਪਰਮ ਸਤਿ ਹੈ ਕਿ ਸਤਿ ਬਚਨ ਸੁਣਨ ਵਿੱਚ ਉਹ ਪਰਮ ਸ਼ਕਤੀ ਹੈ ਜੋ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਅਭੇਦ ਕਰ ਦਿੰਦੀ ਹੈ।

ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਜੋ ਜਪੁ ਜੀ ਸਾਹਿਬ ਦੀਆਂ ਪਉੜੀਆਂ (੮-੧੧) ਵਿੱਚ ਸਤਿ ਬਚਨ ਸੁਣਨ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਪ੍ਰਗਟ

ਕੀਤੀ ਹੈ ਉਸ ਦੀ ਵਿਸਥਾਰ ਵਿੱਚ ਵਿਚਾਰੀ ਗਈ ਗੁਰਪ੍ਰਸਾਦੀ ਕਥਾ ਦਾਸ ਵੱਲੋਂ 'ਜਪੁ ਜੀ ਸਾਹਿਬ ਦੀ ਗੁਰਪ੍ਰਸਾਦੀ ਕਥਾ' ਵਿੱਚ ਲਿਖਣ ਦਾ ਯਤਨ ਕੀਤਾ ਗਿਆ ਹੈ। ਜਿਗਿਆਸੂਆਂ ਨੂੰ ਸਨਿਮਰ ਬੇਨਤੀ ਹੈ ਕਿ ਸਤਿ ਬਚਨ ਸੁਣਨ ਦੀ ਪਰਮ ਸ਼ਕਤੀ ਦੀ ਮਹਿਮਾ ਨੂੰ ਪੜ੍ਹਣ, ਸਮਝਣ ਅਤੇ ਆਪਣੀ ਰੋਜ਼ਾਨਾ ਕਰਨੀ ਵਿੱਚ ਲੈ ਕੇ ਆਉਣ ਦਾ ਯਤਨ ਕਰਨ। ਐਸਾ ਕਰਨ 'ਤੇ ਉਨ੍ਹਾਂ ਦੀ ਚੜ੍ਹਦੀ ਕਲਾ ਜ਼ਰੂਰ ਹੋਵੇਗੀ।

ਅਸਤਿ ਬਚਨ ਸੁਣਨ ਦੇ ਨਾਲ ਮਨੁੱਖ ਦਾ ਜੀਵਨ ਨਸ਼ਟ ਹੁੰਦਾ ਹੈ। ਅਸਤਿ ਬਚਨ ਸੁਣਨ ਦੇ ਨਾਲ ਮਨੁੱਖ ਦੀ ਬਿਰਤੀ ਰਜੋ ਅਤੇ ਤਮੋ ਕਰਮਾਂ ਵਾਲੀ ਬਣ ਜਾਂਦੀ ਹੈ। ਅਸਤਿ ਬਚਨ ਸੁਣਨ ਦੇ ਨਾਲ ਮਨੁੱਖ ਮਹਾ ਵਿਨਾਸ਼ਕਾਰੀ ਸ਼ਕਤੀਆਂ (ਰਜੋ ਅਤੇ ਤਮੋ) ਦੀ ਗੁਲਾਮੀ ਵਿੱਚ ਧਸਦਾ ਚਲਾ ਜਾਂਦਾ ਹੈ। ਜਿਸ ਦੇ ਫਲ਼ ਸਰੂਪ ਮਨੁੱਖ ਦੇ ਕਰਮ ਅਸਤਿ ਹੋ ਜਾਂਦੇ ਹਨ। ਜਿਸ ਦੇ ਫਲ਼ ਸਰੂਪ ਮਨੁੱਖ ਦੀ ਕਰਨੀ ਅਸਤਿ ਦੀ ਕਰਨੀ ਹੋ ਜਾਂਦੀ ਹੈ। ਅਸਤਿ ਦੀ ਕਰਨੀ ਤੋਂ ਭਾਵ ਹੈ ਮਨੁੱਖ ਦੁਆਰਾ ਆਪਣੀ ਤ੍ਰਿਸ਼ਣਾ ਦੀ ਵਿਨਾਸ਼ਕਾਰੀ ਅਗਨ ਨੂੰ ਬੁਝਾਉਣ ਲਈ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਦੀ ਗੁਲਾਮੀ ਵਿੱਚ ਕੀਤੇ ਗਏ ਕਰਮ। ਅਸਤਿ ਦੀ ਕਰਨੀ ਮਨੁੱਖੀ ਜਨਮ ਜੀਵਨ ਨੂੰ ਨਸ਼ਟ ਕਰ ਦਿੰਦੀ ਹੈ। ਅਸਤਿ ਦੀ ਕਰਨੀ ਮਨੁੱਖ ਦਾ ਜੀਵਨ ਦੁੱਖਾਂ, ਕਲੇਸ਼ਾਂ, ਮੁਸੀਬਤਾਂ, ਸਮੱਸਿਆਵਾਂ ਆਦਿ ਦੇ ਨਾਲ ਭਰਪੂਰ ਕਰ ਦਿੰਦੀ ਹੈ। ਇਸ ਲਈ ਅਸਤਿ ਬਚਨਾਂ ਉੱਪਰ ਆਪਣਾ ਧਿਆਨ ਕੇਂਦਰਤ ਨਾ ਕਰੋ। ਅਸਤਿ ਬਚਨਾਂ ਨੂੰ ਕਦੇ ਨਾ ਸੁਣਨਾ ਹੀ ਅਕਲਮੰਦੀ ਹੈ। ਅਸਤਿ ਬਚਨਾਂ ਨੂੰ ਨਾ ਸੁਣਨ ਵਿੱਚ ਹੀ ਭਲਾਈ ਹੈ। ਨਿੰਦਿਆ, ਚੁਗਲੀ, ਬਖੀਲੀ ਆਦਿ ਸੁਣਨ ਅਤੇ ਕਰਨ ਤੋਂ ਬਚ ਕੇ ਰਹੋ। ਕਿਉਂਕਿ ਨਿੰਦਿਆ, ਚੁਗਲੀ ਅਤੇ ਬਖੀਲੀ ਤੋਂ ਵੱਧ ਕੋਈ ਅਸਤਿ ਬਚਨ ਨਹੀਂ ਹੁੰਦਾ ਹੈ। ਨਿੰਦਿਆ, ਚੁਗਲੀ ਅਤੇ ਬਖੀਲੀ ਸੁਣਨਾ ਅਤੇ ਕਰਨਾ ਜ਼ਹਿਰ ਪੀਣ ਦੇ ਤੁਲ਼ ਹੈ। ਨਿੰਦਿਆ, ਚੁਗਲੀ ਅਤੇ ਬਖੀਲੀ ਕਰਨ ਵਾਲੇ ਅਤੇ ਸੁਣਨ ਵਾਲੇ ਮਨੁੱਖ ਆਪਣੇ ਸਾਰੇ ਸਤਿ ਕਰਮਾਂ ਦੇ ਫਲ਼ ਨੂੰ ਗੁਆ ਬੈਠਦੇ ਹਨ। ਨਿੰਦਿਆ, ਚੁਗਲੀ ਅਤੇ ਬਖੀਲੀ ਕਰਨ ਅਤੇ ਸੁਣਨ ਵਾਲੇ ਮਨੁੱਖ ਦਾ ਮੁਖ ਅਤੇ ਮਨ ਕਾਲਾ ਹੋ ਜਾਂਦਾ ਹੈ। ਨਿੰਦਿਆ, ਚੁਗਲੀ ਅਤੇ ਬਖੀਲੀ ਸੁਣਨ ਅਤੇ ਕਰਨ ਦੇ ਨਾਲ ਮਨੁੱਖ ਦਾ ਜੀਵਨ ਨਸ਼ਟ ਹੋ ਜਾਂਦਾ ਹੈ। ਨਿੰਦਿਆ, ਚੁਗਲੀ ਅਤੇ ਬਖੀਲੀ ਸੁਣਨ ਅਤੇ ਕਰਨ ਦੇ ਨਾਲ ਮਨੁੱਖ ਦਾ ਭਵਿੱਖ ਵੀ ਨਸ਼ਟ ਹੋ ਜਾਂਦਾ ਹੈ।

ਉੱਪਰ ਵਿਚਾਰੇ ਗਏ ਸਾਰੇ ਪਰਮ ਸਤਿ ਦੇ ਤੱਤਾਂ ਦਾ ਇਹ ਭਾਵ ਹੈ ਕਿ ਸਤਿ ਦੀ ਕਰਨੀ ਉੱਪਰ ਆਪਣਾ ਧਿਆਨ ਕੇਂਦਰਿਤ ਕਰੋ। ਦੇਖਣ ਦੀ ਸ਼ਕਤੀ, ਸੁਣਨ ਦੀ ਸ਼ਕਤੀ, ਬੋਲਣ ਦੀ ਸ਼ਕਤੀ, ਸੁੰਘਣ ਦੀ ਸ਼ਕਤੀ, ਸੁਆਦ ਚੱਖਣ ਦੀ ਸ਼ਕਤੀ, ਸੋਚਣ ਦੀ ਸ਼ਕਤੀ ਅਤੇ ਮਹਿਸੂਸ ਕਰਨ ਦੀ ਸ਼ਕਤੀ ਆਦਿ ਦਾ ਸਤਿ ਕਰਮਾਂ ਲਈ ਉਪਯੋਗ ਕਰੋ। ਮਨੁੱਖਾ ਦੇਹੀ ਨੂੰ ਬਖਸ਼ੀਆਂ ਗਈਆਂ ਇਨ੍ਹਾਂ ਇਲਾਹੀ ਸ਼ਕਤੀਆਂ ਦਾ ਉਪਯੋਗ ਸਤਿ ਦੇਖਣ, ਸਤਿ ਬੋਲਣ, ਸਤਿ ਸੁਣਨ, ਸਤਿ ਦੀ ਸੇਵਾ ਕਰਨ ਲਈ ਅਤੇ ਸਤਿ ਵਰਤਾਉਣ ਲਈ ਕਰੋ। ਜਿਸ ਦੇ ਫਲ਼ ਸਰੂਪ ਸਾਡੇ ਸੁੱਤੇ ਹੋਏ ਭਾਗ ਜਾਗ ਪੈਣਗੇ, ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਅਤੇ ਚਰਨ-ਸ਼ਰਨ ਦੀ ਪ੍ਰਾਪਤੀ ਹੋਏਗੀ; ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋਏਗੀ; ਅੰਮ੍ਰਿਤ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੋਏਗੀ; ਪਿਛਲੇ ਸਾਰੇ ਜਨਮਾਂ-ਜਨਮਾਂਤਰਾਂ ਦੇ ਸਾਰੇ ਪਾਪ ਕਰਮਾਂ ਦਾ ਅੰਤ ਹੋ ਜਾਏਗਾ; ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਹੋਏਗੀ; ਰੋਮ-ਰੋਮ ਸਿਮਰਨ ਦੀ ਪ੍ਰਾਪਤੀ ਹੋਏਗੀ; ਸਮਾਧੀ

ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਹੋਏਗੀ; ਸਾਰੇ ਬਜਰ ਕਪਾਟ ਖੁੱਲ੍ਹ ਜਾਣਗੇ; ੭ ਸਤਿ ਸਰੋਵਰ ਜਾਗਰਿਤ ਹੋ ਜਾਣਗੇ; ਦਸਮ ਦੁਆਰ ਖੁੱਲ੍ਹ ਜਾਏਗਾ ਅਤੇ ਅਨਹਦ ਸ਼ਬਦ ਅੰਮ੍ਰਿਤ ਦੀ ਪ੍ਰਾਪਤੀ ਹੋਏਗੀ; ਮਨ ਚਿੰਦਿਆ ਜਾਏਗਾ; ਮਨ ਜਿੱਤਿਆ ਜਾਏਗਾ; ਮਨ ਖਤਮ ਹੋ ਜਾਏਗਾ ਅਤੇ ਪਰਮ ਜੋਤ ਪ੍ਰਗਟ ਹੋ ਜਾਏਗੀ; ਪੂਰਨ ਸਚਿਆਰੀ ਰਹਿਤ ਦੀ ਪ੍ਰਾਪਤੀ ਹੋਏਗੀ; ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਪ੍ਰਗਟ ਹੋ ਜਾਏਗਾ; ਮਹਾ ਵਿਨਾਸ਼ਕਾਰੀ ਤ੍ਰਿਸ਼ਣਾ ਦੀ ਅਗਨ ਬੁਝ ਜਾਏਗੀ; ਸਤਿ ਸੰਤੋਖ ਦੀ ਪ੍ਰਾਪਤੀ ਹੋਏਗੀ; ਮਹਾ ਵਿਨਾਸ਼ਕਾਰੀ ਪੰਜ ਚੰਡਾਲ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਵੱਸ ਵਿੱਚ ਆ ਜਾਣਗੇ; ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਹਾਸਿਲ ਹੋ ਜਾਏਗੀ; ਬੰਦਗੀ ਦਰਗਾਹ ਵਿੱਚ ਪ੍ਰਵਾਨ ਹੋ ਜਾਏਗੀ; ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੋਣਗੇ; ਸਤਿ ਪਾਰਬ੍ਰਹਮ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਸਮਾ ਜਾਓਗੇ; ਪਿਛਲੇ ਸਾਰੇ ਜਨਮਾਂ-ਜਨਮਾਂਤਰਾਂ ਦੇ ਕਰਮਾਂ ਦੇ ਬੰਧਨ ਟੁੱਟ ਜਾਣਗੇ; ਜਨਮ-ਮਰਨ ਦੇ ਬੰਧਨਾਂ ਤੋਂ ਮੁਕਤੀ ਮਿਲ ਜਾਏਗੀ; ਜੀਵਨ ਮੁਕਤੀ ਦੀ ਪ੍ਰਾਪਤੀ ਹੋ ਜਾਏਗੀ; ਪਰਮ ਪਦਵੀ ਦੀ ਪ੍ਰਾਪਤੀ ਹੋ ਜਾਏਗੀ; ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਏਗੀ; ਤੱਤ ਗਿਆਨ ਦੀ ਪ੍ਰਾਪਤੀ ਹੋ ਜਾਏਗੀ; ਦਰਗਾਹ ਤੋਂ ਮਹਾ ਪਰਉਪਕਾਰ ਦੀ ਸੇਵਾ ਦੀ ਪ੍ਰਾਪਤੀ ਹੋ ਜਾਏਗੀ; ਦਰਗਾਹ ਤੋਂ ਗੁਰਪ੍ਰਸਾਦਿ ਵਰਤਾਉਣ ਦੀ ਸੇਵਾ ਦੀ ਪ੍ਰਾਪਤੀ ਹੋ ਜਾਏਗੀ; ਦਰਗਾਹ ਤੋਂ ਦੁਨੀਆਂ ਨੂੰ ਤਾਰਨ ਦੀ ਸੇਵਾ ਦੀ ਪ੍ਰਾਪਤੀ ਹੋ ਜਾਏਗੀ।

■

ਅਨੰਦੁ ਸਾਹਿਬ-ਪਉੜੀ ੩੮

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥
ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥
ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ
ਵਾਜਾ ਪਵਣੁ ਵਜਾਇਆ ॥੩੮॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੨}

ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਜਦ ਪੰਜ ਤੱਤਾਂ (ਹਵਾ, ਪਾਣੀ, ਅਗਨ, ਧਰਤੀ ਅਤੇ ਆਕਾਸ਼, ਜੋ ਕਿ ਆਪਸ ਵਿੱਚ ਇੱਕ ਦੂਜੇ ਦਾ ਵਿਰੋਧ ਕਰਦੇ ਹਨ) ਨੂੰ ਪੂਰਨ ਪਰਮ ਸ਼ਕਤੀਸ਼ਾਲੀ ਹੁਕਮ (ਇਲਾਹੀ ਜੋਤ) ਵਿੱਚ ਬੰਨ੍ਹ ਕੇ ਮਨੁੱਖਾ ਦੇਹੀ ਦੀ ਰਚਨਾ ਕੀਤੀ ਤਾਂ ਉਸ ਵਿੱਚ ਸਾਰੀਆਂ ਪਰਮ ਸ਼ਕਤੀਆਂ ਰੱਖ ਦਿੱਤੀਆਂ। ਮਨੁੱਖਾ ਦੇਹੀ ਵਿੱਚ ਸਥਾਪਿਤ ਕੀਤੀ ਗਈ ਇਲਾਹੀ ਜੋਤ ਨੂੰ ਦੇਹੀ ਵਿੱਚ ਕਾਇਮ ਰੱਖਣ ਲਈ ਦੇਹੀ ਦਾ ਜੀਵਤ ਰਹਿਣਾ ਵੀ ਲਾਜ਼ਮੀ ਹੈ। ਇਸ ਲਈ ਦੇਹੀ ਨੂੰ ਜੀਵਤ ਰੱਖਣ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਨੇ (ਇਲਾਹੀ ਜੋਤ ਦੁਆਰਾ) ਦੇਹੀ ਨੂੰ ਸਵਾਸ ਲੈਣ ਦੀ ਸ਼ਕਤੀ ਵੀ ਦਿੱਤੀ ਹੈ। ਜਿਵੇਂ ਦੀਵੇ ਵਿੱਚ ਬਲ਼ਦੀ ਜੋਤ ਨੂੰ ਬਲ਼ਦੇ ਰਹਿਣ ਲਈ ਤੇਲ ਦੀ ਜ਼ਰੂਰਤ ਹੁੰਦੀ ਹੈ ਉਵੇਂ ਹੀ ਦੇਹੀ ਵਿੱਚ ਜੋਤ ਤਦ ਤੱਕ ਕਾਇਮ ਰਹਿੰਦੀ ਹੈ ਜਦ ਤੱਕ ਦੇਹੀ ਵਿੱਚ ਸਵਾਸ ਚਲਦੇ ਹਨ। ਜਿਵੇਂ ਦੀਵੇ ਵਿੱਚ ਤੇਲ ਮੁੱਕ ਜਾਏ ਤਾਂ ਦੀਵਾ ਬੁਝ ਜਾਂਦਾ ਹੈ ਉਵੇਂ ਹੀ ਦੇਹੀ ਵਿੱਚੋਂ ਸਵਾਸ ਨਿਕਲ ਜਾਣ ਤਾਂ ਦੇਹੀ ਵਿੱਚ ਸਥਾਪਿਤ ਜੋਤ ਦੇਹੀ ਦਾ ਤਿਆਗ ਕਰ ਦਿੰਦੀ ਹੈ ਜਿਸ ਦੇ ਕਾਰਨ ਮਨੁੱਖਾ ਦੇਹੀ ਦੀ ਮੌਤ ਹੋ ਜਾਂਦੀ ਹੈ। ਇਸ ਲਈ ਮਨੁੱਖਾ ਦੇਹੀ ਵਿੱਚ ਸਥਾਪਿਤ ਕੀਤੀ ਗਈ ਜੋਤ ਦੇਹੀ ਵਿੱਚ ਪਵਣ ਗੁਰੂ ਦੀ ਸ਼ਕਤੀ ਨਾਲ ਕਾਇਮ ਰਹਿੰਦੀ ਹੈ।

ਮਨੁੱਖਾ ਦੇਹੀ ਪਵਣ ਗੁਰੂ ਦੀ ਸ਼ਕਤੀ ਦੇ ਨਾਲ ਹੀ ਚਲਦੀ ਹੈ। ਸਵਾਸਾਂ ਦੁਆਰਾ ਮਨੁੱਖਾ ਦੇਹੀ ਪਵਣ ਗੁਰੂ ਦੇ ਨਾਲ ਜੀਵਤ ਰਹਿੰਦੀ ਹੈ। ਜਦ ਤੱਕ ਮਨੁੱਖਾ ਦੇਹੀ ਵਿੱਚ ਸਵਾਸ ਚਲਦੇ ਹਨ ਅਤੇ ਪਵਣ ਗੁਰੂ ਦੇਹੀ ਵਿੱਚ ਪ੍ਰਵੇਸ਼ ਕਰਦੀ ਹੈ ਅਤੇ ਨਿਕਾਸ ਕਰਦੀ ਹੈ ਤਦ ਤੱਕ ਮਨੁੱਖਾ ਦੇਹੀ ਜੀਵਤ ਰਹਿੰਦੀ ਹੈ। ਮਨੁੱਖਾ ਦੇਹੀ ਵਿੱਚ ਸਵਾਸ ਲੈਣ ਦੀ ਸ਼ਕਤੀ ਇਲਾਹੀ ਜੋਤ ਦਿੰਦੀ ਹੈ ਅਤੇ ਸਵਾਸਾਂ ਦੁਆਰਾ ਪਵਣ ਗੁਰੂ ਦੀ ਸ਼ਕਤੀ ਮਨੁੱਖਾ ਦੇਹੀ ਨੂੰ ਚਲਾਉਂਦੀ ਹੈ। ਇਸ ਲਈ ਸਵਾਸਾਂ ਦਾ ਆਧਾਰ ਮਨੁੱਖਾ ਦੇਹੀ ਵਿੱਚ ਸਥਾਪਿਤ ਕੀਤੀ ਗਈ ਜੋਤ ਹੈ। ਪਰੰਤੂ ਮਨੁੱਖਾ ਦੇਹੀ ਦੇ ਸਾਰੇ ਅੰਗ ਸਵਾਸਾਂ ਦੁਆਰਾ ਪਵਣ ਗੁਰੂ ਦੀ ਸ਼ਕਤੀ ਨਾਲ ਚਲਦੇ ਹਨ। ਇਸ ਤੱਤ ਨੂੰ ਤਾਂ ਅੱਜ ਦੀ ਮੈਡੀਕਲ ਸਾਇੰਸ ਵੀ ਸਪਸ਼ਟ ਕਰਦੀ ਹੈ ਕਿ ਮਨੁੱਖਾ

ਦੇਹੀ ਨੂੰ ਆਕਸੀਜ਼ਨ ਜੀਵਤ ਰੱਖਦੀ ਹੈ। ਜੇਕਰ ਮਨੁੱਖੀ ਦਿਮਾਗ ਨੂੰ ੨ ਮਿੰਟ ਤੱਕ ਆਕਸੀਜ਼ਨ ਨਾ ਪਹੁੰਚੇ ਤਾਂ ਉਸ ਦੀ ਮੌਤ ਹੋ ਜਾਂਦੀ ਹੈ। ਮਨੁੱਖਾ ਦੇਹੀ ਨੂੰ ਜੀਵਤ ਰੱਖਣ ਵਾਲੀ ਆਕਸੀਜ਼ਨ ਗੈਸ ਪਵਣ ਗੁਰੂ ਤੋਂ ਹੀ ਪ੍ਰਾਪਤ ਹੁੰਦੀ ਹੈ। ਇਸ ਲਈ ਮਨੁੱਖਾ ਦੇਹੀ ਨੂੰ ਜੀਵਨ ਸ਼ਕਤੀ ਸਵਾਸਾਂ ਦੁਆਰਾ ਪਵਣ ਗੁਰੂ ਤੋਂ ਹੀ ਪ੍ਰਾਪਤ ਹੁੰਦੀ ਹੈ। ਭਾਵ ਮਨੁੱਖ ਦਾ ਦਿਮਾਗ, ਜੋ ਕਿ ਮਨੁੱਖਾ ਦੇਹੀ ਨੂੰ ਚਲਾਉਣ ਦੀ ਸ਼ਕਤੀ ਰੱਖਦਾ ਹੈ, ਉਹ ਮਨੁੱਖਾ ਦਿਮਾਗ ਵੀ ਪਵਣ ਗੁਰੂ ਦੀ ਸ਼ਕਤੀ ਦੇ ਨਾਲ ਹੀ ਚਲਦਾ ਹੈ। ਜਦ ਤੱਕ ਮਨੁੱਖਾ ਦੇਹੀ ਸਵਾਸ ਲੈਂਦੀ ਹੈ ਤਦ ਤੱਕ ਉਸ ਵਿੱਚ ਸਥਾਪਿਤ ਸਾਰੀਆਂ ਸ਼ਕਤੀਆਂ (ਦੇਖਣ ਦੀ ਸ਼ਕਤੀ, ਸੁਣਨ ਦੀ ਸ਼ਕਤੀ, ਬੋਲਣ ਦੀ ਸ਼ਕਤੀ, ਸੁੰਘਣ ਦੀ ਸ਼ਕਤੀ, ਸੁਆਦ ਚੱਖਣ ਦੀ ਸ਼ਕਤੀ, ਸੋਚਣ ਦੀ ਸ਼ਕਤੀ ਅਤੇ ਮਹਿਸੂਸ ਕਰਨ ਦੀ ਸ਼ਕਤੀ ਆਦਿ) ਕਾਇਮ ਰਹਿੰਦੀਆਂ ਹਨ। ਜਦ ਮਨੁੱਖਾ ਦੇਹੀ ਸਵਾਸ ਲੈਣਾ ਬੰਦ ਕਰ ਦਿੰਦੀ ਹੈ ਤਾਂ ਇਹ ਸਾਰੀਆਂ ਸ਼ਕਤੀਆਂ ਵੀ ਮਨੁੱਖਾ ਦੇਹੀ ਦਾ ਤਿਆਗ ਕਰ ਦਿੰਦੀਆਂ ਹਨ। ਕੇਵਲ ਇਤਨਾ ਹੀ ਨਹੀਂ ਬਲਕਿ ਸਤਿ ਪਾਰਬ੍ਰਹਮ ਪਰਮੇਸ਼ਰ ਦੁਆਰਾ ਸਥਾਪਿਤ (ਮਨੁੱਖਾ ਦੇਹੀ ਵਿੱਚ) ਕੀਤੀਆਂ ਗਈਆਂ ਸਾਰੀਆਂ ਪਰਮ ਸ਼ਕਤੀਆਂ ਵੀ ਮਨੁੱਖਾ ਦੇਹੀ ਦਾ ਤਿਆਗ ਕਰ ਦਿੰਦੀਆਂ ਹਨ। ਇਸ ਲਈ ਮਨੁੱਖਾ ਦੇਹੀ ਵਿੱਚ ਸਥਾਪਿਤ ਸਾਰੀਆਂ ਸ਼ਕਤੀਆਂ (ਦੇਖਣ ਦੀ ਸ਼ਕਤੀ, ਸੁਣਨ ਦੀ ਸ਼ਕਤੀ, ਬੋਲਣ ਦੀ ਸ਼ਕਤੀ, ਸੁੰਘਣ ਦੀ ਸ਼ਕਤੀ, ਸੁਆਦ ਚੱਖਣ ਦੀ ਸ਼ਕਤੀ, ਸੋਚਣ ਦੀ ਸ਼ਕਤੀ ਅਤੇ ਮਹਿਸੂਸ ਕਰਨ ਦੀ ਸ਼ਕਤੀ ਆਦਿ) ਦਾ ਆਧਾਰ ਪਵਣ ਗੁਰੂ ਹੈ ਅਤੇ ਮਨੁੱਖਾ ਦੇਹੀ ਨੂੰ ਸਵਾਸ ਲੈਣ ਦੀ ਸ਼ਕਤੀ ਦੇਣ ਦਾ ਆਧਾਰ ਹੈ ਇਲਾਹੀ ਜੋਤ, ਜੋ ਕਿ ਮਨੁੱਖਾ ਦੇਹੀ ਵਿੱਚ ਸਥਾਪਿਤ ਕੀਤੀ ਗਈ ਹੈ। ਮਨੁੱਖਾ ਦੇਹੀ ਵਿੱਚ ਸਥਾਪਿਤ ਕੀਤੀਆਂ ਗਈਆਂ ਸਾਰੀਆਂ ਪਰਮ ਸ਼ਕਤੀਆਂ ਦਾ ਆਧਾਰ ਵੀ ਇਲਾਹੀ ਜੋਤ ਹੀ ਹੈ।

ਧੰਨ ਧੰਨ ਸਤਿਗੁਰੂ ਅਵਤਾਰ ਅਮਰਦਾਸ ਪਾਤਸ਼ਾਹ ਜੀ ਨੇ ਆਨੰਦ ਸਾਹਿਬ ਦੀ ਇਸ ਪਉੜੀ ਵਿੱਚ ਮਨੁੱਖਾ ਦੇਹੀ ਦੀ ਰਚਨਾ ਦੇ ਬਾਰੇ ਪੂਰਨ ਬ੍ਰਹਮ ਗਿਆਨ ਸਾਰੀ ਮਨੁੱਖਤਾ ਦੀ ਝੋਲੀ ਵਿੱਚ ਪਾਇਆ ਹੈ। ਮਨੁੱਖਾ ਦੇਹੀ ਦੀ ਬਣਤਰ ਇੱਕ ਗੁਫਾ ਦੇ ਤੁਲ਼ ਹੈ। ਮਨੁੱਖਾ ਦੇਹੀ ਰੂਪੀ ਇਸ ਗੁਫਾ ਦੇ ਦਸ ਦੁਆਰ ਹਨ। ਇਨ੍ਹਾਂ ਵਿੱਚੋਂ ਨੌਂ ਦੁਆਰਾਂ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਭੌਤਿਕ ਤੌਰ 'ਤੇ ਦੇਹੀ ਵਿੱਚ ਇੰਦਰੀਆਂ ਦੇ ਰੂਪ ਵਿੱਚ ਪ੍ਰਗਟ ਕੀਤਾ ਹੈ। ਇਹ ਨੌਂ ਦੁਆਰ ਹਨ: (੧) ਮੂੰਹ; (੨), (੩) ਦੋ ਕੰਨ; (੪), (੫) ਦੋ ਅੱਖਾਂ; (੬), (੭) ਦੋ ਨਾਸਾਂ; (੮) ਮਲ਼ ਦਾ ਨਿਕਾਸ ਦੁਆਰ ਅਤੇ (੯) ਲਿੰਗ। ਸਤਿ ਪਾਰਬ੍ਰਹਮ ਪਰਮੇਸ਼ਰ ਨੇ ਦਸਵੇਂ ਦੁਆਰ ਨੂੰ ਮਨੁੱਖਾ ਦੇਹੀ ਵਿੱਚ ਲੁਕਵਾਂ ਰੱਖ ਦਿੱਤਾ ਹੈ। ਦਸਵਾਂ ਦੁਆਰ ਮਨੁੱਖਾ ਦੇਹੀ ਦਾ ਕੋਈ ਭੌਤਿਕ ਅੰਗ ਨਹੀਂ ਹੈ। ਦਸਵਾਂ ਦੁਆਰ ਮਨੁੱਖ ਆਪਣੀਆਂ ਦੋ ਅੱਖਾਂ ਦੇ ਨਾਲ ਦੇਖ ਜਾਂ ਮਹਿਸੂਸ ਨਹੀਂ ਕਰ ਸਕਦਾ ਹੈ। ਦਸਵਾਂ ਦੁਆਰ ਮਨੁੱਖ ਦੀ ਰੂਹ ਦਾ ਹਿੱਸਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਨੇ ਮਨੁੱਖਾ ਰੂਹ ਵਿੱਚ ੭ ਸਤਿ ਸਰੋਵਰ ਸਥਾਪਿਤ ਕੀਤੇ ਹਨ। ਇਹ ੭ ਸਤਿ ਸਰੋਵਰ ਅੰਮ੍ਰਿਤ ਦੇ ਸੋਮੇ ਹਨ। ਇਨ੍ਹਾਂ ੭ ਸਤਿ ਸਰੋਵਰਾਂ ਵਿੱਚ ਹੀ ਸਾਰੀਆਂ ਪਰਮ ਸ਼ਕਤੀਆਂ ਰੱਖੀਆਂ ਹੋਈਆਂ ਹਨ। ਦਸਵਾਂ ਦੁਆਰ ਇਨ੍ਹਾਂ ਸਤਿ ਸਰੋਵਰਾਂ ਵਿੱਚੋਂ ਹੀ ਇੱਕ ਸਰੋਵਰ ਹੈ। ਇਹ ੭ ਸਤਿ ਸਰੋਵਰ ਮਨੁੱਖਾ ਦੇਹੀ ਦੇ ਭਿੰਨ-ਭਿੰਨ ਸਥਾਨਾਂ ਵਿੱਚ ਸਥਾਪਿਤ ਕੀਤੇ ਗਏ ਹਨ। ਪਹਿਲਾ ਸਤਿ ਸਰੋਵਰ ਮਨੁੱਖ ਦੇ ਮਸਤਕ ਦੇ ਹਿੱਸੇ (ਦੋ ਅੱਖਾਂ ਦੇ ਵਿਚਕਾਰ) ਵਿੱਚ ਮੌਜੂਦ ਹੈ। ਜਿਸ ਦੇ ਜਾਗਰਿਤ ਹੋਣ ਨਾਲ ਮਨੁੱਖ ਨੂੰ ਸਮਾਧੀ ਦੀ ਪ੍ਰਾਪਤੀ ਹੁੰਦੀ ਹੈ। ਸੁਰਤਿ ਦਾ ਸ਼ਬਦ ਨਾਲ ਸੁਮੇਲ ਹੋ ਜਾਂਦਾ ਹੈ। ਸੁਰਤਿ ਵਿੱਚ ਸ਼ਬਦ ਉੱਕਰਿਆ ਜਾਂਦਾ ਹੈ।

ਅਜਪਾ ਜਾਪ ਸ਼ੁਰੂ ਹੋ ਜਾਂਦਾ ਹੈ। ਦੂਸਰਾ ਸਤਿ ਸਰੋਵਰ ਮਨੁੱਖ ਦੇ ਕੰਠ ਵਿੱਚ ਹੁੰਦਾ ਹੈ। ਤੀਸਰਾ ਸਤਿ ਸਰੋਵਰ ਮਨੁੱਖ ਦਾ ਹਿਰਦਾ ਹੈ। ਚੌਥਾ ਸਤਿ ਸਰੋਵਰ ਮਨੁੱਖ ਦੀ ਧੁੰਨੀ ਵਿੱਚ ਹੁੰਦਾ ਹੈ। ਪੰਜਵਾਂ ਸਤਿ ਸਰੋਵਰ ਮਨੁੱਖ ਦੇ ਲਿੰਗ ਵਾਲੇ ਭਾਗ ਵਿੱਚ ਹੁੰਦਾ ਹੈ। ਛੇਵਾਂ ਸਤਿ ਸਰੋਵਰ ਮਨੁੱਖ ਦੀ ਗੀੜ੍ਹ ਦੀ ਹੱਡੀ ਦੇ ਹੇਠਲੇ ਸਿਰੇ ਵਿੱਚ ਹੁੰਦਾ ਹੈ। ਸਤਵਾਂ ਸਰੋਵਰ, ਜੋ ਕਿ ਦਸਵਾਂ ਦੁਆਰ ਹੈ ਉਹ ਮਨੁੱਖ ਦੇ ਸਿਰ ਦੇ ਉੱਪਰਲੇ ਹਿੱਸੇ ਵਿੱਚ ਸਥਿਤ ਹੈ। ਦਸਵੇਂ ਦੁਆਰ ਤੋਂ ਇਲਾਵਾ ਜੋ ਬਾਕੀ ਦੇ ਸਤਿ ਸਰੋਵਰ ਹਨ ਉਹ ਮਨੁੱਖ ਦੀ ਬੰਦਗੀ ਨੂੰ ਵਿਕਸਿਤ ਕਰਨ ਵਿੱਚ ਸਹਾਇਕ ਸਿੱਧ ਹੁੰਦੇ ਹਨ। ਇਹ ਸਾਰੇ (੬) ਸਤਿ ਸਰੋਵਰ ਮਨੁੱਖਾ ਦੇਹੀ ਰੂਪੀ ਭਾਂਡੇ ਨੂੰ ਨਿਰਮਲ ਬਣਾਉਣ ਵਿੱਚ ਸਹਾਇਕ ਸਿੱਧ ਹੁੰਦੇ ਹਨ।

ਜਿਵੇਂ-ਜਿਵੇਂ ਸਤਿਨਾਮ ਅੰਮ੍ਰਿਤ ਇਨ੍ਹਾਂ ਸਰੋਵਰਾਂ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਇਹ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ ਅਤੇ ਮਨੁੱਖਾ ਦੇਹੀ ਦੇ ਭਿੰਨ-ਭਿੰਨ ਭਾਗਾਂ ਨੂੰ ਅੰਮ੍ਰਿਤ ਵਰਤਾਉਣ ਦਾ ਕੰਮ ਕਰਦੇ ਹਨ। ਇਸੇ ਲਈ ਗੁਰਬਾਣੀ ਵਿੱਚ ਇਨ੍ਹਾਂ ਨੂੰ 'ਸਤਿ' ਸਰੋਵਰ ਕਿਹਾ ਗਿਆ ਹੈ। ਇਹ ਸਾਰੇ ਸਤਿ ਸਰੋਵਰ ਅੰਮ੍ਰਿਤ ਦੇ ਸੋਮੇ ਹਨ ਅਤੇ ਇਨ੍ਹਾਂ ਸਤਿ ਸਰੋਵਰਾਂ ਵਿੱਚੋਂ ਅੰਮ੍ਰਿਤ ਦੇ ਝਰਨੇ ਫੁੱਟਦੇ ਹਨ ਜੋ ਮਨੁੱਖ ਦੇ ਰੋਮ-ਰੋਮ ਵਿੱਚ ਸਤਿਨਾਮ ਅੰਮ੍ਰਿਤ ਦਾ ਪ੍ਰਕਾਸ਼ ਕਰਦੇ ਹਨ। ਜਿਸ ਦੇ ਫਲ਼ ਸਰੂਪ ਮਨੁੱਖਾ ਦੇਹੀ ਦੇ ਰੋਮ-ਰੋਮ ਵਿੱਚ ਸਤਿਨਾਮ ਅੰਮ੍ਰਿਤ ਦੀ ਧੜਕਣ ਸੁਣਨ ਲੱਗ ਪੈਂਦੀ ਹੈ। ਮਨੁੱਖਾ ਦੇਹੀ ਵਿੱਚੋਂ ਇਲਾਹੀ ਪ੍ਰਕਾਸ਼ ਨਿਕਲ਼ਨਾ ਸ਼ੁਰੂ ਹੋ ਜਾਂਦਾ ਹੈ। ਇਨ੍ਹਾਂ ੬ ਸਰੋਵਰਾਂ ਨੂੰ ਜਾਗਰਿਤ ਕਰਦਾ ਹੋਇਆ ਜਦ ਸਤਿਨਾਮ ਅੰਮ੍ਰਿਤ ਦਸਵੇਂ ਦੁਆਰ ਵਿੱਚ ਪ੍ਰਗਟ ਹੁੰਦਾ ਹੈ ਤਾਂ ਦਸਵਾਂ ਦੁਆਰ ਖੁੱਲ੍ਹਦਾ ਹੈ। ਦਸਮ ਦੁਆਰ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਸਭ ਤੋਂ ਉੱਤਮ ਅਤੇ ਪਰਮ ਸ਼ਕਤੀਸ਼ਾਲੀ ਅੰਮ੍ਰਿਤ ਦੀ ਸਥਾਪਨਾ ਕੀਤੀ ਹੈ। ਇਹ ਅੰਮ੍ਰਿਤ ਨੂੰ ਗੁਰਬਾਣੀ ਵਿੱਚ ਅਨਹਦ ਨਾਦ ਸ਼ਬਦ ਅੰਮ੍ਰਿਤ ਕਿਹਾ ਗਿਆ ਹੈ। ਦਸਵੇਂ ਦੁਆਰ ਵਿੱਚ ਜਦ ਸਤਿਨਾਮ ਅੰਮ੍ਰਿਤ ਪ੍ਰਗਟ ਹੁੰਦਾ ਹੈ ਤਾਂ ਪਰਮ ਸ਼ਕਤੀਸ਼ਾਲੀ ਅਨਹਦ ਸ਼ਬਦ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। ਅਨਹਦ ਸ਼ਬਦ ਅੰਮ੍ਰਿਤ ਦੀ ਪ੍ਰਾਪਤੀ ਹੋਣ ਦੇ ਨਾਲ ਹੀ ਦਸਮ ਦੁਆਰ ਵਿੱਚ ਅਨਹਦ ਸ਼ਬਦ ਦੀਆਂ ਧੁਨਾਂ ਗੂੰਜਣ ਲੱਗ ਪੈਂਦੀਆਂ ਹਨ। ਅਨਹਦ ਸ਼ਬਦ ਦਾ ਇਹ ਇਲਾਹੀ ਸੰਗੀਤ, (ਜਿਸ ਨੂੰ ਕਈ ਸੰਤ ਮਹਾਂਪੁਰਖਾਂ ਨੇ ਧੁਨਾਤਮਕ ਨਾਮ ਵੀ ਕਿਹਾ ਹੈ) ਮਨੁੱਖ ਦੇ ਦਸਮ ਦੁਆਰ ਵਿੱਚ ਨਿਰੰਤਰ ਵੱਜਦਾ ਹੈ। ਅਨਹਦ ਸ਼ਬਦ ਅੰਮ੍ਰਿਤ ਉਹ ਇਲਾਹੀ ਸੰਗੀਤ ਹੈ ਜੋ ਕਦੇ ਬੰਦ ਨਹੀਂ ਹੁੰਦਾ ਹੈ। ਇਸ ਲਈ ਸਤਿਗੁਰੂ ਸਾਹਿਬਾਨ ਨੇ ਇਸ ਪਰਮ ਸ਼ਕਤੀਸ਼ਾਲੀ ਅੰਮ੍ਰਿਤ ਨੂੰ ਅਨਹਦ ਕਿਹਾ ਹੈ। ਅਨਹਦ ਸ਼ਬਦ ਅੰਮ੍ਰਿਤ ਉਹ ਇਲਾਹੀ ਸੰਗੀਤ ਹੈ ਜਿਸ ਦਾ ਕੋਈ ਹੱਦ ਬੰਨਾ ਨਹੀਂ ਹੈ। ਉਹ ਇਲਾਹੀ ਸੰਗੀਤ ਜੋ ਕਿ ਅਖੰਡ ਹੈ। ਅਨਹਦ ਸ਼ਬਦ ਅੰਮ੍ਰਿਤ ਹੀ ਅਖੰਡ ਕੀਰਤਨ ਹੈ। ਉਹ ਇਲਾਹੀ ਅੰਮ੍ਰਿਤ ਸੰਗੀਤ ਜੋ ਕਦੇ ਖੰਡਿਤ ਨਹੀਂ ਹੁੰਦਾ ਹੈ। ਉਹ ਇਲਾਹੀ ਅੰਮ੍ਰਿਤ ਸੰਗੀਤ ਜੋ ਕਿ ਦਸਮ ਦੁਆਰ ਵਿੱਚ ਨਿਰੰਤਰ ਵੱਜਦਾ ਹੈ। ਧੰਨ ਧੰਨ ਸਤਿਗੁਰੂ ਸਾਹਿਬਾਨ ਨੇ ਦਸਮ ਦੁਆਰ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਈ ਹੈ:

ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥
ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥
ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦}

ਨਉ ਦਰ ਠਾਕੇ ਧਾਵਤੁ ਰਹਾਏ ॥ ਦਸਵੈ ਨਿਜ ਘਰਿ ਵਾਸਾ ਪਾਏ ॥
ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੪}

ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥
ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੫੨}

ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥
ਕਹਤੁ ਕਬੀਰ ਨਵੈ ਘਰ ਮੂਸੇ ਦਸਵੈ ਤਤੁ ਸਮਾਈ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੩੯}

ਦਦਾ ਦੇਖਿ ਜੁ ਬਿਨਸਨਹਾਰਾ ॥ ਜਸ ਅਦੇਖਿ ਤਸ ਰਾਖਿ ਬਿਚਾਰਾ ॥
ਦਸਵੈ ਦੁਆਰਿ ਕੁੰਚੀ ਜਬ ਦੀਜੈ ॥ ਤਉ ਦਇਆਲ ਕੋ ਦਰਸਨੁ ਕੀਜੈ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੧}

ਨਉਮੀ ਨਵੈ ਦੁਆਰ ਕਉ ਸਾਧਿ ॥ ਬਹਤੀ ਮਨਸਾ ਰਾਖਹੁ ਬਾਂਧਿ ॥
ਲੋਭ ਮੋਹ ਸਭ ਬੀਸਰਿ ਜਾਹੁ ॥ ਜੁਗੁ ਜੁਗੁ ਜੀਵਹੁ ਅਮਰ ਫਲ ਖਾਹੁ ॥੧੦॥
ਦਸਮੀ ਦਹ ਦਿਸ ਹੋਇ ਅਨੰਦ ॥ ਛੂਟੈ ਭਰਮੁ ਮਿਲੈ ਗੋਬਿੰਦ ॥
ਜੋਤਿ ਸਰੂਪੀ ਤਤ ਅਨੂਪ ॥ ਅਮਲ ਨ ਮਲ ਨ ਛਾਹ ਨਹੀ ਧੂਪ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੪੩-੩੪੪}

ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੮੩੩}

ਪਉੜੀ ॥
ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥
ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥
ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥
ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੫੪}

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥
ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥
ਜਾਗਤੁ ਰਹੈ ਸੁ ਕਬਹੁ ਨ ਸੋਵੈ ॥ ਤੀਨਿ ਤਿਲੋਕ ਸਮਾਧਿ ਪਲੋਵੈ ॥

ਬੀਜ ਮੰਤ੍ਰ ਲੈ ਹਿਰਦੈ ਰਹੈ ॥ ਮਨੂਆ ਉਲਟਿ ਸੁੰਨ ਮਹਿ ਗਹੈ ॥੫॥
ਜਾਗਤੁ ਰਹੈ ਨ ਅਲੀਆ ਭਾਖੈ ॥ ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥
ਗੁਰ ਕੀ ਸਾਖੀ ਰਾਖੈ ਚੀਤਿ ॥ ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੭੪}

ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੦੨}

ਅੰਤਰਿ ਜੋਤਿ ਭਲੀ ਜਗਜੀਵਨ ॥ ਸਭਿ ਘਟ ਭੋਗੈ ਹਰਿ ਰਸੁ ਪੀਵਨ ॥
ਆਪੇ ਲੇਵੈ ਆਪੇ ਦੇਵੈ ਤਿਹੁ ਲੋਈ ਜਗਤ ਪਿਤ ਦਾਤਾ ਹੇ ॥੩॥
ਜਗਤੁ ਉਪਾਇ ਖੇਲੁ ਰਚਾਇਆ ॥ ਪਵਣੈ ਪਾਣੀ ਅਗਨੀ ਜੀਉ ਪਾਇਆ ॥
ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੧-੧੦੩੨}

ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥
ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੩-੧੦੩੪}

ਮਾਰੂ ਮਹਲਾ ੧ ॥
ਆਪੇ ਆਪੁ ਉਪਾਇ ਨਿਰਾਲਾ ॥ ਸਾਚਾ ਥਾਨੁ ਕੀਓ ਦਇਆਲਾ ॥
ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ ॥੧॥
ਨਉ ਘਰ ਥਾਪੇ ਥਾਪਣਹਾਰੈ ॥ ਦਸਵੈ ਵਾਸਾ ਅਲਖ ਅਪਾਰੈ ॥
ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੩੯-੧੦੩੭}

ਮਨੁੱਖਾ ਦੇਹੀ ਵਿੱਚ ਸਥਿਤ ੯ ਦਰਵਾਜੇ {(੧) ਮੂੰਹ; (੨), (੩) ਦੋ ਕੰਨ; (੪), (੫) ਦੋ ਅੱਖਾਂ; (੬), (੭) ਦੋ ਨਾਸਾਂ; (੮) ਮਲ਼ ਦਾ ਨਿਕਾਸ ਦੁਆਰ ਅਤੇ (੯) ਲਿੰਗ} ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੇ ਪ੍ਰਭਾਵ ਦੇ ਕਾਰਨ ਮਨੁੱਖ ਨੂੰ ਸਤਿ ਪਾਰਬ੍ਰਹਮ ਤੋਂ ਦੂਰ ਕਰਦੇ ਹਨ; ਜਿੱਥੇ ਕਿ ਦਸਵਾਂ ਦੁਆਰ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਲ ਸਦਾ-ਸਦਾ ਲਈ ਜੋੜ ਦਿੰਦਾ ਹੈ। ੯ ਦਰਵਾਜਿਆਂ ਵਿੱਚ ਸਥਾਪਿਤ ਸਾਰੀਆਂ ਸ਼ਕਤੀਆਂ ਦੀ ਵਰਤੋਂ ਮਨੁੱਖ ਮਾਇਆ (ਰਜੋ ਅਤੇ ਤਮੋ ਮਹਾ ਵਿਨਾਸ਼ਕਾਰੀ ਸ਼ਕਤੀਆਂ) ਦੀ ਗੁਲਾਮੀ ਵਿੱਚ ਅਸਤਿ ਕਰਮ ਕਰਨ ਲਈ ਕਰਦਾ ਹੈ ਤਾਂ ਸਤਿ ਪਾਰਬ੍ਰਹਮ ਪਰਮੇਸ਼ਰ ਤੋਂ ਉਸ ਦੀ ਦੂਰੀ ਵੱਧਦੀ ਜਾਂਦੀ ਹੈ। ੯ ਦਰਵਾਜਿਆਂ ਵਿੱਚ ਰੱਖੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਰਜੋ ਅਤੇ ਤਮੋ) ਦੇ ਅਧੀਨ ਕਰਦੇ ਹੋਏ ਮਨੁੱਖ ਦਾ ਸਤਿ ਪਾਰਬ੍ਰਹਮ ਪਰਮੇਸ਼ਰ ਤੋਂ ਵਿਛੋੜਾ ਹੋਰ ਵੱਧਦਾ ਜਾਂਦਾ ਹੈ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੀ ਗੁਲਾਮੀ ਵਿੱਚ ਵਿਚਰਦੇ ਹੋਏ ਮਨੁੱਖ ਦਾ ਸਤਿ ਪਾਰਬ੍ਰਹਮ ਪਰਮੇਸ਼ਰ

ਤੋਂ ਵਿਛੋੜਾ ਜਨਮ ਦਰ ਜਨਮ ਹੋਰ ਵੱਧਦਾ ਚਲਾ ਜਾਂਦਾ ਹੈ। ਇਸ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨੇੜੇ ਜਾਣ ਲਈ ਮਨੁੱਖਾ ਦੇਹੀ ਵਿੱਚ ਸਥਿਤ ਇਨ੍ਹਾਂ ੯ ਦਰਵਾਜਿਆਂ ਦਾ ਸ਼ਾਂਤ ਹੋਣਾ ਲਾਜ਼ਮੀ ਹੈ। ਇਨ੍ਹਾਂ ੯ ਦਰਵਾਜਿਆਂ ਵਿੱਚ ਰੱਖੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਸਤਿ ਕਰਮਾਂ ਵਿੱਚ ਕਰਨ ਨਾਲ ਹੀ ਮਨੁੱਖ ਇਨ੍ਹਾਂ ਨੂੰ ਸ਼ਾਂਤ ਕਰ ਸਕਦਾ ਹੈ। ਭਾਵ ਸਤਿ ਦੀ ਕਰਨੀ ਹੀ ਇਨ੍ਹਾਂ ੯ ਦਰਵਾਜਿਆਂ ਨੂੰ ਸ਼ਾਂਤ ਕਰ ਸਕਦੀ ਹੈ। ਸਤਿ ਦੀ ਕਰਨੀ ਹੀ ਮਨੁੱਖ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨੇੜੇ ਲੈ ਕੇ ਜਾ ਸਕਦੀ ਹੈ। ਸਤਿ ਦੀ ਕਰਨੀ ਹੀ ਮਨੁੱਖ ਦਾ ਸਤਿ ਪਾਰਬ੍ਰਹਮ ਪਰਮੇਸ਼ਰ ਨਾਲੋਂ ਵਿਛੋੜਾ ਦੂਰ ਕਰ ਸਕਦੀ ਹੈ। ਸਤਿ ਦੀ ਕਰਨੀ ਹੀ ਮਨੁੱਖ ਦੀ ਮੁਕਤੀ ਦਾ ਮਾਰਗ ਖੋਲ੍ਹਦੀ ਹੈ।

ਨੌਂ ਦਰਵਾਜਿਆਂ ਨੂੰ ਸ਼ਾਂਤ ਕਰਨਾ ਮਨੁੱਖੀ ਮਨ ਦੇ ਵੱਸ ਵਿੱਚ ਨਹੀਂ ਹੈ। ਮਨੁੱਖੀ ਮਨ ਮਾਇਆ ਹੈ। ਭਾਵ ਮਨੁੱਖੀ ਮਨ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦਾ ਗੁਲਾਮ ਹੈ। ਭਾਵ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਜੋ ਕਿ ਇਨ੍ਹਾਂ ਦਰਵਾਜਿਆਂ ਵਿੱਚ ਰੱਖੀਆਂ ਗਈਆਂ ਸ਼ਕਤੀਆਂ ਦੀ ਦੁਰਵਰਤੋਂ ਕਰਦੀਆਂ ਹਨ; ਉਨ੍ਹਾਂ ਨੂੰ ਸ਼ਾਂਤ ਕਰਨਾ ਮਨੁੱਖੀ ਮਨ ਦੇ ਵੱਸ ਵਿੱਚ ਨਹੀਂ ਹੈ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਰਜੋ ਅਤੇ ਤਮੋ ਬਿਰਤੀ ਦੇ ਅਧੀਨ) ਦੇ ਅਧੀਨ ਕਰਮ ਕਰਦੇ ਹੋਏ ਮਨੁੱਖ ਦੀਆਂ ਅੱਖਾਂ ਕੂੜ ਦੇਖਦੀਆਂ ਹਨ। ਬੁਰੀ ਨਜ਼ਰ ਨਾਲ ਕਿਸੇ ਵਸਤੂ ਵੱਲ ਤੱਕਣਾ ਕੂੜ ਕਰਮ ਹੈ। ਬੁਰੀ ਨਜ਼ਰ ਨਾਲ ਮਾਵਾਂ, ਧੀਆਂ ਅਤੇ ਭੈਣਾਂ ਵੱਲ ਤੱਕਣਾ ਕੂੜ ਕਰਮ ਹੈ। ਬੁਰੀ ਨਜ਼ਰ ਦੇ ਨਾਲ ਪਿਤਾ, ਭਰਾ ਅਤੇ ਪੁੱਤਰ ਸਮਾਨ ਪੁਰਖਾਂ ਵੱਲ ਤੱਕਣਾ ਕੂੜ ਕਰਮ ਹੈ। ਨਫ਼ਰਤ ਦੀ ਨਿਗਾਹ ਦੇ ਨਾਲ ਕਿਸੇ ਨੂੰ ਤੱਕਣਾ ਕੂੜ ਕਰਮ ਹੈ। ਵੈਰ ਦੀ ਭਾਵਨਾ ਨਾਲ ਕਿਸੇ ਨੂੰ ਤੱਕਣਾ ਕੂੜ ਕਰਮ ਹੈ। ਲੋਭ-ਲਾਲਚ ਦੀ ਨਜ਼ਰ ਨਾਲ ਪਰਾਏ ਧਨ ਨੂੰ ਤੱਕਣਾ ਕੂੜ ਕਰਮ ਹੈ। ਕਿਸੇ ਦੂਜੇ ਦਾ ਬੁਰਾ ਹੁੰਦੇ ਦੇਖਣਾ ਕੂੜ ਕਰਮ ਹੈ। ਕਿਸੇ ਦੂਜੇ ਦੀ ਪਤਿ ਲਹਿੰਦੇ ਦੇਖ ਕੇ ਖੁਸ਼ੀ ਦਾ ਅਨੁਭਵ ਕਰਨਾ ਕੂੜ ਕਰਮ ਹੈ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਰਜੋ ਅਤੇ ਤਮੋ ਬਿਰਤੀ ਦੇ ਅਧੀਨ) ਦੇ ਅਧੀਨ ਕਰਮ ਕਰਦੇ ਹੋਏ ਮਨੁੱਖ ਦੇ ਕੰਨ ਕੂੜ ਸੁਣਦੇ ਹਨ। ਨਿੰਦਿਆ, ਚੁਗਲੀ, ਬਖੀਲੀ ਸੁਣਨਾ ਅਤੇ ਉਸ ਵਿੱਚ ਖੁਸ਼ੀ ਦਾ ਅਨੁਭਵ ਕਰਨਾ ਮਹਾ ਵਿਨਾਸ਼ਕਾਰੀ ਕੂੜ ਕਰਮ ਹੈ। ਕਿਸੇ ਦੂਜੇ ਦੀਆਂ ਬੁਰਿਆਈਆਂ ਨੂੰ ਸੁਣਨਾ ਅਤੇ ਖੁਸ਼ੀ ਦਾ ਅਨੁਭਵ ਕਰਨਾ ਕੂੜ ਕਰਮ ਹੈ। ਦੂਜਿਆਂ ਦੀ ਨਿੰਦਿਆ, ਚੁਗਲੀ ਅਤੇ ਬਖੀਲੀ ਕਰਨਾ ਅਤੇ ਉਸ ਵਿੱਚ ਆਨੰਦ ਦਾ ਅਨੁਭਵ ਕਰਨਾ ਮਹਾ ਵਿਨਾਸ਼ਕਾਰੀ ਕੂੜ ਕਰਮ ਹੈ। ਕ੍ਰੋਧ ਚੰਡਾਲ ਦੀ ਗੁਲਾਮੀ ਵਿੱਚ ਦੂਜਿਆਂ ਨੂੰ ਬੁਰੇ ਬੋਲ ਬੋਲਣਾ, ਗਾਲੀ-ਗਲੋਚ ਕਰਨਾ ਆਦਿ ਮਹਾ ਵਿਨਾਸ਼ਕਾਰੀ ਕੂੜ ਕਰਮ ਹੈ।

ਲੋਭ ਚੰਡਾਲ ਦੀ ਗੁਲਾਮੀ ਵਿੱਚ ਗਲਤ ਢੰਗਾਂ ਦੇ ਨਾਲ ਧਨ-ਸੰਪਦਾ, ਜ਼ਮੀਨਾਂ-ਜਾਇਦਾਦਾਂ, ਸੰਸਾਰਿਕ ਸੁੱਖ-ਸੁਵਿਧਾਵਾਂ ਆਦਿ ਨੂੰ ਇਕੱਤਰ ਕਰਨਾ ਮਹਾ ਵਿਨਾਸ਼ਕਾਰੀ ਕੂੜ ਕਰਮ ਹੈ। ਚੋਰੀ, ਯਾਰੀ, ਜ਼ਬਰਦਸਤੀ, ਰਿਸ਼ਵਤਖੋਰੀ, ਧੋਖੇਬਾਜ਼ੀ, ਆਪਣੇ ਸੰਸਾਰਿਕ ਅਹੁਦੇ ਅਤੇ ਅਧਿਕਾਰਾਂ ਦੀ ਦੁਰਵਰਤੋਂ ਵਰਗੇ ਅਸਤਿ ਕਰਮਾਂ ਦੁਆਰਾ ਇਕੱਤਰ ਕੀਤੀ ਗਈ ਧਨ-ਸੰਪਦਾ, ਜ਼ਮੀਨ-ਜਾਇਦਾਦਾਂ, ਸੰਸਾਰਿਕ ਸੁੱਖ-ਸੁਵਿਧਾਵਾਂ ਆਦਿ ਮਨੁੱਖ ਦੇ ਜਨਮ ਜੀਵਨ ਦੇ ਵਿਨਾਸ਼ ਦਾ ਕਾਰਨ ਬਣਦੇ ਹਨ। ਕਾਮ ਚੰਡਾਲ ਦੀ ਗੁਲਾਮੀ ਵਿੱਚ ਆ ਕੇ ਪਰਾਈਆਂ ਮਾਵਾਂ, ਧੀਆਂ, ਭੈਣਾਂ ਦੇ ਬਾਰੇ ਬੁਰਾ ਸੋਚਣਾ ਅਤੇ ਕਰਨਾ ਮਹਾ ਵਿਨਾਸ਼ਕਾਰੀ ਕੂੜ ਕਰਮ ਹੈ। ਕਾਮ ਚੰਡਾਲ ਦੇ ਅਧੀਨ ਪਰਾਏ ਪੁਰਖਾਂ ਦੇ ਬਾਰੇ ਗਲਤ ਸੋਚਣਾ ਅਤੇ ਕਰਨਾ ਮਹਾ ਵਿਨਾਸ਼ਕਾਰੀ ਕੂੜ ਕਰਮ ਹੈ। ਮੋਹ ਚੰਡਾਲ ਦੇ ਵੱਸ ਵਿੱਚ ਆ ਕੇ ਭਾਣਾ ਮੰਨਣ ਤੋਂ

ਇਨਕਾਰੀ ਹੋਣਾ ਮਹਾ ਵਿਨਾਸ਼ਕਾਰੀ ਕੂੜ ਕਰਮ ਹੈ। ਮੋਹ ਚੰਡਾਲ ਦੀ ਅਧੀਨਤਾ ਵਿੱਚ ਆ ਕੇ ਸੰਸਾਰਿਕ ਸੰਬੰਧਾਂ ਨੂੰ ਹੀ ਆਪਣਾ ਜੀਵਨ ਸਮਝਣਾ ਅਤੇ ਇਨ੍ਹਾਂ ਸੰਬੰਧਾਂ ਦੀ ਸੇਵਾ-ਸੰਭਾਲਤਾ ਨੂੰ ਹੀ ਆਪਣਾ ਇੱਕ ਮਾਤਰ ਟੀਚਾ ਮੰਨਣਾ ਮਹਾ ਵਿਨਾਸ਼ਕਾਰੀ ਕੂੜ ਕਰਮ ਹੈ। ਮੋਹ ਚੰਡਾਲ ਦੇ ਵੱਸ ਆ ਕੇ ਅਸਤਿ ਤਰੀਕਿਆਂ ਦੇ ਨਾਲ ਆਪਣੇ ਸੰਸਾਰਿਕ ਸੰਬੰਧਾਂ ਨੂੰ ਬਚਾਉਣ ਦਾ ਯਤਨ ਕਰਨਾ ਮਹਾ ਵਿਨਾਸ਼ਕਾਰੀ ਕੂੜ ਕਰਮ ਹੈ। ਮੋਹ ਚੰਡਾਲ ਦੀ ਗੁਲਾਮੀ ਵਿੱਚ ਆ ਕੇ ਸੰਸਾਰਿਕ ਪਦਾਰਥਾਂ, ਦੁਨਿਆਵੀ ਸੁੱਖ-ਸੁਵਿਧਾਵਾਂ, ਧਨ-ਸੰਪਦਾ, ਜ਼ਮੀਨ-ਜਾਇਦਾਦ ਆਦਿ ਨੂੰ ਹੀ ਆਪਣੇ ਜੀਵਨ ਦਾ ਮੁੱਖ ਅੰਗ ਬਣਾਉਣਾ ਅਤੇ ਇਨ੍ਹਾਂ ਵਸਤੂਆਂ ਦੇ ਨਾਲ ਜੁੜਨਾ ਮਹਾ ਵਿਨਾਸ਼ਕਾਰੀ ਕੂੜ ਕਰਮ ਹੈ।

ਅਹੰਕਾਰ ਚੰਡਾਲ ਦੀ ਗੁਲਾਮੀ ਵਿੱਚ ਆ ਕੇ ਦੂਜਿਆਂ ਉੱਪਰ ਕ੍ਰੋਧ ਕਰਨਾ ਮਹਾ ਵਿਨਾਸ਼ਕਾਰੀ ਕੂੜ ਕਰਮ ਹੈ। ਅਹੰਕਾਰ ਚੰਡਾਲ ਦੇ ਵੱਸ ਵਿੱਚ ਆ ਕੇ ਸੁਆਰਥੀ ਹੋ ਕੇ ਆਪਣੇ ਬਾਰੇ ਹੀ ਸੋਚਣਾ ਅਤੇ ਕਰਨਾ ਮਹਾ ਵਿਨਾਸ਼ਕਾਰੀ ਕੂੜ ਕਰਮ ਹੈ। ਕ੍ਰੋਧ ਚੰਡਾਲ ਦੇ ਵੱਸ ਆ ਕੇ ਦੂਜਿਆਂ ਦਾ ਅਨਿਸ਼ਟ (ਮਾੜਾ) ਕਰਨਾ ਮਹਾ ਵਿਨਾਸ਼ਕਾਰੀ ਕਰਮ ਹੈ। ਆਪਣੀ ਮਹਾ ਵਿਨਾਸ਼ਕਾਰੀ ਤ੍ਰਿਸ਼ਨਾ ਦੀ ਅਗਨ ਨੂੰ ਬੁਝਾਉਣ ਲਈ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੀ ਗੁਲਾਮੀ ਵਿੱਚ ਆ ਕੇ ਕੋਈ ਕਰਮ ਵੀ ਕੀਤਾ ਜਾਏ ਉਹ ਕੂੜ ਕਰਮ ਹੁੰਦਾ ਹੈ ਅਤੇ ਐਸੇ ਕੂੜ ਕਰਮ ਦਾ ਪਰਿਣਾਮ ਬਹੁਤ ਭਿਆਨਕ ਅਤੇ ਵਿਨਾਸ਼ਕਾਰੀ ਸਿੱਧ ਹੁੰਦਾ ਹੈ। ਆਪਣੀ ਵਾਸ਼ਨਾ ਨੂੰ ਸ਼ਾਂਤ ਕਰਨ ਲਈ ਕੀਤਾ ਗਿਆ ਕੋਈ ਵੀ ਕਰਮ ਹੋਏ ਉਹ ਸਦਾ ਕੂੜ ਕਰਮ ਹੁੰਦਾ ਹੈ। ਪੰਜ ਚੰਡਾਲਾਂ ਨੂੰ ਗੁਰੂ ਮੰਨ ਕੇ ਕੀਤਾ ਗਿਆ ਕੋਈ ਵੀ ਕਰਮ ਹੋਏ ਉਹ ਕਰਮ ਕੂੜ ਕਰਮ ਹੁੰਦਾ ਹੈ। ਮਾਇਆ ਦੀ ਗੁਲਾਮੀ ਵਿੱਚ ਮਨੁੱਖੀ ਮਨ ਦੀ ਗੁਰੂ 'ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ' ਹਨ। ਮਾਇਆ ਦੀ ਗੁਲਾਮੀ ਵਿੱਚ ਮਨੁੱਖੀ ਮਨ ਦੇ ਗੁਰੂ ਪੰਜ ਚੰਡਾਲ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਹੁੰਦੇ ਹਨ। ਇਸ ਲਈ ਮਨਮਤਿ ਵਿੱਚ ਆ ਕੇ ਕੀਤਾ ਗਿਆ ਹਰ ਇੱਕ ਕਰਮ ਕੂੜ ਕਰਮ ਹੀ ਹੁੰਦਾ ਹੈ। ਐਸੇ ਕੂੜ ਕਰਮ ਕਰਕੇ ੯ ਦਰਵਾਜੇ ਸ਼ਾਂਤ ਨਹੀਂ ਹੋ ਸਕਦੇ ਹਨ। ਐਸੇ ਕੂੜ ਕਰਮ ਕਰਕੇ ੯ ਦਰਵਾਜੇ ਪਾਵਨ ਨਹੀਂ ਹੋ ਸਕਦੇ ਹਨ। ਭਾਵ ਐਸੇ ਕੂੜ ਕਰਮ ਕਰਦੇ ਹੋਏ ਮਨੁੱਖ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੀ ਗੁਲਾਮੀ ਵਿੱਚ ਹੋਰ ਧਸਦਾ ਚਲਾ ਜਾਂਦਾ ਹੈ। ਐਸੇ ਕੂੜ ਕਰਮ ਕਰਦੇ ਹੋਏ ਮਨੁੱਖ ਆਪਣੇ ਤਨ-ਮਨ ਨੂੰ ਵਿਕਾਰਾਂ ਦੇ ਦਲਦਲ ਵਿੱਚ ਹੋਰ ਗਲਤਾਨ ਕਰ ਲੈਂਦਾ ਹੈ। ਐਸੇ ਕੂੜ ਕਰਮ ਕਰਕੇ ਮਨੁੱਖ ਦੇ ਪੁੰਨ ਕਰਮਾਂ ਦਾ ਪ੍ਰਭਾਵ ਘੱਟ ਜਾਂਦਾ ਹੈ। ਐਸੇ ਕੂੜ ਕਰਮ ਕਰਕੇ ਮਨੁੱਖ ਦੇ ਕਈ ਪੁੰਨ ਕਰਮਾਂ ਦਾ ਕੋਈ ਫ਼ਲ਼ ਪ੍ਰਾਪਤ ਨਹੀਂ ਹੁੰਦਾ ਹੈ। ਐਸੇ ਕੂੜ ਕਰਮ ਕਰਕੇ ਮਨੁੱਖ ਦੇ ਭਾਗ ਮੰਦੇ ਹੋ ਜਾਂਦੇ ਹਨ। ਐਸੇ ਕੂੜ ਕਰਮ ਕਰਦੇ ਹੋਏ ਮਨੁੱਖ ਆਪਣੇ ਜਨਮ ਜੀਵਨ ਨੂੰ ਨਸ਼ਟ ਕਰ ਲੈਂਦਾ ਹੈ। ਐਸੇ ਕੂੜ ਕਰਮਾਂ ਕਰਕੇ ਮਨੁੱਖ ਦੇ ਭਾਗਾਂ ਵਿੱਚ ਦੁੱਖ, ਕਲੇਸ਼, ਮੁਸੀਬਤਾਂ, ਗਰੀਬੀ, ਸਮੱਸਿਆਵਾਂ, ਰੋਗ ਆਦਿ ਲਿਖੇ ਜਾਂਦੇ ਹਨ। ਇਸ ਲਈ ਆਉਣ ਵਾਲੇ ਸਮੇਂ ਵਿੱਚ ਮਨੁੱਖ ਦਾ ਜੀਵਨ ਦੁੱਖਾਂ, ਕਲੇਸ਼ਾਂ, ਗਰੀਬੀ, ਮੁਸੀਬਤਾਂ, ਰੋਗਾਂ, ਸਮੱਸਿਆਵਾਂ ਆਦਿ ਨਾਲ ਭਰਪੂਰ ਹੋ ਜਾਂਦਾ ਹੈ। ਮਨੁੱਖ ਆਪਣੇ ਕਰਮਾਂ ਦੁਆਰਾ ਆਪਣਾ ਮੁਕੱਦਰ ਆਪ ਲਿਖਦਾ ਹੈ। ਜਿਸ ਤਰ੍ਹਾਂ ਦੇ ਮਨੁੱਖ ਦੇ ਕਰਮ ਹੁੰਦੇ ਹਨ ਉਸ ਤਰ੍ਹਾਂ ਦਾ ਹੀ ਮਨੁੱਖ ਦਾ ਭਵਿੱਖ ਨਿਰਮਿਤ ਹੁੰਦਾ ਹੈ।

ਇਸ ਲਈ ਸਾਰੀ ਲੋਕਾਈ ਨੂੰ ਸਨਿਮਰ ਬੇਨਤੀ ਹੈ ਕਿ ੯ ਦਰਵਾਜਿਆਂ ਨੂੰ ਸ਼ਾਂਤ ਕਰਨ ਲਈ ਸਤਿ ਦੀ ਕਰਨੀ ਉੱਪਰ ਆਪਣਾ ਧਿਆਨ ਕੇਂਦਰਿਤ ਕਰੋ। ਅੱਖਾਂ ਦੇ ਨਾਲ ਸਤਿ

ਦੇਖੋ। ਆਪਣੀਆ ਅੱਖਾਂ ਦੇ ਨਾਲ ਜੋ ਵੀ ਦਿਸਦਾ ਹੈ ਉਸ ਵਿੱਚ ਸਤਿ ਨੂੰ ਦੇਖੋ। ਸੰਸਾਰ ਵਿੱਚ ਵਿਚਰਦੇ ਹੋਏ ਚੰਗੀਆਂ ਵਸਤੂਆਂ ਵੀ ਅੱਖਾਂ ਦੇ ਸਾਹਮਣੇ ਆਉਣਗੀਆਂ ਅਤੇ ਮਾੜੀਆਂ ਵਸਤੂਆਂ ਵੀ ਅੱਖਾਂ ਦੇ ਸਾਹਮਣੇ ਆਉਣਗੀਆਂ। ਚੰਗੀਆਂ ਅਤੇ ਮਾੜੀਆਂ ਵਸਤੂਆਂ ਦੇ ਸਤਿ ਨੂੰ (ਗੁਰਮਤਿ ਦੇ ਅਧਾਰ ਤੇ) ਦੇਖਣ ਦਾ ਅਤੇ ਸਮਝਣ ਦਾ ਯਤਨ ਕਰੋ। ਚੰਗੀ ਵਸਤੂ ਦੇ ਗੁਣਾਂ ਨੂੰ ਸਲਾਹੁਣਾ ਅਤੇ ਅਪਣਾਉਣਾ ਸਤਿ ਕਰਮ ਹੈ। ਮਾੜੀ ਵਸਤੂ ਦੇ ਅਵਗੁਣਾਂ ਨੂੰ ਨਾ ਚਿਤਾਰੋ, ਨਾ ਹੀ ਇਨ੍ਹਾਂ ਅਵਗੁਣਾਂ ਨੂੰ ਅਪਣਾਉਣ ਦੀ ਗਲਤੀ ਕਰੋ। ਮਾੜੀ ਵਸਤੂ ਦੇ ਅਵਗੁਣਾਂ ਉੱਪਰ ਤਰਸ ਕਰੋ ਅਤੇ ਅਵਗੁਣਾਂ ਦੇ ਨਸ਼ਟ ਹੋਣ ਲਈ ਅਰਦਾਸ ਕਰੋ। ਇਸ ਤਰ੍ਹਾਂ ਕਰਨ ਦੇ ਨਾਲ ਮਨੁੱਖ ਦਾ ਕਰਮ ਯੋਗ ਬਣ ਜਾਏਗਾ। ਇਸ ਤਰ੍ਹਾਂ ਕਰਨ ਦੇ ਨਾਲ ਮਨੁੱਖ ਦਾ ਕਰਮ ਬੰਦਗੀ ਬਣ ਜਾਏਗਾ। ਆਪਣੇ ਰੋਜ਼ਾਨਾ ਜੀਵਨ ਵਿੱਚ ਵਿਚਰਦੇ ਹੋਏ ਜੋ ਕੁਝ ਵੀ ਅੱਖਾਂ ਦੇ ਸਾਹਮਣੇ ਆਉਂਦਾ ਹੈ ਉਸ ਦੀ ਸੱਚਾਈ ਨੂੰ ਜਾਣਨ ਅਤੇ ਸਮਝਣ ਦਾ ਯਤਨ ਕਰੋ। ਸੁੰਦਰ (ਸਤਿ ਗੁਣੀ) ਵਸਤੂ ਦੀ ਸੁੰਦਰਤਾ (ਸਤਿ ਗੁਣਾਂ) ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਕਿਰਤ ਜਾਣ ਕੇ ਉਸ ਦੀ ਸਲਾਹੁਣਾ ਕਰੋ। ਸਤਿ ਗੁਣਾਂ ਨੂੰ ਅਪਣਾਓ। ਕੁਰੂਪ (ਅਵਗੁਣੀ) ਵਸਤੂ ਦੀ ਨਿੰਦਿਆ ਨਾ ਕਰੋ। ਕੁਰੂਪ (ਅਵਗੁਣੀ) ਵਸਤੂ ਉੱਪਰ ਦਇਆ ਕਰੋ ਅਤੇ ਉਸ ਦੀ ਕੁਰੂਪਤਾ (ਅਵਗੁਣਾਂ) ਨੂੰ ਸੁੰਦਰਤਾ (ਸਤਿ ਗੁਣਾਂ) ਵਿੱਚ ਪਰਿਵਰਤਿਤ ਹੋਣ ਲਈ ਅਰਦਾਸ ਕਰੋ। ਐਸਾ ਕਰਨ ਦੇ ਨਾਲ ਮਨੁੱਖ ਦੇ ਨੇਤਰਾਂ ਦੀ ਵਰਤੋਂ ਸਤਿ ਕਰਮਾਂ ਵਿੱਚ ਹੋਣੀ ਸ਼ੁਰੂ ਹੋ ਜਾਏਗੀ ਅਤੇ ਮਨੁੱਖੀ ਨੇਤਰ ਪਵਿੱਤਰ ਹੋਣੇ ਸ਼ੁਰੂ ਹੋ ਜਾਣਗੇ। ਮਨੁੱਖੀ ਨੇਤਰ ਸਤਿ ਦੀ ਸੇਵਾ ਕਰਨ ਲੱਗ ਪੈਣਗੇ ਜਿਸ ਦੇ ਨਾਲ ਮਨੁੱਖ ਦੇ ਕਰਮ ਯੋਗ ਬਣਨੇ ਸ਼ੁਰੂ ਹੋ ਜਾਣਗੇ। ਮਨੁੱਖ ਦੇ ਕਰਮ ਬੰਦਗੀ ਬਣਨੇ ਸ਼ੁਰੂ ਹੋ ਜਾਣਗੇ।

ਪਰਾਈ ਨਾਰੀ ਨੂੰ ਮਾਂ, ਧੀ ਅਤੇ ਭੈਣ ਦੇ ਰੂਪ ਵਿੱਚ ਦੇਖੋ। ਪਰਾਏ ਪੁਰਖ ਨੂੰ ਪਿਤਾ, ਭਰਾ ਅਤੇ ਪੁੱਤਰ ਦੇ ਰੂਪ ਵਿੱਚ ਦੇਖੋ। ਐਸਾ ਕਰਨ ਦੇ ਨਾਲ ਮਨੁੱਖ ਦੇ ਮਨ ਵਿੱਚ ਕਾਮ ਦੀ ਭਾਵਨਾ ਸ਼ਾਂਤ ਹੋਣੀ ਸ਼ੁਰੂ ਹੋ ਜਾਏਗੀ। ਮਨੁੱਖੀ ਮਨ ਵਿੱਚ ਮਾੜੇ ਵਿਚਾਰ ਆਉਣੇ ਬੰਦ ਹੋ ਜਾਣਗੇ। ਮਨੁੱਖ ਦਾ ਆਚਰਨ ਪਵਿੱਤਰ ਹੋਣਾ ਸ਼ੁਰੂ ਹੋ ਜਾਏਗਾ। ਐਸਾ ਕਰਨ ਦੇ ਨਾਲ ਮਨੁੱਖ ਦੇ ਕਰਮ ਸਤਿ ਕਰਮ ਬਣ ਜਾਣਗੇ। ਐਸਾ ਕਰਨ ਦੇ ਨਾਲ ਮਨੁੱਖ ਦਾ 'ਕਰਮ ਯੋਗ' ਬਣ ਜਾਏਗਾ। ਐਸਾ ਕਰਨ ਦੇ ਨਾਲ ਮਨੁੱਖ ਦਾ ਕਰਮ ਬੰਦਗੀ ਬਣ ਜਾਏਗਾ। ਐਸੀ ਸਤਿ ਦੀ ਕਰਨੀ ਵਿੱਚ ਉਹ ਪਰਮ ਸ਼ਕਤੀ ਹੈ ਜਿਸ ਦੇ ਨਾਲ ਮਨੁੱਖ ਕਾਮ ਜੈਸੇ ਮਹਾ ਵਿਨਾਸ਼ਕਾਰੀ ਚੰਡਾਲ ਉੱਪਰ ਜਿੱਤ ਹਾਸਿਲ ਕਰ ਸਕਦਾ ਹੈ।

ਧਨ-ਸੰਪਦਾ, ਜ਼ਮੀਨ-ਜਾਇਦਾਦ, ਸੰਸਾਰਿਕ ਸੁੱਖ-ਸੁਵਿਧਾਵਾਂ ਨੂੰ ਇਕੱਤਰ ਕਰਨ ਲਈ ਆਪਣੀ ਸਤਿ ਉੱਪਰ ਆਧਾਰਿਤ ਸਮਰੱਥਾ ਦੀ ਵਰਤੋਂ ਕਰੋ। ਆਪਣੀ ਮਿਹਨਤ, ਮੁਸ਼ੱਕਤ, ਦਿਆਨਤਦਾਰੀ, ਇਮਾਨਦਾਰੀ ਦੇ ਨਾਲ ਧਨ ਸੰਪਦਾ, ਜ਼ਮੀਨ-ਜਾਇਦਾਦ ਅਤੇ ਸੰਸਾਰਿਕ ਸੁੱਖ-ਸੁਵਿਧਾਵਾਂ ਨੂੰ ਇਕੱਤਰ ਕਰਨਾ ਹੀ ਸਤਿ ਦੀ ਕਰਨੀ ਹੁੰਦੀ ਹੈ। ਐਸੀ ਸਤਿ ਦੀ ਕਰਨੀ ਦੇ ਨਾਲ ਇਕੱਤਰ ਕੀਤੀ ਗਈ ਧਨ ਸੰਪਦਾ, ਜ਼ਮੀਨ-ਜਾਇਦਾਦ, ਸੰਸਾਰਿਕ ਸੁੱਖ-ਸੁਵਿਧਾਵਾਂ ਆਦਿ ਦੇ ਨਾਲ ਮਨੁੱਖ ਦਾ ਜਨਮ ਜੀਵਨ ਸੁਖੀ ਹੁੰਦਾ ਹੈ ਅਤੇ ਉਸ ਦੀ ਰੂਹਾਨੀਅਤ ਵਿੱਚ ਵਾਧਾ ਹੁੰਦਾ ਹੈ। ਆਪਣੀ ਦਸਾਂ ਨਹੁੰਆਂ ਦੀ (ਮਿਹਨਤ, ਮੁਸ਼ੱਕਤ, ਦਿਆਨਤਦਾਰੀ, ਇਮਾਨਦਾਰੀ) ਕਮਾਈ ਕਰਨ ਦੇ ਨਾਲ ਮਨੁੱਖ ਸਤੋ ਬਿਰਤੀ ਦਾ ਧਾਰਨੀ ਹੁੰਦਾ ਹੈ। ਜੋ ਮਨੁੱਖ ਆਪਣੀ ਦਸਾਂ ਨਹੁੰਆਂ (ਮਿਹਨਤ, ਮੁਸ਼ੱਕਤ, ਦਿਆਨਤਦਾਰੀ, ਇਮਾਨਦਾਰੀ) ਦੀ ਕਮਾਈ ਵਿੱਚੋਂ ਦਸਵੰਧ ਲੇਖੇ ਲਾਉਂਦੇ ਹਨ, ਉਨ੍ਹਾਂ ਦੀ ਕਿਰਤ ਕਮਾਈ

ਪਵਿੱਤਰ ਪਾਵਨ ਹੋ ਜਾਂਦੀ ਹੈ। ਜੋ ਮਨੁੱਖ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਦਸਵੰਧ ਲੇਖੇ ਲਾਉਂਦੇ ਹਨ, ਉਨ੍ਹਾਂ ਮਨੁੱਖਾਂ ਨੂੰ ਮਾਇਆ ਨਹੀਂ ਖਾਂਦੀ ਹੈ। ਜੋ ਮਨੁੱਖ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਦਸਵੰਧ ਲੇਖੇ ਲਾਉਂਦੇ ਹਨ, ਉਨ੍ਹਾਂ ਨੂੰ ਧਨ-ਸੰਪਦਾ ਦੀ ਕਦੇ ਤੋਟ ਨਹੀਂ ਆਉਂਦੀ ਹੈ। ਇਸ ਲਈ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਦਸਵੰਧ ਲੇਖੇ ਲਾਉਣਾ ਬਹੁਤ ਨਿਰਮਲ ਅਤੇ ਉੱਤਮ ਸਤਿ ਕਰਮ ਹੈ। ਐਸਾ ਕਰਨ ਦੇ ਨਾਲ ਮਨੁੱਖੀ ਮਨ ਲੋਭ ਚੰਡਾਲ ਦੀ ਮਹਾ ਵਿਨਾਸ਼ਕਾਰੀ ਗੁਲਾਮੀ ਤੋਂ ਮੁਕਤ ਹੋਣ ਦੇ ਮਾਰਗ ਉੱਪਰ ਚੱਲਣਾ ਸ਼ੁਰੂ ਕਰ ਦੇਵੇਗਾ।

ਸੰਸਾਰ ਵਿੱਚ ਵਿਚਰਦੇ ਹੋਏ ਜੋ ਕੁਝ ਮਨੁੱਖ ਦੇ ਚੌਗਿਰਦ ਵਾਪਰਦਾ ਹੈ ਉਹ ਸਭ ਕੁਝ ਉਸ ਦੇ ਕਰਣਾਂ (ਕੰਨਾਂ) ਨੂੰ ਸੁਣਨਾ ਪੈਂਦਾ ਹੈ। ਜੋ ਕੁਝ ਬਚਨ ਮਨੁੱਖ ਦੇ ਕਰਣ (ਕੰਨ) ਸੁਣਦੇ ਹਨ ਉਹ ਬਚਨ ਸਤਿ ਵੀ ਹੋ ਸਕਦੇ ਹਨ ਅਤੇ ਅਸਤਿ ਵੀ ਹੋ ਸਕਦੇ ਹਨ। ਇਹ ਮਨੁੱਖ ਦੀ ਬਿਬੇਕ ਬੁੱਧੀ ਉੱਪਰ ਨਿਰਭਰ ਕਰਦਾ ਹੈ ਕਿ ਉਹ ਸੁਣੇ ਗਏ ਬਚਨਾਂ ਦਾ ਸਹੀ ਢੰਗ ਨਾਲ ਵਿਸ਼ਲੇਸ਼ਣ ਕਰਦਾ ਹੈ ਕਿ ਨਹੀਂ। ਸੁਣੇ ਗਏ ਬਚਨਾਂ ਦਾ ਸਹੀ ਅਰਥ ਜਾਣਨਾ ਅਤੇ ਸਮਝਣਾ ਬੇਅੰਤ ਲਾਜ਼ਮੀ ਹੈ। ਸੁਣੇ ਗਏ ਬਚਨਾਂ ਦਾ ਸਤਿ ਜਾਣਨਾ ਅਤੇ ਸਮਝਣਾ ਬਹੁਤ ਲਾਜ਼ਮੀ ਹੈ। ਭਾਵ ਜੋ ਕੁਝ ਕਰਣਾਂ ਨੇ ਸੁਣਿਆ ਉਹ ਬਚਨ ਸਤਿ ਹਨ ਕਿ ਅਸਤਿ ਹਨ, ਇਹ ਜਾਣਨਾ ਬੇਅੰਤ ਲਾਜ਼ਮੀ ਹੈ। ਇਸ ਲਈ ਸੁਣੇ ਗਏ ਬਚਨਾਂ ਨੂੰ ਸਤਿ ਦੀ ਤੱਕੜੀ ਉੱਪਰ ਤੋਲੋ ਤਾਂ ਮਨੁੱਖ ਨੂੰ ਇਹ ਬੋਧ ਹੋਏਗਾ ਕਿ ਸੁਣੇ ਗਏ ਬਚਨ ਸਤਿ ਹਨ ਕਿ ਅਸਤਿ ਹਨ। ਸਤਿ ਬਚਨਾਂ ਨੂੰ ਅਪਣਾਉਣਾ ਅਤੇ ਅਸਤਿ ਬਚਨਾਂ ਨੂੰ ਅਣਸੁਣਿਆ ਕਰਨਾ ਹੀ ਸਤਿ ਕਰਮ ਹੈ। ਸਤਿ ਬਚਨਾਂ ਦਾ ਸਮਰਥਨ ਕਰਨਾ ਅਤੇ ਅਸਤਿ ਬਚਨਾਂ ਦਾ ਬਹਿਸ਼ਕਾਰ ਕਰਨਾ ਹੀ ਸਤਿ ਦੀ ਕਰਨੀ ਹੈ। ਸਤਿ ਬਚਨਾਂ ਨੂੰ ਸੁਣ ਕੇ ਆਪਣੀ ਕਰਨੀ ਵਿੱਚ ਲੈ ਕੇ ਆਉਣਾ ਹੀ ਸਤਿ ਦੀ ਕਮਾਈ ਹੈ। ਸਤਿ ਬਚਨਾਂ ਦੀ ਕਮਾਈ ਕਰੋ। ਸਾਰੀ ਗੁਰਬਾਣੀ ਸਤਿ ਬਚਨ ਹਨ। ਗੁਰਬਾਣੀ ਦੀ ਕਮਾਈ ਕਰੋ। ਪੂਰਨ ਸੰਤ ਸਤਿਗੁਰੂ ਦੇ ਬਚਨ ਸਦਾ ਸਤਿ ਬਚਨ ਹੁੰਦੇ ਹਨ। ਪੂਰਨ ਸੰਤ ਸਤਿਗੁਰੂ ਦੇ ਬਚਨਾਂ ਦੀ ਕਮਾਈ ਕਰੋ। ਸਤਿ ਬਚਨਾਂ ਨੂੰ ਸੁਣਨ ਵਿੱਚ ਅਤੇ ਸਤਿ ਬਚਨਾਂ ਦੀ ਕਮਾਈ ਵਿੱਚ ਉਹ ਪਰਮ ਸ਼ਕਤੀ ਵਰਤਦੀ ਹੈ ਜਿਸ ਦੇ ਫ਼ਲ਼ ਸਰੂਪ ਮਨੁੱਖ ਨੂੰ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਦੂਜਿਆਂ ਦੀ ਨਿੰਦਿਆ, ਚੁਗਲੀ ਅਤੇ ਬਖੀਲੀ ਸੁਣਨਾ ਮਹਾ ਵਿਨਾਸ਼ਕਾਰੀ ਅਸਤਿ ਕਰਮ ਹੈ। ਦੂਜਿਆਂ ਦੀ ਨਿੰਦਿਆ, ਚੁਗਲੀ ਅਤੇ ਬਖੀਲੀ ਸੁਣਨ ਨਾਲ ਮਨੁੱਖ ਦੇ ਸਤਿ ਕਰਮਾਂ ਦੇ ਪ੍ਰਭਾਵ ਦਾ ਨਾਸ਼ ਹੁੰਦਾ ਹੈ। ਦੂਜਿਆਂ ਦੀ ਨਿੰਦਿਆ, ਚੁਗਲੀ ਅਤੇ ਬਖੀਲੀ ਸੁਣਨ ਨਾਲ ਮਨੁੱਖ ਦਾ ਇਕੱਤਰ ਕੀਤਾ ਗਿਆ ਅੰਮ੍ਰਿਤ ਲੁੱਟਿਆ ਜਾਂਦਾ ਹੈ। ਇਸ ਲਈ ਕਿਸੇ ਦੀ ਨਿੰਦਿਆ, ਚੁਗਲੀ ਅਤੇ ਬਖੀਲੀ ਨਾ ਸੁਣੋ। ਜਿੱਥੇ ਕਿਸੇ ਦੀ ਨਿੰਦਿਆ, ਚੁਗਲੀ ਅਤੇ ਬਖੀਲੀ ਹੁੰਦੀ ਹੋਏ ਉਸ ਸਥਾਨ ਤੋਂ ਦੂਰ ਹੋ ਜਾਓ।

ਮਨੁੱਖੀ ਮੂੰਹ ਅਤੇ ਰਸਨਾ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਨੇ ਬੋਲਣ ਦੀ ਸ਼ਕਤੀ ਸਥਾਪਿਤ ਕੀਤੀ ਹੈ। ਸੰਸਾਰ ਵਿੱਚ ਵਿਚਰ ਰਿਹਾ ਹਰ ਇੱਕ ਮਨੁੱਖ ਆਪਣੇ ਰੋਜ਼ਾਨਾ ਜੀਵਨ ਵਿੱਚ ਬੋਲਣ ਦੀ ਸ਼ਕਤੀ ਦੀ ਵਰਤੋਂ ਕਰਦਾ ਹੋਇਆ ਆਪਣੇ ਸਾਰੇ ਕਾਰ-ਵਿਹਾਰਾਂ ਨੂੰ ਕਰਦਾ ਹੈ। ਬੋਲਣ ਦੀ ਸ਼ਕਤੀ ਦਾ ਸਤਿ ਬੋਲਣ ਲਈ ਉਪਯੋਗ ਕਰੋ। ਬੋਲਣ ਦੀ ਸ਼ਕਤੀ ਦਾ ਦੁਰਉਪਯੋਗ ਨਾ ਕਰੋ। ਸਦਾ ਸਤਿ ਬੋਲੋ। ਸਦਾ ਮਿੱਠਾ ਬੋਲੋ। ਸਤਿ ਬੋਲਣਾ ਹੀ ਮਿੱਠਾ ਬੋਲਣਾ ਹੈ। ਐਸੇ ਬਚਨ ਬੋਲੋ ਜਿਸ ਦੇ ਨਾਲ ਸੁਣਨ ਵਾਲੇ ਦੀ ਭਲਾਈ ਹੋਵੇ। ਐਸੇ ਬਚਨ ਬੋਲੋ ਜਿਸ

ਦੇ ਨਾਲ ਆਪਣਾ ਵੀ ਭਲਾ ਹੋਵੇ। ਮਾੜੇ ਬੋਲ ਨਾ ਬੋਲੋ। ਨਫ਼ਰਤ ਭਰੇ ਬੋਲ ਨਾ ਬੋਲੋ। ਗਾਲੀ-ਗਲੋਚ ਨਾ ਕਰੋ। ਕਿਸੇ ਦੀ ਨਿੰਦਿਆ, ਚੁਗਲੀ ਅਤੇ ਬਖੀਲੀ ਨਾ ਕਰੋ। ਉੱਚਾ ਨਾ ਬੋਲੋ। ਨਿਮਰਤਾ ਦੀ ਕਮਾਈ ਕਰੋ। ਅਹੰਕਾਰੀ ਬੋਲ ਨਾ ਬੋਲੋ। ਅਹੰਕਾਰ ਦਾ ਤਿਆਗ ਕਰੋ। ਪ੍ਰੇਮ ਵਿੱਚ ਰਹੋ। ਸਾਰੀ ਲੋਕਾਈ ਨੂੰ ਪ੍ਰੇਮ ਦੀ ਦ੍ਰਿਸ਼ਟ ਨਾਲ ਦੇਖੋ। ਸਤਿ ਬੋਲਣਾ ਹੀ ਸਤਿ ਦੀ ਸੇਵਾ ਹੈ। ਸਤਿ ਬੋਲਣ ਵਿੱਚ ਪਰਮ ਸ਼ਕਤੀ ਵਰਤਦੀ ਹੈ। ਜਿਸ ਦੇ ਫ਼ਲ਼ ਸਰੂਪ ਮਨੁੱਖ ਦੀ ਸਤੋ ਬਿਰਤੀ ਦਾ ਨਿਰਮਾਣ ਹੁੰਦਾ ਹੈ। ਸਤੋ ਬਿਰਤੀ ਦੇ ਧਾਰਨੀ ਮਨੁੱਖ ਉੱਪਰ ਪਰਮ ਸ਼ਕਤੀ ਵਰਤਦੀ ਹੈ ਜਿਸ ਦੇ ਫ਼ਲ਼ ਸਰੂਪ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਦੀ ਪ੍ਰਾਪਤੀ ਹੁੰਦੀ ਹੈ। ਸਤੋ ਬਿਰਤੀ ਦੇ ਧਾਰਨੀ ਮਨੁੱਖ ਨੂੰ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ।

ਸਤਿ ਦੀ ਕਰਨੀ ਨਾਲ ਮਨੁੱਖ ਸਤੋ ਬਿਰਤੀ ਦਾ ਧਾਰਨੀ ਬਣ ਜਾਂਦਾ ਹੈ। ਸਤਿ ਦੀ ਕਰਨੀ ਕਰਨ ਦੇ ਨਾਲ ਮਨੁੱਖ ਦੇ ਭਾਗ ਜਾਗ ਪੈਂਦੇ ਹਨ। ਭਾਵ ੯ ਦਰਵਾਜਿਆਂ ਵਿੱਚ ਰੱਖੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਸਤਿ ਦੀ ਕਰਨੀ ਲਈ ਕਰਦੇ ਹੋਏ ਹੀ ਮਨੁੱਖ ਦੇ ਭਾਗ ਜਾਗ ਪੈਂਦੇ ਹਨ। ਸਤਿ ਦੀ ਕਰਨੀ ਵਿੱਚ ਉਹ ਪਰਮ ਸ਼ਕਤੀ ਵਰਤਦੀ ਹੈ ਜਿਸ ਦੇ ਫ਼ਲ਼ ਸਰੂਪ ਮਨੁੱਖ ਨੂੰ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਦੀ ਪ੍ਰਾਪਤੀ ਹੋ ਜਾਂਦੀ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਦੇ ਨਾਲ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਜਿਸ ਦੇ ਫ਼ਲ਼ ਸਰੂਪ ਮਨੁੱਖ ਸਤਿਨਾਮ ਸਿਮਰਨ ਅਤੇ ਸਤਿਨਾਮ ਦੀ ਕਮਾਈ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਕਰਦਾ ਹੈ। ਸ਼ਬਦ ਦਾ ਸੁਰਤਿ ਦੇ ਨਾਲ ਸੁਮੇਲ ਹੋ ਜਾਂਦਾ ਹੈ। ਸਤਿਨਾਮ ਸੁਰਤਿ ਵਿੱਚ ਉੱਕਰਿਆ ਜਾਂਦਾ ਹੈ। ਸਮਾਧੀ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਹੁੰਦੀ ਹੈ। ਸੁੰਨ ਸਮਾਧੀ ਵਿੱਚ ਸਿਮਰਨ ਅਭਿਆਸ ਕਰਦੇ ਹੋਏ ਮਨ ਚਿੰਦਿਆ ਜਾਂਦਾ ਹੈ। ਮਨ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ। ਮਨ ਵਿਸ਼ਰਾਮ ਵਿੱਚ ਚਲਾ ਜਾਂਦਾ ਹੈ। ਮਨ ਦਾ ਅੰਤ ਹੋ ਜਾਂਦਾ ਹੈ। ਮਨ ਪਰਮ ਜੋਤ ਵਿੱਚ ਬਦਲ ਜਾਂਦਾ ਹੈ। ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ੭ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ। ਸਤਿਨਾਮ ਸਿਮਰਨ ਰੋਮ-ਰੋਮ ਵਿੱਚ ਚਲਾ ਜਾਂਦਾ ਹੈ। ਦੇਹੀ ਕੰਚਨ ਬਣ ਜਾਂਦੀ ਹੈ। ਦੇਹੀ ਅੰਮ੍ਰਿਤ ਦੇ ਨਾਲ ਭਰਪੂਰ ਹੋ ਜਾਂਦੀ ਹੈ। ਨੌਂ ਦਰਵਾਜੇ ਪੂਰਨ ਤੌਰ 'ਤੇ ਸ਼ਾਂਤ ਹੋ ਜਾਂਦੇ ਹਨ। ਸਾਰੇ ਵਿਕਾਰਾਂ ਦਾ ਨਾਸ਼ ਹੋ ਜਾਂਦਾ ਹੈ। ੯ ਦਰਵਾਜੇ ਪੂਰਨ ਹੁਕਮ ਦੇ ਅਨੁਸਾਰ ਗੁਰਮਤਿ ਵਿੱਚ ਚਲੇ ਜਾਂਦੇ ਹਨ। ਭਾਵ ਭਗਤ ਦੇ ਸਾਰੇ ਕਰਮ ਸਤਿ ਕਰਮ ਹੋ ਜਾਂਦੇ ਹਨ। ੯ ਦਰਵਾਜਿਆਂ ਵਿੱਚ ਸਥਾਪਿਤ ਸਾਰੀਆਂ ਸ਼ਕਤੀਆਂ (ਦੇਖਣ ਦੀ ਸ਼ਕਤੀ, ਸੁਣਨ ਦੀ ਸ਼ਕਤੀ, ਬੋਲਣ ਦੀ ਸਕਤੀ, ਸੁੰਘਣ ਦੀ ਸ਼ਕਤੀ, ਸੁਆਦ ਚੱਖਣ ਦੀ ਸ਼ਕਤੀ, ਸੋਚਣ ਦੀ ਸ਼ਕਤੀ ਅਤੇ ਮਹਿਸੂਸ ਕਰਨ ਦੀ ਸ਼ਕਤੀ ਆਦਿ) ਦੀ ਵਰਤੋਂ ਆਪਣੇ ਆਪ ਸਤਿ ਕਰਮਾਂ ਲਈ ਹੋਣ ਲੱਗ ਜਾਂਦੀ ਹੈ। ਸਾਰੇ ਅਵਗੁਣਾਂ ਦਾ ਅੰਤ ਹੋ ਜਾਂਦਾ ਹੈ। ਸਾਰੇ ਵਿਕਾਰਾਂ ਦਾ ਅੰਤ ਹੋ ਜਾਂਦਾ ਹੈ। ਦਸਮ ਦੁਆਰ ਖੁੱਲ੍ਹ ਜਾਂਦਾ ਹੈ। ਦਸਮ ਦੁਆਰ ਦੇ ਖੁੱਲ੍ਹਣ ਨਾਲ ਹੀ ਪਰਮ ਸ਼ਕਤੀਸ਼ਾਲੀ ਅਨਹਦ ਸ਼ਬਦ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ। ਅਨਹਦ ਸ਼ਬਦ ਦਸਮ ਦੁਆਰ ਵਿੱਚ ਨਿਰੰਤਰ ਵੱਜਣ ਲੱਗ ਜਾਂਦਾ ਹੈ। ਅਨਹਦ ਸ਼ਬਦ ਅੰਮ੍ਰਿਤ ਸਭ ਤੋਂ ਉੱਚਾ ਅੰਮ੍ਰਿਤ ਹੈ। ਅਨਹਦ ਸ਼ਬਦ ਵਿੱਚ ਉਹ ਪਰਮ ਸ਼ਕਤੀ ਵਰਤਦੀ ਹੈ ਜਿਸ ਦੇ ਨਾਲ ਭਗਤ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ। ਅਨਹਦ ਸ਼ਬਦ ਉੱਪਰ ਜਦ ਭਗਤ ਆਪਣਾ ਧਿਆਨ ਕੇਂਦਰਿਤ ਕਰਦਾ ਹੈ ਤਾਂ ਉਹ ਕੁਝ ਹੀ ਛਿਣਾਂ ਵਿੱਚ ਸੁੰਨ ਸਮਾਧੀ ਵਿੱਚ ਚਲਾ ਜਾਂਦਾ ਹੈ। ਇਨ੍ਹਾਂ ਪਰਮ ਸਤਿ ਦੇ ਤੱਤਾਂ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ। ਨੌਂ ਦਰਵਾਜਿਆਂ ਦੇ ਸ਼ਾਂਤ ਹੋ ਜਾਣ ਨਾਲ ਜਿਸ ਅਵਸਥਾ ਦੀ ਭਗਤ ਨੂੰ ਪ੍ਰਾਪਤੀ

ਹੁੰਦੀ ਹੈ ਉਸ ਪਰਮ ਸਤਿ ਤੱਤ ਨੂੰ ਪੂਰਨ ਸੰਤ ਸਤਿਗੁਰੂ ਕਬੀਰ ਪਾਤਸ਼ਾਹ ਜੀ ਨੇ ਆਪਣੀ ਬਾਣੀ ਵਿੱਚ ਪ੍ਰਗਟ ਕੀਤਾ ਹੈ:

ਸੰਤਹੁ ਮਨ ਪਵਨੈ ਸੁਖੁ ਬਨਿਆ ॥ ਕਿਛੁ ਜੋਗੁ ਪਰਾਪਤਿ ਗਨਿਆ ॥ ਰਹਾਉ ॥
ਗੁਰਿ ਦਿਖਲਾਈ ਮੋਰੀ ॥ ਜਿਤੁ ਮਿਰਗ ਪੜਤ ਹੈ ਚੋਰੀ ॥
ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥
ਕੁੰਭ ਕਮਲੁ ਜਲਿ ਭਰਿਆ ॥ ਜਲੁ ਮੇਟਿਆ ਊਭਾ ਕਰਿਆ ॥
ਕਹੁ ਕਬੀਰ ਜਨ ਜਾਨਿਆ ॥ ਜਉ ਜਾਨਿਆ ਤਉ ਮਨੁ ਮਾਨਿਆ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੫੬}

ਦਸਮ ਦੁਆਰ ਦੇ ਪ੍ਰਕਾਸ਼ਮਾਨ ਹੋਣ ਨਾਲ ਭਗਤ ਦੀ ਬੰਦਗੀ ਅੰਤਿਮ ਚਰਨ ਵਿੱਚ ਪਹੁੰਚ ਜਾਂਦੀ ਹੈ। ਦਸਮ ਦੁਆਰ ਦੇ ਪ੍ਰਕਾਸ਼ਮਾਨ ਹੋ ਜਾਣ ਦੇ ਨਾਲ ਹੀ ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ। ਦਸਮ ਦੁਆਰ ਦੇ ਖੁੱਲ੍ਹਣ ਦੇ ਨਾਲ ਉਹ ਪਰਮ ਸ਼ਕਤੀ ਵਰਤਦੀ ਹੈ ਜਿਸ ਦੇ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਹੁੰਦੇ ਹਨ। ਦਸਮ ਦੁਆਰ ਵਿੱਚ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੋ ਜਾਂਦੇ ਹਨ। ਦਸਮ ਦੁਆਰ ਵਿੱਚ ਹੀ ਪਰਮ ਜੋਤ ਪੂਰਨ ਪ੍ਰਕਾਸ਼ ਸਦਾ-ਸਦਾ ਲਈ ਪ੍ਰਗਟ ਹੋ ਜਾਂਦਾ ਹੈ। ਦਸਮ ਦੁਆਰ ਦੇ ਪ੍ਰਕਾਸ਼ਮਾਨ ਹੋ ਜਾਣ ਨਾਲ ਭਗਤ ਨੂੰ ਸਾਰੇ ਦਰਗਾਹੀ ਖ਼ਜ਼ਾਨਿਆਂ ਦੀ ਪ੍ਰਾਪਤੀ ਹੋ ਜਾਂਦੀ ਹੈ। ਭਗਤ ਦੀ ਸਾਰੀ ਦੇਹੀ ਅੰਮ੍ਰਿਤ ਦੇ ਨਾਲ ਪ੍ਰਕਾਸ਼ਮਾਨ ਹੋ ਜਾਂਦੀ ਹੈ। ਤ੍ਰੈ ਗੁਣ ਮਾਇਆ ਉੱਪਰ ਜਿੱਤ ਪ੍ਰਾਪਤ ਹੋ ਜਾਂਦੀ ਹੈ। ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਰਜੋ ਅਤੇ ਤਮੋ) ਦੀ ਗੁਲਾਮੀ ਤੋਂ ਮੁਕਤੀ ਮਿਲ ਜਾਂਦੀ ਹੈ। ਸਾਰੀਆਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਭਗਤ ਦੀਆਂ ਗੁਲਾਮ ਬਣ ਜਾਂਦੀਆਂ ਹਨ। ਮਾਇਆ ਭਗਤ ਦੇ ਚਰਨਾਂ ਹੇਠ ਆ ਕੇ ਝੁੱਕ ਜਾਂਦੀ ਹੈ। ਮਾਇਆ ਭਗਤ ਦੀ ਸੇਵਕ ਬਣ ਜਾਂਦੀ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਭਗਤ ਸਦਾ-ਸਦਾ ਲਈ ਸਮਾ ਜਾਂਦਾ ਹੈ। ਭਗਤ ਆਪਣੀ ਹਸਤੀ ਨੂੰ ਮਿਟਾ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦਾ ਹੈ। ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਪਰਮ ਪਦਵੀ ਦੀ ਪ੍ਰਾਪਤੀ ਹੋ ਜਾਂਦੀ ਹੈ। ਦਰਗਾਹ ਤੋਂ ਗੁਰਪ੍ਰਸਾਦਿ ਵਰਤਾਉਣ ਦੀ ਪਰਮ ਸ਼ਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਮਹਾ ਪਰਉਪਕਾਰ ਦੀ ਸੇਵਾ ਦੀ ਪ੍ਰਾਪਤੀ ਹੋ ਜਾਂਦੀ ਹੈ। ਭਗਤ ਅੰਮ੍ਰਿਤ ਦਾ ਦਾਤਾ ਬਣ ਜਾਂਦਾ ਹੈ।

■

ਅਨੰਦੁ ਸਾਹਿਬ-ਪਉੜੀ ੩੯

ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥
ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥
ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥
ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥
ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੨)

ਗੁਰਬਾਣੀ ਦੀ ਮਹਿਮਾ ਬੇਅੰਤ ਹੈ। ਗੁਰਬਾਣੀ ਦੀ ਮਹਿਮਾ ਪਰਮ ਸ਼ਕਤੀਸ਼ਾਲੀ ਹੈ। ਗੁਰਬਾਣੀ ਪੂਰਨ ਸਤਿ ਹੈ। ਗੁਰਬਾਣੀ ਪਰਮ ਸਤਿ ਹੈ। ਗੁਰਬਾਣੀ ਸਾਰੇ ਪਰਮ ਸਤਿ ਤੱਤਾਂ ਦਾ ਸੰਗ੍ਰਹਿ ਹੈ। ਗੁਰਬਾਣੀ ਪੂਰਨ ਬ੍ਰਹਮ ਗਿਆਨ ਹੈ। ਗੁਰਬਾਣੀ ਵਿੱਚ ਪਰਮ ਸ਼ਕਤੀ ਹੈ। ਗੁਰਬਾਣੀ ਪੂਰਨ ਪਰਮ ਸਤਿ ਦੇ ਤੱਤਾਂ ਦਾ ਸੋਹਿਲਾ ਹੈ। 'ਸੋਹਿਲਾ' ਤੋਂ ਭਾਵ ਹੈ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦਾ ਗੀਤ। 'ਸੋਹਿਲਾ' ਤੋਂ ਭਾਵ ਹੈ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਮ 'ਸਤਿ' ਨਾਮ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦਾ ਗੀਤ। 'ਸੋਹਿਲਾ' ਤੋਂ ਭਾਵ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸੰਤਾਂ, ਭਗਤਾਂ, ਸਤਿਗੁਰੂਆਂ, ਬ੍ਰਹਮ ਗਿਆਨੀਆਂ, ਖ਼ਾਲਸਿਆਂ, ਗੁਰਮੁਖਾਂ ਅਤੇ ਗੁਰਸਿੱਖਾਂ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦਾ ਗੀਤ ਹੈ। ਗੁਰਬਾਣੀ "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥" (ਮੂਲ ਮੰਤਰ) ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਪ੍ਰਗਟ ਕਰਦੀ ਹੈ। ਮੂਲ ਮੰਤਰ ਸਰਬ ਕਲਾ ਭਰਪੂਰ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਅਦੁੱਤੀ, ਸਦਾ ਕਾਇਮ-ਮੁਦਾਇਮ, ਆਦਿ ਜੁਗਾਦਿ ਤੋਂ ਕਾਇਮ, ਅਗਾਂਹ ਆਉਣ ਵਾਲੇ ਸਾਰੇ ਜੁਗੋ-ਜੁਗ ਕਾਇਮ-ਦਾਇਮ ਰਹਿਣ ਵਾਲੀ ਪਰਮ ਸ਼ਕਤੀਸ਼ਾਲੀ ਹਸਤੀ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦਾ ਸੋਹਿਲਾ ਹੈ। ਮੂਲ ਮੰਤਰ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਅਗੰਮ, ਅਗੋਚਰ, ਅਨੰਤ ਅਤੇ ਬੇਅੰਤ ਪਰਮ ਸ਼ਕਤੀਸ਼ਾਲੀ ਹਸਤੀ ਦੀ ਪਰਿਭਾਸ਼ਾ ਦਾ ਸੋਹਿਲਾ ਹੈ। ਮੂਲ ਮੰਤਰ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਸਰਬ ਕਲਾਵਾਂ (ਸਾਰੀਆਂ ਇਲਾਹੀ ਦਰਗਾਹੀ ਪਰਮ ਸ਼ਕਤੀਆਂ) ਦੀ ਬੇਅੰਤ, ਅਨੰਤ, ਅਗੰਮ ਅਤੇ ਅਗੋਚਰ ਮਹਿਮਾ ਨੂੰ ਪ੍ਰਗਟ ਕਰਦਾ ਹੈ। ਮੂਲ ਮੰਤਰ ਸਾਰੀ ਸ੍ਰਿਸ਼ਟੀ ਦਾ ਆਧਾਰ ਹੈ। ਮੂਲ ਮੰਤਰ ਸਾਰੀ ਸ੍ਰਿਸ਼ਟੀ ਦੀ ਉਤਪਤੀ ਦਾ ਆਧਾਰ ਹੈ। ਮੂਲ ਮੰਤਰ ਸਾਰੀ ਸ੍ਰਿਸ਼ਟੀ ਦਾ ਗਰਭ ਹੈ। ਮੂਲ ਮੰਤਰ ਵਿੱਚ ਉਹ ਸਾਰੀਆਂ ਪਰਮ ਸ਼ਕਤੀਆਂ ਰੱਖੀਆਂ ਗਈਆਂ ਹਨ ਜਿਨ੍ਹਾਂ ਦੇ ਨਾਲ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਹੁੰਦੀ ਹੈ, ਪਾਲਣਾ ਹੁੰਦੀ ਹੈ ਅਤੇ ਸੰਘਾਰ ਹੁੰਦਾ ਹੈ। ਮੂਲ ਮੰਤਰ ਸਾਰੇ ਬੇਅੰਤ ਇਲਾਹੀ ਦਰਗਾਹੀ ਖ਼ਜ਼ਾਨਿਆਂ ਦਾ ਪੂਰਨ ਭੰਡਾਰ ਹੈ। ਮੂਲ ਮੰਤਰ ਸਰਬ-ਵਿਆਪਕ ਹੈ। ਸਾਰੀ ਸ੍ਰਿਸ਼ਟੀ ਮੂਲ ਮੰਤਰ ਵਿੱਚ ਹੀ ਵਿਚਰ ਰਹੀ ਹੈ।

ਸ੍ਰਿਸ਼ਟੀ ਦੀ ਹਰ ਇੱਕ ਰਚਨਾ ਮੂਲ ਮੰਤਰ ਵਿੱਚੋਂ ਹੀ ਜੰਮਦੀ ਹੈ, ਵਿਕਸਿਤ ਹੁੰਦੀ ਹੈ ਅਤੇ ਅੰਤ ਨੂੰ ਪ੍ਰਾਪਤ ਹੁੰਦੀ ਹੈ। ਮੂਲ ਮੰਤਰ, ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਦੀ ਬੇਅੰਤ ਅਤੇ ਪਰਮ ਦਿਆਲਤਾ ਦਾ ਸਦਕਾ ਸਾਰੀ ਮਨੁੱਖਤਾ ਦੀ ਝੋਲੀ ਵਿੱਚ ਪਾਇਆ ਗਿਆ ਉਹ ਅਨਮੋਲ ਰਤਨ ਹੈ, ਜਿਸ ਦੀ ਕਮਾਈ ਕਰਨ ਦੇ ਨਾਲ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਰੂਪ ਬਣ ਜਾਂਦਾ ਹੈ। ਮੂਲ ਮੰਤਰ ਐਸਾ ਪਰਮ ਸ਼ਕਤੀਸ਼ਾਲੀ ਸੋਹਿਲਾ ਹੈ ਜਿਸ ਦੀ ਕਮਾਈ ਕਰਨ ਦੇ ਨਾਲ ਮਨੁੱਖ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਰੂਪ 'ਸਤਿ ਰੂਪ' ਬਣ ਜਾਂਦਾ ਹੈ। ਮੂਲ ਮੰਤਰ ਐਸਾ ਪਰਮ ਸ਼ਕਤੀਸ਼ਾਲੀ ਸੋਹਿਲਾ ਹੈ ਜਿਸ ਦੀ ਕਮਾਈ ਕਰਨ ਦੇ ਨਾਲ ਮਨੁੱਖ ਜੀਵਨ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਮੂਲ ਮੰਤਰ ਐਸਾ ਪਰਮ ਸ਼ਕਤੀਸ਼ਾਲੀ ਸੋਹਿਲਾ ਹੈ ਜਿਸ ਦੀ ਕਮਾਈ ਕਰਨ ਦੇ ਨਾਲ ਮਨੁੱਖ ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ, ਪੂਰਨ ਖ਼ਾਲਸਾ, ਗੁਰਮੁਖ ਬਣ ਜਾਂਦਾ ਹੈ। ਮੂਲ ਮੰਤਰ ਐਸਾ ਪਰਮ ਸ਼ਕਤੀਸ਼ਾਲੀ ਸੋਹਿਲਾ ਹੈ ਜਿਸ ਦੀ ਕਮਾਈ ਕਰਨ ਦੇ ਨਾਲ ਮਨੁੱਖ ਪਰਮ ਪਦਵੀ ਪ੍ਰਾਪਤ ਕਰ ਲੈਂਦਾ ਹੈ। ਇਸ ਲਈ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਮੂਲ ਮੰਤਰ ਦੇ ਰੂਪ ਵਿੱਚ ਸਾਰੀਆਂ ਇਲਾਹੀ ਪਰਮ ਸ਼ਕਤੀਆਂ ਨੂੰ ਗੁਰਬਾਣੀ ਦੇ ਵਿੱਚ ਸਭ ਤੋਂ ਪਹਿਲਾਂ ਪ੍ਰਗਟ ਕਰ ਦਿੱਤਾ ਹੈ। ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਅਦੁੱਤੀ ਹਸਤੀ ਦਾ ਨਾਮ 'ਸਤਿ' ਨਾਮ ਦਾ ਪਰਮ ਸ਼ਕਤੀਸ਼ਾਲੀ ਸ਼ਬਦ ਮੂਲ ਮੰਤਰ ਵਿੱਚ ਪ੍ਰਗਟ ਕਰ ਦਿੱਤਾ ਹੈ। ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਸਾਰੀਆਂ ਪਰਮ ਸ਼ਕਤੀਆਂ ਅਤੇ ਪਰਮ ਸਤਿ ਗੁਣ ਮੂਲ ਮੰਤਰ ਵਿੱਚ ਪ੍ਰਗਟ ਕੀਤੇ ਗਏ ਹਨ। ਸ਼ਬਦ 'ਸਤਿ' ਨਾਮ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਪਹਿਲੀ ਪਉੜੀ ਦੀ ਗੁਰਪ੍ਰਸਾਦੀ ਕਥਾ ਵਿੱਚ ਵਿਚਾਰੀ ਗਈ ਹੈ। ਭਗਤੀ ਦੇ ਮਾਰਗ ਉੱਪਰ ਚੱਲਣ ਦੇ ਯਤਨਸ਼ੀਲ ਮਨੁੱਖਾਂ ਲਈ ਇਨ੍ਹਾਂ ਪਰਮ ਸਤਿ ਦੇ ਤੱਤਾਂ ਦੀ ਮਹਿਮਾ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ।

ਪਰਮ ਸ਼ਕਤੀਸ਼ਾਲੀ ਜਪੁ ਜੀ ਗੁਰਬਾਣੀ ਮੂਲ ਮੰਤਰ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦਾ ਸੋਹਿਲਾ ਹੈ। ਪਰਮ ਸ਼ਕਤੀਸ਼ਾਲੀ ਜਪੁ ਜੀ ਗੁਰਬਾਣੀ ਵਿੱਚ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਮੂਲ ਮੰਤਰ ਦੀ ਵਿਸਥਾਰ ਦੇ ਨਾਲ ਮਹਿਮਾ ਦਾ ਸੋਹਿਲਾ ਪ੍ਰਗਟ ਕੀਤਾ ਹੈ। ਪਰਮ ਦਿਆਲੂ, ਪਰਮ ਕਿਰਪਾਲੂ ਧੰਨ ਧੰਨ ਸਤਿਗੁਰੂ ਅਵਤਾਰ ਨਾਨਕ ਪਾਤਸ਼ਾਹ ਜੀ ਨੇ ਪਰਮ ਸ਼ਕਤੀਸ਼ਾਲੀ ਜਪੁ ਜੀ ਗੁਰਬਾਣੀ ਵਿੱਚ ਸੱਚ ਖੰਡ ਦੀ ਯਾਤਰਾ ਦੇ ਪੰਥ ਦਾ ਨਕਸ਼ਾ ਉੱਕਰ ਦਿੱਤਾ ਹੈ। ਪਰਮ ਸ਼ਕਤੀਸ਼ਾਲੀ ਜਪੁ ਜੀ ਗੁਰਬਾਣੀ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪ੍ਰਾਪਤੀ ਕਰਨ ਦੇ ਸੌਖੇ ਮਾਰਗ ਦਾ ਦਰਸ਼ਨ ਕੀਤਾ ਗਿਆ ਹੈ। ਪਰਮ ਸ਼ਕਤੀਸ਼ਾਲੀ ਜਪੁ ਜੀ ਗੁਰਬਾਣੀ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪ੍ਰਾਪਤੀ ਕਰਨ ਲਈ ਇੱਕ ਆਮ ਮਨੁੱਖ ਨੂੰ ਕੀ ਕਰਨਾ ਚਾਹੀਦਾ ਹੈ; ਪੂਰਨ ਬ੍ਰਹਮ ਗਿਆਨ ਦੇ ਉਨ੍ਹਾਂ ਸਾਰੇ ਅਨਮੋਲ ਰਤਨਾਂ ਨੂੰ ਪ੍ਰਗਟ ਕੀਤਾ ਗਿਆ ਹੈ। ਪਰਮ ਸ਼ਕਤੀਸ਼ਾਲੀ ਜਪੁ ਜੀ ਗੁਰਬਾਣੀ ਵਿੱਚ ਧੰਨ ਧੰਨ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਮਨੁੱਖਾ ਜਨਮ ਜੀਵਨ ਨੂੰ ਸਫਲ ਕਰਨ ਦੇ ਮਾਰਗ ਨੂੰ ਪ੍ਰਗਟ ਕੀਤਾ ਹੈ। ਪਰਮ ਸ਼ਕਤੀਸ਼ਾਲੀ ਜਪੁ ਜੀ ਗੁਰਬਾਣੀ ਵਿੱਚ ਧੰਨ ਧੰਨ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੇ 'ਮੂਲ' ਮੰਤਰ ਅਤੇ ਇਸ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਪਹਿਲੀ ਵਾਰ ਧਰਤੀ ਉੱਪਰ ਪ੍ਰਗਟ ਕੀਤਾ ਹੈ। ਪਰਮ ਸ਼ਕਤੀਸ਼ਾਲੀ ਜਪੁ ਜੀ ਗੁਰਬਾਣੀ ਵਿੱਚ ਧੰਨ ਧੰਨ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪੂਰਨ ਨਾਮ 'ਸਤਿ' ਨਾਮ ਅਤੇ ਇਸ ਦੀ ਪਰਮ

ਸ਼ਕਤੀਸ਼ਾਲੀ ਮਹਿਮਾ ਨੂੰ ਪਹਿਲੀ ਵਾਰ ਧਰਤੀ ਉੱਪਰ ਪ੍ਰਗਟ ਕੀਤਾ ਹੈ। ਪਰਮ ਸ਼ਕਤੀਸ਼ਾਲੀ ਜਪੁ ਜੀ ਗੁਰਬਾਣੀ ਵਿੱਚ ਧੰਨ ਧੰਨ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ 'ਗੁਰਪ੍ਰਸਾਦਿ' ਦੀ ਪਰਮ ਸ਼ਕਤੀ ਦੀ ਬੇਅੰਤ ਮਹਿਮਾ ਨੂੰ ਪਹਿਲੀ ਵਾਰ ਧਰਤੀ ਉੱਪਰ ਪ੍ਰਗਟ ਕੀਤਾ ਹੈ। ਗੁਰਪ੍ਰਸਾਦਿ ਨੂੰ ਪ੍ਰਾਪਤ ਕਰਨ ਦੀ ਜੁਗਤ ਪ੍ਰਗਟ ਕੀਤੀ ਹੈ।

ਪਰਮ ਸ਼ਕਤੀਸ਼ਾਲੀ ਜਪੁ ਜੀ ਗੁਰਬਾਣੀ ਵਿੱਚ ਧੰਨ ਧੰਨ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਸਤਿਗੁਰੂ ਦੇ ਸਤਿ ਬਚਨਾਂ ਨੂੰ ਸੁਣਨ ਅਤੇ ਮੰਨਣ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਪ੍ਰਗਟ ਕੀਤਾ ਹੈ। ਮਨੁੱਖੀ ਮਨ ਵਿੱਚ ਬਣੀ ਹੋਈ ਕੂੜ ਦੀ ਕੰਧ ਨੂੰ ਤੋੜਣ ਦੀ ਜੁਗਤ ਪ੍ਰਗਟ ਕੀਤੀ ਹੈ। ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੇ 'ਸਤਿ' ਨਾਮ ਨੂੰ ਜਪਣ ਅਤੇ ਜਪਦੇ-ਜਪਦੇ 'ਸਤਿ' ਰੂਪ ਹੋ ਜਾਣ ਦੀ ਜੁਗਤ ਨੂੰ ਪ੍ਰਗਟ ਕੀਤਾ ਹੈ। ਤ੍ਰੈ ਗੁਣ ਮਾਇਆ ਨੂੰ ਜਿੱਤਣ ਦੀ ਜੁਗਤ ਅਤੇ ਮਹਿਮਾ ਨੂੰ ਪ੍ਰਗਟ ਕੀਤਾ ਹੈ। ਮਾਇਆ ਰੂਪੀ ਮਨੁੱਖੀ ਮਨ ਨੂੰ ਜਿੱਤਣ ਦੀ ਜੁਗਤ ਅਤੇ ਮਹਿਮਾ ਨੂੰ ਪ੍ਰਗਟ ਕੀਤਾ ਹੈ। ਮਨੁੱਖੀ ਮਨ ਉੱਪਰ ਰਾਜ ਕਰਨ ਵਾਲੇ ਪੰਜ ਦੂਤਾਂ ਨੂੰ ਜਿੱਤਣ ਦੀ ਜੁਗਤ ਅਤੇ ਮਹਿਮਾ ਨੂੰ ਪ੍ਰਗਟ ਕੀਤਾ ਹੈ। ਕਾਮ ਚੰਡਾਲ, ਕ੍ਰੋਧ ਚੰਡਾਲ, ਲੋਭ ਚੰਡਾਲ, ਮੋਹ ਚੰਡਾਲ ਅਤੇ ਅਹੰਕਾਰ ਚੰਡਾਲ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਨੂੰ ਜਿੱਤਣ ਦੀ ਜੁਗਤ ਅਤੇ ਮਹਿਮਾ ਨੂੰ ਪ੍ਰਗਟ ਕੀਤਾ ਹੈ। ਮਨੁੱਖੀ ਮਨ ਵਿੱਚ ਵਾਸ ਕਰਦੀ ਤ੍ਰਿਸ਼ਣਾ ਅਗਨ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਨੂੰ ਜਿੱਤਣ ਦੀ ਜੁਗਤ ਅਤੇ ਮਹਿਮਾ ਨੂੰ ਪ੍ਰਗਟ ਕੀਤਾ ਹੈ। ਪਰਮ ਸ਼ਕਤੀਸ਼ਾਲੀ ਜਪੁ ਜੀ ਗੁਰਬਾਣੀ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪ੍ਰਾਪਤੀ ਕਰਨ ਦੇ ਲਈ ਮਨੁੱਖ ਨੂੰ ਕਿਹੜੀਆਂ ਅਵਸਥਾਵਾਂ (ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ) ਵਿੱਚੋਂ ਗੁਜਰਨਾ ਪੈਂਦਾ ਹੈ, ਉਨ੍ਹਾਂ ਸਾਰੀਆਂ ਅਵਸਥਾਵਾਂ ਦੇ ਬਾਰੇ ਪੂਰਨ ਸਤਿ ਤੱਤਾਂ ਨੂੰ ਪ੍ਰਗਟ ਕੀਤਾ ਗਿਆ ਹੈ। ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਸੱਚ ਖੰਡ ਦੀ ਅਵਸਥਾ ਦੀ ਪ੍ਰਾਪਤੀ ਦੀ ਜੁਗਤ ਅਤੇ ਮਹਿਮਾ ਨੂੰ ਪ੍ਰਗਟ ਕੀਤਾ ਹੈ। ਸੱਚ ਖੰਡ ਵਿੱਚ ਪੂਰਨ ਬੰਦਗੀ ਦੀ ਦਰਗਾਹ ਵਿੱਚ ਪ੍ਰਵਾਨਗੀ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਅਭੇਦਤਾ ਦੀ ਜੁਗਤ ਅਤੇ ਮਹਿਮਾ ਨੂੰ ਪ੍ਰਗਟ ਕੀਤਾ ਹੈ। (ਜਪੁ ਜੀ ਗੁਰਬਾਣੀ ਦੀ ਪਰਮ ਸ਼ਕਤੀਸ਼ਾਲੀ ਮਹਿਮਾ 'ਗੁਰਪ੍ਰਸਾਦੀ ਕਥਾ - ਜਪੁ ਜੀ ਸਾਹਿਬ - ਸੱਚ ਖੰਡ ਦੀ ਯਾਤਰਾ' ਪੋਥੀ ਵਿੱਚ ਵਿਚਾਰੀ ਗਈ ਹੈ। ਇਹ ਗੁਰਪ੍ਰਸਾਦੀ ਕਥਾ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪੂਰਨ ਹੁਕਮ ਦੀ ਪਾਲਣਾ ਕਰਦੇ ਹੋਏ ਵਿਚਾਰੀ ਗਈ ਹੈ।)

ਬਾਕੀ ਦੀ ਸਾਰੀ ਗੁਰਬਾਣੀ ਜਪੁ ਜੀ ਗੁਰਬਾਣੀ ਦੀ ਵਿਸਥਾਰ ਵਿੱਚ ਪ੍ਰਗਟ ਕੀਤੀ ਗਈ ਪਰਮ ਸ਼ਕਤੀਸ਼ਾਲੀ ਮਹਿਮਾ ਦਾ ਸੋਹਿਲਾ ਹੈ। ਸਾਰੀ ਗੁਰਬਾਣੀ ਪਰਮ ਸਤਿ ਦੇ ਪਰਮ ਸ਼ਕਤੀਸ਼ਾਲੀ ਤੱਤਾਂ ਦਾ ਸੋਹਿਲਾ ਹੈ। ਗੁਰਬਾਣੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦਾ ਸੋਹਿਲਾ ਹੈ। ਗੁਰਬਾਣੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪਰਮ ਸ਼ਕਤੀਸ਼ਾਲੀ ਨਾਮ 'ਸਤਿ ਨਾਮੁ' ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦਾ ਸੋਹਿਲਾ ਹੈ। ਗੁਰਬਾਣੀ ਪੂਰਨ ਸਤਿਗੁਰੂ ਅਵਤਾਰਾਂ, ਪੂਰਨ ਸੰਤਾਂ, ਪੂਰਨ ਭਗਤਾਂ, ਪੂਰਨ ਬ੍ਰਹਮ ਗਿਆਨੀਆਂ, ਪੂਰਨ ਖ਼ਾਲਸਿਆਂ, ਗੁਰਮੁਖਾਂ, ਗੁਰਸਿੱਖਾਂ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦਾ ਸੋਹਿਲਾ ਹੈ। ਧੰਨ ਧੰਨ ਸਤਿਗੁਰੂ ਪਾਤਸ਼ਾਹੀਆਂ ਨੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਵਿੱਚ ਲੀਨ ਹੋ ਕੇ ਜੋ ਰੂਹਾਨੀਅਤ ਦੀ ਕਮਾਈ ਕੀਤੀ ਹੈ; ਉਹ ਸਭ ਕੁਝ ਉਨ੍ਹਾਂ ਨੇ ਬੇਅੰਤ ਦਿਆਲਤਾ ਦਾ ਸਦਕਾ ਗੁਰਬਾਣੀ ਦੇ ਰੂਪ ਵਿੱਚ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਗਟ ਕਰ ਦਿੱਤਾ ਹੈ। ਧੰਨ ਧੰਨ ਸੰਤਾਂ, ਭਗਤਾਂ ਅਤੇ ਭੱਟਾਂ ਨੂੰ ਆਪਣੀ ਬੰਦਗੀ ਦੇ ਦੌਰਾਨ ਜੋ ਰੂਹਾਨੀ ਅਨੁਭਵ

ਹੋਏ ਉਹ ਸਾਰੇ ਅਨੁਭਵ ਉਨ੍ਹਾਂ ਨੇ ਗੁਰਬਾਣੀ ਦੇ ਰੂਪ ਵਿੱਚ ਪ੍ਰਗਟ ਕਰ ਦਿੱਤੇ ਹਨ। ਇਨ੍ਹਾਂ ਸੰਤਾਂ, ਭਗਤਾਂ ਅਤੇ ਭੱਟਾਂ ਦੇ ਇਲਾਹੀ ਅਨੁਭਵਾਂ ਨੂੰ ਸਤਿਗੁਰੂ ਅਵਤਾਰ ਧੰਨ ਧੰਨ ਸ੍ਰੀ ਅਰਜਨ ਦੇਵ ਜੀ ਪਾਤਸ਼ਾਹ ਨੇ ਗੁਰਬਾਣੀ ਵਿੱਚ ਪ੍ਰਗਟ ਕਰ ਦਿੱਤਾ ਹੈ। ਇਹ ਸਾਰੇ ਧੰਨ ਧੰਨ ਸਤਿਗੁਰੂ ਅਵਤਾਰਾਂ, ਪੂਰਨ ਸੰਤਾਂ, ਪੂਰਨ ਭਗਤਾਂ ਅਤੇ ਪੂਰਨ ਬ੍ਰਹਮ ਗਿਆਨੀਆਂ (ਜਿਨ੍ਹਾਂ ਦੀ ਗੁਰਬਾਣੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ ਗਈ ਹੈ) ਦੇ ਜਨਮ ਜੀਵਨ ਵਿੱਚ ਕੀਤੀ ਗਈ ਇਲਾਹੀ ਦਰਗਾਹੀ ਰੂਹਾਨੀਅਤ ਦੀ ਧੰਨ ਧੰਨ ਵੱਡੀ ਕਮਾਈ ਦੇ ਅਨੁਭਵਾਂ ਅਤੇ ਸਿੱਖਿਆ ਦਾ ਪਰਮ ਸ਼ਕਤੀਸ਼ਾਲੀ ਸੋਹਿਲਾ ਹੈ। ਸਾਰੇ ਧੰਨ ਧੰਨ ਸਤਿਗੁਰੂ ਅਵਤਾਰਾਂ, ਪੂਰਨ ਸੰਤਾਂ, ਪੂਰਨ ਭਗਤਾਂ ਅਤੇ ਪੂਰਨ ਬ੍ਰਹਮ ਗਿਆਨੀਆਂ (ਜਿਨ੍ਹਾਂ ਦੀ ਗੁਰਬਾਣੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ ਗਈ ਹੈ) ਨੇ ਆਪਣੀ ਬੰਦਗੀ ਦੇ ਦੌਰਾਨ ਜਿਸ-ਜਿਸ ਪੂਰਨ ਬ੍ਰਹਮ ਗਿਆਨ ਨੂੰ ਅਰਜਿਤ ਕੀਤਾ ਹੈ ਉਸ ਨੂੰ ਗੁਰਬਾਣੀ ਦੇ ਰੂਪ ਵਿੱਚ ਧੰਨ ਧੰਨ ਸਤਿਗੁਰੂ ਅਵਤਾਰ ਅਰਜਨ ਦੇਵ ਜੀ ਨੇ ਇਕੱਤਰ ਕਰ ਕੇ (ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿੱਚ) ਸਾਰੀ ਮਾਨਵਤਾ ਦੀ ਝੋਲੀ ਵਿੱਚ ਪਾ ਦਿੱਤਾ ਹੈ।

ਸੱਚ ਖੰਡ ਦੀ ਪਰਮ ਸ਼ਕਤੀਸ਼ਾਲੀ ਅਵਸਥਾ ਵਿੱਚ ਬੈਠੇ ਹੋਏ ਧੰਨ ਧੰਨ ਸਤਿਗੁਰੂ ਅਵਤਾਰਾਂ, ਪੂਰਨ ਸੰਤਾਂ, ਪੂਰਨ ਭਗਤਾਂ ਅਤੇ ਪੂਰਨ ਬ੍ਰਹਮ ਗਿਆਨੀਆਂ ਨੇ ਗੁਰਬਾਣੀ ਨੂੰ ਧਰਤੀ ਉੱਪਰ ਪ੍ਰਗਟ ਕੀਤਾ ਹੈ। ਇਸ ਲਈ ਗੁਰਬਾਣੀ ਸੱਚ ਖੰਡ ਤੋਂ ਪ੍ਰਗਟ ਹੋਈ ਹੈ। ਗੁਰਬਾਣੀ ਦਾ ਸਤਰ (ਪੱਧਰ) ਸੱਚ ਖੰਡ ਹੈ। ਗੁਰਬਾਣੀ ਸੱਚ ਖੰਡ ਦੀ ਭਾਸ਼ਾ ਹੈ। ਇਸ ਲਈ ਆਮ ਮਨੁੱਖ ਨੂੰ ਗੁਰਬਾਣੀ ਦੀ ਬੇਅੰਤ ਗਹਿਰਾਈ ਦਾ ਅਨੁਭਵ ਨਹੀਂ ਹੁੰਦਾ ਹੈ। ਗੁਰਬਾਣੀ ਦੀ ਬੇਅੰਤ ਗਹਿਰਾਈ ਦਾ ਅਨੁਭਵ ਉਸ ਮਨੁੱਖ ਨੂੰ ਹੁੰਦਾ ਹੈ ਜਿਸ ਮਨੁੱਖ ਦੀ ਸੁਰਤਿ ਮਾਨਸਰੋਵਰ ਦੀ ਗਹਿਰਾਈ ਵਿੱਚ ਉਤਰ ਜਾਂਦੀ ਹੈ। ਕੇਵਲ ਉਹ ਭਗਤ ਜਿਸ ਦੀ ਸੁਰਤਿ ਮਾਨਸਰੋਵਰ ਦੀ ਗਹਿਰਾਈ ਵਿੱਚ ਉਤਰ ਗਈ ਹੋਵੇ ਉਹ ਹੀ ਗੁਰਬਾਣੀ ਦਾ ਡੂੰਘਾ ਭਾਵ ਸਮਝਣ ਦੇ ਯੋਗ ਹੁੰਦਾ ਹੈ। ਕੇਵਲ ਉਹ ਭਗਤ ਜਿਸ ਦੀ ਸੁਰਤਿ ਮਾਨਸਰੋਵਰ ਦੀਆਂ ਗਹਿਰਾਈਆਂ ਵਿੱਚ ਉਤਰ ਜਾਂਦੀ ਹੈ; ਉਸ ਦੇ ਬਚਨ ਹੀ ਗੁਰਬਾਣੀ ਦਾ ਪੂਰਨ ਸਤਿ ਪ੍ਰਗਟ ਕਰਦੇ ਹਨ। ਕੇਵਲ ਐਸਾ ਭਗਤ ਹੀ ਗੁਰਬਾਣੀ ਦੀ ਡੂੰਘਾਈ ਵਿੱਚ ਪੂਰਨ ਸਤਿ ਅਰਥ ਜਾਣਦਾ ਹੈ ਅਤੇ ਬਿਆਨ ਕਰ ਸਕਦਾ ਹੈ। ਕੇਵਲ ਐਸੇ ਭਗਤ ਦੇ ਬਚਨਾਂ ਵਿੱਚ ਹੀ ਗੁਰਪ੍ਰਸਾਦੀ ਪਰਮ ਸ਼ਕਤੀ ਵਰਤਦੀ ਹੈ ਜਿਸ ਦੀ ਸੁਰਤਿ ਮਾਨਸਰੋਵਰ ਵਿੱਚ ਬਹੁਤ ਡੂੰਘੀ ਉਤਰ ਗਈ ਹੋਵੇ। ਕੇਵਲ ਐਸੇ ਭਗਤ ਦੀ ਬਾਣੀ ਵਿੱਚ ਹੀ ਗੁਰਪ੍ਰਸਾਦੀ ਪਰਮ ਸ਼ਕਤੀ ਵਰਤਦੀ ਹੈ ਜਿਸ ਦੀ ਬੰਦਗੀ ਕਰਮ ਖੰਡ ਵਿੱਚ ਅਤੇ ਸੱਚ ਖੰਡ ਵਿੱਚ ਅੱਪੜ ਗਈ ਹੋਵੇ। ਕੇਵਲ ਉਸ ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਜਿਸ ਨੇ ਗੁਰਬਾਣੀ ਦੀ ਕਮਾਈ ਕੀਤੀ ਹੋਏ, ਉਸ ਦੀ ਬਾਣੀ ਵਿੱਚ ਹੀ ਉਹ ਪਰਮ ਸ਼ਕਤੀ ਵਰਤਦੀ ਹੈ ਜੋ ਕਿ ਸੁਣਨ ਵਾਲੇ ਜਿਗਿਆਸੂ ਦਾ ਹਿਰਦਾ ਪਾੜ ਕੇ ਉਸ ਦੇ ਤਨ-ਮਨ ਨੂੰ ਸ਼ਾਂਤ ਅਤੇ ਸੀਤਲ ਕਰ ਦਿੰਦੀ ਹੈ। ਉਸ ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਜਿਸ ਨੇ ਗੁਰਬਾਣੀ ਦੀ ਕਮਾਈ ਕੀਤੀ ਹੋਏ, ਉਸ ਦੀ ਬਾਣੀ ਵਿੱਚ ਹੀ ਉਹ ਪਰਮ ਸ਼ਕਤੀ ਵਰਤਦੀ ਹੈ ਜੋ ਕਿ ਸੁਣਨ ਵਾਲੇ ਜਿਗਿਆਸੂ ਨੂੰ ਅੰਮ੍ਰਿਤ ਵਰਤਾਉਣ ਵਿੱਚ ਸਮਰੱਥ ਹੁੰਦੀ ਹੈ। ਇਸ ਲਈ ਆਮ ਪ੍ਰਚਾਰਕਾਂ ਅਤੇ ਕਥਾ ਵਾਚਕਾਂ (ਜਿਨ੍ਹਾਂ ਦੀ ਆਪਣੀ ਕੋਈ ਕਮਾਈ ਨਾ ਹੋਵੇ) ਦੀ ਕਥਾ ਦਾ ਆਮ ਮਨੁੱਖ ਦੀ ਰੂਹਾਨੀ ਅਵਸਥਾ ਉੱਪਰ ਕੋਈ ਖਾਸ ਅਸਰ ਨਹੀਂ ਹੁੰਦਾ ਹੈ। ਉਨ੍ਹਾਂ ਝੂਠੇ ਧਰਮ ਪ੍ਰਚਾਰਕਾਂ ਅਤੇ ਕਥਾ-ਵਾਚਕਾਂ ਦੀ ਕਥਾ ਦਾ ਸੁਣਨ ਵਾਲਿਆਂ ਦੇ ਮਨ, ਬੁੱਧੀ ਅਤੇ

ਹਿਰਦੇ ਉੱਪਰ ਕੋਈ ਅਸਰ ਨਹੀਂ ਹੁੰਦਾ ਹੈ ਜਿਨ੍ਹਾਂ ਨੇ ਧਰਮ ਪ੍ਰਚਾਰ ਨੂੰ ਆਪਣਾ ਕਿੱਤਾ ਬਣਾ ਲਿਆ ਹੋਵੇ। ਜਿਨ੍ਹਾਂ ਧਰਮ ਪ੍ਰਚਾਰਕਾਂ ਦੀ ਕੋਈ ਨਿਜੀ ਕਮਾਈ ਨਾ ਹੋਵੇ ਅਤੇ ਸੇਵਾ ਨਿਸ਼ਕਾਮ ਨਾ ਹੋਵੇ; ਉਨ੍ਹਾਂ ਦੀ ਬਾਣੀ ਝੂਠੀ ਅਤੇ ਕੱਚੀ ਹੁੰਦੀ ਹੈ। ਜਿਨ੍ਹਾਂ ਪ੍ਰਚਾਰਕਾਂ ਅਤੇ ਕਥਾ-ਵਾਚਕਾਂ ਨੇ ਮਾਇਆ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ (ਰਜੋ ਅਤੇ ਤਮੋ) ਉੱਪਰ ਜਿੱਤ ਪ੍ਰਾਪਤ ਨਹੀਂ ਕੀਤੀ ਹੈ; ਉਹ ਮਾਇਆ ਦੀ ਗੁਲਾਮੀ ਵਿੱਚ ਕਿਵੇਂ ਪੂਰਨ ਸਤਿ ਵਰਤਾ ਸਕਦੇ ਹਨ। ਜਿਨ੍ਹਾਂ ਪ੍ਰਚਾਰਕਾਂ ਅਤੇ ਕਥਾ-ਵਾਚਕਾਂ ਨੇ ਤ੍ਰਿਸ਼ਨਾ ਅਗਨ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਉੱਪਰ ਜਿੱਤ ਨਾ ਹਾਸਿਲ ਕੀਤੀ ਹੋਏ ਉਹ ਦੂਜਿਆਂ ਨੂੰ ਕਿਵੇਂ ਧਰਮ ਦਾ ਉਪਦੇਸ਼ ਦੇਣ ਦੇ ਯੋਗ ਹੋ ਸਕਦੇ ਹਨ। ਜਿਨ੍ਹਾਂ ਪ੍ਰਚਾਰਕਾਂ ਅਤੇ ਕਥਾ ਵਾਚਕਾਂ ਨੇ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਉੱਪਰ ਜਿੱਤ ਨਾ ਹਾਸਿਲ ਕੀਤੀ ਹੋਏ ਉਹ ਕਿਵੇਂ ਲੋਕਾਈ ਨੂੰ ਧਰਮ ਦਾ ਉਪਦੇਸ਼ ਦੇਣ ਦੇ ਯੋਗ ਹੋ ਸਕਦੇ ਹਨ। ਜੋ ਧਰਮ ਪ੍ਰਚਾਰਕ ਅਤੇ ਕਥਾ-ਵਾਚਕ ਮਾਇਆ ਦੇ ਗੁਲਾਮ ਹਨ ਉਹ ਧਰਮ ਦਾ ਪ੍ਰਚਾਰ ਕਰਨ ਦੇ ਯੋਗ ਕਦੇ ਨਹੀਂ ਹੋ ਸਕਦੇ ਹਨ। ਜੋ ਧਰਮ ਪ੍ਰਚਾਰਕ ਅਤੇ ਕਥਾ-ਵਾਚਕ ਮਾਇਆਧਾਰੀ ਹਨ ਉਨ੍ਹਾਂ ਨੂੰ ਧਰਮ ਦਾ ਪ੍ਰਚਾਰ ਕਰਨ ਦਾ ਕੋਈ ਹੱਕ ਨਹੀਂ ਹੈ। ਜਿਨ੍ਹਾਂ ਧਰਮ ਪ੍ਰਚਾਰਕਾਂ ਅਤੇ ਕਥਾ-ਵਾਚਕਾਂ ਦੀ ਆਪਣੀ ਕੋਈ ਕਮਾਈ ਨਾ ਹੋਏ ਉਨ੍ਹਾਂ ਨੂੰ ਧਰਮ ਦਾ ਪ੍ਰਚਾਰ ਕਰਨ ਦਾ ਕੋਈ ਹੱਕ ਨਹੀਂ ਹੈ। ਇਹ ਹੀ ਕਾਰਨ ਹੈ ਕਿ ਆਮ ਝੂਠੇ ਧਰਮ ਪ੍ਰਚਾਰਕਾਂ ਅਤੇ ਕਥਾ-ਵਾਚਕਾਂ ਦਾ ਸੁਣਨ ਵਾਲਿਆਂ ਦੇ ਮਨ, ਹਿਰਦੇ ਅਤੇ ਬੁੱਧੀ ਉੱਪਰ ਕੋਈ ਅਸਰ ਨਹੀਂ ਹੁੰਦਾ ਹੈ। ਇਹ ਹੀ ਕਾਰਨ ਹੈ ਕਿ ਆਮ ਝੂਠੇ ਪ੍ਰਚਾਰਕਾਂ (ਮਾਇਆ ਦੇ ਗੁਲਾਮ) ਦੇ ਬਚਨਾਂ ਵਿੱਚ ਗੁਰਪ੍ਰਸਾਦੀ ਪਰਮ ਸ਼ਕਤੀ ਨਹੀਂ ਵਰਤਦੀ ਹੈ। ਜਿਸ ਕਾਰਨ ਉਨ੍ਹਾਂ ਦੇ ਬਚਨਾਂ ਦਾ ਸੁਣਨ ਵਾਲਿਆਂ ਦੇ ਮਨ, ਹਿਰਦੇ ਅਤੇ ਬੁੱਧੀ ਉੱਪਰ ਕੋਈ ਅਸਰ ਨਹੀਂ ਹੁੰਦਾ ਹੈ। ਇਸ ਪਰਮ ਸਤਿ ਤੱਤ ਨੂੰ ਧੰਨ ਧੰਨ ਸਤਿਗੁਰੂ ਸਾਹਿਬ ਨੇ ਗੁਰਬਾਣੀ ਵਿੱਚ ਪ੍ਰਗਟ ਕੀਤਾ ਹੈ:

ਤੂ ਵੇਪਰਵਾਹੁ ਅਥਾਹੁ ਹੈ ਅਤੁਲੁ ਕਿਉ ਤੁਲੀਐ ॥
ਸੇ ਵਡਭਾਗੀ ਜਿ ਤੁਧੁ ਧਿਆਇਦੇ ਜਿਨ ਸਤਿਗੁਰੁ ਮਿਲੀਐ ॥
ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥
ਸਤਿਗੁਰ ਕੀ ਗੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥
ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੦੪}

ਇਹ ਪਰਮ ਸਤਿ ਤੱਤ ਨੂੰ ਜਾਣਨਾ, ਸਮਝਣਾ ਅਤੇ ਮੰਨਣਾ ਬੇਅੰਤ ਲਾਜ਼ਮੀ ਹੈ ਕਿ ਧਰਮ ਦਾ ਪ੍ਰਚਾਰ ਕੋਈ ਕਿੱਤਾ ਨਹੀਂ ਹੈ। ਧਨ ਦੀ ਪ੍ਰਾਪਤੀ ਵਾਸਤੇ ਗੁਰਬਾਣੀ ਦਾ ਪਠਨ ਕਰਨਾ ਅਤੇ ਧਨ ਦੇ ਕੇ ਦੂਜਿਆਂ ਕੋਲੋਂ ਗੁਰਬਾਣੀ ਦਾ ਪਾਠ ਕਰਵਾਉਣਾ ਕੋਈ ਸੇਵਾ ਨਹੀਂ ਹੈ ਅਤੇ ਝੂਠ ਕਰਮ ਹੈ। ਐਸਾ ਕਰਨਾ ਗੁਨਾਹ ਹੈ। ਧਨ ਦੀ ਪ੍ਰਾਪਤੀ ਵਾਸਤੇ ਗੁਰਬਾਣੀ ਦਾ ਕੀਰਤਨ ਕਰਨਾ ਝੂਠ ਕਰਮ ਹੈ ਅਤੇ ਕੋਈ ਸੇਵਾ ਨਹੀਂ ਹੈ। ਧਨ ਦੇ ਕੇ ਕੀਰਤਨ ਕਰਵਾਉਣਾ ਵੀ ਝੂਠ ਕਰਮ ਹੈ ਅਤੇ ਕੋਈ ਸੇਵਾ ਨਹੀਂ ਹੈ। ਸਤਿਗੁਰੂ ਦੀ ਤਾਂ ਨਿਸ਼ਕਾਮ ਭਾਵਨਾ ਨਾਲ ਕੀਤੀ ਗਈ ਸੇਵਾ ਕਬੂਲ ਹੁੰਦੀ ਹੈ। ਸਤਿਗੁਰੂ ਦੀ ਤਾਂ ਭਰੋਸੇ, ਪ੍ਰੀਤ ਅਤੇ ਸ਼ਰਧਾ ਨਾਲ ਭਰਪੂਰ ਨਿਸ਼ਕਾਮ ਭਾਵਨਾ ਨਾਲ ਕੀਤੀ ਗਈ ਸੇਵਾ ਪ੍ਰਵਾਨ ਹੈ। ਅੱਜ ਦੀ ਲਗ-ਭਗ ਸਾਰੀ ਲੋਕਾਈ ਧਨ ਦੇ ਕੇ ਗੁਰਬਾਣੀ ਦਾ ਪਾਠ ਕਰਵਾਉਣ ਅਤੇ ਕੀਰਤਨ ਕਰਵਾਉਣ ਵਰਗੇ ਝੂਠ ਕਰਮਾਂ

ਨੂੰ ਹੀ ਸਤਿਗੁਰੂ ਦੀ ਸੇਵਾ ਸਮਝਣ ਦਾ ਗੁਨਾਹ ਕਰਨ ਵਿੱਚ ਵਿਅਸਤ ਹੈ। ਇਹ ਹੀ ਕਾਰਨ ਹੈ ਕਿ ਐਸੇ ਝੂਠ ਕਰਮ ਕਰਨ ਵਾਲੇ ਅਤੇ ਕਰਵਾਉਣ ਵਾਲੇ ਮਨੁੱਖਾਂ ਦੀ ਰੂਹਾਨੀ ਅਵਸਥਾ ਉੱਪਰ ਕੋਈ ਅਸਰ ਨਹੀਂ ਹੁੰਦਾ ਹੈ। ਇਹ ਹੀ ਕਾਰਨ ਹੈ ਕਿ ਧਨ ਲੈ ਕੇ ਕੀਰਤਨ ਅਤੇ ਕਥਾ ਕਰਨ ਵਾਲਿਆਂ ਦੇ ਕੀਰਤਨ ਅਤੇ ਕਥਾ ਵਿੱਚ ਗੁਰਪ੍ਰਸਾਦੀ ਪਰਮ ਸ਼ਕਤੀ ਨਹੀਂ ਵਰਤਦੀ ਹੈ। ਨਾ ਹੀ ਉਨ੍ਹਾਂ ਦੇ ਕੀਰਤਨ ਅਤੇ ਕਥਾ ਸੁਣਨ ਵਾਲਿਆਂ ਦੇ ਮਨ, ਹਿਰਦੇ ਅਤੇ ਬੁੱਧੀ ਉੱਪਰ ਕੋਈ ਅਸਰ ਹੁੰਦਾ ਹੈ। ਮਾਇਆਧਾਰੀ ਕੀਰਤਨੀਏ ਅਤੇ ਕਥਾ-ਵਾਚਕਾਂ ਦੇ ਕੀਰਤਨ ਅਤੇ ਕਥਾ ਸੁਣਨ ਵਾਲਿਆਂ ਦੇ ਮਨ, ਹਿਰਦੇ ਅਤੇ ਬੁੱਧੀ ਉੱਪਰ ਕੋਈ ਅਸਰ ਨਹੀਂ ਹੁੰਦਾ ਹੈ। ਮਾਇਆਧਾਰੀ ਕੀਰਤਨੀਏ ਅਤੇ ਕਥਾ ਵਾਚਕਾਂ ਦੇ ਕੀਰਤਨ ਅਤੇ ਕਥਾ ਵਿੱਚ ਮਾਇਆ ਵਰਤਦੀ ਹੈ ਅਤੇ ਕੋਈ ਰੂਹਾਨੀਅਤ ਨਹੀਂ ਵਰਤਦੀ ਹੈ। ਇਸ ਲਈ ਸਾਰੀ ਲੋਕਾਈ ਦੇ ਚਰਨਾਂ 'ਤੇ ਸਨਿਮਰ ਬੇਨਤੀ ਹੈ ਕਿ ਸਤਿਗੁਰੂ ਦੀ ਸੇਵਾ, ਧਰਮ-ਕਰਮ, ਸੰਤੋਖ, ਸੰਜਮ, ਸਿਮਰਨ, ਸੇਵਾ, ਗੁਰਬਾਣੀ ਦਾ ਪਠਨ ਅਤੇ ਕੀਰਤਨ ਨਿਸ਼ਕਾਮ ਭਾਵਨਾ ਨਾਲ ਕਰੋ। ਐਸਾ ਕਰਨ ਦੇ ਨਾਲ ਹੀ ਰੂਹਾਨੀਅਤ ਵਿੱਚ ਚੜ੍ਹਦੀ ਕਲਾ ਦਾ ਮਾਰਗ ਖੁਲ੍ਹੇਗਾ ਅਤੇ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਦੀ ਪ੍ਰਾਪਤੀ ਹੋਏਗੀ। ਗੁਰਪ੍ਰਸਾਦਿ ਦੀ ਪਰਮ ਸ਼ਕਤੀ ਦੀ ਪ੍ਰਾਪਤੀ ਹੋਏਗੀ ਅਤੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪੂਰਨ ਬੰਦਗੀ ਅਤੇ ਪਰਉਪਕਾਰੀ ਸੇਵਾ ਦਾ ਮਾਰਗ ਖੁਲ੍ਹੇਗਾ। ਸਤਿ ਬਚਨ ਸੁਣਨੇ ਹਨ ਤਾਂ ਉਨ੍ਹਾਂ ਮਹਾਂਪੁਰਖਾਂ ਦੇ ਸੁਣੋ ਜਿਨ੍ਹਾਂ ਦੇ ਬਚਨਾਂ ਵਿੱਚ ਪਰਮ ਪੂਰਨ ਸਤਿ ਦੀ ਗੁਰਪ੍ਰਸਾਦੀ ਪਰਮ ਸ਼ਕਤੀ ਵਰਤਦੀ ਹੈ। ਧਰਮ ਪ੍ਰਚਾਰ ਦੇ ਉਪਦੇਸ਼ ਨੂੰ ਸੁਣਨਾ ਹੈ ਤਾਂ ਪੂਰਨ ਸੰਤ ਦੀ ਸਤਿ ਸੰਗਤ ਦੀ ਕਾਮਨਾ ਕਰੋ। ਧਰਮ ਪ੍ਰਚਾਰ ਅਤੇ ਸਤਿ ਬਚਨ ਉਪਦੇਸ਼ ਸੁਣਨਾ ਹੈ ਤਾਂ ਪੂਰਨ ਸੰਤ ਦੀ ਸਤਿ ਸੰਗਤ ਵਿੱਚ ਜਾਓ ਜਿੱਥੇ ਆਪ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਹੋਏਗੀ। ਐਸਾ ਕਰਨ ਦੇ ਨਾਲ ਆਪ ਨੂੰ ਬੰਦਗੀ ਦਾ ਮਾਰਗ ਦਰਸ਼ਨ ਪ੍ਰਾਪਤ ਹੋਏਗਾ।

ਗੁਰਬਾਣੀ ਪੂਰਨ ਸਤਿ ਦਾ ਸੋਹਿਲਾ ਹੈ। ਗੁਰਬਾਣੀ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਗਿਆਨ ਸਰੂਪ ਹੈ। ਗੁਰਬਾਣੀ ਪੂਰਨ ਸਤਿ ਹੈ ਇਸ ਲਈ ਗੁਰਬਾਣੀ ਨਿਰੰਕਾਰ ਰੂਪ ਹੈ। ਕਿਉਂਕਿ 'ਸਤਿ' ਪਾਰਬ੍ਰਹਮ ਪਰਮੇਸ਼ਰ ਹੈ। ਇਸ ਲਈ ਗੁਰਬਾਣੀ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਹੀ ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਹੈ। ਗੁਰਬਾਣੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪ੍ਰਾਪਤੀ ਦਾ 'ਥਾਨ' ਹੈ। ਭਾਵ ਗੁਰਬਾਣੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪ੍ਰਾਪਤੀ ਦਾ ਸਾਧਨ ਹੈ। ਗੁਰਬਾਣੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਵਿੱਚ ਸਦਾ-ਸਦਾ ਲਈ ਅਭੇਦ ਹੋਣ ਦਾ ਮਾਰਗ ਹੈ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਪਰਮ ਸਤਿ ਤੱਤਾਂ ਦਾ ਅਭਿਆਸ ਕਰਨ ਦੇ ਨਾਲ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਉਪਦੇਸ਼ ਦੀ ਪਾਲਣਾ ਕਰਨ ਨਾਲ ਮਨੁੱਖ ਦੀ ਬਿਰਤੀ ਸਤੋ ਬਿਰਤੀ ਬਣਦੀ ਹੈ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਉਪਦੇਸ਼ ਦੀ ਪਾਲਣਾ ਕਰਨ ਨਾਲ ਮਨੁੱਖ ਨੂੰ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਅਤੇ ਚਰਨ-ਸ਼ਰਨ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਉਪਦੇਸ਼ ਦੀ ਪਾਲਣਾ ਕਰਨ ਨਾਲ ਮਨੁੱਖ ਨੂੰ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚੋਂ ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਮਹਾ ਪਰਉਪਕਾਰੀ ਸੇਵਾ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਉਪਦੇਸ਼ ਦੀ ਪਾਲਣਾ ਕਰਨ ਨਾਲ ਹੀ ਮਨੁੱਖ ਆਪਣੇ ਮਨ ਉੱਪਰ ਜਿੱਤ ਪ੍ਰਾਪਤ ਕਰ ਸਕਦਾ ਹੈ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਉਪਦੇਸ਼ ਦੀ ਪਾਲਣਾ ਕਰਨ ਨਾਲ ਹੀ ਮਨੁੱਖ

ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਰਜੋ ਅਤੇ ਤਮੋ) ਉੱਪਰ ਜਿੱਤ ਹਾਸਿਲ ਕਰ ਸਕਦਾ ਹੈ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਉਪਦੇਸ਼ ਦੀ ਪਾਲਣਾ ਕਰਨ ਨਾਲ ਭਗਤ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੁੰਦੇ ਹਨ। ਪੂਰਨ ਬ੍ਰਹਮ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਬਾਰੇ ਸਾਰੇ ਪਰਮ ਸ਼ਕਤੀਸ਼ਾਲੀ ਸਤਿ ਦੇ ਤੱਤਾਂ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ।

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥
ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥
ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ ॥
ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ ॥
ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ ॥
ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੧੫}

ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ ਬੂਝੈ ਕੋਇ ॥
ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ ॥
ਆਪੇ ਬਖਸੇ ਮੇਲਿ ਲਏ ਕਰਮਿ ਪਰਾਪਤਿ ਹੋਇ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੭੬}

ਪੋਥੀ ਪਰਮੇਸਰ ਕਾ ਥਾਨੁ ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥੧॥ ਰਹਾਉ ॥
ਸਾਧਿਕ ਸਿਧ ਸਗਲ ਮੁਨਿ ਲੋਚਹਿ ਬਿਰਲੇ ਲਾਗੈ ਧਿਆਨੁ ॥
ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ ਪੂਰਨ ਤਾ ਕੋ ਕਾਮੁ ॥੧॥
ਜਾ ਕੈ ਰਿਦੈ ਵਸੈ ਭੈ ਭੰਜਨੁ ਤਿਸੁ ਜਾਨੈ ਸਗਲ ਜਹਾਨੁ ॥
ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ ਇਹੁ ਨਾਨਕੁ ਮਾਂਗੈ ਦਾਨੁ ॥੨॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੨੬}

ਇਸ ਲਈ ਗੁਰਬਾਣੀ ਦਾ ਪਠਨ ਕਰਨਾ ਹੈ ਤਾਂ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਦੇ ਨਾਲ ਨਿਸ਼ਕਾਮ ਭਾਵਨਾ ਨਾਲ ਕਰੋ। ਗੁਰਬਾਣੀ ਦਾ ਕੀਰਤਨ ਕਰਨਾ ਹੈ ਤਾਂ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਦੇ ਨਾਲ ਨਿਸ਼ਕਾਮ ਭਾਵਨਾ ਨਾਲ ਕਰੋ। ਗੁਰਬਾਣੀ ਦਾ ਕੀਰਤਨ ਸੁਣਨਾ ਹੈ ਤਾਂ ਨਿਸ਼ਕਾਮ ਭਾਵਨਾ ਦੇ ਨਾਲ ਕੀਤੇ ਗਏ ਕੀਰਤਨ ਦਾ ਸਰਵਣ ਕਰੋ। ਸਤਿ ਪਾਰਬ੍ਰਹਮ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦਾ ਗਾਇਣ ਕਰਨਾ ਹੈ ਤਾਂ ਆਪਣੀ ਰਸਨਾ ਦੇ ਨਾਲ ਪੂਰਨ ਸ਼ਰਧਾ, ਪ੍ਰੀਤ ਅਤੇ ਭਰੋਸੇ ਦੇ ਨਾਲ ਨਿਸ਼ਕਾਮ ਭਾਵਨਾ ਦੇ ਨਾਲ ਕਰੋ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਗੁਣਾਂ ਦੇ ਗਾਇਣ ਕਰਨ ਦੇ ਨਾਲ ਰਸਨਾ ਪਾਵਨ ਹੋਏਗੀ ਅਤੇ ਮਨ-ਤਨ ਸੀਤਲ ਹੋ ਜਾਏਗਾ। ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਤਿ ਗੁਣਾਂ ਦੇ ਗਾਇਣ ਕਰਨ ਦੇ ਨਾਲ ਮਨੁੱਖ ਦੇ ਅਵਗੁਣਾਂ ਦਾ ਤਿਆਗ ਹੋਏਗਾ ਅਤੇ ਹਿਰਦੇ ਵਿੱਚ ਸਤਿ ਗੁਣਾਂ ਦਾ ਪ੍ਰਕਾਸ਼ ਹੋ ਜਾਏਗਾ। ਰੂਹਾਨੀਅਤ ਵਿੱਚ ਚੜ੍ਹਦੀ ਕਲਾ ਹੋਏਗੀ। ਨਿਸ਼ਕਾਮ ਭਾਵਨਾ ਦੇ ਨਾਲ ਕੀਤੀ ਗਈ ਸਤਿ ਪਾਰਬ੍ਰਹਮ ਪਰਮੇਸ਼ਰ ਅਤੇ ਸਤਿਗੁਰੂ ਦੀ ਸੇਵਾ ਹੀ ਦਰਗਾਹ ਵਿੱਚ ਪ੍ਰਵਾਨ ਹੁੰਦੀ ਹੈ।

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ ॥
ਅਨਿਕ ਬਾਰ ਕਰਿ ਬੰਦਨ ਸੰਤਨ ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥੧॥ ਰਹਾਉ ॥
ਅਨਿਕ ਭਾਂਤਿ ਕਰਿ ਦੁਆਰੁ ਨ ਪਾਵਉ ॥
ਹੋਇ ਕ੍ਰਿਪਾਲੁ ਤ ਹਰਿ ਹਰਿ ਧਿਆਵਉ ॥੧॥
ਕੋਟਿ ਕਰਮ ਕਰਿ ਦੇਹ ਨ ਸੋਧਾ ॥ ਸਾਧਸੰਗਤਿ ਮਹਿ ਮਨੁ ਪਰਬੋਧਾ ॥੨॥
ਤ੍ਰਿਸਨ ਨ ਬੂਝੀ ਬਹੁ ਰੰਗ ਮਾਇਆ ॥ ਨਾਮੁ ਲੈਤ ਸਰਬ ਸੁਖ ਪਾਇਆ ॥੩॥
ਪਾਰਬ੍ਰਹਮ ਜਬ ਭਏ ਦਇਆਲ ॥ ਕਹੁ ਨਾਨਕ ਤਉ ਛੂਟੇ ਜੰਜਾਲ ॥੪॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੨੯੮}

ਗੁਰਬਾਣੀ ਨੂੰ ਵੇਚਣ ਅਤੇ ਖਰੀਦਣ ਦਾ ਦਰਗਾਹੀ ਗੁਨਾਹ ਨਾ ਕਰੋ। ਧਨ ਦੇ ਕੇ ਗੁਰਬਾਣੀ ਦਾ ਪਾਠ ਕਰਵਾਉਣਾ ਗੁਰਬਾਣੀ ਨੂੰ ਖਰੀਦਣ ਦਾ ਗੁਨਾਹ ਹੈ। ਧਨ ਦੇ ਬਦਲੇ ਗੁਰਬਾਣੀ ਦਾ ਪਠਨ ਕਰਨਾ ਗੁਰਬਾਣੀ ਨੂੰ ਵੇਚਣ ਦਾ ਗੁਨਾਹ ਹੈ। ਧਨ ਦੇ ਕੇ ਗੁਰਬਾਣੀ ਦਾ ਕੀਰਤਨ ਕਰਵਾਉਣਾ ਗੁਰਬਾਣੀ ਨੂੰ ਖਰੀਦਣ ਦਾ ਗੁਨਾਹ ਹੈ। ਧਨ ਦੇ ਬਦਲੇ ਗੁਰਬਾਣੀ ਦਾ ਕੀਰਤਨ ਕਰਨਾ ਗੁਰਬਾਣੀ ਨੂੰ ਵੇਚਣ ਦਾ ਗੁਨਾਹ ਹੈ। ਗੁਰਬਾਣੀ ਦਾ ਪਠਨ ਕਰਨਾ ਹੈ ਤਾਂ ਆਪਣੀ ਰਸਨਾ ਅਤੇ ਸੁਰਤਿ ਨਾਲ ਕਰੋ। ਗੁਰਬਾਣੀ ਦਾ ਕੀਰਤਨ ਕਰਨਾ ਹੈ ਤਾਂ ਆਪਣੀ ਰਸਨਾ ਅਤੇ ਸੁਰਤਿ ਦੇ ਨਾਲ ਕਰੋ। ਗੁਰਬਾਣੀ ਦਾ ਪਠਨ ਕਰਨ ਦਾ ਆਨੰਦ ਕੇਵਲ ਉਹ ਭਗਤ ਹੀ ਮਾਣ ਸਕਦਾ ਹੈ ਜਿਸ ਦੀ ਸੁਰਤਿ ਵਿੱਚ ਸ਼ਬਦ ਦਾ ਵਾਸ ਹੈ। ਗੁਰਬਾਣੀ ਦਾ ਕੀਰਤਨ ਕਰਨ ਦਾ ਆਨੰਦ ਕੇਵਲ ਉਹ ਭਗਤ ਹੀ ਮਾਣ ਸਕਦਾ ਹੈ ਜਿਸ ਦੀ ਸੁਰਤਿ ਵਿੱਚ ਸ਼ਬਦ ਉੱਕਰ ਗਿਆ ਹੋਵੇ। ਗੁਰਬਾਣੀ ਅਤੇ ਕੀਰਤਨ ਸੁਣਨ ਦਾ ਆਨੰਦ ਕੇਵਲ ਉਹ ਭਗਤ ਹੀ ਮਾਣ ਸਕਦਾ ਹੈ ਜਿਸ ਦੀ ਸੁਰਤਿ ਸ਼ਬਦ ਵਿੱਚ ਲੀਨ ਹੋ ਗਈ ਹੋਵੇ। ਗੁਰਬਾਣੀ ਅਤੇ ਕੀਰਤਨ ਸੁਣਨ ਦਾ ਆਨੰਦ ਕੇਵਲ ਉਹ ਭਗਤ ਹੀ ਮਾਣ ਸਕਦਾ ਹੈ ਜਿਸ ਦੀ ਸੁਰਤਿ ਮਾਨਸਰੋਵਰ ਵਿੱਚ ਗਹਿਰੀ ਉਤਰ ਗਈ ਹੋਏ। ਗੁਰਬਾਣੀ ਦੇ ਪਠਨ ਅਤੇ ਸੁਣਨ ਦਾ ਆਨੰਦ ਕੇਵਲ ਉਹ ਭਗਤ ਹੀ ਮਾਣ ਸਕਦਾ ਹੈ ਜਿਸ ਦੀ ਸੁਰਤਿ ਮਾਨਸਰੋਵਰ ਵਿੱਚ ਡੁੰਘੀ ਚਲੀ ਗਈ ਹੋਏ। ਗੁਰਬਾਣੀ ਦੇ ਕੀਰਤਨ ਕਰਨ ਅਤੇ ਸੁਣਨ ਦਾ ਆਨੰਦ ਕੇਵਲ ਉਹ ਭਗਤ ਹੀ ਮਾਣ ਸਕਦਾ ਹੈ ਜਿਸ ਦੀ ਸੁਰਤਿ ਮਾਨਸਰੋਵਰ ਦੀ ਗਹਿਰਾਈ ਵਿੱਚ ਸਮਾ ਗਈ ਹੋਏ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਵਿੱਚ ਗੁਰਪ੍ਰਸਾਦੀ ਪਰਮ ਸ਼ਕਤੀ ਵਰਤਦੀ ਹੈ ਜਿਸ ਦੇ ਕਾਰਨ ਸੁਣਨ ਵਾਲਿਆਂ ਦੇ ਮਨ, ਹਿਰਦੇ ਅਤੇ ਬੁੱਧੀ ਉੱਪਰ ਡੂੰਘਾ ਪ੍ਰਭਾਵ ਪੈਂਦਾ ਹੈ। ਐਸੇ ਪੂਰਨ ਸੰਤ ਦੀ ਸਤਿ ਸੰਗਤ ਵਿੱਚ ਜੋ ਕਥਾ-ਕੀਰਤਨ ਵਰਤਦਾ ਹੈ ਉਸ ਦੇ ਸਰਵਣ ਕਰਨ ਦੇ ਨਾਲ ਹੀ ਪਰਮ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਐਸੇ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀਆਂ ਸਾਰੀਆਂ ਪਰਮ ਸ਼ਕਤੀਆਂ ਵਰਤਦੀਆਂ ਹਨ। ਐਸੇ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਰੂਹਾਨੀਅਤ ਦੀ ਪ੍ਰਾਪਤੀ ਹੁੰਦੀ ਹੈ। ਐਸੇ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਐਸੇ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ ਕਰਨ ਦੇ ਨਾਲ ਪੂਰਨ ਬੰਦਗੀ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਐਸੇ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਤਨ, ਮਨ, ਧਨ ਅਰਪਣ ਕਰਨ ਦੇ ਨਾਲ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਮਹਾ ਪਰਉਪਕਾਰੀ ਸੇਵਾ ਦੀ ਪ੍ਰਾਪਤੀ ਹੁੰਦੀ ਹੈ। ਐਸੇ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਪੂਰਨ ਸਮਰਪਣ

ਕਰਨ ਦੇ ਨਾਲ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਪ੍ਰਾਪਤ ਹੁੰਦੀ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਵਿੱਚ ਉਹ ਪਰਮ ਸ਼ਕਤੀ ਵਰਤਦੀ ਹੈ ਜੋ ਕਿ ਸੁਣਨ ਵਾਲਿਆਂ ਦਾ ਹਿਰਦਾ ਪਾੜ ਕੇ ਅੰਮ੍ਰਿਤ ਨਾਲ ਭਰਪੂਰ ਕਰ ਦਿੰਦੀ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਸੁਣਨ ਵਾਲਿਆਂ ਦਾ ਜੀਵਨ ਬਦਲ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਸੁਣਨ ਨਾਲ 'ਸਤਿਨਾਮ' ਅੰਮ੍ਰਿਤ ਮਨੁੱਖ ਦੀ ਸੁਰਤਿ ਵਿੱਚ ਟਿਕ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਸੁਣਨ ਦੇ ਨਾਲ ਮਨੁੱਖ ਦੀ ਸੁਰਤਿ ਦਾ ਸ਼ਬਦ ਦੇ ਨਾਲ ਸੁਮੇਲ ਹੋ ਜਾਂਦਾ ਹੈ ਅਤੇ ਸਮਾਧੀ ਸਿਮਰਨ ਦੀ ਪ੍ਰਾਪਤੀ ਹੋ ਜਾਂਦੀ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਸੁਣਨ ਦੇ ਨਾਲ ਮਨੁੱਖ ਬੰਦਗੀ ਵਿੱਚ ਚਲਾ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਕਮਾਉਣ ਦੇ ਨਾਲ ਮਨੁੱਖ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਕਮਾਉਣ ਦੇ ਨਾਲ ਮਨੁੱਖ ਦੇ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ ਅਤੇ ਸਤਿਨਾਮ ਸਿਮਰਨ ਦਾ ਰੋਮ-ਰੋਮ ਵਿੱਚ ਪ੍ਰਕਾਸ਼ ਹੋ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਕਮਾਉਣ ਦੇ ਨਾਲ ਮਨੁੱਖ ਦੇ ਸਾਰੇ ਅਵਗੁਣ ਮਿਟ ਜਾਂਦੇ ਹਨ ਅਤੇ ਹਿਰਦਾ ਸਤਿ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਕਮਾਉਣ ਦੇ ਨਾਲ ਮਨੁੱਖ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਸਹਿਜੇ ਹੀ ਜਿੱਤ ਹਾਸਲ ਕਰ ਲੈਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਕਮਾਉਣ ਦੇ ਨਾਲ ਮਨੁੱਖ ਦਾ ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਕਮਾਉਣ ਦੇ ਨਾਲ ਮਨੁੱਖ ਦੇ ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਕਮਾਉਣ ਦੇ ਨਾਲ ਮਨੁੱਖ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਸਤਿ ਪਾਰਬ੍ਰਹਮ ਦੇ ਦਰਸ਼ਨ ਪ੍ਰਾਪਤ ਕਰ ਲੈਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਕਮਾਉਣ ਦੇ ਨਾਲ ਮਨੁੱਖ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਸਮਾ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਕਮਾਉਣ ਦੇ ਨਾਲ ਮਨੁੱਖ ਜੀਵਨ ਮੁਕਤ ਹੋ ਜਾਂਦਾ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਕਮਾਉਣ ਦੇ ਨਾਲ ਮਨੁੱਖ ਨੂੰ ਪਰਮ ਪਦਵੀ ਦੀ ਪ੍ਰਾਪਤੀ ਹੁੰਦੀ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਕਮਾਉਣ ਦੇ ਨਾਲ ਮਨੁੱਖ ਨੂੰ ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਐਸੇ ਪੂਰਨ ਸੰਤ ਸਤਿਗੁਰੂ ਦੇ ਸਤਿ ਬਚਨਾਂ ਨੂੰ ਕਮਾਉਣ ਦੇ ਨਾਲ ਮਨੁੱਖ ਨੂੰ ਦਰਗਾਹ ਤੋਂ ਗੁਰਪ੍ਰਸਾਦਿ ਵਰਤਾਉਣ ਦੀ ਪਰਮ ਸ਼ਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ।

■

ਅਨੰਦੁ ਸਾਹਿਬ-ਪਉੜੀ ੪੦

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੨੨}

ਧੰਨ ਧੰਨ ਸਤਿਗੁਰੂ ਅਵਤਾਰ ਅਮਰਦਾਸ ਸਾਹਿਬ ਜੀ ਨੇ ਅਨੰਦ ਸਾਹਿਬ ਗੁਰਬਾਣੀ ਦੀ ਇਸ ਅਖੀਰਲੀ ਪਉੜੀ ਵਿੱਚ ਭਗਤ ਦੀ ਪੂਰਨ ਅਵਸਥਾ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਨੂੰ ਬਿਆਨ ਕੀਤਾ ਹੈ। ਜਦ ਭਗਤ (ਸੁਹਾਗਣ) ਦੀ ਬੰਦਗੀ ਪੂਰਨ ਹੋ ਜਾਂਦੀ ਹੈ ਤਾਂ ਉਸ ਨੂੰ 'ਸਦਾ ਸੁਹਾਗ' ਦੀ ਪ੍ਰਾਪਤੀ ਹੋ ਜਾਂਦੀ ਹੈ। ਜਦ ਭਗਤ (ਸੁਹਾਗਣ) ਦੀ ਬੰਦਗੀ ਦਰਗਾਹ ਵਿੱਚ ਪ੍ਰਵਾਨ ਹੋ ਜਾਂਦੀ ਹੈ ਤਾਂ ਉਸ ਨੂੰ 'ਸਦਾ ਸੁਹਾਗ' ਦੀ ਪ੍ਰਾਪਤੀ ਹੋ ਜਾਂਦੀ ਹੈ। ਜਦ ਸੁਹਾਗਣ ਦੀ ਬੰਦਗੀ ਪੂਰਨ ਹੋ ਜਾਂਦੀ ਹੈ ਤਾਂ ਉਸ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਹੋ ਜਾਂਦੇ ਹਨ ਅਤੇ ਉਹ 'ਸਦਾ ਸੁਹਾਗਣ' ਬਣ ਜਾਂਦੀ ਹੈ। 'ਸਦਾ ਸੁਹਾਗਣ' ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਸਮਾ ਜਾਂਦੀ ਹੈ। ਜਦ 'ਸਦਾ ਸੁਹਾਗਣ' ਸਤਿ ਪਾਰਬ੍ਰਹਮ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦੀ ਹੈ ਤਾਂ ਉਸ ਨੂੰ ਪੂਰਨ ਬ੍ਰਹਮ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਜਦ 'ਸਦਾ ਸੁਹਾਗਣ' ਸਤਿ ਪਾਰਬ੍ਰਹਮ ਵਿੱਚ ਸਦਾ-ਸਦਾ ਲਈ ਸਮਾ ਜਾਂਦੀ ਹੈ ਤਾਂ ਉਸ ਨੂੰ ਤੱਤ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ। ਜਦ 'ਸਦਾ ਸੁਹਾਗਣ' ਸਤਿ ਪਾਰਬ੍ਰਹਮ ਵਿੱਚ ਸਦਾ-ਸਦਾ ਲਈ ਸਮਾ ਜਾਂਦੀ ਹੈ ਤਾਂ ਉਸ ਨੂੰ ਪਰਮ ਪਦਵੀ ਦੀ ਪ੍ਰਾਪਤੀ ਹੋ ਜਾਂਦੀ ਹੈ। ਜਦ 'ਸਦਾ ਸੁਹਾਗਣ' ਸਤਿ ਪਾਰਬ੍ਰਹਮ ਵਿੱਚ ਸਦਾ-ਸਦਾ ਲਈ ਸਮਾ ਜਾਂਦੀ ਹੈ ਤਾਂ ਉਸ ਨੂੰ ਜੀਵਨ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ। ਐਸੀ ਪਰਮ ਸ਼ਕਤੀਸ਼ਾਲੀ ਅਵਸਥਾ ਵਿੱਚ ਸਦਾ ਸੁਹਾਗਣ ਨੂੰ ਸਾਰੇ ਦਰਗਾਹੀ ਖ਼ਜ਼ਾਨਿਆਂ ਦੀ ਪ੍ਰਾਪਤੀ ਹੋ ਜਾਂਦੀ ਹੈ। ਧੰਨ ਧੰਨ ਸਤਿਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਗੁਰਬਾਣੀ ਵਿੱਚ ਪ੍ਰਗਟ ਕੀਤੀਆਂ ਗਈਆਂ ਚਾਰ ਲਾਵਾਂ ਭਗਤ (ਸੁਹਾਗਣ) ਦੀਆਂ ਸਤਿ ਪਾਰਬ੍ਰਹਮ ਪਰਮੇਸ਼ਰ (ਪਤੀ) ਦੇ ਨਾਲ ਸੁਹਾਗ ਦੀਆਂ ਲਾਂਵਾਂ ਹਨ। ਪਹਿਲੀ ਲਾਂਵ ਵਿੱਚ ਭਗਤ ਨੂੰ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ ਅਤੇ ਚੌਥੀ ਲਾਂਵ ਵਿੱਚ ਸੁਹਾਗਣ ਦੀ ਬੰਦਗੀ ਪੂਰਨ ਪ੍ਰਵਾਨ ਚੜ੍ਹਦੀ ਹੈ ਅਤੇ ਉਸ ਨੂੰ ਸਦਾ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਭਗਤ ਨੂੰ ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਸੁਹਾਗ ਬਣਦਾ ਹੈ। ਜਦ ਸਤਿਨਾਮ ਭਗਤ ਦੀ ਸੁਰਤਿ ਵਿੱਚ ਉੱਕਰਿਆ ਜਾਂਦਾ ਹੈ ਤਾਂ ਉਸ ਨੂੰ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਜਦ ਭਗਤ ਦੀ ਸੁਰਤਿ

ਦਾ ਸ਼ਬਦ ਨਾਲ ਸੁਮੇਲ ਹੋ ਜਾਂਦਾ ਹੈ ਅਤੇ ਉਸ ਦੀ ਸਮਾਧੀ ਲੱਗ ਜਾਂਦੀ ਹੈ ਤਾਂ ਉਸ ਨੂੰ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ। ਜਦ ਸੁਹਾਗਣ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚੌਥੇ ਪਦ (ਚੌਥੀ ਲਾਂਵ) ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰ ਕੇ ਉਸ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦੀ ਹੈ ਤਾਂ ਸੁਹਾਗਣ ਨੂੰ ਸਦਾ ਸੁਹਾਗ ਦੀ ਪ੍ਰਾਪਤੀ ਹੋ ਜਾਂਦੀ ਹੈ।

ਫੇਰ ਸਦਾ ਸੁਹਾਗਣ ਦੀ ਤ੍ਰਿਸ਼ਣਾ ਬੁਝ ਜਾਂਦੀ ਹੈ। ਮਹਾ ਵਿਨਾਸ਼ਕਾਰੀ ਤ੍ਰਿਸ਼ਣਾ ਅਗਨ ਦਾ ਅੰਤ ਹੋ ਜਾਂਦਾ ਹੈ। ਪੂਰਨ ਸਤਿ ਸੰਤੋਖ ਦੀ ਪ੍ਰਾਪਤੀ ਹੋ ਜਾਂਦੀ ਹੈ। ਮਨ ਸਤਿ ਸੰਤੋਖ ਵਿੱਚ ਚਲਾ ਜਾਂਦਾ ਹੈ। ਮਾਇਆ ਰੂਪੀ ਮਨ ਦਾ ਅੰਤ ਹੋ ਜਾਂਦਾ ਹੈ। ਪੰਜ ਚੰਡਾਲ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਵੱਸ ਵਿੱਚ ਆ ਜਾਂਦੇ ਹਨ। ਪੰਜ ਚੰਡਾਲਾਂ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਉੱਪਰ ਜਿੱਤ ਹਾਸਿਲ ਹੋ ਜਾਂਦੀ ਹੈ। ਸਾਰੇ ਮਾਨਸਿਕ ਰੋਗਾਂ (ਪੰਜ ਚੰਡਾਲ: ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਦਾ ਅੰਤ ਹੋ ਜਾਂਦਾ ਹੈ। ਸਾਰੇ ਮਾਨਸਿਕ ਰੋਗਾਂ ਦਾ ਮੂਲ ਕਾਰਨ ਮਨੁੱਖੀ ਮਨ ਵਿੱਚ ਵਾਸ ਕਰਦੀ ਹੋਈ ਤ੍ਰਿਸ਼ਣਾ ਅਗਨ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਹੀ ਹੈ ਅਤੇ ਸਦਾ ਸੁਹਾਗਣ ਦੀ ਅਵਸਥਾ 'ਚ ਇਸ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਦਾ ਵੀ ਅੰਤ ਹੋ ਜਾਂਦਾ ਹੈ। ਮਨੁੱਖ ਦੇ ਸਾਰੇ ਸਰੀਰਕ ਰੋਗਾਂ ਦਾ ਮੂਲ ਕਾਰਨ ਵੀ ਤ੍ਰਿਸ਼ਣਾ ਅਗਨ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਅਤੇ ਪੰਜ ਚੰਡਾਲਾਂ ਦੀਆਂ ਮਹਾ ਵਿਨਾਸ਼ਕਾਰੀ ਸ਼ਕਤੀਆਂ ਹਨ। ਇਨ੍ਹਾਂ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਦੇ ਅੰਤ ਨਾਲ ਹੀ ਮਨੁੱਖ ਦੇ ਸਾਰੇ ਸਰੀਰਕ ਰੋਗਾਂ ਦੇ ਮੂਲ ਕਾਰਨਾਂ ਦਾ ਵੀ ਅੰਤ ਹੋ ਜਾਂਦਾ ਹੈ। ਜਿਸ ਦੇ ਫ਼ਲ਼ ਸਰੂਪ ਮਨੁੱਖ ਦੇ ਸਰੀਰਕ ਰੋਗਾਂ ਦਾ ਵੀ ਅੰਤ ਹੋਣਾ ਸ਼ੁਰੂ ਹੋ ਜਾਂਦਾ ਹੈ। ਮਨ ਅਤੇ ਤਨ ਸੀਤਲ ਹੋ ਜਾਂਦਾ ਹੈ। ਮਨ ਪੂਰਨ ਸ਼ਾਂਤੀ ਵਿੱਚ ਚਲਾ ਜਾਂਦਾ ਹੈ। ਤ੍ਰੈ ਗੁਣ ਮਾਇਆ ਦੀ ਗੁਲਾਮੀ ਦਾ ਅੰਤ ਹੋ ਜਾਂਦਾ ਹੈ। ਮਾਇਆ ਸਦਾ ਸੁਹਾਗਣ ਦੇ ਚਰਨਾਂ ਉੱਪਰ ਆ ਡਿਗਦੀ ਹੈ। ਮਨ ਵਿਸ਼ਰਾਮ ਵਿੱਚ ਚਲਾ ਜਾਂਦਾ ਹੈ। ਮਨ ਜੋਤ ਵਿੱਚ ਬਦਲ ਜਾਂਦਾ ਹੈ। ਮਨਮਤਿ ਦਾ ਅੰਤ ਹੋ ਜਾਂਦਾ ਹੈ। ਗੁਰਮਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਮਨ ਪੂਰਨ ਇਲਾਹੀ ਦਰਗਾਹੀ ਹੁਕਮ ਵਿੱਚ ਚਲਾ ਜਾਂਦਾ ਹੈ। ਹਿਰਦਾ ਪੂਰਨ ਸਚਿਆਰੀ ਰਹਿਤ ਵਿੱਚ ਚਲਾ ਜਾਂਦਾ ਹੈ। ਹਿਰਦੇ ਵਿੱਚ ਪਰਮ ਜੋਤ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਹਿਰਦਾ ਸਤਿ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ। ਸਾਰੇ ਅਵਗੁਣਾਂ ਦਾ ਅੰਤ ਹੋ ਜਾਂਦਾ ਹੈ। ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ। ੭ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ। ਦਸਮ ਦੁਆਰ ਪ੍ਰਕਾਸ਼ਮਾਨ ਹੋ ਜਾਂਦਾ ਹੈ। ਦਸਮ ਦੁਆਰ ਵਿੱਚ ਅਨਹਦ ਸ਼ਬਦ ਨਿਰੰਤਰ ਗੂੰਜਣ ਲੱਗ ਜਾਂਦਾ ਹੈ। ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਹੋ ਜਾਂਦੀ ਹੈ। ਪੂਰਨ ਬ੍ਰਹਮ ਗਿਆਨ ਦਾ ਸੋਮਾ ਭਗਤ ਦੇ ਅੰਦਰੋਂ ਫੁੱਟ ਪੈਂਦਾ ਹੈ। ਤੱਤ ਗਿਆਨ ਪ੍ਰਗਟ ਹੋ ਜਾਂਦਾ ਹੈ। ਰੋਮ-ਰੋਮ ਸਤਿਨਾਮ ਸਿਮਰਨ ਵਿੱਚ ਲੀਨ ਹੋ ਜਾਂਦਾ ਹੈ। ਰੋਮ-ਰੋਮ ਸਤਿਨਾਮ ਨਾਲ ਪ੍ਰਕਾਸ਼ਮਾਨ ਹੋ ਜਾਂਦਾ ਹੈ।

ਸਦਾ ਸੁਹਾਗਣ ਦੀ ਸਮੁੱਚੀ ਦੇਹੀ ਅੰਮ੍ਰਿਤ ਨਾਲ ਭਰਪੂਰ ਹੋ ਜਾਂਦੀ ਹੈ। ਸਦਾ ਸੁਹਾਗਣ ਦੇ ਹਰ ਇੱਕ ਅੰਗ ਵਿੱਚੋਂ ਅੰਮ੍ਰਿਤ ਛਲਕਣ ਲੱਗ ਪੈਂਦਾ ਹੈ। ਜਿਵੇਂ ਕਿ ਜਦ ਕੋਈ ਘੜਾ ਪਾਣੀ ਨਾਲ ਭਰ ਜਾਏ ਤਾਂ ਉਸ ਵਿੱਚ ਹੋਰ ਪਾਣੀ ਪਾਉਣ ਨਾਲ ਉਹ ਛਲਕਣ ਲੱਗ ਪੈਂਦਾ ਹੈ। ਜਿਸ ਦੇ ਫ਼ਲ਼ ਸਰੂਪ ਉਸ ਵਿੱਚੋਂ ਪਾਣੀ ਬਾਹਰ ਨੂੰ ਛਲਕਣ ਲੱਗ ਜਾਂਦਾ ਹੈ। ਠੀਕ ਇਸੇ ਤਰ੍ਹਾਂ ਦੇ ਨਾਲ ਜਦ ਸਦਾ ਸੁਹਾਗਣ ਦੀ ਦੇਹੀ ਅੰਮ੍ਰਿਤ ਨਾਲ ਭਰਪੂਰ ਹੋ ਜਾਂਦੀ ਹੈ ਤਾਂ ਉਸ ਦੇ ਅੰਦਰੋਂ ੭ ਸਤਿ ਸਰੋਵਰਾਂ ਵਿੱਚੋਂ ਨਿਰੰਤਰ ਵਗਦੇ ਅੰਮ੍ਰਿਤ ਦੇ ਝਰਨਿਆਂ ਦੇ ਕਾਰਨ ਉਸ ਦੀ ਦੇਹੀ ਵਿੱਚੋਂ ਅੰਮ੍ਰਿਤ ਨਿਰੰਤਰ ਛਲਕਣ ਲੱਗ ਜਾਂਦਾ ਹੈ। ਸਦਾ ਸੁਹਾਗਣ ਦੇ ਨੇਤਰਾਂ

ਵਿੱਚੋਂ ਨਿਰੰਤਰ ਅੰਮ੍ਰਿਤ ਦੀ ਵਰਖਾ ਹੁੰਦੀ ਰਹਿੰਦੀ ਹੈ। ਸਦਾ ਸੁਹਾਗਣ ਦੇ ਅੰਗ-ਅੰਗ ਵਿੱਚੋਂ ਨਿਰੰਤਰ ਅੰਮ੍ਰਿਤ ਦੀ ਵਰਖਾ ਹੁੰਦੀ ਰਹਿੰਦੀ ਹੈ। ਸਦਾ ਸੁਹਾਗਣ ਦੇ ਚਰਨਾਂ ਵਿੱਚ ਬੇਅੰਤ ਪ੍ਰਕਾਸ਼ ਹੁੰਦਾ ਹੈ। ਸਦਾ ਸੁਹਾਗਣ ਦੇ ਸੀਸ ਵਿੱਚੋਂ ਬੇਅੰਤ ਪ੍ਰਕਾਸ਼ ਨਿਕਲਦਾ ਹੈ। ਸਦਾ ਸੁਹਾਗਣ ਦੇ ਹਿਰਦੇ ਕਮਲ ਵਿੱਚੋਂ ਬੇਅੰਤ ਪ੍ਰਕਾਸ਼ ਨਿਕਲਦਾ ਹੈ। ਮੁੱਕਦੀ ਗੱਲ ਸਦਾ ਸੁਹਾਗਣ ਬੇਅੰਤ ਅੰਮ੍ਰਿਤ ਦਾ ਸੋਮਾ ਬਣ ਜਾਂਦੀ ਹੈ। ਸਦਾ ਸੁਹਾਗਣ ਗੁਰਪ੍ਰਸਾਦਿ ਵਰਤਾਉਣ ਦਾ ਸੋਮਾ ਬਣ ਜਾਂਦੀ ਹੈ। ਸਦਾ ਸੁਹਾਗਣ ਗੁਰ ਕਿਰਪਾ ਵਰਤਾਉਣ ਦਾ ਸੋਮਾ ਬਣ ਜਾਂਦੀ ਹੈ। ਸਦਾ ਸੁਹਾਗਣ ਪੂਰਨ ਬ੍ਰਹਮ ਗਿਆਨ ਦਾ ਸੋਮਾ ਬਣ ਜਾਂਦੀ ਹੈ। ਸਦਾ ਸੁਹਾਗਣ ਗੁਰਪ੍ਰਸਾਦਿ ਦਾ ਦਾਤਾ ਬਣ ਜਾਂਦੀ ਹੈ। ਸਦਾ ਸੁਹਾਗਣ ਅੰਮ੍ਰਿਤ ਦਾ ਦਾਤਾ ਬਣ ਜਾਂਦੀ ਹੈ। ਸਦਾ ਸੁਹਾਗਣ ਪੂਰਨ ਬੰਦਗੀ ਦਾ ਦਾਤਾ ਬਣ ਜਾਂਦੀ ਹੈ। ਸਦਾ ਸੁਹਾਗਣ ਜੀਵਨ ਮੁਕਤੀ ਦਾ ਦਾਤਾ ਬਣ ਜਾਂਦੀ ਹੈ। ਇਸ ਲਈ ਸਦਾ ਸੁਹਾਗਣ ਦੀ ਮਹਿਮਾ ਬੇਅੰਤ ਹੈ। ਸਦਾ ਸੁਹਾਗਣ ਦੀ ਮਹਿਮਾ ਅੱਖਰਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ ਹੈ। ਸਦਾ ਸੁਹਾਗਣ ਦੀ ਅਕੱਥ ਕਥਾ ਕਥੀ ਨਹੀਂ ਜਾ ਸਕਦੀ ਹੈ। ਸਦਾ ਸੁਹਾਗਣ ਦੀ ਕਥਾ ਉਸ ਦੀ ਸਤਿ ਸੰਗਤ ਵਿੱਚ ਪ੍ਰਤੱਖ ਪ੍ਰਗਟ ਹੁੰਦੀ ਹੈ। ਸਦਾ ਸੁਹਾਗਣ ਦੀ ਬੇਅੰਤ ਮਹਿਮਾ ਧਰਤੀ ਉੱਪਰ ਉਸ ਦੀ ਹੀ ਸਤਿ ਸੰਗਤ ਵਿੱਚ ਪ੍ਰਗਟ ਹੁੰਦੀ ਹੈ। ਸਦਾ ਸੁਹਾਗਣ ਦੀ ਸਤਿ ਸੰਗਤ ਵਿੱਚ ਧਰਤੀ ਉੱਪਰ ਪ੍ਰਤੱਖ ਦਰਗਾਹ ਪ੍ਰਗਟ ਹੁੰਦੀ ਹੈ। ਸਦਾ ਸੁਹਾਗਣ ਦੀ ਸਤਿ ਸੰਗਤ ਵਿੱਚ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤਦੀ ਹੈ ਜਿਸ ਦੇ ਨਾਲ ਉਸ ਦੀ ਸੰਗਤ ਵਿੱਚ ਸੁਹਾਗਣਾਂ ਦਾ ਜਨਮ ਹੁੰਦਾ ਹੈ।

ਸਦਾ ਸੁਹਾਗਣ ਦੀ ਬੇਅੰਤ ਅਤੇ ਪਰਮ ਸ਼ਕਤੀਸ਼ਾਲੀ ਮਹਿਮਾ ਧਰਤੀ ਉੱਪਰ ਉਸ ਸਮੇਂ ਪ੍ਰਗਟ ਹੁੰਦੀ ਹੈ ਜਦ ਉਸ ਦੀ ਸਤਿ ਸੰਗਤ ਵਿੱਚ ਨਵੀਆਂ ਸੁਹਾਗਣਾਂ ਦਾ ਜਨਮ ਹੁੰਦਾ ਹੈ। ਸਦਾ ਸੁਹਾਗਣ ਦੀ ਬੇਅੰਤ ਅਤੇ ਪਰਮ ਸ਼ਕਤੀਸ਼ਾਲੀ ਮਹਿਮਾ ਧਰਤੀ ਉੱਪਰ ਉਸ ਸਮੇਂ ਪ੍ਰਗਟ ਹੁੰਦੀ ਹੈ ਜਦ ਉਸ ਦੀ ਸਤਿ ਸੰਗਤ ਵਿੱਚ ਸੁਹਾਗਣਾਂ ਦੇ ਬਜਰ ਕਪਾਟ ਖੁਲ੍ਹਦੇ ਹਨ ਅਤੇ ਸੁਹਾਗਣਾਂ ਨੂੰ ਦਿੱਬ ਦ੍ਰਿਸ਼ਟ ਦੀ ਪ੍ਰਾਪਤੀ ਹੋ ਜਾਂਦੀ ਹੈ। ਸਦਾ ਸੁਹਾਗਣ ਦੀ ਬੇਅੰਤ ਅਤੇ ਪਰਮ ਸ਼ਕਤੀਸ਼ਾਲੀ ਮਹਿਮਾ ਧਰਤੀ ਉੱਪਰ ਉਸ ਸਮੇਂ ਪ੍ਰਗਟ ਹੁੰਦੀ ਹੈ ਜਦ ਉਸ ਦੀ ਸਤਿ ਸੰਗਤ ਵਿੱਚ ਸੁਹਾਗਣਾਂ ਸਮਾਧੀ ਅਤੇ ਸੁੰਨ ਸਮਾਧੀ ਵਿੱਚ ਲੀਨ ਹੋ ਕੇ ਦਰਗਾਹ ਵਿੱਚ ਵਿਰਾਜਮਾਨ ਪੂਰਨ ਸੰਤਾਂ, ਪੂਰਨ ਬ੍ਰਹਮ ਗਿਆਨੀਆਂ, ਪੂਰਨ ਸਤਿਗੁਰੂਆਂ ਅਤੇ ਅਵਤਾਰਾਂ ਦੇ ਦਰਸ਼ਨ ਕਰਦੀਆਂ ਹਨ। ਸਦਾ ਸੁਹਾਗਣ ਦੀ ਬੇਅੰਤ ਅਤੇ ਪਰਮ ਸ਼ਕਤੀਸ਼ਾਲੀ ਮਹਿਮਾ ਧਰਤੀ ਉੱਪਰ ਉਸ ਸਮੇਂ ਪ੍ਰਗਟ ਹੁੰਦੀ ਹੈ ਜਦ ਉਸ ਦੀ ਸਤਿ ਸੰਗਤ ਵਿੱਚ ਸੁਹਾਗਣਾਂ ਸਮਾਧੀ ਅਤੇ ਸੁੰਨ ਸਮਾਧੀ ਵਿੱਚ ਲੀਨ ਹੋ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਕਰਦੀਆਂ ਹਨ। ਸਦਾ ਸੁਹਾਗਣ ਦੀ ਬੇਅੰਤ ਅਤੇ ਪਰਮ ਸ਼ਕਤੀਸ਼ਾਲੀ ਮਹਿਮਾ ਧਰਤੀ ਉੱਪਰ ਉਸ ਸਮੇਂ ਪ੍ਰਗਟ ਹੁੰਦੀ ਹੈ ਜਦ ਉਸ ਦੀ ਸਤਿ ਸੰਗਤ ਵਿੱਚ ਸੁਹਾਗਣ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਪ੍ਰਾਪਤ ਕਰ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦੀ ਹੈ ਅਤੇ ਬੰਦਗੀ ਪੂਰਨ ਕਰ ਕੇ ਸਦਾ ਸੁਹਾਗਣ ਬਣ ਜਾਂਦੀ ਹੈ। ਇਸ ਲਈ ਸਦਾ ਸੁਹਾਗਣ ਦੀ ਪਰਮ ਸ਼ਕਤੀਸ਼ਾਲੀ ਅਤੇ ਬੇਅੰਤ ਮਹਿਮਾ ਧਰਤੀ ਉੱਪਰ ਉਸ ਸਮੇਂ ਪ੍ਰਗਟ ਹੁੰਦੀ ਹੈ ਜਦ ਉਸ ਦੇ ਛਤਰ ਹੇਠ ਉਸ ਦੀ ਸਤਿ ਸੰਗਤ ਵਿੱਚ ਸੁਹਾਗਣ ਬੰਦਗੀ ਪੂਰਨ ਕਰਕੇ ਸਦਾ ਸੁਹਾਗਣ ਬਣਦੀ ਹੈ। ਸਦਾ ਸੁਹਾਗਣ ਦੀ ਪਰਮ ਸ਼ਕਤੀਸ਼ਾਲੀ ਅਤੇ ਬੇਅੰਤ ਮਹਿਮਾ ਧਰਤੀ ਉੱਪਰ ਉਸ ਸਮੇਂ ਪ੍ਰਗਟ ਹੁੰਦੀ ਹੈ ਜਦ ਸੁਹਾਗਣ ਤ੍ਰੈ ਗੁਣ

ਮਾਇਆ ਨੂੰ ਜਿੱਤ ਕੇ ਜੀਵਨ ਮੁਕਤੀ ਪ੍ਰਾਪਤ ਕਰਦੀ ਹੈ। ਸਦਾ ਸੁਹਾਗਣ ਦੀ ਪਰਮ ਸ਼ਕਤੀਸ਼ਾਲੀ ਅਤੇ ਬੇਅੰਤ ਮਹਿਮਾ ਧਰਤੀ ਉੱਪਰ ਉਸ ਸਮੇਂ ਪ੍ਰਗਟ ਹੁੰਦੀ ਹੈ ਜਦ ਸੁਹਾਗਣ ਪੂਰਨ ਬ੍ਰਹਮ ਗਿਆਨ ਅਤੇ ਤੱਤ ਗਿਆਨ ਪ੍ਰਾਪਤ ਕਰਦੀ ਹੈ। ਸਦਾ ਸੁਹਾਗਣ ਦੀ ਪਰਮ ਸ਼ਕਤੀਸ਼ਾਲੀ ਅਤੇ ਬੇਅੰਤ ਮਹਿਮਾ ਧਰਤੀ ਉੱਪਰ ਉਸ ਸਮੇਂ ਪ੍ਰਗਟ ਹੁੰਦੀ ਹੈ ਜਦ ਸੁਹਾਗਣ ਪਰਮ ਪਦਵੀ ਪ੍ਰਾਪਤ ਕਰਕੇ ਅੰਮ੍ਰਿਤ ਦਾ ਦਾਤਾ ਬਣ ਜਾਂਦੀ ਹੈ।

ਸਦਾ ਸੁਹਾਗਣ ਦੇ ਸੀਸ ਉੱਪਰ ਸਤਿ ਪਾਰਬ੍ਰਹਮ ਦੁਆਰਾ ਸਥਾਪਿਤ ਪਰਮ ਸ਼ਕਤੀਸ਼ਾਲੀ ਛਤਰ ਨਿਰੰਤਰ ਝੂਲਦਾ ਹੈ। ਸਦਾ ਸੁਹਾਗਣ ਦਾ ਛਤਰ ਸਾਰੇ ਬ੍ਰਹਿਮੰਡ ਵਿੱਚ ਝੂਲਦਾ ਹੈ। ਸਦਾ ਸੁਹਾਗਣ ਦੀ ਸੰਗਤ ਸੰਸਾਰ ਵਿੱਚ ਜਿੱਥੇ ਵੀ ਬੈਠੀ ਸਤਿਨਾਮ ਸਿਮਰਨ ਕਰਦੀ ਹੋਵੇ ਉਹ ਸਦਾ ਸੁਹਾਗਣ ਦੇ ਛਤਰ ਹੇਠ ਹੁੰਦੀ ਹੈ। ਸਦਾ ਸੁਹਾਗਣ ਦੇ ਛਤਰ ਹੇਠ ਬੈਠੀ ਸਤਿਨਾਮ ਸਿਮਰਨ ਵਿੱਚ ਲੀਨ ਸਤਿ ਸੰਗਤ ਨੂੰ ਮਾਇਆ ਪੋਹ ਨਹੀਂ ਸਕਦੀ ਹੈ। ਭਾਵ ਸਦਾ ਸੁਹਾਗਣ ਦੇ ਛਤਰ ਹੇਠ ਬੈਠੀ ਸਤਿਨਾਮ ਸਿਮਰਨ ਵਿੱਚ ਲੀਨ ਸਤਿ ਸੰਗਤ ਦਾ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਰਜੋ ਅਤੇ ਤਮੋ) ਕੁਝ ਨਹੀਂ ਵਿਗਾੜ ਸਕਦੀਆਂ ਹਨ। ਸਦਾ ਸੁਹਾਗਣ ਦੇ ਛਤਰ ਹੇਠ ਬੈਠੀ ਸਤਿਨਾਮ ਸਿਮਰਨ ਵਿੱਚ ਲੀਨ ਸਤਿ ਸੰਗਤ ਦਾ ਤ੍ਰਿਸ਼ਣਾ ਦੀ ਮਹਾ ਵਿਨਾਸ਼ਕਾਰੀ ਅਗਨ ਕੁਝ ਅਨਿਸ਼ਟ ਨਹੀਂ ਕਰ ਸਕਦੀ ਹੈ। ਸਦਾ ਸੁਹਾਗਣ ਦੇ ਛਤਰ ਹੇਠ ਬੈਠੀ ਸਤਿਨਾਮ ਸਿਮਰਨ ਵਿੱਚ ਲੀਨ ਸਤਿ ਸੰਗਤ ਦਾ ਪੰਜ ਚੰਡਾਲ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਕੋਈ ਬੁਰਾ ਨਹੀਂ ਕਰ ਸਕਦੇ ਹਨ। ਭਾਵ ਸਦਾ ਸੁਹਾਗਣ ਦੇ ਛਤਰ ਹੇਠ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਫੜਕ ਨਹੀਂ ਸਕਦੀਆਂ ਹਨ। ਕਿਉਂਕ ਸਾਰੀਆਂ ਮਾਇਕੀ ਸ਼ਕਤੀਆਂ ਸਦਾ ਸੁਹਾਗਣ ਦੇ ਸਤਿ ਚਰਨਾਂ ਦੇ ਹੇਠ ਵਾਸ ਕਰਦੀਆਂ ਹਨ। ਸਦਾ ਸੁਹਾਗਣ ਦੇ ਛਤਰ ਹੇਠ ਹੀ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤਦੀ ਹੈ। ਇਸ ਲਈ ਸਦਾ ਸੁਹਾਗਣ ਦੇ ਛਤਰ ਹੇਠ ਬੈਠ ਕੇ ਮਨੁੱਖ ਦਾ ਮਨ ਸਹਿਜੇ ਹੀ ਸਤਿਨਾਮ ਸਿਮਰਨ ਵਿੱਚ ਲੀਨ ਹੋ ਜਾਂਦਾ ਹੈ। ਮਨੁੱਖ ਨੂੰ ਸੁਹਾਗ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ। ਮਨੁੱਖ ਨੂੰ ਸਮਾਧੀ ਅਤੇ ਸੁੰਨ ਸਮਾਧੀ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ। ਸੁਹਾਗਣ ਦੇ ਬਜਰ ਕਪਾਟ ਸਹਿਜੇ ਹੀ ਖੁੱਲ੍ਹ ਜਾਂਦੇ ਹਨ। ਸੁਹਾਗਣ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਸਹਿਜੇ ਹੀ ਜਿੱਤ ਹਾਸਿਲ ਕਰ ਲੈਂਦੀ ਹੈ। ਸੁਹਾਗਣ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਦਰਸ਼ਨ ਸਹਿਜੇ ਹੀ ਹੋ ਜਾਂਦੇ ਹਨ। ਸੁਹਾਗਣ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਹਿਜੇ ਹੀ ਸਦਾ-ਸਦਾ ਲਈ ਸਮਾ ਜਾਂਦੀ ਹੈ। ਸੁਹਾਗਣ ਨੂੰ ਸਦਾ ਸੁਹਾਗ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ। ਇਸ ਲਈ ਸਦਾ ਸੁਹਾਗਣ ਦੇ ਛਤਰ ਹੇਠ ਬੈਠ ਕੇ ਮਨੁੱਖ ਦੀ ਬੰਦਗੀ ਸਹਿਜੇ ਹੀ ਪੂਰਨ ਹੋ ਜਾਂਦੀ ਹੈ।

ਸਦਾ ਸੁਹਾਗਣ ਦੇ ਛਤਰ ਹੇਠ ਬੰਦਗੀ ਵਿੱਚ ਲੀਨ ਸੁਹਾਗਣ ਸਹਿਜੇ ਹੀ 'ਨਿਰਭਉ' ਅਵਸਥਾ ਨੂੰ ਪ੍ਰਾਪਤ ਕਰ ਲੈਂਦੀ ਹੈ। 'ਨਿਰਭਉਤਾ' ਉਹ ਪਰਮ ਸ਼ਕਤੀ ਹੈ ਜਿਸ ਦੀ ਪ੍ਰਾਪਤੀ ਕਰਦੇ ਹੀ ਸੁਹਾਗਣ ਮੋਹ ਚੰਡਾਲ ਦੇ ਚੁੰਗਲ ਵਿੱਚੋਂ ਆਜ਼ਾਦ ਹੋ ਜਾਂਦੀ ਹੈ। 'ਨਿਰਭਉਤਾ' ਉਹ ਪਰਮ ਸ਼ਕਤੀ ਹੈ ਜਿਸ ਦੀ ਪ੍ਰਾਪਤੀ ਕਰਦੇ ਹੀ ਇਹ ਪਰਮ ਸਤਿ ਤੱਤ ਪ੍ਰਤੱਖ ਪ੍ਰਗਟ ਹੋ ਜਾਂਦਾ ਹੈ ਕਿ ਸਾਰਾ ਸੰਸਾਰ ਮਾਇਆ ਹੈ। 'ਨਿਰਭਉਤਾ' ਉਹ ਪਰਮ ਸ਼ਕਤੀ ਹੈ ਜਿਸ ਦੀ ਪ੍ਰਾਪਤੀ ਕਰਦੇ ਹੀ ਇਹ ਪਰਮ ਸਤਿ ਤੱਤ ਪ੍ਰਤੱਖ ਪ੍ਰਗਟ ਹੋ ਜਾਂਦਾ ਹੈ ਕਿ ਸਾਰਾ ਸੰਸਾਰ ਬਿਨਸਣਹਾਰ ਹੈ ਅਤੇ ਕੂੜ ਹੈ। 'ਨਿਰਭਉਤਾ' ਉਹ ਪਰਮ ਸ਼ਕਤੀ ਹੈ ਜਿਸ ਦੀ ਪ੍ਰਾਪਤੀ ਕਰਦੇ ਹੀ ਇਹ ਪਰਮ ਸਤਿ ਤੱਤ ਪ੍ਰਤੱਖ ਪ੍ਰਗਟ ਹੋ ਜਾਂਦਾ ਹੈ ਕਿ ਸਾਰੇ ਸੰਸਾਰਿਕ ਸੰਬੰਧ

ਅਤੇ ਪਦਾਰਥ ਮਾਇਆ ਦਾ ਹੀ ਪਸਾਰਾ ਹੈ। ਇਸ ਲਈ ਨਿਰਭਉ ਸੁਹਾਗਣ ਮੋਹ ਚੰਡਾਲ ਦੇ ਮਹਾ ਵਿਨਾਸ਼ਕਾਰੀ ਬੰਧਨ ਨੂੰ ਤੋੜ ਕੇ ਮੋਹ ਮੁਕਤ ਹੋ ਜਾਂਦੀ ਹੈ। ਸੁਹਾਗਣ ਮੋਹ ਚੰਡਾਲ ਦੀ ਮਹਾ ਵਿਨਾਸ਼ਕਾਰੀ ਸ਼ਕਤੀ ਉੱਪਰ ਜਿੱਤ ਹਾਸਿਲ ਕਰ ਲੈਂਦੀ ਹੈ। ਝੂਠੇ ਸੰਸਾਰਿਕ ਅਤੇ ਪਦਾਰਥਕ ਬੰਧਨਾਂ ਦਾ ਪੂਰਨ ਬ੍ਰਹਮ ਗਿਆਨ ਹੋ ਜਾਂਦਾ ਹੈ। ਝੂਠੇ ਸੰਸਾਰਿਕ ਅਤੇ ਪਦਾਰਥਕ ਬੰਧਨਾਂ ਦਾ ਸਤਿ, ਸੁਹਾਗਣ ਦੇ ਅੰਦਰ ਪ੍ਰਗਟ ਹੋ ਜਾਂਦਾ ਹੈ। ਸਾਰੇ ਝੂਠੇ ਪਦਾਰਥਕ ਬੰਧਨ ਟੁੱਟ ਜਾਂਦੇ ਹਨ। ਸਾਰੇ ਝੂਠੇ ਪਰਿਵਾਰਕ ਸੰਬੰਧਾਂ ਦੇ ਸਤਿ ਦਾ ਗਿਆਨ ਹੋ ਜਾਂਦਾ ਹੈ। ਸਾਰੇ ਝੂਠੇ ਪਰਿਵਾਰਕ ਬੰਧਨ ਟੁੱਟ ਜਾਂਦੇ ਹਨ। ਸੰਸਾਰਿਕ, ਪਦਾਰਥਕ ਅਤੇ ਪਰਿਵਾਰਕ ਮੋਹ ਤੋਂ ਮੁਕਤੀ ਮਿਲ ਜਾਂਦੀ ਹੈ। ਸੰਸਾਰਿਕ, ਪਦਾਰਥਕ ਅਤੇ ਪਰਿਵਾਰਕ ਮੋਹ ਹੀ ਮਨੁੱਖੀ ਜਨਮ ਜੀਵਨ ਦੇ ਸਾਰੇ ਦੁੱਖਾਂ, ਕਲੇਸ਼ਾਂ ਅਤੇ ਸੰਤਾਪਾਂ ਦਾ ਮੂਲ ਕਾਰਨ ਹੈ। ਇਸ ਲਈ ਮਨੁੱਖੀ ਜਨਮ ਜੀਵਨ ਦੇ ਸਾਰੇ ਦੁੱਖਾਂ, ਕਲੇਸ਼ਾਂ ਅਤੇ ਸੰਤਾਪਾਂ ਦਾ ਅੰਤ ਹੋ ਜਾਂਦਾ ਹੈ। ਮਨੁੱਖੀ ਜਨਮ ਜੀਵਨ ਦੇ ਸਾਰੇ ਦੁੱਖਾਂ, ਸੰਤਾਪਾਂ ਅਤੇ ਕਲੇਸ਼ਾਂ ਦੇ ਮੂਲ ਕਾਰਨ ਦਾ ਅੰਤ ਹੋ ਜਾਂਦਾ ਹੈ। ਇਹ ਪਰਮ ਸਤਿ ਹੈ ਕਿ ਜੋ ਭਗਤ (ਸੁਹਾਗਣ) ਨਿਰਭਉ ਹੋ ਜਾਂਦਾ ਹੈ ਕੇਵਲ ਉਸ ਦੀ ਬੰਦਗੀ ਹੀ ਦਰਗਾਹ ਵਿੱਚ ਪ੍ਰਵਾਨ ਚੜ੍ਹਦੀ ਹੈ। ਇਹ ਪਰਮ ਸਤਿ ਹੈ ਕਿ ਜੋ ਭਗਤ (ਸੁਹਾਗਣ) ਨਿਰਭਉ ਹੋ ਜਾਂਦਾ ਹੈ ਕੇਵਲ ਉਸ ਨੂੰ ਹੀ ਸਦਾ ਸੁਹਾਗ ਦੀ ਪ੍ਰਾਪਤੀ ਹੁੰਦੀ ਹੈ। ਇਹ ਪਰਮ ਸਤਿ ਹੈ ਕਿ ਜੋ ਭਗਤ (ਸੁਹਾਗਣ) ਨਿਰਭਉ ਹੋ ਜਾਂਦਾ ਹੈ ਕੇਵਲ ਉਹ ਭਗਤ ਹੀ ਸੰਸਾਰ ਦੇ ਲੋਕਾਂ ਨੂੰ ਪੂਰਨ ਸਤਿ ਵਰਤਾ ਸਕਦਾ ਹੈ। ਕੇਵਲ ਨਿਰਭਉ ਭਗਤ (ਸੁਹਾਗਣ) ਹੀ ਪੂਰਨ ਸਤਿ ਦੀ ਸੇਵਾ ਕਰਦਾ ਹੈ।

ਸੁਹਾਗਣ 'ਨਿਰਵੈਰ' ਦੀ ਪਰਮ ਸ਼ਕਤੀ ਨੂੰ ਪ੍ਰਾਪਤ ਹੋ ਜਾਂਦੀ ਹੈ। 'ਨਿਰਵੈਰ' ਹੋ ਜਾਣ ਦਾ ਭਾਵ ਹੈ ਕਿ ਸੁਹਾਗਣ ਇੱਕ ਦ੍ਰਿਸ਼ਟ ਹੋ ਜਾਂਦੀ ਹੈ। ਕੇਵਲ ਇੱਕ ਦ੍ਰਿਸ਼ਟ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਵਿੱਚ ਸਮਾ ਸਕਦੀ ਹੈ। 'ਨਿਰਵੈਰਤਾ' ਸਤਿ ਪਾਰਬ੍ਰਹਮ ਦੀ ਉਹ ਪਰਮ ਸ਼ਕਤੀ ਹੈ ਜਿਸ ਦੀ ਪ੍ਰਾਪਤੀ ਦੇ ਨਾਲ ਸੁਹਾਗਣ ਨੂੰ ਸਾਰੀ ਸ੍ਰਿਸ਼ਟੀ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਪ੍ਰਤੱਖ ਵਾਪਰ ਰਿਹਾ ਨਜ਼ਰ ਆਉਣ ਲੱਗ ਪੈਂਦਾ ਹੈ। 'ਨਿਰਵੈਰਤਾ' ਸਤਿ ਪਾਰਬ੍ਰਹਮ ਪਰਮੇਸ਼ਰ ਦੀ ਉਹ ਪਰਮ ਸ਼ਕਤੀ ਹੈ ਜਿਸ ਦੀ ਪ੍ਰਾਪਤੀ ਦੇ ਨਾਲ ਸੁਹਾਗਣ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਸਰਬ-ਵਿਆਪਕ ਰੂਪ ਦਿਸਣ ਲੱਗ ਪੈਂਦਾ ਹੈ। 'ਨਿਰਵੈਰਤਾ' ਸਤਿ ਪਾਰਬ੍ਰਹਮ ਪਰਮੇਸ਼ਰ ਦੀ ਉਹ ਪਰਮ ਸ਼ਕਤੀ ਹੈ ਜਿਸ ਦੀ ਪ੍ਰਾਪਤੀ ਦੇ ਨਾਲ ਸੁਹਾਗਣ ਨੂੰ ਹਰ ਇੱਕ ਰਚਨਾ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀ ਵਰਤਦੀ ਪ੍ਰਤੱਖ ਦਿਸਣ ਲੱਗ ਪੈਂਦੀ ਹੈ। 'ਨਿਰਵੈਰਤਾ' ਸਤਿ ਪਾਰਬ੍ਰਹਮ ਪਰਮੇਸ਼ਰ ਦੀ ਉਹ ਪਰਮ ਸ਼ਕਤੀ ਹੈ ਜਿਸ ਦੀ ਪ੍ਰਾਪਤੀ ਦੇ ਨਾਲ ਸੁਹਾਗਣ ਨੂੰ ਹਰ ਇੱਕ ਮਨੁੱਖ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਜੋਤ ਦਾ ਅਨੁਭਵ ਹੋ ਜਾਂਦਾ ਹੈ। 'ਨਿਰਵੈਰਤਾ' ਸਤਿ ਪਾਰਬ੍ਰਹਮ ਪਰਮੇਸ਼ਰ ਦੀ ਉਹ ਪਰਮ ਸ਼ਕਤੀ ਹੈ ਜਿਸ ਦੀ ਪ੍ਰਾਪਤੀ ਦੇ ਨਾਲ ਸੁਹਾਗਣ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਸਰਗੁਣ ਸਰੂਪ ਵਿੱਚ ਨਿਰਗੁਣ ਦੀ ਪਰਮ ਸ਼ਕਤੀ ਪ੍ਰਤੱਖ ਵਰਤਦੀ ਦਿਸਣ ਲੱਗ ਜਾਂਦੀ ਹੈ। 'ਨਿਰਵੈਰ' ਸੁਹਾਗਣ ਲਈ ਸਤਿ ਪਾਰਬ੍ਰਹਮ ਪਰਮੇਸ਼ਰ ਦਾ ਨਿਰਗੁਣ ਅਤੇ ਸਰਗੁਣ ਸਰੂਪ ਇੱਕ ਹੋ ਜਾਂਦਾ ਹੈ। 'ਨਿਰਵੈਰ' ਸੁਹਾਗਣ ਦਾ ਕੋਈ ਵੈਰੀ ਨਹੀਂ ਰਹਿੰਦਾ ਹੈ। 'ਨਿਰਵੈਰ' ਸੁਹਾਗਣ ਦੇ ਲਈ ਸਾਰੇ ਸੰਸਾਰ ਦੇ ਲੋਕ ਮੀਤ ਹੋ ਜਾਂਦੇ ਹਨ। 'ਨਿਰਵੈਰ' ਸੁਹਾਗਣ ਦੇ ਹਿਰਦੇ ਵਿੱਚੋਂ ਵੈਰ, ਵਿਰੋਧ, ਨਫ਼ਰਤ, ਦਵੈਸ਼ ਆਦਿ ਵਿਨਾਸ਼ਕਾਰੀ ਵਿਕਾਰਾਂ ਦਾ ਅੰਤ ਹੋ ਜਾਂਦਾ ਹੈ। 'ਨਿਰਵੈਰ' ਸੁਹਾਗਣ ਦੇ ਹਿਰਦੇ ਵਿੱਚੋਂ ਕੇਵਲ ਸਾਰੀ ਲੋਕਾਈ ਲਈ

ਪੂਰਨ ਪ੍ਰੇਮ ਦੀ ਭਾਵਨਾ ਹੀ ਹੁੰਦੀ ਹੈ। 'ਨਿਰਵੈਰ' ਸੁਹਾਗਣ ਸਰਬੱਤ (ਸਾਰੀ ਲੋਕਾਈ) ਦਾ ਭਲਾ ਮਨਾਉਂਦੀ ਹੈ। 'ਨਿਰਵੈਰ' ਸੁਹਾਗਣ ਦੇ ਹਿਰਦੇ ਵਿੱਚੋਂ ਕੁਦਰਤ ਦੀ ਹਰ ਇੱਕ ਰਚਨਾ ਲਈ ਕੇਵਲ ਪੂਰਨ ਪ੍ਰੇਮ ਦੀ ਭਾਵਨਾ ਦਾ ਸੋਮਾ ਫੁੱਟ ਪੈਂਦਾ ਹੈ। 'ਨਿਰਵੈਰ' ਸੁਹਾਗਣ ਕੁਦਰਤ ਦੀ ਹਰ ਇੱਕ ਰਚਨਾ ਨੂੰ ਉਤਨਾ ਹੀ ਪ੍ਰੇਮ ਕਰਦੀ ਹੈ ਜਿਤਨਾ ਪ੍ਰੇਮ ਉਸ ਨੂੰ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਾਲ ਹੁੰਦਾ ਹੈ। ਇਹ ਪਰਮ ਸਤਿ ਹੈ ਕਿ ਜੋ ਸੁਹਾਗਣ 'ਨਿਰਵੈਰ' ਹੋ ਜਾਂਦੀ ਹੈ ਕੇਵਲ ਉਹ ਸੁਹਾਗਣ ਹੀ ਸੰਸਾਰ ਦੇ ਲੋਕਾਂ ਨੂੰ ਪੂਰਨ ਸਤਿ ਵਰਤਾ ਸਕਦੀ ਹੈ। ਕੇਵਲ 'ਨਿਰਵੈਰ' ਸੁਹਾਗਣ ਹੀ ਸੰਸਾਰ ਵਿੱਚ ਪੂਰਨ ਸਤਿ ਦੀ ਸੇਵਾ ਕਰਦੀ ਹੈ। ਇਸ ਲਈ 'ਨਿਰਵੈਰ' ਹੋਣ ਦੀ ਪਰਮ ਸ਼ਕਤੀ ਦੀ ਪ੍ਰਾਪਤੀ ਤੋਂ ਬਿਨਾਂ ਸੁਹਾਗਣ ਸਦਾ ਸੁਹਾਗਣ ਨਹੀਂ ਬਣ ਸਕਦੀ ਹੈ। ਸਦਾ ਸੁਹਾਗਣ ਦੀ ਪਰਮ ਸ਼ਕਤੀਸ਼ਾਲੀ ਅਤੇ ਬੇਅੰਤ ਮਹਿਮਾ ਧੰਨ ਧੰਨ ਸਤਿਗੁਰੂ ਪਾਤਸ਼ਾਹੀਆਂ ਨੇ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਈ ਹੈ:

ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥
ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ ॥
ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੬}

ਪਿਰ ਬਿਨੁ ਖਰੀ ਨਿਮਾਣੀ ਜੀਉ ਬਿਨੁ ਪਿਰ ਕਿਉ ਜੀਵਾ ਮੇਰੀ ਮਾਈ ॥
ਪਿਰ ਬਿਨੁ ਨੀਦ ਨ ਆਵੈ ਜੀਉ ਕਾਪੜੁ ਤਨਿ ਨ ਸੁਹਾਈ ॥
ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ ਗੁਰਮਤੀ ਚਿਤੁ ਲਾਈਐ ॥
ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰ ਕੈ ਅੰਕਿ ਸਮਾਈਐ ॥
ਗੁਰ ਸਬਦੈ ਮੇਲਾ ਤਾ ਪਿਰੁ ਰਾਵੀ ਲਾਹਾ ਨਾਮੁ ਸੰਸਾਰੇ ॥
ਨਾਨਕ ਕਾਮਣਿ ਨਾਹ ਪਿਆਰੀ ਜਾ ਹਰਿ ਕੇ ਗੁਣ ਸਾਰੇ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੪੪}

ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ॥
ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ॥
ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ ॥
ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ॥
ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰਿ ਆਏ ॥
ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੪੫}

ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ ॥
ਹਰਿ ਵਰੁ ਰਾਵਹਿ ਸਦਾ ਮੁਈਏ ਨਿਜ ਘਰਿ ਵਾਸਾ ਪਾਏ ॥
ਨਿਜ ਘਰਿ ਵਾਸਾ ਪਾਏ ਸਬਦੁ ਵਜਾਏ ਸਦਾ ਸੁਹਾਗਣਿ ਨਾਰੀ ॥
ਪਿਰੁ ਰਲੀਆਲਾ ਜੋਬਨੁ ਬਾਲਾ ਅਨਦਿਨੁ ਕੰਤਿ ਸਵਾਰੀ ॥

ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ ॥
ਨਾਨਕ ਕਾਮਣਿ ਹਰਿ ਰੰਗਿ ਰਾਤੀ ਜਾ ਚਲੈ ਸਤਿਗੁਰ ਭਾਏ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੫੬੮}

ਕਾਇਆ ਕਾਮਣਿ ਅਤਿ ਸੁਆਲਿਉ ਪਿਰੁ ਵਸੈ ਜਿਸੁ ਨਾਲੇ ॥
ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮ੍ਹਾਲੇ ॥
ਹਰਿ ਕੀ ਭਗਤਿ ਸਦਾ ਰੰਗਿ ਰਾਤਾ ਹਉਮੈ ਵਿਚਹੁ ਜਾਲੇ ॥੧॥
ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥
ਪੂਰੇ ਗੁਰ ਤੇ ਊਪਜੀ ਸਾਚਿ ਸਮਾਣੀ ॥੧॥ ਰਹਾਉ ॥
ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ॥
ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ ॥
ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਹਾਲਾ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੫੪}

ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ ॥
ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ ॥
ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲੁ ਪਾਏ ॥
ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ ॥
ਨਾਨਕ ਕ੍ਰਿਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਏ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੨੩}

ਜਦ ਸਤਿਨਾਮ ਦਾ ਪ੍ਰਕਾਸ਼ ਹਿਰਦੇ ਕਮਲ ਨੂੰ ਜਾਗਰਿਤ ਕਰ ਕੇ ਪ੍ਰਕਾਸ਼ਮਾਨ ਕਰ ਦਿੰਦਾ ਹੈ ਤਾਂ ਸੁਹਾਗਣ ਦੇ ਇਸ ਜਨਮ ਅਤੇ ਪਿਛਲੇ ਸਾਰੇ ਜਨਮਾਂ-ਜਨਮਾਤਰਾਂ ਦੇ ਸਾਰੇ ਕਰਮਾਂ ਦੇ ਬੰਧਨ ਟੁੱਟ ਜਾਂਦੇ ਹਨ। ਜਦ ਸੁਹਾਗਣ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ (ਰਜੋ ਅਤੇ ਤਮੋ) ਨੂੰ ਜਿੱਤ ਕੇ ਪੂਰਨ ਸਚਿਆਰੀ ਰਹਿਤ ਦੀ ਕਮਾਈ ਕਰ ਲੈਂਦੀ ਹੈ ਤਾਂ ਉਸ ਦੇ ਹਿਰਦੇ ਵਿੱਚ ਪਰਮ ਜੋਤ ਪ੍ਰਗਟ ਹੋ ਜਾਂਦੀ ਹੈ। ਜਦ ਸੁਹਾਗਣ ਦੀ ਤ੍ਰਿਸ਼ਨਾ ਅਗਨ ਬੁਝ ਜਾਂਦੀ ਹੈ ਅਤੇ ਉਹ ਪੰਜ ਚੰਡਾਲਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ) ਉੱਪਰ ਜਿੱਤ ਹਾਸਿਲ ਕਰ ਲੈਂਦੀ ਹੈ ਤਾਂ ਉਸ ਦੇ ਹਿਰਦੇ ਵਿੱਚ ਪਰਮ ਜੋਤ ਪ੍ਰਗਟ ਹੋ ਜਾਂਦੀ ਹੈ ਅਤੇ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਜਦ ਸੁਹਾਗਣ ਦੇ ਹਿਰਦੇ ਵਿੱਚ ਪਰਮ ਜੋਤ ਪ੍ਰਗਟ ਹੋ ਜਾਂਦੀ ਹੈ ਤਾਂ ਉਸ ਦੇ ਸਾਰੇ ਜਨਮਾਂ-ਜਨਮਾਂਤਰਾਂ ਦੇ ਕਰਮਾਂ ਦੇ ਬੰਧਨ ਟੁੱਟ ਜਾਂਦੇ ਹਨ। ਇਹ ਪਰਮ ਸਤਿ ਹੈ ਕਿ ਕੇਵਲ ਸਤਿਨਾਮ ਦੇ ਗੁਰਪ੍ਰਸਾਦਿ ਵਿੱਚ ਹੀ ਉਹ ਪਰਮ ਸ਼ਕਤੀ ਹੈ ਜੋ ਕਰਮ ਦੇ ਦਰਗਾਹੀ ਵਿਧਾਨ ਨੂੰ ਤੋੜ ਕੇ ਸੁਹਾਗਣ ਦੇ ਹਿਰਦੇ ਕਮਲ ਵਿੱਚ ਪਰਮ ਜੋਤ ਨੂੰ ਪ੍ਰਗਟ ਕਰਦੀ ਹੈ ਅਤੇ ਸੁਹਾਗਣ ਦੇ ਹਿਰਦੇ ਵਿੱਚ ਪੂਰਨ ਪ੍ਰਕਾਸ਼ ਹੋ ਜਾਂਦਾ ਹੈ। ਇਸ ਲਈ ਇਹ ਪਰਮ ਸਤਿ ਹੈ ਕਿ ਕੇਵਲ ਸਤਿਨਾਮ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਦੇ ਨਾਲ ਹੀ ਸੁਹਾਗਣ ਦੇ ਸਾਰੇ ਜਨਮਾਂ-ਜਨਮਾਂਤਰਾਂ ਦੇ ਕਰਮਾਂ ਦੇ ਬੰਧਨ ਟੁੱਟ ਜਾਂਦੇ ਹਨ। ਸੁਹਾਗਣ ਸਾਰੇ ਜਨਮਾਂ-ਜਨਮਾਂਤਰਾਂ ਦੇ ਬੰਧਨਾਂ ਤੋਂ ਮੁਕਤ ਹੋ ਜਾਂਦੀ ਹੈ। ਸਾਰੇ ਜਨਮਾਂ-ਜਨਮਾਂਤਰਾਂ ਦੇ ਕਰਮਾਂ ਦੇ

ਬੰਧਨਾਂ ਤੋਂ ਮੁਕਤੀ ਹੀ ਜੀਵਨ ਮੁਕਤੀ ਹੈ। ਜੀਵਨ ਮੁਕਤੀ ਦੀ ਪ੍ਰਾਪਤੀ ਹੀ ਸਦਾ ਸੁਹਾਗ ਦੀ ਪ੍ਰਾਪਤੀ ਹੈ। ਜੀਵਨ ਮੁਕਤੀ ਦੀ ਪ੍ਰਾਪਤੀ ਦੇ ਨਾਲ ਹੀ ਜਨਮ-ਮਰਨ ਦੇ ਗੇੜ ਦਾ ਅੰਤ ਹੋ ਜਾਂਦਾ ਹੈ। ਜਨਮ-ਮਰਨ ਦਾ ਰੋਗ, ਜੋ ਕਿ ਮਨੁੱਖਾ ਜਨਮ ਜੀਵਨ ਵਿੱਚ ਸਭ ਤੋਂ ਵੱਡਾ ਰੋਗ ਹੈ, ਉਸ ਦਾ ਅੰਤ ਹੋ ਜਾਂਦਾ ਹੈ।

ਪੂਰਨ ਬੰਦਗੀ ਦੀ ਐਸੀ ਪਰਮ ਸ਼ਕਤੀਸ਼ਾਲੀ ਅਵਸਥਾ ਵਿੱਚ 'ਸਦਾ ਸੁਹਾਗ' ਦੀ ਪ੍ਰਾਪਤੀ ਤੋਂ ਉਪਰੰਤ ਸਤਿ ਪਾਰਬ੍ਰਹਮ ਪਰਮੇਸ਼ਰ ਅਤੇ ਸਦਾ ਸੁਹਾਗਣ ਵਿੱਚ ਕੋਈ ਅੰਤਰ ਨਹੀਂ ਰਹਿ ਜਾਂਦਾ ਹੈ। ਸਦਾ ਸੁਹਾਗਣ ਸਤਿ ਪਾਰਬ੍ਰਹਮ ਵਿੱਚ ਸਦਾ-ਸਦਾ ਲਈ ਅਭੇਦ ਹੋ ਜਾਂਦੀ ਹੈ। ਸਦਾ ਸੁਹਾਗਣ ਦੇ ਰੂਪ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਅਤੇ ਬੇਅੰਤ ਮਹਿਮਾ ਧਰਤੀ ਉੱਪਰ ਪ੍ਰਗਟ ਹੁੰਦੀ ਹੈ। ਸਦਾ ਸੁਹਾਗਣ ਹੀ ਪੂਰਨ ਸਤਿਗੁਰੂ ਹੈ। ਸਦਾ ਸੁਹਾਗਣ ਹੀ ਸਤਿ ਰਾਮ ਦਾਸ ਹੈ। ਸਦਾ ਸੁਹਾਗਣ ਹੀ ਪੂਰਨ ਬ੍ਰਹਮ ਗਿਆਨੀ ਹੈ। ਸਦਾ ਸੁਹਾਗਣ ਹੀ ਪੂਰਨ ਖ਼ਾਲਸਾ ਹੈ। ਸਦਾ ਸੁਹਾਗਣ ਹੀ ਗੁਰਮੁਖ ਹੈ। ਸਦਾ ਸੁਹਾਗਣ ਹੀ ਪੂਰਨ ਸਾਧ ਹੈ। ਸਦਾ ਸੁਹਾਗਣ ਹੀ ਪੂਰਨ ਸੰਤ ਹੈ। ਇਸ ਲਈ ਸਦਾ ਸੁਹਾਗਣ ਦੀ ਮਹਿਮਾ ਪਰਮ ਸ਼ਕਤੀਸ਼ਾਲੀ ਅਤੇ ਬੇਅੰਤ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਸੰਸਾਰਿਕ ਲੋਕਾਂ ਦਾ ਉਧਾਰ ਕਰਨ ਲਈ 'ਸਦਾ ਸੁਹਾਗਣ' ਦੇ ਰੂਪ ਵਿੱਚ ਹੀ ਧਰਤੀ ਉੱਪਰ ਪ੍ਰਗਟ ਹੁੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਸੰਸਾਰਿਕ ਲੋਕਾਂ ਦਾ ਭਲਾ ਕਰਨ ਲਈ ਪੂਰਨ ਸਤਿਗੁਰੂ ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਹੀ ਧਰਤੀ ਉੱਪਰ ਪ੍ਰਗਟ ਹੁੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਸੰਸਾਰਿਕ ਲੋਕਾਂ ਨੂੰ ਆਪਣੀ ਪੂਰਨ ਬੰਦਗੀ ਦਾ ਗੁਰਪ੍ਰਸਾਦਿ ਵਰਤਾਉਣ ਲਈ ਪੂਰਨ ਸੰਤ ਸਤਿਗੁਰੂ ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਧਰਤੀ ਉੱਪਰ ਪ੍ਰਗਟ ਹੁੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਸੰਸਾਰਿਕ ਲੋਕਾਂ ਦਾ ਧਰਮ ਦੇ ਮਾਰਗ ਉੱਪਰ ਚਲਣ ਦਾ ਮਾਰਗ ਦਰਸ਼ਨ ਕਰਨ ਲਈ ਪੂਰਨ ਬ੍ਰਹਮ ਗਿਆਨੀ ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਧਰਤੀ ਉੱਪਰ ਪ੍ਰਗਟ ਹੁੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਸੰਸਾਰਿਕ ਲੋਕਾਂ ਨੂੰ ਪੂਰਨ ਸਤਿ ਵਰਤਾਉਣ ਲਈ ਪੂਰਨ ਸੰਤ ਸਤਿਗੁਰੂ ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਧਰਤੀ ਉੱਪਰ ਪ੍ਰਗਟ ਹੁੰਦਾ ਹੈ। ਸਤਿ ਪਾਰਬ੍ਰਹਮ ਪਰਮੇਸ਼ਰ ਸੰਸਾਰਿਕ ਲੋਕਾਂ ਨੂੰ ਅੰਮ੍ਰਿਤ ਦਾ ਗੁਰਪ੍ਰਸਾਦਿ ਵਰਤਾਉਣ ਲਈ ਪੂਰਨ ਸੰਤ ਸਤਿਗੁਰੂ ਦੇ ਪਰਮ ਸ਼ਕਤੀਸ਼ਾਲੀ ਰੂਪ ਵਿੱਚ ਧਰਤੀ ਉੱਪਰ ਪ੍ਰਗਟ ਹੁੰਦਾ ਹੈ। ਇਸ ਪਰਮ ਸਤਿ ਦੇ ਪਰਮ ਸ਼ਕਤੀਸ਼ਾਲੀ ਸਤਿ ਤੱਤਾਂ ਨੂੰ ਸਤਿਗੁਰੂ ਸਹਿਬਾਨ ਨੇ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਹੈ:

ਪਾਰਬ੍ਰਹਮੁ ਸਾਧ ਰਿਦ ਬਸੈ ॥ ਨਾਨਕ ਉਧਰੈ ਸਾਧ ਸੁਨਿ ਰਸੈ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੨}

ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥
ਸਾਧ ਕੀ ਉਪਮਾ ਰਹੀ ਭਰਪੂਰਿ ॥
ਸਾਧ ਕੀ ਸੋਭਾ ਕਾ ਨਾਹੀ ਅੰਤ ॥
ਸਾਧ ਕੀ ਸੋਭਾ ਸਦਾ ਬੇਅੰਤ ॥
ਸਾਧ ਕੀ ਸੋਭਾ ਊਚ ਤੇ ਊਚੀ ॥
ਸਾਧ ਕੀ ਸੋਭਾ ਮੂਚ ਤੇ ਮੂਚੀ ॥

ਸਾਧ ਕੀ ਸੋਭਾ ਸਾਧ ਬਨਿ ਆਈ ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੨}

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩}

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੭੩-੨੭੪}

ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ ॥
ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ ॥
ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ ॥
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥
ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥
ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ ॥
ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੨੧}

ਪੂਰਨ ਬੰਦਗੀ ਦੇ ਸਾਰੇ ਰਹੱਸ ਜਿਗਿਆਸੂ ਨੂੰ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਪ੍ਰਾਪਤ ਹੁੰਦੇ ਹਨ। ਪੂਰਨ ਬੰਦਗੀ ਦੇ ਸਾਰੇ ਪਰਮ ਸਤਿ ਤੱਤਾਂ ਦੇ ਬਾਰੇ ਪੂਰਨ ਬ੍ਰਹਮ ਗਿਆਨ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਹੀ ਸਮਝ ਵਿੱਚ ਆਉਂਦਾ ਹੈ। ਗੁਰਬਾਣੀ ਵਿੱਚ ਪ੍ਰਗਟ ਕੀਤੇ ਗਏ ਪਰਮ ਸਤਿ ਦੇ ਤੱਤਾਂ ਦੀ ਗਹਿਰਾਈ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਕਰਨ ਨਾਲ ਹੀ ਸਮਝ ਵਿੱਚ ਪੈਂਦੀ ਹੈ। ਗੁਰਬਾਣੀ ਵਿੱਚ ਪਰੋਏ ਗਏ ਪੂਰਨ ਬ੍ਰਹਮ ਗਿਆਨ ਦੇ ਅਨਮੋਲ ਰਤਨਾਂ ਦੀ ਸਮਝ ਪੂਰਨ ਸੰਤ ਸਤਿਗੁਰੂ ਦੀ ਸੇਵਾ ਕਰਨ ਦੇ ਨਾਲ ਹੀ ਪੈਂਦੀ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚ ਸੰਪੂਰਨ ਆਪਾ ਅਰਪਣ ਕਰਨ ਦੇ ਨਾਲ ਹੀ ਮਨੁੱਖ ਨੂੰ ਸੁਹਾਗ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ

ਹੈ। ਸੁਹਾਗ ਦੀ ਪ੍ਰਾਪਤੀ ਤੋਂ ਉਪਰੰਤ ਹੀ ਸੁਹਾਗਣ ਦੀ ਸੁਰਤਿ ਮਾਨਸਰੋਵਰ ਦੀ ਗਹਿਰਾਈ ਨੂੰ ਅਨੁਭਵ ਕਰਦੀ ਹੈ। ਸਮਾਧੀ ਅਤੇ ਸੁੰਨ ਸਮਾਧੀ ਵਿੱਚ ਬੈਠ ਕੇ ਕੀਤੇ ਗਏ ਸਤਿਨਾਮ ਅਭਿਆਸ ਦੇ ਨਾਲ ਹੀ ਸੁਹਾਗਣ ਦੀ ਸੁਰਤਿ ਮਾਨਸਰੋਵਰ ਦੀ ਗਹਿਰਾਈ ਵਿੱਚ ਉਤਰ ਜਾਂਦੀ ਹੈ। ਜਿਨ੍ਹਾਂ ਸੁਹਾਗਣਾਂ ਦੇ ਸਾਰੇ ਬਜਰ ਕਪਾਟ ਖੁੱਲ੍ਹ ਜਾਂਦੇ ਹਨ ਉਨ੍ਹਾਂ ਨੂੰ ਹੀ ਗੁਰਬਾਣੀ ਦੀ ਗਹਿਰਾਈ ਦਾ ਅਨੁਭਵ ਹੁੰਦਾ ਹੈ। ਜਿਨ੍ਹਾਂ ਸੁਹਾਗਣਾਂ ਦੇ ਸਾਰੇ ਸਤਿ ਸਰੋਵਰ ਜਾਗਰਿਤ ਹੋ ਜਾਂਦੇ ਹਨ ਉਨ੍ਹਾਂ ਦੀ ਸੁਰਤਿ ਮਾਨ ਸਰੋਵਰ ਵਿੱਚ ਡੂੰਘੀ ਉਤਰ ਜਾਂਦੀ ਹੈ। ਜਿਨ੍ਹਾਂ ਸੁਹਾਗਣਾਂ ਦੇ ਰੋਮ-ਰੋਮ ਵਿੱਚ ਸਤਿਨਾਮ ਸਿਮਰਨ ਚਲਾ ਜਾਂਦਾ ਹੈ ਉਨ੍ਹਾਂ ਦੀ ਸੁਰਤਿ ਮਾਨਸਰੋਵਰ ਵਿੱਚ ਗਹਿਰੀ ਉਤਰ ਜਾਂਦੀ ਹੈ।

ਇਹ ਪਰਮ ਸਤਿ ਹੈ ਕਿ ਗੁਰਬਾਣੀ ਮਾਨਸਰੋਵਰ ਵਿੱਚੋਂ ਆਈ ਹੈ। ਗੁਰਬਾਣੀ ਸਤਿਗੁਰੂ ਸਾਹਿਬਾਨ ਨੇ ਅਤੇ ਪੂਰਨ ਸੰਤਾਂ ਅਤੇ ਭਗਤਾਂ (ਸਦਾ ਸੁਹਾਗਣਾਂ, ਸਤਿ ਪਾਰਬ੍ਰਹਮ ਪਰਮੇਸ਼ਰ ਦੇ ਅਵਤਾਰਾਂ) ਨੇ ਜੋ ਕਿ ਮਾਨਸਰੋਵਰ ਵਿੱਚ ਗਹਿਰੇ ਉਤਰ ਗਏ ਹਨ; ਉਨ੍ਹਾਂ ਨੇ ਉਚਾਰਨ ਕੀਤੀ ਹੈ। ਇਸ ਲਈ ਗੁਰਬਾਣੀ ਦੀ ਗਹਿਰਾਈ ਉਹ ਸੁਹਾਗਣ ਹੀ ਜਾਣ ਅਤੇ ਸਮਝ ਸਕਦੀ ਹੈ ਜੋ ਮਾਨਸਰੋਵਰ ਵਿੱਚ ਗਹਿਰੀ ਉਤਰ ਜਾਂਦੀ ਹੈ। ਉਹ ਸੁਹਾਗਣ ਜਿਸ ਦੀ ਸੁਰਤਿ ਮਾਨਸਰੋਵਰ ਵਿੱਚ ਡੂੰਘੀ ਉਤਰ ਜਾਂਦੀ ਹੈ ਉਸ ਨੂੰ ਜੋ-ਜੋ ਗੁਰਬਾਣੀ ਵਿੱਚ ਸਤਿਗੁਰੂ ਸਾਹਿਬਾਨ ਨੇ ਪ੍ਰਗਟ ਕੀਤਾ ਹੈ, ਉਨ੍ਹਾਂ ਪਰਮ ਸਤਿ ਤੱਤਾਂ ਦਾ ਪ੍ਰਤੱਖ ਅਨੁਭਵ ਹੁੰਦਾ ਹੈ। ਜਿਨ੍ਹਾਂ ਪਰਮ ਸ਼ਕਤੀਸ਼ਾਲੀ ਅਵਸਥਾਵਾਂ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ ਉਨ੍ਹਾਂ ਅਵਸਥਾਵਾਂ ਦਾ ਪ੍ਰਤੱਖ ਅਨੁਭਵ ਸੁਹਾਗਣ ਅਤੇ ਸਦਾ ਸੁਹਾਗਣ ਨੂੰ ਹੁੰਦਾ ਹੈ। ਜਿਨ੍ਹਾਂ ਪਰਮ ਸ਼ਕਤੀਸ਼ਾਲੀ ਸਤਿ ਗੁਣਾਂ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ ਉਨ੍ਹਾਂ ਦੀ ਕਮਾਈ ਕਰਨ ਵਾਲੇ ਭਗਤਾਂ (ਸੁਹਾਗਣਾਂ ਅਤੇ ਸਦਾ ਸੁਹਾਗਣਾਂ) ਨੂੰ ਮਾਨਸਰੋਵਰ ਦੀ ਗਹਿਰਾਈ ਦਾ ਅਨੁਭਵ ਹੁੰਦਾ ਹੈ। ਜਿਨ੍ਹਾਂ ਪੂਰਨ ਬ੍ਰਹਮ ਗਿਆਨ ਦੇ ਪਰਮ ਸ਼ਕਤੀਸ਼ਾਲੀ ਅਨਮੋਲ ਰਤਨਾਂ ਨੂੰ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ ਉਨ੍ਹਾਂ ਦੀ ਪ੍ਰਾਪਤੀ ਹੋਣ ਦੇ ਨਾਲ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਪਰਮ ਸ਼ਕਤੀਸ਼ਾਲੀ ਮਹਿਮਾ ਦੀ ਗਹਿਰਾਈ ਦਾ ਅਨੁਭਵ ਸੁਹਾਗਣ ਨੂੰ ਹੁੰਦਾ ਹੈ। ਜਿਨ੍ਹਾਂ ਸੁਹਾਗਣਾਂ ਦੀ ਸੁਰਤਿ ਮਾਨਸਰੋਵਰ ਦੇ ਵਿੱਚ ਡੂੰਘੀ ਉਤਰ ਜਾਂਦੀ ਹੈ ਉਨ੍ਹਾਂ ਨੂੰ ਹੀ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਨਿਰਗੁਣ ਸਰੂਪ ਦੇ ਦਰਸ਼ਨ ਹੁੰਦੇ ਹਨ। ਇਸ ਲਈ ਸਦਾ ਸੁਹਾਗਣ, ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਮਹਾ ਪੁਰਖਾਂ ਦਾ ਵਾਸਾ ਮਾਨਸਰੋਵਰ ਵਿੱਚ ਹੁੰਦਾ ਹੈ ਅਤੇ ਉਨ੍ਹਾਂ ਦਾ ਜੀਵਨ ਗੁਰਬਾਣੀ ਬਣ ਜਾਂਦਾ ਹੈ। ਭਾਵ ਸਦਾ ਸੁਹਾਗਣ, ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਮਹਾ ਪੁਰਖਾਂ ਦੇ ਜੀਵਨ ਵਿੱਚ ਉਹ ਸਭ ਕੁਝ ਵਾਪਰਦਾ ਹੈ ਜੋ ਗੁਰਬਾਣੀ ਵਿੱਚ ਪ੍ਰਗਟ ਕੀਤਾ ਗਿਆ ਹੈ। ਜੋ-ਜੋ ਪਰਮ ਸਤਿ ਤੱਤਾਂ ਦਾ ਗੁਰਬਾਣੀ ਵਿੱਚ ਬਿਆਨ ਕੀਤਾ ਗਿਆ ਹੈ ਉਹ ਸਾਰੇ ਪਰਮ ਸਤਿ ਤੱਤਾਂ ਦਾ ਅਨੁਭਵ ਸਦਾ ਸੁਹਾਗਣ, ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਮਹਾ ਪੁਰਖਾਂ ਨੂੰ ਹੋ ਜਾਂਦਾ ਹੈ। ਸਦਾ ਸੁਹਾਗਣ, ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਮਹਾ ਪੁਰਖਾਂ ਦੀ ਚਰਨ-ਸ਼ਰਨ ਵਿੱਚ ਗੁਰਪ੍ਰਸਾਦਿ ਦੀ ਪਰਮ ਸ਼ਕਤੀ ਵਰਤਦੀ ਹੈ। ਇਸ ਲਈ ਗੁਰਬਾਣੀ ਦਾ ਪਰਮ ਸ਼ਕਤੀਸ਼ਾਲੀ ਹੁਕਮ ਹੈ ਕਿ ਪੂਰਨ ਸਤਿਗੁਰੂ, ਸਦਾ ਸੁਹਾਗਣ, ਪੂਰਨ ਸੰਤ ਜਾਂ ਪੂਰਨ ਬ੍ਰਹਮ ਗਿਆਨੀ ਦੀ ਚਰਨ-ਸ਼ਰਨ ਵਿੱਚੋਂ ਹੀ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਸਦਾ ਸੁਹਾਗਣ, ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਮਹਾ ਪੁਰਖਾਂ ਦੀ ਚਰਨ-ਸ਼ਰਨ ਵਿੱਚੋਂ ਹੀ ਸਤਿਨਾਮ, ਸਤਿਨਾਮ ਸਿਮਰਨ,

ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਮਹਾ ਪਰਉਪਕਾਰੀ ਸੇਵਾ ਦੀ ਪ੍ਰਾਪਤੀ ਹੁੰਦੀ ਹੈ। ਸਦਾ ਸੁਹਾਗਣ, ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਮਹਾ ਪੁਰਖਾਂ ਦੀ ਚਰਨ-ਸ਼ਰਨ ਵਿੱਚੋਂ ਹੀ ਜੀਵਨ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਸਦਾ ਸੁਹਾਗਣ, ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਮਹਾ ਪੁਰਖਾਂ ਦੀ ਚਰਨ-ਸ਼ਰਨ ਵਿੱਚੋਂ ਹੀ ਸਾਰੇ ਦਰਗਾਹੀ ਰਤਨਾਂ ਅਤੇ ਖ਼ਜ਼ਾਨਿਆਂ ਦੀ ਪ੍ਰਾਪਤੀ ਹੁੰਦੀ ਹੈ। ਇਸ ਪਰਮ ਸ਼ਕਤੀਸ਼ਾਲੀ ਦਰਗਾਹੀ ਹੁਕਮ ਨੂੰ ਗੁਰਬਾਣੀ ਵਿੱਚ ਬਾਰ-ਬਾਰ ਦ੍ਰਿੜ੍ਹ ਕਰਵਾਇਆ ਗਿਆ ਹੈ:

ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ ॥
ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥
ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥
ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੩੯}

ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥
ਗੁਰ ਪਰਸਾਦੀ ਮਿਲੈ ਹਰਿ ਸੋਈ ॥
ਗੁਰੁ ਦਾਤਾ ਜੁਗ ਚਾਰੇ ਹੋਈ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੨੩੦}

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥
ਜਗਜੀਵਨੁ ਦਾਤਾ ਪਾਇਆ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੬}

ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੩੫-੬੩੬}

ਜੁਗ ਚਾਰੇ ਧਨ ਜੇ ਭਵੈ ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ ॥
ਨਿਹਚਲੁ ਰਾਜੁ ਸਦਾ ਹਰਿ ਕੇਰਾ ਤਿਸੁ ਬਿਨੁ ਅਵਰੁ ਨ ਕੋਈ ਰਾਮ ॥
ਤਿਸੁ ਬਿਨੁ ਅਵਰੁ ਨ ਕੋਈ ਸਦਾ ਸਚੁ ਸੋਈ ਗੁਰਮੁਖਿ ਏਕੋ ਜਾਣਿਆ ॥
ਧਨ ਪਿਰ ਮੇਲਾਵਾ ਹੋਆ ਗੁਰਮਤੀ ਮਨੁ ਮਾਨਿਆ ॥
ਸਤਿਗੁਰੁ ਮਿਲਿਆ ਤਾ ਹਰਿ ਪਾਇਆ ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥
ਨਾਨਕ ਕਾਮਣਿ ਕੰਤੈ ਰਾਵੇ ਮਨਿ ਮਾਨਿਐ ਸੁਖੁ ਹੋਈ ॥

{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੭੬੯}

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥
ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥
ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥
ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥
ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥
ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥ {ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੯੪੬}

ਸਚੈ ਸਬਦਿ ਸਚੀ ਪਤਿ ਹੋਈ ॥
ਬਿਨੁ ਨਾਵੈ ਮੁਕਤਿ ਨ ਪਾਵੈ ਕੋਈ ॥
ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ ਐਸੀ ਬਣਤ ਬਣਾਈ ਹੇ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੪੬}

ਏ ਭ੍ਰਮਿ ਭੂਲੇ ਮਰਹੁ ਨ ਕੋਈ ॥
ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥
ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥
ਆਵਹਿ ਜਾਂਹਿ ਮਰਹਿ ਮਰਿ ਜਾਈ ॥
{ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੪੩}

ਇਸ ਲਈ ਇਹ ਪਰਮ ਸਤਿ ਹੈ ਕਿ ਸਦਾ ਸੁਹਾਗਣ, ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਮਹਾ ਪੁਰਖਾਂ ਦੀ ਚਰਨ-ਸ਼ਰਨ ਦੀ ਮਹਿਮਾ ਬੇਅੰਤ ਹੈ। ਸਦਾ ਸੁਹਾਗਣ, ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਮਹਾ ਪੁਰਖਾਂ ਦੀ ਚਰਨ-ਸ਼ਰਨ ਦੀ ਮਹਿਮਾ ਪਰਮ ਸ਼ਕਤੀਸ਼ਾਲੀ ਹੈ। ਸਦਾ ਸੁਹਾਗਣ, ਪੂਰਨ ਸੰਤ, ਪੂਰਨ ਸਤਿਗੁਰੂ, ਪੂਰਨ ਬ੍ਰਹਮ ਗਿਆਨੀ ਮਹਾ ਪੁਰਖਾਂ ਦੇ ਰੂਪ ਵਿੱਚ ਸਤਿ ਪਾਰਬ੍ਰਹਮ ਪਰਮੇਸ਼ਰ ਆਪ ਧਰਤੀ ਉੱਪਰ ਪ੍ਰਤੱਖ ਪ੍ਰਗਟ ਹੁੰਦਾ ਹੈ। ਐਸੇ ਮਹਾ ਪੁਰਖਾਂ ਦੀ ਬਾਣੀ ਵਿੱਚ ਪਰਮ ਸ਼ਕਤੀ ਵਰਤਦੀ ਹੈ। ਐਸੇ ਮਹਾ ਪੁਰਖਾਂ ਦੇ ਸਤਿ ਬਚਨਾਂ ਵਿੱਚ ਪਰਮ ਸ਼ਕਤੀ ਵਰਤਦੀ ਹੈ। ਐਸੇ ਮਹਾ ਪਵਿੱਤਰ ਮਹਾ ਪੁਰਖਾਂ ਦੇ ਸਤਿ ਬਚਨਾਂ ਦੀ ਕਮਾਈ ਕਰਨ ਨਾਲ ਮਇਆ ਵਿੱਚ ਗਲਤਾਨ ਇੱਕ ਆਮ ਮਨੁੱਖ ਪੁਨੀਤ ਹੋ ਜਾਂਦਾ ਹੈ। ਐਸੇ ਮਹਾ ਪੁਰਖਾਂ ਦੇ ਸਤਿ ਬਚਨਾਂ ਦੀ ਕਮਾਈ ਕਰਨ ਦੇ ਨਾਲ ਮਾਇਆ ਵਿੱਚ ਗਲਤਾਨ ਇੱਕ ਆਮ ਮਨੁੱਖ ਦਾ ਜੀਵਨ ਬਦਲ ਜਾਂਦਾ ਹੈ। ਐਸੇ ਮਹਾ ਪੁਰਖਾਂ ਦੇ ਸਤਿ ਬਚਨਾਂ ਦੀ ਕਮਾਈ ਕਰਨ ਦੇ ਨਾਲ ਮਾਇਆ ਵਿੱਚ ਗਲਤਾਨ ਇੱਕ ਆਮ ਮਨੁੱਖ ਦੇ ਸਾਰੇ ਦੁੱਖਾਂ, ਕਲੇਸ਼ਾਂ, ਸੰਤਾਪਾਂ, ਰੋਗਾਂ, ਮੁਸੀਬਤਾਂ ਅਤੇ ਸਮੱਸਿਆਵਾਂ ਦਾ ਅੰਤ ਹੋ ਜਾਂਦਾ ਹੈ। ਐਸੇ ਮਹਾ ਪੁਰਖਾਂ ਦੇ ਸਤਿ ਬਚਨਾਂ ਦੀ ਕਮਾਈ ਕਰਨ ਦੇ ਨਾਲ ਮਾਇਆ ਵਿੱਚ ਗਲਤਾਨ ਇੱਕ ਆਮ ਮਨੁੱਖ ਪੂਰਨ ਸੰਤ ਬਣ ਜਾਂਦਾ ਹੈ। ਇਸ ਲਈ ਸਾਰੀ ਲੋਕਾਈ ਦੇ ਚਰਨਾਂ 'ਤੇ ਸਨਿਮਰ ਬੇਨਤੀ ਹੈ ਕਿ ਐਸੇ ਮਹਾ ਪੁਰਖਾਂ ਦੀ ਸਤਿ ਸੰਗਤ ਦੀ ਪ੍ਰਾਪਤੀ ਲਈ ਅਰਦਾਸ ਕਰੋ। ਐਸੇ ਮਹਾ ਪੁਰਖਾਂ ਦੀ ਚਰਨ-ਸ਼ਰਨ ਦੀ ਪ੍ਰਾਪਤੀ ਲਈ ਅਰਦਾਸ ਕਰੋ। ਐਸੇ ਮਹਾ ਪੁਰਖਾਂ ਦੀ ਚਰਨ-ਸ਼ਰਨ ਵਿੱਚੋਂ ਗੁਰਪ੍ਰਸਾਦਿ ਦੀ ਪ੍ਰਾਪਤੀ ਹੋਏਗੀ। ਐਸੇ ਮਹਾ ਪੁਰਖਾਂ ਦੀ ਸਤਿ ਸੰਗਤ ਵਿੱਚੋਂ ਹੀ ਸੁਹਾਗ ਦੀ ਪ੍ਰਾਪਤੀ ਹੋਏਗੀ। ਐਸੇ ਮਹਾ ਪੁਰਖਾਂ ਦੀ ਚਰਨ-

ਸ਼ਰਨ ਵਿੱਚ ਸੰਪੂਰਨ ਸਮਰਪਣ ਕਰਨ ਦੇ ਨਾਲ ਮਹਾ ਵਿਨਾਸ਼ਕਾਰੀ ਮਾਇਕੀ ਸ਼ਕਤੀਆਂ ਉੱਪਰ ਜਿੱਤ ਸਹਿਜੇ ਹੀ ਹਾਸਿਲ ਹੋ ਜਾਏਗੀ। ਐਸੇ ਮਹਾ ਪੁਰਖਾਂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਤੁਹਾਡੀ ਬੰਦਗੀ 'ਚ ਸਹਿਜੇ ਹੀ ਸਦਾ ਸੁਹਾਗ ਦੀ ਪ੍ਰਾਪਤੀ ਹੋ ਜਾਏਗੀ। ਐਸੇ ਮਹਾ ਪੁਰਖਾਂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਪਰਮ ਆਨੰਦ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਏਗੀ। ਐਸੇ ਮਹਾ ਪੁਰਖਾਂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਤੁਹਾਡੀ ਬੰਦਗੀ ਸਹਿਜੇ ਹੀ ਪੂਰਨ ਹੋ ਜਾਏਗੀ। ਐਸੇ ਮਹਾ ਪੁਰਖਾਂ ਦੀ ਚਰਨ-ਸ਼ਰਨ ਵਿੱਚ ਜਾਣ ਨਾਲ ਜੀਵਨ ਮੁਕਤੀ ਸਹਿਜੇ ਹੀ ਪ੍ਰਾਪਤ ਹੋ ਜਾਏਗੀ।

ਇਹ ਪਰਮ ਸਤਿ ਹੈ ਕਿ ਪੂਰਨ ਪਰਮ ਆਨੰਦ ਦੀ ਪ੍ਰਾਪਤੀ ਪੂਰਨ ਸਤਿਗੁਰੂ ਦੀ ਚਰਨ-ਸ਼ਰਨ ਵਿੱਚੋਂ ਹੀ ਪ੍ਰਾਪਤ ਹੁੰਦੀ ਹੈ। ਇਸ ਪਰਮ ਸਤਿ ਤੱਤ ਨੂੰ ਧੰਨ ਧੰਨ ਸਤਿਗੁਰੂ ਅਵਤਾਰ ਅਮਰਦਾਸ ਪਾਤਸ਼ਾਹ ਜੀ ਨੇ ਇਸ ਬਾਣੀ ਦੀ ਪਹਿਲੀ ਪਉੜੀ ਵਿੱਚ ਹੀ ਪ੍ਰਗਟ ਕੀਤਾ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚੋਂ ਹੀ ਅੰਮ੍ਰਿਤ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਵਿੱਚੋਂ ਹੀ ਸਤਿਨਾਮ, ਸਤਿਨਾਮ ਸਿਮਰਨ, ਸਤਿਨਾਮ ਦੀ ਕਮਾਈ, ਪੂਰਨ ਬੰਦਗੀ ਅਤੇ ਮਹਾ ਪਰਉਪਕਾਰੀ ਸੇਵਾ ਦੇ ਗੁਰਪ੍ਰਸਾਦਿ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸੰਤ ਸਤਿਗੁਰੂ ਦੀ ਸ਼ਕਤੀਸ਼ਾਲੀ ਗੁਰ ਕਿਰਪਾ ਅਤੇ ਗੁਰਪ੍ਰਸਾਦਿ ਦੇ ਨਾਲ ਹੀ ਸਾਰੇ ਚਿੰਤਾ-ਝੋਰੇ ਮੁੱਕ ਜਾਂਦੇ ਹਨ। ਮਨ ਦੀ ਦੌੜ ਦਾ ਅੰਤ ਹੋ ਜਾਂਦਾ ਹੈ। ਮਨ ਪੂਰਨ ਵਿਸ਼ਰਾਮ ਵਿੱਚ ਚਲਾ ਜਾਂਦਾ ਹੈ। ਸਾਰੇ ਦੁੱਖਾਂ, ਕਲੇਸ਼ਾਂ, ਰੋਗਾਂ, ਮੁਸੀਬਤਾਂ, ਸਮੱਸਿਆਵਾਂ ਆਦਿ ਦਾ ਅੰਤ ਹੋ ਜਾਂਦਾ ਹੈ। ਪੂਰਨ ਸਤਿਗੁਰੂ ਦੀ ਪਰਮ ਸ਼ਕਤੀਸ਼ਾਲੀ ਗੁਰ ਕਿਰਪਾ ਅਤੇ ਗੁਰਪ੍ਰਸਾਦਿ ਦੇ ਨਾਲ ਹੀ ਦਸਮ ਦੁਆਰ ਖੁਲ੍ਹਦਾ ਹੈ ਅਤੇ ਅਨਹਦ ਸ਼ਬਦ ਦੀ ਪ੍ਰਾਪਤੀ ਹੁੰਦੀ ਹੈ। ਪੂਰਨ ਸਤਿਗੁਰੂ ਦੀ ਪਰਮ ਸ਼ਕਤੀਸ਼ਾਲੀ ਗੁਰ ਕਿਰਪਾ ਅਤੇ ਗੁਰਪ੍ਰਸਾਦਿ ਦੇ ਨਾਲ ਪੂਰਨ ਪਰਮ ਆਨੰਦ ਦੀ ਪ੍ਰਾਪਤੀ ਬੰਦਗੀ ਪੂਰਨ ਹੋਣ ਦੇ ਨਾਲ ਹੀ ਹੁੰਦੀ ਹੈ। ਪੂਰਨ ਸਤਿਗੁਰੂ ਦੀ ਪਰਮ ਸ਼ਕਤੀਸ਼ਾਲੀ ਗੁਰਕਿਰਪਾ ਅਤੇ ਗੁਰਪ੍ਰਸਾਦਿ ਦਾ ਸਦਕਾ ਪੂਰਨ ਪਰਮ ਆਨੰਦ ਦੀ ਪ੍ਰਾਪਤੀ ਤ੍ਰੈ ਗੁਣ ਮਾਇਆ ਨੂੰ ਜਿੱਤ ਕੇ ਚੌਥੇ ਪਦ ਵਿੱਚ ਅੱਪੜ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਵਿੱਚ ਸਦਾ-ਸਦਾ ਲਈ ਅਭੇਦ ਹੋ ਕੇ ਪ੍ਰਾਪਤ ਹੁੰਦੀ ਹੈ। ਪੂਰਨ ਸਤਿਗੁਰੂ ਦੀ ਪਰਮ ਸ਼ਕਤੀਸ਼ਾਲੀ ਗੁਰ ਕਿਰਪਾ ਅਤੇ ਗੁਰਪ੍ਰਸਾਦਿ ਦੇ ਨਾਲ ਹੀ ਜਨਮ-ਜਨਮਾਂਤਰਾਂ ਦੇ ਬੇਅੰਤ ਕਰਮਾਂ ਦੇ ਬੰਧਨ ਟੁੱਟਦੇ ਹਨ ਅਤੇ ਜੀਵਨ ਮੁਕਤੀ ਦੀ ਪ੍ਰਾਪਤੀ ਦੇ ਨਾਲ ਸਦਾ-ਸਦਾ ਸਤਿ ਚਿੱਤ ਆਨੰਦ ਦੀ ਪ੍ਰਾਪਤੀ ਹੁੰਦੀ ਹੈ।

ਧੰਨ ਧੰਨ ਸਤਿਗੁਰੂ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪਰਮ ਸ਼ਕਤੀਸ਼ਾਲੀ ਪੂਰਨ ਹੁਕਮ, ਗੁਰ ਕਿਰਪਾ ਅਤੇ ਗੁਰਪ੍ਰਸਾਦਿ ਦੇ ਨਾਲ ਆਨੰਦ ਸਾਹਿਬ ਦੀ ਇਸ ਪਰਮ ਸ਼ਕਤੀਸ਼ਾਲੀ ਗੁਰਬਾਣੀ ਦੀ ਗੁਰਪ੍ਰਸਾਦੀ ਕਥਾ ਸੰਪੂਰਨ ਹੋਈ ਹੈ। ਦਰਗਾਹ ਵਿੱਚ ਬਿਰਾਜਮਾਨ ਧੰਨ ਧੰਨ ਸਾਰੇ ਸਤਿਗੁਰੂ ਅਵਤਾਰਾਂ, ਪੂਰਨ ਸੰਤਾਂ, ਪੂਰਨ ਬ੍ਰਹਮ ਗਿਆਨੀਆਂ ਅਤੇ ਸਦਾ ਸੁਹਾਗਣਾਂ ਦੀ ਬੇਅੰਤ ਅਪਾਰ ਕਿਰਪਾ ਦਾ ਸਦਕਾ ਇਹ ਗੁਰਪ੍ਰਸਾਦੀ ਕਥਾ ਸੰਪੂਰਨ ਹੋਈ ਹੈ। ਧੰਨ ਧੰਨ ਸਤਿਨਾਮ ਸਤਿ ਸੰਗਤ ਪਰਿਵਾਰ ਦੇ ਵਿੱਚ ਪ੍ਰਗਟ ਹੋਈਆਂ ਸਦਾ ਸੁਹਾਗਣਾਂ ਅਤੇ ਸੁਹਾਗਣਾਂ ਦੀ ਗੁਰਪ੍ਰਸਾਦੀ ਗੁਰ ਕਿਰਪਾ ਦੇ ਨਾਲ ਇਹ ਕਥਾ ਸੰਪੂਰਨ ਹੋਈ ਹੈ। ਸਾਰੀ ਵਡਿਆਈ ਦਾਸਨ ਦਾਸ ਦੇ ਪੂਰਨ ਸੰਤ ਸਤਿਗੁਰੂ ਸਾਹਿਬ ਜੀ ਦੇ ਸਤਿ ਚਰਨਾਂ ਦੀ ਅਤੇ ਉਨ੍ਹਾਂ ਦੀ ਪਰਮ ਸ਼ਕਤੀਸ਼ਾਲੀ ਸਤਿਨਾਮ ਸਤਿ ਸੰਗਤ ਦੀ ਹੈ, ਜਿਨ੍ਹਾਂ ਦੀ ਪਰਮ ਸ਼ਕਤੀਸ਼ਾਲੀ ਗੁਰ ਕਿਰਪਾ ਦਾ ਸਦਕਾ ਇਹ ਗੁਰਪ੍ਰਸਾਦੀ ਕਥਾ ਸੰਪੂਰਨ ਹੋਈ ਹੈ। ਦਾਸਨ ਦਾਸ ਦੀ ਪਲ-ਪਲ

ਛਿਣ-ਛਿਣ ਸੁਆਸ-ਸੁਆਸ ਕੋਟਾਨ-ਕੋਟ ਵਾਰ ਇਹ ਅਰਦਾਸ ਹੈ ਕਿ ਸਤਿ ਪਾਰਬ੍ਰਹਮ ਪਰਮੇਸ਼ਰ ਸਰਬੱਤ ਦੀ ਝੋਲੀ ਵਿੱਚ ਪੂਰਨ ਸੰਤ ਸਤਿਗੁਰੂ ਦੀ ਸਤਿ ਸੰਗਤ ਦੀ ਦਾਤ ਦੇ ਦੇਣ। ਦਾਸਨ ਦਾਸ ਦੀ ਪਲ-ਪਲ ਛਿਣ-ਛਿਣ ਸੁਆਸ-ਸੁਆਸ ਕੋਟਾਨ-ਕੋਟ ਵਾਰ ਇਹ ਅਰਦਾਸ ਹੈ ਕਿ ਧਰਤੀ ਉੱਪਰ ਵਿਚਰ ਰਹੇ ਹਰ ਇੱਕ ਮਨੁੱਖ ਨੂੰ ਪੂਰਨ ਸੰਤ ਸਤਿਗੁਰੂ ਦੀ ਚਰਨ-ਸ਼ਰਨ ਦੀ ਪ੍ਰਾਪਤੀ ਹੋ ਜਾਏ। ਦਾਸਨ ਦਾਸ ਦੀ ਪਲ-ਪਲ ਛਿਣ-ਛਿਣ ਸੁਆਸ-ਸੁਆਸ ਕੋਟਾਨ-ਕੋਟ ਵਾਰ ਇਹ ਅਰਦਾਸ ਹੈ ਕਿ ਧਰਤੀ ਉੱਪਰ ਵਿਚਰ ਰਿਹਾ ਹਰ ਇੱਕ ਮਨੁੱਖ ਗੁਰਪ੍ਰਸਾਦਿ ਦੀ ਪ੍ਰਾਪਤੀ ਕਰ ਕੇ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਬੰਦਗੀ ਵਿੱਚ ਲੀਨ ਹੋ ਜਾਏ। ਦਾਸਨ ਦਾਸ ਦੀ ਪਲ-ਪਲ ਛਿਣ-ਛਿਣ ਸੁਆਸ-ਸੁਆਸ ਕੋਟਾਨ-ਕੋਟ ਵਾਰ ਇਹ ਅਰਦਾਸ ਹੈ ਕਿ ਧਰਤੀ ਉੱਪਰ ਵਿਚਰ ਰਿਹਾ ਹਰ ਇੱਕ ਮਨੁੱਖ ਸਤਿ ਬੋਲੇ, ਸਤਿ ਸੁਣੇ, ਸਤਿ ਦੀ ਕਰਨੀ ਕਰੇ ਅਤੇ ਸਤਿ ਦੀ ਸੇਵਾ ਕਰੇ। ਦਾਸਨ ਦਾਸ ਦੀ ਪਲ-ਪਲ ਛਿਣ-ਛਿਣ ਸੁਆਸ-ਸੁਆਸ ਕੋਟਾਨ-ਕੋਟ ਵਾਰ ਇਹ ਅਰਦਾਸ ਹੈ ਕਿ ਧਰਤੀ ਉੱਪਰ ਵਿਚਰ ਰਿਹਾ ਹਰ ਇੱਕ ਮਨੁੱਖ ਸੰਤ ਹਿਰਦਾ ਬਣ ਜਾਏ। ਦਾਸਨ ਦਾਸ ਦੀ ਪਲ-ਪਲ ਛਿਣ-ਛਿਣ ਸੁਆਸ-ਸੁਆਸ ਕੋਟਾਨ-ਕੋਟ ਵਾਰ ਇਹ ਅਰਦਾਸ ਹੈ ਕਿ ਧਰਤੀ ਉੱਪਰ ਵਿਚਰ ਰਿਹਾ ਹਰ ਇੱਕ ਮਨੁੱਖ ਸਤਿ ਯੁਗੀ ਪੁਰਖ ਬਣ ਜਾਏ ਅਤੇ ਧਰਤੀ ਉੱਪਰ ਸਤਿ ਯੁਗ ਵਰਤ ਜਾਏ।

ਅੰਤ ਵਿੱਚ ਦਾਸਨ ਦਾਸ ਸਾਰੀ ਸ੍ਰਿਸ਼ਟੀ ਨੂੰ ਕੋਟਾਨ-ਕੋਟ ਵਾਰ ਡੰਡਉਤ ਕਰਦਾ ਹੈ ਅਤੇ ਕੋਟਾਨ-ਕੋਟ ਵਾਰ ਸ਼ੁਕਰਾਨਾ ਕਰਦਾ ਹੈ। ਸਾਰੀ ਸ੍ਰਿਸ਼ਟੀ ਦੇ ਧੰਨ ਧੰਨ ਪੂਰਨ ਸੰਤਾਂ, ਪੂਰਨ ਸਤਿਗੁਰੂਆਂ, ਪੂਰਨ ਬ੍ਰਹਮ ਗਿਆਨੀਆਂ, ਪੂਰਨ ਖ਼ਾਲਸਿਆਂ, ਗੁਰਮੁਖਾਂ, ਗੁਰਸਿੱਖਾਂ, ਸਤਿਨਾਮ ਜਪਣ ਵਾਲਿਆਂ, ਪੂਰਨ ਸਤਿ ਦੀ ਸੇਵਾ ਕਰਨ ਵਾਲਿਆਂ ਨੂੰ ਪਲ-ਪਲ ਛਿਣ-ਛਿਣ ਸੁਆਸ-ਸੁਆਸ ਕੋਟਾਨ-ਕੋਟ ਡੰਡਉਤ ਕਰਦਾ ਹੈ ਅਤੇ ਸ਼ੁਕਰਾਨਾ ਕਰਦਾ ਹੈ। ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਨੂੰ ਪਲ-ਪਲ ਛਿਣ-ਛਿਣ ਸੁਆਸ-ਸੁਆਸ ਕੋਟਾਨ-ਕੋਟ ਡੰਡਉਤ ਕਰਦਾ ਹੈ ਅਤੇ ਸ਼ੁਕਰਾਨਾ ਕਰਦਾ ਹੈ। ਧੰਨ ਧੰਨ ਸਤਿਗੁਰੂ ਸਾਹਿਬ ਜੀ ਅਤੇ ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੇ ਪਰਮ ਸ਼ਕਤੀਸ਼ਾਲੀ ਗੁਰਪ੍ਰਸਾਦੀ ਹੁਕਮ, ਬੇਅੰਤ ਕਿਰਪਾ, ਬੇਅੰਤ ਰਹਿਮਤ, ਬੇਅੰਤ ਤਰਸ ਦਾ ਸਦਕਾ ਇਹ ਗੁਰਪ੍ਰਸਾਦੀ ਕਥਾ ਸੰਪੂਰਨ ਹੋਈ ਹੈ। ਧੰਨ ਧੰਨ ਸਤਿ ਪਾਰਬ੍ਰਹਮ ਪਰਮੇਸ਼ਰ ਦੀ ਇਹ ਪਰਮ ਸ਼ਕਤੀਸ਼ਾਲੀ ਗੁਰ ਕਿਰਪਾ ਅਤੇ ਗੁਰਪ੍ਰਸਾਦਿ ਦੀ ਬਰਖਾ ਬਰਸਦੀ ਰਹੇ ਅਤੇ ਪੂਰਨ ਸਤਿ ਦੀ ਸੇਵਾ ਸਦਾ-ਸਦਾ ਲਈ ਹੁੰਦੀ ਰਹੇ।